ੴ ਸਤਿਗੁਰ ਪ੍ਰਸਾਦਿ॥

# ਸ੍ਰੀ ਅਸ਼ਟ ਗੁਰ ਚਮਤਕਾਰ

(ਭਾਗ - ੧ ਤੇ ੨)

## ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ

ਨਵੀਂ ਦਿੱਲੀ--110 001

 www.sikhbookclub.com

### ਛਪਾਈ ਦਾ ਵੇਰਵਾ

| | | | |
|---|---|---|---|
| ਪਹਿਲੀ | ਵਾਰ | ਅਪ੍ਰੈਲ, | 1952 |
| ਦੂਜੀ | ਵਾਰ | ਜਨਵਰੀ, | 1957 |
| ਤੀਜੀ | ਵਾਰ | ਮਾਰਚ, | 1966 |
| ਚਉਥੀ | ਵਾਰ | ਜਨਵਰੀ, | 1971 |
| ਪੰਜਵੀਂ | ਵਾਰ | -- --, | 1978 |
| ਛੇਵੀਂ | ਵਾਰ | -- --, | 1986 |
| ਸਤਵੀਂ | ਵਾਰ | ਨਵੰਬਰ, | 1993 |
| ਅੱਠਵੀਂ | ਵਾਰ | ਮਈ, | 1996 |
| ਨੌਵੀਂ | ਵਾਰ | ਜੁਲਾਈ, | 2000 |
| ਦਸਵੀਂ | ਵਾਰ | ਅਕਤੂਬਰ, | 2004 |
| ਗਿਆਰਵੀਂ | ਵਾਰ | ਅਪ੍ਰੈਲ, | 2008 |
| ਬਾਰ੍ਹਵੀਂ | ਵਾਰ | ਜੁਲਾਈ, | 2010 |

Sri Asht Guru Chamatkar Vol.-I & II

Bhai Vir Singh

ISBN : 978-93-80854-03-8

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

12ਵੀਂ ਛਾਪ : ਜੁਲਾਈ, 2010

***ਪ੍ਰਕਾਸ਼ਕ :***
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

***Printer :***
Printograph
2966/41, Beadon Pura
Karol Bagh, New Delhi-110 005

ਮੁੱਲ : 250/- ਰੁਪਏ

 www.sikhbookclub.com

# ਭੂਮਿਕਾ

ਅਗੇ 'ਸ੍ਰੀ ਗੁਰੂ ਨਾਨਕ ਚਮਤਕਾਰ' ਤੇ 'ਸ੍ਰੀ ਗੁਰੂ ਕਲਗੀਧਰ ਚਮਤਕਾਰ' ਛਪ ਚੁਕੇ ਹਨ। ਓਹ ਸਮੇਂ ਸਮੇਂ ਸਿਰ ਲਿਖੇ ਗੁਰ ਸਿਖਾਂ ਦੀਆਂ ਸਾਖੀਆਂ-ਪ੍ਰਸੰਗਾਂ ਨੂੰ ਤਾਰੀਖ ਵਾਰ ਰਖ ਕੇ ਬਣਿਆਂ ਇਕ ਪ੍ਰਕਾਰ ਦਾ ਦੋਹਾਂ ਸਤਿਗੁਰਾਂ ਦਾ ਜੀਵਨ ਬਨ ਗਿਆ ਹੈ। ਇਹ ਰਚਨਾ 'ਅਸ਼ਟ ਗੁਰ ਚਮਤਕਾਰ' ਉਸ ਤਰ੍ਹਾਂ ਦਾ ਅਰਥਾਤ ਕਦੇ ਕਦੇ ਲਿਖੇ ਗਏ ਪ੍ਰਸੰਗਾਂ ਦਾ ਸੰਚਯ ਨਹੀਂ ਹੈ, ਇਹ ਲਗ ਪਗ ਸਾਰੇ ਪ੍ਰਸੰਗ ਇਸੇ ਪੋਥੀ ਲਈ ਹੀ ਲਿਖੇ ਗਏ ਹਨ। ਅਗੇ ਵਾਂਙੂ ਹੀ ਪ੍ਰਸੰਗਾਂ ਦਾ ਮਸਾਲਾ ਇਤਿਹਾਸਾਂ, ਰਵਾਇਤਾਂ, ਗੁਰ ਸ਼ਬਦਾਂ ਦੀ ਉਥਾਨਕਾ ਆਦਿ ਤੋਂ ਖੋਜ ਖੋਜ ਕੇ ਲੀਤਾ ਗਿਆ ਹੈ। ਪਰ ਇਹ ਤ੍ਰੀਕਾਂ, ਸੰਮਤਾਂ ਤੇ ਵਾਕਿਆਤ ਦਾ ਸੂਚੀ ਪਤ੍ਰ ਮਾਤ੍ਰ ਛਾਣਿਆਂ ਪੁਣਿਆਂ ਇਤਿਹਾਸ ਨਹੀਂ, ਇਹ ਸਿਖੀ ਜੀਵਨ ਦਾ ਇਤਿਹਾਸ ਹੈ ਜੋ ਜੀਵਨ ਦੀਆਂ ਤਸਵੀਰਾਂ ਔਖਾਂ ਅਗੇ ਲਿਆ ਕੇ ਸਿੱਖੀ ਜੀਵਨ ਧਾਰਨ ਕਰਨ ਦੀ ਪ੍ਰੇਰਨਾ ਕਰਦਾ ਤੇ ਜਾਚ ਸਿਖਾਲਦਾ ਹੈ। ਫਿਰ ਇਹ ਗੁਰਬਾਣੀ ਦਾ ਟੀਕਾ ਹੈ, ਪਰ ਅਰਥ ਤੇ ਪਦ ਪਦਾਰਥਾਂ ਦੇ ਪ੍ਰਯਾਵਾਂ ਮਾਤ੍ਰ ਦੇ ਬੋਧਾਂ ਦਾ ਗ੍ਰੰਥ ਨਹੀਂ। ਇਹ ਗੁਰਬਾਣੀ ਦੇ ਭਾਵਾਂ ਦੀ ਚਿਤ੍ਰਸ਼ਾਲਾ ਹੈ। ਸੋ ਇਤਿਹਾਸ ਤੇ ਗੁਰਬਾਣੀ ਦੁਇ ਮਿਲ ਕੇ ਇਹ ਇਤਿਹਾਸ ਦੇ ਸ਼ੀਸ਼ੇ ਵਿਚ ਗੁਰਬਾਣੀ ਦੀ ਜੁੜੀ ਹੋਈ ਮੂਰਤੀ ਮੂਰਤੀਮਾਨ ਹੋ ਦਿਸਦੀ ਹੈ। ਅਰਥਾਤ ਜੋ ਤਾਅਲੀਮ ਗੁਰੂ ਸਾਹਿਬਾਂ ਨੇ ਦਿੱਤੀ ਤੇ ਜਿਸ ਮੁਤਾਬਕ ਉਨ੍ਹਾਂ ਦੇ ਸਮੇਂ ਗੁਰ ਸਿਖਾਂ ਨੇ ਜੀਵਨ ਬਸਰ ਕੀਤੇ, ਦੁਖ ਸੁਖ ਝੱਲੇ, ਮੁਸ਼ਕਲਾਂ ਦੇ ਸਾਹਮਣੇ ਕੀਤੇ ਤੇ ਉਚੇ ਜੀਵਨਾਂ ਵਿਚ ਜਗਤ ਯਾਤ੍ਰਾ ਕਰ ਗਏ, ਇਥੋਂ ਦਾ ਵਾਸਾ ਸਫਲਾ ਗਏ ਤੇ ਅਗਲੇ ਜੀਵਨ ਦੀ ਸਫਲਤਾ ਨਾਲ ਲੈ ਗਏ ਅਤੇ ਜਿਵੇਂ ਸਤਿਗੁਰਾਂ ਤੋਂ ਉਨ੍ਹਾਂ ਨੂੰ ਅਗੁਵਾਨੀ, ਸਿਖਯਾ ਤੇ ਰੂਹਾਨੀ ਅਧਾਰ ਮਿਲਦਾ ਰਿਹਾ ਉਹ ਸਭੋ ਕੁਛ ਹੂ ਬਹੂ ਅਖਾਂ ਅਗੇ ਲਿਆ ਦੇਣ ਦਾ ਪ੍ਰਯਤਨ ਹੈ। ਪ੍ਰਯੋਜਨ ਕੇਵਲ ਇਹ ਨਹੀਂ ਕਿ ਉਨ੍ਹਾਂ ਸੁਹਣੇ ਹਾਲਾਂ ਨੂੰ ਵਾਚ ਕੇ ਨਿਰਾ ਘੜੀ ਭਰ ਦਾ ਪ੍ਰਚਾਵਾ ਮਾਤ੍ਰ ਹੋ ਜਾਵੇ, ਸਗੋਂ ਵਿਸ਼ੇਸ਼ ਇਹ ਕਿ ਜੋ ਉਸ ਪ੍ਰਕਾਰ ਦਾ ਜੀਵਨ ਬਸਰ ਕਰਨਾ ਚਾਹੇ ਉਸ ਨੂੰ ਆਪਣੇ ਜੀਵਨ ਨੂੰ ਉਸ ਸੱਚੇ ਵਿਚ ਢਾਲ ਲੈਣ ਲਈ ਰਹਨੁਮਾਈ ਮਿਲ ਜਾਵੇ। ਇਹ ਬੀ ਪ੍ਰਯਤਨ ਰਿਹਾ ਹੈ ਕਿ ਗੁਰਬਾਣੀ ਦੇ ਭਾਵ ਜੋ ਗੁਬਾਣੀ ਵਿਚ ਸੁਤੇ ਹੀ ਜਗਾ ਜਗਾ ਖੁਲ੍ਹ ਰਹੇ ਹਨ ਤੇ ਜੋ ਗੁਰੂ ਜੀ ਦੇ ਨਿਰੋਲ ਆਸ਼ਯ ਸਹੀ ਹੁੰਦੇ ਹਨ, ਗੁਰਬਾਣੀ ਦੇ ਉਹ ਆਪਣੇ ਆਸ਼ੇ, ਬਾਹਰਲੀ ਮਿਲਾਵਟ ਮਿਲਾਏ ਬਿਨਾ, ਜਿਵੇਂ ਦੇ ਪ੍ਰਦੀਪਤ ਹੁੰਦੇ ਹਨ, ਓਹ ਠੀਕ ਆਪਣੀ ਨਿਰੋਲਤਾ ਵਿਚ ਨਿਰੂਪਣ ਹੋਣ ਉਹ ਗੁਰਸਿਖਾਂ ਦੇ ਪ੍ਰਸੰਗਾਂ ਵਿਚ ਜਿਵੇਂ ਸਚ ਮੁਚ ਵਰਤੀਂਦੇ ਰਹੇ ਤਿਵੇਂ ਇਤਿਹਾਸਕ ਕ੍ਰਮ ਦੇ ਕੀਮਤ ਕੂਤ ਵਿਚ ਲਿਖੇ ਗਏ ਹਨ ਤਾਂ ਜੋ ਗੁਰਸਿਖ ਗੁਰਮੁਖ, ਗੁਰ ਸੰਤ ਅਤੇ ਪ੍ਰਵਾਣ ਗ੍ਰਿਹਸਤ ਉਦਾਸ ਦੇ ਮਾਰਗ ਉਤੇ ਤੁਰਨ ਵਾਲੇ ਮਚੇ ਮੁਚੇ ਸੂਰਬੀਰ ਖਾਲਸਾ, ਧਰਮਾਤਮਾ, ਪਰੋਪਕਾਰੀ ਤੇ ਪਯਾਰ ਪੁੰਜ ਆਦਰਸ਼ਕ ਇਨਸਾਨ ਪੈਦਾ ਹੁੰਦੇ ਰਹਿਣ ਤੇ ਉਨ੍ਹਾਂ ਦੀ ਪ੍ਰਫੁੱਲਤਾਈ ਜਗਤ ਪੀੜਾ ਹਰਨੇ ਵਿਚ ਸਹਾਈ ਰਹੇ।

ਇਹ ਸਾਰਾ ਕੁਛ ਗੁਰੂ ਕੇ ਚਰਨਾਂ ਵਿਚ ਬੈਠ ਕੇ ਦਾਸਾ-ਭਾਵ ਦਾ ਇਕ ਯਤਨ ਹੈ। ਜੀਵਨ ਭੁੱਲਣ ਹਾਰ ਹੈ ਤੇ 'ਅਭੁਲ ਗੁਰੂ ਕਰਤਾਰ' ਹੈ, ਇਸ ਕਰਕੇ ਜੇ ਕੋਈ ਸਜਣ ਵਧੀਕ ਵਾਕਫੀਅਤ ਦੇ ਸਕੇ, ਹੋਰ ਰੋਸ਼ਨੀ ਪਾ ਸਕੇ, ਯਾ ਕੋਈ ਉਕਾਈ ਦੱਸ ਸਕੇ ਤਾਂ ਧੰਨਯਵਾਦ ਸਹਿਤ ਸ੍ਵੀਕ੍ਰਿਤ ਹੋਵੇਗੀ।

ਇਹ ਰਚਨਾ ਦੇਰ ਤੋਂ ਸ਼ੁਰੂ ਕੀਤੀ ਹੋਈ ਸੀ, ਪਰ ਹੋਰ ਸੇਵਾ ਦੇ ਕਾਰਜਾਂ ਕਰਕੇ ਕਈ ਅਟਕਾਰੇ ਪੈਂਦੇ ਰਹੇ। ਫਿਰ ਹੋ ਵਰਤੇ ਨਵੀਨ ਘੱਲੂਘਾਰੇ ਨੇ ਬੜੇ ਅਟਕਾਰੇ ਪਾਏ ਹਨ। ਸੰਗਤ ਵਿਚ ਮਾਂਗ ਬਹੁਤ ਹੈ ਇਸ ਕਰਕੇ ਹੁਣ ਤ੍ਰੈ ਗੁਰੂ ਸਾਹਿਬਾਂ ਦੇ ਸਮਾਚਾਰਾਂ ਦਾ ਇਹ ਸੰਚਯ ਛਪਾਈ ਦਾ ਜਾਮਾ ਪਹਿਰਾ ਕੇ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਗੁਰੂ ਮਿਹਰ ਕਰੇ ਤੇ ਬਲ ਬਖਸ਼ੇ ਤਾਂ ਬਾਕੀ ਪੰਜ ਸਤਿਗੁਰ ਦੀ ਇਹ ਸੇਵਾ ਬੀ ਛੇਤੀ ਸਿਰੇ ਚੜ੍ਹ ਜਾਵੇ।

– ਸੁੰਦਰੀ ਕਰਤਾ

ਅਪ੍ਰੈਲ ੧੯੫੨ .

# ਸੂਚੀ ਪੱਤ੍ਰ

## ੧. ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਸੰਗਾਂ ਦੀ ਸੂਚੀ


| ਗਿ: | ਸਾਖੀ | ਪੰਨਾ | ਗਿ: | ਸਾਖੀ | ਪੰਨਾ |
|---|---|---|---|---|---|
| ੧ | ਸ੍ਰੀ ਗੁਰੂ ਨਾਨਕ ਦੇਵ ਜੀ ਅੰਤਰ ਧਯਾਨ | ੨ | ੩੦ | ਸ੍ਰੀ ਅਮਰ ਜੀ ਮਿਲਾਪ | ੭੯ |
| ੨ | ਵਿਛੁੜੀ ਸੰਗਤਿ | ੩ | ੩੧ | ਗੁਰੂ ਦੁਆਰੇ ਘਾਲ | ੮੩ |
| ੩ | ਭਾਲ ਵਿਚ ਸੰਗਤਿ | ੬ | ੩੨ | ਹਰਿ ਨਾਥ | ੮੫ |
| ੪ | ਬਿਰਹੇ | ੮ | ੩੩ | ਜੱਗਾ ਧਰਣੀ | ੮੮ |
| ੫ | ਗੁਰੂ ਲਾਧੋ | ੧੧ | ੩੪ | ਸੱਤੇ ਬਲਵੰਡ ਦੀ ਭੁੱਲ | ੯੦ |
| ੬ | ਪ੍ਰਤੱਖ ਦਰਸ਼ਨ | ੧੪ | ੩੫ | ਚੌਧਰੀ ਮਲੂਕਾ (ਮਿਰਗੀ) | ੯੪ |
| ੭ | ਬਲਵੰਡ | ੧੬ | ੩੬ | ਹਰੀਕੇ ਦਾ ਸਫ਼ਰ (ਬਖਤਾਵਰ) | ੯੫ |
| ੮ | ਸੌਧੇ ਸ਼ਾਹ | ੧੭ | ੩੭ | ਸ੍ਰੀ ਅਮਰਦਾਸ ਜੀ ਦੀ ਘਾਲ ਥਾਂ ਪਈ | ੯੭ |
| ੯ | ਮਾਤਾ ਖੀਵੀ | ੧੯ | ੩੮ | ਮੁੜ ਬਾਸਰਕੇ (ਸ੍ਰੀ ਅਮਰਦਾਸ ਜੀ) | ੯੮ |
| ੧੦ | ਲਾਹੌਰ ਦੀ ਸੰਗਤ | ੨੦ | ੩੯ | ਗੋਇੰਦਵਾਲ | ੧੦੩ |
| ੧੧ | ਪਹਿਲੀ ਕਥਾ | ੨੩ | ੪੦ | ਗੁਰ ਸਿੱਖ ਮੇਲ | ੧੦੫ |
| ੧੨ | ਕਥਾ ਜਾਰੀ | ੨੮ | ੪੧ | ਖਡੂਰ ਤੋਂ ਵਿਦੈਗੀ | ੧੦੬ |
| ੧੩ | ਕਥਾ ਸਮਾਪਤ | ੩੫ | ੪੨ | ਖਾਨ ਰਜਾਦੇ | ੧੦੯ |
| ੧੪ | ਗੁਰੂ ਦਰ ਪਹੁੰਚ | ੪੦ | ੪੩ | ਪਸਚਾਤਾਪ ਜ਼ਿਮੀਦਾਰਾਂ ਦਾ | ੧੧੦ |
| ੧੫ | ਦਿਨ ਚਰਿਯਾ | ੪੧ | ੪੪ | ਫੇਰ ਖਡੂਰ | ੧੧੪ |
| ੧੬ | ਹੁਕਮ ਤੇ ਕਰਮ | ੪੨ | ੪੫ | ਪਯਾਰ ਲੀਨਤਾ | ੧੧੪ |
| ੧੭ | ਗੁਰਬਾਣੀ-ਗੁਰਸਾਖੀ | ੪੩ | ੪੬ | ਸ੍ਰੀ ਅਮਰਦਾਸ ਗੋਇੰਦਵਾਲ ਟਿਕਾਉ | ੧੧੫ |
| ੧੮ | ਜੋਗੀ | ੪੫ | ੪੭ | ਧਿੰਗ | ੧੧੭ |
| ੧੯ | ਭਾਈ ਕਿਦਾਰੂ | ੫੦ | ੪੮ | ਪਾਰੋ ਜੁਲਕਾ ਪਰਮ ਹੰਸ | ੧੧੮ |
| ੨੦ | ਸਿਧ ਪ੍ਰਯੋਜਨ | ੫੦ | ੪੯ | ਮੱਲੂ ਸ਼ਾਹ | ੧੨੧ |
| ੨੧ | ਤਿਆਰੀਆਂ | ੫੨ | ੫੦ | ਦੀਪਾ, ਨਾਰਾਇਣ ਦਾਸ, ਬੂਲਾ | ੧੨੩ |
| ੨੨ | ਸਮਝੌਤੀਆਂ | ੫੫ | ੫੧ | ਖਾਨੂ, ਮਾਹੀਆ ਤੇ ਗੋਵਿੰਦ | ੧੨੬ |
| ੨੩ | ਸਚਖੰਡ ਪਿਆਨੇ | ੬੦ | ੫੨ | ਸ਼ੀਹਾ ਉਪਲ | ੧੨੯ |
| ੨੪ | ਗੁੱਜਰ | ੬੨ | ੫੩ | ਗੱਦੀ ਦੇਣ ਦੀਆਂ ਤਿਆਰੀਆਂ | ੧੨੯ |
| ੨੫ | ਲਾਲੂ, ਦੁਰਗਾ, ਜੀਵੰਦਾ | ੬੩ | ੫੪ | ਗੁਰਗੱਦੀ ਸਮਰਪਣ | ੧੩੧ |
| ੨੬ | ਵਿਛੋੜੇ ਦੇ ਦਿਨ | ੬੪ | ੫੫ | ਜੋਤੀ ਜੋਤਿ | ੧੩੩ |
| ੨੭ | ਹਨੇਰੀ (ਭਾਈ ਜੀਵਾ) | ੭੧ | | | |
| ੨੮ | ਭਾਈ ਜੋਧ ਦੇਵਤਾ | ੭੪ | | | |
| ੨੯ | ਹਮਾਯੂੰ | ੭੬ | | | |


(ਤੀਜੀ ਪਾਤਸ਼ਾਹੀ ਜੀ ਦੇ ਪ੍ਰਸੰਗਾਂ ਦੀ ਸੂਚੀ ਅਗਲੇ ਪੰਨੇ ਪਰ ਹੈ)

# ੨. ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਸੰਗਾਂ ਦੀ ਸੂਚੀ


| ਗਿ: | ਸਾਖੀ | ਪੰਨਾ | ਗਿ: | ਸਾਖੀ | ਪੰਨਾ |
|---|---|---|---|---|---|
| ੧ | ਦਾਸੂ ਜੀ | ੧੩੮ | ੧੯ | ਡੱਲੀਓ ਵਿਦੇਗੀ | ੧੬੫ |
| ੨ | ਸਦਾ ਬਖਸ਼ਿੰਦ ਜੀ | ੧੪੦ | ੨੦ | ਭਿੱਖਾ | ੧੬੫ |
| ੩ | ਸੰਗਤਾਂ ਵਿਚ ਜੋਤ ਜਗੀ | ੧੪੩ | ੨੧ | ਬਾਵਲੀ ਆਰੰਭ | ੧੬੬ |
| ੪ | ਸਾਵਣ ਮਲ | ੧੪੫ | ੨੨ | ਮਾਈਦਾਸ ਤੇ ਮਾਣਕਚੰਦ | ੧੬੭ |
| ੫ | ਇਕ ਪਾਂਡਾ-ਖ੍ਰਤ | ੧੪੯ | ੨੩ | ਗੰਗੂ ਸ਼ਾਹ | ੧੭੧ |
| ੬ | ਸ੍ਰੀ ਦਾਤੂ ਜੀ | ੧੫੩ | ੨੪ | ਪਤਿਬ੍ਰਤਾ | ੧੭੩ |
| ੭ | ਗੁਰੂ ਲਾਧੋ ਰੇ | ੧੫੫ | ੨੫ | ਸ੍ਰੀ ਰਾਮਦਾਸ ਜੀ ਤੇ ਸ੍ਰੀ ਰਾਮਾ ਜੀ | ੧੭੩ |
| ੮ | ਪਾਰੋ-ਨਵਾਬ | ੧੫੭ | ੨੬ | ਸਧਾਰਣ | ੧੭੪ |
| ੯ | ਮਹੇਸ਼ਾ | ੧੫੯ | ੨੭ | ਖੇਚਲਾਂ | ੧੭੫ |
| ੧੦ | ਸ਼ੇਖ | ੧੬੦ | ੨੮ | ਤੀਸਰਾ ਵਾਰ | ੧੭੮ |
| ੧੧ | ਪ੍ਰਿਥੀ ਮਲ ਤੇ ਤੁਲਸਾ (ਡੱਲੇ ਦੇ) | ੧੬੧ | ੨੯ | ਤੀਰਥ ਯਾਤ੍ਰਾ | ੧੮੨ |
| ੧੨ | ਮੱਲ੍ਹਣ | ੧੬੨ | ੩੦ | ਅਨੰਦ | ੧੮੫ |
| ੧੩ | ਰਾਮੂ ਦੀਪਾ ਉਗ੍ਰਸੈਣ ਨਾਗੌਰੀ | ੧੬੨ | ੩੧ | ਬੇਣੀ ਪੰਡਿਤ | ੧੮੬ |
| ੧੪ | ਮੋਹਣ, ਰਾਮੂ, ਮਹਿਤਾ, ਅਮਰੂ, ਗੋਪੀ | ੧੬੩ | ੩੨ | ਤਪਾ | ੧੯੦ |
| ੧੫ | ਗੰਗੂ ਤੇ ਸਹਾਰੂ | ੧੬੩ | ੩੩ | ਭਾਈ ਮਥੋ ਮੁਰਾਰੀ | ੧੯੧ |
| ੧੬ | ਖਾਨੂ ਛੁਰਾ ਆਦਿ | ੧੬੪ | ੩੪ | ਰਾਮਦਾਸਪੁਰ ਤੇ ਰਾਮਦਾਸਸਰ ਆਰੰਭ | ੧੯੩ |
| ੧੭ | ਮਲੀਆ ਤੇ ਸਹਾਰੂ ਛੀਂਬੇ | ੧੬੪ | ੩੫ | ਗੁਰੂ ਅਮਰਦਾਸ ਜੀ ਦਾ | |
| ੧੮ | ਬੂਲਾ | ੧੬੪ | | ਅਮਰਿਤਾ ਵਿਚ ਪਰਿਵੇਸ਼ | ੧੯੫ |


(ਚਉਥੇ ਪਾਤਸ਼ਾਹ ਜੀ ਦੇ ਪ੍ਰਸੰਗਾਂ ਦੀ ਸੂਚੀ ਅਗਲੇ ਪੰਨੇ ਪਰ ਹੈ)

# ੩. ਚਉਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਸੰਗਾਂ ਦੀ ਸੂਚੀ ਪੱਤ੍ਰ


| ਗਿ: | ਸਾਖੀ | ਪੰਨਾ | ਗਿ: | ਸਾਖੀ | ਪੰਨਾ |
|---|---|---|---|---|---|
| ੧ | ਗੁਰੂ ਦਰਸ਼ਨ | ੨੦੦ | ੧੭ | ਧੜੇਬੰਦੀ | ੨੩੨ |
| ੨ | ਹਰਿਨਾਮ ਤੀਰਥ | ੨੦੩ | ੧੮ | ਗੁਰ ਸਿਖਾਂ ਲਈ ਰਹੁ ਰੀਤੀ | ੨੩੩ |
| ੩ | ਜੋਗੀ | ੨੦੮ | ੧੯ | ਚੋਣਵੇਂ ਸਿਖ | ੨੩੪ |
| ੪ | ਤਪਾ | ੨੧੩ | ੨੦ | ਭਾਈ, ਪੂਰੋ, ਮਾਣਕ ਚੰਦ ਆਦਿ | ੨੩੫ |
| ੫ | ਹਿੰਦਾਲੁ | ੨੧੭ | ੨੧ | ਭਾਈ ਪਦਾਰਥੁ, ਤਾਰੂ, ਭਾਰੂ | ੨੩੫ |
| ੬ | ਭਾਈ ਗੁਰਦਾਸ | ੨੧੮ | ੨੨ | ਮਹਾਂ ਨੰਦ, ਬਿਧੀ ਚੰਦ | ੨੩੫ |
| ੭ | ਰਾਮਦਾਸ ਪੁਰ | ੨੧੯ | ੨੩ | ਧਰਮ ਦਾਸ, ਡੂਗਰ ਦਾਸ | ੨੩੬ |
| ੮ | ਪਤਿਬ੍ਰਤਾ | ੨੨੧ | ੨੪ | ਮਾਈਆ, ਜਾਪਾ, ਨਾਈਆ ਖੁੱਲਰ | ੨੩੬ |
| ੯ | ਪੂਰਨ ਤਾਲ ਖਟਾਇਆ | ੨੨੩ | ੨੫ | ਗੁਰੂ ਪਰਿਵਾਰ | ੨੩੭ |
| ੧੦ | ਬਾਬਾ ਸ੍ਰੀ ਚੰਦ ਜੀ | ੨੨੪ | ੨੬ | ਵਿਛੋੜਾ | ੨੩੯ |
| ੧੧ | ਅੰਮ੍ਰਿਤ ਸਰੋਵਰ | ੨੨੫ | ੨੭ | ਪਰਖਣਾ | ੨੪੦ |
| ੧੨ | ਸਿੱਖਾਂ ਦਾ ਨਿਤਨੇਮ | ੨੨੫ | ੨੮ | ਗੱਦੀ | ੨੪੩ |
| ੧੩ | ਮਸੰਦ | ੨੨੫ | ੨੯ | ਪ੍ਰਿਥੀਆ ਜੀ ਦਾ ਵਿਵਾਦ | ੨੪੪ |
| ੧੪ | ਸੋਮਾ ਸ਼ਾਹ | ੨੨੭ | ੩੦ | ਅੰਤਰ ਧਯਾਨ | ੨੪੬ |
| ੧੫ | ਆਦਮ ਤੇ ਭਾਈ ਭਗਤੂ | ੨੨੭ | | ਅੰਤਕਾਂ ਟੂਕਾਂ ਪਾਤਸ਼ਾਹੀ ਦੂਜੀ | ੨੫੦ |
| ੧੬ | ਜੋਗੀ | ੨੨੮ | | ਅੰਤਕਾਂ ਟੂਕਾਂ ਪਾਤਸ਼ਾਹੀ ਤੀਜੀ | ੨੭੦ |
| | | | | ਅੰਤਕਾਂ ਟੂਕਾਂ ਪਾਤਸ਼ਾਹੀ ਚੌਥੀ | ੨੭੨ |


## ਸੂਚਨਾ

੧. ਪਹਿਲੇ ਭਾਗ ਵਿਚ ਪਾਤਸ਼ਾਹੀ ਦੂਸਰੀ, ਤੀਸਰੀ ਤੇ ਚੌਥੀ ਦੇ ਪ੍ਰਸੰਗਾਂ ਵਿਚ ਜਗ੍ਹਾ ਜਗ੍ਹਾ ਕਿਸੇ ਕਿਸੇ ਪਦ ਉਤੇ ਬ੍ਰੀਕ ਅੰਕ ਲਗੇ ਹੋਏ ਹਨ। ਇਨ੍ਹਾਂ ਦੀ ਕੁਲ ਗਿਣਤੀ ੧ ਤੋਂ ੨੭੪ ਤਕ ਹੈ। ਇਹ ਅੰਕ ਟੂਕਾਂ ਦੇ ਨੰਬਰ ਹਨ। ਇਨ੍ਹਾਂ ਦੇ ਪੂਰੇ ਵੇਰਵੇ ਲਈ ਵੇਖੋ ਪੰਨਾ ੨੫੦ ਤੋਂ ੨੭੩ ਤਕ॥

੨. ਦੂਸਰੇ ਭਾਗ ਵਿਚ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਹੈ। ਇਹ ਪੰਨਾ ੨੭੩ ਤੋਂ ਬਾਅਦ ਸ਼ੁਰੂ ਹੁੰਦਾ ਹੈ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

❄ ❄ ❄

# ਸ੍ਰੀ
# ਅਸ਼ਟ ਗੁਰ ਚਮਤਕਾਰ
## (ਭਾਗ ੧)

ਸਾਹਿਬ

## ਸ੍ਰੀ ਗੁਰੂ ਅੰਗਦ ਦੇਵ ਜੀ

## ਪਾਤਸ਼ਾਹੀ ਦੂਸਰੀ

❄ ❄ ❄

❋ ❋ ❋

# ੧. ਸ੍ਰੀ ਗੁਰੂ ਨਾਨਕ ਦੇਵ ਜੀ ਅੰਤਰ ਧਯਾਨ

**ਗੋਰਖਪੁਰ** ਵਿਚ ਇਕ ਜੋਗੀ, 'ਸ਼ੰਕਰ' ਨਾਮ ਦਾ, ਸ਼ਹਿਰ ਵਿਚ ਗਦਾ ਕਰਕੇ ਆਪਣੇ ਡੇਰੇ ਜਾ ਪੁੱਜਾ। ਆਟੇ ਭਰੀ ਝੋਲੀ ਟਿਕਾਣੇ ਸਿਰ ਰੱਖ ਕੇ, ਇਕ ਹੋਰ ਜੋਗੀ ਜੀ ਵਲ ਤੱਕ ਕੇ ਕਾਹਲੀ ਨਾਲ ਬੋਲਿਆ : ਗੋਪੀ ਜੀਓ! ਸੁਣਿਆ ਨੇ; ਗੁਰੂ ਨਾਨਕ ਚਲ ਬਸੇ?

ਗੋਪੀ–ਮੂੰਹ ਸੰਭਾਲ ਕੇ ਬੋਲੋ ਸ਼ੰਕਰ ਜੀ! ਕਲਾਵਾਨ ਤਾਂ ਅੰਤਰ ਧਯਾਨ ਹੁੰਦੇ ਹਨ, ਚਲ ਬਸਨੇ ਲਈ ਦੁਨੀਆਂ ਥੋੜੀ ਹੈ?

ਸ਼ੰਕਰ–ਬਈ, ਨਾਂ ਤਾਂ ਸੀ ਉਹ ਨਾਥ, ਨਾਂ ਸੀ ਸਿੱਧ, ਨਾਂ ਸੀ ਕਿਸੇ ਯੋਗੇਂਦ੍ਰ ਦਾ ਬਾਲਕਾ, ਗ੍ਰਿਹਸਤੀ ਬੀ ਅੰਤਰ ਧਯਾਨ ਹੋਯਾ ਕਰਦੇ ਹਨ?

ਗੋਪੀ–ਮਤਿ ਭੇਦ ਨਾਲ ਵਡਿਆਂ ਦੀ ਵਡਿਆਈ ਛੁਟਿਆਈ ਨਹੀਂ ਬਣ ਜਾਂਦੀ।

ਸ਼ੰਕਰ–ਅਛਾ ਬਈ ਜਿਵੇਂ ਤੂੰ ਆਖੇਂ, ਅੰਤਰ ਧਯਾਨ ਹੋ ਗਏ ਹਨ ਗੁਰੂ ਨਾਨਕ ਦੇਵ, ਹੁਣ ਖੁਸ਼ ਏਂ?

ਗੋਪੀ–ਜੇ ਦਿਲੋਂ ਆਖੇਂ ਤਾਂ। ਅੰਦਰ ਰਹੀ 'ਤਾਤ' ਵਾਕ ਮਾਤ੍ਰ ਨਾਲ 'ਸ਼ਾਂਤਿ' ਨਹੀਂ ਬਣ ਜਾਂਦੀ।

ਸ਼ੰਕਰ (ਹੱਸ ਕੇ)–ਨਹੀਂ ਬਈ ਅੰਦਰੋਂ........। ਮੈਨੂੰ ਚੇਤੇ ਆ ਗਿਆ ਏ। ਹਾਂ ਯੋਗੇਂਦ੍ਰ ਆਖਦਾ ਸੀ–ਅਵਤਾਰ ਏ ਨਾਨਕ। ਤੇ ਨਾਲੇ ਆਖਦਾ ਸੀ–ਕਲਾਵਾਨ ਏ ਪੂਰਾ ਨਾਨਕ। ਮੈਂ ਤੁਸਾਂ ਸਮੇਤ ਉਸ ਦੀਆਂ ਯੋਗ ਸ਼ਕਤੀਆਂ ਵੇਖੀਆਂ ਹਨ ਅੱਖੀਂ। (ਹੱਸ ਕੇ) ਤੂੰ ਵੀ ਪਿਆ ਦੱਸਦਾ ਏਂ, ਸਭ ਸੱਚ ਏ, ਗੁੱਸੇ ਨਾਂਹ ਹੋ, ਮੈਂ ਤਾਂ ਐਵੇਂ ਬਿਲਾਸ ਹੀ ਕੀਤਾ ਸੀ। ਹੁਣ ਤੋਂ ਆਖਸਾਂ ਅੰਤਰ ਧਾਨ ਹੋਏ ਹਨ!

ਗੋਪੀ–ਫੇਰ ਉਸੇ ਤਰ੍ਹਾਂ ਦਾ ਹੋਰ ਫੇਰ! ਹੈਂ? ਕਹੁ ਅੰਤਰਧਯਾਨ ਹੋਏ ਹਨ। 'ਅੰਤਰ ਧਾਨ' ਤਾਂ ਨਾਮ ਹੈ 'ਲੋਪ' ਹੋ ਜਾਣ ਦਾ।

ਸ਼ੰਕਰ–ਅੱਛਾ, ਮੈਨੂੰ ਨਹੀਂ ਸੀ ਪਤਾ 'ਅੰਤਰ ਧਾਨ' ਤੇ 'ਅੰਤਰ ਧਯਾਨ' ਦਾ ਕੀ ਫਰਕ ਹੈ।

ਗੋਪੀ–'ਅੰਤਰ ਧਯਾਨ' ਹੈ 'ਅੰਤਰੀਵ ਆਤਮੇ ਧਯਾਨ ਨਿਮਗਨ' ਤੇ 'ਅੰਤਰ ਧਾਨ' ਦਾ ਅਰਥ ਹੈ 'ਗੁੰਮ ਹੋ ਜਾਣਾ', ਸਮਝੇ!

ਸ਼ੰਕਰ–ਹਾਂ ਜੀ!

ਗੋਪੀ–ਉਹਨਾਂ ਦੀ ਥਾਂਵੇਂ ਕੌਣ ਹੋਇਆ ਏ?

ਸ਼ੰਕਰ–ਕੰਨੀਂ ਬਲੇਲ ਜੇਹੀ ਪਈ ਸੀ ਕਿ ਸ੍ਰੀ ਚੰਦ ਜੀ।

ਗੋਪੀ–ਆਪਣੇ ਪੁਤ੍ਰ ਨੂੰ ਥਾਪਿਆ ਨੇ! ਉਹ ਤਾਂ ਸਾਡੇ ਵਰਗੇ ਅਤੀਤ ਹਨ, ਮੂਲੋਂ ਅਤੀਤ।

ਇੰਨੇ ਨੂੰ ਭੰਗਰ ਨਾਥ ਤੇ ਨਾਲ ਹੋਰ ਜੋਗੀ ਆ ਗਏ।

ਭੰਗਰ ਨਾਥ–ਕੀਹ ਕਹਿ ਰਹੇ ਹੋ? ਸ੍ਰੀ ਚੰਦ ਕੌਣ! ਕਿਸ ਦੀ ਥਾਂਵੇਂ ਬੈਠਾ ਕਿਹਾ ਨੇ?

ਸ਼ੰਕਰ–ਗੁਰੂ ਨਾਨਕ ਦੇਵ ਜੀ ਥਾਂਵੇਂ।

ਭੰਗਰ(ਹਰਿਆਨ ਹੋਕੇ)–ਹੈਂ! ਤੇ ਗੁਰੂ ਨਾਨਕ?

ਸ਼ੰਕਰ–ਅੰਤਰ ਧਯਾਨ ਹੋ ਗਏ, ਨਾਥ ਜੀ!

ਭੰਗਰ(ਤ੍ਰਬ੍ਹਕ ਕੇ)–ਕਦ?

ਸ਼ੰਕਰ–ਥੋੜਾ ਚਿਰ ਹੋਇਆ ਹੈ।

ਭੰਗਰ–ਸ਼ਿਵ, ਸ਼ਿਵ, ਸ਼ਿਵ, ਸਦਾ ਰਹੇਗਾ ਸਦਾ–ਸ਼ਿਵ।...(ਸਿਰ ਫੇਰ ਕੇ) ਕੈਸੀ ਉੱਤਮ ਮੂਰਤੀ ਸੀ, ਕਲਾਵਾਨ, ਦਿਬਜ ਦਰਸ਼ਨ, ਸਚ ਮੁਚ ਅਵਤਾਰਤਾ ਦੇ ਲੱਛਣ ਸਨ[1]। ਅਝੁਕ ਫੇਰ ਨਿੰਮ੍ਰ; ਤਯਾਗੀ ਫੇਰ ਦਾਤਾ, ਗ੍ਰਿਹਸਤੀ ਫੇਰ ਨਿਰਬਾਣ, ਦਾਸ ਫੇਰ ਆਪ ਅਲੋਕਿਕ(ਖੰਘੂਰਾ ਲੈ ਕੇ ਤੇ ਨੈਣ ਮੁੰਦਕੇ) ਯੋਗੀ ਕਿ ਅਵਤਾਰ, ਕਲਾਵਾਨ ਕਿ ਬੀਤ ਰਾਗ, ਅੰਤ ਜਗਤ ਯਾਤਰਾ ਮੁੱਕਣੀ ਹੀ ਹੋਈ, ਹੋਈ ਜੋ ਮੱਕਣੇ ਵਾਲੀ ਸ਼ੈ–ਪ੍ਰਣਾਮੀ ਦੇਹ। ਸ਼ਿਵ, ਸ਼ਿਵ, ਸ਼ਿਵ। (ਅੱਖਾਂ ਖੋਲ੍ਹ ਕੇ) ਹਾਂ ਕਲਾ ਬੀ ਲੈ ਗਏ ਨਾਲ ਕਿ ਕਿਸੇ ਨੂੰ ਕਰ ਗਏ ਕਲਾਵਾਨ ਤੇ ਥਾਪ ਗਏ ਆਪਣੀ ਥਾਂਵੇਂ?

ਸ਼ੰਕਰ–ਬਲੇਲ ਪਈ ਸੀ ਕਿ ਸ੍ਰੀ ਚੰਦ ਨੂੰ ਥਾਪ ਗਏ ਹਨ।


www.sikhbookclub.com

ਭੰਗਰ-ਔਖੀ ਗੱਲ ਹੈ, ਗੁਰੂ ਨਾਨਕ ਦਾ ਮਾਰਗ ਸੀ 'ਗ੍ਰਿਹਸਤ ਉਦਾਸ'-ਨਵਾਂ ਮਤ ਤੇ ਸ੍ਰੀ ਚੰਦ ਹੈ ਅਤੀਤ। ਕਿਸੇ ਨੂੰ ਆਪਣੇ ਤੁੱਲ ਕਰਕੇ ਦਿੱਤੀ ਹੋਣੀ ਹੈ ਸੌਂਪਣਾ ਉਸ ਦੀ ਜਿਸ਼ ਨੂੰ ਓਹ ਆਖਦਾ ਹੁੰਦਾ ਸੀ ਸੰਗਤਿ। (ਸਿਰ ਫੇਰਕੇ) ਉਨ੍ਹਾਂ ਦੀ ਸੰਗਤ ਜਿਨ੍ਹਾਂ ਨੂੰ ਆਖਦਾ ਹੁੰਦਾ ਸੀ 'ਗੁਰਮੁਖ'।

ਸ਼ੰਕਰ-ਤੇ ਗੁਰ ਸਿੱਖ ਬੀ।

ਭੰਗਰ-ਹਾਂ, ਜੋ ਸਿਰੇ ਚੜ੍ਹ ਗਏ ਸੋ ਉਸਦੇ ਗੁਰਮੁਖ, ਜੋ ਸਾਧਨਾਂ ਵਿਚ ਸੇ ਸੋ ਉਸ ਦੇ ਗੁਰਸਿਖ। ਸੰਗਤ ਵਿਚ ਸਾਰੇ।

ਅਘੜ ਨਾਥ-ਤੁਸਾਂ ਅਗੇ ਬੀ ਇਕ ਵੇਰੀ ਏਹੋ ਜਿਹੀ ਗਲ ਆਖੀ ਸੀ ਗੁਰੂ ਨਾਨਕ ਨੂੰ ਆਪ, ਜਦੋਂ ਮੇਲੇ ਹੋਏ ਮਨ....।

ਭੰਗਰ-ਕੀ ਆਖਿਆ ਸੀ?

ਅਘੜ ਨਾਥ-ਅੱਖਰ ਤਾਂ ਚੇਤੇ ਨਹੀਂ, ਪਰ ਸਾਰ ਚੇਤੇ ਹੈ। ਤੁਸਾਂ ਐਉਂ ਕੁਛ ਉਚਾਰਿਆ ਸੀ, ਇਹ ਅਝੁਕ ਸਿਰ ਝੁਕੇਗਾ ਉਸ ਅਗੇ ਜੋ ਇਸਦਾ ਆਦਰਸ਼ ਪੂਰਾ ਕਰ ਦਿਖਾਏਗਾ।

ਭੰਗਰ-ਹਾਂ, ਸਿਮਰਨ ਹੋ ਆਇਆ ਏ। ਜ਼ਰੂਰ ਉਸ ਨੇ ਕੋਈ ਗ੍ਰਿਹਸਤੀ ਸਿਰੇ ਚਾੜ੍ਹਿਆ ਹੋਣਾ ਏ, ਉਸ ਵਿਚ ਸਤਜਾ ਭਰੀ ਹੋਣੀ ਏ, ਉਸ ਨੂੰ ਥਾਪਿਆ ਹੋਣਾ ਏ। (ਸੋਚ ਕੇ) ਹਾਂ, ਤੂੰ ਕਿਥੋਂ ਸੁਣਿਆ ਏ ਅਤੀਤ ਦਾ ਥਾਪਣਾ?

ਸ਼ੰਕਰ-ਮੈਂ ਕਲ੍ਹ ਗਜਾ ਕਰਨ ਗਿਆ ਸੀ, ਇਕ ਘਰ ਅੰਦਰੋਂ ਜਿੱਥੇ ਮੈਂ ਭਿੱਖ੍ਯਾ ਲਈ ਅਲਖ ਜਗਾ ਰਿਹਾ ਸੀ ਦੋ ਚਾਰ ਵਾਕ ਸੁਣੇ ਸੇ, ਜਿਨ੍ਹਾਂ ਤੋਂ ਗੁਰੂ ਪਿਆਨੇ ਦੀ ਤੇ ਉਹਨਾਂ ਦੀ ਥਾਂਵੇਂ ਸ੍ਰੀ ਚੰਦ ਦੇ ਹੋਣ ਦੀ ਗਲ ਸਮਝੇ ਪਈ ਸੀ। ਐਵੇਂ ਬਲੇਲ ਜਿਹੀ ਸੀ, ਪੱਕ ਨਹੀਂ।

ਭੰਗਰ-ਕਿਸ ਘਰ ਦੀ ਗਲ ਹੈ?

ਸ਼ੰਕਰ-ਪੰਡਤ ਪ੍ਰਸੰਨ ਰਾਜ ਹੈ ਗੁਣੀ ਤੇ ਗਜਾਤਾਵਾਨ। ਚਿਰਾਂ ਦੀ ਗੱਲ ਹੈ ਉਹ ਗੁਰੂ ਨਾਨਕ ਦੇਵ ਦਾ ਸਿਖ ਬਣ ਗਿਆ ਸੀ ਨਾ। ਪੜ੍ਹ ਸੁਣ ਕੇ ਸਾਰੇ ਸ਼ਾਸਤ੍ਰ ਕਹਿੰਦਾ ਸੀ ਕਿ ਅਜੇ ਨਿਸ਼ਾ ਨਹੀਂ ਹੋਈ, ਪਰ ਗੁਰੂ ਨਾਨਕ ਨੇ, ਸੁਖ ਦੇ ਘਰ ਆਂਦਾ ਏ। ਉਹ ਆਇਆ ਹੈ ਮਦ੍ਰ ਦੇਸ਼ ਤੋਂ, ਉਸ ਦੇ ਘਰ ਅੰਦਰ ਕੁਛ ਘੁਰ ਘੁਰ ਹੁੰਦੀ ਸੀ ਇਨ੍ਹਾਂ ਗੱਲਾਂ ਦੀ।

ਭੰਗਰ-ਅੱਛਾ, ਤਾਂ ਤਾਂ ਠੀਕ ਪਤਾ ਲਗ ਜਾਏਗਾ, ਪ੍ਰਸੰਨ ਰਾਜ ਤੋਂ ਪੁੱਛਾਂਗੇ ਕਿ ਗੁਰੂ ਨਾਨਕ ਤੱਕ ਹੀ ਰਹੀ ਗੁਰੂ ਨਾਨਕ ਦੀ ਗਲ ਕਿ ਅੱਗੇ ਬੀ ਟੁਰੀ? ਟੁਰੀ ਤਾਂ ਕੀਕੂੰ? ਪ੍ਰਸੰਨ ਰਾਜ ਦੱਸੇਗਾ ਠੀਕ ਠੀਕ ਹਾਲ, ਉਸਨੂੰ ਸੱਦਾ ਦਿਓ ਸਾਡੀ ਵਲੋਂ।

ਸ਼ੰਕਰ-ਮੈਂ ਕਲ੍ਹ ਨਾਲ ਲਈ ਆਵਾਂਗਾ; ਨਾਥ ਜੀ! ਗੁਰੂ ਨਾਨਕ ਦੇ ਬਾਲਕਿਆਂ ਵਿਚ ਨਿੰਮ੍ਰਤਾ ਹੈ ਤੇ ਨਾਲ ਦਾਨ ਦਾ ਗੁਣ ਬੀ ਬੜਾ ਹੈ। ਪ੍ਰਸੰਨ ਰਾਜ ਦੇ ਘਰੋਂ ਖਾਲੀ ਕਦੀ ਨਹੀਂ ਮੁੜੀਦਾ।

ਈਸ਼ਰ-ਗੁਰੂ ਨਾਨਕ ਦੇਵ ਨੇ ਆਪ ਦੱਸਿਆ ਸੀ ਨਾ ਓਦੋਂ .....ਅਪਣੇ ਗੁਰਮੁਖ ਦਾ ਲੱਛਣ-ਨਾਮ, ਦਾਨ, ਇਸ਼ਨਾਨ।

## ੨. ਵਿਛੁੜੀ ਸੰਗਤਿ।

**ਅਗਲੇ** ਦਿਨ ਸ਼ੰਕਰ ਪ੍ਰਸੰਨ ਰਾਜ ਦੇ ਘਰੋਂ ਨਾਲੇ ਭਿਖ੍ਯਾ ਲੈ ਆਇਆ ਤੇ ਨਾਲੇ ਉਸ ਨੂੰ ਨਾਲ ਲੈ ਅਇਆ।

ਪ੍ਰਸੰਨ ਰਾਜ-ਸੱਤਿ ਕਰਤਾਰ, ਸੱਤਿ ਕਰਤਾਰ।

ਭੰਗਰ-ਆਓ ਭਾਈ ਪ੍ਰਸੰਨ ਰਾਜ ਜੀਓ! ਆਓ ਬੈਠੋ।

ਇੰਨੇ ਨੂੰ ਸਾਰੇ ਜੋਗੀ ਆ ਗਏ।

ਗੋਪੀ-ਆ ਗਏ ਪ੍ਰਸੰਨ ਰਾਜ ਪੰਡਤ ਜੀਓ? ਜੀ ਆਇਆਂ ਨੂੰ!

ਪ੍ਰਸੰਨ (ਉਠ ਕੇ)-ਸੱਤਿ ਕਰਤਾਰ! ਜੀਓ ਸੱਤਿ ਕਰਤਾਰ! ਪਰਣਾਮ ਹੋਵੇ।

ਭੰਗਰ-ਜੀਉਂਦੇ ਰਹੋ। (ਅਸ਼ੀਰਵਾਦ ਦੇ ਕੇ) ਕੁਸ਼ਲ ਹੈ?

ਪ੍ਰਸੰਨ-ਆਪ ਦੀ ਅਨੁਗ੍ਰਹੁ।

ਭੰਗਰ-ਅਸਾਂ ਨੇ ਬੜੀ ਉਦਾਸੀਨਤਾ ਦੀ ਖਾਤ ਸੁਣੀ ਹੈ ਗੁਰੂ ਨਾਨਕ ਸ੍ਵਾਮੀ ਦੀ।

ਪ੍ਰਸੰਨ(ਨੈਣ ਭਰਕੇ)-ਜੋਤੀ ਵਿਚ ਜੋਤਿ ਜਾ ਰਲੀ।

ਭੰਗਰ-ਸਾਡੀਆਂ ਚਰਚਾ ਵਾਦ ਰਹੇ, ਰਹੇ ਭੇਦ ਵਿਚਾਰਾਂ ਵਿਚ, ਪਰ ਸਚ ਇਹ ਹੈ ਕਿ ਗੁਰੂ ਨਾਨਕ ਜੋਤਿ ਨਿਰੰਜਨੀ ਸੇ।...ਪ੍ਰਜਾ ਦੇ ਅਭਾਗ! ਛੇਤੀ ਛੋੜ ਗਏ ਪਿਆਰਿਆਂ ਨੂੰ। ਅਹੋ ਦੇਵ ਗਤੀ!



www.sikhbookclub.com

ਪ੍ਰਸੰਨ-'ਹੁਕਮ' ਕਿਹਾ ਕਰਦੇ ਸਨ ਗੁਰੂ ਜੀ, 'ਹੁਕਮ' ਉਨ੍ਹਾਂ ਹੀ ਦੱਸਿਆ ਸੀ, ਉਹੋ ਹੁਕਮ ਬੁਝਦੇ ਸਨ, ਹੁਕਮੀ ਵਿਚ ਅਭੇਦ ਸਨ। (ਸਿਰ ਫੇਰ ਕੇ) 'ਹਉਂ' ਤੋਂ, 'ਅਵਿਦਜਾ' ਤੋਂ, ਮੈਂ ਕਹਾਂਗਾ 'ਲੇਸ਼ਾਵਿਦਜਾ' ਤੋਂ ਭੀ ਨਿਰਲੇਪ ਸਨ ਗੁਰੂ ਨਾਨਕ ਦੇਵ ਜੀ! (ਨੈਣ ਮੁੰਦ ਕੇ) ਧੰਨ ਗੁਰੂ ਨਾਨਕ!

ਭੰਗਰ-ਸੰਗਤਾਂ ਵਿਆਕੁਲ ਹੋਣਗੀਆਂ ਬਹੁਤ!

ਪ੍ਰਸੰਨ-ਜਿਉਂ ਮਛਲੀ ਬਿਨ ਨੀਰ।

ਭੰਗਰ-ਪ੍ਰੇਮਾ ਭਗਤੀ ਦਾ ਮਾਰਗ ਸੀ। ਪ੍ਰੇਮ ਬਿਰਹੋਂ ਦੇਂਦਾ ਹੈ, ਪ੍ਰਸੰਨ ਰਾਜ ਜੀ! ਪ੍ਰੇਮ ਦਿਲਾਂ ਵਿਚ ਪਾਕੇ, ਹਾਂ, ਲੜ ਲਾਈਆਂ ਸੰਗਤਾਂ ਨੂੰ ਕਿਵੇਂ ਸੱਟ ਗਏ? ਸ਼ਿਵ, ਸ਼ਿਵ, ਸ਼ਿਵ! ਕੁਝ ਕਰ ਗਏ ਉਪਰਾਲਾ ਪਿਆਰਿਆਂ ਦੀ ਸੰਭਾਲ ਦਾ ਕੋਈ ਅਪਣੇ ਤੁੱਲ ਟੇਕ ਦੇਕੇ?

ਪ੍ਰਸੰਨ-ਗੁਰੂ ਅੰਗਦ ਦੇਵ ਜੀ ਦੇ ਹੀਏ ਵਿਚ ਬਹਿ ਕੇ ਉਹੋ ਆਪਣੀ ਜੋਤੀ ਜਗਮਗ ਕਰ ਦਿੱਤੀ ਸਾਨੇ।

ਭੰਗਰ-ਸ੍ਰੀ ਚੰਦ ਜੀ ਨੂੰ ਨਹੀਂ?

ਪ੍ਰਸੰਨ-ਜੀ ਨਹੀਂ!

ਭੰਗਰ- ਇਹ ਸਾਹਿਬ ਕੌਣ ਹਨ? ਅਗੇ ਤਾਂ ਜਸ, ਕੀਰਤੀ, ਨਾਉਂ ਨਹੀਂ ਸੁਣਿਆ ਕਦੇ।

ਪ੍ਰਸੰਨ-ਸ੍ਰੀ ਲਹਿਣਾ ਜੀ, 'ਫੇਰੂ ਕੇ' ਮੱਤੇ ਦੀ ਸਰਾਂ ਵਾਲੇ ਦੇ ਸਪੂਤ! ਤੁਸਾਂ ਭਾਵੇਂ ਦਰਸ਼ਨ ਨਹੀਂ ਕੀਤੇ।

ਭੰਗਰ-ਅੱਛਾ, ਲਹਿਣਾ ਜੀ, ਜੋ ਥੋੜੇ ਹੀ ਬਰਸਾਂ ਤੋਂ ਚਰਨ ਸ਼ਰਨ ਆਏ ਸਨ, ਉਹਨਾਂ ਦੀ ਗੁਰੂ ਭਗਤੀ ਬੜੇ ਕਮਾਲ ਦੀ ਸੁਣੀ ਸੀ। ਅੱਛਾ ਤਾਂ ਉਨ੍ਹਾਂ ਦਾ ਹੀ ਨਾਉਂ ਵਟਾਇਆ ਨੇਂ, ਅੰਗਦ?....(ਸੋਚ ਕੇ) ਕੀ ਅਰਥ ਹੋਇਆ 'ਅੰਗਦ' ਦਾ?

ਪ੍ਰਸੰਨ-ਜੋ ਪਰਮਾਤਮ ਪਿਆਰ ਵਿਚ ਸਰੀਰ ਦਾ ਮੋਹ ਸੰਪੂਰਨ ਤਜਾਗ ਦੇਵੇ ਸੋ ਅੰਗਦ। ਅੰਗ-ਸਰੀਰ। ਦ-ਦੇਣਾ। ਸਰੀਰ ਦਾ ਮੋਹ ਤਜਾਗ ਦੇਣਾ।

ਭੰਗਰ-ਤੁਸੀਂ ਪੰਡਤ ਹੋ ਠੀਕ ਅਰਥ ਕੀਤਾ ਨੇ। ਮੈਂ ਜਾਤਾ ਸੀ ਕਿ 'ਅੰਗਜ' 'ਅੰਗਦ' ਇਕੋ ਗਲ ਹੈ, ਜਿਸ ਦਾ ਅਰਥ ਹੈ-'ਪੁਤ੍ਰ'। ਸ੍ਰੀ ਲਹਿਣਾ ਜੀ ਗੁਰੂ ਕੇ ਨਾਦੀ 'ਪੁਤ੍ਰ' ਹੋ ਗਏ, ਇਸ ਕਰਕੇ ਉਸ ਨੂੰ ਵਰ-ਅੰਗਦ-ਦਿੱਤਾ ਹੋਣਾ ਹੈ।

ਪ੍ਰਸੰਨ-ਠੀਕ ਹੈ, ਤੁਸੀਂ ਵਡੇ ਹੋ ਯੋਗੀ ਹੋ ਜਿਵੇਂ ਤੁਸੀਂ ਆਖੋ ਠੀਕ ਹੈ।

ਭੰਗਰ-ਗੁਰੂ ਨਾਨਕ ਨੂੰ ਰੀਝਾਵਣਾ ਸੌਖੀ ਗਲ ਨਹੀਂ ਸੀ। ਸਚ ਮੁਚ ਸ੍ਰੀ ਲਹਿਣਾ ਜੀ ਨੇ ਆਪਣੇ ਆਪੇ ਦਾ ਪੂਰਨ ਤਜਾਗ ਕਰਕੇ ਸੰਪੂਰਨ ਪਰਮਾਤਮ ਅਨੁਭਵਤਾ ਪ੍ਰਾਪਤ ਕੀਤੀ ਹੋਣੀ ਹੈ; ਤਦੇ ਗੁਰੂ ਰੀਝੇ ਹੋਣੇ ਹਨ, ਤਦ ਗੁਰਿਆਈ ਦਿੱਤੀ ਹੋਣੀ ਹੈ!

ਪ੍ਰਸੰਨ-ਜੀ, ਗੁਰੂ ਅੰਗਦ ਜੀ ਨੇ ਤਾਂ ਹਉਂ ਐਉਂ ਮੇਟੀ ਕਿ ਆਪ ਰਹੇ ਹੀ ਨਾਹ, ਨਿਰਾ ਗੁਰੂ ਨਾਨਕ ਹੀ ਰਹਿ ਗਿਆ, ਉਹਨਾਂ ਦਾ ਰੂਪ ਹੀ ਹੋ ਗਏ। ਮਨ ਆਤਮਾ ਕਰਕੇ ਤਾਂ ਹੋਣਾ ਹੀ ਸੀ, ਦੇਹੀ ਦਾ ਝਲਕਾ ਬੀ ਐਉਂ ਹੀ ਵਜਣ ਲਗ ਗਿਆ ਜੇ, ਜਿਵੇਂ ਉਹੋ ਕਾਂਇਆਂ ਪਲਟੀਜ ਗਈ ਹੈ[2]।

ਹੁਣ ਕੋਲ ਬੈਠਾ ਜੋਗੀ 'ਸਰਨਾ' ਬੋਲਿਆ--

ਗੱਦੀ ਕਿਵੇਂ ਦਿੱਤੀਓ ਨੇ? ਕੋਈ ਅਨੋਖੀ ਮਰਿਯਾਦਾ? ਜਿਵੇਂ ਆਪ ਅਨੋਖੇ ਸਨ ਤੇ ਜਿਵੇਂ ਟੋਰਿਆ ਸੀ ਮਾਰਗ ਅਨੋਖਾ?

ਪ੍ਰਸੰਨ-ਅਨੋਖੀ ਜੁਗਤਿ। ਪੰਜ ਪੈਸੇ ਨਰੇਲ ਅਗੇ ਧਰਕੇ ਮੱਥਾ ਟੇਕਿਓ ਨੇ ਆਪਣੇ ਚੇਲੇ ਅੱਗੇ ਤੇ ਆਖਿਓ ਨੇ "ਤੂੰ ਗੁਰੂ ਹੋ ਗਿਆ!" ਜਿਸ ਅਗੇ ਗੁਰੂ ਨਿਉਂ ਗਿਆ ਉਸ ਅੱਗੇ ਸੰਗਤਿ ਦਹ ਗੁਣ ਨਿਉਂ ਗਈ।

ਸਰਨਾ-ਉਹੋ ਗਲ ਹੋਈ!

ਭੰਗਰ (ਮੁਸਕ੍ਰਾਕੇ)-ਤਦੇ ਮੈਂ ਗੁਰੂ ਨਾਨਕ ਨਾਲ ਕਈ ਭੇਦ ਰੱਖਦਿਆਂ ਬੀ ਆਖਦਾ ਹਾਂ ਕਿ ਉਹ ਜੋਤਿ ਨਿਰੰਜਨੀ ਸੇ। ਮੈਨੂੰ ਨਿਸਚਾ ਹੋ ਗਿਆ ਸੀ ਕਿ ਇਸ ਦਾ ਗੁਰੂ 'ਨਿਰੰਜਨ' ਆਪ ਹੈ! ਇਹ ਉਸ ਨਿਰੰਜਨ ਅਗੇ ਝੁਕਦਾ ਹੈ ਤੇ ਝੁਕੇਗਾ ਉਸ ਅੱਗੇ ਜਿਸ ਦੇ ਅੰਦਰ ਵਸਾ ਦੇਵੇਗਾ ਜੋਤਿ ਨਿਰੰਜਨੀ ਆਪਣੇ ਵਾਂਗੂ ਪੂਰੀ ਪੂਰੀ। ਪ੍ਰਸੰਨ ਜੀ! ਤੁਸਾਂ ਸੱਚ ਕਿਹਾ ਏ-ਧੰਨ ਗੁਰੂ ਨਾਨਕ। (ਕੁਛ ਚੁਪ ਰਹਿ ਕੇ) ਫਿਰ ਹੁਣ ਸ੍ਰੀ ਅੰਗਦ ਜੀ ਨੇ ਸਾਰਾ ਵਿਹਾਰ ਡੇਰੇ ਦਾ, ਨਵੇਂ ਟੋਰੇ ਮਾਰਗ ਦੇ ਪ੍ਰਚਾਰ ਦਾ, ਸੰਗਤਾਂ ਦੀ ਅਗੁਵਾਨੀ ਦਾ ਓਸੇ ਤਰ੍ਹਾਂ ਟੋਰ ਲਿਆ ਏ, ਤੇ ਸਿਖ ਸੰਗਤਿ ਪ੍ਰਸੰਨ ਏ?

ਇਹ ਸੁਣਕੇ 'ਪ੍ਰਸੰਨ' ਦੇ ਨੈਣ ਭਰ ਆਏ, ਪੰਜ ਸੱਤ ਅਥਰੂ ਕਿਰੇ, ਬੁਲ੍ਹ ਫਰਕੇ ਤੇ ਗੱਲਾ ਰੁਕ ਗਿਆ।


www.sikhbookclub.com

ਭੰਗਰ(ਕੋਮਲਤਾ ਨਾਲ)-ਕਿਉਂ ਪ੍ਰਸੰਨ ਜੀ ਸੁਖ ਹੈ? ਤੁਸੀਂ ਵੈਰਾਗਵਾਨ ਹੋ ਗਏ? (ਸਿਰ ਫੇਰਕੇ) ਹਾਂ, ਸਾਨੂੰ ਬੀ ਵਿਯੋਗ ਹੈ, ਪਰ ਗੁਰੂ ਨਾਨਕ ਦਾ ਬਿਰਹਾ ਗੁਰੂ ਨਾਨਕ ਪ੍ਰੇਮੀਆਂ ਲਈ ਅਤਿ ਦਾ ਵੈਰਾਗ ਜਨਕ ਹੈ। ਕਿਉਂ ਨਾ ਹੋਵੇ, ਭਗਤੀ ਮਾਰਗ ਜੋ ਹੋਇਆ-ਪਰੇਮਾ ਭਗਤੀ ਦਾ ਅਵਤਾਰ ਸਨ ਗੁਰੂ ਨਾਨਕ। ਭਗਤਿ ਯੋਗ ਕਰਕੇ[3] ਹੀ ਉਹਨਾਂ ਨੇ ਹਠ ਯੋਗ ਧਾਰਨ ਨਹੀਂ ਕੀਤਾ। ......ਸੋਚ ਕੇ ਪਰ ਪ੍ਰਸੰਨ ਜੀ! ਗੁਰੂ ਅੰਗਦ ਦੇ ਨਾਮ ਤੇ ਕਿਉਂ ਵੈਰਾਗੇ ਗਏ ਹੋ, ਸੁੱਖ ਤਾਂ ਹੈ?

ਪ੍ਰਸੰਨ-ਸੁਖ ਹੈ, ਗੁਰੂ ਜਾਗਤੀ ਜੋਤਿ ਹੈ, ਪਰ ਗੁਰੂ ਅੰਗਦ ਜੀ ਲੋਪ ਹੋ ਰਹੇ ਹਨ। ਕਿਤੇ ਪਤਾ ਨਹੀਂ ਲਗਦਾ ਕਿੱਥੇ ਹਨ। ਹੈਨ ਏਥੇ ਹੀ ਜਗਤ ਵਿਚ, ਭਾਰ ਗੁਰੂ ਜੀ ਜੋ ਮੋਢੇ ਧਰ ਗਏ ਹਨ, ਨਿਭਾਉਣਗੇ, ਪਰ ਇਸ ਵੇਲੇ ਦਰਸ਼ਨ ਨਹੀਂ ਹੁੰਦੇ, ਸੰਗਤਾਂ ਵਜਾਕੁਲ ਹਨ ਦਰਸ਼ਨ ਬਿਨ, ਮੈਂ ਬੀ ਨਿਰਾਸ ਨਹੀਂ : ਪਰ ਉਦਾਸ ਆਇਆ ਹਾਂ।

ਭੰਗਰ(ਹਰਿਆਨ ਤੇ ਉਦਾਸ ਹੋ ਕੇ)-ਐਸਾ ਕਿਉਂ(ਅੱਖਾਂ ਮੀਟ ਕੇ ਕੁਛ ਚਿਰ ਧਜਾਨ ਮਗਨ ਰਹਿਕੇ) ਗੁਰੂ ਨਾਨਕ-ਬਿਰਹੇ ਦੇ ਕਾਰਣ ਕਿਤੇ ਇਕਾਂਤ ਧਜਾਨ ਮਗਨ ਜਾ ਬੈਠੇ ਹੋਣਗੇ? (ਫੇਰ ਨੈਣ ਮੁੰਦ ਲਏ, ਫਿਰ ਖੋਹਲੇ) ਪ੍ਰਸੰਨ ਜੀ? ਕਿਸੇ ਹੋਰਸ ਨੇ ਤਾਂ ਗੱਦੀ ਦਾ ਦਾਵਾ ਨਹੀਂ ਕੀਤਾ! ਤੇ ਗੁਰੂ ਅੰਗਦ ਜੀ ਪੂਰਨ ਤਜਾਗੀ, ਬੀਤਰਾਗੀ ਹੋਣ ਕਰਕੇ, ਜੈਸਾ ਕਿ ਤੁਸਾਂ ਨਿਰੂਪਨ ਕੀਤਾ ਹੈ, ਇਕਾਂਤ ਹੋ ਗਏ ਹੋਣ ਕਿ ਸਾਨੂੰ ਕਿਸੇ ਨਾਲ ਦ੍ਵੈਖ ਨਹੀਂ, ਕਿਸੇ ਸ਼ੈ ਦੀ ਤ੍ਰਿਸ਼ਨਾ ਨਹੀਂ। ਜੇ ਗੁਰਿਆਈ ਕਿਸੇ ਐਸ਼੍ਵਰਜ ਦੀ ਵਸਤੂ ਹੈ ਤਾਂ ਜੋ ਕੋਈ ਚਾਹੇ ਸਾਂਭ ਲਵੇ। ਹਾਂ ਭਾਈ ਪ੍ਰਸੰਨ! ਜਿਸ ਨੇ ਗੁਰੂ ਨਾਨਕ ਵਰਗੇ ਮਹਾਨ ਤਜਾਗੀ ਨੂੰ ਪ੍ਰਸੰਨ ਕਰ ਲਿਆ ਉਸ ਵਿਚ ਪਕੜ ਦੀ ਤਾਂ ਮੁਸ਼ਕ ਨਾਹ ਹੋਣੀ ਹੋਈ।

ਪ੍ਰਸੰਨ-ਤੁਸੀਂ ਯੋਗੀਰਾਜ ਹੋ, ਅੰਗਮ ਵਾਚ ਸਕਦੇ ਹੋ, ਤੁਹਾਡਾ ਖਜਾਲ ਠੀਕ ਹੋਸੀ! ਪਰੇਮ ਉਨ੍ਹਾਂ ਨੂੰ ਅਤਿ ਦਾ ਸੀ, ਬੀਤਰਾਗ ਹੋਕੇ, ਗੁਰੂ ਪਰੇਮ ਵਿਚ ਸਨਿਘਧ ਸਨ, ਪਰ ਪਲ ਭਰ ਨਹੀਂ ਸਨ ਵਿਛੁੜ ਸਕਦੇ, ਪਰ ਉਨ੍ਹਾਂ ਨੂੰ ਗੱਦੀ ਮਿਲਣ ਤੇ ਗੁਰੂ ਕੇ ਪੁਤਰਾਂ ਨੇ ਪਜਾਰ ਨਾ ਕੀਤਾ[4] ਤਾਂ ਗੁਰੂਬਾਬੇ ਨੇ ਗੁਰੂ ਅੰਗਦ ਜੀ ਨੂੰ ਕਰਤਾਰ ਪੁਰੋਂ ਟੋਰ ਦਿੱਤਾ, ਫੇਰ ਆਪਣੇ ਸਚਖੰਡ ਪਿਆਨੇ ਤੋਂ ਪਹਿਲਾਂ ਦੋ ਚਾਰ ਵਾਰੀ ਆਪ ਜਾ ਕੇ ਮਿਲੇ, ਪਰ ਉਨ੍ਹਾਂ ਨੂੰ ਕਰਤਾਰ ਪੁਰੇ ਆਉਣ ਦੀ ਆਗਜਾ ਘੱਟ ਦਿੰਦੇ ਸਨ, ਜੋ ਈਰਖਾ ਦਾ ਦਰਸ਼ਨ ਗੁਰੂ ਅੰਗਦ ਜੀ ਨਾ ਕਰਨ।

ਭੰਗਰ-ਗੁਰੂ ਅੰਗਦ ਜੀ ਕਿਥੇ ਰਹੇ?

ਪ੍ਰਸੰਨ-ਖਹਿਰਿਆਂ ਦੇ ਖੰਡੂਰ। ਜੋ ਸੜਕ ਬਿਆਸ ਲੰਘਕੇ ਲਾਹੌਰ ਨੂੰ ਜਾਂਦੀ ਹੈ ਉਸ ਸੜਕ ਤੋਂ ਜ਼ਰਾ ਕੁ ਲਾਂਭੇ ਹੈ ਪਿੰਡ-ਬਿਆਸਾ ਪਾਰ ਹੋਕੇ।

ਭੰਗਰ-ਹੁਣ ਓਥੇ ਨਹੀਂ ਹਨ?

ਪ੍ਰਸੰਨ-ਜਾਣੇ ਗੁਰੂ ਕਿਥੇ ਹਨ। ਸਿਖ ਸੰਘਰ ਪਿੰਡ ਬੀ ਹੋ ਆਏ ਹਨ, ਜੋ ਉਨ੍ਹਾਂ ਦਾ ਸਹੁਰਾ ਪਿੰਡ ਹੈ। ਖੰਡੂਰ ਬੀ, ਹਰੀਕੇ ਬੀ ਤੇ ਮੱਤੇ ਦੀ ਸਰਾਂ ਬੀ। ਕਿਤੋਂ ਥਹੁ ਨਹੀਂ ਪਿਆ।

ਭੰਗਰ(ਕੁਛ ਚਿਰ ਫਿਰ ਧਿਆਨ ਵਿਚ ਰਹਿਕੇ)- ਪ੍ਰਸੰਨ! ਜਿਸ ਨੂੰ ਗੁਰੂ ਨਾਨਕ ਗੱਦੀ ਦੇ ਗਿਆ ਹੈ; ਉਹ ਛਿਪ ਨਹੀਂ ਸਕਦਾ, ਪ੍ਰਗਟੇਗਾ। ਤੁਸੀਂ ਓਦਰੋਂ ਨਹੀਂ। ਅਸਾਂ ਬੀ ਦਰਸ਼ਨ ਕਰਨੇ ਹਨ ਤੇ ਗੁਰੂ ਨਾਨਕ ਦੇ ਪਰਖੇ ਨੂੰ ਪਰਖਣਾ ਬੀ ਹੈ। ਕੋਈ ਨਿਸਚੇ ਨਾਲ ਮੰਨ ਜਾਂਦੇ ਹਨ, ਕੋਈ ਪਰਖ ਕੇ ਮੰਨਦੇ ਹਨ, ਕਿਉਂ ਬਈ ਪ੍ਰਸੰਨ?

ਪ੍ਰਸੰਨ-ਠੀਕ ਹੈ ਜੀਓ! ਅਸੀਂ ਹਾਂ ਸਿਖ, ਤੁਸੀਂ ਠਹਿਰੇ ਯੋਗੀ। ਜੀ ਸਦਕੇ ਪਰਖੀਓ। ਜਿਸ ਨੇ ਗੁਰੂ ਨਾਨਕ ਦੀ ਕਸਵੱਟੀ ਤੇ ਕਸ ਪੂਰੀ ਦਿੱਤੀ ਉਹ ਕਿਸੇ ਹੋਰਸ ਕਸ ਤੇ ਕੱਸਾ ਨਹੀਂ ਨਿਕਲ ਸਕਦਾ।

ਭੰਗਰ-ਠੀਕ ਕਿਹਾ ਨੇ, ਜੇ ਤੁਸਾਂ ਨੂੰ ਥਹੁ ਆਵੇ ਤਾਂ ਸਾਨੂੰ ਦੱਸ ਦੇਣਾ; ਤੇ ਜੇ ਸਾਨੂੰ ਕੋਈ ਸੋਝੀ ਪਈ ਤਾਂ ਤੁਸਾਂ ਨੂੰ ਦੱਸ ਘੱਲਾਂਗੇ। ਉਚੇ ਲੋਕਾਂ ਦੇ ਦਰਸ਼ਨ ਕਲਿਯਾਨ ਰੂਪ ਹੁੰਦੇ ਹਨ। (ਕੁਛ ਚਿਰ ਚੁਪ ਰਹਿਕੇ) ਹਾਂ ਭਾਈ ਪ੍ਰਸੰਨ! ਕੁਛ ਪੁਤ੍ਰਾਂ ਦਾ ਹਾਲ ਬੀ ਦੱਸੋ ਕਿਵੇਂ ਹਨ? ਇਕ ਤਾਂ ਗ੍ਰਿਹਸਤੀ ਹੈ ਤੇ ਦੂਆ ਸਾਡੇ ਵਾਂਗੂ ਅਤੀਤ ਹੈ। ਚਾਹੇ ਮਾਰਗ ਉਸ ਦਾ ਬੀ 'ਨਾਮ' ਤੇ ਗੁਰੂ ਬਾਣੀ ਹੈ ਗੁਰੂ ਨਾਨਕ ਵਾਲਾ ਹੀ-ਸਾਧਨ।

ਪ੍ਰਸੰਨ-ਬਾਹਰੋਂ ਸਿਖ ਸੰਗਤ ਜੋ ਆਉਂਦੀ ਹੈ, ਉਹ ਕਰਤਾਰਪੁਰੇ ਜਾਣ ਦਾ ਅਭਜਾਸ ਹੋਣ ਕਰਕੇ ਉਥੇ ਹੀ ਜਾਂਦੀ ਹੈ। ਜੋ ਕੋਈ ਜਾਂਦੇ ਹਨ, ਸੋ ਪੁਤ੍ਰ ਨੂੰ ਗੱਦੀ ਮਿਲੀ ਸਮਝਦੇ ਹਨ।

 www.sikhbookclub.com

ਉਥੇ ਸਾਮਾਨ ਤਾਂ ਸਾਰਾ ਓਹੋ ਹੈ, ਗੁਰੂ ਅੰਗਦ ਦੇਵ ਜੀ ਤਾਂ ਕੇਵਲ 'ਦਾਤ ਜੋਤਿ' ਹੀ ਲੈਕੇ ਗਏ ਹਨ; ਹੋਰ ਥਾਂ, ਡੇਰਾ, ਸਾਮਾਨ ਤਾਂ ਨਹੀਂ ਨਾ ਲੈ ਗਏ। ਸੋ ਲੋਕੀਂ ਜਾਕੇ ਦੇਖਦੇ ਹਨ ਤਾਂ ਕੰਨੇ ਸੰਨੇ ਪਤਾ ਲੱਗ ਜਾਂਦਾ ਹੈ ਕਿ ਗੱਦੀ ਗੁਰੂ ਅੰਗਦ ਦੇਵ ਜੀ ਨੂੰ ਦੇ ਗਏ ਹਨ। ਐਉਂ ਸੰਗਤਾਂ ਥਹੁ ਨਾ ਪੈਣ ਕਰਕੇ ਉਦਾਸ ਤੇ ਡਾਂਵਾਂ ਡੋਲ ਹੋ ਮੁੜਦੀਆਂ ਹਨ, ਭਾਲਦੀਆਂ ਹਨ ਤੇ ਨਿਰਾਸ ਹੋ ਕੇ ਪਰਤ ਜਾਂਦੀਆਂ ਹਨ ਘਰਾਂ ਨੂੰ।

ਭੰਗਰ-ਤਦੇ ਫੇਰ ਇਹ ਗੱਲ ਫੈਲ ਗਈ ਹੈ ਕਿ ਗੱਦੀ ਸ੍ਰੀ ਚੰਦ ਨੂੰ ਦੇ ਗਏ ਹਨ।

ਪ੍ਰਸੰਨ-ਜੀ ਹਾਂ, ਇਸੇ ਕਰਕੇ ਮਾਰੇ ਇਹੋ ਗੱਲ 'ਹੁੱਲ' ਗਈ ਹੈ! ਕੱਲ ਮੇਰੇ ਘਰ ਬੀ ਇਹੋ ਗੱਲ ਸੁਣ ਕੇ ਲੋਕੀਂ ਪੁੱਛਾਂ ਕਰਨ ਆਏ ਸੇ।

## ੩. ਭਾਲ ਵਿਚ ਸੰਗਤਿ।

**ਸੁਹਣੀ** ਸੁਹਣੀ ਵਗ ਰਹੀ ਏ ਨੈਂ, ਪੰਜਾਬ ਦੇ ਪੰਜਾਂ ਦਰਿਆਵਾਂ ਦੇ ਵਿਚਕਾਰ, ਮਸਤ ਚਾਲ ਚਲਣੇ ਵਾਲੀ-ਰਾਵੀ; ਵਲ ਫੇਰ ਖਾਂਦੀ, ਪਰ ਟੁਰੀ ਜਾਂਦੀ ਏ ਆਪਣੇ ਸ੍ਵਾਮੀ ਏਰਾਵਤ ਵੰਨੇ ਦਿਨੇ ਰਾਤੀਂ ਵਹਿੰਦੀ। ਭਾਵੇਂ ਭਰੇ ਭਾਵੇਂ ਭਰ ਉਛਲੇ[੫], ਭਾਵੇਂ ਲਹਿ ਲਹਿ ਨੀਵੀਂ ਤੁਰੇ, ਪਰ ਸਦਾ ਰਹਿਣ ਵਾਲੀ ਹੈ ਇਹ ਭਾਗੇ ਭਰੀ ਰਉਂ, ਜਿਸ ਦੇ ਪੂਰਬਲੇ ਕਿਨਾਰੇ ਇਸ਼ਨਾਨ ਕਰਕੇ ਬਾਹਰ ਆ ਨਿਕਲੇ ਹਨ, ਇਕ ਸੁਭਾਗ ਮੂਰਤੀ, ਉਚੇ ਲੰਮੇ ਸੋਹਣੇ ਦਿਦਾਰੇ ਵਾਲੇ, ਜਿਨ੍ਹਾਂ ਦੀ ਉਡੀਕ ਵਿਚ ਬਾਹਰ ਖੜੇ ਸਨ ਕੁਛ ਸੱਜਣ[੬]। ਜਿਨ੍ਹਾਂ ਨੂੰ ਆਪ ਨੇ ਨਹੀਂ ਸੀ ਡਿੱਠਾ, ਜਦੋਂ ਕਿਨਾਰੇ ਵਲ ਪਿੱਠ ਕਰੀ ਨ੍ਹਾ ਰਹੇ ਸਨ ਨਦੀ ਵਿਚ। ਬਾਹਰ ਨਿਕਲਦੇ ਹੀ ਉਡੀਕਵਾਨਾਂ ਦੇ ਸੀਸ ਝੁਕੇ, ਆਪ ਨੇ ਬੀ ਸੀਸ ਝੁਕਾਇਆ। ਦਾਸ ਨੇ ਚਾਦਰਾ ਦਿਤਾ ਜੋ ਆਪ ਨੇ ਲਪੇਟ ਲਿਆ। ਫੇਰ ਦਾਸ ਨੇ ਪਰਨਾ ਦਿੱਤਾ, ਦੂਹਰੇ ਸੂਤ ਦੇ ਖੱਦਰ ਦਾ ਪਿੰਡਾ ਪੂੰਝਣ ਨੂੰ। ਆਪ ਨੇ ਪਰਨਾ ਪਕੜ ਲਿਆ, ਪਰ ਪਿੰਡਾ ਪੂੰਝਣ ਤੋਂ ਪਹਿਲਾਂ ਆਏ ਪਿਆਰਿਆਂ ਨੂੰ ਪੁੱਛਣ ਲਗੇ:-ਪਵਿਤ੍ਰ ਪਾਵਨ ਸਰੀਰਾਂ ਦੇ ਪਾਦ ਕਮਲ ਦਿੱਸਣੇ ਪੂਰਨ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ, ਪ੍ਰਸਾਦਿ ਕੀਤੋ ਨੇ ਜੋ ਪਧਾਰੇ ਹੋ...ਸੁਖ ਹੈ? ਪ੍ਰਭਾਤੇ ਹੀ ਪਹੁੰਚਣਾ ਕੀਤੀ ਨੇ?

ਭਾਈ ਧੀਰੋ-ਪਰਮੇਸੁਰ ਜੀ ਦਾ ਪ੍ਰਸ਼ਾਦਿ ਹੈ, ਮਿਹਰ ਹੈ, ਪਜਾਰੇ ਚਰਨ ਪਰਸਨ ਆਏ ਹਾਂ, ਆਪ ਪਿੰਡਾ ਪੂੰਝ ਲਵੋ, ਪੁਸ਼ਾਕੀ ਪਹਿਨ ਲਓ। ਪਜਾਰ ਪੁੰਜ ਪ੍ਰੀਤਮ ਦੇ ਪਵਿਤ੍ਰ ਸੋਹਲੇ ਤੇ ਪ੍ਰਾਰਥਨਾ ਕਰਨਗੇ, ਪ੍ਰਾਰਥਨਾ ਕਰਨ ਆਏ ਆਪ ਜੀ ਦੀ ਕ੍ਰਿਪਾ ਦੇ ਪਾਤ੍ਰ। ਸੁਖਾਂ ਨਾਲ, ਸਹਿਜ ਨਾਲ ਪਹਿਨ ਲਓ ਕਪੜੇ, ਪੌਣ ਦਾ ਪ੍ਰਵਾਹ ਪਾਲੇ ਅੰਗ ਵਾਲਾ ਚਲ ਰਿਹਾ ਹੈ।

ਪਰੇ ਕੁ ਵਾਰ ਪਰਾਲੀ ਵਿਛੀ ਪਈ ਸੀ, ਪਿੰਡਾ ਪੂੰਝਕੇ ਇਸ ਪਰਾਲੀ ਤੇ ਆ ਪਹੁੰਚੇ, ਪਵਿਤ੍ਰ ਆਤਮਾ ਜੀ ਤੇ ਪਹਿਨ ਲਈਓ ਨੇ ਨਵੀਂ ਪੁਸ਼ਾਕੀ, ਪਾਸ ਆ ਗਏ ਪ੍ਰੇਮੀ ਤੇ ਪ੍ਰਣਾਮ ਕਰਕੇ ਪੌਢ ਗਏ ਪਰਾਲੀ ਉਤੇ। ਹੁਣ ਆਪ ਬੋਲੇ:-ਜੀਓ ਆਇਆਂ ਨੂੰ; ਕਿੱਦਾਂ ਆਏ ਹਨ, ਮੇਰੇ ਗੁਰੂ ਨਾਨਕ ਦੇ ਪਿਆਰੇ?

ਅਜਿਤਾ-ਆਏ ਹਨ ਗੁਰੂ ਨਾਨਕ ਨੂੰ ਢੂੰਢਦੇ ਆਪ ਦੇ ਦੁਆਰੇ। ਸੂੰਹ ਨਹੀਂ ਪੈਂਦੀ ਕਿਤੋਂ ਗੁਰੂ ਨਾਨਕ ਦੇ ਆਪਣੇ ਵਰਗੇ ਕੀਤੇ ਗੁਰੂ ਨਾਨਕ ਦੀ। ਸੰਗਤਾਂ ਆਉਂਦੀਆਂ ਹਨ, ਤਿਹਾਏ ਮ੍ਰਿਗਾਂ ਵਾਂਗੂ ਥਲਾਂ ਤੋਂ ਮੁੜ ਮੁੜ ਜਾਂਦੀਆਂ ਹਨ,. 'ਤ੍ਰਿਖਾ ਤ੍ਰਿਖਾ' ਕੂਕਦੀਆਂ। ਦੱਸ ਨਹੀਂ ਪੈਂਦੀ ਉਨ੍ਹਾਂ ਨੂੰ, ਨਾ ਸਾਨੂੰ ਜਿਨ੍ਹਾਂ ਪਾਸ ਦਸਾਉਂਦੇ ਕਈ ਉਹਨਾਂ ਵਿਚੋਂ ਆ ਜਾਂਦੇ ਹਨ। ਕਿਤੇ ਛੁਪ ਬੈਠਾ ਏ, ਸੀਨੇ ਵਿਚ ਗੁਰੂ ਨਾਨਕ ਨੂੰ ਲੈਕੇ ਸੁਹਨੀ ਸੂਰਤ ਵਾਲਾ, ਜਿਸ ਦੀ ਸੂਰਜ-ਜੋਤਿ ਨੂੰ ਨਹੀਂ ਛੁਪਾ ਸਕਦਾ ਸੀ ਕੋਈ? ਤੂੰ ਲਾਇਆ ਸੀ ਤਿਲਕ ਸੋਹਣੇ ਅੰਗੂਠੇ ਨਾਲ ਗੁਰਿਆਈ ਦਾ ਜੋਤਿ ਤੋਂ ਜਗੀ ਜੋਤਿ ਦੇ ਮਸਤਕ ਤੇ; ਕਰ ਉਂਗਲੀ ਉਸ ਪਾਸੇ ਜਿੱਥੇ ਤੇਰਾ ਟਿੱਕਿਆ ਸੁਹਣਾ ਜਾ ਟਿਕਿਆ ਹੈ।

ਬੁੱਢਾ(ਨੈਣ ਭਰਕੇ, ਬੁੱਲ੍ਹ ਟੁੱਕ ਕੇ, ਲੰਮਾ ਸਾਹ ਲੈ ਕੇ ਤੇ ਇਧਰ ਉਧਰ ਤੱਕ ਕੇ)-ਗੁਰੂ ਨਾਨਕ ਦਾ ਦਰ ਭਗਤੀ ਦਾ ਹੈ, ਭਗਤੀ ਦਾ ਘਰ ਨੀਵਾਂ ਹੈ, ਗੁਰੂ ਅੰਗਦ ਨੇ ਉਸ ਗੁਰੂ ਨਾਨਕ ਅਗੇ ਨਿੰਮ੍ਰਤਾ ਧਾਰੀ, ਧਰਤੀ ਦੀ ਸਾਰੀ ਨਿੰਮ੍ਰਤਾ ਉਮਦੀ ਝੋਲੀ ਜਾ ਪਈ। ਗੁਰਿਆਈ ਹੋਈ ਗੁਰੂਆਪਨ-ਵਡਿਆਈ। ਨਹੀਂ ਸੀ ਚਾਹੁੰਦਾ ਗੁਰੂਆਈ(ਵਡਿਆਈ) ਗੁਰੂ ਨਾਨਕ


www.sikhbookclub.com

ਦਾ ਪਿਆਰਾ-ਨਿੰਮ੍ਰਤਾ ਦਾ ਅਉਤਾਰ-ਅੰਗਦ। ਮੱਲੋ ਮੱਲੀ ਪਾਈ ਉਸਦੀ ਝੋਲੀ ਸੋਹਣੇ ਨੇ, ਹੋਰ ਜੋ ਉਸ ਵਰਗਾ ਨਹੀਂ ਸੀ ਕੋਈ। ਹਾਂ ਧੁਰੋਂ ਹੁਕਮ ਸੀ ਧੁਰ ਦਾ ਖੇਲ ਸੀ ਕੋਈ-ਅਚਰਜ ਖੇਲ। (ਸਿਰ ਹਿਲਾ ਕੇ) ਹਾਂ ਬਈ ਗੁਰਮੁਖੋ! ਅਸਲ ਦੁਏ ਇਕੋ ਜੋਤਿ ਦੀਆਂ ਮੂਰਤਾਂ ਸਨ, ਇਸ ਸੀ, ਗੁਰੂ-'ਪੂਰਨ ਗੁਰੂ' ਦੂਸਰਾ ਸੀ ਸਿੱਖ-'ਪੂਰਨ ਸਿੱਖ', ਦੋਹਾਂ ਵਿਚ ਸੀ ਪੂਰਨਤਾ। ਪਰ ਇਕ ਬਣਿਆ ਦੇਣਹਾਰ ਤੇ ਇਕ ਬਣਿਆ ਲੈਣਹਾਰ। ਖੇਲ ਸੀ ਮਾਲਕ ਦਾ ਭੁੱਲੇ ਭਟਕੇ ਜਗਤ ਨੂੰ ਨਮੂਨਾ ਦੱਸਣਾ ਸੀ ਗੁਰੂ ਦਾ ਤੇ ਸਿੱਖ ਦਾ! ਦਿਖਾ ਦਿੱਤਾ। ਹੋਰ, ਜੋਤਿ ਨਿਰੰਜਨੀ ਸ੍ਰੀ ਗੁਰੂ ਨਾਨਕ ਤੇ ਜੋਤਿ ਨਿਰੰਜਨੀ ਹੈ ਗੁਰੂ ਅੰਗਦ। ਖੇਲ ਕੀਤੇ ਨੇ?। ਹੁਣ ਦੇਖੋ ਚੋਜ: ਉਹ ਬੀ ਛਪ ਗਿਆ ਤੇ ਉਹ ਬੀ ਛਪ ਗਿਆ ਏ(ਦੋ ਤ੍ਰੈ ਟੇਪੇ ਨੈਣਾਂ ਵਿਚ ਡਲ੍ਹਕਦੇ ਹੇਠਾਂ ਢਹਿ ਪਏ)। ਉਹ ਛਪ ਬੈਠਾ ਏ ਅੰਗਦ ਦੇ ਹੀਏ ਤੇ ਅੰਗਦ ਛਪ ਬੈਠਾ ਏ-ਗੁਰੂ ਜਾਣੇ ਕਿਥੇ-ਗੁਰੂ ਨਾਨਕ ਦੀ ਪ੍ਰੇਮ ਝੋਲੀ...। ਰਜ਼ਾ, ਦੋਹਾਂ ਦੀ ਰਜ਼ਾ! (ਸਿਰ ਹਿਲਾ ਕੇ) ਅਸੀਂ ਸਿਖ, ਸਾਡਾ ਜ਼ੋਰ ਨਹੀਂ, ਸਾਡੇ ਲਈ ਹੈ ਰਾਜ਼ੀ ਰਹਿਣਾ ਸਿਰ ਧਰਕੇ ਮੁਹਾਠ ਉੱਤੇ-ਰਜ਼ਾ, ਰਜ਼ਾ, ਰਜ਼ਾ(ਨੈਣ ਮੀਟ ਲਏ)।

ਭਾਈ ਧੀਰੋ-ਜੀਓ ਜੀ! ਜੇ ਦੋਹਾਂ ਨੇ ਛਪ ਹੀ ਜਾਣਾ ਸੀ ਤਾਂ ਗੱਦੀ ਦੇਣ ਦਾ, ਟਿੱਕਾ ਦੇਣ ਦਾ, ਮੱਥਾ ਟੇਕ ਕੇ ਸਾਨੂੰ ਸਾਰਿਆਂ ਨੂੰ ਪੈਰੀਂ ਪਾਉਣ ਦਾ, ਹਾਂ ਲੜ ਲਾ ਦੇਣ ਦਾ ਕੀ ਸੀ ਭੇਤ? ਸੀ ਨਾ ਕੋਈ ਮਤਲਬ?

ਬੁੱਢਾ(ਨੈਣ ਖੋਹਲ ਕੇ)-ਆਪ ਜੋ ਚੱਲੇ ਸਨ, ਆਪਣੀ ਥਾਂ ਗੁਰੂ ਜੋਤਿ ਜਗਦੀ ਰਖਣ ਦਾ ਸੀ ਸਾਰਾ ਖੇਲ, ਪਤੰਗਿਆਂ ਲਈ ਜੋਤਿ ਨਾ ਹੋਵੇ ਉਹਲੇ।

ਸੈਦਾ-ਗੁਰੂ ਕੀ ਰਜ਼ਾ ਸਿਰ ਮੱਥੇ ਤੇ, ਹੁਣ ਪਤੰਗਿਆਂ ਨੂੰ ਫੇਰ ਹਨੇਰਾ, ਕੌਣ ਸਾਂਭੇ ਭਟਕਦਿਆਂ ਨੂੰ?

ਸਧਾਰਣ-ਜਿਸਨੂੰ ਦਾਨ ਕਰ ਗਏ 'ਸਾਂਭਣਤਾਨ'।

ਅਜਿੱਤਾ-ਸਾਂਭਣ ਤਾਣ ਵਾਲੇ ਬੈਠੇ ਛੱਡ!

ਬੁੱਢਾ-ਜੇ ਛੱਡ ਬੈਠੇ ਤਾਂ ਤਾਣ ਹੁੰਦੇ ਤਾਣ ਨਾ ਵਰਤਿਆ। ਪੂਰਨ ਹੀ ਹੁੰਦਾ ਹੈ ਜੀਓ, ਤਾਣ ਹੁੰਦੇ ਹੋਏ ਨਿਤਾਣਾ। ਪੂਰਨ ਹੀ ਹੁੰਦਾ ਹੈ ਨਾ-ਬੇਪਰਵਾਹ!

ਅਜਿੱਤਾ-ਬੇਪਰਵਾਹ ਹੀ ਕਰ ਸਕਦਾ ਹੈ ਨਾ ਜੀ ਦੀ ਸੰਭਾਲ।

ਬੁੱਢਾ-ਸੱਚ।

ਅਜਿੱਤਾ-ਕਰਾ ਨਾ!

ਬਾਬਾ-ਕਰ ਰਿਹਾ ਹੈ।

ਅਜਿੱਤਾ-ਸਾਨੂੰ ਨਹੀਂ ਦੀਹਦਾ।

ਬਾਬਾ-'ਕਰਦਾ ਨਹੀਂ ਦੀਹਦਾ' ਇਹੋ ਬੇਪਰਵਾਹੀ ਹੈ, 'ਪਿਆਰ ਕਰਦਾ ਹੈ' ਇਹੋ ਸੰਭਾਲ ਹੈ। ਕਿਸੇ ਪ੍ਰੇਮ ਦੇ ਰੰਗ ਵਿਚ ਮਗਨ ਬੈਠਾ ਹੈ, ਇਹ ਬੇਪਰਵਾਹੀ ਹੈ। "ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥" ਆਪਣੇ ਨਾਹ[੮] ਦੇ ਪ੍ਰੇਮ ਵਿਚ ਮਗਨ ਹਨ, ਬੇਪਰਵਾਹ ਹਨ, ਹੋਰ ਸਾਰੇ ਤੋਂ ਜੋ 'ਅ+ਨਾਹ' ਹੈ।

ਅਜਿੱਤਾ-ਠੀਕ, ਪਰ ਬਾਬਾ ਜੀ! 'ਨਾਹ' ਦੇ ਦਰ ਆਈਆਂ ਪ੍ਰਾਪਤੀ ਦੀ ਚਾਹ ਵਾਲੀਆਂ, ਤਾਂ ਨਾਂਹ ਦੀਆਂ ਹੀ ਹੋਈਆਂ। ਨਾਂਹ ਦੀ ਪਰਵਾਹ, ਦਰਸ ਪਿਆਸਿਆਂ ਦੀ ਸੰਭਾਲ ਤੇ 'ਨਾਹ-ਅਪ੍ਰੇਮਣਾਂ' ਵਲੋਂ ਬੇਪਰਵਾਹੀ, ਇਹ ਤਾਂ ਢੁਕਦੀਆਂ ਗੱਲਾਂ ਹਨ।

ਬਾਬਾ-ਪਹਿਲੋਂ ਤਾਂ ਮੁਸਕ੍ਰਾਇਆ, ਫੇਰ ਨੈਣ ਮੀਟ ਗਿਆ, ਫੇਰ ਖੋਹਲੇ ਤੇ ਬੋਲਿਆ-'ਅਰਦਾਸ' ਹੈ ਗੁਰ ਸਿਖੋ! ਜੋ ਵਿਛੋੜੇ ਦੀ ਨੈਂ ਦਾ ਪੁਲ ਹੈ। ਆਓ ਅਰਦਾਸ ਦੇ ਪੱਲੇ ਲੱਗੀਏ। ਇਕ ਸਿਖ ਹੁੰਦਾ ਹੈ, ਦੋ ਹੋਣ ਤਾਂ ਸਾਧ ਸੰਗਤ ਹੋ ਜਾਂਦੀ ਹੈ ਤੇ ਜੇ ਪੰਜ ਹੋ ਜਾਣ ਤਾਂ ਪਰਮੇਸ਼ੁਰ[੯]। ਆਓ ਅਰਦਾਸ ਕਰੀਏ ਪੰਜੇ ਰਲ ਕੇ ਪਰਮ ਪਰਮੇਸ਼ੁਰ ਅੱਗੇ ਜੁੜਕੇ, ਤੇ ਫੇਰ ਤੁਰ ਪਈਏ। ਅਰਦਾਸ ਲੈ ਚੱਲੇਗੀ, ਅਰਦਾਸ ਸੁਣਨ ਵਾਲੇ ਦੇ ਕੋਲ। ਇਹ ਆਖ ਕੇ ਬਾਬਾ ਉਠਿਆ, ਬਾਕੀ ਦੇ ਬੀ ਖੜੇ ਗਏ ਹੱਥ ਬੰਨ੍ਹ ਕੇ ਤਾਂ ਬਾਬਾ ਬੋਲਿਆ:-

"ਹੇ ਗੁਰੂ ਨਾਨਕ! ਸੰਗਤਾਂ ਵਿਆਕੁਲ ਹਨ, ਪ੍ਰੇਮੀ ਵੈਰਾਗ ਵਿਚ ਹਨ, ਲੜ ਲੱਗੇ ਬਿਰਹੇ ਕਰਦੇ ਹਨ, ਕਰ ਮਿਹਰਾਮਤ, ਬਹੁੜ ਤੇ ਦੇਹ ਦੀਦਾਰ। ਜਾਮਾ ਪਲਟ ਕੇ, ਸੋਹਣਾ ਜਾਮਾ ਹੋਰ ਧਾਰਕੇ ਅਛੁਪੇ ਰਹੇ। ਅਛੁਪੇ ਰਹੇ ਹੋ ਗੁਰੂ ਨਾਨਕ! ਛੁਪੇ ਨਾ ਰਹੋ ਸਾਥੋਂ। ਤੇਰੇ ਸਿਖ ਤੈਨੂੰ ਲੱਭਣ ਟੁਰਨ ਲਗੇ ਹਨ, ਇਨ੍ਹਾਂ ਦੀ ਰਹਿਨੁਮਾਈ ਕਰੋ, ਓਥੇ ਲੈ ਚੱਲੋ, ਜਿਥੇ ਜੋਤਿ ਜਗਾਈ ਬੈਠੇ ਹੋ। ਹੇ ਲੋਕ ਪ੍ਰਲੋਕ ਦੇ ਸਹਾਈ! ਰਸਤਾ ਦੱਸੋ ਤੇ ਪੁਚਾ ਲਓ ਆਪਣੇ ਕੋਲ ਜਿਥੇ ਲੁਕੇ

ਬਿਰਾਜ ਰਹੇ ਹੋ ਲਾਲ ਰੰਗੀਲੇ ਦੇ ਰੰਗ ਰੱਤੜੇ, ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ!

ਸਭ ਨੇ ਮੱਥਾ ਟੇਕਿਆ।

ਬਾਬਾ–ਚਲੋ ਹੁਣ ਡੇਰੇ, ਤੁਰਨ ਦੀ ਤਿਆਰੀ ਤੁਰੰਤ ਕਰ ਲਈਏ, ਪ੍ਰਸ਼ਾਦਿ ਛਕਕੇ ਤੁਰ ਪਈਏ। ਹਾਂ ਜੀ ਗੁਰਮੁਖੋ! ਲਿਵ ਲਾਈਏ ਉਸ ਦੀ, ਲੈ ਚੱਲੇਗਾ ਆਪਣੇ ਕੋਲ ਆਪੇ ਓਹੋ।

# ੪. ਬਿਰਹੇ

**ਇਕ** ਛਾਏਦਾਰ ਬ੍ਰਿਛ ਦੇ ਥੱਲੇ ਕੱਚਾ ਥੜਾ ਹੈ, ਜਿਸ ਪਰ ਇਕ ਟਿਕੇ ਹੋਏ ਤੇ ਪ੍ਰਬੁੱਧ ਚਿਹਰੇ ਵਾਲੀ ਮਾਈ ਝਾੜੂ ਦੇ ਰਹੀ ਹੈ, ਤੇ ਹੁਣ ਬੈਠੀ ਜਪੁਜੀ ਸਾਹਿਬ ਦਾ ਪਾਠ ਕਰ ਰਹੀ ਹੈ, ਮਾਨੋਂ 'ਸ਼ਾਂਤੀ' ਰੂਪਧਾਰੀ ਹੋਈ ਬੈਠੀ ਹੈ। ਇੰਨੇ ਨੂੰ ਇਕ ਹੋਰ ਬੀਬੀ ਜੋ ਇਸ ਤੋਂ ਚੰਗੀ ਛੋਟੀ ਉਮਰਾ ਦੀ ਹੈ, ਆ ਗਈ ਤੇ ਸਿਰ ਨਿਵਾਕੇ ਲਾਗੇ ਬਹਿ ਗਈ। ਜਦ ਭੋਗ ਪੈ ਚੁਕਾ ਤਾਂ ਪਿਛੋਂ ਆਈ ਨੇ, ਜਿਸਦਾ ਨਾਉਂ ਹੰਸੋ ਬਾਈ ਸੀ, ਗੱਲ ਬਾਤ ਛੇੜੀ:–

ਹੰਸੋ ਬਾਈ–ਮੇਰੀ ਵੱਡ ਵੱਡੇਰੀ ਗੁਰਮੁਖ ਬੇਬੇ ਜੀਓ! ਮੱਥਾ ਟੇਕਦੀ ਹਾਂ।

ਵਿਰਾਈ–ਜੀਉਂਦੀ ਰਹੁ, ਜੁਆਨੀਆਂ ਮਾਣੇਂ, ਕਰਤਾ ਪੁਰਖ ਚੇਤੇ ਰਹੀ।

ਹੰਸੋ–ਤੁਸਾਂ ਦੀਆਂ ਅਸੀਸਾਂ ਲੱਗਣ। ਭਲਾ ਬੇਬੇ! ਏਥੇ ਆਪ ਕਾਸ ਨੂੰ ਪਏ ਝਾੜੂ ਕਰਦੇ ਹੋ?

ਵਿਰਾਈ–ਏਥੇ ਪਹਿਲਾਂ ਸਤਿਗੁਰ ਦੇ ਦਰਸ਼ਨ ਹੋਏ ਸਨ। ਬੀਬਿਆ! ਭਾਗ ਭਰਿਆ ਥੜਾ ਏ।

ਹੰਸੋ–ਸਤਿਗੁਰ ਨਾਨਕ ਦੇਵ ਜੀ ਦੇ?

ਵਿਰਾਈ–ਹਾਂ ਕਾਕੀ! (ਲੰਮਾ ਠੰਢਾ ਸਾਹ ਲਿਆ, ਹੰਸੋ ਦੇ ਬੀ ਨੈਣ ਭਰ ਆਏ)।

ਹੰਸੋ–ਮੈਂ ਤਾਂ ਕਿਸ਼ਤਵਾੜ ਗਈ ਹੋਈ ਸਾਂ, ਅੰਤਲੇ ਦਰਸ਼ਨ ਨਾ ਹੋ ਸਕੇ,(ਅੱਥਰੂ ਵਗ ਟੁਰੇ) ਭਾਗ!

ਵਿਰਾਈ–ਰਜ਼ਾ ਮਾਲਕ ਦੀ!...ਹਛਾ, ਬਾਣੀ ਨਾ ਵਿਸਰੇ, ਨਾ ਨਾਮ ਭੁੱਲੇ, ਧਿਆਨ ਰਹੇ ਚਰਨਾਂ ਵੱਲ, ਰਜ਼ਾ ਲੱਗੇ ਮਿਠੀ, ਹਾਂ ਬੱਚੀ, ਇਹ ਚਾਰ ਅੱਖਰ ਹਨ ਜੋ ਪਕਾਈਏ ਤਾਂ ਵਿਛੁੜਕੇ ਬੀ ਨਹੀਂ ਵਿਛੁੜੀਦਾ।

ਪਰ....(ਮੋਤੀਆਂ ਦੀ ਲੜੀ ਵਾਂਗ ਇਕ ਦੂਜੇ ਦੇ ਨਾਲ ਨਾਲ ਅੱਥਰੂ ਵਗ ਟੁਰੇ)।

ਹੰਸੋ–ਦੁਨੀਆਂ ਦੇ ਧੰਧਾਲ, ਭਾਦੋਂ ਦੇ ਰਾਏ....ਬੇਬੇ ਜੀ, ਹੁਣ ਖਹਿੜੇ ਛੁੱਟੇ ਨੇ। ਮੈਂ ਕਿਹਾ ਘਰ ਵਾਲੇ ਨੂੰ ਪਹਿਲੋਂ ਗੁਰਦੁਆਰੇ ਚੱਲ-ਕਰਤਾਰਪੁਰੇ ਫੇਰ ਪਿੰਡ। ਅਸੀਂ ਗਏ-ਦਰਬਾਰ ਕਰਤਾਰਪੁਰ। ਲੋਕੀ ਵੇਖੇ ਓਥੇ, ਸ੍ਰੀ ਚੰਦ ਲਖਮੀ ਦਾਸ ਵੇਖੇ, ਮਾਤਾ ਜੀ ਤੱਕੇ ਪਰ ਗੁਰ ਨਾਨਕ ਬਿਨਾ "ਹਾਇ" ਗੁਰਨਾਨਕ ਬਿਨ...ਔਤਰਾ ਜੀ ਨਾ ਹੀ ਖਲੋਵੇ। ਭੈੜੀਆਂ ਅੱਖਾਂ ਹਨੇਰਾ ਪਿਆ ਛਾਵੇ ਨੇ! ਆਖਾਂ : ਗੁਰੂ! ਤੂੰ ਤਾਂ ਜਾਣ ਵਾਲਾ ਨਹੀਂ ਸੈਂ, ਕਿਵੇਂ ਟੁਰ ਗਿਓਂ? ਤੈਂ ਜਗਤ ਹਨੇਰਾ ਦੂਰ ਕੀਤਾ ਸੀ, ਆਪ ਕਿਉਂ ਛਪ ਗਿਓਂ? ਰੋਵਾਂ....ਪਰ ਕੀ ਬਣੇ ਸੈਦੋ ਆ ਗਿਆ, ਮੈਂ ਧਾ ਕੇ ਚਰਨੀ ਪਈ, ਵੀਰਾ ਦੱਸ ਮੇਰਾ ਗੁਰੂ ਨਾਨਕ ਕਿੱਥੇ ਵੇ? ਮੇਰਾ, ਮੇਰਾ, ਮੇਰਾ, ਆਪਣਾ ਗੁਰੂ ਕਿੱਥੇ ਵੇ? ਮਰਦ, ਬੇਬੇ! ਮਰਦ ਦੇ ਅੱਥਰੂ ਬੀ ਢਹਿ ਪਏ। ਕੁਛ ਚਿਰ ਪਿਛੋਂ ਬੋਲਿਆ : ਗੁਰੂ ਨਾਨਕ, ਕਾਕੀ! ਗੁਰੂ ਨਾਨਕ ਹਈ ਅੰਗਦ ਗੁਰੂ ਦੇ ਦਿਲ ਸ਼ੀਸ਼ੇ ਵਿਚ ਬੈਠਾ ਹੋਇਆ। ਬੇਬੇ! ਮੈਂ ਸੋਚਾਂ, ਦਿਲ ਸ਼ੀਸ਼ਾ ਹੁੰਦਾ ਏ? ਪਜਾਰਾ ਓਥੇ ਬਿਠਾ ਲਈਦਾ ਹੈ, ਹੈਂ! ਸੋਚ ਸੋਚ ਮੈਂ ਆਖਿਆ : ਭਾਈਆ! ਲੈ ਚਲ। ਆਖਣ ਲੱਗਾ: ਹੈ ਤੇ ਧਰਤੀ ਤੇ ਪਰ ਕਿਤੇ ਛੁਪ ਬੈਠਾ ਏ, ਭਾਲ ਕਰ ਤੇ ਲੱਭ ਲੈ! ਆਪ ਲੱਭਿਆਂ ਕਦਰ ਪੈਂਦੀ ਏ। ਸੀਂਦੀ ਮਿਲ ਪਏ ਤਾਂ ਪੂਰਾ ਮੁੱਲ ਨਹੀਂ ਪਾਈਦਾ। ਇਸ ਤਰ੍ਹਾਂ ਦੇ ਕੁਛ ਆਖਦਾ ਆਖਦਾ ਨੈਣ ਭਰਦਾ ਭਰਦਾ ਭਾਈ ਸੈਦੋ ਟੁਰ ਗਿਆ। ਮੈਂ ਫੇਰ ਛੇਤੀ ਕੀਤੀ ਪਿੰਡ ਅੱਪੜਨ ਦੀ। ਸੰਘਰ[10], ਆਪਣੇ ਘਰ ਆਈ। ਮੈਂ ਜਾਤਾ ਸੀ ਕ ਘਰੇ ਹੋਣਗੇ, ਆਪਣੇ ਪਿੰਡ ਛੁਪ ਕੇ ਬੈਠੇ ਹੋਏ! ਮੈਂ ਕਾਹਲੀ ਕਾਹਲੀ ਗਈ, ਜਾ ਅੰਮਾਂ ਖੀਵੀ ਨੂੰ ਮੱਥਾ ਟੇਕਿਆ। ਪੁਛਿਆ : ਮਾਂ ਜੀ! ਕਿੱਥੇ ਨੇ ਗੁਰੂਨਾਨਕ ਦੇ ਸਾਜੇ ਗੁਰੂਨਾਨਕ, ਤੁਹਾਡੇ ਮਾਲਕ ਤੇ ਮੇਰੇ ਗੁਰੂ ਜੀ। ਨੈਣ ਭਰ ਆਏ ਉਨ੍ਹਾਂ ਦੇ ਤੇ ਬੁੱਲ੍ਹ ਫਰਕਣ ਲਗ ਪਏ। ਫੇਰ ਨੈਣ ਮੀਟ ਲਿਓਂ ਨੇ ਤੇ ਕਿੰਨੀ ਵੇਰੀ ਆਖਿਓ ਨੇ: ਧੰਨ ਗੁਰੂਨਾਨਕ, ਧੰਨ ਗੁਰੂਨਾਨਕ। ਬੇਬੇ! ਉਨ੍ਹਾਂ ਦੇ ਆਖਣ ਵਿਚ ਕਿੰਨਾ ਸੀ ਵਿਯੋਗ,

ਹਾਇ ਮੈਂ ਕੰਬ ਗਈ, ਮੈਂ ਰੋ ਪਈ–ਗੁਰੂ ਨਾਨਕ ਬਿਨ ਜਗਤ ਸੱਖਣਾ। ਫੇਰ ਮਾਂ ਜੀ ਨੇ ਮੇਰੇ ਵਲ ਤੱਕਿਆ–ਕਾਕੀ! ਗੁਰੂ ਨਾਨਕ ਨੇ ਦੇਹੀ ਦੇ ਦਿੱਤੀ ਤੱਤਾਂ ਨੂੰ, ਆਪ ਹੋ ਗਏ ਰੱਬ ਰੂਪ ਤੇ ਗੁਰੂ ਜਜੋਤੀ ਧਰ ਦਿਤਿਓ ਨੇ ਮੇਰੇ ਮਾਲਕ ਵਿਚ, ਉਹ ਬੀ ਹੋ ਗਏ–ਗੁਰੂ ਨਾਨਕ। ਪਰ ਕੌਣ ਜਾਣੇ ਭੇਤ ਇਨ੍ਹਾਂ ਰਬ ਹੁੰਦਿਆਂ, ਰਬ ਨੂੰ ਪਜਾਰਨ ਵਾਲਿਆਂ ਦੇ। ਪਜਾਰਾਂ ਦੇ ਖੋਭ; ਅਣੀਆਲੇ ਤੀਰ ਚੁਭਣ ਤਾਂ ਪਤਾ ਲਗੇ, ਚੁਭਣ ਤਾਂ ਪੀੜਾਂ, ਚੁਭਣ ਤਾਂ ਪੀੜਾਂ ਦੇ ਰਸ। ਗੁਰੂ ਨਾਨਕ ਅੰਦਰ ਲੈ ਕੇ ਮੇਰੇ ਸਾਈਆਂ ਜੀਓ, ਕਿਤੇ ਅੰਤਰ ਧਿਆ....ਹੋ ਬੈਠੇ ਨੀ!

ਬੇਬੇ ਜੀ! ਮੈਨੂੰ ਸਮਝ ਨਾ ਪਈ, ਜਦੋਂ ਮੈਜ ਕਿਹਾ ਕਿਉਂ? ਤਾਂ ਮਾਂ ਜੀ ਕਹਿਣ ਲਗੇ–ਉਹ ਬੈਠ ਗਏ ਹਨ ਗੁਰੂ ਦੇ ਪ੍ਰੇਮ ਵਿਚ ਕਿਤੇ, ਸਾਰੀ ਸੋਚ ਤੋਂ ਨਿਰ....ਹੋ ਕੇ। ਮੈਨੂੰ ਚੇਤੇ ਨਹੀਂ ਰਿਹਾ ਬੇਬੇ! ਉਹ ਕੁਛ ਕਹਿੰਦੇ ਸਨ 'ਨਿਰ' ਤੇ ਪਿਛੇ ਸੀ 'ਪ' ਅੱਖਰ।

ਵਿਰਾਈ–ਬੱਚੀ! ਉਨ੍ਹਾਂ ਕਿਹਾ ਹੋਣਾ ਏ ਨਿਰਵਿਕਲਪ ਤੇ ਪਹਿਲਾਂ ਕਿਹਾ ਹੋਣਾ ਏ–ਅੰਤਰਧਜਾਨ।

ਹੰਸੋ–ਹਾਂ, ਹਾਂ, ਇਹੋ ਜੀ। ਇਹ ਕੀ ਹੁੰਦਾ ਏ?

ਵਿਰਾਈ–ਸੋਚ, ਫਿਕਰ ਫੁਰਨੇ ਛੋੜਕੇ ਇਕ ਆਪਣੇ ਪ੍ਰੀਤਮ ਵਿਚ ਲਿਵ ਲਾਕੇ ਗੁੰਮ ਹੋ ਕੇ ਰਹਿਣਾ।

ਹੰਸੋ–ਤੇ ਆਪ ਜੋ ਗੁਰੂ ਨਾਨਕ ਹੋ ਗਏ, ਫੇਰ ਕੀ?

ਵਿਰਾਈ–ਤੈਨੂੰ ਜੋ ਕਿਹਾ ਸੀ ਮਾਤਾ ਜੀ ਨੇ–ਕੌਣ ਜਾਣੇ ਭੇਤ ਇਨ੍ਹਾਂ ਰੱਬ ਰੂਪਾਂ ਦੇ ਪ੍ਰੇਮ–ਤ੍ਰੂੰਗਾਂ ਦੇ। ਗੱਲਾਂ ਦੇ ਗਜਾਨ ਕੁੜੀਏ ਹੋਰ, ਨੇਹੁੰ ਲਗਿਆਂ ਦੇ ਗਜਾਨ ਵੱਖਰੇ। ਗੁਰੂ ਨਾਨਕ ਤੋਂ ਵਿਛੁੜਨਾ ਗੁਰੂ ਅੰਗਦ ਲਈ ਹੈ ਵੱਡੀ ਤੋਂ ਵੱਡੀ ਪੀੜਾ, ਹੁਣ ਗੁਰੂ ਦੇ ਧਿਆਨ ਤੋਂ ਨਾ ਵਿਛੁੜਨਾ ਓਸ ਪੀੜਾ ਦੀ ਹਈ ਦਾਰੂ। ਸਮਝਿਆ ਈ?

ਹੰਸੋ(ਠੰਢਾ ਸਾਹ ਲੈ ਕੇ ਤੇ ਕੰਬ ਕੇ)–ਹਾਂ ਬੇਬੇ ਕੁਸ਼ ਕੁਸ਼ ਸਮਝਿਆਂ। ਬੇਬੇ ਜੀ! ਮੈਂ ਅੰਮਾਂ ਖੀਵੀ ਜੀ ਨੂੰ ਪੁਛਿਆ–ਬੀਬੀ ਮਾਂ ਜੀ! ਮੈਨੂੰ ਦੱਸ ਦਿਓ ਕਿੱਥੋਂ ਛੁਪ ਬੈਠੇ ਨੇ ਗੁਰੂ ਨਾਨਕ ਦੇਵ ਜੀ! ਮੈਂ ਦੂਰੋਂ ਤੱਕ ਕੇ ਠਰ ਜਾਸਾਂ, ਬੁਲਾਉਣ ਨਾਹ ਲੱਗੀ, ਮੱਥਾ ਨਾਹ ਟੇਕਣ ਲਗੀ, ਦੂਰੋਂ ਦੂਰੋਂ ਇਕ ਝਾਕਾ ਲੈ ਕੇ ਮੁੜ ਆਸਾਂ। ਹਾਂ; ਮਾਂ ਜੀ! ਬਰਫ ਦੇ ਗੋਹੜੇ ਵਾਂਙੂ ਜਾਸਾਂ ਮਲਕੜੇ ਮਲਕੜੇ, ਖੜਾਕ ਨਾਹ ਹੋਣ ਦੇਸਾਂ ਪੈਰਾਂ ਦਾ ਜ਼ਰਾ ਬੀ, ਤੇ ਮੁੜ ਆਸਾਂ ਰੂੰ ਦੇ ਗੋਹੜੇ ਵਾਂਗ ਛੋਪਲੇ। ਮੈਨੂੰ ਦੱਸ ਦਿਓ ਬੀਬੀ। ਮਾਂ ਜੀ! ਤਾਂ ਲੰਮਾ ਸਾਹ ਲੈ ਕੇ ਬੋਲੇ : ਕਾਕੀ! ਮੈਨੂੰ ਉਹ ਦੱਸ ਨਹੀਂ ਗਏ। ਨਹੀਂ ਉਹ ਤਾਂ ਦੱਸ ਦੇਂਦੇ; ਮੈਂ ਹੀ ਕਿਹਾ ਸੀ ਕਿ ਜੀ ਜੇ ਤੁਸਾਂ ਨੂੰ ਭਾਉਂਦੀ ਏ ਨਿਰਵਿ....ਪ; ਕੀਹ ਕਿਹਾ ਸਾ ਜੋ ਨਿਰਵਿਲ....ਪ?

ਵਿਰਾਈ(ਮੁਸਕ੍ਰਾਕੇ)–ਨਿਰਵਿਕਲਪ।

ਹੰਸੋ–ਹਾਂ ਜੀ; ਸੜ ਜਾਏ ਸਿਧੀ ਜੀਭ–ਹਾਂ ਮਾਂ ਜੀ ਆਖਣ ਲਗੇ: ਮੈਂ ਉਨ੍ਹਾਂ ਨੂੰ ਕਿਹਾ ਕਿ ਜੀਓ ਜੀ; ਜੇ ਤੁਸਾਂ ਨੂੰ ਭਾਉਂਦੀ ਏ ਨਿਰਵਲਪ ਸਮਾਧੀ ਦੀ ਅਡੋਲ ਬੈਠਣ ਤਾਂ ਜੀ ਸਦਕੇ, ਮੈਂ ਰਜ਼ਾ ਵਿਚ ਰਾਜੀ, ਘਰ ਬੈਠੇ ਮੈਂ ਵਿਘਨ ਨਾ ਪਾਸਾਂ। ਹੋਰਥੇ ਬੈਠੇ ਤਾਂ ਮੈਨੂੰ ਪਤਾ ਨਾ ਦੱਸਣਾ, ਜੋ ਪ੍ਰੇਮੀ ਆ ਕੇ ਪੁੱਛਸਣ ਤਾਂ ਮੇਰੇ ਦੱਸ ਦਿੱਤਿਆਂ ਆਪ ਦੀ ਲਿਵ ਵਿਚ ਭੂੰਗ ਪੈਸੀ।

ਵਿਰਾਈ–ਕਾਕੀ! ਭੂੰਗ ਨਾ ਕਹੁ ਭੰਗ ਕਹੁ।

ਹੰਸੋ–ਹਾਂ ਜੀ ਉਹਨਾਂ ਇਹੋ ਕਿਹਾ ਸੀ–ਭੰਗ ਪੈਸੀ, ਤੇ ਜੇ ਮੈਂ ਕਿਹਾ ਮੈਨੂੰ ਨਹੀਂ ਪਤਾ, ਤਾਂ ਉਹ ਝੂਠ ਹੋਸੀ ਤੇ ਜੇ ਮੈਂ ਕਿਹਾ ਨਹੀਂ ਦੱਸਦੀ ਤਾਂ ਸਾਧ ਸੰਗਤ ਦੀ ਬੇ–ਅਦਬੀ ਹੋਸੀ, ਇਸ ਕਰਕੇ ਬੀਬਿਆ ਉਹ ਮੈਨੂੰ ਦੱਸ ਨਹੀਂ ਗਏ। ਮੇਰੀ ਹੀ ਇਛਾ ਸੀ ਕਿ ਨਾ ਦੱਸਣ।

ਮੈਂ ਕਿਹਾ; ਮਾਂ ਜੀ! ਦਿਲ ਦਰਸ਼ਨਾਂ ਨੂੰ ਤੜਫਦਾ ਏ ਕਿੰਞ ਕਰਾਂ? ਓਹ ਬੋਲੇ ਮਾਡਾ ਤੜਫਦਾ ਏ, ਕਿ ਨਾ? ਮੈਂ ਕਿਹਾ ਮੈਥੋਂ ਬਹੁਤ ਵਧੀਕ। ਕਹਿਣ ਲਗੇ–ਫਿਰ ਨਾਮ ਜਪ, ਬਾਣੀ ਪੜ੍ਹ, ਖਜਾਲ ਰਖ ਚਰਨਾਂ ਵਲ ਤੇ ਮੰਨ ਰਜ਼ਾ, ਪਰ ਪਜਾਰ ਦੀ ਤਾਰ ਨਾ ਟੁੱਟੇ। ਮਿਲਣਗੇ ਆਪੇ ਜਦੋਂ ਦਜਾਲ ਹੋਣਗੇ। ਮੈਂ ਕਿਹਾ : ਮਾਂ ਜੀ! ਉਹ ਹੋਏ ਰਬ ਰੂਪ, ਤੁਸਾਂ ਕਿਹਾ ਏ, ਜੇ ਛਪੇ ਹੀ ਰਹਿਣ ਤਾਂ ਅਸੀਂ ਤਾਂ ਮੋਏ! ਫੇਰ ਅੰਮਾਂ ਜੀ ਬੋਲੇ–ਗੁਰੂ ਨਾਨਕ ਨੂੰ ਧੁਰਾਂ ਤੋਂ ਤੂੰ ਸੱਦ ਲਿਆਈ ਸੈਂ ਕਿ ਮੈਂ ਲੱਭ ਲਿਆਈ ਹਾਂ? ਅਰੂਪ ਵਿਚ ਬੈਠਿਆਂ ਜਦ ਜਲਤੀ ਦਿੱਸ ਪਈਓ ਨੇ ਪ੍ਰਿਥੀ ਤਾਂ ਆਪੇ ਤਰਸ ਖਾ ਕੇ ਆ ਗਏ ਸਨ, ਕਿ ਨਾ ਬਚਾਉਣ ਨੂੰ? ਏਹ ਓਹੋ ਹੈਨ ਨਾ ਗੁਰੂ ਨਾਨਕ? ਜਦੋਂ ਪੁਕਾਰ ਪਹੁੰਚੇਗੀ, ਦੁਖੀ ਜਗਤ ਦੀ ਕਿਸੇ ਨਾ ਕਿਸੇ ਤਰ੍ਹਾਂ ਪਹੁੰਚੇਗੀ, ਤਦੋਂ ਮੇਹਰ ਦੇ ਘਰ ਆ ਜਾਣਗੇ।


www.sikhbookclub.com

ਤੇ ਲਾਜ ਪਾਲਣਗੇ, ਬਿਰਦ ਹੈ ਉਹਨਾਂ ਦਾ। ਬੇਬੇ ਜੀ! ਇਸ ਤਰ੍ਹਾਂ ਦੇ ਵਾਕ ਕਹਿਕੇ ਉਹਨਾਂ ਨੇ ਮੈਨੂੰ ਪਿਆਰ ਦੇ ਕੇ ਟੋਰਿਆ। ਮੈਨੂੰ ਸਮਝ ਨਹੀਂ ਪਈ, ਨਾਲੇ ਪ੍ਰੇਮ ਵਿਚ ਬਿਹਬਲ ਹਨ ਮਾਂ ਜੀ, ਨਾਲੇ ਰਜ਼ਾ ਵਿਚ ਰਾਜ਼ੀ ਹਨ ਮਾਂ ਜੀ। ਧੰਨ ਹਨ ਬੀਬੇ ਰਾਣੇ ਮਾਂ ਜੀ।

ਵਿਰਾਈ-ਹਾਂ ਕਾਕੀ! ਗੁਰੂ ਨਾਨਕ ਨੇ ਇਹੁ ਮੱਤ ਦਿੱਤੀ ਏ, ਜੱਗ ਵਿਚ ਵੱਸੋ, ਵੈਰਾਗ ਵਿਚ ਰੱਸੋ, ਜਾਣੋ ਗਜਾਨ ਨਾਲ, ਜੁੜੋ ਪਰੇਮ ਨਾਲ ਤੇ ਖਿੜੇ ਰਹੋ, ਮਿੱਠੇ ਮਿੱਠੇ ਓਮਾਹ ਵਿਚ।

ਹੰਸੋ-ਪ੍ਰੇਮ ਨਾਲ ਜੋੜ ਦੇਹ ਨਾ! ਬੀਬੀ ਬੀਬੀ ਬੇਬੇ! ਥਹੁ ਲਾ ਦੇਹ ਨਾ ਕੋਈ! ਕਰਾ ਦਰਸ਼ਨ ਤੇ ਪਵੇ ਠੰਢ, ਚਾਹੋ ਦੂਰੋਂ ਦੂਰੋਂ! ਲੁਕ ਲੁਕ ਕੇ ਕਰ ਲਾਂ।

ਵਿਰਾਈ-ਦਿਆਲ ਮੂਰਤੀ ਹਨ, ਦੇਣਗੇ ਦਰਸਨ, ਰਹੀਏ ਰਜ਼ਾ ਵਿਚ ਰਾਜ਼ੀ।

ਹੰਸੋ-ਮੈਂ ਜਾਤਾ ਸੀ, ਸੰਘਰ ਨਹੀਂ ਤਾਂ ਖਡੂਰ ਹੋਣਗੇ ਜ਼ਰੂਰ। ਪਹਿਲੋਂ ਇਕ ਵੇਰ ਗੁਰੂ ਨਾਨਕ ਨੇ ਖਡੂਰ ਹੀ ਟੋਰੇ ਸਨ ਨਾ, ਜਦੋਂ ਤਪ ਕੀਤਾ ਸਾਨੇ ਬਹਿਕੇ ਬਾਹਰ ਪਿੰਡੋਂ, ਛੰਭ ਲਾਗੇ। ਤੇ ਬੇਬੇ! ਹੁਣ ਸੁਣਿਆ ਸੀ ਕਿ ਗੱਦੀ ਬਖਸ਼ਕੇ ਫੇਰ ਖਡੂਰ ਹੀ ਰਹਿਣ ਦੀ ਹੋਈ ਸੀ ਆਗਿਆ ਉਹਨਾਂ ਨੂੰ। ਫੇਰ ਮੈਂ ਤੇ ਏਸੇ ਆਸਾ ਤੇ ਆਈ ਸਾਂ ਕਿ ਸੰਘਰ ਨਹੀਂ ਮਿਲੇ ਤੇ ਜਾਂ ਤੇਰੇ ਘਰ ਹੋਣਗੇ ਜਾਂ ਤੈਨੂੰ ਥਹੁ ਹੋਸੀ....ਤੂੰ ਬੜੇ ਕੂਲੇ ਦਿਲ ਵਾਲੀ ਏਂ, ਪਤਾ ਹੋਵੀ ਤਾਂ ਦਰਸ਼ਨ ਕਰਾਦੇ ਨਾ। ਹੈਂ..., ਪਰ ਤੂੰ ਆਹਨੀ ਏਂ, ਰਜ਼ਾ! ਰਜ਼ਾ ਤਾਂ ਵਡੇ ਵਡੇ ਤਪੀਆਂ ਨੂੰ ਆਉਂਦੀ ਹੋਊ ਅਸਾਂ ਨਿਆਣਿਆਂ ਨੂੰ ਤਾਂ 'ਦਰਸ਼ਨ-ਦੁੱਧ' ਦੀ ਭੁੱਖ ਬੇਕਲ ਕਰ ਸੁੱਟਦੀ ਏ। ਬੀਬੀ ਰਾਣੀ ਥਹੁ ਦੱਸ ਦੇ ਜੇ ਥਹੁ ਹਈ ਤਾਂ?

ਵਿਰਾਈ-ਕਾਕੀ! ਤੂੰ ਜੇ ਸੁੱਤੀ ਹੋਵੇਂ ਤੇ ਕੋਈ ਜਗਾਵੇ ਤਾਂ ਦੁਖ ਹੁੰਦਾ ਹੈ ਕਿ ਨਹੀਂ?

ਹੰਸੋ-ਹਾਂ ਜੀ।

ਵਿਰਾਈ-ਭਲਾ ਜੇ ਤੂੰ ਚਾਈਂ ਚਾਈਂ ਗਾਉਂ ਰਹੀ ਹੋਵੇਂ ਤੇ ਓਸ ਵੇਲੇ ਕੋਈ ਸੰਘੀ ਨਹੁੰ ਦੇਕੇ ਆਖੇ ਨੈਣ ਡੋਹਲ ਤੇ ਵੈਣ ਪਾ ਤਾਂ ਸੁਖ ਮੰਨੇ ਕਿ ਨਾ?

ਹੰਸੋ-ਨਹੀਂ।

ਵਿਰਾਈ-ਜੇ ਤੇਰੀ ਮਰਜ਼ੀ ਵਿਚ ਤੂੰ ਨਹੀਂ ਚਾਹੁੰਦੀ ਕਿ ਕੋਈ ਹੱਥ ਪਾਵੇ ਤਾਂ ਤੂੰ ਉਨ੍ਹਾਂ ਦੀ ਰਜ਼ਾ ਵਿਚ ਕਿਉਂ ਆਪਣੀ ਮਰਜ਼ੀ ਦੀ ਤੂਤੀ ਵਜਾਵੇਂ?

ਹੰਸੋ (ਸੋਚ ਕੇ)-ਫੇਰ ਦਰਸ਼ਨ ਦੀ ਲਾਲਸਾ ਪੂਰੀ ਕਿਵੇਂ ਹੋਵੇ?

ਵਿਰਾਈ-ਜਿਸ ਗੁਰੂ ਨਾਨਕ ਦੇ ਧਿਆਨ ਵਿਚ ਓਹ ਮਗਨ ਹਨ, ਓਸੇ ਗੁਰੂ ਨਾਨਕ ਨੇ ਉਨ੍ਹਾਂ ਨੂੰ ਕਹਿਣਾ ਹੈ ਕਿ ਲੜ ਲਾਈ ਸੰਗਤ ਨੂੰ ਮਿਲੋ। ਕਾਹਲੀ ਬੀ ਨਾ ਕਰ ਤੇ ਨਿਰਾਸੀ ਬੀ ਨਾ ਹੋ, ਆਸਾ ਰਖ ਆਸਾ ਪੂਰਨਹਾਰ ਤੇ।

ਹੰਸੋ-ਅੱਛਾ ਬੇਬੇ! ਤੂੰ ਵਡੀ ਏਂ, ਤੇਰੇ ਆਖੇ ਲਗਣਾ ਏ, ਹਾਲੇ ਨਾ ਕਰਾ ਦਰਸ਼ਨ। ਮੈਨੂੰ ਪਤਾ ਨਹੀਂ ਕਿਉਂ ਭਾਉਲਾ ਪੈਂਦਾ ਏ ਕਿ ਤੂੰ ਕਰਾ ਸਕਦੀ ਏਂ, ਪਰ ਹੱਛਾ ਜ਼ੋਰ ਨਹੀਂ ....ਹਛਾ ਬੇਬੇ! ਇਹ ਤਾਂ ਦੱਸ ਕਿ ਦਰਸ਼ਨਾਂ ਲਈ ਤਰਸਨਾਂ ਤੇ ਨੈਣਾਂ ਦਾ ਬਰਸਣਾ ਤੇ ਮਾੜਾ ਨਹੀਂ? ਹਿਆਉ ਉਛਲਦਾ ਏ, ਠਲ੍ਹੀਂਦਾ ਨਹੀਂ, ਇਹ ਤਾਂ ਮਾੜਾ ਨਹੀਂ?

ਵਿਰਾਈ-ਨਹੀਂ, ਇਹੋ ਤਾਂ ਜੀਵਨ ਹੈ। ਪਜਾਰ ਬਿਨਾਂ ਤਾਂ ਦੇਹੀ ਸੁੰਞੀ ਹੈ।

ਹੰਸੋ-ਤੇ ਇਕ ਗਲ ਹੋਰ ਪੁੱਛ ਲਵਾਂ?

ਵਿਰਾਈ-ਪੁੱਛ।

ਹੰਸੋ-ਗੁਰੂ ਨਾਨਕ ਸੋਨਾ ਬਨਾ ਬਣਾ ਲੈਂਦੇ ਸਨ?

ਵਿਰਾਈ-ਇਹ ਕੀ ਗਲ ਹੋਈ?

ਹੰਸੋ-ਕਿਸਤਵਾੜ ਇਕ ਗਧੀਲਾ ਸੀ, ਆਖਦਾ ਸੀ, ਗੁਰੂ ਨਾਨਕ ਜਾਣਦੇ ਸਨ ਅ....ਸੀਰ। ਮੈਂ ਪੁਛਿਆ ਇਹ ਕੀ ਹੁੰਦਾ ਏ? ਓਹਨਾਂ ਕਿਹਾ ਰਸੈਣ।

ਵਿਰਾਈ-ਓਹਨੇ ਅਕਸੀਰ ਕਿਹਾ ਹੋਣਾ ਏਂ।

ਹੰਸੋ-ਹਾਂਜੀ ਇਹੋ-ਭਲਾ ਉਹ ਅਕਸੀਰ ਜਾਣਦੇ ਸਨ?

ਵਿਰਾਈ-ਕਾਕੀ! ਉਹਨਾਂ ਦੀ ਨਿਗਾਹ ਹੀ ਅਕਸੀਰ ਸੀ। ਨੀਵਿਆਂ ਮਨਾਂ ਨੂੰ ਉਚੇ ਕਰਨ ਦੀ ਰਸੈਣ।

ਹੰਸੋ--ਇਹ ਰਸੈਣ ਹੋਈ?

ਵਿਰਾਈ--ਰਸੈਣ ਕਈ ਤਰ੍ਹਾਂ ਦੀ ਹੁੰਦੀ ਏ।

ਹੰਸੋ--ਸਮਝਾਓ ਨਾ?

ਵਿਰਾਈ--ਕਾਕੀ! ਨੀਵੀਆਂ ਧਾਤਾਂ ਨੂੰ


www.sikhbookclub.com

ਉਚੀਆਂ ਬਣਾ ਦੇਣਾ, ਕਿਵੇਂ ਕਲੀ ਯਾ ਪਾਰੇ ਨੂੰ ਚਾਂਦੀ, ਯਾ ਤਾਂਬੇ ਲੋਹੇ ਨੂੰ ਸੋਨਾ ਬਣਾ ਲੈਣਾ : ਇਕ ਰਸੈਣ ਇਹ ਦੱਸਦੇ ਹਨ ਲੋਕੀਂ। ਇਕ ਰਸੈਣ ਬਨਾਉਣਾ ਹੈ ਮੈਲੇ ਦਿਲਾਂ ਨੂੰ ਧੋ ਕੱਢਣਾ। ਉਹਨਾਂ ਦੇ ਔਗੁਣ ਕੱਢਕੇ ਗੁਣ ਭਰ ਦੇਣੇ, ਸਭ ਤੋਂ ਵੱਧ ਉਹਨਾਂ ਦਿਲਾਂ ਵਿਚ ਨਿਰੰਕਾਰ ਦਾ ਪ੍ਰੇਮ ਭਰ ਦੇਣਾ ਤੇ ਪਰੇਮ ਭਰਕੇ ਪਰੇਮ ਵਿਚ ਨਿਰਾ ਮਗਨ ਹੀ ਨਾ ਕਰ ਦੇਣਾ ਪਰ ਪਰੇਮ ਵੰਡਣਾ ਬੀ ਸਿਖਾਲ ਦੇਣਾ, ਸਰਬਤ ਦੇ ਭਲੇ ਦੀ ਜਾਚ ਤੇ ਉੱਦਮ ਭਰ ਦੇਣਾ। ਪਾਪਾਂ ਨਾਲ ਨੀਵੇਂ ਮਨਾਂ ਨੂੰ ਸਾਂਈਂ ਪ੍ਰੀਤ ਵਾਲੇ ਉਚੇ ਮਨ, ਸਰਬੱਤ ਦੇ ਭਲੇ ਵਾਲੇ, ਬਣਾ ਦੇਣਾ। ਇਹ ਰਸੈਣ ਗੁਰੂ ਨਾਨਕ ਦੀ ਰਸੈਣ [11] ਸੀ, ਉਂਞ ਉਹ ਸਰਬੱਗ ਸੇ, ਸਰਬੱਗ।

ਹੰਸੋ--ਸਰ...ਗ ਕੀ ਕਿਹਾ ਨੇ?

ਵਿਰਾਈ--ਸਰਬੱਗ, ਪਈ ਉਹ ਸਭ ਕੁਛ ਜਾਣਦੇ ਸੀ। ਪੂਰੇ ਜੋ ਸੀ! ਪਰ ਉਹਨਾਂ ਦੀ ਰਸੈਣ ਸੀ 'ਸਰਬਤ ਦਾ ਭਲਾ' ਕਰਨਾ ਸਿਖਾ ਦੇਣਾ, ਤੇ ਸਦਾ ਚਿੰਤਾ, ਫਿਕਰਾਂ, ਆਪਣੀਆਂ ਲੋੜਾਂ ਵਿਚ ਗਲਤਾਣ ਮਨ ਨੂੰ ਖੇੜੇ ਦੇ ਘਰ ਅਪੜਾ ਦੇਣਾ।

ਹੰਸੋ--ਠੀਕ ਕਿਹਾ ਨੇ, ਬੇਬੇ ਜੀ! ਤੁਸੀਂ ਕੇਡੇ ਸਿਆਣੇ ਹੋ। ਸਾਨੂੰ ਮੂਰਖਾਂ ਨੂੰ ਕੋਇ ਸੋਝੀ ਨਹੀਂ ਪਰ ਸ਼ੁਕਰ ਏ, ਅਸੀਂ ਤੁਸਾਂ ਦੇ ਲੜ ਲਗੇ ਹਾਂ। ਹਾਂ ਫਿਰ ਧੰਨ ਗੁਰੂ ਨਾਨਕ! ਮੇਰੇ ਵਰਗੇ ਮੂਰਖਾਂ ਨੂੰ ਬੀ ਨਾਮ ਦੇ ਗਿਆ ਏ। ਪਰ ਬੇਬੇ! ਤੇਰੇ ਵਿਚ ਉਨ੍ਹਾਂ ਭਰਿਆ ਏ ਨਾ ਨਾਮ ਤੇ ਸਰਬੱਤ ਦਾ ਭਲਾ। ਮੈਂ ਬੀ ਬੇਬੇ! 'ਸਰਬੱਤ' ਦੇ ਵਿਚੇ ਹੀ ਹਾਂ ਨਾ? ਮੇਰਾ ਬੀ ਭਲਾ ਕਰੀਂ, ਕਰਾ ਦੇਈਂ ਦਰਸ਼ਨ ਅੱਜ ਭਾਵੇਂ ਕੱਲ੍ਹ, ਪਰਸੋਂ। ਹੈਂ!....ਇੰਨੇ ਨੂੰ ਆਵਾਜ਼ ਆਂਈ ਬੇਬੇ! ਬੇਬੇ?

ਵਿਰਾਈ ਕੌਣ ਏ? ਦੂਰੋਂ ਈ ਵਾਜਾਂ ਮਾਰਦਾ?

ਮਹਿਰੀ-ਬੇਬੇ! ਮੈਂ ਹਾਂ ਰੀਂਗੀ, ਤੁਸੀਂ ਅਜ ਕੇਡਾ ਚਿਰ ਲਾਇਆ ਏ? ਘਰ ਚੱਲੋ, ਪਰਾਹੁਣੇ ਆ ਗਏ ਨੇ ਕਿੰਨੇ ਸਾਰੇ। (ਨੇੜੇ ਆਕੇ) ਬੇਬੇ! ਬੜੇ ਕਿੰਨੇ ਸਾਰੇ! ਘੋੜੀਆਂ ਵੀ ਨਾਲ ਹੈਨ। ਪਰਾਹੁਣੇ ਆ ਗਏ ਨੇ। ਪੁੱਛਦੇ ਨੇ ਤੁਹਾਨੂੰ ਨਾਲੇ ਤੁਹਾਡੇ...ਕੇ ਆਖਾਂ...ਸਚੀਂ ਹਾਂ ਤੁਹਾਡੇ 'ਜੀਓ ਜੀ ਨੂੰ'।

ਵਿਰਾਈ-ਓਹ ਤਾਂ ਘਰੇ ਸਨ।

ਮਹਿਰੀ-ਉਹ ਤੁਹਾਨੂੰ ਉਡੀਕ ਕੇ ਚਲੇ ਗਏ ਸਨ ਛੇਤੀ ਪੈਲੀਆਂ ਨੂੰ। ਅਜ ਤੁਸਾਂ ਢੇਰ ਚਿਰ ਲਾਇਆ ਈ, ਚਲੋ ਨਾ ਸ਼ਿਤਾਬੀ। ਪਰਾਹੁਣੇ ਕੋਈ ਵਡੇ ਠੱਕੁਰ ਲਗਦੇ ਨੇ!

ਵਿਰਾਈ-ਚੰਗਾ ਰੀਂਗੀ! ਚੱਲ੍ਹ ਚਲੀਏ ਨੀ ਹੰਸੋ ਤੂੰ ਬੀ ਚੱਲ ਮੇਰੇ ਨਾਲ ਕੁੜੀਏ! ਰੋਟੀ ਖਾ ਪੀਕੇ ਮੁੜੀਂ ਪਿੰਡ ਨੂੰ!

ਹੰਸੋ-ਨਾ ਬੇਬੇ! ਤੁਸੀਂ ਹੁਣ ਕਰੋ ਪ੍ਰਾਹੁਣਾਚਾਰੀ ਤੇ ਮੈਂ ਪਿੰਡ ਜਾਨੀ ਹਾਂ। ਘੋੜੀ ਤੇ ਮਹਿਰਾ ਮੇਰੇ ਨਾਲ ਆਏ ਹੋਏ ਨੂੰ, ਦੁਹਾਂ ਨੂੰ ਮਲਿਔਰੇ ਦੇ ਘਰ ਛੱਡ ਆਈ ਸਾਂ, ਓਥੋਂ ਨਾਲ ਲੈਕੇ ਟੁਰ ਜਾਊਂ। ਕੋਈ ਵਾਟ ਏ? ਹੁਣੇ ਰਵਾਂ ਰਵੀਂ ਪਹੁੰਚ ਜਾਨੀਆਂ। ਲੈ ਬੇਬੇ! ਮੱਥਾ ਟੇਕਨੀਆਂ। ਪਰ ਦਰਸ਼ਨ ਕਰਨੇ ਨੀ ਮੈਂ, ਜ਼ਰੂਰ, ਤੂੰਹੋਂ ਕਰਾਉਣੇ ਨੀ, ਹਾਂ ਸੰਤ ਜੁ ਹੋਈਓਂ, ਸੰਤ ਤਾਂ ਮੱਲੋ ਮਲੀ ਬੇੜੇ ਪਾਰ ਕਰਦੇ ਨੇ ਨਿਆਣਿਆਂ, ਦੇ ਬੇੜੇ, ਹਾਹ। ਲੈ ਬੇਬੇ ਮੱਥਾ ਟੇਕਨੀਆਂ।

## ੫. ਗੁਰੂ ਲਾਧੋ।

**ਮਾਈ** ਵਿਰਾਈ ਰਵਾਰਵੀਂ ਘਰ ਆਈ। ਅਗੋਂ ਰੀਂਗੀ ਦੇ ਮੁੰਡੇ ਨੇ ਆਖਿਆ : 'ਐਮਾਂ! ਪਰਾਹੁਣੇ ਤਾਂ ਤਪਿਆਣੇ ਨੂੰ ਚਲੇ ਗਏ ਨੀ, ਆਂਹਦੇ ਸਨ ਹੁਣੇ ਆਉਨੇ ਹਾਂ।'

ਵਿਰਾਈ-ਆਪ ਆਏ ਹਨ ਕਿ ਨਹੀਂ?

ਮੁੰਡਾ (ਮਾਂ ਵਲ ਤੱਕ ਕੇ)-ਐਮਾ ਕੌਣ?

ਮਹਿਰੀ (ਸ਼ਰਮਾ ਕੇ)-ਕਾਕਾ! ਵਡੇ ਭਾਈਆ ਜੀ।

ਮੁੰਡਾ-ਵਡੇ ਭਾਈਆ ਜੀ....ਹੈਂ ਮਹਿਮਾਂ[12] ਚੌਧਰੀ?

ਮਹਿਰੀ (ਝਿੜਕ ਕੇ)-ਨਾਂ ਨਹੀਂ ਲਈਦੇ ਵਡਿਆਂ ਦੇ।

ਮੁੰਡਾ (ਝਿਜਕ ਕੇ)-ਅਜੇ ਨਹੀਂ ਐਮਾ! ਅਜੇ ਨਹੀਂ ਚੌਧਰੀ ਆਇਆ।

ਵਿਰਾਈ-ਪਰਾਹੁਣੇ ਕੁਛ ਆਖ ਗਏ ਹਨ ਕਿ ਚੁਪ ਕੀਤੇ ਟੁਰ ਗਏ ਹਨ?

ਮੁੰਡਾ-ਕੁਝ ਚਿਰ ਤਾਂ ਘੋੜੇ ਤੋਂ ਉਤਰ ਕੇ


www.sikhbookclub.com

ਕਰ ਰਹੀ ਹੈ ਗੁਰੂ ਰਜ਼ਾ ਵਿਚ। ਆਖਦੀ ਹੈ ਗੁਰੂ ਦਾ ਬਿਰਦ ਹੈ ਸੰਗਤ ਤਾਰਨੀ, ਆਪੇ ਪ੍ਰਗਟ ਹੋਣਗੇ, ਹਾਲੇ ਪ੍ਰੇਮ ਵਿੰਨ੍ਹਿਆਂ ਦੇ ਪ੍ਰੇਮ ਸੁਆਉ ਵਿਚ ਪ੍ਰੇਮੀ ਪ੍ਰਸੰਨ ਰਹਿਣ!

ਵਿਰਾਈ-ਸੱਚ ਆਖਦੇ ਹਨ ਮਾਤਾ ਜੀ, ਗੁਰੂ ਪਾਤਸ਼ਾਹ ਦੀ ਅਰਧੰਗੀ ਹੈ, ਗੁਰੂ ਗੁਣਾਂ ਨੂੰ ਸਮੋ ਰਹੀ ਹੈ ਆਪੇ ਵਿਹ। (ਹਥ ਜੋੜਕੇ) ਧੰਨ ਮਾਤਾ ਖੀਵੀ, ਮੈਂ ਸੰਗਨੀ ਹਾਂ ਮੂੰਹ ਖੋਹਲਣੋਂ, ਤੁਸੀਂ ਗੁਰੂ ਰੂਪ ਹੋ, ਨਾਮ ਸੁਆਰੀ ਸਾਧ ਸੰਗਤ ਗੁਰੂ ਰੂਪ ਹੀ ਹੈ ਨਾ। ਮਾਤਾ ਜੀ ਦੀ ਸਲਾਹ ਬੜੀ ਨੇਕ ਹੈ, ਛਪ ਬੈਠੇ ਦਾਤਾ ਜੀ ਦੇ ਪ੍ਰੇਮ ਰੰਗ ਵਿਚ ਭੰਗ ਪਾਉਣੋਂ ਸੰਗ ਕਰਨੀ ਮਾੜਾ ਕੰਮ ਨਹੀਂ।

ਬਾਬਾ-ਪ੍ਰੇਮ ਰੰਗ ਵਿਚ ਬੈਠੇ ਸਨ ਗੁਰੂ ਨਾਨਕ ਅਰਸ਼ਾਂ ਵਿਚ ਅਪਣੇ ਪਰਮੇਸ਼ਰ ਪਿਆਰੇ ਦੇ ਪ੍ਰੇਮਰੰਗ ਰੱਤੇ, ਪੁਕਾਰ ਪਾਈ ਪ੍ਰਿਥੀ ਨੇ, ਆ ਪਹੁੰਚੇ ਪਾਪਾਂ ਨਾਲ ਲਦੀ ਪ੍ਰਿਥੀ ਪਾਸ। ਪੁਕਾਰ ਪਾਉਣੀ ਰਜ਼ਾ ਮੇਟਣੀ ਨੀਂ, ਬਾਲ-ਪਰਮ ਹੈ। ਬਾਲ-ਸੁਭਾਵ ਨਹੀਂ ਸਿਆਣਦਾ ਮਾਂ-ਸੁਭਾਵ ਨੂੰ ਜੋ ਆਪੇ ਦੇਂਦੀ ਏ! ਲੋੜ ਵੇਲੇ ਬਾਲ ਦਾ ਰੋਣ ਬਾਲ ਦਾ ਸੁਤੇ ਰਉਂ ਹੈ।

ਵਿਰਾਈ (ਠੰਢਾ ਸਾਹ ਲੈ ਕੇ)-ਸਚ ਕਿਹਾ ਨੇ ਬ੍ਰਿਧ ਜੀ!

ਬਾਬਾ-ਫੇਰ 'ਮਾਂ ਮਿਲਣ ਲਈ ਵਿਲਪਦੀ ਸੰਗਤ' ਲਈ ਹੈ ਕੋਈ ਮੇਲ ਦਾ ਰਾਹ? ਦੱਸ, ਉਪਰਾਲਾ ਕਰ ਕੋਈ ਭਲੇ ਕਰਨ ਦਾ, ਜਿਵੇਂ ਟੁਰ ਕੇ ਆਏ ਹਾਂ ਦੂਰੋਂ ਤੂੰ ਭੀ ਕੋਈ ਹੀਲਾ ਹਿੰਮਤ ਕਰ।

ਵਿਰਾਈ-ਪ੍ਰਿਥੀ ਦੀ ਪੁਕਾਰ ਵਾਂਙੂ ਹੁਣ ਪ੍ਰੇਮੀਆਂ ਦੀ ਪਿਆਰ-ਵਿਲਕ ਪਹੁੰਚ ਰਹੀ ਹੈ ਪਜਾਰੇ ਜੀ ਪਾਸ, ਪਸੀਜਣਗੇ, ਪਹੁੰਚਣਗੇ, ਪਜਾਰਨਗੇ, 'ਪ੍ਰਸਾਦ' ਗੁਰੂ ਦਾ ਬਿਰਦ ਹੈ। ਪਪੀਹੇ ਦੀ ਪੁਕਾਰ ਸ੍ਵਾਂਤੀ ਬੂੰਦ ਦੇ ਆਉਣ ਦੀ ਨਿਸ਼ਾਨੀ ਹੁੰਦੀ ਏ।

ਬਾਬਾ-ਸੱਚ ਕਿਹਾ ਹਈ ਮਾਈ! ਪਰ ਹੁਣ ਸੰਗਤ ਦੀ ਪੀੜਾ ਟੱਪ ਚੁੱਕੀਏ ਹੱਦ ਬੰਨੇ। ਹੁਣ ਬਾਹੁੜੀ ਦਾ ਵੇਲਾ ਏ। ਤੂੰ ਸੰਗਤ ਵਿਚੋਂ ਹੈਂ, ਸੰਗਤ ਦਾ ਦਰਦ ਕਰ। ਥਹੁ ਹਈ ਤਾਂ ਥਹੁ ਦੱਸ। ਦਿਲ ਤੇਰੇ ਤੇ ਆਸ ਰਖਦਾ ਏ, ਇਸ ਨੂੰ ਰਸਤੇ ਪਾ ਦੇਹ।...ਹਾਂ ਦਿਲ ਪੈਰਾਂ ਨੂੰ ਤੇਰੇ ਹੀ ਦਰ ਟੋਰ ਲੈ ਆਇਆ ਏ।

ਮਾਈ ਚੁਪ।

ਬਾਬਾ-ਮਾਈ! ਚੁਪ ਨਾ ਧਾਰ, ਕੁਛ ਤਾਂ ਬੋਲ।

ਵਿਰਾਈ-ਪਿਤਾ ਜੀਉ ਹੋ ਆਪ; ਮੇਰੇ ਵਡੇ ਜੇ, ਆਪ ਨੂੰ ਮੈਂ ਕੀਹ ਰਾਹ ਦੱਸਾਂ, ਪਰ ਮੇਰਾ ਜੀ ਰੁਕ ਰੁਕਕੇ ਆਖਦਾ ਏ ਕਿ ਸਿਖ ਦੀ ਭਾਵਨਾ ਐਉਂ ਦੀ ਚਾਹੀਦੀ ਹੈ ਕਿ-

ਰਸਨਾ ਰਹੇ ਰੰਗ ਵਿਚ;
ਮਨੂਆਂ ਰਹੇ ਮੰਗ ਵਿਚ
ਪਿਆਰ ਰਹੇ ਉਮੰਗ ਵਿਚ,
ਗੁਰੂ ਅੰਗ ਸੰਗ ਹੈ,
ਰਹੇ ਅੰਗ ਸੰਗ ਉਹ,
ਹੋਇਗਾ ਦਿਆਲ ਤਾਂ ਦਏਗਾ ਬੁਲਾਇਕੇ।

ਬਾਬਾ (ਸੋਚ ਕੇ ਤੇ ਸਿਰ ਫੇਰਕੇ)-ਮਾਈ! ਗੁਰੂ ਨੇ ਤੈਨੂੰ 'ਇਹ ਕੁਛ' ਬਣਾਇਆ ਕਿ ਤੇਰੀ 'ਇਹ ਕੁਛ' ਨੇ ਗੁਰੂ ਮੇਹਰਬਾਨ ਕੀਤਾ ਤੇਰੇ ਉੱਤੇ?

ਵਿਰਾਈ-ਸਾਰਿਆਂ ਨੂੰ ਛੁਹ ਗਈ ਪਾਰਸ ਛੁਹ ਗੁਰੂ ਦੀ, ਰੰਗ ਲਾ ਗਈ। ਲੋਹੇ ਤ੍ਰਾਮੇ ਦੀ ਆਪਣੀ ਮਾਂਜ, ਧੋ, ਲਿਸ਼ਕ ਚਮਕ ਨੇ ਕਦੇ ਸੋਨਾ ਬਣਾਇਆ ਏ?

ਬਾਬਾ-ਪਿਆਰਿਓ! ਸਮਝੇ ਓ? ਮਾਈ ਨੂੰ ਪਤਾ ਹੈ, ਪਰ ਮਾਈ ਨੂੰ ਆਗਜਾ ਨਹੀਂ ਦੱਸਣੇ ਦੀ, ਝੂਠ ਮਾਈ ਦਾ ਧਰਮ ਨਹੀਂ, ਸੱਚ ਮਾਈ ਲਈ ਅਵਗਜਾ ਹੈ। ਸਾਡਾ ਮਾਈ ਨੂੰ ਦੱਸਣ ਲਈ ਸੰਘੀ ਨਹੁੰ ਦੇਣਾ ਵਧੀਕੀ ਹੈ ਜੋ ਸਿਚ ਧਰਮ ਨਹੀਂ। ਆਓ ਉਠੋ! ਗੁਰੂ ਨਾਨਕ ਨੇ ਮੈਨੂੰ ਕਿਸੇ ਮਿਹਰ ਛਿਨ ਵਿਚ ਆਖਿਆ ਸੀ, 'ਤੈਥੋਂ ਓਹਲੇ ਨਾਂਹ ਹੋਸਾਂ'; ਆਓ ਹੁਣ ਲੱਭੀਏ ਆਪ ਬਿਰਦ ਬਾਣੇ ਦੇ ਮਾਲਕ ਨੂੰ। ਓਹਲੇ ਨਾਂਹ ਹੋਣ ਵਾਲਾ ਹੁਣ ਓਹਲਾ ਨਾ ਰਖੇਗਾ, ਗੁਰੂ ਨਾਨਕ ਦੀ ਸੁਗੰਧਿ ਇਸੇ ਘਰ ਹੈ, ਹੋਰ ਟੋਲ ਦੀ ਲੋੜ ਨਹੀਂ-ਆਓ ਉਠੋ!

ਸਾਰੇ ਉਠ ਬੈਠੇ: ਬਾਬੇ ਨੇ ਸਾਰੇ ਕੋਠੇ ਜੋ ਹਵੇਲੀ ਵਿਚੇ ਸਨ, ਦੇਖੇ। ਇਕ ਕੋਠੇ ਦੀ ਇਕ ਕੰਧ ਦਾ ਲੇਅ ਬਾਬੇ ਨੇ ਆਪਣੇ ਹੱਥੀਂ ਉਤਾਰਿਆ ਤਾਂ ਹੇਠੋਂ ਬੂਹਾ ਨਿਕਲਿਆ, ਜੋ ਇਸ ਦਾ ਇਕ ਬਾਹਰਲਾ ਦਰ ਸੀ ਜੋ ਵਿਹੜੇ ਵਿਚ ਖੁੱਲ੍ਹਦਾ ਸੀ। ਬਾਬੇ ਨੇ ਸਾਰੇ ਲੇਅ ਲਾਹ ਸੁਟੇ ਅਪਣੇ ਹਥੀਂ[੧੬]। ਫਿਰ ਕੁੰਡਾ ਖੁਹਲਕੇ ਬੂਹਾ ਖੁਹਲ ਲਿਆ। ਬੂਹੇ ਖੁੱਲ੍ਹੇ ਤੇ ਅੰਦਰ ਚਾਨਣਾ ਪਿਆ। ਇਕ ਨਿਕੇ ਜਿਹੇ ਤਖਤ ਪੋਸ਼ ਤੇ


www.sikhbookclub.com

ਅਗੀਮ ਸਮਾਧਿ ਵਿਚ ਬੈਠੇ ਗੁਰੂ[17] ਜੀ ਦਿੱਸ ਪਏ, ਬਾਬੇ ਬੁੱਢੇ-ਵਰ ਪ੍ਰਾਪਤ ਬੁੱਢੇ ਨੂੰ ਤੈਥੋਂ ਉਹਲੇ ਨਾਂਹ ਹੋਸਾਂ-ਹਾਂ ਦਿੱਸ ਪਏ ਅਜਿੱਤੇ ਨੂੰ, ਸਧਾਰਨ ਨੂੰ, ਸੈਦੋ ਨੂੰ ਤੇ ਚੱਲ ਕੇ ਆਏ ਸਾਰੇ ਪਰੇਮੀਆਂ ਨੂੰ ਜੋ ਖੜੇ ਸਨ ਬਾਬੇ ਦੇ ਪਿਛਵਾਰ ਦਲ੍ਹੀਜਾਂ ਲਾਗ। ਦਿੱਸ ਪਏ ਗੁਰੂ ਨਾਨਕ ਗੁਰੂ ਅੰਗਦ ਦੇ 'ਹੀਏਂ' 'ਅੰਙਣ' ਵਿਚ ਬੈਠੇ ਹੋਏ। ਦਿੱਸ ਪਏ ਗੁਰੂ ਅੰਗਦ ਅਗਾਧ-ਸਮਾਧਿ ਵਿਚ ਲਿਵਲੀਨ, ਗੁਰੂ ਨਾਨਕ ਰੂਪ ਵਿਚ। ਚੁਪਾਤੇ ਹੀ ਇਨ੍ਹਾਂ ਸਾਰਿਆਂ ਦੇ ਮਗਰ ਆ ਖੜੋਤਾ ਚੋਧਰੀ 'ਮਹਿਮਾ'-ਮਾਈ ਵਿਰਾਈ ਦਾ ਘਰ ਵਾਲਾ ਗੁਰੂ ਕਾ ਪਿਆਰਾ ਸਿਖ-ਜੋ ਦੂਰ ਗਿਆ, ਖਖਰ ਪਾਕੇ ਕਿ ਪਰਾਹੁਣੇ ਆਏ ਹਨ, ਰਵਾਂ ਰਵੀਂ ਟੁਰਿਆ ਆਕੇ ਪਹੁੰਚ ਪਿਆ ਸੀ ਆਪਣੇ ਘਰ, ਠੀਕ ਵੇਲੇ ਸਿਰ ਦਰ ਖੁੱਲ੍ਹਣ ਦੇ।

# ੬. ਪ੍ਰਤੱਖ ਦਰਸ਼ਨ।

ਹਾਂ, ਦਿੱਸ ਪਏ ਗੁਰੂ ਅੰਗਦ ਜੀ ਬੈਠੇ ਹੋਏ ਅਡੋਲ ਸਮਾਧੀ ਵਿਚ। ਸਰੀਰ ਪਤਲਾ ਪੈ ਗਿਆ ਹੈ ਪਰ ਸ਼ਾਂਤਿ ਸਤੋਗੁਣੀ ਪ੍ਰਭਾਵ ਚਿਹਰੇ ਤੇ ਹੈ, ਜਿਵੇਂ ਟਿਕੇ ਸਾਗਰ ਦੀ ਜਲ ਦੀ ਸਤਹ ਹੁੰਦੀ ਹੈ, ਜਿਵੇਂ ਉਸ਼ਾ-ਪ੍ਰਕਾਸ਼ ਵੇਲੇ ਕਿ ਮੀਂਹ ਪੈ ਹਟੇ ਤੇ ਗਗਨਾਂ ਵਿਚ ਸ਼ਾਂਤਿ-ਟਿਕਾਉ ਦਿਪਤ ਹੁੰਦਾ ਹੈ। ਦੇਖਦੇ ਸਾਰ ਬਾਬੇ ਬੁੱਢੇ ਦੇ ਮੱਥੇ ਨੇ ਨਿਉਂਦੇ ਨਿਉਂਦੇ ਧਰਤੀ ਨਾਲ ਛੁਹ ਲਈ। ਫਿਰ ਗਲ ਪੱਲਾ ਪਾ ਖੜੇ ਹੋਕੇ ਨੈਣ ਮੁੰਦ ਲਏ। ਸਾਰੇ ਜਣੇ ਉਸ ਤਰ੍ਹਾਂ ਮਸਤਕ ਟੇਕਦੇ, ਪ੍ਰਭਾਵਿਤ ਹੁੰਦੇ ਅਡੋਲ ਖੜੇ ਹੋ ਗਏ-ਨੈਣ ਮੁੰਦੇ ਹੋਏ। ਉਸ ਚੁੱਪ ਵਿਚ ਬੁੱਢੇ ਦੇ ਅੰਦਰੋਂ ਅਰਦਾਸ ਉਠੀ-ਚੁਪ ਅਰਦਾਸ-ਗੁਰੂ ਨਾਨਕ ਦੇ ਦਰ ਅੱਪੜੀ। ਗੁਰੂ ਅੰਗਦ ਦੇਵ ਜੀ ਦੇ ਨੈਣ ਖੁੱਲ੍ਹ ਪਏ, ਅੰਦਰੋਂ ਜੁ ਗੁਰ ਨਾਨਕ ਰੂਪ ਨੇ ਹਿਲੋਰਾ ਦਿੱਤਾ। ਹਾਂ ਖੁੱਲ੍ਹ ਪਏ ਨੈਣ, ਕੀ ਦੇਖਦੇ ਹਨ ਸੁਹਣੇ ਨੈਣ ਕਿ ਮੁੰਦਿਆ ਦਰ ਖੁਲ੍ਹਾ ਪਿਆ ਹੈ, ਤੇ ਦਰ ਵਿਚ ਖਲਾ ਹੈ ਗੁਰ ਨਾਨਕ ਦਾ ਪਿਆਰਾ। ਨੈਣਾਂ ਵਿਚੋਂ ਮਿਹਰ ਦੀਆਂ ਲਾਸਾਂ ਨਿਕਲੀਆਂ, ਬੁੱਢੇ ਦੇ ਨੈਣ ਛੱਪਰਾਂ ਤੇ ਪੈ ਕੇ ਖੁਹਲ ਗਈਆਂ ਉਸ ਦੇ ਮੁੰਦੇ ਨੈਣਾਂ ਨੂੰ। ਦਰਸ਼ਨ ਹੋਏ ਗੁਰ ਨਾਨਕ ਦੇ ਮਿਹਰਾਂ ਮੀਂਹ ਵਸਾਂਦੇ ਨੈਣਾਂ ਦੇ। ਨੈਣ ਨੈਣਾਂ ਨਾਲ ਮਿਲੇ। ਅਦਬ ਸੁਆਰੇ ਬੁੱਢਾ ਜੀ ਦੇ ਨੈਣ ਛੱਪਰ ਢੈ ਪਏ। ਆਪ ਹੁਣ ਅੱਗੇ ਵਧੇ, ਧਰਤੀ ਨਾਲ ਸੀਸ ਲਾ ਕੈ ਨਮਸਕਾਰ ਕੀਤੀ ਤੇ ਬਹਿ ਗਏ ਸਨਮੁਖ ਆਸਾਵੰਦ ਕਿ ਹੁਣ ਵੱਸੇਗੀ ਸ੍ਵਾਂਤੀ ਬੂੰਦ, ਯੋਗ ਦਾ ਸਮਾਂ ਏ ਸ੍ਵਾਂਤੀ ਨਿਛੱਤਰ ਦਾ, ਮੇਰੀ ਚੁਪ ਅਰਦਾਸ ਅਚੁਪ ਦੇ ਘਰ ਨਾ ਆਏ, ਟਿਕੀ ਰਹੇ ਚੁਪ ਦੇ ਗਗਨ-ਮੰਡਲਾਂ ਵਿਚ। ਇੰਨੇ ਨੂੰ ਗੰਭੀਰ ਟਿਕਵੀਂ ਵੈਰਾਗ ਭਰੀ ਆਵਾਜ਼ ਆਈ:-

ਜਿਸੁ ਪਿਆਰੇ ਸਿਉ ਨੇਹੁ
ਤਿਸੁ ਆਗੈ ਮਰਿ ਚਲੀਐ॥
ਧ੍ਰਿਗ ਜੀਵਣੁ ਸੰਸਾਰਿ
ਤਾਕੈ ਪਾਛੈ ਜੀਵਣਾ॥੨॥

(ਵਾਰ ਸਿਰੀ ਰਾਗੁ ਮਹਲਾ ੨-੩)

ਬੁੱਢੇ ਸਮੇਤ ਸਭਨਾਂ ਦੇ ਨੈਣ ਭਰ ਆਏ, ਗੁਰੂ ਨਾਨਕ ਬਿਰਹਾ ਅਣੀਆਲੇ ਤੀਰ ਹੋ ਚੁਭਿਆ, ਲੂੰ ਕੰਡੇ ਹੋ ਗਏ, ਨੈਣ ਮਿਟ ਗਏ, ਗੁਰੂ ਨਾਨਕ ਅਰਸ਼ਾਂ ਨੂੰ ਚੜ੍ਹਦੇ ਜਾ ਰਹੇ ਦਾ ਝਾਂਵਲਾ ਵੱਜਾ। ਇੰਨੇ ਨੂੰ ਫੇਰ ਇਕ ਥਰਕਵੀਂ ਸੁਰ ਵਿਚ ਆਵਾਜ਼ ਆਈ:-

ਜੋ ਸਿਰੁ ਸਾਂਈ ਨ ਨਿਵੈ
ਸੋ ਸਿਰੁ ਦੀਜੈ ਡਾਰਿ॥
ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ
ਸੋ ਪਿੰਜਰੁ ਲੈ ਜਾਰਿ॥੧॥

(ਵਾਰ ਸਿਰੀ ਰਾਗੁ ਮਹਲਾ ੨-੧੫)

ਫੇਰ ਚੁਪ ਛਾ ਗਈ............ਹਾੜ ਦੀ ਤੱਪਸ਼ ਮਗਰੋਂ ਜਦ ਸਾਵਣ ਵੱਸਦਾ ਏ ਤਾਂ ਖੁੱਲ੍ਹ ਪੈਂਦਾ ਏ ਧਰਤੀ ਦਾ ਮੂੰਹ ਆਪੇ, ਤਿਵੇਂ ਬੁੱਢਾ ਜੀ ਦੇ ਬੰਦ ਬੁਲ੍ਹ ਬੋਲ ਪਏ ਮੱਲੋ ਮੱਲੀ-'ਦਾਤਾ ਜੀਓ! ਆਪ ਅੰਗ ਸੰਗ ਹਨ, ਆਪਣਾ ਰੂਪ ਖਨਾਇਆ ਨੇ ਆਪ ਨੂੰ, ਆਪ ਮਿਲੇ ਹੋ, ਮਿਲੇ ਰਹੋ! ਦਾਤਾ! ਸੰਗਤਾਂ ਸਿਖ ਸੇਵਕ ਆਪ ਦੇ ਵਿਛੋੜੇਂ ਵਿਚ ਵਿਆਕੁਲ ਹਨ; ਦਿਦਾਰੇ ਦਿਓ, ਨਜ਼ਰਾਂ ਪਾਓ, ਖੇੜੇ ਲਾਓ; ਉਪਦੇਸ਼ਾਂ ਦੇ ਮੀਂਹ ਵਸਾਓ, ਪਿਆਸੇ ਪ੍ਰਿਉ ਪ੍ਰਿਉ ਕਰ ਰਹੇ ਹਨ।' ਬਿਰਧ ਜੀ ਦੇ ਵਾਕ ਸੁਣ ਕੇ ਗੁਰੂ ਜੀ ਫੇਰ ਇਕ ਵੈਰਾਗਮਈ ਸੁਰ ਵਿਚ ਲੰਮਾ ਸਾਹ ਲੈ ਕੇ ਬੋਲੇ :-

 www.sikhbookclub.com

ਦੀਖਿਆ ਆਖਿ ਬੁਝਾਇਆ
ਸਿਫਤੀ ਸਚਿ ਸਮੇਉ॥
ਤਿਨ ਕਉ ਕਿਆ ਉਪਦੇਸੀਐ
ਜਿਨ ਗੁਰੁ ਨਾਨਕ ਦੇਉ॥੧॥

(ਵਾਰ ਮਾਝ ਮਹਲਾ ੨-੨੭)

ਬਾਬਾ ਬੁੱਢਾ (ਹੱਥ ਜੋੜ ਕੇ)-ਗੁਰੂ ਨਾਨਕ ਨੇ ਆਪ ਨੂੰ ਗੁਰੂ ਨਾਨਕ ਬਣਾਇਆ। ਗੁਰੂ ਨਾਨਕ ਦੇ ਦੀਖਜਤ ਸਿਖ ਗੁਰੂ ਨਾਨਕ ਦਰਸ਼ਨਾਂ ਤੋਂ ਕਦੇ ਨਹੀਂ ਸਨ ਰੱਜਦੇ, ਹੁਣ ਕਿਵੇਂ ਰੱਜਣ? ਦਰਸ਼ਨ ਦਾਤ ਦਿਓ! 'ਲਗਿਆਂ' ਦੀ ਸੁਧ ਸੰਭਾਲ ਵੀ ਆਪ ਨੂੰ 'ਅਣਲਗਿਆਂ' ਨੂੰ ਬੀ ਲਾਉਣਾ ਹੈ ਆਪ ਨੇ।

ਗੁਰੂ ਜੀ-ਲਾਉਣ ਵਾਲਾ ਆਪ ਹੈ।...ਲਾਉਣਾ ਗਾਖੜਾ ਕੰਮ ਹੈ....। 'ਲਾਉਣ ਲਾਲਚ' ਨਾ ਆਵੇ; ਲਗੇ ਰਹਿਣ ਦੀ ਲਾਲਸਾ ਨਾ ਮਿਟੇ।

ਬਾਬਾ ਬੁੱਢਾ-ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ॥ ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ॥੪॥੨੫॥ (ਸਿਰੀ ਰਾਗ ਮਹਲਾ ੧)

ਗੁਰੂ ਜੀ (ਲੰਮਾ ਸਾਹ ਲੈ ਕੇ)-ਗੁਰਿਆਈ ਹੈ ਵਡਿਆਈ। ਦੁਨੀਆਂ ਦੀ ਵਡਿਆਈ ਪਜਾਰੇ ਤੋਂ ਭਲਾਉਂਦੀ ਹੈ-

ਨਾਨਕ ਦੁਨੀਆਂ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ॥ ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ॥੨॥

(ਮਲਾਰ ਵਾਰ ਮਹਲਾ ੨-੨੬)

ਇਹ ਐਸੀ ਦਿਲ-ਚੀਰਵੀਂ ਸੁਰ ਦੀ ਸੱਦਸੀ ਕਿ ਕੰਬ ਗਏ ਸਾਰੇ।

ਬੁੱਢਾ-ਦਾਤਾ, ਤੂੰ ਧੁਰ ਦਾ ਥਾਪਿਆ ਗੁਰੂ ਹੈਂ, ਦਾਤ ਜੋਤਿ ਤੇਰੇ ਵਿਚ ਵੱਸਦੀ ਏ, ਵਸਾਈ ਏ ਗੁਰੂ ਨਾਨਕ ਨੇ ਆਪ। ਹਾਂ! ਪਰ ਤੂੰ ਆਪਣੇ ਵਿਚ ਵਸਾਈ ਏ ਸਾਰੇ ਜਗਤ ਦੀ ਗਰੀਬੀ, ਨਿੰਮ੍ਰਤਾ। ਵਡਿਆਈ ਦੀ ਲੋੜ ਕਿਥੇ ਹੈ ਤੇਰੇ ਦਿਲ ਵਿਚ? ਦਾਤਾ ਮੂੰਹ ਛੋਟਾ ਹੈ ਮੇਰਾ, ਹੇ ਮੇਰੇ ਗੁਰੂ ਨਾਨਕ! ਪਰ ਆਖਦਾ ਹਾਂ ਮਾਲਕਾ! ਮਾਲਕ ਨੇ ਤੈਨੂੰ ਮਾਲਕ ਬਣਾਕੇ ਆਗਜਾ ਬਖ਼ਸ਼ੀ ਸੰਗਤ ਪਾਲਣ ਦੀ[੧੮]। ਤੂੰ ਤਾਂ ਹੁਕਮ ਦੀ ਕਾਰ ਕਮਾਵਣੀ ਹੈ, ਤੈਂ ਵਿਚ ਆਪਣੀ ਪਕੜ ਕਿਥੋਂ, ਤੈਂ ਵਿਚ ਵਡਿਆਈ ਦੀ ਚਾਹ ਕਿਥੋਂ, ਜਿਸ ਦੀ ਮੈਂ ਗੁਰੂ ਨਾਨਕ ਮੈਂ ਵਿਚ ਸਮਾ ਗਈ। ਤੁਸਾਂ ਦੀ ਗੁਰਿਆਈ ਸੇਵਾ ਹੈ ਆਪਣੇ ਪ੍ਰੀਤਮ ਦੀ, ਹੁਕਮ ਪਾਲਣਾ ਹੈ ਸੂਰੇ ਗੁਰੂ ਦਾ।

ਗੁਰੂ ਜੀ (ਕੁਛ ਚੁਪ ਰਹਿਕੇ)-ਬੁੱਢਿਆ ਵੀਰਾ! ਸੱਚ, ਭਲਿਆ! ਸੱਚ! ਕਾਰ ਗਾਖੜੀ, ਪਰ ਹੁਕਮ ਵੱਧ ਗਾਖੜਾ।

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥ (ਵਾਰ ਆਸਾ ਮਹਲਾ ੧)

ਬੁੱਢਾ-ਮੰਨ ਚੁਕੇ ਹੋ, ਮੰਨਣ ਦੀ ਅਵਧੀ ਕਰ ਚੁਕੇ ਹੋ, ਤਰਸ ਹੈ ਹੁਨ ਆਪ ਦਾ ਸੰਗਤ ਉੱਤੇ ਜਿਸ ਪਰ ਅੰਧਕਰ ਛਾ ਰਿਹਾ ਹੈ।[੧੯] ਬਿਰਦ ਹੈ ਆਪ ਦਾ ਰਖਜਾ ਕਰਨੀ, ਚਾਨਣ ਪਾਓ, ਦਿਓ ਨੂਰੀ ਦਿਦਾਰ।

ਗੁਰੂ ਜੀ-'ਨਾਨਕ ਹੁਕਮੈ ਜੇ ਬੂਝੈ ਤ ਹਉਮੈ ਕਹੈ ਨ ਕੋਇ॥' ਗਾਖੜੀ ਕਿ ਸੁਖਾਲੀ? 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥' ਹਾ ਭਾਈ! 'ਹੁਕਮੈ ਅੰਦਰਿ ਸਭੁ ਕੋ'। 'ਸਭੁ ਕੋ' ਕਹਿੰਦਿਆਂ ਕਹਿੰਦਿਆਂ ਧੀਰਆਂ ਉਪਰ ਉਠਦੀਆਂ ਛਪਰਾਂ ਵਿਚ ਗੁੰਮਦੀਆਂ ਗਈਆਂ, ਨੈਣ ਮੁੰਦ ਗਏ, ਸ਼ਾਂਤਿ ਸਤੋਗੁਣੀ ਆਭਾ ਚਿਹਰੇ ਦੀ ਬਦਲ ਗਈ। ਚਿਹਰੇ ਤੇ ਛਾ ਰਹੀ ਪੁੰਨਿਆਂ ਦੇ ਚੰਦ ਦੀ ਸਰਦ ਚਾਂਦਨੀ ਉਦੇ ਸੂਰ ਦੀ ਆਭਾ ਲੈ ਆਈ। ਇਕ ਜਲਾਲ ਫਿਰ ਗਿਆ ਸੁਹਣੇ ਸੁਹਣੇ ਗੁਰ ਨਾਨ ਸੁਆਰੇ ਚਿਹਰੇ ਤੇ। ਦੇਖਣਹਾਰ ਨੈਣ ਮੋਹਿਤ ਹੋ ਅਚਲ ਟੇਕ ਬੱਝਵੇਂ ਹੋ ਗਏ। ਧਰਤੀ ਤੇ ਅਕਾਸ਼ ਦੀ ਸੰਨ੍ਹ ਵਿਚੋਂ ਜਿਵੇਂ ਉਦੈ ਸੂਰ ਦੀ ਟਿੱਕੀ ਨਿਕਲਦੀ ਹੈ, ਜਲਾਲ ਭਰੇ ਨੈਣ ਖੁੱਲ੍ਹੇ, ਭਾਈ ਬਿਰਧ ਦੇ ਉਡੀਕਵੰਦ ਨੈਣਾਂ ਤੇ ਪਏ। ਨੈਣਾਂ ਨੇ ਚਾਰ ਹੁੰਦਿਆਂ ਰੰਗ ਲਾਇਆ, ਬ੍ਰਿਧ ਜੀ ਦੇ ਅੰਦਰ ਕੋਈ ਭਾਵ ਉਠਿਆ, ਰਸਨਾ ਵਲ ਤੁਰਿਆ, ਪਰ ਰਸਨਾਂ ਵਲ ਜਾਣ ਦੀ ਥਾਵੇਂ ਨੈਣਾਂ ਵਲ ਰੁਖ ਕਰ ਗਿਆ। ਦੋ ਸੋਹਣੇ ਨਿਰਮਲ ਨੀਰ ਦੇ ਟੇਪੇ ਹੋਕੇ ਨੈਣਾਂ ਤੋਂ ਬਾਹਰ ਆਇਆ, ਦੋਹਾਂ ਗਲ੍ਹਾਂ ਉਤੇ ਦੋਇ ਮੋਤੀ ਸਹਿਜੇ ਸਹਿਜੇ ਤਿਲਕਦੇ ਨੂਰਾਨੀ ਦਾਹੜੇ ਵਿਚ ਜਾ ਸਮਾਏ। ਨੈਣਾਂ ਵਾਲੇ ਦਾਤੇ ਨੇ ਨੈਣ ਤੱਕੇ, ਨੈਣਾਂ ਤੋਂ ਢਲਦਾ ਨੀਰ ਤੱਕਿਆ, ਲਖ ਲਿਆ ਭਾਵ। ਵਾਕ-ਸਾਂਟ ਨਹੀਂ ਹੋਈ, ਹੋ ਗਈ ਭਾਵ-ਸਾਂਟ। ਧਰਤੀ ਤੋਂ


www.sikhbookclub.com

ਉਚੀ ਹੋ ਆਈ ਉਦੈ-ਸੂਰ ਦੀ ਟਿਕੀ ਵਾਂਙੂ ਸੂਰਜਾਂ ਦੇ ਸੂਰਜ ਦੀ ਦੇਹੀ। ਹਾਂ ਤੇਜ ਦੀਆਂ ਕਿਰਨਾਂ ਛੋੜਦੇ ਉਠ ਬੈਠੇ ਨੂਰ ਦੇ ਬੁੱਕੇ-ਲਸ ਲਸ ਕਰਦੇ ਪੰਘਰੇ ਸੋਨੇ ਦੀ ਆਭਾ ਦੇਂਦੇ ਹੋਏ-ਬਾਂਹ ਫੜ ਲਈ ਬ੍ਰਿਧ ਦੀ : "ਉਠੋ ਕੁੰਗੂ ਕਟੋਰੀਆਂ ਵਾਲੇ ਕੇਸਰਾਂ ਦੇ ਤਿਲਕ ਦਾਤਾ ਜੀਓ! ਲੈ ਚੱਲੋ ਜਿਥੇ ਗੁਰੂ ਨਾਨਕ ਦੀ 'ਰਜ਼ਾ-ਵੀਣਾ' ਨਾਲ ਇਕ ਸੁਰ ਹੋਏ 'ਕਾਰ ਕਮਾਉਣੀ ਹੈ :-

"ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ।"

(ਵਾਰ ਆਸਾ ਮ: ੧)

ਬ੍ਰਿਧ ਜੀ ਉਠ ਬੈਠੇ, ਟੁਰ ਪਏ ਉਸ ਗੁਰੂ ਨਾਨਕ ਨੂੰ ਧਿਆਉਂਦੇ ਜਿਸ ਨੇ ਆਖਿਆ ਸੀ "ਲਾ ਬਈ ਲਹਿਣੇ ਦੇ ਮੱਥੇ ਤੇ ਤਿਲਕ, ਤੈਨੂੰ ਸੋਝੀ ਬਖਸ਼ੀ ਗੁਰੂ ਸਿਆਣ ਦੀ।" ਹਾਂ ਟੁਰ ਪਏ ਬਾਂਹ ਫਧਾਈ ਉਸੇ ਗੁਰੂ ਨਾਨਕ ਦੇ ਹੱਥ, ਜਿਸ ਨੂੰ ਤਿਲਕ ਦਿੱਤਾ ਸੀ ਗੁਰਿਆਈ ਦਾ। ਆ ਗਏ ਬਾਹਰ ਮਾਈ ਵਿਰਾਈ ਦੇ ਵਿਹੜੇ ਵਿਚ! ਜਿੱਥੇ ਡੱਠੀ ਹੋਈ ਸੀ ਮੰਜੀ, ਚਿਟੇ ਚਿਟੇ ਖੇਸ ਨਾਲ ਵਿਛਾਈ ਹੋਈ। ਉਦਾਲੇ ਆ ਖੜੋਤੀ ਦਿਲ ਸੱਧਰਾਂ ਦੇ ਅਰਘੇ ਲੈਕੇ ਨਿੱਕੀ ਜਿਹੀ ਸੰਗਤ, ਜਿਵੇਂ ਸਮੁੰਦਰ ਦੇ ਕਿਨਾਰੇ ਸੂਰਜ ਪ੍ਰੇਮੀ ਪੂਜਾ-ਪੁਸ਼ਪ ਲੈ ਕੇ ਬੈਠੇ ਹੁੰਦੇ ਹਨ ਸਵੇਰੇ ਉਦੇ-ਸੂਰਜ ਦੀਆਂ ਦਰਸ਼ਨ-ਤਾਂਘਾ ਵਿਚ। ਸਿਖਾਂ ਦੇ ਤਾਂਘਦੇ ਨੈਣਾਂ ਵਿਚ ਜਦੋਂ ਪਈ ਦਰਸ਼ਨ ਦਾਤ ਗੁਰੂ ਨਾਨਕ ਦੇ ਉਸੇ ਚਿਹਰੇ ਵਰਗੇ ਚਿਹਰੇ ਦੀ ਜੋ ਦੇਖਦੇ ਹੁੰਦੇ ਸਨ ਕਰਤਾਰਪੁਰ, ਤਾਂ ਕਾਂਗਾਂ ਵਾਂਙੂ ਚੜ੍ਹ ਆਇਆ ਪ੍ਰੇਮ ਦਾ ਰੌ, ਸਿਰ ਨਿਉਂ ਗਏ ਤੇ ਜਾ ਲਗੇ ਧਰਤੀ ਉਤੇ ਪਜਾਰ ਦੇ ਅਮਿਤ ਭਾਰ ਨਾਲ ਨੀਉਂਦੇ ਨੀਉਂਦੇ। ਹੁਣ 'ਤੇਜ-ਮਯ ਪਰ ਮਿਹਰ ਸਰੂਪ ਜੀ' ਬੈਠ ਗਏ ਮੰਜੀ ਉਤੇ। ਦਰਸ਼ਨ ਪਿਆਸੇ ਨੈਣਾਂ ਨੇ ਚਾ ਲਿਆ। ਪਿਆਰ ਨਾਲ ਲਦੇ ਸਿਰਾਂ ਨੂੰ ਤੇ ਕੀਤੋ ਨੇ ਪਲੰਘ ਉਤੇ ਬੈਠੀ ਦਰਸ਼ਨ ਦੇਂਦੀ ਦਿਆਲ ਮੂਰਤੀ ਦਾ ਦਰਸ਼ਨ ਤੇ ਹਜ ਰਜ ਪੀਤੋ ਨੇ 'ਦਰਸ਼ਨ-ਅੰਮ੍ਰਿਤ'।

# ੭. ਬਲਵੰਡ।

**ਐਉਂ** ਪ੍ਰਗਟੇ ਕਦੇ ਅਪ੍ਰਗਟ ਨਾ ਹੋਣ ਵਾਲੇ ਅਰਸ਼ਾ ਦੇ ਸੂਰਜ। ਲੰਘ ਗਈ ਬਦਲੀ ਥੋੜਾ ਚਿਰ ਆਛਾਦਾਨ ਕਰਨ ਵਾਲੀ ਥੋੜੇ ਥਾਂ ਵਿਚ, ਕਦੇ ਨਾ ਛਾਦੇ ਜਾ ਸਕਣ ਵਾਲੇ ਨੂੰ। ਗੁਰੂ ਜੀ ਦੇ ਪ੍ਰਗਟ ਹੁੰਦੇ ਹੀ ਜਿਨਾਂ ਪਹਿਲੇ ਦਰਸਨ ਪਾਏ ਉਨ੍ਹਾਂ ਵਿਚੋਂ ਇਕ ਹੋਰ ਸਜਨ ਸੀ-ਬਲਵੰਡ। ਕੌਣ ਸੀ ਬਲਵੰਡ? ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਾਲ ਸਖਾਈ ਮਿਤ੍ਰ ਸੇਵਕ ਤੇ ਕੀਰਤਨੀਆਂ-ਮਰਦਾਨਾਂ-ਪ੍ਰਲੋਕ ਚਲਾ ਗਿਆ ਸੀ ਤਾਂ ਸ੍ਰੀਜੀ ਨੇ ਬਲਵੰਡ ਨੂੰ ਉਸ ਦੀ ਥਾਵੇਂ ਕੀਰਤਨੀਆਂ ਥਾਪਿਆ ਸੀ, ਜੋ ਕਰਤਾਰਪੁਰ ਵਿਚ ਤਦ ਤੋਂ ਗੁਰੂ ਕੇ ਹਜ਼ੂਰ ਕੀਰਤਨ ਕਰਦਾ ਰਿਹਾ। ਮਹਿਮਾ ਪ੍ਰਕਾਸ਼ ਵਾ: ਮੂਜਬ ਇਸ ਨੂੰ ਗੁਰੂ ਜੀ ਨੇ ਤਲਵੰਡੀ ਤੋਂ ਮੰਗਵਾਇਆ ਸੀ (ਸਫਾ ੧੯) ਪਰ ਮ: ਪ੍ਰ: ਛੰ: ਮੂਜਬ ਬਲਵੰਡ ਜੰਗਲ (ਮਾਲਵੇ) ਤੋਂ ਆਇਆ ਸੀ (ਸਫਾ ੧੯੫)। ਜੇ ਇਧਰ ਟੋਲ ਕਰੋ ਤਾਂ ਇਉਂ ਕਹਿੰਦੇ ਹਨ ਕਿ ਇਸ ਦਾ ਪਿਛਾ ਜੀਂਦ ਰਿਆਸਤ ਵਿਚ ਪਿੰਡ 'ਮਟ ਪੁਰ ਲੰਮਾ' ਦਾ ਸੀ[੨੦]। ਹਾਲ ਕੀ, ਜਦੋਂ ਸ੍ਰੀ ਆਦਿ ਗੁਰੂ ਜੀ ਨੇ ਗੱਦੀ ਗੁਰੂ ਅੰਗਦ ਜੀ ਨੂੰ ਬਖਸ਼ੀ ਤੇ ਕੁਝ ਸਮੇਂ ਮਗਰੋਂ ਸਚਖੰਡ ਜਾਣ ਲਗੇ ਤਾਂ ਬਲਵੰਡ ਨੂੰ ਬੀ ਗੁਰੂ ਅੰਗਦ ਦੇਵ ਜੀ ਦੇ ਨਾਲ ਖਡੂਰ ਜਾਣਦਾ ਹੁਕਮ ਹੋ ਗਿਆ ਸੀ[੨੧]। ਜਦੋਂ ਗੁਰੂ ਜੀ ਸਚਖੰਡ ਚਲੇ ਗਏ ਤੇ ਗੁਰੂ ਅੰਗਦ ਦੇਵ ਜੀ ਗੁਪਤ ਹੋ ਬਿਰਾਜੇ ਤਾਂ ਬਲਵੰਡ ਢੂੰਢਦਾ ਖਡੂਰ ਆਯਾ। ਇਥੇ ਇਸ ਦੀ ਭੂਆ ਤੇ ਉਸਦਾ ਪੁਤ ਸੱਤਾ ਰਹਿੰਦੇ ਸਨ[੨੨]। ਸੱਤਾ ਛੋਟੇ ਹੁੰਦਿਆਂ ਪਿਤਾ ਰਹਿਤ ਹੋ ਗਿਆ ਸੀ ਤੇ ਬਲਵੰਡ ਇਸ ਦੀ ਖਬਰਗੀਰੀ ਨੂੰ ਆਇਆ ਕਰਦਾ ਸੀ। ਹੁਣ ਬਲਬੰਡ ਉਸ ਪਾਸ ਆਕੇ ਟਿਕ ਗਿਆ ਤੇ ਗੁਰੂ ਜੀ ਦੀ ਲੱਗਾ ਭਾਲ ਕਰਨ। ਕਈ ਵੇਰ ਮਾਈ ਵਿਰਾਈ ਦੇ ਪਾਸ ਆਵੇ, ਪੁੱਛੇ! ਪਰ ਉਹ ਨਾ ਤਾਂ ਕੂੜ ਮਾਰਕੇ ਛੁਪਾਵੇ ਤੇ ਨਾ ਗੁਰੂ ਕੀ ਆਗਿਆ ਨਾ ਹੋਣ ਕਰਕੇ ਉਸ ਨੂੰ ਪਤਾ ਹੀ ਦੱਸੇ, ਅੱਜ ਜਦ ਗੁਰੂ ਜੀ ਪ੍ਰਗਟ ਹੋਏ ਤਾਂ ਬਲਵੰਡ ਯਾ ਤਾਂ ਪ੍ਰਗਟ ਹੋਣ ਸਮੇਂ 'ਭਾਈ ਬੁੱਢਾ ਆ ਗਿਆ' ਇਹ ਗੱਲ ਸੁਣਕੇ ਮਾਈ ਦੇ ਘਰ ਪਹਿਲੋਂ ਪੁੱਜ ਗਿਆ ਸੀ, ਯਾ ਪ੍ਰਗਟ ਹੋਣ ਦੀ ਖਬਰ ਉਡਦੇ ਸਾਰ ਪੁੱਜ ਗਿਆ ਸੀ; ਆਉਂਦੇ ਸਾਰ ਧਾ ਕੇ ਮਹਾਰਾਜ ਜੀ ਦੇ ਚਰਨਾਂ ਨੂੰ ਲਿਪਟ ਗਿਆ।


www.sikhbookclub.com

ਸਤਿਗੁਰੂ ਨੇ ਮਿਹਰ ਕੀਤੀ, ਸਿਰ ਤੇ ਪਿਆਰ ਦਿੱਤਾ, ਤੇ ਭਾਈ ਬੁੱਢੇ ਨੇ ਆਖਿਆ : 'ਕਰ ਭਾਈ ਬਲਵੰਡ ਕੀਰਤਨ, ਸੰਭਾਲ ਆਪਦੀ ਰੱਬੀ ਸੇਵਾ'। ਬਲਵੰਡ ਰਬਾਬ ਲੈ ਆਇਆ ਤੇ ਕੀਰਤਨ ਆਰੰਭ ਹੋ ਗਿਆ[੨੩]। ਬਲਵੰਡ ਨੇ ਸੱਤੇ ਨੂੰ ਬੀ ਨਾਲ ਲੈ ਲਿਆ ਤੇ ਆਸਾ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਸ਼ਬਦ ਮਧੁਰ ਧੁਨਿ ਨਾਲ ਗਾਇਨ ਕੀਤਾ :-[੨੪]

ਆਸਾ ਮਹਲਾ ੧॥

ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ॥
ਵਡੈ ਭਾਗਿ ਸਤਿਗੁਰੁ ਮਿਲੈ
ਪਾਈਐ ਪਦੁ ਨਿਰਬਾਣੀ॥੧॥
ਮੈ ਓਲ੍ਹਗੀਆ ਓਲ੍ਹਗੀ ਹਮ ਛੋਰੂ ਥਾਰੇ॥
ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ॥੧॥ਰਹਾਉ॥ ਦਰਸਨ ਕੀ ਪਿਆਸਾ ਘਣੀ ਭਾਣੈ ਮਨਿ ਭਾਈਐ॥
ਮੇਰੇ ਠਾਕੁਰ ਹਾਥਿ ਵਡਿਆਈਆ
ਭਾਣੈ ਪਤਿ ਪਾਈਐ॥੨॥
ਸਾਚਉ ਦੂਰਿ ਨ ਜਾਣੀਐ ਅੰਤਰਿ ਹੈ ਸੋਈ॥
ਜਹ ਦੇਖਾ ਤਹ ਰਵਿ ਰਹੇ ਕਿਨਿ ਕੀਮਤਿ ਹੋਈ॥੩॥
ਆਪਿ ਕਰੇ ਆਪੇ ਹਰੇ ਵੇਖੈ ਵਡਿਆਈ॥
ਗੁਰਮੁਖਿ ਹੋਇ ਨਿਹਾਲੀਐ ਇਉ ਕੀਮਤਿ ਪਾਈ॥੪॥
ਜੀਵਦਿਆ ਲਾਹਾ ਮਿਲੈ ਗੁਰ ਕਾਰ ਕਮਾਵੈ॥
ਪੂਰਬਿ ਹੋਵੈ ਲਿਖਿਆ ਤਾਂ ਸਤਿਗੁਰੁ ਪਾਵੈ॥੫॥
ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ॥
ਮਨਮੁਖੁ ਅੰਧੁ ਨ ਚੇਤਈ ਕਿਉ ਦਰਸਨੁ ਪਾਏ॥੬॥
ਤਾ ਜਗਿ ਆਇਆ ਜਾਣੀਐ ਸਾਚੈ ਲਿਵ ਲਾਏ॥
ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਏ॥੭॥
ਅਹਿਨਿਸਿ ਰਹੈ ਨਿਰਾਲਮੋ ਕਾਰ ਧੁਰ ਕੀ ਕਰਣੀ॥
ਨਾਨਕ ਨਾਮਿ ਸੰਤੋਖੀਆ ਰਾਤੇ ਹਰਿ ਚਰਣੀ॥੮॥

## ੮. ਸੌਂਧੇ ਸ਼ਾਹ।

**ਸ਼ਬਦ** ਦਾ ਭੋਗ ਪੈਂਦੇ ਸਾਰ ਮਾਈ ਵਿਰਾਈ ਕਾਹਲੀ ਨਾਲ ਘਰੋਂ ਬਾਹਰ ਆ ਗਈ ਤ ਇਕ ਕਾਮੇ ਨੂੰ ਸਦਵਾ ਕੇ ਸੰਘਰ ਟੋਰਿਆ- 'ਜਾਹ ਕਹੁ ਮੇਰੀ ਭਰਜਾਈ ਨੂੰ, ਅਜ ਤੇਰਾ ਪਤੀ "ਜਗਤ ਪਤੀ" ਹੋਕੇ ਪ੍ਰਗਟਿਆ ਹੈ ਤੇ ਗੁਰ ਗੱਦੀ ਸੰਭਾਲ ਲਈ ਹੈ। ਆ ਤੇ ਛੇਤੀ ਆ......ਆ ਤੇ ਚੜ੍ਹਦੇ ਚੰਦ ਨੂੰ ਜੁਹਾਰਾਂ ਕਰ।'

ਕਾਮਾ ਰਵਾਂ ਰਵੀਂ ਰਵਾਨਾ ਹੋ ਗਿਆ। ਇੰਨੇ ਨੂੰ ਭਾਈ ਬੁੱਢਾ ਜੀ ਅੰਦਰੋਂ ਨਿਕਲ ਕੇ ਬਾਹਰ ਮਾਈ ਪਾਸ ਆ ਖੜੋਤੇ। ਆਖਣ ਲਗੇ:-ਭੈਣ ਜੀ! ਹੁਣੇ ਗੁਰੂ ਪ੍ਰਗਟਣ ਦੀਆਂ ਧੁੰਮਾਂ ਪੈ ਜਾਣੀਆਂ ਹਨ, ਤੇ ਨੇੜ ਨੇੜੇ ਦੇ ਸਿਖਾਂ ਨੇ ਆਉਣ ਲੱਗ ਪੈਣਾ ਹੈ, ਲੰਗਰ ਪਾਣੀ ਦੀ ਕੁਛ ਵਿਉਂਤ ਕਰ ਲੈਣੀ ਚਾਹੀਏ।

ਮਾਈ ਉੱਤਰ ਦੇਣ ਹੀ ਲੱਗੀ ਸੀ ਕਿ ਊਠ ਦੇ ਗਲ ਟੱਲੀਆਂ ਦੀ ਆਵਾਜ਼ ਸੁਣਾਈ ਦਿੱਤੀ। ਮਾਈ ਭਾਈ ਦੋਹਾਂ ਦੀਆਂ ਨਜ਼ਰਾਂ ਉਠ ਗਈਆਂ। ਇੰਨੇ ਨੂੰ ਇਕ ਸਾਰਵਾਨ ਊਠ ਦੀ ਮੁਹਾਰ ਹੱਥ ਫੜੀ ਆਉਂਦਾ ਦਿਖਾਈ ਦਿੱਤਾ। ਜੋ ਰਵਾਂ ਰਵੀਂ ਆਉਂਦਾ ਇਨ੍ਹਾਂ ਪਾਸ ਆ ਕੇ ਖੜੋ ਗਿਆ, ਆਖਣ ਲਗਾ- "ਭਲਾ ਹੋਵੀ ਦੱਸੀਂ ਵੀਰਾ! ਕਿਤੇ ਇਸ ਪਿੰਡ ਜਾਹਰ ਹੋਇਆ-ਨਾ, ਨਾ, ਪਰਗਟ ਹੋਇਆ ਹੈ... ਗੁਰੂ।" ਬੁੱਢੇ ਨੇ ਹਰਿਆਨ ਹੋ ਕੇ ਪੁਛਿਆ : "ਗੁਰੂ ਪ੍ਰਗਟ ਪ੍ਰਗਟ! ਹੱਛਾ ਕੀ ਕੰਮ ਆ ਗੁਰੂ ਨਾਲ?" ਸਾਰਵਾਨ ਨੇ ਆਖਿਆ : "ਮੈਨੂੰ ਕੇ ਪਤਾ ਗਵਾਰ ਨੂੰ, ਡੋਂਗਰ ਵਲੋਂ ਆਇਆ ਹਾਂ, ਸੌਂਧੇ ਸ਼ਾਹ ਨੇ ਘਲਿਆ ਏ। ਲੁਬਾਣਿਆਂ ਦਾ ਵਡਾ ਸ਼ਾਹ ਏ ਨਾ ਸੌਂਧੇ ਸ਼ਾਹ, ਮੈਨੂੰ ਆਖਣ ਲਗਾ-ਬੇਲੀਆ! -ਆਪਣਾ ਊਠ ਲੱਦ ਲੈ, ਖੰਡ ਨਾਲ, ਚਾਵਲਾਂ ਨਾਲ, ਕੁਛ ਹੋਰ ਰਸਦ ਬੀ ਹਈ; ਥੋੜੀ ਇਹ ਬੀ ਰਖ ਲੈ। ਤੂੰ ਤਾਂ ਚਲ ਰਵਾਂ ਰਵੀਂ ਤੇ ਅਸੀਂ ਬੀ ਸਾਰੀ ਸੰਗ...ਸੰਗਤ ਮਗਰੇ ਆਉਂਦੇ ਹਾਂ, ਹੋਰ ਰਸਦ ਪਾਣੀ ਨਾਲ ਲਿਆਵਾਂਗੇ। ਪਰ ਅਸੀਂ ਸਾਰੇ ਜ਼ਰਾ ਡੇਰੀ ਨਾਲ ਪਹੁੰਚਾਂਗੇ......ਆਖਣ ਲਗਾ, ਵਗ ਜਾ ਵੀਰਾ! ਖਹਿਰਿਆਂ ਦੇ ਖਡੂਰ; ਅਟਕੀਂ ਨਾ ਕਿਤੇ ਤੇ ਸ਼ਪਾ ਸ਼ਪ ਜਾਵੀਂ ਜੋ ਇਹ ਚਾਵਲ, ਖੰਡ ਜਿੱਭ ਲਗ ਜਾਏ ਹਜ਼ੂਰ ਦੀ, ਜ਼ਹੂਰ ਹੁੰਦੇ ਸਾਰ। ਹਾਂ ਵੀਰਾ! ਮਗਰੇ ਆ ਰਹੀ ਊ ਲੁਬਾਣਿਆਂ ਦੀ ਭੀੜ, ਨਹੀਂ ਨਹੀਂ ਸੰਗ...ਤ ਹੈਂ? ਡੋਂਗਰਾਂ ਤੋਂ ਆ ਰਿਹਾ ਹੈ ਸਾਥ ਚੋਖਾ ਸ਼ਾਹ ਸਮੇਤ। ਮੈਨੂੰ ਸ਼ਾਹ ਆਖਣ ਲਗਾ-ਓਥੇ ਜ਼ਹੂਰ


www.sikhbookclub.com

ਹੋਣਾ ਏ ਹਜ਼ੂਰ ਦਾ। ਨਾ, ਨਾ, ਵੀਰਾ! ਮੈਂ ਭੁੱਲਾ, ਓਨ ਆਖਿਆ : ਓਥੇ ਪਰਗਟ ਹੋਣਾ ਏਂ ਗੁਰੂ ਨੇ ਤੇ ਜੁੜਨਾ ਏਂ ਲੁਕਾਈ ਨੇ। ਵਗ ਜਾ ਮੇਰੇ ਵੀਰਾ! ਕੋਈ ਜੀਅ ਸਾਂਹੀਂ ਦਾ ਭੁਖਾ ਨਾ ਰਹਵੇ ਓਥੇ, ਭਾਗ ਹੋਣ ਮੇਰੇ ਤਾਂ ਕੋਈ ਦਾਣਾ ਹਜ਼ੂਰ ਦੇ ਮੂੰਹ ਬੀ ਲੱਗ ਜਾਵੇ ਪਹਿਲੋਂ, ਹੈਂ ਵੀਰਾ! ਸ਼ਾਹ ਕਾਹਲੀ ਕਾਹਲੀ ਗੱਲ ਕਰਦਾ ਸੀ, ਸਾਹ ਚੜਿਆ ਹੋਇਆ ਸਾਸੁ ਖੁਸ਼ੀ ਵਿਚ। ਮੈਂ ਆਖਿਆ: ਸ਼ਾਹ ਜੀ, ਕੋਈ ਨਾਂ ਪਤਾ ਤਾਂ ਦੱਸੋ, ਕੋਈ ਥਹੁ ਦੱਸੋ। ਆਖਣ ਲੱਗਾ 'ਦੂਜ ਦੇ ਚੰਦ ਦਾ ਕੀ ਨਾਂ ਤੇ ਕੀ ਪਤਾ ਦੱਸਾਂ। ਖਹਿਰਿਆਂ ਦੇ ਖਡੂਰ ਜਾਹ ਸਿੱਧਾ, ਉਥੇ ਜਾ ਦੇਖੀਂ, ਜਿਧਰ ਜੱਗ ਜੁਹਾਰਾਂ ਕਰ ਰਿਹਾ ਹੋਵੇ, ਉਥੇ ਹੋਸੀ ਦੂਜ ਦਾ ਚੰਦ। ਲੁਕਾਈ ਦੀਆਂ ਜੁਹਾਰਾਂ ਦੀ ਸੇਧ ਵਿਚ ਦਿੱਸ ਪਏਗਾ ਤੈਨੂੰ ਵੀਂ। ਸੋ ਸ਼ਾਲਾ, ਜੀਵੇਂ ਜੁਗ ਚਾਰ! ਮੈਂ ਰਵਾਂ ਰਵੀਂ ਉੱਠ ਭਜਾਈ, ਖਡੂਰ ਆ ਪਹੁਤਾ ਹਾਂ, ਪਰ ਅਜੇ ਲੁਕਾਈ ਨਈਂ ਦਿੱਸੀ...ਨਾਂ ਪਿੰਡੋਂ ਬਾਹਰ, ਨਾ ਅੰਦਰ, ਪੁੱਛਿਆ ਦਸਾਇਆ ਬੀ ਥਹੁ ਨਹੀਂ ਪਿਆ ਚੰਦ ਪੀਰ ਦਾ।"

ਮਾਈ ਤੇ ਭਾਈ ਵਿਸਮਯ ਹੋ ਹੋ ਕੇ ਇਕ ਦੂਜੇ ਵੱਲ ਤੱਕ ਰਹੇ ਸਨ, ਕਿ ਦੋਹਾਂ ਪਾਸਿਆਂ ਤੋਂ ਥੋੜੇ ਕੁ ਆਦਮੀਆਂ ਦੇ ਜੈਕਾਰੇ ਗਜਾਂਦਿਆਂ ਦੀ ਆਵਾਜ਼ ਆਈ:- 'ਗੁਰ ਨਾਨਕ ਤੇਰੀ ਸਦਾ ਈ ਜੈਂ' 'ਗੁਰੂ ਅੰਗਦ ਦੇਵ! ਤੇਰੀ ਸਦਾ ਈ ਜੈਂ। ਪਲੋਪਲੀ ਵਿਚ ਦੁਵੱਲਿਓਂ ਕੁਛ ਆਦਮੀ ਆ ਪਹੁੰਚੇ ਤੇ ਵਿਰਾਈ ਦੇ ਘਰ ਦੇ ਖੁੱਲ੍ਹੇ ਬੂਹੇ ਵਿਚੋਂ ਪਲੰਘ ਤੇ ਬੈਠੀ ਗੁਰੂ ਜੋਤਿ ਨੂੰ ਵੇਖ ਵੇਖ ਕਾਹਲੀ ਕਾਹਲੀ ਇਕ ਦੂਏਂ ਤੋਂ ਅੱਗੇ ਵਧਦੇ ਦਲ੍ਹੀਜਾਂ ਤੇ ਸਿਰ ਰਖਦੇ ਅੰਦਰ ਲੰਘਦੇ ਗਏ। ਹੁਣ ਬੁੱਢੇ ਨੇ ਮੁਸਕ੍ਰਾਕੇ ਆਖਿਆ, ਭਾਈ ਸਾਰਵਾਨਾ! ਅਹੁ ਹੋ ਰਹੀਆਂ ਨੀ ਜੁਹਾਰਾਂ ਦੁਤੀਆਂ ਦੇ ਚੰਦ ਨੂੰ, ਚਾਰ ਦਸ ਕਦਮ ਹੋਰ ਅਗੇ ਹੋਕੇ ਕਰ ਲੈ ਤੂੰ ਵੀ ਦੀਦਾਰ। ਸਾਰਵਾਨ ਨੇ ਅੱਗੇ ਜਾਕੇ ਖੁੱਲੇ ਬੂਹੇ ਜਾਣੀ ਦਰਸ਼ਨ ਕੀਤੇ, ਤੇ ਦੋਵੇਂ ਗੋਡੇ ਜੋੜਕੇ ਸਿਜਦਾ ਕੀਤੋਸੁ। ਫਿਰ ਦੋਜ਼ਾਨੂੰ ਹੋਕੇ ਬੈਠ ਗਿਆ। ਨੈਣ ਭਰ ਆਏ, ਤੇ ਰਸਨਾ ਆ ਮੁਹਾਰੀ ਏਸ ਉਚਾਰਨ ਵਿਚ ਲੱਗ ਪਈ, 'ਵਾਹ ਅੱਲਾ ਵਾਲੇ! ਵਾਹ ਅੱਲਾ ਵਾਲੇ!!'

ਉਧਰ ਮਾਈ ਤੇ ਭਾਈ ਓਥੇ ਹੀ ਖੜੇ ਵਿਸਮਯ ਹੋ ਹੋ ਕੇ ਤੱਕ ਰਹੇ ਸਨ ਕਿ ਭਾਈ ਬੁੱਢੇ ਦਾ ਰੰਗ ਖ਼ਦਲਦਾ ਗਿਆ। ਹੁਣ ਭਾਈ ਨੇ ਲੰਮਾ ਸਾਹ ਲੈ ਕੇ ਆਖਿਆ : "ਮਾਈ! ਮੱਤ ਮਾਣ ਕਰੇਂ ਕਿ ਮੈਂ ਮਾਣ ਮਹੱਤ ਵਾਲੀ ਹਾਂ, ਜੋ ਮੇਰੇ ਘਰ ਗੁਰੂ ਮਹੀਨਿਆਂ ਭਰ ਮਗਨ ਟਿਕਿਆ ਰਿਹਾ ਤੇ ਮੈਂ ਛੁਪਾਈ ਰਖਿਆ ਏ। ਤੇ ਹੇ ਮੇਰੇ ਮਨ! ਤੂੰ ਬੀ ਮਾਨ ਨ ਕਰ, ਕਿ ਮੈਂ ਹੀ ਮਤਿਵਾਨ ਤੇ ਕਿਸੇ ਮਹੱਤਤਾ ਵਾਲਾ ਹਾਂ, ਜਿਨ੍ਹੇ ਮਹੀਨਿਆਂ ਦੇ ਲੋਪ ਹੋਏ ਸਮਰਥ ਮਾਲਕ ਨੂੰ ਪ੍ਰਗਟ ਕਰ ਦਿਖਾਇਆ ਹੈ। ਦੇਖ ਪ੍ਰਗਟ ਹੋਣ ਤੋਂ ਪਹਿਲੇ ਹੀ ਪਤੇ ਹਨ ਲੋਕਾਂ ਨੂੰ ਪ੍ਰਗਟ ਹੋਣ ਦੇ ਦਿਨ ਦੇ ਤੇ ਉਸ ਵੇਲੇ ਦੇ......! ਗੁਰੂ ਨਾਨਕ ਦਾ ਘਰ ਹਉਮੈ-ਨਿਵਾਰੀ ਹੈ। ਹਾਂ, ਮਨਾਂ ਗਰਬ -ਨਿਵਾਰੀ ਹੈ ਇਹ ਘਰ।"

ਇਹ ਕਹਿੰਦਿਆਂ ਗੁਰੂ ਨੂੰ ਤਿਲਕ ਦੇਣਹਾਰੇ ਦੇ ਨੈਣਾਂ ਵਿਚੋਂ ਸੁਹਣੇ ਅੱਥਰੂ ਮਲਕੜੇ ਮਲਕੜੇ ਤਿਲਕਦੇ ਨੂਰੀ ਦਾੜੇ ਵਿਚ ਲੁਕਣ ਲੱਗ ਪਏ ਤੇ ਨੈਣ ਮੁੰਦ ਹੋ ਗਏ।

ਉਧਰ ਮਾਈ ਦੇ ਨੈਣਾਂ ਨੇ ਛਹਿਬਰ ਲਾ ਦਿੱਤੀ ਥੋੜੇ ਚਿਰ ਬਾਹਦ ਬਾਬੇ ਦੀਆਂ ਤਰੋ ਤਰ ਝਿੰਮਣੀਆਂ ਫੇਰ ਖੁੱਲ੍ਹੀਆਂ, ਫਰਕਦੇ ਬੁੱਲ੍ਹਾਂ ਨੂੰ ਠਰੰਮਾਂ ਦੇ ਕੇ ਬਾਬਾ ਫੇਰ ਬੋਲਿਆ-"ਭੈਣੀ! ਲੋਕੀਂ ਪੁੱਛਦੇ ਹਨ ਰੱਬ ਦਿਖਦਾ ਨਹੀਂ : ਦੇਖ ਭੈਣੀ! ਉਸ ਦੀ ਵਡਿਆਈ, ਰੱਬ ਦਾ ਜਲਾਲ ਕੀਕੂੰ ਡੁਲ੍ਹ ਡੁਲ੍ਹ ਪੈਂਦਾ ਹੈ, ਪਰ ਕੋਈ ਅਲੋਕਾਰੀ ਕੌਤਕ ਵਰਤੇ ਤਾਂ ਦਿੱਸੇ। ਗੁਰੂ ਨੂੰ ਲੱਭ ਲੈਣ ਵਿਚ ਇਕ ਤਰ੍ਹਾਂ ਮੇਰੀ ਵਡਿਆਈ ਦਾ ਪ੍ਰਕਾਸ਼ ਸੀ ਤੇ ਇਸ ਸਾਰਵਾਨ ਦੇ ਕੌਤਕ ਵਿਚ ਮੇਰੀਛੁਟਿਆਈ ਦਾ ਵੀ ਪ੍ਰਕਾਸ਼ ਸੀ, ਪਰ ਦੇਖ ਭੈਣੀ! ਜਦ ਮੈਂ ਗੁਰੂ ਨਾਨਕ ਦਾ ਘਰ 'ਹਉਮੈ-ਨਿਵਾਰੀ' ਕਹਿਕੇ ਦੋਹਾਂ ਕੌਤਕਾਂ ਦੀ ਸੰਨ੍ਹ ਵਿਚੋਂ ਤੱਕਿਆ ਤਾਂ ਮੈਨੂੰ ਰੱਬ ਦਾ ਜਲਾਲ ਡਲ੍ਹਕਾਂ ਮਾਰਦਾ ਪ੍ਰਤੱਖ ਨਜ਼ਰੀਂ ਪੈ ਗਿਆ। ਭੈਣੀ! ਰੱਬ ਵੱਡਾ ਹੈ, ਰੱਬ ਵੱਡਾ ਹੈ, ਅਮਿਤ ਵੱਡਾ ਹੈ।" ਇਹ ਸੁਣਦੀ ਸੁਣਦੀ, ਬਾਬੇ ਦੇ ਡੂੰਘੇ ਭਾਵਾਂ ਦੇ ਮਗਰ ਮਗਰ ਮਾਈ ਦੀ ਸੁਰਤ ਜਾਂਦੀ ਜਾਂਦੀ 'ਮਾਂਈਂ ਦੀਦਾਰੇਂ ਵਿਚ ਆ ਗਈ ਤੇ ਬੋਲੀ :- ਸੱਚ ਵੀਰਾ ਰੱਬ ਵੱਡਾ ਹੈ। ਇਹ ਕਹਿੰਦਿਆਂ ਗੁੰਮ ਹੋ ਗਈ ਫੇਰ ਮਾਈ। ਪਲ ਕੁ ਸਸਤਾਕੇ ਮਾਈ ਫੇਰ ਬੋਲੀ :-

ਵੀਰਾ ਤੇਰੀ ਵਾਕ-ਛੁਹ ਨਾਲ ਮੈਨੂੰ ਬੀ ਰੱਬੀ ਜਲਾਲ ਦਾ ਝਲਕਾ ਵੱਜਾ ਹੈ। ਗੁਰਮਤ ਰੱਬ ਦੀ ਸੁੰਦਰਤਾ ਤੇ ਜਲਾਲ ਸਾਰੇ ਹੈ, ਪਰ ਕੋਈ ਕੌਤਕ-ਅਨੂਠੇ ਕੌਤਕ-ਵਰਤਣ ਤਾਂ ਹੀ ਸਾਡੇ ਨੈਣ ਖੁੱਲ੍ਹਦੇ ਹਨ; ਜੋ ਜਲਾਲ ਨੂੰ ਅਨੁਭਵ ਕਰਦੇ ਹਨ। ਕਹਿਣੇ ਨੂੰ ਤਾਂ ਬਾਂਗੀ ਰੋਜ਼ 'ਅਲਾ ਹੂ ਅਕਬਰ' ਕੂਕਦਾ ਸੁਣੀਂਦਾ ਹੈ; ਪਰ ਕੂਕਣ ਵੇਖਣ ਨਹੀਂ ਤੇ ਵੇਖਣ ਕੂਕਣ ਨਹੀਂ, ਵੇਖਣ ਤਾਂ ਜਰਣ ਤੇ ਜਿਊਰਣ ਹੈ, ਹਾਂ, ਵੇਖਣ ਸਮਾਉਣ ਹੈ। ਮੇਰੇ ਦਾਤੇ ਨੇ ਤਦੋਂ ਆਖਿਆ ਸੀ :-

ਸੁਣਿ ਵਡਾ ਆਖੈ ਸਭੁ ਕੋਇ॥
ਕੇਵਡੁ ਵਡਾ ਡੀਠਾ ਹੋਇ॥
ਕੀਮਤਿ ਪਾਇ ਨ ਕਹਿਆ ਜਾਇ॥
ਕਹਣੈ ਵਾਲੇ ਤੇਰੇ ਰਹੇ ਸਮਾਇ॥

(ਆਸਾ ਮ: ੧)

ਵੀਰਾ...ਵੀਰਾ...ਵੀਰਾ...। ਗੁਰਿਆਈ ਤਾਂ ਗੁਰ ਅੰਗਦ ਦੇਵ ਜੀ ਜੋਗ ਮਿਲੀ, ਜਿਸ ਦੀ ਵਸਤੂ ਸੀ ਉਸ ਦੇ ਘਰ ਗਈ ਪਰ ਤੈਨੂੰ ਬੀ ਮੇਰੇ ਪੂਰੇ ਗੁਰੂ ਨਾਨਕ ਨੇ ਕਿਸੇ ਗਲੇ ਊਰਾ ਨਹੀਂ ਰਖਿਆ, ਗੁਰੂ ਪ੍ਰਗਟਾਉਣ ਦੇ ਉਪਕਾਰ ਨਾਲ ਤੈਨੂੰ ਚੜ੍ਹਦੇ ਪੱਖ ਦੀ ਹਉਮੈਂ ਨੇ ਲੇਸ਼ ਨਹੀਂ ਲਾਇਆ ਤੇ ਸਾਰਵਾਨ ਦੇ ਕੌਤਕ ਨੇ ਤੈਨੂੰ ਢਹਿੰਦੇ ਪੱਖ ਦੀ ਹਉਂ ਨੇ ਲੇਸ਼ ਨਹੀਂ ਲਾਇਆ, ਦੋਹਾਂ ਦੀ ਮੰਨ੍ਹ ਤੇਰੇ ਲਈ ਬਦਲੀ ਵਾਂਗੂ ਫਟ ਗਈ ਤੇ ਤੇਰੇ ਸ਼ੁਧ ਆਪੇ ਨੇ 'ਰੱਬ ਵਡਾ ਹੈ' ਵੇਖ ਲਿਆ :-

ਵਡਾ ਸਾਹਿਬੁ ਊਚਾ ਥਾਉ॥
ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥ (ਜਪੁਜੀ-੨੪)

ਤੇ ਤੇਰੀ ਮਿਹਰ ਭਰੀ ਵਾਕ-ਛੁਹ ਨਾਲ ਮੇਰੇ ਆਪੇ ਨੂੰ ਬੀ 'ਸੁਣਿ ਵਡਾ' ਆਖਣ ਦੀ ਥਾਂ 'ਵਡਾ ਡੀਠਾ' ਹੋ ਗਿਆ। ਕਹਿੰਦੇ ਕਹਿੰਦੇ ਮਾਈ ਦੇ ਨੈਣ ਫੇਰ ਭਰ ਆਏ ਤੇ ਫਰਨ ਫਰਨ ਕਰਕੇ ਬੰਦ ਹੋ ਗਏ।

ਫੇਰ ਦੋਏ ਸਾਵਧਾਨ ਹੋਕੇ ਹਜ਼ੂਰ ਆਏ, ਮੱਥਾ ਟੇਕਿਆ ਤੇ ਬਹਿ ਗਏ। ਸ੍ਰੀ ਗੁਰੂ ਜੀ ਨੇ ਬੁੱਢੇ ਦੇ ਸਿਰ ਹੱਥ ਧਰਕੇ ਕਿਹਾ-ਗੁਰੂ ਨਾਨਕ ਦੇ ਨਿਹਾਲ ਕੀਤੇ ਪਿਆਰੇ! ਸਦਾ ਨਿਹਾਲ! ਤੇਰੀ ਗੁਰ ਪਰਮੇਸ਼ਰ ਨਾਲ ਬਣ ਆਈ, ਸਦਾ ਬਣੀ ਰਹੇਗੀ। ਤੇਰੀ ਹੀ ਨਹੀਂ ਤੇਰੀ ਵੰਸ਼ ਗੁਰੂ ਕੀ ਗਾਦੀ ਦੇ ਨਾਲ ਨਾਲ ਟੁਰੀ ਰਹੇਗੀ। ਸਦਾ ਬਣੀ ਰਹੇਗੀ ਤੇਰੀ ਤੇ ਤੇਰਿਆਂ ਦੀ। ਫਿਰ ਮਾਈ ਵੱਲ ਤੱਕੇ :- ਗੁਰ ਨਾਨਕ ਦੀ ਤਾਰੀ ਮਾਈ! ਨਿਹਾਲ ਹੋਈ ਮਾਈ! ਸਦਾ ਨਿਹਾਲ! ਤੇਰੀ ਚੁਪ, ਅਜਰ ਜਰਨ ਵਾਲਾ ਜੇਰਾ, ਤੇਰੀ ਘਾਲ ਦਰ ਪਰਵਾਨ। ਗੁਰੂ ਨਾਨਕ ਦੀਆਂ ਸਦਾ ਖੁਸ਼ੀਆਂ ਤੇਰੇ ਤੇ! ਨਿਹਾਲ[੨੫]!

ਕੁਛ ਚਿਰ ਬੈਠੇ ਰਹੇ ਰਸ-ਮਗਨ ਦੋਇ ਕਿ ਇੰਨੇ ਨੂੰ ਚੋਧਰੀ ਮਹਿਮਾ ਆ ਗਿਆ ਤੇ ਦੋਹਾਂ ਵੱਲ ਤੱਕ ਕੇ ਬੋਲਿਆ : ਪਿੰਡ ਦੇ ਪ੍ਰੇਮੀਆਂ ਤਾਂ ਸੁਣ ਲਈ ਹੈ ਖੁਸ਼ੀ ਦੀ ਸੋ ਤੇ ਆ ਰਹੇ ਹਨ, ਦੁਕੋਹੀ-ਚੁਕੋਹੀ ਬੀ ਖਬਰਾਂ ਗਈਆਂ ਹਨ। ਅਚਰਜ ਹੈ ਤਾਂ ਇਹ ਕਿ ਡੋਂਗਰਾਂ ਦੀ ਸੰਗਤ ਦਾ ਊਠ ਕਿਵੇਂ ਆ ਪਹੁਤਾ ਵੇਲੇ ਸਿਰ, ਕਿੰਵ ਲਖ ਲਿਆ ਦੂਰ ਬੈਠਿਆਂ ਸੌਧੇ ਸ਼ਾਹ ਨੇ ਅੱਜ ਦੇ ਕੌਤਕ ਨੂੰ ਪਹਿਲੋਂ ਹੀ। ਗੁਰੂ ਕੀ ਗਤਿ ਗੁਰੂ ਜਾਣੇ। ਫੇਰ ਮੱਥਾ ਟੇਕਿਓਸੁ ਗੁਰੂ ਜੀ ਨੂੰ ਤੇ ਆਖਣ ਲੱਗਾ-ਤੁਸਾਡੀਆਂ ਤੁਸੀਂ ਜਾਣੋਂ ਰੱਬ ਵਾਲਿਓ! ਜੀਵ ਦੀ ਕੀ ਪਾਯਾਂ ਏ। ਫੇਰ ਤੱਕਿਆ ਦੋਹਾਂ ਵੱਲ ਤੇ ਬੋਲਿਆ-ਆਗਿਆ ਲਓ ਤੇ ਚੱਲਕੇ ਬਾਨਣੂੰ ਬੰਨ੍ਹ ਲਈਏ, ਆ ਰਹੀ ਸਿਖ ਸੰਗਤਿ ਦਾ। ਸਾਰਵਾਨ ਦੱਸਦਾ ਹੈ ਕਿ ਲੁਬਾਣਿਆਂ ਦੀ ਸੰਗਤ ਬੀ ਕਲ ਤੱਕ ਅੱਪੜ ਪੈਣੀ ਹੈ। ਉਹ ਬੀ ਚੋਖੀ ਹੈ। ਇਉਂ ਗੱਲ ਬਾਤ ਕਰਕੇ ਤ੍ਰੈਏ ਬਾਹਰ ਚਲੇ ਗਏ।

ਭਾਈ ਬੁੱਢਾ ਤੇ ਚੋਧਰੀ ਜੀ ਤਾਂ ਹੁਣ ਪ੍ਰਬੰਧ ਕਰਨ ਚਲੇ ਗਏ, ਉਤਾਰੇ ਤੇ ਹੋਰ ਰਸਦ ਦਾ; ਮਾਈ ਵਿਰਾਈ ਜੀ ਨੇ ਓਸੇ ਆਪਣੀ ਹਵੇਲੀ ਵਿਚ ਲੰਗਰ ਰਿੱਝਣ ਪੱਕਣ ਦਾ ਪ੍ਰਬੰਧ ਕਰ ਦਿੱਤਾ। ਪਹਿਲਾ ਖਿਆਲ ਮਹਿਰਿਆਂ ਨੂੰ ਲਾਵਣ ਦਾ ਸੀ, ਪਰ ਫੇਰ, ਪਿੰਡ ਦੇ ਕੁਛ ਪ੍ਰੇਮੀਆਂ ਨੇ ਆਪ ਸੇਵਾ ਚਾ ਲਈ।

## ੯. ਮਾਤਾ ਖੀਵੀ।

**ਏਨੇ** ਨੂੰ ਸੰਘਰ ਤੋਂ ਬੀਬੀ ਖੀਵੀ ਆ ਪਹੁੰਚੀ। ਏਸ ਵੇਲੇ ਵਿਰਾਈ ਮਾਈ ਗਲੀ ਵਿਚ ਰਾਹ-ਤਕਾਈ ਕਰ ਰਹੀ ਸੀ, ਧਾ ਕੇ ਜਾ ਗਲ ਮਿਲੀ :- ਭਾਬੀ ਵਧਾਈਆਂ, ਲੱਖ ਲੱਖ ਵਧਾਈਆਂ; ਆ


www.sikhbookclub.com

ਮਿਲ ਉਸ ਮਾਲਕ ਨੂੰ, ਜਿਸ ਤੈਨੂੰ ਆਖਿਆ ਸੀ, ਤੈਨੂੰ 'ਤੂੰ ਨਾ ਵਿਛੜਸੇਂ, ਪਰ ਕਿੰਵ? ਉਹ ਜਾਣਦਾ ਹੈ।' ਆ ਹੁਣ ਅਵਿਛੜ ਹੋ ਕੇ ਮਿਲੇ ਨੂੰ ਮਿਲ, ਉਂਵ ਕਿ ਜਿਸ ਤਰ੍ਹਾਂ ਉਸਦੀ ਰਜ਼ਾ ਹੋਵੇ ਮੇਲ ਲੈਣ ਦੀ। ਇਉਂ ਕਹਿੰਦਿਆਂ ਦੋਵੇਂ ਫੇਰ ਘੁੱਟ ਗਲ ਮਿਲੀਆਂ ਤੇ ਤੁਰ ਪਈਆਂ ਘਰ ਨੂੰ। ਖੀਵੀ ਨੇ ਮੁਹਾਠ ਤੇ ਸਿਰ ਧਰਿਆ, ਮਸਤਕ ਨੂੰ ਲਗ ਗਈ ਚਰਨ ਰਜ ਜੋ ਉਡੀਕ ਰਹੀ ਸੀ ਕਿ ਕਦ ਖੀਵੀ ਆਵੇ ਤੇ ਚੰਬੜ ਜਾਵਾਂ ਉਸ ਦੇ ਮਸਤਕ ਨੂੰ। ਹੁਣ ਬੀਬੀ ਅੱਗੇ ਵਧੀ, ਬੈਠੀ ਹੋਈ ਸੰਗਤ ਸਾਰੀ ਅਦਬ ਨਾਲ ਉੱਠ ਖੜੀ ਹੋਈ। ਮਾਈ ਨੇ ਆਪਣੇ ਕੰਬਦੇ ਕੰਬਦੇ ਸਿਰ ਨੂੰ ਚਰਨਾਂ ਤੇ ਜਾ ਧਰਿਆ। ਦਾਤੇ ਨੇ ਸਿਰ ਤੇ ਹੱਥ ਰੱਖ ਕੇ ਆਖਿਆ: ਨਿਹਾਲ! ਹੱਥ ਛੁਹਦਿਆਂ ਝਰਨ ਝਰਨ ਹੋਈ ਸਾਰੇ ਸਰੀਰ ਵਿਚ, ਜੋ ਲੈ ਗਈ ਖੀਵੀ ਨੂੰ ਪਰਮਾਤਮਾ ਦੀ ਗੋਦ ਵਿਚ, ਮਿਲ ਗਈ ਖੀਵੀ ਮਿਲਕੇ ਕਦੇ ਨਾ ਵਿਛੁੜਨ ਵਾਲੀ ਜੀਵਨ ਤਾਰ ਵਿਚ ਫੇਰ ਬਚਨ ਹੋਇਆ: 'ਨਿਹਾਲ। ...ਹੁਣ ਦਾਤੇ ਨੇ ਸਿਰ ਤੋਂ ਹਥ ਚਾ ਲਿਆ। ਖੀਵੀ ਚਰਨਾਂ ਤੋਂ ਸਿਰ ਚਾ ਕੇ ਹਥ ਜੋੜ ਕੇ ਖੜੋ ਗਈ-''ਦਾਤਾ! ਰਜ਼ਾ ਵਿਚ ਰਖੋ ਰਾਜ਼ੀ, ਦਾਤ ਬਖਸ਼ੋ ਦਰਸ਼ਨ ਦੀ। ਸੰਘਰ ਤੋਂ ਰੋਜ ਆਕੇ ਇਕ ਝਾਕੀ ਲੈ ਜਾਇਆ ਕਰਾਂ। ਜੇ ਰਜ਼ਾ ਹੋਵੇ ਤਾਂ ਖਡੂਰ ਆ ਰਹਵਾਂ, ਤੇ ਦਰਸ਼ਨ ਦਾਤ ਰੋਜ਼ ਲੈ ਲਿਆ ਕਰਾਂ।" ਸਾਹਿਬਾਂ ਨੇ ਬੰਦ ਨੈਣ ਖੋਹਲੇ ਤੇ ਖੀਵੀ ਵਲ ਤੱਕ ਕੇ ਬੋਲੇ: "ਜਦੋਂ ਮੇਰੇ ਦਾਤਾ ਨੇ ਮੈਨੂੰ ਸ਼ਬਦ ਦਾਨ ਕਰਨ ਦਾ ਕੜਛਾ ਬਖਸ਼ਿਆ ਸੀ, ਤਦੋਂ ਤੇਰੇ ਹਿੱਸੇ ਅੰਨ ਦੇਣ ਦਾ ਕੜਛਾ ਆਇਆ ਸੀ, ਵਰਤਾ[੨੬]।"

ਰਮਜ਼ਾਂ ਸਮਝਣ ਵਾਲੀ ਵਿਰਾਈ ਲੰਗਰ ਵੱਲ ਉਠ ਗਈ ਤੇ ਕਿ ਵਡੀ ਕੜਛੀ ਲਿਆ ਕੇ ਸਾਹਿਬਾਂ ਦੇ ਅੱਗੇ ਧਰ ਦਿੱਤੀ-''ਪਾਤਸ਼ਾਹ! ਮੇਰੇ ਗੁਰੂ ਨਾਨਕ ਰਾਜ ਦੇਂ ਰਾਜ ਧਨੀ! ਗੁਰ ਨਾਨਕ ਨੇ ਸ਼ਬਦ ਦਾਨ ਦਾ ਕੜਛਾ ਆਪ ਆਪਣੇ ਹਥੀਂ ਆਪ ਨੂੰ ਸੌਂਪਿਆ ਸੀ, ਅੰਨ ਦਾਨ ਦਾ ਇਹ ਕੜਛਾ ਆਪ ਆਪਣੇ ਹਥੀਂ ਰਜ਼ਾ ਵਿਚ ਰਾਜ਼ੀ ਮੇਰੀ ਭਰਜਾਈ ਨੂੰ ਦਾਨ ਕਰੋ।" ਸਾਹਿਬ ਵਿਰਾਈ ਵੱਲ ਤਕੇ ਤੇ ਮੁਸਕ੍ਰਾਏ। ਫੇਰ ਕੜਛਾ ਚਾ ਕੇ ਸ੍ਰੀ ਖੀਵੀ ਜੀ ਨੂੰ ਬਖਸ਼ਿਆ ਤੇ ਲੰਗਰ ਵਲ ਤੱਕੇ। ਵਿਰਾਈ ਭਰਜਾਈ ਨੂੰ ਨਾਲ ਲੈ ਕੇ ਲੰਗਰ ਵਿਚ ਚਲੀ ਗਈ ਤੇ ਇਕ ਰੰਗੀਲਾ ਪੀਹੜਾ ਡਾਹ ਕੇ ਉਤੇ ਬਿਠਾ ਦਿਤੋਸੁ : ਆਖਣ ਲੱਗੀ :- ਮੇਰੇ ਰਾਜ ਜੋਗ ਦੇ ਰਾਜੇ ਵੀਰ ਦੀ ਰਾਣੀ! ਵਰਤਾ, ਹੁਕਮ ਹੈ ਦਾਤੇ ਦਾ, ਵਰਤਾ। ਤੇਰੇ ਦੁਆਰਿਓਂ ਕੋਈ ਖਾਲੀ ਨਾ ਜਾਏ। ਦੇਖ ਗੁਰੂ ਨਾਨਕ ਦਾ 'ਗ੍ਰਿਹਸਤ ਨਿਰਬਾਣ ਮਾਰਗ'! ਅਤੀਤ ਹੈ ਤੇਰਾ ਪਤੀ, ਅਤੀਤ ਬਣਾਇਆ ਸੂ ਤੈਨੂੰ, ਫੇਰ ਦੇਖੋ ਗ੍ਰਿਹਸਤ ਹੈ, ਧੰਨ ਗੁਰੂ ਨਾਨਕ!

ਅਗਲੇ ਦਿਨ ਆ ਪਹੁੰਚੀ ਲੁਬਾਣਆਂ ਦੀ ਸੰਗਤ ਡੋਂਗਰਾਂ ਤੋਂ ਸੌਧੇ ਸ਼ਾਹ ਸਣੇ ਤੇ ਕਣਕ, ਚਾਵਲ, ਖੰਡ, ਰਵਾ, ਮੈਦਾ, ਘਿਉ, ਆਟਾ ਅਨੇਕ ਪਦਾਰਥ ਲੈ ਆਏ ਬੈਲਾਂ ਤੇ ਲੱਦੀ। ਆ ਭੇਟ ਕੀਤੇ ਹਜ਼ੂਰ ਦੀ। ਗਹਿਮਾ ਗਹਿਮ ਹੋ ਗਈ ਖਡੂਰ ਵਿਚ। ਰੌਣਕਾਂ ਲੱਗ ਗਈਆਂ।

- o -

## ੧੦. ਲਾਹੌਰ ਦੀ ਸੰਗਤ।

**ਲਾਹੌਰ** ਦੁਨੀ ਚੰਦ ਲਖਪਤੀ ਰਹਿੰਦਾ ਸੀ। ਗੁਰ ਨਾਨਕ ਦੇਵ ਨੇ ਇਸ ਨੂੰ ਤਾਰਿਆ ਸੀ। ਤਦ ਤੋਂ ਇਸ ਨੇ ਆਪਣੀ ਹਵੇਲੀ ਢਾਹਕੇ ਧਰਮਸਾਲ ਬਣਾਈ ਸੀ[੨੭]। ਇਕ ਗੁੱਠੇ ਆਪਣੇ ਰਹਿਣ ਲਈ ਦੋ ਕੋਠੜੀਆਂ, ਇਕ ਸੁਫਾ ਤੇ ਇਕ ਬਰਸਾਤੀ ਵਾਲਾ ਨਿੱਕਾ ਜਿਹਾ ਘਰ ਬਣਾਇਆ ਸੀ। ਧਰਮ ਸਾਲ ਵਿਚ ਅੰਮ੍ਰਿਤ ਵੇਲੇ ਤੇ ਸੰਝਾਂ ਵੇਲੇ ਸੰਗਤ ਆ ਜੁੜਦੀ ਤੇ ਓਥੇ ਪਾਠ ਤੇ ਕੀਰਤਨ ਹੁੰਦਾ। ਦੁਪਹਿਰਾਂ ਵੇਲੇ ਦੁਨੀ ਚੰਦ ਦੋ ਘੜੀਆਂ ਮੰਡੀ ਚਲਾ ਜਾਂਦਾ ਤੇ ਥੋੜਾ ਵਿਹਾਰ ਕਾਰ ਕਰਕੇ ਇੰਨਾ ਕੁਛ ਕਮਾ ਲਿਆਉਂਦਾ; ਜਿਸ ਨਾਲ ਧਰਮਸਾਲ ਦਾ ਖਰਚ, ਆਪਣੇ ਅਤੇ ਸਾਧ ਸੰਤ ਦੀ ਰੋਟੀ ਪਾਣੀ ਦੀ ਸੇਵਾ ਤੇ ਆਪਣੇ ਘਰ ਦਾ ਗਰੀਬੀ ਦਾਵੇ ਦਾ ਨਿਰਬਾਹ ਟੁਰਿਆ ਰਹੇ। ਪਹਿਲਾਂ ਲੱਖਾਂ ਦੀ ਕਮਾਈ ਤਾਂ ਗੁਰ ਆਗਿਆ ਵਿਚ ਲੋੜਵੰਦਾਂ ਵਿਚ ਵੰਡ ਚੁਕਾ ਸੀ, ਹੁਣ ਤਾਂ ਉਸ ਦਾ ਜੀਵਨ ਸੀ ਥੋੜਾ ਖੱਟਣਾ, ਵੰਡ ਛਕਣਾ ਤੇ ਭਲਾ ਕਰਨਾ; ਆਪ ਭਲੇ ਰਾਹੇ ਟੁਰਨਾ ਤੇ ਹੋਰਨਾਂ ਨੂੰ ਟੋਰਨਾਂ। ਇਸ ਦੇ ਇਸ

ਮਹਾਨ ਤਜਾਗ ਦੇ ਉਚੇ ਮੁਚੇ ਜੀਵਨ ਤੇ ਗੁਰੂ ਨਾਨਕ ਪ੍ਰਸੰਨ ਸਨ। ਜਦ ਕਦੇ ਆਪ ਜੀ ਦੀ ਫੇਰੀ ਲਾਹੌਰ ਪੈਂਦੀ ਤਦ ਆਪ ਇਸੇ ਪਾਸ ਆ ਠਹਿਰਦੇ ਹੁੰਦੇ ਸਨ ਅਰ ਆਪਣੇ ਜੀਵਨ-ਦਾਤੇ ਦਰਸ਼ਨਾਂ ਨਾਲ ਤੇ ਆਪਣੇ ਪਜਾਰ ਭਰੇ ਬਚਨ-ਨਾਦ ਨਾਲ ਇਸ ਦੇ ਜੀਵਨ ਨੂੰ ਸੁਹਣੇ ਤੋਂ ਸੁਹਣਾ ਬਣਾਉਂਦੇ ਹੁੰਦੇ ਸਨ। ਇਹ ਗੁਰੂ ਸੁਆਰਿਆ ਪ੍ਰੇਮੀ ਪੁਰਸ਼ ਭੀ ਪੰਜ ਛੇ ਮਹੀਨੇ ਤੋਂ ਗੁਰੂ ਨਾਨਕ ਦੇਵ ਜੀ ਦੇ ਬਿਰਹੇ ਵਿਚ ਵਿਆਕੁਲ ਸੀ। ਰਸੀਆ ਸੀ ਨਾਮ ਦਾ, ਵਾਹਿਗੁਰੂ ਨੂੰ ਵਿਆਪਕ ਵੇਖਦਾ ਸੀ ਵੀਰਾਂ ਵਿਚ ਤੇ ਵਿਆਪਕ ਵੇਂਹਦਾ ਸੀ ਵਾਹਿਗੁਰੂ ਨੂੰ ਵਿਸ਼੍ਵ ਵਿਚ-ਸਾਰੀ ਕੁਦਰਤ ਵਿਚ, ਫਿਰ ਬੀ ਗੁਰੂ ਵਿਛੋੜੇ ਦੀ ਵਜਥਾ (ਪੀੜਾ) ਵੈਰਾਗਿਆ ਰੱਖਦੀ ਸੀ। ਹਾਂ, ਵੈਰਾਗਿਆ ਰਹਿੰਦਾ ਸੀ ਇਸ ਦਾ ਮਨ ਉਸ ਮਿਤ੍ਰ ਵਿਚੋਲੇ ਦੇ ਵਿਯੋਗ ਨਾਲ, ਜਿਸ ਦੇ ਮੇਲੇ ਨਾਲ ਪਛਾਣਿਆ ਸੀ ਕੰਤ ਨੂੰ। ਅੱਜ ਧਰਮਸਾਲ ਭੋਗ ਪੈਣ ਤੇ ਸੰਗਤ ਦੇ ਵਿਦਾ ਹੋ ਜਾਣ ਮਗਰੋਂ ਕਿਸੇ ਵੈਰਾਗ ਦੇ ਵੇਗ ਵਿਚ ਆ ਬੈਠਾ ਵਹੁਟੀ ਪਾਸ-ਸੁਫ਼ੇ ਵਿਚ।

ਦੁਨੀ ਚੰਦ-ਭਾਗਵੰਤੀਏ! ਗੁਰੂ ਨਾਲਕ ਕਿਉਂ ਟੁਰ ਗਏ ਸਾਥੋਂ ਪਹਿਲੇ?

ਭਾਗਵੰਤੀ ਦੇ ਨੈਣ ਵੀ ਭਰ ਆਏ, ਕੁਛ ਬੋਲ ਨਾ ਸਕੀ।

ਦੁਨੀ ਚੰਦ-ਮੈਨੂੰ ਜਦੋਂ ਸੂਈ ਦਿਤੀਓ ਨੇ ਤੇ ਬਚਨ ਕੀਤੇ ਨੇ "ਦੁਨੀ ਚੰਦ ਇਹ ਸੰਭਾਲ ਰਖ, ਅੱਗੇ ਚਲ ਕੇ ਲਵਾਂਗੇ ਤੈਥੋਂ" ਤਦੋਂ ਮੈਂ ਜਾਤਾ ਸੀ ਕਿ ਦੁਨੀ ਚੰਦ ਨੇ ਦੁਨੀਆਂ ਤੋਂ ਪਹਿਲੇ ਟੁਰਨਾ ਹੈ, ਪਰ ਮੈਨੂੰ ਨਹੀਂ ਸੀ ਪਤਾ ਕਿ ਪਹਿਲੋਂ ਟੁਰਨਗੇ ਸੂਈ ਲੈਣ ਵਾਲੇ ਤੇ ਦੇਣ ਵਾਲਾ ਬੈਠਾ ਰਹੇਗਾ ਪਿਛੇ ਦੁਨੀਆਂ ਵਿਚ! (ਸਿਰ ਫ਼ੇਰ ਕੇ) ਹਾ, ਹਾ ਤੇ ਛੋੜ ਜਾਣਗੇ ਵਿਲਕਦੇ ਨੂੰ ਓਸੇ ਦੁਨੀਆਂ ਵਿਚ, ਜਿਸ ਤੋਂ ਵੈਰਾਗ ਕਰਾਇਆ ਸਾਨੇ ਆਪ...(ਅੱਥਰੂ ਕਿਰਦੇ ਰਹੇ ਤੇ ਚੁਪ ਛਾਈ ਰਹੀ)। (ਫ਼ੇਰ ਬੋਲਿਆ)-ਬੜੀ ਮਿਹਰ ਕਰਦੇ ਸਨ, ਬੜਾ ਪਿਆਰ ਕਰਦੇ ਸਨ, ਮੈਂ ਸਮਝਿਆ ਬੱਸ ਮੈਨੂੰ ਹੀ ਪਿਆਰ ਕਰਦੇ ਹਨ। ਜੇ ਇਹ ਗਲ ਹੁੰਦੀ ਤਾਂ ਕੱਲਿਆਂ ਕਿਉਂ ਟੁਰ ਪੈਂਦੇ, ਨਾਲ ਕਿਉਂ ਨਾ ਲੈਕੇ ਟੁਰਦੇ?

ਭਾਗਵੰਤੀ-ਮੈਨੂੰ ਤਾਂ ਜਦੋਂ ਤੁਸੀਂ ਸੂਈ ਲਿਆ ਕੇ ਦਿੱਤੀ ਸੀ ਕਿ ਸੰਭਾਲ ਕੇ ਰੱਖ, ਅੱਗੇ ਚੱਲਕੇ ਗੁਰੂ ਨੂੰ ਦੇਣੀ ਹੋਵੇਗੀ, ਮੈਂ ਤਾਂ ਤਦੋਂ ਹੀ ਲਖ ਲਿਆ ਸੀ, ਬਈ ਸਾਨੂੰ ਸੁੱਤਿਆਂ ਨੂੰ ਜਗਾਉਣ ਆਪ ਆਇਆ ਏ। ਤਾਹੀਓਂ ਮੈਂ ਆਖਿਆ; ਮੋੜ ਆਓ ਸੂਈ ਤੇ ਕਹੋ,-ਜੀ! ਸਰੀਰ ਨਹੀਂ ਜਾਣਾ ਨਾਲ, ਸੂਈ ਜਾਸੀ ਕਿੱਥ? ਤਦੋਂ ਸੁਹਦੇ ਸਾਂਈਂ ਨੇ ਤੁਸਾਂ ਦੇ ਸੀਨੇ ਕੱਸਕੇ ਮਾਰਿਆ ਤੀਰ ਪਿਆਰ ਦਾ। ਅਸੀਂ ਹੋ ਗਏ ਸਾਰੇ ਗੁਰੂ ਨਾਨਕ ਦੇ ਤੇ ਗੁਰ ਨਾਨਕ ਹੋ ਗਿਆ ਸਾਡਾ।

ਇਹ ਕਹਿਕੇ ਚੁਪ ਹੋ ਗਈ। ਫੇਰ ਕੁਛ ਸੋਚਕੇ ਬੋਲੀ:-ਪ੍ਰਾਣ ਪਤੀ ਜੀਓ! ਤੁਸਾਨੂੰ ਯਾਦ ਹੋਊ ਉਹ ਗੱਲ ਜੋ ਸ੍ਰੀ ਗੁਰੂ ਜੀ ਨੇ ਸਾਨੂੰ ਆਪਣੀ ਪਿਛਲੀ ਫੇਰੀ ਵਿਚ ਸਮਝਾਈ ਸੀ।

ਦੁਨੀ ਚੰਦ-ਮੇਰੇ ਯਾਦ ਨਹੀਂ, ਯਾਦ ਕਰਾ ਦਿਓ ਨਾ।

ਇਹ ਸੁਣ ਕੇ ਸੁਆਣੀ ਬੋਲੀ-ਜੀਓ ਜੀ! ਗੁਰੂ ਜੀ ਨੇ ਆਖਿਆ ਸੀ: ਦੁਨੀਆਂ ਦੇ ਸਾਰੇ ਤਲਾਵਾਂ ਨੂੰ ਚੰਦ੍ਰਮਾਂ ਅਪਣਾ ਲੈਂਦਾ ਹੈ, ਕਿਹੜੇ ਤਲਾਂ ਵਿਚ ਸਾਰਾ ਨਹੀਂ ਹੁੰਦਾ ਤੇ ਕਿਹੜਾ ਤਲਾ ਹੈ ਜਿਹੜਾ ਉਸ ਨੂੰ ਸਾਰਾ ਆਪਣਾ ਨਹੀਂ ਜਾਣਦਾ ਤੇ ਉਹ ਬੀ ਜਿਸ ਵਿਚ ਹੈ ਉਸ ਦਾ ਸਾਰਾ ਹੈ; ਉਹ ਇਕ ਇਕ ਦਾ ਬੀ ਹੈ ਤੇ ਸਾਰਿਆਂ ਦਾ ਬੀ ਹੈ।

ਫੇਰ ਆਪ ਨੇ ਸਮਝਾਇਆ ਸੀ ਕਿ ਅਸੀਂ ਨਿਰਜਿੰਦ ਤਲਾ ਨਹੀਂ, ਅਸੀਂ ਸਜੀਵ ਹਾਂ, ਸਾਨੂੰ ਚਾਹੀਦਾ ਹੈ ਕਿ ਚੰਦ ਨੂੰ 'ਨਿਰਾ ਅਪਣਾ' ਤੇ ਹੋਰ ਕਿਸੇ ਦਾ ਨਾਂ ਕਦੇ ਨਾ ਸਮਝੀਏ। ਉਹ ਸਾਡਾ ਬੀ ਹੈ ਤੇ ਹੋਰ ਸਾਰਿਆਂ ਦਾ ਬੀ ਹੈ। ਸੋ ਸਾਈਆਂ ਜੀਓ! ਜੇ ਆਪਣੇ ਪ੍ਰੀਤਮ ਦੇ ਹੁਕਮ ਵਿਚ ਟੁਰਨ ਲਗਿਆਂ ਗੁਰੂ ਨਾਨਕ ਦੇਵ ਜੀ ਹਰ ਹਿਕ ਨੂੰ ਨਾਲ ਲੈ ਟੁਰਦੇ ਤਾਂ ਪਿੱਛੇ ਕੌਣ ਰਹਿ ਜਾਂਦਾ? ਗੁਰੂ ਸੁਆਰੇ ਜੀਓ! ਇਹ ਦੁਖ ਕਿਉਂ ਕਰੀਏ ਕਿ ਜੇ ਸਾਡੇ ਹੁੰਦੇ ਤਾਂ ਸਾਨੂੰ ਨਾਲ ਲੈ ਟੁਰਦੇ! ਸਾਂਈਂ ਜੀ! ਤੁਸੀਂ ਸੱਚੇ ਹੋ, ਪ੍ਰੇਮ ਵਿਚ ਉਚੇ ਹੋ, ਮੇਰੀ ਮਤਿ ਓਨੀ ਪ੍ਰੇਮ ਗੁੱਧੀ ਨਹੀਂ ਹੈ; ਪਰ ਜੇ ਸੋਚ ਕਰੀਏ ਤਾਂ ਗੁਰੂ ਨਾਨਕ ਟੁਰਿਆ ਵੀ ਏ ਤੇ ਨਹੀਂ ਬੀ ਟੁਰਿਆ। 'ਟੁਰ ਗਏ' ਦੇ ਦਰਸ਼ਨ ਆਪ ਸਾਡੇ ਦਿਲਾਂ ਵਿਚ ਪਾ ਗਿਆ ਏ, ਤੇ ਨਾ ਟੁਰ ਗਏ ਦੇ ਦਰਸ਼ਨ ਏਥੇ



www.sikhbookclub.com

ਹੈਨ, ਜੇ ਅਸੀਂ ਨਹੀਂ ਟੋਲ ਸਕੇ ਤਾਂ ਸਾਡੀ ਟੋਲ ਕਸਰਾਂ ਵਾਲੀ ਤੇ ਅਸੀਂ ਕੱਸੇ......ਹਾਂ ਕੱਸੇ। ਇਹ ਕਹਿਕੇ ਬੀਬੀ ਦੇ ਬੀ ਅੱਥਰੂਆਂ ਦੀ ਤਾਰ ਬੱਝ ਗਈ।

ਦੁਨੀ ਚੰਦ-ਭਾਗ ਭਰੀਏ, ਅਸੀਂ ਕੱਸੇ ਠੀਕ, ਜੇ ਸਾਡੇ ਵਿਚ ਪਿਆਰ ਪੂਰਾ ਹੁੰਦਾ ਤਾਂ ਹੁਣ ਤਾਈਂ ਟੋਲ ਲੈਂਦੇ। ਇੰਨੇ ਨੂੰ ਕਿਸੇ ਨੇ ਸੁਫੇ ਦਾ ਬੂਹਾ ਖੜਕਾਇਆ ਤੇ ਅਵਾਜ਼ ਆਈ–ਦੁਨੀ ਚੰਦ ਵੀਰਾ! ਵੀਰਾ ਹੋ।

ਦੁਨੀ ਚੰਦ ਉੱਠ ਕੇ ਬੂਹਾ ਖੋਹਲਣ ਨੂੰ ਆਇਆ। ਕੁੰਡਾ ਖੋਹਲਦਿਆਂ ਤਾਈਂ ਬਾਹਰੋਂ ਅਵਾਜ਼ ਆਈ, "ਲਾਧੋ ਰੇ, ਲਾਧੋ ਰੇ, ਗੁਰੂ ਨਾਨਕ ਲਾਧੋ ਰੇ।" ਕੁੰਡਾ ਖੁਲ੍ਹਦਿਆਂ ਸਾਰ ਅਵਾਜ਼ ਦੇਣ ਵਾਲੇ ਨੇ ਘੁੱਟ ਕੇ ਜੱਫੀ ਪਾ ਲਈ ਦੁਨੀ ਚੰਦ ਨੂੰ ਤੇ ਆਖਿਆ-"ਲਾਧੋ ਰੇ ਗੁਰੂ ਨਾਨਕ", ਨਾਲ ਪੰਝੀ ਤੀਹ ਅਵਾਜ਼ਾਂ ਹੋਰ ਆਈਆਂ "ਲਾਧੋ ਰੇ ਗੁਰੂ ਨਾਨਕ"। ਏਨੇ ਨੂੰ ਪੰਝੀ ਤੀਰ ਹੋਰ ਅਵਾਜ਼ਾਂ ਧਰਮਸਾਲ ਵਿਚ "ਲਾਧੋ ਰੇ, ਲਾਧੋ ਰੇ," ਕੂਕਦੀਆਂ ਆ ਵੜੀਆਂ। ਫੇਰ ਸਾਰੇ ਸਤਿਸੰਗ ਵਾਲੇ ਵਡੇ ਦਲਾਨ ਵਿਚ ਆ ਗਏ। ਜਿਸ ਚੌਕੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਸੰਗਤ ਵਿਚ ਆਕੇ ਬੈਠਿਆ ਕਰਦੇ ਸਨ, ਉਸ ਦੇ ਪਾਸ ਹੀ ਭਾਈ ਸੈਣੇ ਨੇ, ਜੋ ਦੁਨੀ ਚੰਦ ਨੂੰ ਜੱਫੀ ਪਾਕੇ ਲਿਆਇਆ ਸੀ, ਬਿਠਾ ਦਿੱਤਾ।

ਦੁਨੀ ਚੰਦ–ਭਾਈ ਸੈਣ! ਕਿਨ੍ਹ ਲਾਧੋ ਰੇ?

ਸੈਣ-ਜਿਨ੍ਹ ਟਿੱਕਿਆ ਉਨ੍ਹਾਂ ਟੋਲਿਆ।

ਦੁਨੀ ਚੰਦ-ਭਾਈ ਬੁੱਢੇ ਨੇ?

ਸੈਣ-ਹਾਂ।

ਦੁਨੀ ਚੰਦ (ਅਸਮਾਨਾਂ ਵੱਲ ਤੱਕ ਕੇ)-ਬੁੱਢਾ ਬੀ ਡਾਢਾ ਹੈ, ਕਿੱਡਾ ਕਰਦਾ ਸੀ ਪਿਆਰ ਮੈਨੂੰ! ਡਿੱਠਾ ਤੇਰਾ ਪਯਾਰ! ਨਾਲ ਕਿਉਂ ਨਾ ਲੈ ਗਿਓਂ ਮੈਨੂੰ, ਕੱਲਿਆਂ ਜਾ ਲੱਭਿਆ ਈ! (ਨੈਣ ਭਰ ਆਏ ਤੇ ਡੁਲ੍ਹ ਪਏ, ਫੇਰ ਥਿੜਕਵੀਂ ਅਵਾਜ਼ ਵਿਚ ਬੋਲਿਆ:) ਨਾਂ ਗੁਰੂ ਨਾਨਕ ਲੈ ਗਿਆ ਆਪਣੇ ਪ੍ਰੀਤਮ ਦੇ ਦੇਸ਼, ਨਾ ਗੁਰੂ ਨਾਨਕ ਦਾ ਸਿਖ ਲੈ ਗਿਆ ਨਾਲ ਆਪਣੇ ਪ੍ਰੀਤਮ ਦੇ ਦੇਸ਼। (ਠੰਢਾ ਸਾਹ ਲੈਕੇ) ਮੇਰਾ ਈ ਕਸੂਰ ਹੋਣਾ ਏਂ, ਮੇਰੇ ਅੰਦਰੋਂ ਅਜੇ ਮਾਇਆ ਦੀ ਮੈਲ ਨਹੀਂ ਲੱਥੀ ਹੋਣੀ। ਸਾਧ ਸੰਗਤਿ ਜੀ! ਮੇਰੀ ਕਾਈ ਦੂਰ ਕਰੋ (ਬਿਹਬਲ ਹੋਕੇ।)।

ਭਾਈ ਸੈਣ-ਭਾਈ ਦੁਨੀ ਚੰਦ! ਤੂੰ ਸਾਡਾ ਵੱਡਾ ਹੈਂ, ਤੇਰਾ ਪਯਾਰ ਡੂੰਘਾ ਹੈ, ਸਮੁੰਦਰਾਂ ਵਾਂਗ ਡੂੰਘਾ ਹੈ, ਪਰ ਵਡਿਆ ਵੀਰਾ! ਵੈਰਾਗ ਦਾ ਨਹੀਂ ਵੇਲਾ ਵਧਾਈ ਦਾ ਏ, ਸ਼ੁਕਰ ਏ, ਲੱਖ ਲੱਖ ਸ਼ੁਕਰ ਏ ਕਿ ਗੁਰੂ ਲਾਧੋ ਰੇ, (ਗੂੰਜ ਉੱਠੀ ਗੁਰੂ ਲਾਧੋ ਰੇ)। ਸ਼ੁਕਰ ਏ, ਸ਼ੁਕਰ ਏ ਲਾਧੋ ਰੇ ਵੀਰਾ! ਬੁੱਢਾ ਪਿਆਰ ਵਿਚ ਏ, ਆਪਣੇ ਲਈ ਬੀ, ਸੰਗਤਾਂ ਲਈ ਬੀ। ਉਨ੍ਹ ਧਾਈ ਕੀਤੀ ਏ ਆਪਣੇ ਚੱਕ ਤੋਂ ਸਿੱਧੀ ਛੇਤੀ ਪੁੱਜਣ ਦੀ, ਓਥੇ ਜਿਥੇ ਲੋਪ ਨਾ ਹੋ ਸਕਣ ਵਾਲਾ ਚੰਨ ਬਦਲੀ ਦੀ ਛਾਵੇਂ ਲੁਕਿਆ ਬੈਠਾ ਸੀ, ਖਡੂਰੇ ਖਹਿਰਿਆਂ ਦੇ। ਜੇ ਬੁੱਢਾ ਪਹਿਲੋਂ ਤੁਸਾਂ ਪਾਸ ਆਉਂਦਾ ਤੁਹਾਨੂੰ ਨਾਲ ਲੈ ਕੇ ਇਥੋਂ ਜਾਂਦਾ ਤਾਂ ਵਾਟ ਦੂਣੀ ਪੈਂਦੀ। ਬੁੱਢੇ ਨੂੰ ਕਾਹਲ ਪਈ ਸੰਗਤਾਂ ਦੀ ਵਯਾਕੁਲਤਾ ਹਰਨ ਦੀ, ਸਿੱਧਾ ਗਿਆ ਪਿੰਡੋ ਪਿੰਡ ਉਹ, ਕਬੂਤਰ ਜਿਵੇਂ ਜਾਂਦਾ ਏ ਸਿੱਧੀ ਉਡਾਰੀ। ਕਬੂਤਰ, ਚਿੱਠੀ ਲੈਕੇ ਚਿੱਠੀਆਂ ਪੁਚਾਉਣ ਵਾਲਾ ਕਬੂਤਰ। ਹੈਂ, ਸਿਰਕਰਦੇ ਗੁਰਮੁਖਾ! ਹੁਣ ਸਾਡੇ ਨਾਲ ਚਾਉ ਵਿਚ ਆ, ਧਮਾਹਾਂ ਪਾਈਏ ਤੇ ਗਾਵੀਏ ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ!! ਧੰਨ ਗੁ ਨਾਨਕ!!! (ਖੰਘੂਰਾ ਭਰਕੇ) ਜੇ ਬੁੱਢਾ ਤੈਨੂੰ ਨਾਲ ਨਹੀਂ ਲੇ ਟੁਰਿਆ ਤਾਂ ਤੂੰ ਨਾ ਹੁਣ ਸਿੱਧਾ ਉਡਾਰੀ ਮਾਰ ਜਾਈਂ ਆਪਣੀ ਕਾਹਲੀ ਵਿਚ! ਆਹ ਦੇਖ ਦਰਸ ਪਿਆਸੀ ਕਿੰਨੀ ਸਗਤਿ ਜੁੜ ਰਹੀ ਏ, ਕਿੰਨੀ ਸੁਣ ਸੁਣ ਕੇ ਰਵਾਂ ਰਵੀਂ ਆਉਂਦੀ ਪਈ ਏ। ਸਾਰੀ ਨੂੰ ਨਾਲ ਲੈਕੇ ਚੱਲ, ਕਰ ਦਰਸ਼ਨ ਤੇ ਕਰਾ ਦਰਸ਼ਨ।

ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ॥ (ਸਿਰੀ ਰਾ: ਮ: ੧)

ਦੁਨੀ ਚੰਦ (ਮੁਸਕਰਾਕੇ)–ਵੈਰਾਗ ਤੇ ਚਾਉ? ਮੈਂ ਵੈਰਾਗ ਵਿਚ ਹਾਂ ਤੇ ਤੁਸੀਂ ਚਾਉ ਵਿਚ ਹੋ। ਮੇਰੇ ਮਨ! ਤੂੰ ਵੀ ਆ ਜਾ ਚਾਉ ਵਿਚ (ਸੋਚ ਕੇ ਤੇ ਭਾਈ ਸੈਣ ਵੱਲ ਤੱਕ ਕੇ)। ਤੈਨੂੰ ਕਿਨ੍ਹ ਦੱਸਿਆ ਏ?

ਸੈਣ-ਮੈਨੂੰ ਦੱਸਿਆ ਏ ਇਕ ਸਿਖ ਨੇ ਜੋ ਖਡੂਰ ਦਾ ਰਹਿਣ ਵਾਲਾ ਏ। ਉਸ ਦਾ ਨਾਉਂ ਏ ਭਲਾ ਜਿਹਾ, ਚੇਤੇ ਨਹੀਂ ਆਉਂਦਾ, ਹਾਂ ਉਸ ਦਾ ਨਾਂ ਏ........ਉਸ ਨੂੰ ਲਾਹੌਰ ਕੋਈ ਸਰਕਾਰੀ ਕੰਮ ਸੀ। ਜਾਂ ਮੈਂ ਧਰਮਸਾਲੋਂ ਸੰਧਿਆ ਵੇਲੇ ਘਰ ਗਿਆ ਹਾਂ ਤਾਂ ਉਹ ਅੱਗੇ ਆਇਆ ਹੋਇਆ ਸੀ। ਆਖਣ


www.sikhbookclub.com

ਲਗਾ: ਭਾਈ ਬੁੱਢੇ ਆਖਿਆ ਏ: ਸੈਣੇ ਦੇ ਘਰ ਤੂੰ ਜਾਣਾ ਏਂ ਸਿੱਧਾ, ਹੈਂ, ਤੇ ਜਾਕੇ ਉਹਨੂੰ ਆਖੀਂ ਛੇਤੀ ਤੋਂ ਛੇਤੀ ਦੁਨੀ ਚੰਦ ਨੂੰ ਖਬਰ ਪੁਚਾ ਦੇਵੇ ਤੇ ਸੰਗਤ ਵਿਚ ਪੱਲੂ ਫੇਰ ਦੇਵੇ ਕਿ ਗੁਰੂ ਅੰਗਦ ਦੇਵ ਜੀ ਖਡੂਰ ਵਿਚ ਪ੍ਰਤੱਖ ਦਰਸ਼ਨ ਦਾਤਾਂ ਬਖਸ਼ ਰਹੇ ਹਨ। ਲੈ ਚੱਲ ਸਾਰਿਆਂ ਨੂੰ ਨਾਲ।

ਦੁਨੀ ਚੰਦ-ਸ਼ੁਕਰ, ਸ਼ੁਕਰ, ਸ਼ੁਕਰ ਚੱਲੋ ਭਈ ਚੱਲੋ ਮੇਰੀਆਂ ਚਸ਼ਮਾਂ ਤੇ ਚੱਲੋ। ਸੁਆਦ ਤਾਂ ਨੈਣਾਂ ਭਾਰ ਟੁਰਕੇ ਜਾਣ ਦਾ ਏ, ਪਰ ਪੈਰਾਂ ਭਾਰ ਹੀ ਸਹੀ, ਨਹੀਂ ਪੈਰਾਂ ਭਾਰ ਚਲਦਿਆਂ ਦੇਰ ਲਗਸੀ, ਉੱਡਕੇ ਚੱਲੀਏ, ਉਡਕੇ ਕਿੰਞ ਜਾਈਏ, ਖੰਭ ਹੈ ਨਹੀਂ। ਯੱਕਿਆਂ ਤੇ ਚੱਲੀਏ, ਸਵੇਰੇ ਈ, ਤੜ੍ਹਕੇ ਈ। ਹੁਣੇ ਜਾਓ ਕੋਈ ਅੱਡੇ ਤੋਂ ਭਾੜੇ ਕਰ ਆਓ: ਜੋ ਮੰਗਣ ਸੋ ਦੇ ਦਿਓ, ਆਖੋ ਮਲ ਦਲ ਤੇ ਨਿਹਾਰੀਆਂ ਦੇ ਕੇ ਘੋੜੇ ਤਿਆਰ ਕਰੋ; ਅਸਾਂ ਛੇਤੀ ਤੋਂ ਛੇਤੀ ਟੁਰ ਪੈਣਾਂ ਹੈ ਸੋਝਲੇ ਹੋਣ ਤੋਂ ਪਹਿਲਾਂ ਪਹਿਲਾਂ।

ਸੈਣਾ-ਚਾਹੀਦਾ ਤਾਂ ਏਵੇਂ ਹੀ ਹੈ ਪਰ ਵੀਰਾ! ਤੂੰ ਕੱਲਿਆਂ ਜਾਣਾ ਹੋਵੇ ਤਾਂ ਪੁੱਗਦੀ ਹੈ, ਚਾਹੇ ਯੱਕੇ ਤੇ ਚੱਲ ਚਾਹੋ ਸਾਂਢਣੀ ਸਵਾਰ ਚਲ। ਪਰ ਸੰਗਤਿ ਲੈ ਚਲ ਵੀਰਾ ਨਾਲ-ਤੂੰ ਉਪਕਾਰੀ ਏਂ। ਸੰਗਤ ਵਿਚ ਮਾਈ ਭਾਈ, ਬਿਰਧ ਬਾਲ ਸਾਰੇ ਹੋਏ ਬਹਿਲਾਂ ਕਰੀਏ। ਛੜੇ ਪਲਾਂਘੜੇ ਲਈ ਗੱਡੇ ਕਰ ਲਈਏ। ਖੰਡੂਰ ਅਜੇ ਧਰਮਸਾਲ ਨਹੀਂ ਪਈ, ਸੰਗਤ ਲਈ ਥਾਵਾਂ ਨਹੀਂ ਬਣੀਆਂ ਭਾਵੇਂ ਰੁਤ ਪਰਖਰੀ ਹੋ ਪਈ ਏ, ਪਰ ਮੀਂਹ ਕਣੀਆਂ ਦਾ ਕੋਈ ਪਤਾ ਨਹੀਂ ਹਵਾ ਠੰਢੀ ਵਗਦੀ ਏ, ਠਾਰੀ ਹੈ ਅਜੇ। ਨਾਲ ਜੇ ਕੋਈ ਤੰਬੋਟੀਆਂ ਤੇ ਛੋਲਦਾਰੀਆਂ ਗਡਿਆਂ ਤੇ ਲੱਦ ਲਈਏ ਤਾਂ ਓਥੇ ਪਿੰਡ ਦੇ ਲੋਕਾਂ ਤੇ ਭਾਰੂ ਨਹੀਂ ਹੋਵਾਂਗੇ। ਨਾਲੇ ਭਾਈ ਸੋਚ, ਜਿਥੇ ਗੁਰੂ ਉਥੇ ਸਭ ਕੁਛ ਪਰ ਅੰਨ ਪਾਣੀ ਦਾ ਇਤਨੀ ਸੰਗਤ ਦਾ ਬੋਝ ਮਾਈ ਵਿਰਾਈ ਤੇ ਜਾ ਪਾਉਣਾ ਵੀ ਠੀਕ ਨਹੀਂ। ਰਸਤ ਪਾਣੀ ਵੀ ਰਾਹ ਜੋਗਾ ਤੇ ਕੁਛ ਓਥੋਂ ਜੋਗਾ ਲੱਦ ਲਵੀਏ। ਏਨਾ ਕੰਮ ਹੁਣੇ ਹੁਣੇ ਨਹੀਂ ਹੋ ਸਕਣਾ। ਬਾਨ੍ਹਣੂ ਬੰਨ੍ਹਣ ਤਾਂ ਹੁਣ ਤੋਂ ਲਗ ਪਈਏ ਤੇ ਜਿਸ ਵੇਲੇ ਤਿਆਰ ਹੋ ਪਈਏ ਟੁਰ ਪਈਏ, ਗੱਲ ਕੀ ? ਕੱਲ੍ਹ ਪਹਿਲੀ ਮੰਜ਼ਲ ਜੈਪਾਲ ਚੱਲ ਕਰੀਏ।

ਭਾ. ਦੁਨੀ ਚੰਦ-ਭਾਈ ਸੈਣ! ਤੂੰ ਮਿਆਣਾ ਏਂ ਸਾਧ ਸੰਗਤ ਸਭਨਾਂ ਵਿਚ, ਤੂੰ ਸੈਨਤ ਪਾਈ ਏਂ ਗੁਰੂ ਸੇਵਾ ਦੀ, ਤੂੰ ਸਿਆਣਿਆਂ! ਸੋਚਦਾਰ ਏਂ ਸਾਧ ਸੰਗਤ ਦੇ ਸੁਖ ਦਾ, ਤਦੇ ਤੇਰਾ ਨਾਂ ਏ ਸੈਣ, ਤਾਂ ਤੇ ਇਸ ਸਾਰੀ ਤਿਆਰੀ ਦਾ ਤੂੰ ਸਰੰਜਾਮ ਕਰ। ਮੇਰੇ ਪਾਸ ਹਈ ੨੫੦) ਰੁਪਈਆ। ਅੱਜ ਮੈਨੂੰ ਮਿਲੇ ਸਨ, ਮੇਰੇ ਹਿੱਸੇ ਦੀ ਰਕਮ ਮੰਡੀ ਵਿਚੋਂ। (ਉਚੀ ਆਵਾਜ਼ ਨਾਲ ਬਾਹਰ ਵਲ ਤੱਕ ਕੇ ਬੋਲਿਆ) ਭਾਗਵੰਤੀਏ! ਚੁੱਕ ਲਿਆ ਮਾਇਆ ਦੀ ਉਹ ਬੱਧੀ ਹੋਈ ਗੰਢ ਤੇ ਫੜਾ ਦੇਹ ਲਿਆ ਕੇ ਭਾਈ ਸੈਣ ਨੂੰ। ਹੋਰ ਜੋ ਥੋੜ ਹੋਵੇ ਸਾਧ ਸੰਗਤ ਕਾਮਧੇਨੁ ਏ। ਸਾਧ ਸੰਗਤ ਵਿਚੋਂ ਅਵਾਜ਼ਾਂ ਆਈਆਂ :- "ਸਭ ਮਾਇਆ ਗੁਰੂ ਨਾਨਕ ਦੀ ਏ, ਸਭ ਗੁਰ ਨਾਨਕ ਦੀ ਏ, ਤੇ ਅਸੀਂ ਗੁਰ ਨਾਨਕ ਦੇ ਆਂ"।

## ੧੧. ਪਹਿਲੀ ਕਥਾ।

**ਪੁਰਾਣੇ** ਸਮੇਂ ਜੋ ਸੜਕ ਲਾਹੌਰ ਤੋਂ ਦਿੱਲੀ ਨੂੰ ਜਾਂਦੀ ਸੀ ਉਹ ਲਾਹੌਰੋਂ ਟੁਰਕੇ ਬਿਆਸਾ ਨੂੰ ਓਥੇ ਕੁ ਟੱਪਦੀ ਸੀ ਜਿੱਥੇ ਕੁ ਗੋਇੰਦਵਾਲ ਹੈ ਤੇ ਪਾਰ ਜਾਕੇ ਸੁਲਤਾਨਪੁਰੇ ਹੋਕੇ ਅੱਗੇ ਜਾਂਦੀ ਸੀ। ਲਾਹੌਰ ਤੋਂ ਟੁਰਕੇ ਬਾਰਾਂ ਕੋਹਾਂ ਤੇ ਪਿੰਡ ਆਉਂਦਾ ਸੀ 'ਨੇਸ਼ਟਾ'। ਅੱਜ ਕਲ ਲਾਹੌਰੋਂ ਟੁਰਕੇ ਜੇ ਰੇਲ ਵਿਚ ਆਓ ਅੰਮ੍ਰਿਤਸਰ ਨੂੰ ਤਾਂ ਇਕ ਸਟੇਸ਼ਨ ਆਉਂਦਾ ਹੈ ਅਟਾਰੀ। ਸਟੇਸ਼ਨ ਤੋਂ ਖੱਬੇ ਹੱਥ ਨੂੰ ਕੁਛ ਵਾਟ ਤੇ ਹੈ ਅਟਾਰੀ ਦਾ ਨਗਰ; ਇਸੇ ਤਰ੍ਹਾਂ ਕੁਛ ਵਾਟ ਤੇ, ਸਜੇ ਹੱਥ ਹੈ-ਨੇਸ਼ਟਾ! ਇਸ ਦੇ ਕੋਲ ਦੀ ਲੰਘਦੀ ਸੀ ਤਦੋਂ 'ਲਾਹੌਰ ਦਿੱਲੀ' ਦੀ ਸੜਕ। ਇਹ ਤਦੋਂ ਫੌਜੀ ਕਾਫ਼ਲਿਆਂ, ਤੇ ਮੁਸਾਫ਼ਰਾਂ ਦੇ ਉਤਰਨ ਦਾ ਸੀ ਟਿਕਾਣਾ। ਏਥੇ ਅੱਜ ਪੈਣਾ ਹੈ ਪੜਾਉ ਗੁਰੂ ਨਾਨਕ ਦੇਵ ਦੇ ਸਿਖਾਂ ਦੀ ਸੰਗਤ ਦਾ। ਪਹਿਲੇ ਪਹੁੰਚ ਪਈ ਹੈ ਇਥੇ ਗੱਡਿਆਂ ਦੀ ਲਾਮ ਡੋਰੀ ਜੈਪਾਲ ਤੋਂ ਟੁਰ ਕੇ, ਜਿਨ੍ਹਾਂ ਪਰ ਲੱਦੇ ਹੋਏ ਹਨ ਛੋਲਦਾਰੀਆਂ, ਵਿਛਾਈਆਂ, ਦਰੀਆਂ, ਬਿਸਤਰੇ, ਲੰਗਰ ਦਾ ਸਾਮਾਨ ਤੇ ਹੋਰ ਵਾਧੂ ਲਟਾ ਪਟਾ। ਇਸ ਦਾ


www.sikhbookclub.com

ਪ੍ਰਬੰਧ ਕਰਤਾ ਹੈ ਭਾਈ ਸੈਣ, ਕੁਝ ਹੋਰ ਪ੍ਰੇਮੀ ਤੇ ਨੌਕਰ। ਸਾਮਾਨ ਲਗਭਗ ਦੂਹਰਾ ਹੈ, ਵਿਉਂਤ ਇਉਂ ਦੀ ਹੈ : ਪਹਿਲਾਂ ਗਡੇ ਤੁਰ ਪੈਣ ਤੇ ਜਾ ਡੇਰੇ ਲਾਉਣ ਪੜਾਉ ਵਾਲੇ ਥਾਂ। ਮਗਰੋਂ ਸੰਗਤ ਬਹਿਲਾਂ ਤੇ ਰਥਾਂ ਤੇ ਆ ਅੱਪੜੇ! ਅਗੇ ਥਾਂ ਬੁਹਾਰੀ ਹੋਵੇ, ਛੋਲਦਾਰੀਆਂ, ਤੰਬੋਟੀਆਂ ਲਗੀਆਂ ਹੋਣ, ਲੰਗਰ ਦਾ ਕੰਮ ਜਾਰੀ ਹੋਵੇ; ਪਾਣੀ ਭਰਿਆ ਹੋਵੇ, ਲਕੜੀ, ਘਾਸ; ਦਾਣਾ, ਦੁੱਧ ਦਾ ਪ੍ਰਬੰਧ ਹੋਇਆ ਹੋਵੇ ਤਾਂ ਜੋ ਸੰਗੀ ਆਕੇ ਆਪਣੇ ਆਪਣੇ ਡੇਰੇ ਵਿਚ ਡੇਰਾ ਕਰ ਲੈਣ। ਪਿਛੇ ਟੁਰਨ ਵੇਲੇ ਜੋ ਡੇਰੇ ਤੇ ਸਾਮਾਨ ਆਦਿ ਸੰਗ ਦੇ ਲੋਕੀਂ ਛੱਡ ਆਏ ਸੋ ਉਹ ਦੂਜੇ ਗਡਿਆਂ ਤੇ ਆਵੇ ਸਿੱਧਾ ਲੰਘ ਜਾਵੇ ਤੇ ਅਗਲੇਰੇ ਮੁਕਾਮ ਉਤੇ ਓਹ ਜਾ ਡੇਰੇ ਲਾਉਣ। ਇਸ ਦਾ ਪ੍ਰਬੰਧ ਕਰਤਾ ਸੀ ਭਾਈ 'ਗੱਜਣ' ਉੱਪਲ। ਸੰਗਤ ਦਾ ਟੁਰਨਾ ਸੰਕੇਤ ਸੀ ਬਹਿਲਾਂ ਰਥਾਂ ਉਤੇ ਹਲਕਾ ਸਾਮਾਨ ਨਾਲ ਲੈਕੇ। ਇਸ ਦਾ ਪ੍ਰਬੰਧ ਕਰਤਾ ਸੀ ਦੁਨੀ ਚੰਦ। ਭਾਈ ਸੈਣ, ਗੱਜਣ ਤੇ ਦੁਨੀ ਚੰਦ ਨੇ ਗੁਰੂ ਦਰਸ਼ਨਾਂ ਦੀ ਖੁਸ਼ੀ ਤੇ ਚਾਉ ਵਿਚ ਦੂਹਰਾ ਸਾਮਾਨ ਕੀਤਾ ਸੀ ਤੇ ਦੋ ਤ੍ਰੈ ਮੁਕਾਮ ਰਸਤੇ ਵਿਚ ਕਰਨੇ ਸਨ, ਤਾਂ ਜੋ ਰਸਤੇ ਦੇ ਗਿਰਾਵਾਂ ਤੋਂ ਜੋ ਗੁਰੂ ਕੇ ਸਿਖ ਕੋਈ ਨਾਲ ਰਲਣੇ ਚਾਹੁਣ, ਤਾਂ ਰਲ ਪੈਣ। ਪ੍ਰੇਮ ਸੀ੍ ਗੁਰੂ ਦਰਸ਼ਨ ਕਰਨ ਦਾ ਤੇ ਚਾਉ ਸੀ ਵੱਧ ਤੋਂ ਵੱਧ ਨੂੰ ਕਰਾਉਣ ਦਾ! ਸਨ ਲਾਹੌਰ ਦੇ ਸਰਦੇ ਪੁਜਦੇ ਵਾਲੇ ਬਹੁਤੇ। ਉਂਞ ਉਸ ਸਮੇਂ ਕਈ ਵੇਰ ਇਕਹਿਰੇ ਪ੍ਰਬੰਧ ਨਾਲ ਬੀ ਸਫਰ ਕਰਦੇ ਸਨ। ਕਦੇ ਸਾਮਾਨਾਂ ਸਮੇਤ ਸਵਾਰੀਆਂ ਗੱਡਿਆਂ ਵਿਚ ਚੜ੍ਹ ਬੈਠਦੀਆਂ ਮਨ ਤੇ ਮੁਕਾਮ ਤੇ ਪਹੁੰਚ ਕੇ ਆਪ ਹੀ ਸਾਰੇ ਹਲਕੇ ਪ੍ਰਬੰਧ ਕਰਦੇ ਸੇ। ਹੁਨਾਲੇ ਦੀ ਰੁਤੇ ਕੂਚ ਤੜਕੇ ਤੜਕੇ ਹੁੰਦਾ, ਸੂਰਜ ਬਹੁਤ ਤਪਣ ਤੋਂ ਪਹਿਲਾਂ ਪਹਿਲਾਂ ਡੇਰਾ ਕਰ ਲੈਂਦੇ। ਫੇਰ ਚਾਰ ਛੇ ਘੜੀ ਦਿਨ ਰਹਿੰਦੇ ਤੁਰ ਪੈਣਾ ਤੇ ਰਾਤ ਖਾਉਪੀਏ ਵੇਲੇ ਮੁਕਾਮ ਤੇ ਅੱਪੜ ਜਾਣਾ। ਪੜਾਉ ਹਿਸਾਬ ਸਿਰ ਬਣੇ ਹੁੰਦੇ ਸਨ। ਉਥੇ ਰੜਾ ਹੁੰਦਾ ਸੀ ਖੁੱਲ੍ਹਾ ਉਤਾਰਿਆਂ ਲਈ, ਯੱਕੇ; ਬਹਿਲਾਂ, ਰਥ, ਗਡੀਆਂ ਲਈ। ਖੂਹ ਮੁਕਾਮਾਂ ਤੇ ਹੁੰਦੇ ਸਨ ਸਗੋਂ ਦੋ ਦੋ ਤ੍ਰੈ ਤ੍ਰੈ ਕੋਹ ਤੇ ਰਾਹਾਂ ਵਿਚ ਬੀ ਹੁੰਦੇ ਸਨ। ਮੁਕਾਮ ਵਾਲੇ ਥਾਂ ਡੰਗਰਾਂ ਲਈ ਖੁਰਲੀਆਂ, ਪਾਣੀ ਪੀਣ ਦੇ ਚੁਬੱਚੇ ਬਣੇ ਹੁੰਦੇ ਸਨ। ਹਲਵਾਈ, ਤੰਦੂਰਾਂ ਵਾਲੇ, ਹੋਰ ਦੁਕਾਨਦਾਰ ਬੀ ਹੁੰਦੇ ਸਨ। ਦੁੱਧ, ਦਹੀਂ, ਗੁੜ ਸ਼ੱਕਰ, ਆਟਾ, ਦਾਲ ਘਾਹ ਪੱਠੇ ਦੇ ਪ੍ਰਬੰਧ ਬੀ ਹੁੰਦੇ ਸਨ। ਪੜਾਵਾਂ ਵਾਲੇ ਪਿੰਡ ਚੰਗੇ ਸੁਖੀ ਤੇ ਮਾਲਦਾਰ ਹੁੰਦੇ ਸਨ ਤੇ ਉਹ ਮੁਸਾਫਰਾਂ ਪਾਸ ਵੇਚਣ ਲਈ ਸਾਮਾਨ ਤਿਆਰ ਰਖਦੇ ਸਨ। ਕਈਆਂ ਥਾਵਾਂ ਤੇ ਪੱਕੀਆਂ ਸਰਾਵਾਂ ਬੀ ਹੁੰਦੀਆਂ ਸਨ, ਇਨ੍ਹਾਂ ਵਿਚ ਰੋਟੀਆਂ ਪਕਾਉਣ ਵਾਲੀਆਂ ਭਠਿਆਣੀਆਂ, ਹਲਵਾਈ ਤੇ ਹੋਰ ਸਾਮਾਨ ਵੇਚਣ ਵਾਲੇ ਹੁੰਦੇ ਸਨ। ਇਨ੍ਹਾਂ ਸਰਾਵਾਂ ਦੇ ਖੰਡਰ ਥੋਲੇ ਅਜੇ ਤਕ ਬੀ ਕਈ ਥਾਈਂ ਵੇਖਣ ਵਿਚ ਆਉਂਦੇ ਹਨ। ਪਹਿਲਾ ਪੜਾਉ ਨੇੜੇ ਹੀ 'ਜੈ ਪਾਲ' ਪਿਆ ਸੀ, ਜੋ ਉਥੇ ਅੱਗੇ ਪਿਛੇ ਲਾਹੌਰੋਂ ਤੁਰੇ ਸਾਰੇ ਇਕੱਠੇ ਹੋ ਜਾਣ। ਅਜ ਗੁਰੂ ਨਾਨਕ ਦੇ ਸਿਖਾਂ ਦੀ ਸੰਗਤ ਦਾ ਦੂਜਾ ਪੜਾਉ ਹੈ ਨੇਸ਼ਟੇ। ਭਾਈ ਸੈਣੇ ਨੇ ਅੱਪੜ ਕੇ ਰੜਾ ਸਫਾ ਕਰਵਾ ਕੇ ਡੇਰੇ ਤੰਬੂ ਲੁਆ ਦਿੱਤੇ ਹਨ। "ਵੱਖੋ ਵੱਖ ਡੇਰਿਆਂ ਵਿਚ ਆਪੋ ਆਪਣੀ ਰੋਟੀ ਪੱਕੇ" ਇਹ ਗੱਲ ਪ੍ਰਬੰਧਕਾਂ ਨੇ ਵਰਜ ਦਿੱਤੀ ਸੀ। ਕੱਠਾ ਇਕੋ ਥਾਂ ਭੋਜਨ ਪੱਕਣਾ ਸੀ, ਹਰ ਕੋਈ ਲੋੜ ਮੂਜਬ ਲੈ ਜਾਏ ਚਾਹੇ ਖਾ ਜਾਏ। ਇਸ ਪਜਾਰ ਵਰਤੋਂ ਦਾ ਚਾਉ ਸੀ ਤਿੰਨਾਂ ਪ੍ਰਬੰਧਕਾਂ ਨੂੰ।

ਉਸ ਸਮੇਂ ਗੁਰੂ ਨਾਨਕ ਦੇਵ ਜੀ ਦੇ ਸਿਖ ਨੂੰ ਲੋਕੀਂ ਅਚੰਭੇ ਨਾਲ ਤੱਕਦੇ ਸਨ, ਸੰਗਤ ਆ ਜੁੜੇ ਤਾਂ ਹੋਰ ਅਚੰਭਾ ਹੁੰਦਾ ਸੀ। ਇਨ੍ਹਾਂ ਦਾ ਤੜਕੇ ਉਠਣਾ, ਗੁਰੂ ਕੀ ਬਾਣੀ ਪੜ੍ਹਨੀ, ਆਪੋ ਵਿਚ ਡਾਢੇ ਪਿਆਰ ਵਿਚ ਮਿਲਣਾ, ਵਰਤਣਾ, ਇਕ ਦੂਜੇ ਦੀ ਸਹਾਇਤਾ ਕਰਨੀ, ਗ਼ਰੀਬ, ਅਮੀਰ ਨੇ ਰਲ ਬੈਠਣਾ, ਪੁੰਨ ਦਾਨ ਦਇਆ ਦੇ ਕਰਮ ਕਰਨੇ, ਹਿੰਦੂ ਮੁਸਲਮਾਨ ਸਭ ਤੇ ਦਇਆ ਕਰਨੀ, ਸੱਚ ਬੋਲਣਾ ਭਾਵੇਂ ਕਿੰਨੀ ਖੇਚਲ ਵਾਪਰੇ, ਕੀਰਤਨ ਬਾਣੀ ਦਾ ਕਰਨਾ ਐਸਾ ਕਿ ਪੰਛੀ ਖੜੇ ਹੋ ਜਾਣ, ਇਹ ਗੱਲਾਂ ਲੋਕਾਂ ਨੂੰ ਸਤਿਕਾਰ ਭਰੀ ਹਰਿਆਨੀ ਵਿਚ ਲੈ ਜਾਂਦੀਆਂ ਸਨ ਪਰ ਖਾਣੇ ਪੀਣੇ ਦੀ ਖੁੱਲ੍ਹ, ਚੁੱਲ੍ਹੇ ਚੌਕੇ ਦੇ ਭਰਮ ਤੋਂ ਕੁਛ ਸੁਤੰਤਰਤਾ ਜੇਹੀ, ਇਕੋ ਲੰਗਰ ਤੋਂ ਛਕ ਲੈਣਾ, ਮੂਰਤੀ ਪੂਜਾ ਤੋਂ ਉੱਕੀ ਉਦਾਸੀ, ਵਰਤ ਤੇ ਕਰਮ ਕਾਂਡੀ ਨੇਮਾਂ ਤੋਂ ਉਪਰਾਮਤਾ ਆਦਿ ਗੱਲਾਂ ਲੋਕਾਂ ਵਿਚ ਇਨ੍ਹਾਂ ਲਈ ਉਪਰਾਮਤਾ ਤੇ ਨਾ-ਪਸੰਦੀ ਬੀ ਪੈਦਾ ਕਰਦੀਆਂ

ਸਨ। ਏਥੇ ਬੀ ਅੱਜ ਡੇਰਾ ਆ ਉਤਰਿਆ, ਸੁਣ ਕੇ ਪਿੰਡ ਦੇ ਲੋਕ ਆਉਂਦੇ ਸਨ, ਹਰਿਆਨ ਹੋ ਹ ਵੇਖਦੇ ਸਨ ਕਿ ਇਕੋ ਵੱਡੀ ਲੋਹ ਤੇ ਫੁਲਕੇ ਪੱਕ ਰਹੇ ਹਨ, ਇਕੋ ਦੇਗ ਵਿਚ ਦਾਲ ਰਿੱਝੀ ਹੈ ਤੇ ਸਾਰੇ ਖੱਤ੍ਰੀ, ਬ੍ਰਾਹਮਣ, ਵੈਸ਼ ਆਦਿਕ ਇਕੋ ਥਾਂ ਤੋਂ ਲੈ ਲੈ ਕੇ ਖਾ ਰਹੇ ਹਨ। ਕੋਈ ਗੁਰੂ ਨਾਨਕ ਦੇ ਸਿਖਾਂ ਦੇ ਕੀਰਤਨ ਦੀ ਮਹਿਮਾ ਜਾਣਦੇ ਸਨ ਤੇ ਸੁਣਨ ਲਈ ਆ ਰਹੇ ਸਨ। ਗਰੀਬ ਗੁਰਬੇ ਸਾਂਹਸੀ ਆਦਿ ਅਜਾਤਿ ਲੋਕੀਂ ਦੂਰ ਇਕਲਵੰਜੇ ਆ ਬੈਠੇ ਸੇ ਕਿ ਬਚੀ ਖੁਚੀ ਜੂਠ ਮੀਠ ਤੇ ਦਾਤਿਆਂ ਦਾ ਦਿੱਤਾ ਲੈ ਕੇ ਪੇਟ ਭਰਾਂਗੇ। ਇਸ ਤਰ੍ਹਾਂ ਦੀ ਗਹਿਮਾਂ ਗਹਿਮ ਵਿਚ ਸਭ ਨੇ ਸੁਵਖਤੇ ਪ੍ਰਸ਼ਾਦ ਛਕ ਲਿਆ, ਜੋ ਸੰਝਾਂ ਵੇਲੇ ਸੋਦਰ ਰਹਿਰਾਸ ਤੇ ਕਥਾ ਮਗਰੋਂ ਛੇਤੀ ਸੌਂ ਜਾਣ ਤੇ ਤੜਕੇ ਤੜਕੇ ਕੂਚ ਹੋ ਜਾਵੇ।

ਲੋਕੀਂ ਪ੍ਰਸ਼ਾਦਿ ਛਕ ਰਹੇ ਸਨ ਕਿ ਦਸ ਪੰਦਰਾਂ ਹੋਰ ਗੁਰੂ ਕੇ ਸਿਖ ਲਾਹੌਰ ਵਲੋਂ ਆ ਗਏ। ਏਹ ਓਹ ਸਨ ਜੋ ਲਾਹੌਰੋਂ ਬਾਹਰ ਗਏ ਹੋਏ ਅੱਜ ਲਾਹੌਰ ਆਏ ਸਨ, ਜਦੋਂ ਕਿ ਸੰਗਤ 'ਜੈ ਪਾਲ' ਤੋਂ ਟੁਰ ਚੁਕੀ ਸੀ। ਇਹ ਖ਼ਬਰ ਪਾਕੇ ਕਿ ਸੰਗਤ ਟੁਰ ਗਈ ਹੈ, ਇਹ ਸਾਰੇ ਚੰਗੀਆਂ ਘੋੜੀਆਂ ਵਾਲੇ ਯੱਕੇ ਭਾੜੇ ਕਰਕੇ ਮਾਰ ਬਕਾਰੇ ਭਜਾਈ ਆਏ ਕਿ ਸੰਗਤ ਨੂੰ ਜੈਪਾਲ ਨਹੀਂ ਤਾਂ ਨੇਸ਼ਟੇ ਚੱਲ ਮਿਲਨਾ ਹੈ। ਸੋ ਵੇਲੇ ਸਿਰ ਪੁੱਜ ਗਏ। ਸੰਗਤਿ ਨੂੰ ਮਿਲਕੇ ਇਨ੍ਹਾਂ ਨੂੰ ਤੇ ਇਨ੍ਹਾਂ ਦੇ ਪ੍ਰੇਮ ਨੂੰ ਦੇਖਕੇ ਸੰਗਤਿ ਨੂੰ ਬੜੀ ਖੁਸ਼ੀ ਹੋਈ।

ਜਦੋਂ ਗੁਰੂ ਕਾ ਬਖਸ਼ਿਆ ਅੰਨ ਪਾਣੀ, ਜਿਸ ਦਾ ਨਾ ਗੁਰੂ ਜੀ ਨੇ 'ਵਾਹਿਗੁਰੂ ਜੀ ਦਾ ਪ੍ਰਸ਼ਾਦਿ' (ਮਿਹਰ) ਰਖਿਆ ਸੀ, ਖਾ ਪੀ ਕੇ ਵਿਹਲੇ ਹੋ ਗਏ ਤਾਂ ਵਡੇ ਸ਼ਾਮਿਆਨੇ ਹੇਠ ਸੰਗਤ ਜੁੜ ਬੈਠੀ। ਪਹਿਲੋਂ ਸੋਦਰ ਦਾ ਉਚਾਰ ਹੋਇਆ, ਫੇਰ ਰਹਿਰਾਸ ਦੇ, ਜੋ ਤਦੋਂ ਪਹਿਲੀ ਪਾਤਸ਼ਾਹੀ ਦੇ ਹੀ ਸ਼ਬਦ ਮਾਤ੍ਰ ਸਨ, ਪੜ੍ਹੇ ਗਏ। ਫੇਰ ਅਰਦਾਸ ਹੋ ਕੇ ਸੰਗਤ ਜੁੜ ਬੈਠੀ, ਜੋ ਕੋਈ ਵਾਰਤਾ ਸਤਿਸੰਗ ਦੀ ਗੱਲ ਬਾਤ ਹੋਵੇ। ਉਸ ਵੇਲੇ ਇਕ ਲਹਿੰਦੇ ਦੇ ਸਿਖ ਨੇ, ਜੋ ਕੁਛ ਸਮੇਂ ਤੋਂ ਲਾਹੌਰ ਰਹਿੰਦਾ ਸੀ ਆਪਣੀ ਬੋਲੀ ਤੇ ਲਾਹੌਰੀ ਰਲੀ ਮਿਲੀ ਬੋਲਦਾ ਸੀ ਤੇ ਹੁਣ ਯੱਕੇ ਵਿਚ ਆਇਆ ਸੀ ਆਖਿਆ :-

ਭਾਈ ਸਾਧ ਸੰਗਤ ਜੀ! ਇਹ ਦਾਸ ਥੋੜੇ ਸਮੇਂ ਤੋਂ ਸਿਖ ਥੀਆ ਏ ਗੁਰੂ ਬਾਬੇ ਨਾਨਕ ਦਾ, ਜਿਨੂੰ ਲੁਕਾਈ ਆਖਦੀ ਏ ਨਾਨਕ ਤਪਾ, ਜੋ ਸਚਮੁਚ ਦਾ ਏ ਗੋਬਿੰਦ ਆਪ। ਦਿਲ ਡਾਢਾ ਦੁਖੀ ਥੀਆਸੁ ਜਦੋਂ ਗੁਰੂ ਬਾਬੇ ਦਾ ਸੁਣਿਆ ਉੱਠ ਵੰਞਣਾ ਆਪਣੇ ਵਤਨਾਂ ਨੂੰ। ਪਰ ਕਿ ਜ਼ੋਰ ਬਾਬੇ ਨਾਲ ਕਿ ਬਾਬੇ ਦੇ ਰੱਬ ਨਾਲ! ਮੈਂ ਆਖਿਆ ਦਰਸ਼ਨ ਚੱਲ ਕਰਸਾਂ ਗੁਰੂ ਕੇ ਥਾਪੇ ਗੁਰੂ ਦਾ। ਫੇਰ ਸੋਆਂ ਸੁਣੀਵਣ: ਉਹ ਛਪ ਛਪ ਬਾਂਹਦੇ ਨੂੰ। ਥਹੁ ਨਹੀਂ ਥੀਂਦਾ ਟਿਕਣ ਟਿਕਾਣੇ ਦਾ। ਅੱਜ ਸੁਣਿਆਂ ਜੋ ਦਿਤਾ ਨੇ ਦੀਦਾਰ ਤੇ ਲਾਹੌਰੋਂ ਵੰਞ ਰਹੀਏ ਸੰਗਤ ਗੁਰੂ ਬਾਬੇ ਦੇ ਦਰਸ਼ਨਾਂ ਨੂੰ, ਖੁਸ਼ ਥੀਆ ਸੁ ਹਿਆਉ ਪਰ ਲਾਹੌਰੋਂ ਆਕੇ ਡਿੱਠਾ ਸੰਗਤ ਵੰਞ ਗਈ ਏ, ਉਦਾਸ ਥੀਆ ਸੁ, ਪਰ ਭਲਾ ਹੋਵੇ ਇਨ੍ਹਾਂ ਸਿਖਾਂਦਾ ਜੋ ਮੈਂ ਵਾਂਗ ਉਤਾਵਲੇ ਥੀਏ। ਹਭੇ ਮਸਲਤ ਕਰਕੇ ਯੱਕੇ ਭਾੜੇ ਕਰਕੇ ਵਗ ਪਏ, ਮੈਨੂੰ ਬੀ ਨਾਲ ਛਿਕ ਘਿੰਨਿਓ ਨੇ, ਭਾਗ ਹੋਆ ਦੀਦਾਰ ਥੀਏ ਗੁਰੂ ਸਿਖਾਂ ਦੇ। ਹੁਣ ਹੋ ਵੈਮਨ ਦੀਦਾਰ ਗੁਰੂ ਕੇ ਬੀ। ਇਸ ਸਾਅਤ ਮਿਲ ਬੈਠੇ ਹਾਂ, ਭਾਗ ਥਿਆ। ਲਓ ਕੋਈ ਬਾਬੇ ਦਾ ਪਿਆਰਾ ਚਾ ਸੁਦਾਏ ਕਿ ਏ ਕਰਮਾਂ ਵਾਲੀ ਵਿਰਾਈ ਮਾਈ ਕੌਣ ਏਂ ਜਿਸ ਦੇ ਘਰ ਭਾਗ ਲਾਏ ਗੁਰੂ ਨੇ? ਕੋਈ ਡਾਢੀ ਦੈਵੀ, ਕੋਈ ਘਣੀ ਰੱਬ ਪਿਆਰੀ ਹੋਸੀ ਨਾ, ਜਿਸ ਸੇਵਾ ਘਾਲੀ ਛੇ ਮਾਂਹ ਬੱਧੇ। ਕੋਈ ਗੁਰੂ ਕਾ ਲਾਲ ਮਾਈ ਦੀ ਮਹਿਮਾਂ ਚਾ ਸੁਣਾਏ, ਇਹ ਸਤਿਸੰਗ ਹੋ ਵੈਸੀ ਅੱਜ ਦਾ। ਸਿੱਧ ਗੋਸਟ ਗੁਰੂ ਬਾਬੇ ਦੀ ਮੈਂ ਸੁਣੀ ਹਾਸੂ। ਗੁਰਮੁਖ ਆਖਿਆ ਨੇ ਉਥਾਉਂ ਗੁਰੂ ਕੇ ਸ੍ਵਾਰੇ ਪਾਰਗਿਰਾਮੀ ਨੂੰ। ਗੁਰਮੁਖ ਹੋਸੀ ਨਾ ਮਾਈ ਤੇ ਮਾਈ ਦਾ ਮਰਦ ਬੀ ਹੋਸੀ ਘਣਾ ਗੁਰਮੁਖ।

ਨਾਨਕ ਗੁਰਮੁਖ ਉਤਰਸਿ ਪਾਰੇ॥

ਭਾਈ! ਗੁਰਮੁਖਾਂ ਦੀ ਕਥਾ ਸੁਣਾਉ ਮਨ ਤਨ ਠੰਢਾ ਥੀਏ ਜਸ ਸੁਣਕੇ।

ਸਾਰੀ ਸੰਗਤ ਵਿਚੋਂ ਆਵਾਜ਼ ਆਈ-ਠੀਕ ਆਖਿਆ ਹੈ ਵੀਰ ਨੇ। ਹੁਣ ਦਰਸ਼ਨ ਜੋ ਕਰਾਂਗੇ ਗੁਰੂ ਕੇ ਚੱਲ ਕੇ ਤੇ ਭਾਈ ਬੁੱਢੇ ਵਰਗੇ ਗੁਰੂ ਪਿਆਰਿਆਂ ਤੇ ਮਾਈ ਵਰਗੇ ਗੁਰਮੁਖਾਂ ਦੇ, ਤਦ ਮਾਈ ਦੀ ਕਥਾ ਸੁਣ ਲਈਏ ਤਾਂ ਠੀਕ ਏ। ਸੰਗਤ ਵਿਚ ਥੋੜਿਆਂ ਨੂੰ ਥਹੁ ਹੋਸੀ, ਜੇ ਹੋਸੀ ਭੀ ਤਾਂ ਜ਼ਰਾ ਭੋਰਾ


www.sikhbookclub.com

ਹੀ ਹੋਸੀ। ਗੱਲ ਕੀ ਸਭ ਦੇ ਪਸੰਦ ਆਈ ਬਾਤ ਤੇ ਭਾਈ ਦੂਨੀ ਚੰਦ ਨੂੰ ਆਗਿਆ ਹੋਈ, ਜੋ ਮਾਈ ਦੀ ਕਥਾ ਸੁਣਾਵੇ। ਤਾਂ ਭਾਈ ਦੂਨੀ ਚੰਦ ਵਿਚਕਾਹੇ ਆ ਬੈਠਾ ਤੇ ਬੋਲਿਆ :-

ਧੰਨ ਮੇਰਾ ਤਪਾ ਨਾਨਕ, ਧੰਨ ਮੇਰਾ ਗੁਰੂ ਨਾਨਕ, ਧੰਨ ਮੇਰਾ ਰੱਬ ਨਾਨਕ, (ਮੱਥਾ ਟੇਕਿਓ ਸੁ) ਨਾਨਕ, ਨਾਨਕ, ਨਾਨਕ, ਮੇਰਾ ਮਾਲਕ, ਮਾਲਕ, ਮਾਲਕ, ਜਿਨ੍ਹ ਤਾਰਿਆ ਮੇਰੇ ਜਿਹੇ ਮਾਇਆ ਤੰਦੂਏ ਦੀਆਂ ਅਟੁੱਟ ਤਾਰਾਂ ਵਿਚ ਫਸੇ ਹੋਏ ਮੈਂਗਲ ਨੂੰ। ਧੰਨ ਬਾਬਾ ਨਾਨਕ! ਮਾਲਕ, ਪਾਲਕ, ਰਾਖਾ!! ਲਓ ਭਾਈ! ਸੁਣੋ ਧਿਆਨ ਦੇ ਕੇ! ਗੁਜਰਾਤ ਨਗਰ ਤੋਂ ਹੇਠਾਂਝ ਨੂੰ ਇਕ ਜੇ ਪਿੰਡ ਮੰਗੋਵਾਲ ਕਿ ਮਘੋਵਾਲ[੨੮], ਏਥੇ ਘਰ ਹੈਨ ਤ੍ਰੇਹੁਣ ਜਾਤ ਦੇ, ਖੱਤਰੀਆਂ ਦੇ ਚੋਖੇ।

ਹਾਂ ਭਾਈ: ਮੈਂ ਠੁਲ੍ਹੀਆਂ ਠੁਲ੍ਹੀਆਂ ਗੱਲਾਂ ਕਰਸਾਂ, ਮੈਂ ਭਾਈ ਪੜ੍ਹਿਆ ਗੁੜ੍ਹਿਆ ਕੋਈ ਨਾਹ।

ਸੰਗਤ-ਸਾਨੂੰ ਠੁਲ੍ਹੀਆਂ ਤੇਰੀਆਂ ਮਿੱਠੀਆਂ ਪਈਆਂ ਲੱਗਦੀਆਂ ਨੇ।

ਦੂਨੀ ਚੰਦ-ਏਥੇ ਮੰਗੋਵਾਲ ਵਿਚ ਭਾਈ ਇਕ ਖੱਤ੍ਰੀ ਤ੍ਰੇਹੁਣ ਰਹਿੰਦਾ ਸੀ-ਸਜੀਲਾ ਜੁਆਨ ਨੀਂਗਰ 'ਗੋਂਹਨੂੰ ਮੱਲ'। ਇਸ ਦੇ ਮਾਪਿਆਂ ਪੁੱਤ ਲਈ ਕਾਕੀ ਲੱਭੀ ਦੂਰ, ਡਾਢੀ ਦੂਰ, ਸਤਲੁਜੋਂ ਪਾਰ, ਰੇਤਿਆਂ ਦੇ ਦੇਸ਼, ਮੱਤੇ ਦੀ ਸਰਾਂ ਵਿਚ, ਇਕ ਖੱਤਰੀਆਂ ਦੇ ਘਰ। ਭਾਈ ਲੇਖ ਸੰਜੋਗ ਡਾਢੇ। ਕਿੱਥੇ ਗੁਜਰਾਤ ਤੇ ਕਿੱਥੇ ਮੱਤੇ ਦੀ ਸਰਾਂ[੨੯]। ਲਓ ਭਾਈ ਜੀਵਣ ਤੁਸਾਡੇ! ਵਿਆਹ ਹੋ ਗਿਆ, ਭਾਗ ਲਗੇ, ਚਾਰ ਪੁਤ੍ਰ ਹੋਏ ਗੋਂਹਨੂੰ ਮੱਲ ਦੇ ਘਰ। ਤੀਜੇ ਦਾ ਨਾਉਂ ਰਖਿਆ ਫੇਰੂ ਮੱਲ[੩੦]। ਇਹ ਚੰਗਾ ਸਿਆਣਾ ਨਿਕਲਿਆ। ਤ੍ਰੈ ਤਾਂ ਰਹੇ ਮੰਗੋਵਾਲ ਪਿਤਾ ਪਾਸ ਤੇ ਫੇਰੂ ਮੱਲ ਨੂੰ ਲੈ ਗਏ ਨਾਨਕੇ ਮੱਤੇ ਦੀ ਸਰਾਂ। ਆਪਣੇ ਕੋਲ ਹੀ ਰੱਖ ਲਿਓ ਨੇ ਦੁਹਿਤਾ, ਸਮਝੋ ਪੁੱਤ ਹੀ ਹੋ ਗਿਆ। ਵਿਆਹ ਬੀ ਕਰ ਦਿਤੋ ਨੇ ਦੋਹਿਤੇ ਦਾ ਓਥੇ-ਮੱਤੇ ਦੀ ਸਰਾਂ ਵਿਚ ਹੀ ਇਕ ਚੋਖੇ ਖੱਤ੍ਰੀ ਦੀ ਚੰਗੀ ਕਾਕੀ ਨਾਲ, ਜਿਸ ਦਾ ਨਾਉਂ ਸਭਰਾਈ ਸੀ। ਫੇਰ ਲਓ ਜੀ, ਰਿਜਕ ਬੀ ਓਥੇ ਹੀ ਲੁਆ ਦਿਤੋ ਨੇ। ਫੇਰੂ ਮੱਲ ਡਾਢਾ ਹਿਸਾਬੀ, ਫ਼ਾਰਸੀਆਂ ਦਾ ਮੁਨਸ਼ੀ ਤੇ ਵਹੀਖਾਤੇ ਦਾ ਉਸਤਾਦ ਨਿਕਲਿਆ। ਮੱਤੇ ਦੀ ਸਰਾਂ ਦਾ ਸਾਜੇ ਚੌਧਰੀ, ਰੱਬ ਤੁਹਾਡਾ ਭਲਾ ਕਰੇ-ਤਖਤ ਮੱਲ-ਸੱਠ ਸੱਤ੍ਰ ਗਿਰਾਵਾਂ ਦਾ ਮਾਲਕ, ਮਾਲ ਮਿਲਖਾਂ ਵਾਲਾ, ਮੰਨਿਆਂ ਪ੍ਰਮੰਨਿਆਂ ਸਰਕਾਰੇ ਦਰਬਾਰੇ ਬੀ। ਉਸ ਰਖ ਲਿਆ ਫੇਰੂ ਮੱਲ ਨੂੰ ਮੁਣਸ਼ੀ ਮੁਤਸੱਦੀ ਤੇ ਫੇਰ ਬਣਾ ਲਿਆ ਕਾਰਦਾਰ। ਫੇਰੂ ਮਲ ਬੜਾ ਸੁੱਚਾ ਤੇ ਨੇਕ ਬੰਦਾ ਸੀ। ਅੱਖ ਨੀਵੀਂ, ਰੱਖ ਸਾਂਈਂ ਦੀ, ਕੱਖ ਦਾ ਨਾ ਰਵਾਦਾਰ, ਪੱਖ ਕਿਸੇ ਦਾ ਨਾ, ਉਂਵ ਵੀ ਮਿਲਾਪੜਾ, ਪੂਰਾ ਤੋਲ, ਸੱਚਾ ਬੋਲ। ਮਾਲਕ ਨੇ ਬੀ ਉਸਦੇ ਭਰ ਦਿਤੇ ਆਰ ਬੁਖਾਰ, ਚੰਗਾ ਰਾਜੀ ਹੋ ਗਿਆ ਫੇਰੂ ਮੱਲ। ਦੁਨੀਆਂ ਬੀ ਖੁਸ਼ ਉਸ ਨਾਲ, ਮਾਲਕ ਬੀ ਖੁਸ਼। ਜਿਸ ਨਾਲ ਮਾਲਕ ਖੁਸ਼, ਸਭ ਕੋਈ ਖੁਸ਼ ਉਸ ਨਾਲ। ਤਖਤ ਮੱਲ ਦਾ ਟੱਬਰ ਬੀ ਸਾਰਾ ਖੁਸ਼ ਐਥੋਂ ਤਾਈਂ ਕਿ ਟੱਬਰ ਵਿਚ ਫੇਰੂ ਮੱਲ ਘਰ ਦਾ ਹੀ ਬਣ ਗਿਆ ਬੰਦਾ। ਲਓ ਹੁਣ ਅੱਗੇ ਸੁਣੋ! ਤਖਤ ਮਲ ਦੇ ਘਰ ਵਿਚ ਸੀ ਉਸ ਦੀ ਵਹੁਟੀ ਜਿਨ੍ਹਾਂ ਜਾਏ ਸਤ ਪੁਤ੍ਰ ਤੇ ਇਕ ਧੀ, ਇਹ ਧੀ ਸਾਜੇ ਵਿਰਾਈ। ਨਾ ਤਾਂ ਹੈਸੀ ਵੀਰਾਂ ਬਾਈ; ਪਰ ਸੱਤ ਭਰਾਈ ਕਿ ਸੱਤ ਵਿਰਾਈ ਬੀ ਆਖਦੇ ਸਨ; ਜੰਮੀ ਜੋ ਸੀ ਸੱਤਾਂ ਭਰਾਵਾਂ ਮਗਰੋਂ : ਮਾਂ ਨੂੰ ਪਿਆਰੀ ਧੀ, ਪਰ ਪਿਉ ਨੂੰ ਡਾਢੀ ਹੀ ਪਿਆਰੀ ਸੀ, ਉਹ ਲਾਡ ਨਾਲ ਕੁਆਇਆ ਕਰੇ ਵਿਰਾਈ: ਸੋਈਓ ਨਾਉਂ ਪੱਕ ਗਿਆ ਉਸਦਾ ਸਾਹੁਰੇ ਪੇਕੇ- ਵਿਰਾਈ[੩੧]। ਫੇਰੂ ਮਲ ਵਿਰਾਈ ਨੂੰ 'ਭੈਣ ਜੀ' ਕਰਕੇ ਸੱਦਦਾ ਸੀ, ਹੋ ਜੋ ਗਿਆ ਟੱਬਰ ਦਾ ਬੰਦਾ, ਸੁਣਿਆਂ ਜੇ? ਵਿਰਾਈ ਬੜੇ ਠਹਿਰੇ ਹੋਏ ਸੁਭਾਉ ਦੀ ਸੀ, ਅਕਲ ਦਾ ਕੋਟ ਸੀ ਸ਼ਰਮ ਦੀ ਮੂਰਤ ਸੀ, ਖਿੜੇ ਮੱਥੇ ਹਸੂੰ ਹਸੂੰ ਕਰਦੀ ਹੱਥ ਦੀ ਖੁਲ੍ਹੀ ਦਾਤੀ, ਇਨ੍ਹਾਂ ਗੁਣਾਂ ਕਰਕੇ ਐਸੀ ਪਿਆਰੀ ਹੋਈ ਪਿਉ ਦੀ ਡਾਢੀ ਲਾਡਲੀ ਹੋ ਗਈ। ਤਖਤ ਮਲ ਨੂੰ ਜੋ ਕੁਛ ਵਿਰਾਈ ਆਖੇ ਓਹ ਅਗੋਂ ਮੋੜ ਨਹੀਂ ਸੀ ਕਰਦਾ। ਲਓ ਸੁਣੋ ਹੋਰ ਕਥਾ-ਫੇਰੂ ਮਲ ਨੂੰ ਹੋਰ ਭਾਗ ਲੱਗਾ, ਇਸ ਦੀ ਵਹੁਟੀ ਦਾ ਨਾਉਂ ਸੀ ਸਭਰਾਈ[੩੨]। ਇਸ ਮਾਈ ਦੇ ਘਰ ਰੱਬ ਜੀ ਨੇ ਪੁਤ੍ਰ ਦਿਤਾ, ਨਾਉਂ ਰਖਿਆ ਲਹਿਣਾ ਮੱਲ। ਜਿਸ ਦਾ ਨਾਉਂ ਲਹਿਣਾ, ਉਸ ਲਹਿਣਾ ਹੀ ਲਹਿਣਾ।

ਇਕ ਸਿਖ-ਹੁੰਦੀ ਗੱਲ ਟੁਕਣੀ ਪਾਪ ਏ, ਪਰ

 www.sikhbookclub.com

ਕਦੋਂ ਕੁ ਦੀਆਂ ਗੱਲਾਂ ਪਏ ਕਰਦੇ ਓ?

ਦੂਨੀ ਚੰਦ-ਮੈਨੂੰ ਹੋਰ ਤਾਂ ਪਤੇ ਨਹੀਂ, ਪਰ ਫੇਰੂ ਦੇ ਘਰ ਪੁਤ੍ਰ ਜਨਮ ਦਾ ਸੰਮਤ ਬਾਬੇ ਬੁੱਢੇ ਇਕ ਵੇਰੀ ਦੱਸਿਆ ਸੀ ੧੫੬੧ ਬਿਕ੍ਰਮੀ ਵੈਸਾਖ ਸੁਦੀ ਏਕਮ[੩੩]। ਇਹ ਸੁਹਣਾ ਨੀਂਗਰ ਖੇਡਦਾ ਮਲ੍ਹਦਾ, ਪਲਦਾ, ਤਖਤ ਮਲ ਦੇ ਘਰ ਭੀ ਖੁੱਲ੍ਹਾ ਆਉਂਦਾ ਜਾਂਦਾ ਸੀ। ਸਾਰਾ ਟੱਬਰ ਇਸ ਨੂੰ ਪਿਆਰ ਕਰਦਾ ਸੀ, ਵਿਰਾਈ ਚਾਹੇ ਕਦੇ ਕਦਾਈਂ ਪੇਕੇ ਆਉਂਦੀ ਸੀ। ਪਰ ਜਦ ਆਉਂਦੀ ਲਹਿਣਾ ਜੀ ਨੂੰ ਬਹੁਤ ਪਿਆਰ ਕਰਦੀ ਤੇ ਉਹ ਬੀ ਭੂਆ ਜੀ ਕਰਕੇ ਬਲਾਉਂਦੇ। ਵਿਰਾਈ ਨੂੰ ਫੇਰੂ ਮੱਲ ਜਦ ਆਖਦਾ ਸੀ ਭੈਣ ਜੀ ਤਾਂ ਇਸ ਬਾਲਕ ਨੇ ਸੱਦਣਾ ਹੀ ਸੀ ਉਨ੍ਹਾਂ ਨੂੰ ਭੂਆ ਜੀ।

ਸੁਣਿਆ ਜੇ? ਹੁਣ ਸੁਣੋਂ ਲੇਖਾ ਸੰਜੋਗਾਂ ਦਾ। ਵਿਰਾਈ ਵਿਆਹੀ ਹੋਈ ਸੀ ਮਤਲੁਜੋਂ ਪਾਰ, ਓਧਰੋਂ ਪਾਰ, ਮਾਝੀ ਵੱਲੋਂ ਉਰਾਰ, ਖਹਿਰਿਆਂ ਦੇ ਖਡੂਰ: ਚੌਧਰੀ ਮਹਿਮੇ ਨਾਲ, ਜੋ ਸਾਜੇ ਤਖਤ ਮਲ ਜੇਡਾ ਤਾਂ ਨਾਂਹ, ਪਰ ਚੰਗਾ ਸਰਦੇ ਪੁਜਦੇ ਵਾਲਾ ਚੌਧਰੀ। ਉਤੋਂ ਭਰ ਦਿਤੇ ਉਸ ਦੇ ਆਰ ਖੁਖਾਰ ਤਖਤ ਮਲ ਨੇ ਦੌਲਤ ਨਾਲ ਹੋਰ। ਲਓ ਹੋਰ ਲਓ ਲੇਖਾਂ ਸੰਜੋਗਾਂ ਦੀ ਗਲ : ਲਹਿਣੇ ਜੀ ਦੀ ਕੁੜਮਾਈ ਬੀ ਹੋ ਗਈ ਖਡੂਰ ਦੇ ਲਾਗੇ ਜੇਹੇ ਪਿੰਡ ਸੰਘਰ[੩੪], ਜੋ ਕੋਈ ਮਸਾਂ ਦੋ ਕੋਹ ਹੋਸੀ, ਇਕ ਬੜੇ ਧਨਾਢ ਸ਼ਾਹ ਪਿੰਡ ਦੇ ਸ਼ਾਹੂਕਾਰ ਘਰ। ਉਸ ਦਾ ਨਾਉਂ ਏਂ ਭਲਾ ਜਿਹਾ, (ਸੋਚ ਕੇ) ਦੇਵੀ ਚੰਦ, ਜ਼ਾਤ ਦਾ ਮਰਵਾਹਾ ਖੱਤ੍ਰੀ। ਸੁਭਾਗ ਬੀਬੀ, ਜਿਸ ਨਾਲ ਸ੍ਰੀ ਲਹਿਣਾ ਜੀ ਦਾ ਵਿਆਹ ਹੋਇਆ[੩੫] ਉਸ ਦਾ ਨਾਉਂ ਸੀ ਬੀਬੀ ਖੇਮ ਬਾਈ, ਪਰ ਮਾਪੇ ਲਾਡ ਨਾਲ ਸੱਦਣ 'ਖੀਵੀਂ' ਸੋ ਖੀਵੀ ਹੀ ਪੱਕ ਗਿਆ ਨਾਉਂ।

ਲਓ ਹੁਣ ਵੇਖੋ ਕਰਤਾਰ ਦੇ ਰੰਗ! ਮਰਦਾਨੇ ਨੂੰ ਆਖਦੇ ਹੁੰਦੇ ਸਨ ਨਾ ਗੁਰੂ ਬਾਬਾ ਜੀ-ਦੇਖ ਮਰਦਾਨਿਆਂ ਕਰਤਾਰ ਦੇ ਰੰਗ! ਉਹ ਜੋ ਫੇਰੂ ਮਲ ਸੀ, ਕਾਰਦਾਰ, ਘਰ ਬਾਹਰ ਦਾ ਮੁਖਤਾਰਕਾਰ, ਕਰਨਾ ਰੱਬ ਦਾ ਐਸਾ ਹੋਇਆ ਕਿ ਗੁੱਸੇ ਹੇਠ ਆ ਗਿਆ ਤਖਤ ਮੱਲ ਦੇ। ਤਖਤ ਮਲ ਸੀ ਕਰੜਾ ਲੱਠ, ਅੜਕ ਅੜਉਂ, ਜਿਸ ਗੱਲੇ ਹੱਠ ਤੇ ਆ ਗਿਆ ਫੇਰ ਕੌਣ ਮੋੜੇ। ਇਕ ਵੇਰ ਹਿਸਾਬ ਕਰਕੇ ਜੋ ਚਿੱਠਾ ਬਣਿਆ ਤਾਂ ਘਾਪਾ, ਜਾਣੇ ਰਾਮ ਕੀਹ ਵਰਤੀ, ਜੋ ਕਿਸੇ ਵਡੇ ਦੇ ਘਰ ਮੁਖਤਾਰ ਬਣੇ ਉਸ ਦੇ ਕਈ ਲਾਗੂ। ਕਿਵੇਂ ਹੋਈ? ਚਿਠੇ ਵਿਚ ਸੀ ਘਾਪਾ ਕਈ ਹਜ਼ਾਰ ਦਾ, ਬੱਸ ਚੱਲ ਗਈ ਦੂਤਾਂ ਦੀ, ਲੋਹੇ ਦਾ ਥਣ ਕਰ ਦਿਤੋਨੇ ਤਖਤ ਮਲ ਨੂੰ। ਉਸ ਭੋਰੇ ਵਿਚ ਚਾ ਘੱਤਿਆ ਫੇਰੂ ਮਲ ਨੂੰ। ਆਖੇ ਭਰ ਪਾਈ ਘਾਪਾ, ਨਹੀਂ ਤਾਂ ਘਾਲ ਦੇ ਆਪਾ। ਹਜ਼ਾਰਾਂ ਦ ਘਾਪੇ ਕਿਥੋਂ ਭਰੇ ਸ਼ੁਹਦਾ[੩੬] ਤੇ ਜੋ ਰਵਾਦਾਰ ਨਾ ਹੋਵੇ ਕੱਖ ਦਾ ਤਾਂ ਭਰੇ ਬੀ ਕਿਉਂ? ਬਥੇਰਾ ਦਰਦੀ ਲੋਕਾਂ ਨੇ ਕਿਹਾ: ਚੌਧਰੀ! ਫੇਰੂ ਮਲ ਵਿਚ ਪਹਿਮਾਨਗੀ ਹੈ ਨਹੀਓਂ, ਕੋਈ ਭੁਲੇਵਾ ਈ, ਪਰ ਮੰਨੇ ਕੌਣ? ਤੂੰ ਕਹੁ, ਮੈਂ ਕਹੁ, ਸਾਮੀਆਂ ਮੁਜੇਰੇ ਕਹਿਣ, ਘਰੋਂ ਵਹੁਟੀ ਕਹੇ, ਪੁੱਤ ਆਖਣ, ਪਰ ਤਖਤ ਮਲ ਇਕ ਨਾ ਮੰਨੇ। ਇਕ ਦਿਨ ਹੋਣਹਾਰ ਕੁਮਾਰ ਉਮਰਾ ਦੇ ਨੈਣ ਰਸੀਲੇ ਵਾਲੇ ਲਹਿਣੇ ਨੂੰ ਨੈਣ ਭਰੇ ਵੇਖਕੇ ਕਹਿਣ ਲਗੀ ਵਿਰਾਈ ਦੀ ਮਾਂ: ਪੁੱਤ! ਮਾਂ ਸਦਕੇ, ਜੀ ਭਿਆਣਾ ਨਾ ਹੋ; ਮਾਂ ਵਾਰੀ ਮੈਂ ਤੈਨੂੰ ਰਾਹ ਦੱਸਨੀ ਹਾਂ, ਪੁਛ ਨਾ ਗਿਛ ਤੇ ਜਾਹ ਖਡੂਰ ਵਿਰਾਈ ਕੋਲ; ਉਹ ਏ ਪਿਉ ਦੀ ਲਾਡਲੀ, ਤੈਨੂੰ ਪਤਾ ਈ ਏ। ਉਸ ਨੂੰ ਜਾ ਕੇ ਕਹੁ, ਤੈਨੂੰ ਉਹ ਜਾਣਦੀ ਏ ਭਤੀਜਾ, ਜਿਵੇਂ ਸੱਕਾ ਹੁੰਦਾ ਏ ਭਰਾ ਦਾ ਪੁੱਤ; ਬੱਸ ਪੁੱਤ! ਜੇ ਉਸ ਨੇ ਸੁਨਾਹਾ ਦਿਤਾ ਘੱਲ ਚੌਧਰੀ ਨੂੰ ਤਾਂ ਤੇਰੇ ਪਿਉ ਦੀਆਂ ਸੱਤੇ ਖੈਰੀਂ। ਵਿਰਾਈ ਦੀ ਸਿਫਾਰਸ਼ ਖਾਲੀ ਨਹੀਓਂ ਜਾਣ ਲੱਗੀ। ਜਾਹ ਵੀਰਾ ਮਾਂ ਦੇ ਆਖੇ ਲੱਗ ਤੇ ਭੰਨਾ ਜਾਹ, ਨਾ ਪੁੱਛ ਥਿੱਤ, ਨਾ ਪੁੱਛ ਵਾਰ।

ਲਓ, ਬਾਬੇ ਦੇ ਤਾਰਿਓ! ਲਹਿਣਾ ਜੀ ਖਡੂਰ ਆਏ, ਮਾਈ ਵਿਰਾਈ ਨੂੰ ਮਿਲੇ, ਸਾਰੀ ਦੱਸੀਓ ਨੇ ਵਾਰਤਾ। ਲਓ ਹੁਣ ਦੇਖੋ ਕਰਤਾਰ ਦੇ ਕਰਣੇ! ਮਾਈ ਸੁਣਕੇ ਆਖਣ ਲੱਗੀ, ਮੈਂ ਪਿਤਾ ਜੀ ਨੂੰ ਆਖ ਘੱਲਾਂਗੀ, ਛਡ ਦੇਣਗੇ ਤੇਰੇ ਬਾਪੂ ਨੂੰ, ਮੇਰੇ ਕਿਹਾਂ, ਲੋੜ ਪਈ ਤਾਂ ਮੈਂ ਆਪ ਚਲਾਂਗੀ, ਵੀਰ ਫੇਰੂ ਮਲ ਨੂੰ ਭੋਰੇ ਤੋਂ ਖਲਾਸੀ ਦਿਵਾਵਾਂਗੀ, ਪਰ ਲਹਿਣਾ ਜੀ! ਤੇਰੇ ਪਿਤਾ ਤੇ ਮੇਰਾ ਵੀਰ ਫੇਰੂ ਏ ਹੇਰ ਫੇਰ ਤੋਂ ਖਾਲੀ, ਸੂਧਾ ਸਾਫ ਸੁੱਚਾ, ਉਹਨੂੰ ਕਲੰਕ ਤਾਂ ਲੱਗਾ ਰਹੂ ਨਾ ਪਹਿਮਾਨਗੀ ਦਾ। ਛੁੱਟ ਗਿਆ ਮੇਰੇ ਆਖੇ ਤਾਂ ਉਜਲਾ ਤਾਂ ਨਾਂਹ ਨ


www.sikhbookclub.com

ਹੋਇਆ? ਮੈਂ ਉਸਨੂੰ ਉਜਲਾ ਕਰਨਾ ਏ। ਵੀਰ ਮੇਰਾ ਉਜਲ ਏ, ਕੋਈ ਊਜ ਲੱਗੀ ਏ ਉਸਨੂੰ, ਜਿਵੇਂ ਲੋਕੀਂ ਆਖਦੇ ਨੇ ਕੋਈ ਪੱਥਰ ਚੌਥ ਦਾ ਦੇਖ ਬੈਠਾਏ ਚੰਦ ਖ਼ਬਰੇ। ਉਹਦੀ ਊਜ ਧੋਣੀ ਏ; ਪੁੰਨਿਆਂ ਦੇ ਚੰਦ ਵਰਗਾ ਨਿਖਾਰਨਾ ਏ। ਸੋ ਲੈ ਹੁਣ ਭਾਗ ਭਰਿਆ! ਇਕ ਕੰਮ ਕਰ। ਇਥੇ ਆਏ ਹੋਏ ਨੀ ਇਕ ਰੱਬ ਦੇ ਪਿਆਰੇ ਰੱਬ ਰੂਪ ਆਪ। ਖੂਹ ਤੇ ਠਹਿਰੇ ਹੋਏ[37] ਨੀ। ਮੈਂ ਜਾਨੀ ਆਂ ਰੋਜ਼ ਸਵੇਰੇ ਦਰਸ਼ਨ ਕਰਨ, ਕੀਰਤਨ ਸੁਣਨ ਤੇ ਲੱਸੀ ਪਾਣੀ ਲੈਕੇ। ਤੂੰ ਚੱਲ ਮੇਰੇ ਨਾਲ, ਹੁਣ ਰੋਟੀ ਲੈ ਕੇ ਜਾਣਾ ਏ ਮਹਿਰੀ ਨੇ ਤੇ ਮੈਂ। ਉਹ ਰੇਖ ਵਿਚ ਮਾਰਨਗੇ ਐਸੀ ਮੇਖ ਕਿ ਵੀਰ ਮੇਰਾ ਉਜਲਾ ਹੋ ਕੇ ਛੁੱਟੇਗਾ।

ਲਓ ਭਲਾ ਸਾਧ ਸੰਗਤ ਜੀ! ਦੱਸੋ ਉ ਕੌਣ ਸੀ ਸੰਤ ਰੱਬ ਦਾ ਪਿਆਰਾ, ਬੁੱਝੋ! ਓਹ ਸਾਜੇ ਲੋਕਾਂ ਦਾ ਤਪਾ ਗੁਰੂ ਨਾਨਕ ਤੇ ਮੇਰਾ ਰੱਬ ਗੁਰੂ ਨਾਨਕ (ਇਹ ਕਹਿ ਕੇ ਨੈਣ ਭਰ ਆਏ, ਡੁੱਲ੍ਹ ਪਏ ਬੁੱਲ੍ਹ ਥਿੜਕ ਪਏ ਤੇ ਚੁਪ ਹੋ ਗਿਆ ਦੂਨੀ ਚੰਦ)।

(ਕੁਛ ਚਿਰ ਠਿਠੰਬਰ ਕੇ)-ਲਓ ਜੀ ਵਗ ਗਏ ਦੋਵੇਂ ਸੁਹਣੇ ਗੁਰੂ ਨਾਨਕ ਕੋਲ ਜਾ ਮੱਥਾ ਟੇਕਿਆ, ਸਾਰੀ ਸੁਣਾਈ ਪਿਉ ਦੀ ਕਥਾ। ਗੁਰੂ ਨਾਨਕ ਪਜਾਰੇ ਨੇ ਸੁਣੀ ਕਥਾ ਤੇ ਡਿੱਠੇ ਨੇ ਲਹਿਣਾ ਜੀ ਨੂੰ ਕਿਸੇ ਡੂੰਘੀ ਨਜ਼ਰ ਨਾਲ ਤਾਂ ਹੱਸ ਪਏ, ਆਖਣ ਲਗੇ ਤੇਰਾ ਨਾਂ ਕੀ ਏ ਕਾਕਾ?

ਗੱਭਰੂ ਨੇ ਕਿਹਾ: ਲਹਿਣਾ। ਕਹਿਣ ਲਗੇ: ਉਇ ਤੂੰ ਤਾਂ ਲਹਿਣਾ ਏਂ, ਤੂੰ ਕਿਸੇ ਦਾ ਕਾਸਨੂੰ ਦੇਣਾ ਏਂ, ਜਾਹ ਵਗਿਆ ਜਾਹ, ਪਿਉ ਦਾ ਚਿੱਠਾ ਜਾ ਕੇ ਆਪ ਲੈ ਤੇ ਕਰ ਪੜਚੋਲ ਪੜਤਾਲ। ਚਿਠੇ ਵਿਚ ਭੁੰਗ ਪਾਇਆ ਏ, ਜੋ ਤੂੰ ਕਢ ਲਏਂਗਾ ਆਪ। ਚਿੱਠਾ ਸਾਫ, ਦੋਸ਼ ਮਾਫ਼, ਆਪੇ ਮਾਫ਼; ਨਾ ਕੋਈ ਪਾਪ ਤੇ ਨਾ ਕੋਈ ਮਾਪ, ਕਿਸ ਦੀ ਕੁਸ਼ਾਮਦ ਤੇ ਕਿਸ ਦੀ ਮੁਛੰਦਗੀ, ਜਾਹ ਸੁਹਣਿਆ! ਵਗ ਜਾ ਵਤਨਾਂ ਨੂੰ। ਮੱਥਾ ਟੇਕ ਕੇ ਵਿਰਾਈ ਤੇ ਲਹਿਣਾ ਜੀ ਟੁਰ ਪਏ ਪਿੰਡ ਨੂੰ। ਲਉ ਜੀ! ਫੇਰ ਉਤਾਵਲਾ ਹੋ ਸੁਭਾਗ ਹੋਇਆ ਲਹਿਣਾ ਟੁਰ ਪਿਆ ਖਡੂਰ ਤੋਂ ਮੱਤੇ ਦੀ ਸਰਾਂ ਨੂੰ 'ਪਿਉ ਦੀ ਇਜ਼ਤ ਉਜਲੀ ਦਾ' ਵਰ ਲੈਕੇ। ਜਾ ਪਹੁੰਚੇ ਮੱਤੇ ਦੀ ਸਰਾਂ। ਵਿਰਾਈ ਦਾ ਸੁਨੇਹਾ ਪੁੱਜ ਗਿਆ ਬਾਪੂ ਨੂੰ ਹਲਕਾਰੇ ਹਥ ਵੱਖਰਾ, ਕਿ ਫੇਰੂ ਮੇਰਾ ਵੀਰ ਏ, ਤੇ ਉਹ ਦੁੱਧ ਧੋਤਾ ਮੋਤੀ ਏ, ਚਿੱਠਾ ਦਿਉ ਲਹਿਣੇ ਨੂੰ ਉਹ ਸੋਧੇਗਾ, ਤੇ ਸੱਚ ਨਿੱਤਰ ਆਵੇਗਾ ਆਪੇ। ਪਰ ਫੇਰੂ ਵੀਰ ਨੂੰ ਹੁਣੇ ਕਢ ਦਿਉ ਭੋਰਿਓਂ ਮੇਰੀ ਖਾਤਰ, ਹੁਣੇ ਹੁਣੇ ਬਾਪੂ ਜੀਉ! ਫੇਰੂ ਆਪਣੇ ਪੁਤ ਨਾਲ ਬਹਿ ਕੇ ਸੋਧੇਗਾ ਚਿੱਠਾ। ਲਉ ਜੀ ਰਬ ਸੰਤ ਦਾ ਵਰ, ਮਾਈ ਦੀ ਸਿਫਾਰਸ਼, ਸੱਚ ਸੱਚ ਏ ਸਦਾ। ਚਿੱਠੇ ਵਿਚੋਂ ਲੱਭ ਗਿਆ ਭੁੰਗਜਾਣ ਕੇ ਕਿਸੇ ਦਾ ਪਾਇਆ ਭੁੰਗ; ਕਿ ਆਪੇ ਕਿਵੇਂ ਪੈ ਗਿਆ ਭੁੰਗ, ਤੇ ਪਹਿਲੋਂ ਨਾ ਫੜਿਆ ਜਾ ਸਕਿਆ ਭੁੰਗ। ਬੱਸ ਫੇਰ ਕੀਹ ਸੀ ਫੇਰੂ ਦੀ ਇਜ਼ਤ ਸਾਫ, ਅੱਗੇ ਤੋਂ ਦੂਣ-ਸਵਾਈ ਇਜ਼ਤ ਅਬਰੋ ਬਣ ਗਈ। ਏਥੇ ਕੁ ਆ ਕੇ ਦੂਨੀ ਚੰਦ ਨੇ ਕਥਾ ਬੱਸ ਕਰ ਦਿੱਤੀ।

## ੧੨. ਕਥਾ ਜਾਰੀ।

**ਅਗਲੀ** ਮੰਜ਼ਲ ਰਾਤ ਦਾ ਉਤਾਰਾ ਹੋਇਆਂ ਝੁਬਾਲ। ਉਸੇ ਤਰ੍ਹਾਂ ਸਾਰੇ ਕੰਮ ਕਾਜ ਤੋਂ ਵਿਹਲੇ ਹੋਕੇ ਸੰਝਾਂ ਵੇਲੇ ਲੱਗ ਗਈ ਮੋਦਰ ਦੀ ਚੌਂਕੀ, ਫੇਰ ਪਾਠ ਹੋਇਆ ਸ਼ਬਦਾਂ ਦਾ ਜੋ ਪਹਿਲੀ ਪਾਤਸ਼ਾਹੀ ਦੇ ਹਨ ਰਹਿਰਾਸ ਵਿਚ[38] ਅਤੇ ਹੋਇਆ ਆਰਤੀ ਦਾ ਗਾਯਨ। ਫੇਰ ਸੰਗਤ ਵਿਚੋਂ ਦੂਨੀ ਚੰਦ ਨੂੰ ਮਾਈ ਵਿਰਾਈ ਦਾ ਬਾਕੀ ਹਾਲ ਤੇ ਗੁਰੂ ਅੰਗਦ ਦੇਵ ਜੀ ਦੇ ਉਸ ਸਮੇਂ ਦੇ ਹਾਲ ਦੀ ਕਥਾ ਸੁਣਾਉਣ ਦੀ ਮੰਗ ਹੋਈ। ਤਾਂ ਉਸ ਨੇ ਹੱਥ ਬੰਨ੍ਹ ਕੇ ਆਖਿਆ :- ਗੁਰੂ ਨਾਨਕ ਦੀ ਪਿਆਰੀ ਸੰਗਤੇ ਮੋਟੇ ਮੋਟੇ ਹਾਲ ਤਾਂ ਮੈਂ ਠੁੱਲ੍ਹੀ ਠੁੱਲ੍ਹੀ ਬੋਲੀ ਵਿਚ ਕੱਲ ਸੁਣਾ ਦਿੱਤੇ ਸਨ, ਅਜ ਅਗੋਂ ਦੇ ਹਾਲ ਸੁਣੋਂ ਭਾਈ ਸੈਣ ਤੋਂ, ਜੋ ਪੜ੍ਹਿਆ ਗੁੜ੍ਹਿਆ ਬੀ ਏ ਤੇ ਗੁਰੂ ਕਾ ਪਿਆਰਾ ਬੀ ਡਾਢਾ ਏ। ਇਹ ਕਰਤਾਰਪੁਰ ਦੇ ਦਰਬਾਰ ਗੁਰੂ ਕੀ ਸ਼ਰਨ ਬੀ ਬਹੁਤ ਵੇਰੀ ਆਉਂਦਾ ਜਾਂਦਾ ਰਿਹਾ ਏ, ਖਡੂਰ ਬੀ ਕਈ ਵੇਰ ਗਿਆ ਆਇਆ ਏ ਤੇ ਮਾਈ ਦੇ ਘਰ ਬੀ ਬਹੁਤ ਵੇਰ ਰਹਿ ਆਇਆ ਹੋਇਆ ਏ। ਇਹ ਜਾਣਦਾ ਹੈ ਸਾਰਿਆਂ ਦੇ ਹਾਲ ਘੋਖਵੇਂ। ਤਦ ਫੇਰ ਸੰਗਤ ਦੀ ਫੁਰਮਾਇਸ਼ ਭਾਈ ਸੈਣ ਨੂੰ ਪਈ। ਹੁਣ ਸੈਣ

ਆ ਬੈਠਾ ਉਪਰਲੇ ਪਾਸੇ ਵਿਚਕਾਹੇ ਜਿਹੇ, ਜਿਥੇ ਸੋਦਰ ਗਾਉਣ ਵਾਲੇ ਪ੍ਰੇਮੀ ਬੈਠੇ ਸਨ ਤੇ ਐਉਂ ਬੋਲਿਆ :-

ਸੈਣ ਭਾਈ-ਗੁਰੂ ਕੀ ਗਤਿ ਗੁਰੂ ਜਾਣੇ, ਸਿਖ ਨੇ ਗੁਰੂ ਜਸ ਗਾਉਣਾ ਹੈ; ਗੁਰੂ ਨਾਨਕ ਤੁਸਾਡਾ ਭਲਾ ਕਰੇ। ਭਾਈ ਦੁਨੀ ਚੰਦ ਨੇ ਕੱਲ ਬਾਬਾ ਫੇਰੂ ਮੱਲ ਦੀ ਸੁਰਖਰੋਈ ਤੱਕ ਦੀ ਗੱਲ ਸੁਣਾਈ ਸੀ। ਹੁਣ ਅਗੋਂ ਦੀ ਹੋ ਬੀਤੀ ਸੁਣਾਉਣੀ ਹੈ। ਪਹਿਲੋਂ ਇਕ ਹਿਸਾਬ ਕਰ ਲਓ ਤਾਂ ਸੁਆਦ ਵਧੇਰੇ ਆਵੇਗਾ। ਗੁਰੂ ਅੰਗਦ ਦੇਵ ਜੀ ਤਦੋਂ ਸ੍ਰੀ ਲਹਿਣਾ ਜੀ ਕਹਿਲਾਉਂਦੇ ਸਨ। ਆਪ ਦਾ ਜਨਮ ੧੫੬੧ ਬਿ.[੩੯] ਦਾ ਹੈ, ਤਦੋਂ ਸੀ ਰਾਜ ਬਹਿਲੋਲ ਲੋਧੀ ਪਠਾਣ ਦਾ। ੧੫੭੪ ਦੇ ਆਨ ਮਾਨ ਬਹਿਲੋਲ ਮਰ ਗਿਆ ਤੇ ਸਿਕੰਦਰ ਗੱਦੀ ਤੇ ਬੈਠਾ, ੧੫੭੫ ਵਿਚ ਕਿ ੭੬ ਦੇ ਚੜ੍ਹਦੇ ਹੀ ਸ੍ਰੀ ਲਹਿਣਾ ਜੀ ਦਾ ਸੰਘਰ ਵਿਵਾਹ ਹੋਇਆ, ਤਦੋਂ ਸੀ ਉਮਰਾ ੧੫ ਕੁ ਵਰ੍ਹੇ ਦੀ। ਵਿਆਹ ਤੋਂ ਕੁਛ ਮਹੀਨੇ ਮਗਰੋਂ ਸ੍ਰੀ ਫੇਰੂ ਮੱਲ ਨੂੰ ਭੋਰੇ ਵਿਚ ਡੱਕੇ ਜਾਣ ਦੀ ਖੇਚਲ ਵਾਪਰੀ ਤੇ ਸ੍ਰੀ ਲਹਿਣਾ ਜੀ ਮਾਈ ਵਿਰਾਈ ਤੋਂ ਮਫਾਰਸ਼ ਲੈਣ ਲਈ ਖਡੂਰ ਆਏ। ਉਸ ਛੋਟੀ ਉਮਰੇ ਗੁਰੂ ਦਰਸ਼ਨ ਤਾਂ ਹੋਏ, ਪਰ ਉਹ ਸਨ ਸੰਸਾਰਕ ਪੀੜਾ ਹਰਨ ਲਈ। ਉਸ ਵੇਲੇ ਮੁੱਖ ਗਲ ਸੀ ਪਿਤਾ ਦੀ ਖ਼ਲਾਸੀ! ਦਿਲ ਵਿਚ ਪੀੜ ਦੀ ਝਰਨਾਟ ਸੀ ਤੇ ਉਸ ਦੀ ਨਵਿਰਤੀ ਵਿਚ ਸੀ ਮਨ ਸਾਰਾ ਗਲਤਾਨ। ਵਰ ਲੈ ਕੇ ਕੁਮਾਰ ਲਹਿਣਾ ਜੀ ਕਾਹਲੀ ਵਿਚ ਟੁਰ ਗਏ ਸਨ। ਤਦੋਂ ਰੁਪ ਤ੍ਰਿਖਾ ਹੋਕੇ ਗੁਰੂ ਪਿਆਰ ਵਲ ਨਾ ਪਿਆ। ਦਾਤ ਹੀ ਲੈਕੇ ਉਡ ਗਿਆ ਪੰਛੀ, ਦਾਤੇ ਦੀ ਸੁੰਦਰਤਾ ਤੇ ਖ਼ੁਸ਼ਬੋ ਵੱਲ ਧਿਆਨ ਨਾ ਪਿਆ। ਉਂਜ ਕਰਨਾ ਸੀ ਕਰਤਾਰ ਦਾ। ਗੁਰੂ ਨਾਨਕ ਬੀ ਗੁਰੂ ਤੇ ਗੁਰੂ ਅੰਗਦ ਬੀ ਗੁਰੂ। ਦੋਹਾਂ ਦਾ ਖੇਲ ਰਚਾਇਆ ਸੀ, ਕਰਤਾ ਪੁਰਖ ਨੇ : ਇਕ ਦਾ ਗੁਰੂ ਦਾ, ਇਕ ਦਾ ਸਿੱਖ ਦਾ। ਸੋ ਗੁਰੂ ਨੇ ਗੁਰੂ ਦਾ ਨਾਟ ਪੂਰਨ ਕਰਨਾ ਸੀ ਗਯਾਨ ਦਾ ਸੂਰਜ ਹੋ ਕੇ। ਸਿਖ ਨੇ ਸਿਖ ਦਾ ਨਾਟ ਪੂਰਾ ਕਰਨਾ ਸੀ ਪਹਿਲੋਂ ਕਿਸੇ ਹਨੇਰੇ ਵਿਚ ਰਹਿਕੇ, ਫ਼ੇਰ ਚਾਨਣ ਗ੍ਰਹਿਣ ਕਰਕੇ ਤੇ ਫੇਰ ਆਪ ਪ੍ਰਕਾਸ਼ ਦਾਤਾ ਹੋਕੇ। ਸੋ ਲਹਿਣਾ ਜੀ ਇਸ ਵੇਲੇ ਅਭੋਲ ਚਲੇ ਗਏ, ਵਰ ਦਾਨ ਲੈ ਕੇ ਤੇ ਫੇਰੂ ਜੀ ਛੁਟਕਾਰਾ ਪਾ ਗਏ, ਤੇ ਆਪਣੇ ਕੰਮ ਤੇ ਪੂਰੇ ਇਤਬਾਰ ਨਾਲ ਲਾਏ ਗਏ। ਪਰ ਫੇਰੂ ਮੱਲ ਜੀ ਪਹਿਲੇ ਖੇੜੇ ਵਿਚ ਮੁੜਕੇ ਖਿੜੇ ਨਹੀਂ। ਦਿਲ ਉਨ੍ਹਾਂ ਦਾ ਭਗਤੀ ਭਾਵ ਵਾਲਾ ਸੀ, ਹਰ ਸਾਲ ਦੇਵੀ ਦੇ ਜਾਂਦੇ ਸਨ। ਲਹਿਣਾ ਜੀ ਬੀ ਬੜੇ ਮਿੱਠੇ ਤੇ ਠੰਢੇ ਸੁਭਾਵ ਦੇ ਸਨ, ਰੁਖ ਇਨ੍ਹਾਂ ਦਾ ਬੀ ਧਰਮ ਵਲ ਰਹਿੰਦਾ ਸੀ। ਉਹ ਰੁਖ ਪਿਤਾ ਨਾਲ ਦੇਵੀ ਦੇ ਲੈ ਜਾਂਦਾ ਸੀ ਹਰ ਸਾਲ। ਐਤਕੀਂ ਗਏ ਤਾਂ ਰਾਹ ਵਿਚ ਪਿਤਾਪੁਤ ਸਲਾਹਾਂ ਕਰਦੇ ਗਏ ਕਿ ਰੁਜ਼ਗਾਰ ਦਾ ਕੋਈ ਹੋਰ ਵਸੀਲਾ ਕਰੀਏ।

ਸ੍ਰੀ ਲਹਿਣਾ ਜੀ ਨੇ ਕਿਹਾ: ਹੁਣ ਤਾਂ ਵਿਰਾਈ ਭੂਆ ਦੀ ਮਦਦ ਨਾਲ ਰਹਿ ਬਣ ਆਈ ਹੈ, ਪਰ ਗੁੱਸੇ ਤੇ ਕਾਹਲੇ ਤਖਤ ਮੱਲ ਦਾ ਕੀ ਪਤਾ ਏ ਕੱਲ ਫ਼ੇਰ ਕਿਸੇ ਗੱਲੇ ਰੁੱਸ ਪਏ, ਜਿਵੇਂ ਪੰਡਤ ਜੀ ਨੇ ਇਕ ਦਿਨ ਕਿਹਾ ਸੀ :-

ਅਬਿਵਸਥਿਤ ਚਿੱਤਾਨਾਂ ਪ੍ਰਸ੍ਰਸਾਦੋ ਪਿ ਭਯੰਕਰ: (ਬੇਥਵੇ ਸੁਭਾਉ ਵਾਲਿਆਂ ਦੀ ਮਿਹਰ ਬੀ ਭਯਾਨਕ ਵਸਤੂ ਹੈ)।

ਫ਼ੇਰੂ ਜੀ ਨੇ ਕਿਹਾ-ਮੱਤੇ ਦੀ ਸਰਾਂ ਰਹਿ ਕੇ ਕੋਈ ਹੋਰ ਕੰਮ ਕਰਨਾ ਢੁਕੇਗਾ ਨਹੀਂ, ਡਾਢੇ ਤੋਂ ਨਿਖੜ ਕੇ ਸੁਤੰਤਰ ਹੋਇਆਂ ਬੀ ਉਸ ਦੀ ਵੰਗਾਰ ਪੈਂਦੀ ਹੀ ਰਹੇਗੀ। ਲਹਿਣਾ ਜੀ ਨੇ ਕਿਹਾ ਠੀਕ ਏ। ਮੈਂ ਪਹਿਲੇ ਸੰਘਰ ਸਾਹੁਰੇ ਜਾਕੇ ਸਲਾਹ ਕਰਦਾ ਹਾਂ: ਜੇ ਕੋਈ ਓਥੇ ਢੋ ਨਾ ਢੁੱਕਾ ਤਾਂ ਮਘੋਵਾਲ ਜਾ ਕੇ ਚਾਚੇ ਤਾਇਆਂ ਨਾਲ ਗੱਲ ਗਿਣਾਂਗਾ। ਹੁਣ ਨਾਨਾ ਨਾਨੀ ਜੀ ਹੈਨ ਹੀ ਨਹੀਂ, ਜਿਨ੍ਹਾਂ ਦੀ ਪਕੜ ਸੀ-ਥਾਂ ਛੱਡਦਿਆਂ ਕਿਹੜੀ ਮੁਸ਼ਕਲ ਹੈ। ਫੇਰੂ ਨੇ ਕਿਹਾ: ਠੀਕ ਹੈ ਪਰ ਕੰਮ ਸੁਤੰਤਰ ਕਰਨ ਦੀ ਬਿਧਿ ਸੋਚਣੀ, ਨਾ ਕੁੜਮਾਂ ਦਾ ਇੱਛਿਆ ਹੋਣਾ ਪਵੇ ਤੇ ਨਾ ਸ਼ਰੀਕੇ ਦਾ, ਆਪਣੇ ਹੀ ਪਦਾਰਥ ਨਾਲ ਆਪਣਾ ਕੋਈ ਵਿਹਾਰ ਤੋਰ ਲਈਏ। ਜ਼ਰਾ ਆਸਰਾ ਮਿਲ ਜਾਏ ਪਹਿਲੋਂ। ਸੋ ਫੇਰੂ ਜੀ ਤਾਂ ਸੰਗ ਦੇ ਨਾਲ ਚਲੇ ਗਏ ਮੱਤੇ ਦੀ ਸਰਾਂ ਨੂੰ ਤੇ ਸ੍ਰੀ ਲਹਿਣਾ ਜੀ ਗਏ ਸੰਘਰ ਸਹੁਰੇ ਘਰ ਨੂੰ। ਉਨ੍ਹਾਂ ਦੇ ਸਹੁਰੇ ਵਡੇ ਧਨਾਢ ਤੇ ਮੰਨੇ ਪ੍ਰਮੰਨੇ ਵਪਾਰੀ ਸਨ, ਉਨ੍ਹਾਂ ਨੇ ਸਲਾਹ ਦਿੱਤੀ ਕਿ ਨਾ ਦਿਨ ਪੁਛੋ ਨਾ ਵਾਰ ਸਾਡੇ ਕੋਲ ਆ ਜਾਓ। ਏਥੇ ਵਪਾਰ ਸੁਤੰਤਰ ਆਰੰਭ


www.sikhbookclub.com

ਦਿਓ। ਕਾਕੀ ਸਾਡੇ ਕੋਲ ਆ ਜਾਏਗੀ, ਦੋਵੇਂ ਟੱਬਰ ਸੁਖ ਦੁਖ ਦੇ ਸਾਂਝੀਵਾਲ ਹੋ ਜਾਵਾਂਗੇ। ਪਰ ਕਾਰਨ ਕੁਛ ਐਸੇ ਹੋਰ ਬਣ ਗਏ ਕਿ ਸੰਘਰ ਆਉਣੋਂ ਰੁਕ ਗਏ ਤੇ ਹਰੀ ਕੇ ਪੱਤਣ[੮੦] ਆ ਵਪਾਰ ਅਰੰਭਿਆ। ਪਰ ਏਥੇ ਨਿਵਾਸ ਥੋੜਾ ਚਿਰ ਰਿਹਾ। ਸ੍ਰੀ ਲਹਿਣਾ ਜੀ ਦੇ ਸਹੁਰਿਆਂ ਦੀ ਸਲਾਹ ਠੀਕ ਠਹਿਰੀ ਤੇ ਸਾਰਾ ਪਰਵਾਰ ਹਰੀ ਕੇ ਛੋੜ ਕੇ ਸੰਘਰ ਆ ਗਿਆ ਤੇ ਆਪਣੀ ਜਮ੍ਹਾਂ ਕੀਤੀ ਰਾਸ ਮੂੜੀ ਪਾਕੇ ਵਪਾਰ ਆਰੰਭ ਦਿੱਤਾ, ਜਿਸ ਵਿਚ ਥੋੜੇ ਦਿਨਾਂ ਵਿਚ ਚੋਖੇ ਕਾਮਯਾਬ ਹੋ ਗਏ। ਇਸ ਵੇਲੇ ਇਬ੍ਰਾਹੀਮ ਲੋਧੀ ਦਾ ਰਾਜ ਸੀ। ਮੇਰੀ ਜਾਚੇ ਇਹ ਲੋਧੀ ਪਠਾਣ ੧੫੭੪ ਬਿ:(੧੫੧੭ ਈ:) ਵਿਚ ਗੱਦੀ ਬੈਠਾ ਸਾਜੇ, ਜਿਸ ਦਾ ਤਪ ਤੇਜ ਆਪਣੇ ਪਿਊ ਵਰਗਾ ਨਹੀਂ ਸੀ, ਇਹ ਚੋਖਾ ਜ਼ਾਲਮ ਸੀ, ਸ਼ਾਇਦ ਇਸੇ ਕਰਕੇ ਕਈ ਉਮਰਾਉ ਤੇ ਵੰਸ਼ਜ ਉਸ ਨਾਲ ਵਿਗੜੇ ਰਹਿੰਦੇ ਸਨ। ਓਧਰ ਪੱਛਮੀ ਪਹਾੜਾਂ ਵਿਚ ਉੱਡਦਾ ਉਕਾਬ ਮੀਰ ਬਾਬਰ-ਤੱਕ ਰਿਹਾ ਸੀ ਹਿੰਦੁਸਤਾਨ ਨੂੰ, ਜਿਵੇਂ ਉਸ ਦਾ ਇਹ ਸ਼ਿਕਾਰ ਏ। ਆਖਦਾ ਸੀ ਮੇਰੇ ਵਡੇ ਤਿਮਰ ਲੰਗ ਦਾ ਦੇਸ਼ ਏ, ਸੋ ਇਸੇ ਸਾਲ ਉਹ ਆ ਗਿਆ ਪੰਜਾਬ ਉਤੇ। ਫੇਰੂ ਜੀ ਦਾ ਨਵਾਂ ਨਵਾਂ ਵਪਾਰ ਸੀ ਕਿ ਘਰ ਘਰ ਰੌਲਾ ਤੇ ਫਿਕਰ ਪੈ ਗਿਆ ਕਿ ਬਾਬਰ ਆ ਰਿਹਾ ਹੈ, ਵਪਾਰੀ ਬੀ ਜ਼ਰਾ ਵਪਾਰ ਡੱਕ ਖੜੋਤੇ, ਪਰ ਭਲਾ ਹੋਵੇ ਰਬ ਜੀ ਦਾ, ਬਾਬਰ ਬਜੌਰ ਤੇ ਭੇਰੇ ਤਕ ਆਇਆ ਤੇ ਚੋਖੀਆਂ ਰਕਮਾਂ ਪਰਜਾ ਤੋਂ ਉਗਰਾਹ ਕੇ ਤੇ ਕੁਛ ਤਹਿਤ ਜਮਾਕੇ ਕਿਸੇ ਪਿੱਛੇ ਪਈ ਮੁਸ਼ਕਲ ਨੂੰ ਹੱਲ ਕਰਨੇ ਲਈ ਮੁੜ ਗਿਆ। ਇਹ ਜੋ ਮੈਂ ਦੱਸਿਆ ਹੈ ਇਹ ਬੀ ੧੫੭੬ ਬਿ: ਦੀ ਗੱਲ ਏ। ਸੋ ਤਦੋਂ ਤਾਂ ਠੰਢ ਵਰਤ ਗਈ। ਭਾਵੇਂ ਇਬ੍ਰਾਹੀਮ ਨੂੰ ਆਪਣੇ ਕਈ ਪਿੱਟਣੇ ਪਏ ਸਨ ਤੇ ਇੰਤਜ਼ਾਮ ਖ਼ਰਾਬ ਹੋ ਰਹੇ ਸਨ, ਪਰ ਸਾਡੇ ਇਲਾਕੇ ਵਿਚ ਨਵਾਬ ਦੌਲਤ ਖਾਂ (ਸੁਲਤਾਨਪੁਰ ਵਾਲੇ) ਦੇ ਤਪ ਤੇਜ ਕਰਕੇ ਅਮਨ ਰਿਹਾ। ਗਲ ਕੀਹ ਸ੍ਰੀ ਫੇਰੂ ਜੀ ਦਾ ਵਪਾਰ ਖ਼ੂਬ ਚਲ ਪਿਆ, ਮੰਨੇ ਪ੍ਰਮੰਨੇ ਵਪਾਰੀ ਹੋ ਗਏ, ਜੇ ਮੈਂ ਭੁੱਲ ਨਹੀਂ ਕਰਦਾ ਤਾਂ, ੧੫੭੭ ਦੇ ਲਗਪਗ, ਫੇਰ ਬਾਬਰ ਵਾਣੀ ਫਿਰ ਗਈ। ਐਤਕੀ ਤਾਂ ਘਰ ਘਰ ਸ਼ੋਕ ਸੀ। ਉਸ ਕੀਤਾ ਬੀ ਜ਼ੁਲਮ ਚੋਖਾ। ਸੈਦ ਪੁਰ ਸੰਡਿਆਲੀ ਦੀ ਕਤਲਾਮ ਯਾਦ ਕਰਕੇ ਕੰਬਣੀ ਛਿੜ ਪੈਂਦੀ ਏ ਹੁਣ ਬੀ। ਗੁਰੂ ਬਾਬਾ ਬੀ ਤਦੋਂ ਉਥੇ ਹੀ ਸੀ[੮੧]। ਲਓ ਜੀ! ਬਾਬਰ ਸਿਆਲਕੋਟ ਤਕ ਤਹਿਤ ਜਮਾ ਚੁਕਾ ਸੀ ਪਿਛੇ ਉਸ ਦੇ ਰਾਜ ਉਤੇ ਕੰਧਾਰ ਦੇ ਪਠਾਣਾਂ ਨੇ ਹੱਲਾ ਬੋਲ ਦਿੱਤਾ ਸੀ, ਸੋ ਬਾਬਰ ਫੇਰ ਮੁੜ ਗਿਆ। ਖ਼ਯਾਲ ਪੈਂਦਾ ਏ ਕਿ ੧੫੮੦ ਬਿਕ੍ਰਮੀ ਦੇ ਆਨਮਾਨ ਫੇਰੂ ਜੀ ਪਰਲੋਕ ਸਿਧਾਰੇ ਤੇ ਸਾਰਾ ਕੰਮ ਸ੍ਰੀ ਲਹਿਣਾ ਜੀ ਦੇ ਉਤੇ ਆ ਪਿਆ। ਸ੍ਰੀ ਲਹਿਣਾ ਜੀ ਦਾ ਵਪਾਰ ਟੁਰਦਾ ਰਿਹਾ ਤੇ ਸੁਖੀ ਵਸਦੇ ਰਹੇ। ਏਥੋਂ ਦੇ ਲੋਕੀਂ ਵੀ ਪਹਾੜਾਂ ਵਾਲੀ ਦੇਵੀ ਦੇ ਭਗਤ ਸਨ; ਇਹ ਰੋਜ਼ ਰਾਤ ਨੂੰ ਇਕੱਠੇ ਹੋਕੇ ਜੋਤ ਜਗਾਕੇ ਵਿਚ ਰਖ ਲੈਂਦੇ ਤੇ ਦੁਆਲੇ ਬੈਠਕੇ ਢੋਲਕੀ ਛੈਣਿਆਂ ਨਾਲ ਭੇਟਾਂ ਗਾਉਂਦੇ। ਲਹਿਣਾ ਜੀ ਇਨ੍ਹਾਂ ਦੇ ਵਿਚ ਆਗੂ ਬਣ ਗਏ, 'ਸਰਦਾਰ' ਹਰ ਥਾਂ 'ਸਰਦਾਰ' ਵਾਲੀ ਗੱਲ ਏ।

ਬਾਬਰ ਦੇ ੧੫੭੮ ਵਾਲੇ ਹੱਲੇ ਨੂੰ ਤ੍ਰੈ ਸਾਲ ਨਹੀਂ ਸਨ ਬੀਤੇ ਕਿ ਫੇਰ ਬਾਬਰਵਾਣੀ ਫਿਰ ਗਈ, ਐਤਕੀ (੧੫੮੧ ਬਿ:) ਬਾਬਰ ਸਰਹਿੰਦ ਤਕ ਗਿਆ। ਏਥੋਂ ਫੇਰ ਮੁੜ ਪਿਆ, ਪਰ ਫੇਰ ਸਿਆਲੇ ਵਿਚ ਆ ਪਿਆ[੮੨]। ਇਸ ਵੇਰ ਤਾਂ ਉਸ ਨੇ ਦਿੱਲੀ ਫਤਹ ਕਰ ਲਈ ਤੇ ਪਠਾਣ ਰਾਜ ਦਾ ਦੀਵਾ ਬੁਝਾਕੇ ਮੁਗ਼ਲ ਰਾਜ ਦਾ ਚਰਾਗ ਰੌਸ਼ਨ ਕਰ ਦਿੱਤਾ।

ਇਕ ਸਿਖ (ਹੌਲੇ ਜਿਹੇ)-ਗੁਰੂ ਕਾ ਹਾਲ ਸੁਣਾਓ ਇਹ ਰਾਜ ਰੌਲੇ, ਸੁਣੇ ਸੁਣਾਏ, ਕਈਆਂ ਵੇਖੇ ਵਿਖਾਏ ਹਨ। ਲਾਹੌਰ ਦਾ ਤੜਥੱਲ ਕਿਸ ਨੂੰ ਭੁੱਲਾ ਏ ਗੁਰੂ ਕਾ ਹਾਲ ਦੱਸੋ।

ਸੈਣ-ਮੈਂ ਇਸ ਲਈ ਇਹ ਸੁਦਾਏ ਹਨ ਕਿ ਤੁਹਾਨੂੰ ਜੋ ਗਲ ਹੁਣ ਦੱਸਣ ਲਗਾ ਹਾਂ, ਉਸ ਦੀ ਸੋਝੀ ਤੇ ਸਮੇਂ ਦੇ ਹਿਸਾਬ ਦੀ ਸਮਝ ਸਾਫ ਸਾਫ ਆ ਜਾਵੇ। ਲਓ ਜੀ! ਰੌਲੇ ਰੱਪੇ ਪੈ ਗਏ। ਸਾਲ ਭਰ ਕਿ ਵਧ ਆਪੋ ਧਾਪੀ। ਨਾ ਦਿੱਲੀ ਦਾ ਤਪ ਤੇਜ ਨਾ ਸੁਲਤਾਨਪੁਰ ਦਾ, ਨਾ ਲਾਹੌਰ ਦਾ। ਸਭ ਤੋਂ ਵੱਧ ਫਸਾਦ ਕੀਤਾ ਪਚਾਧਿਆਂ ਤੇ ਭੱਟੀਆਂ ਨੇ ਤੇ ਬਲੋਚ ਆਦਿ ਲੋਟੇਰਿਆਂ ਨੇ ਸਤਲੁਜੋਂ ਪਾਰ-ਲੁੱਟ, ਮਾਰ ਕਤਲ। ਸਾਡੇ ਸਤਿਗੁਰੂ ਅੰਗਦ ਦੇਵ

ਜੀ ਦੀ ਅਵਤਾਰ ਭੂਮੀ 'ਮਤੇ ਦੀ ਸਰਾਂ' ਇਨ੍ਹਾਂ ਨੇ ਲੁੱਟ, ਮਾਰ, ਕਤਲ ਕਰਕੇ ਢੇਰੀ ਕਰ ਦਿੱਤੀ, ਇਕ ਵੀ ਜਗਦਾ ਦੀਵਾ ਨਾ ਛੱਡਿਆ। ਭਲੇ ਵੇਲੇ ਫੁਰੀ ਸੀ ਸ੍ਰੀ ਲਹਿਣਾ ਜੀ ਨੂੰ ਮੱਤੇ ਦੀ ਸਰਾਂ ਛੱਡਣੀ ਤੇ ਲੈ ਆਏ ਸਨ ਬਾਬਾ ਫੇਰੂ ਜੀ ਨੂੰ ਤੇ ਪਰਵਾਰ ਨੂੰ ਸੰਘਰ। ਕੁਛ ਸਾਲ ਏਥੇ ਬੀਤੇ ਸਨ। ਰਾਜ ਹੁਣ ਪੱਕਾ ਹੋ ਗਿਆ ਸੀ ਬਾਬਰ ਦਾ ਤੇ ਦੇਸ ਵਿਚ ਅਮਨ ਸੀ। ੧੫੮੭ ਬਿਕ੍ਰਮੀ ਦੇ ਪੋਹ ਵਿਚ ਬਾਬਰ ਮਰ ਗਿਆ[੪੩] ਤੇ ਗੱਦੀ ਬੈਠਾ ਉਸ ਦਾ ਪੁਤ੍ਰ ਹਮਾਯੂੰ।

ਸ੍ਰੀ ਲਹਿਣਾ ਜੀ ਦੀ ਦੁਕਾਨਦਾਰੀ ਟੁਰੀ ਰਹੀ ਸੰਘਰ ਵਿਚ ਤੇ ਦੇਵੀ ਉਪਾਸ਼ਕਾਂ ਦੀ ਅਗੁਵਾਨੀ ਏਥੇ ਬੀ ਬਣੀ ਰਹੀ।

ਇਕ ਸਿਖ-ਤੁਸੀਂ ਹੁਣ ਰਾਜਸੀ ਗੱਲਾਂ ਦੱਸ ਰਹੇ ਹੋ, ਸਾਨੂੰ ਦੱਸੋ ਕਿ ਇਤਨੇ ਵਰ੍ਹੇ ਸੰਘਰ ਰਹਿਕੇ ਸ੍ਰੀ ਲਹਿਣਾ ਜੀ ਮਾਈ ਵਿਰਾਈ ਨੂੰ ਫੇਰ ਕਿਉਂ ਨਾ ਮਿਲੇ?

ਸੈਣ-ਮਿਲਦੇ ਰਹੇ। ਪੇਕਾ ਘਰ ਉੱਜੜ ਜਾਣ ਨਾਲ ਮਾਈ ਨੂੰ ਉਥੋਂ ਦੀ ਨਿਸ਼ਾਨੀ ਹੁਣ ਲਹਿਣਾ ਜੀ ਹੀ ਤਾਂ ਦਿੱਸਦੇ ਸਨ, ਭਰਾ ਮੰਨੇ ਤਾਂ ਜੇ ਭਤੀਜਾ ਮੰਨੇ ਤਾਂ, ਆਪੋ ਵਿਚ ਮੇਲ, ਆਵਾਜਾਈ, ਪਿਆਰ ਸਭੋ ਕੁਛ ਸੀ ਪਰ ਦਾਨੀ ਮਾਈ ਉਨ੍ਹਾਂ ਦੀ ਦੇਵੀ ਪੂਜਾ ਨੂੰ ਕੋਈ ਸੱਟ ਨਹੀਂ ਸੀ ਮਾਰਦੀ। ਉਡੀਕਦੀ ਸੀ ਕੋਈ 'ਸਮਾਂ' ਜੋ ਕਰਤਾਰ ਹੀ ਲਿਆਉਂਦਾ ਹੈ। ਸੋ 'ਸਮਾਂ' ਹੁਣ ਆ ਗਿਆ। ਖਡੂਰ ਵਿਚ ਰਹਿੰਦਾ ਸੀ, ਇਕ ਹੋਰ ਗੁਰੂ ਕਾ ਸਿਖ-ਜੋਧ। ਇਹ ਕਦੇ ਕਦੇ ਸੰਘਰ ਜਾਂਦਾ ਸੀ। ਕਦੇ ਇਸਨੂੰ ਰਾਤ ਰਹਿਣਾ ਪਿਆ ਓਥੇ, ਤਾਂ ਏਸ ਨੇ ਸਵੇਰੇ ਪੜ੍ਹੀ ਬਾਣੀ, ਓਹ ਬਲੇਲ ਪੈ ਗਈ ਕੰਨੀਂ ਸ੍ਰੀ ਲਹਿਣਾ ਜੀ ਦੇ। ਮਿੱਠੀ ਲਗੀ, ਪਿਆਰੀ ਲੱਗੀ, ਦਿਲ ਨੂੰ ਖਿੱਚ ਪਈ, ਸੋ ਉਦਮ ਕਰਕੇ ਜੋਧ ਨੂੰ ਜਾ ਮਿਲੇ। ਬਾਣੀ ਮੁੜ ਮੁੜ ਸੁਣੀ, ਅਰਥ ਪੁਛੇ, ਸਮਝੇ। ਫੇਰ ਆ ਗੱਲ ਕੀਤੀ ਮਾਈ ਵਿਰਾਈ ਨਾਲ- ਭੂਆ ਜੀ! ਮੈਂ ਸੁਣੀਏ ਬਾਣੀ ਬਾਬੇ ਗੁਰ ਨਾਨਕ ਦੀ, ਕਲੇਜੇ ਪੁੜ ਗਈ ਏ, ਤੇ ਗਲ ਪਈ ਏ ਮਨ ਦੀ ਰੁਚੀ ਤ੍ਰਿਖੀ ਹੋਕੇ ਦਰਸ਼ਨਾਂ ਲਈ। ਗੁਰ ਦਾ ਨਾ ਸੁਣਕੇ ਮਾਈ ਦਾ ਕਲੇਜਾ ਝਰਨ ਝਰਨ ਹੋਇਆ, ਪਰ ਠਰੰਮੇ ਨਾਲ ਮੁਸਕ੍ਰਾਉਂਦੀ ਤੇ ਸੁਣਦੀ ਰਹੀ ਤੇ ਹੁੰਗਾਰਾ ਭਰਦੀ ਰਹੀ, ਪਰ ਕਾਹਲੀ ਨਾਲ ਕੁਝ ਨਾ ਬੋਲੀ। ਗਲ ਮੁੱਕੀ ਤੇ ਸਹਿਜ ਨਾਲ ਆਖਿਓ : 'ਵੀਰਾ ਜੇਰਾ ਕਰ ਕੁਛ'। ਸ੍ਰੀ ਲਹਿਣਾ ਜੀ ਫੇਰ ਛੇਤੀ ਹੀ ਆ ਮਿਲੇ, ਫੇਰ ਗਲ ਕੀਤੀ : ਭੂਆ ਜੀ ਰਾਤੀਂ ਤ੍ਰਬ੍ਹਕ ਤ੍ਰਬ੍ਹਕ ਉਠਦਾ ਹਾਂ ਧੂ ਪੈਂਦੀ ਏ ਬਾਣੀ ਵਾਲੇ ਵਲ, ਕਿਵੇਂ ਕਰਾਂ? ਠੰਢੇ ਜਿਗਰੇ ਪਰ ਪੱਕੇ ਧ੍ਰਵੇ ਵਾਲੀ ਮਾਈ ਤਦ ਬੋਲੀ-ਵੀਰਾ ਤੂੰ ਜਾਣਾ ਏਂ ਹੁਣ ਨਾ ਦੇਵੀ ਦੇ ਦਰਸ਼ਨ ਨੂੰ। ਤੇਰੇ ਰਾਹ ਦੇ ਲਾਗ ਯਾ ਜ਼ਰਾ ਵਿੱਥ ਤੇ ਆਉਣਾ ਏ ਸਤਿਗੁਰ ਦਾ ਦਰਬਾਰ ਕਰਤਾਰਪੁਰ, ਖਾਣੀਆਂ ਵਾਲੇ ਦਾਤੇ ਦਾ। ਮਿਲ ਪਈਂ ਤੇ ਮੂੰਹੋਂ ਮੂੰਹ ਗਲਾਂ ਕਰ ਲਈਂ, ਜੇ ਨਿਸ਼ਾ ਖਾਤਰ ਹੋ ਗਈ ਤਾਂ ਸੁਖੀ ਹੋ ਜਾਏਂਗਾ। ਤੂੰ ਸਿਆਣਦਾ ਏਂ ਉਨ੍ਹਾਂ ਨੂੰ, ਉਹ ਸਿਆਣਦੇ ਨੇ ਤੈਨੂੰ। ਲਹਿਣਾ ਜੀ ਬੋਲੇ-ਮੈਂ ਤਾਂ ਨਹੀਂ ਕਦੇ ਡਿੱਠੇ ਉਹ ਬਿਨ ਡਿਠੇ ਕਿੱਥ ਜਾਣਦੇ ਨੇ ਮੈਨੂੰ? ਮਾਈ ਬੋਲੀ ਭੋਲਿਆ ਵੀਰਾ! ਭੁੱਲ ਗਿਆ ਏਂ ਭਲਿਆਂ ਦੀ ਭਲਿਆਈ। ਓਹੋ ਸਨ ਦਾਤਾ ਜੀ ਜਿਨ੍ਹਾ ਮੇਰੇ ਵੀਰ ਫੇਰੂ ਦੀ ਇੱਜਤ ਬਚਾਉਣ ਦਾ ਤੈਨੂੰ ਰਾਹ ਦੱਸਿਆ ਤੇ ਵਰ ਦਿੱਤਾ ਸੀ, ਚੇਤਾ ਈ ਕਿ ਨਾ? ਸ੍ਰੀ ਲਹਿਣਾ ਜੀ ਤ੍ਰਬ੍ਹਕੇ ਤੇ ਬੋਲੇ : ਓਹ, ਓਹ ਹੈਂ, ਉਹੋ, ਉਹੋ। ਵਾਹ ਵਾਹ ਭੁਲੇਵੇਂ, ਵਾਹ ਵਾਹ ਭੁੱਲਾਂ ਭੁਲ ਭੁਲਈਆਂ ਉਹ ਹਨ ਇਸ ਗੀਤਾ ਦੇ ਸ੍ਰੀ ਕ੍ਰਿਸ਼ਨ! ਹੈਂ? ਤੁਸਾਂ ਅੱਗੇ ਕਿਉਂ ਨਾ ਦੱਸਿਆ? (ਸਿਰ ਫੇਰਕੇ) ਸ਼ੂਮ ਭੂਆ, ਸ਼ੂਮ ਭੈਣੀ। ਮਾਈ ਹੱਸੀ ਤੇ ਕਹਿਣ ਲਗੀ: ਵੀਰਾ! ਗਲ ਉਦੋਂ ਕਰੀਦੀ ਹੈ ਜਦੋਂ ਕੰਨਾਂ ਨੂੰ ਚੀਰਕੇ ਲੰਘ ਜਾਵੇ ਸਿਰ ਵਿਚ, ਸਿਰ ਵਿਚੋ ਬਹਿ ਜਾਵੇ ਮਨ ਵਿਚ ਤੇ ਮਨ ਨੂੰ ਬਣਾ ਲਵੇ ਆਪਣਾ ਘਰ। ਐਵੇਂ ਕੰਨਾਂ ਵਿਚ ਪਿਚਕਾਰੀ ਨਾਲ ਕੰਨ ਵਿਚ ਘਸੋੜਿਆ ਪਾਣੀ ਕਿਸ ਕੰਮ, ਪਿਛੇ ਪਰਤ ਅਇਆ, ਜਿਹਾ ਗਿਆ ਤਿਹਾ ਹੀ।

ਸ੍ਰੀ ਲਹਿਣਾ ਜੀ ਬੋਲੇ : ਮੈਂ ਤਾਂ ਭਤੀਜਾ ਸਾਂ, ਭਰਾ ਸਾਂ, ਮੈਨੂੰ ਤਾਂ ਅੰਦਰ ਘੋਲਕੇ ਪਾਣੀ ਸੀ, ਕੌੜੀ ਬੀ ਹੁੰਦੀ, ਤਾਂ ਬੀ।

ਵਿਰਾਈ ਬੋਲੀ : ਤੂੰ ਵੀਰਾ ਹੀਰਾ ਏਂ, ਖਬਰੇ ਤੇਰੇ ਭਾਗ ਕਿੰਨੇ ਯਾਵਰ ਨੇ। ਜੋ ਹੁੰਦਾ ਏ ਭਲੇ ਨੂੰ। ਭਲਾ ਸੋਚ ਖਾਂ ਜ਼ਾਹਰੀ ਕਰਾਮਾਤ ਦੇਖਕੇ, ਦਰਸ਼ਨ ਕਰਕੇ ਤੈਨੂੰ ਖਿੱਚ ਨਾ ਪਈ ਤੇ ਹੁਣ ਬਾਣੀ ਸੁਣਕੇ ਧੂਹ ਪਈਉ, ਅਝੱਲਵੀਂ ਜੋ ਕਲੇਜਾ ਪਈ ਚੀਰਦੀਉ!



www.sikhbookclub.com

ਇਹ ਵੀਰਾ! ਕੋਈ ਅਗੰਮੀ ਖੇਡ ਹੈ ਕਿ ਨਾਂ? ਕੌਣ ਜਾਣੇ ਮਰਮ ਸਾਂਈਂ ਦੇ। ਦੇਖ! ਹੁਣ ਇਕ ਗੱਲ ਆਖਦੀਊਂ ਡਾਢੇ ਪਿਆਰ ਦੀ। ਉਹ ਸੁਣ ਤੇ ਸਮਝ ਲਈਂ ਮਨ ਲਾ ਕੇ। ਸੁਣ ਵੀਰਾ! ਹਰ ਮਨੁੱਖ ਦੇ ਅੰਦਰ ਰੱਬ ਏ, ਪਰ ਦੀਹਦਾਏ ਕਿਸਨੂੰ? ਅੰਦਰ ਏ ਰੋਲ ਘਚੋਲਾ ਸੋਚਾਂ ਦਾ, ਫਿਕਰਾਂ ਦਾ, ਲੋੜਾਂ ਦਾ, ਵਿਹਲੇ ਸੰਕਲਪਾਂ ਦਾ, ਉਸ ਵਿਚ ਨਾ ਕੁਝ ਦੀਹਦਾ ਏ; ਨਾ ਸੁਣੀਂਦਾ ਏ ਤੇ ਹੁੰਦਾ ਈ ਹੈ ਐਦਾਂ ਕਿ ਕਦੇ ਕਦੇ ਅੰਦਰੋਂ ਬ੍ਰੀਕ ਜੇਹੀ ਸੈਨਤ ਮਿਲਦੀ ਏ, ਕੋਈ ਨੀਵੀਂ ਜੇਹੀ ਸੱਦ ਮਾਨੋਂ ਸੁਣੀਂਦੀ ਏ, ਉਹ ਹੁੰਦੀ ਏ ਨੇਕੀ ਦੀ ਸੱਦ-ਉਸ ਨੇਕੀ ਦੇ ਮਾਲਕ ਦੀ ਆਪਣੀ ਅਵਾਜ਼, ਪਰ ਜਦੋਂ ਇਹ ਨੇਕੀ ਦਾ ਭਾਰ ਉੱਠਦਾ ਏ, ਅੰਦਰ ਤਦੋਂ ਸਾਡੇ ਮਨ ਵਿਚ ਜੋ ਰੋਲ ਘਚੋਲੇ ਰਹਿੰਦੇ ਨੇ ਉਨ੍ਹਾਂ ਵਿਚੋਂ ਉਹ ਬ੍ਰੀਕ ਅਵਾਜ਼ ਸੁਣੀਂਦੀ ਹੋਈ ਬੇਪਰਵਾਹੀ ਵਿਚ ਅਣਸੁਣੀ ਹੋ ਜਾਂਦੀ ਏ। ਹੁਣ ਜੋ ਤੈਨੂੰ ਧੂਹ ਪਈ ਏ ਇਹ ਐਵੇਂ ਕਿਵੇਂ ਨਾ ਜਾਣੀ ਇਹ ਹਈ ਅਗੰਮੀ ਸੱਦ ਅੰਦਰੋਂ, ਰੱਬ ਨੇ ਦਿੱਤਾ ਈ ਹਲੂਣਾ, ਇਸ ਨੂੰ ਅਕਲਾਂ ਫਿਕਰਾਂ ਨਾਲ ਅਣਸੁਣੀ ਨਾ ਕਰੀਂ, ਗਹੁ ਕਰ ਕਰ ਕੇ ਸਮਝੀਂ, ਤੈਨੂੰ ਪਤਾ ਲਗੇਗਾ ਆਪ ਹੀ ਕਿ ਇਹ ਮਨ ਦੀ ਅਵਾਜ਼ ਨਹੀਂ, ਵਿਚਾਰਾਂ ਦਾ ਸਿੱਟਾ ਨਹੀਂ, ਸੁਣੀਆਂ ਸੁਣਾਈਆਂ ਦੀ ਪਰਤ-ਗੂੰਜ ਨਹੀਂ, ਇਹ ਕੋਈ ਅਗੰਮੀ ਸੈਨਤ ਊ, ਇਹ ਅੰਦਰੋਂ ਦਿੱਤਾ ਰੱਬ ਦਾ ਹਲੂਣਾ ਈ! ਕੋਈ ਆਇਆ ਈ ਨਛੱਤ੍ਰ ਸੁਹਣਾ ਭਾਗਾਂ ਵਾਲਾ।

ਸ੍ਰੀ ਲਹਿਣਾ ਜੀ ਨੇ ਛਾਤੀ ਤੇ ਹੱਥ ਧਰ ਲਿਆ ਨੈਣ ਮੀਟ ਲਏ, ਦੋ ਚਾਰ ਟੇਪੇ ਬੰਦ ਨੈਣਾਂ ਵਿਚੋਂ ਤਿਲਕ ਕੇ ਗੱਲ੍ਹਾਂ ਤੋਂ ਹੇਠਾਂ ਨੂੰ ਵਰ੍ਹ ਟੁਰੇ। ਮਾਈ ਨੇ ਦੇਖੇ, ਸਮਝੀ ਕਿ 'ਭਾਗੈ ਕਾ ਉਦੈ' ਹੋ ਆਇਆ ਏ। ਲਹਿਣਾ ਜੀ ਨੇ ਕੁਝ ਚਿਰ ਚੁੱਪ ਰਹਿਕੇ ਨੈਣ ਖੁਹਲੇ, ਬੋਲੇ: ਅਸੀਸ ਦੇ ਜੋ ਇਹ ਸੱਦ, ਸਾਈਂ ਦੀ ਸੱਦ, ਮੈਂ ਹੁਣ ਸੁਣਦਾ ਹੀ ਰਹਾਂ, ਇਸ ਵਿਚ ਅਟਕਾਰਾ ਨਾ ਪਵੇ। ਮਾਈ ਬੋਲੀ ਗੁਰੂ ਨਾਨਕ, ਵੀਰਾ! ਤੇਰਾ ਸਹਾਈ ਹੋਵੇ। ਇਉਂ ਵਾਰਤਾਲਾਪ ਕਰਕੇ ਠੰਢੇ ਠਾਰ ਹੋਏ ਵਿਚ ਵਿਚ ਠੰਢ ਪਰ ਠੰਢ ਵਧਾਉਣ ਵਾਲੇ ਕਈ ਸਾਹ ਲੈਂਦੇ ਸ੍ਰੀ ਲਹਿਣਾ ਜੀ ਸੰਘਰ ਆ ਗਏ। ਦੇਵੀ ਦਾ ਸੰਗ ਤਿਆਰ ਹੋ ਰਿਹਾ ਸੀ। ਸੋ ਦੋ ਚਾਰ ਦਿਨਾਂ ਮਗਰੋਂ ਸ੍ਰੀ ਲਹਿਣਾ ਜੀ ਸੰਗ ਦੀ ਅਗੁਵਾਨੀ ਵਿਚ ਟੁਰ ਪਏ ਪਰ ਦਿਲ ਹੁਣ ਕਿਸੇ ਹੋਰ ਦਰਵਾਨੀ ਵਿਚ ਲੱਗ ਪਿਆ ਏ। ਧੂਹ ਜੋ ਪਈ ਸੀ, ਅੰਦਰ ਬਹਿ ਗਈ ਹੋਈ ਏ। ਸਾਰੇ ਕੰਮ ਕਰਦਿਆਂ ਅੰਦਰ ਦਾ ਰੁਖ ਉਧਰੇ ਪੈਂਦਾ ਏ। ਮਾਈ ਦੀ ਸੁਮੱਤ ਗੂੰਜਦੀ ਏ:- "ਵੀਰਾ! ਇਹ ਕੋਈ ਅਗੰਮੀ ਸੈਨਤ ਊ! ਇਹ ਅੰਦਰੋਂ ਰੱਬ ਦਾ ਦਿੱਤਾ ਹਲੂਣਾ ਈ!" ਇਸ ਤਰ੍ਹਾਂ ਦੇ ਹਾਲ ਵਿਚ ਸ੍ਰੀ ਲਹਿਣਾ ਜੀ ਸਫਰ ਕਰ ਰਹੇ ਹਨ!

ਗੁਰੂ ਕੇ ਪਿਆਰਿਓ! ਇਹ ਪਹਿਲੋਂ ਉੱਤਰ ਦੇ ਰੁਖ ਨੂੰ ਟੁਰੇ ਫਿਰ ਜ਼ਰਾ ਪੱਛੋਂ ਹੋ ਕੇ ਕਰਤਾਰ ਪੁਰ ਪੁੱਜੇ। ਪੰਧ ਹੈਸੀ ਕੋਈ ਚਾਲੀ ਪੰਜਤਾਲੀ ਕੋਹ ਦਾ। ਕਰਤਾਰਪੁਰ ਪਹੁੰਚ ਕੇ ਗੁਰੂ ਕੇ ਦਰਬਾਰ ਤੋਂ ਕੁਛ ਦੂਰ ਡੇਰਾ ਲਾ ਦਿਤਿਓ ਨੇ, ਵਸੋਂ ਤੋਂ ਪਰੇਡੇ ਬਾਹਰ ਵਾਰ। ਰਾਤ ਭੇਟਾਂ ਗਾਂਵੀਆਂ, ਖਾਧੇ ਪੀਤੇ ਤੇ ਸੌਂ ਗਏ। ਅਗਲੇ ਦਿਨ ਸ੍ਰੀ ਲਹਿਣਾ ਜੀ ਸਾਥੀਆਂ ਤੋਂ ਛੁੱਟੀ ਲੈ ਕੇ ਘੋੜੀ ਤੇ ਚੜ੍ਹ ਕੇ ਗੁਰੂ ਕੇ ਦਰਸ਼ਨ ਨੂੰ ਗਏ। ਕੁਛ ਦੂਰ ਗਏ ਤਾਂ ਗੁਰੂ ਜੀ ਲਹਿਣਾ ਜੀ ਨੂੰ ਰਾਹ ਵਿਚ ਖੜੇ ਦਿੱਸ ਪਏ, ਪਰ ਲਹਿਣਾ ਜੀ ਨੇ ਸਿਵਾਤੇ ਨਾ। ਪਹਿਲੇ ਅਖ ਪਲਕਾਰੇ ਦਰਸ਼ਨਾਂ ਨੂੰ ਮੁੱਦਤਾਂ ਬੀਤ ਚੁਕੀਆਂ ਸਨ। ਸੋ ਨਾ ਪਛਾਣ ਕੇ ਉਨ੍ਹਾਂ ਨੂੰ ਹੀ ਪੁੱਛਣ ਲੱਗੇ ਕਿ ਮੈਂ ਗੁਰੂ ਨਾਨਕ ਜੀ ਦੇ ਦਰਸ਼ਨ ਕਰਨੇ ਹਨ, ਕਿਰਪਾ ਕਰਕੇ ਮੈਨੂੰ ਪਤਾ ਦਿਓ। ਤਾਂ ਗੁਰੂ ਜੀ ਮੁਸਕ੍ਰਾਏ ਤੇ ਆਖਣ ਲੱਗੇ : 'ਆ ਪੁਰਖਾ, ਮੇਰੇ ਮਗਰ ਮਗਰ ਘੋੜੀ ਨੂੰ ਲਈ ਆ।' ਆਪਣੀ ਧਰਮਸਾਲ ਦੇ ਲਾਗੇ ਜਾ ਕੇ ਗੁਰੂ ਜੀ ਆਖਣ ਲਗੇ: ਪੁਰਖਾ ਘੋੜੀ ਔਸ ਕਿੱਲੇ ਨਾਲ ਬੰਨ੍ਹ ਦੇਹ ਤੇ ਇਸ ਅੰਦਰ ਲੰਘ ਜਾਹ, ਇਹ ਹੈ ਧਰਮਸਾਲ। ਸ੍ਰੀ ਲਹਿਣਾ ਜੀ ਤਾਂ ਘੋੜੀ ਤੋਂ ਉਤਰ ਕੇ ਉਸ ਨੂੰ ਪਰੇ ਕਿੱਲੇ ਵੱਲ ਬੰਨ੍ਹਣ ਨੂੰ ਲੈ ਗਏ ਤੇ ਗੁਰੂ ਜੀ ਧਰਮਸਾਲ ਦੇ ਅੰਦਰ ਜਾ ਕੇ ਬਿਰਾਜ ਗਏ। ਜਾਂ ਲਹਿਣਾ ਜੀ ਅੰਦਰ ਗਏ ਤਾਂ ਕਾਹਲੀ ਨਾਲ ਮੱਥਾ ਟੇਕਿਆ, ਹੰਝੂ ਭਰ ਆਏ, ਝਰਨ ਝਰਨ ਹੋਈ, ਜਾਂ ਸਿਰ ਚਾਇਆ ਤੇ ਚਿਹਰੇ ਵਲ ਨੈਣ ਭਰ ਤੱਕਿਆ ਤਾਂ ਡਿੱਠੋ ਨੇ ਕਿ ਗੱਦੀ ਤੇ ਤਾਂ ਉਹੋ ਬੈਠਾ ਹੈ, ਜੋ ਮੇਰੇ ਅੱਗੇ ਅੱਗੇ ਰਾਹ ਦੱਸਦਾ ਪੈਦਲ ਟੁਰੀ ਆਇਆ ਹੈ ਤੇ ਮੈਂ ਘੋੜੀ ਉਤੇ ਚੜ੍ਹਿਆ ਮਗਰ ਮਗਰ ਆਇਆ ਹਾਂ। ਸਖਤ ਸ਼ਰਮ ਆਈ। ਮਨਾ! ਅੱਗੇ ਇਕੇਰਾਂ ਦਰਸ਼ਨ ਪਾਏ, ਵਰ ਲਏ, ਸੁਖ ਪਾਏ, ਸੂਰਤ ਤੱਕ ਯਾਦ ਨਾ ਰੱਖੀ, ਹਾਏ ਭੁਲੇਵਾ...!


www.sikhbookclub.com

ਕੀਤਾ ਨਾ ਜਾਤਾਂ, ਮੁੜ ਆਯਾ ਤੇ ਸ਼ੁਕਰੀਆ ਤਕ ਨਾ ਕੀਤਾ। ਅੱਜ ਆਇਆ ਤਾਂ ਹੋਰ ਬਿਅਦੀ ਕੀਤੀ। ਮੁੜ੍ਹਕਾ ਮੁੜ੍ਹਕਾ ਹੁੰਦਿਆਂ, ਕਲੇਜਾ ਕੰਬ ਗਿਆ, ਅੱਖਾਂ ਅੱਗੇ ਚਕਰਾਂ ਦੇ ਭਉਂਦਿਆਂ, ਫੇਰ ਮੱਥਾ ਟੇਕਿਆ, ਪਰ ਉਹ ਟੇਕਿਆ ਮੱਥਾ ਟਿਕ ਹੀ ਗਿਆ, ਧਰਤੀ ਤੋਂ ਨਾ ਉਠਿਆ ਤੇ ਧਰਤੀ ਨੈਣ ਨੀਰ ਨਾਲ ਭਿੱਜ ਗਈ। ਦਾਤਾ ਗੁਰੂ ਦਿਲ ਦੀ ਜਾਣ ਗਏ ਕਿ ਅਵਸਥਾ ਕੀਕੂੰ ਦੀ ਦ੍ਰਵੀ ਹੋਈ ਹੋ ਗਈ ਏ ਜੋ ਆਪੇ ਤੋਂ ਬੀ ਬਾਹਰ ਹੋ ਰਹੀ ਏ। ਉਰੇ ਹੋਏ, ਸਿਰ ਤੇ ਹੱਥ ਫੇਰਿਆ, ਦਿਲਾਸਾ ਦਿੱਤਾ, ਆਖਿਆ, ਵਾਹ ਵਾਹ ਪੁਰਖਾ ਸਾਵਧਾਨ ਹੋ ਕਰਤਾਰ ਭਲੀ ਕਰੇਗਾ, ਭੁੱਲ ਕੋਈ ਨਹੀਂ, ਭਲਾ ਹੀ ਭਲਾ ਹੈ।

ਪਿਆਰ ਦੇ ਵਾਕ, ਕੂਲੇ ਕੂਲੇ ਵਾਕ, ਆਖਦਿਆਂ ਗੁਰੂ ਬਾਬੇ ਨੇ ਸ੍ਰੀ ਲਹਿਣਾ ਜੀ ਦਾ ਸਿਰ ਚਾਇਆ, ਕੋਲ ਬਿਠਾਲ ਲਿਆ, ਬੜੇ ਦਰਦ ਨਾਲ ਪੁਛਿਆ: ਰਾਜ਼ੀ ਏਂ ਪੁਰਖਾ! ਕਿਥੋਂ ਆਇਆ ਏਂ? ਨਾਮ ਕੀ ਏ? ਲਹਿਣਾ ਜੀ ਗਦਗਦ ਕੰਠ ਮਨ, ਬੋਲਣਾ ਕਠਨ ਸੀ ਪਰ ਉੱਤਰ ਨਾ ਦੇਣਾ ਹੋਰ ਬੇ-ਅਦਬੀ ਸਮਝਕੇ ਬੋਲੇ:-ਆਪਦੀ ਮੇਹਰ ਦਾ ਸਦਕਾ ਸੁਖੀ ਹਾਂ, ਖਡੂਰ-ਸੰਘਰ ਤੋਂ ਆਇਆ ਹਾਂ ਤੇ ਨਾਉਂ ਏਂ ਲਹਿਣਾ। ਆਪ ਹੱਸੇ ਤੇ ਹੱਥ ਤੇ ਹੱਥ ਮਾਰ ਕੇ ਬੋਲੇ: "ਵਾਹ ਵਾਹ ਪੁਰਖਾ, ਵਾਹ ਵਾਹ ਤੇਰਾ ਨਾਉਂ ਲਹਿਣਾ, ਆ ਬਈ ਤੂੰ ਲਹਿਣਾ ਤੇ ਅਸਾਂ ਤੇਰਾ ਦੇਣਾ।" ਇਹ ਸੁਣ ਕੇ ਲਹਿਣਾ ਜੀ ਦੇ ਸਾਰੇ ਬਦਨ ਵਿਚ ਇਕ ਤਿਖੀ ਝਰਨ ਝਰਨ ਹੋਈ। ਕੁਛ ਬੋਲ ਨਾ ਸਕੇ: ਪਰ ਕੋਈ ਖਿੱਚ ਪਈ ਐਸੀ ਕਿ ਮਾਨੋਂ ਪਿਛਲਾ ਸਭ ਕੁਛ ਭੁੱਲ ਗਿਆ, ਜਾਪੇ ਕਿ ਇਹ ਥਾਉਂ ਆਪਣਾ ਹੈ, ਸਦਾ ਤੋਂ ਏਥੇ ਸਾਂ ਇਹ ਸਾਰਾ ਕੁਛ ਜੋ ਦਿੱਸਦਾ ਹੈ ਅਸਲੀ ਅਪਣੱਤ ਨਾਲ ਆਪਣਾ ਹੈ। ਫਿਰ ਦੇਖਦੇ ਹਨ ਅੰਦਰ ਇਕ ਸ਼ਬਦ ਹੋ ਰਿਹਾ ਹੈ, ਮਨ ਉਸ ਨੂੰ ਲਿਪਟਦਾ ਜਾਂਦਾ ਹੈ, ਨੈਣ ਝੁਕਦੇ ਜਾਂਦੇ ਹਨ, ਖੋਲ੍ਹਦਾ ਹੈ ਦਰਸ਼ਨਾਂ ਲਈ ਪਰ ਮਸਾਂ ਮਸਾਂ ਖੁਲ੍ਹਦੇ ਹਨ, ਦਰਸ਼ਨ ਦੇਖਦੇ ਹਨ, ਤਾਂ ਹੋਰ ਖਿੱਚ ਪੈਂਦੀ ਹੈ ਤੇ ਫ਼ੇਰ ਬੰਦ ਹੋ ਜਾਂਦੇ ਹਨ। ਕਦੇ ਨਹੀਂ ਸੀ ਡਿੱਠੀ ਇਹ ਦਿਲ ਦੀ ਠੰਢ ਤੇ ਰਸਮਈ ਹਾਲਤ, ਕਦੇ ਨਹੀਂ ਸੀ ਭਾਸਿਆ ਕਿ ਆਹ ਹੈ ਜਿਸ ਨੂੰ ਟੋਲਦੀ ਹੈ ਮਨ ਦੀ ਬ੍ਰਿਤੀ, ਪਰ ਨਹੀਂ ਸੀ ਲੱਭ ਸਕਦੀ। ਸਰੂਰ ਸਰੂਰ ਚੜ੍ਹਦਾ ਹੈ ਸਿਰ ਨੂੰ ਤੇ ਅੰਦਰ ਟਿਕਾਉ ਤੇ ਰਸ ਵਿਚ ਲਈ ਜਾਂਦਾ ਹੈ, ਪਰ ਬੇ-ਮਲੂਮਾ ਹੈ ਸਭੋ ਕੁਛ! ਗੁਰੂ ਜੀ ਸਿਰ ਤੇ ਕਿਸੇ ਵੇਲੇ ਹੱਥ ਫੇਰਦੇ ਹਨ, ਕਦੇ ਕੋਈ ਪਿਯਾਰ ਦਾ ਵਾਕ ਆਖਦੇ ਹਨ। ਇਸ ਰੰਗ ਵਿਚ ਸਮਾਂ ਲੰਘ ਗਿਆ ਕਿੰਨਾ ਹੀ। ਫੇਰ ਗੁਰੂ ਜੀ ਉਠੇ, ਕਿਤੇ ਬਾਹਰ ਚਲੇ ਗਏ, ਪਰ ਸ੍ਰੀ ਲਹਿਣਾ ਜੀ ਓਥੋਂ ਜਾਣਾਂ ਭੁੱਲ ਹੀ ਗਏ ਮਾਨੋਂ। ਛੇਕੜ ਦੋ ਸਰੀਰ ਸੰਗ ਵਿਚੋਂ ਆਏ, ਉਨ੍ਹਾਂ ਟੁੰਬ ਜਗਾਇਆ, ਆਖਣ ਲੱਗੇ: ਭਗਤ ਜੀ! ਐਤਨੀ ਡੇਰ! ਹੈਂ? ਸੰਗ ਨੂੰ ਭੁੱਲ ਹੀ ਗਏ? ਦਰਸ਼ਨ ਘੜੀ ਪਲ ਹੋ ਲਏ, ਹੁਣ ਚਲੋ ਸਾਰਾ ਸੰਗ ਉਡੀਕ ਰਿਹਾ ਏ।

ਸ੍ਰੀ ਲਹਿਣਾ ਜੀ ਨੇ ਲੰਮਾਂ ਠੰਢਾ ਸਾਹ ਲਿਆ ਤੇ ਬੋਲੇ:=ਭਗਤੋ! ਤੁਸੀਂ ਜਾਓ, ਮੈਂ ਹੁਣ ਜਾਣ ਆਉਣ ਜੋਗਾ ਨਹੀਂ ਰਿਹਾ। ਜਿਸ ਲਈ ਮੈਂ ਦੇਵੀ ਦੇ ਦੁਆਰ ਜਾਂਦਾ ਸਾਂ, ਉਹ ਦਾਤ ਮੈਨੂੰ ਏਥੋਂ ਲੱਭ ਪਈ ਏ। ਤੁਸਾਂ ਨੂੰ ਲੱਭੇ ਤਾਂ ਲੈ ਲਓ ਨਹੀਂ ਤਾਂ ਮੇਰੀ ਉਡੀਕ ਨਾਂ ਕਰੋ ਤੇ ਆਪਣੇ ਰਾਹ ਜਾਓ। ਤੁਸਾਂ ਨੂੰ ਮੰਦਾ ਲਗੇਗਾ ਮੇਰਾ ਨਾ ਜਾਣਾ, ਪਰ ਮੇਰੇ ਵੱਸ ਦੀ ਗਲ ਨਹੀਂ ਰਹੀ, ਮੇਰੀ ਬੇ-ਵਸੀ ਵੇਖ ਕੇ ਵੱਸ ਨਾਂ ਲਾਓ ਮੈਨੂੰ ਲੈ ਟੁਰਨ ਦਾ, ਖਿਮਾ ਕਰ ਦਿਓ। ਮੁੜਦੇ ਹੋਏ ਦਰਸ਼ਨ ਕਰੀ ਜਾਣੇਂ, ਜੇ ਤੁਹਾਡੇ ਭਾਗਾਂ ਵਿਚ ਹੋਵੇ ਤਾਂ ਕੁਛ ਤੁਸਾਂ ਨੂੰ ਬੀ ਮਿਲ ਪਵੇ ਨੇ। ਉਨ੍ਹਾਂ ਨੇ ਮਿੰਨਤ ਤਰਲਾ ਕੀਤਾ ਤਾਂ ਆਪ ਬੋਲੇ: ਪੈਰ ਨਹੀਂ ਚੱਲਦੇ, ਦਿਲ ਨਹੀਂ ਉੱਠਦਾ। ਮੈਂ ਬੇ-ਵੱਸ ਹਾਂ, ਮੈਨੂੰ ਖਿਮਾਂ ਕਰ ਦਿਓ, ਮੈਨੂੰ ਬਖਸ਼ ਦਿਓ।

ਗਲ ਕੀ ਜਦ ਓਨ੍ਹਾਂ ਨੇ ਡਿੱਠਾ ਕਿ ਕੋਈ ਪੇਸ਼ ਸ੍ਰੀ ਲਹਿਣਾ ਜੀ ਨਾਲ ਨਹੀਂ ਜਾਂਦੀ ਤਾਂ ਨਿਰਾਸ ਹੋ ਕੇ ਟੁਰ ਗਏ।

ਨਦੀ ਸਮੁੰਦਰ ਪਹੁੰਚੀ ਵਾਂਙੂ ਆਪ ਤਾਂ ਰਹਿ ਗਏ ਕਰਤਾਰਪੁਰੇ ਹੀ, ਸੰਗ ਗਿਆ ਦੇਵੀ ਨੂੰ। ਪਰ ਖਬਰਾਂ ਨੂੰ ਖੰਭ ਲਗੇ ਹੁੰਦੇ ਹਨ। ਉਡ ਗਈ ਖਬਰ ਸੰਘਰ ਨੂੰ ਕਿ "ਲਹਿਣਾ ਸੰਗ ਦਾ ਆਗੂ ਕਰਤਾਰਪੁਰੇ ਨਾਨਕ ਤਪੇ ਪਾਸ ਰਹਿ ਪਿਆ ਏ। ਸੰਗ ਨੂੰ ਜਵਾਬ ਦੇ ਦਿੱਤਾ ਸੂ ਤੇ ਆਪ ਸਾਧ ਹੋਕੇ ਬਹਿ ਗਿਆ ਏ ਤਪੇ ਦੇ ਦੁਆਰੇ ਧੂਣੀ ਰਮਾ ਕੇ। ਘੇਰੋਂ ਗਿਆ ਹੁਣ ਘਰ ਘਾਟ ਤੋਂ ਗਿਆ ਗੁਜ਼ਰਿਆ ਹੋ ਗਿਆ ਏ।" ਇਹੋ

ਜਿਹੀਆਂ ਖੰਭ ਤੋਂ ਡਾਰਾਂ ਖਣੀਆਂ ਖਬਰਾਂ ਜਦ ਆ ਪਹੁੰਚੀਆਂ ਸੰਘਰ ਤੇ ਖਡੂਰ ਤਾਂ ਸ੍ਰੀ ਲਹਿਣਾ ਜੀ ਦੇ ਆਪਣੇ ਘਰ ਤੇ ਸਹੁਰੇ ਘਰ ਤਾਂ ਸੋਗ ਪੈ ਗਿਆ। ਖਿੜੇ ਚਮਨਾਂ ਤੇ ਇਹ ਖਬਰ-ਕਿ ਤਪੇ ਦੇ ਦੁਆਰੇ ਹੀ ਰਹਿ ਪਏ ਹਨ ਸਾਧ ਬਣਕੇ ਸ੍ਰੀ ਲਹਿਣਾ ਜੀ-ਬਰਫਾਂ ਵਾਂਗ ਪਈ। ਪਹਿਲੇ ਦਿਨ ਦੇ ਗਮ ਫਿਕਰ ਦੀ ਹਨ੍ਹੇਰੀ ਮਗਰੋਂ ਅਗਲੇ ਦਿਨ ਮਾਈ ਖੀਵੀ, ਜੋ ਬੜੀ ਨੇਕ, ਸਮਝ ਵਾਲੀ ਤੇ ਅਤਿ ਦੀ 'ਪਤਿ ਪ੍ਰੇਮਣ' ਸੀ, ਜੇਰਾ ਧਾਰ ਕੇ ਮਾਈ ਵਿਰਾਈ ਦੇ ਘਰ ਗਈ ਤੇ ਆਪਣੀ ਖਿਰਥਾ ਜਾ ਸੁਣਾਈ, ਫੇਰ ਬੋਲੀ : ਬੇਬੇ ਹੁਣ ਤੂੰਹੋਂ ਦੱਸ ਕਿਵੇਂ ਕਰਾਂ? ਵਪਾਰ ਨੂੰ ਕੌਣ ਸੰਭਾਲੇ, ਬੱਚਿਆਂ ਨੂੰ ਕੌਣ ਪਾਲੇ, ਪੜ੍ਹਾਵੇ ਤੇ ਸਿਖਾਵੇ ਤੇ ਮੇਰਾ ਵੇਲ ਵਾਂਙੂ ਕੰਬਦਾ ਜੀਆ ਕਿਸ ਆਸਰੇ ਖੜੋਵੇ? ਤੂੰਹੋਂ ਦਾਨੀ ਹੈਂ, ਤੂੰਹੋਂ ਸਾਡੇ ਟੱਬਰ ਨਾਲ ਪਿਆਰ ਕਰਨ ਵਾਲੀ ਏਂ, ਲੋਕੀਂ ਦੱਸਦੇ ਹਨ ਕਿ ਤੂੰਹੋਂ ਉਨ੍ਹਾਂ ਸੰਤਾਂ ਦੀ ਕਦਰ ਪਾਉਣ ਵਾਲੀ ਏਂ। ਆਪਣੇ ਵੀਰ ਦਾਤੇ ਉਸ ਦੇ ਟੱਬਰ ਦਾ ਫਿਕਰ ਖਸਮਾਨਾਂ ਵੀ ਸਾਰਾ ਤੈਨੂੰ ਏਂ। ਮੇਰੀ ਦੌੜ ਬੀ ਤੇਰੇ ਤਾਂਈਂ ਏਂ।

ਵਿਰਾਈ-ਸੁਣ ਬੀਬਿਆ! ਜੋ ਕੁਛ ਤੂੰ ਆਖਿਆ ਏ ਦੁਨੀਆਂ ਦੇ ਲੇਖੇ ਸੱਚ ਏ। ਪਰ ਇਹ ਸਚਮੁਚ ਸੱਚ ਨਹੀਓਂ। ਸੱਚ ਹੁੰਦਾ ਏ ਕਦੇ ਫਿੱਕਾ, ਕਦੇ ਕੁੜ੍ਹਾਂਗਾ ਤਦੇ ਕੌੜਾ ਤੇ ਕੌੜਾ ਘੁੱਟ ਕਰਕੇ ਪੈਂਦਾ ਏ ਪੀਣਾ, ਪਰ ਕੱਟਦਾ ਏ ਕੌੜੇ ਰੋਗਾਂ ਨੂੰ। ਪਜਾਰ ਦਿਲਾਸੇ ਦੀਆਂ ਗਲਾਂ ਸੁਖਾਉਂਦੀਆਂ ਨੀ ਸਦਾ, ਪਰ ਕਦੇ ਰਤਾ ਦੁਖਾਂਵੀਂ ਤੇ ਅਸਹਿੰਦੀ ਗਲ ਜਗਾ ਦੇਂਦੀ ਏ ਸੁੱਤੀ ਆਤਮਾ ਨੂੰ, ਹੋਸ਼ ਲਿਆ ਦੇਂਦੀ ਏ ਬੇਸੁਰਤ ਪਏ ਨਸੀਬਾਂ ਨੂੰ ਤੇ ਅੰਦਰਲੇ ਨੂੰ ਰੰਗ ਲਾ ਦੇਂਦੀ ਹੈ। ਹੀਆ ਕਰ ਪੱਕਾ ਤੇ ਸੁਣ ਸੱਚੀਆਂ: ਦੇਖ ਮੇਰਾ ਪੇਕਾ ਘਰ ਕਿੱਥੇ ਵੇ, ਕਿੱਥੇ ਪਿੰਡ ਗਿਰਾਂ ਕੋਟ, ਤੇ ਬਾਗ ਬਗੀਚੇ? ਕਿਥੇ ਹਨ ਸ਼ੀਹਾਂ ਵਰਗੇ ਮੇਰੇ ਵੀਰ ਤੇ ਸਰਦੂਲਿਆ ਬਾਪੂ, ਮਾਖਿਓਂ ਤੋਂ ਮਿੱਠੀ ਮਾਂ ਤੇ ਸੁਹਣੀਆਂ ਭਾਬੀਆਂ ਅੱਖ-ਪਲਕਾਰੇ ਵਿਚ ਸਭ ਸਫਨ ਸਫਾ ਹੋ ਗਿਆ। ਮੇਰੇ ਵਲ ਕੀ, ਪਾਤਸ਼ਾਹਾਂ ਵੱਲ ਤੱਕ ਕਿੱਥੇ ਹੈ ਬਹਿਲੋਲ, ਸਿਕੰਦਰ ਲੋਧੀ, ਕਿਥੇ ਹੈ ਜਣੇ ਖਣੇ ਨਾਲ ਲੜ ਪੈਣ ਵਾਲਾ ਇਬ੍ਰਾਹੀਮ ਪਾਤਸ਼ਾਹ। ਵਲ੍ਹੇਟੀ ਗਈਊ ਪਠਾਣਾਂ ਦੀ ਸਫਾ ਤੇ ਵਿਛ ਗਈ ਊ ਮੁਗਲਾਂ ਦੀ। ਇਹ ਪਤਾ ਨਹੀਂ ਊਂ ਕਿ ਇਹ ਕਿੰਨੀ ਕੁ ਲੰਮੀ ਏ, ਸਾਂਈਂ ਜਾਣੇ। ਦੁਨੀਆਂ ਤੁਰੀ ਜਾਂਦੀ ਏ ਹਰ ਛਿਨ, ਇਸ ਵਿਚ ਲੱਭਣਾਂ ਏ ਕੋਈ ਠਾਹਰ ਟਿਕਾਣਾ। ਉਹ ਹਈ ਨੇਕੀ। ਨੇਕੀ ਕਰਨੀ ਆਲੇ ਦੁਆਲੇ ਜਿਵੇਂ ਚੰਦਨ ਕਰਦਾ ਏ ਖ਼ਸ਼ਬੋਈ ਦੀ ਨੇਕੀ ਦਾ ਦਾਨ। ਪਰ ਨਿਰਾ ਨੇਕੀ ਦਾ ਦਾਨ ਨੇਕੀ ਕੂਕ ਕੂਕ ਕੇ ਕਰਨਾ, ਕੋਈ ਨੇਕੀ ਨਹੀਓਂ। ਚੰਦਨ ਵਾਂਙੂ ਮੁਸ਼ਕਣਾਂ ਅੰਦਰੋਂ ਤੇ ਬਾਹਰ ਆਪੇ ਪਈ ਮੁਸ਼ਕ ਮਚੇ; ਆਪੇ ਪਈ ਦਾਨ ਹੋਵੇ, ਉਹ ਨੇਕੀ ਊ। ਦਿਲ ਦੇ ਧੁਰ ਅੰਦਰ ਹੇਠਾਂ ਹੇਠਾਂ ਕਿਤੇ ਛਪੀ ਬੈਠੀ, ਉਹ ਜਾਗ ਪਈ ਊ- ਨੇਕੀ ਤੇਰੇ ਮਾਲਕ ਦੇ ਅੰਦਰ ਲੁਕੀ ਬੈਠੀ-ਅਮਰ ਨੇਕੀ ਤੇਰੇ ਮਾਲਕ ਦੇ ਅੰਦਰ ਆ ਰਹੀ ਏ ਉਪਰ ਉਪਰ ਤੇ ਹੁਣ ਜਿਥੇ ਪਹੁਤਾ ਏ ਉਹ, ਉਹ ਥਾਂ ਏਂ ਭਾਗ ਲਾਉਣ ਵਾਲੀ, ਸਾਤੇ ਨੂੰ ਬਿੰਦੀ ਲਾ ਕੇ ਸੱਤਰ ਤੇ ਸੱਤਰ ਨੂੰ ਬਿੰਦੀ ਲਾ ਕੇ ਸਤ ਸੌ ਕਰ ਦੇਣ ਵਾਲੀ। ਦੁਨੀਆਂ ਨੂੰ ਵਪਾਰੀ ਲਗਦਾ ਤੇ ਪੈਸਾ ਕਮਾਉਂਦਾ, ਤੈਨੂੰ ਲਗਦਾ ਪਿਆਰਾ ਕੰਤ ਹੁਣ ਜਾ ਛੁਹਿਆਈ ਪਾਰਸ ਨੂੰ ਸੋਨਾ ਤਾਂ ਹੋ ਈ ਗਿਆ ਸਮਝ। ਪਰ 'ਸੰਤ-ਪਾਰਸ' ਲਗਕੇ ਕਈ ਵੇਰ ਪਾਰਸ ਬੀ ਬਣਾ ਕੱਢਦਾ ਏ। ਕੀ ਜਾਣੀਏ ਪਾਰਸ ਛੁਹ ਨਾਲ ਪਾਰਸ ਹੀ ਬਣ ਜਾਵੇ ਕਿ ਪਾਰਸ ਹੋਵੇ ਲਪੇਟਿਆ ਗੁਦੜੀ ਵਿਚ ਤੇ ਪਾਰਸ ਛੁਹ ਨਾਲ ਬਾਹਰ ਨਿਕਲ ਆਵੇ, ਜਾਣੇ ਰੱਬ ਦੀਆਂ ਰੱਬ। ਪਰ ਤੂੰ ਲੰਮੀ ਨਜ਼ਰ ਕਰ ਵੇਖ, ਰੱਬ ਭਲਾ ਕਰਮੀ, 'ਨੇਕੀ ਦੇ ਘਰ' ਗਿਆ ਨੇਕੀ ਦੀ ਨਿਧਿ ਬਣਕੇ ਹੀ ਆਵੇਗਾ। ਮੈਂ ਤਾਂ ਸ਼ੁਕਰ ਪਈ ਕਰਨੀ ਆਂ ਜੋ ਉਸ ਨੂੰ ਉਹ ਦਾਤਾ ਇੰਨਾਂ ਪਿਆਰਾ ਲੱਗਾ ਏ ਤੇ ਜੁੱਟ ਪਿਆ ਏ ਸੇਵਾ ਵਿਚ ਕਿ ਦੇਵੀ ਦੇਵਤੇ ਦੀ ਲਾਜ ਜਿੱਤ ਲਈ ਸੂ, ਲੋਕਾਂ ਦੀ ਲਾਜ ਜਿੱਤ ਲਈ ਸੂ, ਕੁਲ ਦੀ ਲਾਜ ਜਿੱਤ ਲਈ ਸੂ, ਕੁਟੰਬ ਦਾ ਮੋਹ ਜਿੱਤ ਲਿਆ ਸੂ। ਖੁਸ਼ ਹੋ ਤੂੰ ਬੀ।

ਖੀਵੀ-ਤੇ ਮੈਂ, ਕਿਸ ਆਸਰੇ ਜੀਵਾਂ ਬੇਬੇ?

ਵਿਰਾਈ-ਪਿਆਰਿਆਂ ਤੇ ਸੱਜਣਾਂ ਦੀ ਉਚਿਆਈ ਵੇਖਕੇ ਖਿੜੀਏ, ਤੌਖਲਾ ਨਾ ਕਰੀਏ...ਜੇ ਕੰਨ ਪਾਟਿਆਂ ਸਿਰ-ਖੁੱਥਿਆ ਕਿ ਡੰਡੀਆਂ ਦੇ ਢਹੇ ਚੜ੍ਹ ਗਿਆ ਹੋਵੇ; ਫੇਰ ਤਾਂ ਗਿਆ ਘਰੋਂ ਘਾਟੋਂ, ਪਰ ਜਿਥੇ ਉਹ ਗਿਆ ਏ, ਉਨ੍ਹਾਂ ਦਾ ਮਾਰਗ ਏ ਗ੍ਰਿਹਸਤ ਨੂੰ ਵਸਾਉਣਾ। ਬੂਟਾ ਬਾਹਰੋਂ ਪੁੱਟ ਕੇ ਰੜਿਆਂ ਵਿਚ

ਨਾ ਵਗਾਹ ਮਾਰਨਾ ਪਰ ਬਾਗ ਵਿਚ ਹੀ ਖੁੱਲੀ ਹਵਾ ਵਿਚ ਲਾ ਦੇਣਾ ਤੇ ਖੁਲ੍ਹਾ ਪਾਣੀ, ਖੁੱਲ੍ਹੀ ਧੁੱਪ, ਸੋਹਣੀ ਗੋਡੀ ਨਦੀਣੀ ਦੇ ਕੇ ਬੂਟਾ ਪਾਲ ਕੱਢਣਾ।

ਖੀਵੀ ਬੋਲੀ-(ਇਕ ਲੰਮਾ ਸਹੂਲਤ ਵਾਲਾ ਸਾਹ ਲੈ ਕੇ) ਬੇਬੇ! ਮੈਂ ਕੀ ਜਾਣਾ, ਤੈਨੂੰ ਸ਼ਰਮ ਏਂ ਅਸਾਂ ਗਰੀਬਾਂ ਦੀ।......ਬੀਬੀ ਬੇਬੇ! ਫੇਰ ਕਦੇ ਘਰ ਆ ਜਾਣਗੇ? ਹੈਂ ਸੱਚੋ ਸੱਚ ਦੱਸੀਂ, ਤੂੰ ਸੰਤਾਂ ਦੀ ਪਿਆਰੀ ਏਂ?

ਵਿਰਾਈ ਬੋਲੀ-ਬੀਬਿਆ! ਬਾਬਾ ਤੇਰੇ ਬਾਬ ਨੇਕੀ ਦੇਵੇ, ਮੈਂ ਕੀ ਆਖਾਂ, ਪਰ ਇਕ ਗੱਲ ਪੱਕ ਜਾਣ ਲੈ ਕੇ ਜਿਸ ਦੁਆਰੇ ਉਹ ਗਿਆ ਏ ਉਹ ਦਰ ਬੂਟੇ ਪੱਟ ਨਹੀਓਂ। ਮੇਰਾ ਵੀਰ ਸੋਹਣਾ ਹੋਕੇ ਆਵੇਗਾ। ਅਗੇ ਈ ਸੋਹਣਾ ਏ, ਚੰਦ ਏ, ਹੁਣ ਚਦਾਂ ਦਾ ਚੰਦ ਹੋ ਆਵੇਗਾ। ਗ੍ਰਿਹਸਤ ਵਿਚ ਨਿਰਬਾਣ ਤਾਂ ਹੋ ਜਾਸੀ ਆ, ਪਰ ਗ੍ਰਿਹਸਤ ਤੋਂ ਉਦਾਸ ਹੋ ਨਹੀਂ ਟੁਰ ਵੰਞੇਗਾ।

ਫੇਰ ਖੀਵੀ ਛਾਤੀ ਤੇ ਹੱਥ ਧਰ ਕੇ ਬੋਲੀ : ਖੇਬੇ! ਭਲਾ ਜੇ ਟੁਰ ਹੀ ਵੰਞੇ ਤਾਂ ਮੈਨੂੰ ਨਾਲ ਟੋਰੀਂ। ਮੈਂ ਜੇ ਗੋਦੜੀ ਪਾਏਗਾ ਤਾਂ ਲੀਰਾਂ ਹੰਢਾਸਾਂ, ਜੇ ਮੰਗ ਖਾਏਗਾ ਤਾਂ ਠੂਠਾ ਫੜਕੇ ਗਦਾ ਕਰਨ ਮੈਂ ਜਾਸਾਂ, ਸੁਹਣੇ ਨੂੰ ਦਰ ਦਰ ਨਾ ਫਿਰਨ ਦਿਆਂਗੀ। ਬੀਬੀ ਬੇਬੇ! ਮੈਨੂੰ ਨਾਂ ਵਿਛੜਨ ਦੇਈਂ। ਜੋ ਆਖੇਗਾ ਸੋ ਕਰਾਂਗੀ। ਜੋ ਤੂੰ ਹੁਕਮ ਕਰੇਂਗੀ ਕਮਾਵਾਂਗੀ, ਕਿਵੇਂ ਮੈਨੂੰ ਵਿਛੁੜਨ ਨਾ ਦੇਈਂ।

ਵਿਰਾਈ ਨੇ ਖੀਵੀ ਨੂੰ ਗਲ ਨਾਲ ਘੁੱਟ ਲਿਆ ਪਿਆਰ ਦਿੱਤਾ ਤੇ ਕਿਹਾ-ਸੁਹਣੀਏਂ ਤੂੰ ਜੋਗੀਆਂ ਕੰਨ ਪਾਟਿਆਂ ਦੇ ਪੱਟੇ ਹੋਏ ਲੋਕੀਂ ਵੇਖੇ ਸੁਣੇ ਹਨ ਜੋ ਉਹਨਾਂ ਦੇ ਲੜ ਲੱਗੇ ਘਰੋਂ ਘਾਟੋਂ ਗਏ ਗੁਆਤੇ। ਏਸ ਥਾਵੇਂ ਜਿਥੇ ਵੀਰਨ ਗਿਆ ਏ ਗੁਆਤੇ ਲੱਭਣ ਦੀ ਥਾਂ ਏ। ਰਤੀ ਤੌਖਲਾ ਨਾ ਕਰ, ਵੀਰ ਘਰ ਆਵੇਗਾ ਤੇ ਤੈਨੂੰ ਤ੍ਰਾਹੇਗਾ ਨਹੀਂ, ਆਪਣੇ ਵਰਗ ਰੱਬ ਪਿਆਰੀ ਬਣਾਵੇਗਾ।

ਮਾਈ ਖੀਵੀ ਬੋਲੀ-ਰਬ ਤੁਧਦਾ ਭਲਾ ਕਰੇ, ਲਖ ਸੈ ਵਰ੍ਹਿਆਂ ਜੀਵਣਨੀ ਪੁੱਤ ਤੇ ਸਦਾ ਰਹੇਂ ਸੁਹਾਗਵੰਤੀ ਤੂੰ ਮੇਰੀ ਮਾਂ ਏਂ!

ਇਸ ਤਰ੍ਹਾਂ ਦੇ ਬਚਨ ਬਿਲਾਸ ਮਗਰੋਂ ਖੀਵੀ ਆਈ ਘਰ, ਟੱਬਰ ਨੂੰ ਦਿਲਬਰੀਆਂ ਦੇਵੇ, ਪਰ ਆਪਦੇ ਨੈਣ ਵਹਿ ਵਹਿ ਜਾਣ ਨਾਲੋ ਨਾਲ। ਦਿਲ ਖੜੋਵੇ ਪਰ ਪਾਣੀ ਦੇ ਕੰਢੇ ਉਗੇ ਬੂਟੇ ਵਾਂਙੂ ਵੈਰਾਗ ਦੀ ਲਹਿਰ ਪਛਾੜ ਹਿਲਾਉਂਦੀ ਬੀ ਰਹੇ। ਇਸ ਤਰ੍ਹਾਂ ਕੁਛ ਸਮਾਂ ਲੰਘ ਗਿਆ।

## ੧੩. ਕਥਾ ਸਮਾਪਤ।

ਰਤਾ ਕੁ ਸਸਤਾ ਕੇ ਭਾਈ ਸੈਣ ਨੇ ਆਪਣੀ ਕਥਾ ਦੀ ਲੜੀ ਫੇਰ ਛੇੜੀ:-

ਹੁਣ ਗੁਰੂ ਕੇ ਸਵਾਰਿਓ! ਸੁਣੋਂ ਓਧਰ ਦੀ-ਜਿਵੇਂ ਫੌਲਾਦ ਨੂੰ ਮਿਲ ਪਵੇ ਚੁੰਬਕ ਤਾਂ ਧਾਕੇ ਜਾਂਦਾ ਏ ਚੰਬੜ ਤੇ ਭੁੱਲ ਜਾਂਦਾ ਏ ਵਿਛੁੜਨ, ਤਿਵੇਂ ਸ੍ਰੀ ਲਹਿਣਾ ਜੀ ਭੁੱਲ ਗਏ ਵਿਛੁੜਨਾ ਗੁਰੂ ਨਾਨਕ ਦੇਵ ਜੀ ਤੋਂ ਕਿ ਇਕ ਦਿਨ ਚਾਣਚੱਕ ਗੁਰੂ ਜੀ ਨੇ ਆਖਿਆ : ਲਹਿਣਿਆਂ! ਹੁਣ ਜਾਓ ਆਪਣੇ ਘਰ! ਇਹ ਵਾਕ ਸੁਣਕੇ ਰਹਿ ਗਏ ਬਝੱਕ, ਖੜੇ ਦੇ ਖੜੇ ਜਿਥੇ ਖੜੇ ਸਨ, ਸ੍ਰੀ ਲਹਿਣਾ ਜੀ। ਦਿਲ ਦੀ ਦਸ਼ਾ ਲਖ ਕੇ ਗੁਰੂ ਨਾਨਕ ਦੇਵ ਜੀ ਫੇਰ ਬੋਲੇ-ਬੱਚਾ ਜੀ! ਹੁਣ ਘਰ ਜਾਓ, ਫੇਰ ਜਦ ਜੀ ਕਰੇ ਆ ਜਾਣਾ। ਸ੍ਰੀ ਲਹਿਣਾ ਜੀ ਦਾ ਬਉਰਾਇਆ ਸਰੀਰ ਝੁਕ ਗਿਆ ਤੇ ਮਸਤਕ ਚਰਨਾਂ ਤੇ ਟਿਕ ਗਿਆ। ਪਜਾਰ-ਝਰਨਾਂਟਾਂ ਦੇ ਲਖਣਹਾਰ ਨੇ ਸਿਰ ਤੇ ਪਜਾਰ ਦਿੱਤਾ ਤੇ ਫੇਰ ਆਖਿਆ-ਜਾਓ ਬੇਟਾ ਕਰਤਾਰ ਭਲੀ ਕਰੇਗਾ। 'ਕਰਤਾਰ ਭਲੀ ਕਰੇਗਾ' ਦੀ ਸ਼ਬਦ ਗੂੰਜ ਕੰਨਾਂ ਵਿਚ ਲੈਕੇ ਸ੍ਰੀ ਲਹਿਣਾ ਜੀ, ਮੋਰ ਵਾਂਙੂ, ਜੋ ਸਰੋਵਰ ਤੋਂ ਪਾਣੀ ਪੀ ਕੇ ਮੂੰਹ ਸਰੋਵਰ ਦੇ ਸਨਮੁਖ ਰਖੀ ਪਿਛਲੇ ਪੈਰੀਂ ਪਿਛੇ ਹਟਦਾ ਹੈ; ਤਿਵੇਂ ਮੂੰਹ ਗੁਰੂ ਨਾਨਕ ਸਨਮੁਖ ਰਖੀ ਪਿਛਲੇ ਪੈਰੀਂ ਹਟਦੇ ਹਟਦੇ ਧਰਮਸਾਲਾ ਦੇ ਦਰਵਾਜ਼ੇ ਤੋਂ ਬਾਹਰ ਆ ਗਏ। ਮਸਤਕ ਮੁਹਾਠ ਤੇ ਰੱਖ ਦਿਤੋਨੇ, ਨੈਣਾਂ ਦਾ ਪਰਵਾਹ ਆਮੁਹਾਰਾ ਟੁਰ ਪਿਆ, ਐਨਾ ਕਿ ਦਲ੍ਹੀਜ ਸੇਜਲ ਹੋ ਗਈ, ਮਾਨੋ ਪ੍ਰੇਮ ਸਨੇਹ ਚੋਇਆ ਗਿਆ ਏ ਵਿਤੁੜਨ ਵੇਲੇ, ਜਿਸ ਵਿਚ ਫ਼ੇਰ ਆ ਮਿਲਨ ਦਾ ਸ੍ਵਾਗਤ ਸੂਚਤ ਹੋ ਰਿਹਾ ਏ। ਹਾਂ, ਸਾਧ ਸੰਗਤ ਜੀ! ਆਪ ਟੁਰ ਪਏ, ਕਿਵੇਂ? ਦਿਲ ਤਾਂ ਬੱਝਾ ਖੜਾ ਹੈ ਪ੍ਰੀਤਮ ਦੇ ਦਰ ਦਰਸ਼ਨ ਦੀ ਰਸਨ(-ਰੱਸੀ)

ਨਾਲ, ਪਰ ਹੁਕਮ ਦਾ ਵੇਗ ਲਿਜਾ ਰਿਹਾ ਏ, ਜਿਵੇਂ ਡੋਰ ਨਾਲ ਬੱਧੀ ਪਤੰਗ ਨੂੰ ਪੌਣ ਦਾ ਵੇਗ। ਇਸ ਤਰ੍ਹਾਂ ਚਾਲੇ ਪਏ ਆਪ ਆ ਪਹੁੰਚੇ ਪਪੀਹੇ ਵਤ ਉਡੀਕਦਿਆਂ ਪਾਸ-ਸੰਘਰ ਵਿਚ। ਖੀਵੀ ਨੂੰ ਵੇਖ ਕੇ ਚੰਨ ਚੜ੍ਹ ਗਿਆ, ਖੀਵੀ ਹੋ ਉਠੀ, ਕੂਹਕ ਪਈ ਖੁਸ਼ੀ ਵਿਚ ਚਕੋਰ ਵਾਂਙੂ 'ਧੰਨ ਭਾਗ, ਧੰਨਭਾਗ, ਧੰਨ ਭਾਗ' ਕਹਿੰਦੀ ਉਠੀ, ਧਰ ਦਿੱਤਾ ਮੱਥਾ ਪੈਰਾਂ ਤੇ, ਫੇਰ ਛੇਤੀ ਨਾਲ ਚਾਕੇ ਪਲੰਘੀਰੀ ਅੱਗੇ ਕੀਤੀ ਬੈਠਣ ਨੂੰ, ਪਾਣੀ ਪਰਨਾ ਆਂਦਾ, ਪਾਵਨ ਹੋਏ ਪੈਰ ਪਖਾਲੇ, ਪੂੰਝੇ ਪਰਨੇ ਨਾਲ। ਫੇਰ ਮੂੰਹ ਹੱਥ ਧੁਆਇਆ। ਦੁੱਧ ਲਿਆਈ ਮਿੱਠਾ ਪਾਕੇ, ਛੰਨਾ ਅੱਗੇ ਕੀਤਾ ਤੇ ਪੀਂਦਿਆਂ ਦੇਖ ਕੇ ਠਰ ਗਈ ਸਾਰੀ।

ਐਉਂ ਘਰ ਨੂੰ ਮੁੜ ਭਾਗ ਲੱਗ ਗਿਆ, ਖੁਸ਼ੀ ਖੁਸ਼ੀ ਖੀਵੀ ਖ਼ਾਤਰ ਸੇਵਾ ਕਰੇ, ਪਰ ਦੇਖੋ ਪ੍ਰਾਣ ਪਤੀ ਜੀ ਦੀ ਹਾਲਤ ਸਮਝੇ ਨਹੀਂ ਸੀ ਪੈਂਦੀ। ਗੱਲਬਾਤ ਕਰਦੇ ਰਸੀਲੀ, ਪਰ ਘੱਟ। ਘਰ ਵਿਚ ਹਨ, ਪਰ ਕਿਸੇ ਘਰ ਦੇ ਆਹਰ ਵਿਚ ਖੁਭਦੇ ਨਹੀਂ। ਦੁਕਾਨ ਤੇ ਬੀ ਜਾਂਦਹੇ ਹਨ, ਪਰ ਅੱਗੇ ਵਾਂਙੂ ਵਿਹਾਰਕ ਉਤਸ਼ਾਹ ਨਾਲ ਭਰੇ ਘਰ ਨਹੀਂ ਆਉਂਦੇ, ਉਂਞ ਉਦਾਸੀ ਬੀ ਕਾਈ ਨਹੀਂ ਜਾਪਦੀ। ਫੇਰ ਕੰਨੀ ਅਵਾਜ਼ ਪੈ ਗਈ ਕਿ ਦੁਕਾਨ ਦਾ ਕਾਰ ਵਿਹਾਰ ਭਣੇਵੇਂ ਨੂੰ ਸਮਝਾ ਰਹੇ ਹਨ ਤੇ ਘਰ ਤੇ ਬੱਚਿਆਂ ਦੀ ਸੌਂਪਣੀ ਬੀ ਉਸ ਨੂੰ ਦੇ ਰਹੇ ਹਨ। ਇਹ ਸੁਣਕੇ ਬੀਬੀ ਨੇ ਜਰਨ ਦਾ ਜਤਨ ਕੀਤਾ ਪਰ ਅੰਤ ਨਾ ਜਰ ਸਕੀ, ਹੱਥ ਜੋੜਕੇ ਇਕ ਦਿਨ ਆਖਣ ਲਗੀ-ਸੋਹਣੇ ਸਾਂਈਂ ਜੀਉ! ਬੇਬੇ ਵਿਰਾਈ ਨੇ ਮੈਨੂੰ ਸਮਝਾਇਆ ਸੀ ਕਿ ਤੁਸੀਂ ਆਪਣੇ ਸਾਈਂ ਦੇ ਦਰੋਂ ਦਾਤਾਂ ਲੈਕੇ ਘਰ ਆਓਗੇ, ਜੋਗੀਆਂ ਵਾਂਙੂ ਘਰ ਛੋੜ ਨਹੀਂ ਜਾਓਗੇ, ਪਰ ਮੈਂ ਸੁਣ ਰਹੀ ਹਾਂ ਕਿ ਤੁਸੀਂ ਦੁਕਾਨਤੇ ਘਰ ਛੱਡਣ ਦੇ ਬਾਨ੍ਹਣੂ ਬੰਨ੍ਹ ਰਹੇ ਹੋ। ਮੇਰੇ ਸਾਂਈਂ ਜੀਓ! ਘਰੇ ਰਹਿ ਕੇ ਜੋਗ ਕਮਾਓ, ਜਿਵੇਂ ਮਾਈ ਆਖਦੀ ਸੀ ਕਰੋ। ਕੰਨਪਾਟਿਆਂ ਵਾਂਙੂ ਟੁਰ ਨਾ ਜਾਓ ਘਰੋਂ। ਜੇ ਜਾਓ ਤਾਂ ਲੈ ਚਲੋ ਨਾਲ। ਵਿਛੁੜ ਕੇ ਕਿੰਞ ਜੀਸਾਂ। ਮੈਂ ਤੁਸਾਂ ਜੀ ਦੇ ਤਪਾਂ ਹਠਾਂ ਵਿਚ ਰੋੜਾ ਨਾਂ ਅਟਕਾਸਾਂ। ਤੁਸੀਂ ਤਪ ਕਰਿਆ ਜੇ ਮੈ ਭਿਖਿਆ ਲਿਆਸਾਂ। ਬਨੀਂ ਚਲ ਰਹੋ ਤਾਂ ਕੰਦ ਮੂਲ ਕੱਠੇ ਕਰਕੇ ਜਲ ਲਿਆ-ਉਨਾ ਮੇਰਾ ਕੰਮ ਹੋਸੀ....। ਕੀਹ ਕਰਾਂ, ਮਾਲਕ ਜੀ! ਮੇਰਾ ਪਿਆਰ ਮੈਨੂੰ ਵਿਛੁੜਨ ਨਹੀਂ ਦੇਂਦਾ।

ਸ੍ਰੀ ਲਹਿਣਾ ਜੀ ਬੋਲੇ-ਖੀਵੀ! ਸਾਈਂ ਨੇ ਨੇਕੀ ਦਿੱਤੀ ਏ, ਹੋਰ ਦੇਵੀ, ਮੈਂ ਜੋਗੀ ਜੰਗਮ, ਸੰਨਿਆਸੀ, ਸਰੇਵੜਾ ਨਹੀਂ ਹੋਇਆ, ਮੈਂ ਪ੍ਰੇਮ ਹੱਥ ਵਿਕਾਨਾਂ ਹਾਂ। ਮੈਂ ਤਾਂ ਕਵਲ ਵਿਚ ਵਿੰਨ੍ਹੇ ਭਵਰੇ ਵਾਂਙੂ ਕਵਲ ਕਲਾਈ ਵਿਚੋਂ ਕਿਥੋਂ ਨਿਕਲਣਾ ਸੀ, ਪਰ ਕੈਦ ਪੈਜਦਿਆਂ ਨੂੰ ਕੈਦ ਵਿਚ ਨਾ ਪਾਉਨ ਵਾਲੇ ਨੇ ਕੱਢ ਤੁਸਾਂ ਵਲ ਟੋਰਿਆ, ਖਬਰੇ ਏਸੇ ਲਈ, ਕਿ ਤੁਸਾਂ ਦੇ ਵਿਆਕੁਲ ਰਿਦੇ-ਕਮਲ ਨੂੰ ਕੁਮਲਾਉਣੋਂ ਰੋਕ ਪਵੇ ਤੇ ਮੈਂ ਤੁਸਾਂ ਦਾ ਕੋਈ ਪ੍ਰਬੰਧ ਕਰ ਆਵਾਂ; ਜੋ ਝਟਪਟ ਹੋ ਗਿਆ ਏ। ਤੁਸਾਂ ਨੂੰ ਕੋਈ ਖੇਚਲ ਨਹੀਂ ਹੋਣ ਲਗੀ। ਹੁਣ ਖਿੜੇ ਕਮਲ ਵਾਂਙੂ ਆਗਿਆ ਦਿਓ, ਮੈਂ ਜਾਵਾਂ; ਠੰਢੇ ਦਿਲ ਜਾਵਾਂ ਕਿ ਤੁਸੀਂ ਦੁਖੀ ਨਹੀਂ, ਖੁਸ਼ੀ ਨਾਲ ਟੋਰ ਰਹੇ ਹੋ। ਤੁਸੀਂ ਪਜਾਰ ਦਾ ਅੰਤਮ ਬਲੀਦਾਨ ਕਰੋ ਕਿ ਆਪਣੇ ਪਜਾਰੇ ਨੂੰ ਉਸ ਦੇ ਇਲਾਹੀ ਪਜਾਰੇ ਦੇ ਪ੍ਰੇਮ ਵਿਚ ਲੀਨ ਹੋ ਜਾਣ ਦਿਓ। ਤੁਹਾਡੇ ਇਸ 'ਪ੍ਰੇਮ ਦਾਨ' ਦਾ ਫਲ ਸਾਂਈਂ ਤੁਹਾਨੂੰ ਦਹਗੁਣਾਂ 'ਪਰੇਮ-ਦਾਨ' ਦੇਵੇਗਾ, ਪਰ ਕਿਦਾਂ ਤੇ ਕਦੋਂ, ਉਹ ਜਾਣਦਾ ਹੈ।

ਮੈਨੂੰ ਇਸ ਵੇਲੇ ਨਾ ਵਿਤੋੜੋ, ਤੁਸੀਂ ਵਿਛੋੜਾ ਨਾ ਦੇਖੋਗੇ, ਪਰ ਕਿੰਞ? ਉਹ ਜਾਣਦਾ ਹੈ।

ਤੁਸੀਂ ਚਾਈਂ ਚਾਈਂ ਮੈਨੂੰ ਪ੍ਰੀਤਮ ਦੇ ਦੇਸ ਜਾਣ ਦਿਓ, ਤੁਸੀਂ ਪ੍ਰੀਤਮ ਦੇ ਦੇਸ ਵੱਸੋਗੇ, ਪਰ ਕੀਕੂੰ? ਉਹ ਜਾਣਦਾ ਹੈ।

ਮੈਂ ਇਸ ਵੇਲੇ ਚੁੰਬਕ ਦੀ ਖਿੱਚੀ ਸੂਈ ਵਾਂਙੂ ਬੇਵਸ ਖਿਚਿਆ ਜਾ ਰਿਹਾ ਹਾਂ। ਤੁਸੀਂ ਪਜਾਰ ਕਰੋ, ਮੈਨੂੰ ਚਾਈਂ ਚਾਈਂ ਚਲੇ ਜਾਣ ਤੇ ਚੰਬੜ ਜਾਣ ਦਿਓ ਚੁੰਬਕ ਨਾਲ, ਤੁਸੀਂ ਬਿਰਹ-ਦੁਖ ਨਾ ਦੇਖੋਗੇ।

ਇਹ ਵਾਕ ਸਨ ਕਿ ਇਕ ਕਰਾਮਾਤ ਸੀ, ਖੀਵੀ ਦੇ ਦਿਲ ਤੋਂ ਝਟ ਪਟ ਮਾਇਆ ਵਾਲੇ ਮੋਹ ਦੀ ਖਿੱਚ, ਸਾਕੇਦਾਰੀ ਦੇ ਪਿਆਰ ਦੀ ਕਸਕ ਹਟ ਗਈ ਸੋਚ ਸੰਕਲਪ ਰੁਕ ਗਏ, ਇਕ ਅਸੋਚ ਹਾਲਤ ਛਾਂ ਗਈ, ਵਿਸਮੈਂ ਭਾਵ ਦੀ ਹਿਕ ਲਹਿਰ ਲੰਘੀ ਤੇ ਉਚਾਰ ਹੋਇਆ-ਸਾਂਈਆਂ ਜੀਓ! ਮੇਰੇ ਸਾਂਈਆਂ ਜੀਓ! ਮੈਂ ਨ ਰੋਕ ਹੋਵਾਂ ਤੁਸਾਂ ਜੀ ਦੀ ਖੁਸ਼ੀ ਵਿਚ, ਖੁਸ਼ੀ, ਖੁਸ਼ੀ, ਖੁਸ਼ੀ, ਕਰੋ ਸੋਹਣੇ ਜੀਓ ਜੋ ਜੀ ਨੂੰ ਭਾਵੇ। ਮੈਂ ਹੁਣ ਜੀਵਾਂ ਇਸ ਛਿਨ ਦੇ ਸੁਖ ਵਿਚ ਜੋ


www.sikhbookclub.com

ਦਿਤਾ ਨੇ, ਮੇਰੀ 'ਮੈਂ' ਨੂੰ ਆਪਣਾ ਬਣਾ ਲਿਆ ਨੇ। ਦਾਤਾ ਮੈਂ...ਨਾਂਹ,...ਮੈਂ..ਨਾਂਹ,...ਤੂੰ,...ਤੂੰ...ਤੂੰ।

ਖੀਵੀ ਖੀਵੀ ਹੋ ਗਈ; ਗੁੰਮ ਹੋ ਗਈ ਆਪਣੇ ਪ੍ਰੀਤਮ ਵਿਚ ਅਨਜਾਣੇ ਹੀ ਲੀਨ ਹੋਕੇ। ਬਿਨਾਂ ਗਜਾਨ ਪਯਾਨ ਵਾਚੇ ਕੀਤੇ ਤੇ ਪ੍ਰੇਮ ਦੀ ਉਛਾਲ ਨਾਲ, ਖੀਵੀ ਦੀ 'ਮੈਂ' 'ਮੈਂ' ਸਾਈਆਂ ਜੀ ਦੀ 'ਮੈਂ' ਵਿਚ ਲੀਨ ਹੋ ਗਈ। ਆਪ ਚੁੱਪ ਬੈਠੇ ਵੇਖ ਰਹੇ ਮਨ ਕਿ ਸਰੀਰ ਕਰਕੇ 'ਅਰਧ ਅੰਗੀ' ਕੀਕੂੰ ਸਰੀਰ ਤੋਂ ਉਠ ਕੇ ਪਜਾਰ ਦੇ ਪੰਘੂੜੇ ਚੜ੍ਹਦੀ ਆਪਾ ਨਿਛਾਵਰੀ ਵਿਚ ਦਾ ਹੁਲਾਰਾ ਲੈਂਦੀ 'ਅਨ ਆਪੇ ਦੇ' ਦੇਸ਼ ਗੁੰਮ ਹੋ ਗਈ ਹੈ। ਧੰਨ ਗੁਰੂ ਨਾਨਕ! ਆਪੇ ਟੋਰ ਦਿੱਤਾ ਦਰੋਂ, ਆਪੇ ਇਥੇ ਪ੍ਰਬੰਧ ਕਰ ਦਿੱਤੇ ਘਰ ਦੇ ਤੇ ਆਪੇ ਵਿਛੋੜਾ ਨਾ ਝੱਲ ਸਕਣ ਵਾਲੀ ਪ੍ਰਿਯਤਮਾਂ ਤੋਂ ਆਗਿਆ ਲੈ ਦਿੱਤੀ ਨੇ ਜੋ ਪਿਛੋਂ ਉਦਾਸੀਆਂ ਤੇ ਕਲਪਣਾ ਦੇ ਦੇਸ਼ ਨਾ ਜਾਵੇ ਪ੍ਰੀਤ ਤਾਰ ਨਾਲ ਪ੍ਰੋਤੀ ਇਸ ਦੀ ਆਤਮਾਂ।

ਇਹ ਕਹਿੰਦੇ ਕਹਿੰਦੇ ਭਾਈ ਸੈਣ ਦੀ ਰਸਨਾ ਸਿਥਲਦੀ ਸਿਥਲਦੀ ਬੰਦ ਹੋ ਗਈ, ਚੁਪ ਸ਼ਾਂਤੀ ਟਿਕਾਉ ਛਾ ਗਿਆ। ਵਕਤਾ ਦੇ ਨਾਲ ਸ਼ਰੋਤਿਆਂ ਉਤੇ ਬੀ ਸ਼ਾਂਤਿ ਸਤੋਗੁਣੀ ਪ੍ਰਭਾਵ ਛਾ ਗਿਆ।

ਕੁਛ ਚਿਰ ਮਗਰੋਂ ਸੈਣ ਜੀ ਦੇ ਨੇਣ ਖੁੱਲ੍ਹੇ, ਆਵਾਜ਼ ਆਈ: ਧੰਨ ਮਾਈ ਖੀਵੀ! ਸੰਗਤ ਵਿਚੋਂ ਭੌਰ-ਗੁਜਾਰ ਹੋਈ: ਧੰਨ ਮਾਈ ਖੀਵੀ! ਫੇਰ ਸੈਣ ਜੀ ਗੰਭੀਰ ਸੁਰ ਵਿਚ ਬੋਲੇ-ਸਾਧ ਸੰਗਤ ਜੀਓ, ਤੁਸਾਂ ਇਹ ਦਰਸ਼ਨ ਡਿੱਠਾ ਨਹੀਂ, ਮੈਂ ਬੀ ਸੁਣਿਆ ਹੈ ਮਾਈ ਵਿਰਾਈ ਤੋਂ ਤੇ ਸੁਣਾਇਆ ਹੈ ਅਜ ਤੁਸਾਂ ਨੂੰ, ਫਿਰ ਦੇਖੋ ਕਿ ਇਸ ਤਰ੍ਹਾਂ ਰਸ ਨਾਲ ਤ੍ਰਿਬੁਡ ਹੋਏ ਹਾਂ ਸਾਰੇ ਕਿ ਮਾਨੋ ਅੰਮ੍ਰਿਤ ਕੁੰਡ ਦਾ ਇਸ਼ਨਾਨ ਪਾਇਆ ਅਸਾਂ ਸਾਰਿਆਂ। ਇਹ ਰਸ ਹੈ ਧੰਨ ਗੁਰੂ ਨਾਨਕ ਦੇ ਦੇਸ਼ ਦਾ।...ਹਾਂ ਇਕ ਗੱਲ ਮੈਂ ਹੋਰ ਮਾਈ ਜੀ ਤੋਂ ਸੁਣੀ ਸੁਣਾਉਣੀ ਏਂ ਕਿ ਮਾਈ ਖੀਵੀ ਜੀ ਨੇ ਵਿਛੋੜੇ ਦੇ ਦਿਨਾਂ ਦੇ ਪਰਚਾਵੇ ਲਈ ਕੀਹ ਰੰਗਣ ਧਾਰੀ ਸੀ।

ਉਪਰਲੀ ਵਾਰਤਾਂ ਤੋਂ ਦੋ ਤ੍ਰੈ ਦਿਨ ਮਗਰੋਂ ਜਦੋਂ ਸ੍ਰੀ ਪਵਿੱਤ੍ਰ ਲਹਿਣਾ ਜੀ ਨੇ ਤੁਰਨੇ ਦੀ ਤਿਆਰੀ ਕੀਤੀ ਤਾਂ ਖੀਵੀ ਉਹਨਾਂ ਦੇ ਚਰਨਾਂ ਵਲ ਵਾਰ ਵਾਰ ਤੱਕੇ। ਨੈਣ ਭਰਨ, ਡੁੱਲ੍ਹਣ, ਬੁਲ੍ਹ ਕੰਬ ਕੰਬ ਜਾਣ, ਪਰ ਰਸਨਾ ਕੁਝ ਨਾ ਕੂਏ ਸਹੇ। ਮਾਈ ਵਿਰਾਈ ਜੀ ਨੇ ਮੈਨੂੰ ਦੱਸਿਆ ਸੀ ਕਿ ਮੈਂ ਉਸ ਵੇਲੇ ਆਈ ਹੋਈ ਕੋਲ ਖਲੀ ਸਾਂ; ਮੈਂ ਸਮਝ ਗਈ, ਸੋ ਮੈਂ ਆਖਿਆ : ਗੁਰੂ ਨਾਨਕ ਸੁਗੰਧੀ ਨਾਲ ਸੌਂਧੇ ਮੇਰੇ ਵੀਰਨ! ਭਰਜਾਈ ਆਪ ਜੀ ਤੋਂ ਕੁਝ ਮੰਗਦੀ ਏ ਪਰ ਸੰਗਦੀ ਏ। ਤੁਸੀਂ ਜਾਣਦੇ ਓ ਪਿਆਰ ਜਦ ਅਤਿਸ਼ੈ ਦੇ ਘਰ ਜਾਂਦਾ ਹੈ ਤਾਂ ਅਬੋਲ ਹੋ ਜਾਂਦਾ ਏ।...ਦੀਨ ਦੁਨੀ ਦੇ ਦਾਤੇ ਦੇ ਦਰੋਂ ਵਰੋਸਾਏ ਵੀਰਨ! ਦਾਨ ਦੇ ਦਿਓ ਸੂ ਚਰਨਾਂ ਦੇ ਪਊਏ, ਇਹ ਪੂਜੇਗੀ ਇਨ੍ਹਾਂ ਨੂੰ ਜਿਵੇਂ ਪੂਜੀਆਂ ਸਨ ਭਰਤ ਨੇ ਰਾਮ-ਖੜਾਵਾਂ। ਵਿਰਾਈ ਦੱਸਦੀ ਸੀ ਕਿ ਇਹ ਸੁਣਕੇ ਨੈਣ ਭਰ ਆਏ ਮੇਰੇ ਵੀਰਨ ਦੇ ਤੇ ਸੱਜਾ ਹੱਥ ਗਿਆ ਅੰਗਰਖੇ ਦੇ ਉਪਰਲੇ ਖੀਸੇ ਵਿਚ, ਉਥੋਂ ਉਹ ਲੈ ਆਇਆ ਕੁਛ ਰੇਸ਼ਮ ਵਿਚ ਵਲ੍ਹੇਟਿਆ ਹੋਇਆ, ਜੋ ਖੀਵੀ ਵੰਨੇਂ ਕਰਕੇ ਬੋਲੇ: ਲਓ, ਇਹ ਹੈ ਪੂਜਣ ਯੋਗ, ਇਹ ਹੈ ਜੀਅ ਦਾ ਅਧਾਰ। ਸੁਭਾਗ ਖੀਵੀ ਨੇ ਝੋਲੀ ਅੱਡ ਕੇ ਦਾਤ ਲਈ, ਸਿਰ ਤੇ ਰੱਖੀ ਅੱਖਾਂ ਨਾਲ ਲਾਈ ਤੇ ਫੇਰ ਟਿਕਾ ਦਿੱਤੀ ਉੱਚੇ ਸੁੱਚੇ ਸਤਿਕਾਰ ਯੋਗ ਟਿਕਾਣੇ। ਐਉਂ ਸ੍ਰੀ ਲਹਿਣਾ ਜੀ ਟੁਰ ਪਏ, ਸਭ ਦੀ ਪ੍ਰਸੰਨਤਾ ਵਿਚ ਪਰ ਵੈਰਾਗ ਮਈ ਪ੍ਰਸੰਨਤਾ ਦੇ ਪ੍ਰਭਾਵ ਵਿਚ ਘਰੋਂ, ਮਾਨੋਂ ਨਿਰਮਲ ਨੀਰ ਦੀ ਨਦੀ ਟੁਰ ਪਈ ਸ਼ਹੁ ਸਾਗਰ ਨੂੰ। ਸ੍ਰੀ ਪਰਮ ਪਾਵਨ ਲਹਿਣਾ ਜੀਉ ਟੁਰ ਪਏ ਧੰਨ ਗੁਰੂ ਨਾਨਕ ਦੇਵ ਜੀ ਦੀ ਪੁਨੀਤ ਕਰਨਹਾਰ ਚਰਨ ਸ਼ਰਨ।

ਸੰਗਤ ਵਿਚੋਂ ਆਵਾਜ਼ ਆਈ-ਗੁਰਮੁਖ ਸੱਜਣ ਜੀਓ! ਉਹ ਦਾਤ ਜੋ ਮਾਤਾ ਖੀਵੀ ਜੀ ਨੂੰ ਪ੍ਰਾਪਤ ਸੀ ਕੀਹ ਸੀ?

ਭਾਈ ਸੈਣ ਜੀ ਬੋਲੇ-ਜਦੋਂ ਪਹਿਲੀ ਵੇਰ ਸ੍ਰੀ ਲਹਿਣਾ ਜੀ ਘਰੋਂ ਤੁਰੇ ਸਨ ਤਾਂ ਘੋੜੀ ਚੜ੍ਹਕੇ ਗਏ ਸਨ ਪਰ ਐਤਕੀਂ ਘੋੜੀ ਚੜ੍ਹਕੇ ਨਹੀਂ ਟੁਰੇ। ਹਾਂ, ਪਾ ਪਿਆਦੇ ਪੈਦਲ ਹੀ ਪਧਾਰੇ, ਪਦਤ੍ਰਾਣ ਬੀ ਪੈਰੀਂ ਨਹੀਂ ਪਾਈ-ਪਵਿਤ੍ਰਤਾ ਦੀ ਪੰਧ ਵਿਚ ਜੋ ਪੈਰ ਧਰਨੇ ਸਨ। ਪਊਏ ਬੀ ਨਾ ਪਾਏ ਜੋ ਕੋਈ ਪ੍ਰਾਣ ਧਾਰੀ ਜੀਅ ਜੰਤ ਪਊਆਂ ਥੱਲੇ ਆ ਕੇ ਪਿਸ ਨਾਂ ਜਾਏ-ਚੱਲੇ ਜੁ ਸਨ ਜੀਵਨ ਦਾਤਾ ਦੇ ਦੇਸ਼। ਐਉਂ ਆਪੇ ਹੀ ਪਏ ਰਹਿ ਗਏ ਪਊਏ ਪਿੱਛੇ ਜੋ ਆਪ ਜੀ ਦੇ ਮਗਰੋਂ, ਜਦੋਂ ਸ੍ਰੀ ਖੀਵੀ ਜੀ


www.sikhbookclub.com

ਨੂੰ ਹੋਸ਼ ਆਈ, ਤਾਂ ਸੰਭਾਲ ਲਏ। ਇਕ ਸੁਛ ਚੌਕੀ ਪਰ ਸੁਟਣਾ ਪਰਨਾ ਵਿਛਾ ਕੇ ਟਿਕਾ ਦਿਤੇ ਤੇ ਨਮਸਕਾਰ ਕੀਤੀ। ਅੰਮ੍ਰਿਤ ਵੇਲੇ ਉਠ ਕੇ ਦਰਸ਼ਨ ਕਰਨਾ, ਧੂਪ ਧੁਖਾਉਣੀ, ਫੁੱਲ ਚੜ੍ਹਾਉਣੇ, ਤੇ ਫੇਰ ਬੈਠ ਜਾਣਾ ਸਾਹਮਣੇ ਚੌਂਕੜੀ ਮਾਰਕੇ ਪਤੀ ਦੇਵ ਦੇ ਧਿਆਨ ਮਗਨ। ਇੰਵ ਥੋੜੇ ਹੀ ਦਿਨ ਬੀਤ ਗਏ ਸਨ ਕਿ ਇਕ ਦਿਨ ਮਾਈ ਵਿਰਾਈ ਮਿਲਣ ਆ ਗਈ। ਦੇਖੇ ਕਿ ਪਤੀ ਪ੍ਰੇਮਣ ਪਾਊਇਆਂ ਦੇ ਸਾਹਮਣੇ ਐਸੀ ਮਗਨ ਬੈਠੀ ਹੈ ਕਿ ਉਸ ਦੇ ਅੰਦਰ ਆਉਣ ਦੇ ਖੜਾਕ ਨਾਲ ਬੀ ਨਹੀਂ ਤ੍ਰਬ੍ਰਕੀ। ਘੜੀ ਕੁ ਮਗਰੋਂ ਨੈਣ ਜਦ ਖੁੱਲ੍ਹੇ ਤਾਂ ਮਾਈ ਨੂੰ ਚੰਬੜ ਗਈ ਖੀਵੀ ਪਿਆਰ ਨਾਲ। ਪਿਆਰ ਦੇ ਕੇ ਮਾਈ ਨੇ ਪਾਸ ਬਹਾਲਿਆ ਤੇ ਸੁਖ ਸਾਂਦ ਪੁੱਛ ਕੇ ਬੋਲੀ: ਭਾਬੀ ਜੀਉ! ਵੀਰ ਜੀ ਨੇ ਤੇ ਤੁਸਾਂ ਜੋਗਾ ਕੋਈ ਹੋਰ ਦਾਤ ਦਿੱਤੀ ਸੀ ਇਨ੍ਹਾਂ ਸੁਹਾਵੇ ਪਊਇਆਂ ਦੀ ਥਾਂ। ਦਾਤੇ ਨੇ ਉਹ ਦਾਤ ਦੇ ਕੇ ਮਾਨੋ ਪੂਜਾ ਤੋਂ ਵਰਜਣ ਦੀ ਸੈਨਤ ਦਿੱਤੀ ਸੀ। ਉਹ ਦਾਤ, ਸੁਹਣੀ ਜੀਉ! ਕਿੱਥੇ ਹੈ?

ਸੁੱਤੇ ਪਏ ਦੀ ਅੱਭੜਵਾਹੀ ਜਾਗ ਖੁੱਲ੍ਹਣ ਵਾਂਙੂ ਖੀਵੀ ਤ੍ਰਬ੍ਰਕ ਕੇ ਬੋਲੀ-ਭਲਾ ਹੋਵੇ ਬੇਬੇ ਓਝਲੇ ਪੈ ਰਏ ਨੈਣਾਂ ਨੂੰ ਸੋਝਲਾ ਆ ਦਿੱਤਾ ਈ। (ਉਪਰ ਨੂੰ ਤੱਕ ਕੇ) ਮੈਂ ਕਿੰਵ ਭੁੱਲ ਗਈ, ਮੈਂ ਕਿਉਂ ਭੁੱਲ ਗਈ ਮਨਾਂ ਕਿਉ? (ਸਿਰ ਫੇਰ ਕੇ) ਦਾਤ ਮੰਗਣੀ ਸੌਖੀ, ਸੰਭਾਲਣੀ ਔਖੀ। ਭੁੱਲਣਹਾਰ! ਅਸੀਂ ਭੁੱਲਣਹਾਰ। ਫੇਰ ਬੇਬੇ ਵਲ ਤੱਕੀ, ਆ ਰਾਹੇ ਪਾਉਣ ਵਾਲੀਏ! ਪਾ ਭੁੱਲ ਹੱਥ ਵਿਕਾਣਿਆਂ ਨੂੰ ਰਸਤੇ! ਇਹ ਆਖਕੇ ਤਖ਼ਤਪੋਸ਼ ਉੱਤੇ ਇਕ ਚਾਦਰ ਵਿਛਾਈ ਉਤੇ ਇਕ ਨਵੀਂ ਚੌਂਕੀ ਡਾਹੀ, ਉਪਰ ਵਿਛਾਇਆ ਇਕ ਨਵਾਂ ਰੇਸ਼ਮੀ ਕਪੜਾ ਤੇ ਦਾਤੇ ਦੀ ਦਾਤ ਟਿਕਾਈ ਲਿਆ ਕੇ ਉਤੇ। ਜਾਂ ਰੇਸ਼ਮ ਦਾ ਵਲੇਟ ਉਤਾਰਿਆ ਤਾਂ ਇਕ ਕਸ਼ਮੀਰੀ ਕਾਗ਼ਜ਼ਾਂ ਦੀ ਨਿੱਕੀ ਜਿਹੀ ਸੈਂਚੀ ਨਿਕਲੀ, ਸਮਾਂ ਪੱਤਰੇ ਬੀ ਚਾਰ ਪੰਜ ਹੀ ਸਨ। ਵਿਚਾਲੇ ਅੱਖਰ ਤੇ ਦੁਆਲੇ ਰੰਗਦਾਰ ਲੀਕਾਂ ਸਨ, ਖੀਵੀ ਮਾਈ ਤਾਂ ਇਹ ਅੱਖਰ ਪੜ੍ਹੀ ਨਹੀਂ ਸੀ, ਪਛਾਣ ਨਾ ਸੱਕੀ, ਪਰ ਵਿਰਾਈ ਨੇ ਸਿਰ ਝੁਕਾਇਆ ਤੇ ਆਖਿਆ-ਬਾਣੀ, ਦਾਤਾ ਜੀ ਦੀ ਬਾਣੀ। ਖੀਵੀ ਨੇ ਬੀ ਮੱਥਾ ਟੇਕਿਆ ਤੇ ਬੋਲੀ! ਕੋਈ ਹੁਕਮ ਸੰਦੇਸ਼ਾ ਏ ਮੇਰੇ ਲਈ, ਕੀਹ ਅੱਖਰ ਨੇ ਤੇ ਕੀਹ ਏ ਵਿਚ ਆਗਿਆ।

ਵਿਰਾਈ ਬੋਲੀ-ਬਾਣੀ ਏ ਧੁਰਦੀ ਉਚਾਰੀ ਹੋਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੇ ਅੱਖਰ ਨੇ ਸ਼ਾਰਦਾ ਦੇ। ਮੇਰਾ ਵੀਰ ਇਹ ਆਪਣੀ ਪਰਮ ਪਿਆਰੀ ਵਸਤੂ ਤੈਨੂੰ ਦੇ ਗਿਆ ਏ; ਰੋਜ਼ ਪਾਠ ਕਰਿਆ ਕਰ, ਵਿਚਾਰਿਆ ਕਰ, ਅਮਲ ਕਰਿਆ ਕਰ, ਜੋ ਤੂੰ ਘਰ ਬੈਠਿਆਂ ਉਹ ਸੁਖ ਮਾਣੇਂ ਜੋ ਵੀਰਨ ਚਰਨ ਸ਼ਰਨ ਜਾ ਕੇ ਮਾਣ ਰਿਹਾ ਹੈ। ਹਾਂ ਇਹ ਪੂਜਣ ਯੋਗ ਬਾਣੀ ਧੁਰ ਕੀ ਬਾਣੀ! ਬਾਣੀ ਬਾਣੀ ਵਾਲੇ ਦਾ ਰੂਪ ਹੁੰਦੀ ਏ; ਉਸਦਾ ਹਿਰਦਾ ਹੁੰਦੀ ਏ ਤੇ ਲੈ ਜਾਂਦੀ ਏ ਮਾਲਕ ਦੇ ਦੇਸ਼, ਉਸ ਦੇ ਹਿਰਦੇ ਸਥਲ ਵਿਚ।

ਖੀਵੀ ਬੋਲੀ-ਬੇਬੇ ਮੈਂ ਤਾਂ ਪੜ੍ਹੀ ਨਾ। ਤੂੰ ਪੜ੍ਹੀ ਏਂ। ਸੁਣਾ ਮੈਨੂੰ, ਜੋ ਕੰਠ ਕਰਾ ਦੇਵੇ ਤਾਂ ਜਾਂ ਮੈਂ ਪੜ੍ਹਾਂ ਕਿਵੇਂ।

ਵਿਰਾਈ-ਠੀਕ ਏ, ਅਜ ਤਾਂ ਮੈਂ ਸੁਣਾ ਦੇਂਦੀਆਂ ਜਦ ਕਦੇ ਆਸਾਂ ਸੁਣਾ ਜਾਇਆ ਕਰਸਾਂ, ਪਰ ਸੰਘਰ ਵਿਚ ਵਸਦਾ ਏ ਰੋੜਾ ਬਾਹਮਣ, ਉਹ ਸ਼ਾਰਦਾ ਦੇ ਅੱਖਰ ਜਾਣਦਾ ਏ। ਥੋੜੇ ਦਿਨ ਲਾਕੇ ਅੱਖਰ ਉਸਤੋਂ ਪੜ੍ਹ ਲਓ, ਘਰ ਆ ਕੇ ਪੜ੍ਹਾ ਜਾਇਆ ਕਰੂ! ਫੇਰ ਤੁਸੀਂ ਸੁਖਾਂ ਨਾਲ ਆਪ ਪਾਠ ਕਰ ਲਿਆ ਕਰਸੋ, ਤੇ ਇਸ ਅੰਮ੍ਰਿਤ ਨੈਂ ਤੋਂ ਰੋਜ਼ ਤ੍ਰਿਪਤਿਆ ਕਰਸੋ।

ਸੋ ਇਵੇਂ ਹੀ ਹੋਈ। ਮਾਤਾ ਖੀਵੀ ਜੀ ਇਧਰ ਸਾਂਈਂ ਦੇ ਰੰਗ ਰੰਗੀਣ ਲਗ ਗਏ ਸਦਕਾ ਉਸ ਬਾਣੀ ਦਾ, ਜੋ ਉਨ੍ਹਾਂ ਨੇ ਅੱਖਰ ਪੜ੍ਹ ਕੇ ਆਪ ਪੜ੍ਹਨੀ ਸਿਖ ਲਈ। ਹੁਣ ਉਧਰ ਦੀ ਸੁਣੋ:

ਉਧਰ ਸ੍ਰੀ ਲਹਿਣਾ ਜੀ ਪਜਾਰ-ਡੋਰ ਨਾਲ ਖਿਚੀਂਦੇ, ਲੂਣ ਦਾ ਇਕ ਚੱਟਾ ਗੰਢ ਵਿਚ ਬੰਨ੍ਹ ਕੇ ਸਿਰ ਪੁਰ ਚਾਈ ਸਨੇ ਸਨੇ ਕਰਤਾਰਪੁਰ ਜਾ ਪਹੁੰਚੇ ਤੇ ਸਿੱਧੇ ਡੇਰੇ ਨੂੰ ਗਏ। ਅਗੇ ਮਾਤਾ ਜੀ ਵਿਹੜੇ ਵਿਚ ਬੈਠੇ ਸਨ, ਆਪ ਜੀ ਨੇ ਸਿਰ ਚਾਈ ਗੰਢ ਚਰਨਾਂ ਵਿਚ ਲਾਹ ਧਰੀ ਤੇ ਮੱਥਾ ਟੇਕ ਕੇ, ਪੁਛਿਆ; 'ਮਾਤਾ ਜੀਓ! ਸ੍ਰੀ ਗੁਰੂ ਜੀ ਕਿੱਥੇ ਹਨ?' ਮਾਤਾ ਜੀ ਨੇ ਕਿਹਾ: 'ਕਾਕਾ! ਧਾਣਾਂ ਦਾ ਨਦੀਣ


www.sikhbookclub.com

ਕਰਾਉਣ ਗਏ ਹਨ। ਇਹ ਪਤਾ ਪਾ ਕੇ ਸ੍ਰੀ ਲਹਿਣਾ ਜੀ ਹੁਣ ਖੇਤਾਂ ਵਿਚ ਜਾ ਪਹੁੰਚੇ। ਦੂਰੋਂ ਹੀ ਦਰਸ਼ਨ ਕਰਦਿਆਂ ਦੇਹੀ ਵਿਚ ਪੁਲਕਾਵਲੀ ਹੋ ਆਈ, ਨੈਣ ਸੇਜਲ ਹੋ ਗਏ। ਪਾਸ ਪਹੁੰਚੇ ਤਾਂ ਬਿਹਬਲ ਹੋ ਕੇ ਪਦ ਪਦਮ ਨੂੰ ਲਿਪਟ ਗਏ। ਦਾਤੇ ਦਾ ਪਿਆਰ ਨਾਲ ਡੁਲ੍ਹ ਪੈ ਰਿਹਾ ਹਥ ਚਰਨਾਂ ਨਾਲ ਚੁਮਟੇ ਸੀਸ ਤੇ ਫਿਰਨ ਲਗਾ। ਕੁਛ ਚਿਰ ਮਗਰੋਂ ਆਪ ਨੇ ਹੱਥ ਦਾ ਆਸਰਾ ਦੇ ਕੇ ਸ੍ਰੀ ਲਹਿਣਾ ਜੀ ਦਾ ਸੀਸ ਉਚਵਾਇਆ ਤੇ ਪਾਸ ਵਾਰ ਬਹਾਲ ਲਿਆ। ਦੁਵੱਲੀ ਚੁਪ ਬੈਠਿਆਂ ਇਲਾਹੀ ਪ੍ਰੇਮ ਦਾ ਅਮੁੱਲ ਵਪਾਰ ਹੁੰਦਾ ਰਿਹਾ। ਫੇਰ ਸ੍ਰੀ ਲਹਿਣਾ ਜੀਉ ਆਗਿਆ ਲੈ ਕੇ ਨਦੀਨਾ ਕਰਨ ਲਗੇ, ਪਰ ਆਪ ਨੇ ਅਗੇ ਕਦੇ ਇਹ ਕਾਰ ਕੀਤੀ ਨਹੀਂ ਸੀ ਹੋਈ, ਘਾਸ ਕੱਢਣ ਤੇ ਨਾਲ ਧਾਨ ਬੀ ਉਖੜ ਆਉਣ, ਇਹ ਦੇਖ ਕੇ ਸਾਹਿਬ ਮੁਸਕ੍ਰਾਏ ਤੇ ਬੋਲੇ- "ਪੁਰਖਾਂ! ਇਹ ਛਡ ਦੇਹ, ਤੇਰੇ ਕਰਨ ਦਾ ਕੰਮ ਨਹੀਂ, ਤੂੰ ਤਾਂ ਬੂਟੇ ਲਾਉਣੇ ਹਨ ਪੱਟਣੇ ਨਹੀਂ।" ਕੁਛ ਚਿਰ ਮਗਰੋਂ ਜਦੋਂ ਸਾਹਿਬ ਡੇਰੇ ਨੂੰ ਚੱਲਣ ਲਗੇ ਤਾਂ ਸ੍ਰੀ ਲਹਿਣਾ ਜੀ ਨਦੀਨਾਂ ਵਿਚੋਂ ਨਿਕਲੇ ਘਾਹ ਦੀ ਪੰਡ ਚਾਕੇ ਨਾਲ ਟੁਰ ਪਏ। ਘਰ ਪਹੁੰਚ ਕੇ ਜਦ ਪੰਡ ਲਾਹ ਕੇ ਧਰੀ ਤਾਂ ਆਪ ਜੀ ਦੇ ਗਲ ਪਹਿਰੇ ਸੋਹਣੇ ਜਾਮੇਂ ਤੇ ਗਿੱਲੇ ਘਾਹ ਵਿਚੋਂ ਚਿਕੜਾਲੀਆਂ ਛਿੱਟਾਂ, ਚੋ ਚੋ ਕੇ ਪਈਆਂ ਛਿੱਟਾਂ, ਦਿਸ ਪਈਆਂ। ਮਾਤਾ ਜੀ ਬੋਲੇ-"ਦੇਖੋ ਤਾਂ ਸਹੀ ਇਸ ਭਲੇ ਮਨੁੱਖ ਦਾ ਸੁਹਣਾ ਜਾਮਾ ਚਿੱਕੜ ਦੀਆਂ ਛਿੱਟਾਂ ਨਾਲ ਮੈਲਾ ਹੋ ਗਿਆ ਏ। ਗਿੱਲੇ ਘਾਹ ਦੀ ਪੰਡ ਇਸ ਦੇ ਸਿਰ ਕਾਸ ਨੂੰ ਦੇਣੀ ਸੀ।" ਤਦ ਸ੍ਰੀ ਗੁਰੂ ਜੀ ਬੋਲੇ "ਇਸ ਦੇ ਸਿਰ ਤੇ ਘਾਹ ਦੀ ਪੰਡ ਨਹੀਂ ਦਿੱਤੀ, ਦੀਨ ਦੁਨੀ ਦਾ ਛਤ੍ਰ ਦਿੱਤਾ ਹੈ। ਇਹ ਛਿੱਟਾਂ ਚਿੱਕੜ ਦੀਆਂ ਨਹੀਂ ਕੇਸਰ ਤ੍ਰੌਂਕੇ ਹਨ।

ਗਲ ਕੀ ਗੁਰੂ ਨਾਨਕ ਦੇ ਪਿਆਰਿਓ! ਸ੍ਰੀ ਲਹਿਣਾ ਜੀ ਹੁਣ ਕਰਤਾਰਪੁਰ ਗੁਰੂ ਚਰਨਾਂ ਵਿਚ ਟਿਕ ਗਏ, ਗੁਰੂ ਸਵਾ ਵਿਚ ਤਤਪਰ, ਆਗਯਾ ਪਾਲਣ ਵਿਚ ਤਿਆਰ ਬਰ ਤਿਆਰ, ਗੁਰੂ ਜਸ ਸ੍ਰਵਣ ਤੇ ਮਨਨ ਵਿਚ ਪ੍ਰੀਤਵਾਨ ਹੋ ਗਏ।

ਨਾਮ ਇਸ ਤਰ੍ਹਾਂ ਫੁਰਿਆ ਕਿ ਮਾਨੋਂ ਅੰਦਰ ਨਾਪਾ ਸੀ ਨਪਿਆ ਕਸਤੂਰੀ ਦਾ ਜੋ ਹੁਣ ਖੁਲ੍ਹ ਪਿਆ ਹੈ ਤੇ ਮੁਸ਼ਕਾਂ ਮਾਰਦਾ ਹੈ। ਮੈਂ ਸੇਵਾ ਕਰਦਾ ਹਾਂ, ਮੈਂ ਰੀਝਾਵਣਾ ਹੈ, ਸੇਵਾ ਮਾਰਗ ਕਿ ਨਾਮ ਸਾਧਨ ਹੈ, ਇਹ ਹਿਸਾਬ ਆਪ ਦੇ ਅੰਦਰ ਨਹੀਂ ਸਨ, ਗੁਰੂ ਪ੍ਰੇਮ ਵਿਚ ਲਿਵ ਸੀ ਆ ਮੁਹਾਰੀ ਤੇ ਇਹੁ ਸੀ ਜੀਵਨ ਰੌ ਤੇ ਜੀਵਨ ਕਲਾ। ਹਰ ਸਮੇਂ ਪਿਆਰ ਵਿਚ ਭਿੱਜੇ ਆਗਯਾ ਪਾਲਣ ਵਿਚ ਤਤਪਰ ਹੋਏ ਰਹਿੰਦੇ ਸਨ।

ਆਪ ਸਾਹਿਬਾਂ ਨੂੰ ਸਾਰੇ ਪਤੇ ਹਨ ਜੋ ਜੋ ਸੇਵਾ ਹੋਈਆਂ, ਜੋ ਜੋ ਪਰਤਾਵੇ ਹੋਏ, ਤੇ ਜਿਵੇਂ ਮਿਹਰਾਂ ਦੇ ਮੀਂਹ ਵਸੇ[੪੪], ਅੰਤ ਸ੍ਰੀ ਲਹਿਣਾ ਜੀ ਗੁਰੂ ਅੰਗਦ ਹੋ ਗਏ--ਗੁਰੂ ਨਾਨਕ ਦਾ ਰੂਪ ਓਹੋ ਜੋਤਿ, ਓਹੀ ਸਰੀਰ, ਮਾਨੋਂ ਉਹੋ ਕਾਂਇਆਂ ਹੀ ਪਲਟੀ ਗਈ ਹੈ।

ਕਥਾ ਦਾ ਭੋਗ ਪਾਉਣ ਤੋਂ ਪਹਿਲਾਂ ਮੈਂ ਇਕ ਬੇਨਤੀ ਕਰਨੀ ਹੈ। ਆਪ ਸਾਰੇ ਗੁਰੂ ਨਾਨਕ ਦੇਵ ਜੀ ਦੇ ਪਿਆਰੇ ਹੋ ਤੇ ਗੁਰੂ ਭਾਓ ਨੂੰ ਸਮਝਦੇ ਹੋ, ਮੈਂ ਇਕ ਚੇਤਾਵਣੀ ਮਾਤ੍ਰ ਬਿਨੈ ਕਰਨੀ ਏ। ਗੁਰੂ ਨਾਨਕ ਦੇਵ ਜੀ ਨੇ ਜੋ ਪਰਤਾਵੇ ਲਏ ਸੇ ਤੇ ਜਿਨ੍ਹਾਂ ਵਿਚ ਸ੍ਰੀ ਪਾਵਨ ਲਹਿਣਾ ਜੀ ਸੀਰੀ ਨਿਕਲਦੇ ਰਹੇ ਉਹਨਾਂ ਨੂੰ ਇਹ ਨਾ ਸਮਝਿਆ ਜਾਵੇ ਕਿ ਗੁਰੂ ਜੀ ਪਰਖ ਕੇ ਆਪ ਇਹ ਗਲ ਸਮਝਣੀ ਚਾਹੁੰਦੇ ਸੇ ਕਿ ਕੌਣ ਗੱਦੀ ਦੇ ਲਾਇਕ ਹੈ, ਉਨ੍ਹਾਂ ਨੂੰ ਧੁਰ ਦੀ ਰਜ਼ਾ ਦਾ ਪਤਾ ਸੀ, ਤਦੇ ਪਹਿਲੇ ਦਿਨ ਹੀ ਆਖ ਦਿੱਤਾ ਸੀ-'ਤੂੰ ਲਹਿਣਾ ਤੇ ਅਸਾਂ ਤੇਰਾ ਦੇਣਾ।' ਫੇਰ ਜਾਮੇ ਤੇ ਛਿੱਟਾਂ ਚਿਕੜਾਲੀਆਂ ਪੈਣ ਵਾਲੇ ਦਿਨ ਕਿਹਾ ਸੀ, 'ਏਹ ਕੇਸਰ ਤਰੌਂਕੇ ਹਨ ਪੰਡ ਦੀਨ ਦੁਨੀ ਦਾ ਛਤ੍ਰ ਹੈ'। ਸੋ ਪਰਤਾਵਿਆਂ ਦਾ ਭਾਵ ਇਹ ਸੀ ਕਿ ਪੁਤਾਂ ਨੂੰ, ਪਰਵਾਰ ਨੂੰ, ਸਿਖਾਂ ਨੂੰ ਤੇ ਜਗਤ ਨੂੰ ਸਮਝ ਪੈ ਜਾਵੇ ਕਿ ਗੱਦੀ ਪੂਰੇ ਨੂੰ ਦਿੱਤੀ ਗਈ ਹੈ। ਸਾਡੇ ਅਲਪੱਗ ਜੀਵਾਂ ਦੀਆਂ ਸੰਸੇ ਬ੍ਰਿਤੀਆਂ ਦੀ ਨਿਵਿਰਤੀ ਪ੍ਰਯੋਜਨ ਸੀ ਪਰਤਾਵਿਆਂ ਦਾ। ਇਹ ਕਹਿ ਕੇ ਭਾਈ ਸੈਣ ਨੇ ਸ਼ਬਦ ਚੁਕਿਆ ਜੋ ਸੰਗਤ ਨੇ ਨਾਲ ਰਲਕੇ ਗਾਵਿਆਂ :-

ਰਾਮਕਲੀ ਮਹਲਾ ੧॥
ਜਾ ਹਰਿ ਪ੍ਰਭਿ ਕਿਰਪਾ ਧਾਰੀ॥

 www.sikhbookclub.com

ਤਾ ਹਉਮੈ ਵਿਚਹੁ ਮਾਰੀ॥
ਸੋ ਸੇਵਕਿ ਰਾਮ ਪਿਆਰੀ॥
ਜੋ ਗੁਰ ਸਬਦੀ ਬੀਚਾਰੀ॥੧॥
ਸੋ ਹਰਿ ਜਨੁ ਹਰਿ ਪ੍ਰਭ ਭਾਵੈ॥
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ
ਲਾਜ ਛੋਡਿ ਹਰਿ ਕੇ ਗੁਣ ਗਾਵੈ॥੧॥
ਰਹਾਉ॥ਧੁਨਿ ਵਾਜੇ ਅਨਹਦ ਘੋਰਾ॥
ਮਨੁ ਮਾਨਿਆ ਹਰਿ ਰਸਿ ਮੋਰਾ॥
ਗੁਰ ਪੂਰੈ ਸਚੁ ਸਮਾਇਆ॥
ਗੁਰੁ ਆਦਿ ਪੁਰਖੁ ਹਰਿ ਪਾਇਆ॥੨॥
ਸਭਿ ਨਾਦ ਬੇਦ ਗੁਰਬਾਣੀ॥
ਮਨੁ ਰਾਤਾ ਸਾਰਿਗਪਾਣੀ॥
ਤਹ ਤੀਰਥ ਵਰਤ ਤਪ ਸਾਰੇ॥
ਗੁਰ ਮਿਲਿਆ ਹਰਿ ਨਿਸਤਾਰੇ॥੩॥
ਜਹ ਆਪੁ ਗਇਆ ਭਉ ਭਾਗਾ॥
ਗੁਰ ਚਰਣੀ ਸੇਵਕੁ ਲਾਗਾ॥
ਗੁਰ ਸਤਿਗੁਰਿ ਭਰਮੁ ਚੁਕਾਇਆ॥
ਕਹੁ ਨਾਨਕ ਸਬਦਿ ਮਿਲਾਇਆ॥੪॥੧੦॥

# ੧੪. ਗੁਰੂ ਦਰ ਪਹੁੰਚ।

**ਭਾਈ** ਬੁੱਢੇ ਦੇ ਜੀਉ ਵਿਚ ਭਾਈ ਦੁਨੀ ਚੰਦ ਦੀ ਬੜੀ ਕਦਰ ਸੀ; ਜਿਸ ਨੇ ਗੁਰੂ ਨਾਨਕ ਦੇਵ ਜੀ ਦੇ ਬਚਨ ਹੁੰਦੇ ਸਾਰ ਲੱਖਾਂ ਦੀ ਜਾਇਦਾਦ ਗਰੀਬਾਂ ਨੂੰ ਵੰਡ ਦਿਤੀ ਤੇ ਘਰ ਨੂੰ ਧਰਮਸਾਲ ਬਣਾਕੇ ਗੁਰਮੁਖ ਹੋ, ਸਾਧੂ ਬਿਰਤੀ ਧਾਰਕੇ, ਜਗਤ ਉਧਾਰ ਦੇ ਕਾਰਜ ਵਿਚ ਜਨਮ ਸਫਲ ਕਰ ਰਿਹਾ ਸੀ। ਉਹ ਭਾਈ ਦੁਨੀ ਚੰਦ ਲਾਹੌਰ ਦੀ ਸੰਗਤ ਨੂੰ ਨਾਲ ਲੈ ਕੇ ਖਡੂਰ, ਸ੍ਰੀ ਹਜ਼ੂਰ ਜੀ ਦੇ ਦੀਦਾਰ ਨੂੰ ਆ ਰਿਹਾ ਹੈ ਦੀ ਖਬਰ ਸੁਣਕੇ ਭਾਈ ਬੁੱਢਾ ਸੰਗਤ ਨੂੰ ਨਾਲ ਲੈ ਕੇ ਆਪ ਅੱਗੋ ਲੈਣ ਨੂੰ ਆਇਆ। ਖਡੂਰ ਤੋਂ ਥੋੜੀ ਵਾਟ ਤੇ ਦੋ ਪਰੇਮ ਭਰੀਆਂ ਸਤਿਸੰਗ ਨਦੀਆਂ ਦਾ ਸੰਗਮ ਹੋ ਗਿਆ ਤੇ ਦੋਏ ਸ਼ਬਦ ਪੜ੍ਹਦੇ ਖਡੂਰ ਨੂੰ ਤੁਰ ਪਏ।

ਦੁਨੀ ਚੰਦ ਤੇ ਹੋਰ ਮੁਖੀ ਲਾਹੌਰ ਤੋਂ ਇਹ ਖਿਆਲ ਲੈ ਕੇ ਟੁਰੇ ਸਨ ਕਿ ਰਸਦ ਬੀ ਚੋਖੀ ਲੈ ਚਲੋ, ਤੰਬੂ ਕਨਾਤਾਂ ਤੇ ਉਤਾਰੇ ਦੇ ਸਾਰੇ ਸਾਮਾਨ ਬੀ ਲੈ ਲਓ, ਕਿਉਂ ਜੋ ਅਜੇ ਥੋੜੇ ਦਿਨ ਗੁਰ ਪ੍ਰਕਾਸ਼ ਹੋਏ ਹਨ, ਖਡੂਰ ਵਿਚ ਸਾਮਾਨ ਉਤਨੇ ਨਹੀਂ ਹੋਣੇ ਜਿਤਨੇ ਕਰਤਾਰ ਪੁਰ ਸਨ। ਪਰ ਪਹੁੰਚ ਕੇ ਕੀ ਡਿੱਠੋ ਨੇ ਕਿ ਮੰਡਪ ਬਣਿਆਂ ਖੜਾ ਹੈ। ਸੋ ਪਹਿਲਾਂ ਉਸ ਮੰਡਪ ਅੰਦਰ ਗਏ ਜਿਥੇ ਗੁਰੂ ਕਾ ਸਿੰਘਾਸਨ ਸਜ ਰਿਹਾ ਸੀ ਤੇ ਜਿਥੇ ਸਵੇਰੇ ਦੀਵਾਨ ਲਗਦਾ ਸੀ। ਇਹ ਭਾਵੇਂ ਕੱਖਾਂ ਕਾਨਿਆਂ ਬਾਂਸਾਂ ਸਿਰਕੀਆਂ ਦਾ ਸੀ, ਪਰ ਕਾਫੀ ਵੱਡਾ ਸੀ ਤੇ ਪ੍ਰਭਾਵ ਅੰਮ੍ਰਿਤ ਮਈ ਸੀ। ਸਿੰਘਾਸਨ ਉਹ ਸੀ ਜਿਸ ਦੀ ਬਾਬਤ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਦੇ ਕੇ ਆਖਿਆ ਸੀ ਕਿ 'ਮੇਰਾ ਸਿੰਘਾਸਨ ਮਾਈ ਵਿਰਾਈ ਦੇ ਘਰ ਪਿਆ ਹੈ ਉਸ ਉਤੇ ਜਾ ਬੈਠਣਾ'[੭੫]।

ਇਸ ਵੇਲੇ ਭੋਗ ਪੈ ਚੁੱਕਾ ਸੀ, ਗੁਰੂ ਜੀ ਬਾਹਰ ਸੈਲੇ ਤੇ ਗਏ ਹੋਏ ਸਨ, ਸੰਗਤ ਸਿੰਘਾਸਨ ਨੂੰ ਨਮਸਕਾਰ ਕਰ ਉਦੁਆਲੇ ਪਰਵਾਰ ਪਾ ਕੇ ਬੈਠ ਗਈ ਤੇ ਪੰਜ ਸ਼ਬਦ ਗਾਇਨ ਕੀਤੇ। ਇਸ ਵੇਲੇ ਭਾਈ ਦੁਨੀ ਚੰਦ ਨੇ ਭਾਈ ਸੈਣ ਵਲ ਤੱਕ ਕੇ ਕਿਹਾ: ਵੀਰਾ! ਦੇਖ ਗੁਰੂ ਕੇ ਘਰ ਕਾਹਦੀ ਕਮੀ ਹੈ, ਕਮੀਆਂ ਸਾਡੇ ਵਿਚ ਵਸਦੀਆਂ ਹਨ; ਕਿਵੇਂ ਇਥੇ ਗੁਰੂ ਪ੍ਰਕਾਸ਼ ਹੁੰਦੇ ਹੀ ਚਹਿਲ ਪਹਿਲ ਹੋ ਗਈ ਹੈ। ਅਸੀਂ ਊਹੋ ਹਾਂ, ਹੇ ਗੁਰੂ ਨਾਨਕ ਤੂੰ ਪੂਰਾ!

ਤੂ ਪੂਰਾ ਹਮ ਊਰੇ ਹੋਛੇ
ਤੂ ਗਉਰਾ ਹਮ ਹਉਰੇ ॥

(ਸੋਰਠਿ ਮਹਲਾ ੧)

ਇਸ ਤਰ੍ਹਾਂ ਦੀਆਂ ਗਲਾਂ ਬਾਤਾਂ ਹੁੰਦਿਆਂ ਨੂੰ ਸ੍ਰੀ ਗੁਰੂ ਜੀ ਬਾਹਰੋਂ ਆ ਗਏ; 'ਸੰਗਤ ਆ ਪਹੁੰਚੀ' ਸੁਣਕੇ ਮੰਡਪ ਵਿਚ ਆ ਗਏ ਤੇ ਸਿੰਘਾਸਨ ਤੇ ਬਿਰਾਜ ਗਏ। ਪਹਿਲੋਂ ਤਾਂ ਸਾਰੀ ਸੰਗਤ ਨੇ ਮੱਥਾ ਟੇਕਿਆ, ਫੇਰ ਦੁਨੀ ਚੰਦ ਦੀ ਵਿਉਂਤ ਮੂਜਬ, ਇਕ ਇਕ ਨੇ ਉਠ ਕੇ ਮੱਥਾ ਟੇਕਿਆ ਤੇ ਅਸੀਰਵਾਦ ਲਈ। ਭਾਈ ਸੈਣ ਸਾਰਿਆਂ ਦੇ ਨਾਮ ਤੇ ਕੋਈ ਕੋਈ ਗਲ ਬਿਨੈ ਕਰਦਾ ਗਿਆ। ਦੁਨੀ ਚੰਦ ਸਭ ਤੋਂ ਪਿੱਛੇ ਬੈਠਾ ਸੀ, ਹੁਣ ਅਖੀਰ ਤੇ ਆਪ ਆ ਕੇ ਚਰਨਾਂ ਨੂੰ ਲਿਪਟ ਗਿਆ। ਗੁਰੂ ਜੀ ਪਛਾਣਦੇ ਸਨ, ਚਰਨਾਂ ਨਾਲ ਲਿਪਟੇ ਪਿਆਰੇ ਦੀ ਪਿੱਠ

ਤੇ ਹਥ ਫੇਰਕੇ ਆਖਣ ਲਗੇ : 'ਸਭ ਕੁਛ ਲੁਟਾਕੇ ਸ਼ਾਹ ਬਣਨ ਵਾਲੇ ਸਜਣਾਂ! ਤੂੰ ਹੈਂ ਪੂਰਾ ਸ਼ਾਹ। ਜਿਸ ਨੇ ਅਣਹੋਈ ਨੂੰ, ਜੋ ਹੋਈ ਲਗਦੀ ਹੈ, ਵਗਾਹ ਮਾਰਿਆ ਤੇ ਉਹ ਜੋ ਸਦਾ ਹੈ, ਪੂਰਨ ਹੈ, ਉਸਨੂੰ ਪ੍ਰਾਪਤ ਕਰ ਲਿਆ। ਪਾ ਕੇ ਫੇਰ ਖਿਸਕਣ ਨਹੀਂ ਦਿੱਤਾ, ਅੱਠੇ ਪਹਿਰ ਉਸ ਪੂਰੇ ਦੇ, ਜੋ ਬੇ-ਪਰਵਾਹ ਹੈ, ਪ੍ਰੇਮ ਵਿਚ ਆਪਣੇ ਆਪ ਨੂੰ ਪਾਈ ਰਖਿਆ, ਉਸ ਦੇ ਪ੍ਰੇਮ ਵਿਚ ਰੰਗਿਆ ਰਿਹਾ'।

(ਅਸਮਾਨਾਂ ਵਲ ਤੱਕ ਕੇ ਤੇ ਮੂਹਣਾ ਸੁਆਦਲਾ ਲੰਮੇਰਾ ਸੁਾਸ ਲੈਕੇ) ਓਸ ਅਥਾਹ ਦੇ ਦਰਸ਼ਨ(ਦੀ ਸਿੱਕ) ਵਿਚ (ਤੇ ਉਸਦੇ) ਰੂਪ ਦੀ ਪ੍ਰਾਪਤੀ(ਦੀ ਲੈ) ਵਿਚ ਲਗੇ ਹੋਏ ਵਿਰਲੇ ਹੀ ਹਨ ਤੇ ਓਹ ਕਠਨਤਾ ਨਾਲ ਮਿਲਦੇ ਹਨ। ਪੂਰਾ ਹੋਵੇ ਗੁਰੂ ਜਿਸਦਾ ਬੋਲ ਹੋਵੇ ਪੂਰਾ, ਹਾਂ ਭਾਗ ਜਾਗ ਪੈਣ ਪੂਰੇ ਤਾਂ ਮਿਲਦਾ ਹੈ ਉਹ ਪੂਰਾ ਪਨ ਜੋ ਕਦੇ ਊਰਾ ਨਹੀਂ ਹੋਣ ਦੇਂਦਾ। ਐਉਂ ਗੁਰੂ ਜਿਸ ਨੂੰ ਕਰ ਦੇਵੇ ਪੂਰਿਆਂ ਫੇਰ ਉਸ ਦਾ ਤੋਲ, ਓਸ ਦੀ ਕੀਮਤ ਕੂਤ ਕਦੇ ਨਹੀਂ ਘਟਦੀ। ਤੈਨੂੰ ਪੂਰੇ ਗੁਰੂ ਨੇ ਪੂਰਾ ਕੀਤਾ, ਤੂੰ ਪੂਰਾ ਸ਼ਾਹ ਬਣ ਗਿਆ। ਪਹਿਲੋਂ ਤੇਰੀ ਸ਼ਾਹ ਗੀਰੀ ਕੰਗਾਲਤਾਈ ਸੀ, ਹੁਣ ਦੀ ਤੇਰੀ ਸ਼ਾਹਗੀਰੀ ਪਾਤਸ਼ਾਹੀ ਹੈ। ਉਹ ਸੰਗਤ ਵੀ ਧੰਨ ਧੰਨ ਹੈ, ਜਿ ਦੀ ਸਪੁਰਦਗੀ ਗੁਰੂ ਨੇ ਤੈਨੂੰ ਕੀਤੀ, ਲਗਾ ਰਹੁ ਸੱਜਣਾ ਗੁਰੂ ਨਾਨਕ ਦੇਵ ਦੇ ਬਖਸ਼ੇ ਨਾਮ ਆਰਾਧਨ ਵਿਚ:-

ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥
ਅਠੀ ਵੇਪਰਵਾਹ ਰਹਿਨਿ ਇਕਤੈ ਰੰਗਿ॥
ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ॥
ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾਕਾ ਬੋਲੁ॥
ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ॥੨॥

(ਵਾਰ ਮਾਝ ਮਹਲਾ ੨-੧੭)

ਇਸ ਵੇਲੇ ਦੁਨੀ ਚੰਦ, ਜਿਸਦੀ ਗੁਰੂ ਨੇ ਪਹਿਲਾਂ ਬਾਹਰਲੀ ਮਾਇਆ ਲੁਟਵਾਈ ਸੀ ਤੇ ਫ਼ੇਰ ਅੰਦਰੋਂ 'ਮਾਯਾ-ਪ੍ਰੇਮ' ਮੂਲ ਵਾਲੀ 'ਹਉਮੈਂ' ਦੀ ਲੁੱਟ ਪੁਆਈ ਸੀ, ਗੁਰੂ ਚਰਨਾਂ ਨੂੰ ਲਿਪਟਿਆ, ਓਹੋ ਰਸ ਮਾਣ ਰਿਹਾ ਹੈ, ਜੋ ਗੁਰੂ ਨਾਨਕ ਚਰਨਾਂ ਵਿਚੋਂ ਮਾਣਦਾ ਹੁੰਦਾ ਸੀ। ਪ੍ਰੇਮ ਦੇ ਤਰੰਗ ਨਾਲ ਨਿਰਮਲ ਆਪਾ ਅਰਪ ਰਿਹਾ ਹੈ ਗੁਰੂ ਆਪੇ ਵਿਚ, ਜੋ ਰਸ ਲੀਨਤਾ ਵਿਚ ਲੀਨ ਹੈ। ਨਿਰਮਲ ਨੀਰ ਦੀ ਨਿੱਕੀ ਨੈਂ ਮਾਨ ਸਰੋਵਰ ਵਿਚ ਪ੍ਰਵੇਸ਼ ਕਰ ਰਹੀ ਹੈ।

ਕੁਛ ਦੇਰ ਇਸ ਪ੍ਰਕਾਰ ਦੇ ਮੇਲ ਮਿਲਾਪ ਮਗਰੋਂ ਸਾਹਿਬ ਉਠੇ ਤੇ ਸੰਗਤ ਸਮੇਤ ਲੰਗਰ ਵਿਚ ਆਏ। ਸੰਗਤ ਨੇ ਡਿੱਠਾ ਕਿ ਲੰਗਰ ਵਿਚ ਮਾਤਾ ਜੀ ਆਪ ਸੇਵਾ ਕਰ ਰਹੇ ਹਨ। ਸਾਮਾਨ ਪੂਰੇ ਹਨ, ਚਾਹੇ ਪੱਤਲਾਂ ਹਨ, ਕਸੋਰੇ ਹਨ ਮਿੱਟੀ ਦੇ ਯਾ ਕੂਜ਼ੇ ਹਨ ਮਿੱਟੀ ਦੇ। ਲੰਗਰ ਸਭ ਲਈ ਸਾਂਝਾ ਹੈ, ਜ਼ਾਤ ਪਾਤ ਦਾ ਲਿਹਾਜ਼ ਨਹੀਂ[੪੬]।

ਇਸ ਤਰ੍ਹਾਂ ਪ੍ਰਸ਼ਾਦ ਛਕਾਕੇ ਗੁਰੂ ਜੀ ਆਰਾਮ ਕਰਨ ਚਲੇ ਗਏ ਤੇ ਸੰਗਤ ਆਪੋ ਆਪਣੇ ਉਤਾਰਿਆਂ ਦੇ ਥਾਂ ਚਲੀ ਗਈ।

## ੧੫. ਦਿਨ ਚਰਿਯਾ।

**ਲਾਹੌਰ** ਦੀ ਸੰਗਤ ਨੇ ਡਿੱਠਾ ਕਿ ਗੁਰੂ ਜੀ ਦੀ ਦਿਨ ਚਰਿਯਾ ਲਗਪਗ ਕਰਤਾਰਪੁਰ ਵਾਂਙੂ ਹੀ ਹੋ ਰਹੀ ਹੈ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦੀ ਸੀ। ਪਹਿਰ ਰਾਤ ਰਹਿੰਦੀ ਆਪ ਪਲੰਘ ਤੋਂ ਉੱਠ ਕੇ ਸਰੀਰਕ ਕ੍ਰਿਯਾ ਸਾਧ, ਇਸ਼ਨਾਨ ਪਾਣੀ ਕਰਕੇ ਆਪਣੇ ਆਸਣ ਤੇ ਬਿਰਾਜ ਕੇ ਆਪਣੀ ਸਮਾਧ ਵਿਚ ਮਗਨਾਨੰਦ ਹੋ ਜਾਂਦੇ ਹਨ[੪੭]। ਜਦ ਪ੍ਰਭਾਤ ਹੋ ਆਉਂਦੀ ਹੈ ਤਾਂ ਦੀਵਾਨ ਸਥਾਨ ਵਿਚ ਬਲਵੰਡ ਆ ਸ਼ਬਦ ਦੀ ਚਉਕੀ ਲਾਉਂਦਾ ਹੈ ਤੇ ਗੁਰੂ ਜੀ ਦੀਵਾਨ ਵਿਚ ਆਕੇ ਨਿਜ ਸਿੰਘਾਸਨ ਤੇ ਬਿਰਾਜ ਜਾਂਦੇ ਹਨ। ਜਦ ਸ਼ਬਦ ਦੀ ਚਉਂਕੀ ਹੋ ਚੁਕਦੀ ਤਦ ਜਿਸ ਦੁਖੀਏ ਪਰ ਦ੍ਰਿਸ਼ਟੀ ਆਪ ਦੀ ਪੈ ਜਾਂਦੀ, ਉਸ ਦਾ ਦੁਖ ਦੂਰ ਹੋ ਜਾਂਦਾ[੪੮]। ਸ਼ਬਦ ਕੀਰਤਨ ਦੇ ਮਗਰੋਂ ਸ੍ਰੀ ਨਾਨਕ ਦੇਵ ਜੀ ਦੇ ਗੁਣਾਨੁਵਾਦ, ਸਾਖੀਆਂ ਤੇ ਜਗਤ ਉਪਕਾਰ ਦੀ ਚਰਚਾ ਵੀਚਾਰ ਹੁੰਦੀ। ਹੋਰ ਵਾਧੂ ਗੱਲ ਦੀ ਆਗਿਆ ਨਹੀਂ ਸੀ ਹੁੰਦੀ। ਫੇਰ ਬਾਹਰੋਂ ਆਏ ਨਵੇਂ ਸਿਖ ਸੰਗਤਾਂ ਪੇਸ਼ ਹੁੰਦੀਆਂ। ਜੋ ਸਿਖ ਐਸੇ ਆਉਂਦੇ ਜੋ ਗੁਰ ਨਾਨਕ ਦੇਵ ਜੀ ਨੂੰ ਮਿਲ ਚੁਕੇ ਸੇ ਤਾਂ ਆਪ ਉਹਨਾਂ ਤੋਂ ਗੁਰੂ ਨਾਨਕ ਦੇਵ ਜੀ ਦੀ ਗੱਲ ਬਾਤ ਪੁੱਛਦੇ ਸੁਣਦੇ। ਜੋ ਕੋਈ


www.sikhbookclub.com

ਨਵਾਂ ਆਉਂਦਾ ਉਸ ਤੇ ਕ੍ਰਿਪਾ ਦ੍ਰਿਸ਼ਟੀ ਕਰਦੇ। ਇਸ ਤਰ੍ਹਾਂ ਲਗਪਗ ਪਹਿਰ ਦਿਨ ਚੜ੍ਹ ਜਾਂਦਾ, ਇਸ ਤੋਂ ਮਗਰੋਂ ਲੰਗਰ ਤਿਆਰੀ ਦੀ ਖ਼ਬਰ ਆਉਂਦੀ, ਭਾਈ ਬੁੱਢਾ ਅਰਦਾਸ ਕਰਦਾ, ਸਭਨਾਂ ਸਮੇਤ ਗੁਰੂ ਜੀ ਲੰਗਰ ਵਿਚ ਜਾਂਦੇ ਤੇ ਪੰਗਤ ਲਾ ਬੈਠਦੇ। ਚਾਰ ਵਰਨ ਦੇ ਇਕੱਠੇ ਪ੍ਰਸ਼ਾਦ ਛਕਦੇ, ਭਾਂਡੇ ਮਿੱਟੀ ਦੇ ਤੇ ਪੱਤਰਾਂ ਦੇ[੪੯]। ਇਕ ਪੰਗਤ ਵਿਚ ਬੈਠਕੇ ਪ੍ਰਸ਼ਾਦ ਛਕਣਾ ਇਸ ਲਈ ਤੋਰਿਆ ਸੀ ਕਿ ਇਕ ਇਕ ਆਦਮੀ ਵੱਖਰਾ ਚੌਕਾ ਰਚੇ ਤੇ ਰੋਟੀ ਪਕਾਏ, ਇਹ ਹਟਕੇ ਜਾਤੀ ਘ੍ਰਿਣਾ ਘਟੇ। ਲੰਗਰ ਤੋਂ ਮਗਰੋਂ ਗੁਰੂ ਜੀ ਚਾਰ ਘੜੀ ਲਈ ਬਿਰਾਜ ਜਾਂਦੇ[੫੦] ਜਦ ਨੀਂਦ ਕਰ ਉਠਦੇ ਤਾਂ ਬਾਲਕ ਆ ਜਾਂਦੇ, ਆਪ ਉਹਨਾਂ ਦੀਆਂ ਖੇਲਾਂ ਦੇਖਦੇ ਤੇ ਕਈ ਵੇਰ ਆਪ ਵੀ ਉਹਨਾਂ ਨਾਲ ਖੇਲਦੇ। ਕਦੇ ਕਦੇ ਤੀਸਰੇ ਪਹਿਰ ਪਹਿਲਵਾਨਾਂ ਦੀ ਕੁਸ਼ਤੀ ਵੀ ਵੇਖਦੇ[੫੧]। ਇਸ ਤੋਂ ਬਾਦ ਦੀਵਾਨ ਸਜ ਜਾਂਦਾ ਤੇ ਬਲਵੰਡ ਕੀਰਤਨ ਕਰਦਾ[੫੨]। ਫੇਰ ਕੁਛ ਚਿਰ ਕਥਾ ਹੁੰਦੀ। ਸੰਧਿਆ ਵੇਲੇ ਸੋਦਰ ਹੋਕੇ ਲੰਗਰ ਹੋ ਜਾਂਦਾ, ਫੇਰ ਗੁਰੂ ਜੀ ਆਪਣੇ ਆਸਣ ਤੇ ਧਿਆਨ ਮਗਨ ਹੋ ਜਾਂਦੇ ਤੇ ਪਹਿਰ ਰਾਤ ਗਏ ਦੇ ਲਗਪਗ ਪਲੰਘ ਤੇ ਬਿਰਾਜ ਜਾਂਦੇ[੫੩]।

ਇਸ ਤਰ੍ਹਾਂ ਦੇ ਰੰਗ ਵੇਖ ਕੇ ਕੁਛ ਦਿਨਾਂ ਮਗਰੋਂ ਲਾਹੌਰ ਦੀ ਸੰਗਤ ਟੁਰ ਗਈ। ਗੁਰੂ ਜੀ ਦੇ ਪ੍ਰਗਟ ਹੋਣ ਦੀ ਖ਼ਬਰ ਸਾਰੇ ਧੁੰਮ ਗਈ ਸੀ। ਦੂਰੋਂ ਦੂਰੋਂ ਹੁਣ ਸਿਖ ਤੇ ਸੰਗਤਾਂ ਆਉਣ ਲੱਗ ਪਈਆਂ, ਖਡੂਰ ਵਿਚ ਕਰਤਾਰਪੁਰ ਵਾਲਾ ਰੰਗ ਜੰਮ ਗਿਆ। ਕਥਾ ਕੀਰਤਨ, ਉਪਦੇਸ਼, ਨਾਮ ਦੀ ਦਾਤ ਤੇ ਆਤਮ ਜੀਵਨ ਦੀ ਵੰਡ ਦਾ ਪ੍ਰਵਾਹ ਟੁਰ ਪਿਆ। ਪਰ ਗੁਰੂ ਜੀ ਦਾ ਸੰਕੋਚ, ਅਲੱਗ ਥਲੱਗ ਆਪਣੇ ਰੰਗ ਰਹਿਣਾ, ਪ੍ਰਵਿਰਤੀ ਵਿਚ ਨਿਰਵਿਰਤੀ ਰੰਗ ਖੇਡਣਾ ਇੰਞ ਰਹੇ ਜਿਵੇਂ ਕੋਈ ਬਨ ਵਿਚ ਏਕਾਂਤ ਵਾਸੀ ਰਹਿੰਦਾ ਹੈ ਯਥਾ :-

> ਇਸ ਪ੍ਰਕਾਰ ਨਿਸ ਦਿਵਸ ਬਿਤਾਵਹਿਂ।
> ਸਿਖਜਨ ਤੇ ਸਤਿਨਾਮ ਜਪਾਵਹਿਂ॥੧੯॥
> ਆਪਨ ਢਿਗ ਮਾਯਾ ਬਿਵਹਾਰ।
> ਜ਼ਿਕਰ ਨ ਹੋਨ ਦੇਤਿ ਕਿਸਿ ਬਾਰ।
> ਹਰਖ ਸੋਕ ਜੇਤਿਕ ਬਿਧਿ ਨਾਨਾ।
> ਇਨ ਕੋ ਸਿੱਖਜ ਨ ਕਰੈਂ ਬਖਾਨਾ॥੨੦॥
> ਇਕ ਰਸ ਬ੍ਰਿਤਿ ਸਮਾਨ ਜਿਨ ਕੇਰੀ।
> ਰਾਗ ਨ ਦ੍ਵੈਖ, ਮਿਤ੍ਰ ਨਹਿਂ ਬੈਰੀ।
> ਮਹਾ ਅਨੰਦ ਪ੍ਰੇਮ ਰਸ ਪਾਗੇ।
> ਸ੍ਰੀ ਨਾਨਕ ਜਸ ਸੋਂ ਨਿਤ ਲਾਗੇ॥੨੧॥

(ਸੂਰਜ ਪ੍ਰਕਾਸ਼ ਰਾਸ ੧ ਅੰਸੂ ੧੦)

## ੧੯. ਹੁਕਮ ਤੇ ਕਰਮ।

ਭਾਈ ਬ੍ਰਿਧ ਦੇ ਪਾਸ ਇਕ ਸਿਖ ਨੇ ਪ੍ਰਸ਼ਨ ਕੀਤਾ ਕਿ ਜੀ ਅਜ ਆਸਾ ਦੀ ਵਾਰ ਵਿਚ ਰਬਾਬੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਲੋਕ ਲਾਇਆ ਸੀ :-

> ਇਹੁ ਜਗੁ ਸਚੈ ਕੀ ਹੈ ਕੋਠੜੀ
> ਸਚੇ ਕਾ ਵਿਚਿ ਵਾਸੁ॥
> ਇਕਨ੍ਹਾ ਹੁਕਮਿ ਸਮਾਇ ਲਏ
> ਇਕਨ੍ਹਾ ਹੁਕਮੇ ਕਰੇ ਵਿਣਾਸੁ॥
> ਇਕਨ੍ਹਾ ਭਾਣੇ ਕਢਿ ਲਏ
> ਇਕਨ੍ਹਾ ਮਾਇਆ ਵਿਚਿ ਨਿਵਾਸੁ॥
> ਏਵ ਭਿ ਆਖਿ ਨ ਜਾਪਈ
> ਜਿ ਕਿਸੈ ਆਣੈ ਰਾਸਿ॥
> ਨਾਨਕ ਗੁਰਮੁਖਿ ਜਾਣੀਐ
> ਜਾ ਕਉ ਆਪਿ ਕਰੇ ਪਰਗਾਸੁ॥੩॥

ਇਸ ਸਲੋਕ ਤੋਂ ਮੈਨੂੰ ਇਹ ਸੰਸਾ ਹੋ ਆਇਆ ਹੈ:-ਬਖਸ਼ੇ ਗੁਰੂ, ਕਿ ਜਦ ਸਭ ਕੁਛ ਹੁਕਮ ਨੇ ਕਰਨਾ ਹੈ ਤਾਂ ਸਾਡੇ ਕੀ ਵੱਸ? ਅਸੀਂ ਕਾਸ ਨੂੰ ਕੁਛ ਕਰੀਏ ਤੇ ਕੀਤੇ ਤੋਂ ਡਰੀਏ ਕਿਉਂ?

ਬ੍ਰਿਧ ਜੀ ਸੁਣਕੇ ਮੁਸਕ੍ਰਾ ਪਏ ਤੇ ਆਖਣ ਲੱਗੇ : ਸਭ ਕੋਈ ਆਪਣੇ ਕੀਤੇ ਦੀ ਜ਼ੁਮੇਵਾਰੀ ਤੋਂ ਭੱਜਣਾ ਚਾਹੁੰਦਾ ਹੈ ਅਰ ਬਹਾਨਾ ਭਾਲਦਾ ਹੈ ਮਹਾਂ ਪਰਖਾਂ ਦੇ ਵਾਕਾਂ ਤੋਂ। ਵਾਕ ਹੁੰਦਾ ਕਿਸੇ ਪਰਥਾਇ ਹੈ ਤੇ ਲੋਕੀਂ ਲਾ ਲੈਂਦੇ ਹਨ ਕਿਸੇ ਹੋਰ ਪਰਥਾਇ, ਤੇ ਅਕਸਰ ਆਪਣੇ ਮਨ ਮੰਨੇ ਪਰਥਾਇ ਤੇ। ਮਹਾਰਾਜ ਜੀ ਦੇ ਇਸ ਵਾਕ ਦਾ ਪਰਥਾਇ ਤੇਰੇ ਕੀਤੇ ਯਾ ਕਰਨੇ ਤੋਂ ਉਚੇਰਾ ਤੇ ਵਿਸ਼ਾਲ


www.sikhbookclub.com

ਹੈ। ਆਪ ਜੀ ਫੁਰਮਾਉਂਦੇ ਹਨ ਕਿ ਜਗਤ ਸੱਚੇ ਦਾ ਰਚਿਆ ਹੋਇਆ ਹੈ। ਰਾਜ ਵਾਂਙੂ ਨਹੀਂ, ਜੋ ਘਰ ਉਸਾਰਕੇ ਆਪਣੇ ਪਿੰਡ ਚਲਾ ਜਾਂਦਾ ਹੈ, ਪਰ ਮਾਲਕ ਵਾਂਙੂ ਜੋ ਘਰ ਬਣਾ ਕੇ ਉਸ ਦੇ ਵਿਚ ਆਪ ਵੱਸਦਾ ਹੈ, ਕਿੰਤੂ ਉਹ ਘਰ ਦਾ ਮਾਲਕ ਘਰ ਲਈ ਬੱਧੇ ਨਿਯਮਾਂ ਦਾ ਕੈਦੀ ਵਾਂਙੂ ਬੰਧਾਯਮਾਨ ਨਹੀਂ ਉਸ ਦਾ ਉਹ ਮਾਲਕ ਹੈ ਤੇ ਸੁਤੰਤਰ ਹੈ। ਅਰਥਾਤ ਉਹ ਮਾਲਕ ਹੈ ਜਿਸ ਨੂੰ ਘਰ ਬੰਧਾਯਮਾਨ ਨਹੀਂ ਕਰ ਰਿਹਾ। ਇਸ ਘਰ ਵਾਂਙੂ ਇਹ ਜਗਤ ਸਮਝ ਲਓ ਜੋ ਕਰਤਾ ਪੁਰਖ ਨੇ ਬਣਾਇਆ ਤੇ ਬਣਾ ਕੇ ਉਸ ਦਾ ਕਾਦਰ ਬੀ ਹੈ, ਸੁਤੰਤਰ ਮਾਲਕ ਦੀ ਹੈਸੀਅਤ ਵਿਚ। ਸੋ ਜਗਤ ਤਾਂ ਮਾਲਕ ਦੇ ਬਣਾਏ ਨਿਯਮਾਂ ਵਿਚ ਬੱਧਾ ਹੈ, ਪਰ ਉਹ ਜਗਤ ਮਾਲਕ ਨੂੰ ਕਿਸੇ ਨਿਯਮ ਵਿਚ ਨਹੀਂ ਬੰਨ੍ਹ ਸਕਦਾ, ਉਹ ਮਾਲਕ ਸੁਤੰਤਰ ਹੈ; ਸ੍ਵਛੰਦ ਹੈ। ਉਸ ਦੀ 'ਸਰਵ ਸ਼ਕਤੀ-ਮਾਨਤਾ' ਨੂੰ ਕੋਈ ਡੱਕ ਰੋਕ ਨਹੀਂ ਸਕਦਾ। ਇਉਂ ਸਮਝੋ ਕਿ ਜਗਤ, ਜੋ ਉਸ ਨੇ ਰਚ ਦਿੱਤਾ ਹੈ, ਉਹ ਉਸ ਨੂੰ ਹਦਬੰਦੀਆਂ ਵਿਚ ਨਹੀਂ ਬੰਨ੍ਹ ਸਕਦਾ। ਇਨਸਾਨੀ ਦਿਮਾਗ ਦੀਆਂ ਵਿਚਾਰੀਆਂ ਹਦਬੰਦੀਆਂ ਤੋਂ ਉਹ ਬੇਹੱਦ ਹੋਣ ਕਰਕੇ ਪਰੇ ਤੇ ਸੁਤੰਤਰ ਹੈ। ਉਸ ਦੇ 'ਕਰਨੇਂ' ਉਸ ਦੇ 'ਵੀਚਾਰ' ਸਭ ਜੀਵ ਦੀ ਗਜਾਤ ਤੇ ਮੇਣਤੀ ਤੋਂ ਪਰੇ ਹਨ। ਉਹ ਅਮਿਤ ਦੇ ਹੋਣ ਕਰਕੇ ਅਮਿਤ ਹੈਨ, ਸਚੇ ਦੇ ਹੋਣ ਕਰਕੇ ਸਚੇ ਹਨ :- 'ਸਚੇ ਤੇਰੇ ਕਰਣੇ ਸਰਬ ਬੀਚਾਰ।' ਤੇ ਸਾਡੇ ਦਿਮਾਗ ਮਿਤਿ ਵਿਚ ਹਨ, ਇਸ ਲਈ ਉਸ ਦੇ ਵੀਚਾਰ, ਕੀਤੇ, ਕਰਨੇ, ਸਾਡੇ ਲਈ 'ਹੁਕਮੁ ਨ ਕਹਿਆ ਜਾਈ' ਅਕਥ ਹਨ।

ਸਿਖ-ਫੇਰ ਸਾਨੂੰ ਕੁਛ ਥਹੁ ਪਤਾ ਨਹੀਂ ਲਗ ਸਕਦਾ?

ਬ੍ਰਿਧ-ਕਰਤਾ ਕਾਦਰ ਕਰੀਮ ਜਿਸ ਤੇ ਮਿਹਰ ਕਰਕੇ ਆਪਣਾ ਚਾਨਣਾ ਪਾ ਦੇਂਦਾ ਹੈ, ਉਹ ਗੁਰਮੁਖ ਕਹੀਦਾ ਹੈ। ਜਿਸ ਪਰ ਚਾਨਣਾ ਪੈ ਗਿਆ ਉਹ ਕਰਤਾ ਪੁਰਖ ਨੂੰ ਪ੍ਰਾਪਤ ਹੋ ਜਾਂਦਾ ਹੈ। ਇਸ ਵਿਚ ਸੈਨਤ ਇਹ ਹੈ ਕਿ ਉਸ ਗੁਰਮੁਖ ਦਾ ਸਤਿਸੰਗ ਕਰੋ ਤਾਂ ਜੋ ਤੁਸਾਂ ਤੇ ਬੀ ਪ੍ਰਗਾਸ ਪਵੇ।

ਸਿਖ-ਮੈਂ ਜਾਤਾ ਸੀ ਕਿ ਇਸ ਦਾ ਅਰਥ ਹੈ ਗੁਰੂਦੁਆਰਾ ਜਾਣੀਦਾ ਹੈ ਜਿਸ ਤੇ ਆਪ ਪ੍ਰਗਾਸ ਪਾ ਦੇਵੇ।

ਬ੍ਰਿਧ-ਗੁਰਮੁਖਿ ਪਦ ਦਾ ਗੁਰੂ ਦੁਆਰਾ ਅਰਥ ਬੀ ਗੁਰਬਾਣੀ ਵਿਚ ਹੈ। ਗਲ ਫੇਰ ਉਥੇ ਹੀ ਆ ਜਾਵੇਗੀ। ਜਿਸ ਉਤੇ ਓਹ ਪ੍ਰਗਾਸ ਪਾਵੇ, ਉਹ ਜਾਣਦਾ ਹੈ। ਸੋ ਜਿਸ ਤੇ ਪਰਗਾਸ ਪਿਆ ਓਹ ਜਾਣਨਹਾਰ ਹੋ ਗਿਆ! ਧੁਨੀ ਵਿਚ ਓਹੋ ਰਹੀ ਕਿ ਉਸ ਦਾ ਸਤਿਸੰਗ ਕਰੋ।

ਸਿਖ-ਫੇਰ ਜੋ ਅਸਾਂ ਕੁਛ ਕੀਤਾ?

ਬ੍ਰਿਧ-'ਆਪੇ ਬੀਜਿ ਆਪੇ ਹੀ ਖਾਹੁ' ਸਾਡੇ ਲਈ ਇਹ ਨਿਯਮ ਹੈ। ਅਸੀਂ ਇਸ ਪਰ ਟੁਰੀਏ। ਸਾਡੇ ਕਰਣੇ ਤੇ ਵੀਚਾਰ ਮਾਯਾਵੀ ਹਨ ਤੇ ਹੱਦ ਵਿਚ ਹਨ; ਪਰ ਓਹ ਕਰਤਾ ਪੁਰਖ ਅਮਿੱਤ ਬਲ ਅਮਿੱਤ ਗਿਆਨ ਵਾਲਾ ਸਾਨੂੰ ਰਚਕੇ ਤੇ ਵਯਾਪਕ ਹੋਣ ਕਰਕੇ ਇਸ ਤਰ੍ਹਾਂ ਦੇ ਨਿਯਮਾਂ ਨਾਲ ਆਪ ਨਹੀਂ ਨਾ ਬੱਝ ਗਿਆ, ਉਸ ਦੇ ਅਖ਼ਤਿਆਰ ਤੇ ਕਰਨੇ ਸੱਚੇ ਹਨ; ਸ੍ਵੈਛੰਦ, ਸੁਤੰਤਰ, ਬੇਰੋਕ ਤੇ ਅਮਿਤ ਹਨ, ਜਿਸ ਨੂੰ ਚਾਹੇ ਮਿਹਰ ਨਾਲ ਕੱਢ ਲਵੇ, ਜਿਸ ਨੂੰ ਚਾਹੇ ਆਪਣੇ ਰਾਹੇ ਤੁਰਿਆ ਰਹਿਣ ਦੇਵੇ। ਬੇਹੱਦ ਦੇ ਵਸੀਕਾਰ ਨੂੰ ਤੁਸੀਂ ਹੱਦ ਨਾ ਲਾਓ। ਤੁਸੀਂ ਯਤਨ ਕਰੋ, ਮਿਹਨਤ ਕਰੋ, ਤੁਹਾਡੀ ਘਾਲ ਥਾਂ ਪਵੇਗੀ। ਆਪਣੇ ਲਈ ਬੱਧੇ ਗਏ ਨਿਯਮਾਂ ਵਿਚ ਟੁਰੋ ਪਰ ਇਹ ਨਾ ਸਮਝੋ ਕਿ ਇਸ ਨਾਲ ਉਸ ਸਰਬ ਸ਼ਕਤੀਮਾਨ ਦੀ ਮਿਹਰ ਨੂੰ ਰੋਕ ਪੈ ਗਈ ਹੈ। ਉਹ ਸ੍ਵੈਛੰਦ ਆਪਣੇ ਰਾਹੇ ਟੁਰੇਗੀ। ਕੀ ਜਾਣੀਏਂ ਤੁਸੀਂ ਕਿਰਪਾ ਪਾਤਰ ਬਣ ਜਾਣਾ ਹੈ। ਇਸ ਲਈ ਕਰੋ ਕਾਰ, ਸਭ ਕਰੋ ਹੀਲਾ: ਭਜਨ ਪਾਠ ਅਰਦਾਸ, ਬੰਦਗੀ ਦਾ, ਪਰ ਨਾਲ ਹੀ ਟੇਕ ਰਖੋ ਮਿਹਰਾਂ ਤੇ।

## ੧੭. ਗੁਰਬਾਣੀ-ਗੁਰਸਾਖੀ।

ਪ੍ਰਾਣਾਂ ਤੋਂ ਪਿਆਰੇ ਗੁਰੂ ਦੇ ਵਿਛੋੜੇ ਮਗਰੋਂ ਗੁਰੂ ਅੰਗਦ ਦੇਵ ਜੀ ਦੇ ਪਹਿਲੇ ਦਿਨ ਤਾਂ ਮਾਈ ਵਿਰਾਈ ਦੇ ਘਰ ਪਿਆਰੇ ਦੀ ਯਾਦ ਵਿਚ ਨਿਮਗਨ ਬੈਠਿਆਂ ਬੀਤੇ। ਫੇਰ ਸੱਦ ਆਈ ਸੰਗਤਿ


www.sikhbookclub.com

ਦੀ-'ਸਾਡੇ ਵੱਲ ਬੀ ਧਿਆਨ ਕਰੋ।' ਗੁਰੂ ਨਾਨਕ ਦੇਵ ਦੀ ਆਗਿਆ ਚਿੱਤ ਕਰਕੇ ਕਿ 'ਇਹ ਬੀ ਉਹਨਾਂ ਦੀ ਸੇਵਾ ਹੈ' ਆਪ ਜਗਤ-ਪ੍ਰੇਮ ਵਿਚ ਬੀ ਸਮਾਂ ਦੇਣ ਲੱਗ ਪਏ। ਇਹ ਜਗਤ-ਪ੍ਰੇਮ ਆਪ ਦਾ ਕੀਹ ਸੀ? ਜਗਤ ਨਿਸਤਾਰਣ, ਜਿਵੇਂ ਤਾਰਦੇ ਸਨ ਸ੍ਰੀ ਗੁਰੂ ਨਾਨਕ ਦੇਵ ਜੀ। ਇਹ ਕੰਮ ਕਰਦਿਆਂ ਆਪ ਦਾ ਆਪਾ ਤਾਂ ਰਹਿੰਦਾ ਹੈ ਸੱਚੇ ਦੀ ਲਿਵ ਵਿਚ, ਤੇ ਫੇਰ ਆਏ ਜੀ ਨੂੰ ਵਰੋਸਾਅ ਕੇ ਟੋਰਦੇ ਹਨ। ਸ਼ਰਧਾ ਧਾਰ ਕੇ ਆਇਆ ਖਾਲੀ ਨਹੀਂ ਗਿਆ; ਇਉਂ ਹੋ ਰਹੇ ਹਨ ਦੋਵੇਂ ਕੰਮ-'ਅਪੁਨੈ ਰੰਗਿ ਰਵੈ ਅਕੇਲਾਂ' ਦਾ ਤੇ 'ਅਵਰਹ ਨਾਮੁ ਜਪਾਵੈ' ਦਾ।

ਹੁਣ ਆਪ ਜੀ ਇਕ ਨਵੇਂ ਕੰਮ ਦੇ ਚਾਉ ਵਿਚ ਆਏ, ਜਿਸ ਵਿਚ ਇਕ ਪਾਸੇ ਤਾਂ ਪਿਆਰੇ ਗੁਰੂ ਦੀ ਯਾਦ ਦਾ ਸੁਆਦ ਮਉਲਦਾ ਵਧਦਾ ਰਹੇ, ਦੂਜੇ ਪਾਸੇ ਜਗਤ ਦਾ-ਉਸ ਸਮੇਂ ਦੇ ਜਗਤ ਦਾ ਤੇ ਅਗੋਂ ਆਉਣ ਵਾਲੇ ਜਗਤ ਦਾ-ਹੁੰਦਾ ਰਹੇ ਨਿਸਤਾਰਾ। ਆਪ ਦੇ ਜੀਉ ਵਿਚ ਰਸ ਭਰੀ ਪ੍ਰੇਰਨਾ ਉਪਜੀ ਕਿ ਪਿਆਰੇ ਗੁਰੂ ਦੀ ਬਾਣੀ ਇਕ ਥਾਂ ਇਕੱਠੀ ਕੀਤੀ ਜਾਵੇ ਤੇ ਜੀਵਨ ਸਮਾਂ-ਚਾਰ ਲਿਖੇ ਜਾਣ। ਇਸ ਕੰਮ ਲਈ ਲੋੜਾਂ ਸਨ ਤ੍ਰੈ-੧. ਅੱਖਰ, ੨. ਬਾਣੀ, ੩. ਜੀਵਨ ਸਮਾਚਾਰ। ਅੱਖਰ ਤਾਂ ਬਣ ਚੁਕੇ ਸਨ-ਗੁਰਮੁਖੀ। ਇਹ ਵਿਉਂਤੇ ਸਨ ਆਪ ਹੀ ਗੁਰੂ ਅੰਗਦ ਦੇਵ ਜੀ ਨੇ ਗੁਰ ਨਾਨਕ ਦੇਵ ਜੀ ਦੇ ਹੀਨਹਯਾਤ, ਤੇ ਤਦੋਂ ਹੀ ਇਸ ਵਿਚ ਕੁਛ ਬਾਣੀ ਵੀ ਲਿਖੀ ਗਈ ਸੀ[੫੪]। ਇਕ ਪੋਥੀ ਗੁਰੂ ਨਾਨਕ ਦੇਵ ਜੀ ਦੀ ਗੁਰੂ ਅੰਗਦ ਦੇਵ ਜੀ ਪਾਸ ਹੈਗੀ ਬੀ ਸੀ, ਜਿਵੇਂ ਲਿਖਿਆ ਹੈ ਕਿ ਤੁਖਾਰੀ ਰਾਗ ਦੀ ਬਾਣੀ ਮਹਲਾ ੧ ਦੀ ਪੋਥੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਦਿੱਤੀ ਸੀ[੫੫]। ਆਸਾ ਦੀ ਵਾਰ ਸ਼ੇਖ ਬ੍ਰਹਮ (ਇਬਰਾਹੀਮ ਫਰੀਦ ਦੇ ਗੱਦੀ ਨਸ਼ੀਨ) ਅਤੇ ਦੁਨੀ ਚੰਦ ਪਰਥਾਇ ਹੋਈ ਸੀ[੫੬], ਉਹ ਕੀਰਤਨ ਵਿਚ ਪ੍ਰਵਿਰਤ ਸੀ ਤੇ ਗੁਰੂ ਜੀ ਪਾਸ ਹੈਸੀ। ਹੋਰ ਕੱਠੀ ਕਰਨ ਦਾ ਪ੍ਰਬੰਧ ਇਹ ਕੀਤਾ ਕਿ ਜਿਥੇ ਬਾਣੀ ਦਾ ਪਤਾ ਸੀ ਯਾ ਲੱਗਾ, ਮੰਗ ਕਰ ਘੱਲੀ। ਜਿਵੇਂ ਕੁਛ ਬਾਣੀ ਹੱਸੂ ਲੁਹਾਰ ਤੇ ਸੀਹੇਂ ਛੀਂਬੇ ਪਾਸ ਹੈਸੀ[੫੭]। ਫੇਰ ਜਦ ਕੋਈ ਗੁਰ ਨਾਨਕ ਪ੍ਰੇਮੀ ਆਇਆ ਤਾਂ ਉਸ ਤੋਂ ਪਤਾ ਕਰਨਾ ਕਿ ਤੁਸਾਂ ਪਾਸ ਕੋਈ ਗੁਰੂ ਕਾ ਸ਼ਬਦ ਯਾ ਬਾਣੀ ਹੈ? ਜਿਸ ਪਾਸ ਹੋਵੇ ਲੈ ਲੈਣੀ ਯਾ ਉਤਾਰਾ ਕਰਵਾ ਲੈਣਾ। ਜਿਸ ਤਰ੍ਹਾਂ ਮਲਾਰ ਦੀ ਵਾਰ ਦੀਆਂ ੨੭ ਪਉੜੀਆਂ[੫੮] ਕਸ਼ਮੀਰ ਦੇ ਬ੍ਰਹਮਦਾਸ ਪਾਸ ਸ਼ਾਰਦਾ ਅਖਰਾਂ ਵਿਚ ਹੈਸਨ, ਜਦੋਂ ਦਰਸ਼ਨਾਂ ਨੂੰ ਆਯਾ ਤਾਂ ਇਹ ਵਾਰ ਉਸ ਤੋਂ ਮਿਲੀ। ਮਾਝ ਦੀ ਵਾਰ ਦੀਆਂ ਪਉੜੀਆਂ ਸੈਦੋ ਘੇਹੋ ਪਾਸ ਉਸ ਦੀਆਂ ਪਉੜੀਆਂ ਸੈਦੋ ਘੇਹੋ ਪਾਸ ਉਸ ਦੀਆਂ ਆਪਣੀਆਂ ਲਿਖੀਆਂ ਟਾਕਰੇ ਅੱਖਰਾਂ ਵਿਚ ਹੈਸਨ[੫੯]। ਇਸ ਸੈਦੋ ਘੇਹੋ ਨੇ ਰਾਮਕਲੀ ਮਹਲਾ ੧ ਦੀ ਕੁਛ ਬਾਣੀ ਬੀ ਲਿਖੀ ਸੀ ਜੋ ਸਿਧਾਂ ਪਰਥਾਇ ਸੀ, ਯਥਾ-ਜਿਤੁ ਦਰਿ ਵਸਹਿ...। ਸੁਰਤਿ ਸਬਦੁ ਸਾਖੀ ਮੇਰੀ ਸਿੰਙੀ...। ਸੁਣਿ ਮਾਛਿੰਦ੍ਰਾ ਨਾਨਕੁ ਬੋਲੈ। ਆਦਿ। ਸੈਦ ਪੁਰ ਸੰਡਿਆਲੀ ਦੀ ਕਤਲ ਸਮੇਂ ਉਚਾਰੇ ਸ਼ਬਦ ਝਾੜੂ ਕਲਾਲ ਨੇ ਲਿਖ ਲਏ ਸਨ, ਉਸ ਪਾਸੋਂ ਮਿਲ ਪਏ[੬੦]। ਸਿਧ ਗੋਸਟ ਅਜਿਤੇ ਰੰਧਾਵੇ ਤੋਂ ਮਿਲੀ। ਵੈਸੇ ਤਾਂ ਗੁਰੂ ਜੀ ਤ੍ਰਿਕਾਲਗਯ ਸਨ, ਆਪ ਨੂੰ ਆਪਣੇ ਗੁਰੂ ਦੀ ਬਾਣੀ ਦਾ ਸਾਰਾ ਥਹੁ ਸੀ, ਪਰ ਇਨਸਾਨੀ ਨੁਕਤੇ ਤੋਂ ਜੋ ਪ੍ਰਬੰਧ ਕੀਤਾ ਸੀ, ਸੋ ਇਥੇ ਥੋੜਾ ਦੱਸਿਆ ਹੈ[੬੧]।

ਗੁਰੂ ਅੰਗਦ ਦੇਵ ਜੀ ਸ੍ਰੀ ਗੁਰੂ ਜੀ ਨੂੰ ਉਨ੍ਹਾਂ ਦੀ ਵਡੀ ਉਮਰੇ ਮਿਲੇ ਸਨ। ਇਸ ਕਰਕੇ ਆਪ ਜੀ ਨੇ ਗੁਰੂ ਜੀ ਦੀ ਪਹਿਲੀ ਉਮਰਾ ਦੇ ਸਮਾਚਾਰ ਆਪ ਨਹੀਂ ਸਨ ਵੇਖੇ ਹੋਏ, ਸੋ ਤੀਸਰਾ ਕੰਮ ਜੋ ਆਪ ਨੇ ਆਰੰਭਿਆ ਉਹ ਸੀ ਸ੍ਰੀ ਗੁਰੂ ਜੀ ਦੇ ਜੀਵਨ ਸਮਾਚਾਰ ਦਾ ਇਕਤ੍ਰ ਕਰਨਾ। ਆਪ ਜੀ ਦੇ ਬਾਲ ਲੀਲਾ ਦੇ ਸਮਾਚਾਰ ਤਲਵੰਡੀ ਤੋਂ ਕੱਠੇ ਕੀਤੇ; ਕੁਛ ਤਾਂ ਚਾਚਾ ਲਾਲੂ ਜੀ ਤੋਂ ਮਿਲੇ ਤੇ ਕੁਛ ਹੋਰਨਾਂ ਤੋਂ[੬੨]। ਕੁਛ ਸਮਾਚਾਰ ਮਗਰਲੇ ਭਾਈ ਬਾਲ ਯਾ ਬਾਲਾ ਤੋਂ ਮਿਲੇ; ਜਿਨ੍ਹਾਂ ਨੇ ਗੁਰੂ ਜੀ ਦੇ ਬਚਪਨ ਦੇ ਚੋਜ ਵੇਖੇ ਸਨ, ਓਹ ਸਾਖੀ[੬੩] ਸਨ-ਅਰਥਾਤ ਦੇਖਣਹਾਰ। ਜੋ ਵਾਰਤਾ ਅੱਖੀਂ ਡਿੱਠੀ ਇਨ੍ਹਾਂ ਨੇ ਲਿਖਾਈ ਉਸ ਦਾ ਨਾਉਂ ਧਰਿਆ 'ਜਨਮ ਸਾਖੀ'। ਅਰਥਾਤ ਜਨਮ ਸਮੇਂ ਯਾ ਬਾਲ ਲੀਲਾ ਦੀ ਅੱਖੀਂ ਦੇਖੀ ਹੋਈ ਉਗਾਹੀ ਯਾ ਗਲ ਬਾਤ। ਇਸ ਤੋਂ ਉਪਰੰਤ ਫਿਰ ਇਸ ਤਰ੍ਹਾਂ


www.sikhbookclub.com

ਹੋਇਆ ਕਿ ਜਦੋਂ ਕੋਈ ਗੁਰ ਨਾਨਕ ਪ੍ਰੇਮੀ ਦਰਸ਼ਨਾਂ ਨੂੰ ਆਇਆ ਤਾਂ ਉਸ ਨਾਲ ਵਰਤੀ ਗਲ ਬਾਤ ਯਾ ਉਸ ਦੇ ਸਾਹਮਣੇ ਹੋਈ ਗਲ ਬਾਤ ਲਿਖਵਾ ਲਈ। ਪ੍ਰੇਮੀਆਂ ਦਾ ਆਉਣਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨ ਯਾਤ੍ਰਾ ਦੇ ਸੰਮਤ ਵਾਰ ਦੇ ਕ੍ਰਮ ਅਨੁਸਾਰ ਤਾਂ ਨਹੀਂ ਸੀ ਨਾ ਹੁੰਦਾ, ਇਸ ਕਰਕੇ ਹਰ ਵਾਰਤਾ ਉਤੇ ਜੋ ਕਿਸੇ ਹੋਰ ਤੋਂ ਮਿਲੇ ਲਿਖਿਆ ਜਾਣਾ 'ਸਾਖੀ ਹੋਰ ਚਲੀਂ'। ਇਸ ਤਰ੍ਹਾਂ ਜੋ ਪ੍ਰੇਮੀ ਸਫਰਾਂ ਵਿਚ ਨਾਲ ਰਹੇ ਸੇ ਜਿਵੇਂ ਸੈਦੋ ਧੂਜੀ ਉਦਾਸੀ ਵਿਚ ਨਾਲ ਸੀ ਤਾਂ ਉਹ ਹਾਲ ਉਸ ਤੋਂ ਲਿਖਵਾ ਲਿਆ। ਇਸ ਤਰ੍ਹਾਂ ਮਸਾਲਾ ਕੱਠਾ ਕਰਕੇ ਕ੍ਰਮਵਾਰ ਕੀਤਾ ਗਿਆ। ਪਹਿਲੀ ਸਾਖੀ ਦਾ ਨਾਉਂ ਜਨਮ ਸਾਖੀ ਲਿਖਿਆ ਹੋਣ ਕਰਕੇ ਸਾਰੀ ਦਾ ਨਾਉਂ ਹੋ ਗਿਆ 'ਜਨਮ ਸਾਖੀ'[੬੪] ਤੇ ਅਰਥ ਹੋ ਗਿਆ ਜੀਵਨ ਚਰਿਤ੍ਰ। ਸੋ ਗੁਰੂ ਜੀ ਹਰ ਆਏ ਗਏ ਗੁਰੂ ਨਾਨਕ ਦੇਵ ਜੀ ਦੇ ਸਿਖ ਤੋਂ ਬਾਣੀ ਯਾ ਉਸ ਸਾਹਮਣੇ ਵਰਤੀ ਸਾਖੀ ਸੁਣਦੇ ਤੇ ਲਿਖਵਾ ਲੈਂਦੇ। ਪਰ ਇਸ ਤਰ੍ਹਾਂ ਦੇ ਕਾਰਜ ਕਰਦੇ ਵੀ ਲਿਖਿਆ ਹੈ ਕਿ ਆਪ ਜੀ ਵਿਸ਼ੇਸ਼ ਕਰਕੇ ਆਪਣੇ ਆਤਮਕ ਕੰਮਾਂ ਵਿਚ ਮਗਨ ਰਹਿੰਦੇ ਸੇ ਯਥਾ:-

ਸੋਰਠਾ-ਸਤਿਗੁਰ ਬੇ-ਪਰਵਾਹ ਸਦ ਅਲਿਪਤ
ਜਗ ਮੋ ਰਹੇ। ਜਿਉਂ ਕਮਲ ਰਹੇ ਜਲ
ਮਾਂਹਿ ਰਹੇ ਅਪਰਸ ਜਗ ਮੋ ਸਦਾ॥੧॥

ਚੌਪਈ॥

ਤਹਿ ਐਸੇ ਜੁਗਤ ਦਇਆਲ ਰਹੈਂ।
ਭਲੀ ਬੁਰੀ ਜਗ ਸੁਨੇਂ ਨਾ ਕਹੈਂ।
ਜੇ ਕੋ ਬਰਨ-ਆਸ਼੍ਰਮ ਮਨ ਧਰੇ।
ਸਤਿਗੁਰੂ ਸੰਗਤ ਕਬਹੁੰ ਨ ਕਰੇ॥੨॥
ਚਾਰ ਬਰਨ ਤਹਾਂ ਏਕ ਸਮਾਨਾ।
ਨਹਿ ਬਿਧਿ ਨਿਖੇਧ ਪੂਰਨ ਮਤਿ ਗਜਾਨਾ।
ਤਾਂਤੇ ਕੋਊ ਸਮੀਪ ਨਾ ਪਾਵੈ।
ਮਸਤਕ ਟੇਕ ਦੂਰ ਤੇ ਜਾਵੇ॥੩॥
ਜੋ ਲੋਕ ਬੇਦ ਕੁਲ ਭੈ ਨਹੀਂ ਧਰੇ॥
ਹਰ ਕੀ ਪ੍ਰੇਮ ਭਗਤ ਮਨ ਕਰੇ।
ਸੋ ਸਤਿਗੁਰ ਕੀ ਸੰਗਤਿ ਆਵੈ।
ਦਰਸ ਪਰਸ ਪਰਮਾਰਥ ਪਾਵੈ॥੪॥

(ਮਹਿਮਾਂ ਪ੍ਰਕਾਸ਼ ਛੰਦਾ ਬੰਦੀ)

## ੧੮. ਜੋਗੀ।

**ਸ਼ਿਵਰਾਤ੍ਰੀ** ਫ਼ਗਣਵਦੀ ੧੪ ਨੂੰ ਹੋਇਆ ਕਰਦੀ ਹੈ। ਇਸ ਦਿਨ ਇਕ ਬ੍ਰਤ ਹੁੰਦਾ ਹੈ ਜੋ ਸਰਵ ਸਾਧਾਰਣ ਲੋਕ ਵੀ ਕਰਦੇ ਹਨ, ਪਰ ਸ਼ਿਵ ਉਪਾਸ਼ਕ ਤੇ ਖਾਸ ਕਰਕੇ ਸਿਧ ਜੋਗੀ ਬੜੇ ਔਖੇ ਤਰੀਕੇ ਤੇ ਵਿਧੀਆਂ ਨਾਲ ਇਹ ਬ੍ਰਤ ਨਿਬਾਹੁੰਦੇ ਹਨ। ਕੁਛ ਚੋਟੀ ਦੇ ਵਡੇ ਜੋਗੀ ਇਹ ਬ੍ਰਤ ਰਖ ਤੇ ਫੇਰ ਉਪਾਰਕੇ ਸਨੇ ਸਨੇ ਟੁਰਦੇ, ਪਿੰਡਾਂ ਵਿਚ ਦੀ ਹੁੰਦੇ ਖਡੂਰ ਆ ਪਹੁੰਚੇ। ਹੁਣ ਚੇਤ ਚਲ ਰਿਹਾ ਸੀ ਤੇ ਰੁਤ ਗੁਲਾਬੀ ਹੋ ਰਹੀ ਸੀ। ਸਵੇਰਾਂ ਦੇ ਵੇਲੇ ਬੜੇ ਸੁਹਾਵਣੇ ਹੋ ਰਹੇ ਸੇ। ਦੀਵਾਨ ਵਿਚ ਆਸਾ ਦੀ ਵਾਰ ਦਾ ਭੋਗ ਪੈ ਚੁਕਾ ਸੀ ਪਰ ਸ੍ਰੀ ਗੁਰੂ ਜੀ ਅਜੇ ਬੈਠੇ ਸਨ ਤੇ ਬਾਹਰੋਂ ਆਏ ਕੁਛ ਸਿਖ ਦਰਸ਼ਨ ਮੇਲੇ ਕਰਕੇ ਅਸੀਸਾਂ ਲੈ ਚੁਕੇ ਸੇ; ਕੁਛ ਪੇਸ਼ ਹੋ ਰਹੇ ਸੇ ਕਿ ਖਬਰ ਆਈ ਕਿ 'ਜੋਗੀਆਂ ਦੀ ਜਮਾਤ ਆਪਦੇ ਦਰਸ਼ਨ ਮੇਲੇ ਵਾਸਤੇ ਆਈ ਹੈ। ਭਾਈ ਬੁੱਢਾ ਜੀ ਨੇ ਉਹਨਾਂ ਦਾ ਆਦਰ ਕੀਤਾ ਹੈ ਤੇ ਤਪਿਆਣੇ ਉਨ੍ਹਾਂ ਦਾ ਡੇਰਾ ਕਰਵਾਇਆ ਹੈ, ਪਰ ਓਹ ਦਰਸ਼ਨਾ ਲਈ ਕਾਹਲੇ ਹਨ ਤੇ ਆ ਰਹੇ ਹਨ।'

ਇਹ ਗਲ ਹੋ ਹੀ ਰਹੀ ਸੀ ਕਿ ਜਮਾਤ ਆ ਗਈ, ਆਦੇਸ ਆਦੇਸ ਦੀ ਧੁਨੀ ਗੂੰਜ ਉਠੀ। ਸ੍ਰੀ ਗੁਰੂ ਜੀ ਨੇ ਬੜੇ ਆਦਰ ਨਾਲ ਜਮਾਤ ਦਾ ਸ੍ਵਾਗਤ ਕੀਤਾ ਤੇ ਮਿਠੇ ਬਚਨਾਂ ਨਾਲ 'ਜੀਉ ਆਇਆਂ ਕਹਕੇ ਆਇਆਂ ਦਾ ਮਨ ਤੋਖਿਆ। ਸਿਧ ਹੁਣ ਸਭਾ ਵਿਚ ਬੈਠ ਗਏ ਤੇ ਖੇਮ ਕੁਸਲ ਦੀ ਪੁੱਛ ਦੁਵੱਲੀ ਚੰਗੇ ਆਦਰ ਨਾਲ ਹੋਈ[੬੫]। ਫੇਰ ਸਿਧ ਗੁਰ ਨਾਨਕ-ਗੁਣ ਗਾਯਨ ਕਰਦੇ ਰਹੇ। ਫ਼ੇਰ ਜੋਗੀਆਂ ਨੇ ਸਿਆਣਪ ਨਾਲ ਗਲ ਨੂੰ ਆਪਣੇ ਪ੍ਰਯੋਜਨ ਦੀ ਸਿੱਧੀ ਵਲ ਮੋੜ ਲਿਆ, ਜੋ ਗੁਰੂ ਅੰਗਦ ਦੇਵ ਜੀ ਨੂੰ ਪਰਤਾਉਣੇ ਦਾ ਸੀ ਤੇ ਗਲ ਬਾਤ ਇਸ ਪ੍ਰਕਾਰ ਦੀ ਛਿੜ ਪਈ :-

ਇਕ ਸਿੱਧ-ਗੁਰੂ ਨਾਨਕ ਸਾਰੀ ਆਯੂ ਅਝੁਕ ਰਹੇ ਪਰ ਆਪ ਅਗੇ ਝੁਕੇ ਸੁਣੇ ਹਨ। ਕਿਸ ਅੱਗੇ


www.sikhbookclub.com

ਝੁਕੇ ਉਸ ਦੇ ਦਰਸ਼ਨ ਦੀ ਅਕਾਂਖਜਾ ਸੀ, ਜੋ ਹੁਣ ਪੂਰਨ ਹੋਈ। ਕਿਸ ਗੁਣ ਕਰ ਝੁਕੇ? ਇਹ ਜਾਣਨੇ ਦੀ ਲਾਲਸਾ ਹੈ।

ਗੁਰੂ ਜੀ-ਜੋ ਅਝੁਕ ਨਿਰੰਜਨ ਅੱਗੇ ਝੁਕਿਆ ਓਹ ਅਝੁਕ ਕਾਸਨੂੰ? ਜੋ ਗੋਦੀ ਲਏ ਬਾਲ ਵਲ ਝੁਕ ਕੇ ਤੱਕਿਆ ਉਸ ਨੂੰ ਝੁਕਿਆ ਕਿਉਂ ਕਹੀਏ? ਜੋ ਮਾਇਆ ਅੱਗੇ ਝੁਕ ਰਹੇ ਜਗਤ ਦੇ ਸਾਂਹਵੇ ਨਾ ਝੁਕਿਆ ਉਸ ਦੀ ਅਝੁਕਤਾ ਨੂੰ ਆਤਮ ਸੁਤੰਤ੍ਰਤਾ ਕਿਉਂ ਨਾ ਕਹੀਏ?

ਸਿਧ (ਅਚਰਜ ਹੋਕੇ)-ਆਪ ਦੀ ਵਾਕ ਰਚਨਾ ਤੇ ਯਥਾਰਥ-ਵਕਤ੍ਰਤਾ ਤਦਰੂਪ ਹਨ। ਧੰਨ ਹੋ! ਕਹੋ ਕਿਸ ਗੁਣ ਰਿਝਾਯਾ ਗੁਰੂ ਨੂੰ।

ਗੁਰੂ ਜੀ-ਗੁਣਾਂ ਦੇ ਸੋਮੇ ਨੂੰ ਸੰਪੂਰਨ ਗੁਣਹੀਨਤਾ ਦੇਖ ਕੇ ਆਪਦੇ ਉਮਾਹੂ ਗੁਣਾਂ ਨਾਲ ਭਰ ਦੇਣ ਦਾ ਚਾਉ ਆ ਗਿਆ, ਜਿਵੇਂ ਉਮਾਹੂ ਵਗ ਰਹੀ ਆਡ ਭਰ ਦੇਂਦੀ ਏ ਤ੍ਰਟੀ ਵੱਟ ਵਾਲੇ ਖੇਤ ਨੂੰ।

ਸਿਧ-ਵਾਹ ਵਾਹ ਪ੍ਰਸੰਨ ਕਰ ਦਿੱਤਾ ਨੇ! ਧੰਨ ਹੋ! ਚਿਤ ਉਛਲਦਾ ਏ ਕਿ ਆਪ ਨੂੰ ਯੋਗ ਵਿਭੂਤੀਆਂ ਨਾਲ ਭਰ ਦੇਈਏ।

ਗੁਰੂ ਜੀ-ਅਨੁਗ੍ਰਹਿ ਹੈ। ਰੀਝੇ ਹੋ ਤਾਂ ਪੁੱਛਕੇ ਦਾਤ ਕਰਨੀ। ਜੋ ਮੰਗਾਂ ਸੋ ਦੇਣਾ।

ਸਿਧ-ਦੱਸੋ ਕਿਹੜੀ ਸ਼ੈ ਵਿਸ਼ੇਸ਼ ਪਸਿੰਦ ਹੈ?

ਗੁਰੂ ਜੀ-ਗਰੀਬੀ।

ਸਿਧ ਇਹ ਸੁਣਕੇ ਨੈਣ ਮੁੰਦ ਕੇ ਮਗਨ ਜੇਹੇ ਹੋ ਗਏ ਕਿ ਇਹ ਨਾ ਸਿੱਧੀ ਹੈ, ਨਾਂ ਨਿੱਧੀ, ਨਾ ਰਿਧੀ ਤੇ ਨਾ ਅਠ ਦੀ ਗੇਣਤੀ ਵਿਚ ਹੈ, ਨਾ ਅਠਾਰਾਂ ਦੀ, ਨਾ ਨਵਾਂ ਦੀ ਵਿਚ ਹੈ। ਜਦ ਅੱਖਾਂ ਖੁੱਲ੍ਹੀਆਂ ਤਾਂ ਇਕ ਸਿਧ ਨੇ ਕਿਹਾ-ਮੈਨੂੰ ਅਕਾਸ਼ ਬਾਣੀ ਹੋਈ ਹੈ ਕਿ ਤ੍ਰਿਲੋਕੀ ਦੀ ਗਰੀਬੀ ਗੁਰੂ ਨਾਨਕ ਨੂੰ ਮਿਲੀ ਸੀ ਤੇ ਓਹ ਗੁਰੂ ਅੰਗਦ ਨੂੰ ਦੇ ਆਏ ਹਨ। ਸੋ ਇਹ ਸ਼ੈ ਤਾਂ ਆਪ ਪਾਸ ਅੱਗੇ ਹੀ ਅਮਿਤ ਹੈ। ਜੋ ਅਸੀਂ ਆਖਦੇ ਹਾਂ ਤੁਸੀਂ ਉਹ ਲੈ ਲਓ, ਉਹ ਹੈ-ਯੋਗ; ਇਹ ਸ਼ੈ ਸਾਨੂੰ ਪਰਮ ਪਿਆਰੀ ਹੈ ਤੇ ਆਪ ਤਾਈਂ ਦੇਣ ਨੂੰ ਚਿਤ ਕਰਦਾ ਹੈ। ਇਸ ਤਪਨਾ ਨਿਰਮਲਤਾ ਨਹੀਂ, ਨਿਰਮਲਤਾ ਬਿਨ ਸਿਧੀ[੬੬] ਨਹੀਂ, ਸਿਧੀ ਬਿਨ ਜਗਤ ਨਹੀਂ ਪਤੀਜਦਾ। ਨਾ ਹੀ ਹਠ ਜੋਗ ਕਮਾਏ ਬਿਨਾ ਰਾਜ ਜੋਗ ਤੇ ਕੈਵਲ ਪ੍ਰਾਪਤੀ ਹੈ।

ਗੁਰੂ ਜੀ-ਸਜਣੋ! ਯੋਗ ਇਕ ਪ੍ਰਾਪਤ ਹੈ ਗੁਰੂ ਨਾਨਕ ਦੀ ਮੇਹਰ ਦਾ ਸਦਕਾ। ਉਹ ਹਠ ਦਾ ਯੋਗ ਨਹੀਂ, ਆਪੇ ਦਾ ਯੋਗ ਨਹੀ, ਓਹ ਪਰਮਾਤਮਾ ਵਿਚ ਜੋਗ ਹੈ-ਜੀਵ ਤਤ ਦਾ ਪਰਮ ਤਤ ਵਿਚ ਜੁੜਨਾ ਹੈ। ਜੋ ਦਾਤ ਹੋਕੇ ਮਿਲੀ ਹੈ ਦਾਤੇ ਗੁਰੂ ਤੋਂ। ਇਹ ਆਖਦੇ ਵੈਰਾਗ ਵਿਚ ਆ ਗਏ ਤੇ ਬੜੀ ਮਧੁਰ ਧੁਨੀ ਵਿਚ ਗਲੇ ਤੋਂ ਸੱਦ ਹੋਈ :-

ਸਲੋਕ ਮਹਲਾ ੨॥

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ॥
ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥

ਇਹ ਸ਼ੁਕਰ ਤੇ ਪਿਆਰ ਵਾਲੇ ਫ਼ਖਰ ਨਾਲ ਭਰੀ ਸੱਦ ਸੁਣਕੇ ਸਭ ਦੇ ਲੂੰ ਕੰਡੇ ਹੋ ਗਏ, ਅਰ ਕਿਤਨਾ ਚਿਰ ਚੁਪ ਛਾਈ ਰਹੀ। ਫੇਰ ਗੁਰੂ ਜੀ ਬੋਲੇ:-ਬਿਨਾ ਸਹਜ ਯੋਗ ਦੇ ਮੁਕਤ ਨਹੀਂ, ਤੇ ਭੇਖ ਨਾਲ ਤਾਂ ਜਗ ਪਤਿਆਉਂਦਾ ਹੈ, ਆਤਮਾ ਨਹੀਂ ਪਤੀਜਦਾ।

ਸਿਧ-ਓਹ ਸਹਜ ਜੋਗ ਕਿਹੜਾ ਹੈ?

ਫੇਰ ਗੁਰੂ ਜੀ ਬੋਲੇ-ਗੁਰੂ ਨਾਨਕ ਦੇਵ ਜੀ ਨੇ ਇਕ ਵੇਰ ਆਪ ਦੇ ਇਕ ਭਰਥਰ ਨਾਮੇ ਜੋਗੀ ਪ੍ਰਤੀ ਆਖਿਆ ਸੀ : 'ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੀ'। ਹਾਂ ਐਉਂ ਫ਼ੁਰਮਾਇਆ ਸੀ ਸਤਿਗੁਰੂ ਅਰਸ਼ਾਂ ਕੁਰਸ਼ਾਂ ਦੇ ਮਾਲਕ ਨੇ-

ਆਸਾ ਮਹਲਾ ੧॥

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ॥੧॥
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੀ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੀ॥੧॥ਰਹਾਉ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ॥੨॥
ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ॥
ਹਰਿ ਕੀਰਤਿ ਰਹਰਾਸਿ ਹਮਾਰੀ

ਗੁਰਮੁਖਿ ਮੇਖੁ ਅਤੀਤੰ ॥੩॥
ਸਗਲੀ ਜੋਤਿ ਹਮਾਰੀ ਸੰਮਿਆ
ਨਾਨਾ ਵਰਨ ਅਨੇਕੰ ॥
ਕਹੁ ਨਾਨਕ ਸੁਣਿ ਭਰਥਰੀ ਜੋਗੀ
ਪਾਰਬ੍ਰਹਮ ਲਿਵ ਏਕੰ ॥੪॥੩॥੩੭॥

ਸੋ ਗੁਰੂ ਬਖਸ਼ੇ ਜੋਗ ਦਾ ਸਰੂਪ ਇਹ ਹੈ। ਫੇਰ ਗੁਰੂ ਬਾਬੇ ਜੀ ਨੇ ਇਕ ਵੇਰ ਲੱਛਨ ਆਖੇ ਸਨ ਕਿ ਐਸਾ ਜੋਗੀ ਸਮ-ਦ੍ਰਿਸ਼ਟਾ ਹੋਵੇਗਾ; ਉਸ ਵਿਚ ਰਾਗ ਦ੍ਵੈਖ ਨਹੀਂ ਰਹੇਗਾ। ਜਿਸ ਵਿਖੇ ਰਾਗ ਦ੍ਵੈਖ ਨਹੀਂ ਉਹ ਸਭ ਦਾ ਭਲਾ ਮੰਗੇਗਾ। ਇਸ ਕਰਕੇ ਜੋਗੀ ਦਾ ਇਕ ਲੱਛਣ ਸਭ ਦੇ ਭਲੇ ਵਿਚ ਜੀਊਣਾ ਹੈ। ਫਿਰ ਐਸੇ ਜੋਗੀ ਦਾ ਮਨ ਸੰਸੇ ਖ੍ਰਿਤੀ ਤੋਂ ਪਾਰ ਹੋ ਜਾਏਗਾ ਉਸਦਾ ਮਨ ਟਿਕ ਜਾਏਗਾ ਜੇ ਦੌੜੇਗਾ ਤਾਂ ਉਹ ਬੰਨ੍ਹ ਬਹਾਲੇਗਾ। ਉਹ ਬ੍ਰਹਮ ਲਿਵ ਵਿਚ ਜੀਵਨ ਤੋਂ ਮਾਨੋਂ ਜੋਗੀ ਜਗਤ ਵਾਸ਼ਨਾ ਤ੍ਰਿਸ਼ਨਾ ਦੇ ਜੀਉ ਉਠਿਆ ਜੀਉਂਦੇ ਜੀ ਮਰਿਆ ਹੋਇਆ ਰਹੇਗਾ ਤੇ ਨਿਰਭਉ ਪਦ ਤੇ ਖੇਡੇਗਾ, ਉਸ ਦੀ ਖ੍ਰਿਤੀ ਸਹਜ ਰਸ ਵਿਚ ਟਿਕੀ ਰਹੇਗੀ। ਇਹ ਸਭ ਕੁਛ ਗੁਰੂ ਬਾਬੇ ਨੇ ਦੱਸਿਆ ਕਿ ਮਾਯਾ ਵਿਚ ਵਸਦਿਆਂ ਮਾਯਾ ਦੇ ਮਾੜੇ ਅਸਰ ਤੋਂ ਬਚੇ ਰਹਿਣ ਵਾਲੇ ਗ੍ਰਿਹਸਤੀ-ਜੀਵਨ ਵਿਚ ਹੀ ਪ੍ਰਾਪਤ ਹੋ ਜਾਂਦਾ ਹੈ। ਇਸ ਜੋਗ ਦੀ ਪ੍ਰਾਪਤੀ ਦੀ ਜੁਗਤ ਇਹੋ ਦੱਸੀ ਹੈ ਗੁਰੂ ਬਾਬੇ ਨੇ ਸਤਿਗੁਰ ਨੂੰ ਮਿਲਕੇ ਨਾਮ ਪ੍ਰਾਪਤੀ ਕਰ ਲੈਣੀ, ਸੰਸੇ ਨਵਿਰਤ ਕਰ ਲੈਣੇ ਤੇ ਮਨ ਨੂੰ ਵਾਸ਼ਨਾ ਤੋਂ ਵਰਜਦੇ ਰਹਿੰਦਿਆਂ ਨਾਮ ਦੀ ਕਮਾਈ ਕਰਨੀ। ਹੋਰ ਜੋ ਭੇਖ ਮਾਤ੍ਰ ਜੋਗ ਧਾਰਨਾ ਹੈ ਓਹ ਜੋਗ ਨਹੀਂ! ਤੁਸੀਂ ਵੀਚਾਰਵਾਨ ਹੋ, ਸਿਧ ਹੋ, ਖਿਮਾਂ ਕਰਨੀ ਜੋ ਆਮ ਜੋਗੀ ਫਿਰ ਰਹੇ ਹਨ, ਉਹ ਗੋਦੜੀ: ਡੰਡਾ ਸੁਆਹ ਯਾ ਬਿਭੂਤ ਮਲ ਲੈਣੀ[੬੭], ਮੁੰਦਰਾਂ ਪਾ ਲੈਣੀਆਂ, ਕੰਨ ਪੜਵਾ ਕੇ, ਯਾ ਸਿਰ ਮੁਨਾਕੇ ਘੋਨਮੋਨ ਹੋ ਜਾਣ ਨੂੰ ਯਾ ਸਿੰਙੀ ਲੈਕੇ ਉਸ ਵਿਚੋਂ ਨਾਦ ਵਜਾਂਦੇ ਫਿਰਨ ਨੂੰ ਜੋਗ ਸਮਝ ਬੈਠੇ ਹਨ। ਕੋਈ ਮਸਾਣਾ ਵਿਚ ਜਾ ਬੈਠੇ ਤੇ ਕੋਈ ਤਾੜੀਆਂ ਲਾਉਣ ਮਾਤ੍ਰ ਨੂੰ, ਯਾ ਤੀਰਥਾਂ ਤੇ ਮੇਲਿਆਂ ਪੁਰਬਾਂ ਪਰ ਫਿਰਦੇ ਰਹਿਣ ਨੂੰ ਜੋਗ ਸਮਝ ਕੇ ਘਰੋਂ ਘਾਟੋਂ ਗਏ ਗੁਜ਼ਰੇ ਹੋ ਗਏ ਹਨ[੬੮]। ਇਹ ਪਰਤੱਖ ਆਪ ਹੀ ਦੇਖ ਲਓ ਵਰਤਾਰਾ ਵਰਤ ਰਿਹਾ ਹੈ। ਖਿਮਾ ਕਰਨੀ ਕਿਸੇ ਨਿਰਾਦਰ ਲਈ ਨਹੀਂ, ਤਤ ਵੀਚਾਰ ਤੇ ਪਰਤੱਖ ਨੂੰ ਪ੍ਰਮਾਣ ਦੀ ਲੋੜ ਨਾ ਹੋਣ ਵਾਂਙੂ ਦੱਸ ਰਿਹਾ ਹਾਂ ਜੋ ਸਭ ਨੂੰ ਦਿੱਸ ਰਿਹਾ ਹੈ। ਦੂਸਰੇ ਜੋ ਸੱਜਣ ਹਠ ਜੋਗ ਕਰਦੇ ਹਨ। ਉਹ ਅਕਸਰ ਵਿਭੂਤੀਆਂ ਦੀ ਪ੍ਰਾਪਤੀ ਲਈ ਕਰਦੇ ਹਨ, ਕੁਛ ਉਮਰਾ ਲੰਮੇਰੀ ਲਈ ਕਰਦੇ ਹਨ। ਉਹ ਪਰਮਾਤਮ ਦੇਵ ਨਾਲ ਜੁੜਨਾ ਨਹੀਂ, ਉਹ ਤਾਂ ਮੁੜ ਘਿੜ ਕੇ ਮਾਯਾ ਦੇ ਜੋੜ ਵਿਚ ਹੀ ਰਹਿਣਾ ਹੈ। ਹਾਂ ਜਿਨ੍ਹਾਂ ਨੂੰ ਵੈਰਾਗ ਹੋਇਆ, ਤੇ ਫੇਰ ਵਿਭੂਤੀਆਂ ਤੋਂ ਭੀ ਵੈਰਾਗ ਹੋਇਆ ਹੈ, ਓਹ ਫੇਰ ਰਾਜ ਜੋਗ ਕਮਾਉਂਦੇ ਹਨ ਤਾਂ ਆਪੇ ਵਿਚ ਜੁੜਦੇ ਹਨ। ਪਰ ਐਸੇ ਸਜਣ ਅਕਸਰ ਬਣਾਂ, ਪਰਬਤਾਂ ਵਿਚ ਜਾ ਵਸਦੇ ਹਨ, ਉਨ੍ਹਾਂ ਦਾ ਜਗਤ ਨੂੰ ਲਾਹਾ ਕੋਈ ਨਹੀਂ। ਜਦ ਓਹ ਚੰਗੇ ਲੋਕ, ਜੋ ਨਿਰਵਾਸ ਹੋਕੇ ਭਲਜਾਈ ਵਿਚ ਹੋਰ ਭਲੇ ਹੋ ਗਏ ਤੇ ਟੁਰ ਗਏ ਬਨਾਂ ਪਰਬਤਾਂ ਨੂੰ, ਤਦ ਪਰਜਾ ਦੁਖੀ[੬੯]। ਕਿਉਂਕਿ ਜਦ ਪਰਜਾ ਵਿਚੋਂ ਚੰਗੇ ਆਦਮੀ ਨਿਕਲ ਜਾਂਦੇ ਹਨ ਤਾਂ ਫੇਰ ਪਿਤੇ ਸਾਧਾਰਣ ਲੋਕ ਦੁਖ ਪਾਉਣ ਨੂੰ ਰਹਿ ਜਾਂਦੇ ਹਨ। ਜੇ ਐਸੇ ਵਿਟਲੇ ਜੋਗੀ ਵਿਚੇ ਰਹਿਣ ਤੇ ਭਲਿਆਈ ਕਰਨੀ ਸਿਖਾਲਣ ਤੇ ਪਰਜਾ ਦਾ ਦੁਖ ਸੁਖ ਵੰਡਣ ਤੇ ਉੱਚ ਜੀਵਨ ਦੀ ਜਾਚ ਦੱਸਣ ਤਾਂ ਜਗਤ ਵਿਚ ਸੁਖ ਵਰਤੇ ਤੇ ਜੋਗੀ ਦੇ ਜੋਗ ਦਾ ਕੁਛ ਲਾਹਾ ਮਿਲੇ[੭੦]।

ਸਿੱਧ-ਇਹ ਸੱਚ ਹੈ ਕਿ ਕਈ ਮਖੱਟੂ ਘਰ ਦੇ ਕੰਮਾਂ ਤੋਂ ਰੁੱਸ ਕੇ ਜੋਗੀ ਆ ਬਣਦੇ ਤੇ ਮੰਗ ਪਿੰਨ ਕੇ ਖਾਣ ਨੂੰ ਜੋਗ ਸਮਝ ਲੈਂਦੇ ਹਨ, ਪਰ ਭੇਖ ਲਏ ਬਿਨਾਂ ਬੰਦਾ ਪਕੜਾਂ ਵਾਲੇ ਗ੍ਰਿਹਸਤ ਜੀਵਨ ਤੋਂ ਨਹੀਂ ਛੁਟਦਾ; ਦਰ ਦਰ ਮੰਗੇ ਬਿਨਾਂ ਲੋਕ ਲਾਜ ਨਹੀਂ ਛੁਟਦੀ ਤੇ ਹੰਕਾਰ ਨਹੀਂ ਮਰਦਾ, ਤੀਰਥ ਨ੍ਹਾਤੇ ਬਿਨਾਂ ਮੈਲ ਨਹੀਂ ਲਹਿੰਦੀ, ਨੇਤੀ, ਧੋਤੀ; ਪ੍ਰਾਣਾਯਾਮ ਨੌਲੀ ਆਦਿ ਕੀਤੇ ਬਿਨਾਂ ਅਰੋਗਤਾ ਨਹੀਂ ਰਹਿੰਦੀ, ਸਿੱਧੀ ਨਹੀਂ ਪ੍ਰਾਪਤ ਹੁੰਦੀ। ਏਕਾਂਤ ਵਾਸ ਬਿਨ ਬ੍ਰਿਤੀ ਨਹੀਂ ਜੁੜਦੀ। ਸੋ ਸਭੇ ਸਾਧਨ ਅਵੱਸ਼ ਹਨ।

ਗੁਰੂ ਜੀ-ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਸੀ ਕਿ ਮੇਰਾ ਤਨ ਹੀ ਫਕੀਰੀ ਵੇਸ ਹੈ, ਮੇਰਾ ਮਨ ਹੀ ਮੰਦਰ ਹੈ, ਮੇਰੇ ਅੰਦਰ ਹੀ ਤੀਰਥ ਹੈ, ਇਸ ਤੀਰਥ ਵਿਚ ਨਾਮ ਦਾ ਅਭਜਾਸ ਰੂਪੀ ਸ਼ਨਾਨ

ਕਰਦਾ ਹਾਂ! ਇਸ ਦੇ ਤੁਫੈਲ ਕਰਤਾਰ ਦਾ ਨਾਮ ਮੇਰੇ ਪ੍ਰਾਣਾਂ ਵਿਚ ਆ ਵਸਿਆ ਹੈ; ਇਸ ਤਰ੍ਹਾਂ ਮੇਰਾ ਮਨ ਦਿਆਲ ਵਾਹਿਗੁਰੂ ਦੇ ਪਿਆਰ ਵਿਚ ਵਿੰਨ੍ਹ ਹੋ ਗਿਆ ਹੈ। ਇਹੋ ਸਾਧਨ ਹੈ, ਜੋ ਗ੍ਰਿਹਸਤ ਦੇ ਵਿਚੇ ਹੀ ਸਾਰੇ ਸਾਧਨ ਸਾਰ ਦੇਂਦਾ ਹੈ, ਇਹੋ ਪ੍ਰਾਪਤੀ ਹੈ ਜੋ ਵਿਚ ਬੈਠੇ ਹੀ ਹੋ ਜਾਂਦੀ ਹੈ[੨੧]। ਸਿੱਧ ਜ਼ੀਉ ਜੀ! ਅੰਤਰ ਆਤਮੇ ਪਰਮਾਤਮਾਂ ਨਾਲ ਮਿਲਣੇ ਦਾ ਨਾਮ 'ਯੋਗ' ਹੋਣਾ ਚਾਹੀਦਾ ਹੈ[੨੨]।

ਸਿੱਧ-ਇਹ ਨਵੀਂ ਪ੍ਰੀਖਿਆ ਹੈ, ਨਵਾਂ ਤਜਰਬਾ ਹੈ ਜੋ ਗੁਰੂ ਨਾਨਕ ਨੇ ਕਰਨਾ ਪਾਇਆ ਹੈ ਕਿ ਗ੍ਰਿਹਸਤ ਵਿਚ ਨਿਰਵਾਣ ਹੋਵੇ। ਉਨ੍ਹਾਂ ਕੀਤਾ ਹੈ ਤੁਸੀਂ ਕਰ ਵੇਖੋ, ਸਾਡੀ ਜਾਚੇ ਘਰ ਛੱਡਣਾ ਹੀ ਬਣਦਾ ਹੈ, ਪਰਮਾਰਥ ਪ੍ਰਾਪਤੀ ਏਕਾਂਤ ਵਾਸ ਬਿਨਾਂ ਨਹੀਂ ਹੋ ਸਕਦੀ!...ਹਾਂ, ਸੱਚੀ ਅਸਾਂ ਸੁਣਿਆਂ ਹੈ ਕਿ ਆਪ ਜੀ ਗੁਰੂ ਨਾਨਕ ਦੀ ਉਚਾਰੀ ਬਾਣੀ, ਜੋ ਥਾਂ ਪਰ ਥਾਂ ਹੋਈ ਹੈ, ਇਕੱਠੀ ਕਰਕੇ ਪੋਥੀ ਤਿਆਰ ਕਰ ਰਹੇ ਹੋ ਯਾ ਕਰ ਲਈ ਹੈ,...ਜੇ ਆਪ ਜੀ ਉਦਾਸੀ ਨਾ ਮੰਨੋ ਤਾਂ ਕੀ ਮੈਂ ਪੁੱਛ ਲਵਾਂ ਕਿ ਵੇਦ ਬਾਣੀ ਦੇ ਹੁੰਦਿਆਂ ਹੋਰ ਬਾਣੀ ਦੀ ਕੀ ਲੋੜ ਸੀ ਤੇ ਗੁਰੂ ਜੀ ਦੇ ਵੇਲੇ ਵੇਲੇ ਬਚਨ ਉਚਾਰੇ ਉਪਦੇਸ਼ ਦਾ ਕੰਮ ਤਦੋਂ ਤਾਂ ਦੇ ਗਏ ਹੁਣ ਇਕੱਠੇ ਕਰਕੇ ਇਕ ਹੋਰ ਬਾਣੀ ਬੰਨ੍ਹਣ ਦਾ ਕੀ ਲਾਭ?

ਗੁਰੂ ਜੀ ਆਪਣੇ ਅਡੋਲ ਸਹਿਜ ਟਿਕਾਉ ਵਿਚ ਗੱਲਾਂ ਕਰ ਰਹੇ ਸੇ, ਸੁਣਕੇ ਜ਼ਰਾ ਗਹੁ ਨਾਲ ਤੱਕੋ ਤੇ ਫੇਰ ਉਸੇ ਆਪਣੀ ਧੀਮੀ ਅਵਾਜ਼ ਵਿਚ ਬੋਲੇ :-

ਤੁਸਾਂ ਜੀ ਨੇ ਵੇਦ ਤੇ ਸ਼ਾਸਤ੍ਰੀ ਰਚਨਾਵਾਂ ਪੜ੍ਹੀਆਂ ਹੋਸਣ, ਉਨ੍ਹਾਂ ਵਿਚ ਪਾਪ ਪੁੰਨ ਦੀ ਵਿਚਾਰ ਹੈ, ਕਥਾ ਹਨ, ਕਹਾਣੀਆਂ ਹਨ ਫੇਰ ਉਸ ਪਾਪ ਪੁੰਨ ਦੇ ਵਿਚਾਰਾਂ ਵਿਚ ਕੀਕੂੰ ਦਾਨ ਦੇਣਾ, ਕੀਕੂੰ ਕਰਮ ਫਲ ਲੈਣਾ ਹੁਦਾ ਹੈ, ਦਿੱਤਾ ਕੀਕੂੰ ਲਈਦਾ ਹੈ, ਲਿਆ ਕੀਕੂੰ ਦੇਈਦਾ ਹੈ। ਕੀਕੂੰ ਕੀਤੇ ਕਰਮਾਂ ਅਨੁਸਾਰ ਨਰਕ ਤੇ ਸੁਰਗ ਵਿਚ ਨਿਵਾਸ ਪਾਈਦਾ ਹੈ ਦੂਜੇ ਉਥੋਂ ਗੱਲ ਸਿੱਖੀ ਦੀ ਹੈ ਜਾਤਾਂ ਉਪਜਾਤਾਂ ਦੀਆਂ ਕਿਸਮਾਂ ਦੀ ਤੇ ਭਰਮ ਸਿੱਖ ਲੈਂਦਾ ਹੈ ਉਨ੍ਹਾਂ ਤੋਂ ਸੰਸਾਰ ਉਚੀਆਂ ਤੇ ਪਵਿਤ੍ਰ ਜਾਤਾਂ ਤੇ ਨੀਵੀਆਂ ਤੇ ਅਪਵਿਤ੍ਰ ਜਾਤਾਂ ਦੇ ਫਰਕ ਕਰਨੇ ਦਾ; ਇਨ੍ਹਾਂ ਫਰਕਾਂ ਵਿਚ ਹੀ ਪਿਆ ਭਟਕਦਾ ਹੈ, ਗਲ ਕੀ ਵਰਣ ਆਸ਼੍ਰਮ ਤੇ ਕਰਮ ਕਾਂਡ; ਇਹ ਹੈ ਤਾਲੀਮ ਉਸ ਬਾਣੀ ਦੀ ਜਿਸ ਨੂੰ ਤੁਸੀਂ ਵੇਦਾਂ ਦੀ ਆਖਦੇ ਹੋ ਜਾਂ ਕਹਿ ਲਈਏ ਕਿ ਵੇਦਾਂ ਦੁਆਰਾ ਆਈ ਕਿ ਰਚੀ ਗਈ ਹੈ।

ਕਰਮ ਹਉਂ ਆਸ੍ਰਿਤ ਕਰਦੇ ਹਨ 'ਵਰਣ ਆਸ਼੍ਰਮ' ਨਾਲ ਹਉਂ ਵੱਧਦੀ ਹੈ ਯਾ ਵਧੇਰੇ ਪੀਡੀ ਹੁੰਦੀ ਹੈ। ਹਉਂ ਟੁਟਦੀ ਹੈ ਗਯਾਨ ਨਾਲ, ਗਯਾਨ ਪ੍ਰਾਪਤ ਹੁੰਦਾ ਹੈ ਪਰਮਾਤਮ ਦੇਵ ਉਤੇ ਧਯਾਨ ਨਾਲ ਧਯਾਨ ਜੋੜਨ ਤੇ ਤਦਰੂਪ ਹੋ ਜਾਣ ਨਾਲ। ਧਯਾਨ ਜੁੜਦਾ ਹੈ ਸਾਂਈਂ ਵਲ ਲਿਵ ਲਾਉਣ ਨਾਲ; ਲਿਵ ਲਗਦੀ ਹੈ ਨਾਮ ਨਾਲ। ਗੁਰੂ ਨਾਲਕ ਦੇਵ ਜੀ ਸਨ ਆਪ ਸਾਂਈਂ ਨਾਲ ਮਿਲੇ ਗੋਬਿੰਦ ਰੂਪ, ਸੋ ਗੁਰੂ ਨਾਨਕ ਦੇਵ ਜੀ ਨੂੰ ਨਾਮ ਨਾਲ ਸਾਂਈਂ ਲਿਵ ਵਿਚ ਅਨਿੰਨ ਪ੍ਰੇਮ ਦੁਆਰਾ ਜੁੜਿਆਂ ਧਯਾਨ ਵਿਚ ਇਹ ਬਾਣੀ ਪ੍ਰਾਪਤ ਹੋਈ ਹੈ[੨੩]। ਜੋ ਉਨ੍ਹਾਂ ਆਖੀ ਤੇ ਮੈਂ ਸੰਚੇ ਕਰ ਰਿਹਾ ਹਾਂ।, ਇਹ ਬ੍ਰਹਮ ਗ਼ਯਾਨ ਹੈ, ਜੋ ਉਨ੍ਹਾਂ ਨੂੰ ਧਿਆਨ ਮਗਨਤਾ ਯਾ ਸਮਾਧੀ ਵਿਚ ਮਿਲਿਆ ਹੈ, ਇਹ ਬਾਣੀ ਗੁਰਮੁਖ ਤੇ ਗੋਬਿੰਦ ਰੂਪ ਗੁਰੂ ਨਾਨਕ ਨੇ ਉਚਾਰੀ ਹੈ। ਇਹ ਅਮਰ ਕਰਤਾ ਦੀ ਬਾਣੀ ਅੰਮ੍ਰਿਤ ਬਾਣੀ ਅਮਰ ਹੈ: ਅਮਰ ਕਰਨੇ ਹਾਰੀ ਹੈ। ਅੰਮ੍ਰਿਤ ਵਤ ਮਿੱਠੀ ਹੈ। ਗੁਰਮੁਖਾਂ ਨੇ ਇਸ ਨੂੰ ਸਮਝਿਆ ਹੈ, ਜਿਨ੍ਹਾਂ ਤੇ ਇਸ ਦੀ ਬਖਸ਼ਿਸ਼ ਹੋਈ ਹੈ। ਇਸ ਬਾਣੀ ਵਿਚ ਤੱਤ ਅਸਲੀ ਆਤਮ ਸਾਰਤਾ ਦਾ ਵਰਣਨ ਹੈ, ਅਰਥਾਤ ਇਹ ਸ਼ੁਧ ਗਯਾਨ ਹੈ ਤੇ ਗਯਾਨ ਪ੍ਰਾਪਤੀ ਦਾ ਵਸੀਲਾ ਭਗਤੀ, ਪ੍ਰੇਮ ਤੇ ਨਾਮ ਸਿਖਾਲਦੀ ਹੈ। ਫਿਰ ਇਹ ਸਿਖਾਲਦੀ ਹੈ ਕਿ ਕਰਤਾਰ ਆਪਣੇ ਹੁਕਮ ਨਾਲ ਸ੍ਰਿਸ਼ਟੀ ਨੂੰ ਸਾਜਦਾ ਹੈ, ਊਚ ਨੀਚ ਦੀ ਸੂਗ ਕਾਸ ਨੂੰ; ਤੇ ਆਪਣੇ ਹੁਕਮ ਵਿਚ ਜਗਤ ਮਰਿਯਾਦਾ ਨੂੰ ਟੋਰਦਾ ਹੈ, ਸਭ ਦੀ ਪਾਲਣਾ ਕਰਦਾ ਤੇ ਸੰਭਾਲਦਾ ਵੇਖਦਾ ਹੈ, ਤਾਂ ਦਖੇਵੇਂ ਕਿਉਂ? ਐਉਂ ਜਦ ਹੁਕਮ ਦੀ ਪਛਾਣ ਹੋ ਜਾਂਦੀ ਹੈ ਤਾਂ ਹਉਮੈਂ ਟੁਟ ਜਾਂਦੀ ਹੈ। ਤੁਸੀਂ ਵੀਚਾਰ ਲਓ ਕਿ ਮੁਕਤੀ ਪ੍ਰਾਪਤ ਹੋਣ ਤੋਂ ਪਹਿਲਾਂ ਹਉਮੈਂ ਟੁੱਟਣੀ ਜ਼ਰੂਰੀ ਹੈ ਕਿ ਨਹੀਂ? ਇਸ ਗੁਰੂ ਬਾਣੀ ਨਾਲ ਹਉਮੈ ਟੁੱਟਦੀ ਹੈ। ਸੋ ਇਹ ਸਿੱਧ ਰਾਹ ਸਾਂਈਂ ਮੇਲ ਦਾ ਦੱਸਦੀ ਹੈ[੨੪]। ਇਸੇ ਕਰਕੇ ਉਚਾਰੀ ਗਈ ਸੀ, ਤੇ ਇਸੇ ਕਰਕੇ ਹੁਣ ਦੇ ਤੇ ਆਉਣ ਵਾਲੇ ਜਗਤ ਦੇ ਉਧਾਰ ਲਈ ਤੇ ਸੁਖੈਨ ਉਧਾਰ ਲਈ ਇਸ ਬਾਣੀ

 www.sikhbookclub.com

ਨੂੰ ਇਕੱਠਾ ਕਰਨਾ ਜ਼ਰੂਰੀ ਹੈ। ਪ੍ਰਜਾ ਨੂੰ, ਜਨਤਾ ਨੂੰ ਅਗਜਾਨ ਤੋਂ ਇਸ ਨੇ ਚੁੱਕ ਕੇ ਗਜਾਨ ਮਈ ਤੇ ਸੁਖੀ ਕਰ ਦੇਣਾ ਹੈ।

ਸਿਧ ਜੀਓ! ਦੇਖੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਫੁਰਮਾਯਾ ਸੀ :-

ਬੇਦੁ ਪੁਕਾਰੇ ਪੁੰਨ ਪਾਪੁ ਸੁਰਗ ਨਰਕ ਕਾ ਬੀਉ॥
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ॥

ਸਿੱਧ (ਕਾਹਲਾ ਹੋਕੇ)-ਵੇਦ ਦੀਆਂ ਉਪਨਿਖਧਾਂ ਗਿਆਨ ਪ੍ਰਤਿਪਾਦਨ ਕਰਦੀਆਂ ਹਨ।

ਗੁਰੂ ਜੀ-ਗੁਰੂ ਬਾਬੇ ਦੇ ਇਸ ਸਲੋਕ ਦੀਆਂ ਬਾਕੀ ਸਤਰਾਂ ਬੀ ਸ੍ਰਵਣ ਕਰ ਲਓ ਜੀਓ! ਸ੍ਰੀ ਗੁਰੂ ਜੀ ਫੁਰਮਾਉਂਦੇ ਹਨ :-

ਗਿਆਨੁ ਸਲਾਹੇ ਵਡਾ ਕਰਿ
ਸਚੋ ਸਚਾ ਨਾਉ॥
ਸਚੁ ਬੀਜੈ ਸਚੁ ਉਗਵੈ
ਦਰਗਹ ਪਾਈਐ ਥਾਉ॥
ਬੇਦੁ ਵਪਾਰੀ ਗਿਆਨੁ ਰਾਸਿ
ਕਰਮੀ ਪਲੈ ਹੋਇ॥
ਨਾਨਕ ਰਾਸੀ ਬਾਹਰਾ
ਲਦਿ ਨ ਚਲਿਆ ਕੋਇ॥੨॥

(ਵਾਰ ਸਾਰੰਗ ਮਹਲਾ ੧-੧੯)

ਸਿੱਧ-ਕੀ ਤਾਤਪਰਜ ਹੈ?

ਗੁਰੂ ਜੀ-ਵੇਦ ਤਾਂ ਸੁਰਗ ਦੀ ਪ੍ਰਾਪਤੀ ਤੇ ਨਰਕ ਤੋਂ ਬਚਣ ਦੇ ਰਸਤੇ ਦੱਸਦਾ ਹੈ ਤੇ ਦੋਹਾਂ ਦਾ ਕਾਰਨ ਪੁੰਨ ਤੇ ਪਾਪ ਦੱਸਦਾ ਹੈ, ਜੋ ਜੈਸਾ ਬੀਜ ਬੀਜੇਗਾ, ਓਹੋ ਕੁਛ ਉਗੇਗਾ ਤੇ ਉਸ ਦਾ ਫਲ ਬੀਜਣ ਵਾਲਾ ਜੀਵ ਅਵੱਸ਼ਮੇਵ ਖਾਵੇਗਾ। ਵੇਦ ਕਰਮ ਮਾਰਗ ਦੀ ਮਤਿ ਦੇਂਦਾ ਹੈ। ਪਰੰਤੂ ਗਿਆਨ ਇਹ ਗੱਲ ਦੱਸਦਾ ਹੈ ਕਿ ਸੱਚੇ ਪਰਮੇਸ਼ੁਰ ਨੂੰ ਵੱਡਾ ਕਰਕੇ, ਭਾਵ ਬਹੁਤ ਹੀ ਵੱਡਾ ਜਾਣਕੇ ਉਸ ਦੀ ਸਿਫਤ ਸਲਾਹ ਕਰੋ, ਤੇ ਉਸ ਸੱਚੇ ਦਾ ਨਾਮ, ਜੋ ਸੱਚਾ ਹੈ, ਉਸ ਨੂੰ ਪਕੜੋ, ਭਾਵ ਸੱਚੇ ਦੇ ਨਾਮ ਦਾ ਅਭਯਾਸ ਕਰੋ। ਸੋ ਕਰਮ ਕਾਂਡ ਦੇ ਨਿਰੇ ਕਰਮ ਮਾਤ੍ਰ ਬੀਜਣ ਦੀ ਥਾਂ ਇਹ ਸੱਚੇ ਦੇ ਨਾਮ ਤੇ ਹਰੀ ਜਸ ਦਾ ਸੱਚ ਰੂਪੀ ਬੀਜ ਬੀਜੋ, ਫੇਰ ਸੱਚ ਉਪਜੇਗਾ ਅਰਥਾਤ ਸਤਿ ਸਰੂਪ ਪਰਮਾਤਮਾ ਪ੍ਰਾਪਤ ਹੋਵੇਗਾ, ਜਿਸ ਕਰਕੇ ਸੱਚੇ ਦੀ ਦਰਗਾਹ ਵਿਚ ਥਾਉਂ ਪ੍ਰਾਪਤ ਹੋਵੇਗੀ, ਉਸ ਦੇ ਸਰੂਪ ਵਿਚ ਨਿਵਾਸ ਮਿਲੇਗਾ।

ਨਾਥ ਜੀ! ਨਿਰੇ ਵੇਦ ਵਿਚ ਤਾਂ ਗਜਾਨ ਨਹੀਂ ਸੀ, ਪਰ ਗਿਆਨ ਮਾਰਗ ਜਦ ਟੁਰਿਆ ਤਾਂ ਵੇਦ ਨੇ ਆਪਣੀ ਕਰਮ ਦੀ ਸ਼ੈਲੀ ਵਿਚ ਉਪਨਿਖਧਾਂ ਨੂੰ ਵੇਦਾਂਤ ਦਾ ਨਾਮ ਦੇ ਕੇ ਆਪਣੇ ਨਾਲ ਜੋੜਕੇ ਗਜਾਨ ਦੀ ਰਾਸ ਬੀ ਪਾ ਲਈ। ਸੋ ਗਜਾਨ ਹੁਣ ਵੇਦ ਨਾਲ ਬੀ ਹੋ ਗਿਆ ਨੇ। ਪਰ ਗਜਾਨ ਦੀ ਦਾਤ ਕਰਤਾਰ ਦੀ ਕਰਮ ਦੀ ਨਦਰ-ਬਖਸ਼ਸ਼-ਨਾਲ ਕਰਤਾ ਪੁਰਖ ਤੋਂ ਸਿੱਧੀ ਮਿਲਦੀ ਹੈ; ਇਹ ਕਿਸੇ ਦੀ ਕੈਦ ਵਿਚ ਨਹੀਂ ਹੈ, ਉਸੇ ਸਾਂਈਂ ਦੀ ਨਦਰ ਕਰਮ ਨਾਲ ਤਤ੍ਵ ਗਿਆਨ ਦੀ ਰਾਸ ਗੁਰੂ ਨਾਨਕ ਦੇਵ ਜੀ ਨੂੰ ਸੁਤੇ ਸਿੱਧ ਪ੍ਰਾਪਤ ਹੈ। ਜਿਸ ਬਾਣੀ ਵਿਚ ਉਹ ਪ੍ਰਤਿਪਾਦਤ ਹੈ, ਉਹ ਅਸੀਂ ਇਕੱਤ੍ਰ ਕਰ ਰਹੇ ਹਾਂ, ਉਸ ਦਾ ਇਕਤ੍ਰ ਕਰਨਾ ਪਰਮ ਪ੍ਰਯੋਜਨੀਯ ਹੈ, ਕਿਉਂਕਿ ਇਸ-ਨਾਮ ਦੀ-ਰਾਸ ਤੋਂ ਬਿਨਾਂ ਕੋਈ ਪਰਲੋਕ ਵਿਚ ਨਫਾ ਖੱਟਕੇ ਗਿਆ ਨਹੀਂ ਸਮਝਿਆ ਜਾ ਸਕਦਾ।

ਵੱਡਾ ਸਿੱਘ ਬਾਕੀਆਂ ਵੰਨੇ ਤੱਕ ਕੇ ਬੋਲਿਆ : ਸੱਤਯ ਕਿਹਾ ਨੇ, (ਫੇਰ ਗੁਰੂ ਜੀ ਵੱਲ ਤੱਕ ਕੇ ਬੋਲਿਆ:)-ਪਰ ਸਾਡਾ ਆਪ ਦਾ ਫਰਕ 'ਤਯਾਗ' ਤੇ 'ਗ੍ਰਹਣ' ਦਾ...।

ਗੁਰੂ ਜੀ-ਸਾਡਾ ਮਾਰਗ ਨਾ ਗ੍ਰਹਿਣ ਹੈ, ਨਾ ਤਯਾਗ, ਪਰ ਗ੍ਰਹਿਣ ਵਿਚ ਤਯਾਗ ਹੈ। 'ਗ੍ਰਿਹਸਤ ਉਦਾਸ' ਮਤਿ ਹੈ।

ਸਿੱਧ-ਗੁਰੂ ਨਾਨਕ ਨੇ ਨਵਾਂ ਟੋਰਿਆ ਹੈ, ਤੁਸਾਂ ਸੰਭਾਲਿਆ ਹੈ, ਅਸੀਂ ਦੂਰ ਤੋਂ ਆਏ ਸਾਂ ਦੇਖਣ ਕਿ ਜੋ ਕਠਨ ਤੇ ਨਵੀਨ ਪੱਧਰ ਗੁਰ ਨਾਨਕ ਨੇ ਟੋਰੀ ਹੈ, ਉਸ ਨੂੰ ਆਪ ਤਾਂ ਸੰਭਾਲਿਆ, ਉਹ ਸਮਰਥ ਸੀ, ਮਗਰੋਂ ਦੂਜਾ ਕੌਣ ਸੰਭਾਲੇਗਾ! ਜਦ ਸੁਣਿਆ ਕਿ ਸ੍ਰੀ ਚੰਦ ਜੀ ਵਰਗੇ ਤਯਾਗੀ ਨੂੰ ਤਯਾਗ ਕੇ ਆਪਣੇ ਬਾਲਕੇ ਨੂੰ ਦੇ ਗਏ ਹਨ ਤਾਂ ਚੌਂਪ ਲਗੀ ਕਿ ਚਲੋ ਦੇਖੀਏ ਦੂਜਾ ਕੌਣ ਸਮਰਥ ਪੁਰਖ ਆਇਆ ਹੈ, ਜਿਸ ਨੇ ਜਲ ਵਿਚ ਰਹਿਕੇ ਖੰਭ ਸੁੱਕੇ ਰਖਣ ਦਾ ਮਾਰਗ ਸੰਭਾਲਿਆ ਹੈ। ਅਸੀਂ ਇਹ ਉਸੇ ਸਮਰੱਥ ਦੇ ਸਿਰ ਤੱਕ ਨਿੱਭਦੀ ਜਾਣਦੇ ਸਾਂ, ਪਰ ਆਪ ਜੀ ਨੂੰ ਦੇਖਕੇ ਪ੍ਰਸੰਨ ਹੋ ਗਏ ਹਾਂ ਕਿ ਆਪ ਉਨ੍ਹਾਂ ਦਾ ਹੀ ਰੂਪ ਹੋ। ਗੁਰੂ ਆਪਣੇ ਸਥਾਨੀ ਆਪ ਹੀ ਮਾਨੋਂ ਮੁੜਕੇ ਆ ਬੈਠਾ ਹੈ, (ਹੱਸਕੇ) ਅਸੀਂ ਪ੍ਰੀਖਿਆ ਲਈ ਆਏ ਸਾਂ

ਪ੍ਰਸੰਨ ਚੱਲੇ ਹਾਂ[੭੫]।

ਇਸ ਤਰ੍ਹਾਂ ਦੀ ਵਾਰਤਾਲਾਪ ਕਰਦੇ ਸਿੱਧ ਆਦੇਸ ਆਦੇਸ ਆਖਦੇ ਤੇ 'ਆਦਿ ਪੁਰਖ ਕਉ ਆਦੇਸ' ਸੁਣਦੇ ਵਿਦਾ ਹੋ ਗਏ।

## ੧੯. ਭਾਈ ਕਿਦਾਰੂ।

**ਸਿੱਧ** ਤਾਂ ਤਪਿਆਣੇ ਵੱਲ ਟੁਰ ਗਏ ਪਰ ਸ੍ਰੀ ਗੁਰੂ ਜੀ ਅਜੇ ਦੀਵਾਨ ਵਿਚ ਬੈਠੇ ਹੀ ਸਨ ਤੇ ਸਿਖਾਂ ਨਾਲ ਵਾਰਤਾਲਾਪ ਕਰ ਰਹੇ ਸਨ ਕਿ ਇਕ ਜਗਜਾਸੂ ਆਇਆ। ਕਿਦਾਰੂ ਇਸ ਦਾ ਨਾਮ ਸੀ। ਇਸ ਨੂੰ ਘਬਰਾ ਵਿਚ ਵੇਖਕੇ ਸ੍ਰੀ ਗੁਰੂ ਜੀ ਨੇ ਪੁੱਛਿਆ:-

ਆ ਭਾਈ ਸੁਖ ਤਾਂ ਹੈ?

ਕਿਦਾਰੂ-ਦਾਤਾ ਗੁਰੂ ਜੀ! ਮਹੀਨਾ ਚੇਤ ਦਾ ਮੁੱਕ ਰਿਹਾ ਰਿਹਾ ਹੈ, ਝੱਲਾਂ ਬੇਲਿਆਂ ਨੂੰ ਡੌਂ ਲੱਗ ਰਹੇ ਹਨ, ਬਨ ਸੜ ਰਹੇ ਹਨ; ਮੈਨੂੰ ਵੇਖ ਕੇ ਭੈ ਆਇਆ ਹੈ ਕਿ ਇਸ ਤਰ੍ਹਾਂ ਜਗਤ ਨੂੰ ਕਾਮ, ਕ੍ਰੋਧ; ਛਲ, ਦਗੇ ਦੀ ਦਾਵਾਨਲ ਲੱਗ ਰਹੀ ਹੈ। ਕਿਤੇ ਠੰਢ, ਸ਼ਾਂਤਿ, ਸੱਚ ਸੁਖ ਨਹੀਂ ਦਿੱਸਦਾ। ਆਪਦੀ ਸ਼ਰਨ ਆਇਆ ਹਾਂ ਕਿ ਸਾਰੇ ਜਗਤ ਨੂੰ ਲੱਗ ਰਹੀ ਅੱਗ ਤੋਂ ਕਿਵੇਂ ਬਚ ਰਹਾਂ।

ਗੁਰੂ ਜੀ-ਜਦ ਬਨ ਨੂੰ ਅੱਗ ਲੱਗਦੀ ਹੈ ਤਾਂ ਮ੍ਰਿਗ ਕਿਵੇਂ ਬਚਦੇ ਹਨ?

ਕਿਦਾਰੂ-ਨੱਸਕੇ ਨਦੀ ਵਿਚ ਆ ਵੜਦੇ ਹਨ।

ਗੁਰੂ ਜੀ-ਬਨ ਨੂੰ ਅੱਗ ਲੱਗੀ ਵੇਖਕੇ ਮ੍ਰਿਗ ਆਦਿ ਜੰਤੂ ਨਦੀ ਵਿਚ ਜਾ ਵੜਦੇ ਹਨ। ਤਿਵੇਂ ਸੰਸਾਰ ਨੂੰ ਲੱਗ ਰਹੀ ਦਾਵਾਨਲ ਤੋਂ ਬਚਣ ਲਈ ਸਤਿਸੰਗ ਦੀ ਨਦੀ ਹੈ।

ਕਿਦਾਰੂ-ਕਿਵੇਂ ਸਾਹਿਬ ਜੀਓ!

ਗੁਰੂ ਜੀ-ਸਤਿਸੰਗ ਵਿਚ ਸ਼ਰਧਾ ਨਾਲ ਆਇਆਂ ਠੰਢ ਪੈਂਦੀ ਹੈ, ਸ਼ਬਦ ਬਾਣੀ ਵਿਚ ਟੁਭਕੀ ਲੈਣ ਨਾਲ ਮਨ ਦਾ ਇਸ਼ਨਾਨ ਹੋ ਜਾਂਦਾ ਹੈ, ਨਾਮ ਅੰਮ੍ਰਿਤ ਪੀਣ ਨਾਲ ਜੀਉ ਦਾ ਉਧਾਰ ਹ ਜਾਂਦਾ ਹੈ। ਇਸ ਨਦੀ ਦੇ ਕਿਨਾਰੇ ਜਾ ਬਹੀਦਾ ਹੈ, ਵਿਚ ਬੀ ਵੜੀਦਾ ਹੈ, ਇਸ਼ਨਾਨ ਬੀ ਕਰੀਦਾ ਹੈ ਇਸ ਦਾ ਨਿਰਮਲ ਨੀਰ ਬੀ ਪੀਵੀਦਾ ਹੈ।

ਇਹ ਸੁਣਕੇ ਕਿਦਾਰੂ ਸ਼ਰਨ ਪੈ ਗਿਆ-"ਹੇ ਸੀਤਲ ਜਲ ਦੇ ਸ਼ਹੁ-ਦਰਿਆ! ਰਖ ਲੇਹੁ ਇਸ ਇਆਣੇ ਤੇ ਮੂਰਖ ਨੂੰ।"

ਸਤਿਗੁਰੂ ਨੇ ਮਿਹਰ ਕਰਕੇ ਨਾਮ ਬਾਣੀ ਦੀ ਦਾਤ ਬਖਸ਼ੀ ਤੇ ਫੁਰਮਾਇਆ: ਕਿਦਾਰੂ! ਗੁਰੂ ਬਾਬੇ ਦਾ ਵਾਕ ਹੈ 'ਆਤਸ ਦੁਨੀਆ ਖੁਨਕ ਨਾਮੁ ਖੁਦਾਇਆ।'

(ਮਲਾਰ ਵਾਰ ਮਹਲਾ ੧)

ਨਾਮ ਵਿਚ ਰਹੁ, ਦੁਨੀਆਂ ਦੀ ਅਗਨ ਸਾੜੇਗੀ ਨਹੀਂ।

ਕਿਦਾਰੂ ਨੇ ਪੂਰੀ ਕਮਾਈ ਨਾਮ ਦੀ ਕੀਤੀ ਤੇ ਬਖਸ਼ਿਸ਼ ਪਾਕੇ ਉਚ ਕੋਟੀ ਦਾ ਗੁਰਮੁਖ ਹੋਇਆ[੭੬]! ਇਸ ਦਾ ਨਾਉਂ ਭਾਈ ਗੁਰਦਾਸ ਨੇ ਆਪਣੇ ਚੋਣਵੇਂ ਸਿਖਾਂ ਦੀ ਗਿਣਤੀ ਵਿਚ ਦਿੱਤਾ ਹੈ।

## ੨੦. ਸਿਧ ਪ੍ਰਯੋਜਨ।

**ਸ੍ਰੀ** ਗੁਰੂ ਜੀ ਦੇ ਦਰਬਾਰ ਤੋਂ ਵਿਦਾ ਹੋਕੇ ਜੋਗੀ ਤਪਿਆਣੇ ਆਏ, ਜਿੱਥੇ ਕਿ ਡੇਰਾ ਕਰ ਗਏ ਸਨ। ਇਨ੍ਹਾਂ ਦੇ ਆਉਂਦਿਆਂ ਨੂੰ ਇਨ੍ਹਾਂ ਦੇ ਯੋਗ ਖਾਨਪਾਨ ਆਦਿ ਦਾ ਪ੍ਰਬੰਧ ਹੋ ਚੁਕਾ ਸੀ, ਸੋ ਛਕ ਛਕਾ ਕੇ ਲਾਹੌਰ ਦੀ ਸੜਕੇ ਪੈ ਗਏ ਕਿ ਝਬਾਲ ਆਦਿ ਥਾਂਈਂ ਹੁੰਦੇ ਹੋਏ ਲਾਹੌਰ ਤੋਂ ਅੱਗੇ ਬਾਲ ਗੁੰਦਾਈ ਦੇ ਟਿੱਲੇ ਵੱਲ ਚਲੇ ਜਾਣ। ਇਨ੍ਹਾਂ ਦੀ ਹਰ ਤਰ੍ਹਾਂ ਦੀ ਸੇਵਾ ਖਾਤਰ ਅਜਿਤੇ ਰੰਧਾਵੇ ਤੇ ਭਾਈ ਬੁੱਢੇ ਨੇ ਕੀਤੀ। ਜਦੋਂ ਇਹ ਚਲੇ ਗਏ ਤਾਂ ਅਜਿਤੇ ਨੇ ਭਾਈ ਬੁੱਢੇ ਨੂੰ ਪੁੱਛਿਆ-ਬਾਬਾ ਜੀ। ਨਿਰਾ ਪਰਤਾਵਾ ਲੈਣਾ ਹੀ ਇਨ੍ਹਾਂ ਯੋਗੀਆਂ ਦਾ ਪ੍ਰਯੋਜਨ ਸੀ ਕਿ ਕੁਛ ਹੋਰ ਗਲ ਵੀ ਸੀ।

ਭਾਈ ਬੁੱਢਾ ਮੁਸਕਰਾ ਪਿਆ ਤੇ ਆਖਣ ਲਗਾ: ਭਾਈ ਅਜਿੱਤਿਆ! ਮਨ ਆਪਣੀ 'ਮੈਂ' ਦਾ ਪੁਜਾਰੀ ਹੈ, ਇਹ 'ਮੈਂ' ਨੂੰ ਪਾਲਕੇ ਤੇ ਉੱਚਾ ਰੱਖ ਕੇ ਸੁਖੀ ਹੁੰਦਾ ਹੈ, ਚਾਹੇ 'ਮੈਂ' ਭੁੱਲ ਵਲ ਲਿਜਾ ਰਹੀ ਹੋਵੇ ਤੇ ਚਾਹੇ ਅਭੁੱਲਤਾਈ ਵਲ। ਜਦੋਂ ਗੁਰੂ ਨਾਨਕ ਦੇਵ ਜੀ ਆਏ ਤਦੋਂ ਇਨ੍ਹਾਂ ਕਨਪਾਟੇ ਜੋਗੀਆਂ ਦਾ ਮਤਿ ਸਾਰੇ ਚਲ ਰਿਹਾ ਸੀ, ਤੇ ਅਜੇ ਹੈ, ਪਰ ਗੁਰੂ ਨਾਨਕ ਦੇਵ ਨੇ ਆਕੇ ਪਰਜਾ ਦੇ ਦੁਖ ਹਰੇ, ਸਿੱਧਾ ਸੌਖਾ ਰਾਹ

ਦੱਸਿਆ, ਪਰਮਾਰਥ ਦੀ ਤੇ ਭਾਈਚਾਰੇ ਦੀ ਨੀਂਹ ਬੱਧੀ, ਨਾਲੇ ਲੋਕ ਸਵਾਰਿਆ ਨਾਲੇ ਪਰਲੋਕ।

ਅਜਿੱਤਾ-ਇਹ ਗਲ ਮੈਂ ਨਹੀਂ ਸਮਝੀ।

ਭਾਈ-ਪਿਛਲਾ ਤ੍ਰੀਕਾ ਜਿਤਨਾ ਹੈ ਸਾਧਨ ਸੰਪੱਤੀ ਧਰਮ ਪ੍ਰਾਪਤੀ ਦਾ ਉਹ ਧਰਮ ਨੂੰ ਕਹੋ, ਮਜ਼ਹਬ ਨੂੰ ਕਹੋ, ਦੀਨਦਾਰੀ ਨੂੰ ਕਹੋ ਇਕ ਵਜਕਤੀਗਤ ਯਾ ਸ਼ਬਖੀ ਸ਼ੈ ਬਣਾਉਂਦਾ ਹੈ। ਇਕ ਮਨੁੱਖ ਅਲਗ ਥਲਗ ਰਹਿ ਕੇ ਧਰਮ ਕਮਾਉਂਦਾ ਤੇ ਸਿੱਧੀ ਨੂੰ ਪ੍ਰਾਪਤੀ ਹੋ ਕੇ ਏਕਾਂਤ ਜੀਵਨ ਬਰਸ ਕਰਦਾ ਤੇ ਆਪਣੀ ਪ੍ਰਾਪਤ ਦਾ, ਜੋ ਕੁਛ ਬੀ ਫਲ ਹੋਵੇ, ਉਸ ਨੂੰ ਮਾਣਦਾ ਹੈ। ਇਸ ਨਾਲ ਭਾਈਚਾਰੇ ਵਿਚੋਂ ਚੰਗੇ ਆਦਮੀ ਨਿਕਲ ਕੇ ਬਨਾਂ ਪਰਬਤਾਂ ਨੂੰ ਟੁਰ ਜਾਂਦੇ ਹਨ ਤੇ ਪਿਛੇ ਤਿਲਛਟ ਰਹਿ ਜਾਂਦਾ ਹੈ। ਜਿਸ ਕਰਕੇ ਪਰਜਾ ਗਯਾਨ ਵਿਹੂਣੀ ਰਹਿਕੇ ਇਕ ਅੰਧਕਾਰ ਵਿਚ ਆ ਜਾਂਦੀ ਹੈ। ਨਾ ਭਾਈਚਾਰੇ ਵਿਚ ਬਲ ਰਹਿ ਜਾਂਦਾ ਹੈ, ਨਾ ਬਿਦੇਸ਼ੀ ਵੈਰੀਆਂ ਤੋਂ ਨਿਜ ਰਖਯਾ ਦੀ ਸਤਯਾ ਰਹਿ ਜਾਂਦੀ ਹੈ। ਇਸੇ ਕਰਕੇ ਸਾਰੀ ਪਰਜਾ ਜਹਵਾਣੇ ਪਠਾਣਾਂ ਤੋਂ ਦੁਖ ਭਰਦੀ ਭਰਦੀ ਹੁਣ ਮੁਗਲਾਂ ਦੇ ਹੁਕਮ ਹੇਠ ਹੀਣੀ ਹੋ ਰਹੀ ਸੀ ਕਿ ਫਿਰ ਪਠਾਣਾਂ ਨੇ ਸਿਰ ਚਾ ਲਿਆ ਹੈ। ਜਦੋਂ ਗੁਰੂ ਬਾਬਾ ਸੁਮੇਰ ਤੇ ਗਿਆ ਤਾਂ ਉਥੋਂ ਦੇ ਸਿਧਾਂ ਨੇ ਮਾਤ ਲੋਕ ਦਾ ਹਾਲ ਪੁੱਛਿਆ ਤਾਂ ਆਪ ਨੇ ਦੱਸਿਆ ਕਿ ਤੁਸੀਂ ਤਾਂ ਪਰਬਤਾਂ ਵਿਚ ਆ ਬੈਠੇ, ਜਿਨ੍ਹਾਂ ਨੇ ਪਰਜਾ ਨੂੰ ਅਗੁਵਾਨੀ ਦੇਣੀ ਸੀ, ਜਗਤ ਦੁਖੀ ਹੈ ਤੇ ਦੁਖਾਂ ਵਿਚ ਡੁੱਬ ਰਿਹਾ ਹੈ, ਕੌਣ ਪਾਰ ਉਤਾਰਾ ਕਰੇ[੨੨]? ਉਨ੍ਹਾਂ ਦਾ ਇਹ ਆਖਣ ਤੋਂ ਮਤਲਬ ਇਹੋ ਸੀ ਕਿ ਧਰਮਸ਼ਖਸੀ ਸ਼ੈ ਨਹੀਂ ਰਖਣੀ ਚਾਹੀਏ, ਉਹ ਭਾਈ ਚਾਰੇ ਵਿਚ ਫੈਲਣਾ ਚਾਹੀਏ ਜੋ ਸਾਰੇ ਉਚੇ ਸੁਚੇ ਤੇ ਚੰਗੇ ਹੋ ਜਾਣ। ਸਾਰੇ ਚੰਗੇ ਹੋ ਜਾਣ ਨਾਲ ਸਾਰੇ ਵਿਦਯਾਵਾਨ ਰਹਿਣ, ਗਯਾਨਵਾਨ ਹੋਣ, ਗੁਣ ਸੋਝੀ ਤੇ ਬਲ ਵਾਲੇ ਹੋਣ। ਘਰਾਂ ਨੂੰ ਬੀ ਸੰਭਾਲਣ ਤੇ ਬਚਾਉ ਕਰਨ, ਅਪਣਾ ਵੀ ਤੇ ਪਰਜਾ ਦਾ ਬੀ। ਫੇਰ ਧਰਮ ਵਿਚ ਬੀ ਕੋਈ ਦਖਲ ਨਾ ਦੇਵੇ। ਇਸ ਕਰਕੇ ਸਤਿਗੁਰੂ ਬਾਬੇ ਨੇ 'ਗ੍ਰਿਹਸਤ ਉਦਾਸ' ਮਤ ਟੋਰਿਆ ਕਿ ਧਰਮੀ ਲੋਕ ਗ੍ਰਿਹਸਤ ਦੇ ਵਿਚੇ ਰਹਿਣ ਤੇ ਸਾਰੇ ਭਾਈਚਾਰੇ ਨੂੰ ਉੱਚਾ ਕਰਨ। ਜੋਗੀਆਂ ਦਾ ਮਤਿ ਉਲਟ ਹੈ, ਓਹ ਏਕਾਂਤ ਦੇ ਪ੍ਰੇਮੀ ਹਨ ਤੇ ਪਰਜਾ ਤੇ ਭਾਈਚਾਰੇ ਦੀ ਪਰਵਾਹ ਨਹੀਂ ਕਰਦੇ। ਜੋਗੀਆਂ ਦੇ ਵਡਕੇ ਗੁਰੂ ਨਾਨਕ ਦੇਵ ਜੀ ਦੀ ਸ਼ਕਤੀ, ਉਨ੍ਹਾਂ ਦੀ ਗਯਾਨ ਅਵਸਥਾ ਤੇ ਪੂਰਨ ਪ੍ਰਬੀਨਤਾ : ਕਿਆ ਆਤਮਕ; ਕਿਆ ਗਯਾਨਮਈ ਤੇ ਅਵਤਾਰਤਾ ਸਾਰੀ ਨੂੰ ਲਖ ਗਏ ਸਨ। ਪਰ ਇਹ ਨਾ ਸੁੱਝੀ ਕਿ ਇਨ੍ਹਾਂ ਦੇ ਮਗਰ ਲੱਗ ਟੁਰੀਏ, ਸੋਚ ਇਹੋ ਫੁਰੇ ਕਿ ਐਸਾ ਸੱਤਯਾਵਾਨ ਪੁਰਖ ਸਾਡੇ ਮਤਿ ਦਾ ਆਚਾਰਯ ਬਣ ਜਾਵੇ ਤਾਂ ਸਾਡੇ ਮਤਿ ਵਿਚ ਜਾਨ ਪੈ ਜਾਵੇ ਤੇ ਹੋਰ ਤਰੱਕੀ ਹੋਵੇ। ਇਸ ਲਈ ਓਹ ਸਾਰੇ ਜੋਗੀ ਕਈ ਸਮਿਆਂ ਤੇ ਰਿਧੀਆਂ ਸਿਧੀਆਂ, ਕਰਾਮਾਤੀ ਤਾਕਤਾਂ ਅਤੇ ਚਰਚਾ, ਬਹਿਸਾਂ ਨਾਲ ਗੁਰੂ ਜੀ ਨੂੰ ਹਰਾਉਣ ਤੇ ਹਰਾ ਕੇ ਮਗਰ ਲਾਉਣ ਦੇ ਜਤਨ ਕਰਦੇ ਰਹੇ ਹਨ, ਓਹੋ ਹੀ ਗੱਲ ਹੁਣ ਬੀ ਸੀ, ਇਨ੍ਹਾਂ ਜੋਗੀਆਂ ਦਾ[੨੯]।

ਅਜਿੱਤਾ-ਕਿਉਂ ਜੀਓ?

ਬਾਬਾ-'ਮੈਂ' ਦੀ ਪੂਜਾ, ਸੱਚ ਨਾ ਪਛਾਣਨਾ, ਪਛਾਣਨਾ ਤਾਂ ਸੱਚ ਅੱਗੇ ਨਾ ਝੁਕਣਾ; ਦੇਖ, ਸੁਣਬੁੱਝ ਕੇ ਇਹੋ ਫਿਕਰ ਕਿ ਸਾਡੇ ਪੰਥ ਵਿਚ, ਸਾਡੇ ਏਡਾ ਵੱਡਾ ਪ੍ਰਭਾਵਸ਼ਾਲੀ ਮਹਾਂਪੁਰਸ਼ ਆ ਜਾਵੇ ਤਾਂ ਸਾਡੀ ਤਰੱਕੀ ਹੋਵੇ। ਗੁਰੂ ਨਾਨਕ ਦੇਵ ਜੀ ਨਾਲ ਤਾਂ ਪੇਸ਼ ਨਾ ਗਈ, ਹੁਣ ਉਨ੍ਹਾਂ ਨੇ ਵਿਚਾਰਿਆ ਕਿ ਜੇ ਤਾਂ ਗੱਦੀ ਦੇ ਜਾਂਦੇ ਸ੍ਰੀ ਚੰਦ ਜੀ ਨੂੰ ਤਾਂ ਤਾਂ ਉਹ ਅਤੀਤ ਮਾਰਗ ਵਾਲੇ ਸਨ, ਭੌਂ ਚੌਂਕੇ ਅਤੀਤ ਮਾਰਗ ਹੀ ਟੋਰਨਗੇ। ਹੁਣ ਗੱਦੀ ਦੇ ਗਏ ਹਨ ਇਕ ਪਿੰਡ ਦੇ ਵਪਾਰੀ ਨੂੰ, ਓਹ ਕਦੇ ਗੁਰੂ ਨਾਨਕ ਜੇਡੀ ਮਹਾਨ ਵਜਕਤੀ ਹੋ ਨਹੀਂ ਸਕਦਾ, ਪਰ ਉਮਤ ਸਾਰੀ ਗੁਰੂ ਨਾਨਕ ਦੀ ਉਸ ਦੇ ਮਗਰ ਹੈ, ਚਲੋ ਫੇਰ ਉੱਦਮ ਕਰੀਏ, ਓਸ ਵਜਕਤੀ ਨੂੰ, ਜੋ ਗੁਰੂ ਨਾਨਕ ਤੁੱਲ ਨਹੀਂ ਹੈ, ਪ੍ਰੇਰ ਲੈਣਾ ਕਿ ਹਰਾ ਲੈਣਾ, ਕਿ ਸਿੱਧੀਆਂ ਵਿਭੂਤੀਆਂ ਦਾ ਲੋਭ ਦੇ ਲੈਣਾ ਸੌਖੇਰਾ ਰਹੇਗਾ ਤੇ ਕਿਤੇ ਨਾ ਕਿਤੇ ਪ੍ਰੇਰ ਕੇ ਆਪਣੇ ਮਤਿ ਦਾ ਦਰਸ਼ਨ ਦੇਕੇ ਬਣਿਆ ਬਣਾਇਆ ਸਮਾਜ ਆਪਣੇ ਪੰਥ ਵਿਚ ਲੈ ਲਵਾਂਗੇ। ਪਰ ਜੋ ਕੁਛ ਵਾਰਤਾਲਾਪ ਅੱਜ ਹੋਈ ਹੈ ਉਨ੍ਹਾਂ ਨੇ ਜੋਗ ਤੇ ਜੋਗ ਦੀਆਂ ਵਿਭੂਤੀਆਂ ਤੇ ਸਿਧੀ ਦੇ ਲੋਭ ਭੀ ਦਿੱਤੇ ਹਨ, ਵੀਚਾਰ ਚਰਚਾ ਬੀ ਕੀਤੀ ਹੈ, ਹੋਰ ਇਸ਼ਾਰੇ ਸੈਨਤਾਂ ਨਾਲ ਬੀ ਕਈ ਪੱਖ ਜੋਹੇ ਹਨ, ਅਖੀਰ ਤਸੱਲੀ ਹੋਈ ਨੇ ਕਿ ਇਹ ਵਜਕਤੀ ਗੁਰੂ ਨਾਨਕ ਤੁੱਲ ਹੈ, ਤੁੱਲ ਹੀ ਨਹੀਂ ਓਸ

 www.sikhbookclub.com

ਦੀ ਕਾਂਯਾਂ ਪਲਟ, ਉਸੇ ਦੀ ਜੋਤਿ, ਉਸੇ ਦੀ ਮਤਿ ਤੇ ਉਸੇ ਦੀ ਵਕਤ੍ਰਤਾ ਹੈ[੭੯]। ਇਸ ਲਈ ਆਖ ਤੇ ਇਹ ਸੱਚ ਗਏ ਮਨ ਕਿ ਤੁਸੀਂ ਗੁਰੂ ਨਾਨਕ ਦੇਵ ਦਾ ਰੂਪ ਹੋ, ਪਰ ਦਿਲ ਵਿਚ ਨਿਰਾਸ ਗਏ ਹਨ ਕਿ ਸਾਡਾ ਬਲ ਨਹੀਂ ਚਲ ਸਕਿਆ!

ਅਜਿਤਾ-ਬਾਬਾ ਜੀਓ! ਤੁਸਾਂ ਨੇ ਠੀਕ ਸਮਝਿਆ ਹੈ। ਗੁਰੂ ਨਾਨਕ ਦੇਵ ਪੂਰੇ ਸਨ, ਤੇ ਪੂਰੇ ਨੇ ਜਿਸ ਨੂੰ ਪੂਰਾ ਕੀਤਾ ਉਸ ਦੀ ਘਾਲ ਸਿੱਧ ਜੋਗੀ ਕੀ ਝੱਲ ਸਕਦੇ ਹਨ। ਕਿਵੇਂ ਗੁਰੂ ਜੀ ਅੱਜ ਸਹਿਜ ਨਾਲ, ਸ਼ਾਂਤੀ ਵਿਚ, ਸਾਧਾਰਣ ਜਿਹੇ ਲਗਦੇ ਉਨ੍ਹਾਂ ਨਾਲ ਗੱਲੀਂ ਜੁਟੇ ਰਹੇ ਤੇ ਕਿਵੇਂ ਉਹਨਾਂ ਦੇ ਕਿਸੇ ਦਾਉ ਹੇਠ ਨਹੀਂ ਆਏ। ਰੇਸ਼ਮ ਵਾਂਙੂ ਕੂਲੇ ਕੂਲੇ, ਪਟ ਵਾਂਙੂ ਨਰਮ ਨਰਮ, ਪਰ ਸਿੱਧਾਂ ਦੀ ਕਿਸੇ ਤ੍ਰਿਖੀ ਧਾਰ ਨਾਲੋਂ ਤ੍ਰਿਖੇ ਵਾਕਾਂ ਨਾਲ ਕਿਤੇ ਨਾ ਕਟੇ ਗਏ, ਨਾ ਰਤਾ ਮਾਤ੍ਰ ਕੱਤ ਹੀ ਖਾਧੀ। ਸਨਮਾਨ ਕੀਤਾ ਆਇਆਂ ਦਾ, ਦਿਲ ਰਖਿਆ ਵਾਰਤਾਲਾਪ ਵਿਚ ਤੇ ਟੋਰੇ ਬੀ ਹਿਤ ਸਨਮਾਨਤਾ ਨਾਲ। ਇਹ ਹੈ ਗੁਰੂ ਘਰ ਦੀ ਗ਼ਰੀਬੀ, ਜਿਸ ਨੂੰ ਕੋਈ ਜ਼ੋਰ ਨਹੀਂ ਜਿੱਤ ਸਕਦਾ।

ਬਾਬਾ ਬੁੱਢਾ-ਗਰੀਬੀ ਨਹੀਂ, ਇਹ ਅਸਲ ਅਸਲ ਤਾਣ ਹੈ-ਆਤਮ ਤਾਣ।

## ੨੧. ਤਿਆਰੀਆਂ।

**ਮਾਈ** ਵਿਰਾਈ ਨੇ ਗੁਰੂ ਪ੍ਰਗਟੇ ਤੇ ਹੰਸੋ ਨੂੰ ਬੀ ਸਦਾ ਘੱਲਿਆ ਸੀ, ਪਰ ਉਹ ਮਕਾਣੇ ਗਈ ਹੋਈ ਸੀ। ਜਦੋਂ ਘਰ ਆਈ ਤਾਂ ਖੁਸ਼ੀ ਦੀ ਖ਼ਬਰ ਸੁਣਕੇ ਖਡੂਰ ਆਈ। ਮਾਈ ਨੇ ਮਹਾਰਾਜ ਦੇ ਦਰਸ਼ਨ ਕਰਾਏ, ਨਾਮ ਦਾਨ ਦੀਆਂ ਅਸੀਸਾਂ ਲੈ ਦਿੱਤੀਆਂ। ਹੰਸੋ ਅਤਿ ਸੁਖੀ ਹੋਈ। ਇਕ ਦਿਨ ਹੰਸੋ ਹਸਦੀ ਆਈ ਤੇ ਗੱਲਵਕੜੀ ਪਾ ਕੇ ਬੋਲੀ।

ਬੇਬੇ ਜੀਓ! ਮੈਂ ਤੁਸਾਂ ਨੂੰ ਹੁਣ ਬੇਬੇ ਜੀ ਨਹੀਂ ਜੇ ਆਖਣਾ, ਮੈਂ ਹੁਣ ਮਾਂ ਜੀ ਆਖਿਆ ਕਰਸਾਂ।

ਵਿਰਾਈ (ਹੱਸਕੇ)-ਕਿਉਂ ਕਾਕੋ?

ਹੰਸੋ-ਤੁਸਾਂ ਮਾਂਵਾਂ ਤੋਂ ਵਧੀਕ ਪਿਆਰ ਕੀਤਾ ਹੈ ਜੋ ਸਤਿਗੁਰ ਜੀ ਦੇ ਪ੍ਰਗਟ ਹੁੰਦੇ ਸਾਰ ਮੈਨੂੰ ਸੱਦਾ ਘੱਲਿਆ। ਨਾ ਆ ਸਕੀ ਤਾਂ ਮੇਰੇ ਕਰਮ, ਮੁਕਾਣੇ ਗਈ ਸੀ, ਨਹੀਂ ਤਾਂ ਉੱਡਕੇ ਪਹੁੰਚਦੀ, ਪਰ ਸ਼ਾਵਾਸ਼ੇ ਤੁਹਾਡੇ, ਤੁਸਾਂ ਤਾਂ ਫਰਕ ਨਹੀਂ ਨਾ ਕੀਤਾ, ਤੇ ਹੁਣ ਜੋ ਮਿਹਰਾਂ ਲੈ ਦਿੱਤੀਆਂ ਨੇ ਮੇਰਾ ਲੂੰ ਲੂੰ ਤੁਸਾਂ ਤੋਂ ਸਦਕੇ ਏ। ਹਾਂ ਮਾਂ ਜੀ! ਪਰ ਅੱਖੜਖਾਂਦ ਧੀ ਵਾਲਾ ਇਕ ਉਲ੍ਹਾਮਾਂ ਵੀ ਏ ਮੇਰਾ : ਗੁਰ ਜੀ ਤੁਸਾਂ ਦੇ ਘਰ ਸਨ ਛਪੇ ਬੈਠੇ, ਜਦੋਂ ਮੈਂ ਪਹਿਲੋਂ ਆਈ ਸਾਂ, ਤੁਸੀਂ ਦੱਸਦੇ ਨਹੀਂ ਸਾਓ। ਵਾਰ ਵਾਰ ਪੁੱਛਦੀ ਸਾਂ, ਪਰ ਤੁਸੀਂ ਪੈਰਾਂ ਤੇ ਪਾਣੀ ਨਹੀਂ ਸੀ ਪੈਣ ਦੇਂਦੇ। (ਹੱਸ ਕੇ) ਹਓ ਨਾ ਤੁਸੀਂ ਬੀ ਬਾਲਾਂ ਨੂੰ ਖਿਝਾਉਣ ਵਾਲੇ ਗੋਲੇ ਗੋਲੇ ਮਾਂ ਜੀ?

ਵਿਰਾਈ (ਹਸਕੇ)-ਕਾਕੋ ਮਹਾਂਪੁਰਖਾਂ ਦੀ ਚਾਕਰੀ ਬੜੀ ਕਰੜੀ ਖੇਡ ਹੈ, ਇਹ ਹੁਕਮ ਦੀ ਬਾਜੀ ਖਜੂਰੇ ਚੜ੍ਹਨਾ ਏ[੮੦]।

ਹੰਸੋ (ਮੂੰਹ ਉਦਾਸ ਕਰਕੇ)-ਫੇਰ ਮਾਂਜੀ ਕਰੀਦੀ ਕਿਉਂ ਹੈ?

ਵਿਰਾਈ-ਜੇ ਸਿਰੇ ਚੜ੍ਹ ਜਾਏ ਤਾਂ ਸਾਰੇ ਸੁਖਾਂ ਦੀ ਦਾਤ ਹੈ, ਜਿਵੇਂ ਖਜੂਰੇ ਚੜ੍ਹ ਗਿਆ ਅੰਮ੍ਰਿਤ ਫਲ ਮਿਲਦਾ ਹੈ।

ਹੰਸੋ (ਲੰਮਾ ਸਾਹ ਭਰਕੇ)-ਠੀਕ ਕਿਹਾ ਨੇ, ਪਰ ਮੈਂ ਤਾਂ ਗੁਰੂ ਕੇ ਦਰਸ਼ਨ ਤੁਸਾਂ ਦੀ ਤੁਫੈਲ ਸੌਖੇ ਸੌਖੇ ਪਾ ਲਏ। ਹੁਣ ਤੁਸਾਂ ਨੂੰ ਸ਼ਰਮ ਹੈ ਸਾਰੀ। ਮੈਥੋਂ ਘਾਲ ਨਹੀਂ ਜੇ ਸਰਨੀ ਕੋਈ.....ਧੀਆਂ ਲੈਣਦਾਰ?

ਵਿਰਾਈ-ਭਲਾ ਦੱਸ ਖਾਂ ਕਾਕੋ! ਗੁਰੂ ਜੀ ਕਿਹੋ ਜਿਹੇ ਵੇਖੇ ਨੀ?

ਹੰਸੋ-ਮੈਨੂੰ ਤਾਂ ਨਿਰੇ ਗੁਰੂ ਨਾਨਕ ਦਿੱਸੇ ਨੇ! ਮੱਥਾ ਚਮਕੇ ਓਵੇਂ ਹੀ ਨੂਰੋ ਨੂਰ[੮੧]। ਜਦੋਂ ਮੈਂ ਸੇਵਾ ਵਿਚ ਵੇਖੇ ਸਨ, ਸੁਹਣੇ ਸਨ ਤਦੋਂ ਵੀ, ਪਰ ਮੁਹਾਂਦਰਾ ਹੋਰਵੇਂ ਪੈਂਦਾ ਸੀ।, ਹੁਣ ਤਾਂ ਹੂ-ਬਹੂ ਓਹੋ ਦਿੱਸਦੇ ਹਨ, ਜਿਵੇਂ ਓਹੋ ਗੁਰੂ ਨਾਨਕ ਜੀ ਮੁੜ ਚੋਲਾ ਵਟਾ ਕੇ ਜੁਆਨ ਹੋਕੇ ਗੱਦੀ ਤੇ ਆ ਬੈਠੇ ਹਨ।

ਵਿਰਾਈ-ਠੀਕ ਆਖਿਆ ਈ।

ਹੰਸੋ-ਫੇਰ ਮੰਨ ਗਏ ਓ ਨਾ ਮੇਰੀ ਗੱਲ ਮਾਂ ਜੀ! (ਗਲਵੱਕੜੀ ਪਾਕੇ) ਮੇਰੇ ਆਪਣੇ ਆਪਣੇ ਮਾਂ ਜੀ!

ਵਿਰਾਈ (ਛਾਤੀ ਨਾਲ ਘੁੱਟ ਕੇ ਤੇ ਸਿਰ ਪਜਾਰ ਦੇ ਕੇ)-ਕਾਕੋ ਪਜਾਰ ਦਾ ਕੋਈ ਨਾਉਂ ਰਖ ਲਿਆ ਮਾਂ ਹੀ ਸਹੀ, ਪਰ ਖੀਬੀ ਤੂੰ ਮਾਂ ਮਾਤਾ ਖੀਵੀ ਜੀ ਨੂੰ ਬਣਾ, ਕੱਲ ਮੈਂ ਤੈਨੂੰ ਉਨਾਂ ਪਾਸ ਲੈ ਚਲਾਂਗੀ (ਲੰਮਾ

ਸਾਹ ਲੈਕੇ) ਉਨ੍ਹਾਂ ਦੀ ਗੋਦੀ ਤੈਨੂੰ ਪਾ ਦੇਸਾਂ। ਓਹ ਮੇਰੇ ਤੋਂ ਵਡੇ ਹਨ, ਉੱਚੇ ਹਨ ਤੇ ਜਗਤ ਮਾਤਾ ਹਨ।

ਹੰਸੋ-ਇਹ ਤਾਂ ਠੀਕ ਹੈ, ਪਰ ਓਹ ਵਡੇ ਜਗਤਮਾਤਾ ਜੀ ਤੇ ਤੁਸੀਂ ਨਿਕੇ ਜਿਹੇ ਮੇਰੇ ਮਾਂ ਜੀ।...ਠੀਕ ਏ ਨਾ?

ਵਿਰਾਈ-ਓਹੋ ਜਗਤ ਮਾਤਾ ਜੀ ਹਨ, ਮੈਂ ਤਾਂ ਦਾਸ ਹਾਂ ਉਨ੍ਹਾਂ ਦੀ ਬੀ ਤੇ ਗੁਰਸਿਖਾਂ ਗੁਰਮੁਖਾਂ ਦੀ ਬੀ। ਮੈਂ ਚਾਹੁੰਦੀ ਸਾਂ ਕਿ ਮਾਤਾ ਜੀ ਨੂੰ ਤੇਰੀ ਗੱਲ ਬਾਤ ਦੱਸਕੇ ਤੈਨੂੰ ਝੋਲੀ ਪਾ ਆਵਾਂ ਉਨ੍ਹਾਂ ਦੀ। ਮਾਤਾ ਜੀ ਸਭ ਨਾਲ ਪਿਆਰ ਕਰਦੇ ਹਨ, ਪਰ ਮੈਂ ਸਪੂਣੀ ਸਮ੍ਹਾਲ ਕਰ ਦੇਸਾਂ ਤਾਂ ਤੈਨੂੰ ਹੋਰ ਅਪਨਾ ਲੈਸਣ ਅਤੇ ਤੇਰੇ ਸਿੱਧਪਨ ਦੀਆਂ ਉਕਾਈਆਂ ਤੇ ਲਾਡਾਂ ਨੂੰ ਸਮਝ ਲਿਆ ਕਰਸਨ, ਤੂੰ ਤਾਂ ਜਗਤ ਦੇ ਵਲ ਛਲ ਨਹੀਂ ਨਾ ਜਾਣਦੀ!

ਹੰਸੋ (ਘਬਰਾ ਕੇ)-ਹਾਇ ਹਾਇ, ਮਾਂ ਜੀ ਕਿਵੇਂ ਪਏ ਗਲਾਂ ਕਰਦੇ ਓ? ਜਿਵੇਂ ਤੁਸਾਂ ਮੇਰੀ ਬਾਂਹ ਫੜਾਕੇ ਆਪ ਕਿਤੇ ਵਾਂਢੇ ਜਾਣਾ ਏ, ਹੈਂ? ਮਾਂ ਜੀ? ਮੇਰੇ ਦਿਲ ਨੂੰ ਕੁਛ ਹੁੰਦਾ ਏ।

ਵਿਰਾਈ-ਤੂੰ ਵਾਂਢੇ ਗਈ ਸੈਂ ਕਿ ਨਾ? ਮੈਂ ਚਲੀ ਗਈ ਤਾਂ ਕੀਹ ਏ?

ਹੰਸੋ-ਮੇਰੇ ਵਾਙੂ ਈ ਜਾਣਾ ਨੇ? ਹੈਂ, ਤੇ ਫਿਰ ਸਪੂਣੀਆਂ ਕਿਉਂ?

ਵਿਰਾਈ-ਕਿਸੇ ਤਰ੍ਹਾਂ ਸਹੀ?

ਹੰਸੋ (ਰੋ ਪਈ)-ਤੁਸੀਂ ਜਿਵੇਂ ਸਤਿਗੁਰ ਦਾ ਪਤਾ ਨਹੀਂ ਸਾਓ ਦੇਂਦੇ, ਤਿਵੇਂ ਹੁਣ ਵੀ ਕਿਸੇ ਗੱਲ ਤੇ ਪਏ ਪਰਦੇ ਪਾਂਦੇ ਓ। (ਜੱਫੀ ਪਾਕੇ) ਮਾਂ ਜੀ ਮੈਨੂੰ ਨਾ ਛੱਡਕੇ ਜਾਣਾ ਕਿਤੇ।

ਵਿਰਾਈ-ਹੰਸੋ! ਸਭ ਨੇ ਜਾਣਾ ਏ ਇਥੋਂ, ਤੂੰ ਨਹੀਂ ਜਾਣਾ? ਜਦ ਗੁਰੂ ਬਾਬਾ ਆਪ ਸਾਨੂੰ ਛੱਡਕੇ ਟੁਰ ਗਿਆ ਤਾਂ ਹੋਰ ਕੌਣ ਠਹਿਰੇਗਾ ਏਥੇ? ਇਸ ਗੱਲੋਂ ਓਦਰਨਾ ਠੀਕ ਨਹੀਂ। ਭਜਨ, ਬੰਦਗੀ, ਗੁਰੂ ਕੇ ਦਰਸ਼ਨ, ਧਯਾਨ, ਗਯਾਨ, ਸਾਰੇ ਇਸੇ ਗੱਲ ਦੀ ਤਿਆਰੀ ਲਈ ਹਨ ਕਿ ਦਿਲ ਠੌਰ ਆ ਜਾਵੇ ਤੇ ਏਥੋਂ ਟੁਰਨ ਲਗਿਆਂ ਉਦਾਸੀ ਨਾ ਪਏ।

ਹੰਸੋ (ਰੋ ਕੇ)-ਬੱਸ ਹੁਣ ਸਮਝੀ ਮੈਂ...ਅ...ਅ...ਤੇਰੀ ਹੁਣ ਤਯਾਰੀ ਏ ਮਾਂ?...ਹਾਇ ਮੈਂ ਕੀ ਕਰਸਾਂ (ਘੁੱਟ ਕੇ) ਮਾਂ...ਆਂ...ਅ...ਅ।

ਵਿਰਾਈ-ਦੇਖ ਬੇਟਾ! ਵਾਂਢੇ ਜੁ ਜਾਣਾ ਹੋਇਆ। ਮਾਤਾ ਜੀ ਤੇਰੇ ਨਾਲ ਮੈਥੋਂ ਵੱਧ ਪਯਾਰ ਕਰਨਗੇ, ਉਹਨਾਂ ਨੇ ਅਜੇ ਗੁਰੂ ਭਾਵੇ ਤਾਂ ਚੋਖਾ ਚਿਰ ਏਥੇ ਰਹਿਣਾ ਏ[੮੨]।

ਹੰਸੋ-ਹਾਇ ਨੀ ਮਾਂ! ਤੂੰ ਮਰਨੇ ਨੂੰ ਵਾਂਢੇ ਜਾਣ ਵਾਂਗੂ ਪਈ ਦੱਸਨੀ ਏ, ਤੈਨੂੰ ਡਰ ਨਹੀਂ ਆਉਂਦਾ?

ਵਿਰਾਈ-ਮੌਤ ਹੈ ਤਾਂ ਡਰਾਵਣੀ ਸ਼ੈ, ਜਗਤ ਡਰਦਾ ਹੈ ਸਾਰਾ ਇਸ ਤੋਂ। ਪਰ ਹੰਸੋ! ਇਹ ਅਟੱਲ ਖੇਡ ਹੈ, ਸਭ ਦੇ ਸਿਰ ਵਰਤਣੀ ਹੈ, ਜੋ ਟਲਣੀ ਨਹੀਂ ਉਸ ਤੋਂ ਕਿਉਂ ਕੰਬਣਾ?

ਹੰਸੋ-ਮੈਨੂੰ ਤਾਂ ਬੜਾ ਲਗਦਾ ਏ...ਮੇਰੇ ਕਰਮ।

ਵਿਰਾਈ-ਏਹ ਤਾਂ ਕਰਮਾਂ ਦਾ ਡਰ ਹੋਇਆ, ਮੌਤ ਦਾ ਤਾਂ ਨਹੀਂ।

ਹੰਸੋ-ਨਹੀਂ ਮਾਂ! ਮਰਨ ਨੂੰ ਕਿਥੇ ਜੀ ਕਰਦਾ ਏ, ਇਹ ਜੱਗ ਸੁਹਣਾ ਸੁਆਦਲਾ ਮਿੱਠਾ ਮਿੱਠਾ। ਮਰਨ ਨਾਲ ਸਾਰੇ ਸੁਖ ਬਸ ਮੁੱਕ ਜਾਣੇ ਹੋਏ।

ਵਿਰਾਈ-ਸਰੀਰ ਦੇ ਸਾਰੇ ਸੁਆਦ ਜੁਆਨੀ ਨਾਲ, ਬੁਢਾਪੇ ਵਿਚ ਨਿਤਾਣ ਪੁਣਾ, ਤਦੋਂ ਮੌਤ ਇੰਵ ਜਾਣੀਏ ਜਿਵੇਂ ਦਿਨੇ ਥੱਕ ਕੇ ਰਾਤ ਸੌਂ ਕੇ ਆਰਾਮ ਕਰੀਦਾ ਹੈ।

ਹੰਸੋ-ਤੁਸੀਂ ਸੰਤ ਜੁ ਹੋਏ, ਕੇਡੀਆ ਸੁਹਣੀਆਂ ਗੱਲਾਂ ਕਰਦੇ ਓ? ਮੌਤ ਜਿਵੇਂ ਕੋਈ ਨੀਂਦ ਹੁੰਦੀ ਹੈ, ਹੈਂ? ਭੋਲੀ ਮਾਂ! ਜੀਉਣ ਮੁਕ ਜਾਵੇ, ਏਡਾ ਸੁਹਣਾ ਜੀਉਣ! ਦਿਲ ਕਰਦਾ ਨੇ ਮੁੱਕ ਜਾਏ?

ਵਿਰਾਈ-ਜੀਉਣ ਕੋਈ ਨਹੀਂ ਮੁਕਦਾ, ਮਾਂ ਦੇ ਉਦਰ ਵਿਚ ਜੀਉਂਦੀ ਸੈਂ ਕਿ ਨਾ? ਜਦੋਂ ਉਥੋਂ ਮੌਤ ਆਈ ਸੀ ਘਬਰਾਈ ਸੈਂ ਨਾ! ਘੁੱਟ ਵਟ ਨਾਲ ਮੌਤ ਤੁੱਲ ਹੀ ਹੋਈ ਸੀ ਨਾ! ਪਰ ਦੇਖ, ਮਾਂ ਦੇ ਉਦਰ ਦੀ ਮੌਤ ਜਗਤ ਵਿਚ ਜਨਮ ਹੋ ਗਿਆ। ਇਸੇ ਤਰ੍ਹਾਂ ਇਹ ਸਰੀਰ ਦੀ ਮੌਤ ਭਲਿਆਂ ਲਈ ਜਨਮ ਹੋਵੇਗੀ ਕਿਸੇ ਹੋਰ ਹਾਲ ਵਿਚ ਜੋ ਏਸ ਤੋਂ ਚੰਗਾ ਹੋਵੇਗਾ ਸੋ ਜੀਉਣਾਂ ਤਾਂ ਨਾ ਮੁੱਕਾ।

ਹੰਸੋ-ਹੱਛਾ?...ਹੈਂ ਤੁਹਾਨੂੰ ਜਮ ਤੋਂ ਬੀ ਡਰ ਨਹੀਂ ਆਉਂਦਾ?

ਵਿਰਾਈ-ਮੇਰੇ ਸਤਿਗੁਰ ਨੇ ਇਸ ਦਾ ਦਾਰੂ ਕੀਤਾ ਹੈ :-


www.sikhbookclub.com

ਨਾ ਜਮਦੂਤ ਦੂਖੁ ਤਿਸੁ ਲਾਗੈ॥
ਜੋ ਜਨੁ ਰਾਮ ਨਾਮਿ ਲਿਵ ਜਾਗੈ॥ (ਆਸਾ ਮ:੧)

ਗੁਰੂ ਨਾਨਕ ਦੇਵ ਜੀ ਨੇ ਜੋ ਨਾਮ ਬਖਸ਼ਿਆ ਹੈ ਕਰਤਾਰ ਦਾ ਉਸ ਅਗੇ ਜਮ ਨਹੀਂ ਅਟਕਦਾ। ਤੈਨੂੰ ਬੀ ਨਾਮ ਪ੍ਰਾਪਤ ਹੈ, ਇਸ ਦੀ ਘਾਲ ਕਰ, ਜਮ ਦਾ ਡਰ ਤੇਰਾ ਵੀ ਦੂਰ ਹੋ ਵੈਸੀ।

ਹੰਸੋ-ਚੰਗੀ ਮਾਂ! ਤੁਸਾਂ ਤਾਂ ਮਰਕੇ ਚੰਗੇ ਥਾਂ ਜਾਣਾ ਹੋਇਆ, ਤੁਸੀਂ ਚੰਗੇ ਚੰਗੇ ਥਾਂ ਚਲੇ ਗਏ ਸਹੀ, ਪਰ ਮਾਂ ਜੀ! ਅਪਣੇ ਪੁੱਤਾਂ, ਧੀਆਂ, ਪਤੀ, ਸਾਥੋਂ ਸਭ ਤੋਂ ਵਿਛੁੜ ਜਾਸੋ ਕਿ ਨਾ? ਕੁਸ਼ ਨ ਹੋਏਗਾ ਤੁਹਾਡੇ ਦਿਲ ਨੂੰ? ਹੈਂ......।

ਵਿਹਾਈ-ਤੇਰੇ ਵਾਲਾ ਪ੍ਰਸ਼ਨ ਆਪ ਗੁਰ ਨਾਨਕ ਦੇਵ ਜੀ ਨੇ ਕੀਤਾ ਹੈ :-

"ਸਭਨਾ ਮਰਣਾ ਆਇਆ ਵੇਛੋੜਾ ਸਭਨਾਹ॥
ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ॥"

ਤੇ ਆਪ ਹੀ ਉੱਤਰ ਦਿੱਤਾ ਨੇ :-

'ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ॥'
(ਸੋਰਠਿ ਮ: ੧)

ਅਰਥਾਤ ਮਰਨਾ ਸਭਨਾ ਨੇ ਹੈ ਸੋ ਵਿਛੋੜਾ ਸਭ ਨੇ ਝੱਲਣਾ ਹੈ (ਪਰ ਦੱਸੋ) ਕਿ ਅੱਗੇ ਜਾਕੇ ਕਿਨ੍ਹਾਂ ਦਾ ਮੇਲ ਹੋਵੇਗਾ? ਸੋ ਹੰਸੋ! ਜਿਨ੍ਹਾਂ ਨੂੰ ਰੱਬ ਭੁੱਲ ਗਿਆ ਹੈ ਉਨ੍ਹਾਂ ਨੂੰ ਵੇਦਨ ਅਰਥਾਤ ਵਿਛੋੜੇ ਦਾ ਸੱਲ ਹੋਵੇਗਾ; ਜਿਸ ਤੋਂ ਸਮਝ ਪਈ ਕਿ ਨਾਮ ਵਿਹੂਣੇ ਵਿਛੋੜੇ ਦੀ ਪੀੜ ਸਹਾਰਨਗੇ। ਸੋ ਨਾਮ ਨਾਲ ਲੱਗੀਏ, ਤੌਖਲੇ ਨਾਲ ਕਿਉਂ ਸੁਸੀਏ, ਸਤਿਗੁਰ ਨੇ ਫੇਰ ਪੁੱਛਿਆ ਏ :-

ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥

ਆਪ ਹੀ ਉਤਰ ਦਿੱਤਾ ਨੇ :-

ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥
(ਸੂਹੀ ਮਹਲਾ ੧)

ਬੀਬਿਆ! ਜਿਨ੍ਹਾਂ ਨੇ ਗੁਣਾਂ ਦੀ ਗੰਢ ਪੱਲੇ ਆਪਣੇ ਪੀਡੀ ਪਾਈ ਹੈ, ਉਨ੍ਹਾਂ ਸਭਨਾਂ ਨੂੰ ਸਾਈਂ ਮਿਲਾਏਗਾ। ਚਾਹੋ ਆਪਣੇ ਦੇਸ਼ ਵਿਚ, ਚਾਹੋ ਆਪਣੇ ਸਰੂਪ ਵਿਚ ਉਹ ਜਾਣੇ ਸਾਨੂੰ ਪਤਾ ਨਹੀਂ, ਪਰ ਜੋ ਨਾਮ ਨੂੰ ਮਿਲਿਆ ਹੈ, ਉਹ ਨਹੀਂ ਵਿਛੁੜਦਾ 'ਤੇਰਾ ਏਕੋ ਨਾਮੁ ਮੰਜੀਠੜਾ'। ਫਿਰ ਹੁਕਮ ਹੈ :-

ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ॥
(ਸੂਹੀ ਮਹਲਾ ੧)

ਹੰਸੋ! ਨਾਮ ਜਪ, ਨਿਰੰਕਾਰ ਨੂੰ ਪਿਆਰ ਕਰ, ਜਪ ਤਪ ਦਾ ਬੇੜਾ ਬੰਨ੍ਹ ਲੈ। ਮਰਦਾ ਕੁਛ ਨਹੀਂ, ਮਰਨ ਨਾਮ ਮੁਕ ਜਾਣ ਦਾ ਨਹੀਂ।

ਹੰਸੋ-ਸੱਚ, ਸਤਿਗੁਰ ਦੇ ਮੁਹਣੇ ਵਾਕ ਸੁਣਾਉਂਦੇ ਹੋ, ਮੋਤੀ ਪ੍ਰੋਤੇ ਹੋਏ ਹਨ, ਪਰ ਮਾਂ ਜੀ! ਫੇਰ ਬੀ ਜਿੰਦ ਪਿਆਰੀ ਹੈ, ਜਿੰਦ ਨਾਲ ਪਕੜ ਹੈ, ਮਰਨੇ ਨੂੰ ਜੀ ਨਹੀਂ ਕਰਦਾ।

ਵਿਹਾਈ-ਨਾਮ ਨੂੰ ਲਗੀ ਰਹੁ, ਸਤਿਸੰਗ ਕਰਦੀ ਰਹੁ; ਗੁਰੂ ਦੇ ਉਪਦੇਸ਼ ਸੁਣਦੀ ਤੇ ਕਮਾਉਂਦੀ ਰਹੁ, ਫੇਰ ਵੇਖੀਂ ਕਹ ਹੁੰਦਾ ਹੈ, ਦਰਯਾ ਦੇ ਕੰਢੇ ਖੜੋਕੇ ਡਰ ਲਗਦਾ ਹੈ ਕਿ ਇਹ ਬੇੜੀ ਕਿੱਥ ਪਾਰ ਲਗਸੀ, ਪਰ ਜਦ ਇਕ ਬੇੜੀ ਪਾਰ ਲਗ ਜਾਂਦੀ ਦੇਖੀਦੀ ਹੈ, ਤਾਂ ਹੌਸਲਾ ਭਰ ਆਉਂਦਾ ਹੈ, ਕਿ ਜੇ ਅਸੀਂ ਬੀ ਚੜ੍ਹ ਬੈਠੇ, ਤਾਂ ਪਾਰ ਲਗ ਜਾਵਾਂਗੇ। ਦੇਖ ਸ੍ਰੀ ਕਬੀਰ ਜੀ ਬੜੇ ਭਗਤ ਹੋਏ ਹਨ, ਉਨ੍ਹਾਂ ਨੇ ਨਾਮ ਜਪਿਆ, ਜਪਕੇ ਉਨ੍ਹਾਂ ਦਾ ਮਰਨ ਦਾ ਭਉ ਮਿਟ ਗਿਆ, ਉਨ੍ਹਾਂ ਨੂੰ ਜੀਉਣ ਨਾਲ ਪਕੜ ਟੁੱਟ ਗਈ, ਤਦੋ ਉਨ੍ਹਾਂ ਨੇ ਇਹ ਵਾਕ ਉਚਾਰੇ ਹਨ ਨਾ :-

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੋ ਮਨ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥

ਹੁਣ ਇਹ ਵੇਖਕੇ ਕਿ ਕਬੀਰ ਨਾਮ ਸਿਮਰ ਕੇ ਮੌਤ ਤੋਂ ਨਿਰਭੈ ਹੀ ਨਹੀਂ ਹੋਏ ਸਗੋਂ ਉਹਨਾਂ ਨੇ ਇਸ ਨੂੰ ਅਨੰਦ ਸਮਝ ਲਿਆ, ਜੇ ਅਸੀਂ ਬੀ ਓਸੇ ਰਾਹੇ ਟੁਰੀਏ ਤਾਂ ਅਸੀਂ ਬੀ ਮੌਤ ਦੇ ਡਰ ਤੋਂ ਨਿਡਰ ਹੋ ਜਾਵਾਂਗੇ, ਤੇ ਮਿਹਰ ਹੋ ਗਈ ਤਾਂ ਮਾਨੂੰ ਪਰਮੇਸ਼ੁਰ ਦੇ ਮਿਲਾਪ ਦਾ ਅਨੰਦ ਪ੍ਰਾਪਤ ਹੋ ਜਏਗਾ।

ਹੰਸੋ-ਭਲਾ ਮਾਂ ਜੀ! ਉਹ ਤਾਂ ਕਬੀਰ ਜੀ ਦੀ ਗਲ ਹੋਈ; ਜੋ ਬੜੇ ਭਗਤ ਸਨ, ਤੁਸਾਨੂੰ ਬੀ ਇਵੇਂ ਹੀ ਪਈ ਲਗਦੀ ਹੈ?

ਵਿਹਾਈ-ਕਾਕੋ! ਓਹ ਤਾਂ ਸਨ ਮਹਾਂ ਪੁਰਖ; ਉਹਨਾਂ ਨੂੰ ਸਾਰਾ ਪਤਾ ਸੀ ਤੇ ਮਹਾਂ ਪਰਖ ਤਾਂ ਇਥੋਂ ਤਕ ਅੱਪੜ ਜਾਂਦੇ ਹਨ ਕਿ 'ਸਰੀਰ' ਮੈਂ ਨਹੀਂ, 'ਮਨ' ਮੈਂ ਨਹੀਂ, ਓਹ ਆਪਣੇ ਆਤਮਾ ਨੂੰ ਆਪਣਾ ਆਪ ਸਿਆਣ ਲੈਂਦੇ ਹਨ।

ਤਨ ਮਹਿ ਮਨੂਆ ਮਨ ਮਹਿ ਸਾਚਾ॥
ਸੋ ਸਾਚਾ ਮਿਲਿ ਸਾਚੇ ਰਾਚਾ॥
(ਧਨਾਸਰੀ ਅਸ਼ਟ: ਮਹਲਾ ੧-੨)

ਆਤਮਾ ਅਮਰ ਹੈ, ਸੋ ਉਹ ਆਪਣੇ ਆਪ ਨੂੰ

ਅਮਰ ਲਖ ਲੈਂਦੇ ਹਨ। ਫੇਰ ਆਤਮਾ ਆਪਣੇ ਆਪ ਵਿਚ ਦੁਖ ਪੀੜਾ ਤੋਂ ਰਹਿਤ ਹੈ, ਅਨੰਦ ਸਰੂਪ ਹੈ, ਸੋ ਉਹ ਆਤਮਾ ਨੂੰ ਅਨੰਦ ਅਨੁਭਵ ਕਰ ਲੈਂਦੇ ਹਨ, ਉਹੋ ਅਨੰਦ ਉਹਨਾਂ ਦੇ ਮਨ ਵਿਚ ਆਪਣਾ ਪ੍ਰਭਾਵ ਪਾਈ ਰਖਦਾ ਹੈ ਤੇ ਉਹ ਆਖਦੇ ਹਨ 'ਮੇਰੇ ਮਨ ਆਨੰਦੁ'।

ਹੰਸੋ-ਫੇਰ ਕਿਉਂ ਕਹਿੰਦੇ ਹਨ, ਮਰਨੇ ਤੇ ਹੀ ਪਾਈਦਾ ਹੈ ਅਨੰਦ, ਓਹ ਤਾਂ ਜੀਉਂਦੇ ਹੀ ਆਨੰਦ ਪਾ ਲੈਂਦੇ ਹਨ?

ਵਿਰਾਈ (ਹੱਸਕੇ)-ਕਾਕੀ! ਜਗਤ ਵਿਚ ਸੰਤਾਂ ਮਹਾਤਮਾਂ ਦੇ ਦੁਆਲੇ ਜਗਤ ਪੀੜਾ ਲੈਕੇ ਜਾਂਦਾ ਹੈ ਤੇ ਉਹਨਾਂ ਨੂੰ ਕਈ ਉਲਝਾਵਾਂ ਤੇ ਦੁਖਾਂ ਵਿਚ ਫਸਾਉਂਦਾ ਹੈ, ਉਹਨਾਂ ਨੂੰ ਜਗਤ ਉਧਾਰ ਵਲ ਧਿਆਨ ਦੇਣਾ ਪੈਂਦਾ ਹੈ, ਭਾਵੇਂ ਉਹਨਾਂ ਦੇ ਮਨ ਵਿਚ ਆਤਮ ਲੱਖਤਾ ਦਾ ਅਨੰਦ ਰਹਿੰਦਾ ਹੈ ਪਰ ਮਰਨੇ ਦੇ ਬਾਦ ਸਭ ਉਲਝਾ ਹਟ ਜਾਣ ਤੇ ਓਹ ਦੱਸਦੇ ਹਨ ਕਿ "ਪੂਰਨੁ ਪਰਮਾਨੰਦੁ' ਪ੍ਰਾਪਤ ਹੋਵੇਗਾ। ਉਨ੍ਹਾਂ ਦੀ ਗੱਲ ਮੈਂ ਤਾਂ ਦੱਸੀ ਸੀ ਕਿ ਉਹਨਾਂ ਦੀ ਭਰੀ ਉਗਾਹੀ ਨਾਲ ਸਾਨੂੰ ਤਸੱਲੀ ਹੁੰਦੀ ਹੈ ਤੇ ਜੀਅੜਾ ਧਰਵਾਸ ਫੜਦਾ ਹੈ। ਉਂਞ ਕਾਕੋ ਕੁਦਰਤ ਵਲ ਤੱਕੀਏ ਤਾਂ ਦੇਖ ਜਦ ਮਾਂ ਦੇ ਉਦਰ ਵਿਚ ਸਾਂ ਤਾਂ ਕੀਹ ਸਾਂ, ਬਾਹਰ ਆਕੇ ਕਿਵੇਂ ਵਧੇ ਮੌਲੇ; ਉਸ ਤੋਂ ਦਹ ਚੰਦ ਚੰਗੇ ਤੇ ਸਿਆਣੇ ਹੋ ਗਏ। ਬੀਜ ਜ਼ਿਮੀਂ ਦੇ ਅੰਦਰ ਕੀ ਹੁੰਦਾ ਹੈ, ਉਗ ਕੇ ਕੀਕੂੰ ਪੱਤੇ, ਫੁਲ, ਫਲ ਨਾਲ ਪ੍ਰਫੁੱਲਤ ਹੁੰਦਾ ਹੈ। ਦੇਖ ਕੁੜੀਏ! ਕੁਦਰਤ ਵਿਚ ਚੰਗਾ ਹੈ: ਚੰਗੇ ਤੋਂ ਚੰਗੇਰਾ ਹੈ, ਚੰਗੇਰੇ ਤੋਂ ਬਹੁਤ ਚੰਗਾ ਹੈ, ਮਾਨੋਂ ਪਉੜੀਆਂ ਹਨ ਵਧਣ ਮੌਲਣ ਦੀਆਂ। ਇਸੇ ਤਰ੍ਹਾਂ ਇਹ ਚੋਲਾ ਛੋੜਕੇ ਅਗਲਾ ਜੀਵਨ ਚੰਗੇਰਾ ਹੀ ਸਮਝੋ।

ਹੰਸੋ (ਸੋਚ ਸੋਚ ਕੇ)-ਪਰ ਮਾਂ ਜੀ! ਜੇ ਬੀਜ ਖ਼ਰਾਬ ਹੋ ਜਾਏ ਤਾਂ ਉਗਦਾ ਨਹੀਂ ਨਾ ਬੂਟਾ ਸੁਹਣਾ ਬਣਦਾ?

ਵਿਰਾਈ-ਇਸੇ ਲਈ ਤਾਂ ਬੀਬਿਆ! ਇਸ ਆਪਣੇ ਆਪੇ ਨੂੰ ਦੇਹ ਵਿਚ ਹੁੰਦਿਆਂ ਸੰਭਾਲੀਦਾ ਹੈ, ਮਾੜੇ ਕਰਮ ਨਹੀਂ ਕਰੀਦੇ ਜੋ ਆਪਾ ਦਾਗੀ ਨਾ ਹੋ ਜਾਏ, ਸਤਿਸੰਗ ਕਰੀਦਾ ਹੈ ਜੋ ਬਦੀ ਕਰਨੋਂ ਆਪਾ ਰੁਕੇ ਤੇ ਭਲਿਆਈ ਦੀ ਪਾਹ ਲਗਦੀ ਰਹੇ, ਗੁਰਬਾਣੀ ਪੜ੍ਹੀਦੀ ਹੈ, ਜੋ ਮਨ ਸੁਸਿਖ੍ਯਤ ਹੁੰਦਾ ਰਹੇ ਤੇ ਸਿਫਤ ਸਲਾਹ ਨਾਲ ਵਾਹਿਗੁਰੂ ਜੀ ਨਾਲ ਪਿਆਰ ਪੈਂਦਾ ਜਾਵੇ, ਨਾਮ ਜਪੀਦਾ ਹੈ ਜੋ ਨਾਮ ਸਿਮਰਨ ਹੋਕੇ ਸਾਡੇ ਆਪੇ ਨੂੰ ਨਾਮੀ-ਵਾਹਿਗੁਰੂ ਜੀ ਵਿਚ ਪੁਚਾ ਦੇਵੇ।

ਹੰਸੋ-ਮੈਂ ਤਾਂ ਹੁਣੇ ਲਗੀ ਹਾਂ, ਤੁਸੀਂ ਤਾਂ ਇਨ੍ਹਾਂ ਘਾਲਾਂ ਵਿਚ ਵੱਡੇ ਹੋ ਗਏ ਹੋ, ਤੁਹਾਨੂੰ ਪਤਾ ਲਗ ਗਿਆ ਏ ਨਾ ਸਾਰਾ? ਦਸ ਖਾਂ ਲਗ ਗਿਆ ਨੇ ਕਿ ਨਾ! ਬੀਬੇ ਮਾਂ ਜੀ!

ਵਿਰਾਈ (ਹੱਸ ਕੇ)-ਕਾਕੀ! ਮੈਂ ਉਮਰਾ ਕਰਕੇ ਬੁੱਢੀ ਹਾਂ ਪਰ ਸਤਿਸੰਗ ਵਿਚ ਨਿਆਣੀ ਹਾਂ ਅਜੇ, ਹਾਂ, ਮੈਨੂੰ ਇਹ ਵਿਸ਼੍ਵਾਸ ਹੋ ਗਿਆ ਏ ਕਿ ਮਰਨੇ ਨਾਲ ਮੇਰੇ ਆਤਮਾ ਨੇ ਨਹੀਂ ਮਰਨਾ ਤੇ ਮੇਰੇ ਆਤਮਾ ਨੂੰ ਰਖੇਗਾ ਚਰਨ ਸ਼ਰਨ ਮੇਰਾ ਗੁਰੂ ਨਾਨਕ।

## ੨੨. ਸਮਝੌਤੀਆਂ।

'ਮੇਰਾ ਗੁਰੂ ਨਾਨਕ' 'ਮੇਰਾ ਗੁਰੂ ਨਾਨਕ' ਆਖਦੀ ਮਾਈ ਦੀ ਰਸਨਾ ਰੁਕ ਗਈ, ਗਲ ਭਰ ਆਇਆ, ਤੇ ਨੈਣ ਬਰਸ ਪਏ। ਕੁਛ ਚਿਰ ਚੁਪ ਰਹਿਕੇ ਫੇਰ ਬੋਲੀ : ਸੁਣ ਨੀ ਹੰਸੋ! ਮੈਂ ਤੈਨੂੰ ਮੋਟੀ ਠੁੱਲੀ ਗਲ ਦੱਸਨੀਆਂ; ਤੈਨੂੰ ਧੀਰਜ ਬੱਝ ਜਾਏ ਜਿਸ ਨਾਲ। ਵੇਖ ਤੂੰ ਗਈ ਹੋਈ ਸੈਂ ਗਵੀਨੇ ਵਾਲੇ ਘਰ, ਮੁਕਾਣ ਦੇਣ। ਸਾਰਾ ਦਿਨ ਬੀਤਦਾ ਸੀ ਰੋਂਦਿਆਂ ਪਿਟਦਿਆਂ, ਵੈਣ ਸੁਣਦਿਆਂ। ਦੱਸ ਖਾਂ; ਰਾਤ ਨੂੰ ਸੁਪਨੇ ਕਾਹਦੇ ਲੈਂਦੀ ਸੈਂ? ਉਸੇ ਰੋਣ ਪਿੱਟਣ ਦੇ? ਕਦੇ ਰਾਤ ਨੂੰ ਸ਼ਦਿਆਨੇ ਵਜਦੇ ਸੁਪਨੇ ਵਿਚ ਤੱਕੇ ਸਾਨੀ? ਕਦੇ ਸਤਿਸੰਗ ਦੀ ਵਾਰਤਾ ਕਿ ਸੰਤਾਂ ਦੇ ਦਰਸ਼ਨ ਹੋਏ ਸਾਨੀ ਸੁਪਨਿਆਂ ਵਿਚ?

ਹੰਸੋ (ਤ੍ਰਬ੍ਹਕਕੇ)-ਹਾਂ ਜੀ ਠੀਕ ਸਚ ਕਿਹਾ ਨੇ, ਓਹੋ ਭੈੜੇ ਸੁਪਨੇ ਗਵੀਨੇ ਦੇ ਹੀ ਆਉਂਦੇ ਸਨ[?]।

ਵਿਰਾਈ-ਹੁਣ ਜਦ ਦੇ ਮਹਾਰਾਜ ਦੇ ਦਰਸ਼ਨ ਕੀਤੇ ਨੀ, ਦੱਸ ਖਾਂ ਰਾਤੀ ਸੁਪਨੇ ਕੀਹ ਵੇਖੇ ਨੀ?

ਹੰਸੋ-ਪਹਿਲਾਂ ਤਾਂ ਮਾਂ! ਬਿਨ ਸੁਪਨਾ ਸੁਤੀ ਡੂੰਘੀ ਨੀਂਦੇ; ਜਾਗ ਖੁਲ੍ਹਕੇ ਫੇਰ ਸੁੱਤੀ ਤਾਂ ਕੀਰਤਨ ਹੁੰਦਾ ਡਿਠਾ ਤੇ ਸੁਣਿਆ ਬੀ: ਤੁਸੀਂ ਦਿੱਸੇ, ਬਾਬਾ ਜੀ ਦਿੱਸੇ, ਝਾਉਲੇ ਪੈਣ ਕਿ ਗੁਰੂ ਜੀ ਦੀਵਾਨ ਵਿਚ

ਆਏ ਕਿ ਆਏ।

ਵਿਰਾਈ-ਸੋ ਬੀਬਿਆ, ਨੀਂਦ ਇਕ ਨਿੱਕੀ ਜੇਹੀ ਮੌਤ ਸਮਝ, ਜੋ ਆਵਾਜਾਈ ਵਾਲੀ ਏ, ਆਈ ਤੇ ਚਲੀ ਬੀ ਗਈ। ਸੁੱਤਾ ਮੋਇਆ ਇਕ ਬਰਾਬਰ, ਆਖਦੇ ਹਨ ਨਾ ਲੋਕੀਂ? ਸੋ ਬੀਬਿਆ! ਦਿਨੇ ਜਿਨ੍ਹਾਂ ਕੰਮਾਂ ਸੋਚਾਂ, ਗਲਾਂ ਵਿਚ ਰਚੀਦਾ ਹੈ, ਉਨ੍ਹਾਂ ਵਿਚ ਰਾਤ ਨੂੰ ਵਿਚਰੀਦਾ ਹੈ। ਤਿਵੇਂ ਜਿਨ੍ਹਾਂ ਸੋਚਾਂ, ਗੱਲਾਂ, ਕੰਮਾਂ ਵਿਚ ਜੀਉਂਦਿਆਂ ਰਚੇ ਰਹਾਂਗੇ, ਮਰਕੇ ਉਨ੍ਹਾਂ ਵਿੱਚ ਹੀ ਵਿਚਰਨਾ ਹੋਵੇਗਾ, ਇਹ ਗਲ ਸਾਡੀ ਸਮਝੇ ਪੈ ਜਾਂਦੀ ਏ ਏਸ ਤਰ੍ਹਾਂ ਸੋਚਿਆ ਕਿ ਨਾ? ਸੋ ਕੁਛ ਇਸ ਤੋਂ ਸਮਝ ਲੈ ਕਿ ਜੀਉਂਦੇ ਜੀ ਅਸਾਂ ਨਾਮ, ਬਾਣੀ ਦੇ ਅਭਯਾਸ ਤੇ ਸਤਿਸੰਗ ਦੀ ਬਖਸ਼ੀ ਵੀਚਾਰ ਨਾਲ ਦੇਹ ਤੇ ਮਨ ਤੋਂ ਆਪੇ ਨੂੰ ਵੱਖਰਾ ਰਖ ਲਿਆ ਕਿ ਆਪਾ ਹੈ ਜੋਤ ਸਰੂਪ ਤੇ ਅਮਰ, ਤਦ ਫੇਰ ਮਰਕੇ ਸਾਡੀ ਆਤਮਾ ਆਪਣੇ ਆਪ ਨੂੰ ਅਮਰ ਤੇ ਆਪਣੇ ਸਹਜ ਦੇ ਸੁਭਾਵ ਵਿਚ ਆਪ ਨੂੰ ਅਨੰਦ ਰੂਪ ਹੀ ਲਖੇਗੀ ਨਾ! ਫੇਰ ਅਗੋਂ ਇਹ ਅਨੰਦ ਸਰੂਪ ਆਤਮਾ ਪਰਮਾਨੰਦ ਰੂਪ ਵਾਹਿਗੁਰੂ ਵਿਚ ਅੱਪੜ ਪਵੇਗੀ।

ਹੰਸੋ-ਮਾਂ ਜੀ, ਮਿੱਠੇ ਮਿੱਠੇ ਮਾਂ ਜੀ! ਕੀਕੂੰ ਮੈਂ ਅਲ੍ਹੜ ਨੂੰ ਨਿਸ਼ਾ ਦੇ ਘਰ ਪੁਚਾ ਦਿੱਤਾ ਨੇ।......(ਸਿਰ ਫੇਰ ਕੇ) ਹਾਇ ਅਜੇ ਨਾ ਜਾ, ਨਾ ਮਾਂ ਮੇਰੀ? ਤੈਨੂੰ ਤਾਂ ਲੋੜ ਨਹੀਂ, ਮੇਰੀ ਖਾਤਰ ਹੀ ਰਹਿ ਪਉਨਾ!

ਵਿਰਾਈ (ਮੁਸਕ੍ਰਾ ਕੇ)-ਭਲਾ ਹੰਸੋ! ਜੇ ਮੈਂ ਕਿਸੇ ਤਰ੍ਹਾਂ ਹੁਣ ਨਾ ਜਾਵਾਂ, ਤੇਰੇ ਕੋਲ ਹੀ ਰਹਿ ਪਵਾਂ, ਤੂੰ ਦੱਸ ਜਦੋਂ ਤੇਰੀ ਵਾਰੀ ਜਾਣ ਦੀ ਆਵੇਗੀ ਓਦੋਂ ਫੇਰ ਤੂੰ ਮੇਰੇ ਆਖੇ ਮੇਰੇ ਪਾਸ ਰਹਿ ਪਵੇਂਗੀ?

ਹੰਸੋ (ਸੋਚੀਂ ਪੈ ਗਈ, ਫਿਰ ਸਿਰ ਫੇਰ ਕੇ ਬੋਲੀ)-ਮੇਰੇ ਵੱਸ ਹੋਵੇ ਤਾਂ ਕਦੇ ਨਾ ਜਾਵਾਂ; ਮਾਂ। ਆਪਣੇ ਵੱਸ ਦੀ ਗੱਲ ਨਹੀਂ ਨਾ!...

ਵਿਰਾਈ-ਜਦ ਵੱਸ ਨਹੀਂ, ਫੇਰ ਜਾਣਾ ਤਾਂ ਅਟੱਲ ਹੋਇਗਾ ਨਾ, ਹੁਣ ਰਹਿ ਗਈ ਗੱਲ ਅੱਗੇ ਪਿਛੇ ਜਾਣ ਦੀ, ਕੋਈ ਚਾਰ ਦਿਨ ਪਹਿਲੇ, ਕੋਈ ਪਿਛੇ। ਮੈਂ ਹੁਣ ਜਾਸਾਂ ਤੂੰ ਮਗਰੋਂ ਆ ਜਾਸੇਂ; ਵਿਛੋੜਾ ਹੈ ਕੁਛ ਸਮੇਂ ਲਈ, ਸਦਾ ਲਈ ਤਾਂ ਨਹੀਂ ਨਾ ਅੱਡ ਹੋ ਜਾਣਾ!

ਹੰਸੋ-ਸੱਚ ਪਏ ਆਂਹਨੇ ਓ, ਪਰ ਦੇਖ ਮਾਂ ਫੇਰ ਬੀ ਵਿਛੁੜਨ ਨੂੰ ਨਹੀਂਓਂ ਦਿਲ ਕਰਦਾ।...(ਠੰਢਾ ਸਾਹ ਲੈਕੇ) ਮੌਤ ਔਤਰੀ ਲਈ ਕੋਈ ਮੌਤ ਨਾ ਬਣੀ।

ਵਿਰਾਈ-ਮੌਤ ਦੀ ਮੌਤ ਲਈ ਤਾਂ ਸਤਿਸੰਗ ਲੱਪੀਦਾ ਹੈ, ਜੋ 'ਮੌਤ' ਤੇ 'ਜੰਮਣ' ਦੇ ਗੇੜ ਵਿਚੋਂ ਨਿਕਲ ਕੇ 'ਅਮਰ' ਹੋ ਜਾਏ ਬੰਦਾ। ਅਮਰ ਹੋਏ ਤਾਂ ਮੌਤ ਆਪੇ ਮਰ ਗਈ।

ਹੰਸੋ (ਕਮੀਸ ਵੱਟ ਕੇ)-ਮੋਹ ਮਾਯਾ ਡਾਢੀ ਪਈ ਹੋਈ ਏ, ਮਾਂ ਜੀ!

ਵਿਰਾਈ-ਲੈ ਮੋਹ ਮਾਯਾ ਦੀ ਬੋਲੀ ਵਿਚ ਸਮਝ ਲੈ ਗਲ। ਪਈ ਜੇ ਤੇਰਾ ਘਰ ਵਾਲਾ ਫੌਜ ਵਿਚ ਨੌਕਰ ਹੋਵੇ, ਉਸ ਨੂੰ ਮਿਲੇ ਦੋ ਮਾਹ ਦੀ ਛੁੱਟੀ, ਉਹ ਦੱਸ ਕਿੱਥੇ ਜਾਏਗਾ, ਮੇਰੀ ਜਾਚੇ ਤੇਰੇ ਕੋਲ ਭੰਨਾ ਆਏਗਾ। ਕਿਉਂ?

ਹੰਸੋ-ਮੋਹ ਜੁ ਮੇਰੇ ਨਾਲ ਬਹੁਤ ਹੋਇਆ।

ਵਿਰਾਈ-ਫੇਰ ਜੇ ਅਸੀਂ ਕਿਸੇ ਮਹਾਂ ਪੁਰਖ ਨੂੰ, ਮਿਲਕੇ ਕਰਤਾਰ ਨੂੰ ਪਯਾਰ ਕਰਨਾ ਸਿਖ ਲਈਏ ਤੇ ਉਸ ਰੱਬ ਦਾਤੇ ਦੀਆਂ ਦਿੱਤੀਆਂ ਦਾਤਾਂ ਨਾਲੋਂ ਉਸ ਦਾਤੇ ਨੂੰ ਵਧੀਕ ਪਯਾਰ ਕਰਨ ਲਗ ਪਈਏ ਤਾਂ ਚੋਲਾ ਛੋੜਕੇ ਕਿੱਥੇ ਜਾਵਾਂਗੇ?

ਹੰਸੋ-ਕਰਤਾ ਪੁਰਖ ਜੀ ਕੋਲ, ਜਿਸ ਨੂੰ ਪਿਆਰ ਕੀਤਾ ਹੈ ਬਹੁਤਾ।

ਵਿਰਾਈ-ਫੇਰ ਸਾਰੇ ਰੱਬ ਜੀ ਨੂੰ ਪਯਾਰ ਕਰਨ ਵਾਲੇ ਰੱਬ ਜੀ ਪਾਸ ਜਾਣਗੇ ਤਾਂ ਇਕ ਦੇਸੀ ਹੋਣ ਕਰਕੇ ਮਿਲ ਪੈਣਗੇ ਕਿ ਨਾ?

ਹੰਸੋ-ਹਾਂ ਜੀ!

ਵਿਰਾਈ-ਫੇਰ ਸਾਨੂੰ ਵਿਛੋੜਿਆਂ ਵੇਲੇ ਦੁਖ ਕਰਨਾ ਚਾਹੀਦਾ ਹੈ ਕਿ ਕਰਤਾ ਪੁਰਖ ਨੂੰ ਪਿਆਰ ਕਰਨਾ ਚਾਹੀਦਾ ਹੈ? ਜੋ ਚੋਲਾ ਛੋੜਕੇ ਕਰਤਾ ਪੁਰਖ ਪਾਸ ਚਲੀਏ, ਤੇ ਉਥੇ ਜਿਵੇਂ ਕਰਤਾ ਪੁਰਖ ਨੂੰ ਭਾਵੇਂ ਪਹਿਲੋਂ ਦੇ ਦੂਰ ਗਿਆਂ ਪਿਆਰਿਆਂ ਨੂੰ ਬੀ ਮਿਲ ਪਈਏ।

ਹੰਸੋ-ਜਿਵੇਂ ਹੁਣ ਮਿਲ ਰਹੇ ਹਾਂ? ਮਾਂ ਜੀ!

ਵਿਰਾਈ-ਕਿੱਥ, ਕਿਸ ਹਾਲ, ਕਿਸ ਰੰਗ, ਕਰਤਾ ਪੁਰਖ ਜਾਣੇ, ਪਰ ਮਿਲ ਪੈਣ ਤਾਂ ਸਹੀ ਹੋ ਗਿਆ, ਤੇ ਇਹ ਸਮਝ ਆਈ ਹਾਂ ਕਿ ਕੁਦਰਤ ਵਿਚ ਵਾਧਾ ਹੀ ਵਾਧਾ ਹੈ, ਸੁਖ ਦਾ ਵਾਧਾ ਹੈ, ਰਚਨਾ ਰਚੀ ਗਈ ਦਾ ਪ੍ਰਯੋਜਨ ਕਦੇ ਦੁਖ ਨਹੀਂ ਹੋ ਸਕਦਾ। ਜਿਸ ਨੇ ਰਚੀ ਹੈ ਸੁਖਾਂ ਲਈ, ਸੁਖਾਂ ਦੇ ਵਾਧੇ ਲਈ। ਦੁਖ


www.sikhbookclub.com

ਸਾਡਾ ਸਹੇੜ ਹਨ-ਹੁਕਮੋਂ ਘੁੱਸਕੇ। ਸੋ ਜਿਸ ਹਾਲ ਜਿਵੇਂ ਤੇ ਜਿਥੇ ਮਿਲਾਂਗੇ ਉਹ ਸਭ ਸੁਖ ਰੂਪ ਹੋਵੇਗਾ। ਜਤਨ ਇਹ ਲੋੜੀਏ ਕਿ ਏਥੋਂ ਨੀਵੇਂ ਜਾਣ ਵਾਲੇ ਔਗੁਣਾਂ ਦੀ ਪੋਟ ਬੰਨ੍ਹ ਕੇ ਨਾਲ ਨਾ ਲੈ ਤੁਰੀਏ, ਸਾਈਂ ਦੇ ਪਜਾਰ ਦੀ ਕਮਾਈ ਨਾਲ ਲੈ ਚਲੀਏ[੮੪]।

ਹੰਸੋ-ਰੱਬ ਦਾ ਪਿਆਰ ਕਿਹੜਾ ਸੌਖਾ ਹੈ ਅੰਮਾਂ!

ਵਿਰਾਈ-ਸਾਡੇ ਗੁਰੂ ਨੇ ਤਾਂ ਸੌਖਾ ਕਰ ਦਿੱਤਾ ਹੈ। (੧) ਦੇਖ ਮਾੜੇ ਕਰਮਾਂ ਤੋਂ ਬਚਣਾ ਇਕ ਗੱਲ ਹੇ : (੨) ਉਸ ਦੀ ਬਾਣੀ ਪੜ੍ਹਕੇ ਮਨ ਨੂੰ ਲਾ ਕੇ ਕਰਤਾ ਪੁਰਖ ਨਿਰੰਕਾਰ ਦੀ ਸਿਫਤ ਸਲਾਹ ਕਰਨੀ ਦੂਜੀ ਗੱਲ ਏ, (੩) ਉਸ ਦੇ ਬਖਸ਼ੇ ਨਾਮ ਨੂੰ ਜਪਕੇ ਸਿਮਰਨ ਬਣਾ ਲੈਣਾ ਜੋ ਉਸ ਦੀ ਯਾਦ ਸਾਨੂੰ ਉਸ ਨਾਲੋਂ ਵਿੱਥ ਤੇ ਨਾ ਜਾਣ ਦੇਵੇ, ਇਹ ਤੀਜੀ ਗੱਲ ਏ[੮੫]। ਇਉਂ ਕਰੀਦਾ ਹੈ ਪਜਾਰ ਉਸ ਨੂੰ। ਪਜਾਰ ਪਿਆਰੇ ਨਾਲ ਮਿਲਾ ਦੇਂਦਾ ਏ, ਓਹ ਹੋਇਆ ਜੁ ਪਜਾਰ ਸਰੂਪ, ਫਿਰ ਹੋਇਆ ਜੁ ਓਹ ਘਟ ਘਟ ਦਾ ਵਾਸੀ; ਉਸਦੇ ਤੇ ਸਾਡੇ ਵਿਚਾਲੇ ਪਰਦਾ ਹੀ ਭੁੱਲ ਦਾ ਹੈ, ਸੋ ਓਸੇ ਦੀ ਬਖਸ਼ੀ ਯਾਦ ਨਾਲ ਆਖੋ, ਸਿਮਰਨ ਨਾਲ ਆਖੋ, ਨਾਮ ਨਾਲ ਆਖੋ, ਭੁੱਲ ਨੂੰ ਕੱਪ ਘੱਤਿਆ। ਫੇਰ ਜਗਤ ਦੇ ਸੁਖਾਂ ਤੋਂ ਬੀ ਜੋਗੀਆਂ ਵਾਂਙ ਨਾ ਵਾਂਞੇ ਗਏ। ਘਰ ਵਿਚ ਰਹੇ, ਧਰਮ ਕਿਰਤ ਕੀਤੀ, ਖਾਧਾ, ਵੰਡਿਆ, ਅਦੋਸ਼ ਸੁਖ ਸਾਰੇ ਮਾਣੇ। ਜਿਸ ਵਾਹਿਗੁਰੂ ਨੇ ਸਭ ਕੁਝ ਦਿੱਤਾ ਵੁਸਦਾ ਸ਼ੁਕਰ ਕੀਤਾ, ਮਨੋ ਨਾ ਵਿਸਾਰਿਆ। ਉਸ ਦੀ ਦਿੱਤੀ ਦਾਤ ਨਾਲੋਂ ਓਸ ਦਾਤੇ ਨੂੰ ਵਧੀਕ ਪਿਆਰ ਕੀਤਾ, ਜਦੋਂ ਦੇਹ ਤੋਂ ਛੁੱਟੀ ਮਿਲੀ ਫੇਰ ਸੁਰਤ ਆਪੇ ਉਸ ਪਜਾਰੇ ਕੋਲ ਲੈ ਜਏਗੀ[੮੬], ਕਿਸ ਹਾਲ, ਕਿਸ ਰੰਗ, ਕਿਵੇਂ? ਉਹ ਜਾਣਦਾ ਹੈ। ਇਹ ਨਿਸਚੇ ਹੈ ਕਿ ਸਾਂਈਂ ਰੰਗ ਰਤੇ ਗਿਆਂ ਜੋ ਹੋਊ ਹੁਣ ਤੋਂ ਚੰਗਾ ਹੋਊ!

ਹੰਸੋ-ਜੀਉਂਦੀ ਰਹੇ ਸਦਾ ਮੇਰੀ ਮਾਂ! ਮੈਂ ਮੂਰਖ ਨੂੰ ਕਿੱਡੀ ਸੁਹਣੀ ਤਰ੍ਹਾਂ ਸਮਝਾਇਆ ਈ, ਡਰ ਲੱਥਾ ਬੀ ਆ, ਪਰ ਅਜੇ ਨਹੀਂ ਬੀ ਲੱਥਾ, ਤੇਰਾ ਤਾਂ ਸਾਰਾ ਲਹਿ ਗਿਆ ਏ ਨਾ ਮਾਂ ਜੀ!

ਵਿਰਾਈ-ਇਕ ਦਿਨ ਇਸੇ ਤਰ੍ਹਾਂ ਦੀ ਡਰ ਦੀ ਕੋਈ ਗੱਲ ਮੈਂ ਬੀ ਗੁਰੂ ਅੰਗਦ ਦੇਵ ਜੀ ਨੂੰ ਆਖੀ ਸੀ, ਉਹਨਾਂ ਨੇ ਉਤਰ ਵਿਚ ਆਪਣਾ ਸਲੋਕ ਉਚਾਰਿਆ ਸੀ :-

ਜਿਨਾ ਭਉ ਤਿਨ੍ ਨਾਹਿ ਭਉ
ਮੁਚੁ ਭਉ ਨਿਭਵਿਆਹ॥
ਨਾਨਕ ਏਹੁ ਪਟੰਤਰਾ
ਤਿਤੁ ਦੀਬਾਣਿ ਗਇਆਹ॥੧॥

(ਵਾਰ ਸੂਹੀ ਮਹਲਾ ੨-੭)

ਹੰਸੋ-ਇਹਦਾ ਦੇਹ ਅਰਥ!

ਵਿਰਾਈ-'ਜਿਨ੍ਹਾਂ ਨੂੰ ਡਰ ਹੈ, ਉਹਨਾਂ ਨੂੰ ਡਰ ਨਹੀਂ, ਪਰ ਜੋ ਨਿਡਰ ਹਨ, ਉਹਨਾਂ ਲਈ ਬਹੁਤ ਭਾਰੀ ਡਰ ਹੈ', ਉਸ ਕਰਤਾ ਪੁਰਖ ਦੀ ਦਰਗਾਹ ਵਿਚ ਗਿਆਂ ਇਹ ਨਿਰਣਾ ਹੋਣਾ ਈ[੮੭]!

ਹੰਸੋ-ਤੁਸੀਂ ਤਾਂ ਕਹਿੰਦੇ ਸੀ ਮੌਤ ਤੋਂ ਬੇ ਡਰ ਹੋਣਾ ਹੈ ਤੇ ਮੈਂ ਤਤੀ ਨੂੰ ਡਰ ਪਿਆ ਲਗਦਾ ਏ, ਡਰ ਲਗਣਾ ਫੇਰ ਚੰਗਾ ਹੋਇਆ ਨਾ?

ਵਿਰਾਈ-ਦੇਖ! ਬੀਬਿਆ! ਇਕ ਡਰ ਹੈ ਮੌਤ ਦਾ-ਹਾਇ ਨਾ ਮਰੀਏ, ਜਿੰਦ ਨੂੰ ਚੰਬੜ ਚੰਖੜ ਕੇ ਡਰੀਦਾ ਹੈ ਕਿ ਹਾਏ ਮਰਨੇ ਨਾਲ ਇਹ ਮੁੱਕ ਜਾਸੀ, ਇਹ ਡਰ ਤਾਂ ਜਿੱਤਣਾ ਹੈ। ਦੂਜਾ ਡਰ ਏ ਕਰਤਾਰ ਦਾਤਾਰ ਦਾ। ਜਿਵੇਂ ਬੱਚੇ ਦਾ ਮਾਂ ਨਾਲ ਹੁੰਦਾ ਏ ਪਜਾਰ, ਪਰ ਪਿਉ ਨਾਲ ਹੁੰਦਾ ਏ ਪਜਾਰ ਤੇ ਕੁਛ ਉਸ ਦਾ ਡਰ, ਜਿਸ ਕਰਕੇ ਬਾਲ ਮਾੜੇ ਕੰਮ ਨਹੀਂ ਕਰਦਾ, ਤਿਵੇਂ ਕਰਤਾਰ ਦਾ ਭਾਉ(ਪ੍ਰੇਮ) ਤੇ ਭਉ(ਡਰ) ਦੋਵੇਂ ਹੁੰਦੇ ਹਨ। ਜਿਨ੍ਹਾਂ ਨੂੰ ਮੌਤ ਦਾ ਭਉ ਆਉਂਦਾ ਹੁੰਦਾ ਹੈ; ਡਰਦੇ ਖਪਦੇ ਹਨ। ਪਰ ਜੇ ਇਹ ਡਰ ਜਿੱਤਣਾ ਚਾਹੁਣ ਤਾਂ ਓਹ ਮੌਤ ਬਰਹੱਕ ਸਮਝ ਕੇ ਪਰਮੇਸ਼ੁਰ ਦਾ ਭਉ ਧਾਰਦੇ ਹਨ, ਓਹ ਮਾੜੇ ਕਰਮ ਨਹੀਂ ਕਰਦੇ, ਹਾਂ ਉਨ੍ਹਾਂ ਦੇ ਕਰਮ ਨਿਰਮਲ ਹੋ ਜਾਂਦੇ ਹਨ, ਓਹ ਦਰਗਾਹੇ ਜਾ ਕੇ ਨਿਰਭੈ ਹੁੰਦੇ ਹਨ। ਪਰ ਜਿਨ੍ਹਾਂ ਨੂੰ ਵਾਹਿਗੁਰੂ ਦਾ ਭਉ ਨਹੀਂ, ਓਹ ਕਰਮ ਮਾੜੇ ਕਰਦੇ ਹਨ, ਉਨ੍ਹਾਂ ਲਈ ਦਰਗਾਹੇ ਜਾ ਕੇ ਬਹੁਤ ਭਉ ਹੋ ਗਿਆ ਕਿ ਨਾ? ਫਲ ਜੁ ਦੁਖ ਆ ਲਗਣਗੇ ਆਪਣੇ ਮਾੜੇ ਕੀਤਿਆਂ ਕਰਮਾਂ ਨੂੰ।

ਹੰਸੋ-ਸੱਚ ਮਾਂ ਜੀ ਸੱਚ......(ਸੋਚ ਕੇ) ਫੇਰ ਮਾਂ ਜੀ! ਅੱਠੇ ਪਹਿਰ ਮੌਤ ਨੂੰ ਅੱਖਾਂ ਅਗੇ ਰਖੀਏ ਜੋ ਕਰਮ ਮਾੜੇ ਨਾ ਹੋਣ। ਐਉਂ ਤਾਂ ਬੰਦਾ ਬਿਨ ਆਈ ਹੀ ਪਿਆ ਸੁਕ ਸੁਕ ਮਰੇਗਾ।

ਵਿਰਾਈ (ਮੁਸਕ੍ਰਾ ਪਈ)-ਦੇਖ ਕਾਕੋ! ਥੋੜੇ ਦਿਨ ਹੋਏ ਤਾਂ ਇਕ ਦਿਨ ਗੁਰੂ ਜੀ ਨੇ ਮੇਰੇ ਬੈਠਿਆਂ ਇਕ


www.sikhbookclub.com

ਸਲੋਕ ਲਿਖਿਆ ਸੀ :-

ਜਿਨੀ ਚਲਣੁ ਜਾਣਿਆ
ਸੇ ਕਿਉ ਕਰਹਿ ਵਿਥਾਰ॥
ਚਲਣ ਸਾਰ ਨ ਜਾਣਨੀ
ਕਾਜ ਸਵਾਰਣ ਹਾਰ॥

(ਵਾਰ ਸੂਹੀ ਮਹਲਾ ੨-੭)

ਜਿਸ ਦਾ ਗੂੜ੍ਹ ਭਾਵ ਇਹ ਨਹੀਂ ਕਿ ਬੱਕਰੇ ਨੂੰ ਦਿੱਸਦੇ ਸ਼ੇਰ ਵਾਂਙੂ ਹਰ ਵੇਲੇ ਮੌਤ ਦਿੱਸਦੀ ਤੇ ਸਹਿਮਾਂ ਵਿਚ ਨੱਪੀ ਰੱਖੇ, ਸਗੋਂ ਇਹ ਕਿ ਜਿਨ੍ਹਾਂ ਨੇ ਇਹ ਗੱਲ ਸੱਚਮੁਚ ਲਖ ਲਈ ਹੈ ਇਹ ਜੀਵਨ ਸਦਾ ਦਾ ਮੁਕਾਮ ਨਹੀਂ, ਓਹ ਫਸ ਮਰਨ ਵਾਲੇ ਅਡੰਬਰ ਨਹੀਂ ਰਚਦੇ; ਜੈਸਾ ਕਿ ਗੁਰੂ ਨਾਨਕ ਦੇਵ ਜੀ ਨੇ ਬੀ ਫੁਰਮਾਇਆ ਸੀ ਕਿ ਇਹ ਜੀਵਨ ਸਦਾ ਦਾ ਮੁਕਾਮ ਨਹੀਂ, ਇਹ ਸਾਡੇ ਪਿਛਲੇ ਅਗਲੇ ਜੀਵਨ ਵਿਚ ਇਕ ਮੁਸਾਫਰੀ ਦਾ ਸਫਰੀ ਮੁਕਾਮ ਹੈ। ਮੁਕਾਮ ਉਹ ਹੈ ਜਿਥੇ ਨਿਹਚਲ ਹੋ ਕੇ ਰਹਿਣਾ ਹੈ :-

ਮੁਕਾਮੁ ਕਰਿ ਘਰਿ ਬੈਸਣਾ
ਨਿਤ ਚਲਣੈ ਕੀ ਧੋਖ॥
ਮੁਕਾਮੁ ਤਾ ਪਰੁ ਜਾਣੀਐ
ਜਾ ਰਹੈ ਨਿਹਚਲੁ ਲੋਕ॥

(ਸਿਰੀ ਰਾਗੁ ਅਸ਼ਟ: ਮਹਲਾ ੧-੧੭)

ਇਹ ਗੱਲ ਸਾਧਾਰਨ ਤੌਰ ਤੇ ਤਾਂ ਲੋਕੀਂ ਜਾਣਦੇ ਹਨ ਕਿ ਚੱਲਣਾ ਹੈ ਏਥੋਂ, ਪਰ ਓਹ ਠੀਕ ਤਰ੍ਹਾਂ ਯਾ ਸੱਚ ਕਰਕੇ ਨਹੀਂ ਜਾਣਦੇ[੯੯]। ਜੇ ਗਹੁ ਕਰਕੇ ਜਾਂ ਠੀਕ ਕਰਕੇ ਜਾਣਨ ਤਾਂ ਮਾੜੇ ਕਰਮ ਕਿਉਂ ਕਰਨ। ਜੋ ਮਾੜੇ ਕਰਦੇ ਹਨ ਓਹ ਜਾਣਦੇ ਤਾਂ ਹਨ ਪਰ ਸੱਚ ਕਰਕੇ-ਠੀਕ ਕਰਕੇ-ਨਹੀਂ ਜਾਣਦੇ। ਜਿਸਨੇ ਇਕ ਵੇਰ ਸੱਚ ਕਰ ਜਾਣ ਲਿਆ ਉਹ ਮਾੜੇ ਕੰਮ, ਉਲਝਨਾ ਦੇ ਕੰਮ, ਜੰਜਾਲਾਂ ਵਿਚ ਫਸਾ ਦੇਣ ਵਾਲੇ ਕੰਮ ਨਹੀਂ ਕਰਦਾ। ਓਹ ਨੇਕੀ ਕਰਦਾ ਤੇ ਸਿਫਤ ਸਲਾਹ ਨਾਮ ਵਿਚ ਲਗਦਾ ਹੈ[੯੯]। ਪਰ ਜਿਨ੍ਹਾਂ ਨੇ ਚਲਣਾ ਤਾਂ ਨੜੋਇਆਂ ਤੇ ਜਾਕੇ ਡਿੱਠਾ ਤੇ ਸਮਝਿਆ ਬੀ ਹੈ; ਪਰ ਘਰ ਆ ਕੇ ਚੱਲਣ ਦੀ ਸਾਰ ਨਹੀਂ ਸਮਝੀ, ਓਹ ਜੰਜਾਲਾਂ ਵਿਚ ਆਪ ਨੂੰ ਵਿਹੜਦੇ ਹਨ ਤੇ ਸਾਰੀ ਉਮਰ ਉਨ੍ਹਾਂ ਦੇ ਖੁਹਲਣ ਸਵਾਰਨ ਵਿਚ ਖਚਿਤ ਹੀ ਚਲੇ ਜਾਂਦੇ ਹਨ।

ਹੰਸੋ-ਚੱਲਣ ਦੀ ਸਾਰ ਕੀ ਹੋਈ?

ਵਿਰਾਈ-ਦੇਖ ਕਾਕੋ! ਜੇ ਮੌਤ ਨਾ ਹੁੰਦੀ ਤਾਂ ਜਗਤ ਵਿਚ ਪਾਪ, ਧੱਕਾ, ਜ਼ੋਰ ਜ਼ੁਲਮ ਹੁਣ ਤੋਂ ਬਹੁਤ ਵਧ ਹੁੰਦਾ। ਮੌਤ ਹੈ ਕਿ ਜੋ ਸਭ ਦੇ ਜੀਵਨ ਨੂੰ ਕਿਸੇ ਹੱਦਬੰਦੀ ਵਿਚ ਤੋਰਦੀ ਹੈ। ਕਿਉਂਕਿ 'ਮਰਨਾ ਹੈ' ਇਹ ਜਾਣਦੇ ਤਾਂ ਸਾਰੇ ਹਨ ਤੇ 'ਮਰਨੋਂ ਡਰਦੇ ਬੀ ਸਾਰੇ ਹਨ ਪਰ ਸਾਰ ਉਨ੍ਹਾਂ ਨੇ ਪਛਾਣੀ ਹੈ ਜਿਨ੍ਹਾਂ ਨੇ ਮੌਤ ਦਾ ਭੈ ਚੁਕਾ ਜਾਣ ਦਾ ਰਾਹ ਫੜਿਆ ਹੈ। ਮਾੜੇ ਕਰਮਾਂ ਤੋਂ ਬਚਣਾ, ਨੇਕੀ ਕਰਨੀ, ਆਪਣੇ ਆਪ ਨੂੰ ਜੋਤ ਰੂਪ ਪਛਾਣਨ ਦਾ ਉੱਦਮ ਕਰਨਾ; ਐਸੇ ਉੱਦਮ ਵਾਲਿਆਂ ਨੇ ਸਾਰ ਪਛਾਣੀ ਹੈ। ਸੋ ਜਿਨ੍ਹਾਂ ਚੱਲਣ ਦੀ ਸਾਰ ਜਾਣੀ ਹੈ, ਉਨ੍ਹਾਂ ਨੇ 'ਹਾਇ ਮੈਂ ਨਾ ਮਰਾਂ' ਦਾ ਡਰ ਜਿੱਤ ਲਿਆ ਹੈ, ਫੇਰ ਕਿਵੇਂ ਵਾਹਿਗੁਰੂ ਜੀ ਨੂੰ ਮਿਲ ਪਵਾਂ ਤੇ ਉਹ ਗੱਲਾਂ ਨਾ ਕਰਾਂ ਜਿਨ੍ਹਾਂ ਦੇ ਕਰਨੇ ਕਰਕੇ ਆਪਣੇ ਆਪੇ ਤੋਂ ਖੁੰਝ ਜਾਵਾਂ ਤੇ ਪਰਮ ਆਪੇ ਨੂੰ ਮਿਲਨੋਂ ਵਾਂਜਿਆਂ ਰਹਾਂ, ਇਹ ਨਿਰਮਲ ਭਉ ਆਪਣੇ ਮਨ ਵਿਚ ਰਖ ਲਿਆ ਹੈ; ਓਹ 'ਹਾਇ ਨ ਮਰਾਂ' ਦਾ ਮਨੋ-ਕਲੇਸ਼ ਜਿੱਤ ਲੈਂਦੇ ਹਨ।

ਹੰਸੋ-ਕਿਡੇ ਬ੍ਰੀਕ ਫਰਕ ਹੈਨ। ਅਸਾਂ ਅੱਲੜਾਂ ਨੂੰ ਕੀ ਸਾਰ। ਤਦੇ ਤੁਸੀਂ ਮਰਨੇ ਦੀਆਂ ਐਉਂ ਗੱਲਾਂ ਪਏ ਕਰਦੇ ਓ ਜਿਵੇਂ ਕਿਸੇ ਕੁੜੀ ਨੇ ਪੇਕੇ ਜਾਣਾ ਹੁੰਦਾ ਹੈ, ਰਤਾ ਡਰ ਭਉ ਨਹੀਂ।

ਵਿਰਾਈ-ਡਰ ਕਿਉਂ ਨਹੀਂ ਬੀਬਿਆ। (ਲੰਮਾ ਸਾਹ ਲੈ ਕੇ) ਮੈਂ ਕਿਸ ਬਾਗ਼ ਦੀ ਮੂਲੀ ਹਾਂ, ਵਡੇ ਵਡੇ ਪਏ ਡਰਦੇ ਹਨ :-

ਰੋਵਹਿ ਸੇਖ ਮਸਾਇਕ ਪੀਰ॥
ਅੰਤਿ ਕਾਲਿ ਮਤੁ ਲਾਗੈ ਭੀੜ॥

(ਵਾਰ ਰਾਮ: ਮ: ੧-੧੪)

ਭਾਵ ਇਹ ਕਿ 'ਕਿਵੇਂ ਸਾਡਾ ਅੰਤ ਸਵਰੇ'। ਇਹ ਭਉ ਨਿਰਮਲ ਭਉ ਹੁੰਦਾ ਹੈ ਜੋ ਭਜਨ ਬੰਦਗੀ ਵਿਚ ਲਾ ਦੇਂਦਾ ਹੈ।

ਤੂੰ ਮਖਦੂਮ ਬਹਾਉਦੀਨ ਦੀ ਸਾਖੀ ਨਹੀਂ ਸੁਣੀ, ਜੋ ਮੇਰੇ ਗੁਰੂ ਜੀ ਤੋਂ ੪੦ ਦਿਨ ਪਹਿਲੋਂ ਗੁਜ਼ਰਿਆ ਹੈ;

ਹੰਸੋ-ਮਾਂ ਜੀ! ਮੈਂ ਨਹੀਂ ਸੁਣੀ, ਤੁਸੀਂ ਸੁਣਾਓ ਨਾ!

ਵਿਰਾਈ-ਮਖਦੂਮ ਬਹਾਉਦੀਨ ਇਕ ਦਿਨ ਮੁਲਤਾਨ ਦੀ ਮਸੀਤ ਵਿਚ ਰੋ ਪਿਆ। ਮੁਰੀਦਾਂ ਪੁਛਿਆ :- ਪੀਰ ਸਲਾਮਤ, ਆਪ ਸੁਖੀਂ ਸਾਂਦੀ ਕਿਉਂ


www.sikhbookclub.com

ਰੋਏ ? ਉਨ੍ਹਾਂ ਕਿਹਾ, ਦੱਸਣ ਵਾਲੀ ਗੱਲ ਨਹੀਂ ਹੈ। ਮੁਰੀਦਾਂ ਕਿਹਾ-ਜੀ ਕਿਉਂ ਦੱਸਣ ਵਾਲੀ ਨਹੀਂ ? ਪੀਰ ਜੀ ਬੋਲੇ :- ਇਸ ਲਈ ਕਿ ਜੇ ਮੈਂ ਗੱਲ ਦੱਸੀ ਤਾਂ ਤੁਹਾਡਾ ਈਮਾਨ ਠੌਰ ਨਹੀਂ ਰਹੇਗਾ। ਉਨ੍ਹਾਂ ਨੇ ਆਖਿਆ: ਪੀਰ ਜੀ ਦੱਸੋ ਤਾਂ ਸਹੀ। ਪੀਰ ਨੇ ਕਿਹਾ : ਇਕ ਹਿੰਦੂ ਹੈ, ਜਦ ਬਹਿਸ਼ਤਾਂ ਵਿਚ ਆਵੇਗਾ ਤਾਂ ਉਜਾਲਾ ਹੋਵੇਗਾ ਤੇ ਬਹਿਸ਼ਤਾਂ ਹੋਰ ਰੌਸ਼ਨ ਹੋਣਗੀਆਂ। ਤਦ ਸਭ ਦਾ ਈਮਾਨ ਹਿੱਲ ਗਿਆ। ਆਖਣ ਲੱਗੇ ਹਿੰਦੂ ਤੇ ਬਹਿਸ਼ਤ ਹਰਾਮ ਦੱਸੀਦਾ ਹੈ, ਤੁਸਾਂ ਜੀ ਦਾ ਕਿਹਾ ਕਿਵੇਂ ਸੱਚ ਜਾਣੀਏ ? ਪੀਰ ਨੇ ਇਕ ਰੁੱਕਾ ਲਿਖ ਦਿੱਤਾ ਤੇ ਕਿਹਾ : ਕਿਸੇ ਆਲਮ ਨੂੰ ਘੱਲੋ ਨਾਨਕ ਗੁਰੂ ਦਾ ਟਿਕਾਣਾ ਪੁੱਛਦਾ ਰਾਵੀ ਕੰਢੇ ਕਰਤਾਰਪੁਰ ਜਾਵੇ ਤੇ ਜੁਆਬ ਲਿਆਵੇ ਮੇਰੇ ਰੁੱਕੇ ਦਾ, ਫੇਰ ਤੁਸਾਂ ਨੂੰ ਥਹੁ ਪੈ ਜਾਸੀ। ਸੋ ਇਕ ਆਲਮ ਘੱਲਿਆ ਗਿਆ।

ਹੰਸੋ-ਆਲਮ ਕੀ ਹੁੰਦਾ ਏ ?

ਵਿਰਾਈ-ਪੜ੍ਹਿਆ ਗੁੜ੍ਹਿਆ ਕੋਈ ਵਿਦਜਾਵਾਨ। ਸੋ ਬੀਬੀ ਉਨ੍ਹਾਂ ਦਾ ਘੱਲਿਆ ਇਕ ਆਦਮੀ ਕਰਤਾਰਪੁਰ ਆਇਆ ਤੇ ਆ ਕੇ ਬਾਹਰ ਬਹਿ ਗਿਆ, ਪਿੰਡੋਂ ਵਿੱਥ ਤੇ, ਕਿ ਜੇ ਹਿੰਦੂ ਫਕੀਰ ਪੂਰਾ ਹੈ ਤਾਂ ਮੈਨੂੰ ਆਪ ਸੱਦ ਘੱਲੇ ? ਇਧਰ ਗੁਰੂ ਜੀ ਜਾਣੀ ਜਾਣ, ਉਨ੍ਹਾਂ ਨੇ ਇਕ ਆਦਮੀ ਘੱਲਿਆ ਕਿ ਜਾਓ ਬਾਗੇ ਵਿਚ ਮਖਦੂਮ ਬਹਾਉਦੀਨ ਦਾ ਇਕ ਏਲਚੀ ਬੈਠਾ ਹੈ, ਉਸ ਨੂੰ ਸੱਦ ਲਿਆਓ। ਜਾਂ ਆਲਮ ਨੂੰ ਸੁਨੇਹਾ ਪੁੱਜਾ ਤਾਂ ਦਿਲ ਦੀ ਬੁੱਝੀ ਗਈ ਜਾਣਕੇ ਈਮਾਨ ਆ ਗਿਆ ਕਿ ਇਹ ਰੱਬ ਦਾ ਪਿਆਰਾ ਦਿਲਾਂ ਦੀਆਂ ਜਾਣਦਾ ਹੈ। ਤੁਰ ਪਿਆ ਤੇ ਆ ਗੁਰੂ ਜੀ ਨੂੰ ਸਿਜਦਾ ਕਰਕੇ ਰੁੱਕਾ ਅੱਗੇ ਰਖਿਆ। ਗੁਰੂ ਬਾਬੇ ਨੇ ਵਾਚਿਆ। ਲਿਖਿਆ ਸੀ :-

"ਜੋ ਅਸਾਂ ਲੱਦਣ ਲਦਿਆਂ ਸਾਡੀ ਬੀ ਕਰਿ ਜਾਇ। ਗੁਰੂ ਜੀ ਆਪ ਜਦੋਂ ਚਲੋ ਸਾਨੂੰ ਨਾਲ ਲੈ ਚੱਲਣਾ। ਇਕੱਠੇ ਖੁਦਾਇ ਦੀ ਦਰਗਾਹ ਜਾਈਏ।" (ਪੁਰਾਤਨ ਜਮਲ ਸਾਖੀ)

ਗੁਰੂ ਜੀ ਜੁਆਬ ਲਿਖਿਆ :-

"ਜੋ ਭਰਿਆ ਸੋ ਲਦਸੀ ਸਭਨਾ ਹੁਕਮ ਰਜਾਇ॥
ਨਾਨਕ ਤੇ ਮੁਖ ਉਜਲੇ ਚਲੇ ਹੁਕਮ ਕਮਾਇ॥"

(ਪੁਰਾਤਨ ਜ਼ਨਮ ਸਾਖੀ)

ਫੇਰ ਲਿਖਿਆ :-

"ਜੋ ਤੁਸੀਂ ਚਲਹੁ ਅਸੀਂ ਭੀ ਆਵਹਿੰਗੇ ਚਾਲੀ ਦਿਨ ਪਿਛੈ।" (ਪੁਰਾਤਨ ਜਨਮ ਸਾਖੀ)

ਆਲਮ ਇਹ ਰੁੱਕਾ ਲੈ ਕੇ ਦੇਸ਼ ਆ ਗਿਆ ਤਾਂ ਪੀਰ ਜੀ ਦੇ ਅੱਗੇ ਆ ਰੱਖਿਆ। ਜਾਂ ਇਹ ਰੁੱਕਾ ਪੀਰ ਜੀ ਨੇ ਪੜ੍ਹਿਆ ਤਾਂ ਫੇਰ ਰੋ ਪਿਆ। ਮੁਰੀਦਾਂ ਪੁਛਿਆ ਹੁਣ ਕਿਉਂ ਰੋਏ ਪੀਰ ਜੀ ! ਹੁਣ ਤਾਂ ਆਲਮ ਦੇਖ ਆਇਆ, ਮੁਆਜ਼ਮਾ ਲੈ ਆਇਆ, ਸਾਡਾ ਈਮਾਨ ਠੌਰੇ ਆ ਗਿਆ ਹੈ ਕਿ ਨਾਨਕ ਨਬੀ ਹੈ ਪੂਰਾ। ਪੀਰ ਨੇ ਕਿਹਾ ਉਹਨਾਂ ਦੇ ਲਿਖੇ ਮੁਜਬ ਮੈਂ ੪੦ ਦਿਨ ਪਹਿਲੇ ਜਾਣਾ ਹੈ : ੪੦ ਦਿਨ ਹਨੇਰੇ ਰਹਿਣਾ ਪਵੇਗਾ, ਏਹ ਦਿਨ ਕੀਕੁਣ ਗੁਜਰਾਨ ਹੋਵਣਗੇ। ਜੇ ਉਨ੍ਹਾਂ ਦੇ ਨਾਲ ਮੈਂ ਚੱਲਦਾ ਤਾਂ ਸੁਖੱਲਾ ਚਾਨਣੇ ਨਾਲ ਜਾਂਦਾ। ਇਹ ਕਹਿ ਕੇ ਪੀਰ ਜੀ ਨੇ ਦੇਹ ਤਿਆਗੀ।

ਬੀਬਿਆ ! ਐਡੈ ਐਡੈ ਪੀਰਾਂ ਨੂੰ ਲੋੜਾਂ ਹਨ, ਓਹ ਡਰਦੇ ਤੇ ਆਪਣੇ ਤੋਂ ਵੱਡੇ ਦੇ ਆਸਰੇ ਟੋਲਦੇ ਹਨ, ਮੈਂ ਤਾਂ ਗ੍ਰੀਬ ਭੁੱਲਣਹਾਰ ਹਾਂ।

ਹੰਸੋ-ਪਰ ਜਿਸ ਗੁਰ ਨਾਨਕ ਦੇ ਚਾਨਣੇ ਦੀ ਪੀਰ ਨੂੰ ਤਾਂਘ ਸੀ, ਉਸੇ ਗੁਰੂ ਦਾ ਚਾਨਣਾ ਤੁਸਾਨੂੰ ਤਾਂ ਮਿਲਿਆ ਹੋਇਆ ਹੇ।

ਵਿਰਾਈ-ਮੈਂ ਆਪਣੇ ਤਾਣ ਤਾਂ ਨਿਤਾਣੀ ਹਾਂ ਗੁਰੂ ਨਾਨਕ ਦੇ ਤਾਣ ਸਤਾਣੀ ਹਾਂ। ਜਦੋਂ ਮੈਨੂੰ ਗੁਰੂ ਅੰਗਦ ਦੇਵ ਜੀ ਨੇ ਮੇਰਾ ਚੱਲਣ ਸਮਾਂ ਆ ਗਿਆ ਦੱਸਿਆ ਤਾਂ ਮੈਂ ਕਿਹਾ ਜਿਸ ਰਾਹੇ ਮਖਦੂਮ ਵਰਗੇ ਕੰਬੇ, ਦਾਤਾ ! ਆਪਣੇ ਚਾਨਣੇ ਮੈਨੂੰ ਉਸ ਰਾਹੇ ਪਾਰ ਲੰਘਾਉਣਾ। ਤਾਂ ਗੁਰੂ ਜੀ ਬੋਲੇ :-

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਵਾਰ ਆਸਾ ਮਹਲਾ: ੨-੧)

ਮੈਂ ਕਿਹਾ ਹੇ ਮੇਰੇ ਗੁਰੂ ! ਹੇ ਮੇਰੇ ਆਪਣੇ ਗੁਰੂ ਆਪਣੇ ਚਾਨਣੇ ਪਾਰ ਲੰਘਾ ! ਤਾਂ ਬੋਲੇ : ਮੇਰੇ ਗੁਰੂ ! ਨਾਨਕ ਦਾ ਚਾਨਣਾ ਤੇਰੇ ਅੰਗ ਸੰਗ ਹੈ। ਮੈਂ ਫੇਰ ਕਿਹਾ : ਦਾਤਾ ! ਅੰਤ ਕਾਲ ਪੀੜ ਨਾ ਲੱਗੇ, ਸਹਿਲੇ ਪਾਰ ਲੰਘਾਓਣਾ, ਆਪ ਲੰਘਾਵੀਂ ਦਾਤਾ ਗੁਰੂ ! ਗੁਰੂ ਨਾਨਕ ਦੇ ਪਜਾਰੇ ! ਤਦ ਆਪ ਬੁੱਲ੍ਹਾਂ ਨਾਲ ਤਾਂ ਮੁਸਕ੍ਰਾਏ, ਪਰ ਜਲ ਪੀਂਦੇ ਨੈਣਾਂ ਨਾਲ ਆਪੇ ਵਿਚ

ਮਗਨ ਹੋ ਗਏ।

ਮੈਂ ਸਮਝ ਗਈ ਦਾਤਾ ਮੈਨੂੰ ਪਾਰ ਕਰੇਗਾ। ਬੀਬੀ! ਇਹ ਜੀਵਨ ਬੇੜੀ ਵਾਂਙੂ ਡੋਲਦੀ ਸ਼ੈ ਹੈ, ਪਾਣੀ ਤੇ ਤਰਦੀ, ਪਾਰ ਨੂੰ ਟੁਰੀ ਜਾਂਦੀ ਬੀ ਧਰਤੀ ਵਾਂਗੂ ਅਡੋਲ ਹੋਕੇ ਤਾਂ ਨਹੀਂ ਨਾਂ ਟੁਰਦੀ, ਭਾਵੇਂ ਕਿੰਨੀ ਮੱਧਮ ਹੋਵੇ, ਪਰ ਡੋਲ ਹੁੰਦੀ ਹੀ ਹੈ।

ਲੈ ਹੁਣ ਤੇਰੇ ਨਾਲ ਦਿਲ ਦੀਆਂ ਲੈ ਦੇ ਲਈਆਂ ਹਨ, ਕੱਲ੍ਹ ਆਵੀਂ ਤੈਨੂੰ ਮਾਤਾ ਜੀ ਦੇ ਸਪੁਰਦ ਕਰ ਦਿਆਂ। ਗੁਰਮੁਖ ਮਾਤਾ ਜੀ ਦਾ ਮੇਲ ਰੱਖੀਂ, ਗੁਰੂ ਨੂੰ ਹਰ ਵੇਲੇ, ਹਰ ਥਾਂ ਨਹੀਂ ਮਿਲ ਪੁੱਛ ਸਕੀਦਾ, ਗੁਰਮੁਖ ਦਾ ਮੇਲ ਸੌਖਾ ਹੁੰਦਾ ਹੈ[੬੦], ਗੁਰਮੁਖ ਗੁਰ ਨਾਨਕ ਦਾ ਸਾਜਿਆ ਹੁੰਦਾ ਹੈ, ਜਿਵੇਂ ਜੋਗੀਆਂ ਵਿਚ ਸਿੱਧ, ਸਿਖਾਂ ਵਿਚ ਗੁਰਮੁਖ। ਗੁਰਮੁਖ ਦੇ ਸੰਗ ਨਾਲ ਜਪ ਤਪ ਨਾਮ ਸਿਫਤ ਸਲਾਹ ਸਾਰੇ ਕਾਜ ਸੁਹੇਲੜੇ ਹੁੰਦੇ ਹਨ। ਗੁਰਮੁਖ ਸਹਾਈ ਹੁੰਦਾ ਏ, ਉਪਕਾਰੀ ਹੁੰਦਾ ਏ। ਹੈਂ, ਜੇ ਫੇਰ ਪੁੱਛੇਂ ਕਿ ਗੁਰਮੁਖ ਕੀ ਹੁੰਦਾ ਹੈ? ਇਹ ਗੁਰੂ ਨਾਨਕ ਦੇਵ ਜੀ ਦੀ ਸਿੱਧ ਗੋਸ਼ਟ ਵਿਚ ਆਪ ਜੀ ਨੇ ਆਪ ਦੱਸਿਆ ਹੈ, ਇਹ ਪੋਥੀ ਗੁਰੂ ਅੰਗਦ ਦੇਵ ਜੀ ਨੇ ਅਜਿਤੇ ਰੰਧਾਵੇ ਤੋਂ ਮੰਗਾਵਾ ਲਈ ਹੈ। ਹੁਣ ਇਸ ਦੀ ਕਥਾ ਰਖੀ ਜਾਣੀ ਏਂ, ਤੂੰ ਪਤੀ ਸਮੇਤ ਆ ਕੇ ਸੁਣਿਆ ਕਰੀਂ; ਫੇਰ ਤੈਨੂੰ ਸਾਰ ਆ ਜਾਸੀ ਗੁਰਮੁਖ ਕੀ ਹੁੰਦਾ ਏ? ਫੇਰ ਤੂੰ ਗੁਰਮੁਖ ਤੇ ਮਨਮੁਖ ਨੂੰ ਪਛਾਣ ਲਿਆ ਕਰਸੇਂ। ਸੋ ਗੁਰਮੁਖ ਦਾ ਸੰਗ ਕਰਦੀ, ਗੁਰੂ ਬਾਣੀ, ਵਿਚ ਦੱਸੇ ਚਾਨਣੇ ਵਿਚ ਟੁਰਦੀ ਕਦੇ ਤੂੰ ਵੀ ਗੁਰਮੁਖ ਹੋ ਜਾਸੇਂ।

## ੨੩. ਸਚਖੰਡ ਪਿਆਨੇ।

ਛੋਟੀ ਉਮਰੇ ਪੇਕੇ ਘਰ ਵਿਚ ਫੇਰੂ ਮੱਲ ਜੀ ਨੂੰ ਮਾਈ ਵਿਰਾਈ 'ਵੀਰ ਜੀ' ਸੱਦਦੀ ਤੇ ਸੱਕੀਆਂ ਭੈਣਾਂ ਵਾਲਾ ਹਿਤ ਕਰਦੀ ਹੁੰਦੀ ਸੀ। ਦੁਇ ਧਾਰਮਿਕ ਝੁਕਾਉ ਵਾਲੇ ਜੁ ਸਨ, ਇਸੇ ਕਰਕੇ ਸ੍ਰੀ ਲਹਿਣਾ ਜੀ ਉਨ੍ਹਾਂ ਨੂੰ ਭੂਆ ਜੀ ਸੱਦਦੇ ਹੁੰਦੇ ਸਨ। ਜਦੋਂ ਮਤੇ ਦੀ ਸਰਾਂ ਉੱਜੜ ਗਈ ਤੇ ਪੇਕਾ ਵਰਿਵਾਰ ਸਮਾਪਤ ਹੋ ਗਿਆ ਤਾਂ ਮਾਈ ਨੂੰ ਪੇਕੇ ਪਰਿਵਾਰ ਦੀ ਪਿਆਰੀ ਨਿਸ਼ਾਨੀ ਇਹ ਧਰਮ ਵੀਰ ਹੀ ਰਹਿ ਗਿਆ ਸੀ। ਜਦੋਂ ਫੇਰੂ ਮੱਲ ਜੀ ਬੀ ਚੱਲ ਬਸੇ ਤਾਂ ਮਾਈ ਸ੍ਰੀ ਲਹਿਣਾ ਜੀ ਨੂੰ ਵੀਰ ਕਰਕੇ ਪਜਾਰਨ ਤੇ ਬਲਾਉਣ ਲਗ ਪਈ। ਜਦੋਂ ਗੁਰੂ ਬਾਬੇ ਨੇ ਇਸ ਵੀਰ ਨੂੰ ਗੱਦੀ ਬਖਸ਼ ਦਿੱਤੀ ਤੇ ਆਪ ਮਾਈ ਦੇ ਘਰ ਆ ਛੁਪੇ ਤਾਂ ਮਾਈ ਨੇ ਉਹ ਸਿੰਘਾਸਨ, ਜਿਸ ਉਤੇ ਗੁਰੂ ਨਾਨਕ ਦੇਵ ਜੀ ਨੂੰ ਬਿਠਾਇਆ ਕਰਦੀ ਸੀ, ਗੁਰੂ ਅੰਗਦ ਦੇਵ ਜੀ ਦੇ ਪੇਸ਼ ਕੀਤਾ ਤੇ ਗੁਰੂ ਕਾ ਹੁਕਮ ਦੱਸਕੇ ਬਿਠਾਇਆ[੬੧]। ਹੁਣ ਤੋਂ ਮਾਈ ਆਪ ਜੀ ਨੂੰ ਸ੍ਰੀ ਗੁਰੂ ਜੀ ਕਰਕੇ ਮੰਨਣ, ਪੂਜਣ ਤੇ ਬੁਲਾਉਣ ਲੱਗ ਪਈ। ਇਸੇ ਤਰ੍ਹਾਂ ਗੁਰੂ ਜੀ ਨੂੰ ਬੀ ਮਾਈ ਨਾਲ ਪਹਿਲੀ ਸਾਕੇਦਾਰੀ ਵਰਗਾ ਪਿਆਰ ਸੀ ਜਿਵੇਂ ਸਕੀਆਂ ਭੂਆਂ ਭੈਣਾਂ ਨਾਲ ਹੁੰਦਾ ਹੈ। ਜਦੋਂ ਆਪ ਕਰਤਾਰਪੁਰ ਅੱਪੜੇ ਤਾਂ ਸਮਝ ਪਈ ਕਿ ਮਾਈ ਤਾਂ ਗੁਰਮੁਖ ਪਦ ਵਾਲੀ ਮਾਈ ਹੈ। ਜਦੋਂ ਆਪ ਆਤਮ ਅਵਸਥਾ ਵਿਚ ਗੁਰੁ ਪਦ ਦੀ ਪਾਰ ਗਿਰਾਮੀ ਅਵਸਥਾ ਤੇ ਪੁੱਜ ਗਏ ਤਾਂ ਮਾਈ ਦੀ ਆਤਮ ਅਰੂੜ ਅਵਸਥਾ ਬੀ ਹਸਤਾਮਲ ਵਤ ਦਿੱਸ ਪਈ ਸੀ। ਸੋ ਇਹ ਸਨੇਹ ਆਤਮਕ ਸਨੇਹ ਬਣ ਗਿਆ। ਇਸੇ ਤਰ੍ਹਾਂ ਮਾਈ ਹੁਣ ਆਪ ਜੀ ਨੂੰ ਸਾਖਜਾਤ ਗੁਰੂ ਨਾਨਕ ਸਮਝਦੀ ਸੀ ਤੇ ਆਪ ਜੀ ਮਾਈ ਨੂੰ ਗੁਰੂ ਕੀ ਤਾਰੀ ਹੋਈ ਗੁਰਮੁਖ ਦੇਖਦੇ ਤੇ ਪੂਰਨ ਮਹਾਤਮਾਂ ਸਮਝਦੇ ਸੇ। ਇਸ ਤਰ੍ਹਾਂ ਦਿਨ ਸੁਹਣੇ ਰੰਗਾਂ ਵਿਚ ਲੰਘ ਰਹੇ ਸਨ, ਕਿ ਇਕ ਦਿਨ ਮਾਈ ਨੇ ਸਾਹਿਬਾਂ ਨੂੰ ਕਿਹਾ ਕਿ ਮੇਰੇ ਦੇਹੁੰ ਹੁਣ ਥੋੜੇ ਲਗਦੇ ਹਨ! ਸਾਹਿਬਾਂ ਨੇ ਕਿਹਾ ਐਸਾ ਹੀ ਹੁਕਮ ਹੈ। ਗੁਰੂ ਜੀ ਮਾਈ ਦੀ ਆਤਮ ਅਰੂੜ ਅਵਸਥਾ ਦੇ ਜਾਣੂ ਸੇ ਤਾਂ ਹੀ ਦੱਸ ਦਿਤੋ ਨੇ। ਮਾਈ ਬੀ ਸੁਣਕੇ ਘਬਰਾਈ ਨਹੀਂ; ਸ਼ੁਕਰ ਮੰਨਿਆਂ ਕਿ ਦਾਤੇ ਨੇ ਮਿਹਰ ਕੀਤੀ ਹੈ ਜੋ ਤਯਾਰੀ ਲਈ ਸਮਾਂ ਦੇ ਦਿੱਤਾ ਹੈ ਤੇ ਸ਼ੁਕਰ ਹੈ ਕਿ ਮੈਂ ਪਰਿਵਾਰ ਵਿਚੋਂ ਤੇ ਸਤਿਸੰਗ ਵਲੋਂ ਭਰਿਆ ਮੇਲਾ ਛੱਡਣ ਲੱਗੀ ਹਾਂ। ਸਭ ਤੋਂ ਪਹਿਲਾਂ ਗੁਰਮੁਖ ਵਿਰਾਈ ਨੇ ਹੰਸੋ ਨੂੰ ਤਿਆਰ ਕੀਤਾ ਤੇ ਉਸ ਦੀ ਸਪੁਣੀ ਮਾਤਾ ਜੀ ਨੂੰ ਕੀਤੀ!

ਮਾਈ ਨੇ ਜਿਵੇਂ ਹੰਸੋ ਨਾਲ ਲੰਮੀ ਵੀਚਾਰ ਕੀਤੀ ਤੇ ਉਸ ਤੋਂ ਵਾਂਢੇ ਟੁਰਨ ਵਾਲੇ ਵਾਂਗੂ ਵਿਦੈਗੀ ਲੀਤੀ, ਇਸੇ ਤਰ੍ਹਾਂ ਆਪਣੇ ਨਿਜ ਪਰਿਵਾਰ ਤੇ ਪਿਆਰਿਆਂ ਨਾਲ ਗੱਲਾਂ ਬਾਤਾਂ ਕਰਕੇ ਵਿਦੈਗੀ ਲਈ।

 www.sikhbookclub.com

ਸਭਨਾਂ ਨਾਲ ਵਿਵਹਾਰਕ ਗੱਲਾਂ ਵੀ ਮੁਕਾ ਲਈਆਂ ਤੇ ਦੇਣੇ ਦਿਵਾਣੇ ਬੀ ਦੇ ਦਿੱਤੇ, ਹਰ ਤਰ੍ਹਾਂ ਦੀ ਸੁਰਖਰੋਈ ਕਰਕੇ ਤੇ ਸਭ ਦੇ ਮਨ ਆਪਣੀ ਵਲੋਂ ਟਿਕਾ ਕੇ ਮਾਈ ਨੇ ਕਹਿ ਦਿੱਤਾ ਕਿ ਹੁਣ ਮੇਰੇ ਨਾਲ ਕੋਈ ਵਿਵਹਾਰਕ ਗਲ ਬਾਤ ਨਾ ਕਰੇ। ਹੁਣ ਜੇ ਕੋਈ ਕਰਦਾ ਤਾਂ ਮਾਈ ਆਖਦੀ ਮੈਂ ਮੁਸਾਫਰ ਹਾਂ, ਮੁਸਾਫਰਾਂ ਨਾਲ ਨੇਹੁੰ ਨਹੀਂ ਲਾਈਦੇ[੬੨]; ਮੇਰੇ ਧਜਾਨ ਨੂੰ ਅੰਦਰੋਂ ਬਾਹਰ ਨੂੰ ਨਾ ਖਿੱਚੋ, ਇਸ ਨੂੰ ਆਪਣੇ ਵਿਚ ਕੱਠਾ ਹੋਣ ਦਿਓ। ਮੈਨੂੰ ਸਮਝੋ ਤੀਰਥ ਯਾਤ੍ਰਾ ਨੂੰ ਚੱਲੀ ਹਾਂ, ਮੇਰੇ ਜਾਣੇ ਦਾ ਸ਼ੋਕ ਨਹੀਂ ਕਰਨਾ, ਕਿਵੇਂ ਤੀਰਥਾਂ ਤੇ ਸੱਜਣਾਂ ਨੂੰ ਸ਼ਗਨਾਂ ਸੁਆਰਥਾਂ ਨਾਲ ਟੋਰੀਦਾ ਹੈ ਤੇ ਰੁਦਨ ਨਹੀਂ ਕਰੀਦਾ: ਸੁਖ ਮਨਾਈਦਾ ਹੈ ਕਿ ਰਾਜ਼ੀ ਖੁਸ਼ੀ ਘਰ ਮੁੜ ਆਵੇ, ਤਿਵੇਂ ਤੁਸੀਂ ਸੁਖਾਂ ਮਨਾਓ ਕਿ ਤੁਹਾਡਾ ਜੀਵਨ ਪਵਿਤ੍ਰ ਬਿਤੀਤ ਹੋਵੇ ਜੋ ਤੁਸੀਂ ਬੀ ਸੁਖਾਂ ਨਾਲ ਓਥੇ ਅੱਪੜੋ ਜਿਥੇ ਮੈਂ ਜਾਣਾ ਹੈ। ਹਾਂ, ਫਰਕ ਇਤਨਾ ਹੀ ਹੈ ਨਾ ਕਿ ਤੀਰਥ ਯਾਤ੍ਰਾ ਤੇ ਗਿਆ ਯਤ੍ਰੀ ਯਾਤ੍ਰਾ ਕਰਕੇ ਮੁੜ ਘਰ ਆਉਂਦਾ ਹੈ; ਏਥੇ ਯਾਤ੍ਰੀ ਨੇ ਨਹੀਂ ਮੁੜ ਕੇ ਆਉਣਾ, ਪਰ ਤੁਸਾਂ ਓਥੇ ਆਉਣਾ ਹੈ, ਜਿਥੇ ਯਾਤ੍ਰੀ ਚਲਿਆ ਹੈ। ਸੋ ਆਪਣੀ ਸੁਖ ਮਨਾਓ ਜੋ ਤੁਸੀਂ ਸੁਖਾਂ ਨਾਲ ਅੱਪੜੋ ਜਦੋਂ ਕਿ ਤੁਹਾਡੀ ਵਾਰੀ ਓਥੇ ਆਉਣ ਦੀ ਆਵੇ।

ਇਕ ਦਿਨ ਮਾਈ ਨੇ ਕਿਹਾ, ਦੇਖੋ ਛਿਨ ਛਿਨ ਕਰਕੇ ਸਾਡਾ ਕਾਲ ਜਾ ਰਿਹਾ ਹੈ ਤੇ ਛਿਨ ਛਿਨ ਵਿਚ ਅਸੀਂ ਭੁੱਲ ਵਿਚ ਰਹਿੰਦੇ ਹਾਂ, ਹੁਣ ਜੇ ਅਸੀਂ ਛਿਨ ਛਿਨ ਵਿਚ ਯਾਦ ਰੱਖੀਏ ਤਾਂ ਭੁੱਲ ਹਟ ਗਈ। ਭੁੱਲ ਹਟ ਗਈ ਤਾਂ ਛਿਨ ਛਿਨ ਯਾਦ ਵਾਲੀ ਹੋ ਗਈ। ਯਾਦ ਵਾਲੀ ਛਿਨ ਸਫਲ ਹੈ। ਛਿਨ ਕਾਲ ਦਾ ਹਿੱਸਾ ਹੈ, ਜੇ ਹਰ ਛਿਨ ਸਫਲ ਹੋ ਗਈ ਤਾਂ ਸਾਰਾ ਕਾਲ ਕਹੋ, ਉਮਰਾ ਕਹੋ ਸਫਲ ਹੋ ਗਈ। ਇਸ ਤਰ੍ਹਾਂ ਦੇ ਸਾਰੇ ਉਪਦੇਸ਼ਾਂ ਵਿਚ ਤਾਂ ਮਾਈ ਗੱਲ ਬਾਤ ਕਰਦੀ, ਪਰ ਖੁਹੜੀ; ਮਾਈ ਬਹੁਤ ਸਮਾਂ ਆਪਣੇ ਆਪੇ ਵਿਚ ਨਿਮਗਨ ਰਹਿੰਦੀ। ਸਰੀਰ ਨੂੰ ਅਹੁਰ ਕੋਈ ਨਹੀਂ ਦੀਹਦੀ, ਪਰ ਸਰੀਰ ਦਿਨੋ ਦਿਨ ਆ ਮੁਹਾਰਾ ਨਿਰਬਲ ਹੁੰਦਾ ਜਾਂਦਾ ਸੀ, ਇਤਨਾ ਕਿ ਗੁਰਦੁਆਰੇ ਜਾਣ ਦੀ ਆਸੰਗ ਬੀ ਰਹਿ ਗਈ। ਸਭ ਤੋਂ ਵੱਧ ਪਿਆਰ ਮਾਈ ਨਾਲ ਮਾਤਾ ਖੀਵੀ ਜੀ ਨੇ ਕ੍ਰੀਤਾ; ਰੋਜ਼ ਇਕ ਫੇਰਾ ਪਾਉਣਾ ਤੇ ਵਾਹਿਗੁਰੂ ਯਸ਼ ਦੀਆਂ ਗੱਲਾਂ ਕਰਨੀਆਂ। ਹੰਸੋ ਤਾਂ ਆ ਹੀ ਰਹੀ ਕੋਲ, ਉਸਦਾ ਪਤੀ ਖਡੂਰੇ ਆ ਗਿਆ ਸੀ। ਇਸੇ ਤਰ੍ਹਾਂ ਗੁਰਮੁਖ ਗੁਰਸਿਖ ਭਾਈ ਬੁੱਢੇ ਵਰਗੇ ਇਹ ਸਮਝ ਕੇ ਕਿ ਆਪਣਾ ਇਕ ਸਤਿਸੰਗੀ ਸਦਾ ਦੇ ਘਰ ਨੂੰ ਚੱਲਿਆ ਹੈ, ਘਰੇ ਆ ਮਿਲਦੇ, ਜਿਨ੍ਹਾਂ ਨੂੰ ਮਿਲਕੇ ਮਾਈ ਬੜੀ ਪ੍ਰਸੰਨ ਹੁੰਦੀ। ਉਨ੍ਹਾਂ ਦਾ ਨੇਕ ਪ੍ਰਭਾਵ ਤੇ ਉਨ੍ਹਾਂ ਦੀ ਅਸੀਸ ਦਾ ਸੁਖ ਮਾਣਦੀ। ਕਦੇ ਬਿਨੈ ਕਰਦੀ: ਗੁਰਮੁਖੋ, ਪਾਰ ਗਿਰਾਮੀ ਸਜਣੋ! ਅਸੀਸ ਦਿਓ ਮੇਰੀ ਤੋੜ ਨਿਭੇ, ਜੋ ਹੁਣ ਨਾ ਕਿਤ ਭੂੰਗ ਪਵੇ ਤੇ ਨਾ ਕੋਈ ਭੰਗ ਪਵੇ, ਅਸ਼ੀਰਵਾਦ ਦਿਓ ਕਿ ਮਿਲਾਂ ਤੇ ਫੇਰ ਨਾ ਵਿਛੜਾਂ। ਭਾਈ ਬੁੱਢੇ ਨੇ ਇਕ ਦਿਨ ਆਖਿਆ: ਮਾਈ ਜੀ ਆਪ ਤੇ ਗੁਰੂ ਨਾਨਕ ਦੀ ਮਿਹਰ ਸੀ, ਉਨ੍ਹਾਂ ਨੇ ਭਗਤੀ ਗਜਾਨ ਸਾਰੇ ਗੁਣ ਆਪ ਨੂੰ ਬਖਸ਼ੇ, ਆਪ ਜੀ ਨੇ ਦੂਸਰੇ ਗੁਰੂ ਸਾਹਿਬਾਂ ਨੂੰ ਪਹਿਲੋਂ ਭਤੀਆ, ਫੇਰ ਵੀਰ ਕਰਕੇ ਪਿਆਰਿਆ ਤੇ ਸਤਿਕਾਰਿਆ, ਹੁਣ ਗੁਰੂ ਨਾਨਕ ਸਾਖਿਆਤ ਜਾਣਕੇ ਪੂਜਦੇ ਪਜਾਰ ਦੇ ਤੇ ਸਤਿਕਾਰਦੇ ਹੋ, ਉਹਨਾਂ ਦੀ ਆਪ ਦੀ ਤੇ ਪੂਰਨ ਕ੍ਰਿਪਾ ਹੈ। ਅਸੀਂ ਸਾਰੇ ਗੁਰਸਿਖ ਆਪ ਦੀ ਗੁਰਮੁਖਤਾਈ ਦਾ ਸਤਿਕਾਰ ਕਰਦੇ ਹਾਂ! ਇਹ ਬੜੀ ਰਹਿਮਤ ਹੋਈ ਏ ਕਿ ਆਪ ਜੀ ਨੂੰ ਆਪਣੀ ਤਿਆਰੀ ਦਾ ਪਹਿਲੋਂ ਪਤਾ ਪੈ ਗਿਆ ਏ ਫੇਰ ਅੰਤ ਕਾਲ ਦੀ ਪੀੜਾ ਕੋਈ ਨਹੀਂ ਵਿਆਪੀ, ਸੁਖ ਸਹਿਜ ਸੇਤੀ ਘਰ ਜਾ ਰਹੇ ਹੋ। ਠੀਕ ਘਰ ਜਾਣ ਵਾਂਙੂ ਤਿਆਰੀ ਕਰ ਲਈ ਹੈ ਨੇ ਸਾਡੀ ਅਰਦਾਸ ਹੈ ਕਿ ਗੁਰੂ ਪਰਮੇਸ਼ਰ ਆਪ ਦੇ ਸਦਾ ਸਹਾਈ ਹੋਣ ਤੇ ਆਪ ਜੀ ਨੂੰ ਸਾਹਿਬ ਅਕਾਲ ਪੁਰਖ ਦਾ ਸੰਪੂਰਨ ਮੇਲ ਪ੍ਰਾਪਤ ਹੋਵੇ। ਇਸ ਤਰ੍ਹਾਂ ਦੀਆਂ ਅਸੀਸਾਂ ਤੇ ਅਰਦਾਸਾਂ ਦੀ ਦਾਤ ਗੁਰਮੁਖਾਂ ਤੋਂ ਮਿਲਦੀ। ਇਸੇ ਤਰ੍ਹਾਂ ਦੇ ਸਤਿਸੰਗ ਦੇ ਸਾਏ ਵਿਚ ਮਾਈ ਦੀ ਸਰੀਰਕ ਸਤਿਆ ਸਿੰਮਦੇ ਘੜੇ ਵਿਚੋਂ ਪਾਣੀ ਦੇ ਸਨੇ ਸਨੇ ਘਟਦੇ ਜਾਣ ਵਾਂਙੂ ਘਟ ਰਹੀ ਸੀ। ਸਾਹਿਬ ਇਹ ਗਲ ਜਾਣਦੇ ਮਨ, ਇਸ ਕਰਕੇ ਕਿਸੇ ਕਿਸੇ ਦਿਨ ਆਪ ਹੀ ਮਾਈ ਦੇ ਘਰ ਚਲੇ ਜਾਂਦੇ, ਜਿਵੇਂ ਇਕ ਥਾਂ ਖੜੇ ਨੌ ਨਿਹਾਲਾਂ ਨੂੰ ਸਿੰਚਣ ਲਈ ਮਾਲੀ ਆਪ ਫੁਹਾਰਾ ਲੈ ਕੇ ਆ ਪਹੁੰਚਦਾ ਹੈ। ਆਪ ਦਾ ਆਉਣਾ ਬਰਕਤਾਂ ਦਾ ਘਰ ਸੀ। ਕਿਸੇ ਵੇਲੇ ਕੋਈ ਵਾਰਤਾਲਾਪ ਕਰਦੇ ਤਾਂ ਮਾਈ ਦਾ ਸੂਰਨ


www.sikhbookclub.com

ਵਾਂਙੂ ਸੁਥਰਾ ਮਨ ਹੋਰ ਲਿਸ਼ਕਾਂ ਵਿਚ ਆ ਜਾਂਦਾ! ਗੁਰੂ ਕੀ ਇਹ ਮਿਹਰ ਵੇਖਕੇ ਪਿੰਡ ਦੇ ਲੋਕੀਂ ਅਚਰਜ ਰਹਿ ਜਾਂਦੇ ਕਿ ਇਹ ਕੈਸਾ ਗ਼ਰੀਬ ਨਿਵਾਜ ਸਤਿਸੰਗ ਹੈ। ਸਾਹਿਬ ਦਾਸਾਂ ਦੇ ਘਰ ਤਾਰਨ ਲਈ ਆਪ ਆਉਂਦਾ ਹੈ, ਗੁਰੂ ਨਾਨਕ ਨੇ ਕੈਸਾ ਇਕ ਲਹਿਲਹਾਉਂਦਾ ਉਪਬਨ ਇਸ ਜਗਤ ਦੇ ਰੇਤ ਥਲੇ ਵਿਚ ਪਾਲਿਆ ਹੈ। ਆਪ ਆਪਣੇ ਨਿਹਚਲ ਆਸਣ ਦਾ ਮਾਲਕ ਹੈ, ਜਿਸ ਅੱਗੇ ਜਗਤ ਨੀਉਂਦਾ ਹੈ, ਪਰ ਦੇਖੋ ਕੀਕੂੰ ਦਾ ਭਗਤ ਵੱਛਲ ਹੈ ਕਿ ਆਪਣੇ ਤੋਂ ਸਦਕੇ ਹੋਣ ਵਾਲੇ ਦਾਸਾਂ ਦੇ ਘਰ ਆਪ ਤੁਰਕੇ ਆਉਂਦਾ ਹੈ। ਗੁਰਮੁਖ ਸਮਝਦੇ ਸਨ ਕਿ ਆਤਮਕ ਦੁਨੀਆਂ ਦਾ ਸ਼ਾਹ ਆਪਣੇ ਦਾਸਾਂ ਨੂੰ ਐਨ ਲੋੜ ਵੇਲੇ ਆਤਮ ਤ੍ਰਿਪਤੀ ਦੇ ਸਾਮਾਨ ਦੇ ਰਿਹਾ ਹੈ, ਹਾਂ ਦਾਤਾ ਪੁੱਗੀ ਨਰਦ ਦੀ ਰਖਵਾਲੀ ਕਰ ਰਿਹਾ ਹੈ ਕਿ ਇਹ ਹੁਣ ਆਪਣੇ ਸਦਾ ਦੇ ਘਰ ਸੁਖ ਪੂਰਬਕ ਅੱਪੜ ਜਾਵੇ :-

ਕਬੀਰ ਫਲ ਲਾਗੇ ਫ਼ਲਨਿ
ਪਾਕਨਿ ਲਾਗੇ ਆਂਬ
ਜਾਇ ਪਹੂਚਹਿ ਖਸਮ ਕਉ
ਜਉ ਬੀਚਿ ਨ ਖਾਹੀ ਕਾਂਬ॥੧੩੪॥ (ਸਲੋਕ ਕਬੀਰ)

ਕੈਸੀ ਰਖਵਾਲੀ ਹੋ ਰਹੀ ਹੈ ਕਿ ਕਾਂਪ ਖਾਧੇ ਬਿਨਾ ਇਹ ਪੱਕ ਗਿਆ ਅੰਬ ਮਾਲਕ ਦੇ ਦਰ ਅੱਪੜ ਪਵੇ, ਜਿਉਂਦਾ ਤਿਉਂ ਲਹਿ ਲਹਿ ਕਰਦਾ।

ਇਕ ਦਿਨ ਅੰਮ੍ਰਿਤ ਵੇਲੇ ਸ੍ਰੀ ਗੁਰੂ ਜੀ ਆਪਣੀ ਸਮਾਧੀ ਤੋਂ ਉਠਕੇ ਦੀਵਾਨ ਵਿਚ ਨਹੀਂ ਗਏ, ਸਗੋਂ ਮਾਈ ਦੇ ਘਰ ਜਾ ਪਹੁੰਚੇ। ਮਾਈ ਦੇ ਨੈਣ ਬੰਦ ਸੇ, ਬੇਆਹਟ ਕੀਤੇ ਆਪ ਪਾਸ ਆ ਕੇ ਬੈਠ ਗਏ। ਕੁਛ ਚਿਰ ਮਗਰੋਂ ਹਜ਼ੂਰ ਦੇ ਪ੍ਰਕਾਸ਼ ਨੇ ਮਾਈ ਦੇ ਨੈਣ ਖੋਹਲ ਲਏ ਤੇ ਮਾਈ ਸਤਿਗੁਰੂ ਵਲ ਤੱਕੀ, ਹੱਥ ਜੁੜ ਗਏ, ਉਠਣ ਦੀ ਆਸੰਗ ਨਹੀਂ, ਪਰ ਤੱਕੀ, ਤੱਕੀ, ਤੱਕੀ, ਫੇਰ ਨੈਣਾਂ ਦੇ ਛਪਰ ਆਪਣਾ ਭਾਰ ਨਾ ਸਹਾਰ ਸਕੇ, ਢੈ ਪਏ ਤੇ ਬੰਦ ਹੋ ਗਏ, ਫਿਰ ਅਤਿ ਧੀਮੀ ਅਵਾਜ਼ ਆਈ, 'ਧੰਨ ਗੁਰੂ ਨਾਨਕ'। ਫੇਰ ਦੋਏ ਜੁੜੇ ਹੱਥ ਛਾਤੀ ਤੇ ਟਿਕ ਗਏ। ਫੇਰ ਨੈਣ ਖੁੱਲ੍ਹੇ, ਅਤਿ ਅਲਸਾਏ ਹੋਏ ਤੇ ਡਿਠੋ ਨੇ ਦੀਦਾਰ ਦਾਤੇ ਦਾ- ਗੁਰੂ, ਤਾਰਨਹਾਰ ਗੁਰੂ ਦਾ, ਪੰਘਰੇ ਸੋਨੇ ਵਾਂਗੂ ਪਿਆਰ ਅੱਗੇ ਪੰਘਰੇ ਸਤਿਗੁਰ ਦੇ ਨੈਣ ਦਿੰਬਜ ਚਮਕ ਵਿਚ ਚਮਕੇ ਤੇ ਸੱਦ ਹੋਈ :-

ਜਾਂ ਸੁਖੁ ਤਾ ਸਹੁ ਰਾਵਿਓ
ਦੁਖਿ ਭੀ ਸੰਮ੍ਹਾਲਿਓਇ॥
ਨਾਨਕੁ ਕਹੈ ਸਿਆਣੀਏ
ਇਉ ਕੰਤ ਮਿਲਾਵਾ ਹੋਇ॥੨॥

(ਸੂਹੀ ਕੀ ਵਾਰ ਮਹਲਾ ੨)

ਇਉ ਕੰਤ ਮਿਲਾਵਾ ਹੋਇ॥
ਇਉ ਕੰਤ ਮਿਲਾਵਾ ਹੋਇ॥

ਇਹ ਵਾਕ ਉਚਰੀਂਦੇ ਗਏ, ਕੰਨਾਂ ਤੇ ਪੈਂਦੇ ਅੰਦਰ ਲੰਘਦੇ ਗਏ। ਮਾਈ ਦੇ ਨੈਣ ਫੇਰ ਨਹੀਂ ਖੁਲ੍ਹੇ। ਹੁਣ ਬੁੱਲ੍ਹ ਬੀ ਫਰਕਦੇ ਫਰਕਦੇ ਖੜੋ ਗਏ।

ਤਾਰਨਹਾਰ ਦਾਤਾ ਦੇ ਮੂੰਹੋਂ ਸੱਦ ਉਠੀ :-

ਉਰਵਾਰਿ ਪਾਰਿ ਮੇਰਾ ਸਹੁ ਵਸੈ
ਹਉ ਮਿਲਉਗੀ ਬਾਹ ਪਸਾਰਿ॥

(ਗਉੜੀ ਬੈਰਾ: ਮਹਲਾ ੧)

ਇਕ ਪਲ ਚੁਪ ਰਹਿਕੇ ਮੋਤੀ ਕੇਰਨ ਵਾਲੇ ਮੁਖਾਰ-ਬਿੰਦ ਤੋਂ ਫੇਰ ਮੱਧਮ ਸੁਰ ਵਿਚ ਸੱਦ ਉਠੀ :-

ਨਾਨਕ ਸਦਾ ਸੋਹਾਗਣੀ
ਜਿਨ ਜੋਤੀ ਜੋਤਿ ਸਮਾਇ॥
ਜੋਤੀ ਜੋਤਿ ਸਮਾਇ॥
ਜੋਤਿ ਸਮਾਇ॥
ਸਮਾਇ[੬੩]।

- o -

## ੨੪. ਗੁੱਜਰ।

ਦਿਨ ਬੀਤਦੇ ਗਏ। ਇਕ ਦਿਨ ਦੀ ਗੱਲ ਹੈ ਕਿ ਗੁੱਜਰ ਨਾਮੇ ਇਕ ਸਿਖ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ, ਇਹ ਫਤਿਆਬਾਦ ਦਾ ਰਣਿ ਵਾਲੇ ਸੀ[੬੪]। ਇਸ ਨੇ ਆਪਣੇ ਉਧਾਰ ਵਾਸਤੇ ਬੇਨਤੀ ਕੀਤੀ। ਬਚਨ ਹੋਇਆ ਤ੍ਰੈ ਗੱਲਾਂ ਕਰ- ੧. ਪਾਪ ਕਰਮਾਂ ਤੋਂ ਆਪ ਨੂੰ ਵਰਜਿਆ ਕਰ। ੨. ਕਿਸ

 www.sikhbookclub.com

ਗਰੀਬ ਲੋੜਵੰਦ ਅਤਿਥੀ ਦੁਖੀਏ ਦਾ ਕੰਮ ਹੋਵੇ ਤਾਂ ਗੁਰੂ ਦਾ ਜਾਣਕੇ ਕਰ ਦਿਆ ਕਰ। ੩. ਅੰਮ੍ਰਿਤ ਵੇਲੇ ਉਠਕੇ ਜਪੁਜੀ ਦਾ ਪਾਠ ਕਰਿਆ ਕਰ ਤੇ ਜਤਨ ਕਰਕੇ ਮਨ ਲਾਇਆ ਕਰ ਪਾਠ ਵਿਚ।

ਕੁਛ ਸਾਲ ਉਸਨੇ ਏਸੇ ਤਰ੍ਹਾਂ ਕੀਤਾ। ਮਨ ਸ੍ਵਛ ਹੋ ਆਇਆ। ਕਰਮਾਂ ਦੇ ਸੰਸਕਾਰਾਂ ਦੀ ਮੈਲ ਧੋ ਹੋ ਗਈ। ਇਕ ਵਾਰ ਅੱਧੀ ਰਾਤ ਤੋਂ ਮਗਰੋਂ ਉਸਦੇ ਘਰ ਕੋਈ ਸਾਧੂ ਆਏ, ਜਿਨ੍ਹਾਂ ਦੇ ਪਗ ਬੇੜੀਆਂ ਸਨ। ਉਹਨਾਂ ਨੇ ਦੱਸਿਆ ਕਿ ਅਸੀਂ ਨਿਰਅਪ੍ਰਾਧ ਹਾਂ, ਸਾਨੂੰ ਕਿਸੇ ਨੇ ਖੁਣਸ ਨਾਲ ਬੰਦੀ ਪੁਆ ਦਿੱਤਾ ਸੀ। ਜ਼ਿਥੋਂ ਅਸੀਂ ਕਿਸੇ ਹੀਲੇ ਨਾਲ ਨਿਕਲ ਕੇ ਤੇਰੇ ਪਾਸ ਮਸਾਂ ਮਸਾਂ ਪਹੁੰਚੇ ਹਾਂ, ਤੇਰਾ ਨਾਂ ਪਰਉਪਕਾਰੀ ਸੁਣਕੇ ਆਏ ਹਾਂ, ਤੂੰ ਸਾਡੀ ਖਲਾਸੀ ਕਰ, ਬੇੜੀਆਂ ਕੱਟ ਦੇਹ ਤੇ ਭੇਤ ਜਰ ਕੇ ਰੱਖ ਤੂੰ ਸੁਣਿਆ ਏਂ ਗੁਰੂ ਕਾ ਪਜਾਰਾ ਏਂ। ਗੁਜਰ ਨੇ ਬੰਦ ਕਟ ਦਿਤੇ ਤੇ ਓਹ ਸਾਧੂ ਰਾਤੋ ਰਾਤ ਬਜਾਸਾ ਪਾਰ ਹੋ ਦੂਜੇ ਹਾਕਮ ਦੇ ਇਲਾਕੇ ਜਾ ਵੜੇ ਤੇ ਉਥੋਂ ਫੇਰ ਮੈਨਦਾਬ ਜਾ ਨਿਕਲੇ। ਇਹ ਕੰਮ ਬੜਾ ਔਖਾ ਤੇ ਆਪਣੇ ਲਈ ਬਿਪਤਾ ਸਹੇੜਨ ਵਾਲਾ ਸੀ, ਪਰ ਗੁੱਜਰ ਨੇ ਹੀਆ ਕਰ ਲਿਆ, ਗੁਰੂ ਜੀ ਮੇਹਰ ਨਾਲ ਗਲ ਕੱਜੀ ਲੰਘ ਗਈ। ਹੁਣ ਜਦ ਗੁੱਜਰ ਗੁਰੂ ਜੀ ਪਾਸ ਆਇਆ ਤਾਂ ਆਪ ਬੜੇ ਪ੍ਰਸੰਨ ਹੋਏ।

ਕੁਛ ਸਮਾਂ ਜਪੁਜੀ ਦੇ ਪਾਠ ਕਰਨ ਨਾਲ ਤੇ ਭਲੇ ਹੋਣ ਦਾ ਯਤਨ ਕਰਨ ਨਾਲ ਮਨ ਨਿਰਮਲ ਹੋ ਆਇਆ ਸੀ। ਗੁਰੂ ਜੀ ਨੇ ਪ੍ਰਸੰਨ ਹੋ ਕੇ ਨਾਮ ਦਾਨ ਦਿੱਤਾ। ਫਿਰ ਨਾਮ ਦੀ ਕਮਾਈ ਕਰਕੇ ਗੁੱਜਰ ਇਤਨਾ ਉੱਚਾ ਹੋ ਗਿਆ ਕਿ ਗੁਰੂ ਆਗਿਆ ਵਿਚ ਟੁਰਦਾ ਗੁਰਮੁਖ ਪਦਵੀ ਤੇ ਪਹੁੰਚਾ ਤੇ ਗੁਰਸਿਖੀ ਗੁਰਮਤਿ ਦਾ ਪ੍ਰਚਾਰ ਕਰਨ ਵਾਲਾ ਬਣਿਆ, ਜੈਸਾ ਕਿ ਭਾਈ ਗੁਰਦਾਸ ਜੀ ਲਿਖਦੇ ਹਨ :-

ਗੁਜ਼ਰੁ ਜਾਤਿ ਲੁਹਾਰੁ ਹੈ<br>
ਗੁਰਸਿਖੀ ਗੁਰ ਸਿਖ ਸੁਣਾਵੈ॥ (ਵਾਰ ਭਾ: ਗੁ: ੧੧-੧੪)

# ੨੫. ਲਾਲੂ, ਦੁਰਗਾ, ਜੀਵੰਦਾ।

ਤ੍ਰੈਏ ਸੱਜਣ ਗੁਰੂ ਕੀ ਚਰਨ ਸ਼ਰਨ ਆਏ ਤੇ ਪੁੱਛਣ ਲਗੇ : ਸਾਡਾ ਉਧਾਰ ਕਿਵੇਂ ਹੋਵੇ? ਆਗਿਆ ਹੋਈ ਕਰਮ ਕਰ ਕਰਕੇ ਸੁਭਾਵ ਬਣਦਾ ਹੈ। ਸੁਭਾਵ ਸੁਖ ਦੁਖ ਦਾ ਦਾਤਾ ਹੈ। ਸੁਭਾਵ ਦੇ ਮੜ੍ਹੰਪਣ ਫੇਰ ਉਲਟ ਕਰਮ ਕਰ ਕਰਕੇ ਨਿਕਲਦੇ ਹਨ। ਨਾਲ ਸਹਾਇਤਾ ਚਾਹੀਏ ਮਨ ਦੇ ਹਰੀ ਗੁਣ ਗਾਯਨ ਦੀ, ਜੋ ਅੰਦਰੋਂ ਮੈਲ ਉਤਰੇ ਕਰਮਾਂ ਦੀ। ਹਾਂ, ਭਾਈ ਗੁਣ ਗਾਯਨ ਨਾਲ ਅੰਦਰਲੀ ਮੈਲ ਉਤਰਦੀ ਹੈ, ਪਰਪੱਕ ਹੋ ਗਈ ਮੈਲ। ਪਰਉਪਕਾਰ ਕਰੋ ਤੇ ਗੁਰੂ ਕੀ ਬਾਣੀ ਨਿਤਨੇਮ ਨਾਲ ਪੜ੍ਹਿਆ ਕਰੋ ਚਿੱਤ ਜੋੜਕੇ। ਤਦ ਤ੍ਰੈਏ ਚਲੇ ਗਏ। ਕੁਛ ਚਿਰ ਮਗਰੋਂ ਦਰਸ਼ਨਾਂ ਲਈ ਆਏ ਤਾਂ ਆਗਿਆ ਹੋਈ, ਤੁਸੀਂ ਸੇਵਾ ਉਪਕਾਰ ਕੀਤੇ ਹਨ, ਤੁਹਾਡੀ ਮਤਿ ਤੋਂ ਮੈਲ ਲੱਥੀ ਹੈ, ਹੁਣ ਤੁਸੀਂ ਆਪ ਸਮਝਦੇ ਹੋਸੋ। ਤੁਹਾਡਾ ਸੁਭਾਵ ਹਰ ਵੇਲੇ ਮਾਯਾ ਇਕੱਠੀ ਕਰ ਕਰਕੇ ਸੁਆਰਥ ਦਾ ਹੋ ਗਿਆ ਸੀ, ਸ੍ਵਾਰਥ ਸਿਧੀ ਵਿਚ ਪਰਪੱਕਤਾ ਨਾਲ ਹਉਮੈ ਹੋਰ ਪੱਕ ਜਾਂਦੀ ਹੈ। ਸੋ ਭਾਈ ਸ੍ਵਾਰਥ ਦਾ ਸੁਭਾ ਬਦਲਣ ਲਈ ਤੁਸਾਨੂੰ ਪਰਉਪਕਾਰ ਦੇ ਕਰਨੇ ਦੀ ਮਤਿ ਦਿੱਤੀ ਸੀ, ਜਿਸ ਨਾਲ ਸੁਭਾਵ ਬਦਲ ਕੇ ਪਰਸੁਆਰਥ ਦਾ ਹੋ ਗਿਆ ਹੈ। ਇਸ ਵਰਤੋਂ ਵਿਚ ਹਉਮੈ ਦੇ ਘਟਨ ਨਾਲ ਅੰਦਰਲੀ ਹਉਂ ਘਟੀ ਹੈ। ਫਿਰ ਬਾਣੀ ਪੜ੍ਹਕੇ ਤੁਸਾਂ ਗੁਣ ਗਾਏ ਹਨ ਚੰਗਿਆਈ ਸਰੂਪ ਕਰਤਾਪੁਰਖ ਦੇ। ਉਸ ਨਾਲ ਅੰਦਰੋਂ ਮੈਲ ਲੱਥੀ ਹੈ।

ਹੁਣ ਤੁਸੀਂ ਬਾਣੀ ਦਾ ਅਭਯਾਸ ਜਾਰੀ ਰੱਖਣਾ ਹੈ ਤੇ ਨਾਲ ਨਾਮ ਜਪਣਾ ਹੈ, ਜੋ ਕਰਤਾ ਪੁਰਖ ਦੇ ਨਾਲ ਮਨ ਜਾ ਕੇ ਠਹਿਕਿਆ ਕਰੇ। ਨਾਮ ਸਿਮਰਨ ਕਰਨਾ ਹੈ ਕਿ ਕਰਤਾ ਪੁਰਖ ਵਿਖੇ ਮਨ ਲੀਣ ਹੋਣ ਦੇ ਰਸਤੇ ਪੈ ਜਾਵੇ। ਸੋ ਹੁਣ ਤੁਸੀਂ ਉਸ ਕਰਤਾਰ ਦਾ ਨਾਮ ਸਿਮਰਨ ਕਰੋ।

ਲਾਲੂ-ਜੀਓ ਜੀ! ਨਾਮ ਨਾਲ ਪਰਉਪਕਾਰ ਬੀ, ਜਿਵੇਂ ਆਗਿਆ ਹੋਈ ਸੀ, ਜਾਰੀ ਰਖਣਾ ਹੈ?

ਸ੍ਰੀ ਗੁਰੂ ਜੀ-ਹਾਂ ਭਾਈ, ਪਰਉਪਕਾਰ ਕਈ ਪ੍ਰਕਾਰ ਦਾ ਹੈ। ਉਸ ਦਾ ਵੇਰਵਾ ਸੁਣੋ :

ਇਕ ਉਪਕਾਰ ਹੈ ਸਰੀਰ ਨਾਲ ਕਿਸੇ ਦਾ ਕੰਮ ਸੁਆਰਨਾ, ਦੂਜਾ ਪਰਉਪਕਾਰ ਹੈ ਆਪਣੀ ਕਮਾਈ


www.sikhbookclub.com

ਦੇ ਧਨ ਨਾਲ ਆਪਣਾ ਨਿਰਬਾਹ ਟੋਰਨਾ ਤੇ ਉਸ ਵਿਚੋਂ ਕੁਛ ਬਚਾਕੇ ਭਲੇ ਅਰਥ ਲਾਉਣਾ। ਇਹ ਜੇ ਗੁਰੂ ਪਰਮੇਸ਼ੁਰ ਨਮਿਤ ਕੀਤਾ ਸਮਝੀਏ ਤਾਂ ਮਨ ਹੋਰ ਨਿਰਮਲ ਹੁੰਦਾ ਹੈ, ਨਿਰਮਲ ਮਨ ਵਿਚ ਨਾਮ ਚੰਗਾ ਟਿਕਦਾ ਹੈ; ਜੋ ਤੁਸੀਂ ਕਰਦੇ ਰਹੇ ਹੋ, ਤਾਂ ਹੀ ਅਜ ਨਾਮ ਦਾਨ ਦਿੱਤਾ ਹੈ। ਜਦੋਂ ਨਾਮ ਟੁਰ ਪਏ ਤੇ ਮਨ ਸਾਈਂ ਪ੍ਰੇਮ ਵਿਚ ਹੋ ਆਵੇ ਤਾਂ ਜਥਾ ਸ਼ਕਤ ਬਚਨਾਂ ਨਾਲ ਦੂਸਰੇ ਨੂੰ ਸਾਂਈਂ ਪ੍ਰੇਮ ਵਿਚ ਲਾਉਣਾ। ਬਾਣੀ ਨਾਮ ਦੀ ਮਹਿਮਾਂ ਦੱਸਣੀ ਤੇ ਜੀਵਾਂ ਦਾ ਉਧਾਰ ਕਰਨਾ ਜੋ ਓਹ ਪਰਮੇਸ਼ੁਰ ਪਰਾਇਣ ਹੋ ਕੇ ਲੋਕ ਸੁਖੀ ਪ੍ਰਲੋਕ ਸੁਹੇਲੇ ਹੋ ਜਾਣ। ਇਹ ਭਾਈ ਸਭ ਤੋਂ ਵਡਾ ਉਪਕਾਰ ਹੈ, ਜਗਤ ਨੂੰ ਨਾਮ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਲਾਉਣਾ; ਪਰ ਇਹ ਬੜੀ ਗਾਖੜੀ ਕਾਰ ਹੈ। ਆਪੇ ਨੂੰ ਨਾਮ ਵਿਚ ਸਨਿਗਧ ਰੱਖਕੇ ਇਹ ਕਾਰਜ ਕਰਨਾ ਬੜਾ ਔਖਾ ਹੈ, ਪਰ ਹੈ ਸਫਲ ਕਾਰ! ਗੁਰੂ ਮਿਹਰ ਨਾਲ ਇਹ ਕਾਰ ਹੁੰਦੀ ਹੈ, ਸੋ ਕਰੋ! ਵਾਹਿਗੁਰੂ ਭਲਾ ਕਰੇ ਨੇ।

ਭਾਈ ਗੁਰਦਾਸ ਜੀ ਇਨ੍ਹਾਂ ਸਿਖਾਂ ਬਾਬਤ ਲਿਖਦੇ ਹਨ :-

ਲਾਲ ਸੁ ਲਾਲੂ ਬੁਧਵਾਰ[੫੫]
ਦੁਰਗਾ ਜੀਵੰਦਾ ਪਰਉਪਕਾਰੀ।

ਜਾਪਦਾ ਹੈ ਤ੍ਰੈਏ ਮਿੱਤ੍ਰ ਸਨ, ਕੱਠੇ ਸਤਿਸੰਗੀ ਹੋਏ! ਲਾਲੂ ਬਹੁਤ ਅਕਲੱਈਆ ਤੇ ਸਿਖੀ ਦੇ ਪ੍ਰਚਾਰ ਵਿਚ ਲਾਲ ਤੁੱਲ ਅਮੋਲਕ ਸੀ ਤੇ ਦੁਰਗਾ ਜੀਵੰਦਾ ਪਰਉਪਕਾਰ ਵਿਚ ਚੋਟੀ ਦੇ ਸਿਖਾਂ ਵਿਚੋਂ ਸਨ। ਤ੍ਰੈਏ ਆਪ ਤਰੇ ਤੇ ਕਈਆਂ ਨੂੰ ਸਤਿਸੰਗ ਵਿਚ ਲਾ ਗਏ।

# ੨੬. ਵਿਛੋੜੇ ਦੇ ਦਿਨ।

ਮਾਈ ਵਿਰਾਈ ਵਾਹਿਗੁਰੂ ਗੋਦ ਵਿਚ ਜਾ ਸਮਾਈ ਘਰ ਵਿਚ ਵਿਯੋਗ ਦਾ ਅਸਰ ਹੈ। ਪਤਿਬ੍ਰਤਾ ਇਸਤ੍ਰੀ, ਪਿਆਰ ਵਾਲੀ ਮਾਤਾ, ਪਰਉਪਕਾਰ ਵਾਲੀ ਵਜਕਤੀ, ਪਵਿਤ੍ਰ ਆਤਮਾ ਤੇ ਗਜਾਤਾਵਾਨ ਹਸਤੀ ਦੇ ਵਿਛੋੜੇ ਨੂੰ ਕੌਣ ਨਾ ਪ੍ਰਤੀਤ ਕਰੇ? ਹਾਂ, ਜਿਸ ਬਾਗ ਵਿਚੋਂ ਬੋਲਦੀ ਬੁਲਬੁਲ ਉਠ ਜਾਏ, ਯਾ ਜਿਸ ਸਰੋਵਰ ਤੋਂ ਰਾਜ ਹੰਸ ਉਡਾਰੀਆਂ ਮਾਰ ਜਾਏ, ਉਥੇ ਚੁਪ ਨੇ ਰੰਗ ਦਿਖਾਉਣਾ ਹੋਇਆ। ਚੁਪ ਹੈ ਪਰ ਸ਼ਾਂਤ ਮਈ, ਦੁਖ ਪੀੜਾ ਮਈ ਨਹੀਂ। ਵਿਯੋਗ ਚੁਭੇ ਤਾਂ ਵਿਯੋਗੀ ਕੁਰਲਾਉਂਦੇ ਨਹੀਂ, ਗੁਰੂ ਕੇ ਹਜ਼ੂਰ ਹਾਜ਼ਰ ਹੁੰਦੇ ਹਨ।

ਇਕ ਦਿਨ ਗੁਰੂ ਕੇ ਹਜ਼ੂਰ ਹਾਜ਼ਰ ਹੋਏ ਤਾਂ ਆਪ ਜੀ ਨੇ ਇਹ ਵਾਕ ਉਚਾਰੇ :-

'ਆਵਹੁ ਮਿਲਹੁ ਸਹੇਲੀਹੋ
ਸਚੜਾ ਨਾਮੁ ਲਏ ਹਾਂ॥' (ਵਡ: ਮ:੧ ਪੰ: ੫੭੯)

ਮਾਈ ਨੂੰ ਨਾ ਰੋਵੋ, ਆਪਣੇ ਵਿਛੋੜੇ ਨੂੰ ਰੋਵੋ ਜੋ ਸਾਂਈਂ ਨਾਲ ਪੈ ਰਿਹਾ ਹੈ। ਸਾਹਿਬ ਨੂੰ ਸਿਮਰ ਸਿਮਰ ਕੇ, ਯਾਦ ਕਰ ਕਰਕੇ-

"ਰੋਵਹ ਬਿਰਹਾ ਤਨ ਕਾ ਆਪਣਾ
ਸਾਹਿਬੁ ਸੰਮ੍ਹਾਲੇ ਹਾਂ।"(ਵਡ: ਮ:੨ ਪੰ: ੫੭੯)

ਵੀਚਾਰ ਕਰੋ ਕਿ ਜਿਸ ਰਾਹ ਉਤੇ ਓਹ ਗਏ ਹਨ ਅਸੀ ਭੀ ਉਸ ਰਸਤੇ ਜਾਣਾ ਹੈ :-

'ਸਾਹਿਬੁ ਸਮ੍ਹਾਲਿਹ ਪੰਥੁ ਨਿਹਾਲਿਹ
ਅਸਾ ਭਿ ਓਥੈ ਜਾਣਾ॥"

ਮਾਈ ਜੁ ਟੁਰ ਗਈ ਹੈ ਮਰ ਨਹੀਂ ਗਈ, ਜਿਸ ਨੇ ਮਾਈ ਰਚੀ ਸੀ ਉਸ ਨੇ ਲੈ ਲਈ ਹੈ। ਇਹ ਜੀਵ ਦਾ ਕੀਤਾ ਨਹੀਂ, ਜੀਵ ਦਾ ਹੁਕਮ ਨਹੀਂ; ਪਰ ਉਸ ਦਾ ਹੁਕਮ ਤੇ ਭਾਣਾ ਵਰਤਿਆ ਹੈ :-

"ਜਿਸ ਕਾ ਕੀਆ ਤਿਨ ਹੀ ਲੀਆ
ਹੋਆ ਤਿਸੈ ਕਾ ਭਾਣਾ॥
ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ
ਅਸੀ ਕਿ ਹੁਕਮੁ ਕਰੇਹਾ॥"

ਤਾਂ ਤੇ ਹੇ ਸਤਿਸੰਗੀਓ, ਸਜਣੋ, ਅਸੀਂ ਨਾਮ ਦੀ ਅਰਾਧਨਾ ਕਰੀਏ। ਹੁਕਮ ਹੈ :-

ਆਵਹੁ ਮਿਲਹੁ ਸਹੇਲੀਹੋ
ਸਚੜਾ ਨਾਮੁ ਲਏ ਹਾ॥੧॥(ਵਡ: ਮ: ਪੰ: ੫੭੯)

ਇਕੱਠੇ ਹੋਵੋ ਤੇ ਨਾਮ ਅਰਾਧਨਾ ਕਰੋ। ਵਿਛੋੜਾ ਹੋਇਆ ਹੈ, ਮਾਈ ਦਾ ਚਲੇ ਜਾਣਾ ਮੰਦਾ ਲਾਉਂਦਾ ਤੇ ਤੁਸਾਂ ਨੂੰ ਉਦਾਸੀ ਦੇਂਦਾ ਹੈ, ਪਰ ਸੁਣੋ ਗੁਰੂ ਬਾਬਾ ਕੀ ਆਖਦਾ ਏ :-

"ਮਰਣੁ ਨ ਮੰਦਾ ਲੋਕਾ ਆਖੀਐ
ਜੇ ਮਰਿ ਜਾਣੈ ਐਸਾ ਕੋਇ॥"

ਮਰਨ ਦੀ ਜਾਚ ਮਾਈ ਨੂੰ ਸੀ, ਉਹ ਜਾਚ ਸਿਖੋ ਐਸੇ ਮਰਨੇ ਦੀ ਜਾਚ ਇਹ ਹੈ :-

"ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ
ਪੰਥੁ ਸੁਹੇਲਾ ਆਗੈ ਹੋਇ॥
ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ
ਆਗੈ ਮਿਲੈ ਵਡਾਈ॥"

ਸਾਂਈਂ ਦੀ ਸੇਵਾ ਕਰੋ ਜੋ ਰਸਤਾ ਸੌਖਾ ਹੋਵੇ ਤੇ ਅਗੇ ਜਾਕੇ ਵਡਾਈ ਮਿਲੇ। ਉਹ ਕੀਕੂੰ ? "ਭੇਟੈ ਸਿਉ ਜਾਵਹੁ" ਅਰਥਾਤ ਸਾਹਿਬ ਨੂੰ ਮਿਲੇ ਤੇ ਮਿਲੇ ਹੋਏ ਏਥੋਂ ਟੁਰੋ। ਜਿਵੇਂ ਦਾਤੇ ਨੇ ਫੁਰਮਾਇਆ ਹੈ :-

ਭੇਟੈ ਸਿਉ ਜਾਵਹੁ ਸਚਿ ਸਮਾਵਹੁ
ਤਾਂ ਪਤਿ ਲੇਖੈ ਪਾਈ॥
ਮਹਲੀ ਜਾਇ ਪਾਵਹੁ ਖਸਮੈ ਭਾਵਹੁ
ਰੰਗ ਸਿਉ ਰਲੀਆ ਮਾਣੈ॥
ਮਰਣੁ ਨ ਮੰਦਾ ਲੋਕਾ ਆਖੀਐ
ਜੇ ਕੋਈ ਮਰਿ ਜਾਣੈ॥੨॥

(ਵਡ: ਮਹਲਾ ੧ ਅਲਾਹਣੀ)

ਸੋ ਇਸ ਤਰ੍ਹਾਂ ਗੁਰੂ ਦਰੋਂ ਮੁਮੱਤਾਂ ਲੈ ਕੇ ਪਰਵਾਰ ਦੇ ਬੰਦੇ ਸੁਖੀ ਹੋ ਹੋ ਜਾਂਦੇ ਹਨ। ਜੇ ਫੇਰ ਪਿਆਰ ਦੀ ਖਿੱਚ ਪੈਂਦੀ ਹੈ ਤਾਂ ਗੁਰੂ ਉਪਦੇਸ਼ ਅਨੁਸਾਰ ਅਰਦਾਸ ਵਿਚ ਜੁੜ ਜਾਂਦੇ ਹਨ ਕਿ ਹੇ ਸਾਂਈ! ਸਾਨੂੰ ਜੋ ਆਪ ਤੋਂ ਵਿਛੋੜਾ ਪਿਆ ਹੈ, ਸੋ ਦੂਰ ਕਰੋ! ਵਿਛੁੜ ਕੇ ਹੀ ਦੁਖ ਸਹੀ ਦੇ ਤੇ ਚੋਟਾਂ ਖਾਈਦੀਆਂ ਹਨ। ਆਪਣਾ ਨਾਮ ਬਖਸ਼ੋ ਜੋ ਆਪ ਨਾਲ ਮਿਲੇ ਰਹੀਏ, ਕਦੇ ਨਾ ਵਿਛੁੜੀਏ ਤੇ ਕਦੇ ਉਹ ਦੁੱਖ ਨਾ ਦੇਖੀਏ ਜੋ ਦੇਹ ਧਾਰਕੇ ਦੇਖਣੇ ਪੈਂਦੇ ਹਨ। ਸਾਨੂੰ ਸੋਝੀ ਦਿਓ-

'ਆਇਆ ਤਿਨਕਾ ਸਫਲੁ ਭਇਆ ਹੈ
ਇਕ ਮਨਿ ਜਿਨੀ ਧਿਆਇਆ॥"

(ਵਡ: ਮ: ੧ ਅਲਾ:)

ਇਸ ਤਰ੍ਹਾਂ ਪਰਿਵਾਰ ਸ਼ਾਂਤਿ ਸਰੋਵਰ ਪਾਸੋਂ ਸੀਤਲਤਾ ਤੇ ਸ਼ਾਂਤਿ ਦਾ ਪ੍ਰਸ਼ਾਦ ਲੈਕੇ ਘਰ ਆ ਜਾਂਦੇ ਹਨ, ਕਦੇ ਅਰਦਾਸ ਨਾਲ ਠਰ ਜਾਂਦੇ ਹਨ, ਕਦੇ ਬਾਬਾ ਬੁੱਢਾ ਜੀ ਉਹਨਾਂ ਦੇ ਘਰ ਚਲੇ ਜਾਂਦੇ ਹਨ। ਇਹੋ ਸਤਿਸੰਗ ਦਾ ਪਿਆਰ ਹੈ। ਵਿਛੋੜੇ ਵੇਲੇ, ਦੁਖ ਵੇਲੇ ਸੱਜਣਾਂ ਨੂੰ ਸਤਿਸੰਗ ਦਾ ਧਰਵਾਸ ਹੁੰਦਾ ਹੈ।

ਇਕ ਦਿਨ ਭਾਈ ਬੁੱਢਾ ਜੀ ਮਾਈ ਵਿਰਾਈ ਦੇ ਘਰ ਗਏ। ਚੌਧਰੀ, ਮਾਈ ਦੇ ਪੁਤ, ਹੋਰ ਸਾਕ ਸੈਨ; ਹੈਸੋ ਤੇ ਉਸ ਦਾ ਪਤੀ ਸਾਰੇ ਪ੍ਰੇਮ ਨਾਲ ਗੁਰਮੁਖ ਦੇ ਉਦਾਲੇ ਜੁੜ ਬੈਠੇ।

ਚੌਧਰੀ-ਸਤਿਸੰਗ ਜੀ ਦੇ ਥੰਮ੍ਹ ਜੀਓ! ਗੁਰੂ ਕੀ ਮਿਹਰ ਤੇ ਆਪ ਦੀ ਦਯਾ ਦਾ ਸਦਕਾ ਦਿਲ ਦੁਖ ਦੇ ਦਾਹ ਨਾਲ ਦਹਿਲਦਾ ਨਹੀਂ, ਭਾਣੇ ਵਲ ਟੇਕ ਲੈਂਦਾ ਹੈ। ਘਰ ਵਿਚ ਕਥਾ ਕੀਰਤਨ ਦੀ ਮਿੱਠੀ ਮਿੱਠੀ ਮੀਂਹ ਦੀ ਫੁਹਾਰ ਪੈਂਦੀ ਰਹਿੰਦੀ ਹੈ, ਸਾਹਿਬ ਅਤਿ ਮੇਹਰਾਂ ਕਰਦੇ ਹਨ, ਪਰ ਫੇਰ ਕਿਸੇ ਵੇਲੇ, ਘਰ ਸੱਖਣਾ ਲੱਗਦਾ ਹੈ। ਕਿਸੇ ਵੇਲੇ ਝਾਉਲਾ ਪੈਂਦਾ ਹੈ ਕਿ ਔਹ ਗੁਰਦਵਾਰੇ ਹੋਕੇ ਆ ਰਹੀ ਹੈ, ਔਹ ਬੈਠੀ ਕਸੀਦਾ ਕੱਢ ਰਹੀ ਹੈ, ਔਹ ਗਰੀਬਾਂ ਨੂੰ ਲੱਮੀ ਰੋਟੀ ਵਰਤਾ ਰਹੀ ਹੈ। ਕਦੇ ਕੰਨ ਤ੍ਰਬ੍ਹਕ ਉਠਦੇ ਹਨ ਜਿਵੇਂ ਆਵਾਜ਼ ਜਾ ਰਹੀ ਹੈ ਮੈਂ ਆਈ ਜੀ। ਕਿਸੇ ਵੇਲੇ ਯਾਦ ਆ ਕੇ ਆ ਮੁਹਾਰੇ ਰੋਕਦੇ ਰੁਕਾਂਦੇ ਚੜ੍ਹ ਆਉਂਦੇ ਹਨ ਨੈਣਾਂ ਨੂੰ ਇਕ ਦੋ ਟੇਪੇ; ਇਹ ਕਿਉਂ?

ਭਾਈ ਬੁੱਢਾ ਜੀ-ਪਿੱਪਲ ਦਾ ਪੱਤਾ ਡਾਲ ਤੋਂ ਨਿਖੇੜੋ ਤਾਂ ਦੁੱਧ ਦੇ ਹੰਝੂ ਕਿਰਦੇ ਹਨ। ਅਸੀਂ ਪੱਥਰ ਨਹੀਂ, ਪੱਥਰ ਹੋ ਜਾਣਾ ਰਾਜ਼ਾਨ ਅਵਸਥਾ ਨਹੀਂ, ਨਾਹੀਂ ਰੁੜ੍ਹ ਜਾਣਾ ਪ੍ਰੇਮ ਹੈ, ਗੁਣ ਸਾਰ ਸਮ੍ਹਾਲਣੀ, ਭੈ ਵਿਚ, ਭਾਣੇ ਵਿਚ ਦ੍ਰਵਣਾ, ਅਰਦਾਸ ਆਸਰੇ ਉਚੇ ਉਠਣ ਏਹ ਹਨ ਪਜਾਰ ਤੇ ਰਜ਼ਾ ਦੇ ਸਬਕ। ਸ਼ੁਕਰ ਹੈ ਕਿ ਇਸ ਪਰਿਵਾਰ ਵਿਚ ਦਾਹ ਨਹੀਂ, ਘਬਰਾ ਨਹੀਂ, ਭਾਣਾ ਮਿੱਠਾ ਕਰਕੇ ਮੰਨਣ ਦਾ ਸੁਹਾਵਾ ਜਤਨ ਜਾਰੀ ਹੈ, ਗੁਰੂ ਕਾ ਆਸਰਾ ਹੈ, ਨਾਮ ਬਾਣੀ ਦੀ ਟੇਕ, ਸਤਿਸੰਗ ਦਾ ਸਹਾਰਾ ਹੈ। ਦਿਲ ਜੋ ਨਰਮੀ ਵਿਚ ਆ ਜਾਂਦਾ ਹੈ, ਇਹ ਹੈ ਦ੍ਰਵਣਤਾ, ਜੋ ਮਾਈ ਦੇ ਬਹੁਤੇ ਗੁਣਾਂ ਦੇ ਕਾਰਨ ਚਿਤ ਗੁਣਾਂ ਦੀ ਸਾਰ ਸਮ੍ਹਾਲਦੇ; ਬਿਰਹਾ ਪ੍ਰਤੀਤ ਕਰਦੇ, ਨਰਮੀ ਖਾ ਜਾਂਦੇ ਹਨ। ਮਨ ਦਾ ਦ੍ਰਵਣਾ ਸਾਂਈਂ ਦੇ ਰਸਤੇ ਬੀ ਇਕ ਅੰਗ ਹੈ। ਸਤਿਗੁਰੂ ਜੀ ਨੇ ਤੁਸਾਂ ਨੂੰ ਫੁਰਮਾਇਆ ਸੀ ਕਿ ਮਨ ਦ੍ਰਵੇ ਤਾਂ ਅਰਦਾਸ ਵਿਚ ਲਗ ਜਾਇਆ ਕਰੋ। ਜਿਵੇਂ ਪੰਘਰੀ ਲਾਖ ਵਿਚ ਮੋਹਰ ਦੇ ਅੱਖਰ ਚੰਗੇ ਬੈਠ ਜਾਂਦੇ ਹਨ, ਇਸ ਤਰ੍ਹਾਂ ਪੰਘਰੇ ਮਨ ਦੇ ਉਤੇ ਨਾਮ ਬਾਣੀ ਅਰਦਾਸ ਦੇ ਭਾਵ ਉਕਰੇ ਜਾਂਦੇ ਹਨ। ਐਉਂ ਸਤਿਸੰਗੀ ਵਿਛੋੜੇ ਵੇਲੇ ਵੀ ਸਾਂਈਂ ਦੇ ਨੇੜੇ ਹੋਣ ਦੇ ਹੀ ਤਰਲੇ ਲੈਂਦੇ ਹਨ। ਹੋਰ ਭਾਈ! ਸਦਾ ਕਿਸ ਨੇ ਰਹਿਣਾ ਹੈ :-


www.sikhbookclub.com

ਜੋ ਆਇਆ ਸੋ ਚਲਸੀ
ਸਭੁ ਕੋਈ ਆਈ ਵਾਰੀਐ॥
(ਵਾਰ ਆਸਾ ਮ: ੧)

ਹਾਂ ਇਕ ਲੰਮੀ ਨਦਰ ਪਾ ਕੇ ਸੋਚੋ : ਸੋਚੋ ਕੋਈ ਹੈ ਭੀ ਜੋ ਨਹੀਂ ਜਾਏਗਾ? ਗੁਰੂ ਜੀ ਦਾ ਵਾਕ ਹੈ :-

ਜੋ ਆਇਆ ਸੋ ਚਲਸੀ
ਅਮਰੁ ਸੁ ਗੁਰੁ ਕਰਤਾਰੁ॥ (ਸਿਰੀ ਮ: ੧)

ਇਸ ਅਮਰ ਨੂੰ ਪਜਾਰ ਕਰੀਏ ਤਾਂ ਅਸੀਂ ਅਮਰ ਹੋ ਜਾਵਾਂਗੇ। ਫਿਰ ਨਾ ਪਿਆਰਿਆਂ ਦਾ ਮਰਨ ਵੇਖਾਂਗੇ, ਨਾ ਆਪਣੇ ਮਰਨ ਦਾ ਦਾਹ ਦੁਖ ਪਿਆਰਿਆਂ ਨੂੰ ਦਿਖਾਵਾਂਗੇ।

ਹੰਸੋ (ਠੰਢਾ ਸਾਹ ਲੈ ਕੇ)-ਮੋਹ ਮਾਇਆ ਤਾਂ ਡਾਢੀ ਸੀ ਹੀ, ਪਰ ਸਤਿਸੰਗ ਪਿਆਰ ਉਸ ਤੋਂ ਬੀ ਡਾਢਾ ਏ, ਬਾਬਾ ਜੀਓ!

ਬਾਬਾ-ਪਰ ਇਹ ਪਿਆਰ ਗਿਆਨ ਦਾ ਪੁੱਤ ਏ। ਇਹ ਸਿਖਾਲਦਾ ਏ ਕਿ ਇਹ ਜਗਤ ਇਕ ਮਾਨੋਬਨ ਵਿਚ 'ਰਿਖੀ ਭਵਨ'[੬੬] ਏ, ਜਿਥੇ ਪੜ੍ਹਨ ਵਾਸਤੇ ਆਏ ਹਾਂ। ਜਦ ਪੜ੍ਹ ਗਏ ਤਾਂ ਘਰ ਜਾਣਾ ਏ। ਜੋ ਪੜ੍ਹਕੇ ਗਏ ਸੋ ਵਿਦਿਜਾਰਥੀ ਵਾਂਙੂ ਖੁਸ਼ ਖੁਸ਼ ਗਏ। ਜੋ ਵਿਦਜਾ ਨਾ ਪਾ ਕੇ ਗਏ ਓਹ ਰੋਂਦੇ ਗਏ। ਉਨ੍ਹਾਂ ਨੂੰ ਰੋਵੋ ਜੋ ਸਮਾਂ ਬਿਰਥਾ ਗੁਆ ਗਏ। ਮਰਨੇ ਨੂੰ 'ਰਿਖੀਭਵਨ' ਤੋਂ ਘਰ ਨੂੰ ਜਾਣਾ ਖੁਸ਼ੀ ਦਾ ਮੌਕਾ ਸਮਝੋ, ਪਰ ਸੰਥਜਾ ਘੋਖਕੇ, ਵਿਦਜਾ ਪਾਕੇ ਜਾਣ ਨੂੰ ਆਪਣੇ ਆਉਣ ਦਾ ਪ੍ਰਯੋਜਨ ਬਣਾਓ। ਫਿਕਰ ਮਰਨ ਦਾ ਨਾ ਕਰੋ, ਵਿਦਜਾ ਪਾਉਣ ਦਾ ਕਰੋ।

ਹੰਸੋ-ਕਿਹੜੀ ਵਿਦਜਾ?

ਬਾਬਾ-ਸਾਡੀ ਰੂਹ, ਮਾਇਆ ਕਹੋ ਯਾ ਫਾਰਸੀਆਂ ਵਾਂਙੂ 'ਮਾਦਾ' ਕਹੋ, ਇਸ ਮਾਦੇ ਉਤੇ ਭਾਰੂ ਹੋਣਾ ਸਿੱਖੇ।

ਹੰਸੋ ਇਹ ਕੀ ਗੱਲ ਹੋਈ, ਬਾਬਾ ਜੀ!

ਬਾਬਾ-ਕਾਕੋ, ਸਾਡੀ ਆਤਮਾ ਮੋਹ ਮਾਯਾ ਦੇ ਵਸ ਕਰਨ ਦੀ ਜਾਚ ਸਿਖੇ। ਸਾਡਾ 'ਆਪਾ' 'ਪਰਮ ਆਪੇ' ਦੀ ਪ੍ਰਾਪਤੀ ਦੀ ਵਿਦਜਾ ਵਿਚ ਪ੍ਰਬੀਨ ਹੋ ਜਾਵੇ ਏਥੇ ਜਦ ਤਕ ਰਹਿਣਾ ਹੈ ਸੁਖੀ ਰਹੇ ਤੇ ਸੁਖ ਦੇਵੇ, ਅਗੇ ਸੁਖੀ ਜਾਣਾ ਹੈ ਤਾਂ 'ਆਪਾ ਸਾਈਂ ਮੇਲ ਵਿਚ ਰੱਖੀ ਰੱਖਣ ਦੀ ਜਾਚ ਵਿਚ ਲਾਇਕ ਹੋ ਜਾਵੇ। ਇਸ ਪ੍ਰਕਾਰ ਦੀ ਵਿਦਜਾ ਪਾਓ। ਸਮਾਂ ਅਕਾਰਥ ਨਾ ਖੋ ਹੋ ਜਾਵੇ। ਜਿਸ ਨੂੰ ਇਹ ਜਾਚ ਆ ਗਈ ਉਸ ਨੇ ਇਕ ਵਾਰੀ ਮਰਕੇ ਮਾਨੋ ਮਰਨੇ ਦੀ ਅਸਲੀ ਜਾਚ ਸਿਖ ਲਈ, ਜੋ ਮਰਨਾ ਕਿ ਫੇਰ ਮਰਨਾ ਬੰਦ ਕਰ ਦੇਂਦਾ ਹੈ, ਅਰਥਾਤ ਅਮਰ ਕਰ ਦੇਂਦਾ ਏ।

ਕਬੀਰ ਮਰਤਾ ਮਰਤਾ ਜਗੁ ਮੂਆ
ਮਰਿ ਭੀ ਨ ਜਾਨਿਆ ਕੋਇ॥
ਐਸੇ ਮਰਨੇ ਜੋ ਮਰੈ
ਬਹੁਰਿ ਨ ਮਰਨਾ ਹੋਇ॥੨੯॥
(ਸਲੋਕ ਕਬੀਰ ਜੀ)

ਫੇਰ ਕਬੀਰ ਜੀ ਨੇ ਮਰਨ ਦੀ ਜਾਚ ਦੱਸੀ :-

ਜਿਹ ਮਰਨੈ ਸਭੁ ਜਗਤੁ ਤਰਾਸਿਆ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥
੧॥ਰਹਾਉ॥ਮਰਨੋ ਮਰਨੁ ਕਹੈ ਸਭੁ ਕੋਈ॥
ਸਹਜੇ ਮਰੈ ਅਮਰੁ ਹੋਇ ਸੋਈ॥੨॥
ਕਹੁ ਕਬੀਰ ਮਨਿ ਭਇਆ ਅਨੰਦਾ॥
ਗਇਆ ਭਰਮੁ ਰਹਿਆ ਪਰਮਾਨੰਦਾ॥
੩॥੨੦॥ (ਗਉੜੀ ਕਬੀਰ ਜੀ)

ਹੁਣ ਤੁਸੀਂ ਆਪੇ ਦੇਖ ਲਓ ਕਿ ਕੀ ਗੱਲ ਏ। ਮਰਨ ਤੋਂ ਸਭ ਕੋਈ ਡਰਦਾ ਏ, ਪਰ ਜੇ ਸਹਿਜ ਦੀ ਸੰਥਿਆ ਪਾਕੇ ਮਰੇ ਤਾਂ ਅਮਰ ਹੋ ਜਾਏ। ਸਹਿਜ ਦੀ ਸੰਥਾ ਗੁਰੂ ਦੇ ਸ਼ਬਦ (ਨਾਮ) ਦੇ ਅਭਜਾਸ ਤੋਂ ਪ੍ਰਾਪਤ ਹੁੰਦੀ ਏ, ਫੇਰ ਭਰਮ ਮਿਟ ਜਾਂਦਾ ਤੇ ਪਰਮਾਨੰਦ ਪੱਲੇ ਰਹਿ ਜਾਂਦਾ ਏ। ਕਬੀਰ ਜੀ ਨੇ ਆਪ ਹੀ ਪ੍ਰਸ਼ਨ ਕੀਤਾ ਹੈ ਇਕ ਥਾਂ, ਤੇ ਆਪ ਹੀ ਉਤਰ ਦਿੱਤਾ ਹੈ। ਪ੍ਰਸ਼ਨ:-

ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥

ਉਤਰ ਦੇਂਦੇ ਹਨ :-

ਸਬਦਿ ਅਤੀਤਿ ਅਨਾਹਦਿ ਰਾਤਾ॥

ਅਰਥਾਤ-ਜੀਵ ਪੰਜਾਂ ਤੱਤਾਂ ਤੇ ਤ੍ਰੈਗੁਣਾਂ ਦੇ ਬੰਧਨਾਂ ਤੋਂ ਸੁਤੰਤ੍ਰ ਹੋ ਗਿਆ। ਕਿਵੇਂ? ਸ਼ਬਦ ਦੁਆਰਾ ਨਾਮ ਦੀ ਕਮਾਈ ਕਰਕੇ। ਫੇਰ ਕਿਥੇ ਗਿਆ। ਅਨਾਹਤ, ਅਰਥਾਤ ਅਵਿਨਾਸ਼ੀ ਵਿਚ ਰਚ ਗਿਆ। ਪਰ ਇਹ ਅਵਸਥਾ ਗੁੰਗੇ ਦੀ ਸ਼ੱਕਰ ਹੈ :-

ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ॥
ਜਿਉ ਗੂੰਗੇ ਸਾਕਰ ਮਨੁ ਮਾਨਿਆ॥੧॥

ਪ੍ਰਾਪਤੀ ਕਿੱਕੂੰ ਹੋਵੇ? ਦੱਸਦੇ ਹਨ :-

ਕਹੈ ਕਬੀਰ ਨਿਰੰਜਨ ਧਿਆਵਉ॥

ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ[੯੭]॥

ਸਾਰੇ ਮਨ ਜੋੜ ਕੇ ਸੁਣ ਰਹੇ ਸਨ, ਹੰਸੋ ਨੇ ਲੰਮਾ ਡੂੰਘਾ ਸਾਹ ਲਿਆ ਤੇ ਆਖਿਆ-ਸਚ ਹੈ ਸਚ ਹੈ। ਪਰ...(ਅੱਖਾਂ ਪੂੰਝ ਕੇ)...ਪਰ ਬਾਬਾ ਜੀ! ਇਹ ਮਰਨਾ ਸਾਡੇ ਗਲ ਕਿਵੇਂ ਪੈ ਗਿਆ? ਗੁੱਸੇ ਨਾ ਹੋਣਾ, ਮੂਰਖ ਹਾਂ।

ਬਾਬਾ (ਧੀਰਜ ਮਈ ਖੰਘੂਰਾ ਪਰ ਕੇ)-ਬੱਚਾ! ਇਸ ਗਲ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਪ੍ਰਸ਼ਨ ਕਰਕੇ ਉਤਰ ਦਿੱਤਾ ਹੈ :-

| ਪ੍ਰਸ਼ਨ | ਉਤਰ |
|---|---|
| ਕਉਣੁ ਮੂਆ | ਹਉ ਮੂਆ |
| ਕਉਣੁ ਮਾਰਸੀ | ਮੈ ਮਾਰਿਆ |
| ਕਉਣੁ ਆਵੈ | ਪਉਣੁ ਵਹੈ |
| ਕਉਣੁ ਜਾਇ॥ | ......ਦਰਿਆਉ॥ |
| ਕਉਣੁ ਰਹਸੀ ਨਾਨਕਾ | ਤ੍ਰਿਸਨਾ ਥਕੀ ਨਾਨਕਾ |
| | ਜਾ ਮਨੁ ਰਤਾ ਨਾਇ॥ |
| | (ਇਹ ਰਸ ਜਾਂ ਅਨੰਦ ਹੋਯਾ) |
| ਕਿਸਕੀ ਸੁਰਤਿਸਮਾਇ | ਲੋਇਣ ਰਤੇ ਲੋਇਣੀ |
| ॥੧॥ | ਕੰਨੀ ਸੁਰਤਿ ਸਮਾਇ॥ |
| | ਜੀਭ ਰਸਾਇਣਿ ਚੂਨੜੀ |
| | ਰਤੀ ਲਾਲ ਲਵਾਇ॥ |
| | ਅੰਦਰੁ ਮੁਸਕਿ ਝਕੋਲਿਆ |
| | ਕੀਮਤਿ ਕਹੀ ਨਜਾਇ॥੨॥[੯੮] |
| | (ਐਉਂ ਸੁਰਤ ਸਮਾਈ) |
| | (ਮਾਰੂ ਵਾਰ ਮ: ੩, ੨੫) |

ਹੰਸੋ-ਬਾਬਾ ਜੀ, ਸਮਝ ਨਹੀਂ ਪਈ।

ਬਾਬਾ-'ਹਉਮੈਂ' ਕਰਕੇ ਜੀਵ ਮਰ ਰਿਹਾ ਹੈ, 'ਮਮਤਾ' ਉਸ ਨੂੰ ਮਾਰ ਰਹੀ ਹੈ, ਇਨ੍ਹਾਂ ਦੋਹਾਂ ਦੇ ਕਾਰਣ 'ਵਾਸ਼ਨਾ' ਤ੍ਰਿਸ਼ਨਾ ਰੂਪੀ ਪਉਣ ਤੁਰੀ ਰਹਿੰਦੀ ਹੈ ਤੇ ਵਹਿੰਦਾ ਰਹਿੰਦਾ[੯੯] ਏ 'ਦਰਿਆਉ ਜਨਮ ਮਰਨ ਦਾ।' ਭਾਵ ਜਨਮ ਮਰਨ ਰੂਪੀ ਪਰਵਾਹ ਟੁਰਿਆ ਰਹਿੰਦਾ ਹੈ। ਸੋ ਮੂਲ ਹੈ 'ਹਉਮੈਂ', ਉਸ ਤੋਂ 'ਮਮਤਾ', 'ਮਮਤਾ' ਤੋਂ 'ਵਾਸ਼ਨਾ ਤ੍ਰਿਸ਼ਨਾ', 'ਵਾਸ਼ਾ ਤ੍ਰਿਸ਼ਨਾ' ਤੋਂ ਜਨਮ ਮਰਨ। ਸੋ ਸਾਡੇ ਗਲ ਮਰਨਾ ਹਉਮੈ ਨੇ ਪਾਇਆ ਹੈ ਕਾਕੀ![੧੦੦]

ਹੰਸੋ-ਕਿਵੇਂ ਟੁੱਟੇ ਹਉਂ?

ਬਾਬਾ-ਹਉਮੈ ਬੂਝੈ ਤਾ ਦਰ ਸੂਝੈ॥

ਹੰਸੋ-ਕਿਵੇਂ ਬੁਝੇ?

ਬਾਬਾ-ਉਹ ਕੁਛ ਕਰੋ ਕਿ ਵਾਸ਼ਨਾ, ਤ੍ਰਿਸ਼ਨਾਂ ਆਪੇ ਥੱਕ ਕੇ ਰਹਿ ਜਾਣ। 'ਵਾਸ਼ਨਾ ਤ੍ਰਿਸ਼ਨਾਂ' ਥੱਕੀ ਤਾਂ ਸੁਰਤ ਸਮਾਏਗੀ ਸੁਰਤੇ ਵਿਚ, ਫੇਰ ਜਨਮ ਮਰਨ ਦਾ ਪਰਵਾਹ ਬੰਦ।

ਹੰਸੋ-ਕਿਵੇਂ ਥੱਕੇ ਤਿਸ਼ਨਾ?

ਬਾਬਾ- ਤ੍ਰਿਸਨਾ ਥਕੀ ਨਾਨਕਾ

ਜਾ ਮਨੁ ਰਤਾ ਨਾਇ॥ (ਮਾਰੂ ਵਾਰ ਮ: ੩)

ਅਰਥਾਤ ਨਾਮ ਵਿਚ ਰਚਿਆਂ ਤ੍ਰਿਸ਼ਨਾ ਆਪੇ ਥੱਕ ਜਾਂਦੀ ਹੈ। ਐਉਂ ਕਿ ਕੰਨਾ ਦੁਆਰਾ ਹਰੀ ਜਸ ਸੁਣਨੇ ਕਰਕੇ 'ਕੰਨਾਂ ਦੀ ਸੁਰਤੀ' ਹਰੀ ਜਸ ਵਿਚ ਸਮਾਏਗੀ। ਨਾਮੀ ਪੁਰਖ ਕੰਨਾ ਦੁਵਾਰਾ ਨਿੰਦਾ ਉਸਤਤਿ ਵਿਚ ਪੈਕੇ ਤ੍ਰਿਸ਼ਨਾ ਵਾਸ਼ਨਾ ਵਿਚ ਨਹੀਂ ਜਾਏਗਾ ਉਹ ਸਗੋਂ ਹਰੀ ਜਸ ਵਿਚ ਮਗਨ ਹੋਵੇਗਾ। ਅੱਖਾਂ ਨੈਣਾਂ ਵਾਲੇ (ਕਰਤਾ ਪੁਰਖ) ਦੇ 'ਦੀਦਾਰ-ਅਨੁਭਵ' ਵਿਚ ਸਮਾਉਣਗੀਆਂ। ਨਾਮੀ ਪੁਰਖ ਦ੍ਰਿਸ਼ਟਾ ਨੂੰ ਸਦਾ ਥਿਰ ਜਾਣਕੇ ਉਸਦੇ ਅਨੁਭਵ ਵਿਚ ਰਹੇਗਾ। ਜੀਭ ਜੋ ਰਸਾਂ ਕਸਾਂ ਵਿਚ ਆਕੇ ਤ੍ਰਿਸ਼ਨਾ ਵਧਾਉਂਦੀ ਸੀ, ਉਹ ਪਜਾਰੇ ਦੇ ਉਚਾਰਣ ਦੇ ਨਾਮ ਰਸ ਵਿਚ ਰੰਗੀ ਰਹੇਗੀ।' ਇਹ ਰਸਨਾ ਰਸਾਂ ਦੇ ਸਾਰ ਰਸ ਵਿਚ ਲੀਨ ਉਸ ਰਸ ਦਾ ਮਾਨੋ 'ਘਰ' ਬਣ ਜਾਏਗੀ। ਅੰਤਹਕਰਣ ਵਿਚ ਦਿੱਬਜ ਸੁਗੰਧੀ ਮੁਸ਼ਕ ਮਚਾਏਗੀ। ਐਸੀ ਕਿ ਜਿਸ ਦੀ ਕੀਮਤ ਕੂਤ ਕੋਈ ਨਹੀਂ ਪਾ ਸਕਦਾ।[੧੦੧]

ਸੋ ਬੀਬਿਆ! 'ਹਉਂ' ਨੇ ਮੌਤ ਗਲੇ ਪਾਈ ਸੀ ਤੇ 'ਨਾਮ' ਨੇ ਗਲੋਂ ਲਾਹ ਦੇਣੀ ਹੈ। ਇਹ ਆਖਦਿਆਂ ਸ੍ਰੀ ਬਾਬਾ ਜੀ ਚੁਪ ਹੋ ਗਏ, ਨੈਣ ਬੰਦ ਹੋ ਗਏ। ਅਡੋਲਤਾ ਦਾ ਪ੍ਰਭਾਵ ਛਾ ਗਿਆ। ਕੁਛ ਚਿਰ ਮਗਰੋਂ ਗੰਭੀਰ ਭਰਵੀਂ ਸੱਦ ਵਾਲੇ ਗਲੇ ਤੋਂ ਗਾਇਨ ਦੀ ਧੁਨਿ ਉਠੀ ਤੇ ਗਉੜੀ ਦੀ ਸੁਰ ਵਿਚ ਇਕ ਬੈਠਵੀਂ ਲਯ ਲੈ ਕੇ ਉਚਾਰ ਹੋਇਆ। ਪਹਿਲੋਂ ਰਹਾਉ ਦੀ ਤੁਕ ਉਠੀ, ਫੇਰ ਸ਼ਬਦ ਗਾਇਨ ਹੋਇਆ, ਜੋ ਸਾਰਾ ਐਉਂ ਹੈਸੀ :-

ਗਉੜੀ ਮਹਲਾ ੧॥

ਪਉਣੈ ਪਾਣੀ ਅਗਨੀ ਕਾ ਮੇਲੁ॥
ਚੰਚਲ ਚਪਲ ਬੁਧਿ ਕਾ ਖੇਲੁ॥
ਨਉ ਦਰਵਾਜੇ ਦਸਵਾ ਦੁਆਰੁ॥
ਬੁਝੁ ਰੇ ਗਿਆਨੀ ਏਹੁ ਬੀਚਾਰੁ॥੧॥
ਕਥਤਾ ਬਕਤਾ ਸੁਨਤਾ ਸੋਈ॥



www.sikhbookclub.com

ਆਪੁ ਬੀਚਾਰੇ ਸੁ ਗਿਆਨੀ ਹੋਈ॥੧॥ਰਹਾਉ॥
ਦੇਹੀ ਮਾਟੀ ਬੋਲੈ ਪਉਣੁ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ॥
ਮੂਈ ਸੁਰਤਿ ਬਾਦੁ ਅਹੰਕਾਰੁ॥
ਓਹੁ ਨ ਮੂਆ ਜੋ ਦੇਖਣਹਾਰੁ॥੨॥
ਜੈ ਕਾਰਣਿ ਤਟਿ ਤੀਰਥ ਜਾਹੀ॥
ਰਤਨ ਪਦਾਰਥ ਘਟ ਹੀ ਮਾਹੀ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ॥
ਭੀਤਰਿ ਹੋਈ ਵਸਤੁ ਨ ਜਾਣੈ॥੩॥
ਹਉ ਨ ਮੂਆ ਮੇਰੀ ਮੁਈ ਬਲਾਇ॥
ਓਹੁ ਨ ਮੂਆ ਜੋ ਰਹਿਆ ਸਮਾਇ॥
ਕਹੁ ਨਾਨਕ ਗੁਰ ਬ੍ਰਹਮੁ ਦਿਖਾਇਆ॥
ਮਰਤਾ ਜਾਤਾ ਨਦਰਿ ਨ ਆਇਆ॥੪॥੪॥

ਚੁਪ ਵਰਤ ਰਹੀ ਸੀ, ਸ਼ਾਂਤੀ ਤੇ ਠੰਢ ਛਾ ਰਹੀ ਸੀ, ਸਾਰੇ ਸੁਖ ਦੇ ਘਰ ਵਿਚ ਸਨ। ਕੁਛ ਚਿਰ ਮਗਰੋਂ ਚੌਧਰੀ ਬੋਲਿਆ-ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਮੌਤ ਬਾਬਤ ਇਹ ਵੇ!

ਬਾਬਾ-ਇਹ ਹੈ ਸਾਧਾਰਣ ਗਜਾਨੀ ਨੂੰ ਸੁਮੱਤਿ ਜੋ ਗੁਰੂ ਬਾਬੇ ਨੇ ਦਿੱਤੀ! ਇਨ੍ਹਾਂ ਤੁਕਾਂ ਦਾ ਭਾਵ ਇਹ ਹੈ- ਨਾਮ ਤੇ ਸਿਫਤ ਸਲਾਹ ਨੇ ਭੀਤਰ ਹੁੰਦੀ ਵਸਤੂ ਦੀ ਸਿਆਣ ਦੇਣੀ ਹੈ। ਸਾਖੀ ਨੇ ਯਾ ਦੇਖਣਹਾਰ ਨੇ ਵਜਾਪਕ ਦੇਖਣਹਾਰ ਨੂੰ ਲਖ ਲੈਣਾ ਹੈ, ਜਦ ਦ੍ਰਿਸ਼ਟੀ ਵਿਚ ਬ੍ਰਹਮ ਸਚ ਮੁਚ ਦਿੱਸ ਪੈਣਾ ਹੈ[੧੦੨] ਤਾਂ ਦਿੱਸਣਾ ਹੈ ਕਿ ਮੈਂ ਨਹੀਂ ਮਰਨਾ, ਮੇਰੀ ਅਵਿਦਜਾ ਮੇਰੇ ਅਗਜਾਨ ਨੇ ਮਰਨਾ ਹੈ। ਜੋ ਦੇਖਣਹਾਰ ਅੰਦਰ ਹੈ ਉਹ ਸਮਾ ਰਿਹਾ ਹੈ ਵਜਾਪਕ ਵਿਚ, ਜੋ ਅਮਰ ਹੈ। ਸੋ ਅਮਰ ਨੂੰ ਜਦ ਅਮਰ ਲਖ ਲਿਆ, ਫਿਰ ਮੋਇਆ ਕਉਣ? ਸਾਫ ਦਿੱਸ ਪਿਆ ਕਿ ਮਰ ਦਾ ਕੁਛ ਨਹੀਂ।

ਹੰਸੋ-ਹੱਛਾ, ਬਾਬਾ ਜੀ...ਸਿਖਰਾਂ ਹਿਮਾਲੇ ਦੀਆਂ! ਹੈਂ! ਏਥੇ ਸੀ ਅੱਪੜੀ ਹੋਈ ਮੇਰੀ ਮਾਂ। ਤਦੇ ਗੱਲਾਂ ਕਰਦੀ ਸੀ ਜਿਵੇਂ ਮਰਨਾ ਉਸ ਨੂੰ ਮਰਨਾ ਲਗਦਾ ਹੀ ਨਹੀਂ ਸੀ।

ਬਾਬਾ-ਹਾਂ ਬੇਟਾ! ਉਹ ਗੁਰਮੁਖ ਸੀ, ਉਸ ਦੀ ਪਹੁੰਚ ਤੇ ਦ੍ਰਿਸ਼ਟੀ ਇਹੋ ਜਿਹੀ ਸੀ।

ਹੰਸੋ (ਹਾਉਕਾ ਲੈ ਕੇ)-ਸ਼ਰੀਰ ਬਿਨਸਨ ਦਾ ਵੇਲਾ ਪਤਾ ਨਹੀਂ, ਮੈਜ ਅੱਲ੍ਹੜ ਜੇ ਉਥੇ ਨਾ ਪੁੱਜੀ ਜੀਉਂਦੇ ਜੀ ਜਿੱਥੇ ਪੁਜੀ ਹੋਈ ਸੀ ਮੇਰੀ ਮਾਂ, ਤਾਂ ਮਰਕੇ ਕਿੰਵ ਜਾਸਾਂ ਉਸ ਅਨਾਹਦ ਗੋਦ ਵਿਚ...ਮਾਂ ਦੇ ਕੋਲ?

ਬਾਬਾ-ਤੇਰੀ ਮਾਂ ਬੀ ਕਦੇ ਅੱਲ੍ਹੜ ਸੀ, ਕਦੇ ਲੱਗੀ ਸੀ, ਕਦੇ ਪੁੱਗ ਪਈ ਸੀ, ਤੂੰ ਬੀ ਲੱਗ ਪਈ ਏਂ, ਪੁੱਗ ਵੈਸੇਂ ਕਦੀ।

ਹੰਸੋ-(ਹਰਜਾਨ ਹੋਕੇ)-ਮਾਂ, ਮਾਂ ਬੀ ਕਦੇ ਅੱਲ੍ਹੜ ਸੀ : ਹਛਾ......ਕਦੇ ਲੱਗੀ? ਕਿੰਵ ਲੱਗੀ? ਕਿਵੇਂ ਪੁੱਗੀ? ਸੁਣਾਓ ਨਾ।

ਬਾਬਾ-ਤੈਨੂੰ ਇਹ ਤਾਂ ਪਤਾ ਹੀ ਹੈ ਕਿ ਮਾਂ ਤੇਰੀ ਮੱਤੇ ਦੀ ਸਰਾਂ ਦੀ ਸੀ। ਮਾਲਵੇ ਵਿਚ ਮੱਤੇ ਦੀ ਸਰਾਂ ਹੁੰਦੀ ਸੀ, ਇਟ ਘੁਘ ਵਸਦਾ ਗਿਰਾਂ। ਉਸ ਗਿਰਾਂ ਦਾ ਮਾਲਕ ਸੀ ਚੌਧਰੀ ਤਖਤ ਮੱਲ, ਜਿਸ ਦੀ ਧੀ ਸੀ ਇਹ ਮਾਈ। ਇਸ ਦਾ ਨਾਉਂ ਤਾ ਸੀ ਵੀਰਾਂ ਬਾਈ ਪਰ ਸੱਤ ਵੀਰਾਂ ਦੀ ਭੈਣ ਹੋਣ ਕਰਕੇ ਲੋਕੀਂ ਸੱਦਣ ਲੱਗ ਪਏ 'ਸਤ ਵਿਰਾਈ' ਅਰਥਾਤ ਸੱਤਾਂ ਵੀਰਾਂ ਵਾਲੀ (ਭੈਣ)। ਪਿਤਾ ਦਾ ਸੀ ਇਸ ਨਾਲ ਅਤਿ ਪਜਾਰ। ਇਹ ਲਾਡ ਨਾਲ ਵੀਰਾਈ ਵੀਰਾਈ ਵਾਜਾਂ ਮਾਰਨ ਲੱਗ ਪਿਆ, ਸੋ ਨਾਮ ਹੀ ਵੀਰਾਈ ਵੱਜ ਗਿਆ। ਨਿੱਕੀ ਹੁੰਦੀ ਦਾ ਰੁਖ ਸੀ ਭਲੇ ਪਾਸੇ ਇਸੇ ਕਰਕੇ ਬਾਬਾ ਫੇਰੂ ਮੱਲ, ਮਾੜੇ ਗੁਰੂ ਜੀ ਦੇ ਪਿਤਾ ਨਾਲ, ਜੋ ਧਰਮੀ ਸੁਭਾਵ ਦਾ ਸੀ, ਭੈਣਾਂ ਵਾਲਾ ਪਿਆਰ ਪੈ ਗਿਆ। ਉਹ ਭੈਣ ਜੀ ਸੱਦੇ ਤੇ ਇਹ ਵੀਰ ਜੀ। ਫੇਰੂ ਮੱਲ ਕਾਰਦਾਰ ਤੇ ਮੁਸਾਹਿਬ ਸੀ ਤਖਤ ਮੱਲ ਦਾ ਤੇ ਘਰ ਵਿਚ ਘਰ ਦੇ ਬੰਦੇ ਵਾਂਙੂ ਸਤਿਕਾਰਿਆ ਜਾਂਦਾ ਸੀ। ਵਿਰਾਈ ਦਾ ਵਿਆਹ ਖਡੂਰ ਚੌਧਰੀ ਜੀ ਨਾਲ ਹੋ ਗਿਆ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮੋਦੀ ਖਾਨਾ ਛੱਡਕੇ ਉਦਾਸੀ ਧਾਰ ਕੇ ਟੁਰ ਪਏ ਤਾਂ ਬਿਆਸਾ ਤੋਂ ਉਰਾਰ ਹੀ ਖਡੂਰ ਆ ਅਟਕੇ। ਇਕ ਖੂਹ ਤੇ ਪਿੱਪਲ ਦੀ ਛਾਵੇਂ[੧੦੩] ਬੈਠੇ ਸਨ ਕਿ ਵਿਰਾਈ ਆ ਗਈ। ਮਾਈ ਦੀ ਸਤਿਗੁਰਾਂ ਤੇ ਨਜ਼ਰ ਪੈ ਗਈ ਵੇਖ ਠਿਠੰਬਰ ਗਈ। ਉਹ ਦਾਤਾ ਘਰ ਬਾਰ, ਹਟੀ ਪਟੀ, ਕਾਰਦਾਰੀ ਛੱਡਕੇ ਸਾਈਂ ਦੇ ਰੰਗ ਰਤਾ ਪਰਮ ਅਵਧੂਤ ਪਰ ਪਰਮੇਸ਼ੁਰ ਪ੍ਰੇਮ ਵਿਚ ਚਸ਼ਮੇਂ ਵਾਂਗੂ ਡੁਲ੍ਹ ਡੁਲ੍ਹ ਪੈਂਦਾ ਦਿੱਸ ਪਿਆ ਮਾਈ ਨੂੰ। ਮਾਈ ਦੇਖਕੇ ਚਰਨਾਂ ਤੇ ਢੈ ਪਈ। ਦਾਤੇ ਨੇ ਕਿਹਾ-ਸਤਿ ਕਰਤਾਰ, ਤੇ ਮਾਈ ਸਤਿ ਕਰਤਾਰ ਦੀ ਹੋ ਉਠੀ-

ਬਲਿਹਾਰੀ ਗੁਰ ਆਪਣੇ
ਦਿਉਹਾੜੀ ਸਦ ਵਾਰ॥

ਜਿਨਿ ਮਾਣਸ ਦੇਵਤੇ ਕੀਏ
ਕਰਤ ਨ ਲਾਗੀ ਵਾਰ॥੧॥

(ਆਸਾ ਦੀ ਵਾਰ ਮ: ੧-੧)

ਜਨਮ ਵਟੀਜ ਗਿਆ, ਆਗਿਆ ਲੈ ਕੇ ਘਰ ਆਈ, ਚੌਂਕੇ ਜਾ ਵੜੀ, ਮਾਈ ਦੀ ਟਹਿਲਣ ਨੇ ਆਖਿਆ, ਚਉਧਰਾਣੀ! ਤੂੰ ਕਿਉਂ ਧੂੰਏਂ ਦੇ ਮੂੰਹ ਆਉਣੀ ਏਂ? ਪਰੇ ਹੋ ਰੋਟੀ ਪਕਾਵਾਂ। ਮਾਈ ਕਿਹਾ- ਚਾਨਣ ਦੇਣ ਵਾਲੇ ਦਾਤੇ ਦੀ ਰੋਟੀ ਏ, ਕੁੜੀਏ! ਦੇਣਹਾਰ ਨੂੰ ਦੇਣੀ ਏ। ਇਹ ਕਹਿਕੇ ਨੀਮ ਹੋਸ਼ ਨੀਮ ਬੇਹੋਸ਼ੀ ਵਿਚ ਰੋਟੀ ਪਕਾਈ ਤੇ ਲੈ ਗਈ ਆਪ ਚਾਕੇ। ਦਾਤੇ ਨੇ ਪਿਆਰ ਦੀ ਪੱਕੀ ਰੋਟੀ ਖਾਧੀ, ਮਰਦਾਨੇ ਨੂੰ ਬੀ ਦਿੱਤੀ; ਮਰਦਾਨੇ ਖਾਕੇ ਆਖਿਆ-ਦਾਤਾ ਜੀਓ! ਬੇਬੇ ਜੀ ਦੀ ਪਕਾਈ ਵਰਗਾ ਸੁਆਦ ਏ।

ਗੁਰੂ ਜੀ ਬੋਲੇ-ਬੀਬੀ ਦੇ ਮਨ ਨੂੰ ਨਾਮ ਦੀ ਰੰਗਣ ਚੜ੍ਹ ਗਈ ਏ। ਐਉਂ ਬੀਬੀ ਨੂੰ ਨਾਮ ਦਾ ਰੰਗ ਲਾ ਕੇ ਦਾਤਾ ਜੀ ਚਲੇ ਗਏ ਲਾਲੋ ਕੋਲ ਸੈਦਪੁਰ[੧੦੪]। ਫੇਰ ਆਏ ਸੈਦਪੁਰ ਤੋਂ ਤਲਵੰਡੀ ਤੇ ਉਥੋਂ ਲਾਹੌਰ ਹੁੰਦੇ ਹੋਏ ਦੂਜੀ ਵੇਰ ਖਡੂਰ ਆਏ ਏਥੋਂ ਫੇਰ ਕਿਸੇ ਰਾਹੇ ਪਏ ਜਾ ਨਿਕਲੇ ਹੜੱਪੇ ਤੁਲੰਬੇ ਸਜਣ ਠੱਗ ਦੇ ਦੇਸ਼ ਤਾਰਨ ਹਾਰ ਜੀ। ਇਸ ਫੇਰੀ ਆਪ ਖਡੂਰ ਇਸ ਸੰਘਣੀ ਬੇਰ[੧੦੫] ਹੇਠ ਬੈਠੇ ਮਨ ਕਿ ਵਿਰਾਈ ਨੂੰ ਘਰ ਬੈਠਿਆਂ ਅਗੰਮੀ ਧੂਹ ਪੈ ਗਈ। ਭੰਨੀ ਆਈ ਤੇ ਨਾਮ ਦਾਤੇ ਜੀ ਨੂੰ ਬੈਠਿਆਂ ਵੇਖ ਕੇ ਉਨ੍ਹਾਂ ਦੇ ਚਰਨਾਂ ਚਿ ਢੈ ਪਈ। ਦਰਸ਼ਨ ਕੀਤੇ, ਨਿਹਾਲ ਹੋਈ, ਘਰ ਗਈ, ਐਤਕੀ ਹੋਰ ਕੌਤਕ ਵਰਤ ਰਿਹਾ ਸੀ। ਭਾਵੇਂ ਘਰੋਂ ਚੋਖੇ ਰਾਜ਼ੀ ਸਨ, ਕਿਸੇ ਗਲ ਦੀ ਕਮੀ ਨਹੀਂ ਸੀ, ਪਰ ਦਿਲ ਵਿਚ ਚਾਉ ਸੀ ਕਿ ਦਸਾਂ ਨਹੁਵਾਂ ਦੀ ਕਿਰਤ ਦੀ ਰੋਟੀ ਖੁਲਾਵਾਂ ਕਦੇ ਦਾਤੇ ਨੂੰ। ਮਾਈ ਨੇ ਕੁਛ ਕਸ਼ੀਦਾ ਕੱਢਕੇ ਵੇਚਕੇ ਕਣਕ ਮੰਗਾ ਰਖੀ ਸੀ। ਕੁਛ ਪਈ ਸੀ ਕੁਛ ਦਾ ਆਟਾ ਪੀਸਿਆ ਸੀ। ਅਜ ਓਸ ਆਟੇ ਦੀ ਰੋਟੀ ਪਕਾਕੇ ਲਿਆਈ; ਆਪ ਨੇ ਖਾਧੀ। ਮਰਦਾਨੇ ਫੇਰ ਆਖਿਆ : ਦਾਤਾ! ਰੋਟੀ ਦਾ ਸਵਾਦ ਬੇਬੇ ਜੀ ਦੀ ਰੋਟੀ ਵਰਗਾ ਏ। ਆਪ ਮੁਸਕ੍ਰਾਏ, ਇਹ ਮੁਸਕ੍ਰਾਹਟ ਪਤਾ ਨਹੀਂ ਕੀ ਸੀ?

ਵਿਰਾਈ ਦੇ ਦਿਲ ਵਿਚ ਇਕ ਖਿਆਲ ਉਪਜ ਪਿਆ ਕਿ ਸਾਈਂ ਦਾ ਦਿੱਤਾ ਸਭ ਕੁਛ ਹੈ, ਪੇਕੇ ਸਹੁਰੇ ਜ਼ਿਮੀਂਦਾਰੀ ਦੀ ਘਾਲ ਬੀ ਇਕ ਸੁੱਚੀ ਕਿਰਤ ਹੈ, ਪਰ ਜੇ ਮੈਂ ਆਪਦੇ ਖਾਣ ਮਾਤ੍ਰ ਲਈ ਆਪ ਕਮਾਈ ਕਰ ਲਿਆ ਕਰਾਂ ਤਾਂ ਖਬਰੇ ਮੇਰੇ ਨਾਮ ਵਿਚ ਵਧੇਰੇ ਬਰਕਤ ਪਵੇ। ਸੋ ਹੁਣ ਤੋਂ ਮਾਈ ਨੇ ਥੋੜੀ ਕਿਰਤ; ਕਸ਼ੀਦੇ, ਕੱਤਣ ਆਦਿ ਦੀ ਕਰ ਲੈਣੀ ਤੇ ਉਸ ਦਾ ਅੰਨ ਲੈਕੇ ਆਪਣੇ ਦੋ ਫੁਲਕੇ ਉਸ ਅੰਨ ਦੇ ਪਕਾ ਕੇ ਖਾਣੇ। ਇਕ ਕੌਤਕ ਅਜ ਹੋਰ ਵਰਤਿਆ, ਪਹਿਲੇ ਦਰਸ਼ਨਾਂ ਦੇ ਬਾਦ ਚੌਧਰੀ ਨੇ ਘਰ ਵਾਲੀ ਵਿਚ ਜੋ ਵਟਾਉ ਡਿੱਠਾ, ਉਸ ਤੋਂ ਉਹ ਬੀ ਸੰਤਾਂ ਦੇ ਦਰਸ਼ਨਾਂ ਦਾ ਚਾਹਵਾਨ ਹੋ ਰਿਹਾ ਸੀ, ਅਜ ਘਰ ਆਇਆ ਤਾਂ ਪਤਾ ਲੱਗਾ ਕਿ ਸੰਤ ਆਏ ਹੋਏ ਹਨ ਤੇ ਵਿਰਾਈ ਰੋਟੀ ਲੈਕੇ ਗਈ ਹੈ, ਸੋ ਉਹ ਭੰਨਾ ਆਇਆ ਤੇ ਆ ਚਰਨਾਂ ਨੂੰ ਲਿਪਟ ਗਿਆ, ਜਿਵੇਂ ਭਵਰ ਲਿਪਟਦਾ ਏ ਕਵਲ ਫੁਲ ਨੂੰ। ਦਾਤੇ ਦੀ ਹੋ ਗਈ ਮਿਹਰ ਤੇ ਇਹ ਬੀ ਹੋ ਗਿਆ ਨਾਮ ਦਾ ਧਾਰਨਹਾਰ ਗੁਰੂ ਕਾ ਸਿਖ। ਦੋ ਤ੍ਰੈ ਦਿਨ ਠਹਿਰ ਕੇ ਸਤਿਗੁਰ ਜੀ ਟੁਰ ਪਏ ਲੰਮੇ ਸਫ਼ਰਾਂ ਨੂੰ।

ਕਿਥੇ ਕਿਥੇ ਗਏ ਤੇ ਕਿਸ ਕਿਸ ਥਾਂ ਠਹਿਰੇ?

ਜਾਣੇ ਆਪ, ਪਰ ਕਈ ਕਉਤਕ ਕਰਦੇ ਸਾਰਾ ਪੂਰਬ ਫਿਰੇ; ਤੀਰਥ ਵੇਖੇ, ਆਖਰ ਵਰ੍ਹਿਆਂ ਬੱਧੀ ਘੁੰਮ ਕੇ, ਜਗਤ ਤਾਰਕੇ ਆਏ ਸੁਲਤਾਨਪੁਰ। ਬੇਬੇ ਜੀ ਪਾਸ ਕੁਛ ਦਿਨ ਟਿਕੇ। ਉਥੋਂ ਟੁਰਕੇ ਫੇਰ ਖਡੂਰ ਆਏ। ਰਾਤ ਆਪ ਓਸ ਪਿੱਪਲ ਹੇਠ ਟਿਕੇ। ਦਿਨ ਹੋਏ ਅਜ ਵਿਰਾਈ ਦੇ ਘਰ ਆਪੇ ਆ ਗਏ। ਨਾਮ ਵਿਚ ਰੰਗ ਰਤੀ ਨੂੰ ਅਰਸ਼ਾਂ ਦਾ ਚੰਨ ਚੜ੍ਹ ਪਿਆ, ਚੌਧਰੀ ਬਲਿਹਾਰ ਬਲਿਹਾਰ ਹੋ ਗਿਆ। ਇਸ ਵੇਲੇ ਦੀ ਖੁਸ਼ੀ ਚਾਉ ਤੇ ਬਿਹਬਲਤਾ ਐਸੀ ਸੀ ਕਿ ਵਿਰਾਈ ਨੇ ਓਸ ਬਿਹਬਲਤਾ ਵਿਚ ਪੁਛਿਆ-ਪ੍ਰਸ਼ਾਦ ਲਿਆਵਾਂ! ਤਾਂ ਆਗਿਆ ਹੋਹੀ ਜੋ ਹਾਜ਼ਰ ਹੈ ਲੈ ਆਓ। ਵਿਰਾਈ ਨੇ ਆਪਣੀ ਕਿਰਤ ਦੇ ਪੈਸੇ ਤੋਂ ਜੌਂ ਖਰੀਦੇ ਹੋਏ ਸਨ, ਓਹ ਛੱਟ ਬਣਾ ਕੇ ਸਾਫ ਕਰਕੇ ਥਾਲੀ ਵਿਚ ਰਖੇ ਹੋਏ ਸਨ ਕਿ ਪੀਹ ਕੇ ਰੋਟੀ ਪਕਾਵਾਂਗੀ, ਪਰ ਇਸ ਵੇਲੇ ਦੀ ਬਰਸਾਂ ਬਾਦ ਅਚਾਨਕ ਦਰਸ਼ਨ ਦੀ ਬਿਹਬਲ ਖੁਸ਼ੀ ਵਿਚ ਕੁਛ ਖਯਾਲ ਨਾ ਰਿਹਾ ਕਿ ਥਾਲੀ ਵਿਚ ਤਾਂ ਜੌਂ ਮਾਤ੍ਰ ਹੀ ਹਨ, ਕਾਹਲੀ ਵਿਚ ਜਵਾਂ ਦੀ ਥਾਲੀ ਹੀ ਅੱਗੇ ਲਿਆ ਧਰੀ। ਪ੍ਰੇਮ ਅਧੀਨ ਗੁਰੂ ਬਾਬੇ ਨੇ


www.sikhbookclub.com

ਇਕ ਦੋ ਜੌਂ ਹੀ ਚਿੱਥ ਲਏ ਤੇ ਬਚਨ ਕੀਤਾ :-ਵਿਰਾਈ ਅਜ ਕਈ ਬਰਸਾਂ ਦਾ ਬ੍ਰਤ ਉਪਾਰਨ ਹੋਇਆ ਹੈ[੧੦੬]।

ਸਾਰੇ ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ!

ਹੰਸੋ-ਬਾਬਾ ਜੀ! ਮੈਂ ਨਹੀਂ ਸਮਝੀ ਕੀ ਅਰਥ ਹੋਇਆ ਏਸ ਬਚਨ ਦਾ?

ਬਾਬਾ-ਗੁਰੂ ਆਪਣੀਆਂ ਆਪ ਜਾਣੇ। ਇਕ ਤਾਂ ਇਹ ਹੋ ਸਕਦਾ ਹੈ ਕਿ ਗੁਰੂ ਸ਼ਬਦ ਦੇ ਆਧਾਰ ਬ੍ਰਤੀ ਰਹਿੰਦਾ ਸੀ, ਇਹ ਅੰਨ ਪਾ ਕੇ ਬ੍ਰਤ ਉਪਾਰਿਆ ਹੈ ਜਿਵੇਂ ਏਕਾਦਸ਼ੀ ਦੇ ਬ੍ਰਤ ਨੂੰ ਲੋਕੀਂ ਦੁਆਦਸ਼ੀ ਵਾਲੇ ਦਿਨ ਅੰਨ ਪਾਕੇ ਉਪਾਰਦੇ ਹਨ। ਦੂਜਾ ਮੇਰੀ ਸਮਝੇ ਇਹ ਪੈਂਦਾ ਹੈ ਕਿ ਹੇ ਮਾਈ ਤੇਰਾ ਨਾਮ ਸਿਮਰਨ, ਤੇਰੀ ਪਵਿੱਤ੍ਰਤਾ, ਤੇਰਾ ਪਜਾਰ, ਤੇਰੇ ਅੰਨ ਦੀ ਸ਼ੁੱਧਤਾ ਤੇਰੀ ਕਿਰਤ ਕਮਾਈ ਐਤਨੀ ਸੁੱਚੀ ਹੈ ਕਿ ਇਨ੍ਹਾਂ ਸਾਰੇ ਬਰਸਾਂ ਵਿਚ ਪਾਇਆ ਭੋਜਨ ਇਕ ਪ੍ਰਕਾਰ ਦਾ ਬ੍ਰਤ ਸੀ। ਅਰਥਾਤ (ਬ੍ਰਤ) ਫਾਕਾ ਹੈਸੀ ਜੋ ਅਜ ਤੇਰੇ ਇਕ ਜੌਂ ਨਾਲ ਉਹ ਬ੍ਰਤ ਉਪਾਰਿਆ ਹੈ। ਦਾਨ ਕਰਨਾ ਤਾਂ ਸਭ ਨੇ ਭਲਾ ਕਿਹਾ ਹੈ ਬੀਬਿਆ! ਪਰ ਘਾਲ ਕਰਕੇ ਕਮਾਕੇ ਦਾਨ ਕਰਨ ਨਾਲ ਸਾਈਂ ਦਾ ਰਸਤਾ ਲੱਭਦਾ ਹੈ, ਇਹ ਗੱਲ ਗੁਰੂ ਬਾਬੇ ਨੇ ਹੀ ਆਖੀ ਸੀ :-

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

(ਸਾਰ: ਵਾਰ ਮ: ੧)

ਤਿਵੇਂ ਅਜ ਕਿਹਾ ਕਿ ਇਹ ਘਾਲ ਦਾ ਅੰਨ ਨਾਮ ਪ੍ਰੇਮੀ ਦਾ ਕਮਾਇਆ ਅੰਨ, ਪਰਮ ਪਵਿਤ੍ਰ ਤੇ ਅਤਿ ਕੀਮਤੀ ਹੈ, ਇਹ ਅਮੁੱਲ ਹੈ।

ਚੌਧਰੀ-ਬਾਬਾ ਜੀ ਮੈਂ ਕਈ ਵਾਰ ਕਿਹਾ : ਭਾਗਵਾਨੇ! ਗੁਰੂ ਦਾ ਦਿੱਤਾ ਘਰ ਵਿਚ ਸਭ ਕੁਛ ਏ, ਸਾਡੀ ਜ਼ਿਮੀਂਦਾਰੀ ਦੀ ਕਿਰਤ ਕਮਾਈ ਏ, ਮੈਂ ਆਪ ਬੀ ਖੇਤੀ ਦੇ ਕੰਮ ਵਿਚ ਜਾ ਜੁੱਟਦਾ ਹਾਂ। ਉਹ ਆਖੇ ਸੱਚ ਏ, ਆਪ ਦੀ ਕਮਾਈ ਸੁੱਚੀ ਏ, ਮੇਰਾ ਹੱਕ ਏ, ਪਰ ਪਤਾ ਨਹੀਂ ਕਿਉਂ ਕੁਛ ਹੋ ਗਿਆ ਏ ਮਨ ਨੂੰ ਕਿ ਦੋ ਫੁਲਕੇ ਦਸਾਂ ਨਹੁਵਾਂ ਨਾਲ ਕਮਾਕੇ ਖਾਣ ਨੂੰ ਜੀ ਕਰਦਾ ਏ। ਮੇਰੀ ਰੀਸ ਕੋਈ ਕਰੇ, ਇਸ ਦੀ ਲੋੜ ਨਹੀਂ, ਪਰ ਮੈਨੂੰ ਸੁਭਾਵ ਪੈ ਗਿਆ ਏ।

ਬਾਬਾ-ਸੋ ਭਾਈ, ਪ੍ਰੇਮੀਆਂ ਦੇ ਪ੍ਰੇਮ ਦੇ ਨੇਮ ਪ੍ਰੇਮੀ ਜਾਣਨ। ਮਾਈ ਦੀ ਅੰਤ ਪ੍ਰਯੰਤ ਨਿਭ ਗਈ! ਮੈਂ ਕਾਕੋ ਨੂੰ ਦੱਸਿਆ ਏ ਕਿ ਕਦੇ ਮਾਈ ਲੱਗੀ ਸੀ, ਕਦੇ ਘਾਲਾਂ ਕਰਦੀ ਸੀ। ਏਥੋਂ ਤਾਈਂ ਕਿ ਅੰਨ ਭੀ ਘਾਲ ਕੇ ਸੋਧ ਦਾ ਖਾਂਦੀ ਸੀ। ਉਹ ਨਾਮ ਸਿਮਰ ਕੇ ਅੰਤ ਪੂਰਨ ਪਦ ਨੂੰ ਪਹੁੰਚ ਗਈ, ਤਿਵੇਂ ਤੂੰ ਲਗੀ ਏਂ ਲੱਗੀ ਰਹੁ, ਪੁੱਜ ਪਏਂਗੀ। ਦੇਖ ਉਸ ਮਾਈ ਦੀ ਨਾਮ-ਘਾਲ ਤੇ ਕਿੰਨੇ ਪ੍ਰਸੰਨ ਸਨ ਗੁਰੂ ਜੀ, ਜਦ ਕਦੇ ਪਾਸ ਦੀ ਲੰਘੇ ਦਰਸ਼ਨ ਦੇ ਕੇ ਲੰਘੇ। ਜਦ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਦਿੱਤੀ ਤੇ ਡਿੱਠਾ ਕਿ ਉਹਨਾਂ ਦਾ ਕਰਤਾਰ ਪੁਰ ਰਹਿ ਸਕਣਾ ਉਹਨਾਂ ਲਈ ਸੁਖਸਈ ਨਹੀਂ ਤਾਂ ਆਪ ਨੂੰ ਖਡੂਰ ਘੱਲਿਆ ਤੇ ਮਾਈ ਨੂੰ ਸਪੁਣੀ ਕਰ ਘੱਲੀ ਕਿ ਸੇਵਾ ਕਰੇ। ਇਸ ਸਮੇਂ ਤ੍ਰੈ ਚਾਰ ਵੇਰ ਖਡੂਰ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਆਪ ਆਏ। ਸਦੀਵ ਮਾਈ ਹੀ ਆਪ ਦੀ ਤੇ ਨਾਲ ਆਈ ਸੰਗਤ ਦੀ ਸੇਵਾ ਕਰਦੀ ਤੇ ਕ੍ਰਿਤਾਰਥ ਹੁੰਦੀ ਰਹੀ। ਅੰਤ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਗੁਰੂ ਅੰਗਦ ਦੇਵ ਜੀ ਮਾਈ ਦੇ ਘਰ ਹੀ ਛੁਪਕੇ ਰਹੇ ਤੇ ਇਸੇ ਸੁਭਾਗ ਪਵਿਤ੍ਰ ਆਤਮਾ, ਨਾਮ ਰਸੀਆ, ਗਜਾਨ ਆਰੂਢ ਮਾਈ ਦੇ ਘਰ ਪ੍ਰਗਟ ਹੋਏ ਤੇ ਮਾਈ ਨੇ ਹੀ ਪਹਿਲੇ ਦਿਨਾਂ ਦੇ ਸਾਰੇ ਪ੍ਰਬੰਧ ਕੀਤੇ ਕਰਵਾਏ। ਇਸ ਸਮੇਂ ਮਾਈ ਦੇ ਗੁਰਮੁਖਤਾਈ ਦੇ ਕੌਤਕਾਂ ਦੇ ਗੁਰੂ ਮਿਹਰਾਂ ਨੂੰ ਆਪ ਦੇਖਦੇ ਹੀ ਰਹੇ ਹੋ। ਹੁਣ ਆਪ ਸਭਨਾਂ ਦੇ ਸਾਹਮਣੇ ਮਾਈ ਜੋਤੀ ਸਰ ਜਗਤੇਸ਼੍ਵਰ ਦੀ ਚਰਨ ਸ਼ਰਨ ਪ੍ਰਾਪਤ ਹੋਈ ਹੈ। ਉਸ ਦਾ ਜੀਵਨ ਵੇਖਕੇ ਹੌਸਲਾ ਪਕੜੋ ਕਿ ਅਸੀਂ ਬੀ ਉਸ ਵਾਂਙ ਪਾਰ ਲੰਘ ਜਾਵਾਂਗੇ।

ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ॥

(ਆਸਾ ਫਰੀਦ)

ਹੰਸੋ-ਸਚ ਕਿਹਾ ਨੇ ਬਾਬਾ ਜੀਓ! ਪਰ ਜੇ ਮੈਂ ਅਜ ਰਾਤੀ ਮਰ ਜਾਵਾਂ ਤਾਂ ਮੈਂ ਅਧਵਾਟੇ ਰਹੀ ਹੋਈ ਕਿਤੇ ਅਧਵਾਟੇ ਹੀ ਲਟਕ ਜਾਊਂ ਨਾ?

ਬਾਬਾ-ਨਾ ਕਾਕੋ! ਇੰਞ ਨਾ ਆਖ, ਗੁਰੂ ਭਾਵੇ ਤਾਂ ਬਖਸ਼ ਲਏ ਛਿਨ ਵਿਚ, ਸੱਚੇ ਦਰ ਜਾ ਅੱਪੜੇਂ! ਖਿਨ ਦੀ ਖੇਲ ਏ, ਜਿਸ ਖਿਨ ਇਕ ਚਿਤ ਜੁੜ ਗਿਆ ਪਹੁੰਚ ਗਿਆ। ਜਿਸ ਖਿਨ ਮਿਹਰ ਹੋ ਗਈ ਬੰਦਾ ਤਰ ਗਿਆ[੧੦੭]। ਪਰ ਦੇਖੋ ਜੇ ਕੋਈ ਬੰਦਗੀ ਕਰਦਾ ਘਾਲੇ ਦੇ ਦਿਨੀਂ ਚਲ ਬਸਿਆ ਤਾਂ ਫਿਕਰ ਨਹੀਂ, ਗੁਰ ਕੀ ਸੰਭਾਲ ਵਿਚ ਚੰਗੇ ਹੀ ਥਾਂ


www.sikhbookclub.com

ਜਾਵੇਗਾ ਤੇ ਅਗੋਂ ਅਗੋਂ ਵਧਦਾ ਜਾਵੇਗਾ। ਜੇ ਕਰਤਾ ਪੁਰਖ ਨੂੰ ਭਾਵੇ ਤਾਂ ਓਹ ਫੇਰ ਗੁਰਮੁਖਾਂ ਦੇ ਘਰ ਤੇ ਸੁਖੀਆਂ ਦੇ ਘਰ ਆਵੇਗਾ, ਫੇਰ ਸਮਾਂ ਮਿਲੇਗਾ[੧੦੮]। ਫੇਰ ਆਪਣੀ ਸੰਥਜਾ ਪੂਰੀ ਕਰ ਲਵੇਗਾ। ਕੀਤੀ ਹੋਈ ਘਾਲ ਇਕ ਤਿਲ ਜਿੰਨੀਂ ਅਜਾਈਂ ਨਹੀਂ ਜਾ ਸਕਦੀ। ਉਦਾਸ ਨਾ ਹੋ, ਤੇਰੀ ਬਾਂਹ ਸੂਰੇ ਗੁਰੂ ਦੇ ਹਥ ਹੈ, ਤੂੰ ਕਿਉਂ ਡੋਲੇਂ, ਅਸੀਂ ਸਾਰੇ ਕਿਉਂ ਡੋਲੀਏ। ਲਗੇ ਰਹੀਏ, ਲਗੇ ਰਹੋ, ਗੁਰੂ ਬਾਬਾ ਆਖਦਾ ਏ :-

ਹਰਿ ਸਿਮਰਹੁ ਗੁਰ ਬਚਨ ਸਮਾਰਹੁ
ਸੰਗਤਿ ਹਰਿ ਜਨ ਭਾਉ ਕਰੇ॥
ਹਰਿ ਜਨ ਗੁਰੁ ਪਰਧਾਨੁ ਦੁਆਰੈ
ਨਾਨਕ ਤਿਨ ਜਨ ਕੀ ਰੇਣੁ ਹਰੇ॥ (ਮਾਰੂ ਮਹਲਾ ੧)

ਇਸ ਕਾਰੇ ਲਗੇ ਰਹੋ।

ਇਸ ਪ੍ਰਕਾਰ ਦੇ ਮੋਤੀ ਪ੍ਰੋਵੇਂ ਅੱਖਰ ਆਖਦੇ ਗੁਰਮੁਖ ਬਾਬਾ ਜੀ ਉਠੇ ਤੇ ਸਭਨਾਂ ਤੋਂ ਵਿਦਾ ਲੈਕੇ ਗੁਰੂ ਦੁਆਰੇ ਨੂੰ ਮਿੱਠੀ ਮਿੱਠੀ ਪਉਣ ਵਾਂਙੂ ਚਲੇ ਗਏ।

## ੨੭. ਹਨੇਰੀ (ਭਾਈ ਜੀਵਾ)।

**ਮੁਕਦੇ** ਚੇਤ ਕਿ ਵਿਸਾਖ ਵਿਚ ਮਾਈ ਚਲਾਣਾ ਕਰ ਗਈ ਸੀ, ਹੁਣ ਜੇਠ ਚਲ ਰਿਹਾ ਸੀ। ਰੁਤ ਲੋਆਂ ਤੇ ਹਨੇਰੀਆਂ ਦੀ ਆ ਗਈ। ਜੀਵਾ ਨਾਮੇ ਇਕ ਪ੍ਰੇਮੀ ਸਿਖ ਸੀ ਜੋ ਸ੍ਰੀ ਗੁਰ ਜੀ ਲਈ ਖਿਚੜੀ ਬਣਾਇਆ ਕਰਦਾ ਸੀ। ਅਜ ਜਦ ਵਗਦੀ ਹਨੇਰੀ ਜੀਵੇ ਦੀ ਉਡੀਕ ਨੂੰ ਥਕਾ ਕੇ ਭੀ ਨਾ ਹੰਭੀ ਤਾਂ ਓਹ ਹਜ਼ੂਰੀ ਵਿਚ ਹਾਜ਼ਰ ਹੋਇਆ।

ਜੀਵਾ (ਹਥ ਜੋੜ ਕੇ)-ਹਨੇਰੀ ਨਹੀਂ ਖੜੋਂਦੀ ਮੇਰੇ ਦਾਤਾ! ਖਿਚੜ੍ਹੀ ਚਾੜ੍ਹਨੀ ਸੀ, ਅੱਗ ਨਹੀਂ ਬਾਲੀ ਜਾਂਦੀ। ਹੁਕਮ ਕਰੋ ਹਨੇਰੀ ਹਟ ਜਾਵੇ, ਮੈਂ ਖਿਚੜੀ ਬਣਾ ਲਵਾਂ।

ਗੁਰੂ ਜੀ (ਮੁਸਕ੍ਰਾਕੇ) ਜਿਸਦੇ ਹੁਕਮ ਵਿਚ ਵਗ ਰਹੀ ਏ, 'ਉਸ ਦੇ ਹੁਕਮਿ ਬੰਦ ਥੀ ਵੈਸੀ।'

ਜੀਵਾ-ਆਪ ਦੇ ਵੱਸ ਬੀ ਹੈ, ਰੋਕ ਦਿਓ ਸੁ।

ਗੁਰੂ ਜੀ (ਮੁਸਕ੍ਰਾਕੇ)- ਜੀਵਿਆ! ਵਗਣ ਦੇ ਸੂ, ਵਗ ਰਹੀ ਏ ਵੇਗ ਵਿਚ ਆਕੇ, ਲੈ ਆਵੇਗਾ ਵੇਗ ਵਰਖਾ ਇਕ ਦਿਨ, ਵੱਸ ਪਵੇਗੀ ਵਿਸ਼ਵ, ਤੂੰ ਵੇਖ ਕਰਤਾਰ ਦੇ ਰੰਗ। ਤੂੰ ਨਾਮ ਜਪ ਤ ਰਜ਼ਾ ਵਿਚ ਰਹੁ ਰਾਜ਼ੀ, ਜਿਵੇਂ ਪਤਿਬ੍ਰਤਾ ਪਤੀ ਆਗਿਆ ਵਿਚ ਰਾਜ਼ੀ ਹੁੰਦੀ ਹੈ : ਤੂੰ ਮਾਲਕ ਦੀ ਰਜ਼ਾ ਵਿਚ ਰਾਜ਼ੀ ਰਹੁ[੧੦੯]।

ਜੀਵੇ ਦੇ ਆਉਣ ਤੋਂ ਪਹਿਲੇ ਕੁਛ ਸੱਜਣ ਗੁਰੂ ਜੀ ਦੇ ਆਸ ਪਾਸ ਬੈਠੇ ਗੁਰੂ ਜੀ ਨਾਲ ਵਾਰਤਾਲਾਪ ਕਰ ਰਹੇ ਸੇ। ਇਨ੍ਹਾਂ ਵਿਚ ਇਕ ਚੋਖਾ ਵਿਦਵਾਨ ਪੁਰਖ ਵੀ ਸੀ, ਜੋ ਹੁਣ ਤਾਈਂ ਚੁਪ ਬੈਠਾ ਗੱਲਾਂ ਬਾਤਾਂ ਸੁਣ ਰਿਹਾ ਸੀ। ਇਹ ਗੱਲ ਸੁਣਕੇ ਬੋਲ ਪਿਆ :- ਭਲਾ ਮਹਾਰਾਜ! ਕੁਦਰਤ ਸੁਤੰਤ੍ਰ ਏ ਕਿ ਪਰਤੰਤ੍ਰ!

ਗੁਰੂ ਜੀ-ਤੂੰ ਭਾਈ ਕੁਦਰਤ ਕਿਸਨੂੰ ਆਖਦਾਏ?

ਵਿਦਵਾਨ-ਇਸ ਦਿੱਸਦੇ ਪਸਾਰੇ ਨੂੰ ਜੀਓ!

ਗੁਰੂ ਜੀ-ਜੋ ਦਿੱਸਦਾ ਏ ਕੁਦਰਤ ਏ ਤੇ ਜੋ ਸੁਣੀਂਦਾ ਏ?

ਵਿਦਵਾਨ-ਉਹ ਬੀ ਕੁਦਰਤ।

ਗੁਰੂ ਜੀ-ਤੇ ਜੋ ਨਹੀਂ ਦਿੱਸਦਾ, ਪਰ ਲਖੀਂਦਾ ਹੈ, 'ਜਿਵੇਂ ਸੁਖ ਦੀ ਇਛਾ' ਤੇ 'ਦੁਖ ਦਾ ਡਰ', 'ਪਜਾਰ' ਤੇ 'ਵੈਰ ਦਾ ਭਾਵ'?

ਵਿਦਵਾਨ (ਜ਼ਰਾ ਘਬਰਾ ਕੇ ਫੇਰ ਸੋਚ ਕੇ)-ਜੀ, ਉਹ ਬੀ ਕੁਦਰਤ ਹੀ ਮੰਨਣੀ ਪਊ।

ਗੁਰੂ ਜੀ-ਤੇ ਸਾਡੀ 'ਵੀਚਾਰ' ਕੁਦਰਤ ਹੈ ਕਿ ਕੁਛ ਹੋਰ?

ਵਿਦਵਾਨ-ਜੀ......ਹੈਂ...ਹਾਂ, ਉਹ ਖੀ ਕੁਦਰਤ ਹੋਸੀ...ਮੇਰੀ ਜਾਚੇ, ਹਾਂ।

ਗੁਰੂ ਜੀ-ਲੈ ਸੁਣ ਗੁਰੂ ਨਾਨਕ ਦੇਵ ਜੀ ਦਾ ਹਿਸਾਬ ਜੋ ਕੁਦਰਤ ਦਾ ਉਨ੍ਹਾਂ ਨੇ ਕੀਤਾ ਹੈ-

ਕੁਦਰਤਿ ਦਿਸੈ ਕੁਦਰਤਿ ਸੁਣੀਐ
ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ
ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ
ਕੁਦਰਤਿ ਸਰਬ ਵੀਚਾਰੁ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ
ਕੁਦਰਤਿ ਸਰਬ ਪਿਆਰੁ॥
ਕੁਦਰਤਿ ਜਾਤੀ ਜਿਨਸੀ ਰੰਗੀ
ਕੁਦਰਤਿ ਜੀਅ ਜਹਾਨ॥
ਕੁਦਰਤਿ ਨੇਕੀਆ ਕੁਦਰਤਿ ਬਦੀਆ
ਕੁਦਰਤਿ ਮਾਨੁ ਅਭਿਮਾਨੁ॥


www.sikhbookclub.com

ਕੁਦਰਤਿ ਪਉਣੁ ਪਾਣੀ ਬੈਸੰਤਰੁ
ਕੁਦਰਤਿ ਧਰਤੀ ਖਾਕੁ॥*

ਵਿਦਵਾਨ-ਬਹੁਤ ਖੂਬ! ਗੁਰੂ ਨਾਨਕ ਦੇਵ ਕੁਦਰਤਿ ਦੇ ਬੜੇ ਪ੍ਰੇਮੀ ਤੇ ਬੜੇ ਜਾਣੂ ਸੇ ਕੈਸੀ ਸੁਹਣੀ ਦਾਰਸ਼ਨਿਕ ਗੇਣਤੀ ਬਧੀ ਹੈ।

ਗੁਰੂ ਜੀ-ਪਰ ਓਸ ਕੁਦਰਤ ਪ੍ਰੇਮੀ ਗੁਰੂ ਨੇ ਕੁਦਰਤ ਦੇ ਉਹਲੇ ਇਸ ਵਿਚ ਰਮਿਆ ਇਸ ਦਾ ਕਰਤਾ ਵੇਖਿਆ ਹੈ, ਤੇ ਉਸ ਨੂੰ ਕਾਦਰ ਆਖਿਆ ਏ।

ਵਿਦਵਾਨ-ਕਿਵੇਂ?

ਗੁਰੂ ਜੀ-ਆਪ ਫੁਰਮਾਉਂਦੇ ਹਨ-

'ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ'

ਵਿਦਵਾਨ-ਕਿਉਂ ਸਾਹਿਬ ਜੀ 'ਕਰਤਾ, ਕਾਦਰ' ਹੋਕੇ ਉਹ ਲਿਪਾਯਮਾਨ ਨਾ ਹੋ ਜਾਏਗਾ? ਕਰਤਾਪਨ ਤੇ ਕਾਦਰਪਨ ਇਛਾ ਦੇ ਸੂਚਕ ਹਨ, ਇਛਾ ਵਿਕਾਰ ਹੈ, ਵਿਕਾਰੀ ਪਰਿਣਾਮੀ[110] ਹੋ ਜਾਏਗਾ। ਪਰਿਣਾਮੀ ਅਚਯੁਤ ਨਾ ਰਹੇਗਾ।

ਗੁਰੂ ਜੀ-ਗੁਰੂ ਨਾਨਕ ਜੀ ਫੁਰਮਾਉਂਦੇ ਹਨ :-

"ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ
ਪਾਕੀ ਨਾਈ ਪਾਕੁ॥"

ਕਾਦਰ ਕਰਤਾ ਹੁੰਦਾ ਹੋਇਆ ਉਹ ਲਿਪਾਇਮਾਨਤਾ ਤੋਂ ਪਾਕ ਹੈ, ਮੁਬੱਰਾ ਹੈ, ਅਲੇਪ ਹੈ। ਇਹੋ ਉਸਦੀ ਪਵਿਤ੍ਰ ਖੂਬੀ ਹੈ ਕਿ ਕਰਤਾ ਕਾਦਰ ਹੁੰਦਾ ਹੋਇਆ ਭੀ ਅਟੱਲ ਤੇ ਅਵਿਨਾਸ਼ ਹੈ, ਉਹ ਇਕੋ ਇਕ ਸਦਾ ਜਾਗਤੀ ਜੋਤਿ ਹੈ[111]।

ਵਿਦਵਾਨ-ਜੋ ਇਕੋ ਇਕ ਹੈ ਤੇ ਅਲੇਪ ਹੈ ਤਾਂ ਫਿਰ ਰਚਦਾ ਤੋਰਦਾ ਕੀਕੂੰ ਹੈ?

ਗੁਰੂ ਜੀ-ਚੇਤਨਤਾ ਜੜ੍ਹਤਾ ਨਹੀਂ, ਚੇਤਨਤਾ ਚੇਤਨਤਾ ਹੈ ਤੇ ਚੇਤਨਤਾ ਵਿਚ ਹੁਕਮ ਹੈ-

ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥

ਇਤਨੇ ਨਾਨਤ੍ਵ ਵਾਲੀ ਕੁਦਰਤ ਦਾ ਕਰਤਾ ਤੇ ਕਾਦਰ ਹੋਕੇ ਫਿਰ ਆਪਣੀ ਏਕਤ੍ਵ ਵਿਚ ਜਿਉਂ ਦਾ ਤਿਉਂ ਇਕੋ[112] ਵਿਦਮਾਨ ਹੈ। ਗੁਰੂ ਜੀ ਨੇ ਪਰਮੇਸੁਰ ਨੂੰ 'ਕੁਦਰਤਿ ਵਸਿਆ' ਭੀ ਕਿਹਾ ਹੈ। ਅਰਥਾਤ ਓਹ ਥਾਨੰਤ੍ਰੀ[113] ਹੈ। ਥਾਨੰਤ੍ਰੀ ਆਖਦਿਆਂ ਉਸ ਨੂੰ 'ਅਪਰੰਪਰ'[114] ਬੀ ਆਖਦੇ ਹਨ। ਥਾਨੰਤ੍ਰੀ ਹੋਕੇ ਸਾਰੇ ਵਜਾਪਕ ਹੈ ਪਰ ਸਾਰੇ ਤੋਂ ਉਚਾ ਤੇ ਨਾ ਲਿਪਾਇਮਾਨ ਹੋਣ ਕਰਕੇ ਅਪਰੰਪਰ ਹੈ-ਪਰੇ ਤੋਂ ਪਰੇ ਹੈ।

ਵਿਦਵਾਨ-ਪਰ ਕੀਹ ਹੁਕਮ ਬੀ ਇਕ ਵਿਕਾਰ ਨਹੀਂ?

ਗੁਰੂ ਜੀ-ਜੀਵ ਦੇ ਹੁਕਮ ਨੂੰ ਤੁਸੀਂ ਵਿਕਾਰ ਕਹਿ ਸਕਦੇ ਹੋ, ਜਿਸ ਦੇ ਤੁਸੀਂ ਜਾਣੂ ਹੋ, ਇਸ ਵਿਚ 'ਇਛਾ' ਖ਼ਯਾਲ ਕਰ ਸਕਦੇ ਹੋ। ਜੀਵ ਅੰਤ ਵਿਚ ਹੈ; ਹੱਦਬੰਦੀ ਵਾਲਾ ਹੈ; 'ਗਯਾਨ ਧਾਰਾ' ਇਸ ਦੀ ਅਨੰਤ ਨਹੀਂ। ਇਸ ਆਪਣੇ ਅੰਤ ਵਾਲੇ ਹੁਕਮ ਨੂੰ 'ਅਨੰਤ' ਵਿਚ ਨਾ ਲੈ ਜਾਓ। ਓਥੇ ਜੁ ਕੁਛ ਹੈ, ਜਿਸ ਨੂੰ 'ਹੁਕਮ' ਆਖਿਆ ਹੈ, 'ਹੁਕਮੀ' ਵਾਂਗੂ 'ਅਨੰਤ' ਹੈ। ਅਨੰਤ ਅਕੱਥਨੀਯ ਹੈ। 'ਅਨੰਤ ਹੁਕਮੀ' ਦਾ 'ਹੁਕਮ' ਬੀ ਅਕੱਥਨੀਯ ਹੈ। ਉਸ 'ਅਕੱਥ ਅਨੰਤ' ਹੁਕਮ ਨੂੰ 'ਅਨੰਤ ਹੁਕਮੀ' ਦੀ ਅਕੱਥਤਾ ਵਿਚ ਰਖੋ। ਆਪਣੇ ਹੁਕਮ ਦੀ, ਜੋ ਵਿਕਾਰੀ ਹੈ, ਸਦਰਸ਼ਤਾ ਨਾ ਦਿਓ। ਇਸ ਕਰਕੇ ਗੁਰੂ ਬਾਬੇ ਨੇ ਫੁਰਮਾਇਆ ਸੀ-

ਹੁਕਮੀ ਹੋਵਨਿ ਆਕਾਰ
ਹੁਕਮੁ ਨ ਕਹਿਆ ਜਾਈ॥ (ਜਪੁਜੀ)

ਸੁਣਿਆ ਨੇ?

ਹੁਕਮੁ ਨ ਕਹਿਆ ਜਾਈ॥

ਉਸਦਾ ਹੁਕਮ ਉਸਦੀ ਜ਼ਾਤ ਵਾਂਗੂ ਅਕੱਥ ਹੈ। ਉਹ ਹੁਕਮ ਅਕੱਥਨੀਯ ਹੈ, ਉਹ 'ਸਤਿ ਸਰੂਪ' ਦੀ ਤਰ੍ਹਾਂ 'ਸਤਿ ਸਰੂਪ' ਹੈ। ਯਥਾ-

ਸਚੇ ਤੇਰੇ ਕਰਣੇ ਸਰਬ ਬੀਚਾਰ॥
ਸਚਾ ਤੇਰਾ ਅਮਰੁ ਸਚਾ ਦੀਬਾਣੁ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥
(ਵਾਰ ਆਸਾ ਮਹਲਾ ੧)

ਵਿਦਵਾਨ (ਸੋਚ ਸੋਚ ਕੇ)-ਪਰ ਜੀ, ਉਸ ਦੀ ਲੋੜ ਕੀ? ਕੁਦਰਤ ਆਪਣੇ ਕੰਮ ਆਪੇ ਕਰ ਰਹੀ ਹੈ। ਉਸ ਵਿਚ ਵਿਉਂਤ ਹੈ, ਹਿਸਾਬ ਹੈ, ਨੇਮ ਹੈ, ਜਿਨ੍ਹਾਂ ਨਾਲ ਆਪੇ ਤੁਰ ਰਹੀ ਹੈ।

ਗੁਰੂ (ਮੁਸਕ੍ਰਾ ਕੇ)-ਭਾਈ ਵਿਉਂਤ, ਹਿਸਾਬ ਤੇ ਨੇਮ ਤਾਂ ਚੇਤਨਤਾ ਦੇ ਲਖਾਯਕ ਹਨ। ਪ੍ਰਕ੍ਰਿਤੀ ਤਾਂ ਜੜ ਹੈ!

ਵਿਦਵਾਨ-ਹਾਂ ਜੀ ਠੀਕ ਹੈ!

ਗੁਰੂ ਜੀ-ਸੋ ਭਾਈ! ਇਸ ਕੁਦਰਤ ਦੇ ਪਿਛੇ ਇਕ ਚੇਤਨ ਹੋਇਆ ਜੋ ਗਯਾਨ ਸਰੂਪ ਹੈ; ਜੋ

---

*ਇਹ ਸਲੋਕ ਆਸਾ ਦੀ ਵਾਰ ਵਿਚੋਂ ਹੈ।


www.sikhbookclub.com

ਆਪਣੇ ਤੋਂ ਭਿੰਨ, ਪਰ ਵਖਰੇ ਨਾ, ਦੂਈ ਕੁਦਰਤ ਸਾਜ ਕੇ ਤੇ ਆਪਣੇ ਹੀ ਵਿਚੋਂ[੧੧੫] ਸਾਜਕੇ ਸੰਚਾਲਨ ਕਰ ਰਿਹਾ ਹੈ। ਆਪ ਵਿਚ ਬੀ ਹੈ ਤੇ ਪਰੇ ਬੀ ਹੈ। ਕਰਤਾ ਹੋ ਕੇ, ਰਚਕੇ, ਅਲੱਗ ਨਹੀਂ ਹੋ ਗਿਆ, ਕਾਦਰ ਹੋਕੇ ਚਲਾ ਤੇ ਸੰਭਾਲ ਰਿਹਾ ਹੈ। ਕੁਦਰਤ ਉਸ ਦੇ ਹੁਕਮ ਵਿਚ ਹੈ ਉਹ ਕੁਦਰਤ ਵਿਚ ਬੰਧਾਇਮਾਨ ਯਾ ਇਸ ਦੀ ਲਾਈਂ ਹਦਬੰਦੀ ਵਿਚ ਬੰਦ ਨਹੀਂ ਹੈ। ਕੁਦਰਤ ਉਸ ਦੇ ਹੁਕਮ ਦੀ ਅਨੁਸਾਰਤਾ ਵਿਚ ਚਲ ਰਹੀ ਹੈ। ਪਰ ਆਪ ਉਹ ਅਪਰੰਪਰ ਹੈ। ਕਿਸੇ ਦੀ ਅਨੁਸਾਰਤਾ ਉਸਦੇ ਸਿਰ ਤੇ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸਦੀ ਇਸ ਅਨੁਸਾਰਤਾ ਨੂੰ, ਜਿਸ ਵਿਚ ਕੁਦਰਤ ਟੁਰ ਰਹੀ ਹੈ, 'ਭੈ' ਕਰਕੇ ਲਿਖਿਆ ਹੈ ਤੇ ਦੱਸਿਆ ਹੈ :-

ਭੈ ਵਿਚਿ ਪਵਣੁ ਵਹੈ ਸਦਵਾਉ॥
ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥
ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥
ਭੈ ਵਿਚਿ ਰਾਜਾ ਧਰਮ ਦੁਆਰੁ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ॥
ਭੈ ਵਿਚਿ ਸਿਧ ਬੁਧ ਸੁਰ ਨਾਥ॥
ਭੈ ਵਿਚਿ ਆਡਾਣੇ ਆਕਾਸ॥
ਭੈ ਵਿਚਿ ਜੋਧ ਮਹਾ ਬਲਸੂਰ॥
ਭੈ ਵਿਚਿ ਆਵਹਿ ਜਾਵਹਿ ਪੂਰ॥

ਇਹ ਭੈ ਹੇਠਲਿਆਂ ਦੀ ਗੇਣਤੀ ਦੇ ਕੇ ਗੁਰੂ ਜੀ ਲਿਖਦੇ ਹਨ :-

ਸਗਲਿਆ ਭਉ ਲਿਖਿਆ ਸਿਰਿ ਲੇਖੁ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥੧॥*

ਸੋ ਇਹ ਕੁਦਰਤ ਉਸ ਦੀ ਅਨੁਸਾਰਤਾ ਵਿਚ ਚਲ ਰਹੀ ਹੈ ਪਰ ਉਸਦੇ ਸਿਰ ਤੇ ਕਿਸੇ ਦੀ ਅਨੁਸਾਰਤਾ ਵਿਚ ਚਲਣ ਦਾ ਨੇਮ ਹਾਵੀ ਨਹੀਂ।

ਵਿਦਵਾਨ-ਆਪ ਨੇ ਸਚ ਫੁਰਮਾਇਆ ਹੈ। ਕੁਦਰਤ ਵਿਚ ਚੇਤਨਤਾ ਕੰਮ ਕਰ ਰਹੀ ਹੈ, ਇਹ ਪ੍ਰਤੱਖ ਹੈ। ਚੇਤਨ ਅਨੰਦ ਹੈ ਇਹ ਧ੍ਰਵਾ ਠੀਕ ਹੋਇਆ। ਉਸਦੀ ਅਨੰਤ ਚੇਤਨਾ ਕਿਸੇ ਆਪਣੇ ਅਗੰਮੀ ਤ੍ਰੀਕੇ ਨਾਲ, ਜਿਸ ਨੂੰ ਆਪ ਨੇ ਹੁਕਮ ਆਖਿਆ ਹੈ ਇਸ ਨੂੰ ਸੰਚਾਲਨ ਕਰ ਰਹੀ ਹੈ। ਫੇਰ ਆਪ ਸੁਤੰਤ੍ਰ ਹੈ। ਪਰ ਜੀਓ! ਕਿਵੇਂ ਅਸੀਂ ਦੇਖ ਸਕੀਏ ਉਸ ਦ੍ਰਿਸ਼ਟੀ ਨਾਲ ਜਿਸ ਨਾਲ ਗੁਰੂ ਜੀ ਨੇ ਵੇਖਿਆ ਸੀ।

ਗੁਰੂ ਜੀ-ਇਸੇ ਦਿੱਸਦੀ ਕੁਦਰਤ ਵਿਚੋਂ ਰਸਤਾ ਹੈ ਅਦ੍ਰਿਸ਼ਟ ਕਾਦਰ ਨੂੰ ਲਖ ਲੈਣ ਦਾ। ਤੁਸਾਂ ਬੀ ਕਿਹਾ ਹੈ ਕਿ ਕੁਦਰਤ ਵਿਚ ਚੇਤਨਤਾ ਹੈ, ਹਿਸਾਬ ਹੈ, ਨੇਮ ਹੈ, ਵਿਉਂਤ ਹੈ, ਸੋਚ ਕਰੋ ਕਿ ਇਸ ਨੂੰ ਵੇਖ ਵੇਖ ਕੇ ਅਕਲ ਹੈਰਾਨ ਹੁੰਦੀ ਹੈ ਕਿ ਨਾ? ਕੁਦਰਤ ਵਿਚ ਸੁਹਜ ਹੈ ਸੁੰਦਰਤਾ ਹੈ। ਇਸ ਦੇ ਝਲਕੇ ਨਾਲ ਮਨ ਬੁਧੀ ਖੜੇ ਹੋ ਜਾਂਦੇ ਤੇ ਵਿਸਮਾਦ ਲੀਨ ਹੋ ਜਾਂਦੇ ਹਨ[੧੧੬]। ਗੁਰੂ ਜੀ ਨੇ ਫੁਰਮਾਇਆ ਹੈ : ਕੁਦਰਤ ਵਿਚ ਅਸਚਰਜ ਹੀ ਅਸਚਰਜ ਦੇਖਕੇ ਮੈਂ ਵਿਸਮਾਦ ਵਿਚ ਅਰੂੜ ਹੋ ਜਾਂਦਾ ਹਾਂ[੧੧੭]। ਵਿਸਮਾਦ ਦੇ ਝਲਕੇ ਮਗਰੋਂ ਵਾਹ ਵਾਹ ਮੂੰਹੋਂ ਨਿਕਲਦੀ ਹੈ : ਸਿਫਤ ਸਲਾਹ ਹੋਣ ਲਗ ਪੈਂਦੀ ਹੈ। ਸੋ ਗੁਰੂ ਜੀ ਨੇ ਕਿਹਾ: ਇਹੋ ਰਸਤਾ ਫੜੋ। ਜੇ ਵਿਸਮਾਦ ਦੇ ਝਲਦੇ ਨਾਲ ਵਾਹ ਵਾਹ ਸਿਫਤ ਸਲਾਹ ਹੋਣ ਲਗ ਪੈਂਦੀ ਹੈ ਤਾਂ ਸਿਫਤ ਸਲਾਹ ਵਿਸਮਾਦ ਵਿਚ ਲੈ ਜਾਏਗੀ ਸੋ ਸਿਫਤ ਸਲਾਹ ਕਰੋ ਵਿਆਪਕ ਤੇ ਅਪਰੰਪਰ ਕਰਤਾ ਪੁਰਖ ਦੀ। ਇਹ ਗਲ ਸਮਝ ਪੈ ਜਾਏ ਤਾਂ ਧੰਨ ਭਾਗ[੧੧੮]। ਹਾਂ ਭਾਈ, ਸਿਫਤ ਤੇ ਸਲਾਹ ਵਿਸਮਾਦ ਵਿਚ ਲੈ ਜਾਏਗੀ[੧੧੯]। ਵਿਸਮਾਦ ਹਜ਼ੂਰੀ ਵਿਚ ਜਾ ਹਾਜ਼ਰ ਕਰੇਗਾ ਕਰਤਾ ਪੁਰਖ ਦੀ[੧੨੦]। ਇਹ ਹੈ ਰਾਹ ਸੁਹਣਿਆ! ਦਰ ਅੱਪੜਨ ਦਾ[੧੨੧]।

ਵਿਦ੍ਵਾਨ-ਅਸੀਂ ਬੀ ਕੁਦਰਤ ਵੇਖਦੇ ਹਾਂ, ਪਰ ਵਿਸਮਯ ਨਹੀਂ ਹੁੰਦੇ।

ਗੁਰੂ ਜੀ-ਜੀਵ ਤ੍ਰਿਸ਼ਨਾ ਵਿਚ ਹੈ, ਜਦੋਂ ਵਿਸਮੈਤ ਦਾ ਝਲਕਾ ਵੱਜੇ ਉਸ ਦੇ ਲੈਣ ਤੇ ਭੋਗਣ ਵਿਚ, ਯਾ ਉਸ ਤੋਂ ਡਰਨ ਕਿ ਪਰੇ ਹਟਣ ਵਿਚ, ਉਸਦੇ ਅਸਰ ਨੂੰ ਗੁਆ ਲੈਂਦਾ ਹੈ। ਤ੍ਰਿਸ਼ਨਾ ਰਹਿਤ ਹੋਵੇ ਤਾਂ ਵਿਸਮਾਦ ਹੀ ਵਿਸਮਾਦ ਹੈ।

ਵਿਦ੍ਵਾਨ-ਤ੍ਰਿਸ਼ਨਾ ਰਹਿਤ ਕੀਕੂੰ ਹੋਵੀਏ?

ਗੁਰੂ ਜੀ-ਤ੍ਰਿਸ਼ਨਾ ਰਹਿਤ ਹੋਣ ਲਈ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਵੀਚਾਰ ਕਰੋ। ਕੀਰਤਨ ਸੁਣੋ

*ਇਹ ਸਲੋਕ ਆਸਾ ਦੀ ਵਾਰ ਦੀ ਚੌਥੀ ਪਉੜੀ ਵਿਚ ਹੈ।


www.sikhbookclub.com

ਤੇ ਸਿਫਤ ਸਲਾਹ ਵਿਚ ਲਗ ਪਓ।

ਵਿਦ੍ਵਾਨ-ਸਿਫਤ ਸਲਾਹ ਕੁਦਰਤ ਦੀ?

ਗੁਰੂ ਜੀ-ਨਹੀਂ ਭਾਈ, ਕਰਤਾ ਪੁਰਖ ਦੀ ਸਿਫਤ ਸਲਾਹ ਕਰੋ, ਜਿਸ ਨੇ ਸਭ ਕੁਛ ਰਚਿਆ ਹੈ, ਜੋ ਸਾਰੀ ਸੁੰਦਰਤਾ ਦਾ ਮੂਲ ਹੈ ਤੇ ਜੋ ਸਭ ਦਾ ਦਾਤਾ ਬੀ ਹੈ। 'ਕਰਤਾ ਪੁਰਖ ਦੀ' ਸਿਫਤ ਸਲਾਹ ਵਿਚ ਲਗਿਆਂ 'ਕੀਤੇ' ਦੀ ਮੋਹ ਮਾਇਆ ਘਟਦੀ ਤੇ ਹਟਦੀ ਹੈ। ਇਉਂ "ਵੈ-ਤ੍ਰਿਸ਼ਨ' (ਤ੍ਰਿਸ਼ਨਾ ਰਹਿਤ) ਹੋਈਦਾ ਹੈ ਫੇਰ ਕੁਦਰਤ ਵੀ ਜਲਵੇ ਵਿਸਮਾਦ ਦੇ ਦੇਂਦੀ ਹੈ। ਸੋ ਭਾਈ ਕੁਦਰਤ ਤੋਂ ਲਈਦੀ ਹੈ ਵਿਸਮਾਦ ਦੀ ਛੋਹ ਪਰ ਸਿਫਤ ਸਲਾਹ ਕਰੀਦੀ ਹੈ ਕਾਦਰ ਕਰਤਾ ਦੀ।

ਕੀਤਾ ਕਿਆ ਸਾਲਾਹੀਐ
ਕਰੇ ਸੋਈ ਸਾਲਾਹਿ॥
ਨਾਨਕ ਏਕੀ ਬਾਹਰਾ
ਦੂਜਾ ਦਾਤਾ ਨਾਹਿ॥
ਕਰਤਾ ਸੋ ਸਾਲਾਹੀਐ
ਜਿਨਿ ਕੀਤਾ ਆਕਾਰੁ॥
ਦਾਤਾ ਸੋ ਸਾਲਾਹੀਐ
ਜਿ ਸਭਸੈ ਦੇ ਆਧਾਰੁ॥
ਨਾਨਕ ਆਪਿ ਸਦੀਵ ਹੈ
ਪੂਰਾ ਜਿਸੁ ਭੰਡਾਰੁ॥
ਵਡਾ ਕਰਿ ਸਾਲਾਹੀਐ
ਅੰਤੁ ਨ ਪਾਰਾਵਾਰੁ॥

(ਸਾਰੰਗ ਵਾਰ ਮਹਲਾ ੨-੪)

ਵਿਦ੍ਵਾਨ-ਫਿਰ ਕਰਮ ਸੰਨਯਾਸ ਯੋਗ ਆਦਿ ਦੀ ਲੋੜ ਨਹੀਂ?

ਗੁਰੂ-ਜੀ ਗੁਰੂ ਨਾਨਕ ਜੀ ਸਾਨੂੰ ਵਿਸਮਾਦ ਦੇ ਰਸਤੇ ਵਾਹਿਗੁਰੂ ਵਿਚ ਲੈ ਜਾਂਦੇ ਹਨ-ਵਿਸਮਾਦ ਦੁਆਰਾ ਕਾਦਰ ਨੂੰ ਦੇਖਦੇ ਤੇ ਦਿਖਾਉਂਦੇ ਹੈਨ-

'ਵਿਸਮਾਦੁ ਦੇਖੈ ਹਾਜਰਾ ਹਜੂਰਿ॥'

## ੨੯. ਭਾਈ ਜੋਧ ਦੇਵਤਾ।

ਸ੍ਰੀ ਗੁਰੂ ਜੀ ਦੇ ਪ੍ਰਗਟ ਹੁੰਦੇ ਹੀ ਲੰਗਰ ਦਾ ਪ੍ਰਬੰਧ ਮਾਤਾ ਖੀਵੀ ਜੀ ਨੇ ਸੰਭਾਲ ਲੀਤਾ ਸੀ। ਮਾਈ ਵਿਰਾਈ ਵੇਲੇ ਕੁਵੇਲੇ ਆਪ ਦੀ ਸਹਾਇਤਾ ਕਰਿਆ ਕਰਦੀ ਸੀ। ਪਕਾਉਣ ਵਾਸਤੇ ਦੋ ਤ੍ਰੈ ਸਰੀਰ ਮਾਈ ਵਿਰਾਈ ਨੇ ਆਪਣੇ ਲਗਾ ਦਿੱਤੇ ਸਨ। ਹੋਰ ਆਏ ਗਏ ਮਾਈ ਭਾਈ, ਸਿਖ ਸੇਵਾ ਵਿਚ ਹੱਥ ਵਟਾਉਣਾ ਧੰਨ ਭਾਗ ਸਮਝਦੇ ਸਨ। ਮਾਤਾ ਜੀ ਵੀ ਆਪਣੇ ਧੰਨ ਭਾਗ ਸਮਝ ਕੇ ਖਡੂਰ ਰਹਿ ਪਏ ਸਨ ਤੇ ਇਸ ਸੇਵਾ ਵਿਚ ਸੁਖੀ ਸਨ, ਨਾਮ ਬਾਣੀ ਵਿਚ ਰੱਤੇ ਗਏ ਸਨ, ਪਰ ਪਰਿਵਾਰ ਸੰਘਰ ਹੀ ਸੀ ਤੇ ਉਹ ਆਪਣਾ ਨਿਰਬਾਹ ਆਪਣੀ ਕਮਾਈ ਵਿਚ ਕਰਦੇ ਸਨ, ਗੁਰੂ ਕੀ ਆਗਿਆ ਇਸੇ ਤਰ੍ਹਾਂ ਦੀ ਸੀ[੧੨੨]। ਖਡੂਰ ਦਾ ਚੌਧਰੀ ਤਖਤ ਮੱਲ ਲੰਗਰ ਵਿਚ ਦੁੱਧ ਭੇਜਦਾ ਤੇ ਹੋਰ ਸੇਵਾ ਵੀ ਕਰਦਾ ਸੀ। ਉਸ ਦੀ ਸ਼ਰਧਾ ਵੇਖ ਕੇ ਹੋਰ ਜ਼ਿਮੀਂਦਾਰ ਵੀ ਦੁੱਧ ਭੇਜਦੇ। ਇਸ ਤਰ੍ਹਾਂ ਹਰ ਦਿਨ ਦੁੱਧ ਕਾਫੀ ਆ ਜਾਂਦਾ। ਸੋ ਮਾਤਾ ਜੀ ਨੇ ਸੰਗਤਾਂ ਲਈ ਰੋਜ਼ ਹੀ ਖੀਰ ਬਨਾਉਣੀ ਸ਼ੁਰੂ ਕਰ ਦਿੱਤੀ। ਲਿਖਿਆ ਹੈ :-

ਬਲਵੰਡ ਖੀਵੀ ਨੇਕ ਜਨ
ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ
ਰਸੁ ਅੰਮ੍ਰਿਤੁ ਖੀਰਿ ਘਿਆਲੀ॥ (ਟਿਕੇ ਦੀ ਵਾਰ)

ਮਾਤਾ ਜੀ ਨੇ ਪ੍ਰਬੰਧ ਬਹੁਤ ਚੰਗਾ ਕਰ ਰੱਖਿਆ ਸੀ। ਸਭ ਨਾਲ ਮਾਵਾਂ ਵਾਲਾ ਸਲੂਕ ਕਰਦੇ ਸਨ। ਇਸ ਕਰਕੇ ਬਲਵੰਡ ਨੇ ਉਹਨਾਂ ਨੂੰ ਬਹੁਤ ਸੰਘਣੇ ਪਤ੍ਰਾਂ ਵਾਲੀ ਛਾਉਂ ਲਿਖਿਆ ਹੈ। ਛਾਂ ਦੀ ਸਦਰਸ਼ਤਾ ਸੱਕੀ ਮਾਂ ਨਾਲ ਦਿੱਤੀ ਜਾਇਆ ਕਰਦੀ ਹੈ। ਯਥਾ-'ਆਪਣੀਆਂ ਮਾਵਾਂ ਤੇ ਠੰਢੀਆਂ ਛਾਵਾਂ'। ਇਹੋ ਕਨਾਯਾ ਲੇਖਕ ਦਾ ਹੈ ਕਿ ਨੇਕ ਵਜਕਤੀ ਵਾਲੇ ਸ੍ਰੀ ਖੀਵੀ ਜੀ ਸਿਖਾਂ ਨਾਲ ਸੱਕੀਆਂ ਮਾਵਾਂ ਵਾਂਗ ਪਜਾਰ ਕਰਦੇ ਸਨ, ਲੰਗਰ ਵਿਚ ਘਿਉ ਵਾਲੀ ਖੀਰ ਤਯਾਰ ਕਰਕੇ ਵੰਡਿਆ ਕਰਦੇ ਸਨ। ਇਸ ਤੋਂ ਬੀ ਇਹੋ ਪਤਾ ਲਗਾ ਕਿ ਜੋ ਕੁਛ ਆਉਂਦਾ ਸਾਧ ਸੰਗਤ ਦੀ ਸੇਵਾ ਤੇ ਹੀ ਖਰਚ ਕੀਤਾ ਜਾਂਦਾ ਸੀ। ਮਾਤਾ ਜੀ ਸਭ ਕੁਛ ਕਰਦੇ, ਸਤਿਗੁਰ ਜੀ ਤੋਂ ਆਪਾ ਵਾਰਦੇ, ਨਾਮ ਜਪਦੇ, ਸੰਗਤਾਂ ਨੂੰ ਪੁਤਾਂ ਵਾਂਙੂ ਪਜਾਰਦੇ, ਹੁਣ ਸਹਾਇਤਾ ਦੀ ਲੋੜ ਰਖਦੇ ਸਨ। ਵਾਹਿਗੁਰੂ ਜੀ ਦੀ ਪ੍ਰੇਰਨਾ ਨਾਲ ਆ ਗਿਆ ਇਕ ਬ੍ਰਾਹਮਣ ਦੇਵਤਾ। ਇਸ ਦਾ ਨਾਮ ਸੀ 'ਜੋਧ'। ਇਹ ਨੌਕਰੀ ਕਰਨ ਨਹੀਂ ਸੀ ਆਇਆ, ਆਇਆ


www.sikhbookclub.com

ਸੀ ਪਰਮਾਰਥ ਟੋਲਦਾ ਗੁਰੂ ਦੇ ਦੁਆਰੇ, ਜਦ ਪੂਰੇ ਸਤਿਗੁਰ ਦਾ ਸ਼ਬਦ ਬਾਣ ਪੁੜ ਗਿਆ, ਤਾਂ ਏਥੇ ਹੀ ਰਹਿ ਪਿਆ। ਆਖੇ : ਮਾਂ! ਹੁਣ ਕਿਥੇ ਜਾਣਾ ਹੈ, ਕਰ ਸੇਵਾ, ਲਾਹ ਮੈਲਾਂ 'ਜਾਤ ਤੇ ਜਨਮ' ਦੀਆਂ। ਸੋ ਇਸ ਨੇ ਮਾਤਾ ਜੀ ਦੀ ਆਗਿਆ ਵਿਚ ਲੰਗਰ ਦੀ ਸੇਵਾ ਸਿਰ ਚਾ ਲਈ। ਲੰਗਰ ਵਿਚ ਵੀ ਹੱਥ ਵਟਾਉਣਾ, ਰਸਦ ਵੀ ਸੰਭਾਲਣੀ, ਲੰਗਰ ਲਈ ਆਈ ਮਾਇਆ ਦਾ ਬੀ ਹਿਸਾਬ ਕਿਤਾਬ ਰਖਣਾ ਤੇ ਸਫਲ ਕਰਨੀ। ਹਰ ਪਾਸਿਓਂ ਲੰਗਰ ਦੀ ਸੰਭਾਲ ਕਰਨੀ ਐਸੀ ਕਿ ਕਿਸੇ ਪਾਸਿਓਂ ਨੁਕਸਾਨ ਨਾ ਹੋਣ ਦੇਣਾ। ਆਪ ਕੋਈ ਲਾਲਚ ਬੀ ਨਾ ਕਰਨਾ, ਏਥੋਂ ਤਾਈਂ ਕਿ ਲੰਗਰ ਵਿਚੋਂ ਪ੍ਰਸ਼ਾਦ ਬੀ ਨਾ ਛਕਣਾ ਅਤੇ ਪਤਾ ਬੀ ਨਾ ਲਗਣ ਦੇਣਾ ਕਿ ਜੋਧ ਭੋਜਨ ਕਿਵੇਂ ਕਰਦਾ ਹੈ : ਉਹ ਇੰਞ ਸੀ ਕਿ ਜਦੋਂ ਸੰਗਤ ਛਕ ਚੁਕੇ ਤੇ ਪੱਤਲਾਂ ਚੁਕੀਆਂ ਜਾਣ ਤਾਂ ਇਕ ਸੁਥਰੇ ਪਾਸੇ ਟਿਕਵਾ ਦੇਦੀਆਂ। ਜੋਧ ਨੇ ਲਗਰ ਹੋ ਚੁਕੇ ਮਗਰੋਂ ਇਨ੍ਹਾਂ ਵਿਚੋਂ ਆਪਣਾ ਪੇਟ ਭਰਨ ਜੋਗਾ ਚੋਗਾ ਚੁਗ ਲੈਣਾ ਤੇ ਇਸ ਤਰ੍ਹਾਂ ਬਿਹੰਗਮ ਬ੍ਰਿਤੀ ਵਿਚ ਰਹਿਣਾ ਜਿਵੇਂ ਪੰਛੀ ਡਿੱਗਾ ਢੱਠਾ ਅੰਨ ਚੁਗਕੇ ਖੁਸ਼ ਰਹਿੰਦੇ ਹਨ। ਪਰ ਉਧਰ ਹਰ ਵੇਲੇ ਲਗਨ ਲਗੀ ਰਹਿਣੀ ਕਿ ਕੋਈ ਗੁਰੂ ਦਾ ਸਿਖ ਭੁੱਖਾ ਪਿਆਸਾ ਨਾ ਰਹੇ, ਕਿਸੇ ਗਲੋਂ ਔਖਾ ਨਾ ਰਹੇ। ਦੂਜੇ ਪਾਸੇ ਤਾਂਘ ਰਹਿਣੀ ਕਿ ਸਗਤਾਂ ਦੀ ਮਾਯਾ ਹੈ, ਇਹ ਅਜਾਈਂ ਨਾ ਜਾਏ; ਭਲੇ ਅਰਥ ਲਗੇ।

ਕੁਛ ਸਮੇਂ ਮਗਰੋਂ ਮਾਤਾ ਜੀ ਨੂੰ ਪਤਾ ਪੈ ਗਿਆ ਕਿ ਜੋਧ ਆਪਣਾ ਨਿਰਬਾਹ ਇਸ ਚਿੜੀਆਂ ਚੋਗ ਵਾਂਙੂ ਕਰਦਾ ਹੈ। ਮਾਤਾ ਜੀ ਨੂੰ ਉਮਦੀ ਨਿੰਮ੍ਰਤਾ ਦਾ ਤਾਂ ਅਤੀ ਅਸਰ ਹੋਇਆ, ਪਰ ਇਹ ਚੰਗਾ ਨਾ ਲਗਾ ਕਿ ਇਹ ਗੁਰੂ ਪਜਾਰਾ ਇਸ ਤਰ੍ਹਾਂ ਉਚਿਸ਼ਟ ਨਾਲ ਪੇਟ ਭਰੇ। ਸੋ ਇਕ ਦਿਨ ਮਾਤਾ ਜੀ ਨੇ ਸਮਝਾਇਆ, ਪਰ ਉਸ ਨੇ ਚਰਨਾਂ ਤੇ ਸਿਰ ਧਰਕੇ ਖਿਮਾ ਮੰਗੀ। ਮਾਤਾ ਜੀ ਨੇ ਭਾਈ ਬੁੱਢੇ ਨਾਲ ਗੱਲ ਕੀਤੀ। ਉਸ ਨੇ ਕਿਹਾ ਇਹ ਪਰਮ ਨਿਰਲੋਭ ਪੁਰਖ ਹੈ, ਨਹੀਂ ਚਾਹੁੰਦਾ ਕਿ ਮੇਰੇ ਅੰਦਰ ਗੁਰੂ ਕੇ ਅੰਨ ਦਾ ਬੀ ਲੋਭ ਮਾਤ੍ਰ ਹੋਵੇ। ਇਸ ਤੋਂ ਉਪਰੰਤ ਦੋ ਇਕ ਵਾਰ ਫੇਰ ਮਾਤਾ ਜੀ ਨੇ ਆਖਿਆ, ਪਰ ਜੋਧ ਨੇ ਖਿਮਾ ਹੀ ਮੰਗੀ। ਅੰਤ ਮਾਤਾ ਜੀ ਨੇ ਗੁਰੂ ਸਾਹਿਬ ਜੀ ਨੂੰ ਆਖਿਆ, ਓਹ ਸੁਣ ਕੇ ਮੁਸਕ੍ਰਾ ਪਏ ਤੇ ਅਗਲੇ ਦਿਨ ਜਦ ਪ੍ਰਸ਼ਾਦਿ ਛਕਣ ਬੈਠੇ ਤੇ ਜੋਧ ਵਰਤਾ ਰਿਹਾ ਸੀ ਤਾਂ ਆਪ ਨੇ ਪੁੱਛਿਆ : ਜੋਧ! ਭਾਈ ਤੂੰ ਪ੍ਰਸ਼ਾਦਿ ਕਿਥੋਂ ਛੱਕਦਾ ਹੈਂ?

ਜੋਧ-ਦਾਤਾ ਜੀਓ! ਆਪ ਦੇ ਲੰਗਰੋਂ ਹੀ ਦਾਤ ਮਿਲ ਜਾਂਦੀ ਹੈ, ਸੰਗਤ ਦੀ ਬਚੀ ਚਿੜੀਆਂ ਚੋਗ।

ਗੁਰੂ ਜੀ-ਕਿਉਂ ਭਾਈ, ਇਸ ਤਰ੍ਹਾਂ ਦਾ ਭੋਜਨ ਕਿਉਂ ਖਾਂਦਾ ਹੈਂ?

ਇਹ ਕਹਿ ਕੇ ਸਾਹਿਬ ਹੱਸ ਪਏ ਤੇ ਨੈਣ ਭਰਕੇ ਜੋਧ ਵਲ ਤੱਕੇ।

ਜੋਧ-ਮਹਾਰਾਜ ਜਾਣੀ ਜਾਣ ਜੀਓ! ਜੀਵ ਨੂੰ ਕਈ ਅਭਿਮਾਨ ਫੜੀ ਰਖਦੇ ਹਨ, ਸਭ ਤੋਂ ਵਡਾ ਜਾਤ ਜਨਮ ਦਾ ਅਭਿਮਾਨ ਹੈ। ਆਪ ਹੋ ਜਾਣੀ ਜਾਣ ਪਾਤਸ਼ਾਹ, ਮੈਂ ਜਾਤ ਜਨਮ ਦਾ ਬ੍ਰਾਹਮਣ ਤੇ ਬ੍ਰਾਹਮਣਾਂ ਵਿਚ ਉੱਚ ਕੁਲ ਦਾ ਹੈਸਾਂ। ਇਹ ਅਭਿਮਾਨ ਮੈਨੂੰ ਚੰਬੜ ਰਿਹਾ ਸੀ ਭੂਤ ਹੋਕੇ, ਸਾਧ ਸੰਗਤ ਦਾ ਸੀਤ ਪ੍ਰਸਾਦਿ ਛਕਦਾ ਰਿਹਾ ਹਾਂ ਜੋ ਇਹ ਦਾਰੂ ਹੋਕੇ ਲੱਗੇ ਤੇ ਮੇਰਾ ਅਭਿਮਾਨ ਦੂਰ ਹੋਵੇ ਤੇ ਮੈਂ ਆਪਣੇ ਆਪ ਨੂੰ ਸਾਧ ਸੰਗਤ ਦੀ ਧੂੜ ਸਮਝਾਂ।

ਗੁਰੂ ਜੀ-ਤੇਰਾ ਜਾਤ ਅਭਿਮਾਨ ਦੂਰ ਹੋ ਗਿਆ ਹੈ, ਹੁਣ ਬੱਸ ਕਰ ਦੇਹ, ਗੁਰ ਸਿਖਾਂ ਦੀ ਸੇਵਾ ਮਨ ਦੇ ਸਾਰੇ ਵਲ ਕੱਢ ਦੇਂਦੀ ਤੇ ਹਉਂ ਨੂੰ ਨੀਵਾਂ ਲੈ ਜਾਂਦੀ ਹੈ। ਪਰ ਐਤਨੇ ਹੇਠਾਂ ਜਾਣ ਦੀ ਲੋੜ ਨਹੀਂ ਜਿਤਨੀ ਤੂੰ ਨੀਵਾਣਤਾ ਧਾਰ ਰੱਖੀ ਹੈ। ਡਰ ਰਹਿੰਦਾ ਹੈ ਕਿ ਇਤਨੀ ਨਿੰਮ੍ਰਤਾ ਕਿਤੇ ਹੀਣਤਾਈ ਵਿਚ ਨਾ ਬਦਲ ਜਾਵੇ। ਸੁਹਣਿਆਂ! 'ਨਿੰਮ੍ਰਤਾ' ਤੇ 'ਹੀਣਤਾ' ਵਿਚ ਫਰਕ ਏ। 'ਹੀਣਤਾ' ਮਨ ਨੂੰ ਢਾਹ ਦੇਂਦੀ ਹੈ, 'ਨਿੰਮ੍ਰਤਾ' ਹਉਂ ਦੇ ਰੋਗ ਦਾ ਦਾਰੂ ਏ। ਹਉਂ ਕੱਟਕੇ ਫੇਰ ਇਹ ਨਿਜ ਦੇ ਟਿਕਾਣੇ ਲੈ ਜਾਂਦੀ ਹੈ! ਤੂੰ ਲੰਗਰ ਦੀ ਨਿਰਮਾਣ ਸੇਵਾ ਕੀਤੀ ਏ, ਪੂਜਾ ਦੇ ਧਨ ਦੀ ਝਾਕ ਨਹੀਂ ਕੀਤੀ, ਏਥੋਂ ਤਾਈਂ ਕਿ ਸੁੱਚੇ ਅੰਨ ਦਾ ਬੀ ਅੰਗੀਕਾਰ ਨਹੀਂ ਕੀਤਾ। ਧਰਮ ਅਰਥ ਆਈ ਮਾਯਾ ਦੀ ਝਾਕ ਬੜੀ ਮਾੜੀ ਗੱਲ ਹੈ। ਤੈਨੂੰ ਰੱਖ ਜੀ ਨੇ ਬਚਾਇਆ ਹੈ। ਪਰ ਹਲ ਵਾਹੁੰਦੇ ਤੇ ਖੂਹ ਗੇੜਦੇ ਬੈਲ ਨੇ ਪੇਟ ਮਾਲਕ ਦੇ ਘਰੋਂ ਹੀ ਭਰਨਾ ਹੈ।....ਹਾਂ, ਤੇਰੀ ਸਿਖਾ! ਘਾਲ

ਥਾਂ ਪਈ ਹੈ, ਉਰੇ ਹੋ। ਇਹ ਕਹਿਕੇ ਸਰਬ ਸੁਖਾਂ ਦੇ ਦਾਤੇ ਨੇ ਉਸ ਦੇ ਨਿਵੇਂ ਸੀਸ ਤੇ ਹੱਥ ਧਰਿਆ। ਜੋਧ ਦੇ ਅੰਦਰੋਂ ਨਾਮ ਦੀ ਚਲ ਰਹੀ ਧਾਰਾ ਅਤਿ ਰਸਮਈ ਫੁਹਾਰ ਹੋ ਕੇ ਛੁੱਟੀ, ਰਸ ਮਗਨ ਹੋ ਗਿਆ। ਅਜ ਦਾਤੇ ਨੇ ਆਪਣੇ ਸੱਜੇ ਹੱਥ ਕੋਲ ਬਿਠਾਕੇ ਲੰਗਰੋਂ ਸੁੱਚਾ ਪ੍ਰਸਾਦਿ ਛਕਾਇਆ ਤੇ ਆਖਿਆ, ਹੁਣ ਤੇਰੇ ਧਯਾਨ ਵਿਚ ਵਾਹਿਗੁਰੂ ਦਾ ਵਾਸਾ ਹੈ, ਉਸਨੂੰ ਸੁੱਚਾ ਅੰਨ ਭੇਟਾ ਕਰਨਾ ਹੈ। ਜੋਧ ਨੇ ਆਗਜਾ ਮੰਨੀ-ਸੁਖੀ ਹੋ ਗਿਆ, ਪਰ ਲੰਗਰ ਦੀ ਸੇਵਾ ਵਿਚ ਲਗਾ ਰਿਹਾ। ਮਨ ਨਾਮ ਵਿਚ ਤੇ ਸਰੀਰ ਸੇਵਾ ਵਿਚ। ਇਕ ਦਿਨ ਕਿਸੇ ਨੇ ਹਾਸੇ ਨਾਲ ਪੁੱਛਿਆ : ਜੋਧ ਜੀ! ਹੁਣ ਤਾਂ ਸੂਛ ਭੋਜਨ ਛਕਦੇ ਹੋ ਨਾ? ਤਾਂ ਉਸ ਨੇ ਬੀ ਹੱਸ ਕੇ ਕਿਹਾ-ਅਗੇ ਸੀ ਅੰਦਰ ਜਾਤ ਅਭਿਮਾਨ ਦਾ ਭੂਤ ਸੋ ਸਾਧ ਸੰਗਤ ਦੇ ਸੀਤ ਪ੍ਰਸਾਦ ਦਾ ਸਦਕਾ ਨਿਕਲ ਗਿਆ। ਹੁਣ ਅੰਦਰ ਵਸਦਾ ਹੈ 'ਪਾਵਨ ਗੁਰਦੇਉ' ਉਸ ਨੂੰ ਪਵਿਤ੍ਰ ਸੂਛ ਭੋਜਨ ਹੀ ਛਕਾਉਣਾ ਬਣਦਾ ਹੈ।

ਟੁਰਿਆ ਰਿਹਾ ਜੋਧ ਇਸ ਰਸਮਈ ਨਾਮ ਵਿਚ ਤੇ ਪਹੁੰਚਾ ਨਾਮੀ ਦੀ ਲੱਖਤਾ ਦੇ ਪਰਮ ਅਨੰਦ ਵਿਚ। ਸੰਗਤ ਵਿਚ ਉਸ ਦਾ ਨਾਮ 'ਜੋਧ ਦੇਵਤਾ' ਪ੍ਰਸਿੱਧ ਹੋ ਗਿਆ। ਭਾਈ ਗੁਰਦਾਸ ਜੀ ਨੇ ਉਸ ਦਾ ਨਾਮ ਉਸ ਸਮੇਂ ਦੇ ਚੋਟੀ ਦੇ ਸਿਖਾਂ ਵਿਚ ਐਉਂ ਲਿਖਿਆ ਹੈ, ਯਥਾ-

ਜੋਧੁ ਰਸੋਈਆ ਦੇਵਤਾ
ਗੁਰ ਸੇਵਾ ਕਰਿ ਦੁਤਰੁ ਤਾਰੀ॥
ਪੂਰੈ ਸਤਿਗੁਰ ਪੈਜ ਸਵਾਰੀ॥ (ਵਾ: ਭਾ: ਗੁ: ੧੧-੧੫)

## ੨੯. ਹਮਾਯੂੰ।

**ਬਾਬਰ** ਦਿੱਲੀ ਦੇ ਤਖਤ ਓੱਤੇ ਰਾਜ ਕਰਕੇ ਦਸੰਬਰ ਛਬੀ ਸੰਨ ੧੫੩੦ ਈ: (੧੫੮੭ ਬਿ:) ਵਿਚ ਚਲਾਣਾ ਕਰ ਗਿਆ ਸੀ। ਉਸ ਦੇ ਤਖਤ ਉਤੇ ਉਸ ਦਾ ਪੁਤਰ 'ਹਮਾਯੂੰ' ਬੈਠਾ। ਇਸ ਦੇ ਤ੍ਰੈ ਭਰਾ ਹੋਏ ਸਨ-ਕਾਮਰਾਨ, ਹਿੰਦਾਲ ਤੇ ਮਿਰਜ਼ਾ ਅਸਕਰੀ। ਕਾਮਰਾਨ ਅਫ਼ਗਾਨਸਤਾਨ ਦਾ ਸੂਬੇਦਾਰ ਸੀ; ਹਮਾਯੂੰ ਨੇ ਪੰਜਾਬ ਉਸ ਨੂੰ ਹੋਰ ਦੇ ਦਿਤਾ। ਉਧਰ ਸੰਭਲ ਹਿੰਦਾਲ ਨੂੰ ਤੇ ਮੈਵਾਤ ਮਿਰਜ਼ਾ ਅਸਕਰੀ ਨੂੰ ਦੇ ਕੇ ਆਪਣੀ ਵਲੋਂ ਘਰ ਵਿਚ ਠੰਢ ਵਰਤਾ ਲਈ। ਹਮਾਯੂੰ ਦੇ ਰਾਜ ਵਿਚ ੧੫੩੨ ਈ: ਵਿਚ ਪਠਾਣਾਂ ਨੇ ਸਿਰ ਚੁਕਿਆ, ਪਰ ਹਮਾਯੂੰ ਨੇ ਇਹਨਾਂ ਨੂੰ ਜਿੱਤ ਲਿਆ ਤੇ ਇਹਨਾਂ ਦੇ ਵਡਕੇ ਸ਼ੇਰ ਖਾਂ[੧੨੩] ਨੇ ਤਾਬੇਦਾਰੀ ਮੰਨ ਲਈ ਤੇ ਜੌਨਪੁਰ ਦੇ ਕਿਲ੍ਹੇ ਦਾ ਕਿਲ੍ਹੇਦਾਰ ਬਣਿਆ ਰਿਹਾ। ਥੋੜੇ ਚਿਰ ਮਗਰੋਂ ਗੁਜਰਾਤ ਦੇ ਬਹਾਦਰ ਸ਼ਾਹ ਨਾਲ ਹਮਾਯੂੰ ਦੀ ਛਿੜ ਪਈ, ਪਰ ੧੫੩੫ ਈਸਵੀ ਤਕ 'ਚੰਪਾ ਨੇਰ' ਫਤੇ ਕੀਤਾ ਤੇ ਕੁਛ ਕਾਮਯਾਬੀ ਹੋ ਗਈ ਸਮਝੀ। ਪਰ ਉਧਰ ਸ਼ੇਰ ਖਾਂ ਦੇ ਮਾਮਲੇ ਫੇਰ ਛਿੜ ਪਏ। ਸ਼ੇਰ ਖਾਂ ਨੇ ਆਪਣੀ ਤਾਕਤ, ਬਿਹਾਰ, ਬੰਗਾਲ ਵਿਚ ਚੋਖੀ ਵਧਾ ਲਈ ਸੀ। ਕਈ ਲੰਮੇ ਬਖੇੜਿਆਂ ਮਗਰੋਂ ਹਮਾਯੂੰ ਭੱਜ ਕੇ ਮਸਾਂ ਬਚਿਆ। ਹਮਾਯੂੰ ਅਜੇ ਬਕਸਰ ਤੋਂ ਲੰਘਿਆ ਸੀ ਕਿ ਸ਼ੇਰ ਖਾਂ ਨੇ ਸ਼ਾਹੀ ਖ਼ਿਤਾਬ ਆਪਣੇ ਨਾਂ ਨਾਲ ਲਾ ਲਿਆ ਤੇ ਜੌਨਪੁਰ ਤੋਂ ਮਾਰੋ ਮਾਰ ਕਰਦਾ ਟੁਰ ਪਿਆ[੧੨੪]। ਏਥੋਂ ਹਮਾਯੂੰ ਘੋੜਾ ਦਰਯਾ ਵਿਚ ਸੁਟ ਕੇ ਮਸਾਂ ਪਾਰ ਹੋਇਆ ਤੇ ਆਗਰੇ ਅੱਪੜ ਕੇ ਆਪਣੇ ਘਾਟੇ ਪੂਰੇ ਕਰਦਾ ਤੇ ਤਾਕਤ ਬਣਾਉਂਦਾ ਰਿਹਾ। ਨੌਂ ਦਸ ਮਹੀਨੇ ਮਗਰੋਂ ਹਮਾਯੂੰ ਨੇ ਕਨੌਜ ਦੇ ਲਾਗੇ ਸ਼ੇਰਸ਼ਾਹ ਤੇ ਹਮਲਾ ਕੀਤਾ, ਪਰ ਨਤੀਜਾ ਹਾਰ ਹੋਈ ਤੇ ਬੜੇ ਔਖ ਨਾਲ ਜਾਨ ਬਚਾ ਆਗਰੇ ਪਹੁੰਚਾ। ਉਥੇ ਮਸਾਂ ਐਨਾ ਸਮਾਂ ਲੱਭਾ ਕਿ ਸ਼ਾਹੀ ਟੱਬਰ ਟੋਰ ਲੈਕੇ ਤੇ ਖਜ਼ਾਨਾ ਸੰਭਾਲ ਕੇ ਟੁਰ ਪਵੇ। ਰੁਖ ਪੰਜਾਬ ਦਾ ਲੀਤਾ। ਜਦ ਬਿਆਸ ਕਿਨਾਰੇ ਮੁਲਤਾਨਪੁਰ ਅੱਪੜਿਆ ਤਾਂ ਯਾਦ ਆਇਆ ਕਿ ਪੰਜਾਬ ਵਿਚ ਇਕ ਉਚ ਪਾਏ ਦੇ ਦਰਵੇਸ਼ ਹੁੰਦੇ ਸਨ, ਜਿਨ੍ਹਾਂ ਦਾ ਨਿਆਜ਼ ਮੇਰੇ ਪਿਤਾ ਨੂੰ ਹਾਸਲ ਹੋਇਆ ਸੀ। ਥਹੁ ਕੀਤਾ ਤਾਂ ਪਤਾ ਲਗਾ ਕਿ ਬਿਆਸਾ ਪਾਰ ਸ਼ਾਹੀ ਸੜਕ ਤੋਂ ਜ਼ਰਾ ਕੁ ਲਾਂਭੇ ਇਕ ਖਡੂਰ ਨਾਮੇ ਪਿੰਡ ਹੈ, ਉਥੇ ਓਸ ਵਲੀ ਅੱਲਾ ਗੁਰੂ ਨਾਨਕ ਜੀ ਦੇ ਸੱਜਾਦਾ ਨਸ਼ੀਨ ਰਹਿੰਦੇ ਹਨ। ਉਹਨਾਂ ਤੋਂ ਅਸ਼ੀਰਵਾਦ ਲੈਣ ਦਾ ਖਿਆਲ ਕਰਕੇ ਸ਼ਾਹੀ ਵਹੀਰ ਨੂੰ ਤਾਂ ਝਬਾਲ ਵਲ ਟੁਰੇ ਰਹਿਣ ਦੀ ਆਗਿਆ ਦਿੱਤੀ ਤੇ ਆਪ ਥੋੜੇ ਅਹਿਲਕਾਰਾਂ ਤੇ ਕੁਝ ਸਿਪਾਹੀਆਂ ਨੂੰ ਲੈ ਕੇ ਖਡੂਰ ਪਹੁੰਚਾ। ਸੰਮਤ ੧੫੯੭ ਬਿ: (ਸੰਨ ੧੫੪੦ ਈ:) ਤੇ ਮਹੀਨਾ

 www.sikhbookclub.com

ਸਾਵਣ ਦਾ ਸੀ, ਬਰਖਾ ਪੈ ਹਟੀ ਸੀ, ਬਦਲਵਾਈ ਕੁਛ ਸੀ ਤੇ ਠੰਢੀ ਹਵਾ ਝੁੱਲ ਰਹੀ ਸੀ। ਬੱਚੇ ਖੇਲ ਰਹੇ ਸਨ ਤੇ ਗੁਰੂ ਸਾਹਿਬ ਇਨ੍ਹਾਂ ਦੀਆਂ ਖੇਲਾਂ ਰੋਜ਼ ਵਾਂਙੂ ਵੇਖ ਰਹੇ ਸਨ। ਪਾਤਸ਼ਾਹ ਨੂੰ ਮੁਰੱਖੇ ਨੇ ਦੱਸਿਆ ਕਿ ਔਹ ਹਨ ਗੁਰੂ ਸਾਹਿਬ ਜਿਨ੍ਹਾਂ ਦੀ ਪਿਠ ਏਧਰ ਨੂੰ ਹੈ, ਬੱਚਿਆਂ ਦੀਆਂ ਖੇਲਾਂ ਵਿਚ ਮਗਨ ਖੜੇ ਹਨ[੧੨੫]। ਥੋੜੀ ਦੇਰ ਪਾਤਸ਼ਾਹ ਖੜਾ ਰਿਹਾ ਕੁਛ ਅਦਬ ਵਿਚ। ਗੁਰੂ ਸਹਿਬ ਦੀ ਨਜ਼ਰ ਸੁਤੇ ਹੀ ਨਾ ਫਿਰੀ ਇਧਰ, ਤਾਂ ਅਚਾਨਕ ਸ਼ਾਹੀ ਰੋਹ ਜਾਗ ਪਿਆ। ਪਾਤਸ਼ਾਹ ਦਾ ਹੱਥ ਗਿਆ ਤਲਵਾਰ ਦੇ ਕਬਜ਼ੇ ਉਤੇ, ਪਰ ਤਲਵਾਰ ਹੱਲੀ ਨਾ, ਇਸ ਦੇ ਨਾ ਹੱਲਣ ਨੇ ਹੋਸ਼ ਲਿਆ ਦਿੱਤੀ :-ਉਫ! ਮੈਂ ਕੀ ਕਰਨ ਲਗਾ ਸਾਂ? ਇਨੇ ਨੂੰ ਖਿੜੇ ਚੰਦ੍ਰ ਮੁਖ ਦੀ ਨਜ਼ਰ ਪਾਤਸ਼ਾਹ ਤੇ ਪਈ;-ਆਪ ਬੋਲੇ : 'ਮੁਗਲ ਰਾਜ! ਪਈ ਰਹਿਣ ਦੇ ਸੁ ਹਾਲੇ ਮਿਆਨ ਵਿਚ ਹੀ ਇਸ ਦਾ ਵੇਲਾ ਆ ਲੈਣ ਦੇਹ। ਥੱਕ ਕੇ ਆਈ ਹੈ ਸ਼ੇਰ ਸ਼ਾਹ ਨਾਲ ਜੂਝਦੀ, ਹੁਣ ਆਰਾਮ ਕਰਨ ਦੇਹ ਸੁ ਮਿਆਨ ਵਿਚ! ਫਕੀਰਾਂ ਤੇ ਉਠਣਾ ਇਸਦਾ ਧਰਮ ਨਹੀਂ। ਇਹ ਆਖਦੇ ਅਗੇ ਵਧੇ ਤੇ ਸਨਮਾਨ ਨਾਲ ਪਾਤਸ਼ਾਹ ਨੂੰ ਤਖਤ ਪੋਸ਼ ਤੇ ਬਹਾਲ ਲਿਆ ਆਪਣੇ ਪਾਸ। ਪਾਤਸ਼ਾਹ ਨੇ ਜਦੋਂ ਪਹਿਲਾਂ ਝੁਕ ਕੇ ਸਲਾਮ ਕੀਤੀ ਸੀ, ਅਹਿਲਕਾਰ ਬੀ ਆਦਾਬ ਬਜਾ ਲਿਆਏ ਸਨ। ਸ੍ਰੀ ਗੁਰੂ ਜੀ ਨੇ ਸ਼ਾਹ ਨੂੰ ਪਾਸ ਬਹਾਲ ਕੇ ਤੇ ਅਹਿਲਕਾਰਾਂ ਨੂੰ ਜੋ ਹੇਠਾਂ ਮੰਜੀਆਂ ਵਿਛੀਆਂ ਪਰ ਬੈਠ ਗਏ ਸਨ, ਦੋਵੇਂ ਹੱਥ ਮੁਸਤੀ ਭਰੇ ਚਾਏ ਤੇ ਆਖਿਆ : 'ਸਰਬੱਤ ਦਾ ਭਲਾ, ਸਾਈਂ ਸਰਬੱਤ ਦਾ ਭਲਾ!

ਪਾਤਸ਼ਾਹ-ਅੱਲਾ ਖ਼ਾਲਿਓ! ਬੇ ਅਦਬੀ ਮੁਆਫ ਮੇਰਾ ਹੱਥ ਗਲਤੀ ਨਾਲ ਗਿਆ ਸੀ ਪੇਸ਼ ਕਬਜ਼ੇ ਤੇ! ਮੈਂ ਸ਼ਰਣ ਆਇਆ ਹਾਂ। ਗੁਰੂ ਨਾਨਕ ਦਾ ਘਰ ਬਖਸ਼ਿੰਦ ਹੈ, ਮੇਰੇ ਹੱਕ ਵਿਚ ਦੁਆਇ ਖੈਰ ਕਰੋ ਜੋ ਅੱਲਾ ਮੇਰਾ ਰਾਜ ਮੈਨੂੰ ਮੁੜ ਖਖਸ਼ੇ। ਦੁਆਇ ਫਕੀਰਾਂ ਰੱਦਿ ਬਲਾ ਹੁੰਦੀ ਹੈ।

ਗੁਰੂ ਜੀ-ਦੁਖ ਦੇਖਕੇ ਦਰਦ ਉਠਦਾ ਹੈ, ਪਰ...ਪਰ ਕਰਮ...ਕਰਮ ਗਤੀ ਡਾਢੀ ਹੈ। ਕੀਤੇ ਅਮਲਾਂ ਦੇ ਫਲ...।

ਪਾਤਸ਼ਾਹ-ਰਬ ਬਖਸ਼ੇ ਮੈਂ ਕਿਸੇ ਨਾਲ ਲਰਾਦੇ ਚਾਰੇ ਵਧੀਕੀ ਨਹੀਂ ਕੀਤੀ। ਭਰਾਵਾਂ ਨੂੰ ਸਲਤਨਤ ਵੰਡ ਦਿਤੀ ਹੈ। ਉਮਰਾਵਾਂ ਨੂੰ ਸੂਬੇਦਾਰੀਆਂ ਤੇ ਮੁਕਰਰ ਕਰ ਦਿਤਾ ਹੈ। ਮੁਆਫੀ ਮੰਗਣ ਵਾਲਿਆਂ ਨੂੰ ਮੁਆਫ ਕੀਤਾ ਹੈ। ਫੇਰ ਮੇਰੇ ਤਕਲੀਫਾਂ ਹੀ ਤਕਲੀਫਾਂ ਆ ਗਈਆਂ ਹਨ।

ਗੁਰੂ ਜੀ-ਆਪ ਜੀ ਨੇ ਬਹੁਤ ਨਰਮੀ ਵਰਤੀ ਹੈ, ਸਖਤੀ ਤੋਂ ਪਰਹੇਜ਼ ਕੀਤਾ ਹੈ। ਸ਼ਾਬਾਸ਼ ਹੈ ਆਪ ਦੇ ਤਹੱਮਲ ਨੂੰ ਵਿਦਵਾਨ ਵੀ ਹੋ ਤੇ ਭਲੇ ਬੀ ਹੋ ਪਰ ਅਗਲੀਆਂ ਪਿਛਲੀਆਂ ਕੀਤੀਆਂ ਦਾ ਜੀਵਾਂ ਨੂੰ ਪਤਾ ਨਹੀਂ ਹੁੰਦਾ।

ਪਾਤਸ਼ਾਹ-ਆਪਣੀ ਹੀ ਕੀਤੀ ਹੁੰਦੀ ਹੈ? ਅੱਲਾ ਨਹੀਂ ਕਰਦਾ?

ਗੁਰੂ ਜੀ-ਕਰਨੀ ਆਪਣੀ ਹੀ ਫਲ ਲਿਆਉਂਦੀ ਹੈ, ਅੱਲਾ ਸਰਬ ਸਮਰੱਥ ਹੈ; ਸਭ ਕੁਛ ਕਰ ਸਕਦਾ ਹੈ। ਕੁਛ ਐਦਾਂ ਹੈ ਜੀਓ! ਜਿਵੇਂ ਕਿਸੇ ਜੰਤੂ ਦੇ ਨੱਕ ਵਿਚ ਨਥ ਪਈ ਹੋਈ ਹੈ, ਇਸ ਦੀ ਵਾਗ ਡੋਰ ਤਾਂ ਖਸਮ ਦੇ ਹੱਥ ਵਿਚ ਹੈ ਤੇ ਪਿਛੇ ਪਿਛੇ ਉਸ ਦੀ ਕੀਤੀ-ਆਪਣੀ ਕੀਤੀ 'ਕਿਰਤ' ਟੁਰੀ ਆਉਂਦੀ ਹੈ ਉਹ ਮਗਰੋਂ ਧੱਕੇ ਦੇ ਦੇ ਕੇ ਅੱਗੇ ਨੂੰ ਟੋਰਦੀ ਏ। ਸੋ 'ਹੁਕਮ ਦੀ ਨੱਥ' ਤੇ 'ਕਿਰਤ ਦੀ ਧਕੇਲ' ਆਦਮੀ ਨੂੰ ਬੀਜਿਆ ਖਾਣ ਲਈ ਲਈ ਫਿਰਦੀ ਹੈ[੧੨੬]।

ਹਮਾਯੂੰ-ਸਚ ਫੁਰਮਾਇਆ ਨੇ! ਪਰ ਅੱਲਾ ਗਫਾਰ (ਮਾਫ ਕਰਨ ਵਾਲਾ) ਹੈ ਤੇ ਫਕੀਰ ਦੇ ਦਿਲ ਰਹਿਮ ਹੁੰਦਾ ਹੈ। ਆਪ ਜੋ ਚਾਹੋ ਕਰ ਸਕਦੇ ਹੋ। ਹਿੰਦੂ ਦਾਨੇ ਆਖਦੇ ਹਨ : ਰੇਖ ਵਿਚ ਮੇਖ ਮਾਰਨਾ ਦਰਵੇਸ਼ਾਂ ਦੇ ਹੱਥ ਹੈ।

ਗੁਰੂ ਜੀ-ਓਹ ਮਾਲਕ ਸਭ ਤੋਂ ਵਡਾ ਹੈ[੧੨੭] ਮੀਰ ਮਲਕ, ਸਰਦਾਰ ਦਰਵੇਸ਼ ਸਭੇ ਉਸਦੇ ਹੁਕਮ ਦੇ ਬੰਦੇ ਹਨ। ਉਸ ਦਾ ਹੁਕਮ ਕੋਈ ਨਹੀਂ ਮੇਟ ਸਕਦਾ। ਜੋ ਉਹ ਕਰੇ ਪਰਵਾਨ ਕਰਨਾ ਹੀ ਬਣਦਾ ਹੈ। ਫੇਰ ਓਹ ਅੰਤਰਜਾਮੀ ਹੈ, ਉਹ ਆਪੇ ਸਭੋ ਕੁਛ ਜਾਣਦਾ ਹੈ, ਉਸ ਦੇ ਸਾਹਮਣੇ ਕੋਈ ਬੋਲ ਪੁਜ ਨਹੀਂ ਹੰਗਦਾ, ਆਪ ਜੋ ਹੋਇਆ ਸਰਬੱਗ ਦੇ ਦਿਲਾਂ ਦੀਆਂ ਜਾਨਣਹਾਰ। ਇਧਰ ਜਿਨ੍ਹਾਂ ਦਾਸਾਂ ਨੇ ਹੁਕਮ ਵਿਚ ਟੁਰਨਾ ਹੈ, ਹੁਕਮ ਮੰਨਣਾ ਉਨ੍ਹਾਂ ਦਾ ਕੰਮ ਹੈ। ਜੋ, ਫੁਰਮਾਣ ਸ਼ਾਹੀ ਹੁੰਦਾ ਹੈ, ਉਸ ਮੂਜਬ ਕਾਰ ਕਰਦੇ ਹਨ। ਉਸ ਹੁਕਮ ਵਿਚ ਦੱਸੇ ਰਸਤੇ



www.sikhbookclub.com

ਤੇ ਓਹ ਟੁਰਦੇ ਹਨ। ਓਹ ਤਾਂ ਸਾਂਈਂ ਦੇ 'ਘੱਲੇ' ਆਉਂਦੇ ਹਨ, ਹੁਕਮ ਦੀ ਕਾਰ ਕਮਾਉਂਦੇ ਹਨ ਤੇ ਉਸਦੇ 'ਸੱਦੇ' ਇਥੋਂ ਟੁਰ ਜਾਂਦੇ ਹਨ। ਸੋ ਜੋ ਕੁਛ ਹੈ ਰੱਬ ਜੀ ਦੇ ਵੱਸ ਹੈ। ਪਾਤਸ਼ਾਹ! ਅਸੀਂ ਤੁਸੀਂ ਹੁਕਮੀ ਬੰਦੇ ਹਾਂ। ਇਸ ਲਈ ਗੁਰੂ ਨਾਨਕ ਦੇਵ ਨੇ ਫੁਰਮਾਇਆ ਸੀ ਕਿ ਜੋ ਉਸਨੂੰ ਭਾਵੇ ਓਹੀ ਭਲੀ ਕਾਰ ਹੈ; ਉਸਦਾ ਸਲਾਮਤ ਦੀ ਰਜ਼ਾ ਅਗੇ ਤਸਲੀਮ ਦਾ ਸਿਰ ਸਾਨੂੰ ਤੁਹਾਨੂੰ ਝੁਕਾਉਣਾ ਚਾਹੀਦਾ ਹੈ

ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥ (ਜਪੁਜੀ)

ਹਮਾਯੂੰ-ਸਚ ਫੁਰਮਾਇਆ ਨੇ (ਅਮੀਰਾਂ ਵੱਲ ਤੱਕ ਕੇ) ਕਿਸ ਕਸਰ ਨਫਸੀ(ਨਿੰਮ੍ਰਤਾ) ਵਿਚ ਵਰਤ ਰਹੇ ਹਨ। ਏਥੇ ਹੈ ਅਸਲ ਦਰਵੇਸ਼ੀ। ਵਾਹਵਾ! ਵਾਹਵਾ! ਦੀਦਾਰ ਕਰਕੇ; ਕਲਾਮ ਸੁਣਕੇ ਦਰਦਾਂ ਦੂਰ ਹੁੰਦੀਆਂ ਹਨ!......ਤਸਲੀਮ ਤੋਂ ਬੀ ਅਗੇਰੇ ਲੰਘੇ ਹੋਏ ਹਨ। ਵਾਹ ਵਾਹ! (ਫਿਰ ਗੁਰੂ ਜੀ ਵੱਲ ਤੱਕ ਕੇ) ਅੱਲਾ ਵਾਲਿਓ! ਉਸ ਦੀ ਦਰਗਾਹ ਲਉਬਾਲੀ ਹੈ, ਦਰਵੇਸ਼, ਵਲੀ, ਪੈਗੰਬਰ ਉਸ ਦੇ ਖਜ਼ਾਨਚੀ ਹਨ, ਕੁੰਜੀ ਬਰਦਾਰ ਹਨ ਖਜਾਨਿਆਂ ਦੇ, ਸਫਾਰਸ਼ ਕਰ ਦਿਓ, ਦਰਵੇਸ਼ਾਂ ਦੀ ਸੁਣਦਾ ਹੈ ਬਖਸ਼ਿੰਦ ਤੇ ਰਹੀਮ ਅੱਲਾ!

ਗੁਰੂ ਜੀ-ਪਾਤਸ਼ਾਹ ਉਹ ਰਾਹ ਕੁਛ ਹੋਰਵੇਂ ਹੈ[੧੨੮], ਜਿਨ੍ਹਾਂ ਨੂੰ ਰੱਬ ਸਾਈਂ ਨੇ ਆਪਣੀ ਸਿਫਤ ਸਲਾਹ ਦੀ ਦੌਲਤ ਬਖਸ਼ੀ ਹੈ, ਉਹ ਖਜ਼ਾਨਚੀ ਕਹੀਦੇ ਹਨ। ਉਨ੍ਹਾਂ ਪਾਸ ਇਹ ਦੌਲਤ ਅੱਲਾ ਦੀ ਬਖਸ਼ੀ ਜਮਾਂ ਹੋਈ ਹੁੰਦੀ ਹੈ। ਇਸ ਨਾਲ ਓਹ ਆਪ ਮਾਲਾ ਮਾਲ ਰਹਿੰਦੇ ਹਨ! ਪਰ ਜਿਨ੍ਹਾਂ ਨੂੰ ਕੁੰਜੀ ਬਖਸ਼ ਦੇਂਦਾ ਹੈ ਅੱਲਾ, ਉਨ੍ਹਾਂ ਨੂੰ ਖਜ਼ਾਨੇ ਇਸ ਵਾਸਤੇ ਦੇ ਦਿੱਤੇ ਜਾਂਦੇ ਹਨ ਕਿ ਉਹ ਅਗੋਂ ਹੁਕਮ ਵਿਚ ਵੰਡਣ ਵਿਲਾਣ। ਮਤਲਬ ਇਹ ਹੈ ਕਿ ਇਕਨਾਂ ਨੂੰ ਆਪਣੀ ਕਲਜਾਣ ਵਾਸਤੇ ਸਿਫਤ ਦਾ ਖਜ਼ਾਨਾ ਮਿਲਦਾ ਹੈ, ਇਕਨਾਂ ਨੂੰ ਵੰਡਣ ਲਈ ਖਜ਼ਾਨਿਆਂ ਦੀ ਕੁੰਜੀ ਬੀ ਮਿਲਦੀ ਹੈ, ਹੁਣ ਕਿਹੜਾ ਖਜ਼ਾਨਚੀ ਸਾਹਿਬ ਦੀ ਨਜ਼ਰ ਵਿਚ ਮੰਨਜ਼ੂਰ ਯਾ ਪਰਵਾਨ ਰਹੇਗਾ? ਜਿਸ ਵਿਚ ਭੰਡਾਰੀ ਦੇ ਗੁਣ ਹੋਣਗੇ। ਉਹ ਹੈਨ ਦਯਾਨਤਦਾਰੀ ਤੇ ਹੁਕਮ ਵਿਚ ਦਾਤ ਵੰਡਣੀ। ਸੋ ਭੰਡਾਰੀ ਯਾ ਖਜ਼ਾਨਚੀ ਕੀ ਕਰਦਾ ਹੈ? ਕਿ ਮੰਗਣ ਆਇਆ ਵਿਚ ਵੇਖਦਾ ਹੈ ਕਿ ਹੁਕਮ ਦਾ ਨਿਸ਼ਾਨ ਹੈ? ਹੁਕਮ ਦਾ ਨਿਸ਼ਾਨ ਹੈ 'ਨਾਮ', ਅੱਲਾ ਦਾ ਜ਼ਿਕਰ ਤੇ ਫਿਕਰ, ਇਸ ਨਿਸ਼ਾਨ ਨੂੰ ਦੇਖਕੇ ਭੰਡਾਰੀ ਸਮਝਦਾ ਹੈ ਕਿ ਇਨ੍ਹਾਂ ਤੇ ਸਾਈਂ ਦੀ ਨਦਰ ਹੈ, ਜਿਓ ਸਿਫਤ ਦੀ ਦਾਤ, ਸੋ ਦਰਵੇਸ਼ਾਂ ਨੂੰ ਸਿਫਤ ਸਲਾਹ ਵੰਡਣ ਦੀ ਦਾਤ ਮਿਲੀ ਹੋਈ ਹੁੰਦੀ ਹੈ। ਇਹ ਦਾਤ ਵੰਡਣੇ ਦਾ ਹੁਕਮ ਹੈ। ਲੈ ਲਓ ਤੇ ਸਾਈਂ ਦੇ ਦਰ ਦੇ ਬਣ ਜਾਓ।

ਪਾਤਸ਼ਾਹ-ਬੜੀ ਉੱਚੀ ਦਾਤ ਹੈ, ਬੜੀ ਮਿਹਰ ਹੈ ਪਰ ਅਜੇ ਪਾਤਸ਼ਾਹੀ ਦੀ ਹਵਸ ਬਾਕੀ ਹੈ। ਪਾਤਸ਼ਾਹੀ ਗਲੀ ਗਈ ਹੈ ਯਾ ਜਾ ਰਹੀ ਹੈ, ਇਹ ਖਯਾਲ ਕਰਕੇ ਸ਼ਰਮ ਆਉਂਦੀ ਹੈ ਕਿ ਪਿਉ ਬਣਾ ਜਾਵੇ ਤੇ ਪੁਤਰ ਗੁਆ ਦੇਵੇ, ਮਰਦਾਨਗੀ ਅੰਦਰੋਂ ਜੁੰਬਸ਼ ਦੇ ਕੇ ਆਖਦੀ ਹੈ ਕਿ ਕਿਵੇਂ ਮੁੜ ਕਾਇਮ ਕਰਾਂ ਤੇ ਦੁਨਿਆਂ ਵਿਚੋਂ ਨੇਕ ਨਾਮ ਜਾਵਾਂ।

ਗੁਰੂ ਜੀ ਸੁਣਕੇ ਜ਼ਰਾ ਕੁ ਮੁਸਕ੍ਰਾਏ ਤੇ ਫੇਰ ਨੈਣ ਮੀਟ ਲਏ[੧੨੯]। ਫੇਰ ਖੋਲੇ ਤੇ ਬੋਲੇ-ਪਾਤਸ਼ਾਹ ਪਾਤਸ਼ਾਹੀ ਤੁਸਾਂ ਦੇ ਭਾਗਾਂ ਵਿਚ ਹੈ, ਮਿਲੇਗੀ। ਪਰ ਕੁਛ ਵਕਫਾ ਹੈ ਵਿਚ। ਇਹ ਜੋ ਵਕਫੇ ਦਾ ਸਮਾਂ ਹੈ ਵਿਚਾਲੇ ਇਹ ਰਬ ਸਾਈਂ ਜੀ ਦੀ ਹਮਦੋ-ਸਨਾ ਵਿਚ ਲਾਓ। ਲੰਮੀ ਨਦਰ ਦਰੋ ਮੁਗਲ ਰਾਜ ਜੀਓ! ਸੰਸਾਰ ਵਿਚ ਆਇਆ ਹਰ ਬੰਦਾ ਦੁਖਾਂ ਦੇ ਮੂੰਹ ਕਦੇ ਨਾ ਕਦੇ ਆਇਆ ਹੀ ਰਹਿੰਦਾ ਹੈ, ਸੁਖ ਕੇਵਲ ਅੱਲਾ ਦੇ ਨਾਮ ਵਿਚ ਹੈ। ਦੇਖੋ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ :-

ਸਲੋਕ ਮਹਲਾ ੧

ਦੁਖ ਵਿਚਿ ਜੰਮਣੁ ਦੁਖਿ ਮਰਣੁ
ਦੁਖਿ ਵਰਤਣੁ ਸੰਸਾਰਿ॥
ਦੁਖੁ ਦੁਖੁ ਅਗੈ ਆਖੀਐ
ਪੜ੍ਹਿ ਪੜ੍ਹਿ ਕਰਹਿ ਪੁਕਾਰ॥
ਦੁਖ ਕੀਆ ਪੰਡਾ ਖੁਲੀਆ
ਸੁਖੁ ਨ ਨਿਕਲਿਓ ਕੋਇ॥
ਦੁਖ ਵਿਚਿ ਜੀਉ ਜਲਾਇਆ
ਦੁਖੀਆ ਚਲਿਆ ਹੋਇ॥
ਨਾਨਕ ਸਿਫਤੀ ਰਤਿਆ
ਮਨੁ ਤਨੁ ਹਰਿਆ ਹੋਇ॥
ਦੁਖ ਕੀਆ ਅਗੀ ਮਾਰੀਅਹਿ


www.sikhbookclub.com

ਭੀ ਦੁਖੁ ਦਾਰੂ ਹੋਇ॥੧॥(ਵਾਰ ਸਾਰੰਗ ਮ: ੧-੮)

ਪਾਤਸ਼ਾਹ ਦੇ ਨਾਲ ਦੇ ਉਮਰਾਵਾਂ ਵਿਚ ਇਕ ਸੂਫੀ ਖਜਾਲ ਦਾ ਅਮੀਰ ਵੀ ਸੀ, ਆਖਣ ਲਗਾ ਹਜ਼ੂਰ! ਅੱਲਾ ਵਾਲੇ ਨੇ ਪਾਤਸ਼ਾਹੀ ਦੀ ਰਹਿਮਤ ਫੁਰਮਾ ਦਿੱਤੀ ਹੈ, ਜ਼ੁਬਾਨ ਮੁਬਾਰਕ ਤੋਂ ਇਰਸ਼ਾਦ ਕੀਤਾ ਨੇ ਕਿ ਹਜ਼ੂਰ ਨੂੰ ਪਾਤਸ਼ਾਹੀ ਫੇਰ ਮਿਲੇਗੀ, ਵਿਚ ਕੁਛ ਵਕਫਾ ਫੁਰਮਾਯਾ ਨੇ ਸੋ ਇਹ ਵਕਫਾ ਗੁਜ਼ਾਰਨ ਲਈ ਅੱਲਾ ਦੇ ਜ਼ਿਕਰ ਤੇ ਫਿਕਰ ਦੀ ਰਹਿਮਤ ਫੁਰਮਾਈ ਨੇ, ਇਕ ਦਾਤ ਲੈਣ ਆਏ ਇਸ ਘਰੋਂ ਦੋ ਦੀ ਦਾਤ ਹੋ ਰਹੀ ਹੈ, ਇਸੇ ਕਰਕੇ ਫਕੀਰ ਲੋਕ ਆਖਦੇ ਹਨ ਕਿ ਗੁਰੂ ਨਾਨਕ ਦਾ ਘਰ ਵੱਡਾ ਹੈ।

ਇਸ ਤਰ੍ਹਾਂ ਦੇ ਵਾਰਤਾਲਾਪ ਕਰਕੇ ਪਾਤਸ਼ਾਹ ਤੇ ਉਸ ਦੇ ਸਾਥੀ ਸ੍ਰੀ ਗੁਰੂ ਜੀ ਨੂੰ ਝੁਕ ਕੇ ਸਲਾਮਾਂ ਕਰਦੇ ਤੇ ਸ਼ੁਕਰੀਏ ਆਖਦੇ ਖਡੂਰ ਤੋਂ ਰਵਾਨਾ ਹੋ ਗਏ। ਠੰਢੇ ਬਰਫਾਨੀ ਘਰ ਨੂੰ ਛੁਹ ਕੇ ਗਿਆ ਹਮਾਯੂੰ ਪਰ ਅੰਦਰ ਅਜੇ ਪਾਤਸ਼ਾਹੀ ਤ੍ਰਿਸ਼ਨਾ ਭੜਕ ਰਹੀ ਸੀ। ਲਾਹੌਰ ਪਹੁੰਚਾ। ਭਰਾ ਕਾਮਰਾਨ ਨੇ ਕੋਈ ਸਹਾਰਾ ਨਾ ਦਿੱਤਾ। ਹਮਾਯੂੰ ਫੇਰ ਸਿੰਧ ਵਲ ਨੂੰ ਗਿਆ। ਕਾਮਰਾਨ ਨੇ ਸ਼ੇਰ ਸ਼ਾਹ ਨਾਲ ਸੁਲਹ ਕਰ ਲਈ ਤੇ ਪੰਜਾਬ ਉਸਨੂੰ ਦੇ ਦਿੱਤਾ ਤੇ ਆਪ ਕਾਬਲ ਜਾ ਬੈਠਾ। ਹਮਾਯੂੰ ਨੇ ਓਧਰ ਕਈ ਧੱਕੇ ਧੋੜੇ ਖਾਧੇ, ਅਖੀਰ ਅਮਰ ਕੋਟ ਪਹੁੰਚਾ। ਓਥੇ ਪੁਤ੍ਰ ਜੰਮਿਆ-ਜਿਸ ਦਾ ਨਾਂਉਂ ਅਕਬਰ ਰਖਿਆ, ਤਦੋਂ ਸੰਨ ਸੀ ੧੫੪੨ ਈਸਵੀ ੧੫੯੭ ਬਕ੍ਰਮੀ ਮਹੀਨਾ ਅੱਸੂ ਕੱਤੇਂ (੧੪ ਅਕਤੂਬਰ) ਅਗਲੇ ਸਾਲ ੧੫੪੩ ਈਸਵੀ ਦੇ ਦਸੰਬਰ ਦੇ ਲਾਗੇ ਹਮਾਯੂੰ ਸੀਸਤਾਨ ਪਹੁੰਚਾ[੧੩੦]। ਈਰਾਨ ਵਿਚ ਹਮਾਯੂੰ ਕਈ ਬਰਸ ਰਿਹਾ। ਫੇਰ ਓਥੇ ਦੇ ਸ਼ਾਹ ਤਹਿਮਾਸਪ ਦੀ ਫੌਜ ਲੈ ਕੇ ਆਇਆ। ਸੰਨ ੧੫੫੫ ਈਸਵੀ ਵਿਚ ਜੰਗ ਕਰਕੇ ਮੁੜ ਹਿੰਦੁਸਤਾਨ ਦਾ ਪਾਤਸ਼ਾਹ ਹੋ ਗਿਆ। ਥੋੜਾ ਚਿਰ ਰਾਜ ਕਰਕੇ ਦਿੱਲੀ ਵਿਚ ਚਲਾਣਾ ਕਰ ਗਿਆ, ਜਿਥੇ ਉਸ ਦਾ ਮਕਬਰਾ ਹੈ।

ਜਦੋਂ ਹਮਾਯੂੰ ਸਿੰਧ ਨੂੰ ਟੁਰ ਗਿਆ ਤੇ ਕਾਮਰਾਨ ਕਾਬਲ ਨੂੰ ਤਾਂ ਸ਼ੇਰ ਸ਼ਾਹ ਨੇ ਪੰਜਾਬ ਤੇ ਆਪਣਾ ਰਾਜ ਸਿੱਕਾ ਬਿਠਾ ਲਿਆ। ਜਿਹਲਮੋਂ ਪਾਰ ਇਸ ਨੇ ਇਕ ਕਿਲ੍ਹਾ ਬਣਾਇਆ ਨਾਮ 'ਰੁਹਤਾਸ'[੧੩੧] ਰਖਿਆ ਤੇ ਪੰਜਾਬ ਦਾ ਪ੍ਰਬੰਧ ਕਰਕੇ ਬੰਗਾਲ ਨੂੰ ਮੁੜ ਗਿਆ। ਪੰਜਾਬ ਵਿਚ ਇਸ ਤਬਦੀਲੀ ਨਾਲ ਬੇ-ਅਮਨੀ ਨਹੀਂ ਫੈਲੀ। ਲਗਪਗ ਸੁਖਾਂ ਨਾਲ ਸ਼ੇਰ ਸ਼ਾਹ ਦਾ ਰਾਜ ਬੈਠ ਗਿਆ, ਜਿਸ ਦਾ ਪ੍ਰਬੰਧ ਬਹੁਤ ਅੱਛਾ ਤੇ ਨਿਆਂ ਵਾਲਾ ਸੀ। ਸ਼ੇਰ ਸ਼ਾਹ ਸੂਰੀ ਜਾਤ ਦਾ ਪਠਾਣ ਸੀ; ਪਰ ਜੰਮ ਪਲ ਹਿੰਦੁਸਤਾਨ ਦਾ ਹੋਣ ਕਰਕੇ ਉਹ ਮੁਗਲਾਂ ਨੂੰ ਬਦੇਸ਼ੀ ਸਮਝਕੇ ਆਪਣੇ ਦੇਸੋਂ ਕੱਢ ਦੇਣ ਦਾ ਹੱਕ ਸਮਝਦਾ ਸੀ। ਬੰਗਾਲ ਤੋਂ ਰੁਹਤਾਸ ਤਕ ਯਾ ਅਟਕ ਤਕ ਸ਼ਾਹੀ ਸੜਕ ਇਸ ਨੇ ਬਣਵਾਈ ਸੀ; ਜਿਸ ਦੇ ਹਰ ਢਾਈ ਕੋਹ ਤੇ ਖੂਹ ਲਵਾਇਆ ਤੇ ਥਾਂ ਥਾਂ ਸਰਾਵਾਂ ਬਣਵਾਈਆਂ। ਸੜਕ ਤੇ ਬ੍ਰਿਛ ਲਗਵਾਏ ਤੇ ਮੁਸਾਫਰਾਂ ਦੇ ਆਰਾਮ ਦੇ ਸਾਮਾਨ ਕੀਤੇ। ਪਰ ਇਸ ਦਾ ਰਾਜ ਥੋੜਾ ਚਿਰ ਰਿਹਾ। ਸੰਨ ੧੫੪੫ ਮਈ ਦੇ ਮਹੀਨੇ ਕਾਲੰਜਰ ਤੇ ਹਮਲੇ ਕਰਕੇ ਇਹ ਲੜ ਰਿਹਾ ਸੀ ਕਿ ਇਕ ਸੁਰੰਗ ਦੇ ਫਟਣ ਨਾਲ ਜ਼ਖਮੀ ਹੋ ਕੇ ਓਸੇ ਦਿਨ (੨੨ ਮਈ) ਨੂੰ ਸ਼ਾਮਾਂ ਵੇਲੇ ਮਰ ਗਿਆ। ਇਸ ਦੀ ਥਾਂਵੇਂ ਇਸ ਦਾ ਦੂਸਰਾ ਪੁਤਰ ਜਲਾਲ ਖਾਂ ਗੱਦੀ ਬੈਠਾ ਤੇ ਨਾਮ ਰਖਾਇਆ ਸਲੀਮ ਸ਼ਾਹ। ਸ਼ੁਰੂ ਸ਼ੁਰੂ ਵਿਚ ਕੁਛ ਰੌਲਾ ਰੱਪਾ ਹੁੰਦਾ ਰਿਹਾ ਪਰ ੧੫੪੭ ਵਿਚ ਠੰਢ ਵਰਤ ਗਈ। ਸਲੀਮ ਦੇ ਬਾਗੀਆਂ ਨੇ ਪੰਜਾਬ ਵਿਚ ਵੀ ਰੌਲਾ ਰੱਪਾ ਪਾਇਆ ਪਰ ਪੇਸ਼ ਕੁਛ ਨਾ ਗਈ। ਇਸ ਤੋਂ ਮਗਰੋਂ ਸਲੀਮ ਦਾ ਰਾਜ ਸੁਲਹ ਸ਼ਾਂਤੀ ਵਿਚ ਲੰਘ ਗਿਆ।

ਗੁਰੂ ਅੰਗਦ ਦੇਵ ਜੀ ਦਾ ਸਮਾਂ ਇਨ੍ਹਾਂ ਵੇਲਿਆਂ ਵਿਚ ਹੋਇਆ ਹੈ।

## ੩੦. ਸ੍ਰੀ ਅਮਰ ਜੀ ਮਿਲਾਪ।

(ਉਤਕੰਠਾ ਤੇ ਦਰ ਢੱਠਣੀ)

ਮੇਹੜੇ[੧੩੨] ਪਿੰਡ ਵਿਚ ਇਕ ਬ੍ਰਾਹਮਣ ਰਹਿੰਦਾ ਹੈ, ਜਿਸ ਪਾਸ ਗੰਗਾ ਦੇ ਯਾਤ੍ਰੀ ਆਉਂਦੇ ਜਾਂਦੇ ਉਤਰਦੇ ਹਨ। ਇਹ ਰਹਿਣ ਨੂੰ ਥਾਉਂ ਦੇਂਦਾ ਹੈ ਅੰਨ ਪਾਣੀ ਦਾ ਬਾਨਣੂੰ ਬੰਨ੍ਹ ਦੇਂਦਾ ਹੈ, ਹੋਰ ਖਾਤਰ

ਆਦਰ ਕਰਕੇ ਪ੍ਰਸੰਨ ਕਰ ਦੇਂਦਾ ਹੈ। ਉਹ ਜਾਂਦੇ ਹੋਏ ਏਸ ਨੂੰ ਜਥਾ ਸ਼ਕਤ ਮਾਹਿਟਾ ਦੇ ਜਾਂਦੇ ਹਨ। ਇਕ ਇਸ ਨੇ ਘਰ ਦੇ ਨਾਲ ਹੀ ਬਾਗ ਜਿਹਾ ਬਣਾਇਆ ਹੋਇਆ ਹੈ, ਉਹ ਬੀ ਹੈ ਅਏ ਗਏ ਦੇ ਆਰਾਮ ਲਈ। ਇਸ ਬ੍ਰਾਹਮਣ ਦਾ ਨਾਉਂ ਹੈ ਦੁਰਗਾ, ਜਾਤ ਦਾ ਹੈ ਭੰਭੀ ਸਾਰਸੂਤ। ਵਿਦਵਾਨ ਭੀ ਹੈ ਪਰ ਸਾਮੁਦ੍ਰੀਕ ਜੋਤਸ਼ ਵਿਚ ਵਧੇਰੇ ਸਿਆਣਾ ਹੈ। ਸੰਮਤ ੧੫੯੭ ਬਿ: ਦੇ ਚੜ੍ਹਦੇ ਅੰਸੂ ਦੇ ਲਗਪਗ ਦੀ ਗਲ ਹੈ ਕਿ ਇਕ ਦਿਨ ਦੁਪਹਿਰ ਕੁ ਵੇਲੇ ਪੰਡਿਤ ਜੀ ਬਾਗ ਵਿਚ ਆਏ। ਆਪ ਦੇ ਘਰ ਅਏ ਯਾਤ੍ਰੀਆਂ ਵਿਚੋਂ ਜੋ ਗੰਗਾ ਦੀ ਯਾਤ੍ਰਾ ਕਰ ਆਏ ਸਨ, ਇਕ ਸੁਹਣੀ ਨੁਹਾਰ ਦੇ ਸਜਨ ਇਕ ਅੰਬ ਦੀ ਛਾਵੇਂ ਡੱਠੀ ਮੰਜੀ ਤੇ ਸੁੱਤੇ ਪਏ ਸਨ ਕਿ ਬ੍ਰਾਹਮਣ ਦੀ ਨਜ਼ਰ ਉਨ੍ਹਾਂ ਦੇ ਚਰਨਾਂ ਤੇ ਪਈ। ਆਪ ਵੱਖੀ ਪਰਨੇ ਟਿਕੇ ਹੋਏ ਸਨ ਦੁਇ ਚਰਨ ਦਿੱਸ ਰਹੇ ਸਨ, ਮਾਨੋਂ ਸੂਰਜ ਦੀ ਰੌਸ਼ਨੀ ਪਜਾਰ ਵਿਚ ਆਈ ਬ੍ਰਿਛ ਦੇ ਪੱਤ੍ਰ ਚੀਰ ਕੇ ਚਰਣ ਚੁੰਮ ਰਹੀ ਸੀ ਤੇ ਆਪਦੇ ਨੂਰੀ ਸਰੂਪ ਵਿਚ ਹੋਰਨਾਂ ਨੂੰ ਦਰਸ਼ਨ ਕਰਾ ਰਹੀ ਸੀ। ਇਸ ਤਰ੍ਹਾਂ ਦੇ ਪ੍ਰਕਾਸ਼ ਵਿਚ ਦੁਰਗੇ ਦੀ ਨਜ਼ਰ ਨੇ ਸਿਆਣ ਲਿਆ ਕਿ ਇਨ੍ਹਾਂ ਦੇ ਚਰਨਾਂ ਵਿਚ ਤਾਂ ਪਦਮ ਰੇਖਾ[੧੩੩] ਹੈ। ਸੋਚਣ ਲੱਗਾ ਪਦਮ ਰੇਖਾ ਵਾਲਾ ਯਾ ਰਾਜਾ ਹੁੰਦਾ ਹੈ ਯਾ ਭਾਗ ਸ਼ੀਲ, ਯਾ ਅਵਤਾਰ, ਪਰ ਇਹ ਸਜਣ ਚਾਹੇ ਧਨੀ ਤਾਂ ਹੈ ਪਰ ਹੈ ਸਾਧਾਰਨ। ਕਈ ਵਾਰ ਗੰਗਾ ਆਇਆ ਗਿਆ ਹੈ। ਅਚਰਜ ਹੈ; ਪਦਮ ਰੇਖਾ ਹੋਵੇ ਤੇ ਆਪਣਾ ਫਲ ਨਾ ਦਿਖਾਵੇ......ਨਹੀਂ ਸਾਯਦ ਸਮਾਂ ਸੰਜੋਗ ਨਹੀਂ ਆਯਾ ਅਜੇ! ਰੇਖਾ ਜ਼ਰੂਰ ਫਲੇਗੀ। ਵਿਦਜਾ ਦੇ ਧ੍ਰਵੇ ਕਦੇ ਖੰਡਤ ਨਈਂ ਹੋਏ।

ਅਗਲੇ ਦਿਨ ਜਦ ਇਹ ਪਦਮ ਰੇਖਾ ਵਾਲੇ ਸਜਣ ਵਿਦਾ ਹੋਣ ਲੱਗੇ ਤਾਂ ਬ੍ਰਾਹਮਣ ਨੇ ਝਿਜਕ ਕੇ ਕਿਹਾ ਨਾ ਖੇਚਲ ਕਰੋ, ਮੈਂ ਆਪ ਆ ਕੇ ਕਦੇ ਮੂੰਹੋਂ ਮੰਗੀ ਮੁਰਾਦ ਮਹਾਰਾਜ ਜੀ ਤੋਂ ਮੰਗ ਲਵਾਂਗਾਂ। ਆਪਦੇ ਲਈ 'ਮਹਾਰਾਜ' ਪਦ ਸੁਣਕੇ ਯਾਤ੍ਰੀ ਜੀ ਹਰਿਆਨੇ ਹੋ ਕੇ ਪੁਛਣ ਲਗੇ-ਉਹ ਕਦੋਂ? ਤਾਂ ਬ੍ਰਾਹਮਣ ਨੇ ਕਿਹਾ: ਜਦੋਂ ਆਪ ਦੇ ਚਰਨਾਂ ਦੀ ਪਦਮ ਰੇਖਾ ਫਲੇਗੀ। ਆਪ ਯਾ ਚਕ੍ਰਵਰਤੀ ਹੋਵੋਗੇ, ਚਾਹੋ ਰਾਜਾ; ਚਾਹੋ ਅਵਤਾਰ। ਯਾਤ੍ਰੀ ਜੀ ਹੱਸ ਪਏ-ਦੇਵਤਾ! ਜਿਸ ਸ਼ੈ ਲਈ ਵੀਹ ਫੇਰੇ ਗੰਗਾ ਮਾਈ ਦੇ ਪਾਏ ਹਨ[੧੩੪] ਅਜੇ ਉਹ ਨਹੀਂ ਲੱਭੀ ਤੇ ਹੋਰਦੀ ਆਸ ਕੀ ਕਰਨੀ ਹੋਈ, ਹਾਲੇ ਤਾਂ ਘਰੋਂ ਉਠੇ ਤਾਂ 'ਗੰਗਾ ਵਰਤੀ' ਜੇ ਗੰਗਾ ਤੋਂ ਉਠੇ ਤਾਂ 'ਗ੍ਰਿਹ ਵਰਤੀ'! ਦੁਰਗੇ ਨੇ ਕਿਹਾ ਮੇਰੀ ਵਿੱਦਜਾ ਸੱਚ ਹੈ ਤਾਂ ਕਦੇ ਹੋ ਜਾਸੋ 'ਚਕ੍ਰਵਰਤੀ ਰਾਜਾ ਯਾਂ ਅਧਿਆਤਮ ਵਰਤੀ! ਸੁਣ ਕੇ ਆਪ ਫੇਰ ਮੁਸਕ੍ਰਾਏ- ਚੰਗਾ ਦੇਵਤਾ! ਤੇਰਾ ਅਨੁਮਾਨ ਸਫਲ ਹੋਵੇ ਤਾਂ ਸਫਲਤਾ 'ਆਤਮ ਸਫਲਤਾ' ਹੋ ਮਿਲੇ।

ਇਸ ਤਰ੍ਹਾਂ ਗਲਬਾਤ ਕਰਦੇ ਬ੍ਰਾਹਮਣ ਨੂੰ ਉਸ ਦੇ ਆਦਰ੍ ਭਾ ਤੇ ਸੇਵਾ ਦੇ ਪਲਟੇ ਕੁਛ ਮਾਇਆ ਦੇਂਦੇ ਟੁਰ ਪਏ। ਨਾਲ ਇਕ ਹੋਰ ਗੰਗਾ-ਪ੍ਰੇਮੀ ਟੁਰ ਪਿਆ, ਜਿਸ ਨਾਲ ਇਥੇ ਬ੍ਰਾਹਮਣ ਦੇ ਘਰ ਹੀ ਥੋੜ੍ਹੀ ਵਾਕਫੀ ਹੋਈ ਸੀ, ਪਰਸਪਰ ਖਿੱਚ ਹੋ ਗਈ ਸੀ। ਇਹ ਬ੍ਰਾਹਮਣ ਨਹੀਂ ਸੀ ਪਰ ਬ੍ਰਹਮਚਾਰੀ ਸਾਧੂ ਸੀ: ਰਸਤੇ ਵਿਚ ਗਲ ਬਾਤ ਛਿੜ ਪਈ।

ਬ੍ਰਹਮਚਾਰੀ--ਆਪ ਦਾ ਘਰ ਕਿਸ ਪਿੰਡ ਹੈ?

ਯਾਤ੍ਰੀ-ਬਾਸਰਕੇ ਪਿੰਡ ਹੈ, ਸਮਝ ਲਓ ਬਿਆਸਾ ਰਾਵੀ ਦੇ ਗੱਭੇ ਕੁ ਵਾਰ।

ਬ੍ਰਹਮਚਾਰੀ-ਤੁਸੀਂ ਦੱਸਦੇ ਹੋ ਵੀਹ ਗੰਗਾ ਇਸ਼ਨਾਨ ਹੋ ਚੁਕੇ ਹਨ। ਮਾਜਾ ਵਾਲੇ ਬਹੁਤ ਹੋ ਕਿ ਅਉਲਾਦ ਨੇਕ ਹੈ?

ਯਾਤ੍ਰੀ-ਔਲਾਦ ਨੇਕ ਹੈ ਕਾਰ ਵਿਹਾਰ ਸਾਂਭ ਬੈਠੀ ਹੈ, ਮੈਨੂੰ ਹਰ ਸਾਲ ਯਾ ਜਦੋਂ ਮੈਂ ਚਾਹਾਂ ਖੁਸ਼ੀ ਨਾਲ ਟੋਰ ਦੇਂਦੀ ਹੈ, ਹੁਣ ਦੇਖੋ। ਮੈਂ ਤ੍ਰੈ ਚਾਰ ਮਹੀਨੇ ਦਾ ਘਰੋਂ ਆਇਆ ਹੋਇਆ ਹਾਂ।

ਬ੍ਰਹਮਚਾਰੀ-ਪਿਤਾ ਜੀ ਹੈਨ? ਉਲਾਦ ਬੀ ਹੈ?

ਯਾਤ੍ਰੀ-ਜੀ ਹਾਂ, ਪਿਤਾ ਜੀ ਬ੍ਰਿਧ ਹਨ ਬਹੁਤ ਨਾਮ ਹੈ ਤੇਜ ਭਾਨ, ਮਾਤਾ ਜੀ ਦਾ ਨਾਮ ਹੈ ਸ੍ਰੀ ਲਖਮੀ ਜੀ[੧੩੫], ਜੇਠਾ ਪੁਤ੍ਰ ਮੈਂ ਹਾਂ, ਤ੍ਰੈ ਮੈਥੋਂ ਛੋਟੇ ਹੋਰ ਹਨ। ਪਿਤਾ ਜੀ ਵਿਹਾਰ ਨਹੀਂ ਕਰਦੇ; ਸਿਧ ਅਵਸਥਾ ਵਿਚ ਰਹਿੰਦੇ ਹਨ[੧੩੬]।

ਬ੍ਰਹਮਚਾਰੀ-ਆਪ ਦਾ ਸ਼ੁਭ ਨਾਮ?

ਯਾਤ੍ਰੀ-ਮੇਰਾ ਨਾਮ ਅਮਰ ਦਾਸ।

ਬ੍ਰਹਮਚਾਰੀ-ਸੁਖ ਨਾਲ ਆਰਬਲਾ ਕਿਨੀ ਕੁ ਏ?

ਯਾਤ੍ਰੀ-੧੫੨੬ ਦਾ ਜਨਮ ਹੈ, ਵਿਸਾਖ ਸੁਦੀ ੧੪ ਸਵੇਰ ਸਮੇਂ ਦਾ।

ਬ੍ਰਹਮਚਾਰੀ-ਕਾਰ ਵਿਹਾਰ?

ਯਾਤ੍ਰੀ-ਕੁਛ ਜ਼ਿਮੀਂਦਾਰੀ ਹੈ ਘਰ ਦੀ, ਨਾਲ ਦੁਕਾਨ ਹੈ ਵਿਹਾਰ ਦੀ ਪਿੰਡ ਵਿਚ।

ਬ੍ਰਹਮਚਾਰੀ-ਔਲਾਦ ਕੀ ਹੈ?

ਯਾਤ੍ਰੀ-ਦੋ ਕਾਕੇ ਹਨ, ਮੋਹਨ ਤੇ ਮੋਹਰੀ, ਦੁਇ ਚੰਗੇ ਹਨ। ਵਡੇ ਦਾ ਧਯਾਨ ਧਰਮ ਵਲ ਹੈ, ਪਰ ਛੋਟੇ ਨਾਲ ਸਹਾਈ ਰਹਿੰਦਾ ਹੈ ਕਾਰ ਵਿਹਾਰ ਵਿਚ। ਮੈਂ ਜਾ ਬੈਠਾਂ ਤਾਂ ਵਡਾ ਥੰਮ੍ਹਾਂ ਹਾਂ; ਨਾ ਬੈਠਾਂ ਤਾਂ ਕੰਮ ਕਾਜ ਟੋਰੀ ਚਲਦੇ ਹਨ। ਦੋ ਸੁਸ਼ੀਲ ਬੀਬੀਆਂ ਹਨ-ਦਾਨੀ ਤੇ ਭਾਨੀ, ਦੁਇ ਵਿਆਹੀਆਂ ਵਰੀਆਂ ਸੁਖੀ ਹਨ। ਭਾਨੀ ਸੋਢੀਆਂ ਦੇ ਘਰ ਵਿਆਹੀ ਹੈ ਤੇ ਦਾਨੀ ਸੂੜੀ ਖਤ੍ਰੀਆਂ ਦੇ[੧੩੭]। ਭਾਨੀ ਦਾ ਰੁਖ ਕੁਛ ਦਾਨ ਪੁੰਨ ਵਲ ਵਧੇਰੇ ਰਹਿੰਦਾ ਹੈ। ਸੋ ਸਭੇ ਸੁਖੀ ਹਨ ਤੇ ਮੈਂ ਕੁਛ ਨੀਮ ਤਯਾਗੀ, ਨੀਮ ਗ੍ਰਿਹਸਤੀ, ਵਿਚੇ ਵਿਚ ਤੇ ਕੁਛ ਉਪ੍ਰਾਮ ਜਿਹਾ ਰਹਿੰਦਾ ਹਾਂ।

ਬ੍ਰਹਮਚਾਰੀ-ਬੜੇ ਭਾਗ ਸ਼ੀਲ ਹੋ, ਔਲਾਦ ਨੇਕ ਹੈ ਤੇ ਨੇਪਰੇ ਚੜ੍ਹ ਚੁਕੀ ਹੈ, ਇਸ ਤਰ੍ਹਾਂ ਤੁਮਾਨੂੰ ਖੁੱਲ੍ਹਾ ਸਮਾਂ ਗੰਗਾ ਯਾਤ੍ਰਾ ਦਾ ਤੇ ਭਲੇ ਲੋਕਾਂ ਦਾ ਓਥੇ ਦਰਸ਼ਨ ਮੇਲੇ ਦਾ ਮਿਲ ਜਾਂਦਾ ਹੈ। ।ਫਰ ਲੰਮੇਰਾ ਹੈ, ਉਖੇਰਾ ਹੈ, ਪਰ ਫਲ ਬੀ ਚੰਗੇਰਾ ਹੈ।

ਯਾਤ੍ਰੀ-ਗੰਗਾ ਦਾ ਨੇਮ ਤਾਂ ਮੇਰਾ ਤਦੋਂ ਬੀ ਨਿਭਦਾ ਸੀ, ਜਦੋਂ ਸਾਰੇ ਕਾਰ ਵਿਹਾਰ ਮੇਰੇ ਸਿਰ ਸਨ, ਮੈਨੂੰ ਕੋਈ ਅਗੰਮੀ ਖਿੱਚ ਲੈ ਜਾਂਦੀ ਰਹੀ ਹੈ।

ਬ੍ਰਹਮਚਾਰੀ-ਬੜੇ ਭਾਗਾਂ ਵਾਲੇ ਹੋ।

ਇਸੇ ਤਰ੍ਹਾਂ ਗੱਲਾਂ ਬਾਤਾਂ ਕਰਦੇ, ਮਜ਼ਲਾਂ ਤੇ ਅਟਕਦੇ, ਮਹੀਨੇ ਕੁ ਦੇ ਲਗਪਗ ਮਗਰੋਂ, 'ਬਾਸਰਕੇ'[੧੩੮] ਪਹੁੰਚ ਪਏ। ਪਰਸਪਰ ਹਿਤ ਹੋ ਚੁਕਾ ਸੀ। ਬ੍ਰਹਮਚਾਰੀ ਕੁਛ ਚਿਰ ਲਈ ਆਪ ਦੇ ਪਾਸ ਹੀ ਠਹਿਰ ਪਿਆ। ਇੰਨਾਂ ਪਯਾਰ ਹੋ ਗਿਆ ਕਿ ਹਿਕੇ ਤਾਂ ਬ੍ਰਹਮਚਾਰੀ ਆਪਣੀ ਪੱਕੀ ਖਾਂਦਾ ਸੀ, ਹਿਕੇ ਜੇ ਸ੍ਰੀ ਅਮਰਦਾਸ ਜੀ ਆਪ ਪਕਾਉਣ ਤਾਂ ਉਨ੍ਹਾਂ ਦੇ ਹੱਥ ਦੀ ਬੀ ਖਾ ਲਵੇ[੧੩੯]। ਇਕ ਦਿਨ ਕਰਨਾ ਕਰਤਾਰ ਦਾ ਬ੍ਰਹਮਚਾਰੀ ਆਪ ਜੀ ਤੋਂ ਆਪ ਦੇ ਗੁਰੂ ਦਾ ਨਾਮ ਤੇ ਗੁਰੂ ਦੇ ਘਰਾਣੇ ਦਾ ਪਤਾ ਪੁੱਛ ਬੈਠਾ। ਸ੍ਰੀ ਜੀ ਦੇ ਨੈਣ ਭਰ ਆਏ ਤੇ ਗੰਗਾ ਦੇ ਕਿਨਾਰੇ ਖੜੇ ਤ੍ਰੇਲ ਭਿੰਜੇ ਬ੍ਰਿਛ ਤੋਂ ਕਿਣਮਿਣ ਹੋਣ ਵਾਂਙੂ ਨੈਣਾਂ ਤੋਂ ਡੁਲ੍ਹ ਪਏ,-'ਹੇ ਬ੍ਰਹਮਚਾਰੀ! ਗੁਰੂ ਦੀ ਭਾਲ ਵਿਚ ਤਾਂ ਉਮਰ ਗੁਜ਼ਰੀ ਹੈ, ਮਫਰਾਂ ਦੀਆਂ ਖੇਚਲਾਂ ਝੱਲੀਆਂ ਤੇ ਮਾਈ ਗੰਗਾ ਅੱਗੇ ਰੁੰਨਾ ਹਾਂ ਕਈ ਵੇਰ ਕਿ ਗੁਰੂ ਮੇਲ ਜੋ ਤੇਰੇ ਕਿਨਾਰੇ ਸਾਧ ਸੰਤ ਸਭ ਆਉਂਦੇ ਹਨ, ਪਰ ਮਿਲਿਆ ਨਹੀਂ; ਜੇ ਕੋਈ ਮਿਲਿਆ ਤਾਂ-ਜਾਂ ਮੇਰੇ ਭਾਗ ਅਚੰਚਲ ਯਾ ਮੇਰਾ ਮਨ ਚੰਚਲ-ਨਿਸ਼ਾ ਨਹੀਂ ਹੋਈ, ਨਿਸ਼ਾ ਬਿਨ ਗੁਰੂ ਤੇ ਖਿੱਚ ਬਿਨ ਪਤੀ ਕਿਸ ਕੰਮ? ਕਰੋ ਕੋਈ ਅਨੁਗ੍ਰਹੁ, ਰਾਹ ਪਤਾ ਦਸੋ ਕਿਸੇ ਪੂਰੇ ਦਾ।'

ਬ੍ਰਹਮਚਾਰੀ ਇਸ ਅਣਡਿਠੇ ਦੇ ਬਿਰਹੋਂ ਦੀ ਸਾਰ ਕੀ ਜਾਣੇ, ਸਹਾਈ ਯਾ ਦਰਦੀ ਹੋ ਖੜੋਣ ਦੀ ਥਾਂ ਗੁੱਸੇ ਵਿਚ ਆ ਗਿਆ-'ਅਰੇ ਰੇ, ਰੇ, ਕਿਆ ਭਇਆ! ਹਾ ਰਾਮ! ਨਿਗੁਰੇ ਕਾ ਸੰਗ! ਨਿਗੁਰੇ ਕਾ ਧਾਨ! ਨਿਗੁਰੇ ਕੇ ਹਾਥ ਕਾ ਪਕਾ ਅੰਨ! ਬ੍ਰਹਮਚਾਰੀ! ਜਨਮ ਗਿਆ ਤੇਰਾ।......ਮਨ! ਕਿਸਕਾ ਸੰਗ ਕੀਆ, ਰੇ ਰੇ ਹੇ......।ਧਤ ਮੇਰੇ ਮਨ ਮੂਰਖ![੧੪੦] ਭਾਗ, ਕਰ ਪ੍ਰਾਯਸ਼੍ਚਿਤ'। ਇਸ ਤਰ੍ਹਾਂ ਆਖਦਾ ਤੇ ਆਪਣੇ ਆਪ ਨੂੰ ਧ੍ਰਿਕਾਰਦਾ ਬ੍ਰਹਮਚਾਰੀ ਬਾਸਰਕੇ ਤੋਂ ਨੱਠ ਗਿਆ[੧੪੧]।

ਬ੍ਰਹਮਚਾਰੀ ਤਾਂ ਆਪਣੇ ਗੁੱਸੇ ਦੀ ਅਗਨ ਸ਼ਮਨ ਕਰਨ ਲਈ ਤੇ ਪ੍ਰਾਯਸਚਿਤ ਕਰਨ ਲਈ ਪਤਾ ਨਹੀਂ ਕਿਧਰ ਨੂੰ ਗਿਆ, ਪਰ ਆਪਣੇ ਮਿਤ੍ਰ ਨੂੰ ਨਾ ਮਿਟਣ ਵਾਲੀ ਉਦਾਸੀ ਵਿਚ ਪਾ ਗਿਆ। ਅੱਗੇ ਹੀ ਅੰਦਰ ਟੋਲ ਵੱਸਦੀ ਸੀ, ਹੁਣ ਮਾਨੋ ਉਹ ਬਿਰਹੋਂ ਦੀ ਅਗਨ ਹੋ ਭੜਕੀ। ਭੁੱਖ ਘਟ ਗਈ, ਨੀਂਦ ਹਟ ਗਈ। ਗੁੱਸੇ ਭਰੇ ਬ੍ਰਹਮਚਾਰੀ ਦੇ ਵਾਕ ਕੰਨਾਂ ਵਿਚ ਗੂੰਜਣ; ਮਨ ਵਿਆਕੁਲ ਹੋ ਹੋ ਲੱਭੇ, ਪਰ ਲੱਭੇ ਕੀਹ ਕਿ ਜਿਸ ਦਾ ਥਹੁ ਨਹੀਂ ਕੌਣ ਹੈ ਤੇ ਕਿੱਥੇ ਹੈ। ਤ੍ਰੈ ਰਾਤਾਂ ਇਸ ਤੀਬਰ ਉਤਕੰਠਾਂ ਵਿਚ ਬੀਤੀਆਂ : ਤੀਸਰੀ ਰਾਤ ਪਿਛਲੇ ਪਹਿਰ ਜਾਗਦੇ ਨੈਣਾਂ ਨੇ ਕੰਨਾਂ ਨੂੰ ਇਕ ਪਾਸੇ ਲਾਇਆ ਤਾਂ ਮਿੱਠੀ ਮਿੱਠੀ ਆਵਾਜ਼ ਆ ਰਹੀ ਸੀ। ਧੁਨਿ ਲਗੇ ਪਿਆਰੀ, ਪਰ ਪਵੇ ਨਾ ਸਮਝ ਕਿ ਕੀ ਹੈ। ਉਠੇ, ਨਾਲ ਦੇ ਘਰ ਬਾਹਰ ਜਾ ਕੰਧ ਨਾਲ ਲੱਗੇ, ਹੁਣ ਜੋ ਮਧੁਰ ਸੁਰ ਵਿਚ ਨੀਮ ਗਾਇਨ ਤੇ ਨਾਮ ਉਚਾਰ ਵਾਂਗੂੰ ਪਾਠ ਹੋ ਰਿਹਾ ਸੀ, ਇਹ


www.sikhbookclub.com

ਸੁਣਾਈ ਦਿੱਤਾ।

ਕਰਣੀ ਕਾਗਦੁ ਮਨੁ ਮਸਵਾਣੀ
ਬੁਰਾ ਭਲਾ ਦੁਇ ਲੇਖ ਪਏ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ
ਤਉ ਗੁਣ ਨਾਹੀ ਅੰਤੁ ਹਰੇ॥੧॥
ਚਿਤ ਚੇਤਸਿ ਕੀ ਨਹੀ ਬਾਵਰਿਆ॥
ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥
ਜਾਲੀ ਰੈਨਿ ਜਾਲੁ ਦਿਨੁ ਹੂਆ
ਜੇਤੀ ਘੜੀ ਫਾਹੀ ਤੇਤੀ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ
ਛੂਟਸਿ ਮੂੜੇ ਕਵਨ ਗੁਣੀ॥੨॥
ਕਾਇਆ ਆਰਣੁ ਮਨੁ ਵਿਚਿ ਲੋਹਾ
ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ
ਮਨੁ ਜਲਿਆ ਸੰਨ੍ਹੀ ਚਿੰਤ ਭਈ॥੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ
ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ
ਤਉ ਨਾਨਕ ਤ੍ਰਿਸਟਸਿ ਦੇਹਾ॥੪॥ ੩॥(ਮਾਰੂ ਮ: ੧)

ਇਹ ਸ਼ਬਦ ਗੁਰੂ ਅੰਗਦ ਦੇਵ ਜੀ ਦੀ ਸਪੁਤ੍ਰੀ ਪੜ੍ਹ ਰਹੀ ਸੀ ਬੀਬੀ ਅਮਰੋ ਜੋ ਇਸ ਸਜਣ ਪੁਰਖ ਦੇ ਭਰਾ ਦੀ ਨੌਂਹ ਸੀ। ਇਸ ਸਮੇਂ ਬਾਬਤ ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ ਲਿਖਿਆ ਹੈ :-

ਛਪੇ ਸੁਨਤ ਗੁਰ ਸ਼ਬਦ ਕੌ
ਥਿਤਿ ਕੇਤਿਕ ਕਾਲਾ॥
ਪਢਤਿ ਰਹੀ ਅਮਰੋ ਤਬਹਿ
ਪੁਨ ਭਯੋ ਉਜਾਲਾ॥
ਜਬ ਪ੍ਰਭਾਤ ਹੋਈ ਪਿਖੀ
ਤਬ ਨਿਕਸਿ ਸਿਧਾਰਾ॥
ਬੂਝਨ ਲਾਗਜੋ ਸਬਦ ਇਟ
ਕਿਸ ਭਾਂਤਿ ਉਚਾਰਾ॥
ਹੇ ਪੁਤ੍ਰੀ! ਅਬ ਫੇਰ ਪੜ੍ਹ
ਮੁਝ ਦੇਹੁ ਸੁਨਾਈ॥ (ਸੂ: ਪ੍ਰ:)

ਬੀਬੀ ਅਡੋਲ ਟਿਕਾਉ ਵਿਚ ਪੜ੍ਹ ਰਹੀ ਸੀ ਕਿ ਆਪਣੇ ਵਡੇ ਸੌਹਰੇ ਦੀ ਇਹ ਆਵਾਜ ਆਈ। ਪਹਿਲਾਂ ਤਾਂ ਕੁਛ ਤ੍ਰਬ੍ਰਕੀ, ਪਰ ਫੇਰ ਧੰਨ ਗੁਰੂ ਨਾਨਕ ਆਖ ਕੇ ਉਸੇ ਰਹਾ ਵਿਚ ਸ਼ਬਦ ਸੁਣਾ ਦਿਤਾ।

ਸ੍ਰੀ ਅਮਰਦਾਸ ਜੀ-ਬੇਟਾ ਜੀਓ! ਇਹ ਭਜਨ, ਕਿਸ ਦਾ ਹੈ?

ਬੀਬੀ ਅਮਰੋ-ਪਿਤਾ ਜੀਓ! ਇਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ।

ਸ੍ਰੀ ਅਮਰਦਾਸ ਜੀ-ਕਿਸ ਥਾਂ, ਕਾਕੋ! ਟਿਕਦੇ ਹਨ ਕਰਨਹਾਰ ਇਸ ਦੇ?

ਬੀਬੀ-ਟਿਕ ਰਹੇ ਹਨ ਹੁਣ ਤਾਂ ਕਰਤਾਰ ਦੀ ਗੋਦ ਵਿਚ।

ਸ੍ਰੀ ਅਮਰਦਾਸ-ਆਪ ਦਾ ਵਰੋਸਾਇਆ ਕੋਈ ਉਹਨਾਂ ਦੀ ਥਾਂਵੇਂ?

ਬੀਬੀ-ਮੇਰੇ ਪਿਤਾ ਜੀ ਹੈਨ ਖਡੂਰ ਸਾਹਿਬ......ਸੰਗਤਾਂ ਨੂੰ ਤਾਰਦੇ ਹੈਨ, ਵੀਰ ਮੇਰੇ ਘਰ ਦਾ ਕੰਮ ਕਰਦੇ ਸੰਘਰ ਵਸਦੇ ਹਨ। ਪਿਤਾ ਜੀ ਆਪਣੇ ਗੁਰੂ ਦਾ ਹੁਕਮ ਕਮਾ ਰਹੇ ਸ੍ਰਿਸ਼ਟੀ ਨੂੰ ਤਾਰ ਰਹੇ ਹਨ।

ਸ੍ਰੀ ਅਮਰਦਾਸ ਜੀ(ਆਪਣੇ ਆਪ ਵਿਚ)-ਲੱਭ ਪਿਆ, ਆਖਰ ਲੱਭ ਪਿਆ ਘਰੋਂ ਹੀ। ਵਾਹ ਵਾਹ ਪਰਦੇ! ਕਿਵੇਂ ਉਹਲੇ ਛੱਪ ਬਹਿੰਦੇ ਹਨ:....ਨਹੀਂ, ਸਾਨੂੰ ਉਹਲਾ ਪਿਆ ਰਹਿੰਦਾ ਏ।

(ਬੀਬੀ ਵੱਲ ਤੱਕਕੇ) ਕਾਕੋ! ਲੈ ਚਲ ਇਸ ਬੁੱਢੇ ਸਹੁਰੇ ਨੂੰ ਆਪਣੇ ਤਾਰਨਹਾਰ ਪਿਤਾ ਦੀ ਚਰਨ ਸ਼ਰਨ। ਮੈਂ, ਕਾਕੋ! ਨਿਗੁਰਾ ਹਾਂ। ਨਿਗੁਰਾ ਨਿਖਸਮਾਂ ਹੁੰਦਾ ਹੈ। ਮੈਨੂੰ ਗੁਰੂ ਦੀ ਚਰਨੀ ਪਾ ਦੇਹ ਜੋ ਮੈਂ ਵੀ ਖਸਮ ਵਾਲਾ ਹੋ ਜਾਵਾਂ। ਲੈ ਦੇਹ ਦਾਤ ਦਾਤਾ ਤੋਂ।

ਬੀਬੀ-ਪਿਤਾ ਜੀ! ਇਕ ਤਾਂ ਸੱਸ ਸਹੁਰੇ ਦੀ ਆਗਿਆ ਲੋੜੀਂਦੀ ਹੈ, ਦੂਜੇ ਆਪਣੇ ਮੇਰੇ ਬਾਪੂ ਜੀ ਦੇ ਬਿਨਾ ਸੱਦੇ ਯਾ ਹੁਕਮ ਲਏ ਦੇ ਮੈਂ ਪੇਕੇ ਨਹੀਂ ਜਾ ਸਕਦੀ।

ਸ੍ਰੀ ਅਮਰਦਾਸ ਜੀ-ਤੇਰੇ ਪਤੀ ਜੀ ਤੇ ਤੇਰੇ ਸੱਸ ਸਹੁਰੇ ਤੋਂ ਤਾਂ ਆਗਿਆ ਮੈਂ ਲੈ ਦੇਂਦਾ ਹਾਂ ਅੱਜੇ, ਤੇ ਓਥੇ ਪਰਉਪਕਾਰ ਦੀ ਨੈਂ ਵਗਦੀ ਹੈ ਜਿਥੇ, ਮੇਰੀ ਲੋੜ ਵੇਖਕੇ ਤੇਰੇ ਤੇ ਖੁਸ਼ ਹੋਣਗੇ। 'ਪਰਉਪਕਾਰ ਦੇ ਕਾਰਣੇ ਕਦੇ ਨ ਆਵੇ ਲਾਜ'। ਤੁਰ ਪਉ ਬੇਟਾ ਬਿਨਾ ਪਿਤਾ ਆਗਿਆ ਦੇ। ਗੁੱਸੇ ਹੋਣ ਨਹੀਂ ਲੱਗੇ, ਹੋਏ ਤਾਂ ਮੇਰੇ ਸੁਖ ਦੀ ਖਾਤਰ ਝੱਲ ਲੈਣਾ ਬੇਟਾ ਜੀਓ! ਤੂੰ ਬੀਬੀ ਹੈਂ ਰੰਗਾ ਮਾਈ ਦਾ ਰੂਪ ਹੈਂ,


www.sikhbookclub.com

ਗੰਗਾ ਵਾਂਙੂ ਕਰ ਉਪਕਾਰ। ਉਹ ਨਹੀਂ ਪੁਕਰੀ ਤੂੰਹੋਂ ਪੁਕਰ ਪਉ।...ਉਸਦਾ ਸਾਖਜਾਤ ਰੂਪ ਹੋ ਕੇ ਖ਼ਬਰੇ ਤੂੰਹੋਂ ਹੈ ਪਾਵਨ ਗੰਗਾ ਜੋ ਦੇਹ ਧਾਰ ਕੇ ਗੁਰੂ ਗ੍ਰਿਹਿ ਜਨਮੀ ਤੇ ਅੱਜ ਤਾਰਨ ਲੱਗੀ ਹੈਂ ਮੈਨੂੰ, ਜਿਨ੍ਹਾਂ ਵੀਹ ਵਰ੍ਹੇ ਸੇਵਾ ਕੀਤੀ ਹੈ, ਤੇਰੀ, ਤੇਰੇ ਤਾਰਨਹਾਰ ਪ੍ਰਵਾਹ ਰੂਪ ਵਿਚ[੧੪੨]......।

ਉੱਠ ਬਚੜਾ! ਉਦਮ ਕਰ ਤੁਰਨ ਦਾ ਤੇ ਮੈਂ ਜਾਂਦਾ ਹਾਂ ਤੇਰੇ ਸਹੁਰੇ ਕੋਲ।

## ੩੧. ਗੁਰੂ ਦੁਆਰੇ ਘਾਲ

**ਸ੍ਰੀ** ਗੁਰੂ ਅੰਗਦ ਦੇਵ ਜੀ ਅਜ ਆਪਣੇ ਘਰ ਵਿਹੜੇ ਵਿਚ ਬੈਠੇ ਸਨ, ਠੰਢੀ ਠੰਢੀ ਹਵਾ ਨਿੱਕੀ ਨਿੱਕੀ ਰਿਵੀ ਬਣਕੇ ਵਹਿ ਰਹੀ ਸੀ, ਗੁਲਾਬੀ ਰੁੱਤ ਸੀ, ਕਿ ਅਚਾਨਕ ਡਿਉਢੀ ਲੰਘਕੇ ਦਰਵਾਜ਼ੇ ਥਾਣੀਂ ਬੀਬੀ ਅਮਰੋ ਵਿਹੜੇ ਵਿਚ ਵੜਦੀ ਵੇਖੀ ਸ੍ਰੀ ਗੁਰੂ ਜੀ ਨੇ। ਬੀਬੀ ਧਾ ਕੇ ਆਈ ਤੇ ਢੱਠੀ ਸ੍ਰੀ ਪਿਤਾ ਜੀ ਦੇ ਚਰਨਾਂ ਕਵਲਾਂ ਵਲ ਨੂੰ। ਪਿਤਾ ਜੀ ਨੇ ਸਿਰ ਸੰਭਾਲਿਆ ਤੇ ਪ੍ਰੇਮਣ ਪੁਤ੍ਰੀ ਨੂੰ ਪਿਆਰ ਦੇ ਕੇ ਪਾਸ ਪਈ ਪੀੜ੍ਹੀ ਉਪਰ ਬਿਠਾਲ ਲਿਆ, ਫੇਰ ਬੋਲੇ : ਬੇਟਾ ਜੀਓ! ਇਂਵ ਅਚਾਨਕ?......ਆਪਣੇ ਆਪ? ਸੁਖ ਨਾਲ? ਸੁਖੀ ਹੋ ਨਾ?

ਬੀਬੀ-ਪਿਤਾ ਜੀਓ! ਬਖਸ਼ ਲੈਣਾ, ਆਪ ਜਾਣੀ ਜਾਣ ਹੋ, ਸਹੁਰਾ ਸਾਹਿਬ ਦੇ ਵਡੇ ਭ੍ਰਾਤਾ ਜੀ-ਬ੍ਰਿਧ ਅਮਰ ਦਾਸ ਜੀ, ਆਪ ਦੇ ਦਰਸ਼ਨਾਂ ਨੂੰ ਆਏ ਹਨ ਤੇ ਮੇਰੇ ਵਡਕੇ ਤੋਂ ਆਗਿਆ ਲੈ ਕੇ ਨਾਲ ਲਿਆਏ ਹਨ। ਸਹੁਰਾ ਜੀ ਦੀ ਆਗਿਆ ਮੋੜ ਨਹੀਂ ਸਕੀ, ਆਪ ਦੀ ਆਗਿਆ ਨਹੀਂ ਲੈ ਸਕੀ ਜੀਓ ਜੀ!

ਗੁਰੂ ਜੀ (ਬੂਹੇ ਵੱਲ ਤੱਕ ਕੇ)-ਚੰਗਾ ਪੁਤ੍ਰੀ! ਪਰ ਨਾਲ ਨਹੀਂ ਆਂਦਾ ਕੁੜਮ ਰਾਜੇ ਨੂੰ?

ਬੀਬੀ-ਆਪ ਦੀ ਆਗਿਆ ਲੈਣ ਆਈ ਸਾਂ। ਲੈ ਆਵਾਂ?

ਗੁਰੂ ਜੀ-ਹਾਂ ਬੇਟਾ ਜੀ, ਲੈ ਆਓ।

ਇਹ ਸੁਣਕੇ ਬੀਬੀ ਚਲੀ ਗਈ ਤੇ ਸ੍ਰੀ ਅਮਰਦਾਸ ਜੀ ਨੂੰ ਨਾਲ ਲੈ ਆਈ। ਬ੍ਰਿਧ ਕੁੜਮ ਨੂੰ ਵਿਹੜੇ ਵੜਦਾ ਵੇਖਕੇ ਆਪ ਉੱਠੇ ਕਿ ਹੱਲ ਮਿਲ ਕੇ ਪਾਸ ਬਹਾਲਣ, ਪਰ ਸ੍ਰੀ ਅਮਰਦਾਸ ਜੀ ਨੇ ਛੇਤੀ ਨਾਲ ਵਧਕੇ ਚਰਣ ਪਕੜ ਲਏ ਤੇ ਸਿਰ ਧਰ ਦਿੱਤਾ ਚਰਨਾਂ ਉਤੇ ਨੈਣਾਂ ਦੇ ਉਹਲੇ ਵਸਦੀ ਗੰਗਾ ਦੇ ਨੀਰ ਨਾਲ ਤਰ ਬਤਰ ਕਰ ਦਿੱਤਾ ਚਰਨਾਂ ਨੂੰ, ਮਾਨੋਂ ਧੋ ਹੀ ਦੇਣੇ ਹਨ। ਸ੍ਰੀ ਗੁਰੂ ਜੀ ਨੇ ਸਿਰ ਹੱਥ ਧਰਿਆ, ਫਿਰ ਮੱਥੇ ਤੋਂ ਉਚਾਇਆ ਤੇ ਕੋਲ ਬੈਠਣ ਦੀ ਆਗਿਆ ਕੀਤੀ, ਪਰ ਆਪ ਜੀ ਫੂੜ੍ਹੀ ਉਤੇ ਬਹਿ ਗਏ ਤੇ ਨੀਝ ਚਰਨਾਂ ਤੇ ਗੱਡ ਦਿੱਤੀ।

ਗੁਰੂ ਜੀ-ਆਓ ਜੀ! ਸੁਖ ਸਾਂਦ ਹੈ, ਪੀੜ੍ਹੀ ਤੇ ਬੈਠੋ ਨਾ।

ਸ੍ਰੀ ਅਮਰਦਾਸ ਜੀ-ਦਾਤਾ ਕੁੜਮ ਹੋ ਕੇ ਨਹੀਂ ਆਇਆ, ਭਿਖਾਰੀ ਸ਼ਰਨਾਗਤ ਹਾਂ, ਜਗਤ ਵਿਚ ਬਿਰਛੋਂ ਬਿਛੜੇ ਇਕ ਬਿਰਛ-ਪੱਤੇ ਵਾਂਗ ਹਾਂ, ਬੇ ਆਸਰਾ, ਬੇਠਿਕਾਣਾ, ਹਵਾ ਦੇ ਬੁੱਲੇ ਲਈ ਫਿਰਦੇ ਹਨ, ਇਨ੍ਹਾਂ ਸੁਹਣੇ ਚਰਨਾਂ ਦਾ ਆਸਰਾ ਤੱਕ ਕੇ ਉਡਦਾ ਆ ਗਿਆ ਹਾਂ। ਓਟ ਦੇ ਦਿਓ ਓਟ ਟੋਲਦੇ ਬੇ-ਓਟੇ ਨੂੰ।

ਇਹ ਗੱਲ ਕਹਿ ਰਹੇ ਸਨ ਕਿ ਦਾਸ ਨੇ ਆ ਕੇ ਖਬਰ ਦਿੱਤੀ ਕਿ ਲੰਗਰ ਤਯਾਰ ਹੈ। ਭਾਈ ਬੁੱਢਾ ਆਦਿਕ ਪੰਜ ਦਸ ਸਿਖ ਬੀ ਆ ਗਏ। ਗੁਰੂ ਜੀ ਉਠੇ, ਕੁੜਮ ਨੂੰ ਨਾਲ ਲਿਆ ਤੇ ਸਾਰੇ ਸ੍ਰੀ ਗੁਰੂ ਜੀ ਦੇ ਮਗਰ ਮਗਰ ਪ੍ਰਸ਼ਾਦ-ਸਥਾਨ ਆ ਗਏ। ਪੰਗਤ ਲਗ ਗਈ, ਸ੍ਰੀ ਅਮਰ ਜੀ ਵੀ ਕੁਛ ਵਿੱਥ ਤੇ ਵਿਚੇ ਬਹਿ ਗਏ। ਪਹਿਲੋਂ ਦਾਲ ਤੇ ਚਾਵਲ ਆਏ, ਫੇਰ ਆ ਗਿਆ ਮਹਾਂ ਪ੍ਰਸ਼ਾਦਿ[੧੪੩]। ਇਹ ਵੇਖਕੇ ਵੀਚਾਰ ਵਿਚ ਪੈ ਗਏ ਸ੍ਰੀ ਅਮਰਦਾਸ ਜੀ-ਮੈਂ ਕਦੇ ਖਾਧਾ ਨਹੀਂ ਉਮਰਾਂ ਦੀ ਬੰਦ ਕਿੰਵ ਖੁਲ੍ਹੇ? ਮੈਂ ਗੰਗਾ ਦਾ ਸੇਵਕ ਤੇ ਖਾਵਾਂ ਮਾਸ? ਖਾਵਾਂ ਤਾਂ ਧਰਮ ਕਿੱਥੇ? ਨਾ ਖਾਵਾਂ ਤਾਂ ਗੁਰੂ ਕਿੰਵ ਧਾਰਾਂ?

ਫਿਰ ਫੁਰੀ-ਹੈਂ ਇਹ ਤਾਂ ਪੂਰੇ ਗੁਰੂ ਹਨ, ਅੰਤਰਜਾਮੀ ਹਨ, ਇਹ ਆਪ ਹੀ ਵਰਜ ਦੇਣਗੇ। ਨਾਲੇ ਇੰਞ ਦ੍ਰਿੜ ਨਿਸਚਾ ਹੋ ਜਾਊ ਕਿ ਪੂਰੇ ਗੁਰੂ ਹਨ, ਅੰਤਰਜਾਮੀ ਹਨ। ਇਨ੍ਹਾਂ ਦੇ ਇਸ ਤਰ੍ਹਾਂ ਦੇ ਫੁਰਨਿਆਂ ਵਿਚ ਸ੍ਰੀ ਗੁਰ ਜੀ ਨੇ ਵਰਤਾਵੇ ਨੂੰ ਬੁਲਾਕੇ ਆਖਿਆ ਕਿ ਪੰਗਤ ਵਿਚ ਜੋ ਨਵੇਂ ਸਜਣ ਔਹ ਬੈਠੇ ਹਨ, ਉਨ੍ਹਾਂ ਅਗੇ ਸਲੂਣਾ ਨਾ ਪਰੋਸਣਾ[੧੪੪]। ਇਹ


www.sikhbookclub.com

ਸੁਣਦੇ ਸਾਰ ਸ੍ਰੀ ਅਮਰਦਾਸ ਜੀ ਦੇ ਅੰਦਰ ਸ਼ਰਧਾ ਤੇ ਵਿਸ਼ਵਾਸ ਕੜ ਤੋੜ ਕੇ ਫੁਟ ਪਏ --ਕਲਜੁਗ ਤੇ ਇਹ ਪੂਰਨਤਾ! ਇਹ ਅੰਤਰਯਾਮਤਾ! ਠੀਕ ਪੂਰਨਤਾ ਹੈ ਏਥੇ। ਅਵਤਾਰ! ਕਲ ਤਾਰਨ ਅਵਤਾਰ। ਮਨਾ! ਹੁਣ ਢੈ ਪਉ ਇਸ ਦੁਆਰੇ। ਇਹੋ ਹੈ ਰੰਗਾ--ਤਾਰਨਹਾਰ ਰੰਗਾ। ਇਹੋ ਹੈ ਤੇਰਾ ਘਰ, ਇਹੋ ਹੈ ਤੇਰੀ ਟੇਕ ਜਨਮ ਮਰਨ ਦੀ ਟੇਕ। ਇਉਂ ਫੁਰਨੇ ਫੁਰਦੇ ਪ੍ਰਸ਼ਾਦ ਛਕਦੇ ਰਹੇ ਸ੍ਰੀ ਅਮਰਦਾਸ ਜੀ, ਨੈਣਾਂ ਵਿਚ ਕੋਈ ਕੋਈ ਨੀਰਦਾ ਟੇਪਾ ਕਿਸੇ ਕਿਸੇ ਵੇਲੇ ਟਪਕਦਾ ਰਿਹਾ। ਕਿਸੇ ਕਿਸੇ ਵੇਲੇ ਠੰਢਾ ਸਾਹ ਉਭਰਦਾ ਰਿਹਾ।

ਲੰਗਰ ਤੋਂ ਉਠਕੇ ਸਾਰੇ ਆਪੋ ਆਪਣੇ ਟਿਕਾਣੇ ਚਲੇ ਗਏ। ਗੁਰੂ ਜੀ ਨੇ ਬੀ ਫੇਰ ਨਹੀਂ ਪੁਛਿਆ ਕਿ ਕੁੜਮ ਕਿੱਥੇ ਹੈ? ਸ੍ਰੀ ਅਮਰ ਜੀ ਲੰਗਰ ਤੋਂ ਉਠਕੇ ਬਾਹਰ ਜਾ ਬੈਠੇ ਤੇ ਰਾਤ ਬੀ ਏਕਾਂਤ ਹੀ ਬਿਤਾਈ। ਅਗਲੇ ਦਿਨ ਜਦ ਪੰਗਤਿ ਲੱਗੀ ਤਾਂ ਚੁਪ ਕੀਤੇ ਸਿਰ ਚਰਨਾਂ ਕੰਵਲਾਂ ਵੰਨੇ ਝੁਕਾਏ ਆ ਬੈਠੇ ਇਕ ਸਿਰੇ ਤੇ। ਮਨ ਸੋਚ ਵਿਚ ਪੈ ਰਿਹਾ ਸੀ ਕਿ ਜਦ ਮਨ ਨਾਲ ਗੁਰੂ ਧਾਰਨ ਕਰ ਲਿਆ, ਮਨਾਂ! ਫੇਹ ਵਿੱਥ ਨਾ ਰਹੀ ਕੋਈ, ਪਰ ਜੋ ਸ਼ੰਕਾ ਕੱਲ ਫੁਰੀ ਸੀ ਉਹ ਸੀ ਸੋਚ 'ਵਿੱਥ' ਦੀ। ਜੇ ਵਿੱਥ ਰਹੀ ਗੁਰੂ-ਵੀਚਾਰ ਤੇ ਮੇਰੇ ਮਨ-ਵੀਚਾਰ ਵਿਚ ਤਾਂ ਸਦਗਤੀ ਕਿੱਥੇ? ਅਜ ਜੇ ਗੁਰੂ ਜੀ ਆਪਣੇ ਪ੍ਰਸ਼ਾਦ ਵਿਚੋਂ ਕੁਛ ਮੈਨੂੰ ਦੇਣ ਤਾਂ ਮੈਂ ਨਿਰਸੰਸੇ ਸੀਤ ਪ੍ਰਸ਼ਾਦ ਸਮਝਕੇ ਖਾ ਲਵਾਂ ਤਾਂ ਵਿੱਥ ਮਿਟ ਜਾਊ ਜੋ ਕੱਲ ਪੈ ਗਈ ਸੀ।

ਹੁਣ ਪ੍ਰਸ਼ਾਦ ਵਰਤ ਚੁਕਾ ਸੀ, ਸਾਰੇ ਛਕ ਰਹੇ ਸਨ, ਸ੍ਰੀ ਗੁਰੂ ਜੀ ਨੇ ਆਪਣੇ ਅਗੇ ਦੇ ਥਾਲ ਵਿਚੋਂ ਕੁਛ ਭੋਜਨ ਚਾ ਕੇ ਇਕ ਵਰਤਾਵੇ ਨੂੰ ਦਿੱਤਾ ਕਿ ਉਸ ਨਵੇਂ ਸੱਜਣ ਅਗੇ ਰੱਖ ਆਓ[੧੬੫]। ਜਦ ਅਜ ਦਾ ਪਤੀਆ ਵੀ ਪੂਰਾ ਹੋ ਗਿਆ ਤਾਂ ਸ੍ਰੀ ਅਮਰਦਾਸ ਜੀ ਨੇ ਪਰਮ ਸੁਖ ਮੰਨਕੇ ਖਾ ਲਿਆ ਜੋ ਸੀਤ ਪ੍ਰਸ਼ਾਦ ਖਣਕੇ ਆਯਾ ਸੀ, ਕੋਈ ਕਿੰਤੂ ਨਾ ਫੁਰਿਆ ਤੇ ਨਿਸਚਾ ਅਡੋਲ ਅਹਿੱਲ ਗਡ ਗਿਆ ਥੰਮ੍ਹ ਵਾਂਗੂ ਕਿ ਇਹ ਗੁਰੂ ਪੂਰਨ ਹੈ। ਹਾਂ ਜੀ! ਸਿਖ ਨੇ ਪਰਤਾਵਾ ਲੀਤਾ ਗੁਰੂ ਦਾ, ਗੁਰੂ ਪੂਰਾ ਉਤਰਿਆ। ਹੁਣ ਸਿਖ ਦਾ ਧਰਮ ਹੈ ਕਿ ਪਰਤਾਵੇ ਵਿਚ ਪੂਰਾ ਉਤਰੇ, ਗੁਰੂ ਨੂੰ ਅਰਪਨ ਕਰੇ ਕੁਛ! ਕੀ ਕਰੇ? ਸਿਖ ਪਾਸ ਕੀ ਹੈ? ਆਪਾ! ਸੋ ਸ੍ਰੀ ਅਮਰਦਾਸ ਜੀ ਦੇ ਆਪੇ ਨੇ ਅਜ 'ਆਪਾ' ਭੇਟ ਕਰ ਦਿੱਤਾ ਆਪਣੇ ਪੂਰੇ ਗੁਰੂ ਨੂੰ, ਸਾਰਾ ਆਪਾ। ਗੁਰੂ ਨਾਨਕ ਦੇਵ ਜੀ ਨੇ ਸਿਖੀ ਪਰਖੀ, ਸਿਖੀ ਪੂਰੀ ਉਤਰੀ--ਗੁਰੂ ਅੰਗਦ ਦੇਵ ਦੇ ਰੂਪ ਵਿਚ। ਪੂਰੇ ਉਤਰੇ ਨੂੰ ਗੁਰੂ ਨਾਨਕ ਦੇਵ ਨੇ ਗੁਰਿਆਈ ਬਖਸ਼ ਦਿੱਤੀ। ਅਜ ਸਿਖ ਨੇ ਪੂਰੇ ਤੇ ਹਾਂ ਪਰਖ ਵਿਚ ਪੂਰੇ ਉਤਰੇ ਗੁਰੂ ਨੂੰ ਭੇਟ ਧਰ ਦਿੱਤਾ 'ਆਪਾ', ਜਿਸ ਨੂੰ ਸਮਝਦੇ ਸਨ 'ਨਿਮਾਣਾ ਆਪਾ' 'ਨਿਤਾਣਾ ਆਪਾ'; 'ਆਪਾ' ਹੋ ਗਿਆ ਖਯਾਲ ਮੰਡਲ ਵਿਚ ਸਮਰਪਨ, ਅਮਲ ਵਿਚ ਹੁਣ ਕੀ ਹੁੰਦਾ ਹੈ? ਦਿਨੇ ਬੈਠੇ ਰਹਿਣਾ ਬਾਹਰ ਕਿਤੇ ਏਕਾਂਤ--ਗੁਰੂ ਰੂਪ ਵਿਚ ਮਗਨ! ਪ੍ਰਸ਼ਾਦ ਵੇਲੇ ਲੰਗਰ ਵਿਚ ਆ ਜਾਣਾ--ਛਕ ਕੇ ਫੇਰ ਏਕਾਂਤ ਜਾ ਬਹਿਣਾ। ਇਧਰੋਂ ਗੁਰੂ ਜੀ ਨੇ ਵੀ ਮੁੜਕੇ ਨਹੀਂ ਬੁਲਾਇਆ ਕਿ ਭਾਈ ਤੂੰ ਰਾਜ਼ੀ ਹੈਂ ਤੇ ਕਿੱਥੇ ਹੈ ਤੇਰਾ ਵਸੇਬਾ?

ਕੁਛ ਦਿਨ ਏਕਾਂਤ ਬਹਿਕੇ ਸ੍ਰੀ ਅਮਰਦਾਸ ਜੀ ਨੂੰ ਸੋਚ ਫੁਰੀ ਕਿ ਇਸ ਦੁਆਰੇ ਸੇਵਾ ਪ੍ਰਧਾਨ ਦਿੱਸਦੀ ਹੈ, ਸਿਖ ਆਉਂਦਾ ਹੈ ਸੇਵਾ ਕਰਦਾ ਹੈ। ਏਥੋਂ ਦਾ ਤਪ ਸੇਵਾ ਜਾਪਦੀ ਹੈ, ਤੇ ਮੇਰਾ ਪ੍ਰਸ਼ਾਦ ਛਕਣਾ ਤੇ ਆਪਣੇ ਸੁਖ ਵਿਚ ਬਹਿ ਰਹਿਣਾ ਕੁਛ ਠੀਕ ਨਹੀਂ ਲਗਦਾ। ਇਕ ਦਿਨ ਲੰਗਰ ਵਾਲੇ ਨੂੰ ਆਖਿਓ ਨੇ ਕਿ ਪਾਣੀ ਦਾ ਘੜਾ ਮੈਨੂੰ ਦੇ ਦਿਓ ਤੇ ਜਲ ਦੀ ਸੇਵਾ ਮੇਰੇ ਤੇ ਰਹਿਣ ਦਿਓ। ਭਾਈ ਜੋਧ ਲੰਗਰ ਦੇ ਦੇਵਤਾ ਨੇ ਕਿਹਾ--ਜੇ ਸਿਖੀ ਭਾਵਨਾ ਹੈ, ਤਾਂ ਲਓ ਕਲਸ (ਘੜਾ) ਤੇ ਕਰੋ ਸੇਵਾ। ਸੇਵਾ ਇਥੇ ਮੂਲ ਪਦਾਰਥ ਹੈ ਤੇ ਬਖਸ਼ਿਸ਼ ਨਾਲ ਮਿਲਦੀ ਹੈ। ਲਓ, ਸਫਲੋ ਤੇ ਸਫਲਾਓ; ਪਰ ਵਿਤ ਦੀ ਕਰਨੀ, ਸਰੀਰ ਬ੍ਰਿਧ ਹੈ!

ਅਜ ਤੋਂ ਆਪਾ ਸਮਰਪਨ ਦਾ ਉੜਾ ਐੜਾ 'ਅਮਲੀ ਸੂਰਤ' ਵਿਚ ਸ਼ੁਰੂ ਹੋ ਪਿਆ। ਹੁਣ ਆਪ ਜੀਓ ਲੰਗਰ ਵਿਚ ਪਾਣੀ ਪੁਚਾਉਂਦੇ ਹਨ; ਖੂਹ ਤੇ ਖਲੋ ਕੇ ਪਾਣੀ ਭਰਦੇ ਤੇ ਗੁਰ ਸਿੱਖਾਂ ਨੂੰ ਇਸ਼ਨਾਨ ਕਰਾਉਂਦੇ ਹਨ, ਤਿਹਾਏ ਪਿਆਸੇ ਨੂੰ ਪਾਣੀ ਦੇਂਦੇ ਹਨ। ਲੰਗਰ ਵਿਚ ਵੀ ਜਲ ਸਜਰਾ ਭਰਕੇ ਲਿਜਾਂਦੇ ਤੇ ਵਰਤਾਉਂਦੇ ਹਨ। ਆਪ ਭੋਜਨ

ਸਾਰਿਆਂ ਤੋਂ ਪਿਛੋਂ ਕਰਦੇ ਹਨ। ਕੁਛ ਦਿਨ ਗੁਰਸਿਖਾਂ ਦੀ ਸੇਵਾ ਕਰਕੇ ਮਤਿ ਗੁਰੂ ਸੇਵਾ ਵੱਲ ਝੁਕ ਪਈ। ਸੋਚ ਫੁਰੀ-ਸ੍ਰੀ ਗੁਰੂ ਜੀ ਪਹਿਰ ਸਵਾ ਪਹਿਰ ਰਾਤ ਰਹਿੰਦੀ ਉਠਕੇ ਇਸ਼ਨਾਨ ਕਰਦੇ ਹਨ ਰਾਤ ਦੇ ਜਲ ਨਾਲ, ਕਿਉਂ ਨਾ ਮੈਂ ਉਸ ਵੇਲੇ ਇਸ਼ਨਾਨ ਕਰਾਵਾਂ ਸਜਰੇ ਜਲ ਨਾਲ। ਅਜ ਤੋਂ ਇਹ ਸੇਵਾ ਬੀ ਚਾ ਲਈ, ਪਹਿਲੋਂ ਤਾਂ ਜਲ ਹੀ ਪਹੁੰਚਾਉਂਦੇ ਰਹੇ, ਫੇਰ ਗੁਰੂ ਜੀ ਦੇ ਗਿੱਲੇ ਬਸਤਰ ਬੀ ਆਪ ਧੋਣੇ, ਸੁਕਾਉਣ ਤੇ ਸੇਵਾ ਵਿਚ ਪਹੁੰਚਾ ਦੇਣੇ। ਇਨ੍ਹਾਂ ਸੇਵਾ ਤੋਂ ਵਖਰੇ ਸਵੇਰੇ ਤੇ ਸੰਝ ਦੇ ਦੀਵਾਨ ਵਿਚ ਹਾਜ਼ਰ ਹੋਣਾ[੧੪੬]; ਕੀਰਤਨ ਸੁਣਨਾ। ਦਿਹਾੜੀ ਜੋ ਸਮਾਂ ਮਿਲ ਜਾਏ ਏਕਾਂਤ ਜਾ ਬੈਠਣਾ ਗੁਰੂ ਧਿਆਨ ਵਿਚ। 'ਨਾ ਕਾਹੂੰ ਸਿਉ ਦੋਸਤੀ ਨਾ ਕਾਹੂੰ ਸਿਉਂ ਬੈਰ', ਕਿਸੇ ਨਾਲ ਕੋਈ ਪਰਚਾ ਨਾ ਪਾਇਆ। ਇਸ ਤਰ੍ਹਾਂ ਸੇਵਾ ਵਿਚ ਤੇ ਗੁਰੂ ਪ੍ਰੇਮ ਵਿਚ ਪਰਚਾ ਐਸਾ ਪਿਆ ਕਿ ਦਰਸ਼ਨ ਕਰ ਕਰਕੇ ਨਿਹਾਲ ਹੋਣ। ਘਰ ਬਾਰ, ਟੱਬਰ ਕਬੀਲਾ ਐਸਾ ਭੁੱਲਾ ਕਿ ਮਾਨੋਂ ਕਦੇ ਹੈ ਹੀ ਨਹੀਂ ਸੀ। ਇਧਰ ਗੁਰੂ ਜੀ ਨੇ ਕਦੇ ਪੁੱਛਿਆ ਹੀ ਨਾਹ ਕਿ ਭਾਈ ਤੂੰ ਕੌਣ ਹੈ[੧੪੭]?

# ੩੨. ਹਰਿਨਾਥ।

ਗੁਰੂ ਅੰਗਦ ਦੇਵ ਜੀ ਦੀ ਕੀਰਤੀ ਹੁਣ ਦੂਰ ਦੂਰ ਫੈਲ ਗਈ ਸੀ। ਸਾਧੂ ਸੰਤਾਂ ਵਿਚ ਵੀ ਪਤਾ ਲਗ ਗਿਆ ਸੀ ਕਿ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਗੁਰੂ ਨਾਨਕ ਤੁੱਲ ਹੀ ਬੈਠਾ ਹੈ; ਗ੍ਰਿਹਸਤ ਵਿਚ ਨਿਰਬਾਣ ਮਾਰਗ ਚਲਾ ਰਿਹਾ ਹੈ। ਹਰਿਨਾਥ ਨਾਮੇ ਇਕ ਸਾਧੂ ਨੇ, ਜੋ ਅਕਸਰ ਰਮਤਾ ਹੀ ਰਹਿੰਦਾ ਸੀ, ਮਹਿਮਾ ਸੁਣੀ। ਵਿਦਵਾਨ ਤੇ ਤਯਾਗੀ ਸੀ ਪਰ ਸੁਖੀ ਨਹੀਂ ਸੀ, ਉਹ ਫਿਰਦਾ ਫਿਰਦਾ ਗੁਰੂ ਕੇ ਦੁਆਰੇ ਆਇਆ। ਡੇਰਾ ਕਰਕੇ ਕੁਛ ਦਿਨ ਦੀਵਾਨ ਵਿਚ ਆਉਂਦਾ ਜਾਂਦਾ ਰਿਹਾ। ਇਕ ਦਿਨ ਏਕਾਂਤ ਵੇਖਕੇ ਨੇੜੇ ਆ ਬੈਠਾ ਤੇ ਆਖਣ ਲੱਗਾ :- ਸਤਿਕਾਰ ਜੋਗ ਗੁਰੂ ਜੀ! ਮੈਂ ਆਪ ਤੋਂ ਇਕ ਸ਼ੰਕਾ ਨਵਿਰਤ ਕਰਨੀ ਹੈ, ਖੇਚਲ ਦੇਣ ਨੂੰ ਚਿਤ ਨਹੀਂ ਜੋ ਆਪ ਨਿਜ ਸੁਖ ਵਿਚ ਰਹਿੰਦੇ ਹੋ, ਪਰ ਸੰਸੇ ਵਾਲੇ ਮਨਾ ਨੇ ਬੀ ਆਪ ਪਾਸ ਹੀ ਆਉਣਾ ਹੋਇਆ।

ਗੁਰੂ ਜੀ ਮੁਸਕ੍ਰਾਏ ਤੇ ਬੋਲੇ : ਸਾਧ ਰਾਮ! ਮਨ ਨੂੰ ਸ਼ੰਕਾ ਫੁਰੀਆਂ ਹਨ ਤੇ ਮੂੰਹ ਨੇ ਕਰਨੀਆਂ ਹਨ, ਬੁੱਧੀ ਨੇ ਬਾਹੁਲੀਆਂ ਮਾਰਨੀਆਂ ਤੇ ਸ਼ੰਕਾ ਨਿਵਾਰਨੀਆਂ ਹਨ, ਪਰ ਟਿਕਾਉ ਸਿਦਕਦੇ ਘਰ ਵਸਦਾ ਹੈ।...ਹਾਂ ਕਈ ਵਾਰ ਸੰਸਾ ਨਵਿਰਤੀ ਹੋਈ ਵਿਸ਼ਵਾਸ ਦੇ ਘਰ ਲੈ ਜਾਂਦੀ ਹੈ ਤੇ ਵਿਸ਼ਵਾਸ ਸਿਦਕ ਸ਼ਰਧਾ ਵਿਚ!

ਹਰਿਨਾਥ-ਆਪ ਸਮਰਥ ਹੋ, ਸਤਿਕਾਰ ਜੋਗ ਹੋ, ਆਪ ਦੇ ਦੁਆਰੇ ਇਕ ਨਵੀਂ ਗੱਲ ਵਰਤ ਰਹੀ ਹੈ, ਉਸ ਸੰਬੰਧੀ ਪੁਛ ਗਿਛ ਕਰਨੀ ਹੈ, ਜੋ ਮੇਰੀ ਸਮਝੇ ਪੈ ਜਾਵੇ।

ਗੁਰੂ ਜੀ-ਪੁੱਛੋ, ਜੀ ਸਦਕੇ! ਜੋ ਚਿੱਤ ਆਵੇ।

ਹਰਿਨਾਥ-ਕਲਯਾਣ ਆਪੋ ਆਪਣੇ ਧਰਮ ਨਾਲ ਹੋਣੀ ਲਿਖੀ ਹੈ। ਆਪ ਦੇ ਦੁਆਰੇ ਜਗਯਾਸੂਆਂ ਨੂੰ ਵਰਣ ਆਸ਼੍ਰਮ ਦੇ ਧਰਮਾਂ ਦੀ ਵੰਡ ਮੂਜਬ ਉਪਦੇਸ਼ ਨਹੀਂ ਹੁੰਦਾ। ਉਹ ਵੰਡ ਹੀ ਛੰਡ ਦਿੱਤੀ ਗਈ ਹੈ। ਸਾਰੇ ਆਸ਼੍ਰਮਾਂ ਨੂੰ ਇਕੋ ਧਰਮ ਸਿਖਾਇਆ ਜਾਂਦਾ ਹੈ, ਜਿਸ ਨੂੰ ਏਥੇ 'ਨਾਮ ਧਰਮ' ਯਾ 'ਸਬਦੁ ਧਰਮ' ਆਖਦੇ ਸੁਣ ਰਿਹਾ ਹਾਂ[੧੪੮]।

ਗੁਰੂ ਜੀ-ਜੋ ਲੋਕ ਮਾਨੁਖ ਦੀ 'ਜਾਤਿ' ਨੂੰ ਜਨਮ ਤੋਂ ਸਮਝਦੇ ਹਨ, ਓਹ ਧਰਮ ਦੀ ਵੰਡ ਜਨਮਦੀਆਂ ਜਾਤਾਂ ਮੂਜਬ ਕਰਦੇ ਹਨ। ਅਸੀਂ 'ਜਾਤ' ਨੂੰ ਜਨਮ ਤੋਂ ਨਹੀਂ 'ਕਰਮ' ਤੋਂ ਸਮਝਦੇ ਹਾਂ। ਸੋ ਸਭ ਨੂੰ ਇਕੋ ਧਰਮ ਦ੍ਰਿੜਾਉਂਦੇ ਹਾਂ ਤਾਂ ਜੋ ਸਾਰੇ ਉਸ ਇਕ ਦੈਵੀ ਧਰਮ ਰੂਪ ਕਰਮ ਨਾਲ ਸ਼ੁੱਧ ਹੋ ਕੇ ਇਕੋ ਪਰਮ ਅਵਲੰਬੀ ਰਹਿਣਾ।

ਹਰਿਨਾਥ-ਵਰਣਾਸ਼੍ਰਮ ਦੀ ਵੰਡ ਛੱਡ ਦਿੱਤੀ ਨੇ?

ਗੁਰੂ ਜੀ-ਤੁਸੀਂ ਜ਼ਰਾ ਵਰਣਾਸ਼੍ਰਮ ਵੰਡ ਧਰਮਾਂ ਦੀ ਸੁਣਾਓ ਨਾ।

ਹਰਿਨਾਥ-ਆਪ ਸਭ ਕੁਛ ਜਾਣਦੇ ਹੋ, ਪਰ ਆਗਿਆ ਪਾਲਣ ਲਈ ਬਿਨੈ ਕਰਦਾ ਹਾਂ-ਬ੍ਰਾਹਮਣ ਦਾ ਧਰਮ ਹੈ ਵਿਧੀ ਅਨੁਸਾਰ ਯੱਗ ਕਰਨੇ ਕਰਾਉਣੇ ਵੇਦ ਵਿਦਯਾ ਪੜ੍ਹਾਉਣੀ, ਕਰਮ ਕਾਂਡ ਦੇ


www.sikhbookclub.com

ਕਾਰਜ ਤੇ ਸੰਸਕਾਰ ਆਦਿ ਕਰਾਉਣੇ। ਖੜ੍ਹੀ ਦਾ ਧਰਮ ਹੈ ਸੂਰਮਗਤੀ ਵਾਲੇ ਸਾਰੇ ਪੱਖ ਯਾ ਧਰਮ, ਜੁੱਧ ਦਾਨ ਆਦਿ ਕਰਨੇ। ਵੈਸ਼ ਦਾ ਧਰਮ ਹੈ ਵਪਾਰ, ਖੇਤੀ ਆਦਿ। ਸੂਦ੍ਰ ਦਾ ਧਰਮ ਹੈ ਪਹਿਲੀਆਂ ਤਿੰਨਾਂ ਜਾਤੀਆਂ ਦੀ ਸੇਵਾ ਕਰਨੀ।

ਗੁਰੂ ਜੀ-ਠੀਕ, ਸਾਧ ਰਾਮ ਜੀ! ਪਰ ਸੋਚ ਕਰੋ ਕਿ ਇਹ ਤਾਂ ਹੋਏ ਨਾ 'ਵਜਵਸਾਯ ਕਰਕੇ ਬਣੇ 'ਕਰਮ' ਜਿਨ੍ਹਾਂ ਨੂੰ ਧਰਮੁ ਕਿਹਾ ਗਿਆ ਹੈ, ਅਸੀਂ ਇਨ੍ਹਾਂ ਨੂੰ ਉਪਜੀਵਕਾ ਪ੍ਰਾਪਤੀ ਦੀ ਕਿਰਤ ਆਖਦੇ ਹਾਂ ਤੇ ਇਸ ਨੂੰ ਜਨਮ ਕਰਕੇ ਨਹੀਂ ਸਮਝਦੇ, ਕਰਮ ਕਰਕੇ ਸਮਝਦੇ ਹਾਂ। ਧਰਮ ਤਾਂ ਉਹ ਵਸਤੂ ਹੋਣੀ ਚਾਹੀਏ ਕਿ ਜਿਸ ਦੇ ਧਾਰਨ ਕਰਨ ਨਾਲ ਪਰਮਾਤਮ ਦੇਵ ਦੀ ਪ੍ਰਾਪਤੀ ਹੋਵੇ ਤੇ ਉਹ ਹੋਣਾ ਵੀ ਪ੍ਰਾਣੀ ਮਾਤ੍ਰ ਲਈ ਇਕੋ ਚਾਹੀਏ। ਸੋ ਹੈ 'ਸਬਦ ਧਰਮ'। ਸ਼ਬਦ ਦੀ ਕਮਾਈ ਦਾ ਅਧਿਕਾਰ ਮਨੁੱਖ ਮਾਤ੍ਰ ਨੂੰ ਹੈ। ਇਸ ਸ਼ਬਦ ਦੀ ਕਮਾਈ ਨਾਲ 'ਬ੍ਰਹਮ ਰੂਪ ਸ਼ਬਦ' ਦੀ ਪ੍ਰਾਪਤੀ ਹੁੰਦੀ ਅਰਥਾਤ ਨਾਮ ਦੀ ਕਮਾਈ ਨਾਲ ਨਾਮੀ ਦੀ ਪ੍ਰਾਪਤੀ ਹੁੰਦੀ ਹੈ। ਇਹ ਹੈ ਭੇਤ ਦੀ ਗੱਲ, ਜੋ ਇਸਦੀ ਕਮਾਈ ਕਰੇ ਓਹ ਇਸ ਨੂੰ ਸਮਝ ਲੈਂਦਾ ਹੈ ਕਿ ਮੈਂ ਨਾਮੀ ਨੂੰ ਪ੍ਰਾਪਤ ਹੋ ਗਿਆ ਹਾਂ। ਨਾਮੀ ਨੂੰ ਪ੍ਰਾਪਤ ਹੋਇਆ, ਮਾਇਆ ਰਹਿਤ ਹੋਕੇ ਸ਼ੁੱਧ ਤੇ ਪ੍ਰਕਾਸ਼ ਸਰੂਪ ਹੋ ਜਾਂਦਾ ਹੈ।

ਹਰਿਨਾਥ ਗਹੁ ਨਾਲ ਸਮਝਦਾ ਰਿਹਾ ਸੀ। ਸਤਿਗੁਰ ਦੇ ਵਾਕ ਥੋੜ੍ਹੇ ਪਰ ਸਾਰ ਰੂਪ ਮਨ; ਸਮਝਕੇ ਮਾਨੋ ਸੁੱਤੇ ਦੇ ਅਚਾਨਕ ਜਾਗ ਪੈਣ ਵਾਂਙੂ ਤ੍ਰਬਕ ਕੇ ਬੋਲਿਆ- ਸੱਚ ਏਹ ਵਜਵਸਾਯ[੧੪੯] ਧਰਮ ਹਨ ਤੇ ਇਹ ਜਨਮ ਤੋਂ ਮੰਨੇ ਗਏ ਹਨ; ਇਹੋ ਹੈ ਵਰਣਾਸ਼੍ਰਮੀ ਧਰਮ। ਗੁਰੂ ਜੀ ਜਾਤਿ ਵਰਣਿ 'ਕਰਮ' ਤੋਂ ਮੰਨ ਰਹੇ ਹਨ। ਠੀਕ ਕਲਯਾਨ ਮਾਰਗ ਦਾ ਧਰਮ ਤਾਂ ਇਕੋ ਚਾਹੀਏ, ਹੋਏ ਜੋ ਸਾਰੇ ਬ੍ਰਹਮ ਦੀ ਅੰਸ਼ (ਸਿਰ ਹਿਲਾ ਕੇ) ਸੱਚ! ਨਾਮ ਤੋਂ ਨਾਮੀ ਦੀ ਪ੍ਰਾਪਤੀ ਅਥਵਾ ਸ਼ਬਦ ਦੁਆਰਾ ਸ਼ਬਦ ਬ੍ਰਹਮ ਤੇ ਉਸ ਤੋਂ ਬ੍ਰਹਮ ਦੀ ਪ੍ਰਾਪਤੀ ਸੁਤੇ ਸਿੱਧ ਸਿਧਾਂਤ ਹਨ। ਮੱਖਣ ਵਿਰੋਲ ਕੇ ਦੱਸ ਰਹੇ ਹਨ। ਇਉਂ ਕੁਛ ਚਿਰ ਸੋਚ ਸੋਚ ਕੇ ਬੋਲਿਆ - ਗੁਣਦਾਤਾ ਜੀਓ! ਇਕ ਹੋਰ ਬੇਨਤੀ ਹੈ ਕਿ ਜੋਗੀ ਦਾ ਧਰਮ ਹੈ ਯੋਗ ਸਿੱਧੀ ਤੇ ਗਜਾਨ ਮਾਰਗ ਦੇ ਟੁਰਨ ਵਾਲੇ ਦਾ ਧਰਮ ਹੈ ਗਜਾਨ ਪ੍ਰਾਪਤੀ, ਇਹ ਤਾਂ ਕਲਜਾਨ ਧਰਮ ਹਨ, ਇਹ ਤਾਂ ਵਜਵਸਾਯ ਧਰਮ ਨਹੀਂ ਨਾ!

ਗੁਰੂ ਜੀ-ਪਰ ਦੋਹਾਂ ਨੂੰ ਸ਼ਬਦ ਅਭਜਾਸ ਦੀ ਲੋੜ ਹੈ! ਯੋਗੀ ਜੋ ਨਾਮ ਅਭਜਾਸ ਨਾਲ ਜੁੜੇਗਾ ਤਾਂ ਨਾਮੀ ਅਰਥਾਤ ਪਰਮਾਤਮ ਦੇਵ ਨੂੰ ਪ੍ਰਾਪਤ ਹੋਵੇਗਾ ਅਤੇ ਉਸ ਦੀ ਯੋਗ ਸਮਾਧੀ 'ਸਰਵ ਕਾਲਕ' ਹੋਏਗੀ। ਨਹੀਂ ਤਾਂ ਸਮਾਧੀ ਵੇਲੇ ਏਕਾਗਰ ਯਾ ਨਿਰੁੱਧ ਹੋਏਗਾ, ਉਠਾਨ ਵੇਲੇ ਫੇਰ ਖਿੰਡੇਗਾ। ਜੇ ਨਾਮ ਨਾਲ ਜੁੜੇ ਤਾਂ ਨਾਮ ਉਸਦੇ ਅੰਦਰ ਸੁਤੇ ਸਿਧ ਸਦਾ ਜਾਰੀ ਰਹੇਗਾ, ਇਹ ਉਸਦਾ ਪ੍ਰਵਾਹ ਸਰਬ ਕਾਲਿਕ ਹੋ ਜਾਏਗਾ।

ਸਾਧ-ਜੀ ਹਾਂ, ਸੱਚ ਕਿਹਾ ਨੇ। ਯੋਗ ਦਰਸ਼ਨ ਵਿਚ ਵੀ ਨਾਮ ਅਭਜਾਸ ਲਿਖਿਆ ਹੈ।

ਗੁਰੂ ਜੀ-ਤੁਸੀਂ ਸਿਆਣੇ ਹੋ। ਯੋਗੀ ਦਾ ਯੋਗ ਤਾਂ ਹੀ ਸਫਲੇਗਾ ਜੇ ਨਾਮ ਧਾਰਨ ਕਰੇਗਾ। ਨਾਮ ਨਾਮੀ ਵਿਚ ਲੈ ਜਾਏਗਾ, ਯਾ ਇਉਂ ਸਮਝੋ ਕਿ ਜੀਵ ਤੱਤ ਬ੍ਰਹਮ ਤੱਤ ਨੂੰ ਪ੍ਰਾਪਤ ਹੋ ਜਾਏਗਾ[੧੫੦]।

ਹਰਿਨਾਥ-ਸੱਤਜ ਹੈ। ਭਲਾ ਜੀ! ਇਕ ਗਲ ਹੋਰ ਦੱਸਣ ਦੀ ਖੇਚਲ ਕਰਨੀ, ਜੋ ਯੋਗ ਆਦਿ ਸਾਧਨ ਕੀਤੇ ਬਿਨਾਂ ਸ਼ਾਸਤ੍ਰ ਅਧਯੈਨ ਕਰਕੇ ਗਜਾਨ ਦਾ ਰਸਤਾ ਲੈਂਦੇ ਹਨ ਉਨ੍ਹਾਂ ਨੂੰ ਵੀ 'ਨਾਮ ਧਰਮ' ਦੀ ਲੋੜ ਹੈ?

ਗੁਰੂ ਜੀ-ਹਾਂ, ਨਿਰਾ ਪੜ੍ਹੇ ਗਯਾਨੀ ਦਾ 'ਗਜਾਨ ਮਾਤ੍ਰ' ਤਾਂ ਬੁੱਧੀ ਦੀ ਤੀਖਣਤਾ ਹੈ, ਨਿਰੇ ਪੜ੍ਹ ਲੈਣ ਨਾਲ ਆਤਮ ਬੰਧਨ ਨਹੀਂ ਟੁੱਟਦੇ, ਗੁਰ ਬਾਬੇ ਦਾ ਵਾਕ ਹੈ :-

ਗਿਆਨੁ ਧਿਆਨੁ ਸਭੁ ਕੋਈ ਰਵੈ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ॥ (ਸੂਹੀ ਮ: ੧)

ਬੰਧਨ ਕਿਵੇਂ ਟੁੱਟਦੇ ਹਨ?

ਐਸਾ ਗਿਆਨੁ ਜਪਹੁ ਮਨ ਮੇਰੇ॥
ਹੋਵਹੁ ਚਾਕਰ ਸਾਚੇ ਕੇਰੇ॥ (ਸੂਹੀ ਮ: ੧)

ਚਾਕਰ ਕਿਸ ਤਰ੍ਹਾਂ ਹੋਈਦਾ ਹੈ? ਨਾਮ ਧਰਮ ਦੇ ਧਾਰਨ ਕਰਨੇ ਨਾਲ। ਇਸ ਕਰਕੇ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ :-

ਸੋ ਗਿਆਨੀ ਜਿਨਿ ਸਬਦਿ ਲਿਵ ਲਾਈ॥
(ਬਿਲਾਵਲ ਮ: ੧)

 www.sikhbookclub.com

ਫਿਰ ਆਪ ਨੇ ਫੁਰਮਾਇਆ ਹੈ :-

ਬੰਧਨ ਤੂਟੇ ਇਕੁ ਨਾਮੁ ਵਸਾਮੈ॥ (ਬਿਲਾ ਮ: ੧)

ਸਾਧ ਰਾਮ! ਤੁਸੀਂ ਵਿਦਵਾਨ ਹੋ, ਗਯਾਨ ਵਾਸਤੇ ਪਹਿਲੀ ਲੋੜ ਅਭਯਾਸ ਦੀ ਹੈ, ਅਭਯਾਸ ਸਰਵੋਤਮ 'ਹਰਿ ਸਿਮਰਨ' ਦਾ ਹੈ। ਆਮ ਜੋ ਗਯਾਨ ਚਲ ਰਿਹਾ ਹੈ-ਉਸ ਬਾਬਤ ਬਾਬਾ ਜੀ ਦਾ ਵਾਕ ਹੈ :-

ਗਿਆਨੁ ਗਿਆਨੁ ਕਥੈ ਸਭੁ ਕੋਈ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ॥
ਕਥਿ ਕਹਣੈ ਤੇ ਰਹੈ ਨ ਕੋਈ॥
ਬਿਨੁ ਰਸ ਰਾਤੇ ਮੁਕਤਿ ਨ ਹੋਈ॥

(ਬਿਲਾਵਲ ਅਸ਼ਟ: ਮਹਲਾ ੧-੧)

ਰਸ ਵਿਚ ਰਚ ਜਾਣਾ 'ਭਗਤੀ ਭਾਵ ਨਾਲ ਜਪੇ ਤੇ ਸਿਮਰੇ ਨਾਮ' ਦਾ ਫਲ ਹੈ। ਸਾਧ ਰਾਮ! ਸਿਮਰਨ ਵਾਲਾ 'ਗਯਾਨ ਪੜ੍ਹਿਆ' ਕਿ 'ਨਾ ਪੜ੍ਹਿਆ' ਕਰਤਾ ਪੁਰਖ ਦਾ ਆਸਰਾ ਪਰਨਾ ਲੈਂਦਾ ਹੈ। ਜਿਸ ਦਾ ਆਸਰਾ ਲਵੀਏ ਉਸ ਨੂੰ ਬਿਰਦ ਦੀ ਲਾਜ ਹੁੰਦੀ ਹੈ, ਇਸ ਲਈ ਨਾਮ ਦਾ ਮਾਰਗ ਅਭਯਾਸੀ ਲਈ ਨਿਰਵਿਘਨ ਹੁੰਦਾ ਹੈ[੫੧], ਕਿਉਂਕਿ ਜਿਸ ਦਾ ਨਾਮ ਲੈ ਰਹੇ ਹਾਂ, ਉਹ ਬਿਘਨ ਬਿਨਾਸਨ ਹੈ, ਸਰਬ ਸਮਰੱਥ ਹੈ, ਭਗਤ ਵਛਲ ਹੈ ਤੇ ਬਿਰਦ ਦੀ ਲਾਜ ਪਾਲਣਹਾਰ ਹੈ। ਉਹ 'ਨਾਮੀ' ਨਾਮ ਜਪਣ ਵਾਲੇ ਤੇ ਮਿਹਰ ਕਰਦਾ ਹੈ, ਮਿਹਰ ਬਿਘਨ ਬਿਨਾਸਦੀ ਹੈ।

ਹਰਿਨਾਥ (ਤ੍ਰਬ੍ਰਕ ਕੇ)-ਸਾਰ ਸਿੱਧਾਂਤ ਕੀਕੂੰ ਸੁਖੈਨ ਕਹਿ ਰਹੇ ਹੋ! ਨਾਮ ਜਪੁ ਦਾ ਮਾਰਗ ਨਿਰਵਿਘਨ ਹੈ ਇਹ ਗਲ ਯੋਗ ਦਰਸ਼ਨ ਵਿਚ ਲਿਖੀ ਹੈ-

ਤਤ : ਪ੍ਰਤਯਕ ਚੇਤਨਾ : ਅਧਿਗਮ : ਅਪਿ
ਅਨ ਰਾਯਾ ਅਭਾਵਾ : ਚ (ਯੋਗ ਦਰਸ਼ਨ ੧.੨੯)

ਠੀਕ ਹੈ ਕਿ ਨਾਮ ਜਪੁ ਨਾਲ ਆਤਮਾ ਦੀ ਪ੍ਰਾਪਤੀ ਤੇ ਵਿਘਨਾਂ ਦਾ ਅਭਾਵ ਹੁੰਦਾ ਹੈ। ਭਲਾ ਜੀ! ਇਕ ਗਲ ਹੋਰ ਪੁੱਛ ਲਵਾਂ : ਜਿਸ ਨਾਮ ਦੀ ਆਪ ਕੀਰਤੀ ਕਹਿ ਰਹੇ ਹੋ ਉਹ ਕਿਸਦਾ ਹੈ? ਸ਼ਿਵ ਦਾ ਕਿ ਭਵਾਨੀ ਦਾ; ਵਿਸ਼ਨੂੰ ਦਾ ਕਿ ਕ੍ਰਿਸ਼ਨ ਦਾ? ਮੈਨੂੰ ਆਪ ਕ੍ਰਿਸ਼ਨ ਪ੍ਰੇਮੀ ਸਹੀ ਹੋ ਰਹੇ ਹੋ।

ਗੁਰੂ ਜੀ (ਮੁਸਕ੍ਰਾ ਕੇ)-ਭਵਾਨੀ ਦੀ ਭਗਤੀ ਕਰ ਕਰ ਰਹੇ ਤੇ ਅੰਤ ਛੱਡੀ, ਸ਼ਿਵ ਉਸੇ ਸ਼ਕਤੀ ਦਾ ਸ਼ਕਤਾ ਹੈ। ਵਿਸ਼ਨੂੰ ਕ੍ਰਿਸ਼ਨ ਵਿਚ ਦੇਵਤਾ ਪ੍ਰਨ ਤੇ ਅਵਿਤਾਰਤਾ ਦਾ ਹੀ ਰੀਣ ਕੁ ਫਰਕ ਹੈ।...... ਹਾਂ ਬਈ ਉਪਾਸ਼ਕ ਤਾਂ ਕ੍ਰਿਸ਼ਨ ਦੇ ਹੀ ਹਾਂ, ਪਰ ਉਸ ਕ੍ਰਿਸ਼ਨ ਦੇਵ ਦੇ ਨਹੀਂ ਜਿਸ ਨੂੰ ਤੂੰ ਕ੍ਰਿਸ਼ਨ ਸਮਝ ਰਿਹਾ ਹੈਂ। ਸਾਡਾ ਪੂਜਯ ਕ੍ਰਿਸ਼ਨ ਇਕ ਹੈ-ਇਕੋ ਇਕ। ਓਹ ਦ੍ਰਿਸ਼ਟਮਾਨ ਵਿਚ ਦ੍ਰਿਸ਼ਟਮਾਨ ਹੋ ਕੇ ਦੇਹ ਨਹੀਂ ਧਾਰਦਾ। ਓਹ ਵਿਸ਼ਨੂੰ ਦੇਵਤਾ ਦਾ ਅਵਤਾਰ ਨਹੀਂ। ਓਹ ਤਾਂ ਸਰਬ ਸ੍ਰਿਸ਼ਟੀ ਦੇ ਦੇਵਾਂ ਅਦੇਵਾਂ ਦਾ ਆਤਮਾਂ ਹੈ, ਤੇ ਸਭ ਦਾ ਆਤਮਾਂ ਹੋ ਕੇ ਆਪ ਨਿਰਦਵੰਦ ਪ੍ਰਕਾਸ਼ ਸਰੂਪ ਹੈ। ਉਹੀ ਆਤਮਾਂ ਸਰਬਤ੍ਰ ਹੈ ਤੇ ਉਸੇ ਵਿਚ ਸਾਰੇ ਹਨ, ਓਹ ਉਸ ਬ੍ਰਹਮ ਦਾ ਆਪਣਾ ਰੂਪ ਹੈ। ਜੇ ਕੋਈ ਇਸ ਭੇਤ ਨੂੰ ਬੁੱਝ ਲਵੇ ਤਾਂ ਓਹ ਮਾਇਆ ਰਹਿਤ ਸ਼ੁੱਧ ਪ੍ਰਕਾਸ਼ ਸਰੂਪ ਹੋ ਜਾਂਦਾ ਹੈ ਤੇ ਨਾਨਕ ਉਸ ਗਯਾਨਵਾਨ ਦਾ ਦਾਸ ਹੈ। ਪਰ ਹੇ ਸਾਧੂ! ਫੁਰਮਾਇਆ ਹੈ ਮੇਰੇ ਅਰਸ਼ਾ ਤੋਂ ਆਏ ਗੁਰੂ ਨੇ :-

ਕੁੰਭੇ ਬਧਾ ਜਲੁ ਰਹੈ
ਜਲ ਬਿਨੁ ਕੁੰਭੁ ਨ ਹੋਇ॥
ਗਿਆਨ ਕਾ ਬਧਾ ਮਨੁ ਰਹੈ
ਗੁਰ ਬਿਨੁ ਗਿਆਨੁ ਨ ਹੋਇ॥੫॥

(ਵਾਰ ਆਸਾ ਮ: ੧-੧੨)

ਹਰਿਨਾਥ ਦਿਲ ਸਾਰਾ ਸ਼ਰਧਾ ਨਾਲ ਵਿਛਾ ਕੇ ਉਤਰ ਸੁਣ ਤੇ ਸਮਝ ਰਿਹਾ ਸੀ, ਹੁਣ ਨਿਹਚੇ ਦੇ ਘਰ ਪਹੁੰਚ ਪਿਆ ਤੇ ਬੇਵਸ ਹੋ ਕੇ ਬੋਲਿਆ-ਸਚ ਫੁਰਮਾਯਾ ਨੇ ਤੇ ਸੰਸੇ ਕੱਟ ਦਿੱਤੇ ਨੇ, ਰਸ ਦਾ ਛੱਟਾ ਮਾਰ ਦਿੱਤਾ ਨੇ, ਸਿਦਕ ਦੇ ਘਰ ਲੈ ਆਂਦਾ ਨੇ। ਪਾਓ ਪੂਰਨ ਬ੍ਰਹਮ ਗਯਾਨੀ ਜੀ! ਇਸ ਭਿਖਾਰੀ ਦੀ ਝੋਲੀ ਖੈਰ। ਗਯਾਨੀ ਕਹਿਣਾ ਨਯੂਨੋਪਮਾਂ ਹੈ : 'ਹੇ ਸੋਈ ਨਿਰੰਜਨ ਦੇਉ ਜੀ! ਪਾਓ ਨਾਮ ਦੀ ਖੈਰ ਇਸ ਯਾਚਕ ਦੀ ਅੱਡੀ ਝੋਲੀ ਵਿਚ।' ਇਹ ਕਹਿੰਦਿਆਂ ਸਿਰ ਚਰਨਾਂ ਤੇ ਧਰ ਦਿੱਤਾ। ਦਾਤੇ ਨੇ ਸਿਰ ਤੇ ਹੱਥ ਧਰਿਆ ਤੇ ਹਾਂ 'ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆਂ', ਕਿਹੜੀਆਂ? ਸੰਸੇ ਬ੍ਰਿਤੀ ਦੀਆਂ ਬੁਰਿਆਈਆਂ ਜੋ ਵਿਦਵਾਨ ਤੇ ਤਯਾਗੀ ਦਾ ਬੀ ਖਹਿੜਾ ਨਹੀਂ ਛੋੜਦੀਆਂ। ਸਗੋਂ ਜਿੰਨਾ ਪੜ੍ਹੋ ਉਨੀਆਂ ਵਧੀਕ ਸੰਸੇ ਬ੍ਰਿਤੀਆਂ ਉਠ ਉਠ


www.sikhbookclub.com

ਚੰਬੜੀਆਂ ਹਨ।

ਹਰਿ ਨਾਥ ਹੁਣ ਰਹਿ ਪਿਆ ਹਰਿਦੁਆਰ ਗੁਰੂ ਕੇ ਦੁਆਰੇ। ਨਾਮ ਧਰੀਕ ਹੋ ਕੇ, ਨਾਮ ਰਸ ਵਿਚ ਆ ਕੇ, ਨਾਮ ਦੁਆਰਾ ਨਾਮੀ ਵਿਚ ਲਿਵਲੀਨਤਾ ਦਾ ਮਾਰਗ ਪਾ ਕੇ ਹਰਿਨਾਥ ਕੁਛ ਸਮੇਂ ਬਾਦ ਵਿਦਾ ਹੋਇਆ। ਹਰਿਨਾਥ ਨਾਮ ਧਰਮ ਵਿਚ ਦ੍ਰਿੜ ਹੋ ਕੇ ਨਾਮ ਦ੍ਰਿੜਾਉਣ ਵਾਲਾ ਬਣਿਆ। ਇਸ ਨਾਲ ਹੋਏ ਉਪਰਲੇ ਵਾਕ ਸ੍ਰੀ ਗੁਰੂ ਜੀ ਦੇ ਰਚੇ ਹੋਏ ਦੋ ਸਲੋਕਾਂ[੧੫੨] ਵਿਚ ਵਿਦਮਾਨ ਹੈਨ, ਯਥਾ :-

ਮ: ੨॥ ਜੋਗ ਸਬਦੰ ਗਿਆਨ ਸਬਦੰ
ਬੇਦ ਸਬਦੰ ਬ੍ਰਾਹਮਣਹ॥
ਖਤ੍ਰੀ ਸਬਦੰ ਸੂਰ ਸਬਦੰ
ਸੂਦ੍ਰ ਸਬਦੰ ਪਰਾਕ੍ਰਿਤਹ॥
ਸਰਬ ਸਬਦੰ ਏਕ ਸਬਦੰ
ਜੇ ਕੋ ਜਾਣੈ ਭੇਉ॥
ਨਾਨਕੁ ਤਾਕਾ ਦਾਸੁ ਹੈ
ਸੋਈ ਨਿਰੰਜਨ ਦੇਉ॥੨॥
(ਵਾਰ ਆਸਾ-੧੨)

ਅਰਥ-ਜੋਗ(ਮਾਰਗ ਵਾਲਿਆਂ ਦਾ) (ਸਬਦੁ=) ਧਰਮ ਗਿਆਨ (ਪ੍ਰਾਪਤੀ) ਦਾ ਧਰਮ ਹੈ, ਬ੍ਰਾਹਮਣਾਂ ਦਾ ਧਰਮ ਹੈ ਵੇਦ (ਦਾ ਅਭਯਾਸ) ਖੱਤ੍ਰੀਆਂ ਦਾ ਧਰਮ ਹੈ ਸੂਰਮਗਤੀ ਵਾਲਾ ਧਰਮ ਤੇ ਸੂਦਰਾਂ ਦਾ ਧਰਮ ਹੈ ਪਰਾਈ ਕਿਰਤ ਕਰਨੀ। ਪਰ ਸਰਬ(ਧਰਮਾਂ ਦਾ) ਧਰਮ ਇਕ 'ਸ਼ਬਦ' (ਅਰਥਾਤ ਇਕ ਨਾਮ) ਹੈ, ਜੋ ਕੋਈ ਇਸ(ਸ਼ਬਦ=ਬ੍ਰਹਮ) ਦਾ ਭੇਦ ਜਾਣਦਾ ਹੋਵੇ, ਨਾਨਕ ਉਸਦਾ ਦਾਸ ਹੈ, ਉਹੀ ਮਾਯਾਰਹਿਤ ਤੇ ਪ੍ਰਕਾਸ਼ ਸਰੂਪ ਹੈ॥

ਮ: ੨॥ ਏਕ ਕ੍ਰਿਸਨੰ ਸਰਬ ਦੇਵਾ
ਦੇਵ ਦੇਵਾ ਤ ਆਤਮਾ॥
ਆਤਮਾ ਬਾਸੁਦੇਵਸਿ੍
ਜੇ ਕੋ ਜਾਣੈ ਭੇਉ॥
ਨਾਨਕੁ ਤਾ ਕਾ ਦਾਸੁ ਹੈ
ਸੋਈ ਨਿਰੰਜਨ ਦੇਉ॥੪॥(ਵਾਰ ਆਸਾ-੧੨)

ਅਰਥ-ਇਕ ਬ੍ਰਹਮ[੧੫੩] (ਦੇਵਾਦੇਵ =) ਦੇਵਤਿਆਂ ਤੇ ਅਦੇਵਾਂ ਦਾ (ਦੇਵਾਤ ਆਤਮਾ =) ਪ੍ਰਕਾਸ਼ ਸਰੂਪ ਆਤਮਾ ਹੈ। (ਫੇਰ ਉਹੀ) ਆਤਮਾ ਬ੍ਰਹਮ[੧੫੪] ਦਾ (ਆਪਣਾ ਰੂਪ) ਹੈ, (ਇਸ) ਭੇਤ ਨੂੰ ਜੇ ਕੋਈ ਜਾਣ ਲਵੇ ਤਾਂ ਉਹੀ ਮਾਯਾ ਰਹਿਤ ਪ੍ਰਕਾਸ਼ ਸਰੂਪ ਹੋ ਜਾਂਦਾ ਹੈ, ਨਾਨਕ ਉਸ ਦਾ ਦਾਸ ਹੈ।

# ੩੩. ਜੱਗਾ ਧਾਰਣੀ।

ਸ੍ਰੀ ਗੁਰੂ ਜੀ ਨੂੰ ਖਡੂਰ ਵਿਚ ਭਾਗ ਲਾਉਂਦਿਆਂ ਦੋ ਸਾਲਾਂ ਤੋਂ ਵਧੀਕ ਹੋ ਗਏ ਹਨ। ਗੁਰੂ ਨਾਨਕ ਦੇ ਪਿਆਰੇ ਦੂਰ ਦੂਰ ਤੋਂ ਆਉਂਦੇ ਹਨ। ਕਦੇ ਕੋਈ ਨਵਾਂ ਬੀ ਆ ਜਾਂਦਾ ਹੈ, ਆਪ ਦੀ ਬ੍ਰਿਤੀ ਆਪਣੇ ਰੰਗ ਰੱਤੀ ਰਹਿੰਦੀ ਹੈ, ਮਗਨਤਾ ਵਿਚ। ਪਰੰਤੂ ਉਪਕਾਰ ਕਰਨੋਂ ਬੀ ਸੰਕੁਚਦੀ ਨਹੀਂ। ਉਨੀਂ ਦਿਨੀਂ ਇਕ ਧਰਣੀ ਜਾਤ ਦਾ ਜੱਗਾ ਨਾਮੇ ਪੁਰਖ ਸੀ, ਜੋ ਜਗਤ ਦੇ ਦੁਖ ਦੇਖਦਾ ਦੁਖੀ ਹੁੰਦਾ ਇਕ ਜੋਗੀ ਕੋਲ ਗਿਆ ਕਿ ਦੱਸ ਭਾਈ ਜੋਗੀ! ਜੋ ਮੈਂ ਜਨਮ ਮਰਨ ਦੇ ਬੰਧਨ ਤੋਂ ਕਿਵੇਂ ਛੁਟਕਾਰਾ ਪਾਵਾਂ। ਜੋਗੀ ਨੇ ਆਖਿਆ :- ਪਹਿਲਾਂ ਬੰਧਨ ਰੂਪ ਤੇਰਾ ਘਰ ਹੈ, ਇਸ ਤੋਂ ਆਪ ਛੁਟ, ਫੇਰ ਆ, ਤੇ ਤੇਰੇ ਜਨਮ ਮਰਨ ਦਾ ਬੰਧਨ ਮੈਂ ਕੱਟਾਂਗਾ। ਜੱਗੇ ਦਾ ਵੈਰਾਗ ਇਤਨਾ ਤੀਬਰ ਨਹੀਂ ਸੀ ਕਿ ਇਕ ਦਮ ਇਸਤ੍ਰੀ ਪੁਤ੍ਰ ਧਨ ਧਾਮ ਛੋੜਕੇ ਬਰਾਗੀ ਪਾ ਦਰ ਦਰ ਮੰਗਣ ਟੁਰ ਪੈਂਦਾ; ਸੋ ਉਦਾਸ ਹੋ ਕੇ ਮੁੜ ਆਇਆ। ਪਰ ਪੁੱਛਾਂ ਭਾਲਾਂ ਕਰਦਾ ਰਿਹਾ ਜੋ ਕੋਈ ਪੂਰਾ ਭਾਂਡਾ ਹੋਰ ਮਿਲ ਪਵੇ। ਅੰਤ ਇਸ ਤਰ੍ਹਾਂ ਟੋਲ ਕਰਦੇ ਉਸ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੂੰਹ ਪਈ; ਤਾਂ ਉਹ ਖਡੂਰ ਆ ਸੇਵਾ ਵਿਚ ਹਾਜ਼ਰ ਹੋਇਆ। ਸ੍ਰੀ ਗੁਰੂ ਜੀ ਨੇ ਰਾਹੁ ਕਰ ਤੱਕਿਆ, ਸੁਖ ਸਾਂਦ ਪੁੱਛੀ ਤੇ ਕਿਹਾ-ਭਾਈ ਕੀਕੁਰ ਆਏ ਹੋ?

ਜੱਗਾ-ਸ੍ਰੀ ਗੁਰੂ ਜੀਓ! ਸੰਸਾਰ ਵਿਚ ਦੁੱਖ ਹੈ। ਜੇ ਆਪ ਥੋੜੀ ਬਹੁਤ ਸਰੀ ਬਣੀ ਨੇਕੀ ਕਰੋ ਤਾਂ ਅਗੋਂ ਦੁਖ ਹੀ ਪੱਲੇ ਪੈਂਦੇ ਹਨ। ਜੇ ਅਟੰਕ ਰਹੋ ਕਿ ਕਿਵੇਂ ਦੁਖ ਨਾ ਵਾਪਰੇ, ਤਾਂ ਭੀ ਆ ਹੀ ਵਾਪਰਦੇ ਹਨ, ਹੋਰ ਜਤਨ ਕਰੋ ਜਤਨ ਪੁੱਗਦੇ ਨਹੀਂ, ਦੁਖ ਆ ਹੀ ਨੱਪਦਾ ਹੈ। ਮੈਂ ਸੋਚਿਆ ਕਿ ਕਿਸੇ ਸਿਆਣੇ ਕਰਨੀ ਵਾਲੇ ਕੋਲ ਜਾਵਾਂ ਤਾਂ ਮੈਂ ਇਕ ਵਡੇ ਜੋਗੀ ਪਾਸ ਗਿਆ। ਉਸ ਨੇ ਆਖਿਆ ਘਰ ਬਾਹਰ ਦੇ


www.sikhbookclub.com

ਬੰਧਨ ਤੋੜ ਕੇ ਆ, ਤਾਂ ਤੇਰੇ ਜਨਮ ਮਰਨ ਦੇ ਬੰਧਨ ਕੱਟ ਦਿਆਂਗਾ। ਸੱਚਾ ਬਚਨ ਏ, ਸੁਹਣੇ ਜੀਓ! ਹਥੀਂ ਕਮਾਕੇ ਖਾਧਾ ਏ, ਦਰ ਦਰ ਪਿੰਨਣ ਨੂੰ ਜੀ ਨਹੀਂ ਕੀਤਾ। ਆਪ ਜੀ ਦਾ ਜਸ ਸੁਣਕੇ ਆਇਆ ਹਾਂ ਕਿ ਜੇ ਵਿਚੇ ਬੈਠਿਆਂ ਗਤੀ ਹੋ ਸਕੇ ਤਾਂ ਭਲਾ, ਪਰ ਦੇਖੋ ਜੇ ਛੱਡਣਾ ਹੀ ਜ਼ਰੂਰੀ ਹੈ ਤਾਂ ਫੇਰ ਕੌੜਾ ਘੁੱਟ ਭਰਨ ਦਾ ਹੀਆ ਕਰ ਵੇਖਾਂ।

ਗੁਰੂ ਜੀ-ਭਾਈ ਜੱਗਾ! ਜਗਤ ਜੇ ਸਾਰਾ ਜੋਗ ਤਿਆਗੀ ਹੋਕੇ ਬਹਿ ਜਾਏ ਤਾਂ ਜਗਤ ਹੀ ਮੁੱਕ ਜਾਏ ਖਾਣ ਪੀਣ ਲਈ ਅੰਨ ਤੇ ਪਹਿਨਣ ਲਈ ਕਪੜਾ ਕਿਥੋਂ ਆਵੇ? ਸੋਚ ਭਾਈ! ਕੋਈ ਬੀਜੇ, ਕੋਈ ਵੱਢੇ, ਕੋਈ ਪੀਹੇ ਤਾਂ ਹੀ ਬੁੱਕ ਆਟੇ ਦਾ ਜੋਗੀ ਦੇ ਖੱਪਰ ਵਿਚ ਪਵੇ।

ਜੱਗਾ (ਤ੍ਰਬ੍ਰਕ ਕੇ)-ਸੱਚ ਦਾਤਾ ਸੱਚ!

ਕੋਈ ਦੂਰ ਪਾਠ ਕਰ ਰਿਹਾ ਸੀ, ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ; ਆਵਾਜ਼ ਆਈ- 'ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ'। ਜਗਾ ਤੁਕ ਸੁਣਕੇ ਤ੍ਰਬ੍ਰਕਿਆ ਤੇ ਬੋਲਿਆ : ਵਾਹ ਵਾਹ, ਜੋਰੀ ਪਿੰਨਕੇ ਖਾਣ ਵਾਲੇ ਸੁਰਗ! ਤੇ ਉਨ੍ਹਾਂ ਨੂੰ ਦਾਨ ਦੇਣ ਵਾਲੇ ਨਰਕ! ਅਨਿਆਉਂ ਹੋ ਜਾਏਗਾ ਨਾ? ਠੀਕ ਵਾਕ ਬੋਲਿਆ ਏ ਸਿਖ[੫੫]।

ਗੁਰੂ ਜੀ-ਜੋ ਤੂੰ ਜਗਤ ਵਿਚ ਡਿੱਠਾ ਹੈ ਕਿ ਜਗਤ ਵਿਚ ਦੁਖ ਹੈ, ਠੀਕ ਹੈ, ਪਰ ਇਹ ਘਟ ਸਕਦਾ ਹੈ ਜੇ ਵਰਤੋਂ ਪਜਾਰ ਦੀ ਹੋ ਜਾਵੇ। ਭ੍ਰਾਤ੍ਰੀ ਭਾਵ ਹੋ ਜਾਵੇ।

ਜੱਗਾ-ਸਮਝੇ ਨਹੀਂ ਪਈ ਗਲ!

ਗੁਰੂ ਜੀ-ਜੇ ਸਾਰੇ ਇਕ ਦੂਜੇ ਨੂੰ ਪਜਾਰ ਕਰਨ ਤਾਂ ਸੁਖ ਵੱਧ ਜਾਵੇ।

ਜੱਗਾ-ਹੁੰਦਾ ਨਹੀਂ, ਕੀਕੂੰ ਹੋਵੇ?

ਗੁਰੂ ਜੀ-ਪਹਿਲੋਂ ਪਿਤਾ-ਜਗਤ ਪਿਤਾ-ਵਿਚ ਬੱਝੇ ਨਿਹਚਾ ਕਿ ਉਹ ਸਭ ਦਾ ਰਚਨਹਾਰ ਹੈ, ਸਾਰੇ ਉਸਦੇ ਬੱਚੇ ਹਾਂ! ਇਕ ਪਿਤਾ ਦੇ ਬੱਚੇ ਭਿਰਾਉ ਹੁੰਦੇ ਹਨ। ਸੋ ਪਹਿਲਾਂ ਕਰਤਾਰ ਪਿਤਾ ਨੂੰ ਭੁੱਲਣਾ ਉਚਿਤ ਨਹੀਂ। (੧) ਸਾਂਝੇ ਪਿਤਾ ਦੀ ਯਾਦ ਵਿਚ ਭ੍ਰਾਤ੍ਰੀ ਭਾਵ ਯਾਦ ਰਹੇਗਾ ਜੀਵਾਂ ਨਾਲ। (੨) ਓਧਰ ਅੰਦਰ ਜਦ ਕਰਤਾ ਪੁਰਖ ਦੀ ਯਾਦ ਵਸੇਗੀ ਤਾਂ ਮਨ ਨਿਰਮਲ ਹੋ ਜਾਏਗਾ; ਨਿਰਮਲ ਦੀ ਛੁਹ ਮਨ ਨੂੰ ਨਿਰਮਲਤਾ ਲਾਏਗੀ ਨਾਂ! ਸੋ ਦੋਵੇਂ ਕਾਰਜ ਹੋ ਗਏ।

ਜੱਗਾ-ਆਪ ਦੇ ਦਾਨ ਗੁਲਾਬ, ਅਸਾਂ ਸਾਰਾ ਦਿਨ ਕੰਮ ਕਾਜ ਵਿਹਾਰ ਕਰਨੇ ਹੋਏ?

ਗੁਰੂ ਜੀ-ਕਰੋ, ਸੁਹਣੀ ਤਰ੍ਹਾਂ ਕਰੋ, ਨੇਕੀ ਨਾਲ ਕਰੋ। ਕੰਮ ਕਾਜ ਕਰਦਿਆਂ ਵਿਚ ਵਿਚ ਵਕਤ ਮਿਲਦੇ ਹਨ, ਉਸ ਵੇਲੇ ਕਰਤਾਰ ਦੀ ਸੰਭਾਲ ਕੀਤੀ ਪਰ ਨੀਂਹ ਪਹਿਲਾਂ ਸਵੇਰੇ ਹੀ ਬੰਨ੍ਹ ਲਈ। ਰਾਤ ਜ਼ਰਾ ਸੁਵਖਤੇ ਸੌਂ ਗਏ, ਸਵੇਰੇ ਸੁਵਖਤੇ ਜਾਗ ਉੱਠੇ। ਉਸ ਵੇਲੇ ਸਾਵਧਾਨ ਹੋ ਕੇ ਕਰਤਾ ਪੁਰਖ ਦੇ ਚਿੰਤਨ ਵਿਚ ਕੁਛ ਸਮਾਂ ਬੈਠ ਗਏ। ਇਸ ਸਵੇਰ ਦੀ ਕਮਾਈ ਦਾ ਅਸਰ ਦਿਨ ਭਰ ਰਹੇਗਾ। ਦਿਨ ਦੇ ਕੰਮਾਂ ਕਾਜਾਂ ਦੇ ਕਰਦਿਆਂ ਵਿਚ ਵਿਚ ਵਕਤ ਮਿਲੇਗਾ...ਵਿਹਲ ਦਾ। ਹਾਂ, ਕੰਮਾਂ ਦੇ ਵਿਚ ਵਿਚ 'ਵਿਹਲ ਦਾ ਵਿਰਲ'। ਉਸੇ ਵੇਲੇ ਸੰਮ੍ਹਾਲ ਰਖੀ ਕਰਤਾ ਪੁਰਖ ਦੀ ਯਾਦ ਦੀ। ਰਾਤ ਸੌਣ ਵੇਲੇ ਫੇਰ ਘੜੀ ਦੀ ਘੜੀ ਸਾਂਈਂ ਦੀ ਯਾਦ ਵਿਚ ਬੈਠ ਗਏ। ਨੀਂਦ ਆਈ ਤੇ ਸੌਂ ਗਏ, ਐਉਂ ਨੀਂਦ ਵਿਚ ਸਫਲਤਾ ਪੈ ਜਾਂਦੀ ਹੈ। ਗ੍ਰਿਹਸਤੀ ਐਉਂ ਜਿਤਨੀ ਬੀ ਕਮਾਈ ਕਰੇਗਾ, ਉਸ ਦੇ ਪੱਲੇ ਰਹੇਗੀ, ਪਰ ਅਤੀਤ ਦੀ ਕਮਾਈ ਵੰਡੀਦੀ ਬੀ ਰਹਿੰਦੀ ਹੈ।

ਜੱਗਾ-ਓਹ ਜੀਓ ਜੀ! ਕਿਵੇਂ?

ਗੁਰੂ ਜੀ-ਅਤੀਤ ਜਿਨ੍ਹਾਂ ਦੀ ਕਮਾਈ ਵਿਚੋਂ ਅੰਨ ਪਾਣੀ ਬਸਤ੍ਰ ਆਦਿ ਲਏਗਾ ਉਨ੍ਹਾਂ ਲਈ ਕ੍ਰਿਤਗਜ ਹੋਵੇਗਾ, ਉਨ੍ਹਾਂ ਲਈ ਅਸ਼ੀਰਵਾਦ ਮੂੰਹੋਂ ਉਚਰੇਗਾ। ਇਸ ਤਰ੍ਹਾਂ ਕਮਾਈ ਵਿਚੋਂ ਕੁਛ ਹਿੱਸਾ ਦੇਵੇਗਾ ਹੀ ਨਾ। ਜੇ ਉਸ ਦੀ ਅਸ਼ੀਰਵਾਦ ਵਿਚ ਤਾਸੀਰ ਨਹੀਂ ਤਾਂ ਉਸਦੇ ਪਾਸ ਹੈ ਹੀ ਕੁਛ ਨਹੀਂ, ਮੋਟੀ ਗਲ ਹੈ। ਗਾਂ ਨੂੰ ਘਾਹ ਪਾਈਦਾ ਹੈ, ਗਾਂ ਦੁਧ ਦੇਂਦੀ ਹੈ। ਗਾਂ ਘਾਹ ਤ੍ਰਿਣ ਲੈਂਦੀ ਹੈ ਤੇ ਰਤਨ ਦੇਂਦੀ ਹੈ ਦੁੱਧ ਰੂਪੀ। ਤਿਵੇਂ ਅਤੀਤ ਅੰਨ ਲਏਗਾ, ਅਸ਼ੀਰਵਾਦ ਦੇਵੇਗਾ-ਕਮਾਈ ਵਿਚੋਂ ਵੰਡ ਕਰੇਗਾ। ਕਿਰਤ ਕਰ ਕੇ ਖਾਣ ਵਾਲਾ ਜੇ ਭਗਤੀ ਕਰਦਾ ਹੈ ਤਾਂ ਉਸ ਦੀ ਕਮਾਈ ਰਹੀ ਸਾਰੀ ਉਸ ਦੇ ਪਾਸ। ਦੂਜੇ ਉਸ ਨੇ ਆਪਣੀ ਕਿਰਤ ਵਿਚੋਂ ਜੁ ਕੁਛ ਦਾਨ ਲਈ ਕੱਢਿਆ ਉਸ ਧਨ ਨਾਲ ਉਸ ਨੇ ਬੰਦਗੀ ਵਾਲੇ ਘਾਲੀ


www.sikhbookclub.com

ਅਤੀਤ, ਅਭਿਆਗਤ ਦੀ ਕੀਤੀ ਸੇਵਾ, ਉਨ੍ਹਾਂ ਤੋਂ ਲੀਤੀ ਖ਼ੁਸ਼ੀ ਤੇ ਅਸੀਸ, ਐਉਂ ਉਸ ਦਾ ਲਾਹਾ ਵਧ ਗਿਆ। ਗੁਰੂ ਬਾਬੇ ਦਾ ਵਾਕ ਹੈ :-

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

(ਮਲਾਰ ਵਾਰ ਮ: ੧)

ਐਉਂ ਉਸਨੇ ਆਪਣਾ ਲਾਹਾ ਦੂਣਾ ਕਰ ਲਿਆ। ਇਸ ਪ੍ਰਕਾਰ ਦੇ ਬਚਨ ਸੁਣਕੇ ਜੱਗੇ ਦੀ ਨਿਸ਼ਾ ਖਾਤਰ ਹੋ ਗਈ। ਉਸ ਨੇ ਵਾਹਿਗੁਰੂ ਜੀ ਦਾ ਨਾਮ ਸਤਿਗੁਰਾਂ ਤੋਂ ਲੈ ਲਿਆ। ਫੇਰ ਘਾਲ ਕੀਤੀ ਤੇ ਕਮਾਈ ਵਿਚੋਂ ਸੰਤਾਂ, ਪਰਮੇਸ਼ੁਰ ਦੇ ਪਿਆਰਿਆਂ ਦੀ ਸੇਵਾ ਕੀਤੀ। ਜੱਗਾ ਫੇਰ ਇਤਨਾ ਉਚ ਪਾਏ ਦਾ ਗੁਰਮੁਖ ਹੋਇਆ ਕਿ ਭਾਈ ਗੁਰਦਾਸ ਜੀ ਨੇ ਆਪ ਜੀ ਦਾ ਨਾਮ ਚੋਟੀ ਦੇ ਗੁਰਸਿਖਾਂ ਦੀ ਗੇਣਤੀ ਵਿਚ ਲਿਖਿਆ ਹੈ।

# ੩੪. ਸੱਤੇ ਬਲਵੰਡ ਦੀ ਭੁੱਲ।

**ਪਿਛੇ** ਜ਼ਿਕਰ ਆ ਚੁਕਾ ਹੈ ਕਿ ਮਰਦਾਨੇ ਮਗਰੋਂ ਗੁਰੂ ਨਾਨਕ ਦੇਵ ਜੀ ਦੇ ਦੁਆਰੇ ਬਲਵੰਡ ਕੀਰਤਨ ਤੇ ਲਾਇਆ ਗਿਆ ਸੀ। ਜਦੋਂ ਗੱਦੀ ਗੁਰੂ ਅੰਗਦ ਦੇਵ ਜੀ ਨੂੰ ਬਖਸ਼ੀ ਗਈ ਤਾਂ ਬਲਵੰਡ ਨੂੰ ਭੀ ਆਗਿਆ ਹੋਈ ਕਿ ਤੂੰ ਸਾਡੇ ਪਿਛੋਂ ਖਡੂਰ ਜਾ ਕੇ ਗੁਰੂ ਅੰਗਦ ਦੇ ਹਜ਼ੂਰ ਚੌਕੀ ਕਰਿਆ ਕਰਨੀ ਹੈ। ਬਲਵੰਡ ਜਦੋਂ ਖਡੂਰ ਆਇਆ ਤਾਂ ਗੁਰੂ ਜੀ ਛਪੇ ਬੈਠੇ ਸੇ। ਉਹ ਰਹਿ ਪਿਆ ਸੱਤੇ ਦੇ ਘਰ : ਪਰ ਨਾ ਪਾ ਸਕਿਆ ਗੁਰੂ ਨੂੰ। ਜਦੋਂ ਆਪ ਪ੍ਰਗਟੇ ਤਾਂ ਆ ਹਾਜ਼ਰ ਹੋਇਆ ਤੇ ਲੱਗਾ ਕੀਰਤਨ ਕਰਨ। ਨਾਲ ਰਲਾ ਲੀਤੋਸੁ ਸੱਤੇ ਨੂੰ ਬੀ। ਦੋਵੇਂ ਅੰਮ੍ਰਿਤ ਵੇਲੇ ਲਾਉਣ ਆਸਾ ਦੀ ਵਾਰ, ਸੰਝਾਂ ਨੂੰ ਕੀਰਤਨ ਕਰਨ ਸੋਦਰ ਦਾ, ਜਿਵੇਂ ਕਿ ਹੁੰਦਾ ਸੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੁਆਰੇ।

ਗੁਣੀ ਵਿਚ ਜਦ ਗੁਣ ਮੰਝਦਾ ਹੈ ਤਾਂ ਉਸਦੇ ਮਨ ਨੂੰ ਨਾਲੇ ਉੱਜਲ ਕਰਦਾ ਹੈ ਨਾਲੇ ਉੱਚਾ। ਫੇਰ ਮਨ ਨੂੰ ਆਪੇ ਵਿਚ ਆਪੇ ਦੀ ਟੇਕ ਦੇ ਕੇ ਜੋਗੀ ਵਾਂਗੂ ਇਕ ਸ੍ਵਯੰ ਇਸਥਿਤੀ ਤੇ ਟਿਕਾਉ ਵਿਚ ਕਰ ਦੇਂਦਾ ਏ। ਇਹ ਤਾਂ ਹੈ ਗੁਣ ਦਾ ਅੰਦਰ ਦਾ ਸੁਖ, ਅਰਥਾਤ ਦ੍ਰਿਸ਼ਟਾ ਪੱਖ ਦਾ ਸੁਖ। ਬਾਹਰੋਂ ਬੀ ਇਕ ਅਸਰ ਪੈਂਦਾ ਹੈ : ਉਹ ਇਹ ਕਿ ਗੁਣੀ ਦੇ ਗੁਣ ਦੀ ਕਦਰ ਹੁੰਦੀ ਹੈ ਲੋਕਾਂ ਵਿਚ। ਇਸ ਦਾ ਅਸਰ ਬਾਹਰੋਂ ਗੁਣੀਦੇ ਮਨ ਤੇ ਪੈਂਦਾ ਹੈ। ਪਹਿਲਾਂ ਤਾਂ ਮਨ ਇਸ ਅਸਰ ਨਾਲ ਤਸੱਲੀ ਤੇ ਸ੍ਵੈ ਭਰੋਸੇ ਵਿਚ ਜਾਂਦਾ ਹੈ। ਪਰ ਅਕਸਰ ਗੁਣੀ ਇਸ ਥਾਵੇਂ ਨਹੀਂ ਟਿਕਦੇ, ਸਗੋਂ ਕਦਰਦਾਨੀ ਦੇ ਬਾਹਰਲੇ ਅਸਰ ਹੇਠ ਇਸੇ ਜੋਗੇ ਹੋ ਜਾਂਦੇ ਹਨ। ਕਦਰ ਜੋ ਪੈਂਦੀ ਹੈ ਬਾਹਰੋਂ ਓਹ ਦੋ ਸੂਰਤਾਂ ਲੈਂਦੀ ਹੈ : ਮਾਨ ਤੇ ਮਾਯਾ। ਮਾਨ ਨਾਲ ਮਨ ਮਾਨ ਦੀ ਖੁਰਾਕ ਤੇ ਹੀ ਪਲਣ ਲਗ ਜਾਂਦਾ ਹੈ। ਜਿਉਂ ਜਿਉਂ ਮਾਨ ਮਨ ਦੀ ਟੇਕ ਬਣਦਾ ਹੈ ਤਿਉਂ ਤਿਉਂ ਮਾਨ ਦੀ ਭੁੱਖ ਵਧਦੀ ਹੈ। ਅੰਤ ਮਾਨ ਤੇ ਪਲ ਪਲ ਕੇ ਮਨ ਹੰਕਾਰ ਦੀ ਮੋਟੀ ਜੇਹੀ ਸੂਰਤ ਪਕੜ ਲੈਂਦਾ ਹੈ। ਇਸੇ ਤਰ੍ਹਾਂ ਮਾਯਾ ਮਿਲਣ ਨਾਲ ਮਾਯਾ ਦੀ ਭੁੱਖ ਵਧਦੀ ਹੈ, ਜੋ 'ਲੋੜਾਂ ਪੂਰਨ' ਤੋਂ ਵਧ ਵਧ ਕੇ 'ਲਬ' ਦੀ ਸੂਰਤ ਫੜ ਲੈਂਦੀ ਹੈ। ਜੋ ਉਸ ਦੇ ਮਾਨਸੀ ਗੁਣਾਂ ਉਤੇ ਤੇ ਵਿਸ਼ੇਸ਼ ਕਰਕੇ ਉਸਦੇ ਅੰਦਰਲੇ ਸੁਭਾਵ ਉਤੇ ਛਾਯਾ ਜੇਹੀ ਆਛਾਦਨ ਕਰ ਦੇਂਦੀ ਹੈ। ਇਸ ਕਰਕੇ ਗੁਣੀ ਕਈ ਵੇਰ ਗਿਰਾਉ ਵਿਚ ਆ ਕੇ ਭੁੱਲਾਂ ਕਰਦੇ ਤੇ ਸੱਟਾਂ ਸਹਾਰਦੇ ਹਨ।

ਇਹੋ ਹਾਲ ਬਲਵੰਡ ਦਾ ਹੋਇਆ; ਜੇ ਤਾਂ ਮਰਦਾਨੇ ਵਾਂਙੂ ਹੁੰਦਾ ਗੁਰੂ-ਪ੍ਰੇਮੀ ਤੇ ਕੀਰਤਨ ਕਰਦਾ ਸਤਿਗੁਰੂ ਨੂੰ ਭੇਟਾ ਤਾਂ ਸੁਰਤ ਸਫਾ ਰਹਿੰਦੀ। ਜੇ ਸੋਝੀ ਹੁੰਦੀ ਗੁਣ ਦੇ ਦ੍ਰਿਸ਼ਟਾ ਪਖ ਦੀ ਤਾਂ ਬੀ ਸ੍ਵਯੰ ਆਧਾਰ ਤੋਂ ਨਾ ਹਿਲਦਾ, ਜੈਸਾ ਕਿ ਉਪਰ ਦੱਸ ਆਏ ਹਾਂ। ਪਰ ਬਲਵੰਡ ਦੀ ਜਿਉਂ ਜਿਉਂ ਕਦਰ ਵਧੀ, ਉਸਦੀ ਮਾਨ ਮਾਯਾ ਦੀ ਭੁੱਖ ਵਧੀ। 'ਗੁਣ ਦਾ ਮੁੱਲ' ਮਾਨ ਤੇ ਮਾਯਾ ਦੇ ਵੱਟਿਆਂ ਨਾਲ ਮਨ ਆਪੇ ਹਾੜਨ ਲੱਗ ਪਿਆ। ਐਉਂ ਕਿ-

ਪਹਿਲੋਂ ਗੁਣ ਦੀ ਕਦਰ ਨੇ ਟੇਕ ਦਿੱਤੀ, ਫੇਰ ਮਾਨ ਮਿਲੇ ਨੇ ਕਿਹਾ-ਮੈਂ ਵੱਡਾ ਗੁਣੀ ਹਾਂ ਮੇਰੇ ਜੇਹਾ ਕੋਈ ਨਹੀਂ। ਇਉਂ ਬਹੁਤ ਵਧੀ ਇਹ ਹਉਂ ਤੇ ਮਨ ਮਾਨੋਂ ਬਉਰਾਇਆ-ਜੈਸੇ ਰਵਿਦਾਸ ਜੀ ਨੇ ਕਿਹਾ ਹੈ :-


www.sikhbookclub.com

ਹਮ ਬਡ ਕਬਿ ਕੁਲੀਨ
ਹਮ ਪੰਡਿਤ ਹਮ ਜੋਗੀ ਸੰਨਿਆਸੀ॥
ਗਿਆਨੀ ਗੁਨੀ ਸੂਰ ਹਮ ਦਾਤੇ
ਇਹ ਬੁਧਿ ਕਬਹਿ ਨ ਨਾਸੀ॥੨॥
ਕਹੁ ਰਵਿਦਾਸ ਸਭੈ ਨਹੀ ਸਮਝਸਿ
ਭੂਲਿ ਪਰੈ ਜੈਸੇ ਬਉਰੇ॥ (ਰਾਮ: ਰਵਿ)

ਜੇ ਬਲਵੰਡ ਨਾਮ ਦੇ ਆਧਾਰ ਹੋ ਜਾਂਦਾ ਤਾਂ 'ਗੁਣ ਦੀ ਕਦਰ' ਦਾ ਅਸਰ 'ਹਉਂ' ਅਤੇ 'ਬਉਰਾਪਨ' ਨਾ ਪੈਂਦਾ; ਜੈਸਾ ਕਿ ਰਵਿਦਾਸ ਜੀ ਉਪਰਲੇ ਸ਼ਬਦ ਦੇ ਅਖੀਰ ਦੱਸਦੇ ਹਨ ਕਿ ਮੈਂ ਬਚ ਰਿਹਾ, ਕੀਕੂੰ ?

ਮੋਹਿ ਅਧਾਰੁ ਨਾਮੁ ਨਾਰਾਇਨ
ਜੀਵਨ ਪ੍ਰਾਨ ਧਨ ਮੇਰੇ॥੩॥੧॥(ਰਾਮਕਲੀ ਰਵਿ)

ਨਾਮ ਦੇ ਆਸਰੇ ਉਸ ਦਾ ਮਨ ਉੱਜਲ ਸੀ, ਉਸ ਨੇ ਮਾਨ ਤੇ ਮਾਜਾ ਨੂੰ ਸੁਰਤ ਦਾ ਅਧਾਰ ਨ ਬਣਾਇਆ। ਨਾਮ ਹੀ ਭਗਤ ਦਾ ਜੀਵਨ, ਪ੍ਰਾਨ ਤੇ ਧਨ ਬਣਿਆ ਰਿਹਾ। ਪਰ ਬਾਣੀ ਦਾ ਕੀਰਤਨੀਆਂ ਬਲਵੰਡ ਬਾਣੀ ਦੇ ਸਾਰ ਸਿਧਾਂਤ 'ਨਾਮ' ਤੇ ਨਾ ਟਿਕਣ ਕਰਕੇ 'ਹਮ ਗੁਣੀਂ' ਦੇ ਹੰਕਾਰ ਵਿਚ 'ਭੂਲਿ ਪਰੈ ਜੈਸੇ ਬਉਰੇ' ਵਾਂਗੂੰ ਹੋ ਗਿਆ।

ਇਕ ਦਿਨ ਭਾਈ ਬੁੱਢਾ ਕਿਸੇ ਰੰਗ ਵਿਚ ਬੈਠਾ ਸੀ; ਦਿਲ ਦ੍ਰਵ ਰਿਹਾ ਸੀ ਕਿਸੇ ਪ੍ਰੇਮ ਭਾਵ ਵਿਚ ਨੈਣ ਸੇਜਲ ਹੋ ਰਹੇ ਸਨ ਕਿ ਅਚਾਨਕ ਆ ਨਿਕਲਿਆ ਬਲਵੰਡ। ਬੁੱਢੇ ਨੇ ਕਿਹਾ : ਬਲਵੰਡ ਬਾਬੇ ਦੇ ਪਿਆਰੇ! ਬਾਬੇ ਦਾ ਕੋਈ ਸ਼ਬਦ ਸੁਣਾਓ।

ਮਾਨ ਮੱਤੇ ਬਲਵੰਡ ਨੇ ਹੈਂਕੜ ਨਾਲ ਕਿਹਾ, ਹੁਣ ਵੇਲਾ ਬਖਤ ਨਹੀਂ, ਚਉਂਕੀ ਲਗੀ ਵੇਲੇ ਆ ਕੇ ਸੁਣ ਲਈਂ, ਹਰ ਵੇਲੇ ਮੈਂ ਹਰ ਕਿਸੇ ਅਗੇ ਨਹੀਂ ਸੁਣਾ ਸਕਦਾ।

ਬਾਬਾ ਚੁੱਪ ਹੋ ਗਿਆ ਤੇ ਰਬਾਬੀ ਟੁਰ ਗਿਆ।

ਜਦ ਲੌਢੇ ਪਹਿਰ ਰਬਾਬ ਲੈਕੇ ਬਲਵੰਡ ਆਇਆ ਸਤਿਗੁਰ ਜੀ ਪਾਸ ਤਾਂ ਸਤਿਗੁਰ ਨੇ ਸ਼ਬਦ ਸੁਣਨੋਂ ਨਾਂਹ ਕਰ ਦਿੱਤੀ। ਜਦ ਬਲਵੰਡ ਨੇ ਕਾਰਨ ਪੁਛਿਆ ਤਾਂ ਆਪ ਨੇ ਕਿਹਾ-ਹੁਣ ਸੁਣਨੇ ਦਾ ਮੇਰਾ ਬਖਤ ਨਹੀਂ, ਜਦੋਂ ਮੇਰੇ ਸੁਣਨੇ ਦਾ ਵੇਲਾ ਸੀ ਤਦੋਂ ਤੈਨੂੰ ਸੁਨਾਉਣ ਦਾ ਨਹੀਂ ਸੀ।

ਹਰਿਆਨ ਹੋਕੇ ਰਬਾਬੀ ਨੇ ਕਿਹਾ:- ਜੀਓ! ਆਪ ਦੇ ਕਹੇ ਤੇ ਤਾਂ ਮੈਂ ਕਦੇ ਨਾਂਹ ਨਹੀਂ ਕੀਤੀ।

ਗੁਰੂ ਜੀ-ਜਦੋਂ ਸਿਖ ਦੇ ਹਿਰਦੇ ਵਿਚ ਗੁਰੂ ਨੇ ਬੈਠਕੇ ਕਿਹਾ ਸੀ ਸ਼ਬਦ ਸੁਣਾਓ, ਤੂੰ ਕਿਹਾ ਸੀ 'ਹੁਣ ਸੁਨਾਉਣੇ ਦਾ ਬਖਤ ਨਹੀਂ, ਹੁਣ ਗੁਰੂ ਆਖਦਾ ਹੈ ਕਿ ਸੁਣਨੇ ਦਾ ਬਖਤ ਨਹੀਂ।' ਬਲਵੰਡ ਸਮਝ ਗਿਆ ਕਿ ਮੈਂ ਜੋ ਭਾਈ ਬੁੱਢੇ ਨੂੰ ਨਾਂਹ ਕੀਤੀ ਸੀ ਉਸ ਗੱਲ ਨੂੰ ਗੁਰੂ ਜੀ ਨੇ ਜਾਣ ਲਿਆ ਹੈ, ਮਾਨਮਤੀ ਸੁਰ ਵਿਚ ਬੋਲਿਆ-ਮੈਂ ਤੁਹਾਡੇ ਅਗੇ ਤਾਂ ਗਾਵਾਂ ਤੇ ਹੁਣ ਹਰ ਜੱਟ ਬੂਟ ਅਗੇ ਹਰ ਵੇਲੇ ਗਾਉਂਦਾ ਫਿਰਾਂ[੧੫੬]। ਗੁਰੂ ਜੀ ਸੁਣਕੇ ਤੱਕੇ; ਤੱਕੇ ਤੇ ਫਿਰ ਮੌਨ ਧਾਰ ਲਈ ਪਰ ਬਲਵੰਡ ਹੰਕਾਰ ਵਿਚ ਫੁੰਕਾਰ ਕੇ ਬੋਲਿਆ- 'ਨਾ ਸਹੀ ਤੇ ਨਾ, ਸਾਡੇ ਪਾਸ ਗੁਰੂ ਬਾਬੇ ਦੀ ਬਾਣੀ ਹੈ, ਹੋਰ ਦੁਆਰ ਮੰਗ ਖਾਵਾਂਗੇ : ਗੁਣ ਹੈ ਸਾਡੇ ਪਾਸ; ਗੁਨ ਨੂੰ ਕਾਹਦੀ ਘਾਟ।' ਇਉਂ ਆਖਦਾ ਟੁਰ ਗਿਆ[੧੫੭]।

ਪੰਜ ਦਿਨ ਗੁਜ਼ਰ ਗਏ, ਗੁਣੀ ਦੇ ਗੁਣ ਨੂੰ ਕਿਸੇ ਨਾ ਪੁੱਛਿਆ। ਕੀਰਤਨ ਕਰੇ ਤਾਂ ਸੁਣੇ ਕੋਈ ਨਾ ਲੋਕੀਂ ਕਹਿਣ ਜਿਸ ਨੂੰ ਗੁਰੂ ਨੇ ਨਹੀਂ ਸੁਣਿਆ ਅਸੀਂ ਕਿਉਂ ਸੁਣੀਏ। ਇਉਂ ਅਪੁੱਛ ਇਕੱਲ ਭੁੱਖ ਦਾ ਦੁੱਖ ਆ ਗਿਆ। ਸਰੀਰ ਬੀ ਬਿਗੜ ਗਿਆ, ਜਿਵੇਂ ਕਿ ਮਹਿਮਾ ਪ੍ਰਕਾਸ਼ ਵਾਰਤਿਕ ਦੇ ਸਫਾ ੩੨ ਤੇ ਲਿਖਿਆ ਹੈ। ਫੇਰ ਹੋਸ਼ ਪਰਤੀ ਤੇ ਗੁਰੂ ਦੀ ਕਦਰ ਆਈ ਤਾਂ ਆ ਸਿਖਾਂ ਪਾਸ ਅਰਜ਼ੋਈ ਕੀਤੀ ਕਿ ਮੈਥੋਂ ਭੁੱਲ ਹੋਈ ਹੈ ਬਖਸ਼ਵਾਓ। ਸਿਖਾਂ ਨੇ ਹਜ਼ੂਰ ਆ ਬੇਨਤੀ ਕੀਤੀ ਤੇ ਭੁੱਲ ਬਖਸ਼ੇ ਜਾਣ ਵਾਸਤੇ ਸਫਾਰਸ਼ ਕੀਤੀ ਤਾਂ ਸਤਿਗੁਰ ਨੇ ਖਿਮਾਂ ਕਰ ਦਿੱਤੀ ਤੇ ਬਲਵੰਡ ਫੇਰ ਕੀਰਤਨ ਤੇ ਲਾ ਲਿਆ।

ਕੁਛ ਸਮਾਂ ਬੀਤ ਗਿਆ। ਬਲਵੰਡ ਹੋਰਾਂ ਨੇ ਚਾਹੁ ਭੁੱਲ ਬਖਸ਼ਾ ਲਈ ਸੀ ਪਰ ਦਿਲ ਵਿਚੋਂ ਹਉਮੈਂ ਦਾ ਕੰਡਾ ਪੱਟ ਨਹੀਂ ਸੀ ਹੋਇਆ। ਕਾਕੀ ਦਾ ਵਿਆਹ ਆ ਗਿਆ ਤਾਂ ਗੁਰੂ ਜੀ ਤੋਂ ਆਪ ਨੇ ੫੦੦ ਰੁਪੈ ਦੀ ਮੰਗ ਕੀਤੀ[੧੫੮]। ਸਾਹਿਬਾਂ ਨੇ ਫੁਰਮਾਇਆ ਇਤਨਾ ਰੁਪਯਾ ਨਾ ਖਰਚੋ, ਵਿਵਾਹ ਆਪਣੇ ਵਿਤ ਅਨੁਸਾਰ ਕਰੋ, ਪਰ ਜੇ ਤੁਸੀਂ ਨਹੀਂ ਰੁਕ ਸਕਦੇ ਹੋ ਤਾਂ ਠਹਿਰ ਜਾਓ, ਵਿਸਾਖੀ ਪਰ ਸੰਗਤਾਂ ਦੇ ਆਉਣ ਤੇ ਗੁਰ ਨਾਨਕ ਗਫੇ ਦੇ ਦੇਸੀ : ਤੁਸਾਂ ਸੰਭਾਲ ਲੈਣੇ। ਪਰ ਰਬਾਬੀ ਕਾਹਲੇ ਹੋ ਪਏ ਤੇ ਕੁਛ ਹੰਕਾਰ

ਦੇ ਬਚਨ ਕਹਿਕੇ ਚਲੇ ਗਏ। ਅਗਲੇ ਦਿਨ ਕੀਰਤਨ ਲਈ ਨਾ ਆਏ। ਸਤਿਗੁਰ ਨੇ ਸਦਵਾ ਘੱਲਿਆ ਤਾਂ ਬੀ ਓਹ ਨਾ ਆਏ। ਇਸ ਤਰ੍ਹਾਂ ਜਦ ਦੋ ਤ੍ਰੈ ਵਾਰੀ ਗੁਰੂ ਜੀ ਨੇ ਸਿਖ ਘੱਲੇ, ਉਹਨਾਂ ਦੀ ਹਉਂ ਵਧੀ ਰਹੀ ਤੇ ਕਠੋਰ ਵਾਕ ਕਹਿਕੇ ਨਾਂਹ ਕਰ ਦੇਂਦੇ ਰਹੇ। ਅਖੀਰ ਦੀ ਵਾਰੀ ਸੱਦਣ ਗਏ ਸਿਖਾਂ ਨੂੰ ਉਹਨਾਂ ਨੇ ਕਿਹਾ- ਕਿਉਂ ਬਈ! ਨਹੀਂ ਨਾ ਸਰਦੀ ਤਦੇ ਹੀ ਪਲੇ ਪਲੇ ਸੱਦ ਸੱਦ ਘਲਦੇ ਹਨ ਨਾ, ਗੁਰੂ ਕੀ ਸੋਭਾ ਸਰਦਾਰੀ ਸਾਡੀ ਬਣਾਈ ਹੋਈ ਹੈ; ਇਹ ਗੁਰੂ ਕੀਹ ਗੁਰੂ ਨਾਨਕ ਦੇ ਦਰਬਾਰ ਦੀ ਸੋਭਾ ਬੀ ਸਾਡੇ ਭਰਾ ਮਰਦਾਨੇ ਨੇ ਬਣਾਈ ਸੀ, ਜੇ ਅਸੀਂ ਨਾਂਹ ਹੁੰਦੇ ਤਾਂ ਗੁਰੂ ਨਾਨਕ ਗੁਰੂ ਕਿਵੇਂ ਬਣਦੇ ਤੇ ਉਹਨਾਂ ਦੀ ਦਿੱਤੀ-ਪੁਤ੍ਰਾਂ ਨੂੰ ਵਾਂਞ ਕੇ ਦਿੱਤੀ-ਗਦੀ ਇਨ੍ਹਾਂ ਦੀ ਕਿਵੇਂ ਫਲਦੀ ਫੂਲਦੀ। ਗੁਰੂ ਬਣਾਉਣਾ ਸਾਡੇ ਵੱਸ ਹੈ।

'ਹਮ ਅਬਿ ਰਹਿਕੇ ਅਪਰ ਢਿਗ
ਲੇਂ ਗੁਰੂ ਬਨਾਈ।'......
'ਹਮ ਅਧੀਨ ਕਰਿਬੇ ਗੁਰੂ
ਤੁਮ ਨਾਹਿਨ ਜਾਨਾ।'......
'ਜਹਾਂ ਰਾਗ ਹਮ ਕਰਹਿੰਗੇ
ਗੁਰ ਤਿਸਹਿ ਬਨਾਵਹਿ।' (ਸੂ: ਪ੍ਰ: ੨੧੦੦)

ਇਸ ਤਰ੍ਹਾਂ ਦੇ ਗੁਰ ਨਾਨਕ ਦੇਵ ਜੀ ਦੀ ਬੇਅਦਬੀ ਦੇ ਵਾਕ ਜਦੋਂ ਸਿਖਾਂ ਨੇ ਆ ਕੇ ਦਸੇ ਤਾਂ ਅਖੋਭ ਹਿਰਦੇ ਵਾਲੇ ਬੋਲੇ-'ਹੱਛਾ! ਗੁਰੂ ਨਾਨਕ ਰਾਗਨ ਅਰੀਮ ਨੂੰ ਸਹ ਸੰਧਿਆ ਨੇ?...ਫਿਟ ਗਏ ਹਨ।...ਹੁਣ ਨਾ ਜਾਓ, ਗੁਰੂ ਕੀ ਨਿੰਦਾ ਨਾ ਸੁਣੋ ਤਾਂ ਸੁਣਾਓ, ਹੁਣ ਭਾਈ ਗੁਰੂ ਨਾਨਕ ਦੇਵ ਦੇ ਨਿੰਦਕਾਂ ਦੀ ਸਾਡੇ ਪਾਸ ਸਿਫਾਰਸ਼ ਬੀ ਨਾ ਕਰਨੀਂ। ਇਹ ਬਚਨ ਕਰਕੇ ਕੀਰਤਨ ਤੇ ਹੋਰ ਪ੍ਰੇਮੀ ਲਾ ਲਏ[੧੫੯]।

ਰਬਾਬੀਆਂ ਦਾ ਮਾਨਮੱਤੇ ਹੋ ਜਾਣਾ, ਹੰਕਾਰ ਵਿਚ ਫੁੰਕਾਰਨਾ ਤੇ ਫੇਰ ਗੁਰ ਨਾਨਕ ਦੀ ਬੇ-ਅਦਬੀ ਕਰਨ ਤਕ ਦੀ ਫਿਟਿਆਣ ਚੜ੍ਹ ਜਾਣੀ ਨਿਕੀ ਜਿਹੀ ਗਲ ਨਹੀਂ ਸੀ, ਗੁਰਸਿਖੀ ਵਿਚ ਸਾਰੀ ਗਲ ਧੁੰਮ ਗਈ। ਰਬਾਬੀ ਪਹਿਲੋਂ ਘਰ ਬੈਠੇ ਰਹੇ ਕਿ ਗੁਰੂ ਜੀ ਫੇਰ ਮਨਾਉਂਦੇ ਹਨ; ਪਰ ਉਹ ਵਕਤ ਨਾ ਆਇਆ ਤਾਂ ਬਾਹਰ ਅੰਦਰ ਕਈ ਥਾਂ ਫਿਰੇ, ਕਿਸੇ ਨੇ ਮੂੰਹ ਨਾ ਲਾਇਆ। ਜਾਪਦਾ ਹੈ ਕਿ ਉਹਨਾਂ ਦੇ ਅੰਦਰ ਬਹੁਤ ਮਾਨ ਇਹ ਸੀ ਕਿ ਕਰਤਾਰਪੁਰ ਰਹਿਣ ਵਾਲੇ ਗੁਰੂ ਕੇ ਪੁਤ੍ਰ ਸਾਨੂੰ ਜੀ ਆਇਆਂ ਨੂੰ ਆਖਣਗੇ ਤੇ ਸਾਡੇ ਕੀਰਤਨ ਕਰਨ ਨਾਲ ਸਿੱਖੀ ਇਧਰੋਂ ਉਲਟ ਕੇ ਉੱਧਰ ਚਲੀ ਜਾਏਗੀ। ਉਹਨਾਂ ਨੂੰ ਆਪਣੇ ਰਾਗ ਦਾ ਹੰਕਾਰ ਸੀ ਕਿ ਗੁਰਜਾਈ ਸਿਰਫ ਰਾਗ ਵਿਚ ਹੈ, ਮੂਰਖ ਨਹੀਂ ਸੇ ਸਮਝਦੇ ਕਿ ਇਟ ਧੁਰੋਂ ਆਈ ਪਦਵੀ ਹੈ; ਸੋ ਉਹਨਾਂ ਨੇ ਕਰਤਾਰਪੁਰ ਜਾ ਕੇ ਬੀ ਜ਼ੋਰ ਲਾਇਆ, ਪਰ ਇਹ ਕਿਵੇਂ ਹੋ ਸਕਦਾ ਸੀ ਕਿ ਸ੍ਰੀ ਚੰਦ ਜੀ ਤੇ ਲਖਮੀ ਚੰਦ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿੰਦਕ ਨੂੰ ਮੂੰਹ ਲਾਉਂਦੇ, ਗੁਰੂ ਪਿਤਾ ਦੀ ਨਿੰਦਾ ਤਾਂ ਉਹ ਬੀ ਸਹਾਰ ਨਹੀਂ ਸਨ ਸਕਦੇ।, ਸੋ ਸਭ ਪਾਸਿਆਂ ਤੋਂ ਨਿਰਾਸ ਤੇ ਆਮਦਨ ਤੋਂ ਵਿਰਵੇ ਹੋ ਕੇ ਦੁਖੀ ਹੋਏ, ਸਰੀਰ ਬੀ ਰੋਗੀ ਹੋ ਗਿਆ, ਕੋਈ ਮੂੰਹ ਨਾ ਲਾਵੇ ਤੇ ਨਾ ਹੀ ਕੋਈ ਹੀਆ ਕਰੇ ਗੁਰੂ ਜੀ ਅਗੇ ਸਿਪਾਰਸ਼ ਕਰਨੇ ਦਾ। ਤਦ ਹਾਰ ਕੇ ਲਾਹੌਰ ਦੇ ਭਾਈ ਲੱਧੇ ਦੀ ਸ਼ਰਣ ਜਾ ਪਏ, ਜੋ ਸੇਵਾ ਤੇ ਉਪਕਾਰ ਵਿਚ ਬੜਾ ਪ੍ਰਸਿੱਧ ਸਿਖ ਸੀ। ਭਾਈ ਲੱਧੇ ਨੇ ਉਹਨਾਂ ਦਾ ਦੁਖ ਦਾਰੁਣ (ਭਯਾਨਕ) ਡਿੱਠਾ ਤੇ ਹੁਣ ਪਛੁਤਾਵਾ ਬੀ ਸੱਚਾ ਤੱਕਿਆ ਤਾਂ ਆਪਣਾ ਮੂੰਹ ਕਾਲਾ ਕੀਤਾ ਤੇ ਇਸ ਤਰ੍ਹਾਂ ਟੁਰਦਾ[੧੬੦] ਗੁਰੂ ਕੇ ਹਜ਼ੂਰ ਆ ਅੱਪੜਿਆ। ਇਹ ਰੰਗ ਵੇਖਕੇ ਸਤਿਗੁਰ ਨੇ ਪੁਛਿਆ : "ਭਾਈ ਲੱਧਾ ਇਹ ਕਿਉਂ ਰੰਗ ਬਣਾਇਆ ਹੈ?" ਬਿਨੈ ਕੀਤੀ ਉਸ, "ਨਿੰਦਕ ਦੀ ਸਿਪਾਰਸ਼ ਆਪ ਦੇ ਦਰਬਾਰ ਮਨ੍ਹੇ ਹੈ। ਨਿੰਦਕ ਦਾ ਮੂੰਹ ਕਾਲਾ ਲਿਖਿਆ ਹੈ :-- 'ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ ਗੁਰ ਕੀ ਦਾਤਿ ਨ ਭਾਈ'॥ (ਗੂਜ ਅਸ਼ਟ: ਮ: ੧-੪) ਜਿਹਾ ਨਿੰਦਕ ਤੇਹਾ ਸਿਪਾਰਸ਼ੀ। ਇਤ ਕਾਰਣ ਮੂੰਹ ਕਾਲੇ ਹਾਜ਼ਰੀ ਭਰੀ ਹੈ, ਉਜਲੇ ਮੁਖ ਨਿੰਦਕ ਦਾ ਸਾਥੀ ਹੋਕੇ ਕਿਵ ਆਉਂਦਾ। ਪਾਤਸ਼ਾਹ! ਆਪ ਦੇ ਧ੍ਰਿਕਾਰੇ, ਨਿੰਦਾ ਨਾਲ ਆਪੇ ਧ੍ਰਿਕਾਰੇ ਗਏ ਰਬਾਬੀ ਹੁਣ ਪਛੋਤਾਉਂਦੇ ਹਨ, ਬਖਸ਼ਿਸ਼ ਮੰਗਦੇ ਹਨ। ਪਛੋਤਾਵਾ, ਆਪ ਫੁਰਮਾਇਆ ਕਰਦੇ ਹੋ, ਉਹ ਦੰਡ ਹੈ ਜੋ ਜੀਵ ਆਪੇ ਆਪਣੇ ਆਪ ਨੂੰ ਦੇਂਦਾ ਹੈ, ਤੇ ਇਸੇ ਨਾਲ ਪਾਪ ਦਾ ਸੰਸਕਾਰ ਧੋ ਹੁੰਦਾ ਹੈ। ਜੇ ਮਿਹਰ ਕਰੋ ਤਾਂ ਮੁੜ ਬਖਸ਼ੇ ਜਾਣ। ਮੈਂ ਨਿਸਚੇ ਕਰ ਆਇਆਂ ਹਾਂ ਕਿ ਹੁਣ ਸੱਚੇ ਦਿਲੋਂ ਮੰਗਦੇ ਹਨ

ਮਾਫੀ। ਦੁਖ ਤੇ ਰੋਗ ਵਿਚ ਜਾ ਕੇ ਸੁਖ ਦੀ ਕਦਰ ਪਈ ਨੇ, ਨਿੰਦਾ ਤੇ ਝੂਠ ਫਲ ਲਗਾ ਵੇਖਕੇ ਸੱਚ ਦਿੱਸ ਪਿਆ ਨੇ। ਗੁਰੂ ਕੀ ਵਡਾਈ ਲਖੀ ਨੇ, ਹੁਣ ਆਪਣੇ ਕਹੇ ਤੇ ਸਿਰ ਧੁਨਦੇ ਹਨ।"

ਸਤਿਗੁਰੂ ਜੀ ਪਹਿਲਾਂ ਤਾਂ ਸੁਣਦੇ ਰਹੇ, ਪਰ ਫੇਰ ਬੋਲੇ : ਚੰਗਾ ਭਾਈ ਪਰਉਪਕਾਰੀ! 'ਚੰਗਾ ਬਖਸ਼ੇ।' ਸੋ ਐਦਾਂ ਬਖਸ਼ੇ ਜਾਕੇ ਆ ਦੁਇ ਚਰਨੀ ਢੱਠੇ। ਦਾਤੇ ਨੇ ਮੇਹਰ ਕੀਤੀ, ਮਨ ਨਿਰਮਲ ਹੋ ਗਿਆ, ਸ਼ਬਦ ਦੀ ਰੰਗਣ ਚੜ੍ਹੀ, ਤਦ ਬਲਵੰਡ ਨੇ ਵਾਰ ਉਚਾਰੀ ਟਿਕੇ ਦੀ ਵਾਰ-ਸਨਮੁਖ ਹੋ ਕੇ ਸੱਤਿ ਤੇ ਨਿਆਂ ਦੀ ਕੀਰਤਿ ਗਾਂਵੀ[੧੬੧]! ਬਖਸ਼ੇ ਗਏ ਭੁਲਣਹਾਰ। ਨਾ ਕੇਵਲ ਬਖਸ਼ੇ ਗਏ, ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਬਾਣੀ ਪਾਵਨ ਬੀੜ ਵਿਚ ਦਰਜ ਕੀਤੀ। ਬਖਸ਼ਿਆ ਗਿਆ ਖਖਸ਼ਾਵਨ ਆਇਆ ਭਾਈ ਲੱਧਾ, ਉਸ ਦਾ ਨਾਮ ਗੁਰੂ ਰਸਨਾ ਤੋਂ ਪੈ ਗਿਆ 'ਭਾਈ ਲੱਧਾ ਪਰਉਪਕਾਰੀ'। ਇਹ ਨਾਮ ਭਾਈ ਗੁਰਦਾਸ ਦੇ ਗਿਣੇ ਸਿੱਖਾਂ ਵਿਚ ਹੈ!

## ਸੂਚਨਾ

ਸੂਰਜ ਪ੍ਰਕਾਸ਼ ਵਿਚ ਇਹ ਵਾਕਿਆ ਸਤੇ ਬਲਵੰਡ ਦਾ ਪੰਜਵੇਂ ਸਤਿਗੁਰਾਂ ਦੇ ਸਮੇਂ ਹੋਇਆ ਲਿਖਿਆ ਹੈ। ਕਾਰਣ ਵਿਸ਼ੇਸ਼ ਇਹ ਭੀ ਜਾਪਦਾ ਹੈ ਕਿ ਭਾਈ ਗੁਰਦਾਸ ਦੇ ੧੧ਵੀਂ ਵਾਰ ਦੇ ਟੀਕੇ-ਭਗਤ ਰਤਨਾਵਲੀ ਵਿਚ ਲੱਧਾ ਜੀ ਦਾ ਨਾਮ ਜਿਥੇ ਕੁ ਆਇਆ ਹੈ ਓਹ ਪੰਜਵੇਂ ਸਤਿਗੁਰ ਦੇ ਸਿਖਾਂ ਵਿਚ ਆਇਆ ਹੈ। ਯਥਾ :- ਭਾਈ ਲੱਧਾ ਪਰਉਪਕਾਰੀ (ਵਾਰ ੧੧-੨੫) ਪਰ ਕਵੀ ਜੀ ਇਹ ਗੱਲ ਬੀ ਲਿਖਦੇ ਹਨ :-

ਸਤੇ ਅਰ ਬਲਵੰਡ ਕਥਾ ਕੋ
ਕੇਤਿਕ ਸਿਖ ਕਹੈਂ ਇਸ ਭਾਇ।
ਸ੍ਰੀ ਗੁਰ ਅਮਰ ਹਦੂਰ ਭਏ ਹੈਂ
ਤਿਨਹੁ ਨਿਕਾਸੇ ਪੁਨਹਿ ਮਿਲਾਇ।

ਪਰ ਕਵੀ ਜੀ ਨੇ ਇਸ ਗੱਲ ਨੂੰ ਆਪ ਨਹੀਂ ਮੰਨਿਆ।

ਚਿਰ ਹੋਇਆ ਹੈ ਕਿ ਟਿਕੇ ਦੀ ਵਾਰ ਦੇ ਟੀਕੇ ਵਿਚ ਅਸਾਂ ਬੀ ਕਵੀ ਸੰਤੋਖ ਸਿੰਘ ਜੀ ਵਾਲੀ ਗੱਲ ਠੀਕ ਸਮਝਕੇ ਧਾਰਨ ਕੀਤੀ ਸੀ। ਪਰ ਠੀਕ ਮਗਰੋਂ ਸਾਨੂੰ ਸੁਰਤ ਪਈ ਕਿ ਅੰਮ੍ਰਿਤਸਰ ਵਾਲੇ ਭਾਈ ਗਿਆਨ ਸਿੰਘ ਜੀ ਗਿਆਨੀ[੧੬੨] ਦੇ ਭਰਾਤਾ ਭਾਈ ਨਿਧਾਨ ਸਿੰਘ ਜੀ ਗਿਆਨੀ ਕਿਹਾ ਕਰਦੇ ਸਨ ਕਿ ਸਾਡੇ ਪਿਤਾ ਭਾਈ ਬਿਸ਼ਨ ਸਿੰਘ ਜੀ ਗਿਆਨੀ ਦੱਸਿਆ ਕਰਦੇ ਸਨ ਕਿ ਇਹ ਵਾਰਤਾ ਦੂਸਰੇ ਗੁਰੂ ਸਾਹਿਬ ਦੇ ਦਰਬਾਰ ਹੋਈ ਹੈ।

ਇਸ ਤੋਂ ਮਗਰੋਂ ਪਹਿਲਾਂ ਸਾਨੂੰ ਮਹਿਮਾ ਪ੍ਰਕਾਸ਼ ਛੰਦਾਬੰਦੀ ਦਾ ਲਿਖਤੀ ਪੁਰਾਤਨ ਗ੍ਰੰਥ ਲੱਭ ਪੈਣ ਦਾ ਸੁਭਾਗ ਹੋਇਆ, ਜੋ ਪੋਥੀ ਸੰਮਤ ੧੯੩੩ ਬਿ: ਦੀ ਲਿਖੀ ਗਈ ਸੀ। ਇਸ ਤੋਂ ਮਗਰੋਂ ਲਿਖਤੀ ਪੋਥੀ ਮਹਿਮਾ ਪ੍ਰਕਾਸ਼ ਵਾਰਤਕ ਵੀ ਮਿਲ ਪਈ, ਜਿਸ ਦਾ ਸੰਮਤ ੧੭੯੮ ਹੈ, (ਸਫਾ ੧੯੨/੨)। ਇਨ੍ਹਾਂ ਦੋਹਾਂ ਮਹਿਮਾ ਪ੍ਰਕਾਸ਼ਾਂ ਵਿਚ ਉਪਰ ਕਥਿਆ ਬਲਵੰਡ ਦਾ ਵਾਕਿਆ ਦੂਸਰੇ ਸਤਿਗੁਰਾਂ ਦੇ ਸਮੇਂ ਹੋਇਆ ਲਿਖਿਆ ਹੈ। ਪਰ ਇਨ੍ਹਾਂ ਵਿਚ ਕਥਾ ਇਤਨੀ ਹੀ ਹੈ ਕਿ ਬਾਬੇ ਬੁੱਢੇ ਦੇ ਕਹਿਣੇ ਬਲਵੰਡ ਨੇ ਕੀਰਤਨ ਨਾ ਕੀਤਾ। ਗੁਰੂ ਜੀ ਨੇ ਸਿਖ ਮਤਿ ਦਿੱਤੀ ਤਾਂ ਗੁੱਸੇ ਹੋ ਕੇ ਟੁਰ ਗਿਆ। ਅਤਿ ਦੁਖੀ ਹੋਇਆ 'ਸਰੀਰ ਬਿਗਰ ਗਿਆ' ਤਾਂ ਸਿਖਾਂ ਪਾਸ ਆ ਕੇ ਰੋਇਆ। ਸਿਖਾਂ ਨੇ ਸਫਾਰਸ਼ ਕੀਤੀ ਤੇ ਸਤਿਗੁਰਾਂ ਨੇ ਬਖਸ਼ ਦਿੱਤਾ। ਹੋਰ ਵਿਵਾਹ ਆਦਿਕ ਦੀ ਗੱਲ ਬਾਤ ਨਹੀਂ ਲਿਖੀ : ਜੋ ਸੂਰਜ ਪ੍ਰਕਾਸ਼ ਆਦਿ ਗ੍ਰੰਥਾਂ ਵਿਚ ਹੈ। ਪਰ ਵਿਵਾਹ ਵਾਲੀ ਗੱਲ ਤੇ ਰੁਪੱਯਾਂ ਪਿਛੇ ਰੁੱਸਣਾ ਤੇ ਗੁਰੂ ਨਾਨਕ ਦੇਵ ਜੀ ਦੀ ਨਿੰਦਾ ਕਰਨੀ ਜੋ ਸੂਰਜ ਪ੍ਰਕਾਸ਼ ਵਿਚ ਹੈ; ਹੋਈ ਹੋਈ ਸਹੀ ਹੁੰਦੀ ਹੈ; ਕਿਉਂਕਿ ਟਿਕੇ ਦੀ ਵਾਰ ਵਿਚ ਉਨ੍ਹਾਂ ਆਪ ਆਖੀਆਂ ਗੱਲਾਂ ਦਾ ਉਧਾਰ ਉਨ੍ਹਾਂ ਵਲੋਂ ਹੀ ਸਪਸ਼ਟ ਪਿਆ ਦਿੱਸਦਾ ਹੈ। ਚਾਹੋ ਦੁਇ ਪ੍ਰਸੰਗ ਦੂਸਰੀ ਪਾਤਸ਼ਾਹੀ ਦੇ ਸਮੇਂ ਹੋਏ, ਚਾਹੋ ਪਹਿਲਾਂ ਬਾਬੇ ਬੁੱਢੇ ਵਾਲਾ ਦੂਸਰੇ ਸਤਿਗੁਰਾਂ ਦੇ ਵੇਲੇ ਤੇ ਦੂਸਰਾ ਨਿੰਦਾ ਕਰਨ ਵਾਲਾ ਪੰਜਵੇਂ ਸਤਿਗੁਰਾਂ ਦੇ ਵੇਲੇ ਹੋਇਆ ਤੇ ਚਾਹੇ ਤੀਸਰੇ ਸਤਿਗੁਰੂ ਵੇਲੇ ਹੋਇਆ[੧੬੩]।

ਦੁਇ ਮਹਿਮਾ ਪ੍ਰਕਾਸ਼ ਇਸ ਵਕਤ ਤੱਕ ਦੇ ਮਿਲੇ ਗ੍ਰੰਥਾਂ ਵਿਚੋਂ ਪੁਰਾਤਨ ਗ੍ਰੰਥ ਹੋਣ ਕਰਕੇ ਅਸਾਂ ਬਲਵੰਡ ਦਾ ਪ੍ਰਸੰਗ ਏਥੇ ਦੂਸਰੀ ਪਾਤਸ਼ਾਹੀ ਦੇ ਜੀਵਨ ਵਿਚ ਦੇ ਦਿੱਤਾ ਹੈ, ਪਰ ਅਜੇ ਹੋਰ ਖੋਜ ਜਾਰੀ ਰਖੀ ਹੋਈ ਹੈ।


www.sikhbookclub.com

ਮਹਿਮਾ ਪ੍ਰਕਾਸ਼ ਵਾਰਤਕ ਵਿਚ ਲਿਖਿਆ ਹੈ ਕਿ 'ਤਬ ਬਲਵੰਡ ਨੇ ਟਿਕੇ ਦੀ ਵਾਰ ਆਖੀ'। ਪਰ ਮਹਿਮਾ ਪ੍ਰਕਾਸ਼ ਛੰਦਾ ਬੰਦੀ ਅਨੁਸਾਰ ਬਲਵੰਡ ਨੇ ਚਾਰ ਪਉੜੀਆਂ ਤਾਂ ਬਖਸ਼ੇ ਜਾਣ ਵੇਲੇ ਉਚਾਰੀਆਂ ਤੇ ਪੰਜਵੀਂ ਤਦੋਂ ਉਚਾਰੀ ਜਦੋਂ ਗੁਰੂ ਜੀ ਖਾਨ ਰਜਾਦੇ ਤੋਂ ਫੇਰ ਖਡੂਰ ਮੁੜਕੇ ਆਏ।

ਤੀਜੀ ਵਿਚ ਨਾਮ ਬਲਵੰਡ ਦਾ ਹੈ। ਪੰਜ ਪਉੜੀਆਂ ਤੋਂ ਬਾਦ ਟਿਕੇ ਦੀ ਵਾਰ ਦੀ ਪਉੜੀ ਪੰਜ ਤੇ ਛੇ ਵਿਚ ਸਤੇ ਦਾ ਨਾਮ ਹੈ। ਸੋ ਪਹਿਲੀਆਂ ਪੰਜ ਬਲਵੰਡ ਤੇ ਪਿਛਲੀਆਂ ਤ੍ਰੈ ਸਤੇ ਦੀਆਂ ਸਹੀ ਹੁੰਦੀਆਂ ਹਨ; ਪਹਿਲੀਆਂ ਪੰਜਾਂ ਦੀ ਰਚਨਾ ਤੇ ਦੂਜੀਆਂ ਤਿੰਨਾਂ ਦੀ ਰਚਨਾ ਸਪਸ਼ਟ ਦੋ ਪੁਰਖਾਂ ਦੀ ਰਚਨਾ ਦਿੱਸ ਰਹੀ ਹੈ। ਪੰਜਾਂ ਵਿਚ ਦੂਸਰੇ ਸਾਹਿਬਾਂ ਦਾ ਜ਼ਿਕਰ ਚਲਦਾ ਹੈ, ਛੇਵੀਂ ਵਿਚ ਤੀਸਰੇ ਸਾਹਿਬਾਂ ਦਾ, ਸੱਤਵੀਂ ਵਿਚ ਚੌਥੇ ਸਾਹਿਬਾਂ ਦਾ ਤੇ ਅੱਠਵੀਂ ਵਿਚ ਪੰਜਵੇਂ ਸਾਹਿਬਾਂ ਦਾ ਹੈ।

ਜੇ ਵਾਰ ਦੋਹਾਂ ਨੇ ਇਕ ਸਮੇਂ ਰਚੀ ਤਾਂ ਵਾਕਿਆ ਪੰਜਵੇਂ ਸਾਹਿਬਾਂ ਦੇ ਸਮੇਂ ਹੋਇਆ ਸਹੀ ਹੋਇਆ। ਜੇ ਬਲਵੰਡ ਨੇ ਪੰਜਵੀਂ ਪਉੜੀ ਖਡੂਰ ਮੁੜ ਆਉਣ ਤੇ ਆਖੀ, ਜੈਸਾ ਕਿ ਉਸ ਦੀ ਇਬਾਰਤ ਦੱਸਦੀ ਹੈ, ਤਾਂ ਪਹਿਲੀਆਂ ਚਾਰ ਜ਼ਰੂਰ ਪਹਿਲੇ ਕਹੀਆਂ ਹੋਣਗੀਆਂ; ਇਸ ਤੇ ਵਾਕਿਆ ਦੂਸਰੇ ਸਾਹਿਬਾਂ ਦੇ ਵੇਲੇ ਹੋਇਆ ਹੋਇਆ ਸਹੀ ਹੋ ਗਿਆ। ਫੇਰ ਸੱਤੇ ਦੀਆਂ ਮਗਰਲੀਆਂ ਤ੍ਰੈ ਹਰ ਗੁਰੂ ਸਾਹਿਬ ਦੇ ਤਿਲਕ ਸਮੇਂ ਉਚਾਰੀਆਂ ਮੰਨਣੀਆਂ ਹੋਣਗੀਆਂ। ਇਸ ਵਾਰ ਦਾ ਪ੍ਰਸਿਧ ਨਾਮ ਬੀ 'ਟਿਕੇ ਦੀ ਵਾਰ' ਇਸੇ ਕਰਕੇ ਪਿਆ ਸਹੀ ਹੁੰਦਾ ਹੈ। ਯਾ ਇਉਂ ਕਿ ਪਹਿਲਾ ਵਾਕਿਆ ਭਾਈ ਬੁੱਢੇ ਵਾਲਾ ਤਾਂ ਦੂਸਰੇ ਸਾਹਿਬਾਂ ਵੇਲੇ ਹੋਇਆ ਤੇ ਦੂਸਰਾ ਵਾਕਿਆ ਧੀ ਦੇ ਵਿਆਹ ਵਾਲਾ ਤੀਸਰੇ ਯਾ ਪੰਜਵੇਂ ਸਤਿਗੁਰਾਂ ਦੇ ਵੇਲੇ ਹੋਇਆ, ਕਿਉਂਕਿ ਸੱਤਾ ਬੀ 'ਦਾਨ' ਦਾ ਜ਼ਿਕਰ ਕਰਦਾ ਹੈ।

ਯਥਾ :- ਦਾਨ ਜਿ ਸਤਿਗੁਰ ਭਾਵਸੀ
ਸੋ ਸਤੇ ਦਾਣੁ ॥

ਜਿਸ ਵਿਚ ਮੰਨਿਆ ਹੈ ਕਿ ਅਸਾਂ ਜੋ ਐਨਾ ਹੀ ਦਾਨ ਲੈਣ ਦਾ ਹਠ ਕੀਤਾ ਸੀ ਗਲਤ ਸੀ; ਜੋ ਗੁਰੂ ਨੂੰ ਭਾਵੇ ਉਹੀ ਦਾਨ ਠੀਕ ਹੈ। ਇਹ ਗੱਲ ਉਹ ਤੀਸਰੇ ਸਤਿਗੁਰ ਲਈ ਉਚਾਰੀ ਪਉੜੀ ਵਿਚ ਲਿਖਦਾ ਹੈ, ਜਿਸ ਤੋਂ ਇਸ ਵਾਕਿਆ ਦੇ ਹੋਣ ਦੀ ਕੁਛ ਸੰਭਾਵਨਾ ਤੀਸਰੇ ਸਤਿਗੁਰ ਦੇ ਸਮੇਂ ਤੇ ਜਾ ਪੈਂਦੀ ਹੈ। ਹਰ ਹਾਲ ਸਮਾਂ ਠੀਕ ਨਿਸਚਿਤ ਕਰਨੇ ਲਈ ਹੋਰ ਖੋਜ ਦੀ ਅਜੇ ਕੁਛ ਅਕਾਂਖਯਾ ਹੈ। ਵਿਸ਼ੇਸ਼ ਸਹੀ ਗੱਲ ਹੁਣ ਤੱਕ ਸਾਮਾਨਾਂ ਤੋਂ ਇਹੀ ਸਿੱਧ ਹੁੰਦੀ ਹੈ ਕਿ ਪਹਿਲੀਆਂ ਚਾਰ ਪਉੜੀਆਂ ਬਲਵੰਡ ਨੇ ਬਖਸ਼ੇਜਾਨ ਪਰ ਦੂਜੇ ਸਤਿਗੁਰਾਂ ਦੇ ਸਮੇਂ ਉਚਾਰੀਆਂ, ਪੰਜਵੀਂ ਪਉੜੀ ਦੂਸਰੇ ਸਤਿਗੁਰ ਜੀ ਦੇ ਖਾਨ ਰਜਾਦੇ ਤੋਂ ਖਡੂਰ ਵਾਪਸ ਆਉਣ ਪਰ ਬਲਵੰਡ ਨੇ ਉਚਾਰੀ ਤੇ ਅਗਲੀਆਂ ਤਿੰਨ ਤੀਜੇ, ਚੌਥੇ ਤੇ ਪੰਜਵੇਂ ਗੁਰੂ ਸਾਹਿਬਾਂ ਦੀ ਗੱਦੀ ਸਮੇਂ 'ਸੱਤੇ' ਨੇ ਉਚਾਰੀਆਂ।

## ੩੫. ਚੌਧਰੀ ਮਲੂਕਾ (ਮਿਰਗੀ)

ਗੁਰੂ ਜੀ ਦੀ ਆਤਮ ਆਭਾ ਤੇ ਸਤਯਾ ਦਾ ਇਹ ਅਸਰ ਸੀ ਕਿ ਆਪ ਜੀ ਦੇ ਵਾਕ ਸੱਤਾ ਨਾਲ ਤਾਂ ਰੋਗੀ ਰਾਜੀ ਹੁੰਦੇ ਹੀ ਸਨ, ਸਗੋਂ ਲਿਖਿਆ ਹੈ ਕਿ ਸਵੇਰੇ ਸਮਾਧੀ ਮਗਰੋਂ ਜਦ ਕਿਸੇ ਤੇ ਪਹਿਲੀ ਨਜ਼ਰ ਪੈਂਦੀ ਤਾਂ ਉਸ ਨੂੰ ਅਰੋਗਤਾ ਹੋ ਜਾਂਦੀ। ਇਸ ਕਰਕੇ ਦੂਰੋਂ ਦੂਰੋਂ ਲੋਕੀਂ ਆ ਹਾਜ਼ਰ ਹੁੰਦੇ ਤੇ ਸਰੀਰਕ ਤੇ ਆਤਮਕ ਸੁਖ ਲੈਂਦੇ, ਪਿੱਛੇ ਇਹ ਗਲ ਦੱਸ ਆਏ ਹਾਂ। ਖਡੂਰ ਵਿਚ ਇਕ ਤਾਂ ਸੀ ਚੌਧਰੀ ਮਹਿਮਾ, ਮਾਈ ਵਿਰਾਈ ਦਾ ਘਰ ਵਾਲਾ। ਇਸ ਦਾ ਨਿਸਚਾ ਭਰੋਸਾ ਆਪਣੀ ਸੁਭਾਗ ਇਸਤ੍ਰੀ ਵਾਂਙੂ ਅਨਿੰਨ ਸੀ ਸ੍ਰੀ ਗੁਰੂ ਜੀ ਉਪਰ। ਦੂਸਰਾ ਚੌਧਰੀ ਸੀ, ਜਿਸਦਾ ਨਾਮ ਸੀ ਤਖਤ ਮਲ ਖਹਿਰਾ। ਇਹ ਬੀ ਗੁਰੂ ਅੰਗਦ ਦੇਵ ਜੀ ਦਾ ਸਿਖ ਹੋ ਗਿਆ ਸੀ। ਗੁਰੂ ਕੇ ਲੰਗਰ ਵਿਚ ਦੁੱਧ ਪਹਿਲੋਂ ਏਸੇ ਘੱਲਣਾ ਸ਼ੁਰੂ ਕੀਤਾ ਲਿਖਿਆ ਹੈ। ਇਹ ਆਏ ਗਏ ਸਿਖ ਸੇਵਕ ਦੀ ਸੇਵਾ ਸੰਭਾਲ ਵਿਚ ਬੀ ਹਿੱਸਾ ਲੈਂਦਾ ਹੁੰਦਾ ਸੀ[੯੪]।

ਇਕ ਹੋਰ ਸੀ ਚਉਧਰੀ ਇਸ ਦਾ ਨਾਂ ਸੀ ਮਲੂਕਾ[੯੫]। ਇਹ ਸ਼ਰਾਬੀ ਕਬਾਬੀ ਬੀ ਤਕੜਾ ਸੀ। ਇਹ ਚੌਧਰੀ ਗੁਰੂ ਜੀ ਨਾਲ ਖੁਣਸ ਰਖਦਾ ਸੀ, ਇਸ ਚੌਧਰੀ ਨੂੰ ਮਿਰਗੀ ਦੀ ਬਿਮਾਰੀ ਹੋ ਗਈ


www.sikhbookclub.com

ਸੀ[੧੬੬]। ਬਥੇਰੇ ਦਵਾ ਦਾਰੂ ਕੀਤੇ। ਪਿੰਡ ਦੇ ਜੋਗੀ ਨੇ ਭੀ ਆਪਣੇ ਕਈ ਵਾਹ ਲਾਏ, ਪਰ ਮਿਰਗੀ ਪੈਣੋਂ ਨਾ ਹਟੀ। ਫੇਰ ਉਸ ਦੇ ਸਾਕ ਸੈਨ ਉਸ ਨੂੰ ਪ੍ਰੇਰਕੇ ਗੁਰੂ ਕੇ ਹਜ਼ੂਰ ਲੈ ਆਏ। ਚੌਧਰੀ ਮੱਥਾ ਟੇਕ ਕੇ ਬੈਠ ਗਿਆ। ਸਤਿਗੁਰ ਨੇ ਸੁਖ ਸਾਂਦ ਪੁੱਛੀ ਤਾਂ ਉਸ ਦੱਸਿਆ ਹੋਰ ਤਾਂ ਸਾਰੇ ਸੁਖ ਹਨ; ਇਕ ਮਿਰਗੀ ਦੀ ਕਸਰ ਆ ਪੈਂਦੀ ਹੈ, ਉਸ ਨੇ ਜੀਵਨ ਕੌੜਾ ਕਰ ਰਖਿਆ ਹੈ। ਸਤਿਗੁਰੂ ਜੀ ਨੇ ਪੁਛਿਆ : ਖਾਂਦੇ ਪੀਂਦੇ ਕੀਹ ਹੋ ? ਤਾਂ ਚੌਧਰੀ ਨੇ ਸਾਰਾ ਕੁਛ ਦੱਸਿਆ। ਫੇਰ ਅਪ ਨੇ ਪੁਛਿਆ : ਸ਼ਰਾਬ ਬੀ ਵਰਤਦੇ ਹੋ ? ਆਖਣ ਲੱਗਾ : ਉਸੇ ਦੇ ਆਸਰੇ ਚਾਰ ਦਿਹੁ ਚੰਗੇ ਲੰਘਦੇ ਹਨ। ਗੁਰੂ ਜੀ ਸੁਣਕੇ ਚੁਪ ਕਰ ਗਏ ਤੇ ਰੁਖ ਹੋਰ ਪਾਸੇ ਕਰ ਲਿਆ। ਚੌਧਰੀ ਨੇ ਫੇਰ ਹੱਥ ਜੋੜੇ ਤੇ ਉਸ ਦੇ ਸਾਥੀ ਨੇ ਆਖਿਆ-ਮਹਾਰਾਜ ਕਰੋ ਕਰਪਾ, ਕੋਈ ਰੇਖ ਵਿਚ ਮੇਖ ਮਾਰੋ ਜੋ ਕੀਤੇ ਮਿਟ ਜਾਨ ਤੇ ਚੌਧਰੀ ਵੱਲ ਹੋ ਜਾਵੇ।

ਗੁਰੂ ਜੀ-ਭਾਈ ਚੌਧਰੀ! ਤੂੰ ਸ਼ਰਾਬ ਨੂੰ ਛੱਡ ਦੇਹ, ਤੈਨੂੰ ਮਿਰਗੀ ਛੱਡ ਜਾਵੇਗੀ[੧੬੭]। ਫੇਰ ਪੀਏਂਗੀ ਤੇ ਫੇਰ ਨਹੀਂ ਰੁਕੇਗੀ।

ਚੌਧਰੀ-ਹਛਾ!...ਸ਼ਰਾਬ ਛੱਡ ਦਿਆਂ ਤਾਂ...। ਕਸੀਸ ਵੱਟਕੇ, ਲਓ ਗੁਰੂ ਜੀ ਛੱਡੀ ਤੇ ਹੁਣ ਤੋਂ ਛੱਡ ਦਿੱਤੀ ਸ਼ਰਾਬ।

ਗੁਰੂ ਜੀ-ਸ਼ਾਬਾਸ਼ ਚੌਧਰੀ! ਫੇਰ ਮਿਰਗੀ ਬੀ ਗਈ ਸ਼ਰਾਬ ਦੇ ਨਾਲ।

ਮੱਥਾ ਟੇਕ ਕੇ ਚਲਾ ਗਿਆ ਚੌਧਰੀ ਤੇ ਸਚਮੁਚ ਛਡ ਦਿੱਤੀ ਓਸ ਸ਼ਰਾਬ। ਮਿਰਗੀ ਬੀ ਮੁੜ ਨਹੀਂ ਪਈ। ਲੰਘ ਗਏ ਕੋਈ ਦੋ ਕਿ ਵਧੀਕ ਬਰਸ, ਪਰ ਫੇਰ ਰਉਂ ਆ ਗਿਆ ਸ਼ਰਾਬ ਪੀਣ ਦਾ[੧੬੮]।

ਇਕ ਦਿਨ ਕਾਲੀਆਂ ਘਟਾਂ ਚੜ੍ਹੀਆਂ ਚੌਧਰੀ ਧੁਰ ਛਤੇ ਬੈਠਾ ਪੀ ਪੀ ਕੇ ਮਤਵਾਲਾ ਹੋ ਗਿਆ। ਲਗਾ ਨਸ਼ੇ ਦੇ ਜ਼ੋਰ ਬਕਣ ਤੇ ਝੂਮਣ, ਉੱਲਰਨ; ਇਸੇ ਹਾਲ ਘੁੰਮਦਾ ਛਤੋਂ ਡਿੱਗ ਪਿਆ ਤੇ ਸੈਆਂ ਵਰਿਹਾਂ ਦਾ ਹੋ ਗਿਆ। ਹਾਂ, ਭੈੜੀ ਵਹਿਬਤ ਦਾ ਸ਼ਿਕਾਰ ਹੋ ਗਿਆ।

ਇਹ ਬੀ ਲਿਖਿਆ ਹੈ ਕਿ ਖਡੂਰ ਵਿਚ ਇਕ ਜੋਗੀ ਸ਼ਰਾਬੀ ਸੀ ਤਕੜਾ। ਇਸ ਨੂੰ ਉਸ ਦੀ ਸੁਹਬਤ ਸੀ। ਇਸ ਦੀ ਸੁਹਬਤ ਵਿਚ ਫੇਰ ਪੀਣ ਲੱਗ ਪਿਆ।

ਬਾਰ ਬਾਰ ਉਹੀ ਕਰਮ ਕਰਦਿਆਂ ਸੁਭਾਵ ਬਣ ਜਾਂਦਾ ਹੈ, ਸੁਭਾਵ ਬੜਾ ਪ੍ਰਬਲ ਹੁੰਦਾ ਹੈ। ਜੇ ਕਿਵੇਂ ਸੁਭਾਵ ਨੂੰ ਮੋੜਾ ਪੈ ਜਾਏ ਤਾਂ ਮਾੜੀ ਸੁਹਬਤ ਕਿ ਕੁਸੰਗ ਫੇਰ ਵਹਬਤਾਂ ਨੂੰ ਜਗਾ ਦੇਂਦਾ ਹੈ।

ਗੁਰੂ ਜੀ ਨੇ ਉਸ ਦਿਨ ਆਪਣੇ ਦੀਵਾਨ ਦੇ ਕੀਰਤਨ ਵਿਚ ਅਲਾਹਣੀਆਂ ਦੇ ਸ਼ਬਦਾਂ ਦਾ ਉਚਾਰ ਕਰਵਾਇਆ, ਜੋ ਸਿਖਾਂ ਨੂੰ ਮੌਤ ਯਾਦ ਰਹੇ ਤੇ ਮਾੜੇ ਕੰਮਾਂ ਵਿਚ ਪਰਵਿਰਤ ਨਾ ਹੋਇਆ ਕਰਨ।

## ੩੯. ਹਰੀ ਕੇ ਦਾ ਸਫਰ-ਬਖਤਾਵਰ

**ਸੰਮਤ** ੧੬੦੪ ਦੇ ਲਗਪਗ ਸਤਿਗੁਰ ਜੀ ਨੇ ਇਕ ਛੋਟਾ ਜਿਹਾ ਸਫਰ ਕੀਤਾ। ਵੈਰੋਵਾਲ ਲਾਗੋਂ ਬਿਆਸਾ ਪਾਰ ਹੋ ਕੇ ਕੁਛ ਪਿੰਡਾਂ ਵਿਚ ਠਹਿਰਦੇ ਸੁਲਤਾਨਪੁਰ ਗੁਰੂ ਬਾਬੇ ਦੇ ਟਿਕਾਣੇ ਦਾ ਦਰਸ਼ਨ ਕਰਦੇ ਤੇ ਸਤਿਨਾਮ ਦਾ ਉਪਦੇਸ਼ ਦੇਂਦੇ ਸਤਲੁਜ ਪਾਰ ਹੋ, ਮਾਲਵੇ ਵਿਚ ਵਿਚਰਕੇ ਆਪਣੀ ਜਨਮਭੂਮੀ-ਮੱਤੇ ਦੀ ਸਰਾਂ ਜਾ ਪਹੁੰਚੇ[੧੬੯]। ਉਹ ਕਦੇ ਘੁਘ ਵਸਦਾ ਪਿੰਡ ਹੁਣ ਉਜਾੜ ਹੋਇਆ ਪਿਆ ਸੀ। ਉਜਾੜ ਵਿਚ ਵਸਤੀ ਵੇਖਣ ਵਾਲੇ ਗੁਰੂ ਜੀ ਡੇਰਾ ਲਾਕੇ ਦੋ ਚਾਰ ਦਿਨ ਏਥੇ ਠਹਿਰੇ। ਕਰਤਾਰ ਦੇ ਰੰਗ ਦੇਖਦੇ ਦਿਖਾਉਂਦੇ, ਵੈਰਾਗੀਆ ਚਾਉ ਨਾਲ ਨਾਮ ਦ੍ਰਿੜਾਉਂਦੇ ਏਥੋਂ ਫੇਰ ਪਰਤ ਪਏ ਤੇ ਹਰੀਕੇ[੧੭੦] ਆਣ ਠਹਿਰੇ। ਜਦੋਂ ਬਾਬਾ ਫੇਰੂ ਜੀ ਨੇ ਮੱਤੇ ਦੀ ਸਰਾਂ ਦਾ ਰਹਿਣਾ ਛੱਡਿਆ ਸੀ ਤਾਂ ਖਡੂਰ ਜਾਣ ਤੋਂ ਪਹਿਲਾਂ ਕੁਛ ਥੋੜਾ ਕਾਲ ਏਥੇ ਠਹਿਰੇ ਸਨ। ਪਰ ਥੋੜ੍ਹਾ ਹੀ ਵਿਹਾਰ ਕਾਰ ਕਰਕੇ ਫੇਰ ਏਥੋਂ ਸੰਘਰ ਚਲੇ ਗਏ ਸਨ। ਉਸ ਸਮੇਂ ਦੇ ਗੁਰੂ ਜੀ ਦੇ ਕਈ ਮੇਲੀ ਤੇ ਜਾਣੂ ਪਛਾਣੂ ਏਥੇ ਵਸਦੇ ਸੇ। ਸੋ ਸੁਣਕੇ ਬੜੇ ਚਾਉ ਨਾਲ ਮਿਲਨੇ ਆਏ ਤੇ ਹੋਰ ਸੰਗਤਾਂ ਬੀ ਬਹੁਤ ਆਈਆਂ। ਸਤਿਸੰਗ ਦਾ ਪ੍ਰਵਾਹ ਚਲਦਾ ਰਿਹਾ ਤੇ ਗੁਰ ਨਾਨਕ ਫੇਰੀ ਵਰਗਾ ਰੰਗ ਲੱਗਾ ਰਿਹਾ।

ਇਥੇ ਇਕ ਬਖਤਾਵਰ ਨਾਮੇ ਚੌਧਰੀ ਰਹਿੰਦਾ ਸੀ ਜੋ ਪਿੰਡ ਦਾ ਸਿਰਕਰਦਾ ਸੀ ਤੇ ੧੦-੧੨ ਪਿੰਡਾਂ ਦਾ ਮਾਮਲਾ ਭਰਦਾ ਸੀ। ਇਹ ਬੀ ਤਦੋਂ ਦਾ ਗੁਰੂ ਜੀ ਦਾ


www.sikhbookclub.com

ਜਾਣੂ ਸੀ। ਓਦੋਂ ਉਹ ਛੋਟੀ ਉਮਰੇ ਸੀ ਤੇ ਸਿਰਕਰਦਾ ਉਸ ਦਾ ਪਿਉ ਸੀ। ਸੋ ਪਹਿਲੀ ਉਮਰਾ ਦੀ ਸਿਆਣ ਕਰਕੇ ਤੇ ਇਹ ਸੁਣਕੇ ਕਿ ਆਪ ਹੁਣ ਗੁਰੂ ਨਾਨਕ ਦੇਵ ਦੀ ਗੱਦੀ ਤੇ ਹਨ, ਮਿਲਨ ਦੀ ਆਸਾ ਧਾਰ ਖੜੋਤਾ। ਸੁਨੇਹਾ ਘੱਲਿਓਸੁ ਕਿ ਮੈਂ ਮਿਲਨ ਆ ਰਿਹਾ ਹਾਂ[੧੭੧]। ਗੁਰੂ ਜੀ ਨੇ ਉਸ ਦੇ ਸਤਿਕਾਰ ਲਈ ਆਗਿਆ ਕੀਤੀ ਕਿ ਬੈਠਣੇ ਲਈ ਮੂਹਣਾ ਉਚਾ ਮੂੜ੍ਹਾ ਡਾਹ ਦਿਓ। ਪਰ ਉਹ ਜਦ ਆਇਆ ਤਾਂ ਆਪਣੀ ਸਰਦਾਰੀ ਦੇ ਮਾਨ ਵਿਚ ਨਾ ਤਾਂ ਕੋਈ ਸਲਾਮ ਦੁਆ ਕਿ ਰਾਮ ਰਮਈਆ ਕੀਤਾ, ਨਾ ਸਿਰ ਨਿਵਾਯਾ, ਨਾ ਮੂੜ੍ਹੇ ਵਲ ਤੱਕਿਆ, ਸਿੱਧਾ ਸ੍ਰੀ ਗੁਰੂ ਜੀ ਦੇ ਪਲੰਘ ਉਤੇ ਸਿਰ੍ਹਾਣੇ ਤੇ ਟੋ ਬੈਠਾ। ਸਹਨਸ਼ੀਲ ਸ੍ਰੀ ਗੁਰੂ ਜੀ ਨੇ ਆਖਿਆ : ਆਉ ਚਉਧਰੀ! ਜੀਉ ਆਇਆਂ ਨੂੰ, ਰਾਜੀ ਪ੍ਰਸੰਨ ਹੋ?

ਚਉਧਰੀ–ਬੜਾ ਸੁਖੀ ਹਾਂ।

ਇਹ ਕਹਿ ਕੇ ਚਉਧਰੀ ਨੇ ਸੰਗਤ ਵਲ ਡਿੱਠਾ ਤਾਂ ਸਮਝ ਗਿਆ ਕਿ ਉਸ ਦੇ ਬੈਠਣ ਦੇ ਤ੍ਰੀਕੇ ਨੂੰ ਸਭਾ ਨੇ ਅਸਭ੍ਯ ਸਮਝਿਆ ਹੈ। ਤਦ ਆਪਣੇ ਮਦ ਵਿਚ ਮੱਤਾ ਆਪੇ ਹੀ ਬੋਲ ਪਿਆ :– 'ਕਿਉਂ ਘੂਰ ਘੂਰ ਵੇਂਹਦੇ ਹੋ? ਇਹ ਗੁਰੂ ਹੈ ਤਾਂ ਮੈਂ ਬੀ ਚਉਧਰੀ ਹਾਂ ਬਹੱਤਰ ਪਿੰਡਾਂ ਦਾ। ਨਾਲੇ ਬੇਲੀ ਹਾਂ ਛੋਟੀ ਉਮਰਾ ਦੇ।' ਗੁਰੂ ਜੀ ਮੁਸਕਰਾ ਪਏ, ਤੇ ਬੈਠੀ ਹੋਈ ਸਾਰੀ ਸਭਾ ਚੁਪ ਰਹੀ। ਚਉਧਰੀ ਫੇਰ ਬੋਲਿਆ ਉਸੇ ਖੁੱਲ੍ਹ ਡੁੱਲ੍ਹਵੀਂ ਸੁਰ ਵਿਚ ਸਾਂਈਂ ਨੇ ਬਹੁਤ ਤੋਂ ਬੀ ਵੱਧ ਦੇ ਦਿੱਤਾ ਹੈ, ਮੈਂ ਅਗੋਂ ਹੋਰ ਵਧਾਉਂਦਾ ਹਾਂ ਪਿਆ। ਤੁਹਾਨੂੰ ਭੀ ਲੱਭ ਪਿਆ ਹੈ ਹੋਰ ਕੁਛ ਜੋ ਸੁਣਿਆ ਹੈ ਕਿ ਲੋਕਾਂ ਨੂੰ ਦੇਂਦੇ ਹੋ, ਕੁਛ ਸਾਨੂੰ ਬੀ ਦਿਓ ਪੁਰਾਣੇ ਬੇਲੀਆਂ ਨੂੰ, ਹੈਂ... ?

ਗੁਰੂ ਜੀ ਬੋਲੇ–ਚਉਧਰੀ ਜੀਓ! ਮੈਨੂੰ ਕਿਸੇ ਦਿਨ ਖਟਦੇ ਕਮਾਉਂਦੇ ਨੂੰ ਸੋਝੀ ਆਈ ਕਿ ਏਥੋਂ ਚਲਣਾ ਸਹੀ ਸੱਚ ਹੈ। ਕਿਸੇ ਨੇ ਏਥੇ ਸਦਾ ਨਹੀਂ ਰਹਿਣਾ, ਤਾਂ ਮੈਂ ਭੱਜ ਕੇ ਸਦਾ ਰਹਿਣ ਦੀ ਸੋਝੀ ਵਾਲੇ ਦੀ ਸ਼ਰਣ ਜਾ ਪਿਆ। ਉਸ ਨੇ ਮੈਨੂੰ ਅਣਹੋਂਦ ਦਾਨ ਦਿੱਤੀ ਤੇ ਜਾਚ ਦੱਸੀ ਕਿ ਇਸ ਨੂੰ ਵੰਡਿਆ ਕਰ। ਤੈਨੂੰ ਦਾਤੇ ਨੇ ਹੋਂਦ ਦਿੱਤੀ ਹੈ ਜਿਸ ਦਾ ਤੈਨੂੰ ਮਾਨ ਹੈ, ਪਰ ਦੁਖ ਕਿ ਦੁਨੀਆਂ ਦਾ ਵਰਤਾਰਾ ਕੀ ਹੈ? ਜਿੰਨੀ ਬਹੁਤ ਸਾਈਂ ਆਪਣੇ ਗੁਮਾਸ਼ਤੇ ਨੂੰ ਦਿੰਦਾ ਹੈ ਉਨੀ ਬਹੁਤੀ ਦਾ ਆਪਣੇ ਗੁਮਾਸ਼ਤੇ ਤੋਂ ਲੇਖਾ ਲੈਂਦਾ ਹੈ। ਜਿਸਨੂੰ ਥੋੜੀ ਦੇਂਦਾ ਹੈ, ਥੋੜੀ ਦਾ ਲੇਖਾ ਲੈਂਦਾ ਹੈ। ਜਿਸ ਨੂੰ ਅਣਹੋਂਦ ਦੇਂਦਾ ਹੈ, ਉਸ ਦਾ ਲੇਖਾ ਦੇਣ ਵੇਲੇ ਹੀ ਨਿਬੜ ਚੁਕਾ ਹੁੰਦਾ ਹੈ।

ਚਉਧਰੀ ਦੇ ਅੰਦਰ ਬਹੁਤੀ ਦਾ ਮਾਣ ਸੀ, ਪਰ ਗੁਰੂ ਜੀ ਦੇ ਥੋੜੇ ਅੱਖਰਾਂ ਨੇ ਬਾਣ ਤੇ ਚੜ੍ਹੇ ਤੀਰ ਵਾਂਙੂ ਅਮੋਘ ਘਾਉ ਕੀਤਾ, ਸੋਚ ਫੁਰੀ, ਕਿ 'ਸਾਂਈ ਨੇ ਦਿੱਤਾ ਮੈਂ ਆਖਿਆ ਸੀ' ਤੇ ਹੈਂ ਕੀਹ ਸਾਂਈਂ ਲੇਖਾ ਭੀ ਲਏਗਾ? ਮੈਂ ਤਾਂ ਗੁਮਾਸ਼ਤਾ ਹੀ ਹੋਇਆ ਨਾ; ਠੀਕ...।

ਗੁਰੂ ਜੀ–ਬਹੁਤੀ ਵਾਲੇ ਨੂੰ ਬਹੁਤੀ ਦਾ ਲੇਖਾ ਦੇਣਾ ਪਏਗਾ।

ਚੌਧਰੀ ਸੋਚ ਵਿਚ ਸੀ, ਹੋਰ ਸੋਚ ਵਿਚ ਹੋ ਗਿਆ।

ਗੁਰੂ ਜੀ–ਭਾਈ ਜਗਤ ਇਕ ਖੇਲ ਅਖਾੜਾ ਹੈ, ਇਹ ਮੁਕਦਾ ਹੈ, ਮੌਤ ਮੁਕਾ ਦੇਂਦੀ ਹੈ। ਕਿਥੇ ਹੈਨ ਪਿਤਾ ਪਿਤਾਮਾ, ਬਹੁਤੀਆਂ ਵਾਲੇ? ਚਲੇ ਗਏ ਬਹੁਤੀਆਂ ਛੱਡ ਕੇ।...

ਚਉਧਰੀ ਜੀਓ! ਅੱਗੇ ਚਲ ਕੇ ਇਥੋਂ ਦੀ ਖੇਲ ਨੂੰ ਫਲ ਲਗਦੇ ਹਨ, ਜਿਵੇਂ ਏਥੇ ਅਜ ਦੇ ਬੀਜੇ ਫ਼ਸਲ ਸਮੇਂ ਫਲਦੇ ਹਨ। ਸਾਈਂ ਅਖਾੜਾ ਦੇਖਣਹਾਰ ਜਿਨ੍ਹਾਂ ਨੂੰ ਓਦੋਂ ਥਾਪੜੇ ਦਏਗਾ ਸੋ ਮਾਲੀ ਲੈਣਗੇ। ਅਗੇ ਧੰਨ ਦੀ ਪੁੱਛ ਨਹੀਂ, ਜ਼ੋਰ ਦੀ ਪੁੱਛ ਨਹੀਂ, ਜਾਤ ਦੀ ਪੁੱਛ ਨਹੀਂ, ਅੱਗੇ ਤਾਂ ਜੀਵ ਜੋ ਨਵੇਂ ਨਕੋਰ ਕਪੜੇ ਵਾਂਗੂ ਨਵੇਂ ਨਵੇਂ ਹੁੰਦੇ ਹਨ, ਉਹਨਾਂ ਦੀ ਪੁੱਛ ਹੁੰਦੀ ਹੈ। ਅਖਾੜਾ ਹੈ, ਸੰਸਾਰੀ ਘੁਲ ਰਹੇ ਹਨ ਸਾਰੇ, ਜੋ ਮੋਹ ਮਾਯਾ ਨੂੰ ਜਿੱਤ ਜਾਣਗੇ ਦਰ ਪਰਵਾਨ ਹੋਣਗੇ। ਸੁਣ ਚਉਧਰੀ ਸਤਿਗੁਰ ਨਾਨਕ ਦੇਵ ਦੇ ਵਾਕ :–

ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥
ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥
ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥੩॥

(ਵਾਰ ਆਸਾ ਮ: ੧-੧੧)

ਚਉਧਰੀ (ਬਹੁਤ ਨਰਮ ਹੋ ਕੇ)–ਤੇ ਫੇਰ ਕਿਵ ਜੀਓ?

ਗੁਰੂ ਜੀ–ਆਪਣਾ ਜਨਮ ਸੁਆਰ। ਨਵਾਂ ਨਰੋਆ ਹੋ ਜਾਹ, ਨਵੀਂ ਨਰੋਈ ਸੁਰਤ ਵਾਲਾ

ਬਹੁਤੀ ਮਿਲੀ ਦਾ ਮਾਨ ਛੱਡ ਜ਼ਿੰਮੇਵਾਰੀ ਨੂੰ ਸਮਝ ਥੋੜੀ ਵਾਲਿਆਂ ਨਾਲ ਵੰਡ ਖਾਹ, ਨਾਦਾਰਾਂ ਤੇ ਲਾ; ਲੋੜਵੰਦਾਂ ਤੇ ਖਰਚ। ਫੇਰ ਦੇਣਹਾਰ ਨੂੰ ਸਾਲਾਹ ਕਹੁ ਧੰਨ ਦਾਤਾ ਤੂੰ ਦੇਣਹਾਰ! ਉਸ ਨੂੰ ਯਾਦ ਰੱਖ, ਪਿਆਰ ਕਰ, ਜੋ ਉਹ ਤੈਨੂੰ ਚਾਨਣ ਦੇਵੇ ਬਹੁਤੀ ਨੂੰ ਸਫਲ ਕਰਨ ਦਾ! ਉਸ ਤੋਂ ਹੁਣ ਹੋਰ ਨਾ ਮੰਗ। ਪਰ ਉਸ ਤੋਂ 'ਉਸ ਨੂੰ' ਮੰਗ। 'ਦਾਤਾ ਤੋਂ ਹੁਣ 'ਦਾਤਾਂ' ਨਾ ਮੰਗ 'ਦਾਤਾ' ਮੰਗ।

ਚਉਧਰੀ-ਮੈਂ ਨਹੀਂ ਸਮਝਿਆ, ਉਸ ਤੋਂ ਉਸ ਨੂੰ ਮੰਗਾਂ! ਕਿਵੇਂ?

ਗੁਰੂ ਜੀ-ਦਾਤਾਂ ਨਾਲੋਂ 'ਦਾਤਾ' ਵਧੇਰੇ ਅਮੋਲਕ ਹੁੰਦਾ ਹੈ......ਹੁੰਦਾ ਹੈ ਕਿ ਨਾ?

ਚਉਧਰੀ-ਜੀ ਹਾਂ। ਮੈਂ ਆਪਣੇ ਧਨ ਤੋਂ ਵਧੇਰੇ ਮੁੱਲ ਵਾਲਾ ਹਾਂ।

ਗੁਰੂ ਜੀ-ਹਾਂ। ਪੈਸੇ ਛੱਡਕੇ ਰੁਪਏ ਮੰਗੇ, ਰੁਪਏ ਛਡਕੇ ਮੁਹਰਾਂ ਮੰਗੀਆਂ; ਹੁਣ ਦਾਤਾ ਤੋਂ 'ਦਾਤਾ' ਮੰਗ ਕਿ ਆਪ ਮੇਰੇ ਅੰਦਰ ਆ ਵਸੋ। ਅਰਦਾਸ ਕਰ, ਸਿਫਤ ਸਲਾਹ ਕਰ, ਯਾਦ ਕਰ ਉਸ ਨੂੰ ਪਿਆਰ ਨਾਲ, ਆ ਵੱਸੇਗਾ ਤੇਰੇ ਅੰਦਰ ਇਨ੍ਹਾਂ ਦਾਤਾਂ ਦਾ 'ਦਾਤਾ' ਆਪ। ਜਦ ਦਾਤਾ ਆ ਵਸਿਆ; ਫੇਰ ਲੇਖਾ ਕਉਣੁ ਪੁੱਛੂ? ਸੁਖ ਹੋ ਗਿਆ, ਏਥੇ ਉਥੇ। ਦਾਤ ਮਾਲਕ ਹੋ ਕੇ ਨਾ ਗਿੱਝ, 'ਦਾਤਾ' ਨੂੰ ਅੰਦਰ ਲੈ ਕੇ ਉਸ ਦਾ ਮਾਨ ਕਰ[੧੭੨]।

ਇਸ ਤਰ੍ਹਾਂ ਦੇ ਵਾਕ ਹੁੰਦਿਆਂ ਹੁੰਦਿਆਂ ਅਮਚਰਜ ਦੇ ਘਰ ਸੁਰਤ ਚੜ੍ਹ ਗਈ ਚਉਧਰੀ ਦੀ, ਸਚੇ ਗੁਰੂ ਜੀ ਦੇ ਵਾਕਾਂ ਨਾਲ, ਹਾਂ ਪਯਾਰ ਭਰੇ ਵਾਕਾਂ ਨਾਲ। ਸਿਰ ਰਖ ਦਿੱਤਾ ਚਰਨਾਂ ਤੇ ਚਉਧਰੀ ਨੇ। ਦਾਤਾ ਨੇ ਨਾਮ ਦੀ ਦਾਤ ਦੇ ਕੇ ਇਸ ਮਾਯਾ ਦੇ ਅਭਿਮਾਨੀ ਦਾ ਬੀ ਉਧਾਰ ਕੀਤਾ[੧੭੩]।

## ੩੭. ਸ੍ਰੀ ਅਮਰਦਾਸ ਜੀ ਦੀ ਘਾਲ ਥਾਂ ਪਈ!

**ਇਕ** ਦਿਨ ਬਰਖਾ ਲੱਥੀ, ਰਾਤ ਤਕ ਵਸਦੀ ਰਹੀ, ਪਿਛਲੀ ਰਾਤ ਥੰਮ੍ਹ ਗਈ, ਪਰ ਬੱਦਲ ਛਾਏ ਰਹੇ ਤੇ ਹਨ੍ਹੇਰਾ ਤੰਬੂ ਵਾਂਙ ਤਣਿਆਂ ਰਿਹਾ। ਸ੍ਰੀ ਗੁਰੂ ਜੀ ਦੇ ਇਸ਼ਨਾਨ ਦਾ ਵੇਲਾ ਹੋ ਗਿਆ! ਇਸ ਵੇਲੇ ਸ੍ਰੀ ਅਮਰਦਾਸ ਜੀ ਆਪਣੇ ਨੇਮ ਮੂਜਬ ਗੁਰੂ ਜੀ ਦੇ ਇਸ਼ਨਾਨ ਵਾਸਤੇ ਜਲ ਦੀ ਗਾਗਰ ਮੋਢੇ ਚਾਈ ਸਨੇ ਸਨੇ ਆ ਰਹੇ ਸਨ ਕਿ ਡਾਢੇ ਹਨੇਰੇ ਦੇ ਕਾਰਨ ਜੁਲਾਹੇ ਦੀ ਗੱਡੀ ਹੋਈ ਕਿੱਲੀ ਨਾਲ ਠੁੱਡਾ ਲੱਗਾ ਜਿਸ ਕਰਕੇ ਪੈਰ ਖਿੜਕੇ ਤੇ ਆਪ ਜੀ ਡਿਗ ਪਏ[੧੭੪], ਪਰ ਪਾਣੀ ਦੀ ਗਾਗਰ ਐਸੀ ਸੰਭਾਲੀ ਕਿ ਉਹ ਨਾ ਡਿਗਣ ਦਿੱਤੀ। ਡਿਗਣ ਦਾ ਖੜਾਕ ਸੁਣਕੇ ਆਪਣੀ ਕੋਠੜੀ ਦੇ ਅੰਦਰ ਸੁੱਤੇ ਪਏ ਜੁਲਾਹੇ ਦੀ ਜਾਗ ਖੁੱਲ੍ਹ ਗਈ, ਕਾਹਲਾ ਹੋ ਕੇ ਜੁਲਾਹੀ ਨੂੰ ਪੁਛਣ ਲੱਗਾ- 'ਕਾਹਦਾ ਏ ਖੜਾਕ'!

ਜੁਲਾਹੀ ਬੋਲੀ-ਕਾਹਦਾ ਹੋਣਾ ਏ ਖੜਾਕ ਐਸ ਵੇਲੇ, ਨਿਥਾਵਾਂ ਡਿੱਗਾ ਹੋਣਾ ਏ ਅਮਰੂ, ਪਾਣੀ ਲੈ ਕੇ ਲੰਘਦਾ ਹੁੰਦਾ ਏ ਐਸ ਵੇਲੇ ਏਧਰੋਂ, ਤੂੰ ਫਿਕਰ ਨਾ ਕਰ ਓਹੋ ਏ ਘਰੋਂ ਘਾਟੋਂ ਗਿਆ ਗੁਜ਼ਰਿਆ ਅਮਰੂ।

ਦੋਹਾਂ ਦੀ ਗੱਲ ਬਾਤ ਉਠਦੇ ਉਠਾਂਦਿਆਂ, ਆਪਾ ਸੰਭਾਲਦਿਆਂ ਸੁਣ ਲਈ ਸ੍ਰੀ ਅਮਰਦਾਸ ਜੀ ਨੇ, ਤਦ ਨਿਰਮਾਣ ਸ੍ਰੀ ਅਮਰਦਾਸ ਜੀ ਆਪਣੇ ਗੁਰੂ ਦੇ ਮਾਣ ਵਿਚ ਬੋਲੇ :- ਕਮਲੀਏ! ਜਿਸਦੀ ਥਾਂਉਂ ਪਿਹ ਗੁਰੂ ਆਪ ਦੀਨ ਦੁਨੀ ਦਾ ਸਾਂਈਂ ਹੈ, ਉਹ ਅਮਰੂ ਨਿਥਾਵਾਂ ਕਿਉਂ ਹੈ।

ਇਹ ਆਖਦੇ ਗੁਰੂ ਜੀ ਦੇ ਦੁਆਰੇ ਨੂੰ ਵਗ ਗਏ ਤੇ ਜਾ ਇਸ਼ਨਾਨ ਕਰਵਾਇਆ। ਇਸ਼ਨਾਨ ਕਰਕੇ ਗੁਰੂ ਜੀ ਸਮਾਧਿ ਸਥਿਤ ਹੋ ਗਏ ਤੇ ਸ੍ਰੀ ਅਮਰਦਾਸ ਜੀ ਬਸਤ੍ਰ ਪਖਾਲਕੇ ਦੀਵਾਨ ਵਿਚ ਜਾ ਬੈਠੇ। ਦਿਨ ਹੋਏ ਤੇ ਸ੍ਰੀ ਗੁਰੂ ਜੀ ਨੇ ਸ੍ਰੀ ਅਮਰਦਾਸ ਜੀ ਤੋਂ ਰਾਤ ਦਾ ਹਾਲ ਪੁਛਿਆ।

ਆਪ ਨੇ ਉੱਤਰ ਦਿੱਤਾ-ਆਪ ਸਭ ਕੁਛ ਜਾਣਦੇ ਹੋ; ਕਿ ਬਿਨੈ ਕਰਾਂ।

ਤਦ ਗੁਰੂ ਜੀ ਨੇ ਜੁਲਾਹੇ ਨੂੰ ਸਦਵਾ ਘੱਲਿਆ ਤੇ ਆਏ ਨੂੰ ਪੁਛਿਆ-ਭਾਈ ਰਾਤ ਕੀਹ ਗੱਲ ਬਾਤ ਹੋਈ ਸੀ?

ਜੁਲਾਹੇ ਹੱਥ ਜੋੜ ਕੇ ਆਖਿਆ-ਦਾਤਾ ਜੀਓ! ਭੁੱਲ ਖਖਸ਼ਣੀ, ਅਰੋ ਹੀ ਜੁਲਾਹੀ ਬਉਰਾ ਗਈਏ! ਮੈਂ ਸਚੋ ਸਚ ਆਖਦਾ ਹਾਂ : ਭੁੱਲ ਹੋਈ ਏ! ਪਿਛਲੀ ਰਾਤ ਖੜਾਕ ਹੋਇਆ, ਤਾਂ ਤ੍ਰਬ੍ਰਕ ਕੇ ਮੇਰੀ ਜਾਗ


www.sikhbookclub.com

ਖੁਲ੍ਹ ਗਈ, ਮੈਂ ਡਰਕੇ ਪੁਛਿਆ ਕੀ ਹੋਇਆ ਏ? ਤਾਂ ਜੁਲਾਹੀ, ਜੋ ਜਾਗਦੀ ਸੀ, ਆਖਣ ਲੱਗੀ : ਹੋਣਾ ਕੀ ਏ, ਡਰ ਨਾ, ਏਹ ਤਾਂ ਅਮਰੂ ਨਿਥਾਂਵਾਂ ਢੱਠਾ ਹੈ : ਤਿਲਕਣ ਕਰਕੇ ਪੈਰ ਤਿਲਕ ਗਿਆ ਸੂ ਕਿਤੇ; ਜਾਂ ਠੁੱਡਾ ਲੱਗਾ ਸੂ ਕੋਈ, ਪਾਣੀ ਲੈਕੇ ਲੰਘਦਾ ਹੁੰਦਾ ਹੈ ਐਸ ਵੇਲੇ ਗਿਆ ਗੁਜ਼ਰਿਆ ਘਰੋਂ ਘਾਟੋਂ, ਐਹੋ ਜਿਹੀਆਂ ਗੱਲਾਂ ਆਖੀਆਂ ਜੁਲਾਹੀ ਨੇ। ਤਦ ਮੈਨੂੰ ਬਾਹਰ ਤੋਂ ਅਵਾਜ਼ ਆਈ-ਕਮਲੀਏ ਨਿਥਾਵੇਂ ਕਿਉਂ ਆਖਿਆ ਈ ਮੇਰੀ ਥਾਉਂ ਤਾਂ ਸਤਿਗੁਰੂ ਆਪ ਹੈ ਅਮਰੂ ਦਾ ਥਾਉਂ। ਹਾਂ ਸੱਚੀਂ, ਉਹਨਾਂ ਨੇ ਆਖਿਆ-ਅਮਰੂ ਨਿਥਾਵਾਂ ਨਹੀਂ ਉਸ ਦਾ ਥਾਉਂ ਹੈ ਗੁਰੂ (ਹਾਂ ਸਚੀਂ) ਗੁਰੂ ਦੀਨ ਦੁਨੀ ਦਾ ਸਾਂਈਂ, ਤੂੰ ਕਮਲੀ ਏਂ। ਸੋ ਦਾਤੇ ਮੇਰੇ! ਉਸ ਵੇਲੇ ਦੀ ਕਮਲੀ ਹੋ ਗਈ ਏ ਜੁਲਾਹੀ। ਦੇਖੋ ਖੜੀ ਏ ਮੇਰੇ ਨਾਲ ਬਾਉਰੀ ਹੋਈ ਹੋਈ, ਕਰ ਬੈਠੀ ਏ ਭੁੱਲ; ਫਕੀਰਾਂ ਤੇ ਨਾਰਾਂ ਦੀ ਸਿਆਣ ਹਰ ਕਿਸੇ ਨੂੰ ਨਹੀਂ ਹੁੰਦੀ, ਦਾਤਾ ਜੀ, ਬਖਸ਼ ਲਓ!

ਗੁਰੂ ਜੀ ਸੁਣਕੇ ਮੁਸਕ੍ਰਾਏ ਤੇ ਬੋਲੇ-ਭਾਈ ਤੇਰੀ ਨਾਰ ਨੇ ਬੜੀ ਬੇਅਦਬੀ ਕੀਤੀ ਏ ਸ੍ਰੀ ਅਮਰ ਜੀ ਦੀ, ਜੋ ਥਾਂ ਹੈ ਨਿਥਾਂਵਿਆਂ ਦੀ। ਪਰ ਹੱਛਾ ਜਾਹ ਤੂੰ ਬਖਸ਼ਿਆ, ਤੂੰ ਨਿਹਾਲ, ਤੇਰੀ ਜੁਲਾਹੀ ਤਰੋਤਾਜ਼ਾ।

ਇਹ ਸੁਣਕੇ ਜੁਲਾਹੀ ਸਾਵਧਾਨ ਹੋ ਗਈ ਤੇ ਮੱਥਾ ਟੇਕਦੇ ਦੁਇ ਵਿਦਾ ਹੋਏ। ਹੁਣ ਆਪ ਜੀ ਸ੍ਰੀ ਅਮਰ ਜੀ ਵੱਲ ਤੱਕੇ, ਹਾਂ ਤੱਕੇ ਮੇਹਰਾਂ ਦੇ ਮੀਂਹ ਵਸਾਉਂਦੇ ਨੈਣਾਂ ਨਾਲ ਤੇ ਵਾਕ ਹੋਇਆ :-

"ਪੁਰਖਾ ਜੀ! ਤੁਸੀਂ ਨਿਮਾਨਿਆ ਕੇ ਮਾਨ ਹੋ।
ਨਿਥਾਵਿਆਂ ਕੇ ਥਾਉਂ ਹੋ।
ਨਿਓਟਿਆਂ ਕੀ ਓਟ ਹਉ।
ਨਿਆਸਰਿਆਂ ਕੀ ਧਰ ਹਉ।
ਗਈ ਬਹੋੜ ਹੋ।
ਬੰਦੀ ਛੋੜ ਹੋ।
ਭੰਨਣ ਘੜਨ ਸਮਰਥ ਹੋ।
ਰਿਜਕ ਕੀ ਕੁੰਜੀ ਤੁਮਾਰੇ ਹਥ ਹੈ।
ਪੁਰਖਾ ਜੀ ਤੁਮ ਧੰਨ ਹੋ।"[੧੭੫]

(ਮਹਿ: ਪ੍ਰ: ੩੮)

## ੩੮. ਮੁੜ ਬਾਸਰਕੇ।

ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਸ੍ਰੀ ਅਮਰਦਾਸ ਜੀ ਨੂੰ ਵਰਦਾਨ ਦੇ ਚੁਕੇ, ਨਿਓਟਿਆਂ ਦੀ ਓਟ ਬਣਾ ਚੁਕੇ, ਤਾਂ ਆਖਣ ਲੱਗੇ ਪੁਰਖਾ! ਦੇਖ ਏਥੇ ਕੌਣ ਕੌਣ ਹੈ? ਸ੍ਰੀ ਅਮਰਦਾਸ ਜੀ ਬੋਲੇ-ਹੁਣ ਤਾਂ ਏਕਾਂਤ ਹੋ ਗਈ ਹੈ, ਆਪ ਹੀ ਆਪ ਹੋ! ਸਾਹਿਬ ਬੋਲੇ : ਜ਼ਰਾ ਉਪਰ ਵਾਰ ਨਜ਼ਰ ਲਾ ਦਿਲ ਜੋੜਕੇ। ਸ੍ਰੀ ਅਮਰ ਜੀ ਬੋਲੇ! ਆਪ ਹੀ ਆਪ ਹੋ। ਸ੍ਰੀ ਗੁਰੂ ਜੀ ਬੋਲੇ : ਨੈਣ ਮੀਟ ਕੇ ਵੇਖ। ਸ੍ਰੀ ਅਮਰ ਜੀ ਨੇ ਉਵੇਂ ਕੀਤਾ ਤੇ ਕਿਹਾ ਬਹੁਤ ਖੜੇ ਹੈਨ, ਮੇਰੇ ਸਜੇ ਖਬੇ ਉਪਰਵਾਰ ਨੂੰ...ਦੇਵਤਾ ਹਨ ਕਿ ਦੇਵੀਆਂ ਹਨ, ਸਿੱਧ ਹੈਨ ਕਿ ਸਾਧਿਕ, ਸ਼ਕਤੇ ਹਨ ਕਿ ਸ਼ਕਤੀਆਂ[੧੭੬] ਕੋਈ ਇੰਵ ਜਾਪਦਾ ਹੈ ਕਿ ਗੁਪਤ ਤਾਕਤਾਂ ਹਨ ਅਗੁਪਤ ਹੋ ਰਹੀਆਂ ਹਨ, ਹਥ ਜੋੜੇ ਹਨ[੧੭੭] ਸ੍ਰੀ ਗੁਰੂ ਜੀ ਬੋਲੇ: ਸਭ ਤੇਰੇ ਲਈ ਹਨ, ਹੁਕਮ ਵਿਚ ਤੇਰੇ ਟਹਿਲਣੀਆਂ। ਸ੍ਰੀ ਅਮਰਦਾਸ ਜੀ ਕੰਬੇ : 'ਦਾਤਾ! ਚਰਣ ਸ਼ਰਣ ਰਖੋ ਮੈਨੂੰ ਦਾਸ ਨੂੰ, ਇਨ੍ਹਾਂ ਨੂੰ ਤੁਸੀਂ ਸੰਭਾਲੋ! ਮੈਂ ਮਸਾਂ "ਨਾ ਹਉਂ" ਹੋਇਆ ਹਾਂ; ਇਹ ਆਪ ਦੇ ਬਲ ਪਰਾਕਰਮ ਦੀਆਂ ਵਸਤਾਂ ਹਨ।' ਆਪ ਬੋਲੇ, ਗੁਰੂ ਬਾਬੇ ਦਾ ਹੁਕਮ ਹੈ : ਪਾਰਬ੍ਰਹਮ ਦਾ ਪੰਥ ਕਰਨਾ ਸ੍ਰਿਸ਼ਟੀ ਤਾਰਨੀ। ਅਗੋਂ ਸਮਾਂ ਆ ਰਿਹਾ ਹੈ, ਇਹ ਕੰਮ ਤੁਸਾਂ ਨੇ ਕਰਨਾ ਹੈ। ਪੁਰਖਾ! ਸਭ ਕਿਛ ਤੈਥੋਂ ਸਰੇਗਾ। ਇਹ ਸੁਣਦੇ ਸੁਣਦੇ ਸ੍ਰੀ ਅਮਰਦਾਸ ਜੀ ਆਪੇ ਵਿਚ ਗੁੰਮ ਹੋ ਗਏ ਤੇ ਬੇ-ਵੱਸ ਚਰਨਾਂ ਉਤੇ ਢੈ ਪਏ।

ਸ੍ਰੀ ਗੁਰੂ ਜੀ ਨੇ ਪਿੱਠ ਤੇ ਹੱਥ ਫੇਰਿਆ, ਸਿਰ ਤੇ ਪਿਆਰ ਦਿੱਤਾ। ਕਿਹਾ : ਪੁਰਖਾ! ਸਾਵਧਾਨ ਹੋ, ਗੁਰੂ ਨਾਨਕ ਆਪਣੇ ਕਾਜ ਆਪ ਕਰੇਗਾ।

ਕੁਛ ਚਿਰ ਪਿਆਰ ਲੈ ਕੇ ਤੇ ਸਾਵਧਾਨ ਹੋ ਕੇ ਆਪ ਉਠ ਬੈਠੇ। ਹੁਣ ਬੈਰਾਗ ਅਨੰਦੀ ਦਾਤਾ ਜੀ ਬੋਲੇ - ਪੁਰਖਾ! ਜਾਓ ਬਾਸਰਕੇ[੧੭੮]।

'ਬਾਸਰਕੇ ਜਾਓ' ਸੁਣਿਆਂ, ਪਰ ਸਮਝਿਆ ਨਾ ਫੇਰ ਸਮਝਿਆ, ਸਮਝਿਆ ਤੇ ਸਿਰ ਵਿਚ ਮਾਨੋ ਇਕ ਪਿਛਲੇ ਗੇੜ ਦਾ ਚੱਕ੍ਰ ਆ ਗਿਆ, ਆਲ, ਜ਼ਾਲ, ਜੰਜਾਲ, ਕੁਟੰਬ ਸਾਗਰ ਸਾਰਾ ਦਿੱਸ ਪਿਆ; ਜਿਸ ਤੋਂ ਛੁਟਕੇ ਗੁਰੂ ਸ਼ਰਨ ਦੇ ਅੰਮ੍ਰਿਤ ਸਰੋਵਰ ਵਿਚ ਆਪਾ ਤਾਰੀਆਂ ਲੈ ਰਿਹਾ ਸੀ। ਹਾਂ ਗੁਰੂ,


www.sikhbookclub.com

ਗੁਰੂ ਪ੍ਰੇਮ, ਗੁਰੂ ਕੀ ਮੇਹਰ, ਰਸ, ਸੁਆਦ, ਲੀਨਤਾ ਸਮਾਈ ਸਾਰੇ ਆਪਾਵਾਰ ਰੰਗ ਅਕਾਸ਼ੀ ਪੀਂਘ ਵਾਂਗ ਲਹਿਰ ਉਠੇ। ਵੈਰਾਗ ਆ ਗਿਆ : ਗੁਰੂ ਸ਼ਰਨ ਤੋਂ ਵਿਛੁੜਾਂ? ਘਰੋਂ ਟੁਟਕੇ ਆਯਾ ਸਾਂ, ਬੇ ਟਿਕਾਣਾ ਹੋਕੇ ਆਯਾ ਇਸ ਸੱਚੇ ਟਿਕਾਣੇ-ਆਪਾ ਅਰਪਣਾ ਕਬੂਲ ਲਿਆ ਏ ਗੁਰੂ ਨੇ, ਇਹ ਮੇਰਾ ਆਪਾ ਜੋ ਮੈਨੂੰ ਦਿਸਦਾ ਸੀ ਨਿਮਾਣਾ, ਨਿਰਆਸਰਾ ਸਮਾ ਲਿਆ ਚਰਨ ਸ਼ਰਨ। ਮੈਂ ਕਿੱਥੇ ਹਾਂ? ਮੈਂ ਤਾਂ ਮੈਂ ਹੀ ਨਹੀਂ ਗੁਰੂ ਹੈ ਗੁਰੂ। ਕਿਸ ਨੂੰ ਹੁਕਮ ਹੋਇਆ ਹੈ ਬਾਸਰਕੇ ਜਾਓ। ਹੁਣ ਜਾਵਾਂ? ਵਿਛੁੜਾਂ? ਕਿੰਵ ਜੀਸਾਂ ਵਿਛੁੜਕੇ?

ਜਲ ਦੇ ਦੋ ਟੇਪੇ ਕਿਰੇ।

ਹੈਂ ਕੀ ਹੋ ਰਿਹਾ ਹੈ? ਓਹ ਅਮਰੂ ਬੇਠਿਕਾਣੇ ਹੋਏ ਨੂੰ ਤੂੰ ਲਿਆਇਆ ਸੈਂ ਏਥੇ? ਤੂੰ ਲਿਆ ਸਕਦਾ ਸੈਂ ਤਾਂ ਪਹਿਲੋਂ ਕਿਉਂ ਨਾ ਆਪੇ ਆ ਗਿਓਂ। ਕਰਤਾਰਪੁਰੇ ਕਿਉਂ ਨਾ ਪੁਜ ਪਿਓਂ। ਚੜ੍ਹੇ ਚੰਦ ਤੇ ਉਦੇ ਸੂਰਜ ਨੂੰ ਆਪੇ ਕਿਉਂ ਨਾ ਤੱਕ ਲਇਓਂ ਈ! ...ਹੈਂ ਮਨ ਮੇਰੇ! ਬਾਸਰਕੇ? ਬਾਸਰਕੇ ਤੋਂ ਭਲਿਆ ਲੋਕਾ! ਤੂੰ ਆਂਦਾ ਗਿਆ ਸੈਂ। ਕਦੇ ਲਿਆਂਦਾ ਗਿਆ ਸੈਂ, ਹੁਣ ਭੇਜਿਆ ਜਾਂਦਾ ਹੈਂ। ਲਿਆਂਦਾ ਜਾਣਾ ਮੇਹਰ ਸੀ! ਘੱਲੇ ਜਾਣਾ ਮੇਹਰ ਹੈ। ਤੂੰ ਤਾਂ ਹੈਂ ਨਹੀਂ, ਜੋ ਹੈ ਉਸ ਦੇ ਚੋਜ ਹਨ-ਸੱਦਣਾ ਤੇ ਭੇਜਣਾ। ਯਾਦ ਕਰ ਵਾਕ-

ਆਪੇ ਭੇਜੇ ਆਪੇ ਸਦੇ ਰਚਨਾ ਰਚਿ ਰਚਿ ਵੇਖੈ॥

(ਵਾ: ਸਾ: ਮ: ੧)

ਤੂੰ ਕੌਣ ਹੈਂ ਆਉਣ ਜਾਣ ਵਾਲਾ? ਹੁਕਮ ਲੈ ਆਇਆ ਸੀ, ਹੁਕਮ ਲੈ ਚੱਲਿਆ ਹੈ। ਕਿਸ ਨੂੰ? ਤੂੰ ਤਾਂ ਹੈਂ ਹੀ ਨਹੀਂ ਆਪ, ਨਾ ਅਪਨਾ, ਫਿਕਰ ਕਿਸ ਗਲ ਦਾ। ਤੂੰ ਦਾਤੇ ਦਾ, ਦਾਤਾ ਤੇਰਾ। ਤੂੰ ਨਹੀਂ, ਉਹੋ ਹੈ, ਵੀਚਾਰ ਕਰ-

ਜਾਂ ਹਉ ਤੇਰਾ ਤਾਂ ਸਭ ਕਿਛੁ ਮੇਰਾ
ਹਉ ਨਾਹੀ ਤੂ ਹੋਵਹਿ। (ਵਾ: ਸਾ: ਮ: ੧)

ਗੁਰੂ ਹੈ, ਗੁਰੂ ਹੋਵੇ। ਗੁਰੂ ਕਾ ਹੁਕਮ ਹੈ, ਟੁਰ ਪਉ। ਆਪੇ ਸੱਦਿਆ ਸਾਨੇ ਤਦੋਂ; ਆਪੇ ਘੱਲ ਰਹੇ ਹਨ ਹੁਣ, ਆਪੇ ਸੱਦ ਲੈਣਗੇ ਫੇਰ।

ਇਹ ਤਾਂ ਫੁਰ ਰਹੀ ਸੀ ਵੀਚਾਰ, ਪਰ ਜੋ ਸੀ ਪ੍ਰੇਮ ਗੁਰੂ ਜੀ ਨਾਲ ਉਹ ਟੁਰਨ ਨਹੀਂ ਦੇਂਦਾ। ਪ੍ਰੇਮ ਆਸਰੇ ਸੀ ਤਦ-ਲੀਨਤਾ, ਨਿਰੀ ਵੀਚਾਰ ਆਸਰੇ ਨਹੀਂ ਸੀ, ਇਸ ਲਈ ਟੁਰਦੇ ਹਨ ਬੇਵਸੇ, ਟੁਰ ਨਹੀਂ ਹੁੰਦਾ। ਹੁਕਮ ਵੀਚਾਰਦੇ ਹਨ, ਤਾਂ ਹੁਕਮ ਦੇ ਵੇਗ ਨਾਲ ਟੁਰ ਪੈਂਦੇ ਹਨ। ਪ੍ਰੇਮ ਦੀ ਖਿੱਚ ਟੁਰਨ ਨਹੀਂ ਦੇਂਦੀ। ਟੁਰ ਹੀ ਪਏ ਅੰਤ ਨੂੰ। ਚਰਣ ਸ਼ਰਣ ਵਿਚ ਸੁਰਤ ਪ੍ਰੇਮ ਨਾਲ ਪ੍ਰਵੇਧੀ ਰਹੀ, ਸਰੀਰ ਆਗਿਆ ਦੇ ਵੇਗ ਨਾਲ ਬਾਸਰਕੇ ਨੂੰ ਟੁਰ ਪਿਆ।

ਖਡੂਰ ਵਿਚ ਇਕ ਤਾਂ ਇਹ ਪ੍ਰੇਮ ਤੇ ਆਤਮ ਖੇਲ ਵਰਤ ਰਿਹਾ ਸੀ, ਦੂਜੇ ਪਾਸੇ ਮਾਇਆ ਆਪਣੇ ਖੇਲ ਵਰਤਾ ਰਹੀ ਸੀ। ਗੁਰੂ ਕੇ ਸਾਹਿਬਜ਼ਾਦਿਆਂ ਨੂੰ ਕਿਸੇ ਜਾ ਭੜਕਾਇਆ ਕਿ ਗੁਰੂ ਨੇ ਤਾਂ ਘਰ ਦੇ ਟਹਿਲ ਵਾਲੇ ਨੂੰ ਦਾਤ ਦੇ ਦਿੱਤੀ, ਤੁਸੀਂ ਕੀ ਰਹਿ ਗਏ?...ਦਾਸ ਅਗੇ ਨੀਉਣ ਝੁਕਣ ਜੋਗੇ? ਓਹ ਲੈ ਗਿਆ ਸਭ ਕੁਝ।

ਚਾਹੇ ਗੁਰੂ ਜੀ ਪੁਤ੍ਰਾਂ ਨੂੰ ਆਪਣੇ ਕਾਰ ਵਿਹਾਰ ਤੇ ਨਿਰਬਾਹ ਵਿਚ ਰਖਦੇ ਰਹੇ ਸੇ, ਪਰ ਇਹ ਗੱਲ ਕਿ ਪਿਤਾ ਦਾ ਸਭੋ ਕੁਛ ਗਿਆ ਦਾਸ ਕੋਲ ਤੇ ਅਸੀਂ ਰਹਿ ਜਾਵਾਂਗੇ ਖਾਲੀ, ਖਲਕਤ ਝੁਕੇਗੀ ਉਨ੍ਹਾਂ ਅਗੇ, ਤੇ ਅਸੀਂ ਬਿਤਰ ਬਿਤਰ ਤੱਕਾਂਗੇ ਯਾ ਆਪ ਝੁਕਾਂਗੇ ਘਰ ਦੇ ਸੇਵਕ ਅੱਗੇ। ਇਸ ਤਰ੍ਹਾਂ ਘਬਰਾਏ ਅਕੁਲਾਏ, ਨਾ ਮਾਤਾ ਨੂੰ ਪੁੱਛਿਆ ਨਾ ਪਿਤਾ ਨੂੰ, ਘੋੜੀਆਂ ਤੇ ਚੜ੍ਹਕੇ ਹਥਯਾਰ ਬੰਨ੍ਹ ਕੇ ਦੋ ਚਾਰ ਹੋਰ ਸਾਥੀ ਨਾਲ ਲੈ ਕੇ ਟੁਰ ਪਏ ਮਗਰੇ ਮਗਰ[੧੯] ਕਿ ਕਿਤੇ ਜਾ ਫੜੀਏ ਘਰ ਦੇ ਸੇਵਕ ਨੂੰ ਤੇ ਲੈ ਆਈਏ ਖੱਸਕੇ ਜੋ ਕੁਝ ਲੈ ਗਿਆ ਏ ਓਹ। 'ਕੀਹ ਲੈ ਗਿਆ ਹੈ'? ਇਹ ਦਿਮਾਗ ਵਿਚ ਸਾਫ ਨਹੀਂ ਦਿਸ ਰਿਹਾ। ਇਹ ਹੈ ਮਾਇਆ ਯਾ ਇਨਸਾਨੀ ਪਕੜਾਂ ਦਾ ਭੁਲੇਵਾ। ਕੋਈ ਧਨ ਦੀ ਥੈਲੀ ਤਾਂ ਨਹੀਂ ਸੀ ਲੈ ਗਏ ਸ੍ਰੀ ਅਮਰਦਾਸ ਜੀ, ਜੋ ਲੈ ਆਉਣੀ ਸਾਨੇ ਖੋਹਕੇ।

ਮਾਰੋ ਮਾਰ ਕਰਦੇ ਜਾ ਰਹੇ ਸਨ ਕਿ ਦੌੜੇ ਆ ਰਹੇ ਘੋੜਿਆਂ ਦੀਆਂ ਟਪਾਂ ਦੀ ਅਵਾਜ਼ ਸ੍ਰੀ ਅਮਰਦਾਸ ਜੀ ਦੇ ਕੰਨੀਂ ਪਈ। ਆਪ ਨੇ ਪਿਛੇ ਪਰਤਕੇ ਤੱਕਿਆ ਤੇ ਖੜੇ ਹੋ ਗਏ ਸਿਆਣਨ ਲਈ ਕਿ ਕੌਣ ਆ ਰਹੇ ਹਨ। ਇੰਨੇ ਨੂੰ ਘੋੜੇ ਨਰਮ ਪੈ ਗਏ, ਖੜੋ


www.sikhbookclub.com

ਗਏ। ਸਾਥੀਆਂ ਨੇ ਦਾਸੂ ਦਾਤੂ ਨੂੰ ਡਿੱਠਾ ਕਿ ਉਨ੍ਹਾਂ ਦੇ ਹੱਥ ਬੱਝ ਗਏ ਹਨ, ਕੰਮ ਨਹੀਂ ਕਰ ਰਹੇ। ਭੈਭੀਤ ਹੋ ਰਹੇ ਮਨ ਸਾਹਿਬਜ਼ਾਦੇ ਤੇ ਭੈ ਛਾ ਗਿਆ ਸਾਥੀਆਂ ਉਤੇ ਜਿਉਂ ਤਿਉਂ ਕਰਕੇ ਘੋੜੇ ਪਰਤਾਏ ਸਾਥੀਆਂ ਨੇ, ਉਹਨਾਂ ਦੀ ਵਾਗ ਡੋਰ ਬੀ ਸੰਭਾਲੀ ਤੇ ਜਿਧਰੋਂ ਗਏ ਸਨ ਉਧਰ ਨੂੰ ਮੁੜ ਗਏ।

ਕੁਛ ਚਿਰ ਵੇਖ ਵੇਖਕੇ ਤੇ ਆਇਆਂ ਨੂੰ ਦੂਰੋਂ ਹੀ ਪਰਤ ਜਾਂਦੇ ਤੱਕਕੇ ਸਾਬਿ ਸ੍ਰੀ ਅਮਰਦਾਸ ਜੀ ਆਪਣੇ ਰਾਹ ਅਗੇ ਨੂੰ ਟੁਰ ਪਏ ਤੇ ਸਨੇ ਸਨੇ ਖਾਸਰਕੇ ਜਾ ਅੱਪੜੇ। ਆਪ ਪਿੱਛੇ ਨਾ ਮੁੜੇ, ਕਿਉਂਕਿ ਪਿੱਛੇ ਪਰਤਣਾ ਹੁਕਮ ਵਿਰੁੱਧ ਸੀ।

ਸਾਹਿਬਜ਼ਾਦੇ ਜਦ ਘਰ ਪਹੁੰਚੇ ਤਾਂ ਸੋਝੀ ਵਾਲੀ ਮਾਤਾ ਖੀਵੀ ਨੇ ਆਖਿਆ-ਬੱਚਿਓ! ਤੁਸਾਨੂੰ ਕੀਹ ਹੋ ਗਿਆ। ਆਖਣ ਲੱਗੇ : ਗਏ ਸਾਂ ਘਰ ਦੇ ਦਾਸ ਤੋਂ ਆਪਣੀ ਸ਼ੈ ਲੈਣ, ਪਰ ਹੱਕ ਮੁੜ ਗਏ ਹਨ ਛਾਤੀ ਨਾਲ। ਅੰਮਾਂ! ਕਿਵੇਂ ਹੱਥ ਖੁੱਲ੍ਹਣ? ਕੋਈ ਕਰ ਕਾਰ। ਅੰਮਾਂ ਨੇ ਕਿਹਾ-ਗੁਰੂ ਪਿਤਾ ਜੀ ਪਾਸ ਚੱਲੋ, ਮੇਹਰ ਕਰ ਦੇਣਗੇ... ਪਰ ਬੱਚਾ ਤੁਸੀਂ ਕੀਹ ਕੀਤਾ? ਤੁਸਾਂ ਪਿਤਾ ਗੁਰੂ ਜੀ ਤੋਂ ਨਾਂ ਪੁਛਿਆ, ਮੇਰੇ ਨਾਲ ਸਲਾਹ ਨਾ ਕੀਤੀ, ਕਿਨ੍ਹਾਂ ਖੋਟ ਕਰਮੀਆਂ ਦੇ ਅਖੇ ਮਹਾਂ ਪੁਰਖ ਦੇ ਪਿੱਛੇ ਜਾ ਪਏ ਸਓ। ਉਹ ਤਾਂ ਨਿਰਵੈਰ ਪੁਰਖ ਹੈ, ਨਿਰਵੈਰ ਨਾਲ ਵੈਰ ਆਪਣੇ ਉਤੇ ਉਲਟਦਾ ਹੈ। ਜਿਸ ਪੁਰਖ ਤੇ ਕ੍ਰਿਪਾ ਹੋਈ ਹੈ ਤੁਸਾਂ ਦੇ ਪਿਤਾ ਦੀ, ਉਸਦੀ ਸ਼ਰਣ ਵਿਚ ਸੁਖ ਹੈ, ਨਿਰਵੈਰੇ ਨਾਲ ਵੈਰ ਵਿਹਾਝੀਦਾ ਹੈ ਆਪਾ ਤਾਂ ਖੁਆਈਦਾ ਹੈ! ਆਪਣੇ ਪਿਤਾ ਜੀ ਦਾ ਵਾਕ ਯਾਦ ਕਰੋ :-

ਸਰੁ ਸੰਧੇ ਆਗਾਸ ਕਉ
ਕਿਉ ਪਹੁਚੈ ਬਾਣੁ॥
ਅਗੈ ਓਹੁ ਅਗੰਮੁ ਹੈ
ਵਾਹੇਦੜੁ ਜਾਣੁ॥

(ਵਾਰ ਮਾਝ ਮ: ੨)

ਅਕਾਸ਼ ਵਰਗੇ ਅਗੰਮ ਤੇ ਨਿਰਵੈਰ ਪੁਰਖ ਨੂੰ ਮਾਰਿਆ ਬਾਣ ਉਲਟਕੇ ਆਪਣੇ ਉਤੇ ਪਏਗਾ। ਅਕਾਸ਼ ਦਾ ਤਾਂ ਅੰਤ ਨਹੀਂ, ਉਸ ਨੂੰ ਕਿਸ ਨੇ ਵਿੰਨ੍ਹ ਸਕਣਾ ਹੈ। ਇਹ ਨਾ ਸਮਝੋ ਕਿ ਤੁਹਾਨੂੰ ਉਸ ਮਹਾਂ ਪੁਰਖ ਨੇ ਸ੍ਰਾਪ ਦਿੱਤਾ ਹੈ। ਤੁਹਾਡਾ ਵੈਰ ਭਾਵ ਹੀ ਤੁਹਾਡੇ ਉਤੇ ਪਿਆ ਹੈ। ਮਨ ਨਿਰਮਲ ਕਰੋ ਤਾਂ ਲੈ ਚਲਾਂ ਤੁਸਾਨੂੰ ਸਤਿਗੁਰੂ ਕੋਲ; ਬਖਸ਼ਾ ਲਿਆਵਾਂ!

ਇਸ ਤਰ੍ਹਾਂ ਪੁਤ੍ਰਾਂ ਨੂੰ ਸਮਝਾਇਆ ਮਾਤਾ ਜੀ ਨੇ। ਹੱਥਾਂ ਦੇ ਬੱਝ ਜਾਣ ਦਾ ਦੁਖ ਅਝੱਲ ਸੀ, ਮਾਤਾ ਜੀ ਦੇ ਆਖੇ ਲਗ ਗਏ ਤੇ ਉਹਨਾਂ ਦੇ ਨਾਲ ਸਤਿਗੁਰਾਂ ਪਾਸ ਹਾਜ਼ਰ ਹੋਏ।

ਮਾਤਾ ਖੀਵੀ ਜੀ ਨੇ ਸਾਰੀ ਗੱਲ ਬਾਤ ਸ੍ਰੀ ਗੁਰੂ ਜੀ ਨੂੰ ਜਿਵੇਂ ਵਰਤੀ ਸੀ ਕਹਿ ਸੁਣਾਈ। ਸ੍ਰੀ ਗੁਰੂ ਜੀ ਸੁਣਕੇ ਕੋੜਾ ਹੱਸੇ, ਫੇਰ ਗੰਭੀਰ ਸੁਰ ਵਿਚ ਬੋਲੇ : ਬੱਚਾ ਕੀ ਖੱਸਣ ਗਏ ਸਾਓ ਅਮਰ ਜੀ ਪਾਸੋਂ?

ਦਾਸੂ-ਪਿਤਾ ਜੀ! ਲੋਕਾਂ ਕਿਟਾ ਸਭ ਕੁਛ ਲੈ ਗਿਆ ਏ ਦਾਸ ਘਰ ਦਾ, ਤੁਸੀਂ ਰਹਿ ਗਏ ਵਾਂਜੇ।

ਮਾਤਾ ਐਵੇਂ ਨਾਦਾਨੀ ਕੀਤੀ ਨੇ, ਸਿਖੇ ਸਿਖਾਏ ਲਾਊਆਂ ਮਚਕਾਊਆਂ ਦੇ।

ਗੁਰੂ ਜੀ-ਬੱਚਾ, ਤੁਮਾਡੇ ਪਿਉ ਦਾਦੇ ਦੀ ਮਾਯਾ ਤੁਸਾਂ ਦੇ ਪਾਸ ਹੈ[90]। ਉਸ ਵਿਚੋਂ ਤਾਂ ਕੁਛ ਨਹੀਂ ਲੈ ਗਏ ਅਮਰ ਜੀ?

ਦਾਸੂ-ਨਹੀਂ ਜੀ ਉਹ ਤਾਂ ਸਭ ਕੁਛ ਸਾਡੇ ਪਾਸ ਹੈ!

ਗੁਰੂ ਜੀ-ਤੇ ਨਾ ਹੀ ਇਸ ਸਾਧ ਸੰਗਤ ਦੇ ਡੇਰੇ ਵਿਚੋਂ ਕੋਈ ਫੂਲੀ ਦਾ ਡੋਡਾ ਚਾ ਲਿਗਏ ਹਨ।

ਦਾਤੂ ਜੀ-ਨਹੀਂ ਪਿਤਾ ਜੀ।

ਗੁਰੂ ਜੀ-ਫੇਰ ਤੁਸੀਂ ਕੀਹ ਖੱਸਣ ਗਏ ਸਾਓ ਉਸ ਪਾਸੋਂ?

ਦਾਸੂ ਜੀ-ਲੋਕੀ ਕਹਿੰਦੇ ਸੀ ਸਭੋ ਕੁਝ ਲੈ ਗਿਆ ਏ ਉਹ ਘਰ ਦਾ ਨਫਰ।

ਗੁਰੂ ਜੀ-ਨਫਰ ਤਾਂ ਮਾਲਕ ਆਪਣੇ ਦਾ ਸੀ; ਤੇ ਕੀਹ ਲੈ ਗਿਆ ਸੀ, ਸੋ ਤੁਸੀਂ ਦੱਸ ਨਹੀਂ ਸਕੇ।

ਦਾਤੂ-ਪਿਤਾ ਜੀ ਮੈਂ ਬੜੀ ਨੀਉਣੀ ਨਾਲ ਪੁਛਦਾ ਹਾਂ ਜੋ ਉਹ ਏਥੇ ਕਰਨ ਕੀ ਆਇਆ ਸੀ? ਐਨੇਵਰ੍ਹੇ ਦਿਨ ਰਾਤ ਇਕ ਕਰਕੇ ਸੇਵਾ ਕਿਉਂ ਕਰਦਾ ਸੀ। ਕੁਛ ਲਏ ਬਿਨਾਂ ਕੌਣ ਕਿਵੇਂ ਸੇਵਾ ਕਰਦਾ ਹੈ?

ਗੁਰੂ ਜੀ-ਉਹ ਤਾਂ ਬੱਚਾ! ਦੇਣ ਆਇਆ ਸੀ।

ਦਾਤੂ-ਕੀਹ ਸ਼ੈ ਜੀਉ, ਪਿਤਾ ਜੀਉ।

ਗੁਰੂ ਜੀ-'ਹਉਮੈਂ' ਦੇਣ ਆਇਆ ਸੀ ਤੇ ਬਦਲੇ ਵਿਚ 'ਅਣਹੋਂਦ' ਲੈਣ ਆਇਆ ਸੀ। ਦੋਵੇਂ ਸੁਣਕੇ ਹਰਜਾਨ ਹੋ ਗਏ।

ਦਾਤੂ-ਅਣਹੋਂਦ ਕੀ ਹੋਈ, ਤੇ ਉਸ ਨੂੰ ਕੀਹ ਕਰਸੀ ਜੀਉ, ਬਾਪੂ ਜੀਉ ਜੀ! ਉਹ।

ਗੁਰੂ ਜੀ-'ਹਉਂ' ਦੇ 'ਕੇ' ਉਹ ਜੀਵ ਨਾ ਰਿਹਾ।....ਅਣਹੋਂਦ ਲੈਕੇ ਉਹਦਾ ਭਾਂਡਾ ਸ਼ੂਨ (ਖਾਲੀ) ਹੋ ਗਿਆ...! ਗ਼ੈਰੀਅਤ ਤੋਂ ਖਾਲੀ ਹੋ ਗਿਆ।

ਦਾਤੂ ਜੀ-ਉਸ ਨੂੰ ਅਣਹੋਂਦ ਦਾ ਲਾਭ ਕੀਹ, ਮੇਰੀ ਸਮਝੇ ਨਹੀਂ ਪਿਆ ਪਿਤਾ ਜੀਉ ਜੀ!

ਗੁਰੂ ਜੀ-ਇਹੋ 'ਨਾ ਸਮਝ ਸਕਣਾ' ਤੁਸਾਡੀ ਭੁੱਲ ਦਾ ਕਾਰਣ ਹੈ। ਤੁਸੀਂ ਗ੍ਰਿਹਿਣ ਮਾਰਗ ਦੇ ਬੰਦੇ ਹੋ, ਤਜਾਗ ਦਾ ਮਾਰਗ ਹੋਰਵੇਂ ਹੈ ਬੱਚਿਓ! ਅਣਹੋਂਦ ਜਿਸ ਹਿਰਦੇ ਆ ਜਾਏ-ਹਉਂ ਦੀ ਅਣਹੋਂਦ, ਮੋਹ ਮਾਯਾ ਦੀ ਅਹੋਂਦ--ਹਾਂ, ਅਕਾਲ ਪੁਰਖ ਦਾ ਬਿਰਦ ਹੈ ਕਿ ਉਸ ਸੱਖਣੀ ਥਾਂ ਨੂੰ ਉਹ ਆਪਣੀ ਹਜ਼ੂਰੀ ਨਾਲ ਭਰ ਦੇਂਦਾ ਹੈ। ਓਥੇ ਹੁਣ ਰੱਬ ਵਸਦਾ ਹੈ। ਜੇ ਕੋਈ ਬਲ ਹੈਨੇ ਤਾਂ ਉਸ ਦੇ ਸੀਨੇ ਵਿਚੋਂ ਕੱਢ ਲਿਆਓ। ਜੇਕਰ ਬੱਚਾ ਜੀਓ ਤੁਸੀਂ ਬੀ ਹਉਂ ਨੂੰ ਅੰਦਰੋਂ ਕੱਢ ਦਿਓ ਤਾਂ ਤੁਸਾਂ ਦੇ ਅੰਦਰ ਬੀ ਆ ਵਸੇਗੀ ਹਜ਼ੂਰੀ ਰੱਬ ਜੀ ਦੀ।

ਦਾਤੂ (ਹੌਲੀ ਜਿਹੀ ਮਾਂ ਨੂੰ)-ਗੁਰਜਾਈ ਨਹੀਂ ਲੈ ਗਿਆ ਉਹ ਅੰਮੀ ਜੀ?

ਮਾਂ ਨੇ ਅੱਖਾਂ ਨਾਲ ਸੈਨਤ ਚੁਪ ਦੀ ਕੀਤੀ ਕਿ ਬਹਿਸ ਵਿਚ ਨਾ ਪੈ ਜਾਣ। ਪਰ ਗੁਰੂ ਜੀ ਨੇ ਸੁਣ ਲਿਆ ਸੀ ਬੋਲੇ :-

ਬੇਟਾ, ਗੁਰਜਾਈ ਉਸੇ ਅਕਾਲ ਪੁਰਖ ਦੀ ਵਸਤੂ ਹੈ, ਉਹ ਚਾਹੇ ਤਾਂ ਉਸ ਨੂੰ ਦੇਵੇਗਾ ਜਿਸ ਦੇ ਅੰਦਰ ਜਾ ਵਸਿਆ ਹੈ। ਮੈਂ ਬੀ ਉਸ ਅਕਾਲ ਪੁਰਖ ਦਾ ਦਾਸ ਓਸੇ ਦੀ ਹਜ਼ੂਰੀ ਵਿਚ ਰਹਿਣ ਵਾਲਾ ਹਾਂ। ਮੈਨੂੰ ਉਸ ਉਤੇ ਮਿਹਰ ਕਰਨ ਦਾ ਹੁਕਮ ਹੋਇਆ ਮੈਂ ਕਰ ਦਿੱਤੀ। ਜਿਸ ਦਿਨ ਗੁਰਜਾਈ ਦੀ ਗੱਦੀ ਤੇ ਬਿਠਾਉਣ ਦਾ ਹੁਕਮ ਹੋਵੇਗਾ ਉਸ ਦਿਨ ਉਹ ਕਉਤਕ ਵਰਤ ਜਾਏਗਾ। ਗੁਰਿਆਈ ਕਰਤਾਰ ਅਧੀਨ ਹੈ, ਇਸ ਦਾ ਹੱਕਦਾਰ ਧੁਰੋਂ ਆਉਂਦਾ ਹੈ, ਪਰ ਜੇ ਤੁਸੀਂ ਹਉਂ ਜਿੱਤ ਕੇ 'ਸਾਈਂ ਵਾਸਾ' ਅੰਦਰ ਲੈ ਲਓ ਤਾਂ ਗੁਰਮੁਖ ਹੋ ਜਾਓਗੇ ਜ਼ਰੂਰ ਤੁਸੀਂ ਬੀ।

ਖੀਵੀ ਜੀ-ਪਾਤਸ਼ਾਹ; ਇਹ ਬੱਚੇ ਹਨ, ਇਨ੍ਹਾਂ ਦੀ ਲਾਜ ਬੀ ਆਪ ਨੂੰ ਹੈ। ਭੁੱਲ ਕਰ ਬੈਠੇ ਹਨ ਖਿਮਾ ਕਰ ਦਿਓ ਤੇ ਹੱਥਾਂ ਦੀ ਅਰੋਗਤਾ ਦਾਨ ਬਖਸ਼ ਦਿਓ, ਮੇਹਰ ਕਰੋ ਜੋ ਆਪ ਦੇ ਅਨੁਸਾਰੀ ਵਰਤਣ ਤੇ ਫੇਰ ਭੁੱਲ ਨਾ ਕਰਨ।

ਗੁਰੂ ਜੀ-ਖੀਵੀ! ਸਭ ਕਰਤਾਰ ਅਧੀਨ ਹੈ। ਇਨ੍ਹਾਂ ਦੇ ਹੱਥ ਵੱਲ ਹੋ ਜਾਣਗੇ, ਪਰ ਵੱਲ ਉਹੋ ਕਰੇਗਾ ਜਿਸ ਦੀ ਬੇ-ਅਦਬੀ ਕੀਤੀ ਨੇ।

ਖੀਵੀ! ਸੁਣੋ! ਸੋਨਾ ਸੋਨਾ ਹੈ, ਠੰਢਾ ਠਾਰ, ਪਰ ਅਗਨੀ ਦੇ ਪ੍ਰਵੇਸ਼ ਨਾਲ ਲਾਲ ਅੰਗਾਰਾ ਹੋ ਜਾਂਦਾ ਹੈ। ਤਿਵੇਂ ਰਬ ਦਾ ਪਿਆਰਾ ਆਪਣੇ ਅੰਦਰ ਰਬ ਦੇ ਪ੍ਰਵੇਸ਼ ਨਾਲ ਉਸਦਾ ਰੂਪ ਹੋ ਜਾਂਦਾ ਹੈ, ਹਾਂ ਕਰਤਾਰ ਪ੍ਰਵੇਸ਼ੇ ਮਹਾਂਪੁਰਖ ਦੀ ਅਵਗਜਾ ਉਹੀ ਬਖਸ਼ ਸਕਦਾ ਹੈ।

ਮਾਤਾ ਸਮਝ ਗਈ। ਉਹ ਗੁਰੂ ਘਰ ਦੀਆਂ ਰਮਜ਼ਾਂ ਜਾਣਦੀ ਸੀ। ਮੱਥਾ ਟੇਕ ਦਿੱਤਾ, ਪੁੱਤਾਂ ਤੋਂ ਟਿਕਾ ਦਿੱਤਾ ਤੇ ਬੋਲੀ : 'ਮਤਿ ਬਚਨ ਦਾਤਾ ਜੀਓ! ਆਪ ਦੀ ਆਗਿਆ ਵਿਚ ਸਾਰੀ ਬਰਕਤ ਹੈ।'

ਬਾਸਰਕੇ ਕਾਕੀ ਰਹਿੰਦੀ ਸੀ ਅਮਰੋ। ਮਾਤਾ ਖੀਵੀ ਨੇ ਸਲਾਹ ਕਰ ਲਈ ਕਿ ਮੈਂ ਹੁਣ ਕਾਕੀ ਦੇ ਘਰ ਜਾ ਕੇ ਠਹਿਰਾਂ ਤੇ ਫੇਰ ਸ੍ਰੀ ਅਮਰਦਾਸ ਜੀ ਪਾਸੋਂ ਬਚਿਆਂ ਨੂੰ ਖਿਮਾਂ ਲੈ ਦਿਆਂ।

ਹੁਣ ਉਧਰ ਦੀ ਸੁਣੋ।

ਸ੍ਰੀ ਅਮਰਦਾਸ ਜੀ ਸਨੇ ਸਨੇ ਬਾਸਰਕੇ ਜਾ ਪੁੱਜੇ। ਜਿਥੋਂ ਕਦੇ ਉਦਾਸ ਹੋਕੇ ਟੁਰੇ ਸਨ, ਧਨ ਧਾਮ ਦਾ ਮੋਹ ਸਾਰਾ ਮੁਕਾ ਗਏ ਸਨ, ਉਥੇ ਭਗਤੀ ਦਾ ਰੂਪ ਤੇ ਗਜਾਨ ਦਾ ਸਰੂਪ ਹੋ ਕੇ ਅੱਪੜੇ। ਸਾਰੇ ਪਰਿਵਾਰ ਨੇ ਸ਼ੁਕ੍ਰਾਨੇ ਕੀਤੇ। ਖਬਰਾਂ ਨੂੰ ਆਖਦੇ ਹਨ ਖੰਭ ਲਗੇ ਹੁੰਦੇ ਹਨ। ਇਹ ਸਾਰੇ ਗਲ ਧੁੰਮ ਗਈ ਹੋਈ ਸੀ ਕਿ ਆਪ; ਜੋ ਹੁਣ ਤਕ ਕੁੜਮਾਂ ਦੇ ਦੁਆਰੇ ਡਿਗੇ ਪਏ ਸਮਝੇ ਜਾਂਦੇ ਸਨ, ਵਰਾਂ ਨੂੰ ਪ੍ਰਾਪਤ ਹੋ ਗਏ ਹਨ। ਹੁਣ ਗੱਦੀ ਤੇ ਇਹੋ ਬੈਠਣਗੇ :-

ਖਿਦਤ ਭਏ ਗੁਰ ਸੰਗਤ ਮਾਂਹਿ॥
ਗੁਰ ਸ੍ਰੀ ਅਮਰਅਪਰ ਹੁਇ ਨਾਹਿ॥

(ਸੂਰਜ ਪ੍ਰਕਾਸ਼)

ਤੇ ਕਈਆਂ ਨੇ ਤਾਂ ਇਹ ਬੀ ਆਖ ਦਿਤਾ ਕਿ ਗੁਰਤਾ ਗਾਦੀ ਪਾ ਲਈ ਨੇ। ਪਰਵਾਰ ਤੋਂ ਛੁਟ ਗੁਰੂ ਨਾਨਕ ਗੁਰੂ ਅੰਗਦ ਦੇਵ ਜੀ ਦੇ ਨੇੜੇ ਤੇੜੇ

 www.sikhbookclub.com

ਦੇ ਵਾਸੀ ਸਿਖ ਬੀ ਸ੍ਰੀ ਅਮਰਦਾਸ ਜੀ ਦੇ ਦਰਸ਼ਨ ਨੂੰ ਆਉਣ ਲਗ ਪਏ। ਦਿਹਾੜੀ ਸ੍ਰੀ ਗੁਰੂ ਜੀ ਇਕ ਛੰਭ ਦੇ ਕੰਢੇ ਪਿੱਪਲ ਦੀ ਛਾਵੇਂ ਜਾ ਬੈਠਦੇ, ਜਿਥੇ ਸਤਿਸੰਗ ਦੀ ਗਲ ਬਾਤ ਹੁੰਦੀ ਰਹਿੰਦੀ[੧੧]।

ਹੁਣ ਮਾਤਾ ਖੀਵੀ ਜੀ ਬਾਸਰਕੇ ਪਹੁੰਚ ਪਏ; ਉਤਾਰਾ ਬੀਬੀ ਅਮਰੋ ਦੇ ਘਰ ਕੀਤਾ। ਦੋਹਾਂ ਪੁਤਾਂ ਨੂੰ ਨਾਲ ਲੈ ਕੇ ਸ੍ਰੀ ਅਮਰਦਾਸ ਜੀ ਪਾਸ ਅੱਪੜੇ ਜਦੋਂ ਉਹ ਪਿੱਪਲ ਦੀ ਛਾਵੇਂ ਬੈਠੇ ਧਯਾਨ ਲੀਨ ਹੋ ਰਹੇ ਸਨ। ਆਪ ਝੁਕੇ ਤੇ ਦੋਹਾਂ ਪੁਤ੍ਰਾਂ ਤੋਂ ਮੱਥਾ ਟਿਕਾਇਆ। ਤਦ ਸ੍ਰੀ ਜੀ ਦੇ ਨੈਣ ਖੁੱਲ ਪਏ, ਦੇਖ ਕੇ ਤ੍ਰਬੁਕੇ, ਫੇਰ ਅਦਬ ਵਿਚ ਹੋ ਕੇ ਸੀਸ ਨੀਵਾਂ ਕੀਤਾ-ਮਾਤਾ, ਮਾਤਾ! ਜਗਤ ਮਾਤਾ! ਤੇ ਮੇਰੇ ਵਰਗੇ ਦਾਸਾਂ ਦੀ ਮਾਤਾ! ਆਪ ਕਿਉਂ ਖੇਚਲ ਕੀਤੀ, ਮੈਨੂੰ ਕਿਉਂ ਨਾ ਸਦਵਾ ਘੱਲਿਆ। ...ਬੜੀ ਬੇਅਦਬੀ ਹੋਈ।

ਮਾਤਾ-ਗੁਰੂ ਦੇ ਤਾਰੇ ਗੁਰੂ ਪਿਆਰੇ! ਐਸੇ ਵਾਕ ਨਾ ਕਹੁ। ਤੁਸੀਂ ਗੁਰੂ ਕੇ ਵਰਾਂ ਨੂੰ ਪ੍ਰਾਪਤ ਹੋ, ਮਿਹਰ ਪਾਤ੍ਰ ਹੋ, ਤੁਸਾਂ ਦੀ ਵਡਿਆਈ ਹੈ ਕਿ ਦਾਤ ਪਾ ਕੇ ਹੋਰ ਨਿਵੇਂ ਹੋ। ਪਤੀ ਗੁਰੂ ਜੀ ਫੁਰਮਾਉਂਦੇ ਸਨ: ਗੁਰੂ ਨਾਨਕ ਦੇ ਘਰ ਦੀ ਦੌਲਤ ਹੀ ਗਰੀਬੀ ਹੈ, ਨਿੰਮ੍ਰਤਾ ਹੈ, ਹਾਂ ਹਉਮੈਂ ਦੀ ਅਣਹੋਂਦ ਹੋਵੇ ਤਾਂ ਰਬ ਸਾਈਂ ਇਸ ਦਿਲ ਦੇ ਭਾਂਡੇ ਵਿਚ ਵੜੇ। ਹਉਂ ਨਵਿਰਤੀ ਹੀ ਹੈ ਗ੍ਰੀਬੀ, ਇਹ ਹੈ ਨਿੰਮ੍ਰਤਾ; ਇਹ ਹੈ ਮੈਂ ਮੇਰੀ ਦੀ ਅਣਹੋਂਦ! "ਅਣਹੋਦੈ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥" ਕੌਣ ਹੋਵੇ ਗੁਰੂ ਬਾਝੋਂ ਐਸਾ। ਤੁਸੀਂ ਬਰਪੁਰਦਾਰ ਹੋ, ਉਮਰੋਂ ਵਡੇਰੇ ਹੋ ਤੇ ਪਤੀ ਪਰਮੇਸ਼ੁਰ ਦੇ ਕ੍ਰਿਪਾ ਪਾਤਰ ਹੋਕੇ ਹੋਰ ਵਡੇਰੇ ਹੋਏ ਹੋ। ਮੈਂ ਦੋ ਬੱਚੇ ਲੈ ਕੇ ਆਈ ਹਾਂ। ਇਨ੍ਹਾਂ ਨੇ ਲੋਕਾਂ ਦੇ ਲਗ ਲਗਾ ਵਿਚ ਆ ਕੇ ਸਿਖੇ ਭਛਾਏ ਆਪ ਦੀ ਬੇ-ਅਦਬੀ ਕੀਤੀ ਹੈ, ਹਥਿਆਰ ਬੰਨ੍ਹ ਕੇ ਆਪ ਦੀ ਮਗਰ ਆਏ ਸਨ। ਓਹ ਹੱਥ ਹੀ ਹਥਿਆਰ ਫੜਨ ਵਾਲੇ ਛਾਤੀ ਨਾਲ ਖੱਝ ਗਏ ਖੁਲ੍ਹਦੇ ਨਹੀਂ ਨੇ। ਆਪ ਮੇਹਰ ਕਰੋ, ਭੁੱਲਣਹਾਰ ਜਾਣਕੇ ਤੇ ਮੇਰੇ ਬੱਚੇ ਸਮਝ ਕੇ ਬਖਸ਼ ਦਿਓ ਨੇ।

ਇਹ ਜਗਤ ਪੂਜ ਮਾਤਾ ਦੀ ਨਿੰਮ੍ਰਤਾ ਦੇਖ ਕੇ ਆਪ ਕੰਬੇ : ਨੈਣ ਭਰ ਆਏ ਤੇ ਬੋਲੇ :- ਜਗਤ ਮਾਤਾ! ਮੈਂ ਤੇਰੇ ਦਰ ਦਾ ਸੇਵਕ, ਮੈਂ ਨਹੀਂ ਕਾਕਿਆਂ ਦਾ ਬੁਰਾ ਚਿਤਵਿਆ। ਜਿਸ ਦਰ ਮੈਂ ਦਾਸ ਹੋ ਕੇ ਢੱਠਾ ਹਾਂ, ਉਸ ਦਰ ਦੇ ਮਾਲਕ ਦੇ ਪੁੱਤਾਂ ਵਲ ਮੈਂ ਕੈਰੀ ਅੱਖਾਂ ਤੱਕਾਂ! ਮੈਥੋਂ ਕਦੇ ਨਾ ਹੋਵੇ ਕਿਸੇ ਦਾ ਬੁਰਾ। ਅੰਮਾ ਜੀਓ! ਜੋ ਖੇਚਲ ਇਨ੍ਹਾਂ ਨੂੰ ਵਾਪਰੀ ਮੈਨੂੰ ਦੁਖ ਹੈ ਇੰਨੇ ਦਿਨ ਕਿਉਂ ਔਖ ਪਾਇਆ। ਸਮਰੱਥ ਗੁਰੂ ਖਡੂਰ ਬੈਠਾ ਸੀ। ਇਨ੍ਹਾਂ ਦੇ ਹੱਥ ਵੱਲ ਕਰਨੇ ਉਨ੍ਹਾਂ ਦੇ ਖਬੇ ਹੱਥ ਦੀ ਖੇਡ ਹੈਸੀ, ਸ਼ਕਤੀਆਂ ਦੇ ਮਾਲਕ ਹੈਨ, ਉਨ੍ਹਾਂ ਪਾਸ ਲੈ ਜਾਣਾ ਸੀ ਝੱਟ ਵੱਲ ਹੋ ਜਾਂਦੇ।

ਮਾਤਾ-ਬਲਿਹਾਰ! ਸਤਿ ਪੁਰਖ ਜੀਓ! ਤੁਸਾਂ ਦੀ ਨਿਰਵੈਰਤਾ ਦੇ। ਇਹੋ ਗੁਰੂ ਘਰ ਦੀ ਵਡਿਆਈ ਹੈ! ਧੰਨ ਗੁਰੂ ਨਾਨਕ।......ਹਾਂ ਮੈਂ ਗਈ ਸਾਂ ਸਤਿਗੁਰ ਜੀ ਪਾਸ ਇਨ੍ਹਾਂ ਨੂੰ ਬਖਸ਼ਾਵਣ। ਆਪ ਨੇ ਉਪਦੇਸ਼ ਦਿੱਤਾ, ਸਮਝਾਇਆ; ਪਰ ਜਦ ਹੱਥਾਂ ਦੀ ਗੱਲ ਮੈਂ ਆਖੀ ਤਾਂ ਬਚਨ ਹੋਇਆ : ਹੱਥ ਖੁਹਲਣੇ ਹੁਣ ਅਮਰ ਦਾਸ ਦੇ ਹੱਥ ਹਨ। ਇਸ ਲਈ ਮੈਂ ਆਈ ਹਾਂ। ਗੁਰੂ ਕੇ ਪਿਆਰੇ! ਮਾ ਤੋਂ ਮਮਤਾ ਜਿੱਤੀ ਜਾਣੀ ਕਠਨ ਹੈ। ਮੈਂ ਜਾਣਦੀ ਹਾਂ ਇਨ੍ਹਾਂ ਦੇ ਅਪਰਾਧ ਨੂੰ; ਖਿਮਾਂ ਜੋਗ ਨਹੀਂ! ਪਰ ਆਂਦ੍ਰਾਂ ਦੇ ਸਨੇਹ, ਗੁਰੂ ਕੀ ਮੇਹਰ ਪਾ ਕੇ ਬੀ, ਨਾਮਰਸ ਲੈ ਕੀ ਬੀ, ਪੁੱਤਾਂ ਲਈ ਦਇਆ ਵਲ ਲਿਜਾਂਦੇ ਹਨ। ਮਿਹਰ ਕਰ ਦਿਓ ਨੇ।

ਸ੍ਰੀ ਅਮਰਦਾਸ ਜੀ ਦੇ ਨੈਣ ਭਰ ਆਏ ਤੇ ਬੋਲੇ : ਮਾਤਾ! ਏਹ ਸਾਹਿਬਾਂ ਦੇ ਆਤਮਜ (ਪੁਤਰ) ਹਨ; ਮੈਂ ਉਨ੍ਹਾਂ ਦੇ ਦਰ ਦਾਸ ਹਾਂ। ਮੈਨੂੰ ਦੁਖ ਹੋਇਆ ਹੈ ਕਿ ਇਹ ਦੁਖੀ ਕਿਉਂ ਹੋਏ। ਮੈਂ ਜਾਣਦਾ ਹਾਂ ਕਿ ਗੁਰੂ ਸਮਰਥ ਹੈ, ਆਪ ਵੱਲ ਕਰ ਸਕਦਾ ਹੈ, ਪਰ ਨਹੀਂ ਕੀਤਾ ਸੂ, ਰਜ਼ਾ, ਮਾਲਕ ਦੀ ਰਜ਼ਾ। ਆਪ ਜੀ ਦੱਸਦੇ ਹੋ ਕਿ ਇਨ੍ਹਾਂ ਨੂੰ ਰਾਜ਼ੀ ਕਰ ਦੇਣ ਦੀ ਸੇਵਾ ਦਾ ਹੁਕਮ ਸਾਹਿਬਾਂ ਦਾ ਮੇਰੇ ਲਈ ਹੈ। ਹੁਕਮ ਬਜਾ ਲਿਆਉਣਾ ਇਸ ਦਾਸ ਦਾ ਕੰਮ ਹੈ, ਸਤਜਾ ਸ਼ਕਤੀ ਸਾਹਿਬ ਨੇ ਆਪ ਭਰਨੀ ਹੈ। ਗੁਰੂ ਸੱਚੇ ਦੇ ਦਰਸ਼ਨ ਮਾਤ੍ਰ ਨਾਲ ਲੋਕ ਅਰੋਗ ਹੋ ਰਹੇ ਹਨ। ਉਸ ਦੇ ਹੁਕਮ ਨਾਲ ਹੁਣ ਇਹ ਉਸ ਦੇ ਆਤਮਜ ਕਿਉਂ ਨਾ ਵੱਲ ਹੋ ਜਾਣ। ਇਹ ਕਹਿਕੇ ਧੰਨ ਗੁਰੂ ਅੰਗਦ! ਧੰਨ ਗੁਰੂ ਅੰਗਦ!


www.sikhbookclub.com

ਉਚਾਰਦਿਆਂ ਵਾਰੋ ਵਾਰੀ ਦੋਹਾਂ ਦੀਆਂ ਬਾਹਾਂ ਤੇ ਹੱਥਾਂ ਉਤੇ ਆਪਣਾ ਹੱਥ ਫੇਰਿਆ, ਤਦ ਦੇਖੋ ਦੋਹਾਂ ਦੇ ਹੱਥ ਖੁੱਲ੍ਹ ਪਏ[੧੮੨]।

ਉਸ ਵੇਲੇ ਮਾਤਾ ਜੀ ਦੀ ਖੁਸ਼ੀ ਦਾ ਅੰਤ ਨ ਰਿਹਾ, ਅਸ਼ੀਰਵਾਦ ਦਿੱਤੀ ਤੇ ਸ਼ੁਕਰ-ਗੁਜ਼ਾਰ ਪੁਤ੍ਰਾਂ ਨੂੰ ਪ੍ਰਤੱਖ ਸ਼ਕਤੀ ਦਿਖਾ ਕੇ ਮਾਤਾ ਜੀ ਮੁੜ ਕੇ ਖਡੂਰ ਆ ਗਏ। ਸ੍ਰੀ ਅਮਰਦਾਸ ਜੀ ਹੁਕਮ ਦੇ ਬੱਧੇ ਟਿਕੇ ਰਹੇ ਬਾਸਰਕੇ, ਨਾਮ ਜਪਦੇ, ਗੁਰੂ ਧਯਾਨ ਮਗਨ, ਪ੍ਰੇਮ ਵਿਚ ਰਸ ਮਾਣਦੇ।

## ੩੯. ਗੋਇੰਦਵਾਲ।

**ਬੈਠੇ** ਸਨ ਬਾਸਰਕੇ ਵਿਚ ਸ੍ਰੀ ਅਮਰਦਾਸ ਜੀ ਖੁਸ਼ੀ ਵਿਚ। ਉਸ ਖੁਸ਼ੀ ਵਿਚ ਨਾ ਕਿ ਜਿਸ ਦੇ ਅਸੀਂ ਤੁਸੀਂ ਜਾਣੂ ਹਾਂ, ਪਰ ਉਸ ਖੁਸ਼ੀ ਵਿਚ ਕਿ ਜੋ ਖੁਸ਼ੀਆਂ ਦੀ ਖਾਹਸ਼ ਛਡਿਆਂ ਆਉਂਦੀ ਹੈ! ਪ੍ਰੀਤਮ ਹੋਵੇ ਅਰਸ਼ੀ, ਉਸ ਨਾਲ ਪਵੇ ਪਿਆਰ, ਖੁਸ਼ ਕਰਨੇ ਦੀ ਹੋਵੇ ਲਾਲਸਾ, ਅਣਹੋਂਦੇ ਤਾਣ ਨਾਲ ਕਰ ਲਵੇ ਉਸ ਨੂੰ ਖੁਸ਼, ਫਿਰ ਹੁੰਦੀ ਹੈ ਖੁਸ਼ੀ, ਜੋ ਨਹੀਂ ਹੁੰਦੀ ਪ੍ਰੀਤਮ ਖੁਸ਼ੀ ਵਾਂਙੂ ਖੁਸ਼ੀ, ਪਰ ਬਣਾ ਦੇਂਦੀ ਹੈ ਖੁਸ਼ੀ ਦਾ ਰੂਪ, ਹੋ ਜੂ ਜਾਣਾ ਹੋਇਆ ਓਹ ਕੁਛ ਜੋ ਕੁਛ ਕਿ ਚਾਹੁੰਦਾ ਹੈ ਅਰਸ਼ੀ ਪ੍ਰੀਤਮ ਕਿ ਹੋ ਜਾਵੀਏ! ਉਹ ਕੁਛ ਹੋ ਜਾਣਾ ਹੈ ਉਸ ਦੀ ਖੁਸ਼ੀ ਤੇ ਉਸ ਦੀ ਖੁਸ਼ੀ ਹੋ ਜਾਂਦੀ ਹੈ ਆਪਣੀ ਖੁਸ਼ੀ। ਉਸ ਅਰਸ਼ੀ ਦਾਤੇ ਦੀ ਖੁਸ਼ੀ ਵਿਚ ਸਮਾਏ ਖੁਸ਼ ਬੈਠੇ ਹਨ ਸ੍ਰੀ ਅਮਰਦਾਸ ਜੀ ਬਾਸਰਕੇ ਵਿਚ, ਜਿਨ੍ਹਾਂ ਨੇ ਆਪਣੀ ਖੁਸ਼ੀ ਵਿਚ ਟੋਰਿਆ ਸੀ ਬਾਸਰਕੇ।

ਇਸ ਤਰ੍ਹਾਂ ਦੇ ਰੰਗਾਂ ਵਿਚ ਬੀਤ ਰਹੇ ਦਿਨਾਂ ਵਿਚ ਇਕ ਦਿਨ ਆ ਗਿਆ ਸੱਦਾ ਸੈਨਤਾਂ ਦੇ ਖੰਭਾਂ ਨਾਲ ਉਡਦਾ ਖਡੂਰ ਵਿਚ ਬੈਠੇ ਅਰਸ਼ੀ ਬਾਲਮ ਦਾ, 'ਆ ਜਓ ਹੁਣ ਮੇਰੇ ਕੋਲ'। ਪਜਾਰੇ ਦੀ ਖੁਸ਼ੀ ਲਖ ਕੇ ਫੇਰ ਉਠ ਟੁਰੇ ਉਥੋਂ ਜੋ ਕਦੇ ਸੀ ਸ੍ਵਦੇਸ਼ ਤੇ ਫੇਰ ਹੋ ਗਿਆ ਸੀ ਪਰਦੇਸ਼ ਤੇ ਅਰਸ਼ੀ ਪ੍ਰੀਤਮ ਦੇ ਮੁੜ ਘੱਲਣ ਕਰਕੇ ਫੇਰ ਹੋ ਰਿਹਾ ਸੀ ਸ੍ਵਦੇਸ਼। ਅਜ ਓਹ ਸ੍ਵਦੇਸ਼ ਹੋ ਰਿਹਾ ਦੇਸ਼ ਫੇਰ ਬਿਦੇਸ਼ ਹੋ ਗਿਆ, ਸੱਦਾ ਜੋ ਆ ਗਿਆ ਪ੍ਰੀਤਮ ਦੇ ਦੇਸ਼ ਅੱਪੜਨ ਦਾ, ਜੋ ਸ੍ਵਦੇਸ਼ ਹੈ ਪ੍ਰੀਤਮ ਦਾ ਹੋਣ ਕਰਕੇ। ਬਿਰਧ ਪ੍ਰੇਮੀ ਜੀ ਪਰ ਪਿਰਮ ਰਸਾਂ ਨਾਲ ਜੁਆਨ ਹੋ ਗਏ ਪ੍ਰੇਮੀ ਜੀ ਅੱਪੜ ਪਏ ਖਡੂਰ, ਸਨੇ ਸਨੇ ਚਲਦੇ- ਦਿਲ ਨੈਣਾਂ ਦੇ ਭਾਰ ਚਲਦੇ ਜਾਂ ਪ੍ਰਾਪਤ ਹੋਏ ਪਵਿਤ੍ਰ ਚਰਨਾਂ ਨੂੰ, ਜਿਨ੍ਹਾਂ ਕਮਲਾਂ ਤੋਂ ਕੂਲੇ ਕੂਲੇ ਚਰਨਾਂ ਵਿਚ ਜਾ ਧਰੇ ਕਮਲ ਕਟੋਰੀਆਂ ਵਰਗੇ ਜਲ ਭਰੇ ਨੈਣਾਂ ਡੁੱਲ੍ਹ ਪਏ ਪ੍ਰੇਮਰਸ ਭਰੇ ਨੈਣ, ਤਰ-ਬ-ਤਰ ਹੋ ਗਏ ਚਰਣ ਕਮਲ ਜੋ ਸਦਾ ਭਰੇ ਰਹਿੰਦੇ ਹਨ ਪ੍ਰੇਮ ਰਸਾਂ ਨਾਲ; ਪਰ ਸਦਾ ਸਮਾ ਲੈਂਦੇ ਹਨ ਆਪਣੇ ਵਿਚ ਪ੍ਰੇਮੀ ਰਸ ਨਾਲ ਭਰੀਆਂ ਪ੍ਰੇਮੀਆਂ ਦੀਆਂ ਪ੍ਰੇਮ ਨੈਆਂ ਨੂੰ, ਜਿਵੇਂ ਸਾਗਰ ਸਾਰੀਆਂ ਨਦੀਆਂ ਦੇ ਜਲ ਸ੍ਵੀਕਾਰ ਕਰਦਾ ਨਾ ਕਦੇ ਹੋਰ ਲਈ ਭੁੱਖਾ ਹੋਇਆ ਤੇ ਨਾ ਹੀ ਕਦੇ ਸਦਾ ਪੈਂਦੀਆਂ ਨਾਲ ਰੱਜ ਉਛਲਿਆ।

ਇਸ ਤਰ੍ਹਾਂ ਪ੍ਰੇਮ ਰਸ ਭਰੇ ਆਏ। ਸ੍ਰੀ ਅਮਰਦਾਸ ਜੀ ਦੀ ਸੁਰਤ ਸਮਾ ਰਹੀ ਹੈ ਸੁਰਤੇ ਵਿਚ, ਸੀਸ ਤੇ ਫਿਰ ਰਿਹਾ ਹੈ ਸਮਾਈ ਕਰ ਲੈਣ ਵਾਲਾ ਯੁਮਨਾ ਵਾਲਾ ਕਰ ਕਮਲ।

ਅਰਸ਼ੀ ਪ੍ਰੀਤਮ ਨੇ, ਜੋ ਹੁਣ ਪ੍ਰੇਮੀ ਬਣ ਰਹੇ ਸਨ ਆਪਣੇ ਪ੍ਰੇਮੀ ਦੇ, 'ਪ੍ਰੇਮੀ ਪ੍ਰੀਤਮ' ਦੇ ਮੱਥੇ ਹੇਠ ਆਪਣਾ ਸੁਹਣਾ ਹੱਥ ਦੇਕੇ ਸੀਸ ਉਚਾਇਆ ਤੇ ਪਾਸ ਬਹਾਲ ਲਿਆ। ਸੁਖਸਾਂਦ ਪੁੱਛੀ ਹੁਣ ਰਸਨਾ ਨਾਲ ਬੀ, ਜੋ ਲਖ ਲਈ ਸੀ ਪਹਿਲੋਂ ਹਿਰਦੇ ਨਾਲ! ਫੇਰ ਸਾਰੇ ਪਰਿਵਾਰ ਦੀ ਸੁਖਸਾਂਦ ਪੁੱਛੀ! ਸਭ ਤੋਂ ਪਿਛੋਂ ਪੁੱਛੀ ਪਰਮੇਸ਼ੁਰ ਪਿਆਰੀ ਪੁਤ੍ਰੀ ਬੀਬੀ ਅਮਰੋ ਦੀ ਸੁਖਸਾਂਦ; ਜੋ ਦੱਸੀ ਸ਼ੁਕਰ ਭਰੇ ਦਿਲ ਤੇ ਸ਼ਰਧਾ ਭਰੇ ਨੈਣਾਂ ਨਾਲ ਜੁੜੇ ਹੱਥਾਂ ਦੀ ਅੰਜੁਲੀ ਨਾਲ ਸ੍ਰੀ ਅਮਰਦਾਸ ਜੀ ਨੇ ਕਿ ਉਪਕਾਰ ਮੂਰਤੀ ਕਾਕੀ ਸੁਖੀ ਹੈ, ਆਪ ਚੰਦਨ ਵਾਂਙੂ ਸੀਤਲ ਹੈ, ਨਾਮ ਸੁਗੰਧ ਵਿਚ ਮਗਨ ਹੈ ਤੇ ਨਾਮ ਦੀ ਸੁਗੰਧੀ ਦਾਨ ਹੋ ਰਹੀ ਹੈ, ਪਰਿਵਾਰ ਵਿਚ ਦੀਆਂ ਤੇ ਪਿੰਡ ਵਿਚ ਦੀਆਂ ਤੇ ਦੁਪਾਸਿਓਂ ਪੁਛਣ ਆਈਆਂ ਮਾਈਆਂ ਬੀਬੀਆਂ ਵਿਚ। ਇਸ ਤਰ੍ਹਾਂ ਗੱਲਾਂ ਖਾਤਾਂ ਕਰਦਿਆਂ ਲੰਗਰ ਦਾ ਸੱਦਾ ਆ ਗਿਆ। ਸਾਰੇ ਲੰਗਰ ਸਥਾਨ ਚਲੇ ਗਏ। ਜਦ ਸਾਰੇ ਛਕ ਚੁਕੇ ਤੇ ਆਪੋ ਆਪਣੇ ਟਿਕਾਣੇ


www.sikhbookclub.com

ਚਲੇ ਗਏ, ਏਕਾਂਤ ਹੋ ਗਈ ਤਾਂ ਗੁਰੂ ਜੀ ਨੇ ਸ੍ਰੀ ਅਮਰਦਾਸ ਜੀ ਨੂੰ ਆਖਿਆ-ਪੁਰਖਾ! ਮਾਥੋਂ ਦੂਰ ਰਹਿਣਾ ਤੁਸਾਂ ਲਈ ਅਝੱਲ ਹੈ, ਚਾਹੋ ਤੁਸੀਂ ਝੱਲ ਲਿਆ ਹੈ, ਤੇ ਅਗੋਂ ਬੀ ਝੱਲ ਲੈਸੋ, ਤੁਸੀਂ ਖੁਸ਼ੀ ਨਾਲ ਝੱਲ ਲੈਸੋ ਕਿਉਂ ਜੋ ਤੁਸਾਂ ਨੇ ਅਪਣਾ ਲਈ ਹੈ ਮੇਰੀ ਖੁਸ਼ੀ ਮੇਰੇ ਹੋਣ ਕਰਕੇ। ਮੇਰੀ ਖੁਸ਼ੀ ਹੁਣ ਇਹ ਹੈ ਕਿ ਦੂਰ ਰਹੋ। ਪਾਸ ਰਹਿਣੇ ਵਿਚ ਦਿੱਸ ਰਿਹਾ ਹੈ ਕਿ ਤੁਸਾਂ ਲਈ ਖੇਚਲ ਹੈ : ਤੁਸਾਂ ਦੀ ਖੇਚਲ ਵਿਚ ਮੇਰੀ ਖੁਸ਼ੀ ਨੀਂ! ਹਾਂ ਦੇਖੋ, ਕਰਤਾ ਪੁਰਖ ਨੇ 'ਪਾਸ ਰਹਿਣ' ਤੇ 'ਦੂਰ ਰਹਿਣ' ਦੇ ਵਿਚਕਾਰ ਇਕ ਵਿਉਂਤ ਸਾਜ਼ ਦਿੱਤੀ ਹੈ। ਉਹ ਹੈ 'ਨੇੜੇ ਰਹਿਣਾ' ਨੇੜੇ ਹੋਸੇਂ ਤਾਂ ਦੂਰੀ ਵਾਲੇ ਘਾਟੇ ਘਟ ਜਾਣਗੇ, ਨੇੜੇ ਹੋਸੇਂ ਤਾਂ 'ਪਾਸ ਰਹਿਣ' ਵਾਲੀਆਂ ਚੋਭਾਂ ਦੂਰ ਰਹਿਸਣ, 'ਨੇੜੇ ਰਹਿਣ' ਵਿਚ ਪਾਸ ਰਹਿਣ ਨਾਲੋਂ ਵਿੱਥ ਜੁ ਰਹਿਸੀ! ਵਿੱਥ ਚੋਭਾਂ ਨੂੰ ਵਿੱਥ ਤੇ ਰਖਦੀ ਹੈ। ਉਹ ਵਿਉਂਤ ਜੋ ਕਰਤਾਰ ਨੇ ਸਾਜੀ ਹੈ, ਇਹ ਹੈ ਕਿ ਤੂੰ ਹੁਣ ਬਜਾਸਾ ਕਿਨਾਰੇ ਤੇ ਜਾ ਵਸੇਂ। ਨੇੜੇ ਹੋ ਜਾਣ ਕਰਕੇ ਮੇਲਗੇਲ ਸੌਖੇ ਹੋ ਰਹਿਣਗੇ, ਵਾਸਾ ਤੁਸਾਂ ਦਾ ਸੁਤੰਤ੍ਰ ਹੋ ਜਾਏਗਾ, ਕਰਤਾ ਪੁਰਖ ਦੀ ਸੇਵਾ ਦਾ ਕੰਮ ਚੰਗਾ ਕਰ ਸਕੋਗੇ, ਜੋ ਪੰਡ ਕਿ ਹੁਣ ਤੁਸਾਂ ਸਿਰ ਧਰੀ ਜਾਣੀ ਹੈ! ਜਿਥੇ ਟਿਕਾਣਾ ਕਰਨਾ ਹੈ, ਪੱਤਣ ਦਾ ਥਾਉਂ ਹੈ, ਬਜਾਸਾ ਉਰਾਰ ਪਾਰ ਆਉਣ ਜਾਣ ਵਾਲੇ ਮੁਸਾਫਰਾਂ ਨੂੰ ਆਰਾਮ ਦਾ ਟਿਕਾਣਾ ਮਿਲ ਜਾਏਗਾ, ਵਸਤੀ ਵੱਸ ਪਵੇਗੀ, ਜੋ ਵੱਸ ਵੱਸ ਪਈ ਉਜੜਦੀ ਹੈ, ਤੁਸਾਡੇ ਕਦਮਾਂ ਦੀ ਬਰਕਤ ਨਾਲ ਵਸੇਗੀ, ਕਈ ਜੀਵਾਂ ਦੇ ਹੁਜਰਾਰ ਟੁਰ ਪੈਣਗੇ ਭਲਾ ਹੋਵੇਗਾ ਜਗਤ ਦਾ। ਤੁਸਾਂ ਦਾ ਡੇਰਾ ਹੋਣ ਕਰਕੇ ਭੁਖੇ, ਪਯਾਸੇ, ਦੁਖੀ ਦਰਦ ਰਵਾਣੇ ਦੀ ਸਾਰ ਹੋਵੇਗੀ, ਨਾਮ ਦਾ ਪੱਲੂ ਫਿਰੇਗਾ। ਕਿਉਂ?

ਸ੍ਰੀ ਅਮਰਦਾਸ ਜੀ ਦਿਲ ਜੋੜਕੇ ਸੁਣ ਰਹੇ ਸਨ, ਇਕ ਲੰਮਾ ਪਰ ਹਲਕਾ, ਸੁਖ ਤੇ ਸਹੂਲਤ ਵਾਲਾ ਸਾਹ ਲੀਤਾ ਤੇ ਹੱਥ ਜੋੜਕੇ ਆਖਿਆ : ਜੋ ਕਰਾਓ ਕਰਨਾ ਹੈ, ਬਲ ਬਖਸ਼ੋ ਕਿ ਇਸ ਅਬਲ ਤੋਂ ਆਪ ਦੀ ਚਿਤਵੀ ਸਬਲ ਸੇਵਾ ਸਰ ਆਵੇ।

ਸ੍ਰੀ ਗੁਰੂ ਜੀ-ਇਕ ਮਰਵਾਹਾ ਖਤ੍ਰੀ ਹੈ ਨਾਉਂ ਹੈ ਗੋਂਦਾ, ਬਿਆਸਾ ਲਾਗੇ ਉਸ ਦੀ ਬਹੁਤ ਸਾਰੀ ਹੈ ਭੋਇਂ। ਵਸਾ ਰਿਹਾ ਹੈ ਵਸਤੀ ਓਥੇ, ਵਲ ਵਲ ਕੇ ਪੈਂਦੇ ਸੂ ਵਿਘਨ ਵਸਤੀ ਵਸਾਉਣ ਵਿਚ। ਕਿਵੇਂ ਵਿਘਨ ਵਿਨਾਸ਼ ਹੋਣ ਵਸੇਬੇ ਵਿਚ ਇਸ ਲਈ ਆਇਆ ਸੀ ਸਾਡੇ ਪਾਸ, ਬਿਨੈ ਕਰਦਾ ਸੀ ਕਿ ਚਲ ਵੱਸੋ ਉਥੇ। ਅਸਾਂ ਆਖਿਆ ਕਿ ਅਸੀਂ ਤਾਂ ਉਥੇ ਚਲ ਵੱਸਣ ਦਾ ਸੰਕਲਪ ਨਹੀਂ ਧਾਰਦੇ, ਪਰ ਆ ਲੈਣਦੇ ਸ੍ਰੀ ਅਮਰਦਾਸ ਜੀ ਨੂੰ ਓਹ ਜਾ ਵੱਸਣਗੇ ਓਥੇ ਤੇ ਵਸਾ ਦੇਣਗੇ ਤੇਰੀ ਨਗਰੀ ਤੇ ਤੇਰੀ ਭਾਵਨਾ ਓਹ ਸਾਰੀ ਪੂਰੀ ਕਰ ਦੇਣਗੇ। ਸੋ ਪੁਰਖਾ ਹੁਣ ਜਦੋਂ ਉਹ ਆਵੇ ਉਸ ਨਾਲ ਜਾਕੇ ਦੇਖਣੀ ਜਗਾ, ਫੇਰ ਬੱਝ ਜਾਏਗਾ ਬਾਨ੍ਹਣੂੰ ਸਾਰਾ।

ਇਸ ਤਰ੍ਹਾਂ ਦੀ ਵਾਰਤਾਲਾਪ ਤੋਂ ਦੋ ਤ੍ਰੈ ਦਿਨ ਮਗਰੋਂ ਆ ਗਿਆ ਗੋਂਦਾ ਤੇ ਸ੍ਰੀ ਗੁਰੂ ਜੀ ਦੀ ਪਾ ਕੇ ਆਗਿਆ ਲੈ ਗਿਆ ਸ੍ਰੀ ਅਮਰਦਾਸ ਜੀ ਨੂੰ ਨਾਲ[੧੬੩]। ਸਾਰੀ ਥਾਂ ਤੇ ਟਿਕਾਣੇ ਵੇਖ ਕੇ ਜਦ ਸ੍ਰੀ ਅਮਰਦਾਸ ਜੀ ਮੁੜੇ ਤਾਂ ਸਾਹਿਬਾਂ ਨੇ ਪੁਛਿਆ-ਪੁਰਖਾ! ਥਾਉਂ ਕੈਸਾ ਡਿਠੋ, ਸ੍ਰੀ ਅਮਰਦਾਸ ਜੀ ਬੋਲੇ ਆਗਿਆ ਵਿਚ ਵੇਖ ਆਇਆ ਹਾਂ, ਜਗ੍ਹਾ ਸਖਤ ਹੈ, ਆਪ ਦੀ ਮੇਹਰ ਮੰਗਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਮੇਹਰ ਭਰੇ ਨੈਣਾਂ ਨਾਲ ਤੱਕੇ ਤੇ ਬੋਲੇ, ਪੁਰਖਾ ਤੇਰੇ ਕਦਮਾਂ ਦੇ ਯੁਮਨ (ਬਰਕਤਾਂ) ਨਾਲ ਸੁਭਾਗ ਹੋ ਵੈਸੀ[੧੬੪]।

ਸ੍ਰੀ ਅਮਰਦਾਸ ਜੀ-ਅਰਸ਼ ਕੁਰਸ਼ ਦੇ ਸੁਹਣੇ ਮਾਲਕ ਜੀਓ! ਤੁਸਾਂ ਦੀ ਆਗਿਆ ਵਿਚ ਹਨ ਸਾਰੇ ਯੁਮਨ।

ਤਦ ਸਤਿਗੁਰ ਨੇ ਆਪਣੇ ਹੱਥ ਦੀ ਛੜੀ ਦਿੱਤੀ ਤੇ ਕਿਹਾ : ਜਾਓ ਫੇਰੋ ਇਹ ਸਾਰੇ, ਧਰਤੀ ਨੂੰ ਸੁਭਾਗ ਕਰੋ ਤੇ ਆਪਣੇ ਲਈ ਪੂਰਬਲੇ ਪਾਸੇ ਟਿਕਾਣਾ ਦੱਸ ਆਓ।

ਸ੍ਰੀ ਅਮਰਦਾਸ ਜੀ ਚਲੇ ਗਏ ਆਗਿਆ ਪਾਲਨ। ਜਾ ਕੇ ਜਗ੍ਹਾ ਦੇਖੀ, ਫਿਰ ਫਿਰਕੇ ਛੜੀ ਫੇਰੀ ਸਾਰੇ। ਇਕ ਥਾਂ ਖੜੋ ਕੇ ਅਰਦਾਸ ਕੀਤੀ ਗੁਰੂ ਨਾਨਕ ਗੁਰੂ ਅੰਗਦ ਦਾ ਧ੍ਯਾਨ ਕਰਕੇ। ਗੋਂਦੇ ਦਾ ਲਿਆਂਦਾ 'ਮਿੱਠਾ' ਵੰਡ ਦਿੱਤਾ ਪ੍ਰਸ਼ਾਦ ਕਰਕੇ ਤੇ ਕਿਹਾ ਗੁਰੂ ਟੇਕ ਤੇ ਕੰਮ ਕਰੋ ਵਿਘਨ ਕਾਰੀ ਸਾਮਾਨ ਤੇ ਬਲ ਦੂਰ ਹੋ ਗਏ ਹਨ, ਗੁਰੂ ਕੀ ਮਿਹਰ ਨਾਲ। ਇਹ ਕਹਿ ਕੇ ਆਪ ਖਡੂਰ ਆ ਗਏ।

ਇਮਾਰਤ ਦੇ ਸਾਮਾਨ ਉਥੇ ਜਮਾਂ ਸਨ, ਤਯਾਰੀ ਹੋ ਚੁਕੀ ਹੋਈ ਸੀ, ਰਾਜ, ਮਜੂਰ, ਤ੍ਰਿਖਾਣ ਲੁਹਾਰ, ਹਾਜ਼ਰ ਸਨ। ਇਕ ਦਮ ਕੰਮ ਆਰੰਭ ਹੋ ਗਏ।

 www.sikhbookclub.com

ਖਜ਼ਾਰ ਬਣਿਆ, ਦੁਕਾਨਾਂ ਪੈ ਕੇ ਘਰ ਬਣੇ, ਸਰਾਂ ਸ਼ੁਰੂ ਹੋਈ। ਐਉਂ ਸ੍ਰੀ ਅਮਰਦਾਸ ਜੀ ਦੀ ਆਗਿਆ ਵਿਚ ਗੋਇੰਦਵਾਲ ਵੱਸ ਪਿਆ। ਸ੍ਰੀ ਅਮਰਦਾਸ ਜੀ ਦੇ ਲਈ ਜੋ ਥਾਉਂ ਗੁਰੂ ਆਗਿਆ ਵਿਚ ਚੁਣਿਆ ਗਿਆ ਸੀ ਸੋ ਗੋਂਦੇ ਨੇ ਸਾਫ ਕਰਵਾ ਦਿੱਤਾ। ਖਡੂਰ ਤੋਂ ਘੱਲੇ ਗੁਰੂ ਅੰਗਦ ਦੇਵ ਜੀ ਦੇ ਸਿਖ ਆਏ ਤੇ ਉਹਨਾਂ ਨੇ ਆਪਣੀ ਨਿਗਰਾਨੀ ਵਿਚ, ਸਗੋਂ ਆਪਣੇ ਹੱਥੀਂ ਸੇਵਾ ਕਰ ਕਰਕੇ ਬਹੁਤ ਸੁੰਦਰ ਮੰਦਰ ਬਣਾ ਲਿਆ ਤੇ ਸ੍ਰੀ ਗੁਰੂ ਜੀ ਨੂੰ ਖਬਰ ਘੱਲ ਦਿੱਤੀ। ਸ੍ਰੀ ਗੁਰੂ ਜੀ ਨੇ ਆਗਿਆ ਕੀਤੀ ਕਿ ਜਾਓ ਹੁਣ ਵਸੋ ਗੋਇੰਦਵਾਲ।

ਸ੍ਰੀ ਅਮਰਦਾਸ ਜੀ ਹੁਣ ਸਿਰ ਚਰਨਾਂ ਤੇ ਧਰਕੇ, ਪਾਵਨ ਛੁਹ ਸੁਭਾਗ ਮੱਥੇ ਨੂੰ ਲਾਕੇ ਜਲ ਭਰੇ ਨੈਣਾਂ ਨਾਲ ਉਠੇ ਤੇ ਮੂੰਹ ਸਨਮੁਖ ਰਖੀ ਟੁਰ ਪਏ ਨਵੇਂ ਵਾਸ-ਅਸਥਾਨ ਨੂੰ। ਜਾਂ ਟਿਕਾਣੇ ਅੱਪੜੇ ਤੇ ਆਪਣੇ ਵਸੇਬੇ ਦਾ ਮੰਦਰ ਡਿੱਠਾ ਡਾਢਾ ਸੁਹਣਾ ਤੇ ਵੱਡਾ, ਤਾਂ ਡੁਲ੍ਹ ਡੁਲ੍ਹ ਪੈਂਦੇ ਅਦਬ ਵਾਲੇ ਪ੍ਰੇਮ ਭਰੇ ਦਿਲ ਨੇ ਹਾਹੁਕਾ ਖਾਧਾ, ਬੋਲੇ :- ਅਮਰ, ਅਮਰ, ਗੁਰੂ ਕੇ ਨਫਰ ਅਮਰ! ਨਫਰ ਲਈ ਏਡਾ ਸੁਹਣਾ ਧਉਲਰ ਤੇ ਮਾਲਕ ਲਈ ਖਡੂਰ ਵਿਚ ਸਾਧਾਰਣ ਘਰ! ਹੈਂ! ਇਹ ਭਲਿਆ ਲੋਕਾ ਤੇਰੇ ਲਾਇਕ ਨਹੀਂ। ਪਾ ਕੋਈ ਝੁੱਗੀ ਤੇ ਰਹੁ ਦਾਸ ਹੋ ਕੇ, ਇਸ ਨੂੰ ਨਾ ਤੱਕ। ਇਹ ਕਹਿਕੇ ਆਪ ਅੱਗੇ ਨਾ ਵਧੇ ਤੇ ਉਥੇ ਹੀ ਅਟਕ ਗਏ ਤੇ ਫੇਰ ਵਿੱਥ ਤੇ ਜਾ ਖੜੋਤੇ। ਥੋੜੇ ਚਿਰ ਵਿਚ ਕੀਹ ਦਿੱਸਿਆ ਕਿ ਮੰਦਰ ਨੂੰ ਅੱਗ ਲੱਗ ਗਈ ਹੈ। ਸਿਖ ਦੌੜੇ ਆਏ। ਹੇ ਗੁਰੂ ਕੇ ਤਾਰੇ ਸੁਆਰੇ ਦਾਤਾ! ਅਸਾਂ ਖੜੇ ਪ੍ਰੇਮ ਨਾਲ ਮੰਦਰ ਸਾਜਿਆ ਸੀ, ਇਹ ਕੀ ਭਾਣਾ ਵਰਤਿਆ ਨੇ, ਸਾਡੀ ਘਾਲ ਥਾਂ ਨਾ ਪਈ!

ਸ੍ਰੀ ਜੀ ਬੋਲੇ :- ਤੁਸੀਂ ਸਿਖ ਸਾਓ, ਗੁਰੂ ਤੋਂ ਸੁਹਣਾ ਤੇ ਵਡਾ ਮੰਦਰ ਗੁਰੂ ਦੇ ਨਫਰ ਲਈ ਕਿਵੇਂ ਸਾਜਿਓ ਨੇ?

ਸਿਖ-ਹੁਕਮ ਕਮਾਉਣ ਦੇ ਚਾਉ ਵਿਚ ਬਣ ਗਿਆ, ਇਹ ਸੋਚ ਨਾ ਫੁਰੀ।

ਸ੍ਰੀ ਅਮਰਦਾਸ ਜੀਓ-ਚੰਗਾ ਫੇਰ ਗੁਰੂ ਪਿਆਰਿਓ! ਪਾਓ ਪਾਣੀ, ਬੁਝਾਓ ਜੋ ਲੱਥੜ ਕਾਠ ਬਚ ਰਿਆ ਮਿਲੇ, ਉਸੇ ਨਾਲ ਇਕ ਚੁਬਾਰਾ ਪਾ ਦਿਓ[੧੮੫]। ਹੇਠਾਂ ਕੋਠਾ ਅੰਨ ਪਾਣੀ ਲਈ ਉਤੇ ਚੁਬਾਰਾ, ਬਾਰੀ ਵਡੀ ਖਡੂਰ ਦਸ਼ਾ ਰੱਖਕੇ, ਜੋ ਰਸਨਾ ਨਾਲ ਬੈਠਾ ਸਿਮਰਾਂ ਗੁਰੂ, ਤੇ ਨੈਣਾਂ ਨਾਲ ਤੱਕਾਂ ਗੁਰੂ ਵਸੇਬੇ ਵਾਲੀ ਖਡੂਰ ਨੂੰ।

ਆਗਿਆ ਪਾ ਕੇ ਸਿਖਾਂ ਨੇ ਅੱਗ ਬੁਝਾਈ। ਲੱਕੜ ਕਾਠ ਜੋ ਬਚ ਰਹੇ ਇਕੱਠੇ ਕੀਤੇ, ਮਲਬਾ ਚੁਕਵਾਇਆ, ਪੱਕੀਆਂ ਇੱਟਾਂ ਸਫਾ ਕਰਵਾਈਆਂ ਤੇ ਇਕ ਕੋਠਾ ਹੇਠਾਂ ਬਣਾਕੇ ਉਤੇ ਚੁਬਾਰਾ ਪਾ ਦਿੱਤਾ, ਥੋੜੇ ਹੀ ਦਿਨ ਲਗੇ। ਕਾਰੀਗਰ ਸਨ ਗੋਂਦੇ ਦੇ, ਸਿਖ ਸਨ ਨਾਲ ਤੇ ਬਣਨਾ ਸੀ ਇਕ ਚੁਬਾਰਾ, ਇੰਨੇ ਦਿਨ ਗੋਂਦੇ ਘਰ ਟਿਕੇ ਰਹੇ, ਫਿਰ ਚੁਬਾਰੇ ਵਿਚ ਆ ਵਸੇ। ਹੁਣ ਗੋਇੰਦਵਾਲ ਵਿਚ ਰਹਿਕੇ ਨੇਮ ਇਹ ਬੱਝਾ ਕਿ ਅੰਮ੍ਰਿਤ ਵੇਲੇ ਧਿਆਨ ਮਗਨ ਬੈਠ ਜਾਣਾ, ਦਿਨ ਚੜ੍ਹੇ ਖਡੂਰ ਨੂੰ ਟੁਰ ਪੈਣਾ, ਲੰਗਰੋਂ ਪਹਿਲੇ ਅੱਪੜ ਪੈਣਾ। ਦਰਸ਼ਨ ਕਰਕੇ ਲੰਗਰ ਦੀ ਸੇਵਾ ਵਿਚ ਨਾਲ ਹੋ ਕੇ ਜਦੋਂ ਸਤਿਗੁਰ ਆਰਾਮ ਕਰਨ ਤਦੋਂ ਹੀ ਯਾ ਕੁਛ ਮਗਰੋਂ ਗੋਇੰਦਵਾਲ ਆ ਜਾਣਾ[੧੮੬]।

ਥੋੜੇ ਚਿਰ ਵਿਚ ਗੁਰੂ ਜੀ ਦੀ ਆਗਿਆ ਨਾਲ ਗੋਇੰਦਵਾਲ ਵਿਚ ਹੋਰ ਘਰ ਬਣਵਾਏ ਗਏ ਤੇ ਸ੍ਰੀ ਅਮਰਦਾਸ ਜੀ ਨੂੰ ਆਗਿਆ ਹੋਈ ਕਿ ਆਪਣੇ ਸਾਰੇ ਪਰਿਵਾਰ ਕਬੀਲੇ ਨੂੰ ਬਾਸਰਕੇ ਤੋਂ ਲਿਆਕੇ ਗੋਇੰਦਵਾਲ ਵਸਾ ਲਓ, ਸੋ ਸ੍ਰੀ ਅਮਰਦਾਸ ਜੀ ਸਭ ਨੂੰ ਲੈ ਆਏ ਤੇ ਗੋਇੰਦਵਾਲ ਸਾਰੇ ਕਬੀਲੇ ਦਾ ਵਤਨ ਬਣ ਗਿਆ।

## ੪੦. ਗੁਰ ਸਿੱਖ ਮੇਲ।

**ਐਉਂ** ਆਗਿਆ ਪਾਕੇ ਆਪ ਜੀ ਟਿਕ ਗਏ ਗੋਇੰਦਵਾਲ, ਦਰਸ਼ਨ ਮੇਲੇ ਕਰਦੇ ਰਹੇ[੧੮੭], ਜਿਵੇਂ ਪਿਛੇ ਵਰਣਨ ਹੋਇਆ ਹੈ। ਟਿਕਾਣੇ ਟਿਕ ਕੇ, ਮਿਹਰ ਪਾਤ੍ਰ ਪੂਰੇ ਬਣਕੇ ਸ੍ਰੀ ਅਮਰਦਾਸ ਜੀ ਦਾ ਪ੍ਰੇਮ ਕਿਤੇ ਥੰਮ੍ਹ ਨ ਖਲੋਤਾ, ਉਹ ਸਦਾ ਵਧਦਾ ਹੀ ਗਿਆ। ਇਕ ਵੇਰ ਆਪ ਜੀ ਨੂੰ ਆਗਿਆ ਹੋਈ ਕਿ ਗੋਇੰਦਵਾਲ ਹੀ ਟਿਕੇ ਰਹੋ, ਖਡੂਰ ਸੁਖ ਆਓ। ਇਸ ਤਰ੍ਹਾਂ ਸਰੀਰਕ ਦਰਸ਼ਨਾਂ ਤੋਂ ਵਿੱਥ ਪੈ ਗਈ। ਹੋਰ ਖਿੱਚਾਂ ਵਿੱਥ ਨਾਲ ਘਟਦੀਆਂ ਹਨ, ਸਚੇ ਪਜਾਰ ਦੀ ਖਿੱਚ ਵਿੱਥ ਪਿਆਂ ਵਧਦੀ ਹੈ। ਇਸ ਤਰ੍ਹਾਂ ਖਿੱਚ

 www.sikhbookclub.com

ਵਧਦੀ ਵਿਆਕੁਲਤਾ ਵਿਚ ਲੈ ਗਈ। ਆਪ ਦੇ ਅਡੱਲਵੇਂ ਪਜਾਰ ਦੀ ਖਿੱਚ ਗੁਰੂ ਜੀ ਨੂੰ ਪਹੁੰਚੀ। ਖਡੂਰ ਸੱਦ ਘੱਲਣ ਦੀ ਥਾਂ ਸ੍ਰੀ ਗੁਰੂ ਜੀ ਆਪ ਟੁਰ ਪਏ ਗੋਇੰਦਵਾਲ ਨੂੰ; ਜਿਵੇਂ ਟੁਰ ਪੈਂਦਾ ਏ ਸਾਗਰ ਸਦਾ ਟੁਰੀ ਆ ਰਹੇ ਦਰਿਆ ਨੂੰ ਮਿਲਨੇ ਲਈ ਆਪ[੧੮੮]। ਇਧਰੋਂ ਆਪ ਟੁਰੇ, ਉਧਰ ਸਾਰ ਸੁਧ ਪਹੁੰਚੀ ਸ੍ਰੀ ਅਮਰਦਾਸ ਜੀ ਨੂੰ, ਉਠ ਟੁਰੇ ਅਗੋਂ ਲੈਣ ਨੂੰ; ਆ ਮਿਲੇ ਅਗੋਂ, ਦਰਸ਼ਨ ਕਰਦੇ ਸਾਰ ਦਰਸ਼ਨ ਦੀ ਸੁਧ ਉੱਠ ਨੱਸੀ, ਬੇਵਸੇ ਚਰਨਾਂ ਤੇ ਢੈ ਪਏ, ਸਤਿਗੁਰ ਜੀ ਦ੍ਰਵੇ, ਚਾ ਕੇ ਘੁੱਟ ਛਾਤੀ ਨਾਲ ਲਾਇਆ।

'ਭਰਿਓ ਅੰਕ ਨਿਜ ਹਾਰੇ ਲਗਾਇਓ।' (ਸੂ: ਪ੍ਰ:) ਮਾਨੋਂ ਦੋ ਜੋਤਾਂ ਇਕ ਜੋਤਿ ਹੋ ਗਈਆਂ।

ਫੇਰ ਪਿਆਰ ਦੇਂਦੇ ਬਾਂਹ ਫੜਕੇ ਨਾਲ ਟੁਰ ਪਏ ਤੇ ਨਵੀਂ ਵਸੋਂ ਵਿਚ ਆਏ। ਸ੍ਰੀ ਅਮਰਦਾਸ ਜੀ ਦਾ ਚੁਬਾਰਾ ਤੇ ਹੋਰ ਟਿਕਾਣੇ ਦੇਖੇ, ਆਪਣੇ ਸੁਭਾਗ ਚਰਨਾਂ ਨਾਲ ਪਾਵਨ ਕੀਤੇ। ਫੇਰ ਅਗਲੇ ਪਾਸੇ ਨਦੀ ਵਲ ਨੂੰ ਹੋ ਟੁਰੇ ਤੇ ਇਕ ਟਿਕਾਣੇ ਜਾ ਖਿਰਾਜੇ ਸੁਹਾਵੀ ਬਿਆਸਾ ਦੇ ਨਿਰਾਸਾ ਕਰਨ ਕੰਢੇ ਤੇ[੧੮੯]। ਇਥੇ ਕਿਤਨਾ ਚਿਰ ਆਤਮ ਪਰਮਾਤਮ ਵਿਸ਼ਿਆਂ ਤੇ ਵਾਰਤਾਲਾਪ ਹੁੰਦੀ ਰਹੀ ਤੇ ਆਪਣੇ ਪਿਆਰੇ ਨੂੰ ਅਸੀਸਾਂ ਤੇ ਵਰਦਾਨ ਦੇਂਦੇ ਗੁਰੂ ਜੀ ਪਰਤ ਪਏ ਖਡੂਰ ਨੂੰ। ਇਸ ਤਰ੍ਹਾਂ ਆਗਿਆ ਵਿਚ ਸ੍ਰੀ ਅਮਰਦਾਸ ਜੀ ਟਿਕੇ ਰਹਿੰਦੇ ਗੋਇੰਦਵਾਲ; ਆਗਿਆ ਵਿਚ ਦਰਸ਼ਨ ਕਰਨ ਆ ਜਾਂਦੇ ਖਡੂਰ। ਕਦੇ ਸ੍ਰੀ ਗੁਰੂ ਜੀ ਆਪ ਚਲੇ ਜਾਂਦੇ ਗੋਇੰਦਵਾਲ ਤੇ ਦਰਸ਼ਨ ਦੇ ਕੇ ਨਿਹਾਲ ਕਰ ਆਉਂਦੇ।

## ੪੧. ਖਡੂਰ ਤੋਂ ਵਿਦੈਗੀ।

ਸ੍ਰੀ ਅਮਰਦਾਸ ਜੀ ਇਕ ਦਿਨ ਖਡੂਰ ਆਏ[੧੯੦] ਤਾਂ ਕੀ ਦੇਖਦੇ ਹਨ ਕਿ ਸਤਿਗੁਰ ਜੀ ਦਾ ਡੇਰਾ ਸਰਾ ਖਾਲੀ ਪਿਆ ਹੈ, ਨਾ ਆਪ ਹਨ, ਨਾ ਸਾਧ ਸੰਗਤਿ ਨਾ ਕੋਈ ਸਾਮਾਨ, ਨਾ ਕੋਈ ਜੀਵ ਸਾਂਈਂ ਦਾ। ਕਾਹਲੀ ਨਾਲ ਆਪ ਨੇ ਮਾਈ ਵਿਰਾਈ ਦੇ ਘਰ ਵੱਲ ਨੂੰ ਰੁਖ ਕੀਤਾ। ਚੌਧਰੀ ਮਹਿਮਾ ਅਗੋਂ ਆਪ ਆਉਂਦਾ ਮਿਲ ਪਿਆ, ਜਿਸ ਨੇ ਅੱਗੇ ਵਧਕੇ ਅਦਬ ਨਾਲ ਮੱਥਾ ਟੇਕਿਆ। ਆਪ ਜੀ ਨੇ ਕਾਹਲੀ ਨਾਲ ਪੁਛਿਆ : ਸੁਣ ਬਈ ਚੌਧਰੀ! ਸਤਿਗੁਰ ਜੀ ਨੇ ਕਿਸ ਪਰਤੀ ਤੇ ਜਾ ਭਾਗ ਲਾਏ ਹਨ, ਖਡੂਰ ਸੱਖਣੀ ਹੋਈ ਪਈ ਹੈ?

ਚਉਧਰੀ (ਹੱਥ ਬੰਨ੍ਹ ਕੇ)--ਕੀ ਦੱਸਾਂ। ਲਾਜ ਆਉਂਦੀ ਏ ਦੱਸਦਿਆਂ ਬੀ।......ਸਾਡੀ ਕੋਈ ਪੇਸ਼ ਨਹੀਂ ਗਈ।......ਮੁਲਖਈਆ ਜਦੋਂ ਭੂਏ ਹੋ ਉਠੇ ਸਭ ਦੀ ਮਤਿ ਮਾਰੀ ਜਾਂਦੀ ਹੈ, ਵਿਚੇ ਸਿਆਣਿਆਂ ਦੀ।......ਕਿਸੇ ਨਾ ਸੁਣੀ ਸਾਡੀ।...ਸਾਡੇ ਭਾਗ।

ਸ੍ਰੀ ਅਮਰਦਾਸ ਜੀ–ਗੱਲ ਕੀ ਏ ਤੇ ਕਿਵੇਂ ਹੋਈ?

ਚਉਧਰੀ–ਤੁਸੀਂ ਜਾਣਦੇ ਓ ਜੋਗੀਆਂ ਨੂੰ, ਥਾਂ ਥਾਂ ਟਿਕਾਣੇ ਹੈਨ, ਜਿਨ੍ਹਾਂ ਦੇ[੧੯੧]। ਹੁਣ ਕੁਛ ਘਟਦੇ ਜਾਂਦੇ ਹਨ। ਇਥੇ ਭੀ ਇਕ ਤਕੜਾ ਮੱਠ ਏ ਜੋਗੀਆਂ ਦਾ।

ਏਥੇ ਦਾ ਜੋਗੀਸ਼ਰ ਕੰਨ ਪਾਟਾ ਸ਼ਿਵ ਨਾਥ[੧੯੨] ਚਿਰਾਂ ਤੋਂ ਵਾਂਢੇ ਗਿਆ ਹੋਇਆ ਸੀ, ਅਸਾਂ ਜਾਤਾ ਸੀ ਗਿਆ ਸੁ ਗੁਜ਼ਰਿਆ ਹੋ ਗਿਆ। ਉਹ ਆ ਨਿਕਲਿਆ ਏ ਕਿਧਰੋਂ ਭੌਂਦਾ ਚੌਂਦਾ[੧੯੩]। ਚੇਟਕੀ ਏ ਜਿਵੇਂ ਹੁੰਦੇ ਹਨ ਅਕਸਰ ਜੋਗੀ, ਮਨ ਨਹੀਂ ਸਾਧਦੇ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਆਖਿਆ ਹੈ, ਕਾਇਆਂ ਸਾਧਿਆਂ ਕੀ ਬਣਦਾ ਏ, ਮਨ ਓਵੇਂ ਈ ਰਹਿੰਦਾ ਏ ਬੇ--ਕਾਬੂ। ਫੇਰ ਰਿੱਧਾਂ ਸਿੱਧਾਂ ਵਿਚ ਫਸ ਡਿਗਦੇ ਹਨ। ਪਿੰਡ ਆਇਆ ਇਹ ਜੋਗੀ ਤਾਂ ਖੁਣਸਿਆ ਗੁਰੂ ਕਾ ਪ੍ਰਤਾਪ ਵੇਖਕੇ। ਇਧਰ ਲਗ ਰਹੀ ਏ ਔੜ। ਸਾਵਣ ਵਸੇ ਤੇ ਬੀਜੀਆਂ, ਉਗੀਆਂ, ਫੇਰ ਆਕਾਸ਼ ਨੇ ਬੂੰਦ ਨਹੀਂ ਸੁਟੀ, ਹੁਣ ਜਾ ਰਿਹਾ ਏ ਭਾਦੋਂ, ਹਰੀ ਖੇਤੀ ਹੁਣ ਕੁਮਲਾ ਰਹੀ ਏ। ਪਿੰਡ ਦੇ ਲੋਗ ਚਾਂਭਲੇ ਚਾਂਭਲੇ ਗਏ ਜੋਗੀ ਪਾਸ–ਬਾਬਾ ਤੂੰ ਸਾਡਾ ਪੀਰ ਏਂ ਪੁਰਾਣਾ, ਕੋਈ ਲਾ ਪੀਰੀ ਪਾ ਮੀਂਹ। ਜੋਗੀ ਅਗੇ ਹੀ ਕੋਈ ਦਾਉ ਲੱਭ ਰਿਹਾ ਸੀ, ਆਖਣ ਲੱਗਾ-ਮੀਂਹ ਕੀ ਪਵੇ, ਤੁਹਾਡੇ ਪਿੰਡ ਇਕ ਗ੍ਰਿਹਸਤੀ ਬੈਠਾ ਮੱਥੇ ਟਿਕਾਉਂਦਾ ਏ, ਇੰਦਰ ਤਾਂ ਕਾਰਣ ਗੁੱਸੇ ਵੇ। ਇਸ ਨੂੰ ਪਿੰਡੋਂ ਬਾਹਰ ਕਰੋ ਤਾਂ ਮੀਂਹ ਮੈਂ ਪੁਆ ਦਿਆਂਗਾ। ਇਕ ਸਿਆਣੇ ਆਖਿਆ ਗੁਰੂ ਤਾਂ ਸਭ ਦਾ ਭਲਾ ਕਰਦਾ ਏ, ਕਿਸੇ

ਨਾਲ ਮਾੜਾ ਨਹੀਂ, ਭਜਨ ਦੀ ਮੂਰਤ ਏ।

ਜੋਗੀ ਨੇ ਕਿਹਾ-ਫੇਰ ਜੇ ਸੱਤਿਆਵਾਨ ਏ ਤਾਂ ਮੀਂਹ ਪਾਵੇ ਨਾ। ਆਖੋ ਸੂ ਜਾ ਕੇ ਮੀਂਹ ਪਾ ਬਈ ਕਲਾਵਾਨਾ! ਜੇ ਪੀਰੀ ਪੱਲੇ ਨਹੀਂ ਤਾਂ ਪਿੰਡੋਂ ਪਰੇ ਹੋ ਜਾਹ। ਜੇ ਤਾਂ ਮੀਂਹ ਪਾ ਦੇਵੇ ਤਾਂ ਅਮੀਂ ਜਮੀਂ ਟਿਕਿਆ ਰਹੇ ਤੇ ਜੇ ਨਾ ਪਾਵੇ ਤਾਂ ਫੇਰ ਮੈਂ ਪਾ ਦਿਆਂਗਾ, ਪਰ ਤਾਂ ਜੇ ਉਹ ਪਿੰਡੋਂ ਚਲਾ ਜਾਏ। ਉਸ ਦੇ ਬੈਠਿਆਂ ਮੇਰੀ ਨਹੀਂ ਚੱਲਣੀ। ਮੱਥੇ ਟਿਕਾਉਣੇ ਗ੍ਰਿਹਸਤੀ ਦਾ ਉਪੱਦਰ ਏ। ਤੁਸਾਂ ਵੇਖ ਲੈਣਾ ਗੁਰੂ ਗਿਰਾਂ ਤੋਂ ਗਿਆ ਨਹੀਂ ਕਿ ਇੰਦਰ ਖਾਰੀ ਛਜੀਂ ਵੁੱਠਾ ਨਹੀਂ[੯੪]।

ਇਹ ਸੁਣਕੇ ਮੀਂਹ ਲਈ ਬੇਕਲ ਹੋਏ ਜੱਟ ਭੂਏ ਹੋ ਉਠੇ ਤੇ ਟੁਰ ਪਏ। ਮੈਂ ਸਮਝਾਇਆ : ਗੁਰੂ ਕੀ ਬੇ-ਅਦਬੀ ਨਾ ਕਰੋ ਅੱਗੇ ਖਬਰੇ ਕਿਨ੍ਹਾਂ ਫੇੜਿਆਂ ਨੂੰ ਫੜੇ ਬੈਠੇ ਆਂ, ਜੋ ਔੜ ਲਗੀ ਏ। ਤਖਤ ਮਲ ਨੇ ਬੀ ਸਮਝਾਇਆ ਪਰ ਪੇਸ਼ ਨਾ ਜਾਣ ਦਿੱਤੀ ਜੋਗੀ ਦੀ ਸਿਖਾਵਟ ਨੇ, ਜਾ ਪਹੁੰਚੇ ਲੋਕੀ ਗੁਰੂ ਦੁਆਰੇ ਜਾ ਆਖਿਓ ਨੇ-ਗੁਰੂ ਜੀ ਮੀਂਹ ਵਸਾਵੋ, ਔੜ ਲਗ ਰਹੀ ਏ?

ਠਰੰਮੇ ਦੇ ਮਾਲਕ ਗੁਰੂ ਜੀ ਮਹਿਜ ਨਾਲ ਬੋਲੇ-ਭਾਈ! ਮੀਂਹ ਮਾਲਕ ਦੇ ਹੱਥ ਹੈ।

ਜੱਟ ਬੋਲੇ-ਤੁਸੀਂ ਜੁ ਗੁਰੂ ਹੋ, ਲਾਓ ਨਾ ਕੋਈ ਪੀਰੀ।

ਗੁਰੂ ਜੀ ਬੋਲੇ-ਵਸਾਏਗਾ ਆਪ ਵਸਾਵਣਹਾਰ, ਜਿਸ ਨੂੰ ਫਿਕਰ ਹੈ ਆਪਣੀ ਰਚੀ ਦਾ, ਪ੍ਰਤੀਤ ਕਰੋ, ਉਸ ਉਤੇ।

ਜੱਟ ਬੋਲੇ-ਜੇ ਫਿਕਰ ਹੈਸੂ ਤਾਂ ਪਾਉਂਦਾ ਕਿਉਂ ਨਹੀਂ?

ਗੁਰੂ ਜੀ ਬੋਲੇ-ਸਦਾ ਪਾਉਂਦਾ ਏ, ਕਦੇ ਅੱਗੇ ਕਦੇ ਵੇਲੇ ਸਿਰ; ਕਦੇ ਜ਼ਰਾ ਵੇਲਾ ਵਟਾਕੇ। ਆਪਣੀਆਂ ਹਿਕਮਤਾਂ ਉਹ ਆਪ ਜਾਣਦਾ ਏ, ਉਹ ਤਾਂ ਮਿਹਰਵਾਨ ਹੈ, ਸਾਡੇ ਕਰਮ ਵੀ ਕੋਈ ਸ਼ੈ ਹਨ; ਕਰਮਾਂ ਵਲ ਬੀ ਮਾਰੋ ਝਾਤ ਤੇ ਤਕਵਾ ਰਖੋ ਉਸਦੀ ਮਿਹਰ ਉੱਤੇ। ਸਿਦਕ ਦੇ ਘਰ ਆਓ ਕਿ ਤ੍ਰੁਠੇਗਾ ਦਾਤਾ। ਓਹ ਜਾਣਦਾ ਹੈ ਤੇ ਆਪ ਤ੍ਰੁਠਦਾ ਹੈ। ਹਾਂ ਕਰੋ ਅਰਦਾਸ।

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥
(ਵਾਰ ਮਾਰੂ ਮ: ੧-੨੦)

ਜਟ ਬੋਲੇ-ਬਥੇਰਾ ਉਡੀਕਿਆ ਤੇ ਮੰਗਿਆ। ਹੁਣ ਜੋਗੀ ਮਾਡਾ ਪੀਰ ਆਇਆ ਏ, ਆਖਦਾ ਏ ਮੈਂ ਮੀਂਹ ਪਾਉਂਦਾ ਹਾਂ, ਪਰ ਅਟਕਾਰਾ ਤੁਸਾਡਾ ਏ, ਤੁਹਾਡੇ ਕਾਣ ਨਹੀਂ ਵਰ੍ਹਦਾ ਮੀਂਹ।

ਗੁਰੂ ਜੀ ਮੁਸਕ੍ਰਾਏ ਤੇ ਬੋਲੇ : ਹਲਾ?

ਜਟ ਬੋਲੇ-ਹਾਂ ਜੀ, ਓਹ ਆਖਦਾ ਏ ਪਿੰਡ ਛੋੜ ਜਾਣ ਜੇ ਗੁਰੂ ਜੀ ਤਾਂ ਓਹ ਵਸਾਏਗਾ ਮੀਂਹ ਆਪਣੀ ਕਲਾ ਨਾਲ। ਹਥਾਂ ਤੇ ਸਰ੍ਹੋਂ ਜਮਾ ਦਿਖਾਏਗਾ। ਆਖਦਾ ਏ ਤੁਸਾਂ ਕੰਡ ਵਲਾਈ ਨਹੀਂ ਕਿ ਵਰਖਾ ਆਈ ਨਹੀਂ।

ਗੁਰੂ ਜੀ ਬੋਲੇ-ਭਲਾ ਭਾਈ ਭਲਾ, ਜਿਸ ਵਿਚ ਤੁਹਾਡਾ ਭਲਾ ਹੈ ਮਨਾਓ। ਅਸੀਂ ਤੁਹਾਡੇ ਭਲੇ ਵਿਚ ਰਾਜੀ ਹਾਂ। ਜੇ ਸਾਡੇ ਗਿਆਂ ਹੁੰਦਾ ਏ ਤੁਹਾਡਾ ਭਲਾ ਤਾਂ ਹੋਵੇ ਅੰਮੀਂ ਜੰਮੀਂ ਅਸੀਂ ਚਲਦੇ ਹਾਂ। ਇਹ ਆਖ ਕੇ ਖਿਮਾਂ ਖਿਉਣੀ ਦੀ ਨਿਧਿ ਗੁਰੂ ਜੀ ਉੱਠ ਖੜੋਤੇ। ਭਾਈ ਬੁੱਢਾ ਜੀ ਜੱਟਾਂ ਨੂੰ ਰਸਤੇ ਪਾਉਣਾ ਚਾਹੁੰਦੇ ਸਨ ਕੁਛ ਸਮਝੌਤੀ ਨਾਲ, ਕਿ ਰਖ ਜਾਣੇ, ਕੁਛ ਸ਼ਕਤਿ ਨਾਲ, ਅਸੀਂ ਬੀ ਸਮਝਾ ਬੁਝਾ ਰਹੇ ਸਾਂ ਕਿ ਗੁਰੂ ਜੀ ਨੇ ਸਭ ਨੂੰ ਹੋੜ ਦਿੱਤਾ ਕਿ ਜੇ ਇੰਞ ਭਲਾ ਹੁੰਦਾ ਏ ਤਾਂ ਅਟਕਾਰਾ ਨਾ ਪਾਓ।

ਉਸ ਵੇਲੇ ਇਕ ਸਿਖ ਨੇ ਪੁਛਿਆ ਸੀ ਕਿ ਏਥੋਂ ਇਕ ਦਮ ਉਠ ਕੇ, ਦਾਤਾ ਜੀਓ! ਜਾਵਾਂਗੇ ਕਿੱਥੇ?

ਆਪ ਬੋਲੇ-ਦਾਵੇ ਬਿਨ ਦਰਵੇਸ਼, ਮੁਲਕ ਮਾਲਕ ਦਾ ਮੋਕਲਾ, ਜਿਥੇ ਬਹਿ ਗਏ ਦੇਸ, ਜਿਥੋਂ ਟੁਰੇ ਬਿਦੇਸ ਓ।

ਐਉਂ ਦਾ ਕੁਛ ਆਖਦੇ ਟੁਰ ਪਏ[੯੫] ਤੇ ਟੁਰੀ ਗਏ। ਹੁਣ ਜੰਗਲ ਮੰਗਲ ਹੋ ਰਿਹਾ ਹੈ। ਖਾਨ ਰਜਾਦੇ ਦੀ ਜੂਹ ਵਿਚ ਭਾਗ ਲਗ ਰਹੇ ਹਨ[੯੬]। ਡੇਰਾ ਸਾਰਾ ਮਗਰੇ ਔਪੜ ਚੁਕਾ ਹੈ।

ਸ੍ਰੀ ਅਮਰਦਾਸ ਜੀ-ਫੇਰ ਚਉਧਰੀ! ਕੋਈ ਕਣੀ ਕਣਾ ਹੋਇਆ?

ਚਉਧਰੀ-ਕਣੀ ਕੀਹ, ਤਪਦੇ ਗਗਨਾਂ ਤੇ ਇਕ ਲੀਕ ਨਹੀਂ ਫਿਰੀ ਬੱਦਲ ਦੀ।

ਲਓ ਜੀ ਗੁਰੂ ਕੇ ਤਾਂ ਆਪਣੇ ਤਿਆਗ ਵੈਰਾਗ ਵਿਚ ਵਗ ਗਏ; ਇਧਰ ਤਪੇ ਜੋਗੀ ਦੇ ਭਾ ਦੀ

 www.sikhbookclub.com

ਆਪੇ ਆ ਬਣੀ ਏ। 'ਕਰ ਪਰ ਨੂੰ ਤੇ ਆਵੀ ਘਰ ਨੂੰ' ਵਾਲੀ ਗੱਲ ਬਣਦੀ ਦਿੱਸਦੀ ਏ। ਨਿਰਵੈਰ ਨਾਲ ਵੈਰ ਕਮਾਇਆ ਸੂ, ਆਪਣੇ ਸਿਰ ਪਿਆ ਪੈਂਦਾ ਸੂ। ਮੀਂਹ ਨਹੀਂ ਪਿਆ, ਆਖਦਾ ਸੀ ਗੁਰੂ ਨੂੰ ਕੱਢਣ ਦੀ ਡੇਰ ਏ ਅੰਬਰ ਪਾਟਣ ਦੀ ਡੇਰ ਨਹੀਂ। ਹੁਣ ਬੀਤ ਗਿਐ ਅਠਵਾਰਾ! ਜੱਟ ਨਿਰਾਸ ਹੋ ਹੋ ਕੇ ਹੁਣ ਭੂਏ ਹੋ ਖੜੋਤੇ ਹਨ। ਰੋਜ਼ ਓਸ ਨੂੰ ਫੜ ਫੜ ਖਹਿੰਦੇ ਹਨ- ਪਾ ਮੀਂਹ, ਖੋਲ ਮੁਠ, ਆਖ ਇੰਦਰ ਨੂੰ ਵਸੇ। ਜੋਗੀ ਆਲੇਕੌਡੀ ਛਿਕੋਕੌਡੀ ਕਰਦਾ ਝੱਟ ਟਪਾਉਂਦਾ ਏ। ਸਿਆਣੇ ਸਿਆਣੇ ਜੱਟ ਗੁਰੂ ਜੀ ਨੂੰ ਕੱਢ ਕੇ ਹੁਣ ਹੱਥ ਮਲਦੇ ਹਨ-ਅਸਾਂ ਸਰਬੱਤ ਦਾ ਭਲਾ ਕਰਨ ਵਾਲੇ ਗੁਰੂ ਨਾਲ ਕਿਉਂ ਵਿਗਾੜੀ। ਹਾਂ ਸੱਚੀਂ ਜੋਗੀ ਤਾੜੀਆਂ ਲਾਉਂਦਾ ਏ, ਮੰਤ੍ਰ ਪੜ੍ਹਦਾ ਏ, ਅੱਖਾਂ ਮੀਟ ਮੀਟ ਬਹਿੰਦਾ ਏ, ਪਰ ਬਣਦਾ ਬਣਾਉਂਦਾ ਕੁਛ ਨਹੀਂ। ਇਸ ਤਰ੍ਹਾਂ ਬਾਬਾ ਜੀ ਜੇ ਵਰਖਾ ਹੁੰਦੀਆਂ ਤਾਂ ਫੇਰ ਸਭ ਕੋਈ ਰੱਖ ਬਣ ਬਹਿੰਦਾ। (ਠੰਢਾ ਸਾਹ ਲੈ ਕੇ)......ਲੋੜ ਬੁਰੀ। ......ਖਬਰੇ ਹੁਣ ਜੋਗੀ ਦੇ ਭਾਹ ਕੀਟ ਬਣਦੀ ਏ?

ਇਸ ਤਰ੍ਹਾਂ ਗਲਾਂ ਕਰਦੇ ਕਰਦੇ ਕੁਛ ਰੌਲੇ ਦੀ ਅਵਾਜ਼ ਆਈ, ਦੋਵੇਂ ਉਧਰ ਨੂੰ-ਵੱਡੀ ਡਿਉਢੀ ਵੱਲ ਨੂੰ-ਜਾ ਨਿਕਲੇ। ਕੀ ਦੇਖਦੇ ਹਨ ਕਿ ਜੋਗੀ ਨੂੰ ਲੋਕੀਂ ਬਾਹਰ ਧੱਕ ਕੇ ਲੈ ਗਏ ਹਨ ਤੇ ਘੇਰੀ ਖਲੋਤੇ ਹਨ। ਭੀਤੋ ਭੀਤ ਵੰਗਾਰਾਂ ਪਾ ਰਹੇ ਹਨ : ਪਾ ਮੀਂਹ, ਖੋਲ੍ਹ ਮੁੱਠ, ਕੱਢ ਇੰਦਰ ਨੂੰ, ਆਖਦਾ ਸੀ ਮੇਰੀ ਮੁੱਠ ਵਿਚ ਮੀਂਹ ਏ; ਕੋਈ ਆਖਦਾ ਏ-ਏਨ ਗੁਰੂ ਬੀ ਸਾਥੋਂ ਗੁਆਇਆ ਤੇ ਆਪ ਨਿਕਲਿਆ ਥੋਥਾ, ਕੱਢੋ ਸੁ ਬਾਹਰ। ਕਿਸੇ ਕਿਹਾ-ਗੁਰੂ ਸਚ ਪੁੱਤਰ ਸੀ, ਓਨ੍ਹ ਨਹੀਂ ਬੱਧਾ ਕੋਈ ਦਾਵਾ, ਹੈਂ ਆਖੇ : ਰਸ ਦੇ ਵੱਸ ਏ। ਆਹ ਦੇਖੋ ਆਪਣੇ ਵਸ ਵਾਲਾ ਭੜੂਆ, ਝੂਠਾ।

ਕੁਛ ਜੱਟਾਂ ਨੇ ਸ੍ਰੀ ਅਮਰਦਾਸ ਜੀ ਨੂੰ ਸਿਆਣ ਲਿਆ, ਆਂ ਪੈਰੀਂ ਪਏ-ਬਾਬਿਆ! ਆ ਬਾਬਿਆ! ਕੋਈ ਕਰ ਬਹੁੜੀ ਤੂੰਹੋਂ! ਗੁਰੂ ਕਾ ਪਿਆਰਾ ਏਂ। ਸਾਡੇ ਵੱਲ ਨਾ ਤੱਕੀਂ। ਲੋੜਕੂ, ਫੇਰ ਜ਼ਿਮੀਦਾਰ......ਜੱਟ ਵਿਗਾੜੇ ਮੁਰਸ਼ਿਦ ਨਾਲ। ......ਵਿਗਾੜ ਬੈਠੇ ਹਾਂ, ਤੂੰ ਸਵਾਰ ਦੇ......। ਕਰੀਏ ਕੀ, ਅਸੀਂ ਨਿਖੁਟੇ ਬੀ ਕਿੱਧਰ ਜਾਈਏ। ਜਿੰਦ ਜਾਨ, ਮਾਲ ਡੰਗਰ, ਪੁਤ ਧੀ ਸਭ ਕੁਛ ਮੀਂਹ ਦੇ ਪਰਨੇ ਹੋਇਆ। ...ਲਾਲਚ ਲਾਲਚ ਕਿ ਜਿੰਦ ਜਾਨ? ਗੁਰੂ ਕਿਆ! ਤੂੰ ਸਾਧੂ ਏਂ ਸਾਡੀ ਰੇਖ ਵਿਚ ਮਾਰ ਕੋਈ ਮੇਖ, ਚਾਰ ਕਣੀਆਂ ਵਸਾ ਦੇਹ, ਵੱਸ ਪਈਏ ਸਾਰੇ। ਇਕ ਨੇ ਦੂਏ ਨੇ ਹੌਲੇ ਜਿਹੇ ਕਿਹਾ : ਬਾਬੇ ਨੂੰ ਲਾਲਚ ਦੇਹ-ਗੁਰੂ ਨੂੰ ਫੇਰ ਲੈ ਆਵਾਂਗੇ। ਉਹ ਹੱਸ ਪਿਆ, ਕਹਿਣ ਲੱਗਾ ਇਹ ਨਾ ਆਖੀਂ ਇਹ ਸਾਥੋਂ ਅਕਲਈਆ ਏ! ਇੰਨੇ ਨੂੰ ਹੋਰ ਭੀੜ ਉਲਟ ਪਈ-'ਬਾਬਾ ਆਇਆ, ਬਾਬਾ ਆਇਆ; ਬਾਬਿਆ ਤੂੰ ਬਾਬਾ ਏਂ ਕਰ ਕੋਈ ਮੇਹਰ।'

ਗੁਰੂ ਦੀ ਸਹਿਨਸ਼ੀਲਤਾ ਤੇ ਰਜ਼ਾ ਵਿਚ ਰਾਜ਼ੀ ਰਹਿਣਾ ਸ੍ਰੀ ਅਮਰਦਾਸ ਜੀ ਦੇ ਨੈਣਾਂ ਅਗੇ ਸੀ! ਉਹਨਾਂ ਦੀ ਸ਼ਕਤੀ-ਮਾਨਤਾ ਤੇ ਫੇਰ ਨਿੰਮ੍ਰਤਾ ਦਾ ਕਮਾਲ ਅੱਖਾਂ ਅਗੇ ਆਵੇ! ਫਿਰ ਉਨ੍ਹਾਂ ਦੀ ਖੇਚਲ ਤੇ ਆਪਣਾ ਪ੍ਰੇਮ ਫੁੰਕਾਰੇ ਮਾਰੇ। ਦੰਡ ਦੇਣ ਦੀ ਸੁੱਝੇ, ਅਰ ਦਿਤੋ ਨੇ ਡੰਡ, ਪਰ ਓਵੇਂ ਜਿਵੇਂ ਚੰਦਨ ਦੇਂਦਾ ਏ, ਦੰਡ ਕੁਹਾੜੇ ਨੂੰ, ਆਪਣੀ ਖੁਸ਼ਬੋ ਹੀ ਲਾ ਦੇਂਦਾ ਏ। ਕਿਸੇ ਡਾਢੇ ਉਛਾਲ ਦੇ ਵੇਗ ਵਿਚ ਸ੍ਰੀ ਅਮਰਦਾਸ ਜੀ ਬੋਲੇ-

ਜਿਸ ਗੁਰੂ ਨੂੰ ਕੱਢਿਆ ਜੇ ਉਸ ਦੇ ਨਾਮ ਵਿਚ ਵਸਦਾ ਏ ਸਭੋ ਕੁਝ। ਜੇ ਧਾਰੋ ਨਿਹਚਾ, ਦਿਓ ਦੁਹਾਈ ਉਸੇ ਦੇ ਨਾਮ ਦੀ, ਸਿਦਕ ਨਾਲ, ਪਿਆਰ ਨਾਲ ਆਪਣੀ ਕੀਤੀ ਤੇ ਭਰ ਕੇ ਨੈਣ, ਤਾਂ ਵੇਖੋ ਤ੍ਰੁਠਦਾ ਏ ਕਿ ਨਾ ਅੰਬਰਾਂ ਦਾ ਮਾਲਕ। ਮਿਲਵੀਂ ਤੇ ਕਾਹਲੀ ਅਵਾਜ਼ ਆਈ ਭੀੜ ਵਿਚੋਂ-ਕਿਵੇਂ ਬਾਬਾ ਕਿਵੇਂ?

ਸ੍ਰੀ ਅਮਰਦਾਸ ਜੀ-ਮਨ ਵਿਚ ਮੰਨੋ ਆਪਣਾ ਅਪਰਾਧ, ਸਿਦਕ ਧਾਰੋ ਕਿ ਗੁਰੂ ਹੈ ਸਮਰੱਥ, ਫੇਰ ਆਖੋ ਧੰਨ ਗੁਰੂ ਅੰਗਦ ਦੇਵ, ਦਿਲ ਜੋੜ ਕੇ, ਕਰੋ ਅਰਦਾਸ। ਆਖੋ ਧੰਨ ਸ੍ਰੀ ਗੁਰੂ ਅੰਗਦ ਦੇਵ, ਸਮਰੱਥ ਗੁਰੂ।

ਇਹ ਸੁਣਕੇ ਸਾਰੇ ਅਦਬ ਵਿਚ ਖੜੋ ਗਏ ਤੇ ਅਵਾਜ਼ ਆਈ 'ਧੰਨ ਗੁਰੂ ਅੰਗਦ ਦੇਵ ਜੀ'। ਪਰ ਸ੍ਰੀ ਅਮਰਦਾਸ ਜੀ ਬੋਲੇ, ਅਜੇ ਕਸਰ ਹੈ, ਟੋਰ ਦਿਲ ਇਕੱਠਾ ਕਰੋ, ਹੋਰ ਪਿਆਰ ਵਿਚ ਆਓ ਤੇ ਫੇਰ ਆਖੋ। ਫੇਰ ਬੜੀ ਟਿਕਵੀਂ ਅਵਾਜ਼ ਆਈ, 'ਧੰਨ ਸ੍ਰੀ ਗੁਰੂ ਅੰਗਦ ਦੇਵ!' ਆਪ ਬੋਲੇ ਅਜੇ ਕਸਰ ਹੈ। ਤੀਸਰੀ ਅਵਾਜ਼ ਤੇ ਜਦ ਨੈਣ ਖੁਲ੍ਹੇ ਤਾਂ ਭਠ ਤਪਦਾ ਨੀਲਾ ਅਕਾਸ਼ ਗਹਿਰਾ ਸੀ। ਕੁਛ ਚਿਰ ਮਗਰੋਂ ਬੱਦਲ ਦਿੱਸ ਆਏ ਕਿਣ

 www.sikhbookclub.com

ਮਿਣ ਲਹਿ ਪਈ, ਫੇਰ ਮੁਹਲੇ ਧਾਰ ਹੋ ਵਸਿਆ। ਜ਼ਿਮੀਦਾਰ ਤਾਂ ਅਸਮਾਨਾਂ ਵਲ ਤੱਕਦੇ ਅਚਰਜ ਹੋ ਰਹੇ ਸਨ, ਸ੍ਰੀ ਅਮਰਦਾਸ ਜੀ ਚੁਪਾਤੇ ਤੇ ਮਲਕੜੇ ਹੀ ਖਿਸਕ ਗਏ ਖਾਨ ਰਜਾਦੇ ਵਲ ਨੂੰ। ਜਿਉਂ ਜਿਉਂ ਛਹਬਰ ਵਧੀ, ਖੁਸ਼ੀਆ ਚਾਉ ਤੇ ਨੱਚ ਟੱਪ ਵਧੀ। ਕੁਛ ਗਭਰੂਟ ਓਸ ਉਛਾਲ ਵਿਚ ਜੋਗੀ ਦੇ ਉਦਾਲੇ ਹੋ ਗਏ, ਨਿਕਲ ਪਾਪੀਆ ਸਾਡੇ ਪਿੰਡੋਂ ਤੇਰੇ ਪਿਛੇ ਨਹੀਂ ਸੀ ਪੈਂਦਾ ਮੀਂਹ। ਇਸ ਤਰ੍ਹਾਂ ਧਕੇ ਧੋੜੇ ਦੇਂਦੇ, ਡੇਗਦੇ, ਖੇਤਾਂ ਵਿਚ ਘਸੀਟਦੇ ਪਿੰਡ ਦੀਆਂ ਜੂਹਾਂ ਤੋਂ ਬਾਹਰ ਸੱਟ ਆਏ ਲੰਮੇ ਸਾਹ ਲੈਂਦੇ ਨੂੰ ਤੇ ਸਾਹ ਤ੍ਰੋੜਦੇ ਨੂੰ[੧੯੭]।

# ੪੨. ਖਾਨ ਰਜਾਦੇ।

**ਸ੍ਰੀ** ਸਤਿਗੁਰ ਜੀ ਖਾਨ ਰਜਾਦੇ ਪਲੰਘ ਤੇ ਬੈਠੇ ਸਨ, ਕੁਛ ਸਿਖ ਦੁਆਲੇ ਬੈਠੇ ਆਪ ਦੀ ਮਨੋਹਰ ਸਿਖਿਆ ਸੁਣ ਰਹੇ ਸਨ ਕਿ ਆਪ ਜੀ ਨੂੰ ਦੂਰੋਂ ਸ੍ਰੀ ਅਮਰਦਾਸ ਜੀ ਆਉਂਦੇ ਦਿਸ ਪਏ। ਜਿਸ ਆਪਣੇ ਲਾਏ ਨੌ-ਨਿਹਾਲ ਨੂੰ ਵੇਖ ਕੇ ਬਾਗ ਬਾਗ ਹੋ ਜਾਯਾ ਕਰਦੇ ਸਨ, ਅਜ ਦੇਖਦੇ ਸਾਰ ਪਿੱਠ ਫੇਰ ਲਈ। ਇਸ ਵੇਲੇ ਸ੍ਰੀ ਅਮਰਜੀ ਮੱਥਾ ਟੇਕ ਰਹੇ ਸਨ, ਜਦ ਸਿਰ ਚਾਇਆ ਤੇ ਆਪਣੀ ਵਲ ਸਤਿਗੁਰ ਦੀ ਪਿੱਠ ਵੇਖੀ। ਤਾਂ ਫਿਕਰ ਪਿਆ ਕਿ ਸਦਾ ਖਿੜੇ ਦਾਤਾ ਤਾਂ ਸਦਾ ਪ੍ਰਸੰਨ ਹਨ, ਇਹ ਕੋਈ ਮੇਰੀ ਭੁੱਲ ਹੋਈ ਹੈ ਜੋ ਲਖਾਈ ਜਾ ਰਹੀ ਹੈ। ਫਿਰ ਸਮਝ ਪਈ ਕਿ ਮੈਨੂੰ ਮਤਾਂ 'ਦਿਸ਼ਾ ਭ੍ਰਮ[੧੯੮]' ਹੋਇਆ ਹੋਵੇ। ਗੁਰੂ ਕੇ ਮੁਖਾਰਬਿੰਦ ਵਾਲੇ ਪਾਸੇ ਹੋ ਕੇ ਫੇਰ ਮੱਥਾ ਟੇਕਿਆ। ਸਿਰ ਚਾਇਆ ਤਾਂ ਫੇਰ ਪਿੱਠ ਹੀ ਨਜ਼ਰ ਪਈ। ਹੁਣ ਨਿਸਚਾ ਹੋ ਗਿਆ ਕਿ ਹੋਵੇ ਨਾ ਤਾਂ ਮੇਰੀ ਖਡੂਰ ਵਾਲੀ ਸ਼ਕਤੀ ਵਰਤਣੀ ਹਜ਼ੂਰ ਦੇ ਪਸੰਦ ਨਹੀਂ ਆਈ, ਜੋ ਉੱਚ ਪਰਖ ਵਾਲੀ ਗੁਰੂ ਕੀ ਕਸਵਟੀ ਤੇ ਠੀਕ ਨਹੀਂ ਬੈਠੀ। ਦਿਲ ਨੇ ਦ੍ਰਵਣਤਾ ਖਾਧੀ, ਗੋਡਿਆਂ ਪਰਨੇ ਹੋ ਗਏ ਤੇ ਬੜੀ ਨਿੰਮਰ ਸੁਰ ਵਿਚ ਬਿਨੈ ਕੀਤੀ :-

'ਬਖਸ਼ੰਦ ਦਾਤਾ ਤ੍ਰਾਹਿਮਾਂ[੧੯੯], ਬਖਸ਼ ਲਓ, ਤ੍ਰਾਹਿਮਾਂ, ਤ੍ਰਾਹਿਮਾਂ।' ਗੁਰੂ ਜੀ ਨੇ ਸੱਦ ਸੁਣੀ, ਰਿਦੇ ਦੀਆਂ ਡੂੰਘਾਣਾਂ ਤੋਂ ਉਠ ਕੇ ਆਈ ਸੱਦ ਸੁਣੀ, ਪਰਤੇ ਤੇ ਬੋਲੇ 'ਸ਼ਕਤੀ ਦੀ ਹਟ ਕਿਉਂ ਲਾਈ? ਅਮਰਦਾਸ!'

ਸ੍ਰੀ ਅਮਰਦਾਸ ਜੀ-ਭੁੱਲ ਹੋਈ ਦਾਤਾ! ਗੁਰੂ ਅਪਮਾਨ ਝੱਲ ਨਹੀਂ ਸਕਿਆ।...ਰਜ਼ਾ ਨੂੰ ਲਖ ਨਹੀਂ ਸਕਿਆ।.....ਸੋਚ ਇਹ ਆਈ ਸੀ ਕਿ ਮੂਰਖਾਂ ਨੂੰ ਅਕਲ ਸ਼ਕਤੀ ਵੇਖਕੇ ਹੀ ਆਉਂਦੀ ਏ। ਪਰ ਦਾਤਾ ਆਪ ਦੀ ਦ੍ਰਿਸ਼ਟੀ ਪਰਾਵਰ ਹੈ।.......ਭੁੱਲ, ਸਾਡੇ ਪੱਲੇ ਭੁੱਲ।

......ਪਿਰ ਕੀ ਸਾਰ ਨ ਜਾਣੀ॥
......ਭੋਲਾਵੜੈ ਭੁਲੀ, ਭੁਲਿ ਭੁਲਿ ਪਛੋਤਾਣੀ॥

ਗੁਰੂ ਜੀ-ਕਿਤਿ ਅਗੇ ਲੋਕੀ ਨਿਉਂ ਤਾਂ ਜਾਂਦੇ ਹਨ, ਪਰ ਨਿਵਾਕੇ ਕੀ ਖੱਟੀਦਾ ਹੈ? ਵਡਿਆਈ। ਵਡਿਆਈ ਕੀ ਸੰਵਾਰਦੀ ਹੈ? ਸੁਆਦ ਦੇਂਦੀ ਹੈ ਆਪਣੇ ਵਿਚ ਵਡੱਤ ਪ੍ਰਤੀਤ ਕਰਨ ਦੀ, ਜੋ ਸੁਆਦ ਕਿ 'ਹਉ' ਦਾ ਹੈ। ਇਹ ਹਉਂ ਦਾ ਸੁਆਦ ਨਾਮ ਤੋਂ ਵਿਸਾਰ ਦੇਂਦਾ ਹੈ। ਨਾਮ ਤੋਂ ਵਿਸਾਰਾ ਮਾਯਾ ਵਿਸਮਾਦ ਵਿਚ ਭੁਲਾਈ ਰਖਦਾ ਹੈ, ਪਜਾਰੇ ਸਾਂਈਂ ਤੋਂ ਦੂਰ ਰਖਦਾ ਹੈ, ਪਜਾਰੇ ਤੋਂ ਦੂਰ ਰੱਖਣ ਵਾਲੀ ਦੁਨੀਆਂ ਦੀਆਂ ਵਡਿਆਈਆਂ ਸਾੜੀਆਂ ਭਲੀਆਂ ਜੋ ਨਾਲ ਖੀ ਨਹੀਂ ਜਾਂਦੀਆਂ।

ਫੇਰ ਸੱਦ ਉਠੀ ਸੁਹਣੇ ਗਲੇ ਤੋਂ-
ਨਾਨਕ ਦੁਨੀਆ ਕੀਆਂ ਵਡਿਆਈਆਂ
ਅਗੀ ਸੇਤੀ ਜਾਲਿ॥
ਏਨੀ ਜਲੀਈਂ ਨਾਮੁ ਵਿਸਾਰਿਆ
ਇਕ ਨ ਚਲੀਆ ਨਾਲਿ॥

(ਵਾਰ ਮਾਲਾ ਮ: ੨-੨੬)

ਸ੍ਰੀ ਅਮਰਦਾਸ ਜੀ-...ਪਿਰ ਕੀ ਸਾਰ ਨ ਜਾਣੀ। ...ਹਾਂ ਜੀ, ਭੋਲਾਵੜੈ...। ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ।...। ਪਛੋਤਾਣੀ।

ਸ੍ਰੀ ਗੁਰੂ ਜੀ-ਸੁਣ ਪੁਰਖਾ! ਨਾਲ ਜਾਣ ਵਾਲੀ ਵਡਿਆਈ ਨਾਮ ਵਿਚ ਵਸਦੀ ਹੈ। ਜਿਨ੍ਹਾਂ ਨੂੰ ਇਹ ਮਿਲੀ ਹੈ ਓਹ ਬਾਹਰ ਸ਼ਕਤੀਆਂ ਦਿਖਾਕੇ ਕੋਈ ਪਲਾਲ ਨਹੀਂ ਕਰਦੇ। ਓਹ ਤਾਂ ਅੰਦਰ ਰੱਤੇ ਰਹਿੰਦੇ ਹਨ-ਪਜਾਰੇ ਪ੍ਰੀਤਮ ਦੇ ਪਿਆਰ ਵਿਚ। ਨਾਮ ਮੇਲੀ ਰਖਦਾ ਹੈ ਨਾਮੀ ਨਾਲ। ਅੰਤਰ ਆਤਮੇ ਇਕ 'ਰਸ' ਪ੍ਰਾਪਤ ਹੁੰਦਾ ਹੈ, ਜੋ ਅੰਮ੍ਰਿਤ ਵਾਂਗੂ ਮਿੱਠਾ ਤੇ ਅਮਰ


www.sikhbookclub.com

ਕਰਨੇ ਵਾਲਾ ਹੁੰਦਾ ਹੈ। ਹੋਰ ਐਸਾ ਕੋਈ 'ਰਸ' ਨਹੀਂ ਜੋ ਇਸ ਅੰਮ੍ਰਿਤ ਤੁੱਲ ਹੋਵੇ। ਇਹ ਨਾਮ ਅੰਮ੍ਰਿਤ ਗੁਰੂ ਮੇਹਰ ਨਾਲ ਮਿਲਦਾ ਹੈ। ਮਨ ਵਿਚ ਵਸਦਾ ਹੈ ਤੇ ਮਨ ਨੂੰ 'ਰਸਾਵੇਸ਼' ਵਿਚ ਰਖਦਾ ਹੈ। ਹਾਂ ਜਿਨ੍ਹਾਂ ਤੇ ਮੇਹਰ ਹੁੰਦੀ ਹੈ, ਧੁਰੋਂ ਦਾਤ ਮਿਲੀ ਹੁੰਦੀ ਹੈ, ਓਹ ਇਸ ਨੂੰ ਪ੍ਰੇਮ ਨਾਲ ਪੀਂਦੇ ਰਹਿੰਦੇ ਹਨ। ਪਰ ਜਿਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ : ਓਹੀ ਪੀਂਦੇ ਹਨ ਤੇ ਖੀਵੇ ਰਹਿੰਦੇ ਹਨ। ਇਸ ਵਡਿਆਈ ਵਾਲੇ ਨੂੰ ਲੋੜ ਨਹੀਂ ਜਗਤ ਵਡਿਆਈ ਦੀ, ਲੋੜ ਨਹੀਂ ਸ਼ਕਤੀ ਦਿਖਾਲਣ ਦੀ[੨੦੦]।

ਸ੍ਰੀ ਅਮਰਦਾਸ ਜੀ-ਸੱਚ, ਦਾਤਾ! ਸੱਚ।

ਹੁਣ ਸ੍ਰੀ ਗੁਰੂ ਜੀ ਨੇ ਬਾਹੋਂ ਫੜ ਕੇ ਪਾਸ ਬਹਾਲ ਲਿਆ ਤੇ ਬੋਲੇ : ਸੁਣ ਪੁਰਖਾ! ਅੰਦਰ ਹੋਵੇ ਇਹ ਨਾਮ ਅੰਮ੍ਰਿਤ ਤੇ ਗੁਰੂ ਨਾਨਕ ਮੇਹਰ ਨਾਲ ਖੁੱਲ੍ਹ ਪਵੇ ਦ੍ਰਿਸ਼ਟੀ, ਫਿਰ ਕੀਹ ਦਿਸਦਾ ਹੈ ਦੇਖ :-

ਸਰਬ ਜੋਤਿ ਤੇਰੀ ਪਸਰਿ ਰਹੀ॥
ਜਹ ਜਹ ਦੇਖਾ ਤਹ ਨਰਹਰੀ॥[੨੦੧]

ਫਿਰ ਮਨ ਹੋ ਜਾਂਦਾ ਹੈ ਜੀਰਾਂਦ, ਵਿਚ ਰੁੱਖਾਂ ਤੁੱਲ।
" " " " " ਖਿਮਾ ਵਿਚ, ਧਰਤੀ ਵਾਂਙ।
" " " " " ਅਡੋਲ, ਪਰਬਤ ਵਾਂਙ।
" " " " " ਨਿਰਮਲ, ਬਰਫ ਤੁੱਲ।
" " " " " ਵਿਸ਼ਾਲ, ਅਕਾਸ਼ ਤੁੱਲ।
" " " " " ਤੇਜਮਯ, ਸੂਰਜ ਵਾਂਙ।
" " " " " ਸਰਬੱਤ ਦੇ ਭਲੇ ਵਿਚ, ਉਮਾਹੂ ਸੋਮੇਂ ਵਾਂਙ।
" " " " " ਸਰਬੱਗ, ਕਰਤਾ ਪੁਰਖ ਨਾਲ ਸਾਂਝੀਵਾਲ ਹੋਕੇ।

ਦੇਖ ਭਾਈ! ਹੀਰਾ ਕਣੀ ਨਿੱਕੀ, ਪਰ ਪੱਥਰਾਂ ਦੇ ਪਰਬਤ ਤੋਂ ਕੀਮਤੀ।

ਹਾਂ ਭਾਈ! ਹੀਰਾ ਕਣੀਆਂ ਨਿੱਕੀਆਂ, ਪਰ ਹੀਰਾ।

ਸਭ ਮਹਿ ਜੋਤਿ ਜੋਤਿ ਹੈ ਸੋਇ॥
ਸਭ ਮਹਿ ਜੋਤਿ ਜੋਤਿ ਹੈ ਸੋਇ॥

ਆਖਦੇ ਗਾਉਂਦੇ ਦਿਆਲ ਦਾਤਾ ਜੀ ਚੁਪ ਹੋ ਗਏ, ਅਡੋਲ ਹੋ ਗਏ, ਟਿਕ ਗਏ ਸਾਈਂ ਰੰਗ ਵਿਚ ਨਿਮਗਨ ਹੋ ਕੇ।

## ੪੩. ਪਸਚਾਤਾਪ ਜ਼ਿਮੀਂਦਾਰਾਂ ਦਾ।

ਮੀਂਹ ਪੈ ਹਟਿਆ, ਪਰ ਬੱਦਲਵਾਈ ਕਣੀ ਕਣਾ ਦੋ ਇਕ ਦਿਨ ਹੁੰਦਾ ਰਿਹਾ, ਸਾਰਾ ਮਾਝਾ ਮੀਂਹ ਦੇ ਵਸਣ ਨਾਲ ਮਾਨੋ ਵੱਸ ਪਿਆ। ਸਾਹਿਬ ਖਾਨ ਰਜਾਦੇ ਦੇ ਬਨ ਵਿਚ ਹੀ ਬੈਠੇ ਸਨ, ਠੰਢੀ ਠੰਢੀ ਰਿਵੀ ਰੁਮਕ ਰਹੀ ਸੀ, ਬੱਦਲ ਬਣੇ ਹੋਏ ਸਨ, ਕਣੀ ਕਣਾ ਨਹੀਂ ਸੀ, ਕਿ ਆ ਗਏ ਖਡੂਰ ਦੇ ਜ਼ਿਮੀਂਦਾਰ। ਗਲ ਵਿਚ ਪੱਲਾ ਪਾ ਕੇ, ਮੱਥਾ ਟੇਕਿਓ ਨੇ; ਫੇਰ ਇਕ ਵਡਕੇ ਨੇ ਬੇਨਤੀ ਕੀਤੀ :-

ਗੁਰੂ ਦਾਤਾ ਜੀ! ਸਾਥੋਂ ਆਪ ਦੀ ਭਾਰੀ ਬੇ-ਅਦਬੀ ਹੋਈ ਹੈ। ਸਾਡੀ ਭੁੱਲ ਬਖਸ਼ੋ ਤੇ ਫੇਰ ਚਲੋ ਆਪਣੇ ਘਰਾਂ ਨੂੰ ਤੇ ਭਾਗ ਲਾਓ, ਅਸਾਂ ਆਪ ਦੀ ਸਾਰ ਨ ਪਛਾਣੀ ਮੂਰਖਾਂ ਨੇ.....। ਬਖਸ਼ ਲਓ, ਛਡੋ ਇਸ ਬਨ ਨੂੰ ਦਾਤਾ ਜੀ ਹੁਣ!

ਸਰਣ ਪਰੇ ਹਮ ਰਾਹਕ ਸਾਰੇ।
ਛਿਮਹੁ ਗੁਰੂ ਤੁਮ ਮਹਦ ਉਦਾਰੇ (ਸੂ: ਪ੍ਰ:)

ਗੁਰੂ ਜੀ-ਆਓ ਭਾਈ! ਭਲਾ ਹੋਇਆ ਆਏ। ਪਰ ਅਸੀਂ ਤਾਂ ਏਸ ਬਨ ਵਿਚ ਸੁਖੀ ਬੈਠੇ ਹਾਂ। ਵਸੋਂ ਉਜਾੜ ਇਕੋ ਜੇਹੀ ਜਿੱਥੇ ਹੋਵੇ ਸਾਂਈਂ ਚਿਤ; ਤੁਸੀਂ ਸੁਖੀ ਵਸੋ।

ਹਾਨ ਲਾਭ ਹਮਰੇ ਕਿਛ ਨਾਹੀ।
ਮੰਗਲ ਹੈ ਇਸ ਜੰਗਲ ਮਾਂਹੀ। (ਸੂ ਪ੍ਰ:)

ਪੈਂਚ-ਅਸਾਂ ਮੂਰਖਾਂ ਨੇ ਭਛੇ ਭਛਾਏ ਆਪ ਦੀ ਬੇਅਦਬੀ ਕੀਤੀ, ਸ਼ਕਤੀ ਨਾ ਪਛਾਣੀ, ਕਦਰ ਨਾ ਪਾਈ। ਭੁੱਲ ਗਏ। ਮੋਟੀ ਬੁੱਧਿ ਹੈ। ਮਿੱਟੀ ਦਾ ਕੰਮ ਕਰਦਿਆਂ ਬੁੱਧ ਮਿੱਟੀ ਹੋ ਜਾਂਦੀ ਹੈ। ਬਖਸ਼ ਲਓ ਤੇ ਹੁਣ ਚੱਲੋ!

ਗੁਰੂ ਜੀ-ਤੁਸੀਂ ਸਾਡੇ ਖਡੂਰੋਂ ਟੋਰਨ ਦੀ ਖਿਮਾਂ ਮੰਗਦੇ ਹੋ ਉਹ ਤਾਂ ਅਸੀਂ ਬੀਚਾਰਦੇ ਹੀ ਨਹੀਂ। ਤੁਸਾਂ ਇਕ ਹੋਰ ਭੁੱਲ ਕੀਤੀ ਹੈ, ਸਾਨੂੰ ਖਡੂਰ ਜਾਣੋਂ ਉਹ ਰੋਕਦੀ ਹੈ।

ਪੈਂਚ-ਉਹ ਬੀ ਦੱਸੋ ਦਾਤਾ ਜੀਓ! ਅਸੀਂ ਭੁੱਲਣਹਾਰ ਹਾਂ।

ਗੁਰੂ ਜੀ-ਜੋ ਦੁਰਗਤਿ ਤੁਸਾਂ ਜੋਗੀ ਦੀ ਕੀਤੀ ਹੈ ਉਹ ਪਾਪ ਹੈ। ਸ਼ਕਤਿ ਵੇਖੀ ਸੀ ਤਾਂ ਨਿਉਣਾ ਸੀ


www.sikhbookclub.com

ਕਿ ਭੂਏ ਹੋ ਕੇ ਪਾਪ ਕਮਾਉਣਾ ਸੀ।

ਪੈਂਚ-ਹਛਾ ਜੀਓ! !...ਹੈਂ?...! ਈਰਖਾ ਦਾ ਕੁੱਠਾ ਸੀ ਜੀ ਓਹ ਤਾਂ, ਆਪਦੀ ਵਡਿੱਤ ਦਾ ਮਾਰਿਆ ਹੋਇਆ, ਨਾਟਕੀ......ਆਪਣਾ ਕੀਤਾ ਪਾ ਗਿਆ।

ਗੁਰੂ ਜੀ-ਕੌਣ ਹੈ ਤੁਸਾਂ ਵਿਚ ਜੋ ਈਰਖਾ ਤੋਂ ਖਾਲੀ ਹੈ। ਕੌਣ ਹੈ ਜੋ ਵਡਿਤ ਨਹੀਂ ਲੋਚਦਾ। ਕੌਣ ਹੈ ਤੁਸਾਂ ਵਿਚ ਜੋ ਨਾਟਕਾਂ ਚੇਟਕਾਂ ਦੀ ਮੰਗ ਨਹੀਂ ਕਰਦਾ!...? 'ਆਪਣਾ ਕੀਤਾ ਪਾ ਗਿਆ' ਠੀਕ! ਪਰ ਜੇ ਤੁਸਾਨੂੰ ਅਪਣਾ ਕੀਤਾ ਪਾਉਣਾ ਪਵੇ ਤਾਂ ਫੇਰ?...ਜੇ ਕਿਸੇ ਦੀ ਅਪਣੀ 'ਮੈਂ' ਭੁੱਲ ਕਰੇ ਤਾਂ ਉਹ ਮਾਫੀ ਦਾ ਹੱਕਦਾਰ! ਤੇ ਜੇ ਕਿਸੇ ਦੂਸਰੇ ਦੀ 'ਮੈਂ' ਭੁੱਲ ਕਰੇ ਤਾਂ ਦੰਡ ਯੋਗ..., ਆਪਣਾ ਕੀਤਾ ਪਾ ਗਿਆ! ! !...ਨਿਆਂ! ਕੈਸਾ ਨਿਆਂ ਹੈ, ਹਾਂ ਕੈਸੀ ਅਨੋਖੀ ਹੈ ਨਿਆਂ ਦੀ ਬ੍ਰਿਤੀ!...ਚੋਰ ਚੋਰੀ ਕਰੇ ਤਾਂ ਖੁਸ਼, ਚੋਰ ਦੀ ਚੋਰੀ ਹੋਵੇ ਤਾਂ ਨਰਾਜ਼! ! !

ਜ਼ਿਮੀਂਦਾਰ ਕੁਛ ਸਮਝੇ, ਕੁਛ ਅੱਧਪਚੱਧ ਸਮਝੇ, ਪਰ ਇਹ ਗੱਲ ਸਭ ਦੀ ਸਮਝੇ ਪੈ ਗਈ ਕਿ ਗੁਰੂ ਜੀ ਨਿਰਵੈਰ ਹਨ, ਆਪਣੇ ਵੈਰੀ ਨਾਲ ਵੀ ਈਰਖਾ ਨਹੀਂ ਫੁਰਦੀ ਨੇ, ਉਸ ਦੇ ਦਿੱਤੇ ਦੁਖ ਨੂੰ ਦੁਖ ਨਹੀਂ ਮੰਨ ਰਹੇ ਤੇ ਕਿਸੇ ਉੱਚੇ ਨਿਆਂ ਤੇ ਖੜੇ ਹਨ ਜੋ ਸਾਡੀ ਸੋਝੀ ਤੋਂ ਪਰੇ ਹੈ।

ਇਨ੍ਹਾਂ ਸੋਚਾਂ ਵਿਚ ਹੀ ਸਨ ਕਿ ਗੁਰੂ ਜੀ ਫੇਰ ਬੋਲੇ-ਤੁਸੀਂ ਇਕ ਦੂਏ ਤੋਂ ਵੱਖ ਵੱਖ ਹੋ, ਪਰ ਵੱਖ ਵੱਖ ਨਹੀਂ ਹੋ। ਚੁਤੱਈ ਚੁਤੱਈ ਹੈ, ਪਰ ਤਾਣੇ ਪੇਟੇ ਸੂਤ ਹੈ, ਸੂਤ ਇਕ ਨਹੀਂ, ਸੂਤ ਤਾਰਾਂ ਤਾਰਾਂ ਹੈ, ਤਾਰਾਂ ਵੱਖ ਵੱਖ ਹਨ, ਪਰ ਵੱਖ ਵੱਖ ਨਹੀਂ ਹਨ; ਗੌਂਦ ਵਿਚ ਇਕ ਹੋ ਬੈਠੀਆਂ ਹਨ, ਵੈਰ ਭਾਵ ਕਿਸ ਕਿਸ ਵਿਚ, ਕਿਸ ਕਿਸ ਨਾਲ ਵਸਦਾ ਹੈ? ਹੈਂ?... ਫੇਰ ਚੁਪ ਹੋ ਗਏ। ਕੁਛ ਚਿਰ ਠਹਿਰਕੇ ਫੇਰ ਬੋਲੇ-ਆਪ ਤੁਸੀਂ ਨਾਟਕਾਂ ਚੇਟਕਾਂ ਮੰਗੋ, ਮਾਨੋ ਆਪ ਤੁਸੀਂ ਬੀਜੋ ਬੀਜ, ਜਦੋਂ ਫਲ ਲਗੇ ਤਾਂ ਆਕੇ ਵੱਢੇ ਜੋਗੀ! ਕਰਨ ਚੇਲੇ, ਭਰਨ ਪੀਰ! ਜੇ ਨਾ ਭਰਨ ਤਾਂ ਚੇਲੇ ਨਿਆਂ-ਕਰਤਾ ਤੇ ਦੰਡ ਦਾਤਾ, ਅਰ ਪੀਰ ਦੋਸ਼ੀ ਤੇ ਦੰਡ ਯੋਗ। ਵਾਹ ਕਲਿਯੁਗ ਤੇਰਾ ਨਿਆਉਂ! ਜੋ ਬਹੁਤ ਇੱਲਤਾਂ ਕਰੇ ਸੋ ਚਉਧਰੀ, ਜੋ ਬ੍ਰਹਮ ਵਿਦਜਾ ਤੋਂ ਕੋਰਾ, ਪਰ ਦੰਭ ਕਰੇ ਕਰਾਏ ਸੋ ਪੰਡਿਤ ਜੋ ਮੋਰੀਆਂ ਤੇ ਵਗਦੀਆਂ ਲੀਰਾਂ ਵਿਚ ਬੈਠਾ ਮੰਗਤਾ ਝੂਠੀਆਂ ਪੀਰੀਆਂ ਲਾ ਲਾ ਦੱਸੇ ਉਹ ਪਾਤਸ਼ਾਹ। ਜੋ ਅੱਖਾਂ ਤੋਂ ਹੀਣਾ ਹੋਵੇ ਉਹ ਪਾਰਖੂ। ਮਰਨੇ ਪਰਨੇ ਜੋ ਸਭ ਤੋਂ ਵੱਧ ਝੂਠੀ ਹੋਵੇ ਸੋ ਅਗੇ ਜਾ ਬਹੇ ਤੇ ਚੁਧਰਾਣੀ ਦੀ ਖਾਂ ਪੂਰੀ ਕਰੇ, ਇਹ ਹੈ ਕਲਜੁਗ ਦਾ ਨਿਆਉਂ। ਪਰ ਗੁਰਮੁਖ ਅਮਲੀਅਤ ਨੂੰ ਸਮਝਦਾ ਹੈ। ਹਾਂ ਹਾਂ ...ਪਰ ਭਾਈ! ਜੇ ਕੋਈ ਗੁਰਮੁਖ ਹੋਵੇ ਸੋ ਗੁਰਮੁਖਤਾਈ ਕਰਦਾ ਹੈ, ਉਹ ਜਾਣਦਾ ਹੈ (ਸੱਚ ਨੂੰ) ਉਹ ਵਾਹਿਗੁਰੂ ਦੀ ਰਜ਼ਾ ਤੇ ਟੁਰਦਾ ਹੈ ਸੱਚ ਦੇਖਦਾ, ਸੱਚ ਜਪਦਾ ਤੇ ਸੱਚ ਤੇ ਟੁਰਦਾ ਹੈ[੨੦੨]। ਉਸ ਦੀ ਸਿਆਣ ਕਰੀਏ, ਉਸ ਦੀ ਸਿਆਣ ਗੁਰਮੁਖਤਾਈ ਹੈ, ਹਰ ਗਲੇ ਗੁਰਮੁਖਤਾਈ।

ਇਉਂ ਆਖਦੇ ਫੇਰ ਚੁਪ ਹੋ ਗਏ, ਚੁਪ ਛਾ ਗਈ ਸਾਰੇ ਦੀਵਾਨ ਵਿਚ। ਕੋਈ ਅਤਿ ਦੂਰ ਦੀ ਬ੍ਰੀਕ ਝੀਣੀ ਅਵਾਜ਼ ਆਈ, ਜਿਸ ਨੂੰ ਗੁਰੂ ਕੇ ਉਪਕਾਰੀ ਕੰਨਾਂ ਨੇ ਸੁਣਿਆ। ਮਲਕੜੇ ਉਠ ਕੇ ਟੁਰ ਪਏ। ਦੋ ਚਾਰ ਪਲਾਂ ਮਗਰੋਂ ਸ੍ਰੀ ਅਮਰਦਾਸ ਜੀ ਸਮਝੇ ਕਿ ਮੈਨੂੰ ਬੀ ਸੱਦ ਰਹੇ ਹਨ, ਆਪ ਬੀ ਉਠੇ ਤੇ ਮਗਰੇ ਹੋ ਲਏ। ਇਧਰ ਇਕ ਚੌਧਰੀ ਨੇ, ਜੋ ਗੁਰੂ ਕਾ ਅਨੁਯਾਈ ਸੀ, ਭਾਈ ਬੁੱਢੇ ਨੂੰ ਆਖਿਆ, ਗੁਰਮੁਖ ਹੈਂ ਤੂੰ, ਦੱਸ ਗੁਰਮੁਖਾ ਕੋਈ ਗੁਰਮੁਖਤਾਈ ਦਾ ਉਪਰਾਲਾ ਜੋ ਜੋਗੀ ਤਾਂ ਮਾਰ ਗੁਆਇਆ ਤੇ ਗੁਰੂ ਕਰ ਲਿਆ ਏ ਗੁੱਸੇ, ਹੁਣ ਦੂਹਰੇ ਪਾਪ ਦਾ ਕੀ ਬਣੇ!... ਗੁਰੂ ਕਿਵੇਂ ਰੀਝੇ?

ਖਾਖਾ-ਭਾਈ, ਗੁਰੂ ਤੇ ਗੁਰਮੁਖ ਤਾਂ ਆਪ ਹੈ, ਯਾ ਗੁਰਮੁਖ ਤੁਸੀਂ ਹੋ। ਮੈਥੋਂ ਪੁਛਦੇ ਹੋ ਤਾਂ ਅਕਲ ਕਰੋ ਗੁਰਮੁਖਾਂ ਵਾਲੀ ਤਾਂ ਦੋਹਾਂ ਦੁਖਾਂ ਦਾ ਦਾਰੂ ਦੋ ਨਹੀਂ ਇਕੋ ਹੈ। ਜੋਗੀ ਦੇ ਪਾਪ ਦਾ ਪ੍ਰਾਸਚਿਤ ਕਰੋ ਉਹ ਪਾਪ ਮਿਟੇਗਾ, ਗੁਰੂ ਪ੍ਰਸੰਨ ਹੋ ਜਾਏਗਾ। ਗੁਰੂ ਗੁੱਸੇ ਨਹੀਂ, ਗੁੱਸਾ ਅਗਨ ਹੈ, ਸਾਈਂ ਦੇ ਠੰਢੇ ਨਾਮ ਨਾਲ ਠਰੇ ਹਿਰਦਿਆਂ ਵਿਚ ਇਸ ਦੀ ਥਾਂ ਨਹੀਂ ਹੁੰਦੀ। ਜੋ ਉੱਚ ਉਪਦੇਸ਼ ਅੱਜ ਹੋਇਆ ਹੈ ਸੱਚੋ ਸੱਚ ਹੈ ਉਹ ਤੁਸਾਂ ਦੇ ਸੁਧਾਰ ਵਾਸਤੇ, ਭਲੇ ਵਾਸਤੇ ਹੋਇਆ ਹੈ ਜੋ ਤੁਸਾਨੂੰ ਬੀ ਸੱਚ ਦਿੱਸੇ। ਗੁਰੂ ਤੁਸਾਡੇ ਉਧਾਰ ਵਿਚ ਹੈ। ਤੁਹਾਨੂੰ ਦੰਡ ਦੇਣਾ ਚਾਹੁੰਦਾ ਹੈ, ਕਸ਼ਟਮਾਤ੍ਰ ਵਿਚ ਨਹੀਂ, ਪਰ ਸੁਧਾਰ ਵਿਚ। ਸੁਧਾਰ ਹੁੰਦਾ ਹੈ।

ਹਾਂ ਪਛੁਤਾਵੇ ਨਾਲ, ਹਾਂ ਪਛੁਤਾਵੇ ਨਾਲ ਹੀ

ਹੁੰਦਾ ਹੈ ਅਸਲੀ ਸੁਧਾਰ-ਕੀਤੇ ਕੁਕਰਮ ਤੇ ਸੱਚੇ ਦਿਲੋਂ ਦੁਖੀ ਹੋਕੇ ਪਛੁਤਾਵਾ ਕਰਨ ਨਾਲ। ਪਛੁਤਾਵਾ ਹੈ ਦਿਲ ਦਾ ਦੰਡ, ਜੋ ਤਾਅ ਤਾਅ ਕੇ ਦਿਲ ਨੂੰ ਸੋਧਦਾ ਹੈ। ਜੇ ਤੁਸੀਂ ਸਮਝ ਲਓ ਕਿ ਪਾਪ ਹੋਇਆ ਹੈ ਸਾਥੋਂ, ਫਿਰ ਪਛੁਤਾਓ, ਤਾਂ ਗੁਰੂ ਜੀ ਪ੍ਰਸੰਨ ਸਮਝੋ। ਓਹ ਪ੍ਰਸੰਨ ਤੁਹਾਡੇ ਸੁਧਾਰ ਵਿਚ ਹਨ।

ਤੁਸੀਂ ਪਾਪ ਕਰਨ ਵੇਲੇ ਸਕੁਚੇ ਨਹੀਂ, ਕਰਕੇ ਪਛੁਤਾਏ ਨਹੀਂ, ਇਕ ਅਥਰ ਨਹੀਂ ਕਿਰੀ। ਆਪਣੇ ਆਪ ਨੂੰ ਮੂਰਖ ਪਏ ਆਖੋ, ਪਰ ਤੁਸੀਂ ਪਸ਼ੂ ਨਈਂ, ਮਾਨੁਖ ਹੋ, ਸੋਚਵਾਨ ਹੋ। ਜੇ ਸੋਧ ਨਾ ਵਰਤੋ ਤੇ ਹਰੇ ਦੇ ਮਗਰ ਉਠ ਭੱਜੋ ਤਾਂ ਖੁਰਲੀਆਂ ਤੇ ਜਾ ਬੱਝੋ।

ਇਕ ਪੈਂਚ-ਜੋ ਹੋਣੀ ਸੀ ਹੋ ਵਰਤੀ, ਸਮਝ ਪੈ ਗਈ ਹੈ ਕਿ ਉਹ ਪਾਪ ਸੀ। ਹੁਣ ਉਹ ਉਪਰਾਲਾ ਦੱਸ ਬਾਬਿਆ! ਜਿਤ ਬਖਸ਼ੀਦਏ।

ਬਾਬਾ-ਹੁਣੇ ਗੁਰੂ ਜੀ ਆ ਰਹੇ ਹਨ, ਉਨ੍ਹਾਂ ਨੂੰ ਪੁੱਛੋ, ਪਛੋਤਾਵੇ ਵਿਚ ਹੋਕੇ-ਜੋ ਆਗਿਆ ਕਰਨ ਸਿਰ ਮੱਥੇ ਤੇ ਕਬੂਲੋ। ਸੱਜਣ ਜਨੋਂ! ਗੁਰੂ ਨੂੰ ਚੇਲਿਆਂ ਦੀ ਭੁੱਖ ਨਹੀਂ, ਗੁਰੂ ਨੂੰ ਵਡਿੱਤ ਦੀ ਲੋੜ ਨਹੀਂ। ਗੁਰੂ ਨੂੰ ਤਾਂ ਕੇਵਲ ਜੀਵਾਂ ਦੇ ਕਲਿਆਨ ਦੀ ਲੋੜ ਹੈ, ਜੋ ਉਹ ਸੋਦੀ ਦੇਂਦਾ ਹੈ ਤੇ ਪਾਰ ਉਤਾਰੇ ਕਰਦਾ ਹੈ। ਪਰ ਸਾਨੂੰ ਸੁਭਾਉ ਪਿਆ ਹੋਇਆ ਏ ਆਪਣੀਆਂ ਲੋੜਾਂ ਪੂਰਨ ਦਾ। ਅਸੀਂ ਗੁਰੂ ਨੂੰ ਮਿਲਕੇ ਉਸ ਦੀ ਉੱਜਲ ਮਤਿ ਨਹੀਂ ਮੰਗਦੇ। ਅਸੀਂ ਸਾਧੂਆਂ ਜੋਗੀਆਂ ਨੂੰ ਆਪਣੀਆਂ ਲੋੜਾਂ ਤੇ ਮੰਗਾਂ ਦੇ ਮਗਰ ਟੋਰਦੇ ਹਾਂ। ਸੱਚ ਜਾਣੋ ਹਜ਼ਾਰ ਵਿਚੋਂ ੯੯੯ ਜੋਗੀਆਂ, ਤਪੀਆਂ, ਸਾਧਾਂ ਸੰਤਾਂ ਪਾਸ ਜਾਣ ਵਾਲੇ ਉਨ੍ਹਾਂ ਦੀ ਕਰਾਮਾਤੀ ਸ਼ਕਤੀ ਦੇ ਮੰਗਤੇ ਹੋ ਕੇ ਜਾਂਦੇ ਹਨ, ਆਪਣੀ ਕਲਯਾਣ ਵਾਸਤੇ ਕੋਈ ਵਿਰਲਾ। ਉਨ੍ਹਾਂ ਤੋਂ 'ਅਮੰਗਤ ਅਵਸਥਾ' ਮੰਗਣ ਨਹੀਂ ਜਾਈਦਾ, ਆਪਣੀਆਂ ਮੰਗਾਂ ਦੇ ਮਗਰ ਉਨ੍ਹਾਂ ਨੂੰ ਲਾਕੇ 'ਮੰਗਾਂ ਪੂਰਨ-ਅਰਥ' ਜਾਈਦਾ ਹੈ। ਸਾਡੇ ਗੁਰੂ ਨਾਨਕ ਦੇਵ ਜੀ ਦਾ ਮਾਰਗ ਇਹ ਹੈ ਕਿ ਸਿਖ ਸਿਖਯਾ ਲਵੇ; ਉਸ ਦੀ ਨਜ਼ਰ ਉੱਚੀ ਥੀਵੇ, 'ਉਹ ਮੰਗਤੇ' ਮਨ ਤੋਂ ਉੱਚਾ ਹੋ ਕੇ 'ਦਾਤਾ ਮਨ' ਵਿਚ ਜੀ ਉਠੇ। ਉਸ ਵਿਚ ਨਾਮ ਦਾ ਨਿਵਾਸ ਹੋਵੇ ਜੋ ਉਹ ਆਪ ਆਪਣੇ ਵਿਚ ਆਤਮ ਸਤਯਾ ਵਾਲਾ ਹੋ ਜਾਵੇ। ਠੀਕਰੇ ਵਿਚ ਲਾਇਆ ਬੂਟਾ ਨਾ ਬਣੇ; ਧਰਤੀ ਵਿਚ ਉਗਿਆ ਬਿਰਧ ਬਣੇ। ਗੁਰੂ ਦੀ ਸ਼ਰਨ ਵਿਚ ਆ ਕੇ ਗੁਰੂ ਦੀ ਮਤਿ ਮੰਗੀਦੀ ਹੈ ਜੋ ਲੋਕ ਪ੍ਰਲੋਕ ਸੰਵਾਰੇ। ਸਾਨੂੰ ਲੋੜ ਹੈ ਗੁਰੂ ਦੀ, ਗੁਰੂ ਨੂੰ ਸਾਡੇ ਪਦਾਰਥਾਂ, ਸਾਡੀ ਪੂਜਾ ਦੀ ਲੋੜ ਨਹੀਂ। ਉਹ ਮੰਗ ਵਿਚ ਨਹੀਂ ਹੈ, ਗੁਰੂ ਦਾਤਾ ਹੈ ਕਲਯਾਨ ਦਾ, ਕਲਯਾਣ ਸੋਨਾ ਹੈ, ਪਰ ਅਸੀਂ ਉਸ ਤੋਂ ਸੋਨਾ ਨਹੀਂ ਕਉਡਾਂ ਮੰਗਦੇ ਹਾਂ। ਜਾਗੋ, ਸੁਰਤ ਕਰੋ, ਤੇ ਉੱਚੇ ਹੋ ਕੇ ਉੱਚੀ ਨਜ਼ਰ ਕਰੋ।

ਇਹ ਕਹਿ ਕੇ ਬਾਬਾ ਜੀ ਨੇ ਇਕ ਸ਼ਬਦ ਲਾ ਦਿੱਤਾ, ਭਰਵੀ ਪਰ ਮਿੱਠੀ ਸੁਰ ਵਿਚ-

ਮਾਰੂ ਮ: ੧॥

ਬਿਖੁ ਬੋਹਥਾ ਲਾਦਿਆ
ਦੀਆ ਸਮੁੰਦ ਮੰਝਾਰਿ।
ਕੰਧੀ ਦਿਸਿ ਨ ਆਵਈ
ਨਾ ਉਰਵਾਰੁ ਨ ਪਾਰੁ॥
ਵੰਝੀ ਹਾਥਿ ਨ ਖੇਵਟੂ
ਜਲੁ ਸਾਗਰੁ ਅਸਰਾਲੁ॥੧॥
ਬਾਬਾ ਜਗੁ ਫਾਥਾ ਮਹਾ ਜਾਲਿ॥
ਗੁਰ ਪਰਸਾਦੀ ਉਬਰੇ
ਸਚਾ ਨਾਮੁ ਸਮਾਲਿ॥੧॥ਰਹਾਉ॥
ਸਤਿਗੁਰੂ ਹੈ ਬੋਹਿਥਾ
ਸਬਦਿ ਲੰਘਾਵਣਹਾਰੁ॥
ਤਿਥੈ ਪਵਣੁ ਨ ਪਾਵਕੋ
ਨਾ ਜਲੁ ਨਾ ਆਕਾਰੁ॥
ਤਿਥੈ ਸਚਾ ਸਚਿ ਨਾਇ
ਭਵਜਲ ਤਾਰਣਹਾਰੁ॥੨॥
ਗੁਰਮੁਖ ਲੰਘੇ ਸੇ ਪਾਰਿ ਪਏ
ਸਚੇ ਸਿਉ ਲਿਵਲਾਇ।
ਆਵਾ ਗਉਣੁ ਨਿਵਾਰਿਆ
ਜੋਤੀ ਜੋਤਿ ਮਿਲਾਇ॥
ਗੁਰਮਤੀ ਸਹਜੁ ਊਪਜੈ
ਸਚੇ ਰਹੈ ਸਮਾਇ॥੩॥ (ਅਸ਼ਟ: ੨)

ਸ਼ਬਦ ਦੇ ਗਾਇਨ ਦਾ ਅਸਰ ਸਭ ਦੀਆਂ ਬ੍ਰਿਤੀਆਂ ਨੂੰ ਟਿਕਾ ਗਿਆ ਤੇ ਸੋਝੀ ਬੀ ਦੇ ਗਿਆ ਕਿ ਸਾਡੀ ਜੀਵਾਂ ਦੀ ਕਮਾਈ ਕਰਨੀ ਵਿਖ ਤੁੱਲ ਹੈ ਤੇ ਅੱਗਾ ਭਾਰੂ ਹੈ ਤੇ ਦਾਰੂ ਸ਼ਬਦ ਵਿਚ ਹੈ, ਇੰਨੇ

ਨੂੰ ਸਤਿਗੁਰੂ ਜੀ ਆ ਗਏ, ਉਂਗਲ ਨਾਲ ਲਾਏ ਇਕ ਦਸ ਯਾਰਾਂ ਬਰਸ ਦਾ ਬੱਚਾ ਲੈ ਆਏ। ਸ੍ਰੀ ਬੁੱਢਾ ਜੀ ਨੂੰ ਆਗਿਆ ਕੀਤੀ ਕਿ ਬਾਲਕੇ ਨੂੰ ਲੈ ਜਾਓ, ਕੁਛ ਖਿਲਾ ਪਿਲਾਕੇ ਕਿਸੇ ਸੇਵਕ ਨੂੰ ਨਾਲ ਦਿਓ ਜੋ ਘਰ ਅਪੜਾ ਆਵੇ।

ਜਾਂ ਆਪ ਦੀ ਗੱਦੀ ਤੇ ਬਿਰਾਜ ਗਏ ਤਾਂ ਇਕ ਪੈਂਚ ਨੇ ਹੱਥ ਬੰਨ੍ਹਕੇ ਆਖਿਆ-ਦਾਤਾ! ਸਾਨੂੰ ਆਪਣੀ ਭੁੱਲ ਦੀ ਸੋਝੀ ਪੈ ਗਈ ਹੈ, ਅਸੀਂ ਹੁਣ ਪਛੁਤਾਉਂਦੇ ਹਾਂ ਕਿ ਕਿਉਂ ਕਰ ਬੈਠੇ। ਸਾਨੂੰ ਬਖਸ਼ੋ ਤੇ ਲੜ ਲਾਓ। ਆਪਣੀ ਸਿੱਖੀ ਦਾਨ ਕਰੋ ਜੋ ਬਾਹਰੋਂ ਆ ਆ ਕੇ ਤਰ ਜਾਣ ਵਾਲੇ ਸਿਖਾਂ ਵਾਂਙੂ ਅਸੀਂ ਆਪ ਦੇ ਕੋਲ ਰਹਿਣ ਵਾਲੇ ਬੀ ਉਨ੍ਹਾਂ ਵਰਗੀ ਸੁਮਤਿ ਵਾਲੇ ਸਿਖ ਹੋ ਜਾਈਏ। ਕਿਵੇਂ ਆਪ ਜੀ ਹੁਣ ਚਲੋ ਤੇ ਭਾਗ ਲਾਓ ਪਿੰਡ ਨੂੰ।

ਗੁਰੂ ਜੀ-ਪ੍ਰਾਸਚਿਤ ਕਰੋ ਕਾਹਲੀ ਕਰਨੇ ਦਾ, ਅਸਲ ਪ੍ਰਾਸਚਿਤ ਮਨ ਦਾ ਮਨ ਨੂੰ ਕੋਸਣਾ ਹੈ ਆਪਣੇ ਕੀਤੇ ਦੀ ਬੁਰਿਆਈ ਨੂੰ ਲਖਕੇ ਸ਼ੋਕ ਕਰਨਾ ਸੱਚਾ ਸ਼ੋਕ 'ਕੀਤੀਆਂ ਦੀ ਕਾਲਕ' ਨੂੰ ਕੱਟਦਾ ਹੈ। ਸਾਰੇ ਕਰੋ ਪਛੁਤਾਵਾ ਮਨੋ ਮਨ, ਫੇਰ ਸਾਰੇ ਕੱਠੇ ਹੋਕੇ ਵਾਹਿਗੁਰੂ ਜੀ ਤੋਂ ਭੁਲ ਸਖਸ਼ਾਓ। ਫੇਰ ਅਰਾਧਨਾ ਕਰੋ ਤੇ ਅਰਦਾਸ ਕਰੋ ਕਿ ਵਾਹਿਗੁਰੂ ਅਕਾਲ ਪੁਰਖ ਜੋਗੀ ਦੀ ਰੂਹ ਉਤੇ ਰਹਿਮ ਕਰੇ। ਇਹ ਕੁਛ ਆਪ ਹੀ ਨਾ ਕਰੋ ਸਗੋਂ ਪਿੰਡ ਦੇ ਰਾਹਕ, ਸਾਧੂ ਸੰਤ ਮਹਾਤਮਾ ਗ੍ਰਿਖ ਲੋੜਵੰਦ ਸਭ ਨੂੰ ਬੁਲਾਓ। ਜੱਗ ਕਰੋ ਸਭ ਲਈ ਵੱਡਾ, ਗ਼ਰੀਬ ਗੁਰਬੇ ਸਭ ਨੂੰ ਅੰਨ ਦਿਓ ਉਸ ਦਿਨ ਤੇ ਅਸੀਸ ਲਵੋ ਸਭ ਦੀ।

ਪੈਂਚਾਂ ਨੇ ਸਾਰੇ ਭਰਾਵਾਂ ਵਲ ਤੱਕਿਆ, ਅਵਾਜ਼ ਆਈ:-ਸਤਿਬਚਨ ਮਹਾਰਾਜ ਜੀਓ, ਅਸਾਂ ਸਚਮੁਚ ਭੁੱਲ ਕੀਤੀ ਹੈ ਤੇ ਦਿਲੋਂ ਪਛੋਤਾਉਂਦੇ ਹਾਂ। ਫਿਰ ਪੈਂਚ ਬੋਲੇ-ਸਾਨੂੰ ਆਪਣਾ ਕਰ ਲਓ। ਆਪ ਦੇ ਹੋਵੀਏ ਤੇ ਹੋਰ ਦੀ ਝਾਕ ਛੋੜੀਏ। ਅਸੀਂ ਗੰਗਾ ਕਿਨਾਰੇ ਹੁਣ ਤਿਹਾਏ ਨਾ ਬੈਠੇ ਰਹੀਏ।

ਇਸ ਪ੍ਰਕਾਰ ਦਾ ਸੱਚਾ ਪਛੋਤਾਵਾ ਦੇਖ ਕੇ ਸਤਿਗੁਰਾਂ ਨੇ ਕਿਹਾ, ਭਾਈ! ਤੁਸੀਂ ਹੁਣ ਚਲੋ ਤੇ ਅਸੀਂ ਆਵਾਂਗੇ। ਕਵੀ ਜੀ ਨੇ ਸੱਚ ਕਿਹਾ ਹੈ-

ਦ੍ਰਮ ਸਪੂਰ ਜਿਉ ਨਿਵੈ ਖਵੈ
ਕਸੁ ਬਿਮਲ ਬੀਚਾਰਹ॥
ਇਹੈ ਤਤੁ ਜਾਣਿਓ
ਸਰਬ ਗਤਿ ਅਲਖੁ ਬਿਡਾਣੀ॥
ਸਹਜ ਭਾਇ ਸੰਚਿਓ ਕਿਰਣਿ
ਅੰਮ੍ਰਿਤ ਕਲ ਬਾਣੀ॥
ਗੁਰ ਗਮਿ ਪ੍ਰਮਾਣੁ ਤੈ ਪਾਇਓ
ਸਤੁ ਸੰਤੋਖੁ ਗ੍ਰਾਹਜਿ ਲਯੌ
ਹਰਿ ਪਰਸਿਓ ਕਲੁ ਸਮੁਲਵੈ
ਜਨ ਦਰਸਨੁ ਲਹਣੇ ਭਯੌ॥੬॥

(ਸਵਯੇ ਮ: ੨ ਕੇ)

ਜਿਸਦਾ ਅਰਥ ਇਹ ਹੈ ਕਿ ਕਲ ਭਟ ਜੀ ਅਪਣੀ ਨਿਜ ਦੀ ਵਾਕਫੀਅਤ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸੁਭਾਵ ਬਾਬਤ ਇਹ ਉਚਾਰਦੇ ਹਨ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਫਲੇ ਹੋਏ ਬ੍ਰਿਛ ਦੀਆਂ ਸ਼ਾਖਾਂ ਵਾਂਙੂ ਨੀਉਂਦੇ ਹਨ, ਹਰ ਪ੍ਰਕਾਰ ਦੇ ਕਸ਼ਟ, ਖੇਚਲ ਖੇਦ, ਹਾਨੀ, ਅਪਮਾਨ ਆਪ ਝੱਲ ਲੈਂਦੇ ਹਨ। ਝੱਲਦੇ ਹੋਏ ਕਿਸੇ ਉਦਾਸੀ ਕਿ ਵਿਖਪਤਾ ਵਿਚ ਨਹੀਂ ਜਾਂਦੇ; ਉਹਨਾਂ ਦੀ ਵਿਚਾਰ ਬਿਮਲ ਵੀਚਾਰ ਹੈ ਜੋ ਸਦਾ ਨਿਰਮਲ ਰਹਿੰਦੀ ਹੈ ਤੇ ਨਿਰਮਲਤਾ ਵਿਚ ਸੋਚ ਕਰਦੀ ਹੈ। ਫੇਰ ਉਸ ਵੀਚਾਰ ਵਿਚ ਇਹ ਸਾਰ ਭੂਤ ਗਜਾਨ ਸਦਾ ਵੱਸਦਾ ਹੈ ਕਿ ਅਲਖ ਤੇ ਅਸਚਰਜ ਰੂਪ ਪ੍ਰਮਾਤਮਾ ਸਰਬ ਵਿਚ ਵਿਆਪਕ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅੰਮ੍ਰਿਤ ਬਾਣੀ ਦੀ ਕਲਾ ਨਾਲ ਜੀਵਾਂ ਵਿਚ ਗਿਆਨ ਦੀ ਕਲਾ ਖਿਲਾਰ ਦਿੱਤੀ ਹੈ। ਤੈਨੂੰ ਸਤਿ ਸੰਤੋਖ ਐਸਾ ਮਿਲਿਆ ਹੈ ਕਿ ਗੁਰੂ ਨਾਨਕ ਦੀ ਗੰਮਤਾ ਤੇਰੀ ਗੰਮਤਾ ਹੋ ਗਈ ਹੈ। ਕਲ੍ਹ ਕਵੀ ਆਖਦਾ ਹੈ ਕਿ ਜਿਨ੍ਹਾਂ ਨੂੰ (ਸ੍ਰੀ ਲਹਿਣਾ ਜੀ ਅਰਥਾਤ) ਸ੍ਰੀ ਗੁਰੂ ਅੰਗਦ ਦੇਵ ਜੀ ਦਾ ਦਰਸ਼ਨ ਹੋਇਆ ਹੈ ਉਹਨਾਂ ਨੇ ਵਾਹਿਗੁਰੂ ਨੂੰ ਸਪਰਸ਼ ਕਰ ਲਿਆ ਹੈ।

'ਮਹਿਮਾ ਪ੍ਰ: ਛੰਦਾ' ਵਿਚ ਬੀ ਲਿਖਿਆ ਹੈ:-
ਸਤਿਗੁਰ ਪਰਮ ਸੁਜਾਨ ਵੈਰ ਭਾਉ ਜਾਕੇ ਨਹੀਂ॥
ਨਹੀ ਮਾਨ ਅਪਮਾਨ ਸਹਿਜ ਬਨੇ ਤਾਂਸੋ ਰਚੇ॥


www.sikhbookclub.com

# ੪੪. ਫੇਰ ਖਡੂਰ!

ਕੁਛ ਜ਼ਿਮੀਂਦਾਰ ਤਾਂ ਟੁਰ ਗਏ, ਜੋ ਖਡੂਰ ਆਏ ਕਿ ਗੁਰੂ ਜੀ ਦੇ ਸ੍ਵਾਗਤ ਦੀ ਤਯਾਰੀ ਕਰਨ ਤੇ ਕੁਛ ਥੋੜੇ ਰਹੇ ਨਾਲ ਚਲਣ ਵਾਸਤੇ। ਜਦੋਂ ਸ੍ਰੀ ਗੁਰੂ ਜੀ ਖਾਨ ਰਜਾਦੇ ਤੋਂ ਟੋਰੇ ਤਾਂ ਸਾਰੀ ਸੰਗਤ ਤੇ ਜ਼ਿਮੀਂਦਾਰ ਨਾਲ ਟੁਰੇ। ਰਸਤੇ ਵਿਚ ਭਰੋਵਾਲ ਫੇਰ ਠਹਿਰੇ। ਐਤਕੀ ਕਾਰਨ ਇਹ ਬਨਿਆ ਕਿ ਉਥੇ ਇਕ ਭੱਲੇ ਜ਼ਾਤ ਦਾ ਪੱਤ੍ਰੀ ਸਿਖ ਵਸਦਾ ਸੀ, ਜਿਸ ਦਾ ਨਾਉਂ ਸੀ ਖੀਵਣ ਮੱਲ ਤੇ ਸੱਦੀਂਦਾ ਸੀ ਖੀਉ[੨੦੩]। ਇਸਨੇ ਗੁਰੂ ਗਮਨ ਸੁਣਕੇ ਆ ਬੇਨਤੀ ਕੀਤੀ ਕਿ ਰਾਹ ਵਿਚ ਡੇਰਾ ਮੇਰੇ ਪਿੰਡ ਪਵੇ ਤੇ ਮੈਂ ਪ੍ਰਸ਼ਾਦ ਪਾਣੀ ਦੀ ਸੇਵਾ ਕਰਾਂ। ਇਹ ਬਿਨੈ ਮੰਨ ਕੇ ਸ੍ਰੀ ਗੁਰੂ ਜੀ ਭਰੋਵਾਲ ਠਹਿਰੇ। ਖੀਉ ਨੇ ਸੇਵਾ ਕੀਤੀ। ਸਾਰੀ ਸੰਗਤਿ ਪ੍ਰਸ਼ਾਦ ਛਕਕੇ ਪ੍ਰਸੰਨ ਹੋਈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਸਦੀ ਯਾਚਨਾ ਪਰ ਅਸ਼ੀਰਖਾਦ ਦਿੱਤੀ- ਸੁਖੀ ਰਹੋਂ ਧਨ ਧਾਮ ਸੰਤਾਨ ਸਹਿਤ ਫਲੋ ਫੁਲੋ। ਦੱਸਦੇ ਹਨ ਕਿ ਇਸ ਤੋਂ ਮਗਰੋਂ ਖੀਉ ਦੇ ਘਰ ਸੰਤਾਨ ਹੋਈ ਤੇ ਵਧਿਆ ਫੁਲਿਆ, ਪਹਿਲੋਂ ਇਸਦੇ ਸੰਤਾਨ ਨਹੀਂ ਸੀ।

ਫੇਰ ਸਤਿਗੁਰੂ ਖਡੂਰ ਆ ਪਹੁੰਚੇ। ਪਿੰਡ ਦੀ ਸਾਰੀ ਵਸੋਂ ਨੇ ਅਦਬ ਤੇ ਪਯਾਰ ਨਾਲ ਸ੍ਵਾਗਤ ਕੀਤਾ। ਆਪਣੇ ਘਰ ਡੇਰੇ ਲਾ ਦਿੱਤੇ। ਉਹੋ ਪਹਿਲੀਆਂ ਰੌਣਕਾਂ ਲਗ ਗਈਆਂ। ਸਭ ਤੋਂ ਪਹਿਲੀ ਖੇਲ ਜੋ ਵਰਤਾਈ, ਸੋ ਸੀ ਪਿੰਡ ਵਾਸੀਆਂ ਤੋਂ ਪਾਪ ਨਵਿਰਤੀ ਕਰਾਉਣ ਦੀ। ਪਿੰਡ ਵਾਸੀਆਂ ਘਰ ਪਰਤੀ ਮਾਯਾ ਇਕੱਠੀ ਕਰਕੇ ਇਕ ਜੱਗ ਦਾ ਉਦਮ ਕੀਤਾ। ਦੋ ਦਿਨ ਸਾਹਾ ਪਿੰਡ ਲਗਾ ਰਿਹਾ। ਬਾਣੀ ਦੇ ਪਾਠ ਹੋਏ, ਸਾਰੇ ਜੁੜਕੇ ਅਰਦਾਸ ਵਿਚ ਲਗੇ ਕਿ ਜੋਗੀ ਦੀ ਕਲਜਾਣ ਹੋਵੇ, ਪਿੰਡ ਦਾ ਅਪ੍ਰਾਧ ਬਖਸ਼ੀਵੇ ਤੇ ਅਗੋਂ ਨੂੰ ਸੁਮਤਿ ਦਾਨ ਮਿਲੇ[੨੦੪]।

ਇਸ ਯੱਗ ਦੇ ਕਾਰਜ ਵਿਚ ਸ੍ਰੀ ਅਮਰਦਾਸ ਜੀ ਬੀ ਪ੍ਰਬੰਧ ਵਿਚ ਲਗੇ ਰਹੇ।

ਪਿੰਡ ਦੇ ਨਿਸਚੇ ਤੇ ਵੀਚਾਰ ਵਿਚ ਵਟਾਂਦਰਾ ਆਇਆ। ਗੁਰੂ ਘਰ ਤੇ ਨਿਸਚਾ ਹੋ ਖੜੋਤਾ, ਸਿਖੀ ਮਾਰਗ ਪਰਵਿਰਤ ਹੋ ਗਿਆ। ਬਾਣੀ ਦਾ ਪਾਠ ਤੇ ਨਾਮ ਦਾ ਰਉਂ ਟੁਰ ਪਿਆ। ਬਾਣੀ ਨੇ ਮਤਾਂ ਵਿਚ ਉੱਜਲਤਾ ਲਿਆਂਦੀ ਤੇ ਵੀਚਾਰ ਬਖਸ਼ੀ, ਨਾਮ ਨੇ ਭਰੋਸਾ ਬਖਸ਼ਿਆ ਤੇ ਆਤਮ ਸਤਯਾ ਕਾਇਮ ਕੀਤੀ।

- ੦ -

# ੪੫. ਪ੍ਯਾਰ ਲੀਨਤਾ।

ਖਿੜੀ ਸੁਹਾਵੀ ਰਾਤ ਤਾਰਿਆਂ ਜਗਮਗ ਕਰਦੀ।
ਆਹਿ ਬਸੰਤੀ ਰੁੱਤ, ਪਏ ਨਹਿੰ ਗਰਮੀ ਸਰਦੀ।
ਨਗਰ ਖਡੂਰੋਂ ਬਾਹਰ ਆਹਿ ਤਪਿਆਣਾ ਜਿੱਥੇ।
ਚੁਪ ਚੁਪਾਤ ਜਾਇ ਬੈਠ ਗਏ ਸਤਿਗੁਰ ਉਥੇ।
ਸਤਿਗੁਰ ਅੰਗਦ ਦੇਵ ਪ੍ਰੇਮ ਵਿਚ ਭਰਪੂਰ ਲੀਣੇ।
ਪ੍ਰੇਮ ਜਿਨ੍ਹਾਂ ਦਾ ਰੂਪ ਪ੍ਰੇਮ ਨਿਤ ਖਾਵਣ ਪੀਣੇ।
ਪ੍ਰੇਮ ਵਿਖੇ ਲਿਵ ਲੀਨ ਗੁਰੂ ਗੁਰ, ਗੁਰ ਗੁਰ ਕਰਦੇ।
ਗੁਰੂ ਨਾਨਕ ਲੂੰ ਲੂੰ ਵਿਖੇ ਗੁਰੂ ਨਾਨਕ ਕਰਦੇ।
ਗੁਰ ਨਾਨਕ ਹੈ ਆਪ ਗੁਰੂ ਨੇ ਆਪ ਬਣਾਯਾ।
ਬਣ ਗੁਰੂ ਨਾਨਕ ਆਪ ਗੁਰੂ ਨਾ ਮੂਲ ਭੁਲਾਯਾ।
ਗੁਰ ਨਾਨਕ ਜੀਅ ਜਾਨ ਗੁਰੂ ਸੋ ਜੀਅ ਦਾ ਜੀਵਨ।
ਗੁਰ ਨਾਨਕ ਵਿਚ ਲੀਨ ਸਦਾ ਚਿਤ ਚਰਨਨ ਸੀਵਨ।
ਧੰਨ ਧੰਨ ਗੁਰ ਕਹਿਣ ਧੰਨ ਗੁਰੂ ਨਾਨਕ ਸੂਰਾ,
ਸਿਰ ਠਾਂਢੇ ਜਿਨ ਹੋਇ ਕੀਆ ਸਭ ਕਾਰਜ ਪੂਰਾ।

 www.sikhbookclub.com

ਗੁਰ ਨਾਨਕ ਹੈ ਆਪ    ਲਿਵੈਂ ਗੁਰ ਨਾਨਕ ਸੰਦੀ।
ਗੁਰ ਨਾਨਕ ਦਾ ਧਯਾਨ    ਗੁਰੂ ਵਿਚ ਸਦਾ ਅਨੰਦੀ।
ਗੁਰ ਨਾਨਕ ਦੀ ਯਾਦ    ਸਦਾ ਉਪਕਾਰੀ ਸਰਨੇ।
ਗੁਰ ਨਾਨਕ ਦੇ ਕਾਜ    ਗੁਰੂ ਅੰਗਦ ਨੇ ਕਰਨੇ।
ਫਿਰ ਏ ਅਚਰਜ ਕਾਰ    ਪ੍ਰੇਮ ਨੇ ਐਸ ਬਨਾਈ।
ਗੁਰ ਅੰਗਦ ਚਿਤ ਮਾਂਹਿ    ਬਿਰਦ-ਗੁਰ ਰਹੇ ਸਮਾਈ।
ਦੇਖ ਖਿੜੀ ਉਹ ਰਾਤ    ਯਾਦ ਉਹ ਰਾਤ੍ਰੀ ਆਈ।
ਜੋ ਗੁਰ ਨਾਨਕ ਚਰਨ    ਪਰਸ ਕਰ ਸਗਲ ਬਿਤਾਈ।
ਯਾਦ ਆਇ ਭਰਿ ਨੈਨ    ਪੁਲਕ ਸਭ ਗਿਆ ਸਰੀਰਾ।
ਪ੍ਰੇਮ ਕਮਾਨ ਸੰਭਾਲ    ਚਲਾਵੇ ਤਿੱਖੇ ਤੀਰਾ।
ਮਗਨ ਭਇਆ ਚਿਤ ਮੌਜ,    ਮੌਜ ਜੋ ਸਦਾ ਅਨੰਦੀ,
ਦੇਹੀ ਸੁਰਤ ਵਿਸਾਰ ਵਜੀ    ਹੁਣ ਆਤਮ ਤੰਦੀ।
ਦੋ ਦੇ ਦੋ ਇਕ ਹੋਇ    ਇੱਕ ਦੇ ਹੋ ਕੇ ਦੋ ਦੋ,
ਦੋਵੇਂ ਇਕੋ ਹੋਇ    ਇੱਕ ਦੇ ਦੋ ਇਕ ਹੋ ਹੋ।
ਪ੍ਰੇਮ ਬਿਛੀ ਸ਼ਤਰੰਜ ਖੇਲ    ਚਲ ਪਈ ਅਨੋਖੀ।
ਪ੍ਰੇਮ ਚਲਾਈ ਚਾਲ    ਪ੍ਰੇਮ ਰਸ ਭਰੀ ਸੁ ਚੋਖੀ।
ਏਸ ਮੌਜ ਵਿਚ ਮੇਲ,    ਮੇਲ ਵਿਚ ਫਰਕ ਨ ਰਾਈ।
ਰਹੀ ਮੂਰਤ ਨਾ ਹੋਰ,    ਹੋਸ਼ 'ਮੈਂ ਤੂੰ' ਬਿਸਰਾਈ।
ਪ੍ਰੇਮ ਸਮੁੰਦੇ ਮਾਂਹਿ    ਚਲਨ ਆਨੰਦ ਪਰਵਾਹੇ।
ਨਾਂਹਿ ਸਮੁੰਦੋਂ ਵੱਖ    ਵੱਖ ਪਰ ਵੇਗ ਵਿਖਾਹੇ।
ਸਕੇ ਨ ਲਖ ਏ ਮੌਜ    ਜਿਨਹਿ ਨਹਿ ਮਾਣੀ ਹੋਵੇ।
ਮਹਿਮਾ ਸਕੇ ਨ ਜਾਣ    ਜਿਨਹਿ ਨਹਿੰ ਜਾਣੀ ਹੋਵੇ।

----

"ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ।"

## ੪੬. ਸ੍ਰੀ ਅਮਰਦਾਸ ਜੀ ਦਾ ਗੋਇੰਦਵਾਲ ਟਿਕਾਉ।

ਹੁਣ ਕੁਛ ਦਿਨ ਸ੍ਰੀ ਅਮਰਦਾਸ ਜੀ ਖਡੂਰ ਸਤਿਗੁਰੂ ਜੀ ਦੇ ਪਾਸ ਟਿਕੇ ਰਹੇ। ਇਕ ਦਿਨ ਆਗਿਆ ਹੋਈ ਗੋਇੰਦਵਾਲ ਜਾਣੇ ਦੀ ਤੇ ਨਾਲ ਕੁਛ ਸਿਖ ਦਿੱਤੇ ਕਿ ਜਾਕੇ ਅਪੜਾ ਆਉਣ। ਇਹ ਸਿਖ ਜਦ ਅਪੜਾ ਕੇ ਮੁੜ ਕੇ ਆਏ ਤਾਂ ਆਖਣ ਲੱਗੇ-ਪਾਤਸ਼ਾਹ ਅਸਾਂ, ਅਜ ਇਕ ਅਚਰਜ ਡਿੱਠਾ ਹੈ। ਆਪ ਜੀ ਨੇ ਪੁਛਿਆ: ਕਹੋ ਕੀਹ ਡਿੱਠਾ ਨੇ ਅਚਰਜ? ਇਕ ਸਿਖ ਨੇ ਕਿਹਾ- ਜੀਓ ਜੀ! ਆਪ ਜੀ ਦੇ ਪਿਆਰੇ ਸ੍ਰੀ ਅਮਰਦਾਸ ਜੀ ਦੇ ਚਰਨਾਂ ਦੀ ਇਕ ਅਨਚਾਹੀ ਛੋਹ ਨਾਲ ਇਕ ਨਿਰਜੀਵ ਸਜੀਵ ਹੋ ਗਿਆ[੨੦੫]।

ਅਗਲੇ ਦਿਨ ਸ੍ਰੀ ਗੁਰੂ ਜੀ ਨੇ ਸ੍ਰੀ ਅਮਰਦਾਸ ਜੀ ਨੂੰ ਖਡੂਰ ਸਦਵਾ ਘੱਲਿਆ ਤੇ ਆਗਿਆ ਕੀਤੀ ਕਿ ਤੁਸੀਂ ਹੁਣ ਇਧਰ ਨਾ ਆਇਆ ਕਰੋ, ਅਸੀਂ ਆਪ ਆਵਾਂਗੇ। ਸ੍ਰੀ ਅਮਰਦਾਸ ਜੀ ਨੇ ਪੁੱਛਿਆ-ਦਾਸ ਤੋਂ ਕੋਈ ਅਵੱਗਜਾ ਤਾਂ ਨਹੀਂ ਹੋਈ? ਆਗਿਆ ਸਿਰ ਮੱਥੇ ਤੇ ਹੈ। ਸ੍ਰੀ ਗੁਰੂ ਜੀ ਬੋਲੇ-ਤੁਸਾਂ ਦੀ ਸ਼ਕਤਿ ਹੁਣ ਆਪੇ ਉਮਾਹੂ ਹੋ ਖੜੋਂਦੀ ਹੈ। ਅੰਦਰਲਾ ਅਤਿ ਕੂਲਾ ਤੇ ਬੇਵਸਾ ਦਿਆਲੂ ਹੈ। ਪਰ ਲੋੜ ਸੰਕੋਚ


www.sikhbookclub.com

ਦੀ ਹੈ।...ਨਾਮ ਦਾਨ ਦੇਣ ਦੀ ਸ਼ਕਤਿ ਵਡੇਰੀ ਕਰਾਮਾਤ ਹੈ। ਕਿਸੇ ਦੇ ਕੀਤੇ ਕਰਮਾਂ ਵਿਚ ਦਖਲ ਦੇਣ ਨਾਲੋਂ ਨਾਮ ਦੇਣਾ ਉਚੇਰੀ ਮਿਹਰ ਹੈ, ਜਿਸ ਨਾਲ ਲੈਣ ਵਾਲਾ ਆਪ ਕਰਮ ਤੇ ਜਿੱਤ ਪਾ ਲੈਂਦਾ ਹੈ,...ਸਮਰਥਨ ਹੋ ਜਾਂਦਾ ਹੈ। ...ਹਾਂ, ਤੁਸੀਂ ਹੁਣ ਟਿਕੇ ਰਹੋ ਆਪਣੇ ਟਿਕਾਣੇ ਗੋਇੰਦਵਾਲ। ਅਸੀਂ ਆਪ ਆਇਆ ਕਰਾਂਗੇ ਤੁਸਾਂ ਕੋਲ। ਹੁਣ ਤੁਸੀਂ ਜਾਓ। ਸ੍ਰੀ ਅਮਰਦਾਸ ਜੀ ਗੁਰੂ ਕੀ ਮਤਿ ਵਿਚ ਆਪਣੀ ਮਤਿ ਲੀਨ ਕੀਤੇ ਹੋਏ ਗੋਇੰਦਵਾਲ ਆ ਗਏ ਤੇ ਟਿਕ ਗਏ ਰਜ਼ਾ ਵਿਚ ਰਾਜ਼ੀ।

ਰਜ਼ਾ ਵਿਚ ਰਾਜ਼ੀ ਰਹਿਣਾ ਪ੍ਰੇਮੀ ਸੁਰਤ ਨੂੰ ਨਿਸ਼ਪ੍ਰੇਮ ਨਹੀਂ ਕਰ ਸਕਦਾ। ਪ੍ਰੇਮ ਤਾਂ ਆਤਮਾ ਦਾ ਰੂਪ ਹੋਇਆ। ਆਤਮਾ ਹੋਇਆ ਜੁ ਪਰਮਾਤਮਾ ਦੀ ਅੰਸ਼, ਤੇ ਪਰਮਾਤਮਾਂ ਹੋਇਆ 'ਪ੍ਰੇਮ ਸਰੂਪ'[੨੦੬]। ਰਜ਼ਾ ਵਿਚ ਰਾਜ਼ੀ ਹਿਰਦੇ ਵਿਚ ਪ੍ਰੇਮ ਖਿੱਚਾਂ ਮਾਰਦਾ ਹੈ, ਅਝੱਲ ਹੋ ਖਰੋਂਦਾ ਹੈ। ਕਈ ਵੇਰ ਬੇਵਸੇ ਉੱਠ ਟੁਰਦੇ ਹਨ। ਟੁਰ ਕੇ ਮੁੜ ਪਰਤਦੇ ਤੇ ਬਹਿ ਜਾਂਦੇ ਤੇ ਫੇਰ ਟੁਰ ਪੈਂਦੇ ਤੇ ਫੇਰ ਬੈਠ ਜਾਂਦੇ ਹਨ। ਵੀਚਾਰ ਸਾਰੀ ਫੁਰਦੀ ਹੈ ਗਯਾਨ ਦਾ ਚਾਨਣਾ ਸਾਰਾ ਪਾਸ ਹੈ। ਪਰ ਦਰਸ਼ਨ ਬਿਨ ਰਹਿ ਨਹੀਂ ਹੁੰਦਾ, ਜਾਣੇ ਦੀ ਆਗਿਆ ਨਹੀਂ! ਸੋਚਦੇ ਹਨ ਕਿ ਅਰਦਾਸ ਕਰਾਂ ਕਿ ਆਪ ਆ ਜਾਣ? ਇਸ ਵਿਚ ਉਹਨਾਂ ਨੂੰ ਖੇਚਲ ਹੁੰਦੀ ਹੈ। ਆਪਣੇ ਸੁਖ ਲਈ ਪਯਾਰੇ ਨੂੰ ਖੇਚਲ ਦੇਣੀ ਬਣਦੀ ਨਹੀਂ। ਇਸ ਤਰ੍ਹਾਂ ਦੀ 'ਭਾਵ ਅਸਮੰਜਸ' ਫੁਰਦੀ ਹੈ ਕਈ ਵੇਰ। ਪਰ ਖਿੱਚ ਖਿੱਚਦੀ ਹੈ, ਚਾਹੋ ਵੀਚਾਰ ਕੁਛ ਪਈ ਕੰਮ ਕਰੇ! ਸਹਿਜੇ ਸਹਿਜੇ ਸਰੀਰ ਤੇ ਅਸਰ ਹੋਇਆ, ਖਾਨਪਾਨ ਦੀ ਰੁਚੀ ਘਟੀ, ਮੇਲ ਜੋਲ ਵਲੋਂ ਪਰਵਿਰਤੀ ਹਟੀ, ਚਿਹਰੇ ਪਰ ਉਦਾਸੀਨਤਾ ਦੀ ਕੁਛ ਪਿਲੱਤਣ ਜਿਹੀ ਆ ਛਾਈ।

ਆਪ ਦੀ ਇਸ ਦਿਲੀ ਖੈਂਚ ਦਾ ਪ੍ਰਭਾਵ ਗੁਰੂ ਜੀ ਤੇ ਪੈ ਰਿਹਾ ਸੀ। ਇਕ ਦਿਨ ਗੁਰੂ ਜੀ ਟੁਰ ਪਏ ਖਡੂਰ ਤੋਂ ਗੋਇੰਦਵਾਲ ਨੂੰ। ਇਧਰੋਂ ਉਠ ਟੁਰੇ ਘਰੋਂ ਸ੍ਰੀ ਅਮਰਦਾਸ ਜੀ। ਗੋਇੰਦਵਾਲ ਦੇ ਬੂਹੇ ਵਿਚ ਅੱਪੜੇ ਸਨ ਕਿ ਮਿੱਠੀ ਮਿੱਠੀ ਸੁਗੰਧਤ ਸਮੀਰ ਵਾਂਙੂ 'ਆ ਰਹੇ ਸ੍ਰੀ ਗੁਰੂ ਜੀ ਦੀ' ਸੁਗੰਧੀ ਆ ਗਈ। ਆ ਗਏ ਦਾਤਾ ਜੀ! ਸ੍ਰੀ ਅਮਰਦਾਸ ਜੀ ਹੋਰ ਅਗੇ ਨਹੀਂ ਵਧੇ, ਉੱਥੇ ਹੀ ਦਰਸ਼ਨ ਹੋ ਗਏ। ਪਾ ਕੇ ਵਧੇ ਤੇ ਬਿਹਬਲ ਹੋ ਕੇ ਢੈ ਪਏ ਤੇ ਲਿਪਟ ਗਏ ਚਰਨਾਂ ਕਮਲਾਂ ਨੂੰ। ਗਯਾਨ ਸਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੈਰਾਗ ਸਰੂਪ ਸ੍ਰੀ ਅਮਰਦਾਸ ਜੀ ਨੂੰ–

ਪਕਰਿ ਭੁਜਾ ਗਰ ਸੰਗ ਲਗਾਇਵ।
ਦੁਹਿ ਦਿਸ਼ਿ ਪ੍ਰੇਮ ਅਧਿਕ ਉਮਗਾਇਵ।
ਕਰ ਸੋਂ ਕਰ ਗਹਿ ਕਰਿ ਪੁਨ ਚਲੇ।
ਗਯਾਨ ਵਿਰਾਗ ਮਨੋ ਦੁਇ ਮਿਲੇ। (ਸੂ: ਪ੍ਰ:)

ਫਿਰ ਪਿੰਡ ਵਿਚ ਵੜੇ ਬਿਨਾਂ ਦੁਇ ਸਿੱਧੇ ਨਦੀ ਨੂੰ ਹੋਇ ਲਏ ਤੈ ਇਕ ਸੁੰਦਰ ਰੋੜੀ ਤੇ ਜਾ ਬੈਠੇ। ਬਚਨ ਹੋਇਆ–

ਹੇ ਪੁਰਖਾ! ਤੁਮ ਹੋ ਮਮ ਰੂਪ।
ਭੇਦ ਨ ਜਾਨਹੁ ਤਨਕ ਅਨੂਪ॥੧੬॥
ਸਦਹੀ ਰਿਦੇ ਬਸਤ ਹੋ ਮੇਰੇ।
ਤੁਝ ਸੋਂ ਪਯਾਰ ਸਦੀਵ ਵਡੇਰੇ।
ਆਤਮ ਗਯਾਨ ਸਦੀਵ ਬਿਚਾਰਹੁ।
ਨਾਨਾ ਭੇਦ ਰਿਦੇ ਨਿਰਵਾਰਹੁ॥੧॥ (ਸੂ: ਪ੍ਰ:)

ਕੁਛ ਚਿਰ ਹੋਰ ਗਯਾਨ ਦਾ ਉਪਦੇਸ਼ ਦੇ ਕੇ ਫਿਰ ਟੁਰ ਪਏ ਗੁਰੂ ਜੀ ਖਡੂਰ ਨੂੰ!

ਇਹ ਗਯਾਨ ਦਾ ਉਪਦੇਸ਼, ਉਪਦੇਸ਼ ਮਾਤ੍ਰ ਵਾਂਙ ਚਲੰਤ ਗਯਾਨ ਨਹੀਂ ਸੀ। ਦੁਇ ਗਯਾਨ ਸਰੂਪ ਹਨ, ਦੁਇ ਪ੍ਰੇਮ ਸਰੂਪ ਹਨ। ਪ੍ਰੇਮ ਦੁਵੱਲੀ ਖਿੱਚ ਕੇ ਮੇਲ ਵਿਚ ਲਿਆਇਆ ਤੇ ਮਿਲਕੇ ਜੋ ਗਯਾਨ ਗੋਸ਼ਟ ਹੋਈ ਉਹ ਗਯਾਨ ਪ੍ਰੇਮ ਸਰੂਪ ਹੁੰਦਾ ਹੈ। ਪ੍ਰੇਮ ਵਿਹੂਣੇ ਗਿਆਨ ਬਾਬਤ ਪੰਚਮ ਗੁਰੂ ਜੀ ਦਾ ਵਾਕ ਹੈ :

ਅਤਿ ਸੁੰਦਰ ਕੁਲੀਨ ਚਤੁਰ
ਮੁਖਿ ਙਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ
ਪ੍ਰੀਤਿ ਨਹੀ ਭਗਵੰਤ॥ (ਰਾ:ਉ: ਬਾ: ਅ:)

ਇਸ ਤਰ੍ਹਾਂ ਸ੍ਰੀ ਗੁਰੂ ਜੀ ਕਈ ਵੇਰ ਗੋਇੰਦਵਾਲ ਆਪ ਆਉਂਦੇ ਤੇ ਦਰਸ਼ਨ ਮੇਲੇ ਤੇ ਆਤਮ ਵੀਚਾਰ ਹੁੰਦੇ। ਇਕ ਵਾਰ ਇਸੇ ਤਰ੍ਹਾਂ ਗੋਇੰਦਵਾਲ ਤੋਂ ਖਡੂਰ ਨੂੰ ਜਾ ਰਹੇ ਸਨ ਕਿ ਸ੍ਰੀ ਅਮਰਦਾਸ ਜੀ ਦਾ ਖੱਬਾ ਹੱਥ ਦੋ ਇਕ ਵਾਰੀ ਹਿਲਦਾ ਜੁਲਦਾ, ਜੈਸਾ ਕਿ ਟੁਰਨ ਸਮੇਂ ਹੱਥ ਹਿਲਦੇ ਹਨ, ਸ੍ਰੀ ਗੁਰੂ ਜੀ ਤੋਂ ਅਗੇਰੇ ਹੋ ਹੋ ਜਾਂਦਾ ਰਿਹਾ। ਇਹ ਦੇਖ ਕੇ ਆਪ ਨੇ ਹੱਥ ਛਾਤੀ ਨਾਲ ਲਾ ਲਿਆ ਤੇ ਸੰਕਲਪ ਕੀਤਾ ਕਿ

ਇਸ ਹੱਥ ਨੇ ਬੇਅਦਬੀ ਕੀਤੀ ਹੈ, ਇਹ ਸਦਾ ਛਾਤੀ ਨਾਲ ਲਾਈ ਰਖਣਾ ਹੈ, ਜੋ ਫੇਰ ਚੰਚਲ ਨਾ ਹੋਵੇ ਕਦੇ। ਮਹਿਮਾਂ ਪ੍ਰਕਾਸ਼ ਵਾ: ਸਫਾ ੪੩ ਵਿਚ ਲਿਖਿਆ ਹੈ ਕਿ ਸਦਾ ਏਸੇ ਤਰ੍ਹਾਂ ਕੀਤਾ; ਪਰ ਸੂ: ਪ੍ਰ: ਦੱਸਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਇਹ ਗੱਲ ਲਖ ਗਏ ਤੇ ਸ੍ਰੀ ਅਮਰਦਾਸ ਜੀ ਦੀ ਪ੍ਰੇਮਾ ਭਗਤੀ ਤੇ ਅਦਬ ਤੇ ਪ੍ਰਸੰਨ ਹੋਏ ਤੇ ਹੱਥ ਛੁਡਾ ਦਿੱਤਾ। ਭਾਵ ਇਹ ਕਿ ਆਗਜਾ ਕੀਤੀ ਕਿ ਇਸ ਨੂੰ ਦੰਡ ਨਾ ਦਿਓ। ਯਥਾ-

ਸ੍ਰੀ ਅੰਗਦ ਅਵਲੋਕ ਪ੍ਰਸੰਨੇ
ਕਰ ਸੁ ਛੁਡਾਇਓ ਕਹਿ ਧੰਨ ਧੰਨੇ। (ਸੂ: ਪ੍ਰ:

ਖਡੂਰ ਹੋ ਕੇ ਫੇਰ ਆਪ ਆਗਿਆ ਅਨੁਸਾਰ ਗੋਇੰਦਵਾਲ ਆ ਗਏ ਤੇ ਟਿਕੇ ਰਹੇ, ਪਰ--

ਪ੍ਰੇਮ ਨਿਰੰਤਰ ਰਿਦੇ ਪ੍ਰਵਾਹੂ।
ਚਿਤਵਹਿਂ ਗੁਰ ਸਰੂਪ ਮਨ ਮਾਹੂ।
ਮੁਖ ਤੇ ਬੋਲਹਿ ਤਉ ਗੁਰ ਨਾਮੂ।
ਸੁਨਹਿਂ ਸ੍ਰੋਨ ਕਿਰਤਨ ਸੁਖ ਧਾਮੂ।
ਅਪਰ ਨ ਦੇਖਿਓ ਸੁਨਿਓ ਨ ਭਾਵੈ।
ਇਕ ਸਤਿਗੁਰ ਕੀ ਉਰ ਲਿਵਲਾਵੈ।
ਜਬਿ ਸਿਮਰਹਿਂ ਤਬ ਦਰਸ਼ਨ ਕਰੈਂ।
ਬ੍ਰਹਮਗਜਾਨ ਕੌ ਨਿਤ ਉਰਧਾਰੈਂ।੪੨। (ਸੂ: ਪ੍ਰ:)

ਇਉਂ ਟਿਕੇ ਰਹੇ ਆਪ ਗੋਇੰਦਵਾਲ। ਦਰਸ਼ਨ ਦੇਣ ਆ ਜਾਂਦੇ ਕ੍ਰਿਪਾਲ ਗੁਰੂ ਅੰਗਦ ਦੇਵ ਜੀ ਆਪ ਕਈ ਵਾਰ ਨਾਲ ਲੈ ਜਾਂਦੇ ਖਡੂਰ, ਕੁਛ ਚਿਰ ਪਾਸ ਰਖਦੇ ਤੇ ਫੇਰ ਭੇਜ ਦੇਂਦੇ ਗੋਇੰਦਵਾਲ!

## ੪੭. ਧਿੰਗ!

ਕਿਤੋਂ ਕੋਈ ਵੈਰਾਗ ਦੀ ਸੱਟ ਖਾ ਕੇ ਗੁਰੂ ਅੰਗਦ ਦੇਵ ਜੀ ਦੇ ਦੁਆਰੇ ਆਇਆ ਇਕ ਨਾਈ : ਨਾਮ ਸੀ ਇਸ ਦਾ ਧਿੰਗ, ਇਸ ਨੇ ਆਕੇ ਚਾ ਲਈ ਸਾਧ ਸੰਗਤ ਦੀ ਸੇਵਾ ਪਾਣੀ ਦੀ ਤੇ ਹੋਰ।

ਤਪਤ ਨੀਰ ਕਰਵਾਇ ਸ਼ਨਾਨ।
ਵਸਤ੍ਰ ਪਖਾਰਹਿ ਮਲ ਕਰਿ ਹਾਨ।
ਚਰਨ ਚਾਂਪ ਹਾਂਕਤ ਹੈ ਵਾਯੂ।
ਬਾਸਨ ਧੋਵਹਿ ਮਾਂਞ ਬਨਾਯੂ।
ਕਬਿ ਕਬਿ ਗੁਰ ਕੀ ਸੇਵਾ ਪਾਇ।
ਮਹਾਂ ਪ੍ਰੇਮ ਤੇ ਕਰਹਿ ਬਨਾਇ। (ਸੂਰਜ ਪ੍ਰ:)

ਇਸ ਤਰ੍ਹਾਂ ਸੇਵਾ ਕਰੇ, ਫੇਰ ਕੀਰਤਨ ਸੁਣੇ ਦੀਵਾਨ ਵਿਚ ਬੈਠਕੇ। ਇਕ ਦਿਨ ਸ੍ਰੀ ਗੁਰੂ ਜੀ ਦੇ ਨਾਲ ਚਲਾ ਗਿਆ ਤਪਿਆਣੇ, ਏਕਾਂਤ ਪਾ ਕੇ ਬੇਨਤੀ ਕੀਤੀਓਸੁ-ਦਾਤਾ ਜੀਓ ਜੀ! ਤਨ ਦੇ ਦੁਖ ਆਪਣੇ ਵੱਸ ਦੇ ਨਹੀਂ, ਬੇਵਸੇ ਚੰਬੜੇ ਹਨ। ਪਰ ਮਨ ਦੇ ਕਲੇਸ਼ ਮਨ ਹੀ ਰਚਦਾ ਤੇ ਕੱਢਦਾ ਹੈ, ਪਰ ਇਹ ਨਿਵਿਰਤ ਨਹੀਂ ਹੁੰਦੇ। ਮਿਹਰ ਕਰੋ ਤਾਂ ਇਹ ਦੂਰ ਹੋਣ। ਇਨ੍ਹਾਂ ਤੋਂ ਤੰਗ ਆ ਕੇ ਸ਼ਰਣ ਆਇਆ ਹਾਂ।

ਗੁਰੂ ਜੀ ਮੁਸਕ੍ਰਾਏ ਤੇ ਬੋਲੇ-ਧਿੰਗ! ਤੇਰੀ ਜਾਤ ਵਿਚ ਥੋੜਾ ਚਿਰ ਹੋਇਆ ਇਕ ਵਡਾ ਭਗਤ ਹੋਇਆ ਹੈ-ਸੈਣ[੨੦੭], ਉਸ ਦੇ ਕਲੇਸ਼ ਕਰਮ ਨਵਿਰਤ ਹੋਏ ਹੋਏ ਸਨ।

ਧਿੰਗ-ਦਾਤਾ ਜੀਓ, ਰਾਹੇ ਪਾ ਦਿਓ, ਮੇਟ ਹੀ ਕਿਉਂ ਨਾ ਦਿਓ ਆਪਣੇ ਬਲ ਨਾਲ!

ਗੁਰੂ ਜੀ--ਉਸ ਨੇ ਸਤਿਸੰਗ ਕੀਤਾ ਤੇ ਭਗਤੀ ਕਮਾਈ ਸੀ, ਤੂੰ ਬੀ ਭਗਤੀ ਕਰ।

ਧਿੰਗ-ਜਾਚ ਦੱਸੋ ਤੇ ਆਪ ਕਰਵਾਓ, ਜੀਵ ਦੀ ਸ਼ਕਤਿ ਤਾਂ ਪੁਗਦੀ ਨਹੀਂ।

ਗੁਰੂ ਜੀ-ਔਖੀ ਹੈ ਤੇ ਸੌਖੀ ਬੀ ਹੈ ਕਮਾਈ। ਜੇ ਜੀਵ ਗੁਰਮਤਿ ਧਾਰ ਲਵੇ, ਮਨ ਮਤਿ ਤਿਆਗ ਦੇਵੇ, ਆਪਣੀ ਮਤਿ ਗੁਰੂਮਤਿ ਵਿਚ ਲੀਨ ਕਰ ਦੇਵੇ ਤਾਂ ਸੌਖੀ ਹੋ ਜਾਂਦੀ ਹੈ; ਸਰੀਰ ਵਿਚੋਂ ਆਤਮਾਂ ਛੁਟ ਜਾਏ ਤਾਂ ਸਰੀਰ 'ਗੋਰ' ਵਿਚ ਸਮਾਉਂਦਾ ਹੈ। ਤਿਵੇਂ ਜੋ ਮਨ 'ਮਨ ਮਤਿ' ਨੂੰ ਛਡੇ ਤਾਂ 'ਗੁਰ ਮਤਿ' ਵਿਚ ਸਮਾਉਂਦਾ ਹੈ। ਮਨਮਤਿ ਵਿਚੋਂ ਕਲੇਸ਼ ਪ੍ਰਾਪਤ ਹੁੰਦੇ ਹਨ; ਪਰ ਗੁਰਮਤਿ ਕਲੇਸ਼ ਨਿਵਾਰਦੀ ਹੈ। ਗੁਰੂ ਦੀ ਮਤਿ ਹੈ ਉੱਚੀ ਨਦਰਿ, ਸਰਾਫੀ ਅਕਲ। ਮਨਮਤਿ ਰਾਗ ਦੁਐਖ ਵਿਚ ਰਖਦੀ ਹੈ, ਵਿਤਕਰੇ ਸਿਖਾਲਦੀ ਹੈ, ਵੈਰ ਵਿਰੋਧ ਪਾਲਦੀ ਹੈ, ਇਸ ਦੇ ਉਲਟ ਗੁਰਮਤਿ ਸਿਖਾਲਦੀ ਹੈ ਕਿ ਸਦਾ ਜੀਵਨ ਨੂੰ ਤੱਕੋ, ਲੰਮੀ ਨਦਰ ਕਰੋ। ਜਨਮ ਤੋਂ ਪਹਿਲੋਂ ਤੇ ਮੌਤ ਦੇ ਮਗਰੋਂ ਦੀ ਬੀ ਸੋਚ ਕਰਨੀ। ਗੁਰਮਤਿ ਦੱਸਦੀ ਹੈ। ਮਾੜੇ ਕਰਮ ਛਡਣੇ; ਮਾੜੀਆਂ ਸੋਚਾਂ ਥੰਮ੍ਹਣੀਆਂ, ਭਲਾ ਸੋਚਣਾ, ਭਲਾ ਕਰਨਾ, ਭਲਿਆਈ ਦੇ ਮਾਲਕ ਕਰਤਾ ਪੁਰਖ ਦੇ ਗੁਣ ਗਾਉਣੇ, ਉਸਦਾ ਨਾਮ ਸਿਮਰਨ ਕਰਨਾ, ਉਸ


www.sikhbookclub.com

ਵਿਚ ਜੁੜਨਾ, ਉਸ ਦੇ ਚਾਨਣ ਵਿਚ ਟੁਰਨਾ।

ਧਿੰਗ-ਟੋਰ ਲਓ ਆਪਣੇ ਚਾਨਣ ਵਿਚ ਆਪ। ਰਾਤ ਹਨੇਰਾ ਹੈ, ਨੈਣ ਖੁੱਲ੍ਹੇ ਨਹੀਂ।

ਗੁਰੂ ਜੀ-

੧. ਸੇਵਾ ਕਰ ਰਿਹਾ ਹੈਂ, ਕਰ। ਕਾਮਨਾ ਨਾ ਧਾਰ ਕੋਈ ਮਨਮਤਿ ਵਾਲੀ ਤੇ ਸੇਵਾ ਕਰ।

੨. ਬਾਣੀ ਸੁਣ ਰਿਹਾ ਹੈਂ, ਸੁਣ ਤੇ ਕੀਰਤਨ ਵਿਚ ਜੁੜਿਆ ਕਰ।

ਪੜ ਤੇ ਵੀਚਾਰ, ਵੀਚਾਰ ਤੇ ਅਮਲ ਕਰਿਆ ਕਰ।

੩. ਅੰਮ੍ਰਿਤ ਵੇਲਾ ਸੰਭਾਲ-ਨਾਮ ਜਪਿਆ ਕਰ; ਜੋ ਸਿਮਰਨ ਬਣ ਜਾਵੇ, ਸਿਮਰਣ ਲਿਵ ਬਣ ਜਾਵੇ, ਤੇ ਲਿਵ ਨਾਮੀ ਨਾਲ ਜੋੜ ਦੇਵੇ।

੪. ਵਿਹਲੇ ਵਕਤਾਂ ਨੂੰ ਸਫਲਾਇਆ ਕਰ- ਵਿਹਲੀਆਂ ਮਨੋ ਤਰੰਗਣੀਆਂ ਨੂੰ ਹੋੜ ਹੋੜਕੇ ਕਰਤਾ ਪੁਰਖ ਦੇ ਫੁਰਨੇ ਨੂੰ ਦ੍ਰਿੜ ਕਰਿਆ ਕਰ-ਇਉਂ ਪ੍ਰੋ ਹੋ ਜਾ ਨਾਮ ਵਿਚ।

ਇਹ ਬਚਨ ਕਰਕੇ ਦਾਤੇ ਨੇ ਮਿਹਰ ਦੀ ਨਜਰ ਪਾਈ, ਧਿੰਗ ਨੂੰ ਨਾਮ ਦਾਨ ਦੀ ਬਖਸ਼ਿਸ਼ ਹੋਈ। ਪੂਰੇ ਦਾ ਤਿੱਖਾ ਤੀਰ ਵੜ ਗਿਆ ਸੀਨੇ, ਪੁੜ ਗਿਆ ਕਾਲਜੇ; ਮੁੜ ਗਿਆ ਮਨ ਬਾਹਰੋਂ ਅੰਦਰ ਨੂੰ। ਨਾਮ-ਰੰਗ ਹਤੜਾ ਹੋ ਕੇ ਮਨ ਨੂੰ ਰੰਗ ਗਿਆ ਆਤਮ ਸੁਖ ਵਿਚ। ਆਪ ਤਰਿਆ, ਤਾਰਿਓ ਸੁ ਪਰਵਾਰਿ ਨੂੰ ਤੇ ਤਰੇ ਕਈ ਉਸ ਦੇ ਸੰਗੀ। ਭਾਈ ਗੁਰਦਾਸ ਦੇ ਲਿਖੇ ਉੱਚ ਸਿਖਾਂ ਦੇ ਨਾਵਾਂ ਵਿਚ ਆਪ ਦਾ ਨਾਮ ਬੀ ਅਮਰ ਲਿਖਿਆ ਗਿਆ।

- o -

## ੪੮. ਪਾਰੋ ਜੁਲਕਾ ਪਰਮ ਹੰਸ।

**ਮੱਲ** ਕੁਸ਼ਤੀ ਕਰਕੇ ਚਲੇ ਗਏ ਬੱਚੇ ਬੀ ਖੇਲਾਂ ਖੇਲਕੇ ਟੁਰ ਗਏ; ਪਰ ਸਾਹਿਬ ਆਪ ਅਜ ਮੱਲ ਅਖਾੜੇ ਹੀ ਬੈਠੇ ਰਹੇ[੨੦੮]। ਵੇਖ ਰਹੇ ਸਨ ਆਪਣੇ ਕਰਤਾਰ ਦੀ ਕੁਦਰਤ ਕਿ ਨੈਣ ਭਰ ਆਏ, ਦੋ ਚਾਰ ਟੇਪੇ ਤਿਲਕੇ, ਬਾਕੀ ਦੇ ਸੁਹਣੇ ਛਪਰਾਂ ਨੇ ਛੇਤੀ ਢੈ ਕੇ ਵਿਚੇ ਹੀ ਸਮਾ ਲਏ। ਅਸਚਰਜ ਆਭਾ ਚਿਹਰੇ ਤੇ ਛਾ ਰਹੀ ਸੀ ਤੇ ਕੁਛ ਨਿਕਟਵਰਤੀ ਸਿਖ ਦਰਸ਼ਨ ਅਨੰਦ ਲੈ ਰਹੇ ਸਨ ਕਿ ਇਥ ਜਗਜਾਸੂ ਜੀ ਆ ਗਏ। ਟਿਕੇ ਬੈਠੇ ਵੇਖਕੇ, ਦੂਰੋਂ ਹੀ ਨਮਸਕਾਰ ਕਰਕੇ ਬਿਨ ਆਹਟ ਕੀਤੇ ਆਪ ਜੀ ਬੈਠ ਗਏ। ਥੋੜੇ ਚਿਰ ਮਗਰੋਂ ਨੈਣ ਖਲ੍ਹ ਪਏ ਤੇ ਅੰਮ੍ਰਿਤ ਦ੍ਰਿਸ਼ਟਿ ਪਈ ਆਏ ਜਗਜਾਸੂ ਉੱਤੇ, ਖਿਚ ਖਾਧੀਓਸ, ਉਠਿਆ, ਅੱਗੇ ਵਧਿਆ ਤੇ ਮੁੜ ਮੱਥਾ ਟੇਕ ਕੇ ਨੇੜੇ ਵਾਰ ਬੈਠ ਗਿਆ;

ਸਾਹਿਬ-ਆ ਭਾਈ! ਪਾਰੋਂ ਆਇਆ ਹੈਂ? ਕੀ ਨਾਮ ਹੈ ਆਪਣਾ?

ਪਾਰੋ-ਜੀ ਆਯਾ ਹਾਂ ਪਾਰੋਂ ਡੱਲੇ ਤੋਂ ਤੇ ਨਾਮ ਹੈ ਪਾਰੋ, ਜਾਤ ਹੈ ਜੁਲਕਾ, ਖਤ੍ਰੀ ਹਾਂ।

ਗੁਰੂ ਜੀ (ਮੁਸਕ੍ਰਾਕੇ)- ਕਿਵੇਂ ਆਏ ਹੋ ਪਾਰ ਦੇ ਹੋਕੇ ਉਰਾਰ ਨੂੰ?

ਪਾਰੋ-ਲਈ ਫਿਰਦੀਆਂ ਹਨ ਵਾਸ਼ਨਾ ਧੰਧਾਲਾਂ ਦੇ ਮਗਰ, ਕਦੇ ਆ ਜਾਂਦੀ ਹੈ ਉਪਰਾਮਤਾ; ਅਜ ਤਾਂ ਉਹ ਲੈ ਆ ਈ ਹੈ ਚਰਣ ਸ਼ਰਣ। ਪੁੱਛ ਪੁੱਛਣੀ ਹੈ ਜੇ ਮੇਹਰ ਹੋਵੇ ਤਾਂ।

ਗੁਰੂ ਜੀ ਮੁਸਕ੍ਰਾਏ:-ਪੁੱਛ ਭਾਈ!

ਪਾਰੋ-ਕੋਈ ਦੱਸਦੇ ਹਨ ਪਰਮ ਹੰਸ ਹੁੰਦਾ ਹੈ। ਲਾਲਸਾ ਹੈ ਲੱਛਣ ਜਾਣਨੇ ਦੀ, ਫੇਰ ਸਿੱਕ ਹੈ ਦਰਸ਼ਨ ਦੀ......, ਆਪਣੇ ਆਪ ਤੋਂ ਕੁਛ ਹੋ ਨਹੀਂ ਆਉਂਦਾ।

ਗੁਰੂ ਜੀ (ਮੁਸਕ੍ਰਾਕੇ)-ਸੰਘਰ ਤੋਂ ਰੋਝੇ ਪੰਡਤ ਨੂੰ ਸਦਵਾ ਦੇਂਦੇ ਹਾਂ ਉਹ ਖੁਲ੍ਹਕੇ ਦੱਸ ਦੇਵੇਗਾ। ਹਾਂ ਲਛਣ ਕੁਟੀਚਕ, ਬਹੂਦਕ, ਹੰਸ ਤੇ ਪਰਮ ਹੰਸ, ਚੌਹਾਂ ਅਵਧੂਤ ਸੰਨਜਾਸੀਆਂ ਦੇ। ਚਾਹੋਗੇ ਤਾਂ ਲਿਖਵਾ ਭੀ ਦੇਵੇਗਾ[੨੦੯]।

ਪਾਰੋ-ਜੀਓ ਜੀ, ਮਿਹਰ ਹੈ, ਪਰ ਜੀਓ 'ਲਿਖੇ' ਲੱਛਣ ਤਾਂ ਸੁਣੇ ਹਨ ਤੇ 'ਬਣੇ' ਸੰਨਜਾਸੀ ਪਰਮਹੰਸ ਵੇਖੇ ਹਨ, 'ਸੱਚ ਮੁਚ' ਦਾ ਨਾ ਸੁਣਿਆ ਨਾ ਡਿੱਠਾ ਹੈ, ਸਿੱਕ ਹੈ ਉਸ ਦੀ ਝਾਕੀ ਦੀ।

ਸਤਿਗੁਰ ਜੀ ਨੇ ਜਿਸ ਰੰਗ ਵਿਚੋਂ ਨੈਣ ਖੁਹਲੇ ਸਨ, ਉਸੇ ਰੰਗ ਵਿਚ ਫੇਰ ਰੰਗ ਲਏ ਤੇ ਆਪੇ ਵਿਚ ਗੁੰਮ ਹੋ ਗਏ। ਕੁਛ ਚਿਰ ਮਗਰੋਂ ਫ਼ੇਰ ਨੈਣ ਖੁੱਲੇ ਤੇ ਨਜ਼ਰ ਪਾਰੋ ਤੇ ਪਈ; ਉਸਦੇ ਨੈਣ ਮਿਟ ਗਏ, ਫੇਰ ਖੁੱਲੇ ਤੇ ਬੋਲਿਆ: ਹਾਂ ਦਾਤਾ! ਉਸ 'ਸਚ ਮੁਚ' ਦੇ ਪਰਮ ਹੰਸ ਦੇ ਕਰਾਓ ਨਾ ਦਰਸ਼ਨ। ਗੁਰੂ ਜੀ ਫੇਰ ਉਸੇ

ਤਰ੍ਹਾਂ ਜੁੜ ਗਏ, ਪਾਰੋ ਨੇ ਡਿੱਠਾ ਪਰ ਨਾ ਸਮਝਿਆ ਕਿ ਚੁਪ ਦੀ ਅਵਾਜ਼ ਵਿਚ ਕੀ ਉਤਰ ਮਿਲ ਰਿਹਾ ਹੈ।

ਜਦ ਤੀਜੀ ਵਾਰ ਫੇਰ ਪੁੱਛਿਓਸੁ ਤਾਂ ਸਤਿਗੁਰ ਬੋਲੇ-ਪਾਰੋ! ਹੰਸ ਇਕ ਪੰਛੀ ਹੁੰਦਾ ਹੈ ਖੱਤਖ ਵਰਗਾ ਪਰ ਉਸ ਤੋਂ ਵੱਡਾ ਤੇ ਸੁਹਣਾ : ਸ੍ਵਛ ਤੇ ਨਿਰਮਲ ਸਰਾਂ ਤੇ ਬੈਠਦਾ ਹੈ। ਬਹੁਤ ਉੱਜਲ ਹੋਣ ਕਰਕੇ ਉੱਜਲਤਾ ਦਾ ਦ੍ਰਿਸ਼ਟਾਂਤ ਬਣਦਾ ਹੈ। ਨਾ ਨਿਰਾ ਉੱਜਲਤਾ ਦਾ ਸਗੋਂ ਪੁਰਾਤਨ ਮੰਨਦੇ ਸਨ ਕਿ 'ਸੋਮ' ਨੂੰ ਪਾਣੀ ਵਿਚ ਮਿਲਾਓ ਤਾਂ ਹੰਸ ਚੁੰਝ ਪਾਵੇ ਤਦ ਪਾਣੀ ਤੇ 'ਸੋਮ' ਵਖ ਵਖ ਹੋ ਜਾਣਗੇ। ਫੇਰ ਇ ਹੱਲ ਚੱਲੀ ਕਿ ਦੁੱਧ ਤੇ ਪਾਣੀ ਰਲਾਓ ਤਾਂ ਹੰਸ ਚੁੰਝ ਪਾਕੇ ਦੁੱਧ ਪਾਣੀ ਨਿਖੇੜ ਲੈਂਦਾ ਹੈ। ਫਿਰ ਇਹ ਬੀ ਗੱਲ ਚਲੀ ਆ ਰਹੀ ਹੈ ਕਿ ਹੰਸ ਮੋਤੀ ਦੀ ਚੋਗ ਚੁਗਦਾ ਹੈ। ਇਨ੍ਹਾਂ ਲੱਛਣਾਂ ਤੋਂ ਪਦ ਦੇ ਵਰਤਾਉ ਨੂੰ ਇਕ ਸੰਕੇਤ ਮਿਲ ਗਿਆ। ਹੁਣ ਦੋਇ ਗੱਲਾਂ ਗ੍ਰੰਥਾਂ ਪੋਥੀਆਂ ਵਿਚ ਵਰਤੀਦੀਆਂ ਹਨ :- ਦ੍ਰਿਸ਼ਟਾਂਤ ਪ੍ਰਮਾਣ ਦੀ ਸ਼ਕਲ ਵਿਚ। ਅਵਧੂਤ ਸੰਨਯਾਸੀਆਂ ਨੇ ਇਹ ਪਦ ਤੇ ਨਾਲ ਪਰਮ ਲਾ ਕੇ ਆਪਣੇ ਉਪਰਲੇ ਪੱਖ ਦੇ ਸਾਧੂਆਂ ਲਈ ਵਰਤਿਆ-ਹੰਸ ਤੇ ਪਰਮਹੰਸ। ਉਂਞ 'ਹੰਸ' ਪਦ ਆਤਮਾ, ਪਰਮਾਤਮਾ ਤੇ ਸੂਰਜ ਆਦਿ ਕਈ ਅਰਥਾਂ ਵਿਚ ਬੀ ਦੱਸਦੇ ਹਨ।

ਪਾਰੋ-ਜੀ ਮੈਂ ਪਰਮਹੰਸ ਸਾਧੂ ਦੀ ਪੁੱਛ ਕਰਦਾ ਹਾਂ ਕਿ ਆਪ ਕਿਸ ਨੂੰ ਆਖਸੋ ਤੇ ਆਪ ਜਿਸਨੂੰ ਪਰਮਹੰਸ ਆਖੋ ਉਸਦੇ ਦਰਸ਼ਨ ਮੰਗਦਾ ਹਾਂ, ਮਿਹਰ ਕਰੋ।

ਗੁਰੂ ਜੀ-ਭਾਈ ਅਸਲ ਗਲ ਜੋ ਗੁਰਮਤਿ ਦੀ ਹੈ ਇਹ ਹੈ ਕਿ ਜੀਵ ਰੂਪੀ ਪੰਛੀ ਦਾਣਿਆ ਰੂਪੀ ਪਦਾਰਥਾਂ ਦੇ ਚੋਗ ਦੇ ਮਗਰ ਭੱਜੇ ਫਿਰਦੇ ਹਨ। ਪਰ ਹੰਸ ਜਾਂ ਪਰਮ ਹੰਸ ਰੂਪੀ ਉਤਮ ਪੁਰਖ 'ਸ਼ਬਦ' ਰੂਪੀ ਮੋਤੀ ਦੀ ਚੋਗ ਚੁਗਦਾ ਹੈ। ਸ਼ਬਦ ਰੂਪੀ ਰਤਨ ਗੁਰੂ ਰੂਪੀ ਸਾਗਰ ਵਿਚ ਹੁੰਦਾ ਹੈ। ਉਹ ਗੁਰੂ ਤੋਂ ਇਹ ਰਤਨ ਲੈ ਕੇ ਕਮਾਈ ਕਰਦਾ ਹੈ। ਇਸ ਕਮਾਈ ਨਾਲ ਉਸ ਵਿਚ ਸਾਰ ਅਸਾਰ ਨੂੰ ਨਿਖੇੜਨ ਦੀ ਵਿਭੇਕ ਬੁਧਿ ਹੋ ਆਉਂਦੀ ਹੈ। ਸਾਰ ਨੂੰ ਉਹ ਗ੍ਰਹਣ ਕਰਦਾ ਹੈ ਤੇ ਅਸਾਰ ਨੂੰ ਤਜਾਗਦਾ ਹੈ। ਗੁਰੂ ਬਾਬੇ ਨੇ ਆਖਿਆ ਸੀ-"ਗੁਰੁ ਸਾਗਰੁ ਰਤਨੀ ਭਰਪੂਰੇ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥" ਗੁਰੂ ਸਾਗਰ ਹੈ, ਸ਼ਬਦ ਰੂਪੀ ਮੋਤੀ ਤੇ ਹੋਰ ਗੁਣ ਉਸ ਵਿਚ ਭਰੇ ਪਏ ਹਨ। ਹੰਸ ਰੂਪੀ ਸੰਤ ਲੋਕ ਉਸ ਵਿਚੋਂ ਅੰਮ੍ਰਿਤ ਗ੍ਰਹਿਣ ਕਰਦੇ ਹਨ ਤੇ ਦੂਰ ਨਹੀਂ ਜਾਂਦੇ। ਅਰਥਾਤ ਸ਼ਬਦ ਦੀ ਕਮਾਈ ਨਾਲ ਉਸ ਹੰਸ ਵਰਗੇ ਉੱਜਲ ਸੰਤ ਵਿਚ ਸਾਰ ਅਸਾਰ ਨਿਖੇੜਵੀਂ ਬੁਧਿ ਉਪਜਦੀ ਹੈ। ਸਾਰ ਅਮਰ ਹੈ, ਸੋ ਅਮਰ ਵਸਤੂ ਨੂੰ ਉਹ ਗ੍ਰਹਿਣ ਕਰਦਾ ਹੈ।

ਨਿਖੇੜਵੀਂ ਬੁੱਧੀ ਕੀਹ ਹੈ? ਉਹ ਲਖ ਲੈਂਦਾ ਹੈ ਕਿ ਮੈਂ ਦੇਹ ਤੋਂ ਵੱਖਰਾ ਹਾਂ। ਜਿਵੇਂ ਬਦਾਮ ਦੇ ਖੋਲ ਵਿਚ ਬਦਾਮ ਦੀ ਗਿਰੀ ਵੱਖਰੀ ਹੁੰਦੀ ਹੈ ਇਕਠੇ ਹੋਣ ਕਰਕੇ ਭਾਸਦੇ ਇਕੋ ਹਨ।

......ਹਾਂ ਭਾਈ! ਜੀਵ ਸੁਪਨਾ ਵੇਖਦਾ ਹੈ ਤੇ ਸਮਝਦਾ ਹੈ ਕਿ ਦੇਹ ਤਾਂ ਸੁਪਨੇ ਵੇਲੇ ਮਾਨੋ ਜੜ੍ਹ ਹੋਈ ਪਈ ਸੀ, ਤੇ ਮੈਂ ਜਾਗਦੇ ਵਾਂਕੂ ਚੇਤਨ ਸਾਂ। ਸੋ ਉਹ ਸਮਝਦਾ ਹੈ ਕਿ ਦੇਹ ਜੜ੍ਹ ਹੈ, ਮੈਂ ਚੇਤਨ ਹਾਂ। ਫਿਰ ਦੇਖਦਾ ਹੈ ਕਿ ਇਡੀ ਭਾਰੀ ਅਰਥਾਤ ਸਥੂਲ ਦੇਹ ਨੂੰ ਸੂਖਮ ਮਨ ਚਲਾਉਂਦਾ ਹੈ। ਦੇਹ ਆਪੇ ਕੁਛ ਨਹੀਂ ਕਰਦੀ ਮੇਰਾ ਮਨ ਜੋ ਚੇਤਨਤਾ ਵਾਲਾ ਹੈ, ਬਲਵਾਨ ਹੈ, ਵੱਖਰਾ ਹੈ ਤੇ ਦੇਹ ਜੜ੍ਹ ਹੈ ਜੋ ਉਸ ਦੀ ਜਲਾਈ ਚਲਦੀ ਹੈ ਜਦ ਚਿੰਤਾ ਆ ਚੰਬੜੇ ਤਾਂ ਸਰੀਰ ਢਿੱਲਾ ਤੇ ਰੋਗੀ ਜਿਹਾ ਹੋ ਜਾਂਦਾ ਹੈ ਤਾਂ ਦੇਹ ਕਿਸੇ ਦਾਰੂ ਨਾਲ ਠੀਕ ਨਹੀਂ ਹੁੰਦੀ। ਪਰ ਜਦ ਚਿੰਤਾ ਵੀਚਾਰ ਨਾਲ ਦੂਰ ਹੋ ਜਾਏ ਤਾਂ ਦੇਹ ਆਪੇ ਸੁਅਸਥ ਹੋ ਜਾਂਦੀ ਹੈ, ਤਾਂ ਤੇ 'ਚੇਤਨ' 'ਦੇਹ' ਤੋਂ ਵੱਖਰਾ ਸੀ। ਤਾਪ ਚੜ੍ਹੇ ਤਾਂ ਆਖਦਾ ਸੀ 'ਮੈਂ ਦੁਖੀ ਹਾਂ', ਪਰ ਹੁਣ ਜਾਣਦਾ ਹੈ ਕਿ ਤਾਪ ਦੇਹ ਨੂੰ ਹੈ, ਮੈਂ ਤਾਂ ਦੇਹ ਦਾ ਸੰਗੀ ਹੋਣ ਕਰਕੇ ਦੁਖ ਪ੍ਰਤੀਤ ਕਰ ਰਿਹਾ ਹਾਂ। ਐਉਂ ਜਦੋਂ ਦੇਹ ਤੋਂ ਸੰਕਲਪ ਨੂੰ ਖਿਚ ਕੇ ਅਡੋਲ ਹੋ ਕੇ ਆਪੇ ਵਿਚ ਟਿਕਦਾ ਹੈ ਤਾਂ ਆਪ ਨੂੰ ਦੁਖ ਹੀਨ ਤੇ ਸੁਖ ਵਿਚ ਪ੍ਰਤੀਤ ਕਰਦਾ ਹੈ। ਇਸ ਸੁਖ ਦਾ ਜਾਣੂ ਹੋ ਜਾਣ ਤੇ ਦੇਹ ਦੇ ਭੋਗਾਂ ਵਿਚ ਲੰਪਟ ਨਹੀਂ ਹੁੰਦਾ ਦੇਹ ਨੂੰ ਨਾਸ਼ਵਾਨ ਜਾਣਕੇ ਫੇਰ ਇਸ ਦੇ ਭੋਗਾਂ ਰਸਾਂ ਲਈ ਪਾਪ ਬੀ ਨਹੀਂ ਕਰਦਾ। ਸੋ ਐਸੇ ਉਜਲ ਪੁਰਖ ਨੂੰ ਆਪੇ ਵਿਚ ਟਿਕਣ ਦਾ ਜੋ ਰਸ ਆਵੇਗਾ ਉਹ ਆਪੇ ਵਿਚ ਅੰਤਰ-

 www.sikhbookclub.com

ਮੁਖ ਰਹਿਣੇ ਲਈ ਪ੍ਰੇਰਨਾ ਕਰਦਾ ਰਹੇਗਾ। ਅੰਤਰ ਮੁਖ ਰਹਿੰਦਿਆਂ ਇਸ ਨੂੰ ਆਪੇ ਦੇ ਮੂਲ 'ਪਰਮ ਆਪੇ ਦੀ ਲੱਖਤਾ ਹੋ ਜਾਏਗੀ। ਇਹ ਫੇਰ ਉਸ ਦੇ ਪਜਾਰ ਧਜਾਨ ਵਿਚ ਰਹੇਗਾ।

ਸਾਹ ਵੱਟਕੇ ਪਾਰੋ ਬੜੇ ਗਹੁ ਨਾਲ ਸੁਣਦਾ ਪਿਆ ਸੀ ਤੇ ਸਮਝਦਾ ਪਿਆ ਸੀ ਲੰਮਾ ਸਾਹ ਲੈ ਕੇ ਬੋਲਿਆ :-

ਦਾਤਾ ਗੁਰੂ! ਐਸਾ ਅੰਤਰ ਮੁਖ ਧਜਾਨੀ ਫੇਰ ਜਗਤ ਵਿਚ ਤਾਂ ਨਾ ਰਹਿ ਸਕੇਗਾ। ਗ੍ਰਿਹਸਤ ਬੜਾ ਚਿਕੜ ਹੋਊ ਉਸ ਲਈ।

ਗੁਰੂ ਜੀ-ਕਮਲ, ਜਲ ਵਿਚ ਵਸਦਾ ਜਲ ਤੋਂ ਅਲੇਪ ਰਹਿੰਦਾ ਹੈ: ਉਸਦਾ ਪਜਾਰ-ਪਜਾਣ ਅਕਾਸ਼ਾਂ ਵਿਚ ਨਿਰਲੇਪ ਵਸਦੇ ਸੂਰਜ ਵਲ ਰਹਿੰਦਾ ਹੈ, ਤਿਵੇਂ ਇਹ ਪਜਾਰ-ਧਜਾਨ ਉਸ ਸੰਤ ਨੂੰ ਪਰਮ-ਆਤਮਾ ਵਿਚ ਲਾਈ ਰਖਦਾ ਹੈ : ਉਸ ਨੂੰ ਧਿਆਉਂਦਾ ਉਹ ਖਿੜਿਆ ਰਹਿੰਦਾ ਹੈ ਤੇ ਜਗਤ ਦੇ ਪਦਾਰਥ ਖਿੱਚਾਂ ਤੇ ਮੋਟ ਉਸ ਨੂੰ ਚੰਬੜਦੇ ਨਹੀਂ! ਨਾ ਹੀ ਉਹ ਦੇਹ ਦੇ ਦੁਖਾਂ ਸੁਖਾਂ ਦਾ ਆਮ ਲੋਕਾਂ ਵਾਂਙੂ ਹਰਖ ਸ਼ੋਕ ਕਰਦਾ ਹੈ। ਦਿੱਸਣ ਨੂੰ ਉਸ ਦੀ ਵਰਤੋਂ ਜਗਤ ਦੇ ਲੋਕਾਂ ਵਾਂਙ ਦਿੱਸਦੀ ਹੈ, ਪਰ ਉਹ ਅੰਦਰੋਂ ਪਰਮਾਤਮ ਧਿਆਨੀ ਹੋਣ ਕਰਕੇ ਜਗਤ ਦੇ ਮੋਹ ਜਾਲ ਦੇ ਬੰਧਨਾਂ ਵਿਚ ਨਹੀਂ ਹੁੰਦਾ :-

ਸਤਿਗੁਰ ਜੀ ਕਾ ਵਾਕ ਹੈ-ਪੰਚਾ ਕਾ ਗੁਰੁ ਏਕੁ ਧਿਆਨੁ॥ ਇਸ ਕਰਕੇ-ਪੰਚੇ ਪਾਵਹਿ ਦਰਗਹਿ ਮਾਨੁ॥ ਓਹ ਪੰਚ, ਓਹ ਸੰਤ, ਓਹ ਪਰਮ ਹੰਸ ਦਰ ਪਰਵਾਨ ਹੁੰਦੇ ਹਨ। ਹਾਂ ਸੁਣ, ਪਾਰੋ! ਦਾਤਾ ਜੀ ਫੁਰਮਾਉਂਦੇ ਹਨ:-

ਸਰਵਰਿ ਕਮਲੁ ਕਿਰਣਿ ਆਕਾਸੀ
ਬਿਗਸੈ ਸਹਜਿ ਸੁਭਾਈ॥
ਪ੍ਰੀਤਮ ਪ੍ਰੀਤਿ ਬਨੀ ਅਭ ਐਸੀ
ਜੋਤੀ ਜੋਤਿ ਮਿਲਾਈ॥

(ਮਲਾਰ ਅਸ਼ਟ: ਮਹਲਾ ੧-੧)

ਅਰਥਾਤ-ਕਮਲ ਸਰੋਵਰ ਵਿਚ ਹੈ, 'ਕਿਰਣਪਤੀ' ਸੂਰਜ ਅਕਾਸ਼ ਵਿਚ ਹੈ, ਪਰ ਉਸ ਦੀ ਕਿਰਣ ਆ ਪੈਣ ਨਾਲ ਕਮਲ ਵਿਗਸਦਾ ਹੈ ਬਿਨਾ ਕਿਸੇ ਯਤਨ ਦੇ, ਸਹਿਜ ਸੁਭਾਵਕ ਹੀ, ਤਿਵੇਂ ਮੇਰੇ ਦਿਲ ਵਿਚ ਪ੍ਰੀਤਮ (ਪਰਮਾਤਮਾ) ਦੀ ਪ੍ਰੀਤਿ ਐਸੀ ਬਣ ਗਈ ਹੈ ਕਿ ਇਸ 'ਪ੍ਰੀਤ' ਨੇ ਉਸ ਜੋਤੀ ਸਰੂਪ ਵਿਚ ਮੇਰੀ ਜੋਤਿ ਨੂੰ ਮਿਲਾ ਦਿੱਤਾ ਹੈ।

ਇਹ ਤਾਂ ਹੋਏ ਲੱਛਣ, ਹੁਣ ਰਹੇ ਦਰਸ਼ਨ' ਸ਼ਬਦ ਦਾ ਹੋ ਜਾ ਧਾਰਨੀ; ਨਾਮ ਰੂਪੀ ਰਤਨ ਦੀ ਚੁਗ ਚੋਗ ਧਿਆਨ ਰਖ ਸੂਰਜ ਵੱਲ (ਕਰਤਾ ਪੁਰਖ ਵੱਲ) ਗ੍ਰਿਹਸਤ ਦੇ ਵਿਚੇ ਹੋ ਜਾਏਗਾ ਹੰਸ-ਪਰਮ ਹੰਸ, ਫਿਰ ਕਰ ਲਈਂ ਆਪਣੇ ਦਰਸ਼ਨ ਆਪ (ਸੁਸਕ੍ਰਾਕੇ)।

ਪਾਰੋ! ਕਾਹਦੇ ਸਾਹੇ ਜੇ ਆਪ ਨਾ ਵਿਆਹੇ।

ਪਾਰੋ ਹੁਣ ਧਜਾਨ ਲਾ ਕੇ ਸੁਣਦਾ, ਧਜਾਨ ਮਗਨ ਹੁੰਦਾ; ਗੁਰੂ ਚਿਤ ਵਿਚ ਚਿਤ ਸਮਾ ਰਿਹਾ ਸੀ-ਸਹਿਜ ਸੁਭਾਵ ਤੇ ਅਨਜਾਣੇ। ਲਗ ਗਈਓਸੁ ਛੋਹ ਆਤਮ ਰੰਗ ਦੀ ਤੇ ਰਸ ਵਿਚ ਰੱਤੇ ਦਾ ਸੀਸ ਚਰਨਾਂ ਤੇ ਜਾ ਲੱਗਾ।

ਬੋਲਿਆ-ਦਾਤਾ! ਮੈਨੂੰ ਹੁਣ ਹੋ ਗਏ ਹਨ ਦਰਸ਼ਨ ਪਰਮਹੰਸਾਂ ਦੇ ਖੀ ਪਰਮਹੰਸ ਦੇ।

ਹੇ ਪਰਮਹੰਸਾਂ ਦੇ ਰਾਜਹੰਸ! ਖੈਰ ਪਾ ਦਿਓ ਸ਼ਬਦ ਰਤਨ ਦੀ ਮੇਰੀ ਝੋਲੀ।

ਤ੍ਰੁਠ ਪਏ ਦੇਣਹਾਰ ਦਾਤਾ। ਨਾਮ ਦਾਨ ਦੇ ਦਿੱਤਾ, ਰਾਸ ਪਾ ਦਿੱਤੀ ਵਪਾਰੀ ਨੂੰ ਅਮੁੱਲ ਵਪਾਰ ਦੀ। ਆਖ ਦਿਤਾ-ਕਰ ਕਮਾਈ ਅਰਥ ਦੀ, ਪਰ ਕਰ ਕਮਾਈ ਨਾਲ ਪਰਮਾਰਥ ਦੀਬੀ। ਅਰਥ ਪਰਮਾਰਥ ਦਾ ਮੇਲ ਕਰ। ਅਰਥ ਪਰਮਾਰਥ ਨਿਖੇੜ ਕੇ ਨਾ ਬਹੁ ਦੋਹਾਂ ਨੂੰ ਮੇਲਕੇ ਤੁਰ, ਜਿਵੇਂ ਕਮਲ ਜਲ ਵਿਚ ਵਸਦਾ ਜਲ ਤੋਂ ਪਲਦਾ, ਖੇੜਾ ਸੂਰਜ ਤੋਂ ਲੈਂਦਾ ਹੈ ਤੇ ਵਿਗਸਦਾ ਹੈ :-

ਜੈਸੇ ਜਲ ਮਹਿ ਕਮਲੁ
ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ।

(ਰਾਮ: ਮ: ੧ ਸਿਧ ਗੋਸ਼ਟ)

ਹਰ ਕਮਾਈ, ਫੇਰ ਤੇਰੀ ਕਲਜਾਨ ਹੋਸੀ ਪਰਮ-ਹੰਸ ਹੋ ਕੇ।

ਪਾਰੋ! ਮਿਲਦਾ ਰਹੀਂ ਗੋਇੰਦਵਾਲ ਵਾਲੇ ਨੂੰ। ਤੂੰ ਮਿਲਦਾ ਰਹੀਂ ਭਾਈ! ਗੋਇੰਦਾਵਲ ਵਾਲੇ ਨੂੰ।

## ਸੂਚਨਾ।

ਪਾਰੋ ਨੂੰ ਗੁਰੂ ਜੀ ਤੀਸਰੇ ਸਾਹਿਬਾਂ ਦੇ ਸਪੁਰਦ ਕਰ ਗਏ ਸਨ। ਪਾਰੋ ਉਹਨਾਂ ਦੀ ਚਰਨ ਸ਼ਰਨ ਆਉਂਦਾ ਰਿਹਾ। ਹਾਂ, ਪਾਰੋ ਪਰਮ ਹੰਸ ਕੀ ਸਚਮੁਚ ਪਾਰ ਗਿਰਾਮੀ ਗੁਰਮੁਖ ਹੋ ਗਿਆ, ਜੋ ਗੁਰਿਆਈ ਅਵਸਥਾ ਦੇ ਲਗਪਗ ਜਾ ਪੁਜਾ। ਇਸ ਮਹਾਂ ਪੁਰਖ ਦਾ ਹੋਰ ਹਾਲ ਤੀਸਰੇ ਸਾਹਿਬਾਂ ਦੇ ਹਾਲਾਤ ਵਿਚ ਆਵੇਗਾ। (ਪੰਨਾ ੧੫੭)

## ੪੯. ਮੱਲੂ ਸ਼ਾਹ!

**ਇਕ** ਦਿਨ ਇਕ ਫੌਜੀ ਜੀਵਨ ਵਾਲਾ 'ਮੱਲੂ ਸ਼ਾਹ' ਨਾਮੇ ਹਾਜ਼ਰ ਹੋਇਆ, ਬਿਨੈ ਕੀਤੀਓਸੁ--

ਪਾਤਸ਼ਾਹ! ਜੀਵਨ ਥੋੜਾ ਹੈ, ਮੌਤ ਨਿਸਚੇ ਹੈ ਮੇਰੀ ਬੀ ਤੇ ਸਭ ਦੀ ਬੀ, ਪਰ ਸਾਡੀ ਮੌਤ ਤਾਂ ਬਹੁਤ ਕਾਹਲੀ ਹੈ, ਜਿੰਦ ਤਲੀ ਤੇ ਰੱਖੀ ਫਿਰੀ ਦੀ ਹੈ। ਜੋ ਸਾਡਾ ਜੀਉਣਾ ਹੈ ਸੋ ਛਾਵਣੀਆਂ ਵਿਚ ਵਿਹਲੀਆਂ ਖਾਣ ਦਾ ਯਾ ਜੰਗ ਛਿੜੇ ਤੇ ਮਰਨ ਮਾਰਨ ਦਾ ਹੈ। ਸਾਡਾ ਬੀ ਪਾਰ ਉਤਾਰਾ ਕਰੋ ਕਿਵੇਂ।

ਗੁਰੂ ਜੀ-ਹਰ ਮਨੁੱਖ ਸੁਖ ਦਾ ਲੋੜਕੂ ਹੈ। ਪਰ ਹਰ ਕੋਈ ਨਿਰੇ 'ਆਪਣੇ' ਸੁਖ ਦਾ ਲੋੜਕੂ ਹੈ। ਬਣਦਾ ਤਾਂ ਇਹ ਸੀ ਜਿਵੇਂ ਆਪਣਾ ਸੁਖ ਲੋੜੀਦਾ ਹੈ ਕਿ ਹੋਰਨਾਂ ਦਾ ਬੀ ਲੋੜੀਏ, ਪਰ ਦੇਖੀਦਾ ਇਹ ਹੈ ਕਿ ਆਪਣੇ ਤੋਂ ਛੁਟ ਕੋਈ ਕਿਸੇ ਦਾ ਸੁਖ ਨਹੀਂ ਲੋੜਦਾ। ਸੋ ਹਰ ਕੋਈ ਦੂਜੇ ਦੇ ਸੁਖ ਨੂੰ ਓਪਰਾ ਜਾਣਦਾ ਹੈ। ਇਸ ਕਰਕੇ ਹਰ ਇਕ ਵਿਚ ਦੂਜੇ ਨਾਲ ਵਿਤਕਰਾ ਵੱਸ ਰਿਹਾ ਹੈ। ਇਹੋ ਭਾਵ ਪਰਸਪਰ ਈਰਖਾ ਦਵੈਖ ਵਿਚ ਵਧ ਖਲੋਂਦਾ ਹੈ। ਇਸ ਕਰਕੇ ਮਨੁਖ ਮਨੁਖ ਵਿਚ ਈਰਖਾ, ਦੇਸ ਦੇਸ ਵਿਚ ਵੈਰ ਵਯਾਪ ਰਿਹਾ ਹੈ। ਜੇ ਮਨੁਖ ਏਸ ਭਾਵ ਵਿਚ ਆ ਜਾਣ ਕਿ ਆਪਣਾ ਸੁਖ ਲੋਚਣ, ਪਰ ਨਾਲ ਹੀ ਦੂਸਰੇ ਦਾ ਸੁਖ ਬੀ ਲੋਚਣ ਤਾਂ ਅੰਦਰੋਂ ਵਿਤਕਰਾ ਘਟੇ ਤੇ ਹਟੇ। ਹਾਂ ਜੇ ਨਿਜ ਸੁਖ ਤੇ ਪਰ ਸੁਖ ਦੋਹਾਂ ਨੂੰ ਜੀਵ ਜ਼ਰੂਰੀ ਸਮਝੇ ਤਾਂ ਝਗੜੇ ਹੋਣ ਕਿਉਂ ? ਤੇ ਜੇ ਇਕ ਇਕ ਦਾ ਝਗੜਾ ਨਾ ਰਹੇ ਤਾਂ ਦੇਸਾਂ ਤੇ ਜਾਤਾਂ ਕੌਮਾਂ ਦੇ ਝਗੜੇ ਤੇ ਜੰਗ ਕਿਉਂ ਹੋਣ ? ਰਾਜੇ ਪਾਤਸ਼ਾਹ ਕਿਉਂ ਇਕ ਦੂਜੇ ਨੂੰ ਮਾਰਨ ਉਠ ਪੈਣ। ਪਰ ਹਉਂ ਹੰਕਾਰ ਵਿਚ ਭਰੇ ਰਾਜੇ ਜੋਧੇ ਤੇ ਜਰਵਾਣੇ ਮਨੁਖ ਤੇ ਲੋਕ ਦੂਜਿਆਂ ਤੋਂ ਖੋਹਣ ਨੂੰ ਟੁਰ ਪੈਂਦੇ ਹਨ। ਇਉਂ ਜੋ ਨਹੀਂ ਚਾਹੁੰਦੇ ਜੰਗ ਉਨ੍ਹਾਂ ਨੂੰ ਬੀ ਆਪਣੀ ਰਾਖੀ ਲਈ ਕਰਨਾ ਪੈਂਦਾ ਹੈ ਅਗੋਂ ਜੰਗ। ਜੇ ਉਹ ਨਾ ਕਰਨ ਜੰਗ ਤਾਂ ਗਲੇ ਪੈਂਦੀ ਏ ਗੁਲਾਮੀ। ਐਉਂ ਜੰਗ ਬੀ ਹੋ ਗਿਆ ਏ ਮਨੁੱਖ ਦਾ ਇਕ ਸਾਥੀ। ਸੋ ਭਾਈ ਜਿਸ ਨੂੰ ਇਹ ਜੀਵਨ ਮਿਲੇ- 'ਜੰਗੀ ਜੀਵਨ', ਉਹ ਜ਼ੋਰ ਜ਼ੁਲਮ ਦਾ ਭਾਈਵਾਲ ਨਾ ਬਣੇ। ਦੂਜਿਆਂ ਨੂੰ ਲੁੱਟਣ ਮਾਰਨ ਖੋਹਣ ਨੂੰ ਬੀਰਤਾ ਨਾ ਸਮਝੇ। ਕਿਸੇ ਦੀ ਖੁਲ੍ਹ ਖੋਹਕੇ ਬੰਦੀ ਨਾ ਪਾਵੇ, ਨਾ ਕਿਸੇ ਮਨੁੱਖ ਨੂੰ, ਨਾ ਪਰਜਾ ਨੂੰ। ਹਾਂ ਜ਼ੋਰ ਜ਼ੁਲਮ ਵਾਲਿਆਂ ਨੂੰ ਹੋੜੇ। ਸਗੋਂ ਜ਼ੁਲਮੀ ਜਿਨ੍ਹਾਂ ਦੇ ਸਿਰ ਪਏ ਉਨ੍ਹਾਂ ਦੀ ਰਾਖੀ ਕਰੇ ਤੇ ਕਦੇ ਖੁਲ੍ਹਦੀ ਖਾਤਰ ਖਤਰੇ ਤੋਂ ਨਾ ਧੌਂਫ ਖਾਏ, ਪਰਉਪਕਾਰ ਲਈ ਕਮਰਕੱਸੇ ਹੋਏ ਰਹਿਣ। ਮੱਲੂ ਭਾਈ! ਜੰਗੀ ਜੀਵਨ ਬੀਰ ਰਸੀ ਜੀਵਨ ਹੈ। ਇਹ ਜ਼ੋਰ ਜ਼ੁਲਮ ਕਰਨ ਵਾਲਿਆਂ ਨੂੰ ਜ਼ੋਰ ਜ਼ੁਲਮ ਤੋਂ ਹੋੜਨ ਲਈ ਬਣਾਇਆ ਗਿਆ ਹੋਸੀ। ਇਹ ਆਪ ਜ਼ੋਰ ਜ਼ੁਲਮ ਕਰਨ ਲਈ ਨਹੀਂ ਹੈ। ਇਹ ਇਕ ਮਹਾਨ ਦਾਨ ਹੈ, ਜਿਸ ਵਿਚ ਆਪਣੇ ਸਰੀਰ ਦਾ ਬੀ ਦਾਨ ਹੋ ਜਾਂਦਾ ਹੈ। ਇਸ ਦਾ ਮੂਲ ਹੈ ਉਤਸ਼ਾਹ ਤੇ 'ਉਤਸ਼ਾਹ' ਪਰਉਪਕਾਰ ਕਰਨ ਦਾ, ਬਦੀ ਨੂੰ ਰੋਕਣ ਦਾ, ਨੇਕੀ ਨੂੰ ਪ੍ਰਚਾਰਨ ਦਾ, ਬੰਦੀਆਂ ਦੀਆਂ ਬੰਦੀਆਂ ਛੁੜਾਉਣ ਦਾ ਅਤੇ ਖੁਲ੍ਹ ਖਿਲਾਰਨ ਦਾ। ਸੋ ਸੂਰਮਾ ਆਪਣੇ ਬੀਰ ਰਸੀ ਧਰਮਾ ਵਿਚ ਕਦੇ ਭੀਰੂ (ਕਾਇਰ) ਨਾ ਬਣੇ। ਬੀਰ ਰਸੀ ਉਪਕਾਰੀ ਜੋਧੇ ਦੀ ਸਨਮੁਖ ਜੁਝਦਿਆਂ ਆਈ ਮੌਤ ਸਫਲ ਹੁੰਦੀ ਹੈ।

ਮੱਲੂ ਸ਼ਾਹ-ਸੱਚ ਕਿਹਾ ਨੇ, ਖੜਾ ਉੱਚਾ ਸੁੱਚਾ ਦਰਸ਼ਨ ਦਿਖਾਇਆ ਨੇ। ਵਾਹਵਾ! ਸਮਝ ਆਈ ਹੁਣ ਕਿ ਡਾਢੀ ਸੋਚ ਨਾਲ ਇਹ ਜੀਵਨ ਧਾਰਨਾ ਲੋੜੀਏ। ਜੀਓ ਜੀ! ਇਕ ਹੋਰ ਅਰਜ਼ ਹੈ, ਆਪਣੀ ਜਾਨ ਤਲੀ ਤੇ ਧਰੀਦੀ ਹੈ ਤਾਂ ਹੀ ਜਾਈਦਾ ਹੈ ਫ਼ੌਜ ਵਿਚ

 www.sikhbookclub.com

ਪਰ ਫਿਰ ਬੀ ਮੌਤ ਦਾ ਡਰ ਬਣਿਆ ਹੀ ਰਹਿੰਦਾ ਹੈ।

ਗੁਰੂ ਜੀ-ਮੌਤ ਦਾ ਡਰ ਹਰ ਕਿਸੇ ਤੇ ਹੈ। ਇਹ ਡਰ ਜਿੱਤਣਾ ਪਰਮਾਰਥ ਹੈ, ਪਰ ਫੌਜੀ ਨੂੰ ਇਕ ਹੋਰ ਵੀਚਾਰ ਬੀ ਸਹਾਈ ਹੁੰਦੀ ਹੈ, ਉਹ ਇਹ ਹੈ ਕਿ ਮਰਨਾ ਬਰਹੱਕ ਹੈ ਸਭ ਕਿਸੇ ਦਾ। ਫਿਰ ਮਰਨਾ ਹੁੰਦਾ ਹੈ ਕਿਸੇ ਬਹਾਨੇ ਕਿਸੇ ਕਾਰਣ? ਸਰੀਰ ਅਕਸਰ ਬਿਨਸਦਾ ਹੈ ਕਿਸੇ ਬਿਮਾਰੀ ਆਦਿ ਕਾਰਨ ਨਾਲ, ਜੋ ਕਈ ਵੇਰ ਲੰਮੇ ਹੁੰਦੇ ਹਨ। ਜੋਧੇ ਦੀ ਮੌਤ ਸ਼ਸਤ੍ਰ ਨਾਲ ਤੇ ਅਕਸਰ ਝਟਾਪਟੀ ਹੁੰਦੀ ਹੈ, ਸੋ ਕਿਉਂ ਫਿਕਰ ਕਰੇ ਮੌਤ ਦਾ, ਮੌਤ ਅੰਤ ਹੈ ਹਰ ਜੀਵਨ ਦਾ, ਜੋ ਅਵੱਸ਼ ਆਉਣਾ ਹੈ, ਫਿਕਰ ਤੇ ਖੌਫ ਕਿਉਂ? ਖੌਫ ਮੌਤ ਦਾ ਨਹੀਂ ਚਾਹੀਏ, ਮੰਦੀ ਤਰ੍ਹਾਂ ਬਸਰ ਕੀਤੇ ਜੀਵਨ ਦਾ ਖੌਫ ਚਾਹੀਏ।

ਮੱਲੂ-ਪਰ ਜੀਓ ਜੀ! ਫੌਜੀ ਦਾ ਪਰਮਾਰਥ ਕਿਵੇਂ ਸਿਰੇ ਚੜ੍ਹੇ?

ਗੁਰੂ ਜੀ-ਤੈਨੂੰ ਦੱਸੀਆਂ ਵੀਚਾਰਾਂ ਮੁੜ ਵੀਚਾਰ ਲੈ। ਇਉਂ ਸਮਝ ਲੈ ਕਿ-

੧. ਅਪਣਾ ਮਰਨਾ-ਮਰਨਾ ਬਰਹੱਕ, ਪਰ ਮਰਦਾ ਹੈ ਸਰੀਰ, ਆਤਮਾਂ ਨਹੀਂ ਮਰਦਾ, ਉਹ ਅਮਰ ਹੈ।

੨. ਅੰਧਕਾਰ-ਆਤਮਾਂ ਯਾ ਸੁਖੀ ਯਾ ਦੁਖੀ। ਜੇ ਜੀਉਂਦਿਆਂ ਅੰਧਕਾਰ ਵਿਚ ਰਿਹਾ ਤਾਂ ਮਰਕੇ ਬੀ ਅੰਧਕਾਰ ਵਿਚ। ਅੰਧਕਾਰ ਵਿਚ ਦੁਖ, ਸੋ ਜੀਉਂਦਿਆਂ ਅੰਧਕਾਰ ਵਿਚ ਨਾ ਰਹੇ, ਮਰਕੇ ਸੁਖੀ ਹੋਵੇਗਾ ਚਾਨਣੇ ਵਿਚ।

੩. ਅੰਧਕਾਰ ਟੁੱਟਦਾ ਹੈ--

(ੳ) ਪਹਿਲਾ-ਦਾਨ ਨਾਲ, ਜੋ ਕਮਾਵੇ ਵੰਡ ਖਾਵੇ।

(ਅ) ਦੂਜਾ-ਪਾਪ ਨਾ ਕਰਨੇ ਨਾਲ। ਪਾਪ ਕਰਮ ਤੋਂ ਆਪ ਨੂੰ ਹੋੜੇ। ਭੁੱਲੇ ਤਾਂ ਫੇਰ ਹੋੜੇ, ਫੇਰ ਭੁੱਲੇ ਫੇਰ ਹੋੜੇ, ਅੰਤ ਜਿੱਤ ਜਾਵੇਗਾ।

(ੲ) ਤੀਜੇ-ਬਾਣੀ ਨਾਲ। ਬਾਣੀ ਗੁਰੂ ਸਾਹਿਬਾਂ ਦੀ ਕਲਜੁਗ ਵਿਚ ਬੋਹਿਥਾ ਹੈ, ਜਿਸ ਦੇ ਸਮਝਣ ਲਈ ਪੰਡਤਾਈ ਦੀ ਲੋੜ ਨਹੀਂ। ਬਾਣੀ ਦਾ ਪਾਠ ਕਰੇ, ਵੀਚਾਰੇ, ਅਮਲ ਕਰੇ।

ਬਾਣੀ ਦੱਸਦੀ ਹੈ-ਬਦੀ ਤੋਂ ਬਚੋ, ਨੇਕੀ ਕਰੋ... ਵਾਹਿਗੁਰੂ ਦੀ ਸਿਫਤ ਸਲਾਹ ਕਰੋ, ਬਾਣੀ ਦਾ ਕੀਰਤਨ ਸੁਣਕੇ ਯਾ ਆਪ ਕਰਕੇ।

ਬਾਣੀ ਦੱਸਦੀ ਹੈ-ਅੰਦਰ ਨੂੰ ਏਕਗਰ ਕਰੋ, ਅੰਦਰ ਨੂੰ ਨਿਰਮਲ ਕਰੋ; ਤੇ ਵਾਹਿਗੁਰੂ ਜੀ ਨੂੰ ਮਿਲ ਪਵੋ।

ਇਹ ਤ੍ਰੈਏ ਕੰਮ ਹੁੰਦੇ ਹਨ :-

੪. ਨਾਮ ਨਾਲ-ਕਰਤਾ ਪੁਰਖ ਦਾ ਨਾਮ ਜਪੇ, ਜਪਦਿਆਂ ਉਹ ਅੰਦਰ ਧਸੇਗਾ। ਸਿਮਰਨ ਬਣ ਜਾਏਗਾ, ਸਿਮਰਣ ਨਾਲ ਮਨ ਏਕਾਗਰ ਤੇ ਨਿਰਮਲ ਹੋਏਗਾ। ਬੁੱਧੀ ਸੂਛ ਹੋ ਜਾਏਗੀ[੨੧੦] ਨਿਰਮਲ ਮਨ ਹੋਣ ਨਾਲ ਆਪਾ ਵੱਖਰਾ ਭਾਸਣ ਲਗ ਜਾਏਗਾ।

ਹੁਣ ਜਦ ਆਪਾ ਨਿਰਮਲ ਤੇ ਨਿਰੋਲ ਹੋਏਗਾ ਤਾਂ ਆਪਣੇ ਅੰਦਰ ਪਰਮਾਤਮਾ ਨੂੰ ਪ੍ਰਤੀਤ ਕਰੇਗਾ ਤੇ ਬਾਹਰ ਸਰਬ ਵਿਚ ਓਹੀ ਲਖੇਗਾ। ਕਰਤਾ ਪੁਰਖ ਅੰਗ ਸੰਗ ਪ੍ਰਤੀਤ ਕਰੇਗਾ! ਉਸ ਦੀ ਹਜ਼ੂਰੀ ਵਿਚ ਵੱਸੇਗਾ। ਫੇਰ ਹੁਣ ਉਹ ਜੋ ਕੰਮ ਕਰੇਗਾ, ਸੁਤੇ ਨੇਕੀ ਦੇ ਹੋਣਗੇ ਤੇ ਕਾਮਨਾ ਰਹਿਤ ਹੋਣਗੇ। ਓਹ ਖੁਸ਼ੀ ਤੇ ਚਾਉ ਤੇ ਉਮਾਹ ਨਾਲ ਆਪੇ ਪਏ ਹੋਣਗੇ। ਸਰਬ ਵਿਚ ਜੋ ਦੇਖੇਗਾ ਓਹੋ ਜੋਤ ਪਸਰ ਰਹੀ ਹੈ ਆਪਣੇ ਪਿਆਰੇ ਕਰਤਾ ਪੁਰਖ ਦੀ।

ਮੱਲੂ ਸ਼ਾਹ-ਬੜੀ ਮਿਹਰ ਕੀਤੀ ਨੇ। ਹੁਣ ਰਾਹੇ ਪਾ ਦਿਓ।

ਤਦ ਦਾਤੇ ਨੇ ਨਾਮ ਦਾਨ ਬਖਸ਼ਿਆ ਤੇ ਸਿਫਤ ਸਲਾਹ ਦੇ ਰਸਤੇ ਪਾ ਦਿੱਤਾ। ਫੇਰ ਫੁਰਮਾਯਾ-ਫੌਜੀ ਆਦਮੀ ਨੂੰ ਜਦੋਂ ਜੰਗ ਨਾ ਹੋਵੇ ਤਾਂ ਹੋਰਨਾਂ ਨਾਲੋਂ ਵਿਹਲ ਹੁੰਦੀ ਹੈ। ਉਹ ਜੇ ਸਾਈਂ ਦੇ ਰਾਹੇ ਟੁਰੇ ਤਾਂ ਉਹਨੂੰ ਨਾਮ ਅਭਯਾਸ ਲਈ ਸਮਾਂ ਚੋਖਾ ਲੱਭ ਜਾਂਦਾ ਹੈ। ਉਹ ਜੇ ਨੇਕੀ ਕਰੇ ਤਾਂ ਉਸ ਨੂੰ ਉਪਕਾਰ ਲਈ ਬੀ ਸਮਾਂ ਲੱਭਦਾ ਹੈ।

ਇਸ ਤਰ੍ਹਾਂ ਸੁਣਕੇ ਪੂਰੇ ਗੁਰੂ ਦਾ ਉਪਦੇਸ਼


www.sikhbookclub.com

ਘਰ ਕਰ ਗਿਆ। ਨਾਮ ਅੰਦਰ ਪੁੜ ਗਿਆ, ਮੱਲੂ ਸ਼ਾਹ ਦਾਨ ਕਰਦਾ, ਵੰਡ ਖਾਂਦਾ, ਨਾਮ ਸਿਮਰਦਾ, ਗਿਆਨ ਅਰੂੜ ਹੁੰਦਾ ਜਨਮ ਜਿਤ ਗਿਆ। ਉਸ ਦਾ ਨਾਮ ਭਾਈ ਗੁਰਦਾਸ ਜੀ ਨੇ ਆਪਣੇ ਚੋਟੀ ਦੇ ਸਿਖਾਂ ਦੀ ਫ਼ਹਿਰਿਸਤ ਵਿਚ ਗਿਣਿਆ।

## ੫੦. ਦੀਪਾ, ਨਰਾਇਣ ਦਾਸ, ਬੂਲਾ।

**ਇਕ** ਦਿਨ ਸਤਿਗੁਰੂ ਜੀ ਨੂੰ ਤਪਿਆਣੇ ਏਕਾਂਤ ਬੈਠਿਆਂ ਸੁਣਕੇ ਦੋ ਤ੍ਰੈ ਸਿਖ, ਜੋ ਪਰਮਾਰਥ ਦੇ ਢੂੰਢਾਊ ਆਏ ਹੋਏ ਸਨ, ਸਤਿਗੁਰਾਂ ਦੇ ਪਾਸ ਆਏ ਤੇ ਮੱਥਾ ਟੇਕ ਕੇ ਬੈਠ ਗਏ[੨੧੧] ਐਉਂ ਬੋਲੇ :-

ਦੀਪਾ-ਸੁਆਮੀ ਜੀਉ! ਸ਼ਰਨ ਆਏ ਹਾਂ।

ਸਤਿਗੁਰ ਬੋਲੇ-ਆਓ, ਜੀਉ ਆਇਆਂ ਨੂੰ!

ਦੀਪਾ-ਦੁਨੀਆਂ ਹੈ ਗਰਜ਼ੀ, ਅਸੀਂ ਬੀ ਆਏ ਹਾਂ ਗਰਜ਼ੀ ਹੋਕੇ। ਗਰਜ਼ ਇਹ ਹੈ ਕਿ ਇਕ ਦੁਖ ਹੈ ਦਾਰੂ ਜਿਸ ਦਾ ਹਜ਼ੂਰ ਪਾਸ ਦੱਸੀਦਾ ਹੈ, ਹਾਂ ਜੀ ਜਨਮ ਮਰਨ ਦਾ ਦੁਖ। ਕਿਵੇਂ ਮਿਟ ਜਾਏ ਇਹ ਸਿਰ ਦੁਖਾਂ ਦੇ ਦੁਖ।

ਗੁਰੂ ਜੀ ਨੇ ਸੁਣਕੇ ਇਕ ਨਿੱਕਾ ਜਿਹਾ ਮਹਿਕਵਾਂ ਸਾਹ ਲਿਆ ਤੇ ਵੈਰਾਗਮਈ ਸੁਰ ਵਿਚ ਬੋਲੇ : ਕਬੀਰ ਜੀ ਨੇ ਬੀ ਕਿਹਾ ਸੀ :-

ਗਉੜੀ ਕਬੀਰ ਜੀ॥

ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ॥
ਤਿਹ ਮੁਖ ਦੇਖਤ ਲੂਕਟ ਲਾਏ॥੧॥
ਇਕ ਦੁਖੁ ਰਾਮ ਰਾਇ ਕਾਟਹੁ ਮੇਰਾ॥
ਅਗਨਿ ਦਹੈ ਅਰੁ ਗਰਭ ਬਸੇਰਾ॥੧॥ਰਹਾਉ॥
ਕਾਇਆ ਬਿਗੂਤੀ ਬਹੁ ਬਿਧਿ ਭਾਤੀ॥
ਕੋ ਜਾਰੇ ਕੋ ਗਡਿ ਲੇ ਮਾਟੀ॥੨॥
ਕਹੁ ਕਬੀਰ ਹਰਿ ਚਰਣ ਦਿਖਾਵਹੁ॥
ਪਾਛੇ ਤੇ ਜਮੁ ਕਿਉ ਨ ਪਠਾਵਹੁ॥੩॥੩੨॥

ਨਾਰਾਇਣ ਦਾਸ-ਇਹੋ ਦਾਤਾ! ਇਹੋ 'ਅਗਨਿ ਦਹੈ ਅਰੁ ਗਰਭ ਬਸੇਰਾ' ਕੱਟ ਦਿਓ।

ਕੁਛ ਚਿਰ ਚੁਪ ਰਹਿਕੇ ਮਾਲਕ ਜੀ ਫੇਰ ਬੋਲੇ- ਹੱਟੀਆਂ ਤੋਂ ਹੁੱਟ ਕੇ ਕਿ ਘਰਾਂ ਤੋਂ ਹੁੱਸ ਕੇ ਆਏ ਹੋ, ਕਿ ਕਿਸੇ ਜੋਗੀ ਰਾਵਲ ਨੂੰ ਮਿਲਕੇ ਆਪੇ ਨੂੰ ਹਟਕਦੇ ਹਟਕਾਂਦੇ ਹਾਰ ਥੱਕ ਕੇ ਆਏ ਹੋ? ਕਿ ਦੇਖਾ ਦੇਖੀ ਕਿਸੇ ਮਿਤ੍ਰ ਕਿ ਹਮਸਾਏ ਦੀ ਪਰਮਾਰਥ ਦਾ ਤੁਰਲਾ ਟਿੱਕਾ ਲੁਆਵਣ ਆਏ ਹੋ ਕਿ ਜਿੱਥੇ ਮਾਇਆ, ਨਾਮਣਾ ਤੇ ਵਡਿੱਤ ਹੋ ਗਈ ਹੈ ਉਥੇ ਇਹ ਬੀ ਚੰਨ ਇਕ ਹੋਰ ਲਗ ਜਾਏ ਮੱਥੇ ਉਤੇ 'ਪਰਮਾਰਥੀ' ਹੋਣ ਦਾ, ਯਾ ਕੋਈ ਖੁੜ ਖੁੜ ਲੈ ਆਈ ਹੈ ਫਕੀਰਾਂ ਤੋਂ ਕਰਾਮਾਤ ਦੀ ਆਸ ਵਿਚ ਪੂਰੀ ਹੋਣੇ ਲਈ?

ਬੂਲਾ-ਸੱਚ ਦੇ ਤੋਲਣਹਾਰ ਹੋ। ਇਵੇ ਹੀ ਲੋਕੀ ਫਿਰਦੇ ਹਨ ਸਾਧਾਂ ਸਿਧਾਂ ਦੇ ਦੁਆਰੇ।......ਪਰ ਦਾਤਾ ਅਸੀਂ ਤਾਂ ਜਨਮ ਮਰਨ ਦਾ ਦੁਖ ਹਰਨ ਲਈ ਆਏ ਹਾਂ। ਹੈ ਇਹ ਬੀ ਗਰਜ਼। ਨਾ ਅਸਾਂ ਘਾਲ ਕੀਤੀ ਹੈ ਕੋਈ ਨਾ ਕਿਸੇ ਦਰ ਗਏ ਹਾਂ ਬਹੁਤਾ, ਖਾਣ ਪੀਣ ਨੂੰ ਆਪ ਦੇ ਰਹੇ ਹੋ। ਕਦੇ ਕਦੇ ਰਲ ਬਹੀਦਾ ਹੈ, ਗੱਲਾਂ ਬਾਤਾਂ ਵਿਚ; ਜੋ ਸਰੀਰ ਦੇ ਸੁਖਾਂ ਭੋਗਾਂ ਦੀਆਂ ਹੁੰਦੀਆਂ ਹਨ। ਹੈਰਾਨ ਹੋ ਹੋ ਜਾਈਦਾ ਹੈ ਕਿ ਕਿਵੇਂ ਇਹ ਪਾਲੀ, ਪੋਸੀ, ਪੜ੍ਹਾਈ ਸਿਖਾਈ ਆਪਣੀ ਦੇਹੀ ਕਿ ਮਿੱਠੇ ਪਿਆਰਿਆਂ ਦੀ ਪਿਆਰੀ ਦੇਹੀ ਅੱਗ ਦਾ ਭੋਗ ਬਣਾ ਦੇਈਦੀ ਹੈ ਆਪੇ। ਹੁਣ ਇਕ ਚਿਣਗ ਪਏ ਜੇ ਦੇਹ ਉਤੇ ਤਾਂ ਤੜਫ ਉਠੀਦਾ ਹੈ, ਤੇ ਉਸ ਵੇਲੇ ਇਹ ਸਾਰੀ ਭੋਗ ਬਣਾ ਦੇਈਦੀ ਹੈ ਅਗਨੀ ਦੇ ਅਲਾਂਬੇ ਦਾ। ਸੋਚੀਦਾ ਹੈ ਕਿ ਕੀ ਫਲ ਹੋਇਆ ਜੰਮਣ ਦੇ ਦੁਖ ਸਹਿਣ ਦਾ ਤੇ ਪਲਕੇ ਭੋਗਾਂ ਦੇ ਸੁਖ ਮਾਣਨ ਦਾ ਜੇ ਅੰਤ ਹੈ-ਮਿੱਟੀ ਵਿਚ ਰੁਲਮਰਨ ਦਾ, ਯਾ ਅੱਗ ਵਿਚ ਅਗਨੀ ਦਾ ਭੋਗ ਬਣ ਜਾਣਦਾ। ਫੇਰ ਡਰ ਲਗਦਾ ਹੈ ਮਰਨ ਦਾ, ਡਰ ਲਗਦਾ ਹੈ ਆਪੇ ਅਨਚਾਹੇ ਆ ਚੰਬੜਨ ਵਾਲੇ ਦੁਖਾਂ ਦਾ, ਫਿਰ ਡਰ ਲਗਦਾ ਹੈ ਮਰਕੇ ਪੈਣ ਵਾਲੇ ਦੁਖਾਂ ਦਾ ਤੇ ਫੇਰ ਮੁੜ ਕੇ ਗਰਭਵਾਸ ਦਾ। ਇਸ ਕਰਕੇ ਕਦੇ ਕੋਈ ਸਿਧਨਾਥ ਪੰਡਿਤ ਕਿਕੇ ਰਮਤਾ ਰਾਵਲ ਕੋਈ ਆ ਗਿਆ ਤਾਂ ਪੁੱਛੀ ਦੱਸੀਦਾ ਹੈ ਰਾਹ ਖਹਿੜਾ, ਪਰ ਕਿਸੇ ਤੋਂ ਪੱਲੇ ਕੁਛ ਨਹੀਂ ਪੈਂਦਾ। ਕੋਈ 'ਵੈਰਾਗ' ਭੁੱਲ ਦੱਸਦਾ ਹੈ। ਕੋਈ ਆਖਦਾ ਹੈ ਵੈਰਾਗੀ ਹੋ ਕੇ ਘਰ ਬਾਹਰ ਛੱਡ ਕੇ ਬਨੀਂ ਪਰਬਤੀਂ ਜਾ 'ਅਸ਼ਟਾਂਗ-ਜੋਗ' ਕਰੋ। ਕੋਈ ਦੱਸਦਾ ਹੈ ਕਾਸ਼ੀ ਜਾ ਕੇ ਗਯਾਨ ਪੜ੍ਹੋ।


www.sikhbookclub.com

ਕੋਈ ਔਖੇ ਔਖੇ ਕਰਮ ਕਾਂਡੀ ਕਰਮ ਦੱਸਦਾ ਹੈ। ਸਾਰੇ ਕੰਮ ਔਖੇ ਹੋਏ। ਕੌਣ ਛੱਡੇ ਸਰੀਰ ਦੇ ਸੁਖ ਤੇ ਰੁਲੇ। ਕੋਈ ਸੁਖੇਰਾ ਉਪਚਾਰ ਟੋਲਦੇ ਹਾਂ। ਉਸ ਰਸਤੇ ਦੀ ਭਾਲ ਕਰਦੇ ਆਏ ਹਾਂ।

ਗੁਰੂ ਜੀ-ਸ਼ਾਬਾਸ਼, ਸੱਚ ਆਖ ਦਿੱਤਾ ਨੇ। ਘਰ ਬਾਰ ਛੱਡਕੇ ਸਭ ਕਿਸੇ ਦਾ ਬਨੀਂ ਜਾ ਬਸਨਾ ਔਖਾ, ਚਾਹੋ ਹੋ ਜਾਂਦੀ ਹੈ ਦੁਨੀਆਂ ਦੀਆਂ ਜ਼ੁੰਮੇਵਾਰੀਆਂ ਤੋਂ ਖਲਾਸੀ। ਨੌਲੀ ਬਸਤੀ ਆਦਿ ਹਠ ਯੋਗ ਦੀਆਂ ਕ੍ਰਿਯਾ ਸਾਧਨੀਆਂ ਕਠਨ, ਚਾਹੋ ਉਮਰ ਲੰਮੇਰੀ। ਘਰ ਬਾਰ ਛੱਡ ਕਾਸ਼ੀ ਜਾ ਵਰਹੇ ਲਾਣੇ ਵਿਦਯਾ ਵਿਗਜਾਨ ਉਤੇ ਮੁਸ਼ਕਲ, ਫਲ ਪੰਡਤਾਈ। ਕਰਮ ਉਖੇਰੇ ਤੇ ਫਲ ਏਥੇ ਉਥੇ ਦੇ ਭੋਗ ਤੇ ਫੇਰ ਜਨਮ।

ਦੀਪਾ-ਕੋਈ ਪਾਤਸ਼ਾਹ ਸੌਖੀ ਡੌਲ ਬਣਾ ਦਿਓ, ਆਪ ਦਾ ਘਰ ਵਡੇਰਾ ਹੈ ਸਭਨਾਂ ਤੋਂ।

ਗੁਰੂ ਜੀ-ਗੁਰੂ ਨਾਨਕ ਸਭ ਤੋਂ ਵੱਡਾ ਹੈ, ਜਿਨ੍ਹਾਂ ਸੌਖੇ ਕਰ ਦਿੱਤੇ ਹਨ ਸਾਰੇ ਔਖ! ਗੁਰੂ ਬਾਬੇ ਨੇ ਭਾਈ! ਭਗਤੀ ਸਿਖਾਈ ਹੈ ਕਰਤਾਰ ਦੀ। ਭਗਤੀ ਵਿਚ ਵੈਰਾਗ, ਜੋਗ ਗਿਆਨ ਬੀ; ਜਿਨ੍ਹਾਂ ਦੇ ਨਾਂ ਤੁਸਾਂ ਲਏ ਹਨ, ਸੌਖੇ ਹੋ ਕੇ ਆਪ ਆ ਜਾਂਦੇ ਹਨ ਸਿੱਧੇ ਹੱਥੀਂ।

ਦੀਪਾ-ਸਾਨੂੰ ਜਾਚ ਕੋਈ ਨਹੀਂ ਵਿਹਾਰਾਂ ਕੁੱਠਿਆਂ ਨੂੰ ਪਰ ਲੋੜਕੂਆਂ ਨੂੰ ਕਿਵੇਂ ਰਾਹੇ ਪਾ ਦਿਓ ਦਾਤਾ!

ਗੁਰੂ ਜੀ-ਦੱਸੋ ਖਾਂ, ਇਸ ਦਿੱਸਦੇ ਵੱਸਦੇ ਜਗਤ ਦਾ ਕਰਤਾ ਕਾਦਰ ਮਾਲਕ ਮੰਨਦੇ ਹੋ ਕਿ ਕੋਈ ਹੈ। 'ਚੇਤਨਤਾ ਦਾ ਸੁਆਮੀ ਅਣਦਿੱਸਦਾ ਪਰ ਸਾਰੇ ਵੱਸਦਾ!'

ਤ੍ਰੈਏ-ਜੀ ਹਾਂ, ਪਰਮੇਸ਼ੁਰ ਤਾਂ ਹੋਇਆ ਸਾਰੇ ਖੇਲ ਪਸਾਰੇ ਵਾਲਾ। ਇਹ ਨਿਸਚਾ ਸਾਨੂੰ ਪੱਕਾ ਹੈ।

ਗੁਰੂ ਜੀ-ਫੇਰ ਉਸ ਨੂੰ ਕਰੋ ਪਿਆਰ, ਏਹੋ ਹੈ ਭਗਤੀ! ਇਹੋ ਹੈ ਰਾਹ। ਇਹੋ ਹੈ ਸੁਖੱਲਾ ਰਾਹ।

ਦੀਪਾ-ਕਿਵੇਂ ਜੀਉ?

ਗੁਰੂ ਜੀ-ਜਿਵੇਂ ਕਰਦੇ ਹੋ ਪਿਆਰ ਪਤਨੀ ਨੂੰ, ਪੁਤ੍ਰਾਂ ਨੂੰ, ਪਦਾਰਥ ਨੂੰ, ਆਪਣੀ ਪਤਿ ਤੇ ਆਬਰੋ ਨੂੰ। ਬੈਠੇ ਰਹੋ ਦੁਕਾਨਾਂ ਤੇ, ਕਿ ਨੌਕਰੀ ਕਰੋ ਮੁਨਸ਼ੀ ਖਾਨਿਆਂ ਵਿਚ, ਕਿ ਟਿਕੇ ਰਹੋ ਘਰਾਂ ਮਹਲਾਂ ਵਿਚ ਕਿ ਵਿਚਰਕੇ ਰਹੋ ਬਾਗਾਂ ਵਿਚ ਕਿ ਨਹਿਰਾਂ ਨਦੀਆਂ ਦੇ ਕਿਨਾਰੇ, ਪਰ ਪਿਆਰ ਵਿਚ ਰਹੋ ਸ੍ਰੀ ਪਰਮੇਸ਼ਰ ਜੀ ਦੇ।

ਦੀਪਾ-ਜੀਓ ਅਣਦਿਸਦੇ ਨਾਲ ਕਿਵੇਂ ਪਵੇ ਪਿਆਰ?

ਗੁਰੂ ਜੀ-ਜ਼ਰਾ ਸੋਚੋ! ਇਸ ਵੇਲੇ ਪੁਤ ਪਤਨੀ ਪਦਾਰਥ ਵਸ ਰਹੇ ਹਨ ਤੁਸਾਂ ਦੇ ਚੇਤਿਆਂ ਵਿਚ, ਪਰ ਨਹੀਂ ਵਸ ਰਿਹਾ ਰਚਣਹਾਰ ਪਰਮੇਸ਼ੁਰ! ਪੁਤ੍ਰ ਪਤਨੀ ਪਦਾਰਥ ਪਾਸ ਨਹੀਂ ਹਨ ਤੁਹਾਡੇ ਇਸ ਵੇਲੇ, ਪਰ ਉਨ੍ਹਾਂ ਦੀ 'ਹੋਂਦ' ਵਸ ਰਹੀ ਹੈ ਅੰਦਰ। ਤਿਵੇਂ ਵਸਾ ਲਓ ਚੇਤੇ ਵਿਚ ਉਸ ਦੀ 'ਹੋਂਦ', ਹਾਂ 'ਹੋਂਦ'; ਭਾਈ! ਕਿ ਉਹ 'ਹੈ' ਜਿਵੇਂ ਹਨ ਕਿਧਰੇ ਬੈਠੇ ਪੁਤ੍ਰ ਪਤਨੀ ਆਦਿ ਪਿਆਰੇ ਤੇ ਉਨ੍ਹਾਂ ਦੀ ਹੋਂਦ ਵਸ ਰਹੀ ਹੈ ਤੁਸਾਡੇ ਅੰਦਰ।

ਨਰਾਇਣ ਦਾਸ-ਚਿਤ ਚੰਚਲ ਵਿਚ ਕਿਵੇਂ ਬੈਠ ਜਾਏ ਉਸ ਦੀ ਹੋਂਦ ਜੋ ਨਾ ਦੇਖਿਆ ਨਾ ਚਾਖਿਆ ਜੀਓ ਜੀ!

ਗੁਰੂ ਜੀ-ਜਿਵੇਂ ਨੈਣ ਹੀਣ ਬਿਨ ਦੇਖੇ ਵਸਾ ਲੈਂਦਾ ਹੈ ਅੰਦਰ ਅਣਦੇਖੇ, ਜੀਵਾਂ ਥਾਵਾਂ ਤੇ ਪਦਾਰਥਾਂ ਦੀ ਹੋਂਦ। ਸੂਰਤ ਮੁਰਤ ਜੇ ਨਹੀਂ ਬੰਨ੍ਹ ਸਕਦਾ ਅੰਦਰ ਤਾਂ ਉਨ੍ਹਾਂ ਦੀ ਹੋਂਦ ਵਸਾ ਲੈਂਦਾ ਹੈ ਨਾ ਅੰਦਰ।

ਫਿਰ ਨਾਲ ਇਉਂ ਬੀ ਕਰੋ ਸੁਹਣਿਓਂ! ਕਿ ਰਸਨਾ ਤੇ ਬਿਠਾ ਲਓ 'ਨਾਮ' ਉਸਦਾ। ਉਹ ਨਾਮ ਰਸਨਾ ਤੇ ਟਿਕਦਾ ਮਨ ਵਿਚ ਉਤਰ ਜਾਏਗਾ। ਸਿਮਰਣ ਬਣ ਜਾਏਗਾ ਚਿਤ ਵਿਚ ਜਾਕੇ। ਐਉਂ ਭਾਈ! ਚਿਤ ਬ੍ਰਿਤੀ ਵਿਚ ਅਰੂੜ ਹੋ ਜਾਏਗਾ 'ਚੇਤਨ ਨਾਮੀਂ', ਨਾਮ ਦੇ ਵਸੀਲੇ। ਜਿਉਂ ਜਿਉਂ ਮਨ ਰਚੇਗਾ ਪਰਮਾਤਮ ਯਾਦ ਵਿਚ, ਖਿੱਚ ਘਟੇਗੀ ਤਿਉਂ ਤਿਉਂ ਪੁਤ੍ਰ ਪਤਨੀ ਪਦਾਰਥਾਂ ਵਿਚ ਬੇਮਲੂਮੇ! ਇਉਂ ਸਮਝੋ ਕਿ ਜਿਉਂ ਜਿਉਂ ਰਾਗ (ਪ੍ਰੇਮ) ਵਧੇਗਾ ਪਰਮਾਤਮ ਨਾਲ ਬੇ ਮਲੂੰਮੇ ਵੈਰਾਗ ਵਧੇਗਾ ਜਗਤ ਨਾਲ। ਜਿਵੇਂ ਜਲ ਵਿਚ ਖੜੇ ਜਲ ਤੋਂ ਪਲ ਰਹੇ ਕਵਲ ਵਿਚ ਜਲ ਤੋਂ ਨਿਰਲੇਪਤਾ ਹੁੰਦੀ ਹੈ ਤੇ ਤਾਂਘ ਉਸਦੀ ਵਧਦੀ ਹੈ ਸੂਰਜ ਵਲ ਨੂੰ। ਜੰਗਲੀਂ ਭੱਜੇ ਜਾਣ ਬਿਨਾ ਵੈਰਾਗ ਹੋ ਜਾਵੇਗਾ ਸਹਿਜ ਭਾ ਵਿਚ, ਸੁਖਦਾਈ ਵੈਰਾਗ


www.sikhbookclub.com

ਤੋੜਾ ਖੋਹੀ ਵਾਲਾ ਨਾ। ਐਉਂ ਭਾਈ! ਗੁਰੂ ਨਾਨਕ ਦੇਵ ਜੀ ਦੀ ਦੱਸੀ ਭਗਤੀ ਦੇ ਰਾਹ ਦਾ ਸੁਖੈਨ ਹੈ ਵੈਰਾਗ। ਹੁਣ ਲਓ ਜੋਗ। ਜੋਗ ਨਾਮ ਹੈ ਜੁੜਨ ਦਾ, ਜਦੋਂ ਚਿਤ ਬ੍ਰਿਤੀ ਵਿਚ ਵਸ ਗਿਆ ਕਰਤਾ ਪੁਰਖ ਨਾਮ ਅਭਯਾਸ ਨਾਲ ਤਾਂ ਮਨ ਜੁੜ ਗਿਆ ਪਰਮਾਤਮ ਦੇਵ ਨਾਲ; ਜੋਗ ਪ੍ਰਾਪਤ ਹੋ ਗਿਆ, ਆਤਮਾਂ ਜੋ ਜੁੜ ਗਿਆ ਪਰਮਾਤਮਾ ਨਾਲ। ਕਸ਼ਟ ਜੋਗ ਦੀ ਲੋੜ ਨਾ ਰਹੀ।

ਹੁਣ ਰਿਹਾ ਗਿਆਨ, ਜਦੋਂ ਆਪਾ ਜੁੜੇਗਾ ਅੰਦਰ ਨਾਮੀ ਵਿਚ, ਅਰਥਾਤ ਪਰਮ ਆਤਮਾਂ ਵਿਚ ਦੁਇ ਮਿਲ ਜਾਣਗੇ, ਹਜ਼ੂਰੀ ਜੋ ਭਾਸਣ ਲਗ ਜਾਏਗੀ ਉਸ ਮਾਲਕ ਪਾਲਕ ਦੀ। ਹਜ਼ੂਰੀ ਵਿਚ ਉਸ ਹਾਜ਼ਰਾ ਹਜ਼ੂਰ ਨਾਲ ਜੁੜੇ ਰਹਾਂਗੇ, ਉਸ ਵੇਲੇ ਆਪੇ ਸੋਝੀ ਹੋ ਆਵੇਗੀ ਕਿ ਜੁੜ ਰਹੇ ਹਾਂ ਪਰਮ ਆਪੇ ਨਾਲ। ਇਹੋ ਸੋਝੀ ਤੇ ਲੀਨ ਹੋਣਾ ਹੀ ਤਾਂ ਹਇਆ ਗਿਆਨ। ਜਦੋਂ ਨਦੀ ਸਮੁੰਦਰ ਵਿਚ ਜਾ ਮਿਲਦੀ ਹੈ ਤਾਂ ਉਸ ਵਿਚ ਲੀਨ ਹੋ ਕੇ ਹੋ ਜਾਂਦੀ ਹੈ ਸਾਂਝੀਵਾਲ ਸਾਗਰ ਦੀ ਵਿਸ਼ਾਲਤਾ ਦੀ, ਉਸ ਦੀ ਨਿਰਮਲਤਾ ਦੀ, ਉਸ ਦੀ ਸ਼ਕਤੀਮਾਨਤਾ ਦੀ, ਉਸ ਦੇ ਵਜੂਦ ਦੀ। ਇਹੋ ਹੈ ਅਸਲੀ ਤੇ ਸਫਲ ਗਿਆਨ ਜੋ ਪ੍ਰੇਮ ਭਗਤੀ ਨਾਲ ਸੁਖੈਨ ਪ੍ਰਾਪਤ ਹੋ ਗਿਆ, ਮਿਲ ਪਏ ਨੇ ਪ੍ਰੇਮ ਨਾਲ ਮਿਲੇ ਹੋਣ ਕਰਕੇ ਫੇਰ ਨਾ ਵਿਛੁੜੇ ਪ੍ਰੇਮ ਸਰੂਪ ਹੋ ਰਹੇ। ਹੁਣ ਸਮਝ ਲਓ ਕਿ ਭਗਤੀ ਵਿਚ ਤ੍ਰੈਏ ਸਾਧਨ ਤੇ ਸਿਧੀ-ਗਿਆਨ, ਜੋਗ, ਵੈਰਾਗ-ਆਪੇ ਪਏ ਵਰਤਦੇ ਹਨ ਬਿਨਾਂ ਨਾਮ ਧਰੇ ਦੇ ਤੇ ਸੁਖੈਨ ਪਏ ਵਰਤਦੇ ਹਨ, ਚਾਹੇ ਵਰਤ ਰਹੇ ਲਖਾਉਂਦੇ ਨਹੀਂ ਪਰ ਪੁਚਾ ਦੇਂਦੇ ਹਨ ਉਚੀ ਅਵਸਥਾ ਵਿਚ, ਸਗੋਂ ਭਗਤੀ ਹੀ ਤ੍ਰੀਕਾ ਹੈ ਸਿੱਧਾ ਤੇ ਸੌਖਾ। ਆਪ ਘਰਾਂ ਵਿਚ ਵਸੋ, ਕਿਰਤ ਕਮਾਈ ਕਰੋ ਤੇ ਜਨਮ ਖੀ ਜਿੱਤ ਲਓ।

ਬੂਲਾ-ਠੰਢ ਪਾ ਦਿੱਤੀ ਨੇ ਮਨ ਨੂੰ, ਚਾਨਣ ਲਾ ਦਿੱਤਾ ਨੇ ਨੈਣਾਂ ਨੂੰ, ਰਾਹੇ ਪਾ ਦਿੱਤਾ ਨੇ ਟੁਰਨੋਂ ਆਰੀਆਂ ਨੂੰ, ਸ਼ੁਕਰ ਹੈ। ਤਦੇ ਗੁਰ ਨਾਨਕ ਦਾ ਘਰ ਵੱਡਾ ਸਦੀਣ ਲੱਗ ਪਿਆ ਹੈ। ਬੇਅਦਬੀ ਨਾ ਹੋਵੇ ਤਾਂ ਦਾਤਾ ਜੀ ਇਕ ਅਰਜ਼ ਕਰਾਂ?

ਗੁਰੂ ਜੀ-ਖੁਸ਼ੀ ਨਾਲ ਆਖੋ ਜੋ ਆਖਣ ਨੂੰ ਚਿਤ ਕਰੇ। ਸਮਝੇ ਪਿਆਂ ਬਿਨ ਸੰਸੇ ਨਵਿਰਤ ਹੋਏ ਬਿਨ, ਪਤੀਜਣਾ ਕੰਮ ਠੀਕ ਨਹੀਂ ਕਰਦੀ, ਠੀਕ ਠੀਕ।

ਬੂਲਾ-ਸ੍ਰੀ ਗੁਰੂ ਜੀ! ਤਪਾ ਆਇਆ ਸੀ ਇਕ ਸਾਡੇ ਪਿੰਡ, ਉਸਨੇ ਕੁਛ ਜੋਗ ਤੇ ਹੋਰ ਸਾਧਨ ਦੀਆਂ ਕੀਤੀਆਂ ਗੱਲਾਂ ਤੇ ਫੇਰ ਆਖਣ ਲੱਗਾ ਕਿ ਪਰਮਾਰਥ ਵਿਚ ਲਗਕੇ ਥੋੜੇ ਲੋਕ ਸਿਰੇ ਚੜ੍ਹਦੇ ਹਨ, ਇਸ ਰਾਹ ਵਿਚ ਵਿਘਨ ਬੜੇ ਪੈਂਦੇ ਹਨ।

ਸ੍ਰੀ ਗੁਰੂ ਜੀ-ਸਚ ਕਿਹਾ ਹੈ ਉਸਨੇ। ਵਿਘਨਾਂ ਦੇ ਕਾਰਣ ਹੀ ਓਹ ਬਨਾਂ ਨੂੰ ਭੱਜਦੇ ਤੇ ਸਾਕ ਨਾਤੇ ਤੋੜ ਸੁੱਟਦੇ ਹਨ। ਪਰ ਕੀਤੇ ਕਰਮ ਉਨ੍ਹਾਂ ਦੇ ਨਾਲ ਹੁੰਦੇ ਹਨ। ਫੇਰ ਸੁਭਾਵ ਵਿਚ ਬੈਠੇ ਸੰਸਕਾਰ ਵਿਘਨ ਪਾਉਂਦੇ ਹਨ। ਸਰੀਰ ਵਿਚ ਗੁਣਾਂ ਦਾ ਵਿਰੋਧ ਤੱਤਾਂ ਦੇ ਵਟਾਉ, ਸਟਾਉ, ਰੋਗਤਾ ਅਰੋਗਤਾ, ਬਾਹਰੋਂ ਕੁਸੰਗ ਦੇ ਅਸਰ ਆਦਿਕ ਕਈ ਕਾਰਨ ਹੋਰ ਬੀ ਹਨ ਜੋ ਵਿਘਨਾਂ ਦੇ ਜਨਕ ਹਨ। ਕੋਈ ਕੀ ਕਹੇ? ਕੁਦਰਤ ਵਿਚ ਹੀ ਕੋਈ ਸਾਮਾਨ ਹਨ ਜੋ ਵਿਘਨਾਂ ਦੇ ਸਹਾਈ ਹਨ। ਜਿਵੇਂ ਜਤਨ ਨਾਲ ਲਾਲ ਗਰਮ ਕੀਤਾ ਲੋਹੇ ਦਾ ਗੋਲਾ ਖੁੱਲ੍ਹਾ ਰਖਿਆ ਗਰਮ ਨਹੀਂ ਰਹਿੰਦਾ। ਇਸ ਦੀ ਨਿੱਘ ਨੂੰ ਹਵਾ ਮਾਨੋ ਚੁਰਾਈ ਲਈ ਜਾਂਦੀ ਹੈ:

ਦੀਪਾ (ਲੰਮਾ ਸਾਹ ਲੈ ਕੇ)-ਫੇਰ ਪਾਤਸ਼ਾਹ! ਕੋਈ ਉਪਰਾਲਾ ਵਿਘਨ ਵਿਨਾਸ਼ ਦਾ?

ਗੁਰੂ ਜੀ-ਜਿਵੇਂ ਲੋਹਾ ਅੱਗ ਦਾ ਸੰਗ ਨਾ ਛਡੇ ਤਾਂ ਲਾਲ। ਤਿਵੇਂ ਅਭਯਾਸੀ ਸਤਿਸੰਗ ਦੀ ਮੁਹਾਠ ਨਾ ਛਡੇ। ਦੂਜਾ ਦਾਰੂ ਇਸ ਭਗਤੀ ਵਿਚ, ਜਿਸ ਨੂੰ ਅਸੀਂ ਵਿਸਮਾਦ ਵਾਲੀ ਭਗਤੀ ਆਖਦੇ ਹਾਂ, ਮੂਤੇ ਹੀ ਹੈ। ਐਉਂ ਕਿ ਭਗਤ ਵਾਹਿਗੁਰੂ ਦੇ ਆਸਰੇ ਪਰਨੇ ਹੋ ਜਾਂਦਾ ਹੈ, ਵਾਹਿਗੁਰੂ ਉਸ ਦੇ ਵਿਘਨਾਂ ਨੂੰ ਨਾਸ਼ ਕਰਦਾ ਹੈ[੨੧੨]। ਜਿਵੇਂ ਤੁਹਾਡੀ ਇਸਤ੍ਰੀ ਤੁਸਾਡੇ ਪਰਨੇ ਹੋ ਗਈ, ਹੁਣ ਤੁਸੀਂ ਉਸ ਦੇ ਦੁਖਾਂ ਕਲੇਸ਼ਾਂ ਦੇ ਨਿਵਾਰਕ ਆਪੇ ਹੋ ਗਏ। ਤਿਵੇਂ ਕਰਤਾ ਪੁਰਖ ਦੇ ਆਸਰੇ ਪਰਨੇ ਹੋ ਗਿਆਂ ਉਸ ਦੀ ਮਿਹਰ ਉਸਦੀ ਅਨੁਗ੍ਰਹਿ ਸਾਡੀ ਰਾਖੀ ਕਰਦੀ ਹੈ। ਵਿਘਨ ਐਉਂ ਪਰੇ ਰਹਿੰਦੇ ਹਨ, ਪੈਂਦੇ ਹਨ ਤਾਂ ਨਿਵਰ ਜਾਂਦੇ ਹਨ। ਇਸ ਕਰਕੇ ਪ੍ਰੇਮਾ ਭਗਤੀ ਦਾ ਰਸਤਾ, ਨਾਮ ਦਾ ਅਭਯਾਸ ਨਿਰਵਿਘਨ ਰਸਤਾ ਸਮਝੀਦਾ ਹੈ। ਪਰਮੇਸ਼ੁਰ


www.sikhbookclub.com

ਭਗਤ ਵਛਲ ਹੈ, ਭਗਤਾਂ ਨੂੰ ਪਿਆਰ ਕਰਦਾ ਹੈ, ਭਗਤ ਉਸਨੂੰ ਪਿਆਰ ਕਰਦੇ ਹਨ। ਪਿਆਰ ਪਿਆਰ ਨੂੰ ਖਿੱਚਦਾ ਹੈ। ਤੁਸੀਂ ਰੱਬ ਜੀ ਨੂੰ ਪਿਆਰ ਨਾਲ ਯਾਦ ਕਰੋ, ਰੱਬ ਜੀ ਦੀ 'ਪਜਾਰ-ਯਾਦ' ਵਿਚ ਤੁਸੀਂ ਆ ਜਾਓਗੇ ਓਹ ਸਰਵੱਗ ਤੇ ਪ੍ਰਿਯ ਸਰੂਪ ਜੁ ਹੋਇਆ।

ਬੂਲਾ (ਲੰਮਾ ਸਾਹ ਲੈ ਕੇ)-ਕਿਹਾ ਨਿਹਚੇ ਦੇ ਘਰ ਪੁਚਾਇਆ ਨੇ, ਮਦਕੇ ਜਾਵਾਂ! ਦਾਤਾ ਜੀ! ਫੇਰ ਨਹੀਂ ਨਾ ਚੱਲੇਗਾ ਮਾਯਾ ਦਾ ਵਸ ਵਿਘਨ ਪਾਉਣੇ ਦਾ?

ਗੁਰੂ ਜੀ ਹੱਸ ਪਏ ਤੇ ਬੋਲੇ-ਲਓ ਬਈ ਹੁਣ ਸੁਣੋ ਤੇ ਸਮਝੋ ਇਹੋ ਗੱਲ ਇਕ ਬਲਾਸ ਨਾਲ-

ਵਾਹਿਗੁਰੂ ਜੀ ਵਿਚ ਲਿੰਗ ਭੇਦ ਨਹੀਂ, ਪਰ ਬੋਲਣ ਵਿਚ ਉਨ੍ਹਾਂ ਨੂੰ ਪੁਲਿੰਗ ਕਰਕੇ ਬੋਲੀਦਾ ਹੈ। ਸਮਝਦੇ ਹੋ? ਕਿ ਅਕਾਲ ਪੁਰਖ ਨੂੰ ਬੋਲਣ ਵਿਚ ਮਰਦ ਕਰਕੇ ਬੋਲੀਦਾ ਹੈ। ਇਸੇ ਤਰ੍ਹਾਂ ਮਾਯਾ ਨੂੰ ਇਸਤ੍ਰੀ ਲਿੰਗ ਵਿਚ ਬੋਲੀਦਾ ਹੈ। ਇਸੇ ਤਰ੍ਹਾਂ ਵੈਰਾਗ, ਜੋਗ, ਗਜਾਨ ਨੂੰ ਪੁਲਿੰਗ ਅਰਥਾਤ ਮਰਦ ਕਰਕੇ ਬੋਲੀਦਾ ਹੈ, ਸੋ ਤ੍ਰੈਏ ਸਮਝੋ ਮਰਦ ਹਨ ਤੇ ਮਾਯਾ ਇਸਤ੍ਰੀ ਹੈ। ਇਸਤ੍ਰੀ ਮਰਦ ਨੂੰ ਮੋਹ ਸਕਦੀ ਹੈ, ਦੋਹਾਂ ਵਿਚ ਕੁਦਰਤੀ ਖਿਚ ਜੁ ਹੋਈ। ਸੋ ਮਾਯਾ ਵੈਰਾਗ ਜੋਗ ਗਜਾਨ ਤ੍ਰੈਆਂ ਨੂੰ ਮੋਹ ਸਕਦੀ ਤੇ ਮੋਹ ਲੈਂਦੀ ਹੈ। ਜੈਸਾ ਕਿ ਕਈ ਕਥਾਵਾਂ ਵੈਰਾਗੀਆਂ, ਜੋਗੀਆਂ ਤਪੀਆਂ ਗਿਆਨੀਆਂ ਦੀਆਂ ਹੈਨ। ਪਰ ਇਸਤ੍ਰੀ ਨੂੰ ਇਸਤ੍ਰੀ ਵਿਚ ਸੁਤੇ ਖਿੱਚ ਨਹੀਂ ਹੁੰਦੀ; ਸੋ ਇਸਤ੍ਰੀ ਇਸਤ੍ਰੀ ਨੂੰ ਮੋਹ ਨਹੀਂ ਸਕਦੀ। ਇਧਰ ਭਗਤੀ ਇਸਤ੍ਰੀ ਹੈ, ਇਸ ਇਸਤ੍ਰੀ ਨੂੰ ਮਾਯਾ ਇਸਤ੍ਰੀ ਨਹੀਂ ਮੋਹ ਸਕਦੀ। ਤਾਂ ਤੇ ਭਗਤੀ ਦਾ ਮਾਰਗ ਨਿਰਵਿਘਨ ਕਹੀਦਾ ਹੈ। ਇਹ ਆਖਕੇ ਆਪ ਨਿੱਕੀ ਜਿਹੀ ਤਾੜੀ ਮਾਰ ਕੇ ਹੱਸ ਪਏ-ਕਿਉਂ ਬਈ ਹੋਈ ਨਿਸ਼ਾ!

ਤ੍ਰੈ ਨਾ ਕੇਵਲ ਮੁਸਕ੍ਰਾਏ, ਵਿਸਮਾਦ ਹੋਕੇ ਚਰਨੀ ਢੈ ਪਏ-ਦਾਤਾ! ਮਿਹਰ ਕਰੋ, ਹੁਣ ਦਿਓ ਦਾਨ! ਦਾਤਾ ਗੁਰੂ ਨੇ ਨਾਮ ਦਾਨ ਦੇ ਕੇ ਲੜ ਲਾ ਲਿਆ।

ਤ੍ਰੈਏ ਪ੍ਰੇਮੀਆਂ ਦੇ ਨਾਮ ਭਾਈ ਗੁਰਦਾਸ ਨੇ ਗਿਆਰਵੀਂ ਵਾਰ ਵਿਚ ਲਿਖੇ ਹਨ ਤੇ ਕਥਾ ਭਗਤ ਰਤਨਾਵਲੀ ਵਿਚ ਆਏ ਹੈ।

ਸੂ: ਪ੍ਰ: ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਜੀ ਨੇ ਉਹਨਾਂ ਨੂੰ ਹਦਾਇਤ ਕੀਤੀ ਕਿ-

'ਵਾਹਿਗੁਰੂ ਕੀਜੈ ਨਿਜ ਸ੍ਵਾਮੀ।
ਸਕਲਿ ਸ਼ਕਤਿ ਜੁਤਿ ਅੰਤਰਜਾਮੀ।
ਆਪ ਬਨਹਿ ਦਾਰਾ ਪ੍ਰਭ ਕੇਰੀ।
ਪਤੀਬ੍ਰਤਾ ਕੀ ਰੀਤਿ ਵਡੇਰੀ......।
ਪਤਿ ਰਜਾਇ ਮਹਿ ਰਾਜੀ ਰਹੈ।
ਬਿਛੁਰੇ ਨਿਤ ਮਿਲਬੇ ਕੋ ਚਹੈ।' (ਸੂ: ਪ੍ਰ:)

## ੫੧. ਖਾਨੂੰ, ਮਾਹੀਆ ਤੇ ਗੋਵਿੰਦ।

ਖਾਨੂੰ ਤਾਂ ਪਿਤਾ ਸੀ ਤੇ ਮਾਹੀਆ ਉਹਦਾ ਪੁਤ੍ਰ ਸੀ ਤੇ ਗੋਵਿੰਦ ਭੰਡਾਰੀ ਖਤ੍ਰੀ ਸੀ ਤੇ ਮਾਹੀਏ ਦਾ ਮਿਤ੍ਰ ਸੀ। ਗੋਵਿੰਦ ਵਟਾਲੇ ਦਾ ਰਹਿਣ ਵਾਲਾ ਸਹੀ ਹੁੰਦਾ ਹੈ, ਅਚਰਜ ਨਹੀਂ ਤ੍ਰੈਏ ਵਟਾਲੇ ਦੇ ਹੋਣ। ਤ੍ਰੈਏ ਪਰਮਾਰਥ ਦੇ ਖੋਜੀ ਹੈਸਨ, ਭਲੇ ਪੁਰਖਾਂ ਦੀ ਖੋਜ ਵਿਚ ਰਹਿੰਦੇ ਸਨ, ਮਿਲੇ ਤਾਂ ਸਤਿਸੰਗ ਕਰਦੇ ਸਨ ਪਰ ਦਿਲ ਵਿਚ ਇਕ ਭੁੱਖ ਬਣੀ ਰਹਿੰਦ ਸੀ। ਜਸ ਸੁਣਕੇ ਤ੍ਰੈਏ ਰਲਕੇ ਖਡੂਰ ਆਏ ਤੇ ਚਰਨ ਸ਼ਰਨ ਪ੍ਰਾਪਤ ਹੋਏ, ਅਰਜ਼ ਕੀਤੀਓ ਨੇ: ਪਾਤਸ਼ਾਹ ਅਨੇਕ ਸਾਧਨ ਤੇ ਅਨੇਕ ਗੁਣ ਸੁਣੇ ਹਨ, ਤੇ ਕੋਈ ਧਾਰੇ ਬੀ ਹਨ ਪਰ ਕਾਲਜਾ ਠੌਰੇ ਨਹੀਂ, ਕੋਈ ਡੰਝ ਜਿਹੀ ਅੰਦਰ ਰਹਿੰਦੀ ਹੈ। ਕੋਈ ਐਸਾ ਇਕੋ ਗਲ ਦੱਸੋ ਜੋ ਪੱਲੇ ਬੰਨ੍ਹੀਵੇ ਤੇ ਮਨ ਠੌਰੇ ਆਵੇ?

ਤਾਂ ਗੁਰੂ ਜੀ ਮੁਸ੍ਕਾ ਕੇ ਬੋਲੇ : ਤੁਸੀਂ ਤ੍ਰੈਏ ਸਭੇ ਗਹਿਣੇ ਭੰਨ ਕੇ ਇਕ ਹੱਸ ਘੜਾਇਆ ਲੋੜਦੇ ਹੋ? ਸੋ ਭਾਈ ਐਸਾ ਗੁਣ ਹੈ-ਭਗਤੀ; ਸਮਝਿਆ ਨੇ?

ਗੋਵਿੰਦ-ਜੀਓ ਕੁਝ ਖੋਹਲ ਕੇ ਕ੍ਰਿਪਾ ਕਰੋ।

ਗੁਰੂ ਜੀ-ਪ੍ਰੇਮ ਹੁੰਦਾ ਹੈ ਦੁਵੱਲੀ। ਪ੍ਰੀਤਮ ਤੇ ਪ੍ਰੇਮੀ ਦੋਵੇਂ ਪਿਆਰ ਕਰਦੇ ਹਨ ਪਰਸਪਰ। ਪਰ ਜੇ ਪ੍ਰੇਮ ਹੋਵੇ ਇਕ ਪਾਸਿਓਂ ਤੇ ਪਤਾ ਨਾ ਹੋਵੇ ਕਿ ਦੂਜੇ ਪਾਸਿਓਂ ਮੋੜਵਾਂ ਪਜਾਰ ਅਜੇ ਹੈ ਕਿ ਨਾ ਤਾਂ ਉਹ ਭਗਤੀ ਹੈ। ਹਾਂ ਉਹ ਭਗਤੀ ਹੁੰਦੀ ਹੈ ਪ੍ਰੇਮੀ ਵਲੋਂ, ਚਾਹੋਂ ਪ੍ਰੀਤਮ ਵਲੋਂ ਚੁਪ ਬੀ ਪਈ ਸਮਝੇ ਪਵੇ। ਸੋ ਐਸਾ ਪ੍ਰੇਮ ਧਾਰਨ ਕਰੇ ਭਗਤੀ ਭਾਉ ਵਾਲਾ। ਉਸ ਭਗਤੀ ਪ੍ਰੇਮ ਵਿਚ ਸਾਰੇ ਗੁਣ ਆਪੇ ਹੀ ਆ ਜਾਂਦੇ ਹਨ।


www.sikhbookclub.com

ਹਰਿਆਨ ਹੋ ਕੇ ਮਾਹੀਏ ਨੇ ਅਰਜ਼ ਕੀਤੀ-ਸਤਿਗੁਰ ਜੀਓ! ਜੇ ਰਤਾ ਵੇਰਵਾ ਖੋਲ੍ਹ ਦਿਓ ਤਾਂ ਮੂਰਖ ਮਤਿ ਸਾਡੀ ਕੁਛ ਸਿਆਣ ਦੇ ਘਰ ਆ ਜਾਵੇ।

ਗੁਰੂ ਜੀ-ਭਾਈ ਪਹਿਲਾਂ ਇਹ ਧਾਰਨ ਕਰੋ ਕਿ ਪਰਮੇਸ਼ੁਰ ਪਿਤਾ ਹੈ, ਤੇ ਸਾਡੇ ਪਿਆਰ ਦਾ ਨਿਸ਼ਾਨਾ ਹੈ। ਸਾਡੇ ਅੰਦਰ ਅਜੇ ਪਜਾਰ ਨਹੀਂ ਪਰ ਪ੍ਰਵਾ ਇਹ ਬੰਨ੍ਹ ਲੈਣਾ ਹੈ ਤੇ ਮਾਲਕ ਜਾਣਕੇ ਭੈ ਮੰਨਣਾ ਹੈ ਉਸ ਦਾ, ਇਉਂ ਖੋਟੇ ਕਰਮ ਸੁਧਰਨਗੇ ਤੇ ਮਾਂਈਂ ਵਲ ਰੁਖ ਵਧੇਗਾ। ਇਸ ਤਰ੍ਹਾਂ ਮੁੱਢ ਬੰਨ੍ਹ ਕੇ ਅੰਦਰ ਅਸਾਂ ਉਸ ਦੀ ਭਗਤੀ ਕਰਨੀ ਹੈ। ਭਗਤੀ ਤ੍ਰੈ ਪ੍ਰਕਾਰ ਦੀ ਹੈ :-

ਨਵਧਾ ਭਗਤੀ, ਪ੍ਰੇਮਾ ਭਗਤੀ, ਪਰਾ ਭਗਤੀ। ਨਵਧਾ ਭਗਤੀ ਐਉਂ ਵਰਣਨ ਹੁੰਦੀ ਹੈ :-

ਪ੍ਰਥਮ ਸੁਨਹੁ ਨਵਧਾ ਕੇ ਭੇਦ*।
ਪ੍ਰਾਪਤੀ ਭਏ ਬਿਨਾਸਹਿਂ ਖੇਦ॥੨੯॥
੧. ਸ਼ਰਧਾ ਸਹਿਤ ਗੁਰੂ ਕੇ ਬੈਨ।
ਸ੍ਰਵਨ ਕਰਹਿ ਸਨਮੁਖ ਮਨ ਨੈਨ।
ਦੁਤੀਏ ਕਥਾ ਕੀਰਤਨ ਕਰਨੇ।
ਨੀਕੇ ਪ੍ਰਭ ਕੇ ਗੁਨ ਗਨ ਬਰਨੇ॥੩੦॥
ਤ੍ਰਿਤੀਏ ਸਤਿਨਾਮ ਸਿਮਰੰਤੇ।
ਬਿਨਾ ਭਜਨ ਨਹਿ ਸਮਾਂ ਬਿਤੰਤੇ।
ਸ੍ਵਾਸਨ ਸੰਗ ਸੁ ਨਾਮ ਮਿਲਾਵੈ।
ਊਠਤਿ ਬੈਠਤਿ ਨਹਿਂ ਬਿਸਰਾਵੈ॥੩੧॥
ਚੌਥੇ ਸਤਿਗੁਰ ਕੈ ਭਗਵਾਨ।
ਠਾਨਹਿ ਚਰਨ ਕਮਲ ਕੋ ਧਜਾਨ।
ਕੈ ਸੰਤਨ ਕੇ ਚਰਨ ਪਖਾਰੈ।
ਸ਼ਰਧਾ ਤੇ ਚਰਨਾਂਮ੍ਰਿਤ ਧਾਰੈ॥੩੨॥
ਪੰਚਮ ਕਰਹਿ ਅਹਾਰ ਭਲੇਰੇ।
ਪ੍ਰਥਮ ਅਰਪਿ ਹਰਿ ਗੁਰੂ ਅਗੇਰੇ।
ਜਥਾ ਸ਼ਕਤਿ ਸੰਤਨ ਅਚਵਾਵੈ।
ਵਸਤ੍ਰ ਸਰੀਰ ਸਾਧ ਪਹਿਰਾਵੈ॥੩੩॥
ਖ਼ਸ਼ਟਮ ਪ੍ਰਭ ਗੁਰ ਕੈ ਗੁਰਦਵਾਰੇ।
ਬੰਦਨ ਕਰਹਿ ਪ੍ਰਦਛਨਾ ਧਾਰੇ।
ਧੂਪ ਦੀਪ ਚੰਦਨ ਚਰਚਾਵੈ।
ਫੂਲਨ ਆਨਿ ਸੁਗੰਧਿ ਚਢਾਵੈ॥੩੪॥
ਸਪਤਮਿ ਦਾਸੁ ਆਪ ਕੋ ਜਾਨੈ।
ਪਰਮੇਸ਼ਰ ਸ੍ਵਾਮੀ ਪਹਿਚਾਨੈ।
ਤਨ ਮਨ ਧਨ ਜਾਨੈ ਪ੍ਰਭ ਦਾਨ।
ਸਤੀ ਨਾਰ ਸਮ ਪਤਿ ਭਗਵਾਨ॥੩੫॥
ਅਸ਼ਟਮਿ ਮਿੱਤ੍ਰ ਲਖੈ ਸ੍ਰੀ ਪਤਿ ਕੋ।
ਨਹੀਂ ਡੁਲਾਵੈ ਅਪਨ ਚਿਤ ਕੋ।
ਜੋ ਕਛੁ ਕਰਹਿ ਭਲੀ ਮਮ ਜਾਨੈ।
ਨਹੀਂ ਤਰਕਨਾ ਤਿਸ ਪਰ ਠਾਨੈ॥੩੬॥
ਜਥਾ ਸ਼ਖਾ ਕੀ ਕ੍ਰਿੱਤਿ ਲਖੰਤਾ।
ਕਰਹਿ ਜੁ ਕੁਛ ਮਮ ਭਲਾ ਕਰੰਤਾ।
ਤਿਮ ਪ੍ਰਭ ਮਿੱਤ੍ਰ ਕਿਰਤ ਕੋ ਹੇਰੈ।
ਜੋ ਕਿਛ ਕਰੈ ਭਲੀ ਸੋ ਮੇਰੈ॥੩੭॥
ਨੌਮੀ ਤਨ ਧਨ ਪ੍ਰਭੁ ਅਰਪਾਇ।
ਅਪਨੋ ਕਛੂ ਨ ਲਖਹਿ ਕਦਾਇ।
ਮਮਤਾ ਤਜਹਿ ਪਦਾਰਥ ਕੇਰੀ।
ਹਰਿ ਕੇ ਜਾਨਿ ਨ ਸੁਖ ਦੁਖ ਹੇਰੀ॥੩੮॥
ਨਵਧਾ ਭਗਤਿ ਕਹੀ ਇਹੁ ਜੋਇ।
ਜੇਕਰਿ ਇਕ ਭੀ ਪ੍ਰਾਪਤਿ ਹੋਇ।
ਤੌ ਉਧਾਰ ਜਨ ਕੋ ਕਰ ਦੇਤਿ।
ਕਜਾ ਸੰਸੈ ਹੁਇ ਸਰਬ ਸਮੇਤਿ॥੩੯॥
੨. ਅਪਰ ਸੁਨਹੁ ਜਸ ਪ੍ਰੇਮਾ ਭਗਤਿ।
ਜਿਹ ਸਮ ਅਪਰ ਨ ਸੁਖਦੇ ਜਗਤ।
ਤਰਵਰੁ ਫਲ ਪੂਰਬ ਹੁਇ ਸਾਵਾ।
ਸਾਦ ਵਿਖੈ ਕੌਰਾ ਲਖਿ ਪਾਵਾ॥੪੦॥
ਪੁਨ ਪੀਰੋ ਤਬ ਲਹਿ ਤੁਰਸ਼ਾਈ।
ਬ੍ਰਿਛ ਬੀਚ ਤੇ ਲੇ ਰਸੁ ਪਾਈ।
ਪੁਨ ਪਾਕੋ ਹੋਵਹਿ ਰੰਗੁ ਲਾਲ।
ਸ੍ਵਾਦ ਪਾਇ ਸੋ ਮਧੁਰ ਬਿਸਾਲ॥੪੧॥
ਤਿਮ ਪਰਮੇਸੁਰ ਪ੍ਰੇਮੀ ਹੋਇ।
ਤਿਨਕੇ ਲੱਛਨ ਇਸ ਬਿਧਿ ਜੋਇ।
ਪ੍ਰਥਮੈ ਰੁਦਨ ਕਰਤਿ ਚਿਤ ਚਾਹੈ।
ਪ੍ਰੀਤਮ ਦਰਸ਼ਨ ਧਰਤਿ ਉਮਾਹੈ॥੪੨॥
-ਬਿਛਰੇ ਹਮ-ਯਾਤੇ ਦੁਖ ਪਾਵੈ,
ਦੀਰਘ ਸ੍ਵਾਸਨਿ ਲੇ ਪਛੁਤਾਵੈ।
ਰੋਮੰਚਿਤ ਹੁਇ ਗਦ ਗਦ ਬਾਨੀ।
ਕਬਿ ਗੁਨ ਗਾਇ ਕਿ ਤੂਸ਼ਨ ਠਾਨੀ॥੪੩॥

* ਜੋ ਕੁਛ ਇਸੇ ਵੇਲੇ ਗੁਰੂ ਜੀ ਨੇ ਉਚਾਰਿਆ ਉਸ ਨੂੰ ਸੂਰਜ-ਪ੍ਰਕਾਸ਼ ਵਿਚ ਐਉਂ ਦੱਸਿਆ ਹੈ।


www.sikhbookclub.com

ਤਬ ਮੁਖ ਕੋ ਸਾਵਾ ਹੁਇ ਰੰਗ।
ਸੁਧਿ ਭੂਲਹਿ ਸਭਿ ਆਦਿਕ ਅੰਗ।
ਜਜੋਂ ਜਜੋਂ ਵਧ ਹੈ ਪ੍ਰੇਮ ਬਡੇਰਾ।
ਤਜੋਂ ਤਜੋਂ ਹੋਤਿ ਅਹਾਰ ਛੁਟੇਰਾ॥੪੪॥
ਭੂਖ ਪਜਾਸ ਕੀ ਗਮ ਹੁਇ ਥੋਰੀ।
ਨਿਸ ਦਿਨ ਰਹੋ ਪ੍ਰੇਮ ਮਤਿ ਬੋਰੀ।
ਬ੍ਰਿਹੁ ਤੇ ਵਧਹਿ ਬਿਖਾਧ ਅਪੀਰਾ।
ਬਦਨ ਬਰਨ ਹੁਇ ਆਵਤ ਪੀਰਾ॥੪੫॥
ਪਜਾਰੇ ਕੀ ਜੋ ਬਾਤ ਬਤਾਵਹਿਂ।
ਅਸ ਸੰਤਨ ਕੇ ਨਿਕਟ ਸਦਾਵਹਿਂ।
ਸੁਨਿ ਪਿਖਿਕੈ ਪ੍ਰਿਯ ਮਿਲਨਿ ਨਿਸ਼ਾਨੀ।
ਨਿਕਟਿ ਜਾਨਿ ਹੁਇ ਪ੍ਰੀਤ ਮਹਾਨੀ॥੪੬॥
ਸੰਤ ਸੰਗ ਜਬ ਵਧਜੋ ਵਧੇਰਾ।
ਪੂਰਨ ਪ੍ਰਭੂ ਸਰਬ ਮੈਂ ਹੇਰਾ।
ਤਬਿ ਮੁਖ ਲਾਲ ਰੰਗ ਦ੍ਰਿਸ਼ਟਾਵੈ।
ਤ੍ਰਿਪਤ ਹੋਇ ਮਨ ਕਿਤਹੁੰ ਨ ਧਾਵੈ॥੪੭॥
ਸ਼ਾਂਤਿ ਮਧੁਰਤਾ ਤਬਿ ਹੁਇ ਆਈ।
ਅੰਤਰ ਬ੍ਰਿਤੀ ਸਥਿਰਤਾ ਪਾਈ।
੩. ਦਿਢ ਅੱਭਜਾਸ ਗਜਾਨ ਮਨ ਲਾਵਹਿ।
ਪਰਾ ਭਗਤਿ ਉਤਪਤਿ ਹੋਇ ਆਵਹਿ॥੪੮॥
ਅਪਨ ਸਰੂਪ ਨਿਹਾਰਨ ਚਾਹਾ।
ਈਸ਼ੁਰ ਜੀਵ ਅਭੇਦ ਉਪਾਹਾ।
ਸਤਿ ਚੇਤਨ ਆਨੰਦ ਬ੍ਰਹਮ ਰੂਪ।
ਨਭ ਸਮ ਬਜਾਪਜੋ ਚਲਿਤ ਅਨੂਪ॥੪੯॥

(ਸੂ: ਪ੍ਰ: ਰਾਸ ੨ ਅੰਸੂ ੪੦)

ਇਹ ਤਾਂ ਵੰਡ ਦੱਸੀ ਹੈ। ਪਰ ਜੇ ਇਨ੍ਹਾਂ ਵੇਰਵਿਆਂ ਵਿਚ ਨਾ ਪਓ ਤਾਂ ਵਾਹਿਗੁਰੂ ਪ੍ਰਾਪਤੀ ਦਾ ਪ੍ਰੇਮ ਮਾਰਗ ਤੇ ਉਸ ਰਸਤੇ ਪ੍ਰਾਪਤੀ ਦਾ ਸਿੱਧਾ ਤ੍ਰੀਕਾ ਐਉਂ ਸਮਝ ਪੈ ਜਾਏਗਾ :-

ਪਹਿਲੋਂ ਮੰਨ ਕਿ ਪਰਮਾਤਮ ਦੇਵ ਕਰਤਾ ਪੁਰਖ ਹੈ ਤੇ ਸਾਰੇ ਵਜਾਪਕ ਪਰੀ ਪੂਰਣ ਹੈ; ਦੀਹਦਾ ਤਾਂ ਨਹੀਂ; ਪਰ 'ਹੈਂ'। ਉਸਨੂੰ ਫੇਰ 'ਪਜਾਰ ਕਰਨਾ' ਹੈ। ਸੋ ਪਹਿਲਾ ਪਿਆਰ ਹੈ ਉਸ ਦਾ 'ਭੈ ਮੰਨਣਾ ਹਰ ਵੇਲੇ ਜੋ ਅੰਗ ਸੰਗ ਹੋਇਆ ਤੇ ਹੋਇਆ ਸੁਧੀ ਨੇਕੀ, ਉਸ ਨੂੰ ਬਦੀ ਨਹੀਂ ਨਾ ਭਾਉਂਦੀ। ਸੋ ਜਿਸ ਨੂੰ ਅਸਾਂ ਰੀਝਾਵਣਾ ਹੈ ਓਹ ਨੇਕੀ ਹੈ, ਕੁੱਲ ਨੇਕੀ, ਸੁਧੀ ਨੇਕੀ, ਤਾਂ ਅਸੀਂ ਨੇਕ ਬਣੀਏ, ਜੋ ਸਾਡਾ ਪ੍ਰੀਤਮ ਖੁਸ਼ ਹੋਵੇ ਸਾਡੇ ਤੇ। ਇਉਂ ਨਿਰਮਲ ਜੇਹਾ ਭਉ ਪਵੇਗਾ ਸਾਡੇ ਮਨ ਵਿਚ ਉਸ ਪਜਾਰੇ ਦਾ ਤੇ ਸਾਡੇ ਕਰਮ ਸੁਧਰਨਗੇ। ਜਿਉਂ ਜਿਉਂ ਮਨ ਨਿਰਮਲ ਹੋਵੇਗਾ ਤਿਉਂ ਤਿਉਂ ਮਨ ਸਾਈਂ ਦੇ ਨੇੜੇ ਬੀ ਕੁਛ ਹੋ ਆਵੇਗਾ। ਭੈ ਰੱਖੀਏ ਜਿਵੇਂ ਮਾਲਕ ਦਾ ਰੱਖੀਦਾ ਹੈ ਕਿ ਉਹ ਦੇਖਦਾ ਹੈ, ਨੇਕੀ ਪਸੰਦ ਕਰਦਾ ਹੈ, ਉਸ ਦੀ ਪਸੰਦੀ ਵਾਲੇ ਕੰਮ ਕਰੀਏ। ਉਸ ਨੂੰ ਆਪਣੇ ਨੇੜੇ ਪ੍ਰਤੀਤ ਕਰਨ ਦਾ ਯਤਨ ਹੋਰ ਵਧਾਈਏ। ਉਹ ਵਧਦਾ ਹੈ ਉਸਦਾ ਨਾਮ ਜਪਣ ਤੇ ਸਿਮਰਨ ਨਾਲ ਨਾਮ ਦਾ ਸਿਮਰਨ ਜੋ ਉਸ ਵਲ ਧਜਾਨ ਰੱਖਕੇ ਕਰੀਦਾ ਹੈ, ਓਸ ਦੀ ਹਜ਼ੂਰੀ ਵਿਚ ਰਖਦਾ ਹੈ।

ਇਉਂ ਜਦ ਪ੍ਰਤੀਤ ਕਰਨ ਲਗ ਪਈਦਾ ਹੈ ਕਿ ਉਸ ਦੀ ਹਜ਼ੂਰੀ ਵਿਚ ਹਾਂ ਤਾਂ ਉਸ ਦੇ ਭਉ ਨਾਲ ਉਸ ਦਾ ਪਿਆਰ ਜੀ ਵਿਚ ਉਪਜਣ ਲਗ ਜਾਂਦਾ ਹੈ, ਜਿਵੇਂ ਖਾਲਕ ਤੋਂ ਤਾਂ ਨਿਰਾ ਡਰੀਦਾ ਹੈ, ਪਰ ਪਿਤਾ ਤੋਂ ਨਾਲੇ ਡਰੀਦਾ ਹੈ, ਨਾਲੇ ਪਜਾਰ ਕਰੀਦਾ ਹੈ।

ਸਿਮਰਨ ਦੇ ਨਾਲ ਪਰਮੇਸ਼ੁਰ ਦੀ ਸਿਫਤ ਸਲਾਹ ਕਰੀਦੀ ਹੈ, ਜੋ ਗੁਰੂ ਨਾਨਕ ਦੀ ਬਾਣੀ ਵਿਚ ਅਮਿਤ ਹੈ। ਇਹ ਬਾਣੀ ਪੜ੍ਹੀਦੀ ਹੈ ਇਸ ਦਾ ਕੀਰਤਨ ਕਰੀਦਾ ਤੇ ਸੁਣੀਦੀ ਹੈ। ਇਸ ਤਰ੍ਹਾਂ ਸਿਫਤ ਸਲਾਹ ਕਰਦਿਆਂ ਤੇ ਨਾਮ ਸਿਮਰਦਿਆਂ ਹੋਰ ਵਿੱਥ ਘਟ ਜਾਂਦੀ ਹੈ ਤੇ ਪਰਮੇਸ਼ੁਰ ਜੀ ਮਾਤਾ ਵਾਂਞੂ ਪਿਆਰੇ ਲੱਗਣ ਲੱਗ ਜਾਂਦੇ ਹਨ। ਇਸ ਤਰ੍ਹਾਂ ਡਰ ਘਟ ਜਾਵੇਗਾ ਤੇ ਪਜਾਰ ਰਹਿ ਜਾਏਗਾ ਜਿਵੇਂ ਮਾਂ ਨਾਲ ਪਜਾਰ ਹੁੰਦਾ ਹੈ, ਪਰ ਡਰ ਨਾਮ ਮਾਤ੍ਰ। ਜਦੋਂ ਇਹ ਪ੍ਰੀਤ ਕਰਦਿਆਂ ਮਨ ਲਿਵ ਵਿਚ ਜੁੜਨ ਲਗ ਜਾਂਦਾ ਹੈ ਤਾਂ ਭਉ ਉਡ ਜਾਂਦਾ[੨੧੩] ਤੇ ਨਿਰਾ ਪ੍ਰੇਮ ਰਹਿ ਜਾਂਦਾ ਹੈ, ਪ੍ਰੇਮ ਫਿਰ ਲਿਵ ਵਿਚ ਆ ਜਾਂਦਾ ਹੈ ਜਿਵੇਂ ਇਸਤ੍ਰੀ ਭਰਤਾ ਦਾ ਅਤਯੰਤ ਪ੍ਰੇਮ ਲੀਨਤਾ ਵਿਚ ਲੈ ਜਾਂਦਾ ਹੈ।

ਹੁਣ ਜੀਵ ਆਪਣਾ ਕੁਛ ਨਹੀਂ ਜਾਣਦਾ, ਸਭ ਕੁਛ ਉਸਦਾ ਜਾਣਦਾ ਹੈ, ਲਿਵ ਵਿਚ ਲਖ ਜੁ ਲੈਂਦਾ ਹੈ ਉਸ ਪਿਆਰੇ ਨੂੰ ਅਤੇ ਚੱਖ ਲੈਂਦਾ ਹੈ ਮੇਲ ਦਾ ਸੁਆਦ ਪਿਰਮ ਰਸ। ਉਸ ਦੀ ਹਜ਼ੂਰੀ ਦੇ ਹੁਲਾਰੇ ਵਜਦੇ ਹਨ। ਇਸ ਤਰ੍ਹਾਂ ਪਜਾਰ ਕਰਨ ਵਾਲਾ ਪਹਿਲੇ ਭੈ ਵਿਚ ਤੇ ਸੁਤੇ ਵੈਰਾਗ ਵਿਚ ਹੁੰਦਾ ਹੈ, ਜਿਉਂ ਜਿਉਂ ਖਿੱਚ ਵਧਦੀ ਹੈ ਮਾਯਾ ਦਾ


www.sikhbookclub.com

ਮੋਹ ਘਟਦਾ ਹੈ ਤੇ ਇਕ ਉਦਾਸੀ ਛਾਉਂਦੀ ਹੈ; ਫਿਰ ਜਦ ਹਜ਼ੂਰੀ ਵਾਸਾ ਹੁੰਦਾ ਹੈ ਤਾਂ ਰਸ ਆਉਂਦਾ ਹੈ। ਇਸ ਤੋਂ ਅਗੇ ਫੇਰ ਕਹਿਣੇ ਸੁਣਨੇ ਦੀ ਬਾਤ ਨਹੀਂ, ਪਰਮਾਤਮ ਦੇਵ ਇਸ ਨੂੰ ਪਿਆਰ ਕਰਨ ਲੱਗ ਜਾਂਦੇ ਹਨ। ਉਂਵ ਅਨੁਗ੍ਰਹ ਤਾਂ ਕਰਤਾਰ ਦੀ ਪਹਿਲੇ ਦਿਨੋਂ ਹੀ ਸ਼ੁਰੂ ਹੋ ਗਈ ਸਮਝਣੀ ਚਾਹੀਏ ਜਦੋਂ ਕਿ ਉਸ ਦਾ ਆਸਰਾ ਪਰਨਾ ਲੈ ਲਿਆ। ਪਰ ਜਦ ਰਸ ਪੈਂਦਾ ਹੈ ਤੇ ਕਰਤਾਰ ਮਿਹਰਵਾਨ ਹੁੰਦਾ ਤੇ ਪਯਾਰ ਕਰਦਾ ਹੈ ਤਾਂ ਆਪਣਾ ਆਪ ਸਾਈਂ ਦੇ ਪਰਮ ਆਪੇ ਨੂੰ ਜਾ ਪ੍ਰਾਪਤ ਹੁੰਦਾ ਹੈ ਤੇ ਵਿਛੁੜਦਾ ਨਹੀਂ।

ਨਾਨਕ ਆਸਕੁ ਕਾਂਢੀਐ
ਸਦ ਹੀ ਰਹੈ ਸਮਾਇ॥ (ਵਾਰ ਆਸਾ: ੨)

ਇਹ ਅਵਸਥਾ ਕਹੀ ਨਹੀਂ ਜਾਂਦੀ, ਮਾਣੀ ਜਾਂਦੀ ਹੈ।

## ੫੨. ਸ਼ੀਹਾਂ ਉੱਪਲ।

**ਇਹ** ਸਜਣ ਗੁਰ ਨਾਨਕ ਦੇਵ ਜੀ ਦਾ ਸਿਖ ਸੀ। ਇਸ ਦਾ ਸਾਰਾ ਹਲ ਸ੍ਰੀ ਗੁਰੂ ਨਾਨਕ ਚਮਤਕਾਰ ਵਿਚ ਆ ਚੁੱਕਾ ਹੈ।* ਸ੍ਰੀ ਗੁਰੂ ਜੀ ਦੇ ਸਚਖੰਡ ਪਿਆਨੇ ਮਗਰੋਂ ਸ਼ੀਹਾਂ ਉਹੋ ਜਜੋਤਿ ਗੁਰੂ ਅੰਗਦ ਦੇਵ ਜੀ ਵਿਚ ਵੇਖਦਾ ਕ੍ਰਿਤ ਕ੍ਰਿਤ ਹੁੰਦਾ ਰਿਹਾ। ਖਡੂਰ ਸਾਹਿਬ ਦਰਸ਼ਨਾਂ ਨੂੰ ਜਾਂਦਾ ਹੈ, ਲਾਭ ਲੈਂਦਾ ਹੈ ਤੇ ਕਿੰਨਾ ਕਿੰਨਾ ਚਿਰ ਉਥੇ ਰਹਿੰਦਾ ਹੈ। ਇਕ ਸਮੇਂ ਉਸ ਦੇ ਘਰ ਪੁਤ੍ਰ ਹੋਇਆ, ਬਿਰਾਦਰੀ ਦੀ ਰਸਮ ਮੂਜਬ ਉਸ ਨੇ ਸਮਾਗਮ ਰਚਣਾ ਸੀ। ਉਸ ਸਮੇਂ ਬਕਰਿਆਂ ਦੇ ਮਾਸ ਤੇ ਬਿਰਾਦਰੀ ਦੇ ਸਮਾਗਮ ਹੋਣੇ ਸਨ। ਉਸ ਦੀ ਤ੍ਰੀਮਤ ਨੇ ਸਾਰੀ ਤਿਆਰੀ ਕਰ ਲਈ, ਪਰ ਸ਼ੀਹੇਂ ਨੇ ਗੁਰੂ ਰਜ਼ਾ ਰਹਿਬਰ ਰਖੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੁਕਮ ਦਿੱਤਾ ਕਿ ਇਸ ਸਮੇਂ ਪਲਾਲ ਕਰਨੇ ਤੇ ਬਕਰੇ ਮਾਹਨੇ ਛੋੜਕੇ ਬੱਚੇ ਨੂੰ ਸਾਡੇ ਪਾਸ ਲੈ ਆਓ ਅਸੀਂ ਉਸ ਨੂੰ ਸਿਖ ਬਣਾਵਾਂਗੇ। ਸ਼ੀਹੇਂ ਨੇ ਸਾਰੇ ਪਲਾਲ ਛੋੜ ਦਿੱਤੇ ਤੇ ਪੁਤ੍ਰ ਨੂੰ ਗੁਰੂ ਕੇ ਦੁਆਰੇ ਖਡੂਰ ਲਿਜਾ ਕੇ ਗੁਰੂ ਕਾ ਸਿਖ ਬਣਾਇਆ[੨੧੪]। ਜੈਸਾ ਕਿ ਮਹਿਮਾਂ ਪ੍ਰਕਾਸ਼ ਵਿਚ ਲਿਖਿਆ ਹੈ :-

"ਸਤਿਗੁਰ ਦੁਆਰੇ ਸਿਖ ਕੋ
ਕੀਓ ਕਾਰਜ ਹੋਏ ਰਾਸ।"

ਇਹ ਦੂਸਰੀ ਵੇਰ ਲੋਕ ਲਾਜ ਦਾ ਸਮਾਂ ਆਇਆ ਸੀ ਜਿਸ ਨੂੰ ਸ਼ੀਹਾਂ ਜੀ ਜਿੱਤ ਗਏ ਤੇ ਆਪਣੀ ਸਿਖੀ ਦੀ ਰਹੁ ਰੀਤਿ ਵਿਚ ਟੁਰੇ ਰਹੇ। ਅਨੁਮਾਨ ਹੈ ਕਿ ਇਨ੍ਹੀਂ ਦਿਨੀਂ ਸ਼ੀਹਾਂ ਜੀ ਖਡੂਰ ਸੇ।

## ੫੩. ਗੱਦੀ ਦੇਣ ਦੀਆਂ ਤਿਆਰੀਆਂ।

ਗੁਰੂ ਨਾਨਕ ਦੇਵ ਜੀ ਦੇ ਦਰਬਾਰ ਦੋ ਦੀਵਾਨ ਲਗਦੇ ਹੁੰਦੇ ਸਨ ਹਰ ਦਿਨ-ਅੰਮ੍ਰਿਤ ਵੇਲੇ ਤੇ ਸੰਝਾਂ ਨੂੰ; ਅਤੇ ਦੋ ਵਡੇ ਦੀਵਾਨ ਲਗਦੇ ਹੁੰਦੇ ਸਨ ਹਰ ਮਹੀਨੇ-ਸੰਗ੍ਰਾਂਦ ਤੇ ਅੱਮੱਸਿਆ ਨੂੰ। ਸੋਈ ਰੀਤ ਜਾਰੀ ਰਹੀ ਗੁਰ ਅੰਗਦ ਦੇਵ ਜੀ ਦੇ ਦਰਬਾਰ: ਇਸ ਤਰ੍ਹਾਂ ਦੋ ਦੀਵਾਨ ਹੋਰ ਵਡੇਰੇ ਸਜਦੇ ਹੁੰਦੇ ਸਨ ਹਰ ਸਾਲ-ਵੈਸਾਖੀ ਤੇ ਦੀਵਾਲੀ। ਗੁਰੂ ਅੰਗਦ ਦੇਵ ਜੀ ਦੇ ਦੁਆਰੇ ੧੬੦੮ ਬਿ: ਦੇ ਵੈਸਾਖੀ ਦੇ ਦੀਵਾਨ ਮਗਰੋਂ ਸੰਗਤਾਂ ਵਿਦਾ ਹੋ ਗਈਆਂ, ਜੇਠ ਹਾੜ ਦੀ ਸੰਗ੍ਰਾਂਦ ਬੀ ਹੋ ਖੀਤੀ ਤਾਂ ਇਕ ਦਿਨ ਸ੍ਰੀ ਗੁਰੂ ਜੀ ਨੇ ਸ੍ਰੀ ਖੀਵੀ ਜੀ ਨੂੰ ਏਕਾਂਤ ਬੈਠ ਕੇ ਸਮਝਾਇਆ:- ਤੁਸਾਂ ਜੀ ਨੂੰ ਪਤਾ ਹੀ ਹੈ ਕਿ ਸ੍ਰੀ ਗੁਰੂ ਮੇਰੇ ਸੁਆਮੀ ਜੀ ਨੇ ਆਪਣੇ ਸਰੀਰ ਹੁੰਦਿਆਂ ਆਪਣੀ ਜਗਤ ਉਧਾਰ ਦੀ ਸੇਵਾ ਮੇਰੇ ਮੋਢੇ ਤੇ ਧਰ ਦਿੱਤੀ ਸੀ। ਦੇਹ ਮੇਰੀ ਰਹੀ, ਪਰ ਵਿਚ ਬੈਠ ਕੇ ਕੰਮ ਉਨ੍ਹਾਂ ਨੇ ਆਪ ਕੀਤਾ, ਮੈਂ ਤਾਂ ਚਰਣ ਸ਼ਰਣ ਸਮਾਇਆ ਉਨ੍ਹਾਂ ਦੇ ਦਰਸ਼ਨ ਕਰ ਕਰ ਖੀਵਾ ਹੁੰਦਾ ਰਿਹਾ। ਗੁਰੂ ਨਾਨਕ ਦੇਵ ਹੁਣ ਉਹ ਪੋਟ ਕਿਸੇ ਹੋਰ ਕੰਧੇ ਧਰਨੀ ਚਾਹੁੰਦੇ ਹਨ। ਕਿਸੇ ਨੂੰ ਕਿਵੇਂ ਕੋਈ ਕਿੰਤੂ ਕਰਨ ਦੀ ਖੇਚਲ ਨਾ ਹੋਵੇ; ਇਸ ਲਈ ਤੁਸਾਂ ਨਾਲ ਗੱਲ ਕੀਤੀ ਹੈ ਅੱਜ।

ਖੀਵੀ ਜੀ ਸੁਣਕੇ ਤ੍ਰਬ੍ਰਕ ਗਏ, ਤੇ ਫੇਰ ਠਰੰਮਾ ਧਾਰਕੇ ਬੋਲੇ :- ਕਿਵੇਂ ਦੇ ਬਚਨ ਕੀਤੇ ਨੇ ਸਾਹਿਬ ਜੀਓ! ਤੁਸੀਂ ਜੁਗਾਂ ਸਲਾਮਤ ਰਹੋ ਗੁਰੂ

* ਦੇਖੋ ਗੁ: ਨਾ: ਚ: (ਉਤ੍ਰਾਰਧ) ਪੰਨਾ ੨੦੪

 www.sikhbookclub.com

ਨਾਨਕ ਦੀਆਂ ਸੰਗਤਾਂ ਵਾਸਤੇ, ਕਿਸੇ ਦੇ ਸਦਕੇ ਦਰਸ਼ਨ ਨਸੀਬ ਹੁੰਦੇ ਰਹਿਣ ਦਾਸੀ ਨੂੰ ਬੀ ਸਦਾ। ਜੇ ਸੁਖਾਂ ਨਾਲ ਆਪ ਚਾਹੁੰਦੇ ਹੋ, ਵਧੇਰੇ ਲਿਵਲੀਨ ਰਹਿਣਾ, ਤਾਂ ਜੀ ਸਦਕੇ, ਜਿਵੇਂ ਚਾਹੋ ਕਰੋ। ਆਪ ਗੁਰੂ ਕੀ ਆਗਿਆ ਵਿਚ ਹੋ, ਦਾਸੀ ਆਪ ਦੀ ਆਗਿਆ ਵਿਚ ਹੈ। ਦਾਤਾ! ਆਪ ਦੇ ਕੀਤੇ ਵਿਚ ਕਦੇ ਕੋਈ ਕਿੰਤੂ ਨਾ ਹੋਵੇ, ਆਪ ਨੂੰ ਦੇਖ ਦੇਖ ਕੇ ਜੀਉਣ ਵਾਲੀ ਨੂੰ।

ਗੁਰੂ ਜੀ-ਖੀਵੀ! ਇਹ ਪੰਡ ਹੁਣ ਅਮਰਦਾਸ ਦੇ ਮੋਢੇ ਧਰੀ ਜਾਣੀ ਹੈ।

ਖੀਵੀ-ਜੀ ਸਦਕੇ ਧਰੋ, ਮੈਂ ਖੁਸ਼ ਹਾਂ ਆਪ ਦੀ ਖੁਸ਼ੀ ਵਿਚ। ਪਰ ਦਾਸੂ ਦਾਤੂ ਪੁੱਤ੍ਰਪਨੇ ਦੇ ਮਾਨ ਵਿਚ ਹਨ। ਦੇਖ ਬੀ ਚੁਕੇ ਹਨ, ਹੱਡੀਂ ਵਾਪਰ ਚੁਕੀ ਨੇ, ਪਰ ਮਾਯਾ ਡਾਢੀ ਹੈ।

ਗੁਰੂ ਜੀ-ਇਹ ਸਾਨੂੰ ਪਤਾ ਹੈ ਕਿ ਤੁਸੀਂ ਰਜ਼ਾ ਵਿਚ ਰਾਜ਼ੀ ਹੋ, ਸੋ ਪੁਤ੍ਰਾਂ ਦੀ ਗੱਲ ਦੀ ਵੀਚਾਰ ਕਰ ਲਓ।

ਇੰਨੇ ਨੂੰ ਸੱਦੇ ਹੋਏ ਦਾਸੂ ਦਾਤੂ ਜੀ ਵੀ ਆ ਗਏ। ਮਾਂ ਨੇ ਪਾਸ ਬਿਠਾ ਕੇ ਹੋ ਰਹੀ ਗੱਲ ਬਾਤ ਸੁਹਣੀ ਤਰ੍ਹਾਂ ਸਮਝਾਈ ਤੇ ਪਿਤਾ ਆਗਿਆ ਵਿਚ ਟੁਰਨੇ ਦੀ ਪ੍ਰੇਰਨਾ ਪਿਆਰ ਨਾਲ ਕੀਤੀ। ਪਰ ਦਾਸੂ ਨੇ ਸਾਰਾ ਕੁਛ ਸੁਣਕੇ ਕਿਹਾ-ਮਾਂ ਜੀ ਪੁਤ੍ਰਾਂ ਦੇ ਹੁੰਦਿਆਂ ਦਾਸ ਦਾ ਹੱਕ ਕੀ ਹੋਇਆ।

ਗੁਰੂ ਜੀ-ਗੁਰਜਾਈ ਦੀ ਪੋਟ ਗੌਰੀ ਹੈ, ਤੁਸਾਂ ਦੇ ਚੱਕਣੇ ਦੀ ਨਹੀਂ। ਇਸ ਦੇ ਚੱਕਣੇ ਦਾ ਬਲ ਕਰਤਾ ਪੁਰਖ ਨੇ ਅਮਰਦਾਸ ਵਿਚ ਭਰਿਆ ਹੈ। ਪੁਤ੍ਰਪਨੇ ਦਾ ਹੱਕ ਤੁਸਾਂ ਨੂੰ ਪੁੱਜ ਚੁਕਾ ਹੈ। ਸੰਘਰ ਦਾ ਘਰ ਬਾਰ ਮਾਲ ਮਿਲਖ ਮੇਰਾ, ਮੇਰੇ ਪਿਤਾ ਦਾ ਤੁਸਾਨੂੰ ਮਿਲ ਚੁਕਾ ਹੈ। ਗੁਰਜਾਈ ਦੀ ਪੰਡ ਅਮਰਦਾਸ ਨੂੰ ਚੁਕਾਉਣੀ ਹੈ।

ਦਾਸੂ-ਇਹ ਨਹੀਂ ਜਰ ਹੁੰਦਾ ਪਿਤਾ ਜੀਓ! ਕਿ ਘਰ ਦਾ ਟਹਿਲੀਆ ਬਹੇ ਆਪ ਦੀ ਗੱਦੀ ਉਤੇ ਤੇ ਅਸੀਂ ਸੇਵਕ ਦੇ ਅੱਗੇ ਸੇਵਕ ਹੋ ਕੇ ਵਰਤੀਏ।

ਗੁਰੂ ਜੀ ਸੁਣਕੇ ਗੰਭੀਰ ਸੁਰ ਬੋਲੇ-ਸਾਂਈਂ ਦਾ ਸੇਵਕ ਸਭ ਦਾ ਸਾਹਿਬ ਹੈ, ਉਸਦੀ ਸੇਵਾ ਵਿਚ ਸਾਈਂ ਦੀ ਸੇਵਾ ਹੈ। ਇਹ ਸੇਵਾ ਫੇਰ ਸਾਹਿਬੀ ਹੈ, ਇਹ ਚਾਕਰੀ ਨਹੀਂ।......ਹਾਂ ਹਾਂ 'ਚਾਕਰੀ' 'ਠਾਕਰੀ' ਹੋ ਜਾਂਦੀ ਹੈ ਭਉ ਨਾਲ, ਭਉ ਬਦਲਦਾ ਹੈ ਭਾਉ ਨਾਲ[੨੧੫] ਭਾਉ ਖਸਮ ਵਿਚ ਹੀ ਸਮਾ ਦੇਂਦਾ ਹੈ[੨੧੬], ਸਮਾਇਆ ਖਸਮ ਰੂਪ।......

ਪੁਤ੍ਰ! ਮੈਂ ਬੀ ਸੇਵਕ ਸਾਂ। ਸਾਹਿਬ ਤ੍ਰੁੱਠ ਪਏ, ਸਪੁਤ੍ਰਤਾ ਮਿਲੀ। ਇਹ ਆਖਦਿਆਂ ਨੈਣਭਰ ਆਏ ਮਿੱਠੀ ਸੁਰ ਵਿਚ ਸੱਦ ਹੋਈ :-

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ॥
ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥
(ਵਾਰ ਆਸਾ ਮਹਲਾ ੨)

ਨੈਣ ਬੰਦ ਹੋ ਗਏ ਮਗਨਤਾ ਛਾ ਗਈ, ਲੀਨ ਹੋ ਗਏ ਸਾਹਿਬ ਆਪਣੇ ਸਾਹਿਬ ਦੇ ਰੰਗ ਵਿਚ। ਖੀਤ ਰਿਹਾ ਦਿਨ ਲਿਵ ਲਗੀ ਵਿਚ ਬੈਠਿਆ :-

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥
ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥

ਕੁਛ ਦਿਨ ਹੋਰ ਬੀਤ ਗਏ ਕਿ ਇਕ ਦਿਨ ਦੁਇ ਪੁਤ੍ਰ ਮਾਂ ਪਾਸ ਆਏ-ਮਾਂ! ਲੋਕੀ ਤਾਹਨੇ ਦੇਂਦੇ ਹਨ ਕਿ ਤੁਸੀਂ ਨਾਲਾਇਕ ਹੋ, ਬੈਠੇ ਦੇ ਬੈਠੇ ਰਹਿ ਗਏ ਤੇ ਟਹਿਲੀਆਂ ਜਾ ਕੇ ਗੋਇੰਦਵਾਲ ਸ਼ਾਹ ਬਣਦਾ ਜਾਂਦਾ ਹੈ ਕਿ ਵਡਾ ਸ਼ਾਹ ਹੁਣ ਆਪੇ ਟੁਰ ਟੁਰ ਕੇ ਉਸ ਦੇ ਦੁਆਰੇ ਜਾਂਦਾ ਹੈ।

ਮਾਤਾ ਜੀ-ਜੇ ਕੋਈ ਮਿਰਗ ਨੂੰ ਪਠੋਰਾ ਕਹਿ ਦੇਵੇ ਤਾਂ ਕਿਸੇ ਦੇ ਕਟੇ ਮਿਰਗ ਪਠੋਰਾ ਬਣ ਜਾਊ? ਮੈਂ ਕਹਿੰਦੀ ਹਾਂ ਤੁਸੀਂ ਨਲੈਕ ਨਹੀਂ, ਭਲੇ ਹੋ, ਭਲੇ ਪੁਤ੍ਰ ਹੋ; ਪਰ ਲੋਕਾਂ ਦੇ ਕਹੇ ਕਿਉਂ ਟੁਰੋ? ਆਪਣੇ ਸੱਚ ਨੂੰ ਆਪ ਸੱਚ ਸਮਝੋ। ਹਾਂ ਇਹ ਮੈਂ ਕਹਿੰਦੀ ਹਾਂ ਕਿ ਤੁਸੀਂ ਕਸਤੂਰੇ ਮ੍ਰਿਗ ਵਾਂਙੂ ਮੁਸ਼ਕੇ ਹੋਏ ਮਹਾਂਪੁਰਖ ਨਹੀਂ ਹੋ।

ਪੁਤ੍ਰ-ਮਾਂ! ਅਸਾਂ ਕੀਹ ਕੀਤਾ ਹੈ? ਹੈਂ।

ਮਾਤਾ ਜੀ-ਮਾੜਾ ਕੁਛ ਨਹੀਂ ਕੀਤਾ। ਪਰ ਅਨ-ਕੀਤਾ ਰਹਿ ਗਿਆ ਹੈ ਕੁਛ, ਉਹ ਹੈ ਬੰਦਗੀ। ਪੁਤ੍ਰ! ਤੁਸਾਂ ਵਿਚ ਕਮੀ ਨਹੀਂ ਇਕ ਹੋਰ ਯੋਗਤਾ ਦੀ ਲੋੜ ਹੈ, ਗੁਰਮਤਿ ਦੀ ਕਸਤੂਰੀ ਦੀ। ਪਿਤਾ ਨੂੰ ਗੁਰੂ ਸਮਝ ਕੇ ਗੁਰਮਤਿ ਵਿਚ ਲੀਨ ਹੋ ਜਾਓ, ਫੇਰ ਸਮਝ ਖੁੱਲ੍ਹ ਪਊ ਕਿ ਜੋ ਕੁਛ ਗੁਰੂ ਨੇ ਕੀਤਾ ਹੈ ਤੇ ਕਰਨਾ ਹੈ ਉਹ ਧੁਰ ਦਾ ਕੀਤਾ ਹੈ। ਮਾਤਾ ਸੁਲੱਖਣੀ ਜੀ ਨੂੰ ਗੁਰੂ ਬਾਬੇ ਨੇ ਆਖਿਆ ਸੀ 'ਕਿਸੇ ਦੇ ਹੱਥ ਕੁਛ ਨਹੀਂ ਇਹ ਸਭ ਕੁਛ-ਗੱਦੀ ਦਾ


www.sikhbookclub.com

ਦੇਣਾ-ਕਰਤਾਰ ਦੇ ਅਧੀਨ ਹੈ[੨੧੭]। ਬੇਟਾ! ਗੁਰੂ 'ਕਰਤਾਰ ਦੀ ਰਜ਼ਾ' ਵੇਖਦਾ ਹੈ, ਤੁਸੀਂ ਨਹੀਂ, ਪਰ ਤੁਸੀਂ ਪਿਤਾ ਗੁਰੂ ਜੀ ਰਜ਼ਾ ਤਾਂ ਵੇਖਦੇ ਹੋ, ਲੀਨ ਹੋ ਜਾਓ ਉਸ ਗੁਰਮਤਿ ਵਾਲੀ ਰਜ਼ਾ ਵਿਚ।

ਦਾਸਜ਼-ਫੇਰ ਦਾਸ ਦੇ ਦਾਸ ਹੋ ਵਰਤੀਏ?

ਦਾਤੂ-ਜੇ ਹਾਂ ਵਿਚ ਹਾਂ ਰਲਾਈ ਚਲੀਏ ਤਾਂ ਮੈਨੂੰ ਕਿ ਦਾਸੂ ਨੂੰ ਗੱਦੀ ਮਿਲ ਜਾਏਗੀ?

ਮਾਂ ਮੁਸਕ੍ਰਾਈ ਤੇ ਬੋਲੀ-ਇਹੋ ਹੀ ਭੁੱਲ ਹੈ। ਹਾਂ ਬੇਟਾ! ਗੱਦੀ ਦੁਨੀਆਂ ਦੀ ਵਿਰਾਸਤ ਨਹੀਂ ਇਹ ਧੁਰ ਦੀ ਮਿਲੀ ਤੇ ਧੁਰ ਤੋਂ ਮਿਲੀ ਜ਼ਿੰਮੇਵਾਰੀ ਹੈ। ਇਸ ਨੂੰ ਨਿਬਾਹੁਣ ਵਾਲਾ ਧੁਰੋਂ ਆਉਂਦਾ ਹੈ, ਚਾਹੋ ਆਉਂਦਾ ਹੀ ਰੋਸ਼ਨ ਹੋਵੇ- 'ਗੁਰੂ', ਜਿਵੇਂ 'ਗੁਰੂ ਨਾਨਕ'। ਚਾਹੋ ਕੁਛ ਸਮਾਂ ਸਿੱਖੀ ਕਮਾਕੇ ਹੋਵੇ ਰੋਸ਼ਨ, ਜਿਵੇਂ ਤੁਹਾਡੇ ਪਿਤਾ ਜੀ ਤੇ ਹੁਣ ਅਮਰਦਾਸ ਜੀ।...ਬੱਚਾ!

ਫੇਰ, ਕੇਡੀ ਜ਼ਿੰਮੇਵਾਰੀ ਹੈ, ਜ਼ਰਾ ਸੋਚੋ, ਹਰ ਦਰ ਆਏ ਦੇ ਪਾਪਾਂ ਦੀ ਭੂੰਡ-ਖੱਖਰ ਨੂੰ ਛੇੜਨਾ, ਓਸ ਦੇ ਮਾੜੇ ਕਰਮ ਕੱਟਣੇ ਹੈਂ! ਇਹ ਗੋਬਿੰਦ ਰੂਪ ਗੁਰੂ ਦਾ ਹੀ ਕੰਮ ਹੈ। ਇਹ ਜ਼ਿੰਮੇਵਾਹੀ ਹੈ ਭਾਰੀ। ਦੇਣਾ ਹੈ ਲੈਣਾ ਨਹੀਂ; ਤੁਸੀਂ ਮੰਗਦੇ ਹੋ ਗੁਰਜਾਈ, ਸ੍ਰੀ ਅਮਰਦਾਸ ਜੀ ਲੈਣੋਂ ਨਾਂਹ ਪਏ ਕਰਦੇ ਹਨ। ਤੁਸਾਂ ਦੀ ਬਿਰਤੀ ਮੰਗ ਵਿਚ ਹੈ, ਉਸ ਦੀ ਬਿਰਤੀ ਦਾਤਾ ਪਦ ਵਿਚ ਹੈ। ਓਹ ਜਾਣਦਾ ਹੈ ਗੱਦੀ ਲੈਣੀ ਸਦਾ ਦੇਣਾ ਹੀ ਦੇਣਾ ਹੈ; ਇਸ ਕਰਕੇ ਨਾਂਹ ਕਰਦਾ ਹੈ। ਤੁਸੀਂ ਸਮਝਦੇ ਹੋ ਇਹ ਲੈਣਾ ਹੀ ਲੈਦਾ ਹੈ-ਸਿਖਾਂ ਵਲੋਂ ਇੱਜ਼ਤ, ਮਾਨ, ਧਨ ਦੌਲਤ, ਇਹ ਮਨ ਦੀ ਮਤਿ ਹੈ, ਤਜਾਰ ਦਿਓ। ਧਾਰਨ ਕਰੋ ਗੁਰੂ ਦੀ ਮਤਿ ਨੂੰ। ਜੋ ਮਤਿ ਦੇਂਦੇ ਹਨ ਤੁਸਾਡੇ ਪਿਤਾ ਜੀ ਧਾਰਨ ਕਰੋ, ਸੁਖੀ ਹੋਵੋ। ਪੁਤ੍ਰ! ਜੋ ਕੰਮ ਕਰ ਨਾ ਸਕੀਏ, ਹੱਥ ਨਾ ਪਾਈਏ। ਹੱਥ ਪਾ ਕੇ ਛਡਿਆਂ ਹਾਰ ਤੇ ਨਮੋਸ਼ੀ ਗਲੇ ਪੈਂਦੀ ਹੈ ਤੇ ਕਈ ਵੇਰ ਦੁਖਾਂ ਦੇ ਮੂੰਹ ਆ ਜਾਈਦਾ ਹੈ[੨੧੮]।

# ੫੪. ਗੁਰਗੱਦੀ ਸਮਰਪਣ।

ਹਾੜ ਤੋਂ ਪੋਹ ਤਕ ਇਸ ਪ੍ਰਕਾਰ ਦੀਆਂ ਸਮਝੌਤੀਆਂ ਦੇ ਕਈ ਸਮੇਂ ਆਏ। ਗੁਰੂ ਜੀ ਬੜੇ ਮ੍ਰਿਦੁਲ ਸੁਭਾਵ ਵਾਲੇ ਸਨ, ਖੇਚਲ ਦੇਣੀ ਉਹਨਾਂ ਦੇ ਇਰਾਦੇ ਵਿਚ ਨਹੀਂ ਸੀ, ਸੁਖ ਦਾਤੇ ਦੁਖ ਭੰਜਨ ਸੁਆਮੀ ਸਨ। ਸ੍ਰੀ ਅਮਰਦਾਸ ਜੀ ਲਈ ਬੜਾ ਕੂਲਾ ਦਿਲ ਰਖਦੇ ਸਨ। ਚਾਹੁੰਦੇ ਸਨ ਬਿਨਾਂ ਖੇਚਲ ਕਾਰਜ ਹੋਵੇ, ਉਧਰ ਖੇਚਲ ਦੇਣ ਵਾਲਿਆਂ ਲਈ ਬੀ ਤਰਸ ਰਖਦੇ ਸਨ, ਕੂਲੇ ਕੂਲੇ ਦਿਲ ਵਿਚ। ਨਹੀਂ ਸਨ ਚਾਹੁੰਦੇ ਕਿ ਓਹ ਭੁੱਲ ਕਰਨ। ਸਗੋਂ ਖੁਲ੍ਹ ਪੈਨੇ ਸੁਮਤਿ ਦੇ ਨੈਣ ਤੇ ਇਨ੍ਹਾਂ ਦੇ ਦਿਲਾਂ ਨੂੰ ਖੇਚਲ ਨਾ ਹੋਵੇ ਈਰਖਾ ਦਵੈਖ ਦੀ। ਪਰ ਇਸ ਅਤਿ ਦੇ ਪਿਆਰ ਤੇ ਮਿਹਰ ਦੇ ਵਰਤਾਉ ਨੂੰ ਪੁੱਤਾਂ ਵੱਲੋਂ ਕਦੇ ਨਾਂਹ ਕਦੇ ਚੁਪ ਕਦੇ ਦਬਵੀਂ ਤੇ ਓਪਰੀ ਹਾਂ ਹੂੰ ਦਾ ਹੀ ਰੁੱਖਾ ਵਰਤਾਉ ਮਿਲਦਾ ਰਿਹਾ। ਸਤ ਅੱਠ ਮਹੀਨੇ ਲੰਘ ਗਏ[੨੧੯]।

ਪੋਹ ਬੀਤਿਆ, ਪਾਲੇ ਨੇ ਖੰਭ ਝਾੜੇ, ਸੁੱਤੀ ਸਬੰਤ ਨੇ ਆਕੜ ਭੰਨੀ, ਅੱਖ ਖੁਹਲੀਓਸ, ਦੇਖੇ ਕਿ ਮਾਘ ਚੜ੍ਹ ਪਿਆ ਹੈ। ਮਾਘ ਦੇ ਦੀਵਾਨ ਵਿਚ ਕੀਰਤਨ ਹੋਇਆ-

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ।

ਕੀਰਤਨ ਹੋ ਚੁਕਾ, ਸੰਗਤਿ ਵਿਦਾ ਹੋ ਗਈ! ਤਦ ਸਾਹਿਬਾਂ ਦੀ ਸੱਦ ਉਠੀ ਗਰਜਵੀਂ ਗੁਰੂ ਨਾਨਕ ਵਰਗੀ, ਸਿਆਲੇ ਦੇ ਬੱਦਲ ਦੀ ਮਿੱਠੀ ਮਿੱਠੀ ਖਿਰਨਵੀਂ ਗਰਜ :-

'ਗੁਰੂ ਪਿਆਰੇ ਬਿਰਧ ਜੀਓ! ਬਸੰਤ ਪੰਚਮੀ ਨੂੰ ਦੀਵਾਨ ਸਜੇ[੨੨੦]। ਸੱਦੇ ਜਾਣ ਗੁਰੂ ਨਾਨਕ ਦੇ ਪਿਆਰੇ ਹਜ਼ੂਰੀ ਸਿਖ ਪਰਵਾਰ ਸੱਦੋ ਅਮਰਦਾਸ ਦਾ, ਸੰਗਤਾਂ ਸੱਦੋ ਦੂਰ ਨੇੜਿਓਂ ਹਰੀਕੇ, ਡੱਲੇ, ਸੁਲਤਾਨਪੁਰ ਤੋਂ। ਪਰਵਾਰ ਦੇ ਆਉਣ ਮਘੋਵਾਲ ਤੋਂ। ਹੋਰ ਜਿਸ ਨੂੰ ਚਾਹੋ।

ਬਾਬੇ ਬੁੱਢੇ ਨੇ ਆਖਿਆ-ਜੀਓ ਸਤਿ ਬਚਨ।

ਇਸ ਪ੍ਰਕਾਰ ਦੀ ਆਗਜਾ ਪਾਕੇ ਮਾਤਾ ਖੀਵੀ, ਪੁਤ੍ਰ ਪਰਿਵਾਰ, ਸ੍ਰੀ ਅਮਰਦਾਸ ਜੀ, ਭਾਈ ਬੁੱਢਾ ਆਦਿ ਸਾਰੇ ਮੁਖੀ ਸਿਖ ਤੇ ਦੂਰ ਨੇੜੇ ਦੀਆਂ ਸੰਗਤਾਂ ਥਾਪੇ ਦਿਨ ਨੂੰ ਦੀਵਾਨ ਵਿਚ ਆ ਜੁੜੀਆਂ। ਖਡੂਰ ਵਿਚ ਭਾਰੀ ਦੀਵਾਨ ਲੱਗ ਗਿਆ; ਤਦ ਸਤਿਗੁਰੂ ਜੀ ਨੇ ਸ੍ਰੀ ਅਮਰਦਾਸ ਵਲ ਤੱਕ ਕੇ ਆਗਜਾ ਕੀਤੀ ਜੋ ਇਸ ਪ੍ਰਕਾਰ ਦੀ ਸੀ :-


www.sikhbookclub.com

ਸੁਨ ਪੁਰਖਾ! ਸ੍ਰੀ ਅਮਰ ਸੁ ਪਜਾਰੇ!
ਅਬ ਤੁਮ ਬੈਠਹੁ ਥਾਨ ਹਮਾਰੇ।
ਰਾਜ ਜੋਗ ਕੋ ਮਹਦ ਸਿੰਘਾਸਨ।
ਤਿਸ ਪਰ ਸੋਭਹੁ ਕਰਹੁ ਪ੍ਰਕਾਸਨ। (ਸੂ: ਪ੍ਰ:)

ਫਿਰ ਆਪਨੇ ਸ੍ਰੀ ਅਮਰਦਾਸ ਜੀ ਨੂੰ ਰਿਧਿ ਸਿਧਿ ਨਿਧਿ ਸਭ ਉੱਚ ਸ਼ਕਤੀਆਂ ਦੇ ਮੁੜ ਦਰਸ਼ਨ ਕਰਾਏ ਕਿ ਤੇਰੇ ਹੁਕਮ ਵਿਚ ਹੈਨ: ਸ੍ਰੀ ਅਮਰਦਾਸ ਜੀ ਨੇ ਬਿਨੈ ਕੀਤੀ-'ਸ਼ਕਤੀਆਂ ਸਭ ਆਪ ਪਾਸ ਹੋਣ ਤੇ ਮੈਂ ਸੇਵਾ ਵਿਚ ਹੋਵਾਂ ਤੇ ਸਦਾ ਰੰਗ ਇਹੋ ਰਹੇ!' ਗੁਰੂ ਜੀ ਨੇ ਫੁਰਮਾਯਾ : 'ਸਦ ਰਹਿਣਾ ਸਰੀਰਾਂ ਦਾ ਧਰਮ ਨਹੀਂ, ਹੁਕਮ ਹੁਣ ਤੁਸਾਂ ਲਈ ਕੰਮ ਕਰਨੇ ਦਾ ਹੈ। ਆਤਮਸ਼ਕਤੀਆਂ ਤੁਸਾਂ ਦੇ ਹੁਣ ਵੱਸ ਹੋਣਗੀਆਂ[੨੨੧]। ਏਹ ਤਾਕਤਾਂ ਵਰਤੋ ਯਾ ਨਾ, ਤੁਸਾਂ ਦੀ ਖੁਸ਼ੀ। ਆਗਿਆ ਮੇਰੀ ਹੁਣ ਇਉਂ ਹੀ ਹੈ ਕਿ ਤੁਸੀਂ ਗੁਰਜਾਈ ਦਾ ਕਾਰਜ ਕਰੋ। ਪੰਡ ਚਾਓ ਗੁਰੂ ਨਾਨਕ ਦੀ, ਜਗਤ ਨੂੰ ਰਸਤੇ ਪਾਓ, ਨਾਮ ਦਾਨ ਦਿਓ।' ਇਸ ਬਾਬਤ ਸੂ: ਪ੍ਰ: ਵਿਚ ਐਉਂ ਲਿਖਿਆ ਹੈ :-

ਸਗਲ ਜਗਤ ਕੋ ਤੁਝ ਗੁਰੁ ਕੀਨਾ।
ਰਾਜ ਜੋਗ ਸਿੰਘਾਸਨ ਦੀਨਾ॥੧੭॥
ਸਤਜ ਨਾਮ ਕਾ ਸਿਮਰਨ ਸਾਰੇ।
ਉਪਦੇਸਹੁ ਹੁਇ ਭਗਤਿ ਉਦਾਰੇ।
ਨਰਨ ਹਜ਼ਾਰਨ ਕੀ ਕਲਜਾਨ।
ਕਰੇ ਆਪ ਦੇ ਕਰ ਉਰ ਗਜਾਨ॥੧੮॥
(ਸੂ: ਪ੍ਰ:)

ਇਹ ਕਹਿਕੇ ਸ੍ਰੀ ਗੁਰੂ ਜੀ ਉਠੇ, ਪੰਜ ਪੈਸੇ ਸ੍ਰੀ ਅਮਰਦਾਸ ਜੀ ਅੱਗੇ ਧਰ ਦਿੱਤੇ ਤੇ ਇਕ ਨਾਲੀਯੇਰ ਝੋਲੀ ਪਾ ਦਿੱਤਾ। ਜਿਵੇਂ ਕਵੀ ਜੀ ਲਿਖਦੇ ਹਨ :-

ਪੈਸੇ ਪਾਂਚ ਨਾਲੀਅਰ ਏਕ।
ਲੈ ਬੁੱਢੇ ਤੇ ਜਲਧਿ ਬਿਬੇਕ
ਠਾਂਢੇ ਪਏ ਪ੍ਰਦਛਨਾ ਦੀਨੀ।
ਸ੍ਰੀ ਗੁਰ ਘਰ ਕੀ ਰੀਤਿ ਸੁ ਕੀਨੀ!
ਪੈਸੇ ਪੰਚ ਅਗਾਰੀ ਧਰੇ।
ਝੋਲੀ ਮਾਹਿ ਨਾਲੀਅਰ ਧਰੇ। (ਸੂ: ਪ੍ਰ:)

ਪ੍ਰਦਛਨਾ ਕਰਕੇ ਮੱਥਾ ਟੇਕਿਆ, ਫੇਰ ਉਠੇ ਤੇ ਪਜਾਰ ਨਾਲ ਬਾਹੋਂ ਫੜਕੇ ਉਠਾ ਲਿਆ ਤੇ ਉਠਾ ਕੇ ਆਪਣੇ ਸਿੰਘਾਸਨ ਤੇ ਆਪ ਆਪਣੇ ਪਜਾਰ-ਜ਼ੋਰ ਨਾਲ ਬਿਠਾ ਦਿੱਤਾ। ਹੁਣ ਸਭਨਾਂ ਵਲ ਤੱਕਕੇ ਇਕ ਟਿਕਵੀਂ ਤੇ ਜਬ੍ਹੇ ਵਾਲੀ ਆਵਾਜ਼ ਵਿਚ ਬੋਲੇ, ਜੈਸਾ ਕਿ ਲਿਖਿਆ ਹੈ :-

ਮੇਰੇ ਸਿਖ ਪੁਤ੍ਰ ਕੇ ਦਾਸ।
ਅੰਤ ਸਮੈਂ ਜੋ ਰਹਿੰ ਮਮ ਪਾਸ।
ਸੋ ਸਭ ਉਠਹੁ ਬੰਦਨਾ ਠਾਨਹੁ।
ਨਹੀਂ ਅਪਰ ਬਿਧਿ ਮਨ ਮਹਿਂ ਆਨਹੁ।
(ਸੂ: ਪ੍ਰ:)

ਸਭ ਤੋਂ ਪਹਿਲੇ ਸ੍ਰੀ ਬੁੱਢਾ ਜੀ ਅਗੇ ਹੋਏ, ਚਰਨਾਂ ਤੇ ਮੱਥਾ ਟੇਕਿਆ ਤੇ ਆਗਿਆ ਅਨੁਸਾਰ ਕੁੰਗੂ ਕਟੋਰੀ ਵਿਚੋਂ ਉਂਗਲ ਰੰਗ ਕੇ ਸ੍ਰੀ ਅਮਰਦਾਸ ਜੀ ਦੇ ਰੰਗ ਰਤੜੇ ਮਸਤਕ ਤੇ ਤਿਲਕ ਕਰ ਦਿੱਤਾ ਤੇ ਫੇਰ ਚਰਨਾਂ ਤੇ ਸੀਸ ਧਰ ਦਿੱਤਾ। ਇਸ ਤੋਂ ਮਗਰੋਂ ਮੁਖੀ ਮੁਖੀ ਸਿਖਾਂ ਨੇ ਵਾਰੋ ਵਾਰੀ ਉਠ ਕੇ ਮੱਥਾ ਟੇਕਿਆ। ਤਦੋਂ ਸਤਿਗੁਰ ਜੀ ਨੇ ਪੁੱਤਾਂ ਵੱਲ ਤੱਕਿਆ, ਪਰ ਉਹ ਨਾ ਉੱਠੇ, ਨਾ ਸੀਸ ਨਿਵਾਇਆ[੨੨੨]! ਫਿਰ ਸਾਰੀ ਸੰਗਤ ਨੇ ਵਾਰੋ ਵਾਰੀ ਨਮਸਕਾਰ ਕੀਤੀ। ਸਤਿਗੁਰ ਜੀ ਬੋਲੇ, ਜੈਸਾ ਕਿ ਲਿਖਿਆ ਹੈ :-

ਪੁਨ ਸੰਗਤਿ ਮਹਿ ਕਹਿਤ ਸੁਨਾਈ :
ਮਮ ਸਰੂਪ ਅਬ ਇਹੈ ਸੁਹਾਈ।
ਸੋ ਮੈਂ ਇਸ ਮਹਿ ਭੇਦ ਨ ਜਾਨਹੁ।
ਏਕ ਸਰੂਪ ਦੁਹੁਨ ਕਉ ਮਾਨਹੁ। (ਸੂ: ਪ੍ਰ:)

ਫਿਰ ਰਬਾਬੀਆਂ ਨੇ ਕੀਰਤੀ ਗਾਵੀਂ ਤੇ ਮਨੋਹਰ ਕੀਰਤਨ ਕੀਤਾ। ਕੜਾਹ ਪ੍ਰਸ਼ਾਦ ਵਰਤ ਕੇ ਗੱਦੀ ਦੇਣ ਦਾ ਦੀਵਾਨ ਸਮਾਪਤ ਹੋਇਆ।

## ਸੂਚਨਾ!

ਮਹਿੰਮਾ ਪ੍ਰਕਾਸ਼ ਦੋਹਾਂ ਮੂਜਬ ਗੱਦੀ ਤਦੋਂ ਦਿੱਤੀ ਗਈ ਸੀ ਜਦੋਂ ਜੁਲਾਹੀ ਵਾਲਾ ਪ੍ਰਸੰਗ ਵਰਤਿਆ ਸੀ। ਫੇਰ ਗੱਦੀ ਦੇ ਕੇ ਆਪ ਨੂੰ ਬਾਸਰਕੇ ਟੋਰ ਦਿੱਤਾ ਸੀ। ਉਥੋਂ ਸਦਵਾਕੇ ਫੇਰ ਗੋਇੰਦਵਾਲ ਵਸਾਇਆ। ਇਸ ਤਰ੍ਹਾਂ ਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਕਈ ਬਰਸ ਪਹਿਲੋਂ ਮਿਲੀ। ਬੰਸਾ: ਨਾਮੇ ਮੂਜਬ ਇਹ ਪਹਿਲਾ ਵਾਕਆ ੧੬੦੫ ਦਾ ਹੈ। ਤਵਾਰੀਖ ਖਾਲਸਾ(ਸਫਾ


www.sikhbookclub.com

੫੭੩) ਵਿਚ ਜੁਲਾਹੀ ਦਾ ਪ੍ਰਸੰਗ ਹੀ ਗੁਰੂ ਅੰਗਦ ਦੇਵ ਜੀ ਦੇ ਸਮਾਉਣ ਦੇ ਨੇੜੇ ਦਿੱਤਾ ਹੈ। ਬੰਸਾਵਲੀ ਨਾਮੇ ਵਿਚ ਲਿਖਯਾ ਹੈ ਕਿ ਗੱਦੀ ਦੇਣ ਦਾ ਜ਼ਿਕਰ ਸਮਾਉਣ ਤੋਂ ਨੌ ਮਹੀਨੇ ਪਹਿਲਾਂ ਕੀਤਾ ਤੇ ਗਦੀ ਜੋਤੀ ਜੋਤ ਸਮਾਉਣ ਦੇ ਨੇੜੇ ਦਿੱਤੀ। ਸੂਰਜ ਪ੍ਰਕਾਸ਼ ਨੇ ਜੁਲਾਹੀ ਵਾਲੇ ਪ੍ਰਸੰਗ ਸਮੇਂ ਮਿਹਰ ਹੋਈਲਿਖੀ ਹੈ ਤੇ ਗੱਦੀ ਦੀ ਦਾਤ ਜੋਤੀ ਜੋਤ ਦੇ ਕੌਤਕ ਦੇ ਸਮੇਂ ਹੋਈ ਹੈ। ਤਵਾ: ਖਾ: ਤੋਂ ਇਹ ਬੀ ਪਤਾ ਚਲਦਾ ਹੈ ਕਿ ਗਦੀ ਮਾਘ ਵਿਚ ਦਿੱਤੀ (ਸਫਾ ੫੭੩) ਤੇ ਜੋਤੀ ਜੋਤਿ ਸਮਾਏ ਚੇਤ ਵਿਚ। ਪਰ ਸਫੇ ੫੯੩ ਤੇ ਗਦੀ ਦੇਣ ਦੀ ਤਿਥਿ ਬਸੰਤ ਪੰਚਮੀ ਦਿੱਤੀ ਹੈ।

ਸੋ ਠੀਕ ਇਉਂ ਜਾਪਦਾ ਹੈ ਕਿ ਮੇਹਰ ੧੬੦੫ ਵਿਚ ਕੀਤੀ। ਗੱਦੀ ੧੬੦੯ ਦੇ ਮਾਘ ਵਿਚ ਦਿੱਤੀ ਤੇ ਜੋਤੀ ਜੋਤ ਸਮਾਉਣਾ ੧੬੦੯ ਦੇ ਚੇਤ ਵਿਚ ਹੋਇਆ। ਇਹੋ ਕ੍ਰਮ ਅਸਾਂ ਇਥੇ ਦਿੱਤਾ ਹੈ।

# ੫੫. ਜੋਤੀ ਜੋਤਿ।

ਪਾਲਾ ਸਹਜੇ ਸਹਜੇ ਟੁਰ ਪਿਆ, ਬਸੰਤ ਮਗਰੇ ਮਗਰ ਰਿੜ੍ਹਿਆ ਆਵੇ, ਪਰ ਬੱਦਲ ਦੂਤ ਦਾ ਕੰਮ ਕਰਕੇ ਮੁੜ ਮੁੜ ਪਾਲੇ ਨੂੰ ਮੋੜ ਮੋੜ ਲਿਆਉਣ। ਨਿੱਘ ਫੇਰ ਬੀ ਵਧਦੀ ਗਈ ਤੇ ਬਸੰਤ ਦਾ ਰੰਗ ਲਗਦਾ ਗਿਆ। ਮਾਘ ਫਗਣ ਬੀਤ ਗਏ। ਚੇਤਰ ਚੜ੍ਹਿਆ ਖਿੜ ਪਈ ਖੁਲ੍ਹੀ ਬਸੰਤ, ਖਿੜ ਪਈਆਂ ਬਹਾਰਾਂ, ਰੰਗ ਲਗ ਗਏ ਗੁਲਜ਼ਾਰਾਂ ਨੂੰ, ਬਨ ਬੀ ਫੁੱਲ ਖਲੋਤੇ। ਇਕ ਦਿਨ ਅਚਾਨਕ ਸਤਿਗੁਰ ਜੀ ਨੇ ਅਵਾਜ਼ ਦਿੱਤੀ-ਅਸੀਂ ਹੁਣ ਸਮਾਵਾਂਗੇ[੨੨੩]। ਇਹ ਸੋ ਸਾਰੇ ਪਸਰ ਗਈ। ਸੁਣ ਸੁਣ ਸਭ ਦੇ ਸੀਨੇ ਭਰ ਆਏ ਤੇ ਨੈਣ ਵਹਿ ਵਹਿ ਟੁਰੇ। ਗੋਇੰਦਵਾਲ ਬੀ ਸੋ ਅੱਪੜੀ, ਸ੍ਰੀ ਗੁਰੂ ਅਮਰਦਾਸ ਜੀ ਸੁਣਕੇ ਥਰਰਾਏ :-

"ਸੁਣ ਸ੍ਰੀ ਅਮਰ ਅਧਿਕ ਅਕੁਲਾਏ।
ਨਹਿਂ ਪਹੁੰਚਾਹਿਂ ਢਿਗ ਬਿਨਾਂ ਬੁਲਾਏ।" (ਸੂ: ਪ੍ਰ:

ਬਿਨ ਬੁਲਾਏ ਹਾਜ਼ਰ ਹੋਣ ਦੀ ਆਗਿਆ ਨਹੀਂ। ਨਾ ਗਏ ਬਿਨ ਹਿਰਦੇ ਵਿਚ ਵਸਦੇ ਪ੍ਰੇਮ ਰਾਜ ਜੀ ਵਿਆਕੁਲ ਕਰ ਰਹ ਹਨ। ਇਕ ਪਾਸੇ ਸਤਿਗੁਰੂ ਸਦਾ ਸਦਾ ਜਾਗਦਾ ਦੇਵ ਦਿਸ ਰਹੇ ਹਨ, ਦੂਜੇ ਪਾਸੇ ਪ੍ਰਤੱਖ ਦਰਸ਼ਨ ਦਾ ਪ੍ਰੇਮ ਖਿੱਚਾਂ ਮਾਰ ਰਿਹਾ ਹੈ। ਸਦਾ ਵਿਛੋੜੇ ਦਾ ਖਿਆਲ ਅਣਿਆਲੇ ਤੀਰਾਂ ਦੀ ਬੁਛਾੜ ਕਰ ਰਿਹਾ ਹੈ, ਵੈਰਾਗ ਛੁਟਦਾ ਹੈ, ਨੈਣ ਭਰ ਭਰ ਆਉਂਦੇ ਹਨ। ਵੀਚਾਰ ਫੁਰਦੀ ਹੈ, ਸ਼ੁਕਰ ਸ਼ੁਕਰ ਆਖਦੇ ਹਨ, ਨੈਣ ਠਲ੍ਹੀਂਦੇ ਹਨ, ਪ੍ਰੇਮ ਹੁਲਾਰਾ ਮਾਰਦਾ ਹੈ, ਬਿਰਹੋਂ ਦੀ ਖਿਰਨ ਛਿੜਦੀ ਹੈ, ਗਜਾਨ ਦੀ ਚਮਕ ਵਜਦੀ ਹੈ ਬ੍ਰਹਮ ਦ੍ਰਿਸ਼ਟੀ ਅਵਿਛੜ ਮੇਲ ਦਰਸਾ ਰਹੀ ਹੈ। ਕ੍ਰਿਤਗਜਤਾ ਫੇਰ ਪਜਾਰ ਹੁਲਾਰੇ ਮਾਰਦੀ ਹੈ। ਸਤਰੰਗੀ ਪੀਂਘ ਵਾਂਙੂ ਮਨ ਦੇ ਗਗਨਾਂ ਵਿਚ ਕਈ ਰੰਗ ਧਨੁਸ਼ਧਾਰੀ ਹੋ ਰਹੇ ਹਨ।

ਇਕ ਦਿਨ ਮੇਹਰ ਹੋ ਗਈ, ਸਿਖ ਆ ਗਿਆ ਇਕ, ਆਖਣ ਲੱਗਾ :- ਚਲੋ ਮਹਾਰਾਜ ਜੀ। ਸਤਿਗੁਰੂ ਜੀ ਯਾਦ ਕਰਦੇ ਹਨ।

ਹੁਣ ਸ਼ੁਕਰ ਦੀ ਮਿੱਠੀ ਮਿੱਠੀ ਫੁਹਾਰ ਲੱਥੀ : ਧੰਨ ਦਾਤਾ, ਧੰਨ ਅੰਤਰਯਾਮੀ, ਧੰਨ ਬਿਰਦ, ਧੰਨ ਬਿਰਦ ਪਾਲਨਾ। ਧੰਨ ਧੰਨ ਕਰਦੇ ਗੁੰਮ ਹੋ ਗਏ ਆਪੇ ਵਿਚ। ਕੁਛ ਚਿਰ ਮਗਰੋਂ ਉਠੇ ਤੇ ਟੁਰ ਪਏ ਪ੍ਰੀਤਮ ਦੇ ਦੇਸ਼, ਪਹੁੰਚੇ ਗੁਰੂ ਦੁਆਰੇ। ਅਮਿਤ ਪਿਆਰ ਭਰੇ ਸੱਦੇ ਦੇ ਸ਼ੁਕਰਾਨੇ ਵਿਚ ਹਨ, ਵਿਛੋੜੇ ਦੇ ਖਯਾਲ ਤੋਂ ਬਿਰਹੋਂ ਵਿਚ ਹਨ। ਗੁਰੂ ਦੀ ਅਮਰਤਾ ਦੇ ਨਿਹਚੇ ਵਿਚ ਪ੍ਰਕਾਸ਼ ਹੈ ਅੰਦਰ। ਇਸ ਤਰ੍ਹਾਂ ਵੈਰਾਗ ਦੇ ਪਿਆਰ ਭਰੇ ਪਹੁੰਚੇ ਪਾਸ ਤੇ ਲੇਟ ਗਏ ਚਰਨਾਂ ਵਿਚ ਬਿਹਬਲ ਹੋ ਕੇ। ਸ੍ਰੀ ਗੁਰੂ ਜੀ ਨੇ ਗੋਦ ਵਿਚ ਲੈ ਲਿਆ ਸੀਸ ਤੇ ਘੁੱਟਕੇ ਛਾਤੀ ਨਾਲ ਲਾ ਲਿਆ ਤੇ ਪਿਆਰ ਦਿੱਤਾ ਫਿਰ ਬੋਲੇ-"ਪੁਰਖਾ ਮੈਂ ਕਿਤੇ ਚੱਲਿਆ ਨਹੀਂ, ਪਰਮ ਜੋਤਿ ਵਿਚ ਨਿਵਾਸ ਕਰਨ ਲੱਗਾ ਹਾਂ, ਪਰਮ ਜੋਤਿ ਤੇਰੇ ਹਿਰਦੇ ਵਸਾ ਦਿੱਤੀ ਹੈ, ਸੋ ਮੈਂ ਵਿਛੁੜਨ ਨਹੀਂ ਲੱਗਾ ਤੇਰੇ ਕੋਲ ਹਾਂ।" ਗੁਰੂ ਅਮਰਦਾਸ ਜੀ ਨੇ ਸਿਰ ਉਚਯਾਕੇ ਚਿਹਰੇ ਵਲ ਤੱਕਿਆ, ਬੋਲੇ- 'ਪਰ ਜੀਓ...।' ਪਰ ਜੀਓ ਆਖਦੇ ਨੈਣਾਂ ਵਿਚ ਜਲਘਟਾਂ ਚੜ੍ਹ ਆਈਆਂ, ਗਲਾ ਗਦ ਗਦ ਹੋ ਗਿਆ, ਚਿਹਰੇ ਤੇ ਅਤਿ ਬਿਰਹੇ ਦੀ ਪਿਲੱਤਣ ਤੇ ਫਿਰ ਚਿਟਾਸ ਫਿਰ

ਗਈ। ਗੁਰੂ ਜੀ ਨੇ ਲਖ ਲਿਆ ਜੋ ਕੁਛ ਅੰਦਰ ਵਰਤ ਰਿਹਾ ਸੀ, ਸਿਰ ਤੇ ਹੱਥ ਫੇਰਿਆ ਜੀਵਨ ਰੁਮਕਾ ਦੇਣ ਵਾਲਾ। ਘੁੱਟਕੇ ਫੇਰ ਛਾਤੀ ਨਾਲ ਲਾ ਲਿਆ। ਕੁਛ ਚਿਰ ਪਿਆਰ ਨਾਲ ਬਿਰਹੇ ਦਾ ਦਾਰੂ ਕਰਕੇ ਬੋਲੇ :-

'ਪੁਰਖਾ! ਪਾਰਬ੍ਰਹਮ ਦੇ ਪੰਥ ਕੇ ਵਾਸਤੇ ਕਿਹਾ ਸੀ। ਤੁਮ ਕਿਰਪਾ ਕੀ ਨਜ਼ਰ ਕਰਨੀ। ਜਗਤ ਕੇ ਜੀਵ ਹੈਂ, ਇਨ ਕੇ ਪਰਮੇਸ਼ੁਰ ਦਾ ਹੁਕਮ ਦ੍ਰਿੜਾਵੋਂ (ਮਹਿ:ਪ੍ਰ:ਵਾ:)। ਗੁਰੂ ਨਾਨਕ ਦਾ ਹੁਕਮ ਹੈਸੀ ਅਸਾਂ ਨੂੰ ਹੁਣ ਹੈ ਤੁਸਾਂ ਨੂੰ। ਅਸਾਂ ਜਾਣਾ, ਤੁਸਾਂ ਰਹਿਣਾ ਹੈ, ਸਾਡਾ ਕੰਮ ਕਰਨਾ ਹੈ, ਹਾਂ, ਤੁਸਾਂ ਸਾਡੇ ਪਿਛੇ ਰਹਿਕੇ ਜਗਤ ਉਧਾਰ ਕਰਨਾ ਹੈ। ਇਸ ਕਾਰਜ ਵਿਚ ਤੁਸਾਂ ਅਸਾਂਨੂੰ ਆਪਣੇ ਨਾਲ ਨਿਜਾਨੰਦ ਸਮਾਧੀ ਵਿਚ ਅੰਦਰ ਵਰਤਦੇ ਦੇਖਣਾ, ਬਾਹਰ ਬ੍ਰਹਮ ਦ੍ਰਿਸ਼ਟੀ ਵਿਚ ਆਪਣੇ ਅੰਗ ਸੰਗ ਤੱਕਣਾ। ਵਿਛੋੜਾ ਨਹੀਂ ਹੋਣ ਲੱਗਾ। ਮੈਂ ਨਾ ਆਣਾ ਹੈ ਨ ਜਾਣਾ, ਅਪਨੇ ਪਰਮਾਤਮ ਰੂਪ ਵਿਚ ਸਮਾਉਣਾ ਹੈ। (ਮਹਿਮਾ ਪ੍ਰ:)

ਇਸ ਤਰ੍ਹਾਂ ਪਜਾਰ ਤੇ ਸਮਝੌਤੀਆਂ ਦੇ ਕੇ ਇਕੋ ਵਾਹਿਗੁਰੂ ਜੋਤਿ ਦੀਆਂ ਦੋ ਮੂਰਤੀਆਂ ਹੋ ਬੈਠੀਆਂ ਨਾਲੋ ਨਾਲ। ਸੰਗਤਿ ਪ੍ਰੇਮ ਪੂਰਤ ਦਰਸ਼ਨ ਕਰ ਕਰ ਵਿਸਮੈ ਹੋ ਰਹੀ ਸੀ, ਗੁਰੂ ਅੰਗਦ ਦੇਵ ਜੀ ਦੇ ਚਿਹਰੇ ਤੇ ਇਕ ਲਾਲੀ ਭਾ ਚਮਕ ਰਹੀ ਸੀ, ਮਾਨੋ ਕੋਈ ਖੁਸ਼ੀ ਦਾ ਕਾਰਜ ਹੋ ਰਿਹਾ ਹੈ।

ਹੁਣ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਗਿਆ ਹੋਈ ਕਿ ਲੰਗਰ ਵਿਚ ਜਾ ਕੇ ਸੰਗਤ ਨੂੰ ਨਾਲ ਲੈ ਜਾਵੋ, ਆਪ ਵਿਚ ਬੈਠ ਕੇ ਛਕੋ ਤੇ ਸੰਗਤ ਨੂੰ ਨਾਲ ਛਕਾਵੋ, ਫੇਰ ਸਾਰੇ ਇਥੇ ਆ ਜਾਓ। ਹੁਕਮ ਮੰਨਕੇ ਸਭ ਲੰਗਰ ਨੂੰ ਗਏ, ਇਥੇ ਸੁਹਣਾ ਜੱਗ ਦਾ ਸਾਮਾਨ ਸੀ। ਇਧਰ ਗੁਰੂ ਜੀ ਮਗਨ ਹੋ ਗਏ ਆਪਣੇ ਰੰਗ ਵਿਚ, ਉਧਰ ਸਿਖ ਪੰਗਤ ਲਾ ਬੈਠੇ। ਸ਼ਬਦ ਪੜ੍ਹਦੇ ਸਭ ਨੇ ਛਕਿਆ। ਪਹਿਲੀ ਪੰਗਤ ਛਕਕੇ ਗੁਰੂ ਕੇ ਹਜ਼ੂਰ ਆ ਗਈ। ਸ੍ਰੀ ਗੁਰੂ ਅਮਰਦਾਸ ਜੀ ਬਾਕੀ ਪੰਗਤਾਂ ਨੂੰ ਪ੍ਰਸ਼ਾਦ ਛਕਾਉਣ ਦੇ ਪ੍ਰਬੰਧ ਵਿਚ ਰਹੇ। ਜਦ ਛੇਕੜਲੀ ਪੰਗਤ ਚੁਲਾ ਕਰ ਹਟੀ ਤਾਂ ਖਬਰ ਆਈ ਕਿ ਗੁਰੂ ਦੀ ਗੱਦੀ ਤੇ ਬੈਠੇ ਬੈਠੇ ਹੀ ਲੋਪ ਹੋ ਗਏ ਹਨ। ਇਹ ਸੁਣ ਕੇ ਸਾਰੇ ਟੁਰ ਪਏ। ਜਦ ਪਹੁੰਚੇ ਤਾਂ ਸਚਮੁਚ ਗੁਰੂ ਜੀ ਗੱਦੀ ਤੇ ਬੈਠੇ ਦ੍ਰਿਸ਼ਟ ਨਹੀਂ ਸਨ ਪੈਂਦੇ। ਇਹ ਤੱਕਕੇ ਸ੍ਰੀ ਗੁਰੂ ਅਮਰਦਾਸ ਜੀ ਸਿੰਘਸਾਨ ਮੂਹਰੇ ਖੜੇ ਹੋ ਗਏ ਤੇ ਚੁਪ ਅਰਦਾਸ ਵਿਚ ਲੀਨ ਹੋ ਗਏ ਕਿ ਦਰਸ਼ਨ ਦਿਓ! ਜਦੋਂ ਆਪ ਜੀ ਨੇ ਨੈਣ ਖੁਹਲੇ ਤਾਂ ਸ੍ਰੀ ਜੀ ਪ੍ਰਤੱਖ ਸਿੰਘਾਸਣ ਤੇ ਬਿਰਾਜਮਾਨ ਸਨ!

ਆਪ ਨੇ ਪੁਛਿਆ-ਪਾਤਸ਼ਾਹ ਇਹ ਲੀਲਾ ਲਖੀ ਨਹੀਂ ਗਈ।

ਗੁਰੂ ਜੀ ਬੋਲੇ-ਪੁਰਖਾ! ਸਿਖਾਂ ਵਿਚ ਕੋਈ ਸੰਸਾ ਉਪਜਿਆ ਸੀ, ਨਵਿਰਤ ਕਰ ਦਿੱਤਾ ਹੈ, ਜੋ ਸਿਖ ਮਨ ਨਿਹਚੇ ਦੇ ਘਰ ਰਹੈ। ਸਿਖ ਦੀ ਸਦਗਤੀ ਸ਼੍ਰਧਾ ਵਿਚ ਹੈ।

ਪੁਰਖਾ! ਤੱਤਾਂ ਨੇ ਤੱਤਾਂ ਵਿਚ ਜਾ ਮਿਲਨਾ ਹੈ, ਅਗਨੀ ਨਾਲ ਮਿਲਕੇ ਤਾਂ, ਮਿੱਟੀ ਨਾਲ ਮਿਲਕੇ ਤਾਂ, ਜਲ ਨਾਲ ਮਿਲਕੇ ਤਾਂ, ਜੋ ਆਤਮਸ਼ਕਤੀ ਨਾਲ ਆਪੇ ਮੇਲ ਲਈ ਤਾਂ, ਗੁਪਤ ਪ੍ਰਗਟ ਕਰਤਾਰ ਦੇ ਰੰਗ ਹਨ। ਦੇਹਾਂ ਦੇ ਅੰਤ ਏਹੋ ਹਨ। ਬਾਕੀ ਰਹੀ ਜੋਤਿ; ਸੋ ਨਿਰਮਲ ਜੋਤਿ ਵਿਚ ਨਿਰਮਲ ਜੋਤਿ[੨੨੪]।...

ਫਿਰ ਬੋਲੇ, ਸੁਣ ਪੁਰਖਾ! ਹੁਣ ਨਹੀਂ ਓਦਰਨਾ। ਅਸਾਂ ਜਾਣਾ ਤੁਸਾਂ ਰਹਿਣਾ ਹੈ। ਸ਼ਬਦ ਕੀਰਤਨ ਕਰੋ ਤੇ ਮੰਗਲ ਮਨਾਓ। ਬੈਠੇ ਬੈਠੇ ਦੇਹ ਦੇ ਲੋਪ ਹੋਣ ਦਾ ਰੌਲਾ ਸੁਣਕੇ ਹੁਣ ਪੁਤ੍ਰ ਬੀ ਆ ਗਏ ਸੇ, ਉਨ੍ਹਾਂ ਨੇ ਅੰਤਮ ਵਾਕ ਆ ਸੁਣੇ। ਸਮਝ ਗਏ ਕਿ ਆਪ ਹੁਣ ਸਮਾ ਰਹੇ ਹਨ।

ਬੋਲੇ-ਪਿਤਾ ਜੀ ਆਪਣੇ ਚਲਾਣੇ ਦੀ ਆਗਿਆ ਕਰ ਰਹੇ ਹੋ, ਜੀਵਨ ਭਰ ਆਪ ਜੀ ਜਗਤ ਬਿਵਹਾਰਾਂ ਤੋਂ ਸੰਕੋਚ ਹੀ ਕਰਦੇ ਰਹੇ ਹੋ, ਆਗਿਆ ਕਰ ਦਿਓ ਜੋ ਆਪ ਦੇ ਸੰਸਕਾਰ ਕਿਵੇਂ ਕਰਨੇ ਹਨ। ਜੋ ਕੁਛ ਉਸ ਵੇਲੇ ਗੁਰੂ ਜੀ ਨੇ ਆਗਿਆ ਕੀਤੀ ਮਹਿਮਾ ਪ੍ਰਕਾਸ਼ ਵਿਚ ਇਉਂ ਲਿਖੀ ਹੈ :-

ਤਬ ਸ੍ਰੀ ਮੁਖ ਗੁਰ ਬਚਨ ਉਚਾਰਾ।
ਕਿਰਿਆ ਕਰਮ ਔ ਕੁਲ ਆਚਾਰਾ।
ਹਮਾਰੇ ਕਾਜ ਕਛੂ ਨਹੀਂ ਕਰਨਾ।
ਨਹੀਂ ਕਰਨਾ ਕੋਊ ਜਗ ਆਚਰਨਾ॥੩॥
ਹਰਿ ਭਜਨ ਕਰੋ ਪੀਛੇ ਮਮ ਪਿਆਰੇ।
ਕਰੋ ਅਨੰਦ ਮੰਗਲ ਸੁਖਕਾਰੇ।
ਦੇਹਿ ਸਸਕਾਰ ਅਗਨ ਮੋ ਕਰਨਾ।
ਕੀਰਤਨ ਭਜਨ ਤੋਖ ਚਿਤ ਧਰਨਾ[੨੨੫]।

(ਮਹਿਮਾ ਪ੍ਰਕਾਸ਼ ਛੰਦ)


www.sikhbookclub.com

ਪੁਤਰਾਂ ਨੂੰ ਉੱਤਰ ਦੇ ਕੇ ਫੇਰ ਸ੍ਰੀ ਗੁਰੂ ਜੀ ਸੰਗਤਿ ਵਲ ਤੱਕੇ ਤੇ ਕੁਛ ਬਚਨ ਕੀਤੇ ਜੋ ਮਹਿਮਾ ਪ੍ਰਕਾਸ਼ ਵਿਚ ਐਉਂ ਲਿਖੇ ਹਨ :-

ਕਹਿਓ ਦਿਆਲ ਸੰਗਤਿ ਸਮਝਾਇ।
ਸਤਿ ਉਪਦੇਸ ਦਿੜੋ ਸਤਿ ਭਾਇ।
ਪ੍ਰਗਟ ਰੂਪ ਗੁਰ ਅਮਰ ਮਮ ਜਾਨੋ।
ਸੰਸਾ ਭੇਦ ਨ ਮਨ ਮੈਂ ਆਨੋ।
ਅਮ ਗੁਰੂ ਨਿਜ ਰੂਪ ਮਮ,
ਯਾ ਮੋ ਨਾਹੀ ਭੇਦ।
ਜੋ ਅਭੇਦ ਜਾਨੈ ਗੁਰੂ,
ਨਹੀਂ ਜਨਮ ਮਰਨ ਇਹ ਖੇਦ॥੨੬॥
ਚੌਪਈ-ਇਨ ਕੇ ਹਾਥ ਮੁਕਤਿ ਕੇ ਦੁਆਰਾ।
ਕੀਆ ਚਹੇ ਸਭ ਜਗਤ ਉਧਾਰਾ।
ਸ਼ਰਨ ਪਏ ਸੋਈ ਜਗ ਤਰੇ।
ਭਵ ਸਾਗਰ ਸਿਖ ਪਾਰ ਉਤਰੇ॥੨੭॥

ਇਹ ਆਖਕੇ ਸੰਗਤਿ ਵਲ ਤੱਕੇ ਨੈਣ ਭਰ ਕੇ, ਅਸ਼ੀਰਵਾਦ ਨਾਲ ਭਰੇ ਨੈਣਾਂ ਨਾਲ। ਫਿਰ ਦ੍ਰਿਸ਼ਟ ਪਾਈ ਗੁਰੂ ਅਮਰਦਾਸ ਤੇ ਤੁਠਵੀਂ ਮੇਹਰ ਦੀ ਤੇ ਗਜਾਨ ਮਈ। ਚੁਪ ਛਾ ਗਈ। ਸਤਿਗੁਰ ਨੇ ਹੁਣ ਨੈਣ ਬੀ ਬੰਦ ਕਰ ਲਏ, ਸੁਹਣੇ ਅੰਮ੍ਰਿਤ ਭਰੇ ਨੈਣ ਜਿਨ੍ਹਾਂ ਦੀ ਅੰਮ੍ਰਿਤ ਧਾਰ ਦ੍ਰਿਸ਼ਟੀ ਪੈਣ ਨਾਲ ਜਗਤਮਨਾਂ ਦੇ ਕਲੇਸ਼ ਤੇ ਸਰੀਰਾਂ ਦੇ ਰੋਗ ਦੂਰ ਹੁੰਦੇ ਸਨ। ਬੰਦ ਕਰ ਲਏ ਨੈਣ ਗੁਰਮੁਖਾਂ ਦੇ ਦਿਦਾਰਿਆਂ ਨਾਲ ਪ੍ਰਸੰਨ ਹੋਣ ਵਾਲੇ ਨੈਣ। ਬੰਦ ਕਰ ਲਏ ਗੁਰੂ ਅਮਰਦਾਸ ਨੂੰ ਵੇਖ ਵੇਖ ਖੀਵੇ ਹੋਣ ਵਾਲੇ ਨੈਣ। ਬੰਦ ਕਰ ਲਏ ਦੇਖ ਕੇ ਅਣਡਿਠ ਕਰਨ ਵਾਲੇ ਬ੍ਰਹਮ ਦ੍ਰਿਸ਼ਟੀ ਵਿਚ ਰਹਿਣ ਵਾਲੇ ਨੈਣ।

ਇਸ ਤਰ੍ਹਾਂ ਮੀਟੇ ਨੈਣਾਂ ਵਿਚ ਬੈਠੇ ਲੇਟ ਗਏ ਸਿੰਘਾਸਨ ਉਪਰ ਹੀ, ਚਾਦਰ ਤਾਣ ਲਈ ਸਰੀਰ ਉੱਤੇ। ਸੌਂ ਗਏ ਲੇਟੇ ਲੇਟੇ ਹੀ। ਹਾਂ ਅਜ ਸਦਾ ਦੀ ਨੀਂਦੇ ਸੁਆ ਦਿੱਤਾ ਸਰੀਰ ਨੂੰ, ਸੁਹਣੇ, ਪਵਿਤ੍ਰ, ਨੇਕੀ ਕੇ ਪੁੰਜ, ਬ੍ਰਹਮ ਦੇ ਰੂਪ ਨੂੰ ਅੰਦਰ ਲਈ ਬੈਠੇ ਸਰੀਰ ਨੂੰ ਸੁਆ ਦਿੱਤਾ ਸਦਾ ਲਈ। ਜੋਤਿ ਤਿਆਗ ਗਈ ਸੁਹਣੇ ਸਰੀਰ ਨੂੰ, ਜਿਵੇਂ ਤਿਆਗ ਜਾਂਦੀ ਹੈ ਸੁਗੰਧੀ ਫੂਲ ਨੂੰ, ਜਾ ਰਲੀ ਜੋਤ ਸਦਾ ਜਾਗਦੀ ਜੋਤ ਵਿਚ ਜਿਵੇਂ ਕਲਸ (ਘੜੇ) ਵਿਚ ਲਸਦੇ ਚੰਦ ਦੀ ਜੋਤਿ ਸਮਾ ਜਾਂਦੀ ਹੈ ਗਗਨਾਂ ਵਿਚ ਲਸਦੇ ਚੰਦ ਦੀ ਜੋਤਿ ਕਲਸ (ਘੜੇ) ਦੇ ਬਿਲਾ ਗਿਆਂ।

ਜੋਤੀ ਅੰਦਰ ਜੋਤਿ ਸਮਾਣੀ
ਆਪੁ ਪਛਾਤਾ ਆਪੈ॥ (ਤੁਖਾਰੀ ਮ: ੧)

ਜੋਤਿ ਮਾਹਿ ਰਹੀ ਜੋਤਿ ਸਮਾਇ।
ਜਿਮ ਜਲ ਮੋ ਢੁਲਿ ਜਲ ਮਿਲ ਜਾਇ॥੨੮॥
ਸੁੰਨ ਮਾਹਿ ਜਿਉ ਸੁੰਨ ਸਮਾਈ।
ਅਕਥ ਕਥਾ ਗੁਰ ਲਖੀ ਨ ਜਾਈ॥
(ਮ: ਪ੍ਰ: ਛੰ:)

ੋ ੋ ੋ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

❋ ❋ ❋

# ਸਾਹਿਬ

# ਸ੍ਰੀ ਗੁਰੂ ਅਮਰ ਦਾਸ ਜੀ

## ਪਾਤਸ਼ਾਹੀ ਤੀਸਰੀ

❋ ❋ ❋


www.sikhbookclub.com

੧ਓ ਸਤਿਗੁਰ ਪ੍ਰਸਾਦਿ॥

# ਸ੍ਰੀ ਗੁਰੂ ਅਮਰ ਦਾਸ ਜੀਉ ਜੀ

## ੧. ਦਾਸੂ ਜੀ।

ਸ੍ਰੀ ਗੁਰੂ ਅੰਗਦ ਦੇਵ ਜੀ ਹੁਣ ਆਪਣੇ ਆਤਮ ਸਰੂਪ ਵਿਚ ਹਨ ਅਤੇ ਸਾਡੇ ਨੈਣਾਂ ਤੋਂ ਲੋਪ ਹਨ। ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰੇਮ ਇਹ ਅਸਹਿ ਵਿਛੋੜਾ ਝੱਲ ਨਹੀਂ ਸਕਦਾ। ਦੋ ਚਾਰ ਦਿਨ ਖਡੂਰ ਸਾਹਿਬ ਰਹੇ ਫੇਰ ਆਪਣੇ ਪ੍ਰੇਮ ਪ੍ਰਵਾਹ ਵਿਚ ਤਾਰੀਆਂ ਲਾਉਂਦੇ ਗੋਇੰਦਵਾਲ ਆ ਗਏ। ਭਾਈ ਬੱਲੂ ਆਪ ਦਾ ਪ੍ਰੇਮੀ ਸਿਖ ਤੇ ਨਿਜ ਸੇਵਕ, ਭਾਈ ਬੁੱਢਾ ਜੀ ਤੇ ਹੋਰ ਪ੍ਰੇਮੀ ਸਿਖ ਬੀ ਨਾਲ ਆ ਗਏ।

ਪਿਛੇ ਖਡੂਰ ਵਿਚ ਕੌਤਕ ਹੋਰ ਵਰਤਿਆ। ਦਾਸੂ ਜੀ ਇਹ ਗੱਲ ਸਹਿ ਨਹੀਂ ਸਨ ਸਕਦੇ ਕਿ ਗੱਦੀ ਪੁਤ੍ਰ ਦੇ ਸਿਵਾ ਦਾਸ ਲੈ ਜਾਏ। ਨਿਕਟਵਰਤੀ ਸੇਵਕ ਕੋਈ ਖੁਸ਼ਾਮਦੀ ਚਉਧਰੀ ਤੇ ਸਿਖ ਚੁਕ ਚੁਕਾ ਕਰ ਰਹੇ ਸਨ, ਜੈਸਾ ਕਿ ਐਸੇ ਮੌਕਿਆਂ ਤੇ ਜਗਤ ਵਿਚ ਹੋਇਆ ਕਰਦਾ ਹੈ। ਇਨ੍ਹਾਂ ਵਿਚੋਂ ਕਿਸੇ ਨੇ ਖਯਾਲ ਨਾ ਕੀਤਾ ਕਿ ਇਹ ਗੁਰਿਆਈ ਵਿਰਾਸਤ ਨਹੀਂ, ਇਹ ਬਖਸ਼ਿਸ਼ ਹੈ, ਇਹ ਗੱਦੀ ਮਾਮਲੇ ਲੈਣ ਦੀ ਨਹੀਂ ਇਹ ਜੀਅਦਾਨ ਦੇਣ ਦੀ ਜਗਵੇਦੀ ਹੈ। ਇਹ ਦੁਨੀਆਂਦਾਰੀ ਦਾ ਮਰਾਤਬਾ ਨਹੀਂ, ਇਹ ਜ਼ਿੰਮੇਵਾਰੀਆਂ ਦੀ ਪੰਡ ਹੈ। ਉਨ੍ਹਾਂ ਦੇ ਮਿਤ੍ਰਾਂ ਵਿਚ ਕੋਈ ਨਹੀਂ ਸੀ ਸਮਝਾਉਣ ਵਾਲਾ ਤੇ ਰਾਹੇ ਪਾਉਣ ਵਾਲਾ।

ਜਦੋਂ ਸ੍ਰੀ ਗੁਰੂ ਅਮਰਦਾਸ ਜੀ ਬਾਸਰਕੇ ਚਲੇ ਗਏ ਸਨ ਤੇ ਗੁਰੂ ਅੰਗਦ ਦੇਵ ਜੀ ਦੇ ਦੁਇ ਪੁਤ੍ਰ ਮਗਰ ਪਿੱਛਾ ਕਰਨ ਗਏ ਸਨ, ਪਰ ਹੱਥ ਬੱਝ ਗਏ ਮਾਨੋ ਤੇ ਗੁਰੂ ਅਮਰਦਾਸ ਜੀ ਦੀ ਮਿਹਰ ਨਾਲ ਖੁੱਲ੍ਹੇ ਸਨ, ਤਦੋਂ ਨਿਰਵੈਰ ਨਾਲ ਵੈਰ ਰਚਾਕੇ ਪਤੀਆ ਹੋ ਚੁੱਕਾ ਸੀ। ਪਰ ਇਹ ਹੱਡੀਂ ਵਰਤੀ ਦੇਖਕੇ ਬੀ ਯਕੀਨ ਕਾਯਮ ਨਾ ਸੋ ਹੋਇਆ। ਗੱਦੀ ਵੇਲੇ ਜੁ ਕੁਛ ਵਰਤਿਆ ਤਦੋਂ ਬੀ ਪੁਤਾਂ ਨੇ ਗੁਰੂ ਪਦ ਦੀ ਅਸਲੀਅਤ ਨੂੰ ਨਾ ਲਖਿਆ ਤੇ ਪਿਤਾ ਗੁਰੂ ਦੀ ਆਗਿਆ ਪਾਲਣ ਨਾ ਕੀਤੀ। ਹੁਣ ਦ ਸ੍ਰੀ ਅਮਰਦਾਸ ਜੀ ਗੋਇੰਦਵਾਲ ਚਲੇ ਗਏ ਤਾਂ ਪਿਛੋਂ ਸਲਾਹਾਂ ਮਸ਼ਵਰੇ ਹੁੰਦੇ ਰਹੇ। ਮਾਤਾ ਖੀਵੀ ਫੇਰ ਬੀ ਸਮਝਾਉਂਦੀ ਰਹੀ ਕਿ ਇਹ ਭਾਰੀ ਪੰਡ ਹੈ ਉਠਾਈ ਨਹੀਂ ਜਾਏਗੀ, ਜੋ ਕੁਛ ਤੁਸਾਡੇ ਪਿਤਾ ਗੁਰੂ ਜੀ ਕਰ ਗਏ ਹਨ, ਤੁਸਾਂ ਨੂੰ ਉਸ ਤੇ ਫੁਲ ਚੜ੍ਹਾਉਣੇ ਚਾਹੀਦੇ ਹੈਨ, ਪਰ ਇਹ ਪਿਆਰ ਤੇ ਸਚ ਦੀ ਸਿਖਿਆ ਉਨ੍ਹਾਂ ਨੂੰ ਨਾ ਭਾਈ। ਅੰਤ ਭਾਈਚਾਰੇ ਦੇ ਕੁਛਕੁ ਤੇ ਕੁਛ ਹੋਰ ਲੋਕਾਂ ਨੇ ਦਾਸੂ ਜੀ ਨੂੰ ਗੁਰਿਆਈ ਦੀ ਪੱਗ ਬੰਨ੍ਹਾ ਦਿੱਤੀ। ਕੁਛ ਸਮਾਂ ਆਪ ਜੀ ਗੁਰਿਆਈ ਦਾ ਉਤਾਰਾ ਉਤਾਰਦੇ ਰਹੇ, ਉਪਦੇਸ਼ ਦੇਂਦੇ, ਅਸੀਸਾਂ ਤੇ ਵਰ ਪ੍ਰਦਾਨ ਕਰਦੇ ਰਹੇ, ਪਰ ਸਿੱਟਾ ਇਹ ਹੋਇਆ ਕਿ ਸਿਰ ਫਿਰ ਗਿਆ ਜੋ ਅਨੇਕ ਜਤਨਾਂ ਨਾਲ ਬੀ ਠੀਕ ਨਾ ਹੋਇਆ। ਫੇਰ ਸਾਰਿਆਂ ਮੁਸਾਹਿਬਾਂ ਨੇ ਨਿਕਟਵਰਤੀਆਂ ਨੇ ਮਾਤਾ ਜੀ ਪਾਸ ਅਰਜ਼ ਕੀਤੀ ਕਿ ਤੁਸੀਂ ਕਰਨੀ ਵਾਲੇ ਹੋ, ਇਹ ਤੁਹਾਡਾ ਪੁਤ੍ਰ ਹੈ, ਆਪਣੀ ਕਲਾ ਵਰਤਾ ਕੇ ਇਨ੍ਹਾਂ ਦਾ ਸਿਰ ਠੀਕ ਕਰੋ।

ਮਾਤਾ-ਮੈਂ ਤੁਸਾਨੂੰ ਵਰਜ ਰਹੀ ਸਾਂ ਕਿ ਇਹ ਭਾਰੀ ਪੰਡ ਹੈ, ਬਲ ਤੋਂ ਵਧੀਕ ਭਾਰ ਚੁੱਕਣ ਨਾਲ ਸਿਰ ਚਕਰਾਉਣਾ ਹੀ ਹੋਇਆ। ਜਦ ਤਕ ਭਾਰੀ ਪੰਡ ਸਿਰ ਤੇ ਹੈ, ਸਿਖ ਨੇ ਸੁਖੀ ਨਹੀਂ ਹੋਣਾ। ਹੁਣ ਬੀ ਜੇ ਇਹ ਪੰਡ ਸਿਰੋਂ ਉਤਾਰ ਦਿੱਤੀ ਜਾਏ ਤਾਂ ਭਲਾ ਹੈ, ਨਹੀਂ ਤਾਂ ਦਿਨੋਂ ਦਿਨ ਵਿਗਾੜ ਹੀ ਵਿਗਾੜ ਨਿਕਲਣਾ ਹੈ।

ਦਿੱਤੀ ਮਤਿ ਕੋਈ ਵਿਰਲਾ ਲੈਂਦਾ ਹੈ। ਕਦ ਦੁੱਖ ਆ ਕੇ ਵਾਪਰਦਾ ਹੈ ਤਾਂ ਕਦੇ ਮਤਿ ਮੰਨੀ ਬੀ ਜਾਂਦੀ ਹੈ। ਐਤਕੀ ਮਾਤਾ ਦਾ ਉਪਦੇਸ਼ ਸਫਲਿਆ। ਦਾਸੂ ਜੀ ਨੇ ਕਿਹਾ:ਮਾਂ ਜੀ! ਜੇ ਮੇਰਾ ਸਿਰ ਠੀਕ ਹੋ ਸਕਦਾ ਹੈ


www.sikhbookclub.com

ਤਾਂ ਮੈਂ ਗੁਰਿਆਈ ਛੱਡੀ। ਮੈਂ ਸਿਰ ਦੇ ਖ਼ਫਕਾਨ ਤੋਂ, ਜੋ ਦੌਰੇ ਵਾਂਙੂ ਹੋ ਜਾਂਦਾ ਹੈ, ਬਹੁਤ ਦੁਖੀ ਹਾਂ।

ਮਾਤਾ-ਬਰਖ਼ੁਰਦਾਰ! ਫੇਰ ਜੋ ਪਿਤਾ ਗੁਰੂ ਦੇ ਫ਼ੁਰਮਾਨ ਦੀ ਅਵੱਗਿਆ ਕੀਤੀ ਹੈ ਉਸਦਾ ਪ੍ਰਾਸਚਿਤ ਕਰੋ।

ਦਾਸੂ-ਕੀਕੂੰ ਮਾਂ ਜੀਓ?

ਮਾਤਾ-ਚਲੋ ਗੋਇੰਦਵਾਲ, ਗੁਰੂ ਦੀ ਗਦੀ ਤੇ ਬਿਠਾਏ ਗੁਰੂ ਤੋਂ ਖਿਮਾਂ ਮੰਗੋ, ਉਹਨਾਂ ਦੇ ਚਰਨੀਂ ਲਗੋ। ਉਨ੍ਹਾਂ ਦੀ ਮਿਹਰ ਦ੍ਰਿਸ਼ਟੀ ਸਭ ਸੁਖ ਕਰੇਗੀ।

ਦਾਸੂ-ਮਾਤਾ ਜੀ! ਮੈਨੂੰ ਤਾਂ ਆਉਂਦੀ ਏ ਸ਼ਰਮ, ਜੋ ਕੁਛ ਮੈਂ ਕੀਤਾ ਹੈ ਉਸ ਤੇ ਉਹ ਗੁੱਸੇ ਹੋ ਗਏ ਹੋਣਗੇ। ਮੇਰਾ ਤੁਰਕੇ ਜਾਣਾ ਹੀ ਹੀਨਤਾ ਹੈ ਤੇ ਗਿਆ ਜੇ ਅਪਮਾਨ ਹੋਇਆ ਤਾਂ ਫਿਰ ਕੀ ਰਹਿ ਆਊ!

ਮਾਤਾ-ਸੰਸਾਰ ਦੇ ਵਰਤਾਰੇ ਹੋਰ ਹਨ। ਜੋ ਅੰਦਰ ਸਾਈਂ ਨਾਲ ਜੁੜੇ ਰਹਿੰਦੇ ਹਨ ਉਨ੍ਹਾਂ ਦਾ ਵਰਤਾਰਾ ਹੋਰ ਹੁੰਦਾ ਹੈ, ਉਹ ਸਾਡੀ ਸਮਝੇ ਨਹੀਂ ਪੈਂਦਾ। ਤੂੰ ਚਲ ਤੇ ਮੈਂ ਤੇਰੇ ਨਾਲ ਚਲਦੀ ਹਾਂ, ਫੇਰ ਦੇਖ ਲਈਂ ਕਿ ਉਹਨਾਂ ਦੇ ਸਾਰੇ ਸਰੇਸ਼ਟਾਚਾਰਾਂ ਤੋਂ ਉਪਰ ਵਰਤਣ ਵਾਲਾ ਆਤਮ ਮੰਡਲ ਦਾ ਸ਼ਰੇਸ਼ਟਾਚਾਰ ਕੀਹ ਕੌਤਕ ਕਰਦਾ ਹੈ।

ਦਾਸੂ-ਹਾਂ ਮਾਂ ਜੀ! ਜੇ ਤੁਸੀਂ ਨਾਲ ਚਲੋ ਤਾਂ ਮੈਂ ਚਲਦਾ ਹਾਂ। ਇਹ ਮੈਨੂੰ ਆਸ ਹੈ ਕਿ ਉਹ ਤੁਸਾਡਾ ਕਿਹਾ ਨਹੀਂ ਮੋੜਨਗੇ, ਤੁਸਾਡਾ ਸਤਿਕਾਰ ਓਹ ਬਹੁਤ ਕਰਦੇ ਹਨ।

ਮਾਤਾ-ਸਤਿ ਬਚਨ ਲਾਲ ਜੀ! ਮੈਂ ਤੁਸਾਂ ਦੇ ਨਾਲ ਚਲਸਾਂ ਤੇ ਆਪਣੇ ਸਾਥੀਆਂ ਨੂੰ ਬੀ ਨਾਲ ਲੈ ਚਲ ਜੋ ਉਹ ਬੀ ਬੇਮੁਖ ਨਾ ਰਹਿਣ ਤੇ ਬਖਸ਼ੇ ਜਾਣ।

ਦਾਸੂ-ਹੱਛਾ ਮਾਂ ਜੀ!

ਇਹ ਕਹਿਕੇ ਉਸ ਦੇ ਸਿਰ ਨੂੰ ਇਕ ਚੱਕਰ ਆਇਆ, ਤੇ ਮਾਤਾ ਜੀ ਨੇ ਸਿਰ ਫੜਕੇ ਆਪਣੇ ਹੱਥਾਂ ਵਿਚ ਘੁਟ ਲਿਆ ਤੇ ਆਖਿਆ ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ[੨੨੬]।

ਥੋੜੇ ਚਿਰ ਵਿਚ ਸਾਹਿਬਜ਼ਾਦੇ ਜੀ ਦਾ ਸਿਰ ਖੜੋ ਗਿਆ, ਚੱਕਰ ਹਟ ਗਿਆ, ਤਦ ਮਾਤਾ ਜੀ ਨੇ ਕਿਹਾ: ਦੇਖ ਬੱਚਾ! ਤੇਰੇ ਪਿਤਾ ਜੀ ਨੇ ਇਕ ਦਿਨ ਕਿਸੇ ਆਪਣੇ ਵਿਤੋਂ ਵਧਕੇ ਜ਼ੋਰ ਲਾਉਣ ਵਾਲੇ ਸਾਧਕ ਨੂੰ ਸਮਝਾਇਆ ਸੀ ਕਿ ਜੋ ਵਠੂਹਿਆਂ ਦਾ ਮਾਂਦ੍ਰੀ ਹੋਵੇ ਉਸ ਨੂੰ ਸਪਾਂ ਨੂੰ ਹੱਥ ਨਹੀਂ ਪਾਉਣਾ ਚਾਹੀਦਾ। ਸੁਣ ਉਨ੍ਹਾਂ ਦੇ ਉਚਾਰੇ ਵਾਕ :-

ਸਲੋਕੁ ਮਹਲਾ ੨॥

ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ॥
ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ॥
ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ॥
ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ॥
ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ॥
ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ॥੧॥ (ਵਾਰ ਮਾਝ-੨੨)

ਗੁਰਿਆਈ ਸ਼ਰਨ ਆਇਆਂ ਦੇ ਪਾਪਾਂ ਦੁਖਾਂ ਦਾ ਭਾਰ ਝੱਲਣਾ ਹੁੰਦਾ ਹੈ, ਉਹ ਉਹੀ ਝੱਲ ਸਕਦਾ ਹੈ ਜਿਸ ਦੇ ਸਿਰ ਤੇ ਗੁਰੂ ਦਾ ਹੱਥ ਹੋਵੇ। ਉਹ ਦਾਤ ਤੇਰੇ ਪਿਤਾ ਜੀ ਸ੍ਰੀ ਅਮਰਦਾਸ ਜੀ ਨੂੰ ਦੇ ਕੇ ਗੁਰੂ ਥਾਪ ਗਏ ਹਨ ਤੇ ਸ੍ਰੀ ਅਮਰਦਾਸ ਜੀ ਦੇ ਸਿਰ ਤੇ ਤੇਰੇ ਪਿਤਾ ਜੀ ਦਾ ਹੱਥ ਵੀ ਤੇ ਹੈ, ਹਾਂ ਹੁਣ ਤਕ ਸਿਰ ਤੇ ਖੜੇ ਹਨ। ਜਿਸ ਸ਼ੈ ਨੂੰ ਤੂੰ ਖੋਹਕੇ ਲੈਣੀ ਚਾਹੁੰਦਾ ਹੈਂ, ਉਹ ਸ਼ੈ ਗੁਰੂ ਅਮਰਦਾਸ ਜੀ ਲੈਣੀ ਨਹੀਂ ਸਨ ਚਾਹੁੰਦੇ, ਉਨ੍ਹਾਂ ਨੇ ਉਹ ਸ਼ੈ ਤੇਰੇ ਪਿਤਾ ਜੀ ਦਾ ਹੁਕਮ ਮੰਨ ਕੇ ਲੀਤੀ ਹੈ।

ਹੁਣ ਤਕ ਦੇਖ ਲੈ ਓਹ ਆਪਣੇ ਆਤਮ ਰੰਗ ਵਿਚ ਮਗਨ ਰਹਿੰਦੇ ਹਨ। ਜੋ ਖਬਰਾਂ ਆਉਂਦੀਆਂ ਹਨ ਓਹ ਏਹ ਹਨ : ਕਿ ਆਪ ਜੀ ਏਕਾਂਤ ਰਹਿੰਦੇ ਹਨ। ਕੋਈ ਆਖਦਾ ਹੈ ਕਿ ਦਿਹਾੜੀ ਨਦੀ ਦੇ ਕਿਨਾਰੇ ਇਕ ਝੁੱਗੀ ਪਾਈ ਹੈ ਉਸ ਵਿਚ ਜਾ ਬੈਠਦੇ ਹਨ ਤੇ ਆਪਣੇ ਰੰਗ ਮਗਨ ਚੁਪ ਚਾਪ ਰਹਿੰਦੇ ਹਨ; ਹਾਂ, ਕੂੰਦੇ ਮਹਿੰਦੇ ਬੀ ਕਿਸੇ ਨਾਲ ਨਹੀਂ; ਇਕੋ ਖੱਲੂ ਸੇਵਾ ਕਰਦਾ ਤੇ ਕੁਛ ਦਲੀਆ ਦੋ ਵੇਲੇ, ਕਦੇ ਅੱਠੀਂ ਪਹਿਰੀਂ ਖ਼ੁਆਲ ਦੇਂਦਾ ਹੈ। ਗੁਰਿਆਈ ਵਾਲਾ ਕੰਮ ਜਿਵੇਂ ਪਹਿਲੋਂ ਤੇਰੇ ਪਿਤਾ ਜੀ ਨੇ ਨਹੀਂ ਸੀ ਕੀਤਾ ਤਿਵੇਂ ਉਹ ਨਹੀਂ ਕਰਦੇ।

ਦਾਸੂ-ਫੇਰ ਮਾਂ ਜੀ ਉਹ ਕੀ ਕਰਦੇ ਹਨ?

 www.sikhbookclub.com

ਮਾਤਾ-ਇਹੋ ਗੱਲ ਹੈ ਨਾ! ਉਹ ਆਪਣੇ ਧਿਆਨ ਮਗਨ ਰਹਿੰਦੇ ਹਨ, ਵਾਹਿਗੁਰੂ ਦੇ ਰੰਗ ਰਤੜੇ ਲੀਨ ਟਿਕੇ ਰਹਿੰਦੇ ਹਨ। ਇਹ ਉਹਨਾਂ ਦਾ ਆਪਣਾ ਆਤਮ ਆਨੰਦ ਹੈ ਜਿਸ ਦਾ ਰਸ ਉਹੀ ਮਾਣਦੇ ਹਨ। ਜਦ ਲੋਕਾਂ ਵਿਚ ਬੈਠਣਗੇ, ਉਪਦੇਸ਼ ਕਰਨਗੇ ਤਾਂ ਇਹ ਆਪਣਾ ਆਨੰਦ ਵੰਡਣਗੇ। ਇਹ ਜੀਆਦਾਨ ਹੈ ਜੋ ਦੇਣਗੇ। ਇਸ ਲਈ ਗੁਰਿਆਈ ਦਾਤਾ ਹੋਣਾ ਹੈ, ਦੇਣਾ ਹੈ, ਲੈਣਾ ਨਹੀਂ ਹੈ। ਦੇਣਾ ਕਿੰਨਾ ਕੁ ਸੌਖਾ ਹੁੰਦਾ ਹੈ, ਤੂੰ ਹੀ ਸੋਚ ਲੈ।

ਦਾਸੂ-ਮੈਂ ਭੀ ਤਾਂ ਅਸੀਸਾਂ ਤੇ ਵਰ ਦੇਂਦਾ ਰਿਹਾ ਹਾਂ।

ਮਾਤਾ-ਜਿਤਨਾ ਬਲ ਤੇਰੇ ਵਿਚ ਸੀ ਉਤਨਾ ਹੀ ਕਿਸੇ ਨੂੰ ਲਾਭ ਹੋਣਾ ਹੈ ਨਾ। ਬਾਲ ਦਾ ਚਲਾਯਾ ਤੀਰ, ਜਆਨ ਦਾ ਚਲਾਇਆ ਤੀਰ ਅਤੇ ਸਿਖੇ ਹੋਏ ਧਨੁਖਧਾਰੀ ਦਾ ਤੀਰ ਇਕੋ ਜਿੰਨੀ ਦੂਰ ਨਹੀਂ ਨਾ ਜਾਂਦੇ। ਬੱਠਲ ਦੇ ਪਾਣੀ ਵਿਚ ਕਿੰਨੇ ਕੁ ਕਪੜੇ ਧੋਤੇ ਜਾ ਸਕਦੇ ਹਨ? ਤੇ ਵਗਦੇ ਪਾਣੀ ਵਿਚ, ਕਿ ਨਦੀ ਵਿਚ ਧੋਤਿਆਂ ਮੈਲ ਕਿਸ ਨੂੰ ਲੱਗਦੀ ਹੈ ਤੇ ਸਮੁੰਦਰ ਦਾ ਹਿਸਾਬ ਤੂੰ ਸੋਚ ਲੈ। ਗੁਰਿਆਈ ਸ਼ਰਨ ਆਇਆਂ ਦੇ ਪਾਪਾਂ ਦੀ ਮੈਲ ਧੋਣੀ ਹੁੰਦੀ ਹੈ ਤੇ ਉਹ ਕੰਮ ਦਰਿਆਵਾਂ ਸਾਗਰਾਂ ਦਾ ਹੈ, ਬੱਠਲਾਂ ਦਾ ਨਹੀਂ।

ਦਾਸੂ-ਠੀਕ ਹੈ ਮਾਂ ਜੀ!

ਮਾਤਾ-ਇਹ ਲੋਕਾਂ ਦੀਆਂ ਮੈਲਾਂ ਤੇਰਾ ਸਿਰ ਝੱਲਣੋ ਰਹਿ ਖਲੋਤਾ ਹੈ। ਅਜੇ ਵੀ ਸਮਝ ਲੈ ਤੇ ਸਿਆਣਪ ਕਰਲੈ!

ਦਾਸੂ-ਮਾਂ ਜੀ ਹੁਣ ਸਮਝ ਆ ਗਈ ਹੈ।

ਦਸੋ ਹੁਣ ਫੇਰ ਮਾਂ ਜੀ ਕਦੋ ਚਲੀਏ? ਛੇਤੀ ਹੋ ਜਾਏ ਤੇ ਚੰਗਾ ਹੈ। ਸਿਰ ਬਹੁਤ ਘਬਰਾ ਘਬਰਾ ਉਠਦਾ ਹੈ। ਖ਼ਫਕਾਨ ਜੇਹਾ ਚੜ੍ਹ ਪੈਂਦਾ ਹੈ।

ਮਾਤਾ-ਕੱਲ ਹੀ ਸਹੀ, ਲਾਲ ਜੀਓ!

## ੨. ਸਦਾ ਬਖਸ਼ਿੰਦ ਜੀ।

**ਬਿਆਸਾ** ਵਗ ਰਹੀ ਹੈ ਪਰ ਅਡੋਲ, ਕੋਈ ਲਹਿਰ ਤ੍ਰੰਗ ਨਹੀਂ ਪੈਂਦਾ, ਹਵਾ ਕਾ ਰੁਮਕਾ ਮਾਤ੍ਰ ਬੀ ਨਹੀਂ ਰੁਮਕ ਰਿਹਾ, ਐਉਂ ਖੜੀ ਜਾਪਦੀ ਹੈ ਜਿਵੇਂ ਯੋਗੀ ਰਾਜ ਦੀ ਬ੍ਰਿਤੀ ਖੜੀ ਹੈ। ਸੂਰਜ ਦੇ ਅੱਗੇ ਪਤਲੀ ਪਤਲੀ ਬਦਲੀ ਹੈ, ਪਰ ਬੱਦਲ ਚਾਲ ਨਹੀਂ, ਮਾਨੋਂ ਚਿੱਟਾ ਚੰਦੋਆ ਤਣ ਰਿਹਾ ਹੈ। ਨਦੀ ਦੇ ਕਿਨਾਰੇ ਇਕ ਰਤਾ ਕੁ ਉੱਚਾ ਟਿੱਬਾ ਹੈ। ਇਸ ਉਤੇ ਇਕ ਕੱਖਾਂ ਦੀ ਛੰਨ ਪਈ ਹੋਈ ਹੈ। ਛੰਨ ਦੇ ਅੱਗੇ ਇਕ ਵਧਵਾਂ ਕੱਖਾਂ ਦਾ ਹੀ ਛਪਰ ਤਣ ਰਿਹਾ ਹੈ, ਜਿਵੇਂ ਅਜ ਕਲ ਬ੍ਰਾਮਦੇ ਯਾ ਬਰਾਂਡੇ ਹੁੰਦੇ ਹਨ। ਜਿਸ ਦੇ ਹੇਠ ਪ੍ਰਾਲੀ ਵਿਛੀ ਹੈ। ਇਸ ਪ੍ਰਾਲੀ ਉਤੇ ਬੈਠਾ ਹੈ ਨਹੀਂ ਭੁਈਂ ਦਾ ਸਾਈ[੨੭], ਖਜਾਲ ਮੰਡਲ ਦਾ ਮਾਲਕ, ਹਾਂ ਇਸ ਤੋਂ ਵੀ ਉਪਰ ਸੰਕਲਪ ਵਿਕਲਪ ਦਾ ਘਾਲਕ, ਪੈਗੰਬਰਾਂ ਅਵਤਾਰਾਂ ਨੂੰ ਰਸਤਾ ਦੱਸਣ ਵਾਲਾ ਸਾਲਕ; ਖਾਲਕ ਦਾ ਅਪਨਾ ਬਾਲਕ, ਆਤਮ ਸ੍ਰਿਸ਼ਟੀ ਦਾ ਮਾਲਕ। ਬੈਠਾ ਹੈ ਅਡੋਲ, ਐਸਾ ਕਿ ਸੁਾਸਾਂ ਦੀ ਗਤੀ ਬੀ ਪ੍ਰਤੀਤ ਨਹੀਂ ਦੇਂਦੀ। ਚਿਹਰਾ ਸ਼ਾਂਤਿ ਸਤੋਗੁਣੀ ਪ੍ਰਭਾ ਨਾਲ ਪੁੰਨਿਆਂ ਦੇ ਚੰਦ ਵਾਂਙ ਟਿਕਵੀਂ ਚਮਕ ਵਿਚ ਹੈ। ਨੈਣ ਬੰਦ ਹਨ ਜਿਵੇਂ ਸਿਪ ਬੰਦ ਹੁੰਦੇ ਹਨ ਅੰਦਰ ਮੋਤੀ-ਆਭਾ ਲੈਕੇ। ਮਵੇਰ ਤੋਂ ਇਸੇ ਤਰ੍ਹਾਂ ਬੈਠੇ ਹਨ। ਅਚਾਨਕ ਨੈਣ ਖੁੱਲ੍ਹੇ, ਇਕ ਟਿਕਵੀਂ ਦ੍ਰਿਸ਼ਟੀ ਪਈ ਚਲ ਰਹੇ ਪਰ ਅਡੋਲ ਸਰੋਵਰ ਵਾਂਙੂ ਖੜੇ ਵਗਦੇ ਪਾਣੀਆਂ ਉਤੇ। ਫਿਰ ਮਿਟ ਗਏ ਸੋਹਣੇ ਨੈਣ, ਅੰਦਰ ਜਾ ਖੁੱਲ੍ਹੇ, ਅੰਦਰ ਦ੍ਰਿਸ਼ਟੀ ਪੈ ਰਹੀ ਹੈ ਧੁਰ ਅੰਦਰਲੇ 'ਅਨੰਤ ਸਾਗਰ' ਉਤੇ-ਚੁੱਪ, ਸ਼ਾਂਤਿ, ਅਡੋਲ; ਗਹਿਰ ਗੰਭੀਰ, ਬੇਅੰਤ ਸਾਗਰ ਉਤੇ-ਜੋ ਕਦੇ ਨਹੀਂ ਹਿਲਦਾ ਪਰ ਜਿਸ ਦੀ ਅਡੋਲਤਾ ਸੰਸਾਰ ਨੂੰ ਚਲਾ ਰਹੀ ਹੈ। ਹਾਂ ਜੀਓ! ਜਿਸਦੀ ਗੰਭੀਰਤਾ ਅਥਾਹ ਹੈ ਪਰ ਜਿਸ ਦੇ ਭੇਦ ਕੁਦਰਤ ਦੇ ਰੰਗਾਂ ਵਿਚ ਝਲਕੇ ਮਾਰਦੇ ਹਨ। ਫੇਰ ਨੈਣ ਖੁਲ੍ਹੇ, ਫੇਰ ਮਿਟੇ! ਖੁਲ੍ਹਦੇ ਹਨ ਤਾਂ ਸਾਹਮਣੇ ਵਗ ਰਹੇ ਡੂੰਘੇ ਪਾਣੀ ਦੀ ਸਤਹਿ ਉਤੇ, ਮਿਟਦੇ ਹਨ ਤਾਂ ਖੁੱਲ੍ਹਦੇ ਹਨ ਅੰਦਰਲੇ ਡੂੰਘੇ ਸਾਗਰ ਦੀ ਸਤਹਿ ਉਤੇ ਤੇ ਦ੍ਰਿਸ਼ਟੀ ਗੁੰਮ ਹੋ ਜਾਂਦੀ ਹੈ ਉਸ ਦੀਆਂ ਗਹਿਰਾਈਆਂ ਵਿਚ।

ਪਿਛਲੇ ਪਾਸਿਓਂ ਆਇਆ ਇਕ ਕੋਈ, ਛੋਪਲੇ ਛੋਪਲੇ ਕਦਮ ਧਰਦਾ, ਡਿਗਦੀ ਬਰਫ ਦੇ ਫੂਹਿਆਂ ਤੋਂ ਬੀ ਮਲਕੜੇ ਮਲਕੜੇ ਪੈਰ ਰਖਦਾ, ਆ ਬੰਦ ਨੈਣਾਂ ਦੇ ਦਰਸ਼ਨ ਕੀਤਿਓਸੁ, ਬੰਦਨਾ ਵਿਚ ਪੈ ਗਿਆ, ਜਿਵੇਂ ਪਸ਼ਮ ਦਾ ਫੰਬਾ ਲੇਟ ਜਾਂਦਾ ਹੈ।

ਧਰਤੀ ਉਤੇ ਮੋਨੀ ਸਾਧੂ ਦੀ ਚੁਪ ਵਾਂਙੂ; ਫੇਰ ਉਠ ਖੜਾ ਹੋਇਆ ਬਿਨ ਆਹਟ ਕੀਤੇ ਦੇ ਜਿਵੇਂ ਪੂਣੀ ਚੁਕੀ ਜਾਂਦੀ ਹੈ ਪੱਛੀ ਵਿਚੋਂ ਮੁਟਿਆਰ ਦੇ ਸਹਜਵੇਂ ਹੱਥੀਂ। ਪਰ ਹੁਣ ਅਚਾਨਕ ਆਪ ਜੀ ਦੇ ਨੈਣ ਖੁੱਲ੍ਹੇ ਦ੍ਰਿਸ਼ਟੀ ਪਈ ਆਪਣੇ ਤੇ ਧਾਣੀਆਂ ਦੇ ਵਿਚ ਆ ਖਲੋਤੇ ਉਤੇ। ਦੋ ਚਾਰਵੇਰ ਇਸੇ ਤਰ੍ਹਾਂ ਖੁੱਲ੍ਹੇ ਤੇ ਮਿਟੇ, ਖੁੱਲ੍ਹੇ ਤੇ ਮਿਟੇ। ਚੁਪਾਂ ਦਾ ਸਾਈਂ ਕਿਸੇ ਅਮਰ ਰਸਦੇ ਵਸ ਪਿਆ ਹੋਇਆ, ਸਾਰੇ ਵਸੀਕਾਰਾਂ ਦਾ ਮਾਲਕ, ਮਾਨੋਂ ਰਸਾਵੇਸ਼ ਵਿਚ ਬੇਵਸ ਹੋਇਆ ਹਿਲਨੋਂ ਬੋਲਦੋਂ ਅਸਮਰਥ ਹੋ ਰਿਹਾ ਹੈ। ਸੋ ਆਤਮਰਸ ਦੀ ਪ੍ਰਬਲ ਸ਼ਕਤੀ! ਕਿਸ ਤਰ੍ਹਾਂ ਤੂੰ ਸਬਲ ਨੂੰ ਅਬਲ ਕਰ ਲੈਂਦੀ ਹੈਂ ਕਿ ਆਪਣੇ ਆਪੇ ਉਤੇ ਹੀ ਬਲ ਨਹੀਂ ਚਲਦਾ ਆਪਣਾ ਸਬਲ ਦਾ! ਬੱਲੂ ਖੜੋਤਾ ਸੀ ਸਾਮਣੇ ਅਡੋਲ ਪਰ ਉਸ ਦੀ ਹਾਜ਼ਰੀ ਨਹੀਂ ਪਾ ਸਕੀ ਵਿਘਨ 'ਹਜ਼ੂਰੀ' ਦੀ ਸਬਲਤਾ ਅਗੇ ਨਿਰਬਲ ਹੋਏ ਬੈਠੇ ਮਹਾਂ ਬਲੀ ਨੂੰ। ਬੱਲੂ ਸਿਆਣਾ ਸੀ, ਸਮਝ ਗਿਆ ਆਪਣੇ ਸਾਂਈਂ ਦੀ ਰਸਾਵੇਸ਼ਤਾ ਨੂੰ, ਭਉਂ ਗਿਆ ਅਪ ਦੀ ਸਜੀ ਦ੍ਰਿਸ਼ਟਕੋਣ ਦੇ ਪਾਸ ਰਤਾ ਕੁ ਪਿਛਵਾਰ ਨੂੰ, ਜਿਵੇਂ ਰਤਾ ਕੁ ਸਰਕੀ ਹਵਾ ਨਾਲ ਘੁੰਮ ਜਾਂਦਾ ਹੈ ਧਰਤੀ ਤੇ ਪਿਆ ਸਿੰਮਲ ਦੀ ਰੂੰ ਦਾ ਤੂੰਬਾ, ਕਿ ਅੱਕ ਦੀ ਅੰਬੀ ਵਿਚੋਂ ਨਿਕਲੀ ਅੱਕ ਦੀ ਰੂੰਆਈਂ (=ਬੁੱਢੀ ਮਾਈ)।

ਹੁਣ ਰਸ ਗੁੱਧੇ ਨੈਣ ਖੁੱਲ੍ਹੇ ਤਾਂ ਅਡੋਲ ਵਗਦੇ ਪਾਣੀਆਂ ਦੀ ਸਾਫਸਤਹ ਤੇ ਆਪਣੇ ਨੈਣਾਂ ਦੇ ਵਿਚਕਾਰੇ ਕੁਛ ਨਾ ਸੋ ਖਲਾ, ਪਰ ਦੇਖਦੇ ਹੀ ਦੇਖਦੇ ਜਗਤ-ਮਾਤਾ ਦਾ ਝਾਂਵਲਾ ਪਿਆ। ਨੈਣ ਮੁੰਦ ਹੋ ਗਏ, ਫਿਰ ਖੁੱਲ੍ਹੇ, ਫਿਰ ਦਿੱਸੀ ਮਾਤਾ-'ਜਿਸ ਬਹੁਤੀ ਛਾਉ ਪਤ੍ਰਾਲੀਂ'। ਹਾਂ ਆਪਣੀਆਂ ਮਾਵਾਂ ਤੇ ਠੰਢੀਆਂ ਛਾਵਾਂ! ਫਿਰ ਨੈਣ ਮੁੰਦੇ ਤਾਂ ਦ੍ਰਿਸ਼ਟਿ ਪਏ ਜੀਅ ਦਾਨ ਦਾਤਾ-ਸ੍ਰੀ ਗੁਰੂ ਅੰਗਦ ਦੇਵ ਜੀ-ਫਿਰ ਅਲਸਾਏ ਨੈਣ ਖੁੱਲ੍ਹੇ ਤੇ ਫੇਰ ਦਿੱਸੀ ਓਹੋ ਆਪਣੀ ਮਾਤਾ ਖੀਵੀ-ਮਾਤਾ 'ਖੀਵੀ ਨੇਕ ਜਨ!' ਫੁਰਨਾ ਹੋਇਆ-ਝਾਂਵਲਾ ਹੈ ਕਿ ਦਰਸ਼ਨ? ਮਾਤਾ ਹੈ ਕਿ ਮਾਤਾ ਦਾ ਪ੍ਰਭਾਵ? ਅਖਾਂ ਛੇਤੀ ਛੇਤੀ ਝਮਕੀਆਂ, ਹਥ ਉਠ ਖੜੇ ਹੋਏ, ਅੱਖਾਂ ਅਗੇ ਆ ਕੇ ਫਿਰ ਕੇ ਗੋਦ ਵਿਚ ਜਾ ਟਿਕੇ। ਹੁਣ ਨੈਣਾਂ ਨੇ ਨੀਝ ਲਾ ਕੇ ਤੱਕਿਆ, ਉਥੇ ਮਾਤਾ ਨਹੀਂ ਸੀ, ਪਰ ਲਗਦਾ ਐਉਂ ਸੀ, ਜਿਵੇਂ ਮਾਂ ਦੀ ਮਿਠੀ ਮਿਠੀ ਲੋਰੀ ਦੀ ਅਵਾਜ਼ ਆ ਰਹੀ ਹੈ, ਨੀਂਦ ਲਿਆਉਣ ਵਾਲੀ ਲੋਰੀ ਦੀ ਨਾ ਪਰ ਜਗਾਉਣ ਵਾਲੀ ਲੋਰੀ ਦੀ-

ਜਾਗੋ ਮੇਰੇ ਲਾਲ ਚਿੜੀਆਂ ਬਨ ਬੋਲੇ,
ਜਾਗੋ ਮੇਰੇ ਲਾਲ ਸੂਰਜ ਅਖ ਖੋਲੇ।

ਸਰੀਰ ਹਿਲਿਆਂ, ਚੌਂਕੜੀ ਖੁੱਲ੍ਹੀ, ਇਧਰ ਉਧਰ ਸੱਜੇ ਖਬੇ ਤੱਕੋ, ਆਪ ਦੇ ਪਵਿਤ੍ਰ ਗਲੇ ਤੋਂ ਧੁਨਿ ਉਠੀ – ਗਉੜੀ ਗੁਆਰੇਰੀ ਮਹਲਾ ੩॥

ਏਕਸੁ ਤੇ ਸਭਿ ਰੂਪ ਹਹਿ ਰੰਗਾ॥
ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ॥
ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ॥੧॥
ਏਕੁ ਅਚਰਜੁ ਏਕੋ ਹੈ ਸੋਈ॥
ਏਕੁ ਅਚਰਜੁ ਏਕੋ ਹੈ ਸੋਈ॥
(ਘੰਘੂਰਾ ਲੈ ਕੇ)।
ਗੁਰਮੁਖਿ ਵੀਚਾਰੇ ਵਿਰਲਾ ਕੋਈ॥੧॥ਰਹਾਉ॥
(ਗਉ: ਗੁਆਰੇ: ਮ: ੩, ੨੯)

ਫੇਰ ਚੁਪ ਹੋ ਗਈ। ਹੁਣ ਬੱਲੂ ਫੇਰ ਅਗੇ ਵਧਿਆ। ਆਪ ਜੀ ਬੋਲੇ ਬੜੀ ਧੀਮੀਂ ਟਿਕਵੀਂ ਰਸ ਮਈ ਸੁਰ ਵਿਚ-ਬੱਲੂ! ਕਾਕਾ ਕੀ ਗੱਲ ਹੈ?

ਬੱਲੂ-ਜੀਵਨ ਦਾਤਾ! ਤੀਸਰਾ ਪਹਿਰ ਹੈ ਹੁਣ ਤਾਂ ਕੁਛ ਮੂੰਹ ਪਾਓ!

ਆਪ-ਕੀਹ ਲਿਆਇਆ ਹੈਂ?

ਬੱਲੂ-ਦਲੀਆ ਆਂਦਾ ਹੈ। ਪਰ ਇਕ ਭੁੱਲ ਕੀਤੀ ਹੈ, ਜਦ ਪਾਣੀ ਵਿਚ ਗਲ ਗਿਆ ਦਲੀਆ ਤਾਂ ਘੁਟ ਦੁੱਧ ਦਾ ਪੈ ਗਿਆ ਮੈਥੋਂ ਮਲੋ ਮੱਲੀ, ਤੇ ਹੈਂ ਜੀਓ, ਟਹਿਲਣ ਨੇ ਰੁੱਗ ਖੰਡ ਦਾ ਭੁਲੇਵੇ ਪਾ ਦਿੱਤਾ, ਸੋ ਪਾਤਸ਼ਾਹ ਅਜ ਦਾ ਦਿਨ ਇਹੋ ਅੰਗੀਕਾਰ ਕਰ ਲਓ। ਮੈਂ ਫੇਰ ਸਾਦਾ ਬਣਾ ਲਿਆਉਂਦਾ ਪਰ ਕਣਕ ਨਾ ਭੁੱਜੀ ਹੋਈ ਘਰ ਸੀ ਨਾ ਭੁੰਨ ਕੇ ਦਲੀ ਹੋਈ। ਨਾ ਘਰ ਦਾਲ ਚੌਲ ਸਨ ਨਾ ਸੀਲ ਭੁੰਨੀ ਹੋਈ। ਤਾਂ ਤੇ....

ਆਪ ਸੁਣ ਕੇ ਹੱਸ ਪਏ। ਉਪਰ ਨੂੰ ਤੱਕੇ-ਧੰਨ ਤੂੰ ਹੈ ਜੋ ਦਿਲਾਂ ਵਿਚ ਪਜਾਰ ਪਾ ਦੇਂਦਾ ਹੈਂ। ਧੰਨ ਤੂੰ, ਧੰਨ ਤੂੰ। (ਬੱਲੂ ਵਲ ਤੱਕ ਕੇ) ਲਿਆ ਬਈ ਜੋ ਰਿਜਕ ਦਾਤਾ ਨੇ ਘੱਲਿਆ ਹੈ ਲੈ ਆ। ਬੱਲੂ ਪਾਣੀ ਲੈ ਕੇ ਆ ਗਿਆ, ਹੱਥ ਧੁਆਏ ਪਰਨਾ ਅਗੇ ਕੀਤਾ, ਪਿਆ ਛੰਨੇ ਵਿਚ ਦਲੀਆ ਲਿਆ ਧਰਿਆ ਅੱਗੇ, ਨਾਲ ਇਕ ਚਮਚਾ ਲਿਆ ਰਖਿਆ।


www.sikhbookclub.com

ਦੇਖਕੇ ਆਪ ਮੁਸਕ੍ਰਾਏ-ਉਇ ਬੱਲੂ ਇਹ ਚਮਚਾ ਕੀਹ ਕਰਨਾ ਸੀ, ਦਲੀਆ ਤਾਂ ਪਤਲਾ ਚੰਗਾ ਏ, ਘੁੱਟੀਂ ਲੰਘ ਜਾਸੀ।

ਬੱਲੂ-ਪਾਤਸ਼ਾਹ ਅਜ ਦੀਆਂ ਉਕਾਈਆਂ ਬਖਸ਼ ਦਿਓ।

ਆਪ ਮੁਸਕ੍ਰਾਏ ਧੰਨ ਗੁਰੂ ਨਾਨਕ ਆਖਿਆ; ਤੇ ਸਹਿਜੇ ਸਹਿਜੇ, ਦਲੀਆ ਛਕ ਲਿਆ, ਚੁਲਾ ਕੀਤਾ ਤੇ ਬੋਲੇ-ਕੱਲ ਬਈ ਅਲੂਣਾ ਓਗਰਾ।

ਬੱਲੂ-ਸਤਿ ਬਚਨ ਜੀਓ, ਪਾਤਸ਼ਾਹ! ਇਕ ਅਰਜ਼ ਏ।

ਗੁਰੂ ਜੀ-ਕਹੁ ਭਾਈ।

ਬੱਲੂ-ਜੀਓ ਸਤਿਗੁਰ ਜੀ! ਵਡੀ ਅੰਮਾ ਬੇਬੇ ਖੀਵੀ ਜੀ ਖਡੂਰੋਂ ਆਏ ਹਨ।

ਗੁਰੂ ਜੀ (ਕਾਹਲੀ ਨਾਲ)-ਕਿੱਥੇ ਹਨ?

ਬੱਲੂ-ਪਿੰਡ ਆਏ ਆਪ ਦੇ ਘਰ ਬੈਠੇ ਹਨ।

ਗੁਰੂ ਜੀ-ਕਿਸ ਵੇਲੇ ਆਏ ਹਨ।

ਬੱਲੂ-ਦੁਪਹਿਰਾਂ ਦੇ ਲਾਗੇ ਪਹੁੰਚ ਪਏ ਸਨ।

ਗੁਰੂ ਜੀ-ਸਾਨੂੰ ਉਸ ਵੇਲੇ ਖਬਰ ਕਿਉਂ ਨਾ ਕੀਤੀਓਈ?

ਬੱਲੂ-ਦਾਤਾ ਜੀਓ! ਮਾਤਾ ਜੀ ਆਪ ਆਉਂਦੇ ਸਨ ਮੈਂ ਮਸਾਂ ਹੋਕੇ ਸਨ ਇਹ ਆਖ ਕੇ ਮੈਂ ਸ੍ਰੀ ਗੁਰੂ ਜੀ ਨੂੰ ਖਬਰ ਕਰਦਾ ਹਾਂ ਤੇ ਬਹੁਤੀ ਗਲੇ ਓਹ ਆਪ ਆ ਜਾਣਗੇ ਏਥੇ, ਓਥੇ ਆਪ ਦੇ ਗਿਆਂ ਮਤੇ ਬਿਅਦਬੀ ਸਮਝਣ। ਹੋਏ ਜੋ ਆਪ ਨੂੰ ਆਪ ਦੇ ਬੱਚੇ ਸਮਝਣ ਵਾਲੇ।

ਮਾਤਾ ਜੀ ਮੰਨ ਗਏ ਤੇ ਮੈਂ ਰਵਾਂਰਵੀਂ ਆਇਆ ਆਪ ਜੀ ਨੂੰ ਦੱਸਣ, ਪਰ ਆਪ ਦੀ ਛੰਨ ਦਾ ਬੂਹਾ ਬੰਦ ਸੀ। ਦੂਜੀ ਵੇਰ ਆਇਆ ਤਾਂ ਆਪ ਛਪਰੀ ਹੇਠ ਸਾਓ, ਪਰ ਅਡੋਲ ਟਿਕੇ ਹੋਏ ਬੈਠੇ ਸਾਓ। ਮੇਰਾ ਹੀਆ ਨਾ ਪਿਆ ਕਿ ਹਿਲਾਵਾਂ ਤੇ ਅਨਜਾਣੇ ਅਨਚਾਹੇ ਕਿਸੇ ਚੁਪ ਦੇਸ਼ ਦੇ ਮੇਲ ਵਿਚ ਵਿਘਨਕਾਰੀ ਹੋਣ ਦਾ ਅਪ੍ਰਾਧ ਕਰ ਬੈਠਾਂ। ਫੇਰ ਮੈਂ ਜਾ ਮਾਤਾ ਜੀ ਨੂੰ ਗਲ ਦੱਸੀ। ਆਖਣ ਲਗੇ ਟਿਕੇ ਰਹਿਣ ਦੇ, ਮਤੇ 'ਗੁਰੂ' ਤੇ 'ਵਾਹਿਗੁਰੂ' ਦੇ ਫਸੇ ਹੋਏ ਪਿਆਰ ਬੁੜੀਏ[੨੨੮] ਖੋਲ੍ਹ ਬੈਠੇਂ। ਫੇਰ ਮਾਤਾ ਜੀ ਆਖਣ ਲੱਗੇ; ਬੱਲੂ! ਕਦੇ ਸਾਂਈਂ ਆਪਣੇ ਪਿਆਰਿਆਂ ਦੇ ਮੇਲ ਦਾ ਰਸ ਲੈਂਦਾ ਉਨ੍ਹਾਂ ਨੂੰ ਹਜੂਰੀ ਵਿਚ ਫੜ ਬਹਾਂਦਾ ਤੇ ਵਿਛੁੜਨਾ ਨਹੀਂ ਚਾਹੁੰਦਾ; ਉਸ ਨੂੰ ਕੋਈ ਬੀ ਸੁਆਦ ਹੈ ਭਗਤ ਦੇ ਪਿਆਰ ਰਸ ਦਾ।

ਸੋ ਮਹਾਰਾਜ ਮੈਂ ਤ੍ਰੈ ਵਾਰੀ ਵੇਖਣ ਆਯਾ ਹਾਂ ਮਲਕੜੇ ਮਲਕੜੇ ਕਿ ਮਤੇ ਆਪ ਜੀ ਅਣਦਿਸਦੇ ਦੀ ਪਜਾਰ ਕਲਾਈ ਵਿਚੋਂ ਨਿਕਲਕੇ ਸਾਡੇ ਵਲ ਮਿਹਰ ਨਜ਼ਰ ਪਾ ਰਹੇ ਹੋਵੋ। ਫਿਰ ਮੈਂ ਚਾਹੁੰਦਾ ਸੀ ਕਿ ਆਪ ਕੁਛ ਆਧਾਰ ਲੈ ਲਵੋ ਤਾਂ ਖਬਰ ਕਰਾਂ। ਤੁਸੀਂ ਤਾਂ ਜੀਉਂਦੇ ਹੋ ਸ਼ਬਦ ਦੇ ਆਧਾਰ, ਜਿਵੇਂ ਆਖਿਆ ਸੀ ਬਾਬੇ ਗੁਰੂ ਨਾਨਕ ਨੇ, ਪਰ ਅਸੀਂ ਅੰਨ-ਅਧਾਰੀ ਹਾਂ ਤੇ ਆਪਣੇ ਵਾਂਙੂ ਆਪ ਨੂੰ ਵੀ ਅੰਨ ਅਧਾਰੀ ਸਮਝਦੇ ਹਾਂ। ਹੁਣ ਪਾਤਸ਼ਾਹ ਮੇਰੀ ਮੁਰਾਦ ਪੂਰੀ ਹੋ ਗਈ ਹੈ, ਕੋਈ ਦਾਣਾ ਮੂੰਹ ਪੈ ਗਿਆ ਹੈ ਆਪ ਜੀ ਚਲੋ, ਸੁਖਾਂ ਨਾਲ ਚਲੋ ਤੇ ਮਾਤਾ ਜੀ ਦੇ ਦਰਸ਼ਨ ਕਰੋ।

ਗੁਰੂ ਜੀ-ਮਾਤਾ ਜੀ ਦੀ ਬੇਅਦਬੀ ਹੋਈ ਹੈ? ਮਾਤਾ ਜੀ ਦੀ ਬੇਅਦਬੀ ਹੋਈ, ਪਰ ਤੂੰ ਜੋ ਕੀਤਾ, ਪਿਆਰ ਵੱਸ ਕੀਤਾ। ਸਭ ਖੇਡ ਕਰਤੇ ਪੁਰਖ ਦੇ ਵੱਸ ਹੈ। ਚੱਲ ਬਈ ਹੁਣ ਰਵਾਂ ਰਵੀਂ ਚਲੀਏ। ਮਾਵਾਂ ਕਦੇ 'ਬਲ-ਅਵਗੁਣਾਂ' ਨੂੰ ਨਹੀਂ ਚਿਤਾਰਦੀਆਂ। ਚੱਲ ਨੇਕੀ ਦੀ ਅਵਤਾਰ ਮਾਤਾ ਦੀ ਠੰਢੀ ਛਾਵੇਂ ਚੱਲੀਏ, ਬੈਠੀਏ।

ਆਪ ਉਠੇ, ਮੂੰਹ ਨਗਰੀ ਵਲ ਨੂੰ ਕੀਤਾ ਤਾਂ ਕੁਛ ਧੂੜ ਵੇਖ ਕੇ ਬੋਲੇ : ਬੱਲੂ! ਔਹ ਧੂੜ ਕੇਹੀ ਹੈ?

ਬੱਲੂ ਨੇ ਨਜ਼ਰ ਬੰਨ੍ਹੀ : ਦਾਤਾ ਜੀਓ! ਰਥ ਆ ਰਿਹਾ ਹੈ, ਹੋਵੇ ਨਾ ਤਾਂ ਮਾਤਾ ਜੀ ਆ ਰਹੇ ਹਨ; ਉਹਨਾਂ ਦੇ ਅਦਬ ਭਰੇ ਸੁਭਾਵ ਦੀ ਆਸਾ ਆਪ ਹੀ ਆਉਣ ਦੀ ਸੀ।

ਗੁਰੂ ਅਮਰਦਾਸ ਜੀ ਆਪ ਹੁਣ ਕਾਹਲੀ ਨਾਲ ਟੁਰੇ, ਪਰ ਅਜੇ ਕੁਛਕੁ ਦੂਰ ਹੀ ਗਏ ਸਨ ਕਿ ਰਥ ਪਹੁੰਚ ਪਿਆ। ਮਾਤਾ ਜੀ ਉਤਰੇ, ਆਪ ਨੇ ਅਦਬ ਸਤਿਕਾਰ ਨਾਲ ਸ੍ਵਾਗਤ ਕੀਤਾ, ਮਾਤਾ ਜੀ ਨੇ ਸਿਖੀ ਭਾਵਨਾ ਵਿਚ ਨਮਸਕਾਰ ਕੀਤੀ, ਪਰ ਬ੍ਰਿਧ ਗੁਰੂ ਜੀ ਦੇ ਹੱਥਾਂ ਨੇ ਸਿਰ ਥੰਮ੍ਹਿਆ ਤੇ ਆਖਿਆ-ਮਾਤਾ ਤਾਂ ਮੱਥਾ ਟਿਕਾਉਣ ਦਾ ਟਿਕਾਣਾ ਹਨ।

ਅੰਮਾਂ ਬੋਲੀ-ਅੰਮਾ ਨਹੀਂ, ਸਿਖ ਹਾਂ, ਤੂੰ ਸਾਖਜਾਤ ਗੁਰੂ ਨਾਨਕ ਹੈਂ। (ਦਾਸੂ ਵਲ ਤੱਕ ਕੇ) ਬੱਚਾ! ਪੈ ਜਾ ਸ਼ਰਣ ਗੁਰ ਨਾਨਕ ਦੀ।

ਦਾਸੂ ਨੇ ਮੱਥਾ ਟੇਕਿਆ, ਪਰ ਗੁਰੂ ਜੀ ਨੇ ਮੱਥੇ


www.sikhbookclub.com

ਹੇਠ ਹੱਥ ਦੇ ਕੇ ਸੰਭਾਲਿਆ-ਸਾਹਿਬਜ਼ਾਦੇ! ਮੈਂ ਤਾਂ ਗੁਰੂ ਦਾ ਦਾਸ ਹਾਂ।

ਇੰਨੇ ਨੂੰ ਹੰਸੋ ਤੇ ਉਸ ਦਾ ਪਤੀ ਅੱਗੇ ਹੋਏ, ਦੋਹਾਂ ਨੇ ਮੱਥਾ ਟੇਕਿਆ। ਆਪ ਮੁਸਕ੍ਰਾਏ ਤੇ ਕਿਹਾ : ਗੁਰੂ ਨਾਨਕ ਭਲਾ ਕਰੇ। ਫੇਰ ਪੰਜ ਚਾਰ ਹੋਰ ਸਿਖ ਜੋ ਨਾਲ ਆਏ ਸਨ ਚਰਨੀਂ ਪੈ ਗਏ। ਗੁਰੂ ਜੀ ਫੇਰ ਉਸੇ ਪ੍ਰਾਲੀ ਤੇ ਜਾ ਖੜੋਤੇ ਤੇ ਬੜੇ ਅਦਬ ਨਾਲ ਮਾਤਾ ਜੀ ਨੂੰ ਬਹਾਲ ਲਿਆ। ਬਾਕੀ ਦੇ ਵੀ ਬੈਠ ਗਏ।

ਗੁਰੂ ਜੀ-ਹੇ ਜਗਤ ਮਾਤਾ! ਹੇ ਮੇਰੇ ਪੂਜ ਦਾ ਸਰੂਪ ਮੇਰੀ ਮਾਤਾ! ਆਪ ਕਿਉਂ ਖੇਚਲ ਕੀਤੀ, ਮੈਨੂੰ ਕਿਉਂ ਨਾ ਸੱਦ ਘੱਲਿਆ?

ਮਾਤਾ-ਹੇ ਗੁਰੂ ਨਾਨਕ ਦਾ ਵਿਦਤ ਸਰੂਪ! ਜਗਤ ਵਿਚ ਕੁਸੰਗ ਬੁਰੀ ਬਲਾ ਹੈ, ਦਾਸੂ ਨੂੰ ਪਾਹ ਚੜ੍ਹ ਗਈ ਕੁਸੰਗੀਆਂ ਦੀ; ਪਿਤਾ ਗੁਰੂ ਦੀ ਆਗਿਆ ਦੇ ਉਲਟ ਲਾ ਬੈਠਾ ਏ ਗੱਦੀ। ਲਗ ਪਿਆ ਏ ਖੇਡਣ ਪਾਪਾਂ ਨਾਲ ਲਦੀ ਦੁਨੀਆਂ ਦੇ ਦੁਖਾਂ ਸੁਖਾਂ ਨਾਲ, ਚੜ੍ਹ ਗਏ ਮੂ ਦੁਖ ਸੁਖ ਦਿਮਾਗ ਨੂੰ, ਹੁਣ ਸਿਰ ਪਟਕਦਾ ਏ ਕਿਸੇ ਵੇਲੇ ਤੇ ਕਿਸੇ ਵੇਲੇ ਹੋਸ਼ ਵਿਚ ਹੁੰਦਾ ਤੇ ਘਬਰਾਉਂਦਾ ਤੇ ਖਫਗੀ ਦਾ ਢੂੰਢਦਾ ਏ ਆਪ ਦਾਰੂ। ਉਹ ਦਾਰੂ ਹੇ ਗੁਰੂ ਨਾਨਕ! ਤੇਰੇ ਕੋਲ ਏ, ਭੁੱਲ ਮੰਨਦਾ ਏ, ਹੁਣ ਆਪ ਦੀ ਸ਼ਰਣ ਆਇਆ ਏ, ਬਖਸ਼ ਦਿਓਸੁ ਕਿਸੇ ਦੇ ਸਦਕੇ। ਗੁਰੂ ਕੇ ਸੰਵਾਰੇ ਗੁਰੂ! ਮਾਂ ਦਾ ਮੋਹ ਅਵੱਲਾ ਹੁੰਦਾ ਏ (ਨੈਣਭਰ ਆਏ) ਗੁਰੂ ਦਾ ਪੁਤ ਏ, ਜਿਸ ਦਾ ਤੂੰ ਲਾਲ ਏਂ।

ਗੁਰੂ ਜੀ ਦੇ ਨੈਣ ਬੰਦ ਸਨ, ਬੁੱਲ੍ਹ ਜ਼ਰਾ ਜ਼ਰਾ ਹਿੱਲ ਰਹੇ ਸਨ, ਸਰੀਰ ਰਤਾ ਰਤਾ ਕੰਬਣੀ ਜੇਹੀ ਵਿਚ ਸੀ, ਮਾਤਾ ਜੀ ਕਹਿ ਚੁਕੇ ਤਾਂ ਨੈਣ ਖੁੱਲ੍ਹੇ, ਖੁੱਲ੍ਹੇ ਤੇ ਮਿਟੇ; ਫਿਰ ਖੁੱਲ੍ਹੇ ਤਾਂ ਥਰਕਵੀਂ ਅਵਾਜ਼ ਬੋਲੇ- ਅੰਮੀ! ਏ ਤੇਰੀ ਗੋਦੀ ਖੇਲਿਆ ਲਾਲ ਏ, ਮੈਂ ਤੇਰੇ ਚਰਨੀ ਖੇਲਿਆ ਬਾਲ ਹਾਂ, (ਦਾਸੂ ਵੱਲ ਤੱਕ ਕੇ) ਆ ਵੀਰ ਗਲੇ ਲਗ (ਕਹਿਕੇ ਆਜਾਨ ਬਾਹੂ[੨੨੯]) ਲੰਮੀਆਂ ਕੀਤੀਆਂ ਦੇ ਦਾਸੂ ਨੂੰ ਖਿੱਚ ਕੇ ਗਲੇ ਲਾ ਲਿਆ, ਇਕ ਹੱਥ ਪਿੱਠ ਤੇ ਜਾ ਟਿਕਿਆ ਤੇ ਇਕ ਸਿਰ ਤੇ) ਸੁਹਣੇ ਗਲੇ ਤੋਂ ਸੱਦ ਹੋਈ ਮਿੱਠੀ ਮਿੱਠੀ :-

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥
ਮਿਲਕੈ...ਮਿ...ਲਿਕੈ...... (ਸ੍ਰੀ ਰਾਗ ਮਹਲਾ ੧)

ਕਹਿੰਦਿਆਂ ਗਲਾ ਰੁਕ ਗਿਆ, ਦੋ ਮੋਤੀ ਬੰਦ ਨੈਣਾਂ ਤੋਂ ਕਿਰੇ, ਕਮਲ ਕਪੋਲਾ ਤੋਂ ਢਰਦੇ ਨੂਰਾਨੀ ਦਾਹੜੇ ਵਿਚ ਲੋਪ ਹੋ ਗਏ। ਕੱਚੀ ਅੱਧੀ ਘੜੀ ਇਹੋ ਰੰਗ ਬੱਝਾ ਰਿਹਾ। ਚੁਪ ਵਿਚ ਦੁਖਾਂ ਦੇ ਡੇਰੇ ਢੈ ਗਏ। ਚੁਪ ਸਾਗਰ ਵਿਚ ਹੀ ਗ਼ਰਕ ਹੋ ਰਹੇ ਸਨ ਕੋਲ ਬੈਠੇ ਸਾਰੇ, ਹੁਣ ਸੁਹਣੀਆਂ ਲੰਮੀਆਂ ਕਲਾਈਆਂ ਜਾ ਟਿਕੀਆਂ ਆਪਣੇ ਪੱਟਾਂ ਤੇ, ਦਾਸੂ ਛਾਤੀ ਵਿਛੁੜਨਾ ਅ-ਚਾਹੁੰਦਾ ਵਿਛੁੜਿਆ ਤੇ ਸਿੱਧਾ ਹੋ ਬੈਠਾ, ਸਿਰ ਠੰਢਾ ਠਾਰ, ਹੋਸ਼ ਸਾਫ ਸਲਾਮਤ, ਕਾਲਜੇ ਵਿਚ ਸੀਤਲਤਾ, ਕਾਲਜੇ ਵਿਚ ਹੀ ਇਕ ਨਿਕੇ ਜਿਹੇ ਥਾਂ ਰੀਣਕੁ ਹੋਰ ਖੁਨਕੀ ਭਾਸੇ, ਸਿਮਰਨ ਜਾਰੀ, ਲੂੰ ਪੁਲਕਾਵਲੇ ਹੋ ਰਹੇ ਸਨ। ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਆਪੂੰ ਉਚਾਰ ਹੋ ਰਿਹਾ ਸੀ।

## ੩. ਸੰਗਤਾਂ ਵਿਚ ਜੋਤਿ ਜਗੀ।

(ਨਿੱਤ ਬਿਵਹਾਰ)

**ਇਸ** ਪ੍ਰਕਾਰ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਚ ਵਸਦੇ ਰਹੇ। ਏਕਾਂਤ, ਟਿਕਾਉ, ਰਾਤ ਆਪਣੇ ਚੁਬਾਰੇ, ਦਿਹਾੜੀ ਬਜਾਸਾ ਦੇ ਕੰਢੇ ਇਕ ਛੰਨ ਜੇਹੀ ਵਿਚ ਤੇ ਉਸ ਦੇ ਅੱਗੇ ਬੱਧੀ ਹੋਈ ਛਪਰੀ ਹੇਠ, ਜਿਸਦਾ ਰੁਖ ਬਜਾਸਾ ਨੈਂ ਦੇ ਵਗਦੇ ਪਾਣੀਆਂ ਵਲ ਸੀ। ਸੰਗਤਾਂ ਵਿਚ ਵਿਆਕੁਲਤਾ ਫੈਲ ਰਹੀ ਸੀ। ਪਰੰਤੂ ਆਪ ਜੀ ਨਾ ਦੀਵਾਨ ਲਾਉਂਦੇ ਨਾ ਕਿਸੇ ਨੂੰ ਮਿਲਦੇ। ਇਕ ਦਿਨ ਬੱਲੂ ਨੇ ਆ ਬੇਨਤੀ ਕੀਤੀ-

ਬੱਲੂ-ਸਾਹਿਬ ਜੀਓ; ਆਪ ਤਿਆਰ ਹੋ ਛੰਨ ਲਈ ਤੇ ਦੁਆਰੇ ਗੁਰਮੁਖ ਸਿਖ ਖੜੇ ਹਨ, ਬਿਨੈ ਕਰਦੇ ਹਨ ਕਿ ਆਪ ਦਰਸ਼ਨ ਦਿਓ, ਸੰਗਤਾਂ ਨੂੰ ਤਾਰੋ। ਭਾਈ ਬੁੱਢਾ ਜੀ ਬੀ ਆ ਗਏ ਹਨ। ਸਿਖ ਉਹਨਾਂ ਨੂੰ ਆਖ ਰਹੇ ਹਨ ਕਿ ਆਪਨੂੰ ਬੇਨਤੀ ਕਰਨ। ਓਹ ਬਾਹਰੇ ਖੜੇ ਹਨ ਤੇ ਉਨ੍ਹਾਂ ਨੇ ਦਾਸ ਨੂੰ ਘੱਲਿਆ ਹੈ ਕਿ ਬੇਨਤੀ ਕਰਾਂ। ਬਖਸ਼ਣਾਂ ਬਖਸ਼ਿੰਦ ਜੀਓ!

ਗੁਰੂ ਜੀ-ਭਾਈ ਬਿਰਧ ਜੀ ਨੂੰ ਸੱਦ ਲਿਆਓ।

ਬੱਲੂ ਸਤਿਬਚਨ ਆਖ ਕੇ ਚਲਾ ਗਿਆ। ਕੁਛ


www.sikhbookclub.com

ਪਲਾਂ ਮਗਰੋਂ ਬ੍ਰਿਧ ਜੀ ਆ ਗਏ ਅੰਦਰ ਤੇ ਆ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ।

ਸ੍ਰੀ ਗੁਰੂ ਜੀ-ਆਵੋ ਸਤਿਗੁਰ ਦੇ ਪਿਆਰੇ ਜੀਓ! ਜੀਉ ਆਏ!

ਭਾਈ ਬੁੱਢਾ-ਪਾਤਸ਼ਾਹ! ਆਪ ਜੀ ਦੇ ਦਰਸ਼ਨਾਂ ਲਈ ਆ ਆਪਦੀ ਇਕਾਂਤ ਵਿਚ ਵਿਘਨ ਪਾਇਆ ਹੈ, ਕੁਛ ਬਿਨੈ ਕਰਨ ਦੀ ਬੀ ਆਗਿਆ ਲੈਣੀ ਹੈ।

ਗੁਰੂ ਜੀ-ਆਓ ਗੁਰ ਨਾਨਕ ਪਿਆਰੇ ਜੀਉ, ਜੋ ਚਿਤ ਕਰੇ ਆਖੋ।

ਬ੍ਰਿਧ ਜੀ-ਸ੍ਰੀ ਦਾਤਾ ਜੀਓ! ਸੰਗਤਾਂ ਦਰਸ਼ਨ ਨੂੰ ਤਰਸ ਰਹੀਆਂ ਹਨ। ਆਪ ਦਾ ਅਗਾਧ ਪ੍ਰੇਮ ਗੁਰੂ ਅੰਗਦ ਦੇਵ ਜੀ ਨਾਲ ਆਪ ਨੂੰ ਧਯਾਨ ਤੋਂ ਉਠਣ ਨਹੀਂ ਦੇਂਦਾ ਹੈ, ਪਰ ਉਨ੍ਹਾਂ ਹੀ ਸਤਿਗੁਰਾਂ ਨੇ ਆਪ ਨੂੰ ਆਗਿਆ ਕੀਤੀ ਸੀ ਕਿ ਪਾਰਬ੍ਰਹਮ ਦਾ ਪੰਥ ਚਲਾਈ ਚਲਣਾ ਹੈ, ਜਗਤ ਦੇ ਜੀਵਾਂ ਨੂੰ ਪਰਮੇਸ਼ਰ ਦਾ ਉਪਦੇਸ਼ ਕਰਨਾ ਹੈ[੨੩੦]।

ਸ੍ਰੀ ਗੁਰੂ ਅਮਰਦਾਸ ਜੀ-ਭਾਈ ਬੁੱਢਾ! ਸੱਚ ਕਿਹਾ ਜੇ ਸੱਚ। ਪਾਰਬ੍ਰਹਮ ਦਾ ਪੰਥ ਗੁਰੂ ਬਾਬੇ ਕੀਤਾ ਤੇ ਗੁਰੂ ਪਿਤਾ[੨੩੧] ਚਲਾਇਆ ਮੈਂ ਕਉਣ? 'ਮੈਂ ਕਉਣ' ਕਹਿੰਦੇ ਨੈਣੀਂ ਨੀਰ ਭਰ ਲਿਆਏ।

ਬਾਬਾ ਬੁੱਢਾ-ਸੱਚ ਮਾਲਕ ਜੀਓ! ਸੱਚ, ਪਰ ਆਪ ਨੂੰ ਹੁਕਮ ਹੈ ਪੰਥ ਤੋਰੀ ਰਖਣ ਦਾ ਤੇ ਵਰ ਹੈ ਕਿ ਦੁਇ ਸਤਿਗੁਰੂ ਆਪ ਦੇ ਵਿਚ ਬੈਠਕੇ ਕੰਮ ਕਰਨਗੇ, ਪਿਉ ਦਾਦੇ ਦੇ ਨਿਵਾਸ ਤੁਸਾਂ ਵਿਚ ਸਦਾ ਰਹਿਣਗੇ। ਆਪ ਜੀ ਨੇ ਜਿਵੇਂ ੧੨ ਬਰਸ ਹਜ਼ੂਰੀ ਵਿਚ ਆਗਿਆ ਪਾਲੀ ਹੈ ਹੁਣ ਬੀ ਪਾਲਣੀ ਹੈ। ਗੁਰੂਤਾ ਪਾ ਕੇ ਆਪ ਦਾ ਬਿਰਦ ਹੈ ਜਗਤ ਦਾ ਉਪਾਰ ਕਰਨਾ, ਇਹ ਕਰਤਾ ਪੁਰਖ ਦੀ ਸੇਵਾ ਹੈ। ਜੀਵਾਂ ਦੀ ਕਲਜਾਣ ਕਰਨੀ ਗੁਰੂ ਕੀ ਆਗਜਾ ਪਾਲਣ ਹੈ।

ਬ੍ਰਿਧ ਜੀ ਦੇ ਵਾਕ ਸੁਣਦੇ ਸੁਣਦੇ ਆਪ ਜੀ ਨੇ ਨੈਣ ਭਰੇ, ਪਰ ਡੁੱਲ੍ਹੇ ਨਹੀਂ; ਬੋਲੇ ਨਹੀਂ, ਉਠ ਖੜੇ ਹੋਏ, ਭਾਈ ਦੇ ਮੋਢੇ ਤੇ ਹੱਥ ਧਰ ਦਿੱਤੇ, ਨੇ। ਭਾਈ ਬੁੱਢਾ ਅਦਬ ਪ੍ਰੇਤਾ ਰੁਮਕੇ ਰੁਮਕੇ ਟੁਰ ਪਿਆ ਤਾਰਨ ਹਾਰ ਨੂੰ ਨਾਲ ਲੈ ਕੇ, ਸਨੇ ਸਨੇ ਖਾਟਰ ਆਏ। ਅੱਗੇ ਸ਼ਾਮਯਾਨਾ ਤਣ ਰਿਹਾ ਸੀ, ਹੇਠ ਸਿੰਘਾਸਨ ਲਗ ਰਿਹਾ ਸੀ। ਬਿਰਧ ਨੇ ਮਲਕੜੇ ਲਿਆਕੇ ਉਪਰ ਬਹਾਲ ਦਿੱਤਾ। ਬੱਲੂ ਦੇ ਹਥ ਚੌਰ ਦਿੱਤਾ ਜੋ ਪਿਛੇ ਖੜੋਕੇ ਝੁਲਾਵਣ ਲੱਗ ਪਿਆ, ਦਰਸ਼ਨ ਪਜਾਸੇ ਸਿਖ ਮੱਥਾ ਟੇਕ ਕੇ ਚੁਫੇਰੇ ਪਰਵਾਰ ਪਾ ਕੇ ਬਹਿ ਗਏ। ਸੱਤਾ ਤੇ ਬਲਵੰਡ ਰਬਾਬੀ ਸਜੇ ਪਾਸੇ ਆ ਬੈਠੇ ਤੇ ਸਾਜ਼ ਖੁਹਲਿਓ ਨੇ। ਭਾਈ ਬ੍ਰਿਧ ਨੇ ਬੇਨਤੀ ਕੀਤੀ ਤਾਂ ਓਹ ਕੀਰਤਨ ਕਰਨ ਲਗ ਪਏ। ਕੀਰਤਨ ਸਮਾਪਤੀ ਤੇ ਸੰਗਤ ਨੇ ਸਦਾ ਦਰਸ਼ਨਾਂ ਲਈ ਬਿਨੈ ਕੀਤੀ ਜੋ ਕਵੀ ਜੀ ਨੇ ਐਉਂ ਲਿਖੀ ਹੈ :-

ਇਮ ਦੇਹੁ ਦਰਸ ਹਮ ਕੋ ਪ੍ਰਬੀਨ।
ਦਾਸਨ ਮਝਾਰ ਬੈਠਹੁ ਸਦੀਵ।
ਸਭ ਕੋ ਅਲੰਬ ਅਬ ਆਪ ਥੀਵ॥੨੮॥
ਸ੍ਰੀ ਨਾਨਕ ਅੰਗਦ ਰੂਪ ਦੋਇ।
ਪਰਲੋਕ ਗਮਨ ਬੈਕੁੰਠ ਸੋਇ।
ਗੁਰ ਪਏ ਆਪ ਤਿਨ ਕੇ ਸਥਾਨ।
ਦੇਹੁ ਨਾਮ ਦਾਨ ਤਾਰਣ ਜਹਾਨ॥੨੯॥

ਬੇਨਤੀ ਸੁਣਕੇ ਆਪ ਨੇ ਬਚਨ ਕੀਤਾ : ਗੁਰੂ ਭਲੀ ਕਰੇਗਾ। ਫਿਰ ਕੁਛ ਚਿਰ ਨਾਮ ਦਾ ਉਪਦੇਸ਼ ਦੇਂਦੇ ਰਹੇ[੨੩੨]।

ਹੁਣ ਰੋਜ਼ ਦੀਵਾਨ ਸਜਾਉਣ ਲਗੇ ਤੇ ਖਡੂਰ ਵਿਚਲੀ ਗੁਰੂ ਅੰਗਦ ਦੇਵ ਜੀ ਵਾਲੀ ਰਹੁਰੀਤ ਗੋਇੰਦਵਾਲ ਵਿਚ ਜਾਰੀ ਹੋ ਗਈ। ਨਿਤ ਬਿਵਹਾਰ ਇਸ ਪ੍ਰਕਾਰ ਸਥਾਪਨ ਹੋਇਆ :-

ਪਹਿਰ ਰਾਤ ਰਹਿੰਦੀ ਅੰਮ੍ਰਿਤ ਵੇਲੇ ਆਪਣੇ ਨਿਤ ਬਿਵਹਾਰ ਮੂਜਬ ਆਪ ਜੀ ਜਾਗ ਉਠਦੇ। ਦਹੀਂ ਦੇਸਾਂ ਵਿਚ ਪਾ ਕੇ ਬੱਲੂ ਇਸ਼ਨਾਨ ਕਰਵਾਉਂਦਾ। ਚਿੱਟੇ ਬਸਤ੍ਰ ਪਹਿਨ ਕੇ ਚੁਬਾਰੇ ਵਿਚ ਬੈਠ ਜਾਂਦੇ[੨੩੩] ਤੇ ਅਗਾਧ ਸਮਾਧ ਵਿਚ ਲਿਵਲੀਨ ਹੋ ਜਾਂਦੇ। ਜਦ ਪ੍ਰਭਾਤ ਹੁੰਦੀ ਸੱਤਾ ਤੇ ਬਲਵੰਡ ਰਬਾਬੀ ਆ ਕੇ ਕੀਰਤਨ ਕਰਦੇ, ਜੋ ਮਹਿਮਾਂ ਪ੍ਰਕਾਸ਼ ਛੰ: ਨੇ ਐਉਂ ਲਿਖੀ ਹੈ :-

ਪੁਨ ਹੋਇ ਦਿਨ ਪਰਕਾਸ਼।
ਹੋਇ ਮਹਾ ਅਨੰਦ ਬਿਲਾਸ।
ਸੰਗਤ ਜੁਰੈ ਸਭ ਆਇ।
ਦਰਸਨ ਪਰੀਤਮ ਪਾਇ।

(ਮਹਮਾ ਪ੍ਰ: ਛੰਦ ੧੭੦/੨)

ਕੀਰਤਨ ਸਮਾਪਤੀ ਦੇ ਮਗਰੋਂ ਨਾਮ ਦਾ


www.sikhbookclub.com

ਉਪਦੇਸ਼ ਹੁੰਦਾ, ਕਾਮਨਾਵੰਤ ਬੇਨਤੀਆਂ ਕਰਦੇ ਤੇ ਵਰਦਾਨ ਪ੍ਰਾਪਤ ਕਰਦੇ। ਇਸ ਤਰ੍ਹਾਂ ਸਵਾ ਪਹਿਰ ਦਿਨ ਚੜ੍ਹੇ ਤਕ, ਕਦੇ ਦੁਪਹਿਰ ਤਕ, ਜਗਤ ਉਧਾਰ ਹੁੰਦਾ, ਦੁਪਹਿਰ ਦੇ ਲਾਗ ਲੰਗਰ ਵਿਚ ਜਾਂਦੇ। ਸੰਗਤ ਦੇ ਨਾਲ ਮਿਲਕੇ ਪ੍ਰਸ਼ਾਦ ਛਕਦੇ। ਆਪ ਤਾਂ ਅਲੂਣਾ ਓਗਰਾ ਛਕਦੇ ਪਰ ਸੰਗਤ ਲਈ ਸੁੰਦਰ ਅਹਾਰ ਤਿਆਰ ਹੁੰਦਾ[੨੩੪]। ਲੰਗਰ ਵਿਚ ਚਾਰ ਵਰਨ ਦੇ ਸਜਨ ਵਰਣ ਆਸ਼੍ਰਮੀ ਭਿੰਨ ਭੇਦ ਛਡਕੇ ਇਕ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਦੇ। ਸਨੇ ਸਨੇ ਆਪਦੀ ਆਗਿਆ ਇਹ ਹੋ ਗਈ ਕਿ ਜੋ ਕੋਈ ਦਰਸ਼ਨ ਨੂੰ ਆਵੇ ਲੰਗਰ ਵਿਚ ਪਹਿਲੋਂ ਪ੍ਰਸ਼ਾਦ ਛਕੇ ਜੋ ਭਰਮ ਕਰੇ ਤੇ ਨਾ ਛਕੇ ਉਸ ਲਈ ਦਰਸ਼ਨ ਦੀ ਮਨਾਹੀ ਕਰ ਦਿੱਤੀ। ਫਿਰ ਤਜਾਗ ਬ੍ਰਿਤੀ ਐਸੀ ਧਾਰਨ ਕੀਤੀ ਕਿ ਜੋ ਕੁਛ ਲੰਗਰ ਲਈ ਆਵੇ ਰੋਜ਼ ਦੇ ਰੋਜ਼ ਤਜਾਰ ਹੋ ਜਾਵੇ; ਜੋ ਬਚੇ ਲੋੜਵੰਦਾਂ ਗ੍ਰੀਬਾਂ ਨੂੰ ਵੰਡ ਦਿੱਤਾ ਜਾਵੇ, ਦੂਜੇ ਦਿਨ ਲਈ ਕੁਛ ਨਾ ਰਖਿਆ ਜਾਵੇ। ਪ੍ਰਸ਼ਾਦ ਪਾ ਕੇ ਫੇਰ ਚਉਬਾਰੇ ਆ ਜਾਣ, ਜੈਸਾ ਕਿ ਲਿਖਿਆ ਹੈ :-

ਪੁਨ ਪਾਇ ਪ੍ਰਸਾਦ ਚਉਬਾਰੇ ਆਵੈਂ (ਮਹਿ: ਪ੍ਰ:

ਲੌਢੇ ਪਹਿਰ ਫੇਰ ਕਥਾ ਹੋਵੇ, ਸੰਝਾਂ ਵੇਲੇ ਫੇਰ 'ਸੋਦਰ' ਦੀ ਚਉਂਕੀ ਹੋਵੇ ਤੇ ਭਜਨ ਕੀਰਤਨ ਜਾਰੀ ਰਹੇ। ਪਹਿਰ ਕੁ ਰਾਤ ਗਈ ਕੀਰਤਨ ਸੋਹਿਲੇ ਮਗਰੋਂ ਆਪ ਜੀ ਆਰਾਮ ਕਰਦੇ।

ਆਪ ਦੇ ਬਸਤਰਾਂ ਬਾਬਤ ਇਉਂ ਲਿਖਿਆ ਮਿਲਦਾ ਹੈ :-

ਧਾਰੈਂ ਸੋ ਬਸਤ੍ਰ ਸੁਏਤ।
ਦੂਜੇ ਨ ਰਧੈਂ ਨਿਕੇਤ।
ਪਹਿਰੈਂ ਜੋ ਫੇਰ ਨਵੀਨ।
ਯਹ ਬਖਸ਼ ਸਿੱਖਨ ਕੀਨ।
(ਮ: ਪ੍ਰ: ਛੰ: ੧੭੧ ਵਡਾ:)

ਅਰਥਾਤ ਕਪੜੇ ਚਿੱਟੇ ਪਹਿਨਦੇ, ਇਕ ਜੋੜਾ ਕਪੜਿਆਂ ਦਾ ਰਖਦੇ, ਪਰ ਦੂਜਾ ਜੋੜਾ ਘਰ ਨਾ ਰਖਦੇ, ਜਦੋਂ ਫੇਰ ਨਵੇਂ ਪਹਿਨਦੇ ਤਾਂ ਪਹਿਲੇ ਸਿਖਾਂ ਨੂੰ ਬਖਸ਼ ਦੇਂਦੇ। ਗੱਲ ਕੀ ਆਪਣੇ ਲਈ ਸਭ ਤਰ੍ਹਾਂ ਤਜਾਗ ਬ੍ਰਿਤੀ ਧਾਰਨ ਕੀਤੀ, ਤੇ ਸਿਖੀ ਦਾ ਪ੍ਰਚਾਰ ਜੋ ਦਾਤਾ ਗੁਰੂ ਜੀ ਹੁਕਮ ਦੇ ਗਏ ਸਨ, ਉਹ ਬਹੁਤ ਹੀ ਸ਼ੁਰੂ ਕਰ ਦਿੱਤਾ। ਸਿਖੀ ਪ੍ਰਚਾਰ ਜਿਵੇਂ ਆਰੰਭ ਹੋਇਆ ਤੇ ਫੈਲਿਆ ਕਵੀ ਸੰਤੋਖ ਸਿੰਘ ਜੀ ਉਸ ਬਾਬਤ ਐਉਂ ਲਿਖਦੇ ਹਨ :-

ਬਿਦਤ ਭਏ ਸਭ ਦੇਸ ਮਹਿਂ ਸੁਨ ਸੁਨ ਸਿਖ ਆਵਹਿਂ। ਸ੍ਰੀ ਨਾਨਕ ਕੇ ਸਮੇਂ ਕੇ ਪਹੁੰਚਹਿਂ ਦਰਸਾਵੈਂ। ਸ੍ਰੀ ਅੰਗਦ ਮਹਿਮਾ ਲਖਹਿਂ ਜੋ ਦਰਸ ਕਰੰਤੇ। ਸਭ ਆਵਹਿਂ ਸ੍ਰੀ ਅਮਰ ਢਿਗ ਤਿਨ ਥਾਨ ਲਖੰਤੇ॥੨੯॥ ਧਰਹਿਂ ਕਾਮਨਾ ਉਰ ਬਿਖੈ, ਬਿਨ ਕਹੇ ਸੁ ਪਾਵੈਂ। ਜੋ ਅਰਪਤ ਹੈਂ ਆਨ ਕਰ ਬਹੁ ਬਿਨੈ ਅਲਾਵੈਂ। ਏਕ ਦਿਵਸ ਕੇ ਖਰਚ ਕੋ ਲੇਵਹਿਂ ਤਿਨ ਪਾਸੇ। ਔਰ ਹਟਾਇ ਸੁ ਦੇਤ ਤਿਨ ਨਹਿਂ ਰਖਹਿਂ ਅਵਾਸੇ॥੩੦॥ ਬਿਦਤਹਿ ਦਿਨ ਪ੍ਰਤਿ ਅਧਿਕ ਹੀ ਨਿਤਿ ਭਗਤਿ ਪ੍ਰਕਾਸੇ। ਜਜ਼ਮਤ ਜੁਤਿ ਕੇਤਿਕ ਭਏ ਲਹਿ ਸਿਧਿ ਸੁ ਪਾਸੇ। ਸੇਵਹਿਂ ਗੁਰ ਪਗ ਕਮਲ ਕੋ ਕਰਿ ਪ੍ਰੀਤਿ ਬਿਸਾਲਾ। ਸਿਮਰਨ ਹੁਇ ਸਤਿਨਾਮ ਕੋ ਦਿਨ ਰੈਨਿ ਸੁਖਾਲਾ॥੩੧॥ ਬਸੇ ਪੁਰੀ ਮਹਿ ਆਨਿ ਕੇ ਬਹੁ ਕੀਨ ਨਿਕੇਤਾ। ਕੇਤਿਕ ਭਈ ਦੁਕਾਨ ਤਹਿਂ ਬਹੁ ਬਨਜ ਸਮੇਤਾ। ਸਭਹਿਨਿ ਕੀ ਗੁਜਾਰਨ ਹੁਇ ਥੁਰ ਹੈ ਨਹਿ ਕੋਈ। ਬਿਨਾ ਰੋਗ ਸੁਖ ਭੋਗ ਜੁਤਿ ਬਸਿਬੋ ਤਿਨ ਹੋਈ॥੩੨॥ (ਸੂ: ਪ੍ਰ: ੧੪੪੨)

## ੪. ਸਾਵਣ ਮੱਲ।

ਗੁਰੂ ਸਾਹਿਬ ਜੀ ਦੇ ਸਮੇਂ ਸ਼ਾਹੀ ਸੜਕ ਗੋਂਦਵਾਲ ਤੋਂ ਲੰਘਦੀ ਸੀ। ਇਹ ਵੱਡਾ ਪੱਤਣ ਸੀ ਬਿਆਸਾ ਦਾ। ਜਦੋਂ ਗੁਰੂ ਜੀ ਦੀ ਕ੍ਰਿਪਾ ਨਾਲ ਇਹ ਨਗਰ ਮੁੜ ਉਸਰ ਪਿਆ ਤਾਂ ਗੁਰੂ ਜੀ ਦੇ ਏਥੇ ਹੋਣ ਕਰਕੇ ਰੌਣਕ ਹੋਰ ਵਧੀ। ਦੂਰੋਂ ਦੂਰੋਂ ਵਸੇਬਾ ਕਰਨੇ ਲਈ ਲੋਕ ਆਉਣ ਲਗ ਪਏ। ਗੁਰੂ ਜੀ ਦੇ ਪਰਿਵਾਰ ਦੇ ਬੰਦੇ ਬੀ ਆ ਗਏ ਸਨ। ਏਥੇ ਮਿੱਟੀ ਇੱਟਾਂ ਚੂਨਾਂ ਤਾਂ ਮਿਲਦਾ ਸੀ, ਪਰ ਸ਼ਤੀਰੀਆਂ ਤਖੜੀਆਂ ਆਦਿ ਲਈ ਦਿਆਰ ਦੀ ਲਕੜੀ ਨਹੀਂ ਸੀ ਮਿਲਦੀ। ਸੋ ਇਸ ਲਕੜੀ ਦੀ ਲੋੜ ਬਹੁਤੀ ਸੀ ਤੇ ਇਸ ਪਰ ਖਰਚ ਬੀ ਚੋਖਾ ਹੁੰਦਾ ਸੀ। ਲੋਕੀ ਇਸ ਮੁਸ਼ਕਲ ਕਰਕੇ ਔਖੇ ਸਨ।


www.sikhbookclub.com

ਇਕ ਦਿਨ ਦੀਵਾਨ ਲਗ ਰਿਹਾ ਸੀ, ਸੰਗਤਾਂ ਦਰਸ਼ਨ ਕਰ ਰਹੀਆਂ ਸਨ ਕਿ ਸੰਗਤਾਂ ਵਲੋਂ ਬੱਲੂ ਨੇ ਅਰਦਾਸ ਕੀਤੀ ਕਿ ਚਹੁੰ ਵਰਨਾਂ ਦੇ ਅਨੇਕਾਂ ਲੋਕੀ ਏਥੇ ਘਰ ਪਾ ਕੇ ਵੱਸਣ ਲਈ ਆਉਂਦੇ ਹਨ ਪਰ ਲਕੜੀ ਦੀ ਕਿੱਲਤ ਕਰਕੇ ਘਬਰਾਉਂਦੇ ਹਨ ਕੋਈ ਮਿਹਰ ਚਾ ਕਰੋ ਜੋ ਲਕੜੀ ਏਥੇ ਖੁੱਲ੍ਹੀ ਆ ਜਾਵੇ ਤੇ ਪੈਸਾ ਬੀ ਨਾ ਖਰਚਣਾ ਪਵੇ। ਇਹ ਸੁਣਕੇ ਸਤਿਗੁਰ ਜੀ ਨੇ ਆਪਣੀ ਭਤੀਜੇ ਸਾਵਣ ਮੱਲ ਨੂੰ ਸਦਵਾ ਘੱਲਿਆ। ਜਦ ਉਹ ਆ ਗਿਆ ਤੇ ਸਾਹਮਣੇ ਹੱਥ ਜੋੜ ਖੜੋਤਾ ਤਾਂ ਬਚਨ ਕੀਤਾ :-

ਸੁਣ ਸਾਵਣ ਮੱਲ ਬੱਚਾ! ਜਿਨ੍ਹਾਂ ਪਹਾੜਾਂ ਵਿਚੋਂ ਬਿਆਸਾ ਆਉਂਦੀ ਹੈ ਉਨ੍ਹਾਂ ਵਿਚ ਇਕ ਹਰੀ ਪੁਰ ਨਾਮੇ ਰਿਆਸਤ ਹੈ; ਉਥੇ ਜਾਓ। ਉਸ ਥਾਂ ਤੋਂ ਸ਼ਤੀਰੀਆਂ ਆਦਿ ਲਈ ਲਕੜੀ ਲੈਕੇ, ਬਿਆਸਾ ਦੇ ਰਸਤੇ ਯੋਗ ਪ੍ਰਬੰਧ ਕਰਕੇ ਏਥੇ ਘੱਲ ਦਿਓ। ਨਾਲ ਮੁਹਾਣੇ ਆਉਣ ਤੇ ਇਥੋਂ ਦੇ ਮੁਹਾਣੇ ਰਲ ਕੇ ਸੰਭਾਲ ਲੈਣਗੇ। ਸਾਵਣ ਮੱਲ ਨੇ ਹੁਕਮ ਸੁਣਕੇ ਬਿਨੈ ਕੀਤੀ ਕਿ ਜੀਓ! ਕੁਛ ਪਦਾਰਥ ਮਿਲ ਜਾਵੇ ਜੋ ਉਨ੍ਹਾਂ ਲੋਕਾਂ ਨੂੰ ਮੁੱਲ ਵਜੋਂ ਦੇ ਸਕਾਂ। ਤਾਂ ਗੁਰੂ ਜੀ ਨੇ ਕਿਹਾ : ਭਾਈ ਪਦਾਰਥ ਸਾਡਾ ਵਾਹਿਗੁਰੂ ਹੈ, ਉਸਦੇ ਭਰੋਸੇ ਚਲਾ ਜਾ, ਉਹ ਕਰਨ ਕਾਰਨ ਕਾਰਜ ਸਾਰ ਦੇਵੇਗਾ। ਸਾਵਣ ਮੱਲ ਨੇ ਸਿਰ ਨਿਵਾ ਦਿੱਤਾ ਤੇ ਸਤਿ ਬਚਨ ਕਹਿਕੇ ਤਿਆਰੀ ਕਰਨ ਲਈ ਘਰ ਚਲਾ ਗਿਆ। ਅਗਲੇ ਦਿਨ ਜਦ ਸਾਵਣ ਮੱਲ ਵਿਦੈਗੀ ਲੈਣ ਆਇਆ ਤਾਂ ਸਾਵਣ ਮੱਲ ਦੀ ਮਾਂ ਬੀ ਨਾਲ ਆ ਹਾਜ਼ਰ ਹੋਈ ਤੇ ਬੋਲੀ : ਹੇ ਸਚੇ ਸਤਿਗੁਰ! ਪਹਾੜਾਂ ਵਿਚ ਜਾਦੂ-ਗਰਨੀਆਂ ਤੇ ਡਾਕਣੀਆਂ ਰਹਿੰਦੀਆਂ ਸੁਣੀਦੀਆਂ ਹਨ ਜੋ ਕਲੇਜੇ ਕੱਢ ਲੈਂਦੀਆਂ ਹਨ, ਮੇਰੇ ਪੁਤ੍ਰ ਦੀ ਮੈਨੂੰ ਓਥੇ ਸਲਾਮਤੀ ਨਹੀਂ ਦਿਸਦੀ, ਇਕੋ ਮੇਰਾ ਪੁਤ੍ਰ ਹੈ, ਇਸ ਦੀ ਰੱਖਯਾ ਕਰੋ, ਕੋਈ ਬਲ ਬਖਸ਼ੋ, ਕੋਈ ਨਿਸ਼ਾਨੀ ਦਿਓ, ਜਿਸ ਕਰ ਇਸ ਉਤੇ ਕਿਸੇ ਦਾ ਬਲ ਨਾ ਪਵੇ। ਗੁਰੂ ਜੀ ਸੁਣਕੇ ਮੁਸਕ੍ਰਾਏ ਤੇ ਹੱਥ ਦਾ ਰੁਮਾਲ ਸਾਵਣ ਮੱਲ ਨੂੰ ਦੇ ਕੇ ਬੋਲੇ : "ਤੇਰੇ ਪੁਤ੍ਰ ਦਾ ਰਾਖਾ ਵਾਹਿਗੁਰੂ ਹੈ, ਜਿਸ ਦੇ ਹਿਰਦੇ ਉਸ ਦਾ ਨਾਮ ਵਸਾ ਦਿਤਾ ਹੈ, ਇਸ ਪਰ ਕਿਸਦਾ ਪ੍ਰਭਾਵ ਪੈਣਾ ਹੈ? ਇਸ ਦਾ ਪ੍ਰਭਾਵ ਸਭਨਾਂ ਉੱਤੇ ਪਏਗਾ।" ਅਗਲੇ ਦਿਨ ਆਗਯਾ ਪਾ ਕੇ ਸਾਵਣ ਮੱਲ ਟੁਰ ਪਿਆ ਤੇ ਸਨੇ ਮਨੇ ਜਾ ਰਹੀਪੁਰ ਪਹੁੰਚਾ!

ਸਤਿ ਕਰਤਾਰ, ਸਤਿ ਕਰਤਾਰ ਕਰਦਾ ਨਗਰੀ ਵਿਚ ਜਾ ਵੜਿਆ। ਸ਼ਹਿਰ ਦੇ ਵਾਸੀ ਸੁਹਣੀ ਸੂਰਤ ਤੇ ਪ੍ਰਭਾਵਸ਼ਾਲੀ ਨੁਹਾਰ ਦੇਖ ਕੇ ਆ ਇਕੱਠੇ ਹੋਏ! ਸੁਖ ਸਾਂਦ ਪੁੱਛੀ ਤੇ ਆਪ ਦੇ ਮੁਖ ਤੋਂ ਬਚਨ ਸੁਣੇ। ਫੇਰ ਹੋਰ ਆਦਰ ਦਿੱਤੋ ਨੇ ਤੇ ਇਕ ਸੁਹਣੇ ਥਾਂ ਟਿਕਾਣਾ ਕਰਵਾ ਦਿੱਤਾ! ਅੰਨ ਪਾਣੀ ਦਾ ਪ੍ਰਬੰਧ ਬੀ ਉਨ੍ਹਾਂ ਨੇ ਹੀ ਕਰ ਦਿੱਤਾ; ਆਪ ਦਾ ਉਸ ਵੇਲੇ ਦਾ ਉਪਦੇਸ਼ ਸੁਣਕੇ ਜੋ ਲੋਕ ਘਰੀਂ ਗਏ ਉਨ੍ਹਾਂ ਨੇ ਜਾ ਮਹਿਮਾ ਕੀਤੀ। ਅਗਲੇ ਦਿਨ ਆਪ ਦੇ ਡੇਰੇ ਬਹੁਤ ਲੋਕ ਆਏ ਤੇ ਆਪ ਦਾ ਕੀਰਤਨ ਤੇ ਉਪਦੇਸ਼ ਸੁਣਕੇ ਖੁਸ਼ੀ ਹੋਏ। ਸ਼ਹਿਰ ਵਿਚ ਧੁੰਮ ਗਈ ਕਿ ਗੁਰੂ ਨਾਨਕ ਦਾ ਇਕ ਕਰਨੀ ਵਾਲਾ ਮਹਾਤਮਾ ਆਇਆ ਹੈ। ਇਉਂ ਪਰਚਾ ਪੈ ਗਿਆ ਤੇ ਲੋਕੀ ਬਹੁਤੇ ਆਉਣ ਲਗ ਪਏ, ਉਪਦੇਸ਼ ਸੁਣ ਸੁਣ ਸੁਖੀ ਹੋਣ ਤੇ ਨਾਮ ਲੈਣ ਲਗ ਪਏ। ਅਜੇ ਕੁਛ ਦਿਨ ਹੀ ਹੋਏ ਸਨ ਕਿ ਇਕ ਦਿਨ ਦੋ ਤ੍ਰੈ ਆਦਮੀ ਆਏ ਤੇ ਹੱਥ ਜੋੜ ਕੇ ਆਖਣ ਲਗੇ-ਹੇ ਗੁਰੂ ਨਾਨਕ ਦੇ ਤਾਰੇ! ਕੋਈ ਤੁਸੀਂ ਬੀ ਰੇਖ ਵਿਚ ਮੇਖ ਮਾਰੋ, ਸੁਣਿਆ ਸੀ ਕਿ ਗੁਰੂ ਨਾਨਕ ਦੇ ਵੱਸ ਵਿਚ ਸਭ ਗੁਪਤ ਸ੍ਰਿਸ਼ਟੀ ਰਹਿੰਦੀ ਸੀ।

ਸਾਵਣ ਮੱਲ-ਕੀ ਹੋਇਆ ਹੈ?

ਇਕ ਆਦਮੀ-ਰਾਜਾ ਦੇ ਪੁਤ੍ਰ ਨੂੰ ਡਾਇਣ ਨੇ ਗ੍ਰਸਿਆ ਹੈ, ਕਲੇਜਾ ਮੁੱਠ ਲਈ ਬੈਠਾ ਹੈ। ਬੱਸ ਅੱਜ ਮਰਿਆ ਕਿ ਕਲ! ਤ੍ਰੈ ਦਿਨ ਹੋ ਗਏ ਹਨ। ਰਾਜਾ ਰਾਣੀ ਸਭ ਦੁਖੀ ਹਨ!

ਸਾਵਣ ਮੱਲ-ਰਾਜਾ ਕਿੱਥੇ ਹੈ?

ਮਾਨੁਖ-ਏਥੋਂ ਥੋੜੀ ਦੂਰ ਇਕ ਰਿੜੀਏ ਪੁਰ ਰਾਜੇ ਦਾ ਬੰਗਲੂ ਏ[੩੫], ਓਥੇ ਲਈ ਬੈਠੇ ਹਨ। ਕਈ ਧਾਗੇ, ਤਵੀਤ, ਖੇਡਾਂ ਹੋਏ, ਟਾਲ ਖੇਡੇ ਗਏ, ਕਲਾਮਾਂ ਪੜ੍ਹਾਈਆਂ, ਕੋਈ ਪੇਸ਼ ਨਹੀਂ ਗਈ। ਵੈਦ ਬੀ ਜ਼ੋਰ ਲਾ ਥਕਾ ਹੈ। ਆਪ ਗੁਰੂ ਕੇ ਹੋ ਚਲੋ ਕੋਈ ਰੇਖ ਵਿਚ ਮੇਖ ਮਾਰੋ। ਸਾਵਣ ਮੱਲ ਜੀ ਸੁਣ ਕੇ ਉਠੇ ਤੇ ਮੁਖੋਂ ਕਿਸੇ ਮਿੱਠੀ ਸੁਰ ਵਿਚ ਕਿਹਾ-ਧੰਨ ਗੁਰੂ ਨਾਨਕ।

ਹੁਣ ਆਪ ਜੀ ਸੱਦਣ ਆਇਆਂ ਦੇ ਨਾਲ ਤੁਰ ਪਏ। ਇਨ੍ਹਾਂ ਪੁਰਖਾਂ ਨੇ ਜ਼ਰਾ ਅਗੇ ਜਾ ਰਾਜੇ ਨੂੰ ਦੱਸਿਆ, ਤਾਂ ਉਹ ਆਪ ਤੇ ਵਜ਼ੀਰ ਅਗੋਂ ਆ ਕੇ

 www.sikhbookclub.com

ਸਾਵਣ ਮਲ ਜੀ ਨੂੰ ਬੰਗਲੇ ਵਿਚ ਲੈ ਗਏ। ਸਾਵਣ ਮਲ ਜੀ ਨੇ ਬੱਚੇ ਵਲ ਗਹੁ ਨਾਲ ਡਿੱਠਾ। ਹਥ ਵਿਚ ਉਸਦਾ ਹੱਥ ਲੀਤਾ, ਫ਼ੇਰ ਸਿਰਹਾਣੇ ਦਾਉ ਬਹਿ ਗਏ ਤੇ ਸਿਰ ਤੇ ਹੱਥ ਫੇਰਨ ਲਗ ਗਏ, ਅੱਖਾਂ ਮੀਟ ਲਈਆਂ ਤੇ ਮਧਮ ਮਧਮ ਅਵਾਜ਼ ਆਵੇ : 'ਧੰਨ ਗੁਰੂ ਅਮਰ ਦਾਸ! ਧੰਨ ਗੁਰੂ ਅਮਰਦਾਸ।' ਰਾਜ ਕੁਮਾਰ ਜੋ ਚਿਚਲਾ ਚਿਚਲਾ ਉਠਦਾ ਸੀ, ਥੋੜੀ ਦੇਰ ਵਿਚ ਸੌਂ ਗਿਆ। ਹੁਣ ਆਪ ਨੇ ਜੇਬ ਵਿਚੋਂ ਗੁਰੂ ਜੀ ਦਾ ਬਖਸ਼ਿਆ ਰੁਮਾਲ ਕੱਢਿਆ ਤੇ ਬੱਚੇ ਦੇ ਸਿਰ ਪਾ ਦਿੱਤਾ। ਪਹਿਲੋਂ ਤਾਂ ਰਾਜਾ ਰਾਣੀ ਘਾਬਰੇ ਕਿ ਬੱਚਾ ਅਖੀਰਲੇ ਦਮਾਂ ਤੇ ਸੀ ਮਰ ਨਾ ਗਿਆ ਹੋਵੇ; ਪਰ ਵੈਦ ਜੀ ਨੇ ਅਗੇ ਹੋਕੇ ਨਾੜ ਵੇਖੀ ਤੇ ਹੱਥ ਧਰਕੇ ਸੁਆਸ ਪਰਖੇ ਤਾਂ ਮਲਕੜੇ ਰਾਜੇ ਨੂੰ ਕਹਿਣ ਲਗਾ:- ਬੱਚਾ ਸੁਖੀ ਹੋ ਗਿਆ ਹੈ, ਬਚ ਜਾਣੇ ਦੀ ਆਸ ਲਗ ਪਈ ਹੈ। ਦੋ ਪੱਕੀਆਂ ਘੜੀਆਂ ਮਗਰੋਂ ਸਾਵਣ ਮਲ ਨੇ ਰੁਮਾਲ ਚਾ ਲਿਆ ਤੇ ਰਾਜ ਕੁਮਾਰ ਦੇ ਨੈਣ ਖੁਹਲੇ ਜੋ ਵੈਦ ਨੇ ਦੇਖੇ ਤੇ ਰਾਜੇ ਨੂੰ ਵਧਾਈ ਦਿੱਤੀ, ਆਖਿਆ ਰਾਜਾ ਹੁਣ ਰਾਜ ਕੁਮਾਰ ਬਚ ਗਿਆ ਹੈ, ਅਹੁਰ ਸ਼ਮਨ ਹੋ ਗਈ ਹੈ। ਸਾਵਣ ਮੱਲ ਜੀ ਹੁਣ ਵਿਦਾ ਹੋਣਾ ਚਾਹੁੰਦੇ ਸਨ, ਪਰ ਰਾਣੀ ਤੇ ਰਾਜਾ ਨੇ ਕਿਹਾ ਅਜ ਦੀ ਰਾਤ ਸਾਡੇ ਕੋਲ ਰਹੋ ਮਤੇ ਡਾਕਿਨੀ ਫੇਰ ਹੱਲਾ ਕਰ ਦੇਵੇ। ਸਾਵਣ ਮਲ ਜੀ ਮੁਸਕ੍ਰਾਏ ਬੋਲੇ: ਸਤਿ ਬਚਨ। ਉਹ ਰਾਤ ਆਪ ਉਥੇ ਹੀ ਰਹੇ। ਬੱਚੇ ਦੇ ਸਾਰੇ ਲੱਛਣ ਠੀਕ ਹੋ ਚੁਕੇ ਸਨ[੨੩੬]। ਰਾਤ ਅਰਾਮ ਨਾਲ ਸੁੱਤਾ ਰਿਹਾ। ਸਵੇਰੇ ਚੁਫੇਰਿਓਂ ਵਧਾਈਆਂ ਮਿਲਣ ਲੱਗੀਆਂ। ਬੰਗਲੇ ਤੋਂ ਹੁਣ ਮਹਿਲਾਂ ਨੂੰ ਆਏ ਤੇ ਸਾਵਣ ਮੱਲ ਨੂੰ ਪਾਲਕੀ ਤੇ ਚੜ੍ਹਾਕੇ ਬੜੇ ਆਦਰ ਨਾਲ ਮਹਲੀਂ ਲਿਆਏ। ਇਕ ਸੁੰਦਰ ਸਜੇ ਹੋਏ ਹਿੱਸੇ ਵਿਚ ਡੇਰਾ ਕਰਵਾਯਾ ਤੇ ਹਰ ਤਰ੍ਹਾਂ ਦੇ ਆਦਰ ਭਾ ਕੀਤੇ! ਇਸ ਤਰ੍ਹਾਂ ਸਾਵਣ ਮਲ ਦਾ ਪ੍ਰਤਾਪ ਬਹੁਤ ਵਧ ਗਿਆ; ਇਥੋਂ ਤਾਂਈ ਕਿ ਰਾਜਾ ਆਪ ਦੇ ਉਪਦੇਸ਼ ਨਾਲ ਗੁਰਮੰਤ੍ਰ ਦਾ ਧਾਰਣੀ ਹੋ ਗਿਆ। ਜੈਸੇ ਲਿਖਯਾ ਹੈ :-

ਕਿਤਕ ਦਿਵਸ ਮਹਿ ਨ੍ਰਿਪ ਸਿਖ ਹੋਯਹੁ ਪੁਨ ਸਭ ਸਿਖੀ ਕੇ ਮਗ ਆਇ। ਵਾਹਿਗੁਰੂ ਸਿਮਰਹਿਂ ਸੁਖ ਪਾਵਹਿਂ ਚਿਤ ਇਛਾ ਕਹਿ ਦੇਤ ਪੁਜਾਇ। (ਸੂ: ਪ੍ਰ:)

ਸਾਵਣ ਮਲ ਦਾ ਐਸ੍ਵਰਜ ਬਣ ਗਿਆ। ਰਾਜਾ ਸਿਖ, ਪਰਜਾ ਸਿਖ, ਸਿੱਖੀ ਦਾ ਪ੍ਰਚਾਰ ਟੁਰ ਪਿਆ। ਆਪ ਜੀ ਉਪਦੇਸ਼ ਬੀ ਕਰਨ; ਪਰ ਆਪਣੀ ਬਣ ਰਹੀ ਪ੍ਰਭੁਤਾ ਦਾ ਸੁਖ ਭੀ ਮਾਣਨ।

ਇਕ ਦਿਨ ਰਾਜਾ ਨੇ, ਜੋ ਗੁਰੂ ਜਸ ਸੁਣਦਾ ਸੁਖੀ ਹੁੰਦਾ ਸੀ, ਕੋਈ ਸੇਵਾ ਪੁੱਛੀ, ਤਾਂ ਸਾਵਣ ਮਲ ਨੇ ਗੋਂਦਵਾਲ ਦੇ ਵਸਾਵਣ ਦਾ ਸਾਰਾ ਹਾਲ ਦੱਸਿਆ ਤੇ ਲਕੜੀ ਦੀ ਲੋੜ ਜਣਾਈ ਤੇ ਕਿਹਾ ਕਿ ਮੈਂ ਤਾਂ ਲਕੜੀ ਲੈਣ ਵਾਸਤੇ ਆਪ ਦੇ ਰਾਜ ਵਿਚ ਆਯਾ ਸੀ ਤੇ ਇਹ ਕਾਰਣ ਕਰਤਾਰ ਨੇ ਬਣਾ ਦਿੱਤੇ ਕਿ ਆਪਦੇ ਬੱਚੇ ਦਾ ਕਾਰਜ ਸੰਵਰ ਗਿਆ ਤੇ ਗੁਰ ਸਿਖੀ ਦਾ ਪ੍ਰਚਾਰ ਟੁਰ ਪਿਆ! ਰਾਜਾ ਨੇ ਕਿਹਾ ਜਿਸ ਗੁਰੂ ਦੇ ਆਪ ਸਿਖ ਹੋ ਉਹ ਤਾਂ ਰਾਮ ਦਾ ਹੀ ਸਰੂਪ ਸਮਝਣੇ ਚਾਹੀਏ; ਜਿਨ੍ਹਾਂ ਨੇ ਆਪ ਨੂੰ ਐਨੀ ਸ਼ਕਤੀ ਬਖਸ਼ੀ ਹੈ ਉਨ੍ਹਾਂ ਦੀ ਲੋੜ ਪੂਰਨੀ ਤਾਂ ਸਾਡੇ ਪਰਮ ਪੁੰਨਜ ਜਾਣੇ ਹਨ। ਇਹ ਕਹਿਕੇ ਰਾਜਾ ਨੇ ਲਕੜੀ ਘੱਲਣੇ ਦੀ ਬੜੀ ਉਤਾਵਲ ਕੀਤੀ। ਜਿਤਨੀ ਸਾਵਣ ਮਲ ਨੇ ਆਖੀ ਉਸ ਤੋਂ ਬੀ ਵਧੀਕ ਸ਼ਤੀਰੀਆਂ ਟੋਰ ਦਿਤੀਆਂ। ਨਾਲ ਤਾਰੂ ਗਏ ਤੇ ਲਕੜੀ ਗੋਂਦਵਾਲ ਪਹੁੰਚ ਗਈ। ਗੁਰੂ ਸਾਹਿਬ ਜੀ ਨੇ ਕਿਵੇਂ ਵੰਡ ਕੀਤੀ? ਕਵੀ ਜੀ ਐਉਂ ਲਿਖਦੇ ਹਨ :-

(ਦਰਯਾ ਵਿਚੋਂ ਲਕੜੀ) ਵਹਿਰ ਨਿਕਾਸੀ ਸਤਿਗੁਰ ਹੇਰੀ ਖਰੇ ਆਪ ਹੁਇ ਦਈ ਵੰਡਾਇ। ਜਿਤਕ ਚਹਿਤ ਨਰ ਦਈ ਤਿਤਕ ਤਿਨ ਲੇ ਸਭ ਗਏ ਆਪਨੀ ਥਾਇ॥੭॥ ਨਿਜ ਕੁਟੰਬ ਕੇ ਮਾਨਵ ਜੇਈ ਬਿਪ੍ਰ ਬ੍ਰਿੰਦ ਕੋ ਬਾਂਟ ਸੁ ਦੀਨ। ਬਾਈ ਜਾਤ ਜੁ ਖੱਤ੍ਰੀ ਕੁਲ ਕੀ ਗੋਇੰਦਵਾਲ ਬਾਸ ਤਿਨਲੀਨ। ਸਰਬ ਜਾਤ ਸਿਖ ਸਦਨ ਕਰੇ ਤਹਿਂ ਤ੍ਰਿਣ ਕਾਸ਼ਟ ਸੇ ਨਿਜ ਘਰ ਕੀਨਿ! ਬਸਨ ਹਾਰ ਪੁਨ ਅਪਰ ਜਿ ਮਾਨਵ ਬਾਂਛਤ ਦੀਨਸ ਗੁਰੂ ਪ੍ਰਬੀਨ॥੮॥ ਸ੍ਰੀ ਗੁਰੂ ਅਮਰਦਾਸ ਹੁਇ ਠਾਂਢੇ ਧਾਮਨ ਕੀ ਅਵਿਨੀ ਅਵਲੋਕ। ਜਥਾ ਜੋਗ ਬਾਂਟੀ ਸਭਹਿਨ ਕੋ ਲੇਕਰ ਮੁਦਿਤ ਭਏ ਸਭਿ ਲੋਕ। ਆਪ ਆਪਨੇ ਰਚੇ ਸਦਨ ਸ਼ੁਭ ਜੋ ਗੁਰਦਈ ਸੋ ਲੀਨੀ ਰੋਕ। ਬਡੇ ਭਾਗ ਜਿਨ ਭਾਲ ਹੁਤੇ ਤਬਿ ਬਸੇ ਸਦਨ ਮਹਿਂ ਸਦਾ ਅਸ਼ੋਕ॥੯॥ (ਸੂ: ਪ੍ਰ:)


www.sikhbookclub.com

ਇਧਰ ਲਕੜੀ ਪਹੁੰਚੀ, ਤੇ ਸਭ ਦੇ ਕਾਰਜ ਸੁਧਰ ਗਏ; ਉਪਰ ਸਾਵਣ ਮੱਲ ਜੀ ਹਰੀ ਪੁਰ ਰਜਾਸਤ ਵਿਚ ਸੁਖ ਮਾਣਦੇ ਰਹੇ। ਦਿਨੋ ਦਿਨ ਮਨ ਵਿਚ ਇਹ ਗੱਲ ਪੱਕੀ ਹੁੰਦੀ ਗਈ ਕਿ ਹੁਣ ਪ੍ਰਤਾਪ ਛੋੜਕੇ ਕਾਸ ਨੂੰ ਘਰ ਜਾਣਾ ਹੈ, ਏਥੇ ਹੀ ਟਿਕੇ ਰਹੀਏ! ਇਉਂ ਕਈ ਮਹੀਨੇ ਖੀਤ ਗਏ। ਇਕ ਦਿਨ ਸਤਿਗੁਰੂ ਜੀ ਦੇ ਮਨ ਵਿਚ ਆਈ ਕਿ ਮਾਯਾ ਬੜੀ ਚੰਚਲ ਹੈ, ਸਭ ਦੇ ਦੁਆਲੇ ਘੁੰਮਦੀ ਤੇ ਜਾਲ ਵਿਛਾਉਂਦੀ ਹੈ। ਸਾਵਣ ਮੱਲ ਬੀ ਸਿੱਧੀਆਂ ਦਿਖਾ ਕੇ ਐਸ਼੍ਰਰਜਵਾਨ ਹੋ ਗਿਆ ਹੈ। ਘਾਲ ਇਸ ਦੀ ਥੋੜੀ ਹੈ, ਵੈਰਾਗ ਅਜੇ ਕੱਚਾ ਹੈ। ਮਾਯਾ ਵਿਚ ਫਸਕੇ ਮੁਕਤਿ ਮਾਰਗ ਤੋਂ ਘੁੱਸਣ ਲੱਗਾ ਹੈ। ਉਸ ਦੀ ਮਾਂ ਡਰਦੀ ਸੀ ਕਿ ਕੋਈ ਡੈਣ ਨਾ ਵੱਸ ਕਰ ਲਵੇ ਯਾ ਖਾ ਜਾਵੇ ਮੇਰੇ ਨੀਂਗਰ ਨੂੰ : ਓਹੋ ਗੱਲ ਇਉਂ ਸੱਚ ਹੋ ਚਲੀ ਹੈ ਕਿ ਮਾਯਾ ਡਾਇਣ ਨੇ ਵੇੜ੍ਹ ਲਿਆ ਹੈ: ਬਰਖੁਰਦਾਰ ਨੂੰ, ਇਸ ਦੀ ਰਖਯਾ ਕਰਨੀ ਲੋੜੀਏ।

ਰਿੱਧੀ ਸਿੱਧੀ ਪ੍ਰਾਪਤ ਹੋ ਜਾਣ ਤੇ ਮਨ ਹੰਕਾਰ ਵਿਚ ਚਲਾ ਜਾਂਦਾ ਹੈ, ਫੇਰ ਐਸ਼੍ਵਰਜ ਵਿਚ ਫਸ ਜਾਂਦਾ ਹੈ, ਫਿਰ ਭਗਤੀ ਦਾ ਮਾਰਗ ਇਸ ਤੋਂ ਦੂਰ ਰਹਿ ਜਾਂਦਾ ਹੈ, ਜਿਸ ਦਾ ਪ੍ਰਯੋਜਨ ਕਿ ਕਲਜਾਣ ਤੇ ਲੈ ਜਾਣਾ ਸੀ। ਸੋ ਸਤਿਗੁਰੂ ਜੀ ਨੇ ਸਾਵਣ ਮੱਲ ਨੂੰ ਸਦਵਾ ਘੱਲਿਆ। ਸੱਦਾ ਪਹੁੰਚਣ ਤੇ ਸਾਵਣਮੱਲ ਨੂੰ ਗੁਰੂ ਪ੍ਰਤਾਪ ਦੀ ਮਹੱਤਤਾ ਦਾ ਝਲਕਾ ਵੱਜਾ, ਹੋਸ਼ ਆ ਗਈ ਤੇ ਮਨ ਦੇ ਲਾਲਚੀ ਹੋ ਜਾਣ ਤੇ ਲੱਜਾ ਬੀ ਆਈ। ਸੋ ਗੁਰੂ ਕਾ ਧਯਾਨ ਧਰਕੇ ਤਯਾਰੀ ਕਰ ਦਿੱਤੀ। ਪਰ ਨਾਲ ਹੀ ਇਹ ਗੱਲ ਬੀ ਫੁਰੀ ਕਿ ਰਾਜਾ ਨੂੰ ਬੀ ਗੁਰੂ ਕੀ ਸ਼ਰਣ ਲੈ ਚੱਲਾਂ, ਜੋ ਉਹ ਗੁਰੂ ਤੇ ਏਹ ਸਿਖ ਪਰਸਪਰ ਮਿਲ ਪੈਣ ਤੇ ਮੈਨੂੰ ਜੋ ਮਾਯਾ ਪਈ ਹੈ ਉਹ ਦੂਰ ਹੋ ਜਾਵੇ[੩੭], ਮੈਂ ਤਾਂ ਦਾਸ ਹਾਂ ਗੁਰੂ ਕਾ ਤੇ ਦਾਸ ਬਣਿਆ ਰਹਾਂ। ਇਸ ਪ੍ਰਕਾਰ ਵੀਚਾਰ ਕੇ ਰਾਜੇ ਨੂੰ ਬੀ ਕਹਿ ਦਿਤੋਸੁ ਕਿ ਮੈਂ ਹੁਣ ਸਤਿਗੁਰ ਦੇ ਚਰਨਾਂ ਵਿਚ ਚੱਲਣਾ ਹੈ; ਆਪ ਬੀ ਚੱਲੋ ਤੇ ਦਰਸ਼ਨ ਕਰਕੇ ਕ੍ਰਿਤ ਕ੍ਰਿਤ ਹੋਵੋ। ਮਾਲਕ ਓਹ ਹਨ ਮੈਂ ਤਾਂ ਦਾਸ ਹਾਂ ਤੇ ਇਕ ਸੇਵਾ ਲਈ ਆਇਆ ਸਾਂ ਜੋ ਗੁਰੂ ਨੇ ਆਪ ਸਿਰੇ ਚੜ੍ਹਵਾ ਲਈ ਹੈ। ਇਹ ਗੱਲ ਸੁਣਕੇ ਰਾਜਾ ਰਾਣੀਆਂ ਤੇ ਟਿੱਕੇ ਸਮੇਤ ਤਯਾਰ ਹੋ ਪਿਆ। ਚੰਗੇ ਰਾਜਸੀ ਠਾਠ ਵਿਚ ਸਫਰ ਦੀ ਤਿਆਰੀ ਹੋਈ ਤੇ ਸਨੇ ਸਨੇ ਸਫਰ ਕਰਦੇ ਗੋਇੰਦਵਾਲ ਆ ਪਹੁੰਚੇ। ਰਾਜੇ ਦਾ ਸੁਹਣੇ ਥਾਂ ਡੇਰਾ ਕਰਵਾਕੇ ਆਪ ਸਾਵਣ ਮੱਲ ਗੁਰੂ ਕੇ ਹਜ਼ੂਰ ਹਾਜ਼ਰ ਹੋਇਆ, ਕੁਛ ਸ਼ਰਮਾਕਲ ਜੇਹੇ ਰੰਗ ਵਿਚ ਮੱਥਾ ਟੇਕਕੇ ਬੈਠ ਗਿਆ ਤੇ ਮੂੰਹ ਤੋਂ ਸੰਕੁਚਦੇ ਸੰਕੁਚਦੇ ਪਦ ਨਿਕਲਿਆ 'ਤ੍ਰਾਹਿਮਾਂ'। ਸਤਿਗੁਰੂ ਮੁਸਕ੍ਰਾਏ ਤੇ ਬੋਲੇ-ਦੇਖ ਬੇਟਾ! ਸਾਡਾ ਮਾਰਗ 'ਵਿਸਮਾਦ ਰੰਗ' ਹੈ। ਇਸ ਦਾ ਫਲ ਹੈ ਕਲਯਾਣ। ਹੋਰ ਲੋਕ ਵਿਭੂਤੀਆਂ ਪ੍ਰਾਪਤ ਕਰਦੇ ਹਨ, ਰਿਧੀਆਂ ਸਿਧੀਆਂ ਵਿਚ ਫਸ ਜਾਂਦੇ ਹਨ 'ਰਿਧਿ ਸਿਧਿ ਅਵਰਾ ਸਾਦ' ਗੁਰੂ ਬਾਬੇ ਨੇ ਫੁਰਮਾਯਾ ਹੈ। ਰਿਧੀਆਂ ਸਿਧੀਆਂ ਦਾ ਜੋ ਸੁਆਦ ਹੈ ਉਹ ਅਵਰਾ ਸਾਦ ਹੈ, ਹਨੇਰੇ ਵਿਚ ਰਖਦਾ ਹੈ, ਪਾਰਬ੍ਰਹਮ ਦੇ ਦਰਸ਼ਨ ਨਹੀਂ ਹੋਣ ਦੇਂਦਾ, ਕਿਉਂਕਿ ਇਹ ਵੀ ਅਨਾਤਮ ਰਸ ਹੈ! ਸਭ ਤੋਂ ਉਚੀ ਵਸਤੂ ਨਾਮ ਹੈ ਜੋ ਨਾਮੀ ਵਿਚ ਲੈ ਜਾਂਦੀ ਹੈ। ਰਿਧੀਆਂ ਸਿਧੀਆਂ ਚਾਹੋ ਨਾਮੀ ਪੁਰਖ ਨੂੰ ਪ੍ਰਾਪਤ ਹੋ ਜਾਣ, ਉਹ ਉਨ੍ਹਾਂ ਤੋਂ ਆਪ ਨੂੰ ਉੱਚਾ ਰਖਦਾ ਹੈ। ਨਾਮ ਵਿਚ ਉੱਚਾ ਹੋ, ਨਾਮ ਦੀ ਲਿਵ ਵਿਚ ਲਗਾ ਰਹੁ। ਘਾਲ ਵਿਚ ਢਿੱਲਾ ਨਾ ਹੋ, ਅੰਤਰ ਵੈਰਾਗ ਰਖ ਸਭ ਪ੍ਰਾਪਤੀਆਂ ਨਾਲ। ਪ੍ਰੇਮ ਰਖ 'ਵਾਹ ਵਾਹ, ਦਾਤੇ ਨਾਲ। ਕਰਾਮਾਤਾਂ ਵਿਚ ਨਾ ਫਸ, ਸਿਫਤ ਸਲਾਹ ਦੇ ਰਸਤੇ ਵਿਸਮਾਦੀ ਰੰਗ ਮਾਣ। ਭੇਜਣਾ ਤੈਨੂੰ ਹੁਣ ਬੀ ਹਰੀ ਪੁਰ ਹੈ। ਓਥੇ ਸਿਖੀ ਦਾ ਪ੍ਰਚਾਰ ਕਰ, ਤੇਰੀ ਬੀ ਕਲਯਾਣ ਹੋਵੇ ਤੇ ਲੋਕਾਂ ਦੀ ਬੀ, ਪਰ ਸਾਂਈਂ ਪ੍ਰੇਮ ਵਿਚ ਜੀਉਣਾ ਹੈ। ਹੋਰ ਕਿਸੇ ਲੋਭ ਵਿਚ ਨਹੀਂ ਫ਼ਸਣਾ।

ਸਾਵਣ ਮਲ ਸਮਝ ਗਿਆ ਕਿ ਮੈਂ ਨਾ ਕੇਵਲ ਬਖਸ਼ਿਆ ਗਿਆ ਹਾਂ ਸਗੋਂ ਹੋਰ ਵਰਾਂ ਨਾਲ ਸੁਭਾਗਾ ਹੋ ਗਿਆ ਹਾਂ। ਗੁਰੂ ਜੀ ਕੈਸੇ ਕੋਮਲ ਭਾਵਾਂ ਵਾਲੇ ਹਨ ਕਿ ਦੰਡਣ ਦੀ ਥਾਂ ਹੋਰ ਉੱਚਾ ਕਰਦੇ ਤੇ ਤਾਰਦੇ ਹਨ। ਫੇਰ ਸਾਵਣ ਮੱਲ ਨੇ ਰਾਜਾ ਵਲੋਂ ਬੇਨਤੀ ਕੀਤੀ ਕਿ ਰਾਜਾ ਰਣਵਾਸ ਸਣੇ ਦਰਸ਼ਨ ਕਰਨਾ ਚਾਹੁੰਦਾ ਹੈ। ਸਾਹਿਬਾਂ ਨੇ ਕਿਹਾ ਕਿ ਲੰਗਰ ਦਾ ਭੋਜਨ ਉਸ ਨੂੰ ਛਕਾਓ, ਛਕੇ ਤੇ ਮਤਿ ਸ਼ੁੱਧ ਹੋਵੇ: ਦਰਸ਼ਨ ਨੂੰ ਦੀਵਾਨ ਵਿਚ ਆਵੇ, ਸੁਖਾਂ ਨਾਲ ਆਵੇ। ਰਣਵਾਸ ਵੀ ਬੇਸ਼ਕ ਨਾਲ ਆਵੇ, ਪਰ ਉਨ੍ਹਾਂ ਦਾ ਲਿਬਾਸ ਸਾਦਾ ਹੋਵੇ ਤੇ ਘੁੰਡ ਪਰਦਾ ਕਿਸੇ ਨੂੰ ਨਾ

 www.sikhbookclub.com

ਹੋਵੇ। ਸਤਿਸੰਗ ਵਿਚ ਸਹਜ ਸੁਭਾਵ ਆਵਣਾ ਚਾਹੀਦਾ ਹੈ।

ਸੋ ਅਗਲੇ ਦਿਨ ਦਰਬਾਰ ਵਿਚ ਰਾਜਾ, ਰਾਣੀਆਂ ਤੇ ਹੋਰ ਅਹਿਲਕਾਰ, ਜੋ ਨਾਲ ਆਏ ਸਨ, ਹਾਜ਼ਰ ਹੋਏ। ਬੜੇ ਅਦਬ ਤੇ ਭਾਵਨਾ ਨਾਲ ਦਰਸ਼ਨ ਕੀਤੇ, ਉਪਦੇਸ਼ ਸੁਣੇ ਤੇ ਕ੍ਰਿਤ ਕ੍ਰਿਤ ਹੋਕੇ ਆਪਣੇ ਡੇਰੇ ਗਏ। ਰਣਵਾਸ ਵਿਚੋਂ ਇਕ ਰਾਣੀ ਨੇ ਦਰਬਾਰ ਵੜਦਿਆਂ ਹੀ ਘੁੰਡ ਕੱਢ ਲਿਆ ਸੀ। ਉਹ ਬਾਹਰ ਨਿਕਲਦੇ ਹੀ ਝੱਲੀ ਹੋਕੇ ਬਨ ਨੂੰ ਭੱਜ ਗਈ[੨੩੮]।

ਕੁਛ ਦਿਨ ਆਨੰਦ ਲੈ ਕੇ ਰਾਜਾ ਦੇਸ਼ ਨੂੰ ਟੁਰ ਪਿਆ। ਸਾਵਣ ਮਲ ਨੂੰ ਗੁਰੂ ਜੀ ਨੇ ਪਹਿਲੀ ਮੰਜੀ ਬਖਸ਼ੀ[੨੩੯] ਤੇ ਹਰੀ ਪੁਰ ਵਿਚ ਰਹਿਕੇ ਨਾਮ ਪ੍ਰਚਾਰ ਕਰਨੇ ਦੀ ਆਗਿਆ ਕੀਤੀ। ਗੁਰ ਜੀ ਨੇ ਆਪਣੇ ਸਮੇਂ ੨੨ ਮੰਜੀਆਂ ਸਥਾਪਨ ਕੀਤੀਆਂ ਸਨ। ਇਹ ਪਹਿਲੀ ਸੀ।

## ੫. ਇਕ ਪਾਂਡਾ-ਬ੍ਰਤ।

**ਗੋਇੰਦਵਾਲ** ਗੁਰੂ ਨਾਨਕ ਦੀ ਜੋਤਿ ਉਵੇਂ ਕੰਮ ਕਰ ਰਹੀ ਹੈ ਜਿਵੇਂ ਕਰਤਾਰਪੁਰ ਤੇ ਖਡੂਰ ਕਰਦੀ ਹੁੰਦੀ ਸੀ। ਇਕ ਦਿਨ ਸਾਹਿਬ ਦਿਨ ਢਲੇ ਤਕ ਬਿਆਸਾ ਕਿਨਾਰੇ ਬੈਠੇ ਰਹੇ। ਛੰਨ ਉਵੇਂ ਛਾਈਖਲੀ ਸੀ, ਕਦੇ ਕਦੇ ਇਥੇ ਗੁਰੂ ਜੀ ਬੈਠਦੇ ਸਨ। ਸੂਰਜ ਅਸਤੇ ਆਪ ਨਗਰੀ ਨੂੰ ਮੁੜੇ, ਦੋ ਤ੍ਰੈ ਸਿਖ ਨਾਲ ਸਨ। ਇਕ ਥਾਂ ਜ਼ਰਾ ਖੜੇ ਹੋਏ ਸਨ ਕਿ ਇਕ ਗੰਗਾ ਦਾ ਪਾਂਡਾ ਹੱਥ ਜੋੜਕੇ ਸਾਹਮਣੇ ਖੜੋ ਗਿਆ। ਹੇ ਗੁਰੂ! ਹੇ ਜਗਤ ਗੁਰੂ! ਆਗਿਆ ਭੰਗ ਦਾ ਦੋਖ ਮਾਫ! ਮੈਂ ਲੰਗਰ ਤੋਂ ਅੰਨ ਖਾਧੇ ਬਿਨਾਂ ਦਰਸ਼ਨ ਕਰ ਲਏ ਹਨ, ਪਰ ਖਿਮਾਂ ਦੇ ਸਾਗਰ! ਅੱਜ ਏਕਾਦਸ਼ੀ ਹੈ, ਮੈਂ ਖ੍ਰਤ ਧਾਰੀ ਹਾਂ, ਅੰਨ ਪਾਵਾਂ ਤਾਂ ਆਪਣੇ ਧਰਮ ਤੋਂ ਡਿਗਦਾ ਹਾਂ। ਕੱਲ ਦੁਆਦਸ਼ੀ ਹੈ, ਪਰ ਉਗਮਦੀ ਤਿਥਿ ਨਹੀਂ ਮੇਰਾ ਬ੍ਰਤ ਕੱਲ ਬੀ ਉਪਾਰਨ ਨਹੀਂ ਹੋਣਾ, ਪਰਸੋਂ ਮੈਂ ਟੁਰਨਾ ਹੈ। ਸੋ ਅੱਜ ਹੀ ਦਰਸ਼ਨ ਕਰਨ ਦੀ ਢੀਠਤਾ ਕਰ ਲਈ ਹੈ; ਖਿਮਾ ਕਰਨੀ।

ਸਤਿਗੁਰੂ ਹੱਸ ਪਏ ਤੇ ਬੋਲੇ-ਪੰਡਿਤਾਂ ਵਾਲੀ ਚਤੁਰਾਈ ਵਰਤ ਲਈ ਨੇ, ਚੰਗਾ, ਦਰਸ਼ਨ ਮੇਲੇ ਹੋ ਗਏ, ਕੋਈ ਕੰਮ?

ਪਾਂਡਾ-ਬੱਸ ਇਹੋ ਬੇਨਤੀ ਹੈ ਗੁਰੂ ਸਾਹਿਬ! ਕਿ ਵਰਣਾਸ਼੍ਰਮੀ ਮਰਿਯਾਦਾ ਕਾਸਨੂੰ ਭੰਗ ਹੋ ਰਹੀ ਹੈ ਆਪੇ ਦੇ ਦੁਆਰੇ, ਜੋ ਧਰਮ ਦੇ ਰਖਜਕ ਹੋ!

ਗੁਰੂ ਜੀ-ਦੇਖ ਭਾਈ! ਇਕ ਬ੍ਰਹਮ ਹੈ, ਉਹ ਮੂਲ ਹੈ ਜਗਤ ਦਾ, ਉਸ ਦੇ ਅਸਲੇ ਤੋਂ ਸਾਰੀ ਉਤਪਤੀ ਹੁੰਦੀ ਹੈ। ਸੋ ਸਾਰੇ ਜੀਵ ਇਕ ਪਿਤਾ 'ਬ੍ਰਹਮ' ਤੋਂ ਉਪਜਣ ਕਰਕੇ ਇਕੋ ਜੇਹੇ ਹਨ। ਇਹ ਤਾਂ ਮਨੁੱਖ ਦੇ ਅੰਦਰਲੇ ਦੀ ਜੀਵਤ ਹਿੱਸੇ ਦੀ 'ਏਕਤਾ' ਹੈ, ਜਿਸ ਵਿਚ ਫਰਕ ਕੋਈ ਨਹੀਂ। ਫੇਰ ਦੇਹ ਜੋ ਹੈ ਸੋ ਤੱਤਾਂ ਤੋਂ ਬਣੀ ਹੈ। ਕਿਸੇ ਦੀ ਦੇਹੀ ਵਿਲੱਖਣ ਤੱਤਾਂ ਤੋਂ ਨਹੀਂ ਬਣੀ; ਇਕੋ ਹੀ ਤੱਤ ਦੇਹ ਦਾ ਕਾਰਣ ਹਨ, ਏਥੇ ਬੀ 'ਤੁੱਲਤਾ' ਹੋਈ, ਘਟ ਵੱਧ ਕੁਛ ਨਾ ਲੱਭਾ। ਜਿਵੇਂ ਕੁਮਿਹਾਰ ਭਾਂਡੇ ਘੜਦਾ ਹੈ, ਉਹ ਇਕੋ ਮਿੱਟੀ ਤੋਂ ਘੜਦਾ ਹੈ। ਸੋ ਫਰਕ ਜੇ ਕਿਤੇ ਹੈ ਤਾਂ ਦੱਸੋ ਜਾਤ ਦਾ ਭਿੰਨ ਭੇਦ ਮੂਲ ਵਿਚੋਂ ਸਮਝੀਏ।

ਪਾਂਡਾ-ਸਤਿਗੁਰੂ ਜੀਓ! ਕੀਹ ਫੇਰ ਜਗਤ ਜੀਵਾਂ ਵਿਚ ਫਰਕ ਕੋਈ ਨਹੀਂ ਹੈ?

ਗੁਰੂ ਜੀ-ਹੈ, ਉਹ ਹੈ ਕਰਮਾਂ ਦਾ ਫਰਕ। ਇਹ ਜੀਵ ਕਰਮ ਕਰਕੇ ਆਪਨੂੰ ਉੱਚਾ ਨੀਵਾਂ ਕਰਦਾ ਹੈ। ਕਰਮਾਂ ਤੋਂ ਸੁਭਾਵ ਬਣਦੇ ਹਨ; ਕਰਮ ਕਰਕੇ ਹੀ ਜੀਵ ਬੰਧਾਇਮਾਨ ਹੁੰਦਾ ਹੈ। ਕਰਮ ਤੋਂ ਛੁਟਕਾਰਾ ਸਤਿਗੁਰੂ ਦੁਆਰਾ ਹੁੰਦਾ ਹੈ। ਜਾਤੀ ਭੇਦ ਨਾਲ ਛੁਟਕਾਰਾ ਨਹੀਂ ਹੁੰਦਾ, ਤੂੰ ਬੀ ਇਹ ਫਰਕ ਛੋੜ ਦੇਹ। ਜਾਤ ਦਾ ਫਰਕ ਗਰਬ ਵਿਚ ਲੈ ਜਾਂਦਾ ਹੈ ਉਚ ਜਾਤੀਆਂ ਨੂੰ, ਤੇ ਨੀਵੇਂ ਕਰ ਦੇਂਦਾ ਹੈ ਨੀਵੀਆਂ ਜਾਤੀਆਂ ਦੇ ਮਨਾਂ ਨੂੰ। ਜਨਮ ਕਰਕੇ ਤੂੰ ਬ੍ਰਾਹਮਣ ਹੈਂ, ਪਰ ਇਹ ਜਨਮ ਮਾਤ੍ਰ ਦਾ ਬ੍ਰਾਹਮਣ ਪੁਣਾ ਤੈਨੂੰ ਮੋਖ ਪ੍ਰਦਾਤਾ ਨਹੀਂ ਹੋਣ ਲਗਾ। ਮੁਕਤੀ ਪ੍ਰਾਪਤ ਬ੍ਰਾਹਮਣ, ਹਾਂ ਅਸਲੀ ਬ੍ਰਾਹਮਣ ਤੂੰ ਤਦ ਹੀ ਹੈ ਜਦ ਤੂੰ ਬ੍ਰਹਮ ਨੂੰ ਪਛਾਣ ਲਵੇਂ। ਬ੍ਰਹਮ ਗਜਾਨ ਪਾਏ ਬਿਨਾਂ ਕੋਈ ਬ੍ਰਹਮਣ ਨਹੀਂ, ਚਾਹੋਜਨਮ ਕਰਕੇ ਕਿਸ ਜਾਤ ਦਾ ਹੋਵੇ। ਇਹ ਉਪਦੇਸ਼ ਸਤਿਗੁਰ ਨੇ ਇਕ ਸ਼ਬਦ ਵਿਚ ਬੀ ਉਚਾਰਣ ਕੀਤਾ ਹੈ। ਜੋ ਐਉਂ ਹੈ -


www.sikhbookclub.com

ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧
੧ੴ ਸਤਿਗੁਰ ਪ੍ਰਸਾਦਿ॥
ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬੁ ਤੇ ਚਲਹਿ ਬਹੁਤੁ ਵਿਕਾਰਾ॥੧॥ਰਹਾਉ॥
ਚਾਰੇ ਵਰਨ ਆਖੈ ਸਭੁ ਕੋਈ॥
ਬ੍ਰਹਮੁ ਬਿੰਦੁ ਤੇ ਸਭ ਓਪਤਿ ਹੋਈ॥੨॥
ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥੩॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥
ਘਟਿ ਵਧਿ ਕੋ ਕਰੈ ਬੀਚਾਰਾ॥੪॥
ਕਹਤੁ ਨਾਨਕ ਇਹੁ ਜੀਉ ਕਰਮਬੰਧੁ ਹੋਈ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥੫॥

ਫੇਰ ਸਤਿਗੁਰ ਜੀ ਬੋਲੇ : ਪੰਡਿਤਾ! ਸੱਚ ਦੱਸ ਕਿ ਤੂੰ ਬ੍ਰਹਮ ਨੂੰ ਬਿੰਦਿਆ ਹੈ? ਪਾਂਡਾ ਚੁਪ ਹੋ ਗਿਆ ਸੋਚੀਂ ਪੈ ਗਿਆ। ਆਖਣ ਲੱਗਾ : ਸੱਚ ਪੁਛਾਂਦੇ ਹੋ, ਸੱਚ ਬੜਾ ਕਠਨ ਹੈ। ਸੱਚ! ਸੱਚ ਇਹ ਹੈ ਕਿ ਬ੍ਰਹਮ ਗਜਾਨ ਪੜ੍ਹਿਆ ਹਾਂ, ਪਰ ਬ੍ਰਹਮ ਪਛਾਣਿਆ ਨਹੀਂ। ਤੁਸਾਂ ਸੱਚ ਕਿਹਾ ਹੈ। ਸ਼ਾਸਤਰਾਂ ਵਿਚ ਬੀ ਲਿਖਿਆ ਹੈ-ਬ੍ਰਹਮ ਜਾਣਨੇ ਕਰਕੇ ਬ੍ਰਾਹਮਣ ਹੁੰਦਾ ਹੈ-ਬ੍ਰਹਮ ਵਿਚ ਬ੍ਰਹਮ ਇਵਭਵਤੀ! ਪਰ...(ਚੁਪ ਰਿਹਾ ਕੁਛ ਚਿਰ ਪਾਂਡਾ, ਫੇਰ ਬੋਲਿਆ)-ਇਕ ਹੋਰ ਪ੍ਰਾਰਥਨਾ ਕਰ ਲਵਾਂ? ਸਤਿਗੁਰੂ ਮੁਸਕ੍ਰਾਏ ਤੇ ਬੋਲੇ-ਕਹੋ ਪੰਡਿਤ ਜੀ!

ਪਾਂਡਾ-ਇਹ ਜੋ ਪਰਮਾਤਮਾਂ ਦੀ ਪ੍ਰਾਪਤੀ ਹੈ, ਬ੍ਰਿਤਿ ਇਸ ਵਿਚ ਸਹਾਈ ਵਸਤੂ ਹੈ। ਆਪ ਨੇ ਇਹ ਬੀ ਨਹੀਂ ਜਾਰੀ ਰਖੇ। ਦੇਖੋ ਅੱਜ ਏਕਾਦਸ਼ੀ ਹੈ, ਵਿਸ਼ਨੂੰ ਦਾ ਦਿਨ ਹੈ, ਅੱਜ ਦਾ ਬ੍ਰਿਤਿ ਕੀਤਾ ਬੜੇ ਪੁੰਨ ਫਲ ਵਾਲਾ ਹੈ। ਕੱਲ ਦ੍ਵਾਦਸ਼ੀ ਹੈ, ਇਹ ਬਾਵਨ ਅਵਤਾਰ ਦਾ ਦਿਨ ਹੈ। ਨੌਮੀ ਦੀ ਤਿਥ ਦੇਵੀ ਦਾ ਦਿਨ ਹੈ। ਦਸਮੀਂ ਤਿਥੀ ਦਿਗਪਾਲਾਂ ਦਾ ਦਿਨ ਹੈ।

ਮਹਾਰਾਜ ਤਾੜੀ ਮਾਰਕੇ ਹੱਸੇ ਤੇ ਉਸ ਵੇਲੇ ਉਚਾਰ ਹੋਇਆ :-ਮਹਲਾ ੩॥

ਨਉਮੀ ਨੇਮੁ ਸਚੁ ਜੇ ਕਰੈ॥
ਕਾਮ ਕ੍ਰੋਧੁ ਤ੍ਰਿਸਨਾ ਉਚਰੈ॥
ਦਸਮੀ ਦਸੇ ਦੁਆਰ ਜੇ ਠਾਕੈ
ਏਕਾਦਸੀ ਏਕੁ ਕਰਿ ਜਾਣੈ॥
ਦੁਆਦਸੀ ਪੰਚ ਵਸਗਤਿ ਕਰਿ ਰਾਖੈ
ਤਉ ਨਾਨਕ ਮਨੁ ਮਾਨੈ॥
ਐਸਾ ਵ੍ਰਤੁ ਰਹੀਜੈ ਪਾਡੈ
ਹੋਰ ਬਹੁਤੁ ਸਿਖ ਕਿਆ ਦੀਜੈ॥੨॥
(ਸਾਰੰਗ ਕੀ ਵਾਰ ਮ: ੩-੨੧)

ਪਾਂਡਾ-ਮੈਂ ਸਮਝ ਨਹੀਂ ਸਕਿਆ, ਸਤਿਗੁਰ ਜੀ! ਇਸ ਦੇਸ਼ ਦੀ ਭਾਸ਼ਾ ਦੀ ਰਿਆਤ ਮੈਨੂੰ ਜ਼ਰਾ ਘਟ ਹੈ।

ਗੁਰੂ ਜੀ-ਦੇਖ ਭਾਈ, ਤੂੰ ਚਾਰ ਤਿਥਾਂ ਗਿਣੀਆਂ ਹਨ, ਸਾਡਾ ਵਿਚਾਰ ਇਹ ਹੈ ਕਿ ਜੇ ਕੋਈ ਨੌਮੀ ਦੀ ਥਿਤ ਨੂੰ ਬ੍ਰਿਤਿ ਰਖਣਾ ਚਾਹੇ ਤਾਂ 'ਸੱਚ' ਦਾ ਨੇਮ ਧਾਰਨ ਕਰੇ। ਇਸ ਦਾ ਫਲ ਕੀ ਹੋਵੇਗਾ? ਕਿ ਉਸ ਦਾ ਕਾਮ ਕ੍ਰੋਧ ਤੇ ਤ੍ਰਿਸ਼ਨਾਂ ਦੂਰ ਹੋ ਜਾਣਗੇ। ਦਸਮੀਂ ਨੂੰ ਇਹ ਬ੍ਰਿਤਿ ਧਾਰਨ ਕਰੇ ਕਿ ਕਰਮ ਤੇ ਗਜਾਨ ਦੇ ਦਸੇ ਇੰਦ੍ਰੇ ਰੋਕ ਰਖੇ, ਉਹਨਾਂ ਤੇ ਪਹਿਰਾ ਦੇਵੇ, ਵਿਸ਼ਿਆਂ ਵਲ ਉਨ੍ਹਾਂ ਦੀ ਧਾਵਨਾ ਨੂੰ ਰੋਕੇ। ਏਕਾਦਸ਼ੀ ਦਾ ਬ੍ਰਿਤਿ ਇਹ ਧਾਰਨ ਕਰੇ ਕਿ ਇਕ ਪਰਮਾਤਮ ਦੇਵ ਨੂੰ 'ਇਕ' ਕਰਕੇ ਸਿਆਣ ਲਵੇ। ਦੁਆਦਸ਼ੀ ਨੂੰ ਇਉਂ ਧਾਰਨਾ ਧਾਰੇ ਕਿ ਪੰਜ ਵਿਕਾਰਾਂ ਤੋਂ ਆਪ ਨੂੰ ਬਚਾਵੇ, ਇਨ੍ਹਾਂ ਨੂੰ ਆਪਣੇ ਵੱਸ ਵਿਚ ਰਖੇ। ਜੇ ਦੁਆਦਸ਼ੀ ਨੂੰ ਬ੍ਰਿਤਿ ਉਪਾਰਨ ਦਾ ਦਿਨ ਸਮਝੇ ਤਾਂ ਬੀ ਪੰਜ ਵਿਕਾਰਾਂ ਦੀ ਰੋਕ ਥਾਮ ਨੂੰ ਬ੍ਰਿਤਿ ਉਪਾਰਨਾ ਸਮਝੇ, ਕਿਉਂਕਿ ਐਸਾ ਕਰਨੇ ਨਾਲ ਆਤਮ ਵਸਤੂ ਪ੍ਰਬਲ ਹੁੰਦੀ ਹੈ। ਐਸੇ ਬ੍ਰਤਾਂ ਦਾ ਫਲ ਮਨ ਦੀ ਪਤੀਜਣਾ ਹੋਵੇਗਾ। ਮਨ ਅਨੁਭਵ ਦੇ ਘਰ ਜਾਏਗਾ। ਹੇ ਪਾਂਡੇ! ਜੇ ਇਹੋ ਜਿਹਾ ਵਰਤ ਰਖੇਂਗਾ ਤਾਂ ਬ੍ਰਤ ਹੈ। ਹੋਰ ਬਹੁਤੀਆਂ ਸਿਖਾਂ ਕੀ ਦੇਈਏ!

ਇਹ ਕਹਿਕੇ ਸਤਿਗੁਰ ਜੀ ਤੁਰ ਪਏ, ਨਾਲ ਦੇ ਸਿਖ ਬੀ ਟੁਰ ਪਏ, ਪਾਂਡਾ ਬੀ ਨਾਲ ਨਾਲ ਹੋ ਲਿਆ। ਡੂੰਘੀ ਵਿਚਾਰ ਵਿਚ ਜਾ ਰਿਹਾ ਸੀ ਕਿ ਘਰ ਆ ਗਿਆ। ਸਤਿਗੁਰੂ ਜੀ ਅਦਰ ਵੜਨ ਲਗੇ ਤਾਂ ਪਾਂਡੇ ਨੇ ਸੀਸ ਨਿਵਾ ਕਿ ਕਿਹਾ : ਜੇ ਆਗਿਆ ਹੋਵੇ ਤਾਂ ਕੋਈ ਕੱਚੀ ਘੜੀ ਚਰਨਾਂ ਵਿਚ ਬੈਠ ਲਵਾਂ?


www.sikhbookclub.com

ਸਤਿਗੁਰੂ ਜੀ ਨੇ ਉਸ ਦੀ ਭਾਵਨਾ ਦੇਖਕੇ ਕਿਹਾ ਭਲੀ ਗਲ ਪੰਡਿਤ ਜੀ! ਇਹ ਕਹਿਕੇ ਅੰਦਰ ਲੰਘੇ। ਵਿਹੜੇ ਵਿਚ ਇਕ ਮੰਜੀ ਡੱਠੀ ਹੋਈ ਤੇ ਉਪਰ ਚਾਦਰ ਵਿਛੀ ਹੋਈ ਸੀ, ਸਤਿਗੁਰੂ ਜੀ ਉਸ ਪਰ ਬੈਠ ਗਏ। ਸਿਖਾਂ ਨੇ ਇਕ ਦੋ ਫੂਹੜੀਆਂ ਵਿਛਾ ਦਿੱਤੀਆਂ ਤੇ ਪੰਡਿਤ ਜੀ ਤੇ ਸਿਖ ਉਨ੍ਹਾਂ ਪਰ ਬੈਠ ਗਏ।

ਪੰਡਿਤ-ਆਪ ਨੇ ਫੁਰਮਾਇਆ ਸੀ ਕਿ ਬ੍ਰਹਮ ਨੂੰ ਜਾਣਨੇ ਕਰ ਬ੍ਰਹਮਣ ਹੁੰਦਾ ਹੈ। ਬ੍ਰਹਮ ਨੂੰ ਕਿਉਂ ਨਹੀਂ ਜਾਣਿਆ ਜਾਂਦਾ, ਜੋ ਸਭ ਦਾ ਮੂਲ ਹੈ ਤੇ ਨੇੜੇ ਤੋਂ ਨੇੜੇ ਹੈ?

ਸਤਿਗੁਰ ਜੀ ਬੋਲੇ-ਸਭ ਕੋਈ ਸੁੱਤਾ ਪਿਆ ਹੈ ਇਹ ਨੀਂਦ ਸਰੀਰ ਦੀ ਰੋਜ਼ ਵਾਲੀ ਨੀਂਦ ਨਹੀਂ, ਇਹ ਨੀਂਦ ਮਾਇਆ ਦੇ ਮਦ ਦੀ ਹੈ। ਇਸ ਨੀਂਦ ਤੋਂ ਜੋ ਜਾਗਦਾ ਰਹੇਗਾ ਤਾਂ ਓਹ, ਚਾਹੇ ਕੋਈ ਹੋਵੇ, ਕਿਸੇ ਜਾਤ ਭੇਖ ਦਾ ਹੋਵੇ, ਉਹ ਜਾਣੇਗਾ ਬ੍ਰਹਮ ਨੂੰ, ਉਹ ਆਪਣਾ ਆਪ ਲੁਟਾਕੇ ਕੰਗਲਾ ਨਹੀਂ ਹੋ ਜਾਏਗਾ।

ਪਾਂਡਾ-ਕਿਵੇਂ ਮਾਯਾ ਦਾ ਮਦ ਚੜ੍ਹ ਰਿਹਾ ਹੈ?

ਗੁਰੂ ਜੀ-ਮਾਇਆ ਦਾ ਮਦ ਹੰਕਾਰ ਦੀ ਸੂਰਤ ਲੈ ਕੇ ਚੜ੍ਹਦਾ ਹੈ।

ਪਾਂਡਾ (ਸੋਚ ਕੇ)-ਕਿਵੇਂ ਜੀਓ?

ਗੁਰੂ ਜੀ-ਇਕ ਵੰਡ ਹੈ ਭੇਖ ਧਾਰੀਆਂ ਦੀ, ਜੋਗੀ ਸਨਯਾਸੀ ਆਦਿ ਦੀ, ਇਨ੍ਹਾਂ ਨੂੰ ਆਪੋ ਆਪਣੇ ਭੇਖ ਦਾ ਅਹੰਕਾਰ ਹੈ ਕਿ ਮੇਰਾ ਭੇਖ ਯਾ ਦਰਸ਼ਨ ਯਾ ਮਤਿ ਵਡਾ ਹੈ, ਹੋਰ ਸਭ ਤੁਛ ਹੈਨ। ਇਕ ਵੰਡ ਹੈ ਖੜ੍ਰੀ ਬ੍ਰਾਹਮਣ ਵੈਸ਼ ਆਦਿ ਜਾਤੀ ਵੰਡ ਦੀ। ਪਹਿਲੀਆਂ ਉੱਚ ਜਾਤਆਂ ਜਾਤ ਦੇ ਉਚੇ ਹੋਣ ਦੇ ਅਹੰਕਾਰ ਵਿਚ ਹਨ। ਛੋਟੇ ਸ਼ੂਦਰ ਆਦਿ ਅਪਣੀ ਜਾਤਿ ਦੇ ਨੀਵੇਂ ਹੋਣ ਦੀ ਢਹਿੰਦੀ ਬ੍ਰਿਤੀ ਵਾਲੇ ਹੋ ਰਹੇ ਹਨ, ਇਹ ਬ੍ਰਿਤੀ ਦਾ ਢਹਿੰਦੇ ਦਾਉ ਰਹਿਣਾ ਬੀ ਅਹੰਕਾਰ ਵਾਂਙੂ ਇਕ ਨਿੰਦ੍ਰਾ ਹੀ ਹੈ ਜੋ ਅਸਲੇ ਨੂੰ ਪਛਾਨਣ ਨਹੀਂ ਦੇਂਦੀ। ਤੀਸਰੀ ਅਹੰਕਾਰ ਬ੍ਰਿਤੀ ਚੜ੍ਹਦੀ ਹੈ ਵਿਦਯਾ ਤੋਂ। ਪੰਡਿਤ ਤੇ ਵਿਦਵਾਨ ਲੋਕ ਵਿਦਯਾ ਪਾਕੇ ਜਾਗ੍ਰਤ ਵਿਚ ਨਹੀਂ ਆਉਂਦੇ, ਸਗੋਂ ਅਪਣੀ ਵਿਦਯਾ ਦੇ ਅਭਿਮਾਨ ਵਿਚ ਮਾਇਕ ਨੀਂਦ ਵਿਚ ਗੜੂੰਦ ਰਹਿੰਦੇ ਹਨ। ਦੇਖ ਪੰਡਿਤਾ! ਏਹ ਲੋਕ ਜਾਣਦੇ ਹੋਏ ਨਹੀਂ ਜਾਣਦੇ। ਸਗੋਂ ਵਿਦਿਆ ਪਾਕੇ ਮਾਇਆ ਕੱਠੀ ਕਰਨ ਦੇ ਪ੍ਰੇਮ ਵਿਚ ਵਧੇਰੇ ਹੋ ਜਾਂਦੇ ਹਨ।

ਪਾਂਡਾ (ਸੋਚ ਕੇ)-ਗੁਰੂ ਜੀ! ਜਾਗਦਾ ਕਿਸ ਨੂੰ ਸਮਝੀਏ?

ਗੁਰੂ ਜੀ-ਜੋ ਪੰਜਾਂ ਦੂਤਾਂ ਨੂੰ ਵੱਸ ਕਰ ਲਵੇ-ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ- ਨੂੰ ਜਿੱਤ ਲਵੇ। ਪਹਿਲਾ ਕਦਮ ਜਾਗ੍ਰਤ ਦਾ ਇਹ ਹੈ, ਸੋਚ ਲਓ, ਜੋਗੀ ਕਿ ਸਨਯਾਸੀ, ਪੰਡਤ ਕਿ ਵਰਣਾਸ਼ਰਮੀ ਸਭ ਦਾ ਮੂਲ ਪੰਚਾਂ ਉਤੇ ਵਸੀਕਾਰ ਪਾਉਣਾ ਹੋਣਾ ਚਾਹੀਦਾ ਹੈ ਕਿ ਨਹੀਂ?

ਪਾਡਾ-ਸਚ ਆਗਿਆ ਕੀਤੀ ਨੇ।

ਗੁਰੂ ਜੀ-ਪੰਡਿਤ ਕਿ ਵਰਣਾਸ਼੍ਰਮੀ, ਕਿ ਭੇਖਧਾਰੀ ਸਭ ਨੂੰ ਚਾਹੀਏ ਕਿ ਪੰਜਾਂ ਤੇ ਵਸੀਕਾਰ ਪਾਕੇ, ਇਕ ਤਤ੍ਵ ਦੀ ਵੀਚਾਰ ਕਰਨ ਤੇ ਆਪਣੇ ਅਸਲੇ ਨੂੰ ਪਛਾਣਨ ਜੋ ਆਤਮ ਵਸਤੂ ਹੈ, ਆਪਾ ਭਾਵ ਤੇ ਮਮੱਤ੍ਵ ਜੋ ਮੂਲ ਅਹੰਕਾਰ ਹੈ, ਇਸ ਨੂੰ ਜਿੱਤ ਲਿਆ ਜਾਵੇ। ਤੱਤ ਵੀਚਾਰ ਲਈ ਇਸ ਆਪਾ ਭਾਵ ਨੂੰ ਮਾਰਨੇ ਦੀ ਲੋੜ ਹੈ, ਖੜ੍ਰੀ ਧਰਮ ਦੇ ਅਹੰਕਾਰ ਵਿਚ ਬਿਦੋਸ਼ਿਆਂ ਨੂੰ ਮਾਰਨੇ ਦੀ ਲੋੜ ਨਹੀਂ।

ਜਾਤ ਦੀ ਹੀਣਤਾਈ ਵਾਲੀ ਬ੍ਰਿਤੀ ਬੀ ਦੂਰ ਕਰਨੀ ਚਾਹੀਏ ਕਿ ਮੈਂ ਕ੍ਰਿਤ ਲਈ ਹੀ ਜੰਮਿਆ ਹਾਂ, ਮੈਂ ਹੀਣਾਂ ਹਾਂ। ਉਹ ਹੀਣਤਾਈ ਨੂੰ ਛਡਕੇ ਅਪਣੇ ਤੱਤ ਨੂੰ ਪਛਾਣੇ ਜੋ ਆਤਮ ਸਰੂਪ ਹੈ।

ਫੇਰ ਕੌਣ ਜਾਗਦਾ ਕਹੀਦਾ ਹੈ? ਜੋ ਇਕ 'ਅਦੁਤੀ ਪਰਮਾਤਮਾਂ ਨੂੰ ਪਛਾਣਦਾ ਹੈ। ਸੋ ਚਹੁੰ ਵਰਣਾਂ ਵਿਚ ਜੋ ਕੋਈ ਇਸ ਅਦੁਤੀ ਬ੍ਰਹਮ੍ਹ ਦੀ ਸਿਆਣ ਵਿਚ ਆ ਗਿਆ ਉਹ ਜਾਗਦਾ ਹੈ। ਜਮਕਾਲ ਤੋਂ ਉਸ ਦਾ ਛੁਟਕਾਰਾ ਹੋ ਜਾਂਦਾ ਹੈ। ਇਸ ਅਵਸਥਾ ਨੂੰ ਪ੍ਰਾਪਤ ਹੋਇਆਂ ਚਾਹੋ ਕਿਸੇ ਭੇਖ ਦਾ ਹੋਵੇ, ਕਿਸੇ ਵਰਣ ਦਾ ਹੋਵੇ, ਪੰਡਤ ਹੋਵੇ, ਕਿ ਅਪੰਡਤ, ਉਹ ਮੁਕਤ ਹੈ।

ਹਾਂ ਪੰਡਿਤ ਜੀ! ਜਿਸ ਪੁਰਖ ਦੇ ਨੈਣਾਂ ਵਿਚ ਗਜਾਨ ਦਾ ਸੁਰਮਾ ਪੈ ਗਿਆ; ਉਹ ਜਾਗਦਾ ਹੈ ਚਾਹੇ ਕੋਈ ਹੋਵੇ।

ਪਾਂਡਾ ਸੁਣਦਾ ਸੁਣਦਾ ਨਿਹਚੇ ਦੇ ਘਰ ਆ ਗਿਆ; ਹੁਣ ਬਹੁਤ ਸ਼ਰਧਾ ਵਾਲੀ ਅਵਾਜ਼ ਵਿਚ ਬੋਲਿਆ : ਆਪਣੇ ਤਾਣ ਪੰਚ ਵੱਸ ਨਹੀਂ ਆਉਂਦੇ,


www.sikhbookclub.com

ਆਪਣੀ ਵਿਦਜਾ ਤਤ ਵੀਚਾਰ ਵਿਚ ਨਹੀਂ ਲੈ ਜਾਂਦੀ, ਸਹਾਇਤਾ ਦੀ ਲੋੜ ਹੈ।

ਸਤਿਗੁਰੂ ਜੀ-ਜਾਗ ਉਸੇ ਦੀ ਖੁੱਲ੍ਹਦੀ ਹੈ ਜੋ ਸਤਿਗੁਰ ਦੀ ਸੰਗਤ ਕਰਦਾ ਹੈ। ਉਹ ਪੰਚ ਦੂਤ ਵੱਸ ਕਰ ਲੈਂਦਾ ਹੈ, ਉਹੀ ਤੱਤ ਵੀਚਾਰ ਵਿਚ ਜਾਂਦਾ ਹੈ।

ਪਾਂਡਾ-ਸਚ ਫੁਰਮਾਇਆ ਨੇ। ਦੂਰੋਂ ਚੱਲਕੇ ਆਇਆ ਹਾਂ। ਚਰਨ ਸ਼ਰਣ ਰੱਖ ਲਓ ਤੇ ਜਾਗ੍ਰਤ ਬਖਸ਼ ਦਿਓ।

ਸਤਿਗੁਰ ਜੀ ਇਸ ਵੇਲੇ ਇਕ ਖਾਸ ਨਜ਼ਰ ਨਾਲ ਚੁਬਾਰੇ ਵਲ ਨੂੰ ਤੱਕੇ ਤਾਂ ਬੱਲੂ ਸਮਝ ਗਿਆ; ਉਸ ਨੇ ਛੇਤੀ ਨਾਲ ਕੋਰਾ ਕਾਗਜ਼ ਤੇ ਕਲਮ ਦੁਆਤ ਅਗੇ ਲਿਆ ਰਖੀ। ਦਾਤਾ ਜੀ ਨੇ ਉਸ ਵੇਲੇ ਇਉਂ ਲਿਖਿਆ :-

ਭੈਰਉ ਮਹਲਾ ੩॥
ਜੋਗੀ ਗ੍ਰਿਹੀ ਪੰਡਿਤ ਭੇਖਧਾਰੀ॥
ਏ ਸੂਤੇ ਆਪਣੈ ਅਹੰਕਾਰੀ॥੧॥
ਮਾਇਆ ਮਦਿ ਮਾਤਾ ਰਹਿਆ ਸੋਇ॥
ਜਾਗਤੁ ਰਹੈ ਨ ਮੂਸੇ ਕੋਇ॥੧॥ਰਹਾਉ॥
ਸੋ ਜਾਗੈ ਜਿਸੁ ਸਤਿਗੁਰੁ ਮਿਲੈ॥
ਪੰਚ ਦੂਤ ਓਹੁ ਵਸਗਤਿ ਕਰੈ॥੨॥
ਸੋ ਜਾਗੈ ਜੋ ਤਤੁ ਬੀਚਾਰੈ॥
ਆਪਿ ਮਰੈ ਅਵਰਾ ਨਹ ਮਾਰੈ॥੩॥
ਸੋ ਜਾਗੈ ਜੋ ਏਕੋ ਜਾਣੈ॥
ਪਰਕਿਰਤਿ ਛੋਡੈ ਤਤੁ ਪਛਾਣੈ॥੪॥
ਚਹੁ ਵਰਨਾ ਵਿਚਿ ਜਾਗੈ ਕੋਇ॥
ਜਮੈ ਕਾਲੈ ਤੇ ਛੂਟੈ ਸੋਇ॥੫॥
ਕਹਤ ਨਾਨਕ ਜਨੁ ਜਾਗੈ ਸੋਇ॥
ਗਿਆਨ ਅੰਜਨੁ ਜਾਕੀ ਨੇਤ੍ਰੀ ਹੋਇ॥
੬॥੨॥

ਆਪ ਨੇ ਇਹ ਸ਼ਬਦ ਲਿਖਕੇ ਰਖ ਦਿਤਾ, ਬੱਲੂ ਨੇ ਕਾਗਜ਼ ਚਾਇਆ ਤੇ ਪੜ੍ਹਿਆ। ਸੁਆਦ ਆ ਗਿਆ ਤਾਂ ਸ਼ਬਦ ਰਹਾ ਬੰਨ੍ਹਕੇ ਉੱਚੀ ਸੁਣਾ ਦਿੱਤੋ ਸੂ। ਸੁਣਦੇ ਸਾਰ ਪੰਡਤ ਚਰਨੀਂ ਪੈ ਗਿਆ; ਨਾਮ ਦਾਨ ਲੈ ਕੇ ਕ੍ਰਿਤਾਰਥ ਹੋ ਗਿਆ ਤੇ ਦੋਹਾਂ ਸ਼ਬਦਾਂ ਦਾ ਉਤਾਰਾ ਕਰ ਲਿਆ ਸੁ। ਅਗਲੇ ਦਿਨ ਲੰਗਰ ਤੋਂ ਪ੍ਰਸ਼ਾਦ ਛਕਕੇ ਤੇ ਗੁਰੂ ਕਾ ਥਾਪੜਾ ਲੈ ਕੇ ਵਿਦਾ ਹੋਇਆ।

ਸੂਚਨਾ-ਸ੍ਰੀ ਦਾਸੂ ਜੀ ਦਾ ਪ੍ਰਸੰਗ ਪਿਛੇ ਆ ਚੁਕਾ ਹੈ, ਇਹ ਪ੍ਰਸੰਗ ਬੰਸਾਵਲੀ ਨਾਮੇ ਆਦਿ ਦੇ ਆਧਾਰ ਤੇ ਹੈ। ਸੂਰਜ ਪ੍ਰਕਾਸ਼, ਮਹਿਮਾਂ ਪ੍ਰਕਾਸ਼ ਆਦਿ ਵਿਚ ਇਹ ਨਹੀਂ ਹੈ। ਪਰ ਸੂਰਜ ਪ੍ਰਕਾਸ਼, ਤਵਾਰੀਖ ਖਾਲਸਾ, ਸ੍ਵਾਨਿਹ ਉਮਰੀ ਗੁਰੂ ਅਮਰਦਾਸ ਆਦਿ ਪੋਥੀਆਂ ਵਿਚ ਇਕ ਪ੍ਰਸੰਗ ਹੋਰ ਹੈ, ਉਹ ਸ੍ਰੀ ਦਾਤੂ ਜੀ, ਗੁਰੂ ਅੰਗਦ ਦੇਵ ਜੀ ਦੇ ਦੂਜੇ ਸਾਹਿਬਜ਼ਾਦੇ ਜੀ ਸਬੰਧੀ ਹੈ।

ਦੋਹਾਂ ਪ੍ਰਸੰਗਾਂ ਦੇ ਹੋਏ ਹੋਣ ਦਾ ਇੱਕ ਸਬੂਤ ਭਾਈ ਗੁਰਦਾਸ ਜੀ ਤੋਂ ਮਿਲਦਾ ਹੈ। ਉਹਨਾਂ ਦੇ ਇਸ਼ਾਰੇ ਮਾਤ੍ਰ ਲੇਖ ਤੋਂ ਦੋਹਾਂ ਦੇ ਇਤਿਹਾਸਕ ਵਾਕਿਆ ਹੋਣ ਦੀ ਪ੍ਰੋਢਤਾ ਹੋ ਜਾਂਦੀ ਹੈ। ਆਪ ਆਪਣੀ ਵਾਰ ੨੬ ਦੀ ਪਉੜੀ ੩੩ ਵਿੱਚ ਲਿਖਦੇ ਹਨ :-

ਮੰਜੀ ਦਾਸੁ ਬਹਾਲਿਆ, ਦਾਤੂ ਸਿਧਾਸਣ ਸਿਖ ਆਇਆ।

ਭਾਈ ਜੀ ਨੇ ਇਸ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁਤਰਾਂ ਤੋਂ ਲੈਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਪੁੱਤਰਾਂ ਦੇ ਸੰਖੇਪ ਜ਼ਿਕਰ ਕੀਤੇ ਹਨ, ਜਿਨ੍ਹਾਂ ਵਿੱਚ ਵਿਸ਼ੇਸ਼ ਜ਼ਿਕਰ ਗੱਦੀ ਦੀ ਬਰਾਬਰੀ ਕਰਨ ਵਾਲਿਆਂ ਦੇ ਹਨ। ਉਹਨਾਂ ਵਿਚ ਇਕ ਸਤਰ ਉਪਰਾਲੀ ਹੈ, ਜਿਸ ਦਾ ਅਰਥ ਸਪਸ਼ਟ ਹੈ ਤੇ ਟੀਕਾਕਾਰਾਂ ਨੇ ਬੀ ਇਹ ਕੀਤਾ ਹੈ ਕਿ :-

'ਦਾਸੂ' ਜੀ ਨੂੰ (ਉਹਨਾਂ ਦੇ ਸੰਗੀਆਂ ਸਲਾਹਗੀਰਾਂ ਨੇ) ਗੱਦੀ ਤੇ ਬਹਾਲ ਦਿੱਤਾ ਤੇ 'ਦਾਤੂ' ਸਿਧਾਸਣ ਸਿਖ ਕੇ ਆਯਾ, ਭਾਵ ਜੋਗ ਕ੍ਰਿਆ ਸਿਖਕੇ ਗੱਦੀ ਤੇ ਬੈਠਾ। ਗੋਯਾ ਦੋਹਾਂ ਪੁਤਰਾਂ ਦਾ ਗੱਦੀ ਦੇ ਲੈਣ ਦਾ ਪ੍ਰਯਤਨ ਵਿਚ ਜ਼ਿਕਰ ਹੈ।

'ਸਿਧਾਸਣ ਸਿਖ ਆਯਾ' ਤੋਂ ਇਸ਼ਾਰਾ ਇਹ ਜਾਪਦਾ ਹੈ ਕਿ ਦਾਸੂ ਜੀ ਜਦ ਗੱਦੀ ਤੇ ਬੈਠੇ ਤਾਂ ਉਹਨਾਂ ਦਾ ਸਿਰ ਫਿਰ ਗਿਆ ਸੀ। ਮਾਤਾ ਜੀ ਨੇ ਦੱਸਿਆ ਸੀ ਕਿ ਲੋਕਾਂ ਦੇ ਪਾਪਾਂ ਦਾ ਭਾਰ ਚੁੱਕਣ ਦਾ ਫਲ ਹੈ। ਉਹ ਤਾਂ ਗੁਰੂ ਮਿਹਰ ਨਾਲ ਵੱਲ ਹੋ ਗਏ, ਪਰ ਦਾਤੂ ਜੀ ਨੇ ਯੋਗ ਮਾਰਗ ਦਾ 'ਸਿਧ ਆਸਣ' ਸਿਖਿਆ, ਯਾ ਸਿੱਧਾਂ ਦੇ ਆਸਣ ਸਿੱਖੇ ਫੇਰ ਸਿਖ ਕੇ ਗੱਦੀ ਤੇ ਬੈਠਣ ਦਾ ਉੱਦਮ ਕੀਤਾ ਜੋ ਉਸ ਯੋਗ ਸ਼ਕਤੀ ਨਾਲ ਲੋਕਾਂ ਦੀਆਂ ਮੁਰਾਦਾਂ ਪੂਰੀਆਂ ਕਰ ਸਕੇ। ਪਰ ਇਹਨਾਂ ਦੇ ਸਿਰ ਵਿੱਚ ਹੰਕਾਰ ਦੇ ਗਡੇ ਚੜ੍ਹ ਗਏ ਤੇ ਫਲ ਦੁਖ ਹੀ ਨਿਕਲਿਆ, ਗੁਰਿਆਈ ਨਾ ਕੀਤੀ ਜਾ ਸਕੀ।

ਜਿਵੇਂ ਸ੍ਰੀ ਦਾਸੂ ਜੀ ਨੂੰ ਸਵਾਰਥੀ ਲੋਕਾਂ ਨੇ ਗੁਰੂ ਗੱਦੀ ਦੀ ਹਮਸਰੀ ਵਾਸਤੇ ਚੁੱਕਿਆ ਸੀ ਤਿਵੇਂ ਦਾਤੂ ਜੀ ਨੂੰ ਬੀ ਸੁਆਰਥੀਆਂ ਨੇ ਚੁੱਕਿਆ ਸੀ।

ਸ੍ਰੀ ਦਾਤੂ ਜੀ ਦਾ ਪ੍ਰਸੰਗ ਜੋ ਸੂਰਜ ਪ੍ਰਕਾਸ਼ ਆਦਿ ਤੋਂ ਮਿਲਦਾ ਹੈ, ਅਗਲੇ ਅੰਕ ਵਿੱਚ ਦੇਂਦੇ ਹਾਂ।


www.sikhbookclub.com

# ੬. ਸ੍ਰੀ ਦਾਤੂ ਜੀ।

**ਗੋਇੰਦਵਾਲ** ਵਿਚ ਗੁਰੂ ਕੇ ਦੀਵਾਨ ਸਜਦੇ ਹਨ, ਲੰਗਰ ਚਲਦਾ ਹੈ, ਦੂਰ ਦੂਰ ਤੋਂ ਲੋਕੀਂ ਆ ਕੇ ਕ੍ਰਿਤਾਰਥ ਹੋ ਕੇ ਜਾਂਦੇ ਹਨ। ਕਵੀ ਸੰਤੋਖ ਸਿੰਘ ਜੀ ਐਉਂ ਲਿਖਦੇ ਹਨ :-

ਇਸ ਪ੍ਰਕਾਰ ਗੁਰ ਕੋ ਜਸ ਫੈਲਾ।
ਸੁਨਿ ਸੁਨਿ ਆਇ ਦਰਸ ਹਿਤ ਗੈਲਾ।
ਲੋਕ ਅਨੇਕ ਕਾਮਨਾ ਧਾਰੈਂ।
ਸਭਿ ਪਾਵਤਿ ਜਬ ਰੂਪ ਨਿਹਾਰੈਂ।
ਗ੍ਰਾਮ ਪਰਨ ਕੇ ਲੋਕ ਘਨੇਰੇ।
ਆਵਤ ਦਰਸਹਿਂ ਭਾਗ ਬਡੇਰੇ।
ਲਗਹਿ ਦਿਵਾਨ ਮਹਾਨ ਮਹੇਸ਼ੁ।
ਸੰਗਤਿ ਨਿਤ ਪ੍ਰਤਿ ਆਇ ਵਿਸ਼ੇਸ਼।
ਉੱਤਮ ਬ੍ਰਿੰਦ ਉਪਾਇਨ ਲਯਾਵੈਂ।
ਅੰਗੀਕਾਰ ਨ ਹੋਇ, ਹਟਾਵੈਂ।
ਜੇਤਿਕ ਦੇਗ ਬਿਖੈ ਲਗਿ ਜਾਇ।
ਗ੍ਰਹਿਨ ਕਰਹਿਂ ਸੋ ਨਰ ਗਨ ਖਾਇ।
ਲੰਗਰ ਚਲਹਿ ਅਤੋਟ ਬਿਸਾਲਾ।
ਹੋਵਨ ਲਗਹਿ ਪ੍ਰਾਤਿ ਹੀ ਕਾਲਾ।
ਜਬਹਿ ਦਯੋਸ ਆਵਹਿ ਮੱਧਯਾਨ।
ਤਬ ਸਤਿਗੁਰ ਪਹੁੰਚਹਿਂ ਹਿਤ ਖਾਨ।
ਅਚਹਿਂ ਓਂਗਰਾ ਹੋਇ ਅਲੂਨਾ।
ਸੋ ਭੀ ਤਨਕ ਉਦਰ ਰਹਿ ਊਨਾ।
ਸੰਗਤਿ ਖਟ ਰਸ ਖਾਇ ਅਹਾਰਾ।
ਮਧੁਰ ਤੁਰਸ਼ ਜੇ ਅਨਿਕ ਪ੍ਰਕਾਰਾ;
ਤਬਿ ਤੇ ਲੰਗਰ ਬਰਤਤਿ ਰਹੈ।
ਆਨ ਅਚਹਿ ਭੋਜਨ ਜੋ ਚਹੈ;
ਨਹਿ ਕਿਸਹੂੰ ਹਟਕਾਰਨ ਹੋਇ।
ਦੇਸ਼ ਬਿਦੇਸ਼ੀ ਲਹਿਂ ਸਭਿ ਕੋਇ।
ਜਹਿਂ ਕਹਿਂ ਸੁਜਸੁ ਬਿਸਾਲ ਪ੍ਰਕਾਸ਼ਾ।
ਸਿੱਖਜਨ ਮਨ ਮਹਿਂ ਹੋਤਿ ਹੁਲਾਸਾ।

ਇਸ ਪ੍ਰਕਾਰ ਗੁਰੂ ਦੁਆਰੇ ਤੋਂ ਸਤਿਨਾਮੁ ਦਾ ਪ੍ਰਚਾਰ ਹੋ ਰਿਹਾ ਸੀ ਤੇ ਜਗਤ ਦਾ ਉਪਾਰ ਹੋ ਰਿਹਾ ਸੀ। ਖਡੂਰ ਵਿਚ ਸ੍ਰੀ ਦਾਸੂ ਜੀ ਤਾਂ ਹੁਣ ਤਜਰਬਾ ਕਰਕੇ ਚੁਪ ਚਾਪ ਸਨ, ਪਰ ਦਾਤੂ ਜੀ ਨੂੰ ਸ੍ਵਾਰਥੀ ਮਿਤ੍ਰ ਚੁੱਕਦੇ ਰਹਿੰਦੇ ਸਨ। ਇਸ ਲਈ ਦਾਸੂ ਜੀ ਦੇ ਤਜਰਬੇ ਮਗਰੋਂ ਦਾਤੂ ਜੀ ਨੇ ਆਸਣ ਜਮਾਕੇ ਬੈਠਣਾ ਤੇ ਪ੍ਰਾਣਾਯਾਮ ਕਨਾ ਸਿੱਖਿਆ। ਜਿਸ ਨਾਲ ਉਨ੍ਹਾਂ ਨੇ ਸਮਝਿਆ ਕਿ ਕਰਾਮਾਤੀ ਸ਼ਕਤੀ ਜਾਂ ਸਿੱਧੀ ਪ੍ਰਾਪਤ ਹੋ ਜਾਏਗੀ ਤੇ ਵਰ ਸ੍ਰਾਪ ਦੇ ਸਕਾਂਗੇ। 'ਸਿਧਾਸਣ' ਇਕ ਪ੍ਰਸਿਧ ਯੋਗਿਕ ਆਸਣ ਦਾ ਨਾਮ ਹੈ, ਯਾਂ ਸਿਧਾਂ ਦੇ ਆਸਣ ਦੀ ਬੀ ਮੁਰਾਦ ਹੋ ਸਕਦੀ ਹੈ। ਇਹ ਉਹੋ ਆਦਰਸ਼ ਹਠ ਜੋਗੀਆਂ ਵਾਲਾ ਸੀ ਜਿਸ ਨੂੰ ਗੁਰੂ ਨਾਨਕ ਦੇਵ ਜੀ ਨਾ-ਪਸਿੰਦ ਕਰਦੇ ਤੇ ਉਨ੍ਹਾਂ ਨੂੰ ਮੁਕਤਿ ਮਾਰਗ ਦਾ ਉਪਦੇਸ਼ ਦਿਆ ਕਰਦੇ ਸੇ। ਯੋਗ ਦਰਸ਼ਨ ਵਿਚ ਸਿਧੀਆਂ ਦੀ ਪ੍ਰਾਪਤੀ ਲਈ ਤੀਸਰਾ ਧਿਆ ਸਾਰਾ ਦਿੱਤਾ ਹੈ, ਮੁਕਤੀ ਮਾਰਗ ਲਈ ਯੋਗ ਬੀ ਰਿਧੀਆਂ ਸਿਧੀਆਂ ਦਾ ਤਯਾਗ ਦਸਦਾ ਹੈ ਤੇ ਚੌਥੇ ਵਿਚ 'ਕੇਵਲ ਮੁਕਤੀ' ਦੀ ਪ੍ਰਾਪਤੀ ਦਾ ਮਾਰਗ ਸਿਖਾਲਦਾ ਹੈ। ਪਰ ਪ੍ਰਭੂ ਦੀ ਮਾਇਆ ਐਸੀ ਹੈ ਕਿ ਮੁਕਤ ਮਾਰਗ ਵਲੋਂ ਅਟਕਾਰੇ ਪਾ ਪਾ ਕੇ ਆਪਣੀ ਲੁਭਾਯਮਾਨਤਾ ਵਿਚ ਕਿਵੇਂ ਨ ਕਿਵੇਂ ਅਟਕਾ ਲੈਂਦੀ ਹੈ, ਜਿਨ੍ਹਾਂ ਵਿਚੋਂ ਸਿਧੀਆਂ ਦੀ ਪ੍ਰਾਪਤੀ ਬੀ ਇਕ ਹੈ।

ਕੁਛ ਐਉਂ ਦੀ ਗੱਲ ਜਾਪਦੀ ਹੈ ਕਿ ਕਰਮ ਕਾਂਡੀ ਤੇ ਵਰਣਾਸ਼੍ਰਮੀ ਲੋਕ ਬੀ ਖੁਣਸਕੇ ਘਰ ਵਿਚੋਂ ਦੁਫੇਟੇ ਪੁਆਉਂਦੇ ਸੇ!

ਸੋ ਇਕ ਦਿਨ ਸ੍ਰੀ ਦਾਤੂ ਜੀ ਗੋਇੰਦਵਾਲ ਪਹੁੰਚੇ ਸੰਝਾਂ ਸਮੇਂ ਦਾ ਦੀਵਾਨ ਸਜ ਰਿਹਾ ਸੀ, ਸ੍ਰੀ ਗੁਰੂ ਜੀ ਸਮਾਧਿ ਸਥਿਤ ਗੱਦੀ ਤੇ ਬਿਰਾਜ ਰਹੇ ਸਨ, ਰਬਾਬੀ ਕੀਰਤਨ ਕਰ ਰਹੇ ਸਨ, ਸੰਗਤਿ ਸਹਜ ਬੈਠੀ ਸੀ, ਕੋਈ ਗੁਰੂ ਕੇ ਧਿਆਨ ਜੁੜ ਰਿਹਾ ਸੀ, ਕੋਈ ਸਿਮਰਨ ਦੁਆਰਾ ਲਿਵ ਵਿਚ ਸੀ, ਕੋਈ ਵਿਚਾਰ ਵਿਚ ਅਨਾਤਮ ਤੋਂ ਆਤਮਾਂ ਵਿਚ ਟਿਕ ਰਿਹਾ ਸੀ। ਕੋਈ ਸ਼ਬਦ ਰਸ ਵਿਚ ਲੀਨ ਸੀ। ਇਤਨਾ ਬੜਾ ਸਮਾਜ ਤੇ ਰੰਗ ਦੇਖਕੇ ਸ਼ਾਂਤੀ ਪ੍ਰਭਾਵ ਪੈਣ ਦੀ ਥਾਂ ਅਗਨਿ ਭੜਕ ਉਠੀ। ਜਿਵੇਂ ਅਣਬੁਝ ਕਲੀ ਦੇ ਠੰਢੇ ਵੱਟੇ ਉਤੇ ਠੰਢੇ ਪਾਣੀ ਦੇ ਪੈਣ ਨਾਲ ਅੰਦਰਲੀ ਛੁਪੀ ਤਪਤ ਭੜਕ ਉਠਦੀ ਹੈ। ਮਾਯਾ ਨੇ ਪ੍ਰੇਰਿਆ ਕਿ ਇਸ ਦਰਬਾਰ ਦੇ ਵਿਚਕਾਰ ਗੱਦੀ ਉਤੇ ਮੈਂ ਚਾਹੀਦਾ ਸੀ। ਈਰਖਾ ਨੇ ਕ੍ਰੋਧ ਵਿਚ ਚਾੜ੍ਹ


www.sikhbookclub.com

ਦਿਤਾ ਤੇ ਬੇਵਿਚਾਰੀ ਛਾ ਦਿਤੀ। ਦਾਤੂ ਜੀ ਅੱਗੇ ਵਧੇ ਤੇ ਸਤਿਗੁਰੂ ਜੀ ਨੂੰ ਇਕ ਲੱਤ ਕੱਢ ਮਾਰੀ। ਆਪ ਸਿੰਘਾਸਨ ਤੋਂ ਡਿਗ ਪਏ। ਅਚਾਨਕ ਦੀ ਸੱਟ ਪੈਣ ਕਰਕੇ ਸਰੀਰ ਵਿਚੋਂ ਕੰਬਣੀ ਜੇਹੀ ਆਈ ਪਰ ਗੁਰੂ ਜੀ ਨੇ ਝੱਟ ਆਪਾ ਸੰਭਾਲਿਆ ਤੇ ਤੱਕੇ! ਡਿੱਠਾ ਕਿ ਗੁਰੂ-ਸੁੱਤ ਖੜਾ ਹੈ ਤੇ ਕੁਛ ਗੁੱਸੇ ਦੇ ਵਾਕ ਕਹਿ ਰਿਹਾ ਹੈ, ਲੱਤ ਇਸੇ ਨੇ ਮਾਰੀ ਹੈ। ਦਾਤੂ ਹੁਣ ਸਿੰਘਾਸਣ ਤੇ ਬਹਿ ਰਿਆ ਸੀ! ਆਪ ਨੇ ਸ੍ਰੀ ਦਾਤੂ ਜੀ ਦੇ ਚਰਨ ਫੜ ਲਏ ਤੇ ਘੁੱਟਣ ਲਗ ਪਏ! ਫਿਰ ਬੋਲੇ : ਆਪ ਦੇ ਚਰਨਾਂ ਨੂੰ ਮਾਰਨ ਨਾਲ ਸੱਟ ਲੱਗੀ ਹੋਵੇਗੀ, ਬੁੱਢੇ ਦੇ ਹੱਡ ਕਰੜੇ ਹੁੰਦੇ ਹਨ, ਆਪ ਮੇਰੇ ਗੁਰਦੇਵ ਦੇ ਸਪੁਤ੍ਰ ਹੋ, ਖੇਦ ਹੋਇਆ ਹੋਵੇਗਾ ਲੱਤ ਮਾਰਨ ਦੀ ਖੇਚਲ ਦਾ, ਆਗਿਆ ਕਰੋ ਕਿਉਂ ਗੁੱਸੇ ਹੋ ਤੇ ਆਪ ਕੀਹ ਚਾਹੁੰਦੇ ਹੋ।

ਮਿੱਠੇ ਵਾਕਾਂ ਦਾ, ਮਿਦੁਲ ਚਰਣ ਚਾਂਪਣ ਦੀ ਸੇਵਾ ਦਾ ਅਸਰ ਠੰਢ ਵਾਲਾ ਨਾ ਹੋਇਆ, ਦਾਤੂ ਜੀ ਸਮਝੇ ਕਿ ਡਰ ਗਏ ਹਨ ਤੇ ਮਿੰਨਤਾਂ ਕਰਦੇ ਹਨ। ਸਾਰੇ ਕਮਜ਼ੋਰ ਦਿਲ ਫਹੁ ਮਾਰਕੇ ਸਮਝਿਆ ਕਰਦੇ ਹਨ ਕਿ ਅਸੀਂ ਠੀਕ ਕਰ ਰਹੇ ਹਾਂ। ਸੋ ਇਹ ਸਮਝ ਕੇ ਕਿ ਡਰ ਗਏ ਹਨ, ਦਾਤੂ ਜੀ ਹੋਰ ਕੜਕ ਕੇ ਬੋਲੇ :-

ਗੱਦੀ ਦਾ ਮਾਲਕ ਮੈਂ, ਸੰਗਤਾਂ ਦਾ ਮਾਲਕ ਮੈਂ, ਤੂੰ ਕਉਣ ਹੈਂ ਗੁਰੂ ਬਣਨ ਵਾਲਾ ਤੇ ਜ਼ਾਤਾਂ ਕੁਜ਼ਾਤਾਂ ਕੱਠੀਆਂ ਕਰਨੇ ਵਾਲਾ? ਤੂੰ ਦਾਸ, ਸਾਨੂੰ ਤੇਰੀ ਹੋਰ ਸੇਵਾ ਦੀ ਲੋੜ ਨਹੀਂ। ਬੱਸ ਇਹੋ ਆਗਿਆ ਹੈ ਇਹੋ ਹੁਕਮ ਹੈ ਕਿ ਇਥੋਂ ਚਲੇ ਜਾਓ; ਮਾਲਕ ਆ ਗਏ ਹਨ, ਸੇਵਕ ਦਾ ਕੋਈ ਕੰਮ ਨਹੀਂ ਹੈ ਹੁਣ ਏਥੇ ਬੈਠਣ ਦਾ।......ਚਲੇ ਜਾਓ।

ਇਹ ਵਾਕ ਸੁਣਕੇ ਸ੍ਰੀ ਗੁਰੂ ਜੀ ਠੰਢੀ ਰੁਮਕਦੀ ਸਮੀਰ ਵਾਂਙੂ ਚਾਲੇ ਪਾ ਗਏ, ਦਾਤੂ ਜੀ ਪੈਰ ਲਮਕਦੇ ਸਿੰਘਾਸਣ ਤੇ ਬੈਠਾ ਚੁਫੇਰੇ ਤੱਕਦਾ ਰਿਹਾ। ਹੁਣ ਸੂਰਜ ਡੁਬ ਚੁਕਾ ਸੀ ਤੇ ਹਨੇਰਾ ਆ ਰਿਹਾ ਸੀ! ਸੰਗਤਿ ਪਹਿਲੋਂ ਤਾਂ ਚੁਪ ਚਾਪ ਬੈਠੀ ਗੁਰੂ ਜੀ ਦੀ ਅਤਜੀਤ ਨਿੰਮ੍ਰਤਾ ਨੂੰ ਤੱਕਦੀ ਰਹੀ; ਕੋਈ ਡਰਦਾ ਮਾਰਿਆ ਕੁਸਕਿਆ ਨਾ ਕਿ ਮਤਾਂ ਧੀਰਜ ਦੀ ਅਵਧੀ ਗੁਰੂ ਜੀ ਸਾਡੇ ਤੇ ਖਫਾ ਹੋਣ ਕਿ ਜਦ ਅਸਾਂ ਖਿਮਾਧਾਰੀ ਸੀ ਤਾਂ ਤੁਸਾਂ ਅਖਿਮਾ ਕਿਉਂ ਧਾਰੀ। ਹੁਣ ਜਦ ਗੁਰੂ ਜੀ ਚਲੇ ਗਏ ਤਾਂ ਸਿਖ ਸੰਗਤਾਂ ਇਕ ਇਕ ਦੋ ਦੋ ਕਰਕੇ ਉਠ ਗਈਆਂ। ਰਬਾਬੀ ਪਹਿਲੋਂ ਹੀ ਉਠ ਗਏ ਸਨ। ਅੰਤ ਦੀਵਾਨ ਵਿਚ ਸਿੰਘਾਸਣ ਪਰ ਦਾਤੂ ਜੀ ਤੇ ਉਦਾਲੇ ਚਾਰ ਪੰਜ ਨਾਲ ਆਏ ਥੋਟੇ ਮੰਤਰ ਪੜ੍ਹਾਉਣ ਤੇ ਚੁੱਕਾਂ ਦੇਣ ਵਾਲੇ ਹੀ ਰਹਿ ਗਏ। ਕੁਛ ਦੇਰ ਬਾਦ ਇਨ੍ਹਾਂ ਨੇ ਰਾਤ ਖਾਣ ਪੀਣ ਤੇ ਸੌਣ ਦਾ ਪ੍ਰਬੰਧ ਕੀਤਾ। ਸਵੇਰੇ ਇਨ੍ਹਾਂ ਨੇ ਦੀਵਾਨ ਲਗਾਇਆ, ਪਰ ਕੋਈ ਸਿੱਖ ਨਾ ਆਇਆ! ਖਡੂਰ ਤੋਂ ਨਾਲ ਆਏ ਇਕ ਦੋ ਡੂਮਾਂ ਨੇ ਕੁਛ ਸ਼ਬਦ ਪੜ੍ਹੇ ਪਰ ਸੁਣਨੇ ਵਾਲੇ ਦਾਤੂ ਜੀ ਤੇ ਉਨ੍ਹਾਂ ਦੇ ਪ੍ਰੇਰਕ ਸੰਗੀਆਂ ਦੇ ਸਿਵਾ ਕੋਈ ਨੇੜੇ ਨਾ ਫਟਕਿਆ! ਦਿਨ ਚੜ੍ਹਦਿਆਂ ਤਾਂਈਂ ਸਾਰੇ ਨਗਰ ਵਿਚ ਖ਼ਬਰ ਧੁੰਮ ਗਈ ਕਿ ਗੁਰੂ ਸਾਹਿਬ ਲੋਪ ਹੋ ਗਏ ਹਨ! ਫ਼ਿਰ ਤਾਂ ਸਿਖ ਜੋ ਬਾਹਰੋਂ ਆਏ ਸਨ ਗੋਂਦਵਾਲ ਤੋਂ ਵਿਦਾ ਹੋ ਗਏ, ਕੋਹੀ ਢੂੰਡ ਭਾਲ ਕਰਨ ਤੇ ਕੋਈ ਘਰਾਂ ਨੂੰ। ਲਾੜੇ ਦੇ ਲੋਪ ਹੋਣ ਨਾਲ ਜੰਞ ਲੋਪ ਹੋ ਗਈ। ਜਿਸ ਜੰਞ ਵਿਚ ਦਾਤੂ ਜੀ ਲਾੜਾ ਬਣਨ ਆਏ ਸਨ ਉਹ ਨਹੀਂ ਰਹੀ ਤਾਂ ਲਾੜਾ ਬਣਨ ਦੀ ਹਵਸ ਵਾਲੇ ਦਾਤੂ ਜੀ ਇਕੱਲੇ ਖੜੇ ਬੇਸੱਦੇ ਤੇ ਬੇਲੋੜੇ ਪ੍ਰਾਹੁਣੇ ਵਾਂਙ ਹਰਿਆਨ ਰਹਿ ਗਏ। ਇਉਂ ਆਪਣੇ ਜ਼ੋਰ ਨਾਲ ਪ੍ਰਾਪਤ ਕੀਤੇ ਪਦ ਨੂੰ 'ਪਦਵੀ ਪ੍ਰਭਾਵ' ਤੋਂ ਖਾਲੀ ਦੇਖ ਕੇ ਅੰਤ ਇਕ ਦਿਨ ਜੋ ਕੁਛ ਗੁਰ ਕੇ ਘਰ ਦਾ, ਦੀਵਾਨ ਦਾ, ਲੰਗਰ ਦਾ ਹੱਥ ਲੱਗਾ, ਖੱਚਰਾਂ ਤੇ ਲੱਦਕੇ ਆਪ ਜੀ ਖਡੂਰ ਨੂੰ ਟੁਰ ਪਏ; ਗੁਰੂ ਕੀ ਘੋੜੀ ਲੈਣ ਦਾ ਬੀ ਜਤਨ ਕੀਤਾ, ਪਰ ਉਸ ਨੇ ਸੀਖਪਾ ਹੋ ਹੋ ਕਿਸੇ ਨੂੰ ਆਪਣੇ ਤੇ ਸਵਾਰ ਨਾ ਹੋਣ ਦਿੱਤਾ। ਦਾਤੂ ਜੀ ਨੇ ਹਾਰ ਵਰਗੀ ਜਿੱਤ ਲਈ, ਪਰ ਜਿੱਤ ਗਲੇ ਦਾ ਹਾਰ ਹੋ ਗਈ। ਗੁਰੂ ਤਾਂ ਲੋਪ ਕਰ ਦਿੱਤੇ, ਪਰ ਆਪ ਗੁਰੂ ਨਾ ਬਣ ਸਕੇ। ਸੰਗਤਾਂ ਦੀ ਸੂਗ, ਗੁਰਮੁਖਾਂ ਦੀ ਘ੍ਰਿਣਾਂ ਪੱਲੇ ਪਈ।

ਉਨ੍ਹਾਂ ਦੇ ਸਾਥੀ ਤੇ ਉਹ ਗੁਰਿਆਈ ਨੂੰ ਮਾਯਕ ਪ੍ਰਾਪਤੀ ਸਮਝਦੇ ਸਨ, ਸੋ ਲੰਗਰ ਦਾ ਸਾਮਾਨ, ਗੁਰੂ ਜੀ ਦੇ ਘਰ ਦਾ ਵਲੇਵਾ, ਦਵਾਨ ਦਾ ਸਮਾਨ ਆਦਿ ਲੈ ਕੇ ਇਕ ਦਿਨ ਸੰਝਾਂ ਤੋਂ ਪਹਿਲੋਂ ਟੁਰ ਪਏ। ਇਹ ਗੱਲ ਕਿ ਦਾਤੂ ਨੇ ਗੁਰੂ ਕਾ ਮਾਲ ਅਸਬਾਬ ਧਨ ਦੌਲਤ ਬਹੁਤ ਲੁੱਟਿਆ ਹੈ ਤੇ ਲੈ ਕੇ ਖਡੂਰ ਜਾ ਰਿਹਾ ਹੈ, ਇਰਦ ਗਿਰਦ ਦੇ ਗੁੰਡੇ

ਧਾੜਵੀਆਂ ਆਦਿਕਾਂ ਵਿਚ ਪਹੁੰਚ ਪਈ। ਆ ਉਨ੍ਹਾਂ ਨੇ ਅੱਧ ਵਿਚਾਲੇ ਰਾਹ ਰੋਕਿਆ ਤੇ ਸਾਰਾ ਕੁਛ ਖੋਹ ਲਿਆ। ਇਸ ਵੇਲੇ ਜੋ ਘੋਲ ਘੁਮੱਟਾ ਹੋਇਆ, ਦਾਤੂ ਜੀ ਦੇ ਪੈਰ ਤੇ ਡਾਢੀਂ ਸੱਟ ਲਗੀ, ਜਿਸ ਨੇ ਅਤਿ ਦਾ ਦੁਖੀ ਕਰ ਦਿੱਤਾ। ਇਕ ਭਰਾ ਨੇ ਸਿਰ ਵਿਚ ਖਫਕਾਨ ਦਾ ਦੁਖ ਝੱਲਿਆ ਸੀ, ਜੋ ਉਸਨੇ ਮਾਤਾ ਜੀ ਦੀ ਸੰਮਤੀ ਨਾਲ ਭੁੱਲ ਬਖਸ਼ਾਕੇ ਦੂਰ ਕਰ ਲਿਆ ਸੀ, ਦੂਏ ਨੇ ਪੈਰ ਤੇ ਸੱਟ ਖਾਧੀ, ਗੁਰਿਆਈ ਤਾਂ ਪੱਲੇ ਨਾ ਪਈ, ਪਰ ਪੈਰ ਤੇ ਪੀੜਾ ਸਹੇੜ ਲਈ[੪੦]।

ਮਿਠਾ ਕਰਿਕੈ ਕਉੜਾ ਖਾਇਆ॥
ਤਿਨਿ ਕਉੜੈ ਤਨਿ ਰੋਗੁ ਜਮਾਇਆ॥

(ਮ: ੧ ਵਾ: ਸਾਰੰਗ)

## ੭. ਗੁਰੂ ਲਾਧੋ ਰੇ।

**ਸਤਿਸੰਗ** ਦੀ ਚਹਿਲ ਪਹਿਲ ਵਾਲਾ ਗੋਇੰਦਵਾਲ ਚੁਪ ਚਾਪ ਹੋ ਗਿਆ ਹੈ। ਹਾਰ ਵਿਚ ਬਿਜਈ ਸਤਿਗੁਰੂ ਜੀ ਤਾਂ ਓਸੇ ਰਾਤ ਵਿਦਾ ਹੋ ਗਏ ਸਨ। ਜਿੱਤ ਵਿਚ ਹਾਰ ਲੈਕੇ ਦੋ ਚਾਰ ਦਿਨ ਸੁਆਦ ਚੱਖਕੇ ਦਾਤੂ ਜੀ ਬੀ ਵਿਦਾ ਹੋ ਗਏ। ਗੋਇੰਦਵਾਲ ਵਿਚ ਘਰ ਘਰ ਸ਼ੋਕ ਹੈ। ਪਰਿਵਾਰ ਵਿਚ ਦਿਲ ਪੀੜਾ ਹੈ; ਢੂੰਡ ਲਈ ਦੂਰ ਨੇੜ ਸਾਕ ਸਨਬੰਧੀ ਗਏ ਹਨ। ਸਿਖਾਂ ਵਿਚ ਮਹਾਨ ਵਿਯੋਗ ਤੇ ਬਿਰਹਿ ਹੈ। ਕਈ ਜੋ ਉਸ ਵੇਲੇ ਦੀਵਾਨ ਵਿਚ ਸਨ, ਹੁਣ ਸਿਰ ਧੁਣਦੇ ਹਨ ਕਿ ਸਾਡਾ ਫਰਜ਼ ਸੀ ਕਿ ਉਸ ਵੇਲੇ ਸਤਿਗੁਰੂ ਜੀ ਨੂੰ ਲੱਤ ਮਾਰਨੇ ਵਾਲੇ ਨੂੰ ਭੁਇਂ ਪਟਕਦੇ ਤੇ ਕੀਤੀ ਦਾ ਸੁਆਦ ਚਖਾ ਦੇਂਦੇ, ਓਹ ਜਾਣੇ ਜੋ ਗੁਰੂ ਜੀ ਗੁੱਸੇ ਹੁੰਦੇ ਤਾਂ ਝੱਲ ਲੈਂਦੇ, ਸ੍ਰਾਪ ਦੇਂਦੇ ਤਾਂ ਸਹਿ ਲੈਂਦੇ ਪਰ ਗੁਰੂ ਹੱਤਕ ਨਾ ਸਹਾਰਦੇ ਤੇ ਗੁਰੂ ਨਾ ਲੋਪ ਕਰ ਬੈਠਦੇ।

ਕਈ ਨੇੜੇ ਨੇੜੇ ਭਾਲਾਂ ਕਰ ਮੁੜੇ ਹਨ। ਹੁਣ ਸਾਰੇ ਇਕੱਠੇ ਹੋ ਕੇ ਵਿਚਾਰਾਂ ਕਰ ਰਹੇ ਹਨ। ਕਈ ਸਮਝਦੇ ਹਨ ਕਿ ਅੰਤਰ ਧਯਾਨ ਹੋ ਗਏ ਹਨ। ਕਈ ਸਮਝਦੇ ਹਨ ਕਿ ਦੂਰ ਕਿਸੇ ਦੇਸ਼ ਚਲੇ ਗਏ ਹਨ। ਕਈ ਸੋਚਾਂ ਮਗਰੋਂ ਅੰਤ ਇਹ ਨਿਟਚੇ ਠਹਿਰੀ ਕਿ ਭਾਈ ਬੁੱਢੇ ਪਾਸ ਚਲੀਏ, ਉਸ ਨੂੰ ਵਰ ਹੈ ਕਿ ਤੈਥੋਂ ਕਦੇ ਉਹਲੇ ਨਹੀਂ ਹੋਵਾਂਗੇ। ਇਉਂ ਵਿਚਾਰ ਕੇ ਕੁਛ ਸੱਜਣ ਗਏ। ਭਾਈ ਬੁੱਢਾ ਸੰਗਤ ਨੂੰ ਬੜੇ ਆਦਰ ਨਾਲ ਮਿਲਿਆ। ਸਾਰੀ ਵਾਰਤਾ ਦਰਦ ਨਾਲ ਸੁਣੀ। ਫਿਰ ਗੁਰੂ ਪ੍ਰੇਮ ਵਿਚ ਨਿਮਗਨ ਹੋ ਗਿਆ ਫਿਰ ਨੈਣ ਖੁਹਲੇ ਤੇ ਕਿਹਾ: ਚਲੋ ਭਾਈ ਗੋਇੰਦਵਾਲ ਚੱਲੀਏ, ਇਉਂ ਆਖ ਕੇ ਤੁਰ ਪਏ ਤੇ ਗੋਇੰਦਵਾਲ ਪਹੁੰਚ ਕੇ ਸਭ ਕੁਛ ਤੱਕਿਆ ਤੇ ਸਾਰੇ ਵੇਰਵੇ ਸੁਣੇ ਸ੍ਰੀ ਬੁੱਢਾ ਜੀ ਕਰਾਮਾਤ ਦੱਸਣੀ ਨਹੀਂ ਚਾਹੁੰਦੇ ਗੁਰੂ ਰਜ਼ਾ ਲੋਪ ਹੋਣੇ ਦੀ ਹੈ, ਉਸ ਵਿਚ ਦਖਲ ਨਹੀਂ ਦੇਣਾ ਚਾਹੁੰਦੇ, ਸੰਗਤ ਪ੍ਰੇਮ ਵਿਚ ਬਿਹਬਲ ਹੈ, ਉਸਦਾ ਦੁਖ ਬੀ ਸਹਾਰ ਨਹੀਂ ਸਕਦੇ। ਸਭ ਵਿਚਾਰਾਂ ਵਿਚਾਰ ਕੇ ਬੁੱਢਾ ਜੀ ਨੇ ਵਿਉਂਤ ਕੀਤੀ ਕਿ ਜਿਸ ਘੋੜੀ ਨੇ ਗੁਰੂ ਬਿਨਾ ਕਿਸੇ ਨੂੰ ਆਪਣੇ ਉਪਰ ਅਸਵਾਰ ਨਹੀਂ ਹੋਣ ਦਿਤਾ, ਇਹ ਘੋੜੀ ਆਪਣੇ ਅਗਜਾਤ ਗਯਾਨ ਵਿਚ ਜਾਣਦੀ ਹੈ ਕਿ ਗੁਰੂ ਕਿੱਥੇ ਹੈ। ਘੋੜੀ ਗੁਰੂ ਕੇ ਮਨ ਨਾਲ ਇਕ ਸੁਰ ਹੈ। ਇਹ ਰਾਸ ਦੇ ਇਸ਼ਾਰੇ ਨਹੀਂ ਇਹ ਗੁਰੂ ਕੇ ਮਨੋ ਸਕਲਪ ਨਾਲ ਗੁਰੂ ਜੀ ਨੂੰ ਮਜਲ ਲਿਜਾਂਦੀ ਰਹੀ ਹੈ। ਇਹ ਹੈ ਜੋ ਗੁਰੂ ਦੁਆਰੇ ਲੈ ਜਾਏਗੀ; ਇਹੋ ਹੈ ਮੇਰੀ ਜਾਚੇ ਗੁਰੂ ਜੀ ਨੂੰ ਜਿਥੇ ਛੋੜ ਆਈ ਹੈ। ਸੋ ਅਰਦਾਸਾ ਸੋਧਕੇ ਘੋੜੀ ਨੂੰ ਨੁਹਾ ਧੁਆ, ਜ਼ੀਨ ਪਾ ਸ਼ਿੰਗਾਰ ਸੁਆਰ ਕੇ, ਰਾਸਾਂ ਹੰਨੇ ਨਾਲ ਢਿੱਲੀਆਂ ਬੰਨ੍ਹਕੇ ਖੁਲ੍ਹਾ ਛੱਡ ਦਿਤਾ। ਘੋੜੀ ਇਕ ਪਾਸੇ ਟੁਰ ਪਈ, ਮਗਰ ਢੰਡਾਊ ਸੰਗਤਿ ਸ਼ਬਦ ਗਾਇਨ ਕਰਦੀ ਟੁਰ ਪਈ। ਘੋੜੀ ਟੁਰੀ ਗਈ ਅੰਤ ਇਹ ਸੰਗਤ ਨੂੰ ਬਾਸਰਕੇ ਲੈ ਗਈ। ਓਥੇ ਪਿੰਡੋਂ ਬਾਹਰ ਹੀ ਇਕ ਮਕਾਨ ਦੇ ਕੋਲ ਵਾਰ ਅੱਪੜਕੇ ਖੜੋ ਗਈ। ਜੇ ਇਕ ਦੋ ਕਦਮ ਅੱਗੇ ਜਾਵੇ ਤਾਂ ਫੇਰ ਓਥੇ ਹੀ ਆ ਖੜੋਵੇ। ਸੰਗਤ ਓਥੇ ਏਧਰ ਉਧਰ ਤੱਕੇ, ਕੋਈ ਨਿਸ਼ਾਨ ਸਤਿਗੁਰੂ ਜੀ ਦਾ ਦ੍ਰਿਸ਼ਟੀ ਨਾ ਪਵੇ। ਹੁਣ ਭਾਈ ਬੁੱਢਾ ਜੀ ਨੇ ਉਸ ਮਕਾਨ ਦੀ ਬਾਹਰਲੀ ਵਲਗਨ ਦੀ ਪਰਕਰਮਾ ਕੀਤੀ ਤਾਂ ਇਕ ਦਰ ਲੱਭਾ, ਜੋ ਬੰਦ ਸੀ, ਉਸ ਦਰ ਤੇ ਮਹੀਨ ਅੱਖਰਾਂ ਵਿਚ ਲਿਖਿਆ ਹੋਇਆ ਸੀ-

"ਜੋ ਕੋਈ ਏਥੇ ਆਕੇ ਇਹ ਦਰ ਖੁਹਲੇਗਾ,
ਉਹ ਸਾਡਾ ਸਿਖ ਨਹੀਂ ਹੋਵੇਗਾ ਅਸੀਂ
ਉਸਦੇ ਗੁਰੂ ਨਹੀਂ ਰਹਾਂਗੇ।"

ਸੰਗਤ ਆਸ਼ਾ ਵਿਚ ਉਮਗਦੀ ਇਹ ਪੜ੍ਹਕੇ


www.sikhbookclub.com

ਨਿਰਾਸ਼ ਹੋ ਖੜੋਤੀ। 'ਇਤਨਾ ਯਤਨ ਕਰਕੇ ਜੇ ਗੁਰੂ ਲੱਭਾ ਤਾਂ ਭਾਗ ਜਾਗੇ ਪਰ ਦਰਸ਼ਨ ਦੀ ਦਾਤ ਮੰਨ੍ਹੇ ਹੈ! ਅਹੋ ਸਾਡੇ ਕਲਜੁਗੀ ਜੀਵਾਂ ਦੇ ਭਾਗ! ਭਾਈ ਬੁੱਢਾ! ਦੱਸ ਹੁਣ ਸਾਡੇ ਜੀਵਨ ਦਾ ਕੀ ਹੱਜ ਹੈ ਜਿਸ ਨਾਲ ਸਤਿਗੁਰੂ ਇੰਨਾ ਉਦਾਸ ਹੈ ਕਿ ਦਰਸ਼ਨ ਦਾਤ ਹੀ ਮਨ੍ਹੇ ਹੋ ਗਈ ਹੈ। ਤਾਂ ਬੁੱਢੇ ਨੇ ਸੰਗਤ ਦੀ ਤੀਬਰ ਪ੍ਰੇਮ ਮਈ ਦਸ਼ਾ ਦੇਖ ਕੇ ਕਿਹਾ : ਭਾਈ ਸਜਣੋ! ਨਿਰਾਸ ਨਾ ਹੋਵੋ, ਹੁਣ ਬਿਰਹੇ ਵਿਚੋਂ ਗੁਰੂ ਕੇ ਲਾਡ ਵਿਚ ਆ ਜਾਓ, ਗੁਰੂ ਮਾਤਾ ਪਿਤਾ ਜੁ ਹੋਇਆ, ਮਾਪੇ ਬਖਸ਼ਿੰਦ ਹੁੰਦੇ ਹਨ! ਗੁਰੂ ਕੀ ਆਗਜਾ ਦਰਵਾਜਾ ਖੁਹਲਣ ਯਾ ਭੰਨਣ ਦੀ ਨਹੀਂ, ਪਰ ਇਹ ਆਗਜਾ ਤਾਂ ਨਹੀਂ ਲਿਖੀ ਕਿ ਹੋਰ ਕਿਸੇ ਥਾਂਵੇਂ ਕੰਧ ਵਿਚ ਸੰਨ੍ਹ ਬੀ ਕੋਈ ਨਾ ਲਾਵੇ। ਮਨ ਨਾਲ ਸਰੀਰ ਨਾਲ ਸੰਨ੍ਹਾਂ ਮਾਰਦੇ ਹੀ ਰਹੀਦਾ ਹੈ, ਗੁਰੂ ਦਰਸ਼ਨਾਂ ਲਈ ਸੰਨ੍ਹ ਲਾ ਲਈਏ ਤਾਂ ਕੀ ਹੋਯਾ। ਤੁਸੀਂ ਖੜੇ ਰਹੋ ਸੰਨ੍ਹ ਮੈਂ ਲਾਸਾਂ। ਸੋ ਆਓ 'ਲੋਕ ਪ੍ਰਲੋਕ ਦੇ ਧਨ' ਦੀ ਯਾਤ੍ਰਾ ਕਰੀਏ; ਇਸ ਤਰ੍ਹਾਂ ਸਤਿ ਗੁਰੂ ਦੀ 'ਅੱਖਰੀ ਆਗਜਾ' ਭੰਗ ਵੀ ਨਾ ਹੋਸੀ ਤੇ ਕਾਰਜ ਬੀ ਹੋ ਜਾਸੀ। ਸਦਾ ਬਖਸ਼ਿੰਦ ਦਾਤਾ ਜੀ, ਆਸ ਹੈ, ਖ਼ਫ਼ਾ ਨਹੀਂ ਹੋਣਗੇ; ਜੇ ਹੋਣਗੇ ਤਾਂ ਚਰਨੀਂ ਪੈ ਕੇ ਖਿਮਾਂ ਮੰਗਾਂਗੇ, ਸਦ ਬਖਸ਼ਿੰਦ ਗੁਰੂ ਦਾ ਬਿਰਦ ਹੈ ਅੰਤ ਬਖਸ਼ੇਗਾ। ਜੇ ਸਤਿਗੁਰੂ ਨੇ ਨਾ ਬਖਸ਼ਿਆ ਤਾਂ ਮੈਂ ਸੰਗਤ ਦੇ ਸੁਖ ਤੋਂ ਸਦਕੇ, ਦਰ ਪਿਆ ਰਹਾਂਗਾ। ਇਹ ਵਿਉਂਤ ਕਰਕੇ ਸੰਪੇਵਾ ਮੰਗਵਾਕੇ ਪੂਰਬ ਦੇ ਪਾਸੇ ਬਾਬੇ ਨੇ ਸੰਨ੍ਹ ਲਾ ਦਿੱਤੀ। ਬੜੇ ਮਲਕੜੇ ਇਕ ਇਕ ਕਰਕੇ ਹਰ ਇੱਟ ਖਿੱਚੀ; ਕੋਈ ਹੱਥ ਭਰ ਚੌੜਾ; ਤੇ ਡੇਢ ਹੱਥ ਲੰਮਾ ਪਾੜ ਜਦ ਬਣ ਗਿਆ[੨੪੧] ਤਾਂ ਸਿੱਖੀ ਦੇ ਰਾਖੇ, ਗੁਰਮੁਖ ਭਾਈ ਬੁੱਢਾ ਜੀ ਲਿਫਕੇ ਅੰਦਰ ਲੰਘੇ ਤੇ ਪ੍ਰਣਾਮ ਕਰਦੇ ਰੂੰ ਦੇ ਗੋੜ੍ਹੇ ਵਾਂਙੂ ਟਿਕ ਗਏ। ਕੀ ਦੇਖਦੇ ਹਨ ਕਿ ਸਤਿਗੁਰੂ ਜੀ ਅਗਾਧ ਸਮਾਧਿ ਵਿਚ ਲੀਨ ਹੋਏ ਬਿਰਾਜ ਰਹੇ ਹਨ, ਚੁਫੇਰੇ ਸ਼ਾਂਤਿ ਸ਼ਾਂਤਿ ਪ੍ਰਭਾਵ ਛਾ ਰਿਹਾ ਹੈ, ਨਿਮ੍ਹੇ ਨਿਮ੍ਹੇ ਚਾਨਣੇ ਵਿਚ ਆਤਮ ਪ੍ਰਭਾ ਦਿਪਤਿ ਹੈ। ਟਿਕਾਉ ਦਾ ਅਸਰ ਐਸਾ ਸੀ ਕਿ ਬ੍ਰਿਧ ਜੀ ਦੇ ਆਪਣੇ ਨੈਣ ਬੀ ਜੁੜ ਗਏ ਤੇ ਲੀਨਤਾ ਮੱਲੋ ਮੱਲੀ ਸੁਰਤ ਨੂੰ ਘੁੱਟਣੇ ਲਗ ਗਈ। ਕੋਈ ਕੱਚੀ ਘੜੀ ਇਸ ਰੰਗ ਰਹਿਕੇ ਫੇਰ ਉਪਕਾਰ ਯਾਦ ਆਇਆ ਕਿ ਸੰਗਤ ਬਾਹਰ ਖੜੀ ਵਜਾਕੁਲ ਹੈ-ਫਿਰ ਨਮਸਕਾਰ ਕੀਤੀ ਤੇ ਚਰਨਾਂ ਕਮਲਾਂ ਨੂੰ ਅਦਬ ਤੇ ਪਿਆਰ ਨਾਲ ਹੱਥ ਲਾਏ। ਹੱਥ ਲਗਣ ਤੋਂ ਮਗਰੋਂ ਨੈਣ, ਸੁਹਣੇ ਸੁਹਣੇ ਬੰਦ ਨੈਣ, ਖੁੱਲੇ! ਨਜ਼ਰ ਪਈ ਪਿਆਰੇ, ਪਰਮ ਪਿਆਰੇ ਸਿੱਖ ਤੇ, ਪਛਾਣਿਆ ਤੇ ਮੁਸਕ੍ਰਾਏ। ਹਾਂ ਵਾਕ ਹੋਇਆ- ਭਾਈ ਬੁੱਢਾ ਸਿਖੀ ਦੇ ਥੰਮ੍ਹ! ਤੁਸੀਂ! ਹੈਂ ਤੁਸੀਂ? ਤੇ ਫਿਰ ਮੁਸਕ੍ਰਾਕੇ ਨੈਣ ਮੀਟ ਲਏ।

ਬੁੱਢਾ-ਹੇ ਕਲਿਜੁਗ ਦੇ ਤਾਰਕ, ਨਾਮ ਜਹਾਜ਼ ਦੇ ਖੇਵਟ ਗੁਰੂ!-ਖਿਮਾ, ਖਿਮਾ, ਖਿਮਾ, ਤ੍ਰਹਿਮਾ, ਦਾਤਾ! ਸੰਗਤਾਂ ਗੁਰੂ-ਬਿਰਹੋਂ ਵਿਚ ਵਿਆਕੁਲ ਹਨ! ਸੰਗਤ ਦਾ ਦੁਖ ਦੇਖ ਨਹੀਂ ਹੋਇਆ। ਹਾਂ ਤਾਂ ਭੁੱਲਣਹਾਰ ਪਰ ਲਿਖੀ ਆਗਿਆ ਭੰਗ ਨਹੀਂ ਕੀਤੀ, ਦਾਤਾ! ਦਰਵਾਜ਼ਾ ਉਸੇ ਤਰ੍ਹਾਂ ਬੰਦ ਹੈ। ਮੈਂ ਪਿੰਡ ਰਹਿਣੇ ਵਾਲਾ, ਸੰਨ੍ਹਾਂ ਲਾਉਣੀਆਂ ਮੇਰੇ ਕਈ ਵੀਰ ਜਾਣਦੇ ਹਨ। ਦੂਜੇ ਪਾਸਿਓਂ ਸੰਨ੍ਹ ਪਾੜ ਕੇ ਹਜ਼ੂਰੀ ਹਾਜ਼ਰ ਹੋਇਆ ਹਾਂ। ਦਸਮ ਦੁਆਰ ਵਿਚ ਛਪੀ ਬੈਠੀ ਆਤਮ ਵਸਤੂ ਨੂੰ ਇੜਾ ਪਿੰਗਲਾ ਦੇ ਦਰਵਾਜ਼ੇ ਛਡ ਕੇ ਸੁਖਮਨਾ ਨੂੰ ਸੰਨ੍ਹ ਲਾ-ਅੰਦਰ ਆਪ ਵੜਨ ਦੀ ਦਲੇਰੀ ਕੀਤੀ ਹੈ, ਬਖਸ਼ ਲਓ ਜਿਵੇਂ ਕਰਤਾ ਪੁਰਖ ਸੁਖਮਨਾਂ ਦੀ ਸੰਨ੍ਹ ਪਾੜ ਕੇ ਦਰ ਆਇਆਂ ਨੂੰ ਸਖਸ਼ ਮਿਲਾਉਂਦਾ ਹੈ, ਤਿਵੇਂ ਹੇ ਜੋਤੀ ਸਰੂਪ ਜੀ ਮੇਲ ਲਓ, ਮੇਲ ਲਓ। ਤੁਸੀਂ ਉਹੋ ਹੋ, ਉਹੋ ਹੋ ਹਾਂ ਉਹੋ ਹੋ-'ਆਪਿ ਨਰਾਇਣ, ਕਲਾ ਧਾਰਿ ਜਗ ਮਹਿ ਪਰਵਰਿਯਉ।'

ਸਤਿਗੁਰੂ ਮੁਸਕ੍ਰਾਏ-ਫੇਰ ਬੋਲੇ :- ਗੁਰ ਨਾਨਕ ਦੇਵ ਦੇ ਤਾਰੇ! ਤੇਰਾ ਕੀਤਾ ਕੁਸ਼ਲ ਹੈ, ਪਰ ਦੇਖ ਗੁਰੂ ਅੰਗਦ ਦੇਵ ਦੇ ਹੁਕਮ ਨਾਲ ਗੋਂਦਵਾਲ ਟਿਕੇ, ਉਸ ਗੁਰੂ ਦੇ ਸੁਤ ਦੇ ਹੁਕਮ ਵਿਚ ਕਿ 'ਉਸ ਦੇ ਹਿਰਦੇ ਸ਼ਾਂਤੀ ਵਰਤੇ' ਇਸ ਲਈ ਨਿਜ ਸ਼ਾਂਤਿ ਸਰੋਵਰ ਵਿਚ ਆ ਨਿਮਗਨੇ ਹਾਂ। ਤੁਸਾਂ ਕਾਸਨੂੰ ਖੇਚਲ ਕੀਤੀ?

ਭਾਈ ਬ੍ਰਿਧ ਜੀ-ਸੰਗਤ ਦੀ ਪੀੜਾ ਸਹੀ ਨਹੀਂ ਗਈ, ਗੁਰੂ ਕਾ ਹੁਕਮ ਬੀ ਆਪ ਨੂੰ ਪੰਥ ਕਰਨੇ ਦਾ ਹੈ। ਗੁਰੂ ਸੁਤ ਨੇ ਗੁਰੂ ਹੁਕਮ ਵਿਚ ਆਗਿਆ ਨਹੀਂ ਕੀਤੀ, ਉਸ ਨੇ ਗੁਰੂ ਹੁਕਮ ਦੀ ਉਲੰਘਨਾ ਕੀਤੀ ਹੈ। ਆਪ ਨਿਰਵੈਰ ਹੋ, ਅਸੰਗ ਹੋ, ਨਿਰਲੇਪ ਹੋ ਕੋਈ ਪਕੜ ਨਹੀਂ ਆਪ ਨੂੰ। ਪਰ ਦਾਤਾ! ਆਪਦਾ


www.sikhbookclub.com

ਸਰੂਪ ਅਸੰਗ ਹੀ ਨਹੀਂ, ਦਾਤਾ ਬੀ ਹੈ। ਆਪ ਦੇ ਸਿਰ 'ਦਾਨ ਦੇਣ' ਦਾ ਹੁਕਮ ਹੈ। ਬਹਰ ਸੰਗਤਿ ਪੀੜਿਤ ਹੋਈ ਹਾਜ਼ਰ ਖੜੀ ਹੈ। ਗੋਂਦਵਾਲ ਦੇ ਚੌਧਰੀ, ਮਰਵਾਹਾ ਆਪ ਸਾਰੇ ਆਏ ਖੜੇ ਹਨ। ਆਪ ਨੇ ਅਸੰਗ ਤੇ ਨਿਰਲੇਪ ਹੁੰਦਿਆਂ ਹੋਇਆਂ ਬੀ ਇਨ੍ਹਾਂ ਦੀ ਭਵਬਾਧਾ ਹਰਨੀ ਹੈ। ਹੇ ਗੁਰੂ ਨਾਨਕ ਬਾਹੁੜੀ ਕਰੋ।

ਹੁਣ ਸਤਿਗੁਰੂ ਜੀ ਨੇ ਭਾਈ ਜੀ ਵਲ ਇਕ ਅਚਰਜ ਭਾਵਾਂ ਵਾਲੀ ਡੂੰਘੀ ਨਜ਼ਰ ਪਾਈ ਤੇ ਬੋਲੇ : ਗੁਰੂ ਕੇ ਪਿਆਰੇ ਸਿਖੀ ਦੇ ਮੁਹਾਣੇ! ਤੇਰੀ ਰਜ਼ਾ, ਗੁਰਮੁਖ ਦੀ ਰਜ਼ਾ, ਲੈ ਆਓ ਗੁਰੂ ਅੰਗਦ ਦੇਵ ਜੀ ਦੀ ਪਜਾਰੀ ਸੰਗਤਿ ਨੂੰ।

ਸ੍ਰੀ ਪਵਿਤ੍ਰ ਬ੍ਰਿਧ ਜੀ ਉਠੇ, ਸੰਗਤਿ ਨੂੰ ਅਵਾਜ਼ ਦਿਤੀ, ਗੁਰੂ ਕੀ ਆਗਿਆ ਹੋ ਗਈ, ਆਓ ਲੰਘ ਆਉ। ਆਗਿਆ ਸੁਣ ਕੇ ਇਕ ਇਕ ਕਰਕੇ ਸਿੰਖ ਸੰਨ੍ਹ ਦੇ ਵਿਚਦੀ ਲੰਘ ਲੰਘ ਕੇ ਆਏ, ਚਰਣ ਕਮਲ ਪਰਸੇ; ਮਨਦੀ ਤਪਤ ਤੇ ਬਿਰਹ ਦੀ ਉਸਨਤਾ ਸੀਤਲ ਹੋਈ। ਧੰਨ ਧੰਨ ਦੀ ਗੁੰਜਾਰ ਲਗ ਗਈ। ਇਉਂ ਚੰਨ ਦੁਆਲੇ ਗੁਰਸਿੱਖਾਂ ਦੇ ਤਾਰਾ ਗਣ ਦਾ ਹਾਲਾ ਸਜ ਗਿਆ ਤੇ ਧੰਨ ਗੁਰੂ, ਧੰਨ ਗੁਰੂ, ਮਗਰੋਂ ਧੰਨ ਭਾਈ ਬੁੱਢਾ ਜੀ ਅਵਾਜ਼ ਆਈ : 'ਧੰਨ ਭਾਈ ਬੁੱਢਾ ਜਿਨ ਗੁਰੂ ਲੱਧਾ।' ਪਰ ਉਸ ਸਿੱਖੀ ਦੀ ਅਵਧੀ ਬਾਬੇ ਨੇ ਦਰ ਤਕ ਤਾਂ ਗੁਰੂ ਘੋੜੀ ਲੈ ਆਈ ਹੈ ਸਾਰਿਆਂ ਨੂੰ; ਮੈਂ ਤਾਂ ਸੰਨ੍ਹ ਪਾੜਨ ਦੀ ਗੁਸਤਾਖੀ ਹੀ ਕੀਤੀ ਹੈ। ਇਸ ਪਰ ਸਤਿਗੁਰੂ ਨੇ ਸੁਹਣੇ ਭਾਈ ਬ੍ਰਿਧ ਨੂੰ ਘੁਟਕੇ ਛਾਤੀ ਨਾਲ ਲਾਲਿਆ ਤੇ ਵਾਕ ਕੀਤਾ : ਤੂੰ ਸੰਗਤਿ ਦਾ ਕੇਵਟ, ਤੂੰ ਭਉਜਲ ਤੋਂ ਪਾਰ ਕਰਨ ਹਾਰ, ਸਿਖੀ ਦੀ ਅਵਧੀ, ਤੇਰਾ ਨਾਮ ਸਿਖੀ ਦਾ ਸਿਤਾਰਾ। ਕਵੀ ਜੀ ਨੇ ਐਉਂ ਲਿਖਿਆ ਹੈ :-

ਇਹ ਸੰਗਤਿ ਕੋ ਬੋਹਥਿ ਭਾਰਾ॥
ਭਉਜਲ ਤੇ ਕਰਿ ਹੈ ਨਿਸਤਾਰਾ॥
ਸਿਖੀ ਅਵਧਿ ਨ ਇਸ ਤੇ ਪਰੇ॥
ਨਾਮ ਲਏ ਗਨ ਬਿਘਨ ਸੁ ਹਰੇ॥੪੨॥

ਸੰਗਤਿ ਨੇ ਹੁਣ ਵਾਰ ਵਾਰ ਤੀਬਰ ਪ੍ਰੇਮ ਨਾਲ ਗੋਇੰਦਵਾਲ ਚੱਲਣੇ ਲਈ ਬੇਨਤੀਆਂ ਕੀਤੀਆਂ। ਭਾਈ ਬੁੱਢੇ ਨੇ ਬਹਤੀ ਬਿਨੈ ਉਚਾਰੀ। ਗੋਂਦਵਾਲ ਦੇ ਚਉਧਰੀ ਤੇ ਮਰਵਾਹਾ ਬੀ ਮਗਰੇ ਆਏ ਸਨ, ਸਭ ਨੇ ਬੇਨਤੀ ਕੀਤੀ ਤਾਂ ਦਇਆ ਨਿਧਿ ਜੀ ਅਗਲੇ ਦਿਨ ਉਸੇ ਘੋੜੀ ਤੇ ਚੜ੍ਹਕੇ ਫੇਰ ਗੋਇੰਦਵਾਲ ਆ ਗਏ ਤੇ ਉਹੋ ਸਾਮਾਨ ਵਾਹਿਗੁਰੂ ਦੇ ਕੀਰਤਨ ਦੇ ਤੇ ਨਾਮ ਉਚਾਰ ਦੇ ਮੰਗਲ ਫੇਰ ਗੋਇੰਦਵਾਲ ਵਿਚ ਹੋਣ ਲਗ ਪਏ। ਭਾਈ ਬੁੱਢਾ ਜੀ ਕੁਛ ਦਿਨ ਰਹਿਕੇ ਆਗਜਾ ਲੈ ਕੇ ਆਪਣੇ ਘਰ ਗਏ। ਸੰਗਤਾਂ ਦੂਰੋਂ ਦੂਰੋਂ ਦਰਸ਼ਨਾਂ ਨੂੰ ਆਉਣ ਲਗ ਪਈਆਂ। ਦਾਤੂ ਜੀ ਆਪਣੀ ਬੇਅਦਬੀ ਤੇ ਪ੍ਰਯੋਜਨ ਦੀ ਅਸਫਲਤਾ ਤੋਂ ਘਰੇ ਹੀ ਟਿਕੇ ਰਹੇ ਤੇ ਲਾਜ ਨੇ ਫੇਰ ਨਹੀਂ ਕੁਛ ਕਰਨ ਦਿਤਾ। ਜੇ ਕਦੇ ਫੁਰਨਾ ਜਾ ਕੇ ਬਖਸ਼ਾਉਣ ਦਾ ਹੁੰਦਾ ਬੀ ਤਾਂ ਲੋਕ ਲਾਜ ਰੋਕ ਲੈਂਦੀ। ਅੰਤ ਦਾਤੂ ਜੀ ਨੇ ਗੁਰੂ ਅਰਜਨ ਦੇਵ ਜੀ ਤੋਂ ਇਹ ਭੁੱਲ ਬਖਸ਼ਵਾਈ ਸੀ ਤਾਂ ਲੱਤ ਵਲ ਹੋਈ ਸੀ।

## ੮. ਪਾਰੋ-ਨਵਾਬ

ਜਿਵੇਂ ਬਸੰਤ ਰੁਤ ਵਿਚ ਕਿਰਨੇ ਦੇ ਫੁਲ ਖਿੜਦੇ ਹਨ, ਸੁਗੰਧੀ ਦੂਰ ਦੂਰ ਤਕ ਲਪਟਾਂ ਮਾਰਦੀ ਹੈ ਸਤਿਗੁਰੂ ਦਾ ਯਸ਼ ਹੁਣ ਹੋਰ ਸਵਾਇਆ ਹੋ ਫੈਲਿਆ। ਸੰਗਤਾਂ ਦੀ ਆਵਾਜਾਈ ਬਹੁਤ ਵਧ ਗਈ ਤੇ ਸਤਿਸੰਗ ਦਾ ਮੰਡਲ ਗੋਇੰਦਵਾਲ ਵਿਚ ਗਹਿਬਰ ਭਰਿਆ ਲਗ ਪਿਆ।

ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਪਾਰੋ ਨਾਮੇ ਇਕ ਪ੍ਰੇਮੀ ਡੱਲੇ ਤੋਂ ਆਏ ਸੀ। ਡਲਾ ਬਿਆਸਾ ਤੋਂ ਪਾਰ ਇਕ ਪਿੰਡ ਹੈ। ਭਾਈ ਪਾਰੋ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਹੰਸ ਪਰਮ ਹੰਸ ਦੇ ਲੱਛਣ ਪੁੱਛੇ ਸਨ ਤੇ ਤਦ ਤੋਂ ਸਤਿਗੁਰੂ ਦਾ ਪ੍ਰੇਮੀ ਹੋਕੇ ਨਾਮ ਰੰਗ ਵਿਚ ਰੰਗੀਂਦਾ ਆਪ ਸਚ ਮੁਚ ਦਾ ਪਰਮ ਹੰਸ ਹੋ ਗਿਆ ਹੋਇਆ ਸੀ। ਪਾਰੋ ਵਿਚ ਗੁਰੂ ਪ੍ਰੇਮ ਇਤਨਾ ਸੀ ਕਿ ਬੜੀ ਛੇਤੀ ਛੇਤੀ ਦਰਸ਼ਨਾਂ ਨੂੰ ਆਇਆ ਕਰਦਾ ਸੀ। ਜਦੋਂ ਦੂਸਰੇ ਸਤਿਗੁਰੂ ਜੀ ਨਿਜ ਧਾਮ ਨੂੰ ਪਧਾਰਨ ਲਗੇ ਤਾਂ ਪਾਰੋ ਨੇ ਬਿਨੈ ਕੀਤੀ-ਹੇ ਮਾਲਕ ਦਾਤਾ! ਮੈਂ ਆਪਣੇ ਬਾਕੀ ਦਿਨ ਕਿਸ ਅਧਾਰ ਤੇ ਬਿਤੀਤ ਕਰਾਂ?

ਸ੍ਰੀ ਗੁਰੂ ਜੀ ਬੋਲੇ-ਪਾਰੋ ਤੈਨੂੰ ਤਾਂ ਪਰਮ ਹੰਸਤਾ ਮਿਲ ਗਈ ਹੈ, ਸਰੀਰਕ ਅਲੰਬ ਦੀ ਲੋੜ ਅਜੇ ਹੈ?

ਪਾਰੋ-ਜੋ ਬਣਾਇਆ ਜੇ ਬਣ ਚੁੱਕਾ ਹੈ, ਪਰ ਸਰੀਰ ਹੁੰਦਿਆਂ ਪਾਵਨ ਸਰੀਰ ਦਾ ਆਸਰਾ, ਜਿਸ ਆਸਰੇ ਨੇ ਸੱਚੇ ਆਸਰੇ ਕਰ ਦਿੱਤਾ ਹੈ, ਛਡਿਆ ਨਹੀਂ ਜਾਂਦਾ, ਆਪ ਵਜਾਪਕ ਜਜੋਤੀ ਹੋ, ਪਰ ਮੇਰੇ ਆਸਰਾ ਹੋ, ਆਲੰਬ ਹੋ, ਪਜਾਰ ਦਾਤਾ ਜਜੋਤੀ ਹੋ।

ਇਸ ਪ੍ਰਕਾਰ ਦੇ ਬਚਨ ਸੁਣਕੇ ਬੋਲੇ :- ਪਾਰੋ ਸਾਡੇ ਅੰਤਰ ਧਿਆਨ ਹੋ ਜਾਣੇ ਪਰ ਸ੍ਰੀ ਅਮਰਦਾਸ ਜੀ ਗੁਰਗਾਦੀ ਤੇ ਬਿਰਾਜਣਗੇ; ਓਹ ਸਾਡਾ ਰੂਪ ਹੋਣਗੇ, ਤੁਸਾਂ ਨੂੰ ਉਨ੍ਹਾਂ ਵਿਚ ਅਸੀਂ ਦ੍ਰਿਸ਼ਟੀ ਪਾਵਾਂਗੇ। ਆਪਣੀ 'ਪ੍ਰੇਮ ਭਾਵਨਾ ਦਾ ਦਿਸਦਾ ਆਸਰਾ' ਉਹਨਾਂ ਨੂੰ ਪਾਓਗੇ।

ਐਸਾ ਹੀ ਹੋਇਆ, ਪਾਰੋ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰੇਮ ਵਿਚ ਉਸੇ ਤਰ੍ਹਾਂ ਮਗਨ ਹੋ ਗਏ, ਹਰ ਤੀਸਰੇ ਦਿਨ ਦਰਸ਼ਨ ਨੂੰ ਆਉਂਦੇ, ਘਰੋਂ ਘੋੜੀ ਤੇ ਚੜ੍ਹਕੇ ਟੁਰਦੇ ਤੇ ਘੋੜੀ ਸਣੇ ਦਰਯਾ ਵਿਚ ਠਿੱਲ੍ਹ ਪੈਂਦੇ, ਉਰਾਰ ਆਕੇ ਡੇਰੇ ਪਹੁੰਚਦੇ, ਸ੍ਰੀ ਗੁਰੂ ਜੀ ਦੇ ਦਰਸ਼ਨ ਕਰਕੇ ਕਦੇ ਅੱਧਾ ਦਿਨ ਰਹਿਕੇ ਫੇਰ ਉਸੇ ਘੋੜੀ ਤੇ ਉਸੇ ਤਰ੍ਹਾਂ ਡੱਲੇ ਨੂੰ ਚਲੇ ਜਾਂਦੇ।

ਇਕ ਵੇਰ ਕੋਈ ਫੌਜੀ ਨਵਾਬ ਕੁਝ ਫੌਜ ਸਣੇ ਬਿਆਸਾ ਕਿਨਾਰੇ ਉਤਰਿਆ ਹੋਇਆ ਸੀ; ਉਸਨੇ ਪਾਰੋ ਨੂੰ ਡਿੱਠਾ ਕਿ ਚੜੇ ਦਰਯਾ ਵਿਚ ਕੀਕੂੰ ਘੋੜੀ ਸੱਟ ਕੇ ਪਾਰ ਚਲਾ ਗਿਆ ਤੇ ਅਗਲੇ ਦਿਨ ਫੇਰ ਉਰਾਰ ਆ ਗਿਆ ਹੈ। ਉਸਨੇ ਪਾਰੋ ਨੂੰ ਬੜੇ ਅਦਬ ਨਾਲ ਬੁਲਾਇਆ ਤੇ ਕਿਹਾ : ਭਾਈ ਤੂੰ ਕੋਈ ਵਲੀ ਜਾਪਦਾ ਹੈਂ, ਇਹ ਸ਼ੂਕਦੀ ਨੈਂ, ਇਸ ਤਰ੍ਹਾਂ ਘੋੜੀ ਸੱਟਕੇ ਬੇ-ਖ਼ੌਫ ਪਾਰ ਕਰ ਲੈਣੀ ਕਰਾਮਾਤ ਹੈ। ਤੂੰ ਕਿਸੇ ਬੜੇ ਸਮਰੱਥ ਦਾ ਮੁਰੀਦ ਸਹੀ ਹੁੰਦਾ ਹਾਂ! ਜੇ ਮੇਰੀ ਟੋਹ ਸੱਚੀ ਹੈ ਤਾਂ ਸੱਚ ਦੱਸ ਤੇ ਮੈਨੂੰ ਆਪਣਾ ਖਾਦਮ ਬਣਾ ਲੈ।

ਪਾਰੋ ਨੇ ਹੱਸਕੇ ਕਿਹਾ : ਤੇਰਾ ਟੋਹ ਠੀਕ ਹੈ ਕਿ ਮੈਂ ਖਸਮ ਵਾਲਾ ਹਾਂ ਤੇ ਮੇਰਾ ਖਸਮ ਸਰਬ ਸਮਰਥ ਹੈ।

ਫੌਜੀ ਸਰਦਾਰ-ਫੇਰ ਭਾਈ, ਨੇਕੀ ਖੱਟ ਤੇ ਲਾ ਲੈ ਕਦਮੀਂ।

ਪਾਰੋ-ਜੇ ਆਪ ਦੀ ਇਛਾ ਹੋਵੇ ਤਾਂ ਮੈਂ ਆਪਣੇ ਮਾਲਕ ਦੀ ਖਿਦਮਤ ਵਿਚ ਲੈ ਚਲਦਾ ਹਾਂ, ਮੈਂ ਖਿਦਮਤ ਯੋਗ ਨਹੀਂ, ਕਿਉਂਕਿ ਮੈਂ ਆਪ ਖ਼ਾਦਮ ਹਾਂ। ਨਵਾਬ ਨੇ ਕਿਹਾ : ਜਿਵੇਂ ਤੈਨੂੰ ਭਾਵੇ ਕਰ, ਪਰ ਲੈ ਚਲ ਮੈਨੂੰ ਬੀ ਉਸ ਖ਼ਿਦਮਤ ਵਿਚ। ਤਾਂ ਪਾਰੋ ਨੇ ਕਿਹਾ : ਇਹ ਲਾਉ ਲਸ਼ਕਰ ਛਡ ਦੇਹ ਤਾਂ ਲੈ ਚਲਦਾ ਹਾਂ। ਨਵਾਬ ਨੇ ਆਪਣਾ ਮਨਸਬ ਤੇ ਸੈਨਾ ਦੀ ਸਰਦਾਰੀ ਪੁਤ੍ਰ ਦੇ ਹਵਾਲੇ ਕੀਤੀ ਤੇ ਕਿਹਾ ਕਿ ਬੇਟਾ! ਇਹ ਸਭ ਕੁਛ ਸੰਭਾਲ ਲਓ ਤੇ ਪਾਤਸ਼ਾਹ ਦੀ ਖਿਦਮਤ ਜਾ ਕਰੋ। ਮੇਰਾ ਹਾਲ ਕਹਿ ਦੇਣਾ ਤੇ ਅਰਜ਼ ਕਰ ਦੇਣੀ ਕਿ ਮੈਂ ਅੱਲਾ ਦੀ ਖ਼ਿਦਮਤ ਵਿਚ ਲਗ ਗਿਆ ਹਾਂ, ਦੁਨੀਆਂ ਤਰਕ ਕਰ ਦਿੱਤੀ ਹੈ, ਹੁਣ ਦੀਨ ਦੇ ਰਸਤੇ ਪੈ ਗਿਆ ਹਾਂ, ਪਾਤਸ਼ਾਹ ਮੇਹਰ ਕਰੂ ਤੇ ਤੈਨੂੰ ਮੇਰੇ ਮਨਸਬ ਤੇ ਮਨਜ਼ੂਰ ਕਰ ਲਊ, ਮੇਰੇ ਤੇ ਉਹ ਖੁਸ਼ ਹੈ। ਇਹ ਕਹਿਕੇ ਇਕ ਅਰੀਜ਼ਾ ਬੀ ਲਿਖ ਦਿੱਤਾ ਹੈ।

ਹੁਣ ਫੌਜੀ ਮਨਸਬਦਾਰ ਨੇ ਪੁਤ੍ਰ ਵਿਦਾ ਕੀਤਾ ਤੇ ਪਾਰੋ ਦੇ ਨਾਲ ਹੋ ਕੇ ਗੁਰੂ ਅਮਰਦਾਸ ਜੀ ਦੀ ਸ਼ਰਨ ਆਇਆ। ਸਤਿਗੁਰ ਜੀ ਨੇ ਉਸਤੇ ਮਿਹਰ ਕੀਤੀ ਤਾਂ ਉਹ ਨਿਹਾਲ ਹੋ ਗਿਆ। ਜੈਸਾ ਕਿ ਕਵੀ ਜੀ ਨੇ ਲਿਖਿਆ ਹੈ :-

ਸੰਤ ਸੰਗ ਸਮ ਪਾਰਸ ਛੁਹਜੋ।
ਹੁਤੋ ਮਨੂਰ ਸੁ ਕੰਚਨ ਭਯੋ।
ਪਰਮਾਨੰਦ ਪਾਇ ਕਰ ਭਲੋ।
ਬਿਦਾ ਹੋਇ ਪਾਰੋ ਸੰਗ ਚਲੋ॥੪॥

ਇਸ ਪ੍ਰਕਾਰ ਗੋਇੰਦਵਾਲ ਵਿਚ ਅੰਨਜ ਧਰਮਾਂ ਦੇ ਲੋਕ ਬੀ ਸਿਖੀ ਧਾਰਨ ਲਗ ਪਏ।

ਸੂਚਨਾ-ਭਾਈ ਗੁਰਦਾਸ ਜੀ ਨੇ ਪ੍ਰਸਿਧ ਗੁਰਸਿਖਾਂ ਦੀ ਇੱਕ ਸੂਚੀ ਆਪਣੀ ੧੧ਵੀਂ ਵਾਰ ਵਿਚ ਦਿੱਤੀ ਹੈ। ਉਸ ਵਿਚ ਸਤਿਗੁਰੂ ਜੀ ਤੋਂ ਵਰੋਸਾਏ ਜੋ ਸਿਖਾਂ ਦੇ ਨਾਵਾਂ ਦੀ ਵੰਡ ਹੈ। ਸੋ 'ਭਗਤ ਰਤਨਾਵਲੀ' ਦੀ ਅਤੇ 'ਸੂਰਜ ਪ੍ਰਕਾਸ਼' ਦੀ ਆਪੋ ਵਿਚ ਕੁਝ ਭਿੰਨਤਾ ਰਖਦੀ ਹੈ। ਭਗਤ ਰਤਨਾਵਲੀ ਨੇ ਪਹਿਲੇ ਨੌ ਸਿਖ ਗੁਰੂ ਨਾਨਕ ਦੇਵ ਜੀ ਦੇ ਦੱਸੇ ਹਨ ਦੇਖੋ ਪਉੜੀ ੧੫ ਸਤਰ ੪। ਪੰਜਵੀਂ ਸਤਰ ਦੇ ਫਿਰਣਾ ਖਹਿਰਾ ਤੋਂ ੧੫ ਪਉੜੀ ਦੇ ਅਖੀਰ ਤਕ ਸਾਰੇ ਸਿਖ ਦੂਜੀ ਪਾਤਸ਼ਾਹੀ ਦੇ ਗਿਣੇ ਹਨ, ਬ੍ਰਾਹਮਣ ਜੋਧ ਰਸੋਈਏ ਤਕ। ਅਗੋਂ ੧੬ਵੀਂ ਪਉੜੀ ਪ੍ਰਿਥੀ ਮਲ ਤੁਲਸਾ ਭਲਾ-ਤੋਂ ਤੀਸਰੀ ਪਾਤਸ਼ਾਹੀ ਦੇ ਸਿਖ ਗਿਣੇ ਹਨ। ਅਸਾਂ ਨੇ ਇਹੋ ਵੰਡ ਭਗਤ ਰਤਨਾਵਲੀ ਵਾਲੀ ਸਹੀ ਲਿੱਤੀ ਹੈ।

ਭਾਈ ਪਾਰੋ ਗੁਰੂ ਅੰਗਦ ਦੇਵ ਜੀ ਨੂੰ ਮਿਲਿਆ ਸੀ। ਆਪਣੇ ਸਚਖੰਡ ਪਯਾਨੇ ਵੇਲੇ ਆਪ ਨੇ ਭਾਈ ਪਾਰੋ ਨੂੰ


www.sikhbookclub.com

ਤੀਸਰੇ ਸਤਿਗੁਰਾਂ ਦੇ ਸਪੁਰਦ ਕੀਤਾ ਸੀ। ਪਾਰੋ ਜੀ ਨੇ ਫੇਰ ਉਹਨਾਂ ਦੇ ਨਾਲ ਪ੍ਰੇਮ ਭਾਵਨਾ ਅਨਿੰਨ ਨਿਬਾਹੀ। (ਦੇਖੋ ਪੰਨਾ ੧੧੮-੧੨੧) ਇਸੇ ਤਰ੍ਹਾਂ ਜਾਪਦਾ ਹੈ ਕਿ ਲਾਲੋ ਡਲੇ ਦਾ ਵਾਸੀ ਵੀ ਦੂਸਰੀ ਪਾਤਸ਼ਾਹੀ ਦੇ ਵੇਲੇ ਪਾਰੋ ਦੇ ਸਤਿਸੰਗ ਵਿਚ ਆਇਆ ਤੇ ਤੀਸਰੇ ਪਾਤਸ਼ਾਹ ਦੇ ਸਮੇਂ ਸਿਰੇ ਚੜ੍ਹਿਆ। ਲਾਲੋ ਦਾ ਨਾਉਂ ਲਾਲੋ ਤੇ ਲਾਲੂ ਕਰਕੇ ਦੁਹਾਂ ਤਰ੍ਹਾਂ ਲਿਖਿਆ ਮਿਲਦਾ ਹੈ ਫੇਰ ਪ੍ਰਸੰਗ ਬੀ ਦੋ ਤਰ੍ਹਾਂ ਦਾ ਲਿਖਿਆ ਮਿਲਦਾ ਹੈ। ਇਕ ਤਾਂ ਇਹ ਹੈ ਕਿ ਲਾਲੂ ਬੀ ਡਲੇ ਦਾ ਹੀ ਸੀ, ਪਾਰੋ ਦਾ ਪ੍ਰੇਮੀ ਸੀ, ਪਾਰੋ ਦੇ ਨਾਲ ਗੁਰ ਜੀ ਦੇ ਦਰਸ਼ਨਾਂ ਨੂੰ ਆਇਆ ਤੇ ਸਿਖੀ ਪ੍ਰਾਪਤ ਕਰਕੇ ਉੱਚਾ ਹੋਇਆ। ਗੁਰੂ ਕਾ ਅਤਿ ਪ੍ਰੇਮੀ ਹੋ ਗਿਆ ਤੇ ਗੁਰੂ ਜੀ ਨੇ ਅਤਿ ਮਿਹਰ ਕਰਕੇ ਤਾਰਿਆ।

ਫਿਰ ਲੋਕਾਂ ਵਿਚ ਪ੍ਰਸਿਧ ਨਿਸਚਾ ਹੈ ਕਿ ਤੇਈਏ ਤਾਪ ਵਾਲਾ ਜੇ ਭਾਈ ਲਾਲੋ ਦੀ ਕਥਾ ਸੁਣੇ ਤੇ ਰੋਟ ਦੇਵੇ ਤਾਂ ਤਾਪ ਦੂਰ ਹੁੰਦਾ ਹੈ। ਲੋਕਾਂ ਵਿਚ ਪ੍ਰਸਿੱਧ ਕਥਾ ਐਉਂ ਹੈ :- ਲਾਲੋ ਨੇ ਇਕ ਬਾਲਕੇ ਨੂੰ ਗੁਰੂ ਕੀ ਕੈਦ ਤੋਂ ਛੁਡਾਇਆ। ਪਰ ਮਗਰੋਂ ਪਤਾ ਲਗਾਕਿ ਇਹ ਤਾਂ ਤੇਈਆ ਤਾਪ ਹੈ, ਜਦੋਂ ਲਾਲੋ ਫੇਰ ਕੈਦ ਕਰਨ ਲਗਾ ਤਾਂ ਉਸ ਨੇ ਕਿਹਾ ਜਿਥੇ ਤੇਰਾ ਨਾਮ ਲੈਣਗੇ ਮੈਂ ਟੁਰ ਜਾਵਾਂਗਾ, ਮੈਨੂੰ ਕੈਦ ਨਾ ਕਰ। ਤਦ ਤੋਂ ਇਹ ਕਥਾ ਕਰਨ ਦੀ ਲੋਕ ਵਾਰਤਾ ਤੁਰੀ ਤੇ ਹੁਣ ਤਕ ਪ੍ਰਸਿੱਧ ਹੈ। ਜਾਪਦਾ ਹੈ ਕਿ ਲਾਲੋ ਨੂੰ ਰਿਧਿ ਸਿਧਿ ਫੁਰ ਪਈ ਸੀ ਤੇ ਓਹ ਲੋਕਾਂ ਦੇ ਰੋਗ ਦੂਰ ਕਰਨ ਲਈ ਇਸ ਨੂੰ ਕਿਸੇ ਹਦ ਤਕ ਵਰਤ ਲਿਆ ਕਰਦਾ ਸੀ।

ਇਕ ਪ੍ਰਸੰਗ ਲਾਲੋ ਦਾ ਐਤਨਾਂ ਹੀ ਹੈ ਕਿ ਉਹ ਡਲੇ ਦਾ ਸੀ, ਪਾਰੋ ਦਾ ਪ੍ਰੇਮੀ ਸੀ, ਸ਼ਾਹੂਕਾਰ ਦਾ ਪੁਤਰ ਸੀ, ਬਚਪਨ ਤੇ ਭਲਾ ਸੀ, ਗੁਰੂ ਸੰਗ ਵਿਚ ਆ ਕੇ ਪਰਉਪਕਾਰੀ ਹੋ ਗਿਆ। ਫੇਰ ਉਸਦੇ ਉਪਕਾਰ ਦੀ ਧਾਕ ਪੈ ਗਈ। ਗੁਰੂ ਪ੍ਰੇਮ ਕਰਕੇ ਹਉਮੈਂ ਜਿੱਤ ਗਿਆ ਤੇ ਗੁਰੂ ਮਿਹਰ ਨਾਲ ਪੂਰਨ ਪਦ ਤੇ ਪਹੁੰਚਾ। ਪਾਰੋ ਦੇ ਦੇਹਾਂਤ ਮਗਰੋਂ ਇਹ ਬੀ ਚੋਲਾ ਛੋੜ ਗਿਆ।

ਉਸ ਸਮੇਂ ਡਲੇ ਵਿਚ ਸਿਖੀ ਦਾ ਪ੍ਰਚਾਰ ਬਹੁਤ ਸੀ, ਨਾਮੀ ਸਿਖਾਂ ਦੀ ਗੈਣਤੀ ੭੨ ਤਕ ਦੱਸਦੇ ਹਨ। ਗੁਰੂ ਜੀ ਆਪ ਬੀ ਕਦੇ ਕਦੇ ਡੱਲੇ ਜਾਂਦੇ ਸਨ। ਹੋਰ ਬੀ ਸਿਖੀ ਦਾ ਪ੍ਰਚਾਰ ਤਿਸ ਸਮੇਂ ਬਹੁਤ ਹੋਇਆ, ਕੁਛ ਪ੍ਰਸੰਗ ਅਗੇ ਆਉਣਗੇ। ਇਹ ਪ੍ਰਸੰਗ ਕਿਸੇ ਤ੍ਰੀਕੇ ਸੰਮਤਾਂ ਦੇ ਕ੍ਰਮ ਵਿਚ ਨਹੀਂ ਮਿਲਦੇ, ਇਸ ਕਰਕੇ ਐਦਾਂ ਹੀ ਵਰਣਨ ਹੋਏ ਹਨ।

## ੯. ਮਹੇਸ਼ਾ।

**ਗੋਂਦਵਾਲ** ਬਜਾਸਾ ਪਾਰ ਕਰਕੇ ਜਾਈਏ ਤਾਂ ਅਗੇਰੇ ਸੁਲਤਾਨ ਪੁਰ ਹੈ। ਏਥੇ ਇਕ ਮਹੇਸ਼ੇ ਨਾਮ ਦਾ ਸ਼ਾਹੂਕਾਰ ਵਪਾਰੀ ਰਹਿੰਦਾ ਸੀ। ਇਸ ਨੂੰ ਪਰਮਾਰਥ ਦਾ ਸ਼ੌਕ ਲਗ ਗਿਆ ਤਾਂ ਗੋਇੰਦਵਾਲ ਆਇਆ, ਲੰਗਰ ਦਾ ਪ੍ਰਸ਼ਾਦ ਛਕ ਕੇ ਚਰਣ ਸ਼ਰਨ ਹਾਜ਼ਰ ਹੋਇਆ। ਸਤਿਗੁਰੂ ਜੀ ਨੇ ਪੁੱਛਿਆ ਭਾਈ ਕਿਸ ਅਰਥ ਆਏ ਹੋ? ਤਾਂ ਮਹੇਸ਼ੇ ਨੇ ਕਿਹਾ : ਮੈਂ ਭਵ ਸਾਗਰ ਤਰਨ ਅਰਥ ਆਇਆ ਹਾਂ : ਕ੍ਰਿਪਾ ਕਰਕੇ ਤਾਰ ਲਓ।

ਗੁਰੂ ਜੀ ਮੁਸਕ੍ਰਾਏ ਤੇ ਬੋਲੇ :- ਭਾਈ! ਜਗਤ ਦੇ ਲੋਕ ਸੁਖ ਸੰਪਦਾ ਪੁਤ੍ਰ ਪਦਾਰਥ ਲਈ ਰੱਬ ਦੇ ਪਿਆਰਿਆਂ ਪਾਸ ਆਉਂਦੇ ਹਨ, ਕਲਜਾਣ ਅਰਥ ਕੋਈ ਵਿਰਲਾ ਤੇ ਤੇਰੀ ਬਾਬਤ ਤਾਂ ਸਾਨੂੰ ਜਾਪਦਾ ਹੈ ਕਿ ਤੇਰੀ ਸੰਪਦਾ ਨਸ਼ਟ ਹੋ ਜਾਣ ਵਾਲੀ ਹੈ। ਜੇ ਤੂੰ ਏਥੇ ਆਉਂਦਾ ਰਿਹਾ ਤੇ ਭਵ ਬਾਧਾ ਹਰਨੇ ਲਈ ਸਤਿਸੰਗ ਕਰਦਾ ਰਿਹਾ ਤਾਂ ਫਿਰ ਤੈਨੂੰ ਮੰਦਾ ਲਗੇਗਾ ਕਿ ਮੈਂ ਗੁਰੂ ਦੁਆਰੇ ਕਾਸਨੂੰ ਆਇਆ। ਇਸ ਲਈ ਭਲਾ ਹੈ ਕਿ ਸਾਡੇ ਪਾਸ ਸਤਿਸੰਗ ਵਾਸਤੇ ਨਾ ਆਉ। ਉਸ ਨੇ ਅਰਜ਼ ਕੀਤੀ : ਮਾਲਕ ਦਾਤਾ ਜੀਓ! ਮੈਂ ਤਾਂ ਸ਼ਰਣ ਆ ਚੁਕਾ ਹਾਂ, ਪਦਾਰਥ ਰਹੇ ਯਾ ਨਾ ਜੋ ਆਪ ਦੀ ਰਜ਼ਾ, ਇਕ ਦਿਨ ਪਦਾਰਥ ਛੱਡਣੇ ਹਨ, ਜੋ ਉਹ ਪਦਾਰਥ ਸਾਨੂੰ ਛਡ ਗਏ ਤਾਂ ਕੀਹ , ਆਪ ਆਪਣੇ ਦਰੋਂ ਖਾਲੀ ਨਾ ਮੋੜੋ, ਸੱਚਾ ਧਨ ਦੇ ਦਿਓ ਤੇ ਝੂਠੇ ਤੋਂ ਮੈਂ ਹੱਥ ਧੋਤੇ। ਇਸ ਝਾਲ ਝੱਲਣੇ ਦਾ ਬਲ ਆਪ ਨੇ ਬਖਸ਼ਣਾ। ਗੁਰੂ ਜੀ ਨੇ ਐਸਾ ਦ੍ਰਿੜ ਨਿਸਚਾ ਦੇਖ ਕੇ ਸਿਰ ਉਤੇ ਹੱਥ ਫੇਰਿਆ, ਪਿੱਠ ਤੇ ਥਾਪੜਾ ਦਿੱਤਾ ਅਤੇ ਨਾਮ ਦਾਨ ਬਖਸ਼ਿਆ। ਮਹੇਸ਼ਾ ਨਾਮ ਲੈ ਕੇ ਚਾਉ ਤੇ ਰਸ ਵਿਚ ਆ ਗਿਆ, ਉਹ ਰਸ ਜੋ ਪਦਾਰਥਾਂ ਵਿਚ ਨਾ ਸੋ ਡਿਠਾ। ਲਗ ਗਿਆ ਘਾਲ ਵਿਚ ਤੇ ਘਾਲ ਵਿਚੋਂ ਲਗ ਗਿਆ ਰੰਗ-ਨਾਮ ਦਾ ਰੰਗ। ਕੁਛ ਚਿਰ ਮਗਰੋਂ ਧਨ ,ਸੰਪਦਾ ਨਸ਼ਟ ਹੋਣ ਲਗੀ। ਸਨੇ ਸਨੇ ਸਭ ਕੁਛ ਵਿਨਸ ਗਿਆ, ਦਾਲ ਰੋਟੀ ਦਾ ਗੁਜ਼ਾਰਾ ਮਸੇਂ ਰਹਿ ਗਿਆ, ਪਰ ਹਮੇਸ਼ਾ ਡੋਲਿਆ ਨਹੀਂ। ਸੁਲਤਾਨ ਪੁਰੇ ਦੇ ਹਿੰਦੂ ਮੁਸਲਮਾਨ ਲਗੇ ਠੱਠੇ ਕਰਨ : ਦੇਖੋ ਸੰਤ ਬਣਨ ਗਿਆ ਸਾਜੇ, ਸੰਪਤਾ ਹੀ ਸਾਰੀ ਗੁਆ ਆਇਆ ਜੇ, ਕੀਹ ਲਿਆ ਸੂ ਸਿਖੀ ਧਾਰਕੇ, ਵਡੇ ਵਡੇਰਿਆਂ ਦੀ ਤੇ ਆਪਣੀ ਕਮਾਈ


www.sikhbookclub.com

ਸਾਰੀ ਗੁਆ ਲਈ। ਪਰ ਮਹੇਸ਼ੇ ਦਾ ਮਨ ਡੋਲਿਆ ਨਾ ਇਹ ਤਾਉ ਮਹਾਰ ਜਾਣਾ ਤੇ ਵਿਸ਼ਵਾਸ ਦਾ ਨਾ ਡੋਲਣਾ ਇਕ ਭਾਰੀ ਸਿਫ਼ਤ ਹੈ ਸਿਦਕ ਦੀ ਅਹਿੱਲਤਾ ਤੇ ਪਰਪੱਕਤਾ ਹੈ ਜੋ ਵਿਰਲੇ ਨੂੰ ਪ੍ਰਾਪਤ ਹੁੰਦੀ ਹੈ। ਐਸ਼੍ਵਰਜ ਵਧੇ ਤਾਂ ਉਸ ਪਰਮਾਰਥ ਨੂੰ ਲਗੇ ਰਹੀਦਾ ਹੈ, ਘਟੇ ਤਾਂ ਡੋਲ ਖਲੋਈਦਾ ਹੈ। ਗੁਰੂ ਮਿਹਰ ਨਾਲ ਮਹੇਸ਼ਾ ਸਾਬਤ ਕਦਮ ਰਿਹਾ। ਜਦ ਗੁਰੂ ਜੀ ਨੇ ਡਿੱਠਾ ਕਿ ਇਸ ਦਾ ਬਚਨ ਤ ਇਸ ਦਾ ਵਿਸ਼੍ਵਾਸ਼ ਇਕ ਤੁਲਨਾ ਦੇ ਹਨ, ਤਾਂ ਇਕ ਦਿਨ ਜਦ ਮਹੇਸ਼ਾ ਆਇਆ ਤਾਂ ਸਤਿਗੁਰੂ ਜੀ ਨੇ ਸਿਰ ਤੇ ਮੁੜ ਹਥ ਧਰਿਆ ਤੇ ਬਚਨ ਕੀਤਾ : ਮਹੇਸ਼ਾ ਮਾਇਆ ਆਉਣੀ ਜਾਣੀ ਹੈ ਇਸ ਨਾਲ ਹੇਠ ਲਗਵਾਂ ਮੇਲ ਨਹੀਂ ਚਾਹੀਦਾ। ਇਸ ਦੀ ਵਰਤੋਂ ਉਪਰਾਮਤਾ ਵਿਚ ਚਾਹੀਦਾ ਹੈ। ਜੋ ਇਸ ਨੂੰ ਪਾ ਕੇ ਇਸ ਨੂੰ ਤਜਾਗ ਵਿਚ ਵਰਤ ਕੇ ਸੁਖ ਮਾਣਦਾ ਹੈ ਉਹ ਸੁਖੀ ਹੈ। ਤੂੰ ਗਈ ਦਾ ਸ਼ੋਕ ਨਹੀਂ ਕੀਤਾ, ਹੁਣ ਮੁੜ ਆਈ ਦਾ ਤੇਰੇ ਵਿਚ ਅਹੰਕਾਰ ਨਹੀਂ ਹੋਣ ਲਗਾ, ਸੋ ਵਿਹਾਰ ਕਾਰ ਕਰੀ ਚਲ, ਮੁੜ ਆਵੇਗੀ ਤੇ ਤੇਰੇ ਹੱਥੀਂ ਸਫਲ ਹੋਵੇਗੀ। ਸੋ ਐਸਾ ਹੀ ਹੋਇਆ। ਮਹੇਸ਼ਾ ਸੁਲਤਾਨਪੁਰ ਵਿਚ ਫੇਰ ਧਨੀ ਹੋ ਗਿਆ। ਪਰ ਹੁਣ ਮਨ ਤਾਂ ਹਰਿ ਧਨਿ ਵਿਚ ਮਾਲਾ ਮਾਲ ਰਹਿੰਦਾ ਹੈ ਤੇ ਹੱਥ ਸੰਸਾਰੀ ਧਨ ਨੂੰ ਕਮਾਉਂਦੇ ਤੇ ਵੰਡ ਵਿਲਾ ਕੇ ਸਫਲਾਉਂਦੇ ਰਹਿੰਦੇ ਹਨ।

## ੧੦. ਸ਼ੇਖ।

**ਗੋਇੰਦਵਾਲ** ਦੀ ਵਸੋਂ ਵਧਦੀ ਗਈ। ਹਰ ਜਾਤ ਦੇ ਸਿਖ ਆ ਵੱਸੇ। ਇਕ ਟਬਰ ਸ਼ੇਖਾਂ ਦਾ ਬੀ ਆ ਵਸਿਆ। ਮੁਸਲਮਾਨੀ ਦਾ ਅਭਿਮਾਨ ਤੇ ਰਾਜ ਮੁਸਲਮਾਨੀ ਹੋਣ ਦਾ ਦਾਅਵਾ ਸਿਰ ਵਿਚ ਵਿਸ਼ੇਸ਼ ਸੀ। ਇਨ੍ਹਾਂ ਵਲੋਂ ਕਦੇ ਕਦੇ ਕੋਈ ਨਿੱਕੀ ਮੋਟੀ ਖੇਚਲ ਹੀ ਪਹੁੰਚਿਆ ਕਰਦੀ ਸੀ। ਗੁਰੂ ਕੇ ਦਰਬਾਰ ਵਲੋਂ ਸਦਾ ਸਹਿਨਸ਼ੀਲਾ ਹੀ ਹੁੰਦੀ ਸੀ। ਫੇਰ ਏਹ ਦਲੇਰ ਹੁੰਦੇ ਗਏ, ਕਈ ਵਾਰ ਇਨ੍ਹਾਂ ਦੇ ਲੜਕੇ ਖੂਹ ਤੋਂ ਪਾਣੀ ਭਰਨ ਗਏ ਸਿਖਾਂ ਦੇ ਘੜਿਆਂ ਨੂੰ ਗੁਲੇਲਾ ਮਾਰਕੇ ਫੋੜ ਦਿੰਦੇ। ਜਦ ਗੁਰੂ ਜੀ ਪਾਸ ਅਰਜ ਹੋਈ ਤਾਂ ਆਪ ਨੇ ਆਗਿਆ ਕੀਤੀ ਕਿ ਸਟਾਰਾ ਕਰੋ, ਬਦਲਾ ਨ ਲਓ, ਤੁਸੀਂ ਪਾਣੀ ਲਈ ਮਸ਼ਕਾਂ ਬਣਾ ਲਓ। ਸਿਖਾਂ ਨੇ ਉਸੇ ਤਰ੍ਹਾਂ ਕੀਤਾ। ਹੁਣ ਜਦ ਦਾਉ ਲਗੇ ਤਾਂ ਓਹ ਖੋਰੇ[੭੪੨] ਲੜਕੇ ਮਸ਼ਕ ਨੂੰ ਕਾਨਿਆਂ ਤੇ ਲਾਏ ਨੋਕੀਲੇ ਮੂੰਹ ਵਾਲੇ ਤੀਰ ਮਾਰਕੇ ਛੇਕ ਕਰ ਦਿੱਤਾ ਕਰਨ। ਫੇਰ ਅਰਜ ਹੋਈ ਤਾਂ ਗੁਰੂ ਜੀ ਨੇ ਹੁਕਮ ਦਿੱਤਾ ਕਿ ਪਿੱਤਲ ਤ੍ਰਾਮੇ ਦੀਆਂ ਗਾਗਰਾਂ ਬਣਵਾ ਲਵੋ। ਖੋਰੇ ਮੁੰਡੇ ਗਾਗਰਾਂ ਨੂੰ ਵੱਟੇ ਮਾਰਕੇ ਚਿੱਬ ਪਾ ਦਿਆ ਕਰਨ, ਪਰ ਗੁਰੂ ਜੀ ਨੇ ਇਹ ਗਲ ਸੁਣਕੇ ਬੀ ਚੁੱਪ ਧਾਰੀ। ਜਦੋਂ ਬਹੁਤ ਵੇਰ ਸ਼ਿਕਾਯਤ ਹੋਈ ਤਾਂ ਫੁਰਮਾਇਆ ਤੁਸੀਂ ਬਦਲਾ ਨਾ ਵੀਚਾਰੋ, ਸਹਾਰੀ ਚਲੋ। ਨਿਰੇ ਸਹਾਰੇ ਵਿਚ ਹੀ ਨਾ ਰਹੋ, ਖਿਮਾਂ ਵਿਚ ਵਰਤੋ, ਖਿਮਾਂ ਧਾਰੋਗੇ ਤਾਂ ਸਦਾ ਸਹਾਰੀ ਚੱਲੋਗੇ। ਖਿਮਾਂ ਇਕ ਖੜਗ ਹੈ ਜੋ ਮਾਰਨਾ ਨਹੀਂ, ਪਰ ਸਹਿਣਾ ਸਿਖਾਲਦੀ ਹੈ। ਜੀਵ ਜੋ ਭੁੱਲਾਂ ਕਰ ਰਹੇ ਹਨ, ਬੇਵੱਸ ਹਨ, ਉਨ੍ਹਾਂ ਨੂੰ ਹਉਮੈਂ ਭੁਲਾ ਰਹੀ ਹੈ। ਉਨ੍ਹਾਂ ਨੂੰ ਹਉਂ ਦੇ ਰੋਗੀ ਸਮਝੋ। ਰੋਗੀ ਤੇ ਕਾਹਦਾ ਗੁੱਸਾ। ਉੱਚੀ ਨਜ਼ਰ ਕਰੋ, ਇਨ੍ਹਾਂ ਵਲ ਨਾ ਤੱਕੋ, ਕਰਤਾ ਪੁਰਖ ਵਲ ਤੱਕੋ। ਹੁਕਮ ਨੂੰ ਦੇਖੋ, ਹੁਕਮ ਵਿਚ ਵਰਤੋ, ਗੁਰਮੁਖ ਹੋਵੋ, ਹੁਕਮ ਦੀ ਸਾਰ ਪਛਾਣੋ।

ਉਸ ਸਮੇਂ ਸੰਨਜਾਸੀਆਂ ਦੇ ਕਈ ਟੋਲੇ ਤਕੜੇ ਲੱਠਬਾਜ਼ ਤੀਰੰਦਾਜ਼ ਤੇ ਜੋਧੇ ਹੁੰਦੇ ਸਨ। ਦਰਿਆਓਂ ਪਾਰ ਤੋਂ ਇਕ ਐਸਾ ਟੋਲਾ ਉਰਾਰ ਗੋਇੰਦਵਾਲ ਆ ਉਤਰਿਆ। ਖੂਹ ਤੇ ਸੰਨਜਾਸੀ ਨ੍ਹਾ ਧੋ ਰਹੇ ਸਨ, ਕਿ ਕੁਛ ਸਿਖ ਪਾਣੀ ਲੈਣ ਆ ਗਏ, ਸ਼ੇਖਾਂ ਦੇ ਮੁੰਡਿਆਂ ਨੇ ਗੁਲੇਲਾਂ ਮਾਰੀਆਂ ਤਾਂ ਇਕ ਗੁਲੇਲ ਸੰਨਜਾਸੀਆਂ ਦੇ ਸ੍ਰੀ ਮਹੰਤ ਦੀ ਅੱਖ ਤੇ ਵੱਜੀ। ਅੱਖ ਫਿਸ ਗਈ। ਇਹ ਦੇਖ ਕੇ ਸੰਨਜਾਸੀ ਤਪ ਉਠੇ ਤੇ ਮੁੰਡੇ ਨੂੰ ਮਾਰਿਆ ਐਸਾ ਕਿ ਉਹ ਮਰ ਹੀ ਗਿਆ, ਇਸ ਪਰ ਦੁਵੱਲੀ ਲੜਾਈ ਹੋ ਪਈ, ਸ਼ੇਖ ਤੇ ਸੰਨਜਾਸੀ ਖੂਬ ਲੜੇ, ਦੁਵੱਲੀ ਕਈ ਮਾਰੇ ਗਏ।

ਇਸ ਵੇਲੇ ਇਕ ਕਾਲੀ ਹਨੇਰੀ ਝੁੱਲ ਪਈ, ਦਿੱਸੇ ਕੁਛ ਨਾ, ਸ਼ੇਖ ਆਪਣੇ ਘਰੀਂ ਤੇ ਸੰਨਜਾਸੀ ਆਪਣੇ ਡੇਰੇ ਭੱਜਕੇ ਜਾ ਵੜੇ। ਉਧਰੋਂ ਲਾਹੌਰ ਵਲੋਂ ਕੋਈ ਫੌਜੀ ਦਸਤਾ ਆ ਗਿਆ ਜੋ ਖਚਰਾਂ ਤੇ ਲੱਦਿਆ


www.sikhbookclub.com

ਸ਼ਾਹੀ ਖਜ਼ਾਨਾ ਦਿੱਲੀ ਨੂੰ ਲਿਜਾ ਰਹੇ ਸਨ। ਹਨੇਰੀ ਡਾਢੀ ਸਖਤ ਤੇ ਕਾਲੀ ਬੋਲੀ ਸੀ, ਡਰ ਕੇ ਟੱਪਣ ਕੁੱਦਣ ਨਾਲ ਖੱਚਰਾਂ ਦੀ ਲਾਰ ਟੁੱਟ ਗਈ; ਕੋਈ ਕਿਧਰ ਤੇ ਕੋਈ ਕਿਧਰ ਨੱਸ ਟੁਰੀ। ਸਰਕਾਰੀ ਫੌਜੀਆਂ ਨੇ ਬੜੀ ਹਿੰਮਤ ਕੀਤੀ, ਖੱਚਰਾਂ ਸੰਭਾਲੀਆਂ, ਰੋਕੀਆਂ ਕੱਠੀਆਂ ਕੀਤੀਆਂ, ਪਰ ਇਕ ਖੱਚਰ ਨਾ ਹੀ ਲੱਭੀ। ਹੁਣ ਜਦ ਹਨੇਰੀ ਹਟੀ ਤੇ ਸੋਝਲਾ ਹੋ ਗਿਆ ਤਾਂ ਉਹਨਾਂ ਨੇ ਸ਼ਹਿਰ ਵਿਚ ਭਾਲ ਕੀਤੀ, ਢੰਡੋਰਾ ਫਿਰਵਾਯਾ; ਪਰ ਖੱਚਰ ਨਾ ਮਿਲੀ। ਛੇਕੜ ਉਨ੍ਹਾਂ ਨੇ ਖਾਨਾ-ਤਲਾਸ਼ੀ ਸ਼ੁਰੂ ਕੀਤੀ ਤਾਂ ਸਿਪਾਹੀਆਂ ਨੂੰ ਸ਼ੇਖਾਂ ਦੇ ਘਰ ਅੰਦਰੋਂ ਹਿਣ ਹਿਣਾਟ ਸੁਣਾਈ ਦਿੱਤੀ। ਇਸ ਘਰ ਵੜ ਕੇ ਤਲਾਸ਼ੀ ਲੈਣੀ ਚਾਹੀ ਤਾਂ ਸ਼ੇਖਾਂ ਨੇ ਰੋਕਿਆ ਕਿ ਇਹ ਜ਼ਨਾਨ-ਖਾਨਾ ਹੈ ਤੇ ਅਸੀਂ ਪਰਦੇਦਾਰ ਹਾਂ, ਅਸਾਂ ਨੇ ਅੰਦਰ ਨਹੀਂ ਵੜਨ ਦੇਣਾਂ। ਇਸ ਪਰ ਕਸ਼ਮਕਸ਼ ਹੋ ਪਈ। ਸਿਪਾਹੀ ਮੱਲੋ ਮੱਲੀ ਅੰਦਰ ਵੜ ਗਏ, ਖੱਚਰ ਕਢ ਲਿਆਂਦੀ। ਸੋ ਸ਼ੇਖਾਂ ਦੇ ਸਿਰ ਅਪਰਾਧ ਲਗੇ ਦੋ, ਸੰਨਿਆਸੀਆਂ ਨੂੰ ਮਾਰਨ ਦੇ ਤੇ ਸਰਕਾਰੀ ਖਜ਼ਾਨਾ ਚੁਰਾਉਣ ਦੇ, ਤੇ ਨਾਲ ਹੀ ਸ਼ਹਿਰ ਵਾਸੀਆਂ ਨੇ ਆਪਣੇ ਤੇ ਸਖਤੀਆਂ ਦੇ ਹਾਲ ਦੱਸੇ। ਸੋ ਸਰਕਾਰ ਵਲੋਂ ਉਨ੍ਹਾਂ ਦੇ ਘਰ ਬਾਰ ਜ਼ਬਤ ਕੀਤੇ ਗਏ ਤੇ ਕਿਸੇ ਨੂੰ ਮੌਤ ਤੇ ਕਿਸੇ ਨੂੰ ਹੋਰ ਦੰਡ ਦਿੱਤੇ ਗਏ।

ਜਦੋਂ ਗੁਰੂ ਜੀ ਨੂੰ ਸਾਰੀ ਗਲ ਸਿਖਾਂ ਸੁਣਾਈ, ਕਿ ਸ਼ੇਖਾਂ ਨੇ ਕੀਤੇ ਦਾ ਫਲ ਪਾ ਲਿਆ ਹੈ ਤਾਂ ਗੁਰੂ ਜੀ ਬੋਲੇ : ਭਾਈ ਇਹ ਤਾਂ ਠੀਕ ਹੈ ਕਿ ਬੁਰੇ ਕਰਮ ਦਾ ਫਲ ਬੁਰਾ ਹੁੰਦਾ ਹੈ, ਜੇ ਤੁਸੀਂ ਸਹਾਰੀ ਜਾਓ ਤਾਂ ਅਪਰਾਧੀ ਅੰਤ ਆਪਣੇ ਕੀਤੇ ਦਾ ਦੁੱਖ ਭਰਦਾ ਹੈ, ਪਰ ਸਾਨੂੰ ਇਹ ਬੀ ਨਹੀਂ ਸੋਚਣਾ ਚਾਹੀਦਾ, ਅਤੇ ਬੁਰਿਆਂ ਦੇ ਦੰਡਿਤ ਹੋਣ ਤੇ ਖੁਸ਼ ਬੀ ਨਹੀਂ ਚਾਹੀਦਾ। ਸਾਨੂੰ ਹੁਕਮ ਦੀ ਸਿਆਣ ਲੋੜੀਏ। ਭੁੱਲਣਹਾਰ ਮਾਇਆ ਵੇੜ੍ਹੇ ਜੀਵਾਂ ਵਲ ਨਹੀਂ ਤੱਕਣਾ ਚਾਹੀਦਾ। ਇਹ ਹਉਮੈਂ ਦੇ ਗੁਬਾਰ ਵਿਚ ਹਨ। ਅਸੀਂ ਜਾਗਰਤ ਵਿਚ ਸਫਾ ਦੇਖ ਰਹੇ ਹਾਂ।

ਸ਼ੇਖਾਂ ਨੂੰ ਮਿਲੇ ਦੰਡ ਤੇ ਜੋ ਵਰਤਾਉ ਗੁਰੂ ਜੀ ਨੇ ਕੀਤਾ, ਉਸ ਨੂੰ ਪੜ੍ਹ ਸੁਣਕੇ ਅਤਜੰਤ ਸ਼ਲਾਘਾ ਦਿਲ ਵਿਚ ਉਪਜਦੀ ਹੈ, ਫੇਰ ਕਈ ਸੋਹਣੇ ਸੱਜਣਾਂ ਦਾ ਉਸ ਉਤੇ ਅਮਲ ਕਰਨ ਨੂੰ ਬੀ ਜੀ ਕਰ ਆਉਂਦਾ ਹੈ। ਪਰ ਜਿਸ ਗੁਰੂ ਦੇ ਹਿਰਦੇ ਜਿਸ ਅਸਲੀਅਤ ਵਿਚੋਂ ਇਹ ਸ਼ੈ ਉਪਜੀ ਉਹ ਅਸਲੀਅਤ ਅਤਿ ਅਮੋਲਕਤਾ ਦੀ ਅਸਲੀ ਪਦਵੀ ਦੀ ਸ਼ੈ ਹੈ। ਉਹ ਅਸਲੀ ਖਿਆਲ, ਉਹ ਉੱਚ ਦ੍ਰਿਸ਼ਟੀ, ਉਹ ਕਮਾਲ ਦੀ ਅਸਲੀਅਤ ਹੈ, ਜਿਸ ਦੀ ਕੀਮਤ ਨਹੀਂ ਪਾਈ ਜਾ ਸਕਦੀ। ਸ਼ਹਿਨਸ਼ੀਲਤਾ, ਮਾਫੀ, ਖਿਮਾਂ ਉਸ ਤੋਂ ਉਰਲੀਆਂ ਸਿਫਤਾਂ ਸਨ।

## (ਡੱਲੇ ਦੇ ਸਿਖ)

## ੧੧. ਪ੍ਰਿਥੀ ਮਲ ਤੇ ਤੁਲਸਾ।

**ਸ੍ਰੀ** ਗੁਰੂ ਜੀ ਅਕਸਰ ਗੋਇੰਦਵਾਲ ਹੀ ਰਹਿੰਦੇ ਸਨ, ਪਰ ਕਦੇ ਪ੍ਰੇਮੀਆਂ ਦੇ ਪ੍ਰੇਮ ਬੱਧੇ, ਕਦੇ ਆਪੇ ਆਪਣੀ ਖੁਸ਼ੀ ਨਾਲ ਕਿਸੇ ਗ੍ਰਾਮ ਚਲੇ ਬੀ ਜਾਇਆ ਕਰਦੇ ਸਨ। ਇਕ ਵੇਰ ਸਹਿਜ ਸੁਭਾਵਕ ਡੱਲੇ ਆ ਗਏ। ਅਚਾਨਕ ਆ ਜਾਣ ਤੇ ਪਿੰਡ ਵਿਚ ਬੜੀ ਖੁਸ਼ੀ ਹੋਈ। ਸਿਖ ਖਾਸ ਕਰਕੇ ਕਵਲਾਂ ਵਾਂਗੂ ਖਿੜ ਗਏ। ਪਿੰਡ ਵਿਚੋਂ ਕਈ ਨਵੇਂ ਲੋਕ ਮਿਲਣੇ ਨੂੰ ਆਏ। ਇਕ ਦਿਨ ਪ੍ਰਿਥੀ ਮਲ ਤੇ ਤੁਲਸਾ ਦੋ ਸੱਜਣ ਜੋ ਭੱਲੇ ਜਾਤ ਦੇ ਖੱਤ੍ਰੀ ਡੱਲੇ ਵਿਚ ਰਹਿੰਦੇ ਸਨ; ਉਹ ਆਏ ਤੇ ਮੱਥਾ ਟੇਕ ਕੇ ਬੈਠ ਗਏ।

ਸ੍ਰੀ ਗੁਰੂ ਜੀ-ਆਓ ਭਾਈ, ਸੁਖ ਸਹਿਤ ਹੋ?

ਤੁਲਸਾ-ਜੀ ਸੁਖ ਹੈ। ਆਪਦੇ ਮਿਲਨੇ ਨੂੰ ਆਏ ਹਾਂ। ਆਪ ਬੀ ਭੱਲੇ ਹੋ ਤੇ ਅਸੀਂ ਬੀ ਭੱਲੇ ਹਾਂ। ਜਾਤ ਦਾ ਮਾਣ ਦਾਅਵਾ ਲੈ ਕੇ ਆਏ ਹਾਂ।

ਗੁਰੂ ਜੀ-ਆਓ ਜੀ ਆਇਆਂ ਨੂੰ, ਪਰ ਗੁਰੂ ਦੀ ਤਾਂ ਜਾਤ ਕੋਈ ਨਹੀਂ।

ਪ੍ਰਿਥੀਮੱਲ (ਅਚਰਜ ਹੋਕੇ)-ਹੱਛਾ ਜੀ? ਤੁਸੀਂ ਭੱਲੇ ਨਹੀਂ?

ਗੁਰੂ ਜੀ-ਭਲਾ ਪਰਮੇਸਰ ਹੈ, ਭਲੇ ਉਸਦੇ ਪਿਆਰੇ ਹਨ; ਮੈਂ ਤਾਂ ਉਸ ਦੇ ਦਰੋਂ ਭਲਿਆਈ ਦਾ


www.sikhbookclub.com

ਯਾਚਕ ਹਾਂ।

ਪ੍ਰਿਥੀ-ਦੁਨੀਆਂ ਵਿਚ ਜੇ ਆਪਣਾ ਜਾਤ ਭਾਈ ਕਿਸੇ ਮਰਾਤਬੇ ਤੇ ਹੋ ਜਾਵੇ ਤੇ ਉਸ ਨੂੰ ਜਾਤ ਦੀ ਵੰਗਾਰ ਜਾ ਪਾਈਏ ਤਾਂ ਕੰਮ ਸੁਆਰ ਦੇਂਦਾ ਹੈ, ਤਿਵੇਂ ਅਸਾਂ ਜਾਤਾ ਜੋ ਜਾਤ ਦੀ ਵੰਗਾਰ ਪਾਇਆਂ ਤੁਸੀਂ ਸਾਡਾ ਅੱਗਾ ਸੁਆਰ ਦੇਵੋਗੇ, ਤੁਸੀਂ ਹੋਏ ਜੁ ਅਗੋਂ ਦੇ ਮਾਲਕ।

ਗੁਰੂ ਜੀ-ਜਾਤ ਇਕ ਬਨਾਵਟੀ ਵੰਡ ਹੈ, ਜੋ ਇਸ ਦੁਨੀਆਂ ਦੀ ਸ਼ੈ ਹੈ! ਜਾਤ ਨੂੰ ਲੋਕੀਂ ਸਰੀਰ ਨਾਲ ਜੋੜਦੇ ਹਨ, ਸਰੀਰ ਏਥੇ ਹੀ ਰਹਿ ਜਾਂਦੇ ਹਨ; ਜਾਤ ਬੀ ਸਰੀਰ ਦੇ ਨਾਲ ਹੀ ਰਹਿ ਗਈ। ਅਗੇ ਜਾ ਕੇ ਪਤਾ ਲਗਦਾ ਹੈ 'ਜਾਤ ਤੇ ਜ਼ੋਰ' ਕੁਛ ਮੁੱਲ ਨਹੀਂ ਰਖਦੇ! ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ :-

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥੪॥

(ਵਾਰ ਆਸਾ ਮ: ੧)

ਭਾਈ ਜ਼ੋਰਾਵਰਾਂ ਦਾ ਜ਼ੋਰ ਚਾਹੋ 'ਧਨ ਬਲ' ਹੋਵੇ ਚਾਹੋ 'ਬਾਹੂ ਬਲ' ਹੋਵੇ ਤੇ ਜਾਤ ਅਭਿਮਾਨੀਆਂ ਦੀ ਜਾਤ ਦੀ ਵਡਿੱਤ, ਦੁਇ ਚੀਜ਼ਾਂ ਅਗੇ ਗਿਆਂ, ਪਤਾ ਲਗੇਗਾ ਕਿ ਓਥੇ ਕੁਛ ਵਸੀਕਾਰ ਨਹੀਂ ਰਖਦੀਆਂ, ਓਥੇ ਦੀ ਜੀਵਾਂ ਦੀ ਦਸ਼ਾ ਹੀ ਹੋਰ ਹੈ। ਜੋ ਸਚਮੁਚ ਦੇ ਚੰਗੇ ਹਨ; ਜਿਨ੍ਹਾਂ ਨੇ ਆਪੇ ਨੂੰ ਏਥੇ ਸੁਆਰਿਆ ਹੈ, ਓਥੇ ਉਨ੍ਹਾਂ ਦੀ ਪਤਿ ਪਰਵਾਣ ਹੁੰਦੀ ਹੈ; ਓਥੇ ਓਹੀ ਚੰਗੇ ਸਮਝੇ ਜਾਂਦੇ ਹਨ ਜੋ ਸਚਮੁਚ ਦੇ ਚੰਗੇ ਹੁੰਦੇ ਹਨ। ਸੋ ਤੁਸੀਂ ਜੇ ਅੱਗੇ ਚੱਲਕੇ ਸੁਖੀ ਹੋਣਾ ਚਾਹੁੰਦੇ ਹੋ ਤਾਂ ਜਾਤ ਦੇ ਦਾਅਵੇ ਛੋੜਕੇ ਆਪ ਨੂੰ ਚੰਗਾ ਬਣਾਓ, ਆਪਾ ਚੰਗਾ ਸਿਮਰਣ ਨਾਲ ਬਣਦਾ ਹੈ। ਇਸ ਦੇ ਲੜ ਲੱਗੋ :-

ਸਚ ਨਾਮਿ ਪਤਿ ਊਪਜੈ
ਕਰਮਿ ਨਾਮੁ ਕਰਤਾਰੁ॥
ਅਹਿਨਿਸਿ ਹਿਰਦੈ ਜੋ ਵਸੈ
ਨਾਨਕ ਨਦਰੀ ਪਾਰੁ॥੪॥੧॥੩੧॥

(ਵਾਰ ਆਸਾ ਮਹਲਾ ੧)

ਏਥੋਂ ਭਾਈ ਗੁਰੂ ਬਾਬਾ ਫੁਰਮਾਉਂਦਾ ਹੈ : ਸੱਚੀ ਪਤਿ ਸੱਚੇ ਨਾਮ ਦੁਆਰਾ ਪੈਦਾ ਹੁੰਦੀ ਹੈ ਤੇ ਮਿਹਰ ਦੁਆਰਾ (ਨਾਮ ਤੇ ਨਾਮ ਦਾ) ਨਾਮੀ ਕਰਤਾ ਪੁਰਖ ਮਿਲਦਾ ਹੈ। ਜਦੋਂ ਦਿਨ ਰਾਤ ਉਹ ਨਾਮ ਹਿਰਦੇ ਵਿਚ ਵੱਸ ਜਾਂਦਾ ਹੈ ਤਾਂ ਨਦਰਾਂ ਕਰਨ ਵਾਲੇ ਸਾਈਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਭੈਜਲ ਤੋਂ ਪਾਰ ਹੋ ਜਾਂਦਾ ਹੈ।

ਇਕ ਵਾਕ ਸੁਣ ਕੇ ਓਹ ਮਾਨ ਛਡਕੇ ਸ਼ਰਣ ਪੈ ਗਏ ਤੇ ਨਾਮ ਪ੍ਰਾਪਤ ਕਰਕੇ ਸੁਖੀ ਹੋ ਗਏ।

## ੧੨. ਮਲੂਣ।

ਡੱਲੇ ਵਿਚ ਹੀ ਇਕ ਮਲੂਣ ਨਾਮ ਦਾ ਬੰਦਾ ਗੁਰੂ ਜੀ ਦੀ ਸ਼ਰਣ ਆ ਪਿਆ। ਉਸ ਨੇ ਕਲਯਾਣ ਹਿਤ ਪ੍ਰਾਰਥਨਾ ਕੀਤੀ। ਨਾਮਦਾਨ ਦੇਕੇ ਉਸਨੂੰ ਆਗਿਆ ਹੋਈ ਕਿ ਨਾਮੀ ਪੁਰਖਾਂ ਦਾ ਸਤਿਸੰਗ ਕਰਨਾ ਤੇ ਉਹਨਾਂ ਦੀ ਸੇਵਾ ਕਰਨੀ : ਸੰਤਾਂ ਦੇ ਸਤਿਸੰਗ ਕਰਨ ਨਾਲ ਨਾਮ ਦੀ ਰੁਚੀ ਵਧੇਗੀ ਤੇ ਅੰਤ ਕਲਯਾਨ ਹੋਵੇਗੀ। ਮਲੂਣ ਨੇ ਨਾਮ ਪ੍ਰਾਪਤ ਕਰਕੇ ਗੁਰੂ ਕੀ ਸੇਵਾ ਤੇ ਸਤਿਸੰਗ ਨਾਲ ਪਿਆਰ ਪਾਇਆ ਤੇ ਤਰ ਗਿਆ[੨੪੩]।

## ੧੩. ਰਾਮੂ, ਦੀਪਾ, ਉਗ੍ਰਸੈਨ ਨਾਗਉਰੀ।

ਏਹ ਸਾਰੇ ਚਰਣ ਸ਼ਰਣ ਆਏ, ਆਖਣ ਲਗੇ ਦੁਨੀਆਂਦਾਰ ਹਾਂ, ਦੁਨੀਆਂਦਾਰੀ ਬੀ ਰਹੇ ਤੇ ਕਲਯਾਣ ਹੋਵੇ?

ਆਗਿਆ ਹੋਈ, ਚਾਰ ਘੜੀ ਸਤਿਸੰਗ ਕਰਿਆ ਕਰੋ, ਗੁਰੂ ਕੀ ਬਾਣੀ ਵੀਚਾਰਿਆ ਕਰੋ ਤੇ ਨਾਮ ਲਿਆ ਕਰੋ।

ਉਗ੍ਰਸੈਨ-ਪਾਤਸ਼ਾਹ! ਚਾਰ ਘੜੀ ਨਾਲ ਕਾਜ ਸੰਵਰ ਜਾਸੀ? ਜੀਉ ਜੀ!

ਗੁਰੂ ਜੀ-ਜੇ ਬੇੜੀ ਭਾਰ ਨਾਲ ਭਰੀ ਹੋਵੇ, ਪਰ ਚਾਰ ਉਂਗਲ ਪਾਣੀ ਤੋਂ ਉੱਚੀ ਰਹੇ ਤਾਂ ਪਾਰ ਲੰਘ ਜਾਂਦੀ ਹੈ, ਜੇ ਨੱਕੋ ਨੱਕ ਭਰ ਘੱਤੋ ਤਾਂ ਡੁੱਬਦੀ ਹੈ। ਸੋ ਜੇ ਦੁਨੀਆਂਦਾਰੀ ਨਾਲ ਲੱਦੇ ਚਾਰ ਘੜੀ ਬੀ ਗੁਰਬਾਣੀ ਦੀ ਵੀਚਾਰ ਵਿਚ ਗੁਜ਼ਾਰੋਗੇ ਤਾਂ ਸੋਝੀ ਉਪਜੇਗੀ। ਫੇਰ ਤੁਸੀਂ


www.sikhbookclub.com

ਅੰਮ੍ਰਿਤ ਵੇਲੇ ਜਾਗੋਗੇ, ਬਾਣੀ ਸੁਣੋਗੇ ਯਾ ਪੜ੍ਹੋਗੇ ਬਾਣੀ ਨਾਮ ਦੀ ਮਹਿਮਾ ਦੱਸੇਗੀ। ਨਾਮ ਜਪੋਗੇ, ਇਸ ਨਾਲ ਹਉਮੈਂ ਤ੍ਰੁਟੇਗੀ; ਵਾਹਿਗੁਰੂ ਨਾਲ ਪ੍ਰੇਮ ਪਵੇਗਾ। ਫੇਰ ਵਾਹਿਗੁਰੂ ਦੇ ਜੀਵਾਂ ਪਰ ਦਇਆ ਉਪਜੇਗੀ। ਗੁਰਬਾਣੀ ਤੇ ਕੀਰਤਨ ਨਾਲ ਸੁਰਤ ਵਿਚ ਰਸ ਉਪਜੇਗਾ, ਪ੍ਰੇਮ ਵਧੇਗਾ। ਐਉਂ ਭਾਈ! ਬਾਣੀ ਦਾ ਚਾਰ ਘੜੀ ਦਾ ਵਿਚਾਰ ਪਾਰ ਉਤਾਰਾ ਕਰ ਦੇਵੇਗਾ। ਸੋ ਚਾਰੇ ਗੁਰਬਾਣੀ ਦੇ ਵੀਚਾਰ ਤੇ ਨਾਮ ਦੇ ਰਸੀਏ ਹੋਕੇ ਤਰੇ।

## ੧੪. ਮੋਹਣ, ਰਾਮੂ, ਮਹਿਤਾ, ਅਮਰੂ, ਗੋਪੀ।

**ਇਕ** ਦਿਨ ਏਹ ਪੰਜੇ ਮਿਲਣ ਆਏ, ਆ ਕੇ ਖਿਨੈ ਕੀਤੀਓ ਨੇ ਕਿ ਆਪ ਦੀ ਸ਼ਰਣ ਆਏ ਹਾਂ ਸਾਡੇ ਬੰਧਨ ਕੱਟੋ। ਗੁਰੂ ਜੀ ਜਗਯਾਸੂਆਂ ਨੂੰ ਪਛਾਣਦੇ ਸਨ, ਲਖ ਗਏ ਕਿ ਇਹ ਪਰਮਾਰਥ ਦੇ ਖੋਜੀ ਹਨ, ਚਾਹੋ ਪ੍ਰਾਪਤੀ ਘੱਟ ਹੈਨੇ। ਆਖਣ ਲੱਗੇ : ਭਾਈ! ਬੰਧਨਾ ਦਾ ਮੂਲ ਹੈ ਹਉਮੈਂ। ਮੁਸ਼ਕਲ ਇਹ ਹੈ ਕਿ ਇਹੀ ਹਉਮੈਂ ਹੀ ਜੀਵ ਦਾ ਮੂਲ ਹੈ; ਇਸੇ ਆਸਰੇ ਮਾਰੇ ਚਲ ਫਿਰ, ਖਾ ਪੀ, ਆਪਣੀ ਆਪਣੀ ਰਖਿਆ ਤੇ ਵਾਧੇ ਕਰ ਰਹੇ ਹਨ ਤੇ ਇਹੀ ਵਾਹਿਗੁਰੂ ਦੇ ਰਸਤੇ ਦੀ ਰੋਕ ਬਣ ਰਹੀ ਹੈ ਵਡੇ ਸਤਿਗੁਰਾਂ ਦਾ ਫੁਰਮਾਨ ਹੈ-

"ਹਉਮੈ ਏਹਾ ਜਾਤਿ ਹੈ।"

ਫੇਰ ਫੁਰਮਾਯਾ-"ਹਉਮੈ ਏਹੋ ਹੁਕਮ ਹੈ।"

ਫੇਰ ਫੁਰਮਾਯਾ-"ਹਉਮੈ ਏਈ ਬੰਧਨਾ।"

ਇਹ ਇਕ ਅਣਹੋਣੀ ਬਲਾ ਹੈ, ਜੋ ਹੈ ਨਹੀਂ ਤੇ ਹੈ ਬੀ। ਗੁਰੂ ਬਾਬੇ ਨੇ ਫੁਰਮਾਯਾ ਹੈ-ਇਸ ਨੂੰ ਬੁੱਝਣਾ ਹੈ-'ਹਉਮੈ ਬੂਝੈ!' ਇਸ ਦਾ ਬੁੱਝਣਾ ਹੀ ਇਸ ਨੂੰ ਮਾਰਨਾ ਹੈ। ਜੇ ਇਸਨੂੰ ਕੋਈ ਬੁੱਝ ਲਵੇ ਤਾਂ ਫੁਰਮਾਯਾ ਹੈ, "ਹਉਮੈ ਬੂਝੈ ਤਾ ਦਰੁ ਸੂਝੈ।" ਹਾਂ ਭਾਈ ਐਉਂ ਸੱਚੇ ਸਾਂਈ ਦੇ ਦਰ ਦੀ ਸੋਝੀ ਪ੍ਰਾਪਤੀ ਹੁੰਦੀ ਹੈ।

ਗੋਪੀ ਪੁਛਿਆ :- ਦਾਤਾ ਗੁਰੂ ਜੀ! ਇਹ ਕੀਕੂੰ ਬੁਝੀ ਜਾਵੇ ਤੇ ਮਰੇ ਕਿਕੂੰ?

ਗੁਰੂ ਜੀ ਵਰਤੋਂ ਵਿਚ ਨਿੰਮ੍ਰਤਾ ਧਾਰਨ ਕਰੋ; ਕਠੋਰ ਵਾਕ ਨਾ ਆਖੋ, ਕਠੋਰ ਵਾਕ ਸੁਣੋ ਤਾਂ ਸ਼ਹਨਸ਼ੀਲਤਾ ਧਾਰਨ ਕਰੋ। ਸਰਬੱਤ ਦਾ ਭਲਾ ਚਿਤਵੋ, ਕਿਸੇ ਦਾ ਬੁਰਾ ਨਾ ਕਰੋ।

ਆਪਣੇ ਮਨ ਵਿਚੋਂ ਈਰਖਾ ਘਟਾਓ, ਹਟਾਓ। ਸਰਬੱਤ ਦਾ ਭਲਾ ਚਿਤਵੋਗੇ ਤਾਂ ਅੰਦਰੋਂ ਵਿਤਕਰਾ ਘਟੇਗਾ, ਵਿਤਕਰਾ ਘਟੇਗਾ ਤਾਂ ਅੰਦਰੋਂ ਹਉਮੈ ਘਟੇਗੀ, ਵਰਤੋਂ ਵਿਚ ਖੁਦ-ਗਰਜ਼ੀ ਘਟੇਗੀ। ਖੁਦ-ਗਰਜ਼ੀ ਹਉਮੈਂ ਦਾ ਹੀ ਸਰੂਪ ਹੈ ਜੋ 'ਵਰਤੋਂ' ਵਿਚ ਪ੍ਰਗਟ ਹੁੰਦਾ ਹੈ।

ਗੋਪੀ-ਸਤਿਗੁਰੂ ਜੀ ਇਹ ਸਮਝ ਵਿਚ ਗਲ ਆ ਗਈ, ਪਰ ਅਮਲ ਵਿਚ ਕੀਕੂੰ ਆਵੇ? ਕੀਕੂੰ ਇਸ ਹਉਮੈਂ ਰੂਪ ਤੇਂਦੂਏ ਦੀਆਂ ਤਾਰਾਂ ਕੱਟ ਹੋ ਜਾਣ?

ਗੁਰੂ ਜੀ-ਇਸ ਲੱਖਤਾ ਲਈ 'ਨਾਮ ਸਿਮਰਣ' ਵਿਚ ਆਓ। ਨਾਮ ਦੀ ਕਮਾਈ ਨਾਲ ਮਨ ਆਪਣੇ ਆਪ ਨੂੰ ਸਰੀਰ ਤੋਂ ਜੁਦਾ ਲਖੇਗਾ। ਇਸ ਲੱਖਤਾ ਨਾਲ ਸਰੀਰ ਵਿਚ ਜੁ ਮੂਰਖਤਾ ਦੀ ਪਕੜ ਤੇ ਮੋਹ ਹੈ ਉਹ ਹਟੇਗੀ। ਫਿਰ ਨਾਮ ਨਾਲ ਬ੍ਰਿਤੀ ਕਰਤਾ ਪੁਰਖ ਵਿਚ ਲਗੇਗੀ। ਸਰੀਰ ਅਤੇ ਸਰੀਰ ਦੇ ਸਨਬੰਧ ਕਰਕੇ ਜੋ ਮੋਹ ਮਾਯਾ ਹੈ ਓਹ ਘਟੇਗੀ। ਇਹ ਮੋਹ ਮਾਯਾ ਹੀ 'ਹਉਮੈਂ' ਦਾ ਕਾਰਨ ਹੈ। ਕਰਤਾ ਪੁਰਖ ਵਿਚ ਜਿਉਂ ਜਿਉਂ ਲਗਨ ਵਧੇਗੀ ਹਉਮੈਂ ਘਟੇਗੀ; ਅੰਤ ਦੂਰ ਹੋਵੇਗੀ। ਜਿਉਂ ਜਿਉਂ ਸਿਮਰਨ ਨਾਲ ਬ੍ਰਿਤੀ ਅੰਤਰ ਮੁਖ ਹੋਵੇਗੀ, ਤਿਉਂ ਤਿਉਂ ਕਰਤਾ ਪੁਰਖ ਦੀ ਲਿਵ ਵਿਚ ਜਾਵੇਗੀ। ਜਿਉਂ ਜਿਉਂ ਹਰੀ ਕੀਰਤਨ, ਹਰੀ ਜਸ ਵਿਚ ਮਨ ਰਸੇਗਾ, ਤਿਉਂ ਤਿਉਂ ਹਰੀ ਪ੍ਰੇਮ ਵਿਚ ਮਗਨ ਹੋਏਗਾ, ਮਾਯਕ ਰਸਾਂ ਤੋਂ ਬ੍ਰਿਤੀ ਉਪ੍ਰਾਮ ਹੋਵੇਗੀ। ਇਉਂ 'ਹਉਮੈਂ' ਬਿਲਾਏਗੀ ਤੇ ਕਰਤਾਰ ਵਿਚ ਲੀਨਤਾ ਪ੍ਰਾਪਤ ਹੋਵੇਗੀ। ਇਹ ਉਪਦੇਸ਼ ਸੁਣਕੇ ਨਾਮ ਲੈ ਕੇ ਓਹ ਸਿਖ ਲੱਗ ਪਏ ਤੇ ਪਾਰਗਿਰਾਮੀ ਹੋਏ।

## ੧੫. ਰੰਗੂ ਤੇ ਸਹਾਰੂ।

**ਇਕ** ਦਿਨ ਦੋ ਸਿਖ ਆਕੇ ਵਾਰਤਾਲਾਪ ਕਰਦੇ ਰਹੇ ਇਕ ਦਾ ਨਾਉਂ ਰੰਗੂ ਤੇ ਦੂਏ ਦਾ ਸਹਾਰੂ ਸੀ। ਇਨ੍ਹਾਂ ਦੀ ਵਰਤੋਂ ਤੇ ਸੁਭਾਵ ਸਮਝਕੇ ਸਤਿਗੁਰੂ ਨੇ ਫੁਰਮਾਯਾ: ਭਾਈ ਤੁਸੀਂ ਮੁਰਦਾਪ੍ਰਸਤੀ ਛੱਡੋ। ਮੜ੍ਹੀਆਂ,


www.sikhbookclub.com

ਗੋਰਾਂ, ਮਠਾਂ ਆਦਿ ਮੁਰਦੇ ਸਥਾਨਾਂ ਦੀ ਪੂਜਾ ਛੋੜ ਦਿਓ। ਉਸ ਦੀ ਥਾਵੇਂ ਜੀਉਂਦਿਆਂ ਨਾਲ ਭਾਉ ਕਰੋ। ਨਾਮ ਪ੍ਰੇਮੀ ਤੇ ਵਾਹਿਗੁਰੂ ਦੇ ਪਿਆਰੇ ਗੁਰਮੁਖਾਂ ਨੂੰ ਭੋਜਨ ਛਕਾਓ। ਇਸ ਤਰ੍ਹਾਂ ਉਹਨਾਂ ਦਾ ਸਤਿਸੰਗ ਤੇ ਅਸ਼ੀਰਵਾਦ ਤੁਸਾਂ ਨੂੰ ਪ੍ਰਾਪਤ ਹੋਊ। ਇਹ ਕਰਤੱਵ ਕਰਦੇ ਰਸਨਾਂ ਨਾਲ ਅਕਾਲ ਪੁਰਖ ਦਾ ਨਾਮ ਜਪਿਆ ਕਰੋ ਤੇ ਮਿਠ-ਬੋਲੇ ਹੋ ਜਾਓ, ਕਠੋਰ ਵਾਕ ਨਾ ਕਰਿਆ ਕਰੋ। 'ਨਾਮ' ਪਦਾਰਥ ਐਥੋਂ ਲੈ ਜਾਓ ਅਤੇ ਇਸ ਨੂੰ ਰਸਨਾ ਨਾਲ ਜਪਦੇ, ਹਿਰਦੇ ਦੇ ਡੱਬੇ ਵਿਚ ਰੱਖੋ। ਜਿਉਂ ਜਿਉਂ ਰਸਨਾ ਤੋਂ ਜਪੀਂਦਾ, ਇਹ ਨਾਮ ਮਨ ਵਿਚ ਜਾਵੇਗਾ ਲਿਵ ਦੀ ਸੂਰਤ ਬੱਝਦੀ ਜਾਏਗੀ। ਲਿਵ ਲਗ ਗਈ ਤਾਂ ਕਰਤਾਰ ਨੂੰ ਜਾ ਮੇਲੇਗੀ, ਕਲਜਾਨ ਹੋ ਜਾਏਗੀ।

ਇਸ ਤਰ੍ਹਾਂ ਉਪਦੇਸ਼ ਸੁਣਕੇ ਤੇ ਨਾਮ ਲੈ ਕੇ ਦੁਇ ਨਾਮ ਪ੍ਰੇਮੀ ਹੋ ਗਏ।

## ੧੬. ਖਾਨੂ ਛੁਰਾ ਆਦਿ।

**ਨਾਮ** ਦਾਨ ਤਾਂ ਹਰ ਸਿਖ ਨੂੰ ਮਿਲਦਾ ਸੀ, ਬਾਣੀ ਦਾ ਅਭਜਾਸ ਤੇ ਪੜ੍ਹਨ ਸੁਣਨ ਦੀ ਦਾਤ ਨਾਲ ਮਿਲਦੀ ਸੀ, ਪਰ ਕੁਛ ਨਾ ਕੁਛ ਹੋਰ ਉਪਚਾਰ ਸ਼ੁਭ ਕਰਤੱਵ ਦਾ ਵੀ ਨਾਲ ਦਿਤਾ ਜਾਂਦਾ ਸੀ, ਜਿਸ ਨਾਲ ਅਮਲੀ ਤੌਰ ਤੇ ਹਉਮੈਂ ਘਟੇ ਤੇ ਜੀਵ-ਦਇਆ ਹਿਰਦੇ ਆ ਵੱਸੇ, ਪਰਸਪਰ ਵਰਤਾਉ ਇਨਸਾਨ ਦਾ ਇਨਸਾਨ ਨਾਲ ਹਿਤ ਵਾਲਾ ਹੋਵੇ ਤਾਂ ਜੋ ਭਾਈਚਾਰਕ ਜੀਵਨ ਬੀ ਨਾਲ ਹੀ ਸੁਖਦਾਈ ਹੋ ਜਾਵੇ।

ਇਕ ਦਿਨ ਖਾਨੂ, ਛੁਰਾ, ਤਾਰੂ, ਵੈਰਾਗਪਾਸੀ, ਉਮਰੂ, ਨੰਦੂ ਸੂਦਨਾ, ਪੂਰੋ ਤੇ ਝੰਡਾ ਆ ਚਰਨੀਂ ਲਗੇ। ਇਨ੍ਹਾਂ ਨੂੰ ਉਪਰਲਾ ਉਪਦੇਸ਼ ਹੋ ਕੇ ਇਹ ਤਾਕੀਦ ਹੋਈ ਕਿ ਗੁਰਸਿਖਾਂ ਦੀ, ਜੋ ਲੋੜਵੰਦ ਹੋਣ ਸੇਵਾ ਕਰਣੀ; ਭੁਖੇ ਨੂੰ ਪ੍ਰਸ਼ਾਦ ਛਕਾਕੇ ਛਕਣਾ। ਗੁਰ ਸਿਖ ਨਾਮ ਪ੍ਰੇਮੀ ਹੁੰਦੇ ਹਨ। ਨਾਮ ਪ੍ਰੇਮੀ ਦੀ ਅਸੀਸ ਜਗਤ ਵਿਚ ਬੀ ਬਰਕਤ ਪਾਉਂਦੀ ਹੈ ਤੇ ਨਾਮ ਬਾਣੀ ਵਿਚ ਸਫਲਤਾ ਲਾਉਂਦੀ ਹੈ।

## ੧੭. ਮਲੀਆ ਤੇ ਸਹਾਰੂ ਛੀਂਬੇ।

**ਇਸੇ** ਤਰ੍ਹਾਂ ਮਲੀਆ ਤੇ ਸਹਾਰੂ ਛੀਂਬੇ ਦੋਵੇਂ ਉਪਦੇਸ਼ ਲੈਣ ਆਏ। ਨਾਮ ਬਾਣੀ ਦੀ ਦਾਤ ਮਿਲਣ ਪਰ ਉਨ੍ਹਾਂ ਨੂੰ ਤਾਕੀਦ ਹੋਈ ਕਿ ਲੋੜਵੰਦ ਸਿਖਾਂ ਦੇ ਬਸਤ੍ਰ ਸੀਂਦੀ ਧੋ ਦਿਆ ਕਰਨੇ, ਪੈਸੇ ਨਾ ਲੈਣੇ; ਉਹਨਾਂ ਦੀ ਅਸੀਸ ਨਾਲ ਤੁਸੀਂ ਉਜਲੇ ਹੋਵੋਗੇ। ਨਾਮ ਸਿਮਰਣ ਵਿਚ ਬਰਕਤ ਪਵੇਗੀ। ਤੁਸੀਂ ਬਸਤ੍ਰਾਂ ਦੀ ਮੈਲ ਕਢੋਗੇ, ਉਨ੍ਹਾਂ ਦੀ ਅਸੀਸ ਤੁਹਾਡੀ ਮਨ ਦੀ ਮੈਲ ਕੱਢੇਗੀ।

## ੧੮. ਬੂਲਾ।

**ਬੂਲਾ** ਨਾਮੇ ਇਕ ਪਾਂਧਾ ਸੀ ਪੜ੍ਹਿਆ ਹੋਇਆ, ਗੁਰੂ ਸ਼ਰਨ ਆ ਕੇ ਨਾਮ ਦਾ ਧਾਰਨੀ ਹੋ ਗਿਆ। ਉਸ ਨੇ ਬੇਨਤੀ ਕੀਤੀ ਕਿ ਆਪ ਜੀ 'ਸੇਵਾ' ਦੀ ਆਗਿਆ ਸਿਖਾਂ ਪ੍ਰਤੀ ਕਰਦੇ ਹੋ, ਮੈਂ ਬ੍ਰਾਹਮਣ ਹਾਂ ਮੈਥੋਂ ਸੇਵਾ ਕੋਈ ਨਹੀਂ ਲੈਂਦਾ। ਗੁਰੂ ਜੀ ਨੇ ਫੁਰਮਾਯਾ ਤੇਰੀ ਸੇਵਾ ਤੇਰੀ ਯੋਗਤਾ ਅਨੁਸਾਰ ਹੈ। ਤੂੰ ਪੜ੍ਹਿਆ ਲਿਖਿਆ ਹੈਂ, ਤੇਰੀ ਸੇਵਾ ਇਸੇ ਵਿਚ ਹੀ ਲੁਕੀ ਪਈ ਹੈ। ਗੁਰਬਾਣੀ ਲਿਖਿਆ ਕਰ ਤੇ ਗੁਰਸਿਖਾਂ, ਲੋੜਵੰਦਾਂ ਨੂੰ ਦੇ ਦਿਆ ਕਰ। ਕਿਸੇ ਤੋਂ ਮੁੱਲ ਕਿ ਲਿਖਾਈ ਕੀ ਕੀਮਤ ਨਾ ਲਿਆ ਕਰ। ਜੇ ਕੋਈ ਆਪੇ ਹਿਤ ਨਾਲ ਦੇ ਜਾਵੇ ਤਾਂ ਲੈ ਲਿਆ ਕਰੀਂ। ਤੇਰੀ ਗੁਜ਼ਰਾਨ ਬੀ ਟੁਰੀ ਰਹੇਗੀ। ਹੋਰ ਤੇਰੀ ਸੇਵਾ ਇਹ ਹੈ ਕਿ ਗੁਰਬਾਣੀ ਤੂੰ ਪੜ੍ਹਦਾ ਹੈਂ, ਤੇ ਤੂੰ ਅਰਥਵਿਚਾਰ ਸਿਖੀ ਹੈ, ਸੋ ਗੁਰਬਾਣੀ ਦੀ ਕਥਾ ਕਰਿਆ ਕਰ। ਗੁਰੂ ਕੇ ਪ੍ਰੇਮ ਵਿਚ ਕਥਾ ਕਰਨੀ ਵਿਦਜਾ ਦੀ ਚਾਤੁਰੀ ਦੱਸਣ ਲਈ ਨਹੀਂ। ਜੇ ਚਾਤੁਰੀ ਦੱਸਣ ਲਈ ਕਰੋਗੇ ਤਾਂ ਹਉਮੈਂ ਵਧੇਗੀ। ਗੁਰਬਾਣੀ ਦੀ ਕਥਾ ਹਰੀ ਦਾ ਜਸ ਕਰਨਾ ਹੈ; ਸਾਂਈਂ ਦਾ ਜਸ ਕਰਨੇ ਨਾਲ ਹਉਮੈਂ ਉਤਰਦੀ ਹੈ। ਕਥਾ ਬੀ, ਭਾਈ! ਸਾਂਈਂ ਦਾ ਗੁਣ ਗਾਇਨ ਹੈ।


www.sikhbookclub.com

## ੧੯. ਡੱਲੇ ਤੋਂ ਵਿਦੈਗੀ।

ਡੱਲੇ ਤੋਂ ਟੁਰਨ ਤੋਂ ਪਹਿਲੋਂ ਡੱਲੇ ਵਾਸੀਆਂ ਪ੍ਰਤੀ ਸਾਂਝਾ ਉਪਦੇਸ਼ ਹੋਇਆ ਕਿ ਨਾਮ, ਬਾਣੀ ਕੀਰਤਨ ਦੇ ਨਾਲ ਸੰਕ੍ਰਾਂਤ, ਮੱਸਿਆ ਤੇ ਗੁਰਪੁਰਬ ਨੂੰ ਉਤਸ਼ਾਹ ਕੀਤਾ ਕਰੋ। ਕੀਰਤਨ ਕਰੋ, ਦਾਨ ਦਿਓ, ਕੜਾਹ ਪ੍ਰਸ਼ਾਦ ਕਰਕੇ ਅਰਦਾਸਾ ਕਰਕੇ ਵਰਤਾਓ। ਇਕ ਦੂਜੇ ਦੀ ਸਹਾਯਤਾ ਕਰੋ। ਸਦਾ ਸਦਗੁਣਾਂ ਨੂੰ ਧਾਰਨ ਕਰੋ।

ਡੱਲਾ ਗੋਇੰਦਵਾਲ ਤੋਂ ਬਹੁਤ ਦੂਰ ਨਹੀਂ ਸੀ, ਪਰ ਪ੍ਰੇਮੀ ਸਿਖ ਬੀ ਵਿਛੁੜਨ ਵੇਲੇ ਵੈਰਾਗਵਾਨ ਹੋ ਗਏ। ਸਤਿਗੁਰੂ ਜੀ ਸਭ ਨੂੰ ਪਜਾਰ ਦਿਲਾਸਾ ਦੇਂਦੇ ਅਸੀਸਾਂ ਨਾਲ ਨਿਹਾਲ ਕਰਦੇ, ਤੁਰ ਪਏ ਤੇ ਮੁੜ ਆ ਗੋਇੰਦਵਾਲ ਨੂੰ ਭਾਗ ਲਾਏ।

## ੨੦. ਭਿਖਾ।

**ਸੁਲਤਾਨਪੁਰ** ਵਿਚ ਇਕ ਭਾਟ ਰਹਿੰਦਾ ਸੀ, ਜੋ ਚੰਗਾ ਵਿਦਵਾਨ, ਕਵੀ, ਉੱਚ ਆਚਰਣੀ, ਤੇ ਵਿਰਾਗੀ ਛੁਹ ਵਾਲਾ ਸੀ, ਇਸਦਾ ਨਾਉਂ ਸੀ ਭਿਖਾ। ਇਹ ਸੰਸਾਰ ਵਿਚ ਮਾਨੁਖਾਂ ਦੀ ਵਰਤੋਂ ਵਿਚ ਨੇਕੀ ਦੇ ਬਦਲੇ ਬਦੀ, ਭਲਿਆਂ ਦੀ ਸਰਲਤਾ ਤੋਂ ਲਾਭ ਲੈਣ ਲਈ ਵਿਸਾਹ ਘਾਤ ਤੇ ਕਪਟ ਛਲ ਦੇਖ ਦੇਖ ਉਦਾਸ ਹੁੰਦਾ ਵਾਹਿਗੁਰੂ ਦੇ ਮਿਲਾਪ ਦੀ ਸਿਕ ਵਿਚ ਅੱਪੜ ਪਿਆ। ਅੰਤ ਉਦਾਸ ਹੋ ਕੇ ਘਰ ਬਾਰ ਦਾ ਤਜਾਗ ਕਰਕੇ ਦੇਸ਼ਾਂਟਨ ਨੂੰ ਨਿਕਲ ਪਿਆ। ਤੀਰਥਾਂ ਪਰ ਗਿਆ, ਜਿੱਥੇ ਜਿੱਥੇ ਪੰਡਤ, ਸਾਧੂ, ਸੰਤ, ਸੰਨਜਾਸੀ, ਵਿਰਾਗੀ ਸੁਣੇ ਓਥੇ ਓਥੇ ਪੁਜਕੇ ਗਿਆ ਤੇ ਸਤਿਸੰਗ ਕੀਤੇ। ਅੰਤ ਉਸਨੂੰ ਇਕ ਗੁਰਸਿਖ ਮਿਲ ਪਿਆ। ਉਸ ਦੀ ਕਰਣੀ, ਰਹਿਣੀ, ਸਰਲਤਾ ਤੇ ਸਹਿਜਰੰਗ ਚਿਵ ਘਾਲਨਾ ਦੇਖਕੇ ਪੁੱਛਣਾ ਕੀਤੀਓਸੁ। ਉਸਨੇ ਸਤਿਗੁਰੂ ਜੀ ਦਾ ਪਤਾ ਦਿੱਤਾ। ਸਤਿਗੁਰੂ ਦਾ ਜਸ ਸੁਣਕੇ ਉਹ ਅਚਰਜ ਹੋ ਗਿਆ ਕਿ ਮੇਰੇ ਤੇ ਸਤਿਗੁਰ ਦੇ ਵਸੇਬੇ ਵਿਚਕਾਰੇ ਇਕ ਬਿਆਸਾ ਨਦੀ ਦਾ ਪਾੜ ਸੀ ਤੇ ਮੈਂ ਕਿਥੇ ਦੇਸ ਪਰਦੇਸ ਭਾਲਦਾ ਤੇ ਰੁਲਦਾ ਫਿਰਿਆ ਹਾਂ; ਮੈਨੂੰ ਕਿਉਂ ਪਹਿਲੋਂ ਸੋਝੀ ਨਾ ਪਈ। ਪਰ ਪਹਿਲੇ ਤਜਰਬੇ ਸਾਰੇ ਮਾੜੇ ਹੋਏ ਸਨ ਇਸ ਲਈ ਸੋਚੀਂ ਪੈ ਗਿਆ; ਫੇਰ ਪ੍ਰਾਰਥਨਾ ਕੀਤੀਓਸੁ ਕਿ ਹੇ ਭਗਵਾਨ! ਮੈਂ ਗੋਇੰਦਵਾਲ ਗੁਰੂ ਕੀ ਸ਼ਰਣ ਜਾਵਾਂ ਕਿ ਨਾ? ਉਸ ਹਾਲਤ ਵਿਚ ਚਿਤ ਜੁੜ ਗਿਆ ਤੇ ਸੈਨਤ ਚਲਣੇ ਦੀ ਪ੍ਰਤੀਤ ਦਿੱਤੀ, ਸੋ ਦੇਸ਼ ਨੂੰ ਮੁੜ ਪਿਆ ਤੇ ਗੁਰੂ ਦਰਬਾਰ ਪਹੁੰਚਾ। ਲੰਗਰ ਦਾ ਪ੍ਰਸਾਦ ਛਕਕੇ ਹਾਜ਼ਰ ਹੋਇਆ; ਦਰਸ਼ਨ ਦੇਖਕੇ ਜੀ ਠਰ ਗਿਆ। ਫਿਰ ਪ੍ਰਸ਼ਨ ਉਤਰ ਕੀਤੇ, ਦਿਲ ਦੇ ਸੰਸੇ ਕਹੇ, ਉਤਰਸੁਣੇ ਤਦ ਪੁਰਾਣੇ ਖਜਾਲ ਉਖੜੇ, ਨਵਾਂ ਉਤਸ਼ਾਹ ਭਰ ਗਿਆ, ਨਾਮ ਦੀ ਮਹਿਮਾਂ ਤੇ ਗੁਰੂ ਵਜਕਤੀ ਵਿਚ ਨਾਮ ਦੇ ਪ੍ਰਤੱਖ ਪ੍ਰਭਾਵ ਨਾਲ ਪ੍ਰਭਾਵਿਤ ਹੋ ਕੇ ਚਰਨ ਸ਼ਰਨ ਪੈ ਗਿਆ। ਸਤਿਗੁਰ ਦਿਆਲ ਨੇ ਨਾਮ ਦਾਨ ਦਿੱਤਾ, ਭਿਖੇ ਨੂੰ ਨਵਾਂ ਜੀਵਨ ਪ੍ਰਾਪਤ ਹੋ ਗਿਆ। ਨਿਰਾ ਨਾਮ, ਨਾਮ ਮਾਤ੍ਰ, ਸੰਗਜਾ ਮਾਤ੍ਰ ਨਾ, 'ਨਾਮ ਪਦਾਰਥ ਬਖਸ਼ਿਆ, ਭਿਖੇ ਨੂੰ ਨਾਮ ਰਤਨ ਲੱਭ ਪਿਆ ਭਿਖਾ ਭਿਖਾਰੀ ਨਾ ਰਿਹਾ, ਨਾਮ ਧਨ ਵਾਲਾ ਹੋ ਗਿਆ। ਉਸਦੀ ਆਤਮਾਂ ਵਿਚ ਆਤਮ ਉਤਸ਼ਾਹ ਜਾਗ ਪਿਆ। ਆਤਮ ਵਸਤੂ ਜੋ ਮਨ ਦੀ ਸੰਸੇ ਬ੍ਰਿਤੀਆਂ ਦੇ ਵਿਖੇਪ ਅਵਰਣ ਵਿਚ ਵਯਾਕੁਲ ਸੀ, ਚਮਕਾਰਾਂ ਮਾਰ ਉਠੀ, ਜੀਵਨ ਪਦ ਪ੍ਰਾਪਤ ਹੋ ਗਿਆ 'ਜੀਵ ਤਤ' 'ਬ੍ਰਹਮ ਤਤ' ਦੀ ਛੁਹ ਵਿਚ ਆਕੇ ਸਤਜ ਸਰੂਪ ਨੂੰ ਪ੍ਰਾਪਤ ਹੋ ਗਿਆ, ਭਿਖਾ ਫੇਰ ਸੁਲਤਾਨਪੁਰ ਆਪਣੇ ਘਰ ਜਾ ਰਿਹਾ ਤੇ ਵਾਹਿਗੁਰੂ ਪ੍ਰੇਮ ਵਿਚ ਵਧਦਾ ਗਰਮੁਖ ਜੀਵਨ ਬਸਰ ਕਰਦਾ ਰਿਹਾ।

ਇਸ ਕਵੀ ਨੇ ਆਪਣਾ ਨਿਜ ਦਾ ਕੀਤਾ ਤਜਰਬਾ ਤੇ ਪ੍ਰਾਪਤੀ ਹੇਠ ਲਿਖੇ ਦੋ ਸ੍ਵੈਯਾਂ ਵਿਚ ਦਿੱਤਾ ਹੈ। ਏਹ ਸ੍ਵਯੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈਨ, ਇਕਸ੍ਵਯੇ ਵਿਚ ਆਪਣੀ ਹਾਂਡ ਤੇ ਤਲਾਸ਼ ਦਾ ਐਉਂ ਜ਼ਿਕਰ ਕਰਦਾ ਹੈ :-

ਰਹਿਓ ਸੰਤ ਹਉ ਟੋਲਿ
ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ
ਮੁਖਹੁ ਏ ਪੰਡਿਤ ਮਿਠੇ ॥

 www.sikhbookclub.com

ਬਰਸੁ ਏਕੁ ਹਉ ਫਿਰਿਓ
ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ
ਰਹਤ ਕੋ ਖੁਸੀ ਨ ਆਯਉ॥
ਹਰਿਨਾਮੁ ਛੋਡਿ ਦੂਜੈ ਲਗੇ
ਤਿਨ੍ਹ ਕੇ ਗੁਣ ਹਉ ਕਿਆ ਕਹਉ॥
ਗੁਰ ਦਯਿ ਮਿਲਾਯਉ ਭਿਖਿਆ
ਜਿਵ ਤੂ ਰਖਹਿ ਤਿਵ ਰਹਉ॥੨॥੨੦॥

(ਸਵ: ਮ: ੩ ਕੇ)

ਇਕ ਹੋਰ ਸ੍ਵਯੇ, ਜੋ ਕੁਛ ਗੁਰੂ ਤੋਂ ਪ੍ਰਾਪਤ ਹੋਇਆ, ਉਸਦੀ ਮਾਨੋ ਤਸਵੀਰ ਖਿੱਚ ਕੇ ਦੱਸਦਾ ਹੈ :-

ਗੁਰੁ ਗਿਆਨੁ ਅਰੁ ਧਿਆਨੁ
ਤਤ ਸਿਉ ਤਤੁ ਮਿਲਾਵੈ॥
ਸਚਿ ਸਚੁ ਜਾਣੀਐ
ਇਕ ਚਿਤਹਿ ਲਿਵ ਲਾਵੈ॥
ਕਾਮ ਕ੍ਰੋਧ ਵਸਿ ਕਰੈ
ਪਵਣੁ ਉਡੰਤ ਨ ਧਾਵੈ॥
ਨਿਰੰਕਾਰ ਕੈ ਵਸੈ ਦੇਸਿ
ਹੁਕਮੁ ਬੁਝਿ ਬੀਚਾਰੁ ਪਾਵੈ॥
ਕਲਿ ਮਾਹਿ ਰੂਪੁ ਕਰਤਾ ਪੁਰਖੁ
ਸੋ ਜਾਣੈ ਜਿਨਿ ਕਿਛੁ ਕੀਅਉ॥
ਗੁਰ ਮਿਲ੍ਹਿਉ ਸੋਇ ਭਿਖਾ ਕਹੈ
ਸਹਜ ਰੰਗਿ ਦਰਸਨੁ ਦੀਅਉ॥੧॥੧੯॥

(ਸਵ: ਮ: ੩ ਕੇ)

ਅਖੀਰਲੀ ਤੁਕ ਵਿਚ ਕੈਸਾ ਸਾਫ ਨਿਜ ਦਾ ਤਜਰਬਾ ਦੱਸਿਆ ਹੈ ਭਿੱਖਾ ਕਹਿੰਦਾ ਹੈ ਮੈਨੂੰ ਉਹ ਗੁਰੂ ਮਿਲਿਆ ਹੈ ਜਿਸ ਦੀ ਮਹਿਮਾ ਮੈਂ ਉਪਰ ਕਹੀ ਹੈ; ਮੈਨੂੰ ਸਹਜ ਦੇ ਰੰਗ ਵਿਚ ਦਰਸ਼ਨ ਦਿੱਤਾ ਹੈਸੁ, ਭਾਵ ਇਹ ਕਿ ਸਹਜ ਅਵਸਥਾ ਵਿਚ ਪੁਚਾ ਦਿੱਤਾ ਹੈ ਗੁਰੂ ਨੇ।

ਇਸੀ ਪ੍ਰਕਾਰ ਜਿਨ੍ਹਾਂ ਭਟਾਂ ਦੇ ਸ੍ਵਯੇ ਹੈਨ ਉਹਨਾਂ ਦੀ ਘੋਖ ਨਾਲ ਵੀਚਾਰ ਦੱਸਦੀ ਹੈ ਕਿ ਏਹ ਵਿਦਵਾਨ ਚਰਣ ਸ਼ਰਣ ਆ ਕੇ ਗੁਰੂ ਜੀ ਦੀ ਅਲੂਹੀਅਤ (ਈਸ਼੍ਵਰੱਤਜ) ਦੀ ਅੱਖੀਂ ਦੇਖੀ ਸਾਖ ਭਰ ਰਹੇ ਤੇ ਆਪਣੇ ਤਜਰਬੇ ਤੋਂ ਗੁਰੂ ਭਾਵਨਾਂ ਵਿਚ ਆਏ ਹਨ।

## ੨੧. ਬਾਵਲੀ ਆਰੰਭ।

**ਸ੍ਰੀ** ਗੁਰੂ ਜੀ ਉਂਞ ਤਾਂ ਨਿਜਾਨੰਦ ਵਿਚ ਮਗਨ ਰਿਹਾ ਕਰਦੇ ਸਨ, ਪਰ ਉਹ ਕਾਰ ਜੋ ਹੁਕਮ ਸੀ ਸਤਿਗੁਰ ਦਾ ਕਿ 'ਪਾਰਬ੍ਰਹਮ ਕਾ ਪੰਥ ਕਰਨਾ' ਉਹ ਸਦਾ ਯਾਦ ਰਹਿੰਦਾ ਸੀ। ਇਸ ਲਈ ਜੋ ਆਵੇ ਨਾਮ ਦਾਨ ਨਾਲ ਵਰੋਸਾਇਆ ਜਾਂਦਾ ਸੀ। ਇਸ ਆਤਮਦਾਨ ਤੋਂ ਸਿਵਾ ਗ੍ਰੀਬਾਂ ਲੋੜਵੰਦਾਂ ਦੀਆਂ ਥੁੜਾਂ ਬੀ ਪੂਰਨ ਹੁੰਦੀਆਂ ਸਨ। ਆਏ ਗਏ ਲਈ ਲੰਗਰ ਜਾਰੀ ਰਹਿੰਦਾ ਸੀ। ਗੋਇੰਦਵਾਲ ਪੱਤਣ ਦਾ ਸ਼ਹਿਰ ਹੋਣ ਕਰਕੇ ਅਤੇ ਪੱਤਣ ਬੀ ਸ਼ਾਹੀ ਸੜਕ ਦਾ ਹੋਣ ਕਰਕੇ, ਲੋਕਾਂ ਤੇ ਮੁਸਾਫਰਾਂ ਦਾ ਇਸ ਥਾਂ ਤੋਂ ਲਾਂਘਾ ਬਹੁਤ ਸੀ। ਗੁਰੂ ਕਾ ਲੰਗਰ ਸਭ ਲਈ ਖੁੱਲ੍ਹਾ ਸੀ। ਬਿਨਾਂ ਜ਼ਾਤ ਪਾਤ, ਧਰਮ; ਦੀਨ ਪੁੱਛੇ ਦੇ ਅੰਨ ਦਾਨ ਹੁੰਦਾ ਰਹਿੰਦਾ ਸੀ। ਸੰਗਤਾਂ ਜੋ ਕੁਛ ਲਿਆਉਂਦੀਆਂ ਇਉਂ ਖਰਚ ਹੁੰਦਾ, ਸਫਲ ਹੁੰਦਾ ਰਹਿੰਦਾ ਸੀ। ਗੋਇੰਦਵਾਲ ਆਪਦੇ ਟਿਕ ਜਾਣ ਕਰਕੇ ਬੀ ਵਧੇਰੀ ਰੌਣਕ ਫੜ ਗਿਆ ਸੀ। ਸੰਗਤਾਂ ਦੀ ਬੀ ਰੌਣਕ ਰਹਿੰਦੀ ਸੀ ਤੇ ਮੁਸਾਫਰਾਂ ਦਾ ਭੀੜ ਭੜੱਕਾ ਬੀ। ਥੁੜ ਰਹਿੰਦੀ ਸੀ ਤਾ ਮਕਾਨੀਅਤ ਦੀ ਤੇ ਕਈ ਵੇਰ ਖੂਹ ਘੱਟ ਹੋਣ ਕਰਕੇ ਪਾਣੀ ਦੀ ਥੁੜ ਬੀ ਹੋ ਜਾਂਦੀ ਸੀ। ਚਾਹੇ ਨਦੀ ਪਾਸ ਵਗਦੀ ਸੀ, ਪਰ ਨਦੀ ਦਾ ਪਾਣੀ ਗੰਧਲਾ ਹੋਣ ਕਰਕੇ ਬਿਨਾਂ ਯਤਨ ਪੀਣ ਦੇ ਅਰਥ ਨਹੀਂ ਆਉਂਦਾ ਸੀ। ਸ੍ਰੀ ਗੁਰੂ ਜੀ ਨੇ ਸਲਾਹ ਕੀਤੀ ਕਿ ਇਕ ਵੱਡਾ ਖੂਹ ਲੁਆਇਆ ਜਾਵੇ ਜਿਸਦਾ ਜਲ ਅਤੁੱਟ ਹੋਵੇ, ਹਰਟ ਬੀ ਚੱਲਣ, ਮਾਨੁਖ, ਮਾਲ ਡੰਗਰ ਨੂੰ ਬੀ ਪਾਣੀ ਮਿਲ ਸਕੇ, ਇਸ਼ਨਾਨ ਨੂੰ ਬੀ ਖੁੱਲ੍ਹਾ ਮਿਲੇ ਤੇ ਇਹੋ ਟਿਕਾਣਾ ਭਜਨ ਪਾਠ ਪੂਜਾ ਲਈ ਬੀ ਸੁਹਾਉਣੀ ਠੰਢ ਵਾਲਾ ਹੋਵੇ। ਇਸ ਲਈ ਆਪ ਜੀ ਨੇ ਇਕ ਵਡੇ ਪੈਮਾਨੇ ਦੀ ਬਾਵਲੀ ਦਾ ਉੱਦਮ ਕੀਤਾ, ਜੋ ਇਕ ਪਾਸੇ ਤਾਂ ਖੂਹ ਵਾਂਙੂ ਖੂਹ ਹੋਵੇ ਤੇ ਉਸ ਪਰ ਹਰਟ ਚੱਲੇ, ਚਾਹੇ ਦੋ ਤ੍ਰੈ ਹਰਟ ਬੀ ਚਲ ਪੈਣ ਤੇ ਐਉਂ ਮਾਨੁਖਾਂ, ਡੰਗਰਾਂ ਦੇ ਪੀਣ ਲਈ, ਇਸ਼ਨਾਨ ਲਈ ਤੇ ਬਾਗ ਬਗੀਚੇ ਲਈ ਖੁੱਲ੍ਹਾ ਜਲ ਮਿਲੇ। ਦੂਜੇ ਪਾਸੇ ਵਿਸ਼ਾਲ ਪਉੜੀਆਂ ਦੁਆਰਾ ਜਲ ਤਕ ਪਹੁੰਚਾ ਹੋਵੇ। ਇਨ੍ਹਾ

 www.sikhbookclub.com

ਪਉੜੀਆਂ ਤੇ ਬੈਠਿਆ ਜਾ ਸਕੇ ਤੇ ਖੂਹ ਦੀ ਠੰਢ ਤੇ ਤ੍ਰਾਵਤ ਨਾਲ ਇਥੇ ਮੌਸਮ ਸੁਹਾਵਣਾ ਰਹੇ। ਪਉੜੀਆਂ ਖੁੱਲ੍ਹੀਆਂ ਹੋਣ, ਇਥੇ ਬੈਠਕੇ ਪਾਠ ਭਜਨ ਹੋ ਸਕੇ, ਸਮਾਧੀ ਲਗ ਸਕੇ। ਕਵੀ ਜੀ ਲਿਖਦੇ ਹਨ :-

ਧਰਮ ਧੁਰੰਧਰ ਅਮਰ ਗੁਰ
ਸਦਾ ਚਹਿਤ ਉਪਕਾਰ॥
ਰਚਿਬੋ ਤੀਰਥ ਬਾਵਲੀ
ਸਿਖਜਾਨ ਹੇਤ ਉਧਾਰ॥

(ਸੂ: ਪ੍ਰ: ਰਾਸ ੧ ਅੰਸੂ ੫੧)

ਇਸ ਸਭ ਕਾਰਜ ਦੇ ਆਰੰਭ ਕਰਨ ਲਈ ਭਾਈ ਪਾਰੋ ਨੇ ਸਿਖਾਂ ਸੰਗਤਾਂ ਵਲ ਹੁਕਮਨਾਮੇ ਲਿਖੇ ਤੇ ਦੂਰ ਨੇੜੇ ਤੋਂ ਗੁਰੂ ਸਿਖ ਆ ਜੁੜੇ। ਰਵਾਯਤ ਹੈ ਕਿ ਕੱਤਕ ਦੀ ਪੁੰਨਿਆਂ ਵਾਲੇ ਦਿਨ ਇਹ ਕਾਰਜ ਆਰੰਭਿਆ ਗਿਆ। ਤਵਾ: ਖਾ: ਵਿਚ ਇਹ ਸੰਮਤ ੧੬੧੬ ਲਿਖਿਆ ਹੈ। ਬੰਸਾਵਲੀ ਨਾਮੇ ਵਿਚ ਇਹ ਸੰਮਤ ੧੬੧੩ ਬਿ: ਦਿੱਤਾ ਹੈ। ਜਿਸ ਥਾਂ ਨੂੰ ਗੁਰੂ ਜੀ ਨੇ ਠੀਕ ਸਹੀ ਕੀਤਾ ਸੀ, ਓਹ ਮੁੱਲ ਲੀਤੀ ਗਈ ਤੇ ਸੰਗਤਾਂ ਦੇ ਭਾਰੀ ਸੰਘਠਨ ਵਿਚ ਭਾਈ ਬੁੱਢੇ ਜੀ ਦੇ ਹਥੀਂ ਟੱਕ ਲੁਆਕੇ ਕਾਰ ਆਰੰਭੀ ਗਈ। ਜੈਸਾ ਕਿ ਲਿਖਿਆ ਹੈ:-

ਸਤਿਗੁਰ ਖਰੇ ਕਰਾਵਤਿ ਕਾਰ।
ਸੰਗਤਿ ਕਰਹਿ ਚੌਪ ਚਿਤ ਧਾਰਿ। (ਸੂ: ਪ੍ਰ:)

ਇਸ ਪ੍ਰਕਾਰ ਬਾਵਲੀ ਦੀ ਸੇਵਾ ਟੁਰ ਪਈ। ਸੰਗਤਾਂ ਪ੍ਰੇਮ ਨਾਲ ਕਾਰ ਕਰਦੀਆਂ ਸਨ; ਪਰ ਨਾਲ ਮਜੂਰੀ ਲੈਕੇ ਸੇਵਾ ਕਰਨ ਵਾਲੇ ਰਾਜ ਮਜੂਰ ਮਿਸਤ੍ਰੀ ਬੀ ਲੱਗੇ ਹੋਏ ਸਨ। ਆਪਣਿਆਂ ਵਿਚੋਂ ਸ੍ਰੀ ਰਾਮਦਾਸ ਜੀ, ਜੋ ਸ੍ਰੀ ਗੁਰੂ ਜੀ ਦੇ ਜਮਾਤਾ ਜੀ ਸਨ ਸਭ ਤੋਂ ਵੱਧ ਕਾਰ ਵਿਚ ਲੱਗੇ ਰਹਿੰਦੇ ਸਨ। ਸ੍ਰੀ ਰਾਮਦਾਸ ਜੀ ਹੋ ਰਹੇ ਕਾਰਜ ਦੀ ਸਰਕਰਦਗੀ ਤੇ ਇੰਤਜ਼ਾਮ ਬੀ ਕਰਦੇ ਸੇ, ਪਰ ਕਦੇ ਪ੍ਰੇਮ ਵਿਚ ਮਗਨ ਹੋਏ ਟੋਕਰੀ ਬੀ ਆਪ ਫੜ ਲੈਂਦੇ ਸਨ। ਲਿਖਿਆ ਹੈ ਕਿ ਆਪ ਇਕ ਵੇਰੀ ਸੇਵਾ ਵਿਚ ਮਗਨ ਟੋਕਰੀ ਢੋ ਰਹੇ ਸਨ ਕਿ ਲਹੌਰੋਂ ਸ਼ਰੀਕੇ ਦੇ ਕੁਛ ਸਜਣ ਆ ਗਏ। ਉਨ੍ਹਾਂ ਨੂੰ ਮੰਦਾ ਲਗਾ ਕਿ ਖਤ੍ਰੀ ਵੰਸੁ ਹੋ ਕੇ ਸਾਡਾ ਭਾਈ ਸਹੁਰੇ ਘਰ ਐਸੀ ਨੀਵੀਂ ਕਾਰ ਕਰ ਰਿਹ ਹੈ। ਓਹ ਵਡਕੇ ਭਰੇ ਪੀਤੇ ਸ੍ਰੀ ਗੁਰੂ ਜੀ ਪਾਸ ਗਏ ਤੇ ਮਿੱਠੇ ਤ੍ਰੀਕੇ ਨਾਲ ਉਲਾਂਭਾ ਦਿੱਤਾ। ਸੁਣਕੇ ਸ੍ਰੀ ਗੁਰੂ ਜੀ ਮੁਸਕ੍ਰਾਏ ਤੇ ਕਹਿਣ ਲਗੇ; "ਭਾਈ! ਰਾਮ ਦਾਸ ਨੇ ਸਿਰ ਮਿੱਟੀ ਦੀ ਟੋਕਰੀ ਨਹੀਂ ਚਾਈ, ਦੀਨ ਦੁਨੀ ਦਾ ਛਤ੍ਰ ਚਾਇਆ ਹੈ।"

ਪਰ ਓਹ ਮਾਇਆ ਪ੍ਰੇਮੀ ਨਾ ਸਮਝ ਸਕੇ, ਮੁਸਕ੍ਰਾ ਕੇ ਵਿਦਾ ਹੋ ਗਏ!

ਇਸ ਪ੍ਰਕਾਰ ਬਾਵਲੀ ਦੀ ਕਾਰ ਜਾਰੀ ਰਹੀ। ਸ੍ਰੀ ਗੁਰੂ ਜੀ ਆਪ ਕਿਸੇ ਵੇਲੇ ਜਾ ਖੜੋਂਦੇ ਤੇ ਸੇਵਾ ਭਾਵ ਦੇਖਦੇ ਤੇ ਸ਼ੁਭ ਮੱਤਾਂ ਦੇ ਆਉਂਦੇ। ਸ੍ਰੀ ਰਾਮਦਾਸ ਜੀ ਦੀ ਘਾਲ ਤਾਂ ਸਭ ਕਿਸੇ ਨੂੰ ਦਿੱਸਦੀ ਸੀ, ਪਰ ਉਹਨਾਂ ਦੇ ਰਿਦੇ ਦੀ ਪ੍ਰੀਤ ਤੇ ਗੁਰੂ ਕੀ ਖੁਸ਼ੀ ਵਿਚ ਆਪ ਨੂੰ ਚੜ੍ਹਿਆ ਅੰਦਰ ਦਾ ਚਾਉ ਕੇਵਲ ਸਤਿਗੁਰੂ ਜੀ ਨੂੰ ਹੀ ਦਿੱਸਦਾ ਸੀ, ਜਿਸ ਦੀ ਪ੍ਰਤੀਤੀ ਨੂੰ ਭਗਤ ਵੱਛਲਤਾ ਦੇ ਰੰਗ ਵਿਚ ਆਪੇ ਹੀ ਸਿਆਣਦੇ ਤੇ ਮਾਣਦੇ ਸਨ।

## ੨੨. ਮਾਈ ਦਾਸ ਤੇ ਮਾਣਕ ਚੰਦ।

**ਬੈਠੇ** ਸਨ ਸ੍ਰੀ ਗੁਰੂ ਅਮਰਦਾਸ ਜੀ ਖੁਣੀ ਜਾ ਰਹੀ ਬਾਵਲੀ ਦੇ ਨੇੜੇ, ਆਪਣੀ ਸਿਖ ਸਭਾ ਵਿਚ ਬਾਵਲੀ ਦੀ ਕਾਰ ਵੇਖਦੇ, ਕਿ ਇਕ ਸੱਜਣ ਪੁਰਖ, ਜੋ ਆਪਣੇ ਚਿਹਰੇ ਦੀ ਆਭਾ ਤੋਂ ਘਾਲੀ ਤੇ ਕਰਮ ਦਾ ਆਚਾਰੀ ਪ੍ਰਤੀਤ ਦੇਂਦਾ ਸੀ, ਆ ਗਿਆ। ਸਤਿਗੁਰ ਜੀ ਦੇ ਚੰਦ ਮੁਖ ਵਲ ਤੱਕਿਆ, ਤੇ ਨੈਣ ਬੰਦ ਹੋ ਗਏ : ਇਕ ਝਲਕਾਰੇ ਹੀ ਮਗਨਤਾ ਛਾ ਗਈ। ਹੁਣ 'ਵਿਸਮੈ-ਲੀਨ' ਦੇ ਨੈਣ ਖੁੱਲ੍ਹਦੇ ਨਹੀਂ। ਇਸ ਦਾ ਨਾਉਂ ਸੀ ਮਾਈ ਦਾਸ। ਕਵੀ ਜੀ ਇਸ ਦੀ ਇਸ ਵਿਸਮੈ-ਲੀਨ ਦਸ਼ਾ ਨੂੰ ਐਉਂ ਵਰਣਨ ਕਰਦੇ ਹਨ :-

ਮਾਈ ਦਾਸ ਬੈਸਨੋ ਦੇਖਿ।
ਤਨ ਮਨ ਕੀ ਸੁਧ ਰਹੀ ਨ ਸੇਖ।
ਹੇਰਿ ਸਰੂਪ ਮਸਤ ਹੁਇ ਰਹਜ।
ਕੋ ਬਿਧਿ ਮੁਖ ਤੇ ਜਾਤ ਨ ਕਹਜ।
ਮੁੰਦ੍ਰਿਤ ਕਰੇ ਬਿਲੋਚਨ ਜਬੈ।
ਅੰਤਰਿ ਪੇਖਜ ਰੂਪ ਸੁ ਤਬੈ।
ਕਿਤਿਕ ਬਾਰ ਨਹਿ ਨੈਨ ਉਘਾਰੇ।
ਉਰ ਮਹਿਂ ਮੂਰਤਿ ਥਿਰਜ ਨਿਹਾਰੇ।


www.sikhbookclub.com

ਫਿਰ ਜਦ ਨੈਣ ਖੁੱਲ੍ਹੇ ਤਾਂ ਗੁਰੂ ਅਮਰਦਾਸ ਜੀ ਆਪਣੇ ਸਰੂਪ ਵਿਚ ਜਗਮਗ ਕਰ ਰਹੇ ਨਜ਼ਰ ਪਏ। ਸ੍ਰੀ ਗੁਰੂ ਜੀ ਬੀ ਮਾਈ ਦਾਸ ਵੱਲ ਤੱਕੇ ਤੇ ਅਵਾਜ਼ ਦਿੱਤੀ: ਆਓ ਮਾਈ ਦਾਸ, ਆਓ ਭਗਤ ਜੀ, ਆ ਜਾਓ, ਆਓ ਬੈਠੋ!

ਮਾਈ ਦਸ ਮਗਨੇ ਸਰੀਰ ਨਾਲ ਤੁਰਦਾ ਤੇ ਗਜ਼ਗਮਨੇ ਪੈਰ ਹੌਲੀ ਹੌਲੀ ਧਰਦਾ ਅਗੇ ਵਧਿਆ ਤੇ ਭਵਰੇ ਦੀ ਪ੍ਰੀਤਿ ਵਾਂਙ ਪ੍ਰੀਤ ਭਰਿਆ ਸੀਸ ਧਰ ਦਿੱਤੋ ਸੁ ਚਰਨਾਂ ਕਮਲਾਂ ਤੇ। ਸਤਿਗੁਰ ਜੀ ਨੇ ਸੀਸ ਤੇ ਹੱਥ ਧਰਿਆ, ਪਿਆਰ ਦਿੱਤਾ ਤੇ ਪੁਛਿਆ-ਕੁਸ਼ਲਸਹਿਤ ਹੋ ਭਗਤ ਜੀ?

ਮਾਈ ਦਾਸ-ਆਪ ਦੇ ਪਾਵਨ ਦਰਸ਼ਨ ਨਾਲ ਹੁਣ ਸਰਵ ਕੁਸ਼ਲ ਹੋ ਗਈ ਹੈ।

ਗੁਰੂ ਜੀ-ਭਗਤ ਤਾਂ ਸਦਾ ਕੁਸ਼ਲ ਹੁੰਦਾ ਹੈ।

ਮਾਈ ਦਾਸ-ਸੱਚ ਫੁਰਮਾਯਾ ਨੇ। ਹੁਣੇ ਭਗਤੀ ਮਿਲੀ ਹੈ, ਕੁਸ਼ਲ ਹੁਣੇ ਨਾਲ ਹੀ ਮਿਲ ਗਈ ਹੈ।

ਗੁਰੂ ਜੀ-ਤੇ ਭਗਤ ਜੀ! ਪਿਛਲੀ ਭਗਤੀ?

ਮਾਈ ਦਾਸ-ਪਿਛਲੀ ਬਿਤਾ ਦਿੱਤੀ ਨੇ ਤੇ ਨਵੀਂ ਵਿਚ ਪੁਚਾ ਦਿੱਤਾ ਨੇ। ਹੁਣ ਤਾਂ ਉਹ ਬੀ ਸਫਲਾਈ ਹੀ ਸਮਝਾਂ।

ਗੁਰੂ ਜੀ-ਕੀਹ ਬਾਤ ਹੈ ਪਿਛਲੀ?

ਮਾਈ ਦਾਸ-ਲੰਮਾ ਕਿੱਸਾ ਹੈ ਤੇ ਖੇਚਲ ਨਾ ਹੋਵੇ ਤੇ ਕ੍ਰਿਪਾ ਪੂਰਬਕ ਸੁਣੋ ਤਾਂ ਸੰਖੇਪ ਕਰਕੇ ਸੁਣਾ ਦਿਆਂ।

ਗੁਰੂ ਜੀ-ਹਾਂ ਮਾਈ ਦਾਸ ਸੁਣਾ ਦੇ ਬਈ ਹਡਬੀਤੀ।

ਮਾਈ ਦਾਸ-ਹੇ ਮਇਆ ਰੂਪ, ਮੈਂ ਨਰੇਲੇ ਪਿੰਡ ਦਾ ਰਹਿਣ ਵਾਲਾ ਹਾਂ! ਆਪ ਜਾਣਦੇ ਹੀ ਹੋ, ਮਾਝੇ ਵਿਚ ਹੈ ਇਹ ਪਿੰਡ। ਛੋਟੀ ਉਮਰਾ ਤੋਂ ਚੇਟਕ ਲਗੀ ਪਰਮਾਰਥ ਦੀ, ਰਸਤਾ ਮਿਲਿਆ ਇਕ ਵੈਸ਼ਨਵ ਸੁਹਬਤ ਵਿਚ ਕ੍ਰਿਸ਼ਨ ਉਪਾਸ਼ਨਾ ਦਾ। ਘਾਲ ਕੀਤੀ ਜੋ ਸਰ ਬਣ ਆਈ। ਸੰਜਮ ਧਾਰੇ, ਆਹਾਰ ਧਾਰਨ ਕੀਤੇ, ਖਾਣ ਪਾਣ ਕਰਮ ਕਾਂਡ ਅਨੁਸਾਰ ਬਣਾਏ। ਮਾਲਾ ਫੇਰੀ ਤੇ ਕੰਠੀ ਧਾਰੀ; ਜੋ ਕੁਛ ਕਰਨੇ ਯੋਗ ਸੀ ਕੀਤਾ; ਪਰ ਨਾਂ ਤਾਂ ਇਸ਼ਟ ਦੇਵ ਦੇ ਦਰਸ਼ਨ ਹੋਏ ਨਾ ਕਿਸੇ ਰੰਗ ਵਿਚ ਬ੍ਰਿਤੀ ਰਸਮਯ ਹੋਈ। ਕੁਛ ਚਿਰ ਬੀਤਿਆ ਹੈ ਕਿ ਆਪ ਦੇ ਪਜਾਰੇ ਕੁਛ ਸਿਖਾਂ ਨਾਲ ਮਿਲਨੇ ਦਾ ਅਵਕਾਸ਼ ਬਣਿਆਂ। ਉਨ੍ਹਾਂ ਦੀ ਬ੍ਰਿਤੀ ਦਾ ਟਿਕਾਉ, ਆਪ ਪਰ ਭਰੋਸਾ, ਪਰਮੇਸ਼ਰ ਤੇ ਨੇਸ਼ਟਾ, ਜਗਤ ਵਰਤਣ ਵਿਚ ਉਪਕਾਰ, ਆਪਣੀ ਰਹਿਣੀ ਵਿਚ ਸੁੱਚਤਾ ਦੇਖੀ। ਆਪ ਦੇ ਵਡੇ ਸਤਿਗੁਰਾਂ ਦੀ ਕੀਰਤੀ ਸੁਣੀ। ਬਾਣੀ ਬੀ ਕੰਨੀਂ ਪਈ! ਉਤਕੰਠਾ ਹੋ ਆਈ ਕਿ ਚਰਨ ਸ਼ਰਨ ਪ੍ਰਾਪਤ ਹੋਕੇ ਦਿਲ ਦੇ ਸ਼ੰਕੇ ਦੂਰ ਕਰਾਂ ਤੇ ਆਪਣੇ ਕੀਤੇ ਸਾਧਨਾ ਤੇ ਸਮਝੇ ਵੀਚਾਰ ਪੜ੍ਹੇ ਸਿਧਾਤਾਂ ਦੇ ਪ੍ਰਕਾਸ਼ ਵਿਚ ਆਪਣੇ ਮਾਰਗ ਨੂੰ ਸਮਝਾਂ, ਜੋ ਮੈਨੂੰ ਬੀ ਮਨੋਵਾਂਛਿਤ ਪ੍ਰਾਪਤ ਹੋ ਜਾਵੇ। ਇਸ ਭਾਵਨਾਂ ਨਾਲ ਹਾਜ਼ਰ ਹੋਇਆ, ਪਰ ਪਤਾ ਲੱਗਾ ਕਿ ਲੰਗਰ ਤੋਂ ਪ੍ਰਸ਼ਾਦਿ ਪਾਏ ਬਿਨਾਂ ਦਰਸ਼ਨ ਨਹੀਂ ਹੋ ਸਕਦੇ! ਮੈਂ ਫਿਰ ਆਪ ਦੇ ਲੰਗਰ ਦੀ ਮਰਿਯਾਦਾ ਦੇਖਣ ਗਿਆ। ਤਾਂ ਕੀਹ ਡਿੱਠਾ ਕਿ ਇਸ ਥਾਂ ਜੋ ਭੋਜਨ ਤਿਆਰ ਹੁੰਦਾ ਹੈ ਉਹ ਉਸ ਸੁਚ ਸੰਜਮ ਵਿਚ ਨਹੀਂ, ਜਿਸ ਨੂੰ ਮੈਂ ਤਦੋਂ ਸੁਚ ਸਮਝਦਾ ਹੁੰਦਾ ਸੀ। ਕੀਹ ਡਿਠਾ ਕਿ ਏਥੇ ਅੰਨ ਪਕਾਉਣ ਵਾਲੇ ਹਰ ਜਾਤੀ ਦੇ ਹਨ। ਪੰਕਤ ਸਭ ਜਾਤੀਆਂ ਦੀ ਇਕੱਠੀ ਲਗਦੀ ਹੈ। ਮੈਂ ਜ਼ਾਤਾ ਇਹ ਅੰਨ ਪਾਕੇ ਮੈਂ ਆਪਣੇ ਸੁਚ ਸੰਜਮ ਦੇ ਧਰਮ ਤੋਂ ਗਿਰ ਜਾਵਾਂਗਾ, ਇਸ ਲਈ ਜਿਸ ਦਰਸ਼ਨ ਦੇ ਆਦਿ ਵਿਚ ਆਪਣੇ ਧਰਮ ਤੋਂ ਗਿਰਾਉ ਹੋਵੇ, ਉਹ ਚਾਹੇ ਕਿਤਨਾ ਚੰਗਾ ਹੋਵੇ, ਧਾਰਨ ਨਾ ਕਰਾਂ ਤਾਂ ਠੀਕ ਹੈ।

ਇਸ ਤਰ੍ਹਾਂ ਦੀਆਂ ਵੀਚਾਰਾਂ ਕਰਦਾ ਮੈਂ ਮੁੜ ਘਰ ਚਲਾ ਗਿਆ, ਪਰ ਚਿੱਤ ਨੂੰ ਉੱਚੜ-ਚਿੱਤੀ ਚੰਬੜੀ ਰਹੀ, ਚੈਨ ਨਾ ਲੈਣ ਦੇਵੇ। ਹਰ ਪਲ ਚਮਾ ਚੋਭ ਪਵੇ ਜਿਵੇਂ ਕੁਛ ਚੋਰੀ ਹੋ ਗਿਆ ਹੈ, ਯਾ ਹੱਥ ਆਇਆ ਕੁਤ ਚਲਾ ਗਿਆ ਹੈ, ਯਾ ਵਿਚਲ ਗਿਆ ਹੈ ਕੁਛ ਸੌਰਦਾ ਸੌਰਦਾ। ਚਰਨਾਂ ਵਿਚ ਚਿਲਬਿਲ ਹੋਵੇ, ਚਲ ਚਲ ਚਲ ਦੀ ਉਛਾਲ ਉੱਛਲੇ ਚਿਤ ਨੂੰ ਪੁੱਛਾਂ 'ਕਿਧਰ ਚਲ' ਪਰ ਪਤਾ ਨਾ ਲੱਗੇ। ਚੋਖਾ ਚਿਰ ਸੋਚ ਸੋਚ ਮੈਂ ਦੁਆਰਕਾ ਚੱਲਣ ਦੀ ਚਿਤਵਨੀ ਚਿਤਵ ਲਈ। ਚੱਲ ਹੀ ਪਿਆ ਇਕ ਦਿਨ। ਦੂਰ ਵਾਟਾਂ, ਔਖੇ ਪੈਂਡੇ, ਕਿਤੇ ਜਾ ਨੇੜੇ ਅੱਪੜਿਆਂ ਤਾਂ ਇਕ ਗਹਿਬਰ ਬਨ ਆ ਗਿਆ। ਏਕਾਦਸ਼ੀ ਦਾ ਬ੍ਰਤ ਸੀ ਮੈਂ ਧਾਰਨ ਕੀਤਾ ਹੋਇਆ-ਨਿਰਜਲ ਨਿਰਅੰਨ ਬ੍ਰਤ। ਬਰਖਾ ਉਤਰ ਪਈ


www.sikhbookclub.com

ਬਨ ਦੇ ਇਕ ਬ੍ਰਿਛ ਦੀ ਖੋੜ ਵਿਚ ਖੜੋਕੇ ਬਰਖਾ ਤੋਂ ਬਚਾਉ ਕੀਤਾ ਤਨ ਦਾ। ਇਥੇ ਹੀ ਰਾਤ ਬੀਤੀ। ਦੁਆਦਸ਼ੀ ਆ ਗਈ। ਠੰਢ, ਭੁਖ, ਥਕਾਨ ਨੇ ਵਿਆਕੁਲ ਕਰ ਦਿੱਤਾ। ਮੈਂ ਜਾਤਾ ਆ ਗਈ ਏ ਲੈਣ ਜੋ ਲੈ ਜਾਂਦੀ ਏ ਅੰਤ ਸਭ ਕਿਸੇ ਨੂੰ। ਬੇਹੋਸ਼ੀ ਦੇ ਰੰਗ ਲੰਘਣ, ਫੇਰ ਫੇਰ ਹੋਸ਼ ਪਰਤੇ। ਦਿਨ ਬੀਤਣ ਤੇ ਆ ਗਿਆ, ਦੁਆਦਸ਼ੀ ਬੀ ਏਕਾਦਸ਼ੀ ਵਾਂਙੂ ਨਿਰਜਲ ਨਿਰਅੰਨ ਲੰਘ ਗਈ। ਹੁਣ ਜਦ ਤਾਣ ਕੋਈ ਨਾ ਰਹੀ ਤੇ ਨਿਸੱਤਾ ਹੋ ਢੱਠਾ ਤਾਂ ਕਿਸੇ ਨੇ ਆ ਜਗਾਇਆ, 'ਲਓ ਭਗਤ ਜੀ! ਅੰਨ ਪਾਓ'। ਮੈਂ ਸੁਣਿਆ ਹੋਇਆ ਸੀ 'ਅੰਨ ਪ੍ਰਾਣ ਹਨ', ਪਰ ਅੱਜ ਤਾਂ ਅੰਨ ਦੀ ਅਵਾਜ਼ ਨੇ ਹੀ ਪ੍ਰਾਣਾਂ ਵਿਚ ਤ੍ਰਾਣ ਭਰ ਦਿੱਤਾ। ਮੈਂ ਉਠਿਆ ਪਰ ਅਭਾਗ। ਅੰਨ ਕੱਚਾ ਸੀ-ਦਾਲ ਭਾਤ ਸੀ। ਲਿਆਉਣ ਵਾਲੇ ਦੀ ਜਾਤ ਦਾ ਪਤਾ ਨਹੀਂ ਸੀ। ਅੰਨ ਪਿਆ ਸੀ, ਲਿਆਉਣ ਵਾਲਾ ਓਥੋਂ ਗੁੰਮ ਸੀ। 'ਪ੍ਰਾਣ ਰਖ ਧਰਮ ਹੈ' ਇਹ ਬੀ ਫੁਰਨਾ ਫੁਰੇ, ਪਰ ਫਿਰ ਚਿਤ ਨੇ ਕਿਹਾ : ਮਾਈ ਦਾਸ! ਧਰਮ ਨਾ ਖੋ, ਇਹ ਅਨਿਸਚਿਤ ਕੱਚਾ ਅੰਨ ਖਾ ਕੇ ਜਾਨ ਬਚਾਉਣ ਨਾਲੋਂ ਨਾ ਖਾ ਕੇ ਧਰਮ ਸਹਿਤ ਮਰਨਾ ਸਰੇਸ਼ਟ ਹੈ। ਸੋ ਮੈਂ ਮਨ ਨੂੰ ਨਾਂਹ ਕਰ ਦਿੱਤੀ ਤੇ ਫੇਰ ਸਥਰ ਤੇ ਲੇਟ ਗਿਆ। ਕੁਛ ਚਿਰ ਮਗਰੋਂ ਫੇਰ ਕੋਈ ਆ ਗਿਆ ਤੇ ਬੋਲਿਆ, ਲਓ ਭਗਤ ਜੀ ਪੱਕਾ ਭੋਜਨ ਪਾਓ। ਹੁਣ ਉਠਣ ਤਾਣ ਹੋਰ ਘਟ ਗਿਆ ਸੀ, ਬਾਂਹ ਫੜਕੇ ਕਿਸੇ ਨੇ ਉਠਾਲਿਆ, ਪਰ ਉਠਕੇ ਮੈਂ ਕੀਹ ਦੇਖਦਾ ਹਾਂ ਕਿ ਪੱਕਾ ਭੋਜਨ ਤਾਂ ਪਿਆ ਹੈ ਪਰ ਓਥੇ ਹੈ ਕੋਈ ਨਹੀਂ।

ਹੁਣ ਸੋਚ ਫੁਰੇ ਕਿ ਇਸ ਬਨ ਵਿਚ ਕਉਣ ਹੈ ਜੋ ਕੱਚੇ ਪੱਕੇ ਅੰਨ ਤਯਾਰ ਕਰਕੇ ਲਿਆ ਸਕਦਾ ਹੈ? ਕਦੇ ਸੋਚਾਂ ਕੋਈ ਯੋਗੀ ਹੋਸੀ ਬਨ ਵਿਚ। ਫੇਰ ਫੁਰਨਾ ਫੁਰੇ :-

ਫੂਹੜ ਮਾਈ ਦਾਸ! ਫਿਰ ਫਰੌਟੀ ਖਾਨਾ ਏਂ! ਕੌਣ ਏ ਕੁਛ ਕਰ ਸਕਣ ਵਾਲਾ, ਪਰ ਭਗਵਾਨ ਆਪ, ਹਾਂ ਭਗਵਾਨ ਆਪ। ਤਾਂ ਮੈਨੂੰ ਹੋਰ ਵੈਰਾਗ ਛਿੜ ਪਿਆ ਕਿ ਉਹ ਅੰਨ ਮੈਨੂੰ ਆਪ ਦੇ ਗਿਆ ਹੈ ਆਪਣੇ ਵਿਸ਼ੰਵੰਭਰ ਬਿਰਦ ਨੂੰ ਪਾਲਣ ਹਿਤ, ਪਰ ਉਹ ਮੇਰੇ ਤੇ ਪ੍ਰਸੰਨ ਨਹੀਂ ਹੋਣਾ, ਜੇ ਪ੍ਰਸੰਨ ਹੁੰਦਾ ਤਾਂ ਦਰਸ਼ਨ ਨਾਂ ਦੇ ਕੇ ਜਾਂਦਾ ਕਿ ਜਿਸ ਦਰਸ਼ਨ ਲਈ ਮੇਰੀ ਜਿੰਦ ਵ੍ਯਾਕੁਲ ਹੈ! ਦਰਸ਼ਨ ਦੇ ਕੇ ਜਿੰਦੜੀ ਨਾਲ ਲੈ ਜਾਂਦਾ ਇਸ ਤੋਂ ਭਲਾ ਹੁੰਦਾ ਕਿ ਨਿਰਦਰਸ਼ਨ ਰੱਖਕੇ ਜਿੰਦ ਬਚਾਉਣ ਲਈ ਪੱਕਾ ਅੰਨ ਦੇਣ ਦੀ ਖੇਚਲ ਝੱਲੀ ਸੂ। ਪਰ ਕੌਣ ਜਾਣੇ ਉਸਦੇ ਕਰਨੇ, ਉਹੋ ਜਾਣੇ। ਹੁਣ ਮੇਰੇ ਤੇ ਹੋਰ ਵਿਰਾਗ ਛਾ ਗਿਆ, ਮੈਂ ਧਾਹੀਂ ਮਾਰ ਰੁੰਨਾ। ਹੇ ਭਗਵਾਨ! ਦੇਹ ਦਰਸ਼ਨ, ਦੇਹ ਦਰਸ਼ਨ। ਇਸ ਅਤਿ ਵ੍ਯਾਕੁਲਤਾ ਵਿਚ ਪਤਾ ਨਹੀਂ ਕੀਹ ਹੋਇਆ, ਹੋਸ਼ ਸੀ ਕਿ ਬੇਹੋਸ਼ੀ, ਜਾਗ੍ਰਤ ਸੀ ਕਿ ਸੁਪਨਾ, ਮੇਰੇ ਕੰਨਾਂ ਵਿਚ ਪ੍ਰਤੱਖ ਸੁਣੀਂਦੀ ਇਕ ਅਵਾਜ਼ ਪਈ। ਅੱਖਰ ਤਾਂ ਮੈਨੂੰ ਠੀਕ ਯਾਦ ਨਹੀਂ ਭਾਵ ਯਾਦ ਹੈ ਜੋ ਇਸ ਪ੍ਰਕਾਰ ਸੀ :- ਮਾਈ ਦਾਸ! ਪ੍ਰੇਮ ਤੇ ਨੇਮ ਦੋ ਚੀਜ਼ਾਂ ਹਨ, ਨੇਮ ਪ੍ਰੇਮ ਤਕ ਜਾਂਦਾ ਹੈ, ਅੱਗੇ ਦੇਸ਼ ਪ੍ਰੇਮ ਦਾ ਹੈ, ਓਥੇ ਪ੍ਰੇਮ ਉਤੇ ਨੇਮ ਸਦਕੇ ਕਰੀਦਾ ਹੈ। ਤੂੰ ਗੋਇੰਦਵਾਲ ਜਿਥੇ ਗਿਆ ਸੈਂ, 'ਦਰਸ਼ਨ' ਤਾਂ ਓਥੇ ਸੀ, ਪਰਤੱਖ ਦਰਸ਼ਨ ਉਹ ਜਿਸ ਨੂੰ ਪਾਕੇ ਤ੍ਰਿਪਤ ਹੋ ਜਾਂਦੋਂ। ਤੂੰ ਓਥੇ ਸੁੱਕਾ ਨੇਮ ਨਿਬਾਹਿਆ ਤੇ 'ਦਰਸ਼ਨ ਪ੍ਰੇਮ' ਨੂੰ ਸਦਕੇ ਕਰ ਦਿੱਤਾ। ਹੁਣ ਦਰਸ਼ਨ ਕਿਉਂ ਟੋਲਦਾ ਹੈਂ? ਪ੍ਰੇਮ ਧਾਰ, ਓਥੇ ਜਾਹ, ਦਰਸ਼ਨ-ਪ੍ਰਤੱਖ ਦਰਸ਼ਨ ਓਥੇ ਹੀ ਹੋਣਗੇ। ਫੇਰ ਆਵਾਜ਼ ਆਈ-ਦੇਖ, ਗੁਰੂ ਅਮਰਦਾਸ ਫੁਰਮਾ ਰਹੇ ਹਨ- 'ਸਰਬ ਧਰਮਾਂਨੁ ਪ੍ਰਿਤਜਜ ਮਾਮੇਕੰ ਸ਼ਰਣੰ ਬ੍ਰਜ'। ਇਹ ਅਵਾਜ਼ ਮੈਂ ਚੰਗੀ ਤਰ੍ਹਾਂ ਤ੍ਰੈ ਵਾਰੀ ਉਚਰੀਂਦੀ ਸੁਣੀਂਦੀ ਪ੍ਰਤੀਤ ਕੀਤੀ। ਤਦ ਮੇਰੈ ਮਨ ਕੰਘੀ ਵਜੀ ਕਿ ਹੈਂ ਮੈਂ ਕੇਡਾ ਭੁੱਲਾ ਰਿਹਾ! ਇਹ ਤੁਕ ਆਖਣ ਵਾਲਾ ਕ੍ਰਿਸ਼ਨ ਦੇਵ ਤਾਂ ਹੁਣ ਅਵ੍ਯਕਤ ਹੈ; ਆਖਦਾ ਹੈ ਸਾਰੇ ਧਰਮਾਂ ਨੂੰ ਛੱਡ ਦੇਹ, ਇਕ ਮੇਰੀ ਸ਼ਰਣ ਫੜ ਲੈ। ਹੈਂ ਕੀਹ ਇਹ ਵਾਕ ਜਿਸ ਰੂਪ ਵਿਚ ਆਖਿਆ ਸਾਸੂ ਓਹੋ ਰੂਪ ਹੁਣ ਗੁਰੂ ਅਮਰਦਾਸ ਦਾ ਹੈ? ਜਿਸ ਹਾਲ ਵਿਚ, ਜਿਸ ਰੂਪ ਵਿਚ ਕਿਹਾ ਸਾਸੂ ਉਹ ਰੂਪ ਤਾਂ ਹੁਣ ਓਸਦਾ ਹੈ ਨਹੀਂ। ਉਹ ਤਾਂ ਅਵ੍ਯਕਤ ਰੂਪ ਹੈ ਹੁਣ, ਪਰ ਕੀ ਓਹ ਰੂਪ ਹੁਣ ਗੁਰੂ ਅਮਰਦਾਸ ਹੈ ਤੇ ਮੈਂ ਭੁੱਲ ਕੀਤੀ ਕਿ ਮੈਂ ਸਿਞਾਤਾ ਨਾ ਤੇ ਮੈਂ ਜਿਸ ਦੇ ਦਰਸ਼ਨ ਮੰਗਦਾ ਸਾਂ, ਉਸ ਦੇ ਦਰਸ਼ਨ ਤੋਂ ਆਪ ਨੂੰ ਵਾਂਞ ਆਇਆ ਹਾਂ। ਤਾਂ ਤੇ ਮੈਂ ਹੁਣ ਓਸ ਕਠਨ ਰਸਤੇ ਪਵਾਂ ਜੋ 'ਅਵ੍ਯਕਤ' ਦੀ ਪ੍ਰਾਪਤੀ


www.sikhbookclub.com

ਦਾ ਹੈਂ, ਕਿਉਂਕਿ ਭਗਵਾਨ ਨੇ ਗੀਤਾ ਵਿਚ ਹੀ ਕਿਹਾ ਹੈ ਕਿ 'ਅਵਯਕਤ (ਨਿਰਗੁਣ) ਦਾ ਮਾਰਗ ਕਠਨ ਹੈ। ਸੋ ਮੈਂ ਹੁਣ ਅਵਯਕਤ ਦੀ ਪੂਜਾ ਕਰਾਂ ਕਿ ਗੋਇੰਦਵਾਲ ਬੈਠੇ ਓਸ ਪ੍ਰਤਖ ਭਗਵਾਨ ਦੇ ਪ੍ਰਤੱਖ ਦਰਸ਼ਨ ਕਰਾਂ? ਹਾਂ ਜੀਓ ਤਦ ਇਹ ਮੇਰੀ ਭੁੱਲ ਮੈਨੂੰ ਸਾਖਯਾਤ ਹੋ ਗਈ। ਤਦ ਮੈਂ ਪਹਿਲਾ ਭਰਮ ਇਹ ਤਿਆਗਿਆ ਕਿ ਉਹ ਭੋਜਨ, ਜੋ ਕੋਈ ਧਰ ਗਿਆ ਸੀ, ਮੈਂ ਖਾਧਾ ਤੇ ਆਪਣੇ ਸਰੀਰ ਵਿਚ ਤਾਣ ਭਰਿਆ; ਫੇਰ ਸਨੇ ਮਨੇ ਸਫਰ ਕਰਦਾ ਆਪ ਦੀ ਸ਼ਰਨ ਆ ਪ੍ਰਾਪਤ ਹੋਇਆ ਹਾਂ। ਪਹਿਲੋਂ ਆਪ ਦੇ ਦੈਵੀ ਲੰਗਰ ਦਾ, ਜੋ ਹੁਣ ਮੈਨੂੰ ਸਦਾ ਪਵਿੱਤ੍ਰ ਦਿੱਸਦਾ ਹੈ, ਅੰਨ ਪਾ ਕੇ ਸੁਖੀ ਹੋਇਆਂ ਹਾਂ ਤੇ ਹੁਣ ਸ਼ਰਣ ਆਇਆ ਹਾਂ ਆਪ ਦੇ ਦਰਬਾਰ ਵੜਦਿਆਂ ਜਦ ਮੇਰੀ ਨਜ਼ਰ ਆਪ ਤੇ ਪਈ ਤਾਂ ਮੈਂ ਭਚੱਕ ਰਹਿ ਗਿਆ, ਕਿਉਂਕਿ ਮੈਨੂੰ ਆਪ ਪੀਤਾਂਬਰੀ ਵੇਸ ਵਿਚ ਮੋਰ ਮੁਕਟ ਸਜੇ ਮੇਰੇ ਆਰਾਧੇ ਇਸ਼ਟ ਦੇਵ ਹੋ ਕੇ ਦਿੱਸ ਪਏ। ਇਹ ਮੈਂ ਚੰਗੀ ਤਰ੍ਹਾਂ ਨਿਸਚੇ ਕੀਤਾ ਕਿ ਪ੍ਰਤੱਖ ਹੈ, ਝਾਂਵਲਾ ਮਾਤ੍ਰ ਨਹੀਂ। ਸੋ ਹੁਣ ਮੇਰਾ ਨਿਸ਼ਚਾ, ਹੇ ਭਗਵਾਨ, ਅਨਿਸਚੇ ਦੀ ਲੇਸ਼ ਮਾਤ੍ਰ ਅੰਸ਼ ਤੋਂ ਬੀ ਨਿਰਦ੍ਵੰ ਹੋ ਗਿਆ ਹੈ। ਜਦ ਮੈਂ ਆਪ ਦੇ ਉਸ ਆਪਣੇ ਆਰਾਧੇ ਰੂਪ ਨੂੰ ਦੇਖ ਦੇਖ ਤ੍ਰਿਪਤ ਹੋ ਗਿਆ ਤਾਂ ਆਪ ਜੀ ਮੈਨੂੰ ਗੁਰੂ ਅਮਰਦਾਸ ਜੀ ਹੋ ਦਿੱਸੇ ਹੋ। ਕਿਉਂ ਜੀ ਆਪ ਹੋ ਨਾ ਆਪ, ਦੱਸ ਦਿਓ ਜੀ! ਆਪ।

ਸ੍ਰੀ ਗੁਰੂ ਜੀ ਸੁਣ ਕੇ ਮੁਸਕ੍ਰਾ ਪਏ।

ਮਾਈ ਦਾਸ-ਹਾਂ ਜੀ ਨਾ ਦੱਸੋ, ਹੁਣ ਦੱਸਣ ਪੁੱਛਣ ਦੀ ਲੋੜ ਨਹੀਂ, ਪ੍ਰਤਖਸੰ ਕਿੰ ਪ੍ਰਮਾਣੰ। ਪ੍ਰਤਖ ਹੋ ਗਿਆ ਹੈ; ਆਪ ਹੋ ਆਪ। ਨੈਣ ਮੁੰਦਕੇ-ਕਦੇ ਨਾ ਡੋਲੇ ਮੇਰਾ ਇਹ ਨਿਸਚਾ, ਇਹ ਕਹਿੰਦਿਆਂ ਨੈਣੀ ਨੀਰ ਭਰ ਆਇਆ। ਸਰੀਰ ਨੂੰ ਪੁਲਕਾਵਲੀ ਹੋ ਆਈ। ਮਨ ਵਿਚ ਕੋਈ ਤ੍ਰੰਗ ਵੁਠੇ ਉੱਚੇ ਭਾਵਾਂ ਦੇ ਤੇ ਭਗਤ ਜੀ ਬੋਲ ਉਠੇ, ਸ਼ਰਧਾ ਪਜਾਰ ਤੇ ਸਿਫਤ ਸਲਾਹ ਵਿਚ ਭਰੇ ਹੋਏ ਜੋ ਵਾਕ ਕਿ ਕਵੀ ਸੰਤੋਖ ਸਿੰਘ ਜੀ ਨੇ ਐਉਂ ਦਰਸਾਏ ਹਨ :-

ਮਹਾਰਾਜ ਰਾਜਾ ਪ੍ਰਤਾਪੰ ਖਿਰਾਜੈ।
ਤੂਹੀ ਸਰਬ ਕੋ ਸੀਸ ਪਰ ਏਕ ਛਾਜੈ:
ਘਨਾਨੰਦ ਗਜਾਨੰ ਮਨਿੰਦੇ ਨ ਕੋਈ।
ਕਲੀ ਦੇਹਿ ਧਾਰਯੋ ਕਲਾ ਸਰਬਗੋਈ।੨੦॥
ਗੁਰੂ ਰੂਪ ਹੋਏ ਤ੍ਰਿਤੀ ਥਾਨ ਸੋਹੈਂ।
ਅਸੰਖੇ ਉਧਾਰੇ ਬਨੇ ਦਾਸ ਜੋ ਹੈਂ।
ਨਈ ਰੀਤਿ ਸਿੱਖੀ ਬਿਥਾਰੀ ਉਦਾਰੀ।
ਲਈ ਪਾਰ ਜਾਂਹੀਂ ਪਏ ਦੁਖਜ ਧਾਰੀ॥੨੧॥
ਸਦਾ ਜੈ ਸਦਾ ਜੈ ਸਦਾ ਜੈ ਗੁਸਾਈਂ।
ਮਯਾ ਕੀਨਿ ਮੋਪੈ ਸੁ ਲੋਨੋ ਬਚਾਈ।
ਗੁਬਿੰਦੇ, ਮੁਕੰਦੇ, ਅਨੰਦੇ, ਅਨੂਪੇ।
ਨਮਸਤੰ ਨਮਸਤੰ ਨਮਸਤੰ ਸਰੂਪੇ॥੨੨॥

ਇਉਂ ਗਾਉਂਦਾ ਚੁੱਪ ਹੋ ਗਿਆ ਤੇ ਡੰਡਉਤ ਕਰਦਾ ਚਰਨੀਂ ਪੈ ਗਿਆ, ਫੇਰ ਉਠਿਆ ਤੇ ਬੇਨਤੀ ਕੀਤੀਓਸੁ :-

ਹੇ ਦਾਤਾ ਗੁਰੂ, ਹੁਣ ਆਪਣੀ ਸ਼ਰਣ ਵਿਚ ਨਿਵਾਸ ਬਖਸ਼ੋ।

ਇਹ ਸੁਣ ਕੇ ਆਪ ਜੀ ਮੁਸਕ੍ਰਾਏ ਤੇ ਆਖਣ ਲਗੇ :- ਚੰਗਾ ਮਾਈ ਦਾਸ! ਹੁਣ ਤੂੰ ਏਥੇ ਸਾਡੇ ਪਾਸ ਹੀ ਰਹੁ। ਪਾਰਬ੍ਰਹਮ ਪ੍ਰਭੂ ਦੇ ਦਰਸ਼ਨ ਏਥੇ ਹੀ ਹੋ ਜਾਣਗੇ, ਹੋਰ ਕਾਮਨਾ ਬੀ ਸਭ ਪੂਰਨ ਹੋ ਜਾਣਗੀਆਂ। ਪਰ ਅੱਠ ਕੁ ਦਿਨਾਂ ਦਾ ਅਜੇ ਫਰਕ ਹੈ, ਤਦੋਂ ਤੇਰਾ ਹਰਬਰ ਪ੍ਰਗਟੇਗਾ, ਉਸ ਦੁਆਰਾ ਤੈਨੂੰ ਕਲਯਾਣ ਪ੍ਰਾਪਤ ਹੋਵੇਗਾ।

ਮਾਈ ਦਾਸ ਨੇ ਆਗਯਾ ਸਿਰ ਧਰ ਮੰਨੀ, ਅੱਠਾਂ ਦਿਨਾਂ ਨੂੰ ਗੋਇੰਦਵਾਲ ਵਿਚ ਇਕ ਹੋਰ ਕੌਤਕ ਵਰਤਿਆ। ਮਾਣਕ ਚੰਦ ਨਾਮੇ ਗੁਰੂ ਕਾ ਅਨਿੰਨ ਸਿਖ ਬਾਵਲੀ ਦੀ ਕਾਰ ਕਰਦਾ ਡੁਬ ਗਿਆ ਤਾਂ ਬਾਵਲੀ ਤੋਂ ਕਢੇ ਗਏ ਦੇ ਸਰੀਰ ਨੂੰ ਸਤਿਗੁਰੂ ਜੀ ਨੇ ਜੀਉਂਦਾ ਕਰ ਦਿੱਤਾ। ਉਸ ਨੂੰ 'ਜੀਉੜਾ' ਕਰਕੇ ਸੱਦਿਆ।

ਮਾਣਕ ਚੰਦ ਗੁਰੂ ਦਾ ਅਨਿੰਨ ਸਿਖ ਸੀ ਜੋ ਜੀਵਨ ਮਰਨ ਗੁਰੂ ਕੇ ਹੱਥ ਸਮਝਦਾ ਸੀ। ਬਾਵਲੀ ਖਣਦਿਆਂ ਅਖੀਰ ਤੇ ਇਕ ਰੋੜਾਂ ਦਾ ਕੜ ਆ ਗਿਆ ਜੋ ਤਰੁਟਦਾ ਨਹੀਂ ਸੀ। ਸ੍ਰੀ ਗੁਰੂ ਜੀ ਨੇ ਮਾਣਕ ਚੰਦ ਨੂੰ ਕਿਹਾ ਕਿ ਭਾਈ ਤੂੰ ਸਵਾਸਾਂ ਨੂੰ ਸਾਧਿਆ ਹੋਇਆ ਹੈ, ਵਡਾ ਵਦਾਣ ਲੈ ਤੇ ਜਾ ਵੜ ਵਿਚ, ਤੇਰੇ ਵਦਾਣ ਦੀ ਸੱਟ ਨਾਲ ਕੜ ਟੁੱਟੇਗਾ। ਐਸਾ ਹੀ ਹੋਇਆ, ਕੜ ਟੁੱਟਕੇ ਜੋ ਪਾਣੀ ਅਗਾਹ ਫੁਟਿਆ ਉਸ ਵਿਚ ਮਾਣਕ ਚੰਦ ਡੁਬ ਗਿਆ ਤੇ ਉਸ

 www.sikhbookclub.com

ਦਾ ਸਰੀਰ ਮੁਸ਼ਕਲ ਨਾਲ ਜਲ ਤੋਂ ਬਾਹਰ ਆਂਦਾ ਗਿਆ। ਗੁਰੂ ਜੀ ਨੂੰ ਖਬਰ ਹੋਈ ਕਿ ਮਾਣਕ ਡੁਬ ਮਰਿਆ ਹੈ। ਗੁਰੂ ਜੀ ਬੋਲੇ 'ਮਾਣਕ ਤਾਂ ਜੀਉੜਾ ਹੈ' ਲੈ ਆਓਸੁ ਅਸਾਂ ਪਾਸ। ਜਦ ਲੈ ਆਏ, ਸਤਿਗੁਰ ਨੇ ਚਰਨ ਛੁਹਾਏ ਤੇ ਕਿਹਾ 'ਉਠੋ ਜੀਉੜੇ! ਜੀਉ ਉਠੋ ਜੀਉੜੇ ਮਾਣਕ ਚੰਦ!" ਤਦ ਓਹ ਵੱਲ ਉਠ ਬੈਠਾ। ਗੁਰੂ ਜੀ ਨੇ ਇਸ ਨੂੰ ਵਰ ਦਾਨ ਦਿਤੇ ਤੇ ਮੰਜੀ ਬਖਸ਼ੀ। ਭੁਗਤ, ਮੁਕਤ, ਜਗਤ ਤਾਰਨ ਦੀ ਸੱਤਯਾ ਦਿਤੀ। ਤਦੋਂ ਮਾਈ ਦਾਸ ਨੂੰ ਬੁਲਾ ਕੇ ਇਸ ਦੇ ਚਰਨੀਂ ਲਾਇਆ ਤੇ ਕਿਹਾ ਮਾਈ ਦਾਸ ਇਹ ਤੇਰਾ ਆਗੂ ਹੋਇਆ ਤੇ ਆਗਿਆ ਕੀਤੀ ਕਿ ਤੁਸੀਂ ਦੋਨੋਂ ਜਗਤ ਵਿਚ ਨਾਮ ਦਾ ਪ੍ਰਚਾਰ ਕਰੋ। ਸੋ ਦੋਵੇਂ ਆਪ ਤਰੇ ਤੇ ਅਨੇਕਾਂ ਦੇ ਤਾਰਕ ਬਣੇ, ਪਰ ਸਦਾ ਗੁਰੂ ਘਰ ਦੀ ਚਰਣ ਸ਼ਰਣ ਰਹੇ। ਮਾਣਕ ਚੰਦ ਦੀ ਉਲਾਦ ਦੇ ਵੈਰੋਵਾਲ ਰਹਿੰਦੇ ਹਨ ਤੇ ਜੀਉੜੇ ਬਾਵੇ ਕਹਿਲਾਉਂਦੇ ਹਨ। ਇਨ੍ਹਾਂ ਨੂੰ ਸਨਮਾਨ ਗੁਰੂ ਦੇ ਵੰਸ਼ਜ ਬਾਵਿਆਂ ਵਾਲਾ ਮਿਲਦਾ ਹੈ; ਮਾਣਕ ਚੰਦ ਨੂੰ ਮੰਜੀ ਵੈਰੋਵਾਲ ਮਿਲੀ ਸੀ[੪੪]।

ਮਾਈ ਦਾਸ ਮਾਣਕ ਚੰਦ ਦੀ ਸੁਹਬਤ ਵਿਚ ਬ੍ਰਹਮ ਗਯਾਨ ਦੀ ਅਵਸਥਾ ਨੂੰ ਪਹੁੰਚਾ। ਇਸ ਦਾ ਪਿੰਡ ਮਾਝੇ ਵਿਚ ਨਰੋਲੀ ਨਾਮੇ ਹੈ, ਇਸ ਨੂੰ ਬੀ ਗੁਰੂ ਜੀ ਨੇ ਮੰਜੀ ਬਖਸ਼ੀ ਸੀ। ਇਸ ਦੀ ਗੱਦੀ ਜੋਧ ਨਾਮੇ ਪਿੰਡ ਜ਼ਿਲਾ ਅੰਮ੍ਰਿਤਸਰ ਵਿਚ ਦੱਸੀਦੀ ਹੈ। ਦੋਵੇਂ ਸਜਣ ਪਾਰਗਿਰਾਮੀ ਹੋਏ ਹਨ ਤੇ ਸਿੱਖੀ ਦਾ ਸੁੰਦਰ ਪ੍ਰਚਾਰ ਕਰਦੇ ਰਹੇ ਹਨ।

ਪ੍ਰਸ਼ਨ ਹੁੰਦਾ ਹੈ ਕਿ ਕਿਉਂ ਮਾਈ ਦਾਸ ਨੂੰ ਆਪਦੇ ਤਾਂਹੇ ਇਕ ਪੂਰਨ ਗੁਰਮੁਖ ਸਿਖ ਦੇ ਹਵਾਲੇ ਕੀਤਾ ਤੇ ਉਸਦੀ ਅਗੁਵਾਈ ਵਿਚ ਟੋਰਿਆ, ਆਪ ਹੀ ਸਿਧਾ ਪਰਮਪਦ ਨੂੰ ਕਿਉਂ ਨਾ ਪਹੁੰਚਾਇਆ। ਗੁਰੂ ਕੀ ਗਤਿ ਗੁਰੂ ਜਾਣੇ, ਪਰ ਇਉਂ ਜਾਪਦਾ ਹੈ ਕਿ ਮਾਈ ਦਾਸ ਸਰਗੁਣ ਭਗਤੀ ਦਾ ਉਪਾਸ਼ਕ ਸੀ, ਉਸ ਨੂੰ ਨਿਰਗੁਣ ਦੀ ਉਪਾਸਨਾ ਵਿਚ ਪਾਕੇ ਪਰਮ ਪਦ ਤੇ ਪਹੁੰਚਾਣਾ ਸੀ, ਜਿਸ ਲਈ ਲੋੜ ਸੀ ਕਿ ਕਿਸੇ ਗੁਰੂ ਘਰ ਦੇ ਪਾਰਗਿਰਾਮੀ ਗੁਰਮੁਖ ਦੀ ਸੁਹਬਤ ਵਿਚ ਰਹੇ। ਉਸ ਦੇ ਸਹਾਰੇ ਨਾਲ ਨਿਰਗੁਣਤਾ ਵਿਚ ਸੁਰਤ ਨੂੰ ਲਿਜਾਵੇ। ਹਰ ਵੇਲੇ ਦਾ ਸਤਿਸੰਗ, ਵੇਲੇ ਵੇਲੇ ਦੀਆਂ ਲੋੜਾਂ ਦੇ ਉਪਦੇਸ਼ ਮਿਲਦੇ ਰਹਿਣ ਤੇ ਹਰ ਤਰ੍ਹਾਂ ਦੀ ਆਤਮਿਕ ਸਹਾਇਤਾ ਪਾਕੇ ਉਸਦਾ 'ਆਪਾ' 'ਸਰਬ ਅਨਆਪੇ' ਤੋਂ ਨਿਵਾਰਿਆ ਜਾਕੇ 'ਸਰਵ ਆਪੇ' ਨੂੰ ਪ੍ਰਾਪਤ ਹੋਵੇ।

ਦੂਸਰੇ ਸਤਿਗੁਰੂ ਜੀ ਨੇ ਡਿੱਠਾ ਹੋਣਾ ਹੈ ਕਿ ਆਪਣੀ ਪਹਿਲੀ ਕਰਨੀ ਕ੍ਰਿਤ ਦਾ ਕੁਛ ਮਾਨ ਇਸ ਦੇ ਅੰਦਰ ਅਜੇ ਹੈ, ਜੋ ਗੁਰਸਿਖ ਦੀ ਚਰਨੀਂ ਲਾਇਆਂ ਹਟੇਗਾ। ਗੁਰਸਿਖ ਜੋ ਹਉਂ ਅਤੀਤਤਾ ਵਿਚ ਵਰਤਦੇ ਹਨ, ਸਿਧੇ ਸਾਦੇ ਭਾਸਦੇ ਹਨ; ਪਰ ਅਸਲ ਵਿਚ ਕਰਨੀ ਕਰਮਾਂ ਆਦਿ ਦੇ ਅਭਿਮਾਨੀਆਂ ਤੋਂ ਬਹੁਤ ਉੱਚੇ ਹੁੰਦੇ ਹਨ : ਇਹ ਨਿਰਅਭਿਮਾਨੀ ਦੇ ਪਾਸ ਰਹਿਕੇ ਉਸਦੇ ਵਰਤੋਂ ਵਰਤਾਉ ਤੇ ਜੀਵਨ ਨੂੰ ਦੇਖ ਕੇ ਹੀ ਪ੍ਰਾਪਤੀ ਹੁੰਦੀ ਹੈ। ਮਾਣਕ ਚੰਦ ਪਾਸ ਵਕਤ ਬੀ ਚੋਖਾ ਸੀ ਜੋ ਇਸ ਸਜਣ ਦੀ ਸੂਖਮ ਹਉਂ ਤੇ ਅਭਿਮਾਨ ਦੀ ਲੱਗ ਲਵੇੜ ਨੂੰ ਦੂਰ ਕਰਨ ਲਈ ਖਰਚ ਕਰ ਸਕਦਾ ਸੀ। ਤਦੇ ਰੋਜ਼ ਮੰਗੀ ਦਾ ਹੈ ਅਰਦਾਸੇ ਵਿਚ-ਗੁਰਮੁਖ ਦਾ ਮੇਲ, ਸਾਧ ਦਾ ਸੰਗ, ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।

– ੦ –

## ੨੩. ਰੰਗੂ ਸ਼ਾਹ।

ਜੋ ਪੁਰਖ ਵਡਾ ਵਪਾਰੀ ਹੋਵੇ, ਦੇਸ ਦਿਸਉਰਾਂ ਵਿਚ ਜਗ੍ਹਾ ਜਗ੍ਹਾ ਵਪਾਰ ਦੀਆਂ ਦੁਕਾਨਾਂ ਹੋਸੁ, ਲੋਕਾਂ ਦੇ ਰੁਪੈ ਅਮਾਨੀ ਜਮਾਂ ਕਰੇ, ਇਕ ਥਾਂ ਤੋਂ ਦੂਸਰੀ ਥਾਂ ਹੁੰਡੀਆਂ ਕਰਕੇ ਭੁਗਤਾਵੇ-ਜਿਵੇਂ ਅਜ ਕਲ ਬੈਂਕ ਕਰਦੇ ਹਨ; ਉਸ ਨੂੰ ਅਗਲੇ ਸਮੇਂ ਕੋਠੀਦਾਰ ਕਹਿੰਦੇ ਸਨ। ਉਸ ਦੀਆਂ ਵਪਾਰ ਤੇ ਰੁਪੈ ਦੀ ਲੈਣ ਦੇਣ ਵਾਲੀਆਂ ਦੁਕਾਨਾਂ ਨੂੰ ਕੋਠੀ ਕਿਹਾ ਕਰਦੇ ਹਨ।

ਇਸੀ ਤਰ੍ਹਾਂ ਦਾ ਇਕ ਵਪਾਰੀ ਲਾਹੌਰ ਵਿਚ ਹੁੰਦਾ ਸੀ। ਜ਼ਾਤ ਦਾ ਬੱਸੀ ਖੱਤਰੀ ਸੀ। ਨਾਉਂ ਇਸ ਦਾ ਰੰਗਾ ਦਾਸ ਸੀ। ਇਸ ਦਾ ਕਾਰ ਵਿਹਾਰ ਹਿੱਲ ਗਿਆ ਤੇ ਇਹ ਸਭ ਕੁਛ ਗੁਆ ਕੇ ਲਾਹੌਰੋਂ ਉਠ ਟੁਰਿਆ। ਰਾਹ ਵਿਚ ਗੋਇੰਦਵਾਲ ਠਹਿਰ ਗਿਆ, ਗੁਰੂ ਕੇ ਦੁਆਰੇ ਦਰਸ਼ਨ ਕਰਨੇ ਲਈ ਗਿਆ।

 www.sikhbookclub.com

ਲੰਗਰ ਦਾ ਪ੍ਰਸ਼ਾਦ ਛਕਕੇ ਹਜ਼ੂਰੀ ਵਿਚ ਹਾਜ਼ਰ ਹੋਇਆ ਤੇ ਅਤਿ ਨਿੰਮ੍ਰਤਾ ਨਾਲ ਆਪਣੀ ਬ੍ਰਿਥਾ ਬਿਨੈ ਕੀਤੀ।

ਵਾਹਿਗੁਰੂ ਜੀ ਦੇ ਪ੍ਰੇਮ ਵਿਚ ਕਿ ਜਗਤ ਦੀ ਮਿਥਜਤਵ ਭਾਨ ਹੋਣ ਤੇ ਵੈਰਾਗ ਹੋਣਾ ਹੋਰ ਗੱਲ ਹੈ, ਪਰ ਕਦੇ ਕਦੇ ਪਦਾਰਥ ਹਾਨੀ ਨਾਲ ਬੀ ਚਿਤ ਦ੍ਰਵੀਭੂਤ ਹੋ ਕੇ ਵੈਰਾਗ ਜੇਹੇ ਵਿਚ ਹੋ ਜਾਂਦਾ ਹੈ। ਗੁਰੂ ਜੀ ਸਮਝਦੇ ਸਨ ਕਿ ਇਸ ਦਾ ਵੈਰਾਗ ਮਾਯਾ ਨਸ਼ਟ ਹੋਣ ਕਰਕੇ ਹੈ, ਪਰ ਉਸਦੀ ਹੀਨ ਦੁਖੀ ਦਸ਼ਾ ਤੇ ਪਰਮ ਨਿੰਮਰਤਾ ਦੇਖ ਕੇ ਪਸੀਜ ਪਏ ਤੇ ਵਾਕ ਕੀਤਾ: ਜਾਓ ਰੰਗੂ ਦਾਸ ਦਿੱਲੀ ਜਾਓ ਤੇ ਓਥੇ ਜਾਕੇ ਕਾਰ ਵਿਹਾਰ ਜਾਰੀ ਕਰੋ। ਕੋਠੀਦਾਰੀ ਹੀ ਅਰੰਭ ਦੇਹ, ਤੈਨੂੰ ਭਾਗ ਲਗੇਗਾ, ਪਰ ਪਰਮੇਸ਼ਰ ਦੇ ਭਜਨ ਦਾ ਪਰਚਾ ਰਖਣਾ ਤੇ ਲੋੜਵੰਦ ਦੀ ਸਹਾਇਤਾ ਕਰਨੀ ਕਿਰਤ ਕਮਾਈ ਵਿਚੋਂ ਪਰਮੇਸਰ ਅਰਥ ਖਰਚ ਕਰਨਾ। ਰੰਗੂ ਚਰਨਾਂ ਤੇ ਸਿਰ ਧਰਕੇ ਟੁਰ ਗਿਆ ਦਿੱਲੀ ਜਾਕੇ ਦੁਕਾਨ ਪਾਈ। ਥੋੜੇ ਹੀ ਚਿਰ ਵਿਚ ਕੰਮ ਟੁਹ ਪਿਆ ਤੇ ਚਹਿਲ ਪਹਿਲ ਹੋ ਗਈ।

ਜਦ ਕੁਛ ਸਮਾਂ ਬੀਤਿਆ ਤਾਂ ਦਿੱਲੀ ਦੇ ਇਕ ਲੋੜਵੰਦ ਬ੍ਰਾਹਮਣ ਨੇ ਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮੇਰੀ ਕਾਕੀ ਦਾ ਵਿਆਹ ਹੈ ਤੇ ਮਾਇਆ ਹੈ ਨਹੀਂ, ਕੁਛ ਮੇਹਰ ਹੋ ਜਾਵੇ। ਗੁਰੂ ਜੀ ਨੇ ਲੋੜ ਵੇਖਕੇ ਰੰਗਾ ਦਾਸ ਵੱਲ ਦਿੱਲੀ ਇਕ ਚਿੱਠੀ ਲਿਖਵਾ ਘੱਲੀ ਕਿ ਇਸ ਬ੍ਰਾਹਮਣ ਨੂੰ ਮਾਇਆ ਦੇ ਕੇ ਇਸ ਦਾ ਕਾਰਜ ਸਵਾਰ ਦਿਓ। ਪਰ ਰੰਗਾ ਦਾਸ ਨੇ ਗੁਰੂ ਕੇ ਲਿਖੇ ਦੀ ਪਰਵਾਹ ਨਾ ਕੀਤੀ ਤੇ ਬ੍ਰਾਹਮਣ ਨਿਰਾਸ ਹੋ ਕੇ ਗੁਰੂ ਕੇ ਚਰਨਾਂ ਵਿਚ ਫੇਰ ਹਾਜ਼ਰ ਹੋਇਆ ਤੇ ਰੰਗਾ ਦਾਸ ਦੀ ਬੇਪਰਵਾਹੀ ਦੱਸੀ। ਸਤਿਗੁਰ ਸੁਣਕੇ ਮੁਸਕ੍ਰਾਏ ਤੇ ਲੋੜਵੰਦ ਬ੍ਰਾਹਮਣ ਦੀ ਲੋੜ ਕਿਸੇ ਹੋਰ ਤੋਂ ਪੂਰੀ ਕਰਵਾ ਦਿੱਤੀ।

ਉਧਰ ਰੰਗਾ ਦਾਸ ਦਾ ਕੰਮ ਫੇਰ ਵਿਗੜ ਗਿਆ ਤੇ ਦੁਆਲੇ ਤਕ ਨੌਬਤ ਪਹੁੰਚੀ। ਤਦ ਪਰੇਸ਼ਾਨ ਹੋਇਆ ਕਿ ਗੁਰੂ ਦਾਤੇ ਦਾ ਹੁਕਮ ਨਾ ਮੰਨਣੇ ਕਰਕੇ ਵਿਘਨ ਹੋਇਆ ਹੈ। ਤਦ ਫੇਰ ਗੋਇੰਦਵਾਲ ਆਇਆ; ਪਰ ਗੁਰੂ ਜੀ ਦੀ ਹਜ਼ੂਰੀ ਵਿਚ ਹਾਜ਼ਰ ਨਹੀਂ ਹੋਇਆ। ਲੰਗਰੋਂ ਪ੍ਰਸ਼ਾਦ ਛਕ ਲਵੇ ਤੇ ਦਿਨ ਭਰ ਬਾਉਲੀ ਦੀ ਸੇਵਾ ਕਰਦਾ ਰਹੇ। ਕਵੀ ਸੰਤੋਖ ਸਿੰਘ ਜੀ ਉਸ ਦੀ ਸੇਵਾ ਪ੍ਰੇਮ ਤੇ ਬਖਸ਼ਿਸ਼ ਦਾ ਹਾਲ ਐਉਂ ਲਿਖਦੇ ਹਨ :-

ਕਿਹ ਸੋਂ ਕਹੈ ਨ ਸੁਨਹੈ ਬਾਤ।
ਸੇਵਾ ਕੇ ਤਤਪਰ ਦਿਨ ਰਾਤ।
ਗੁਰ ਸੇਵਾ ਕੋ ਤਪ ਅਸੁ ਕੀਨਾ।
ਜਗ ਬਿਵਹਾਰ ਛੋਰਿ ਸਭ ਦੀਨਾ॥੩੬॥
ਹੋਤਿ ਭਯੋ ਉਤਸਾਹੁ ਬਿਸਾਲਾ।
ਅੰਤਰਬ੍ਰਿਤਿ ਟਿਕਗੀ ਤਿਸਿ ਕਾਲਾ।
ਪ੍ਰੇਮ ਪ੍ਰਵਾਹ ਬਹਜ ਉਰ ਮਾਂਹੀ।
ਚਿੰਤ ਕਸ਼ਟ ਤ੍ਰਿਣ ਠਹਿਰਯੋ ਨਾਂਹੀ॥੩੭॥
ਜਯੋਂ ਜਯੋਂ ਸੁਖ ਪ੍ਰਾਪਤਿ ਭਾ ਉਰਕੋ।
ਤਯੋਂ ਤਯੋਂ ਸੇਵ ਪ੍ਰੇਮ ਭਾ ਗੁਰ ਕੋ।
ਮਨ ਮਹਿਂ ਮੂਰਤਿ ਅਚਲ ਟਿਕਾਈ।
ਕਬਹੂੰ ਵਹਿਰ ਪਿਖਹਿ ਗਰ ਤਾਈਂ॥੩੮॥
ਨਿਸਦਿਨ ਧਯਾਨ ਟਿਕਾਯੋ ਕੈਸੇ।
ਜੋਗੀ ਕੀ ਸਮਾਧਿ ਹੁਇ ਜੈਸੇ।
ਅਤਿਸ਼ੈ ਖੈਂਚ ਪ੍ਰੇਮ ਜਬਿ ਕੀਨਿ।
ਰਹਯੋ ਗਯੋ ਨਹਿਂ ਗੁਰੂ ਪ੍ਰਬੀਨਿ॥੩੯॥
ਦਾਸਨ ਕੇ ਬਸਿ ਬਿਰਦ ਸੰਭਾਰਾ।
ਵਸੀ ਪ੍ਰੇਮ ਤੇ ਨਿਕਟਿ ਹਕਾਰਾ।
ਮੁਸਕਾਨੇ ਗੁਰ ਬਾਕ ਬਖਾਨਾ।
'ਰੰਗੋ ਸਾਹੁ ਆਉ ਦੁਖ ਹਾਨਾ'॥੪੦॥
ਪਦ ਪੰਕਜ ਪਰ ਸਿਰ ਨਿਜ ਧਰਯੋ।
ਬਹੁਰ ਜੋਰਿ ਕਰ ਆਗੈ ਖਰਯੋ।
'ਮਾਯਾ ਮਗਨ ਬਿਮੁਖ ਮੈਂ ਭਯੋ।
ਅਪਨੋ ਜਾਨ ਬਖਸ਼ ਕਰਿ ਲਯੋ॥੪੧॥
ਪਦ ਅਰਬਿੰਦ ਬਿਖੈ ਮੁਝ ਰਾਖਹੁ
-ਸੇਵਕ ਆਉ-ਬਚਨਮੁਖ ਭਾਖਹੁ'।
ਸੁਨ ਸਤਿਗੁਰ ਕਰਨਾ ਰਸ ਢਰੇ।
ਤਤਛਿਨ ਮਹਿਂ ਨਿਹਾਲ ਤਿਸ ਕਰੇ॥੪੨॥
ਬਸਤ੍ਰ ਬਿਸਦ ਪਹਿਰਾਇ ਨਵੀਨ।
ਮਸਤਕ ਪਰ ਨਿਜ ਕਰ ਧਰਿ ਦੀਨ।
ਸੱਤਜ ਨਾਮੁ ਮੁਖ ਮੰਤ੍ਰ ਕਹਾਯੋ।
'ਰੰਗੂ ਸ਼ਾਹੁ' ਕਹਿ ਨਾਮ ਬੁਲਾਯੋ॥੪੩॥
'ਭੁਕਤਿ ਮੁਕਤਿ ਨਿਧ ਸਿਧਿ ਤੁਹਿ ਦੀਨੀ।
ਗ੍ਰਿਹਿ ਕੋ ਮਗਨੋਂ', ਆਗਯਾ ਕੀਨੀ।

'ਅਪਣੀ ਸੰਗਤਿ ਕੀਜਹਿ ਜਾਇ।
ਗੁਰਸਿਖੀ ਕੀ ਰੀਤਿ ਚਲਾਇ'॥੪੪॥
ਅਜ਼ਮਤ ਜੁਤਿ ਕਰਿਕੈ ਸੁ ਪਠਾਯੋ।
ਪਾਇ ਬਖਸ਼ ਪੁਨ ਸੀਸੁ ਨਿਵਾਜੋ।
ਬਿਦਾ ਹੋਇ ਕਰਿ ਸਦਨ ਸਿਧਾਰਾ।
ਧਯਾਨ ਰਿਦੇ ਸਤਿਗੁਰ ਕੋ ਧਾਰਾ॥੪੫॥
ਬਹੁ ਪ੍ਰਕਾਰ ਕੀ ਉਸਤਤਿ ਕਰਿਕੈ।
ਭਯੋ ਕਿਹਾਲ ਸੁ ਅਜ਼ਮਤ ਧਰਿਕੈ।
ਜਾਇ ਸਦਨ ਮਹਿ ਸੰਗਤਿ ਕੀਨ।
ਸਤਿਗੁਰ ਨਾਮ ਜਪਾਵਨ ਦੀਨ॥੪੬॥
ਜਿਸ ਕੋ ਬਚਨ ਕਹੈ ਫੁਰ ਜਾਇ।
ਹੋਵਤਿ ਭਏ ਸਿਖ ਸਮੁਦਾਇ।
ਅਬਿ ਲਗ ਤਿਸਕੇ ਜਾਨੇ ਜਾਇਂ।
ਕਵਿ ਸੰਤੋਖ ਸਿੰਘ ਪੂਰਨ ਧਯਾਇ॥੪੭॥
(ਗੁ: ਪ੍ਰ: ਸੂ: ਰਾਸ ੧-੫੪)

ਸੂਚਨਾ-ਗੰਗੂ ਸ਼ਾਹ ਦੀ ਗੱਦੀ ਪਿੰਡ ਦਾਊ ਤਸੀਲ ਖਰੜ ਜ਼ਿਲਾ ਅੰਬਾਲਾ ਵਿਚ ਹੈ, ਜੋ ਗੰਗੂ ਸ਼ਾਹੀਏ ਸਦਾਉਂਦੇ ਹਨ। ਇਹ ਪਹਿਲੋਂ ਗੜ੍ਹਸ਼ੰਕਰ ਦਾ ਰਹਿਣੇ ਵਾਲਾ ਸੀ ਤੇ ਵਪਾਰ ਲਾਹੌਰ ਕਰਦਾ ਸੀ। ਉਥੋਂ ਦੀਵਾਲੀਆ ਹੋਕੇ ਗੁਰੂ ਅਸੀਸ ਨਾਲ ਦਿੱਲੀ ਵਪਾਰ ਆਰੰਭਿਆ। ਫੇਰ ਉਜੜਕੇ ਚਰਨ ਸ਼ਰਨ ਆਇਆ ਤੇ ਘਾਲ ਕਰਕੇ ਨਾਮ ਨਾਲ ਰੰਗਿਆ ਗਿਆ। ਇਹ ਉਤਰ ਦੇ ਪਾਸੇ ਨਾਹਨ ਸਿਰਮੌਰ ਵਲ ਪ੍ਰਚਾਰ ਕਰਦਾ ਰਿਹਾ। ਇਸ ਦੇ ਵੰਸ਼ਜ ਬੀ ਚੰਗੇ ਹੋਏ। ਪੜੋਤਾ ਜਵਾਹਰ ਸਿੰਘ ਪ੍ਰਸਿੱਧ ਕਰਨੀ ਵਾਲਾ ਹੋਇਆ ਹੈ।

## ੨੪. ਪਤਿਬ੍ਰਤਾ।

**ਇਕ** ਕਥਾ ਇਹ ਬੀ ਚਲੀ ਆਉਂਦੀ ਹੈ ਕਿ ਬਾਵਲੀ ਦੀ ਸੇਵਾ ਵਿਚ ਇਕ ਮਾਈ ਕਾਬਲ ਤੋਂ ਆਕੇ ਸੇਵਾ ਕਰਦੀ ਸੀ ਤੇ ਅਥੱਕ ਸੇਵਾ ਸਿਰੇ ਚਾੜ੍ਹਦੀ ਸੀ। ਕਿਸੇ ਕਿਸੇ ਵੇਲੇ ਸੇਵਾ ਕਰਦੀ ਹੱਥ ਨੂੰ ਐਉਂ ਉਲਾਰਦੀ ਸੀ ਜਿਵੇਂ ਕਿਸੇ ਪੀਂਘੇ ਨੂੰ ਹਲੋਰਾ ਦੇਂਦੀ ਹੈ। ਪਤਾ ਕਰਨ ਤੇ ਸੰਗਤਾਂ ਨੂੰ ਥਹੁ ਪਿਆ ਕਿ ਇਹ ਮਾਈ ਆਪਣੇ ਘਰ ਛਡ ਆਏ ਬੱਚੇ ਦੇ ਪੀਂਘੇ ਨੂੰ ਹੁਲਾਰਾ ਦੇਂਦੀ ਹੈ। ਵਧੇਰੇ ਥਹੁ ਪਿਆ ਕਿ ਇਹ ਪਤਿਬ੍ਰਤਾ ਹੈ, ਇਹ ਗੁਰਮੁਖ ਹੈ, ਇਹ ਨਾਮ ਰਸੀਆ ਬ੍ਰਿਤੀ ਅਰੂੜ ਵਾਲੀ ਮਾਈ ਹੈ। ਇਹ ਦਾ ਪਤੀ ਬੜਾ ਗੁਰਮੁਖ ਕਰਨੀ ਵਾਲਾ ਸਿਖ ਹੈ। ਇਹ ਬੀਬੀ ਉਸ ਨੂੰ ਗੁਰਮੁਖ ਤੇ ਪਰਮੇਸ਼ਰ ਭਾਵਨਾ ਨਾਲ ਸੇਂਵਦੀ ਹੈ ਤੇ ਇਸ ਸੇਵਾ ਕਰਕੇ ਨਾਮ ਦਾਨ ਪਾਕੇ ਆਤਮ ਅਰੂੜ ਅਵਸਥਾ ਹੋ ਗਈ ਹੈ।

## ੨੫. ਸ੍ਰੀ ਰਾਮ ਦਾਸ ਜੀ ਤੇ ਰਾਮਾ ਜੀ।

**ਸ੍ਰੀ** ਗੁਰੂ ਅਮਰਦਾਸ ਜੀ ਦੀਆਂ ਦੋ ਕਾਕੀਆਂ ਸਨ। ਇਕ ਪਵਿਤ੍ਰ ਦੇਵੀ ਦਾ ਨਾ ਸੀ 'ਬੀਬੀ ਭਾਨੀ' ਤੇ ਦੂਸਰੀ ਦਾ ਸੀ 'ਬੀਬੀ ਦਾਨੀ'। ਬੀਬੀ ਭਾਨੀ ਦੇ ਘਰ ਵਾਲੇ ਦਾ ਨਾਉਂ ਸੀ ਜੇਠਾ, ਜੋ ਨਾਮ ਕਿ 'ਰਾਮ ਦਾਸ' ਕਰਕੇ ਪ੍ਰਸਿਧ ਹੋ ਗਿਆ ਸੀ। ਦੂਜੀ ਬੀਬੀ ਦੇ ਪਤੀ ਦਾ ਨਾਉਂ ਸੀ 'ਰਾਮਾ'। ਬਾਵਲੀ ਦੀ ਸੇਵਾ ਵਿਚ ਦੁਇਘਾਲ ਕਰਦੇ ਸਨ। ਕਈ ਦਾਨਿਆਂ ਨੂੰ ਸ਼ੰਕਾ ਉਠ ਖਲੋਂਦੀ ਸੀ, ਕਿ ਪਤਾ ਨਹੀਂ ਸਤਿਗੁਰੂ ਜੀ ਕਿਸ ਦੀ ਘਾਲ ਤੇ ਵਧੀਕ ਪ੍ਰਸੰਨ ਹਨ। ਉਹ ਸਮਝਦੇ ਸਨ ਕਿ ਸੇਵਾ ਕਰਨ ਵਿਚ ਜੋ ਘਾਲ ਯਾ ਮੁਸ਼ੱਕਤ ਦਾ ਹਿੱਸਾ ਹੈ ਸਤਿਗੁਰੂ ਉਸ ਤੇ ਪ੍ਰਸੰਨ ਹੁੰਦਾ ਹੈ। ਪਰ ਸਤਿਗੁਰ ਦੀ ਪ੍ਰਸੰਨਤਾ ਮੁਸ਼ੱਕਤ ਦੇਣ ਕਿ ਲੈਣ ਵਿਚ ਨਹੀਂ ਸੀ ਹੁੰਦੀ। ਉਹ ਜਿਵੇਂ ਮਨ ਨੂੰ ਸਿਮਰਨ ਦੇਕੇ ਇਕ ਉੱਚੇ ਆਹਰ ਲਾ ਦੇਂਦੇ ਸਨ ਕਿ ਜਿਸ ਦੇ ਅਸਰ ਨਾਲ ਚਿਤ ਬ੍ਰਿਤੀ ਵਿਚ ਮਧਾਣੀ ਦੇ ਰੇੜਕੇ ਵਾਂਙੂ ਬਿਲੋਵਨਾ ਪੈ ਕੇ ਮਨ ਸਰੀਰ ਤੋਂ ਆਪ ਨੂੰ ਵੱਖ ਪ੍ਰਤੀਤ ਕਰਨ ਲਗ ਜਾਂਦਾ ਹੈ, ਤਿਵੇਂ ਸਤਿਗੁਰ ਕਦੇ ਸਰੀਰ ਨੂੰ ਕਾਰ ਦੇ ਦੇਂਦੇ ਸਨ ਕਿ ਇਸ ਦੇ ਕਰਨ ਵਿਚ ਮਨ ਉਤਸ਼ਾਹ ਵਿਚ ਜਾਵੇ ਤੇ ਸੱਚੇ ਖੇੜੇ ਦੀ ਨੀਂਹ ਬੱਝੇ।

ਇਕ ਦਿਨ ਕਉਤਕੀ ਸਤਿਗੁਰੂ ਜੀ ਸਿਖਾਂ ਦੇ ਭਾਵ ਸਮਝਕੇ ਕ੍ਰਿਯਾ ਤੋਂ ਹੀ ਸਤਜ ਉਪਦੇਸ਼ ਨਿਰੂਪਣ ਕਰ ਦੇਣ ਲਈ ਬਣ ਰਹੀ ਬਾਵਲੀ ਦੇ ਪਾਸ ਆ ਗਏ। ਰਾਮੇ ਨੂੰ ਆਗਿਆ ਕੀਤੀ ਕਿ ਇਮਾਰਤ ਬਣਦੀ ਦੇਖਣ ਲਈ ਇਸ ਟਿਕਾਣੇ ਥੜੀ ਬਨਾਓ, ਜਿਥੇ ਜਾਕੇ ਅਸੀਂ ਬੈਠ ਜਾਇਆ

ਕਰੀਏ ਤੇ ਥੜੀ ਇਸ ਨਮੂਨੇ ਦੀ ਬਣਾਓ। ਇਸੇ ਤਰ੍ਹਾਂ ਇਕ ਹੋਰ ਥਾਵੇਂ ਸ੍ਰੀ ਰਾਮਦਾਸ ਜੀ ਨੂੰ ਆਗਿਆ ਕੀਤੀ ਕਿ ਥੜੀ ਬਣਾਓ ਤੇ ਐਸ ਤਰ੍ਹਾਂ ਦੀ ਬਣਾਓ। ਅਗਲੇ ਦਿਨ ਦੁਇ ਥੜੀਆਂ ਬਣ ਗਈਆਂ। ਜਦ ਸੰਝਾਂ ਵੇਲੇ ਗੁਰੂ ਜੀ ਵੇਖਣ ਆਏ ਤਾਂ ਦੁਇ ਦੇਖਕੇ ਨਾ ਪਸੰਦ ਕੀਤੀਆਂ ਤੇ ਹੁਕਮ ਦਿੱਤਾ ਕਿ ਢਾਹ ਦਿਓ ਤੇ ਇਸ ਪ੍ਰਕਾਰ ਨਵੇਂ ਸਿਰੇ ਬਣਾਓ। ਦੂਜੇ ਦਿਨ ਫੇਰ ਦੇਖ ਕੇ ਢਾਹੁਣ ਤੇ ਨਵੇਂ ਸਿਰੇ ਉਸਾਰਨ ਦਾ ਹੁਕਮ ਦਿਤਾ। ਪੰਜ ਛੇ ਦਿਨ ਬੀਤ ਗਏ ਇਹੋ ਖੇਡ ਜਾਰੀ ਰਹੀ।

ਕਿਸੇ ਸਿਖ ਨੇ ਰਾਮੇ ਨੂੰ ਪੁੱਛਿਆ-ਭਾਈ ਕੀਹ ਗੱਲ ਹੈ, ਤੁਸੀਂ ਸਾਰਾ ਦਿਨ ਮਿਹਨਤ ਕਰਕੇ ਬਣਾਉਂਦੇ ਹੋ, ਪਰ ਸੁਹਣੇ ਗੁਰੂ ਜੀ ਆਕੇ ਢਾਹਾ ਦੇਂਦੇ ਹਨ। ਰਾਮੇ ਨੇ ਕਿਹਾ : ਅਵਸਥਾ ਵਡੇਰੀ ਹੋ ਗਈ ਹੈ, ਯਾਦ ਨਹੀਂ ਨੇ ਰਹਿੰਦਾ। ਜਿਵੇਂ ਕਹਿ ਜਾਂਦੇ ਹਨ ਮੈਂ ਉਸਾਰਦਾ ਹਾਂ, ਪਰ ਅਗਲੇ ਦਿਨ ਹੋਰ ਕੁਛ ਦੱਸਕੇ ਢਾਹਾ ਦੇਂਦੇ ਹਨ। ਉਹਨਾਂ ਦੇ ਵੱਸ ਦੀ ਗੱਲ ਨਹੀਂ ਰਹੀ।

ਜਦ ਸ੍ਰੀ ਰਾਮਦਾਸ ਜੀ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ : ਮੈਂ ਅਲਪੱਗ ਹਾਂ, ਕੁਛ ਨਾ ਕੁਛ ਗੱਲ ਸਮਝਣ ਵਿਚ ਉੱਕ ਜਾਂਦਾ ਹਾਂ। ਉਹ ਮੇਹਰ ਕਰਦੇ ਹਨ, ਖ਼ਫਾ ਨਹੀਂ ਹੁੰਦੇ, ਨਵੇਂ ਸਿਰੇ ਜੁਗਤਾਂ ਸਮਝਾਉਂਦੇ ਹਨ। ਮੈਂ ਫੇਰ ਬਣਾਉਂਦਾ ਹਾਂ। ਬਣਾਉਣਾ ਉਸਾਰਨਾ ਮੇਰੇ ਲਈ ਮੁਸ਼ੱਕਤ ਨਹੀਂ, ਜਦ ਹੁਕਮ ਹੁੰਦਾ ਹੈ ਬਣਾ-- ਮੈਨੂੰ ਚਾਉ ਚੜ੍ਹ ਜਾਂਦਾ ਹੈ। ਜਦ ਹੁਕਮ ਹੁੰਦਾ ਹੈ ਢਾਹ ਤਾਂ ਮੈਨੂੰ ਆਪਣੀ ਮਤਿ ਤੇ ਸ਼ੋਕ ਉਪਜਦਾ ਹੈ, ਪਰ ਗੁਰੂ ਜੀ ਢਹਿੰਦੀ ਵੇਖਕੇ ਖੁਸ਼ ਹੁੰਦੇ ਹਨ, ਉਨ੍ਹਾਂ ਦੀ ਖੁਸ਼ੀ ਨਾਲ ਮੈਂ ਫੇਰ ਖੁਸ਼ ਹੋ ਖਿੜ ਜਾਂਦਾ ਹਾਂ। ਮੇਰੀ ਖੁਸ਼ੀ ਕੋਈ ਨਹੀਂ ਉਨ੍ਹਾਂ ਦੀ ਖੁਸ਼ੀ ਹੈ। ਜੇ ਉਸਰਵਾਂਦੇ ਖੁਸ਼ ਹੁੰਦੇ ਹਨ ਤਾਂ ਮੈਂ ਉਸਾਰਕੇ ਖੁਸ਼ੀ ਹੁੰਦਾ ਹਾਂ। ਜੇ ਢੁਹਾਕੇ ਤਾੜੀ ਮਾਰਦੇ ਤੇ ਹੱਸਦੇ ਹਨ ਤਦ ਉਨ੍ਹਾਂ ਦੀ ਖੁਸ਼ੀ ਮੈਨੂੰ ਖੁਸ਼ੀ ਵਿਚ ਪਾ ਦੇਂਦੀ ਹੈ।

ਗੁਰੂ ਜੀ ਨੇ ਇਸ ਵਾਰਤਾ ਵਿਚ ਸੁਮਤਿ ਦਿੱਤੀ ਕਿ ਆਪਾ ਭਾਵ ਦੀ ਹੋਵੇ ਨਿਵਰਤੀ ਤੇ ਪ੍ਰੇਮ ਹੋਵੇ ਐਸਾ ਕਿ ਜੋ ਪ੍ਰੀਤਮ ਦੀ ਪ੍ਰਸੰਨਤਾ ਵਿਚ ਪ੍ਰਸੰਨ ਰਹੇ।

## ੨੯. ਸਧਾਰਣ।

**ਬਕਾਲੇ** ਦਾ ਰਹਿਣ ਵਾਲਾ ਸੀ, ਜਿਸ ਦਾ ਨਾਉਂ ਸੀ ਸਧਾਰਣ। ਇਹ ਗੋਇੰਦਵਾਲ ਬਾਵਲੀ ਦੀ ਕਾਰ ਸੇਵਾ ਲਈ ਆ ਰਿਹਾ। ਜੋ ਸੇਵਾ ਲੋਹੇ ਦੀ ਹੁੰਦੀ ਸੀ ਇਹੀ ਕਰਦਾ ਸੀ, ਲਕੜੀ ਦਾ ਕੰਮ ਬੀ ਸੁਆਰ ਦੇਂਦਾ ਸੀ, ਇਹ ਗੁਰੂ ਬਾਣੀ ਦਾ ਰਸੀਆ ਤੇ ਨਾਮ ਦਾ ਪ੍ਰੇਮੀ ਸੀ। ਇਸ ਕਰਕੇ ਆਪਾ ਭਾਵ ਜੋ ਮਨ ਕਰਕੇ ਹੁੰਦਾ ਹੈ ਇਸ ਨੇ ਜਿੱਤ ਲਿਆ ਹੋਇਆ ਸੀ। ਹੁਣ ਤਨ ਨਾਲ ਸੇਵਾ ਕਰਕੇ ਬੀ ਇਸ ਨੇ ਆਪਾ ਭਾਵ ਜਿੱਤ ਦਿਖਾਇਆ। ਅਟੁਟ ਘਾਲ ਕੀਤੀ[੨੪੫]। ਗੁਰੂ ਜੀ ਦਾ ਫੁਰਮਾਨ ਇਸ ਪ੍ਰਤੀ ਜੋ ਹੋਇਆ ਮਹਿਮਾ ਪ੍ਰਕਾਸ਼ ਵਾਰਤਕ ਵਿਚ ਐਉਂ ਲਿਖਿਆ ਹੈ :-

> ਤੈ ਮੇਰੀ ਛੋਡੀ; ਸੇਵਾ ਕੀਆ ਹੈ। ਅਬ ਤੇਰਾ ਨਾਉ ਸੰਤ ਸਧਾਰਣ ਹੂਆ। ਤੂ ਜਾਇ ਕਰ ਘਰਿ ਬੈਠ ਕਰ ਗੋਬਿੰਦ ਕਾ ਭਜਨ ਕਰ; ਸਤਿਨਾਮ ਕਾ ਮੰਤ੍ਰ ਜਪੁ ਅਰ ਜਪਾਉ (ਪੰਨਾ ੫੭)

ਇਹ ਸਤਿ ਪੁਰਖ ਬੜਾ ਕਰਨੀ ਵਾਲਾ ਹੋਇਆ ਹੈ। ੨੨ ਮੰਜੀਆਂ ਵਿਚੋਂ ਇਹ ਬੀ ਮੰਜੀ ਵਾਲਾ ਗਿਣਿਆਂ ਜਾਂਦਾ ਹੈ। ਇਹ ਬਕਾਲੇ ਦਾ ਸੀ। ਇਸ ਦੀ ਔਲਾਦ ਮਹਤਪੁਰ ਜ਼ਿਲਾ ਜਲੰਧਰ ਵਿਚ ਸੁਣੀਂਦੀ ਹੈ।

ਸੂਚਨਾ-ਸਾਧਾਰਣ ਗੁਰੂ ਘਰ ਵਿਚ ਤ੍ਰੈ ਹੋਏ ਹਨ : ਇਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਤਿ ਪ੍ਰੇਮੀ ਪੂਰਨ ਬ੍ਰਹਮ ਗਿਆਨੀ ਸਿਖ ਸੀ। ਦੂਜਾ ਇਹ ਜੋ ਸਤਿਗੁਰ ਅਮਰਦਾਸ ਜੀ ਦਾ ਸਿਖ ਸੀ; ਜਿਸ ਦਾ ਪ੍ਰਸੰਗ ਬਾਵਲੀ ਵਾਲਾ ਉਪਰ ਆਇਆ ਹੈ। ਤੀਜਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿਖ, ਜੋ ਕਰਤਾਰਪੁਰ ਉਸਾਰਨ ਵਿਚ ਸਹਾਈ ਰਿਹਾ। ਇਹ ਤਰਖਾਣੇ ਕੰਮ ਦਾ ਚੰਗਾ ਮਿਸਤ੍ਰੀ ਸੀ।


www.sikhbookclub.com

# ੨੭. ਖੇਚਲਾਂ।

**ਲਿਖੇ** ਹੋਏ ਸਾਰੇ ਇਤਿਹਾਸਾਂ ਤੋਂ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਜੈਸੇ ਖਿਮਾਂਵੰਤ, ਪਜਾਰ ਪੁੰਜ, ਦਿਆਲੂ, ਜਗਤ ਤਾਰਨਹਾਰ ਗੁਰੂ ਜੀ ਦਾ ਤੇ ਨੇਕੀ ਕੁੱਲ ਦਾ ਜੀਵਨ ਬੀ ਖੇਚਲਾਂ ਤੋਂ ਬਿਨਾ ਨਹੀਂ ਲੰਘਿਆ। ਇਸ ਦੁਨੀਆਂ ਦੇ ਬੰਦੇ ਕੁਛ ਇਥੋਂ ਦੇ ਥੋੜੇ ਦਿਨਾਂ ਦੇ ਜੀਵਨ ਲਈ ਬੀ ਮਾਨੁਖੀ ਆਚਰਣ ਤੋਂ ਨੀਵੇਂ ਹੋ ਹੋ ਕੰਮ ਕਰਦੇ ਹਨ ਕਿ ਜਿਨ੍ਹਾਂ ਦਾ 'ਲਾਭ' ਤਾਂ ਜੀਵਨ ਮਾਤ੍ਰ ਲਈ ਖੀ ਘਟ ਹੀ ਨਿਭਦਾ ਹੈ, 'ਹਾਨੀਂ' ਰੂਹ ਦੀ ਸਾਥਣ ਬਣ ਜਾਂਦੀ ਹੈ।

ਭਾਈ ਪਾਰੋ ਜੀ ਦੀ ਬਿਨੈ ਤੇ ਉਦਮ ਤੇ ਗੋਇੰਦਵਾਲ ਵਿਚ ਸਾਰੀ ਸਾਧ ਸੰਗਤਿ ਨੂੰ ਸੱਦਾ ਦੇਕੇ ਇਕ ਭਾਰੀ ਜੋੜ ਮੇਲਾ ਕੀਤਾ ਗਿਆ ਸੀ। ਇਸ ਦਾ ਪ੍ਰਯੋਜਨ ਗੁਰਸਿਖੀ ਵਿਚ ਮੈਤ੍ਰੀ, ਪ੍ਰੇਮ ਤੇ ਨਾਮ ਸੋਹਿਲੇ ਦੇ ਪ੍ਰਚਾਰ ਦਾ ਲੰਮੇਰਾ ਕਰਨਾ ਸੀ ਕਿ ਸਿਖੀ ਦਾ ਆਦਰਸ਼ਕ ਜੀਵਨ, ਜੋ ਸਾਂਈਂ ਨਾਲ ਸਦਾ ਪੈਵੰਦ ਹੋਏ ਰਹਿਣ ਤੇ ਸ੍ਰਿਸ਼ਟੀ ਨੂੰ ਸਦਾ ਸੁਖ ਦੇਣ ਲਈ ਅੰਗਿਆ ਗਿਆ ਹੈ, ਵਧੀਕ ਫੈਲੇ ਤੇ ਜਗਤ ਵਿਚ ਖ਼ੁਦਗਰਜ਼ੀ ਤੇ ਇਸਦਾ ਕਾਰਣ ਹਉਮੈਂ ਘਟੇ, ਜਿਸ ਕਰਕੇ ਮਾਨੁਖ ਪਰਸਪਰ ਸੁਖੀ ਜੀਵਨ ਖਸਰ ਕਰਨ। ਪਰ ਇਸ ਨਵੇਂ ਆਦਰਸ਼ਕ ਜੀਵਨ ਵਿਚ ਬਨਾਵਟਾਂ ਦਾ ਤਯਾਗ ਸੀ। ਦਿਖਾਵੇ ਦੇ ਜੀਵਨ ਵਲ ਕੰਡ ਸੀ। ਅਮਲੀ ਨੇਕੀ ਤੇ ਅਮਲੀ ਬੰਦਗੀ ਦਾ ਵਰਤਾਰਾ ਸੀ। ਇਹ ਗਲਾਂ ਨਾ ਸੁਖਾਈਆਂ ਪੁਰਾਣੀਆਂ ਲੀਹਾਂ ਮਾਤ੍ਰ ਤੇ ਟੁਰ ਰਹੇ ਧਰਮ ਦੇ ਪੂਜਯ ਬਣੇ ਬੈਠੇ ਆਗੂਆਂ, ਪੰਡਿਤਾਂ, ਬ੍ਰਾਹਮਣਾਂ, ਜੋਗੀਆਂ ਤੇ ਸਾਧੂਆਂ ਆਦਿਕਾਂ ਨੂੰ। ਪਰਸਪਰ ਖਾਣੇ ਦੀ ਖੁੱਲ੍ਹ ਸੰਗਤਿ ਪੰਗਤ ਵਿਚ ਜ਼ਾਤ ਭੇਦ ਦਾ ਤਯਾਗ, ਵਰਣਾਸ਼੍ਰਮੀ ਖੱਤ੍ਰੀਆਂ ਤਕ ਨੂੰ ਬੀ ਨਾ ਸੁਖਾਇਆ। ਲਗੇ ਪਰਸਪਰ ਸਲਾਹਾਂ ਮਸ਼ਵਰੇ ਤੇ ਘੋਰ ਮਸੌਰੇ ਹੋਣ। ਕਈ ਵੇਰ ਸਲਾਹ ਹੋਈ ਕਿ ਗੁਰੂ ਜੀ ਤੇ ਕੋਈ ਰੋਹਬ ਪਾਇਆ ਜਾਵੇ ਕਦੇ ਭਾਈਚਾਰੇ ਦਾ ਕਦੇ ਵਡਕਿਆਂ ਦਾ, ਅੰਤ ਲਹੌਰ ਦੇ ਵਡੇ ਹਾਕਮ ਦਾ। ਪਰ ਗਲ ਰਹਿ ਜਾਂਦੀ ਰਹੀ, ਸਿਰੇ ਨਾ ਚੜ੍ਹੀ। ਪਹਿਲੇ ਯਤਨ ਜੋ ਗੁਰੂ ਅੰਗਦ ਦੇਵ ਜੀ ਦੇ ਸਪੁਤ੍ਰਾਂ ਨੂੰ ਚੁੱਕ ਚੁੱਕਾ ਦੇ ਸਨ, ਨਾ-ਕਾਮਯਾਬ ਰਹਿ ਚੁਕੇ ਸਨ।

ਜਦ ਬਾਵਲੀ ਆਰੰਭੀ ਗਈ ਤੇ ਕੰਮ ਟੁਰ ਪਿਆ ਤੇ ਸੰਗਤਾਂ ਉਮੰਡ ਕੇ ਆਈਆਂ ਤੇ ਗੁਰੂ ਐਸ਼੍ਵਰਜ ਤੇ ਨਵੇਂ ਤੁਰੇ ਪੰਥ ਦਾ ਬੋਲ ਬਾਲਾ ਵਡੇਰਾ ਨਜ਼ਰ ਪਿਆ, ਤਾਂ ਹੋਰ ਖੁਣਸ ਭੜਕ ਉਠੀ। ਈਰਖਾ ਦਾ ਸੁਆਤਮ ਹੈ ਕਿ ਜਿਉਂ ਜਿਉਂ ਉਸ ਦਾ ਪ੍ਰਤਾਪ ਵਧੇ ਕਿ ਜਿਸ ਨਾਲ ਈਰਖਾ ਹੈ, ਇਹ ਤਿਉਂ ਤਿਉਂ ਵਧਦੀ ਤੇ ਅੱਗ ਵਾਂਙੂ ਭੜਕਦੀ ਹੈ। ਇਹੋ ਵਸਤੂ ਹੈ ਜੋ ਦੁਨੀਆਂ ਨੂੰ ਨਰਕ ਬਣਾਉਂਦੀ ਹੈ। ਜੋ ਮਾਨੁਖ ਨੂੰ ਮਾਨੁਖ ਨਾਲ, ਕੌਮ ਨੂੰ ਕੌਮ ਨਾਲ ਤੇ ਦੇਸ਼ ਨੂੰ ਦੇਸ਼ ਨਾਲ ਲੜਾ ਦੇਂਦੀ ਹੈ। ਪਰ ਇਥੇ ਇਕ ਪਾਸੇ ਤਾਂ ਈਰਖਾ ਹੈ ਜੋ ਈਰਖਾਲੂਆਂ ਨੂੰ ਈਰਖਾ ਕੀਤੇ ਗਏ ਨਾਲ ਵਧਦੀ ਪਈ ਹੈ, ਦੂਜੇ ਪਾਸੇ ਖਿਮਾ ਦਾ ਸਰੂਪ ਹਨ, ਜੋ ਈਰਖਾ ਬਦਲੇ ਪਿਆਰ ਕਰਦੇ ਹਨ। ਦਾਤਾਂ ਦੇਂਦੇ ਹਨ ਤੇ ਦੇਂਦੇ ਹੀ ਦੇਂਦੇ ਹਨ। ਉਨ੍ਹਾਂ ਦਾ ਲੰਗਰ ਹਰ ਇਕ ਲਈ ਖੁੱਲ੍ਹਾ ਹੈ, ਕਿਸੇ ਜ਼ਾਤ ਮਜ਼ਹਬ ਦਾ ਆਵੇ, ਸਜਨ ਮਿਤ੍ਰ ਵੈਰੀ ਆਵੇ, ਹਰੇਕ ਨੂੰ ਭੋਜਨ ਮਿਲਦਾ ਹੈ, ਰਾਤ ਨੂੰ ਲੰਗਰ ਤੇ ਖਰਚ ਹੋ ਕੇ ਜੋ ਖਚ ਰਹਵੇ, ਪੱਕਾ ਕਿ ਰਸਦਾਂ ਹੀ ਹੋਣ, ਉਹ ਸਭ ਗਿਰਾਂ ਦੇ ਗਰੀਬਾਂ ਨੂੰ ਤੇ ਮੁਸਾਫਰਾਂ ਨੂੰ ਵੰਡ ਦਿੱਤਾ ਜਾਂਦਾ ਹੈ, ਆਈ, ਚਲਾਈ, ਅਕਾਸ਼ੀ ਵਿਰਤ ਹੈ। ਵਰਤਾਉ ਸਭ ਨਾਲ ਪ੍ਰੇਮ ਦਾ ਹੈ। ਜਿਨ੍ਹਾਂ ਵਲੋਂ ਖੇਚਲ ਪੁੱਜੇ ਉਨ੍ਹਾਂ ਨਾਲ ਵੀ ਤੰਗ ਦਿਲੀ ਨਹੀਂ ਹੈ। ਹਰੀ ਪੁਰ ਤੋਂ ਲਕੜੀ ਮੰਗਾਈ, ਗੋਇੰਦਵਾਲ ਵਿਚ ਘਰ ਉਸਾਰਨ ਵਾਲੇ ਆਪਣੇ ਖਿਗਾਨੇ ਸਭ ਨੂੰ ਮੁਫਤ ਵੰਡ ਦਿੱਤੀ। ਪਰ ਫੇਰ ਬੀ ਹਸੂਦ, ਸਾੜ ਵਾਲੇ, ਸੀਨਿਆਂ ਵਿਚ ਠੰਢ ਨਾ ਵਰਤੀ। ਇਸ ਦਾ ਕਾਰਣ ਇਹ ਹੈ ਕਿ ਹਸਦ ਕਰਨ ਵਾਲੇ ਦੇ ਹਸਦ ਦਾ ਕਾਰਣ ਉਸ ਦੇ ਆਪਣੇ ਸੀਨੇ ਵਿਚ ਬੈਠਾ ਹੁੰਦਾ ਹੈ ਜੋ ਉਸ ਦਾ ਆਪਣਾ ਸੁਭਾਵ ਹੁੰਦਾ ਹੈ।

ਸੋ ਹੁਣ ਈਰਖਾਲੂ ਦਿਮਾਗਾਂ ਨੇ ਇਕ ਕਾਢ ਕੱਢੀ ਕਿ ਗੋਂਦਾ ਮਰਵਾਹਾ ਜੋ ਗੁਰੂ ਜੀ ਦਾ ਪਰਮ ਸ਼ਰਧਾਲੂ ਸੀ, ਮਰ ਚੁਕਾ ਹੈ। ਉਸ ਦਾ ਪੁਤ੍ਰ ਉਸਦੀ ਥਾਵੇਂ ਹੈ, ਉਹ ਗੁਰੂ ਕੇ ਪ੍ਰਤਾਪ ਨਾਲ ਕੁਛ ਖੁਣਸਦਾ ਹੈ, ਉਸ ਨੂੰ ਅੱਗੇ ਲਾਈਏ ਤੇ ਉਸਦੀ ਖ਼ੁਦਗਰਜ਼ੀ


www.sikhbookclub.com

ਦੀ ਅਗਨੀ ਨੂੰ ਭੜਕਾ ਕੇ ਉਸ ਨੂੰ ਸਤਿਗੁਰ ਦੇ ਗਲੇ ਪਾ ਏਈਏ। ਇਸ ਵੀਚਾਰ ਤੇ ਇਹ ਵਿਉਂਤ ਅੰਤ ਨੂੰ ਬੱਝੀ ਕਿ ਇਹ ਲਾਹੌਰ ਜਾ ਕੇ ਸ਼ਿਕਾਇਤ ਕਰੇ, ਅਰਜ਼ੀ ਪਾਵੇ-ਕਿ ਮੇਰੇ ਪਿਉ ਨੇ ਆਪਣੇ ਪਿੰਡ ਵਿਚ ਇਕ ਸਾਧੂ ਵਸਾਇਆ ਸੀ, ਓਹ ਸਾਡੀਆਂ ਭੋਆਂ ਦਬਾਈ ਜਾਂਦਾ ਹੈ ਤੇ ਹੁਣ ਸਾਡੀ ਬਾਕੀ ਭੋਂ ਉਤੇ ਕਬਜ਼ਾ ਕਰਕੇ ਮੱਲੋ ਮੱਲੀ ਬਾਉਲੀ ਬਣਾ ਰਿਹਾ ਹੈ। ਉਸ ਨੂੰ ਬੇਦਖਲ ਕੀਤਾ ਜਾਵੇ।

ਸੁਆਨਿਹ ਉਮਰੀ ਗੁਰੂ ਅਮਰਦਾਸ ਵਿਚ ਲਿਖਿਆ ਹੈ ਕਿ ਤਦੋਂ ਜਾਅਫਰ ਬੇਗ ਲਾਹੌਰ ਦਾ ਹਾਕਮ ਸੀ। ਉਸ ਨੇ ਮੁਕੱਦਮਾ ਸੁਣਿਆ। ਫੇਰ ਗੁਰੂ ਜੀ ਨੂੰ ਹੁਕਮ ਘੱਲਿਆ ਕਿ ਮੁਕੱਦਮੇ ਦੀ ਪੈਰਵੀ ਮੇਰੀ ਕਚਹਿਰੀ ਵਿਚ ਕੀਤੀ ਜਾਵੇ। ਗੁਰੂ ਜੀ ਨੇ ਪਾਈ ਜੇਠੇ (ਸ੍ਰੀ ਰਾਮ ਦਾਸ) ਨੂੰ ਘੱਲਿਆ। ਹਾਕਮ ਨੇ ਜੇਠਾ ਜੀ ਦਾ ਬਿਆਨ ਸੁਣਕੇ ਕਿਹਾ ਕਿ ਜੇਠਾ ਜੀ ਆਪਦਾ ਕਹਿਣਾ ਸਤਜ ਜਾਪਦਾ ਹੈ, ਦਾਅਵਾ ਝੂਠਾ ਮਲੂਮ ਪੈਂਦਾ ਹੈ; ਪਰ ਮੈਂ ਫੈਸਲਾ ਅਜੇ ਨਹੀਂ ਕਰਦਾ, ਮੈਂ ਦੌਰੇ ਆਵਾਂਗਾ ਤਾਂ ਓਥੇ ਮੌਕੇ ਉਗਾਹੀ ਤੇ ਹੋਰ ਸਬੂਤ ਲੈਕੇ ਫੈਸਲਾ ਕਰਾਂਗਾ। ਸੋ ਜਦ ਉਹ ਦੌਰੇ ਆਇਆ ਤਾਂ ਗੋਇੰਦਵਾਲ ਦੇ ਤੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਇਕੱਠੇ ਕੀਤੇ ਗਏ ਤਾਂ ਹਾਕਮ ਨੂੰ ਲੋਕਾਂ ਦੱਸਿਅ ਕਿ ਗੁਰੂ ਜੀ ਬੇਗਰਜ਼ ਰੱਬ ਦੇ ਪਿਆਰੇ ਹਨ, ਹਰ ਜਾਤਿ ਹਰ ਮਤਿ ਲਈ ਲੰਗਰ ਚਲਦਾ ਹੈ, ਦਿਨ ਰਾਤ ਕਥਾ ਕੀਰਤਨ ਨਾਮ ਜਾਰੀ ਰਹਿੰਦਾ ਹੈ। ਕਿਸੇ ਨਾਲ ਰਾਗ ਦੁਐਖ ਨਹੀਂ। ਕਿਸੇ ਮਾਲ ਤੇ ਮਿਲਖ ਤੇ ਦਾਅਵਾ ਨਹੀਂ ਬੰਨ੍ਹਦੇ। ਇਨ੍ਹਾਂ ਦੇ ਸੇਵਕ ਹਰੀਪੁਰ ਦੇ ਰਾਜੇ ਨੇ ਗੇਲੀਆਂ ਤੇ ਸ਼ਤੀਰ ਲੱਕੜੀ ਦੇ ਘੱਲੇ, ਆਪ ਨੇ ਬਿਨਾ ਇਕ ਪਾਈ ਲਏ ਦੇ ਆਪਦੇ ਬਿਗਾਨਿਆਂ ਨੂੰ ਵੰਡ ਦਿਤੇ। ਜਿਸ ਮਕਾਨ ਵਿਚ ਆਪ ਵਸਦੇ ਹਨ ਉਹ ਗੋਂਦੇ ਨੇ ਆਪ ਉਸਾਰਕੇ ਅਰਪਨ ਕੀਤਾ ਸੀ ਤੇ ਵਡੇ ਸਤਿਗੁਰਾਂ ਦੇ ਸੌ ਤਰਲੇ ਕਰਕੇ ਗੁਰੂ ਅਮਰਦਾਸ ਜੀ ਦਾ ਨਿਵਾਸ ਏਥੇ ਪਰਵਾਨ ਕਰਵਾਇਆ ਸੀ। ਆਪ ਜੀ ਦੇ ਭਾਈ ਬੰਦਾ ਨੇ ਜੋ ਘਰ ਕੋਠੇ ਪਾਏ ਹਨ ਆਪਦੇ ਕਹਿਣੇ ਤੇ ਪਾਏ ਹਨ ਤੇ ਭੋਂ ਦੇ ਮੁੱਲ ਦਿਤੇ ਹਨ ਮਾਲਕ ਨੂੰ। ਹੁਣ ਜੋ ਬਾਉਲੀ ਬਣਨ ਲੱਗੀ ਹੈ ਇਟ ਖਾਂ ਗੋਂਦੇ ਦੇ ਪੁਤ੍ਰ ਨੂੰ ਗੁਰੂ ਕੇ ਸਿਖਾਂ ਨੇ ਮਾਯਾ ਦੇਕੇ ਖਰੀਦੀ ਹੈ। ਫੇਰ ਜਿਨ੍ਹਾਂ ਦੇ ਰੋਬਰੂ ਮਾਯਾ ਦਿਤੀ ਸੀ, ਉਨ੍ਹਾਂ ਦੀ ਇਹੀ ਉਗਾਹੀ ਭੁਗਤੀ। ਆਪ ਜੀ ਨੇ ਕਿਸੇ ਦੇ ਹੱਕ ਤੇ ਕੀਹ ਕਬਜ਼ਾ ਕਰਨਾ ਸੀ ਆਪ ਤਾਂ ਆਪਣਾ ਹੱਕ ਲੁਟਾਉਂਦੇ ਰਹਿੰਦੇ ਹਨ। ਮੌਜ ਆਵੇ ਤਾਂ ਹੁਣ ਸਭ ਕੁਛ ਛੱਡ ਕੇ ਟੁਰ ਪੈਣ। ਅੱਗੇ ਇਕ ਵੇਰ ਸਾਰਾ ਸਮਾਜ ਛਡਕੇ ਬਾਮਰਕੇ ਜਾ ਰਹੇ ਸਨ। ਗੁਰਿਆਈ ਉਤੇ ਜਬਰੀ ਕਬਜ਼ਾ ਕਰਨ ਵਾਲੇ ਖਡੂਰੋਂ ਸਾਹਿਬਜ਼ਾਦੇ ਦਾਤੂ ਜੀ ਆਏ ਸਨ, ਸ੍ਰੀ ਗੁਰੂ ਜੀ ਗੱਦੀ ਆਪੇ ਛੋੜ ਕ ਟੁਰ ਗਏ। ਫੇਰ ਗੁਰੂ ਸਿਖ ਤੇ ਏਹੋ ਮਰਵਾਹੇ ਹਜ਼ਾਰ ਤਰਲਾ ਤ ਮਿੰਨਤਾਂ ਕਰਕੇ ਗੁਰੂ ਜੀ ਨੂੰ ਏਥੇ ਲੈ ਆਏ ਸਨ।

ਇਸ ਪ੍ਰਕਾਰ ਮੌਕੇ ਤੇ ਤ੍ਰਿਆਕਲਾਂ ਪਾਸੋਂ ਹਾਲਾਤ ਸੁਣਕੇ ਹਾਕਮ ਨੂੰ ਪੂਰੀ ਤਸੱਲੀ ਹੋ ਹਾਈ ਕਿ ਇਹ ਦਾਅਵਾ ਝੂਠਾ ਹੈ ਤੇ ਤਅਸੱਬੀ ਲੋਕਾਂ ਦੇ ਮਜ਼ਹਬੀ ਤਅੱਸਬ ਨਾਲ ਕੀਤੇ ਚੁੱਕ ਚੁੱਕਾ ਦਾ ਸਿੱਟਾ ਹੈ। ਸੋ ਉਹ ਮਰਵਾਹੇ ਦੇ ਵਿਰੁੱਧ ਫੈਸਲਾ ਕਰਕੇ ਚਲਾ ਗਿਆ। ਇਹ ਬੀ ਲਿਖਿਆ ਹੈ ਕਿ ਜਾਅਫਰ ਬੇਗ ਲਹੌਰ ਜਾਂਦਾ ਘੋੜੇ ਤੋਂ ਡਿਗ ਪਿਆ, ਧੌਣ ਭੱਜ ਗਈ ਤੇ ਸੈਆਂ ਵਰਿਹਾਂ ਦਾ ਹੋ ਗਿਆ ਉਸ ਦੀ ਥਾਂ ਉਸ ਦਾ ਬੇਟਾ ਤਾਹਰ ਬੇਗ ਹੋ ਗਿਆ। ਉਹ ਪਿਤਾ ਦੇ ਨਾਲ ਗੁਰੂ ਘਰ ਵੇਖ ਗਿਆ ਸੀ। ਉਹ ਗੁਰੂ ਜੀ ਦਾ ਸ਼ਰਧਾਲੂ ਹੋ ਗਿਆ ਸੀ।

ਇਹ ਬੀ ਗਲ ਚਲੀ ਆਉਂਦੀ ਹੈ ਕਿ ਜਾਅਫਰ ਬੇਗ ਨੇ ਜਦ ਸਭ ਸ਼ਹਾਦਤਾਂ ਲੈ ਲਈਆਂ, ਤਸੱਲੀ ਹੋ ਗਈ, ਤਦ ਬੀ ਉਹ ਕਰਾਮਾਤੀ ਸ਼ਕਤੀ ਵੇਖਣ ਦੇ ਸ਼ੌਕ ਵਿਚ ਆ ਗਿਆ, ਜੋ ਕਿ ਮੁਸਲਮਾਨਾਂ ਵਿਚ ਫਕੀਰ ਯਾ ਪੈਗੰਬਰ ਦੀ ਅਜ਼ਮਾਯਸ਼ ਕਰਨ ਵਾਸਤੇ ਉਹ ਜ਼ਰੂਰੀ ਅੰਗ ਸਮਝਦੇ ਹਨ। ਚੁਨਾਂਚਿ ਉਸ ਨੇ ਲਗ ਰਹੀ ਬਾਵਲੀ ਦੀ ਧਰਤੀ ਤੇ ਖੜੋਕੇ ਅਖਾਂ ਮੀਟਕੇ ਕਿਹਾ; -ਐ ਜ਼ਿਮੀਂ ਤੂੰ ਖੁਦ ਬਤਾ ਕਿ ਤੂੰ ਕਿਸ ਦੀ ਹੈਂ? ਜ਼ਿਮੀਂ ਵਿਚੋਂ ਆਵਾਜ਼ ਆਈ ਮੈਂ ਖੁਦਾ ਦੀ, ਮੈਂ ਫਕੀਰ ਦੀ, ਮੈਂ ਖੁਦਾ ਦੀ; ਮੈਂ ਫਕੀਰ ਦੀ, ਮੈਂ ਖੁਦਾ ਦੀ, ਮੈਂ ਫਕੀਰ ਦੀ। ਏਹ ਤ੍ਰੈ ਵੇਰ ਫੇਰ ਸੁਨਕੇ ਜਾਅਫਰ ਬੇਗ ਕੰਬਿਆ ਤੇ ਝੱਟ ਫੈਸਲਾ ਦੇ ਦਿੱਤਾ ਕਿ ਮੁਦਈ ਦਾ ਦਾਅਵਾ ਝੂਠਾ ਹੈ। ਤਾਹਰ ਬੇਗ ਤੇ ਬੀ ਇਸ ਗਲ ਦਾ ਭਾਰੀ ਅਸਰ ਹੋਇਆ।

ਚਾਹੀਦਾ ਸੀ ਕਿ ਉਪਰਲੀ ਹੋਣਹਾਰ ਹੋਕੇ


www.sikhbookclub.com

ਹਠੀਆਂ ਦੇ ਹਠ ਹਟ ਜਾਂਦੇ ਓਹ ਦੂਣੇ ਹੋਰ ਤੁਲ ਪਏ। ਨਮੋਸ਼ੀ ਖ਼ਬਰੇ ਚਿਹ ਚਾੜ੍ਹ ਦਿਤੀ। ਐਉਂ ਜਾਪਦਾ ਹੈ ਕਿ ਹੁਣ ਸਾਰਿਆਂ ਨੂੰ ਪਾਤਸ਼ਾਹ ਪਾਸ ਸ਼ਿਕੈਤ ਕਰਨ ਦੀ ਗੱਲ ਸੁੱਝੀ। ਮੁਗ਼ਲ ਪਾਤਸ਼ਾਹਾਂ ਦੇ ਵੇਲੇ ਇਕ ਵਿਉਂਤ ਜਾਰੀ ਸੀ ਕਿ ਜੇ ਕਿਸੇ ਨੂੰ ਨਿਆਂ ਪ੍ਰਾਪਤ ਨਾ ਹੋਵੇ ਤਾਂ ਪਾਤਸ਼ਾਹ ਤਦ ਫਰਯਾਦ ਪਹੁੰਚ ਸਕੇ। ਜਹਾਂਗੀਰ ਨੇ ਤਾਂ ਇਕ ਸੰਗਲ ਲਾ ਛਡਿਆ ਸੀ, ਜੋ ਛੇੜੇ ਤਾਂ ਅੰਦਰ ਟੱਲ ਖੜਕ ਪੈਂਦਾ ਸੀ ਤੇ ਪਾਤਸ਼ਾਹ ਨੂੰ ਖ਼ਬਰ ਹੋ ਜਾਂਦੀ ਸੀ ਕਿ ਕੋਈ ਫਰਿਆਦੀ ਆਇਆ ਹੈ। ਇਸੀ ਤਰ੍ਹਾਂ ਅਕਬਰ ਦੇ ਵੇਲੇ ਖਾਸ ਮੈਲਾ ਵੇਸ ਕਰਕੇ ਜਾਣ ਦੀ ਰਵਾਇਤ ਚਲੀ ਆਉਂਦੀ ਸੀ, ਜਿਸ ਤੋਂ ਪਤਾ ਲੱਗ ਜਾਂਦਾ ਸੀ ਕਿ ਇਹ ਫਰਿਆਦੀ ਆਇਆ ਹੈ। ਕਿਸੇ ਦਰਬਾਰੀ ਨੂੰ ਕੋਈ ਸ਼ਿਕਾਇਤ ਹੋਵੇ ਤਾਂ ਕਾਗਜ਼ਾਂ ਦੇ ਕਪੜੇ ਪਹਿਣ ਕੇ ਜਾਇਆ ਕਰਦਾ ਸੀ। ਨੀਲੇ ਕਾਲੇ ਮੈਲੇ ਕਪੜਿਆਂ ਵਾਲੀ ਤਰਕੀਬ ਕਿ ਪਾਤਸ਼ਾਹ ਤਕ ਦੁਖੀ ਦੀ ਪਹੁੰਚ ਹੋ ਸਕੇ, ਅਕਬਰ ਨੇ ਜਾਰੀ ਕਰ ਦਿੱਤੀ ਦੱਸੀ ਜਾਂਦੀ ਹੈ। ਜੋ ਰਿਵਾਜ ਤਦੋਂ ਸੀ ਉਸ ਮੂਜਬ ਮਰਵਾਹੇ ਨੇ ਆਪਣੇ ਇਕ ਨੌਕਰ ਨੂੰ ਨੀਲੀ ਕਾਲੀ ਟਾਕੀਆਂ ਦੀ ਬਣੀ ਕਬਾ ਪਹਿਨਾ ਲਈ, ਜਿਸ ਵਿਚ ਮੈਲ ਭਰੀ ਹੋਈ ਸੀ, ਜੂਆਂ ਤੇ ਕੀੜੇ ਭੀ ਸਨ। ਨੌਕਰ ਨੇ ਮੂੰਹ ਬੀ ਕਾਲਾ ਕਰ ਲਿਆ। ਇਹ ਤੇ ਮਰਵਾਹਾ ਪਾਤਸ਼ਾਹ ਵਲ ਟੁਰ ਪਏ। ਰਸਤੇ ਵਿਚ ਇਹ ਨੌਕਰ ਗੁਰੂ ਜੀ ਦੀ ਨਿੰਦਾ ਕਰਦਾ ਜਾਏ ਤੇ ਉਨ੍ਹਾਂ ਦੀ ਜਬਰੀ ਦੀਆਂ ਝੂਠੀਆਂ ਵਾਰਦਾਤਾਂ ਬਣਾ ਬਣਾ ਕੇ ਸੁਣਾਉਂਦਾ ਜਾਵੇ, ਪਰ ਕੋਈ ਯਕੀਨ ਨਾ ਕਰੇ। ਜਦ ਇਹ ਪਾਤਸ਼ਾਹੀ ਦਰਗਾਹ ਵਿਚ ਪਹੁੰਚੇ ਤੇ ਬਹੁਤ ਸੇਵਕ ਨੇ ਰੋ ਰੋ ਕੇ ਆਪਦੇ ਮਾਲਕ ਦਾ ਦਾਅਵਾ ਪੇਸ਼ ਕੀਤਾ ਤਾਂ ਅਕਬਰ ਨੇ ਸ਼ਾਂਤੀ ਨਾਲ ਸੁਣਿਆ। ਫੇਰ ਓਹ ਆਪਣੇ ਅਹਿਲਮੰਦ ਵੱਲ ਤੱਕਿਆ, ਉਸ ਨੇ ਕਿਹਾ ਹਜ਼ੂਰ ਇਹ ਕਿੱਸਾ ਗਲਤ ਹੈ। ਮੁਕੱਦਮਾ ਜਾਅਫਰਬੇਗ ਦੀ ਕਚਹਿਰੀ ਹੋ ਚੁਕਾ ਹੈ, ਉਹ ਮੌਕੇ ਤੇ ਜਾ ਕੇ ਤਹਿਕੀਕਾਤ ਕਰਕੇ ਫੈਸਲਾ ਦੇ ਚੁਕਾ ਹੈ, ਉਹ ਗੁਰੂ ਜੀ ਦੇ ਹੱਕ ਵਿਚ ਹੈ। ਫਿਰ ਹਜ਼ੂਰ ਪੰਜਾਬ ਦੀਆਂ ਖੁਫੀਆਂ ਖਬਰਾਂ ਵਿਚ, ਜੋ ਗੁਰੂ ਨਾਨਕ ਦੇ ਚਲਾਏ ਸਿਖ ਮਤ ਦੀਆਂ ਆਉਂਦੀਆਂ ਹਨ, ਓਹ ਹਜ਼ੂਰ ਨੂੰ ਪਤਾ ਹੀ ਹਨ। ਹੁਣ ਗੱਦੀ ਪਰ ਗੁਰ ਅਮਰਦਾਸ ਹਨ ਜੋ ਬੜ ਮੁਤੱਕੀ, ਪਰਹੇਜ਼ਗਾਰ ਸੁਲਹਕੁੱਲ, ਖ਼ੁਦਾ ਪ੍ਰਸਤ, ਬਨੀ ਨੌਅ ਇਨਸਾਨ ਦੇ ਦੋਸਤ ਤੇ ਮਦਦਗਾਰ ਹਨ। ਆਪ ਦਾ ਲੰਗਰਖਾਨਾ ਹਰ ਵਕਤ ਖੁੱਲ੍ਹਾ ਹੈ। ਹਿੰਦੂ ਮੁਸਲਮਾਨ,ਸਾਧ, ਗ੍ਰਿਹਸਤੀ, ਫਕੀਰ, ਬਿਨਾ ਜਾਤਿ ਪਾਤਿ ਰੋਕ ਟੋਕ ਦੇ ਸਭ ਨੂੰ ਖਾਣਾ ਮੁਫਤ ਮਿਲਦਾ ਹੈ। ਓਹ ਗੋਇੰਦਵਾਲ ਛੋੜਕੇ ਸਾਰਾ ਕੁਛ ਤਿਆਗ ਕੇ ਚਲੇ ਗਏ ਸਨ; ਇਹੋ ਮਰਵਾਹੇ ਤੇ ਪਿੰਡ ਦੇ ਚੌਧਰੀ ਤੇ ਉਨ੍ਹਾਂ ਦੀ ਉੱਮਤ ਦੇ ਬੰਦੇ ਮਿੰਨਤਾਂ ਕਰਕੇ ਉਹਨਾਂ ਨੂੰ ਵਾਪਸ ਲਿਆਏ ਸਨ। ਫੇਰ ਹਜ਼ੂਰ! ਹਰੀਪੁਰ ਤੋਂ ਗੁਰੂ ਜੀ ਨੇ ਲਕੜੀ ਮੰਗਵਾਈ, ਓਹ ਹਿੰਦੂ ਮੁਸਲਿਮ ਹਰ ਗੋਇੰਦਵਾਲ ਦੇ ਅਬਾਦਕਾਰ, ਆਪਣੇ ਬਿਗਾਨੇ ਸਭ ਨੂੰ ਮੁਫਤ ਵੰਡ ਦਿਤੀ। ਇਹ ਗੱਲ ਬੀ ਤਹਿਕੀਕ ਕੀਤੀ ਗਈ ਹੈ ਕਿ ਜਿਸ ਜ਼ਿਮੀਂ ਪਰ ਬਾਵਲੀ ਬਣ ਰਹੀ ਹੈ ਗੁਰੂ ਕੇ ਮੁਰੀਦਾਂ ਨੇ ਰੁਪੱਯਾ ਦੇ ਕੇ ਖਰੀਦੀ ਹੈ। ਹਜ਼ੂਰ ਇਤਲਾਹ ਤਾਂ ਇਹ ਬੀ ਆਈ ਹੈ ਕਿ ਜਾਅਫਬ ਬੇਗ ਨੇ ਦੁਆ ਕਰਕੇ ਲਲਕਾਰ ਕੇ ਕਿਹਾ : ਹੇਜ਼ਿਮੀ ਤੂੰ ਕਿਸਦੀ ਹੈਂ? ਤਾਂ ਜ਼ਿਮੀਂ ਵਿਚੋਂ ਆਵਾਜ਼ ਆਈ ਮੈਂ ਅੱਲਾ ਪਾਕ ਦੀ ਹਾਂ, ਫ਼ੇਰ ਮੈਂ ਇਸ ਅੱਲਾ ਵਾਲੇ ਫ਼ਕੀਰ ਦੀ ਹਾਂ, ਅਗੇ ਹਜ਼ੂਰ ਦਾਨਾ ਹੋ, ਮਾਜ਼ੀ ਹਾਲ ਮੁਸਤਕਬਿਲ (ਭੂਤ, ਵਰਤਮਾਨ, ਤੇ ਭਵਿੱਖ) ਦੀ ਜਾਣਨਹਾਰ ਹੋ।

ਅਕਬਰ ਸੁਣ ਕੇ ਚੁਪ ਹੋ ਗਿਆ, ਅਖਾਂ ਮੀਟ ਲਈਆਂ, ਫੇਰ ਮਰਵਾਹੇ ਤੇ ਉਸ ਦੇ ਦਾਸ ਵਲ ਤੱਕਿਆ ਤੇ ਹੁਕਮ ਦਿੱਤਾ : ਚੋਬਦਾਰ! ਇਨ ਕੋ ਹਮਾਰੀ ਆਖੋਂ ਕੇ ਸਾਮਨੇ ਸੇ ਦੂਰ ਕਰ ਦੋ, ਫੌਰਨ ਸੇ ਪਹਿਲੇ ਨਿਕਾਲ ਦੋ।

ਚੋਬਦਾਰ ਹੁਕਮਾਂ ਨੂੰ ਸਵਾਇਆ ਕਰਕੇ ਮਨਾਂਉਂਦੇ ਹਨ; ਸੋ ਉਨ੍ਹਾਂ ਨੂੰ ਧੱਕੇ ਮਾਰਦਿਆਂ ਬਾਹਰ ਕੱਢਿਆ ਤੇ ਨੌਕਰ ਨੂੰ ਕੁਛ ਸੋਟੀਆਂ, ਕੁਛ ਮੁੱਕੇ ਤੇ ਜੁੱਤੇ ਬੀ ਲਗ ਗਏ। ਮਸਾਂ ਕੁਛ ਦੇ ਦਿਵਾਕੇ ਅਹਿਦੀਆਂ ਤੋਂ ਛੁੱਟੇ। ਦੋਵੇਂ ਬੁਰੇ ਹਾਲੀਂ ਸ਼ਰਮਿੰਦੇ ਹੋਏ ਘਰਾਂ ਨੂੰ ਮੁੜੇ। ਜੋ ਦੁਰਗਤਿ ਮਰਵਾਹੇ ਦੀ ਦਰਬਾਰ ਵਿਚ, ਨਗਰ ਵਿਚ, ਸਾਕਾਂ ਵਿਚ, ਪਰਵਾਰ ਵਿਚ ਹੋਈ ਉਹ ਗੁਰੂ ਰਾਮਦਾਸ ਜੀ ਨੇ ਆਪਣੇ ਇਕ ਸ਼ਲੋਕ ਵਿਚ ਐਉਂ ਵਰਨਣ ਕੀਤੀ ਹੈ :-


www.sikhbookclub.com

ਮਲੁ ਜੁਈ ਭਰਿਆ ਨੀਲਾ ਕਾਲਾ ਖਿਧੋਲੜਾ
ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥
ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ
ਗੂਹ ਪੜਿ ਸਗਵੀ ਮਲੁ ਲਾਇ
ਮਨਮੁਖੁ ਆਇਆ॥
ਪਰਾਈ ਜੋ ਨਿੰਦਾ ਚੁਗਲੀ ਨੋ
ਵੇਮੁਖੁ ਕਰਿ ਕੈ ਭੇਜਿਆ
ਓਥੈ ਭੀ ਮੁਹੁ ਕਾਲਾ ਦੁਹਾ
ਵੇਮੁਖਾ ਦਾ ਕਰਾਇਆ॥
ਤੜ ਸੁਣਿਆ ਸਭਤੁ ਜਗਤੁ ਵਿਚਿ ਭਾਈ
ਵੇਮੁਖੁ ਸਣੈ ਨਫਰੈ ਪਉਲੀ ਪਉਦੀ
ਫਾਵਾ ਹੋਇ ਕੈ ਉਠਿ ਘਰਿ ਆਇਆ॥
ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ
ਤਾ ਵਹੁਟੀ ਭਤੀਜੀ ਫਿਰਿ
ਆਣਿ ਘਰਿ ਪਾਇਆ॥
ਹਲਤੁ ਪਲਤੁ ਦੋਵੈ ਗਏ
ਨਿਤ ਭੁਖਾ ਕੂਕੇ ਤਿਹਾਇਆ॥
ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ
ਜਿਨਿ ਨਿਆਉ ਸਚੁ ਬਹਿ ਆਪ ਕਰਾਇਆ॥
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ
ਸੋ ਸਾਚੈ ਮਾਰਿ ਪਚਾਇਆ॥
ਏਹੁ ਅਖਰੁ ਤਿਨਿ ਆਖਿਆ
ਜਿਨਿ ਜਗਤੁ ਸਭ ਉਪਾਇਆ॥੧॥
(ਵਾਰ ਗਉੜੀ: ਮ: ੪ -੧੨)

ਅਰਥ-ਉਸ ਮਨਮੁਖ (ਮਰਵਾਹੇ) ਨੇ ਨੀਲਾ ਕਾਲਾ ਖਿਰਕਾ ਯਾ ਗੋਦੜਾ ਜੋ ਮੈਲਾ ਤੇ ਜੂੰਆਂ ਦਾ ਭਰਿਆ ਸੀ ਆਪਣੇ ਬੇਮੁਖ (ਨੌਕਰ) ਨੂੰ ਪਹਿਨਵਾ ਦਿੱਤਾ। ਉਸ ਨੂੰ ਕੋਈ ਪਾਸ ਨਾ ਬਹਿਣ ਦੇਵੇ; ਸਗੋਂ ਦੁਨੀਆ ਵਿਚ ਉਸ ਉਤੇ ਹੋਰ ਮੈਲ ਤੇ ਗੰਦ ਪੈਣ ਲਗਾ। ਓਹ ਜੋ ਪਰਾਈ ਨਿੰਦਾ ਚੁਗਲੀ ਕਰਨ ਲਈ ਵੇਮੁਖ ਨੇ ਵੇਮੁਖ ਨੂੰ ਘੱਲਿਆ, ਓਥੇ(ਦਰਬਾਰ ਵਿਚ) ਦੋਹਾਂ ਵੇਮੁਖਾਂ ਦਾ ਮੂੰਹ ਕਾਲਾ ਹੋਇਆ। ਝਟ ਜਗਤ ਵਿਚ ਮਸ਼ਹੂਰ ਹੋ ਗਿਆ ਕਿ ਵੇਮੁਖ (ਮਰਵਾਹਾ) ਅਪਣੇ ਨਫਰ ਸਮੇਤ ਪਉਲੇ ਪੈਂਦਿਆਂ ਫਾਹਵਾ ਹੋਕੇ ਘਰਾਂ ਨੂੰ ਮੁੜ ਆਇਆ ਹੈ। ਅਗੋਂ ਸੰਗਤਾਂ ਨੇ, ਕੁੜਮਾਂ ਨੇ ਵੇਮੁਖ ਨੂੰ ਆਪਣੇ ਵਿਚ ਰਲਣ ਨਾ ਦਿੱਤਾ ਤਦ ਵਹੁਟੀ ਤੇ ਭਤੀਜੀ ਨੇ ਲਿਆ ਘਰ ਮੰਜੇ ਪਾਇਆ। ਉਸ ਦੇ ਲੋਕ ਪ੍ਰਲੋਕ ਦੋਵੇਂ ਮਾਰੇ ਗਏ, ਸਦਾ ਭੁੱਖਾ ਤਿਹਾਇਆ ਕੂਕਦਾ ਸੀ। (ਭਾਵ ਕੋਈ ਰੋਗ ਹੋ ਰਿਆ ਜੋ ਅੰਨ ਪਾਣੀ ਪਚੇ ਨਾ)। ਧੰਨ ਹੈ ਮਾਲਕ ਕਰਤਾਰ ਜਿਸ ਨੇ ਸੱਚਾ ਨਿਆਂ (ਪਾਤਸ਼ਾਹ ਤੋਂ) ਕਰਵਾਇਆ। ਜੋ ਸੱਚੇ ਗੁਰੂ ਪੂਰੇ ਦੀ ਨਿੰਦਾ ਕਰਦੇ ਹਨ, ਉਸ ਨੂੰ ਸੱਚ ਮਾਰ ਕੇ ਖੁਆਰ ਕਰਦਾ ਹੈ। ਇਹ ਅੱਖਰ (ਮੈਨੂੰ) ਉਸਨੇ ਕਿਹਾ ਹੈ ਕਿ ਜਿਸਨੇ ਜਗਤ ਪੈਦਾ ਕੀਤਾ ਹੈ, (ਭਾਵ ਇਹ ਅਗੰਮਦੀ ਬਾਣੀ ਹੈ ਕਿ ਜੋ ਪੂਰੇ ਸਤਿਗੁਰੂ ਦੀ ਨਿੰਦਾ ਕਰਦਾ ਹੈ ਉਸਨੂੰ ਸੱਚੇ ਕਰਤਾਰ ਵਲੋਂ ਦੰਡ ਮਿਲਦਾ ਹੈ)।

## ੨੯. ਤੀਸਰਾ ਵਾਰ।

**ਇਹ** ਵਾਰ ਬੀ ਖਾਲੀ ਜਾਣ ਤੇ ਵਿੰਗੇ ਤ੍ਰੀਕੇ ਨਾਲ ਗੁਰੂ ਜੀ ਨੂੰ ਔਖਾਂ ਵਿਚ ਪਾਉਣ ਦੀ ਤੇ ਕਾਨੂੰਨੀ ਮੁਸ਼ਕਲਾਂ ਵਿਚ ਫਸਾਉਣ ਦੀ ਵਿਉਂਤ ਸਮਝੀ ਗਈ ਕਿ ਠੀਕ ਨਹੀਂ ਸੀ। ਹੋਰ ਕੋਈ ਦਾਉ ਢੁੱਕਦਾ ਬੀ ਨਹੀਂ ਸੀ। ਇਸ ਲਈ ਦੀਨੀ ਤੁਅੱਸਬ ਨੇ ਸੱਚ ਦੀ ਓਟ ਤਕਾਈ ਕਿ ਸਿੱਧਾ ਤੇ ਸਾਫ ਇਲਜ਼ਾਮ ਦਿਓ ਜਿਸ ਨੂੰ ਕੋਈ ਨਾ ਕਹਿ ਸਕੇ ਕਿ ਹੈ ਨਹੀਂ। ਚੁਨਾਂਚਿ ਇਹ ਦਰਖਾਸਤ ਬਣਾਈ ਗਈ ਕਿ ਸ਼ਾਹ ਅਕਬਰ ਸਭ ਦੀਨਾਂ ਦਾ ਰਖਵਾਲਾ ਹੈ, ਹਿੰਦੂ ਧਰਮ ਦਾ ਰਾਖਾ ਬੀ ਉਹੀ ਹੈ। ਏਥੇ ਗੋਇੰਦਵਾਲ ਵਿਚ ਇਕ ਧਰਮ ਖੜਾ ਹੋਇਆ ਹੈ ਜੋ ਵਰਣਾਸ਼੍ਰਮ ਦਾ ਵਿਰੋਧੀ ਹੈ। ਸ਼ਾਹ ਨੂੰ ਪਤਾ ਹ ਕਿ ਹਿੰਦੂ ਧਰਮ ਦੀ ਕੰਗਰੋੜ ਦੀ ਹੱਡੀ ਵਰਣਾਸ਼੍ਰਮ ਹੈ। ਏਥੋਂ ਅਮਰਦਾਸ ਨਾਮੇ ਇਕ ਹਿੰਦੂ ਹੈ ਜੋ ਹਿੰਦੂ ਮਤਿ ਵਿਚ ਬਿਦਅਤਾਂ (ਉਸ਼ਕਲਾ) ਖੜੀਆਂ ਕਰਕੇ ਧਰਮ ਦੀ ਹਾਨੀ ਕਰ ਰਿਹਾ ਹੈ। ਹਰ ਜਾਤਿ; ਹਰ ਵਰਣ ਦੇ ਆਦਮੀਆਂ ਦੀ ਇਕ ਪੰਕਤਿ ਕਰ ਦਿਤੀ ਸੂ : ਸਾਰੇ ਇਕ ਦੂਏ ਦੀ ਦੇਖਾ ਦੇਖੀ ਇਕ ਲੰਗਰ ਵਿਚ ਖਾਂਦੇ ਪੀਂਦੇ ਹਨ। ਇਸ ਨੂੰ ਐਸਾ ਕਰਨੋਂ ਰੋਕਿਆ ਜਾਵੇ।

ਦੂਸਰੇ ਹਿੰਦੂ ਧਰਮ ਦੀ ਤ੍ਰੈਕਾਲ ਸੰਧਿਆ ਹੈ ਜੋ ਇਨ੍ਹਾਂ ਨੇ ਛਡ ਦਿਤੀ ਹੈ। ਇਹ ਸਾਰੇ ਨਾ 'ਸਰਜੋਦੇ ਵੇਲੇ' ਨਾ 'ਮਧਜਾਨ ਵੇਲੇ' ਨਾ 'ਸਾਯੰਕਾਲ' ਸਮੇਂ ਗਾਯਤ੍ਰੀ ਮੰਤ੍ਰ ਉਚਾਰਦੇ ਹਨ। ਹਿੰਦੂ ਧਰਮ ਦਾ

ਇਹ ਅੰਗ ਟੁਟ ਗਿਆ ਤਾਂ ਧਰਮ ਨਹੀਂ ਰਹਿ ਸਕਦਾ: ਆਪ ਧਰਮ ਦੀ ਰਖਯਾ ਕਰੋ।

ਤੀਸਰੇ ਇਹਨਾਂ ਨੇ ਦੇਵ ਬਾਣੀ ਵਲੋਂ ਰੁਖ ਮੋੜ ਲਿਆ ਹੈ, ਏਹ ਜਟਕੀ ਬੋਲੀ ਵਿਚ ਮਨਘੜਤ ਗੀਤ ਗਾਉਂਦੇ ਹਨ, ਜੋ ਵਿਹਤ ਨਹੀਂ ਹੈ। ਇਨ੍ਹਾਂ ਨੂੰ ਸੰਸਕ੍ਰਿਤ ਪਾਠ ਮੰਤ੍ਰ ਵਿਚ ਲਾਯਾ ਜਾਵੇ। ਚੌਥੇ ਇਹ ਸ੍ਰਾਧ ਕਿਰਿਆ ਆਦਿ ਰਸਮਾਂ ਦੀ ਪਰਵਾਹ ਘੱਟ ਕਰਦੇ ਹਨ, ਤੀਰਥ ਯਾਤ੍ਰਾ ਬੀ ਨਹੀਂ ਕਰਦੇ ਹਨ। ਮੂਰਤੀ ਪੂਜਾ ਦਾ ਖੁੱਲ੍ਹਮ-ਖੁੱਲ੍ਹਾ ਖੰਡਨ ਕਰਦੇ ਹਨ। ਆਪਣੇ ਗੁਰੂ ਨੂੰ ਬਸ ਸਭ ਕੁਛ ਸਮਝਦੇ ਹਨ! ਇਨ੍ਹਾਂ ਨੂੰ ਮੂਰਤੀ ਪੂਜਾ ਦੀ ਨਿੰਦਿਆ, ਤੀਰਥ ਯਾਤ੍ਰਾ ਦੇ ਵਿਰੋਧ ਕਰਨੇ ਤੋਂ ਰੋਕਿਆ ਜਾਵੇ ਤੇ ਕ੍ਰਿਆ ਤਰਪਣ ਸ਼ਰਾਧ ਕਰਨ ਤੇ ਮਜਬੂਰ ਕੀਤਾ ਜਾਵੇ। ਪੰਜਵੇਂ ਇਨ੍ਹਾਂ ਲੋਕਾਂ ਨੇ ਇਕ ਨਵਾਂ ਮੰਤ੍ਰ 'ਵਾਹਿਗੁਰੂ' ਥਾਪ ਲਿਆ ਹੈ ਇਸ ਤੋਂ ਵਰਜਿਆ ਜਾਵੇ।

ਜੇ ਹੁਣੇ ਠੱਲਾ ਨਾ ਪਾਇਆ ਗਿਆ ਤਾਂ ਹਿੰਦੂ ਧਰਮ ਦੀ ਬੜੀ ਹਾਨੀ ਹੋਵੇਗੀ! ਹੁਣ ਆਪ ਹੀ ਹਿੰਦੂ ਧਰਮ ਦੇ ਧਰਮ ਧੁਰੰਧਰ ਹੋ, ਇਸ ਦੀ ਰਖਯਾ ਕਰੋ।

ਅਕਬਰ ਉਨ੍ਹੀਂ ਦਿਨੀਂ ਲਾਹੌਰ ਆਇਆ ਹੋਇਆ ਸੀ। ਲਿਖਿਆ ਮਿਲਦਾ ਹੈ ਕਿ ਪਾਤਸ਼ਾਹ ਨੇ ਅਰਜ਼ੀ ਸੁਣਕੇ ਸੁਨੇਹਾ ਘੱਲਿਆ ਕਿ ਗੁਰੂ ਜੀ ਕ੍ਰਿਪਾ ਕਰਕੇ ਲਾਹੌਰ ਦਰਸ਼ਨ ਦੇਣ ਯਾ ਕੋਈ ਪ੍ਰਤੀਨਿਧ ਘੱਲਣ। ਸ੍ਰੀ ਗੁਰੂ ਜੀ ਨੇ ਇਸ ਸੱਦੇ ਪਰ ਜੇਠਾ ਜੀ ਨੂੰ ਲਾਹੌਰ ਘੱਲਿਆ। ਜੇਠਾ ਜੀ ਆਗਿਆ ਮੰਨਕੇ ਟੁਰ ਤਾਂ ਪਏ, ਪਰ ਬਿਨੈ ਕੀਤੀ ਕਿ ਮੈਂ ਵਿਦਵਾਨ ਨਹੀਂ, ਓਥੇ ਵਾਹ ਚਾਤੁਰਾਂ ਨਾਲ ਪੈਣੇ ਹਨ, ਮੈਂ ਕੀਕੂੰ ਸੇਵਾ ਠੀਕ ਤਰ੍ਹਾਂ ਕਰ ਸਕਾਂਗਾ? ਗੁਰੂ ਜੀ ਨੇ ਫੁਰਮਾਯਾ, ਤੇਰੇ ਪਾਸ ਸੱਚ ਹੈ, ਤੇਰੇ ਪਾਸ ਸੱਚ ਦੀ ਵਿਦਯਾ ਹੈ, ਤੇਰੇ ਸਿਰ ਤੇ ਹੱਥ ਗੁਰੂ ਨਾਨਕ ਦਾ ਹੈ, ਤੇਰੇ ਅੰਦਰ ਵਾਹਿਗੁਰੂ ਹੈ, ਪੈਜ ਵਾਹਿਗੁਰੂ ਰਖੇਗਾ। 'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।'

ਜਦ ਸ੍ਰੀ ਰਾਮਦਾਸ ਜੀ ਲਾਹੌਰ ਗਏ ਤੇ ਦਰਬਾਰ ਵਿਚ ਪਹੁੰਚੇ ਤਦ ਪਾਤਸ਼ਾਹ ਇਉਂ ਨਾ ਮਿਲਿਆ ਜਿਵੇਂ ਮੁਕੱਦਮੇ ਵਾਲਿਆਂ ਨੂੰ ਮਿਲੀਦਾ ਹੈ, ਪਰ ਸਾਈਂ ਵਾਲੇ ਸਮਝਕੇ ਅਦਬ ਸਤਿਕਾਰ ਨਾਲ ਮਿਲਿਆ। ਗੁਰੂ ਸਾਹਿਬ ਦੀ ਖੇਮ ਕੁਸ਼ਲ ਪੁੱਛੀ, ਫੇਰ ਆਖਣ ਲੱਗਾ, ਤੁਸਾਂ ਉਤੇ ਫਰਿਯਾਦ ਹੋਈ ਹੈ ਕਿ ਤੁਸਾਂ ਨੇ 'ਓਂਕਾਰ' ਛੱਡ ਦਿਤਾ ਹੈ। ਗਾਯਤ੍ਰੀ ਮੰਤਰ ਤਜਾਗ ਦਿਤਾ ਹੈ।

ਸ੍ਰੀ ਰਾਮਦਾਸ ਜੀ ਨੇ ਇਕ ਅਚਰਜ ਸੰਗੀਤਕ ਸੁਰ ਵਿਚ ਗਾਯਤ੍ਰੀ ਉਚਾਰਨ ਕੀਤੀ ਤੇ ਉਸਦੇ ਅਰਥ ਕੀਤੀ। ਇਸ ਦਾ ਪ੍ਰਭਾਵ ਬਹੁਤ ਛਾ ਗਿਆ। ਤਦ ਆਪ ਨੇ ਕਿਹਾ ਕਿ ਹੁਣ ਗੁਰੂ ਨਾਨਕ ਦਾ ਮੂਲ ਮੰਤ੍ਰ ਸੁਣੀਏ। ਫਿਰ ਆਪ ਨੂੰ ੧ਓ ਤੋਂ ਮੂਲਮੰਤ੍ਰ ਉਚਾਰ ਕੇ ਇਕ ਪਰਮ ਸੰਗੀਤਕ ਲਹਿਰ ਵਿਚ ਸੁਣਾਇਆ। ਅਕਬਰ ਦੀ ਬੀ ਚਿਤ ਬ੍ਰਿਤੀ ਏਗਾਗ੍ਰ ਹੋ ਗਈ। ਤਦ ਆਪ ਨੇ ਕਿਹਾ ਕਿ ਪਾਤਸ਼ਾਹ, 'ਓਂਕਾਰ' ਦਾ ਅਰਥ ਏਹ ਲੋਕ ਤ੍ਰੈ ਦੇਵਤੇ ਕਰਨ ਲਗ ਪਏ ਹਨ, ਗੁਰੂ ਨਾਨਕ ਦਾ ਮਤ ਹੈ ਇਕ ਅੱਲਾ ਵਾਹਿਦ ਹੂ ਲਾ ਸ਼ਰੀਕ ਦੀ ਪੂਜਾ, ਇਸ ਕਰਕੇ ਆਪ ਨੇ 'ਓਂ' ਨੂੰ '੧ਓਂ' ਬਨਾਯਾ ਹੈ ਕਿ ਅੱਲਾ ਇਕ ਹੈ, ਉਹ ਐਸਾ ਇਕ ਹੈ ਜਿਸ ਦਾ 'ਦੂਤੀਆ' ਨਹੀਂ ਹੈ, ਇਸ ਕਰਕੇ ਗੁਰੂ ਜੀ ਨੇ ਇਸ '੧ਓਂ' ਨੂੰ ਬਾਣੀ ਵਿਚ ਥਾਂ ਦਿੱਤੀ ਹੈ ਤੇ ਅਸੀਂ ਉਚਾਰਦੇ ਹਾਂ। ਫੇਰ ਸਤਿਨਾਮ ਤੋਂ ਲੈਕੇ ਬਾਕੀ ਮੂਲ ਮੰਤ੍ਰ ਦੇ ਅਰਥ ਕੀਤੇ ਤੇ ਦੱਸਿਆ ਕਿ ਆਪ ਹੀ ਗ਼ੌਰ ਫੁਰਮਾ ਲਓ ਕਿ ਖ਼ੁਦਾ ਦੀ ਇਸ ਬੀਆਨੀਅਤ ਵਿਚ ਹਿੰਦੂ ਮਤਿ ਯਾ ਕਿਸੇ ਹੋਰ ਮਤਿ ਨਾਲ ਕੀ ਕੋਈ ਮੁਖਾਲਫਤ ਹੈ?

ਅਕਬਰ ਆਪ ਬੜਾ ਆਜਾਦ ਖਯਾਲਾਤ ਦਾ ਆਦਮੀ ਸੀ, ਉਹ ਸੁਣਕੇ ਪਰਮ ਪ੍ਰਸੰਨ ਹੋ ਗਿਆ ਕਿ ਗੁਰੂ ਜੀ ਬੜੇ ਯਥਾਰਥ ਵਕਤਾ ਹਨ, ਮੁਵਾਹਿਦ ਹਨ, ਤੇ ਮੁਖਾਲਫ਼ਤ ਕਿਸੇ ਦੀ ਨਹੀਂ ਕਰ ਰਹੇ।

ਫ਼ਿਰ ਆਪ ਨੇ ਕਿਹਾ ਕਿ ਸੰਸਕ੍ਰਿਤ ਵਿਦਯਾ ਅਸਾਂ ਤਯਾਗ ਨਹੀਂ ਕੀਤੀ। ਕਈ ਸਲੋਕ ਗੁਰੂ ਨਾਨਕ ਦੇਵ ਦੇ ਸੰਸਕ੍ਰਿਤ ਤਾਂ ਨਹੀਂ, ਪਰ 'ਸਹਸਕ੍ਰਿਤੀ' ਵਿਚ ਬੀ ਹੈਨ। ਪਰ ਆਮ ਲੋਕ ਸੰਸਕ੍ਰਿਤ ਨਹੀਂ ਜਾਣਦੇ ਗੁਰੂ ਨਾਨਕ ਨੇ 'ਸਤਿ ਵਿਦਿਯਾ' ਆਮ ਲੋਕਾਂ ਨੂੰ ਦਿੱਤੀ ਹੈ ਇਸ ਕਰਕੇ ਉਹਨਾਂ ਨੇ ਆਪਣੇ 'ਉੱਚ ਖਯਾਲ', ਤੇ ਅੱਲਾ ਤੋਂ ਸਿੱਧੇ ਨਸੀਬ ਹੋਏ 'ਗਿਆਨ' ਸਾਰੇ ਆਮ ਬੋਲੀ ਵਿਚ ਉਚਾਰੇ ਹਨ ਕਿ ਸਰਬ ਸਾਧਾਰਣ ਦਾ ਉੱਧਾਰ ਹੋਵੇ ਤੇ ਆਮ ਖਲਕਤ ਫਾਇਦਾ ਉਠਾਵੇ।


www.sikhbookclub.com

ਸੰਸਕ੍ਰਿਤ ਆਮ ਲੋਕ ਨਹੀਂ ਸਮਝਦੇ, ਗੁਰੂ ਜੀ ਆਮ ਖ਼ਲਕਤ ਨੂੰ ਰਸ ਦਾ ਗਜਾਨ ਤੇ ਅੱਲਾ ਦੀ ਮਾਅਰਫਤ ਦੇ ਰਹੇ ਹਨ। ਅਸੀਂ ਗੁਰੂ ਨਾਨਕ ਦੇਵ ਨੂੰ ਅੱਲਾ ਦਾ ਘੱਲਿਆ, ਸਤਿਗੁਰੂ ਤੇ ਪਿਰੰਬਰ ਮੰਨਦੇ ਹਾਂ। ਜੋ ਉਨ੍ਹਾਂ ਨੇ ਉਚਾਰਿਆ ਹੈ ਉਨ੍ਹਾਂ ਦੀ ਬਾਣੀ ਹੈ, ਜਿਸ ਵਿਚ ਅੱਲਾ ਤੋਂ ਸਿੱਧਾ ਆਇਆ ਗਜਾਨ ਹੈ ਇਲਹਾਮ ਹੈ। ਉਸਦਾ ਸੰਗ੍ਰਹਿ ਗੁਰੂ ਅਮਰਦਾਸ ਜੀ ਨੇ ਕਰਵਾਇਆ ਹੈ, ਉਹ ਪੋਥੀ ਮੇਰੇ ਨਾਲ ਹੈ। ਜੇ ਆਪ ਚਾਹੋ ਤਾਂ ਮੈਂ ਮੁਣਾਵਾਂ ਜੋ ਤਸੱਲੀ ਹੋ ਜਾਏ ਕਿ ਸਤਜ ਧਰਮ ਵਿਰੁੱਧ ਕੋਈ ਪ੍ਰਚਾਰ ਸਿਖਾਂ ਵਿਚ ਨਹੀਂ ਹੈ। ਗੁਰੂ ਨਾਨਕ ਦੀ ਸਿਖਜਾ ਹੈ ਕਿ ਕਿਸੇ ਧਰਮ ਨੂੰ, ਕਿਸੇ ਧਰਮ ਦੇ ਆਗੂ ਨੂੰ ਮਾੜਾ ਨਾ ਕਹੋ। ਸਭ ਥਾਂ ਤੋਂ ਸੱਚ ਲੱਭ ਲਓ, ਦੂਸਰੇ ਮਤਾਂ ਦਾ ਸਹਾਰਾ ਕਰੋ, ਮੈਤ੍ਰੀ ਵਰਤੋ। ਬਦੀ ਨੂੰ ਦੂਰ ਕਰੋ ਪਰ ਕਿਸੇ ਨੂੰ ਬਦ ਕਿ ਮਾੜਾ ਨਾ ਕਹੋ, ਇਹ ਸੁਣਕੇ ਅਕਬਰ ਨੇ ਕੁਛ ਸ਼ਬਦ ਪੋਥੀ ਸਾਹਿਬ ਵਿਚੋਂ ਸੁਣੇ। ਜਿਉਂ ਜਿਉਂ ਸੁਣੇ ਹੈਰਾਨ ਹੋਵੇ ਤੇ ਸੋਚੇ ਇਹ ਤਾਂ ਬੜੀ ਉਚੀ ਤਾਲੀਮ ਹੈ। ਅਕਬਰ ਦੇ ਸਰਲ ਮਨ ਨੇ ਗਾਲਬਨ ਇਸ ਮੁਲਾਕਾਤ ਵਿਚੋਂ ਹੀ ਧਰਮ ਦੀ ਵਿਸ਼ਾਲਤਾ ਸਹਾਰੇ ਤੇ ਹਰ ਮਤਿ ਵਿਚੋਂ ਸੱਚ ਤੇ ਚੰਗਿਆਈ ਗ੍ਰਹਣ ਕਰਨ ਦੇ ਵਿਸ਼ਾਲ ਭਾਵ ਗ੍ਰਹਣ ਕੀਤੇ ਸਨ। ਅੱਬੁਲ ਫਜ਼ਲ ਬੀ ਗ਼ਾਲਬਨ ਇਸ ਵੇਲੇ ਇਸ ਅਸੂਲ ਨਾਲ ਪ੍ਰਭਾਵਿਤ ਹੋਇਆ ਕਿ ਸੱਚ ਨੂੰ ਹਰ ਥਾਂਉਂ ਤੋਂ ਲੈ ਲੈਣਾ ਚਾਹੀਏ ਤੇ ਮਜ਼ਹਬਾਂ ਵਿਚ ਵਿਰੋਧ ਨਹੀਂ ਪਰ ਪਰਸਪਰ ਸਹਾਰਾ ਚਾਹੀਏ। ਫੇਰ ਅਕਬਰ ਨੇ ਮੁਸਕ੍ਰਾ ਕੇ ਕਿਹਾ ਕਿ ਤੁਸੀਂ ਵੇਦ ਵਿਰੁੱਧ ਕੀਹ ਕੁਛ ਕਰਦੇ ਹੋ? ਤਾਂ ਆਪ ਨੇ ਫੁਰਮਾਯਾ ਕਿ ਵੇਦ ਬੜੇ ਵਿਸਥਾਰ ਵਾਲੇ ਹਨ। ਸਾਰੇ ਬਾਬਤ ਵੀਚਾਰ ਐਸ ਵੇਲੇ ਕਠਨ ਹੈ, ਪਰ ਨੁਕਤੇ ਦੀ ਗਲ ਸੁਣ ਲਓ, ਵੇਦਾਂ ਵਿਚ ਸਭ ਤੋਂ ਉੱਤਮ ਵਸਤੂ 'ਨਾਮ' ਹੈ, ਅੱਲਾ ਤੇ ਅੱਲਾ ਦਾ ਜ਼ਿਕਰੋ ਫਿਕਰ, ਉਸ ਦਾ ਪਾਕ ਨਾਮ। ਉਹ ਸਾਡੇ ਦੀਨ ਦਾ ਮਰਕਜ਼ੀ ਅੰਗ ਹੈ। ਅਸੀਂ ਨਾਮ ਦੇ ਉਪਾਸ਼ਕ ਹਾਂ। ਸਾਡੇ ਗੁਰੂ ਅਮਰਦਾਸ ਜੀ ਪਰਮੇਸ਼ਰ ਤੋਂ ਭੁੱਲੇ ਹੋਏ ਪੰਡਿਤਾਂ ਨੂੰ ਆਖਦੇ ਹਨ:- "ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥"

ਫਿਰ ਤੀਰਥ ਯਾਤ੍ਰਾ ਦੀ ਗੱਲ ਛਿੜੀ। ਆਪ ਨੇ ਕਿਹਾ : ਪਾਤਸ਼ਾਹ! ਹਿੰਦੂ ਮਤ ਵਿਚ ਤੀਰਥ ਮਹਾਪੁਰਖਾਂ ਦੇ ਤਪ ਕਰਕੇ ਪਵਿਤ੍ਰ ਹੋਏ ਹਨ। ਅਸੀਂ ਪਰਮੇਸ਼ਰ ਦੇ ਨਾਮ ਦਾ ਤਪ ਕਰਦੇ ਹਾਂ। ਜਿਥੇ ਨਾਮ ਹੋਏਗਾ ਉਹ ਥਾਂ ਪਵਿਤ੍ਰ ਹੋ ਜਾਏਗੀ। ਫਿਰ ਸੰਗਤਿ ਪੰਗਤ ਦੀ ਏਕਤਾ ਦੀ ਗਲ ਛਿੜੀ। ਆਪ ਨੇ ਕਿਹਾ ਪਾਤਸ਼ਾਹ! ਗੁਰੂ ਨਾਨਕ ਦੇਵ ਜੀ ਜਾਤ ਨੂੰ ਜਨਮ ਤੋਂ ਨਹੀਂ ਮੰਨਦੇ, ਓਹ ਜਾਤ ਕਰਮ ਤੋਂ ਮੰਨਦੇ ਹਨ। ਫਿਰ ਓਹ ਸਭ ਜੀਵ ਕਰਤਾਰ ਦੇ ਉਪਜਾਏ ਮੰਨਦੇ ਹਨ। ਇਸ ਕਰਕੇ ਜਨਮ ਤੋਂ ਉਚਤਾ ਨਹੀਂ ਸ੍ਵੀਕਾਰ ਕਰਦੇ। ਕਰਮਾਂ ਨਾਲ ਕੋਈ ਆਪ ਨੂੰ ਨੀਚ ਬੇਸ਼ਕ ਬਣਾ ਲਵੇ। ਜਨਮ ਤੋਂ ਜਾਤ ਮੰਨਣ ਨਾਲ ਦਿਲ ਵਿਚ ਨਫ਼ਰਤ ਉਪਜਦੀ ਹੈ, ਗੁਰੂ ਜੀ ਦਿਲਾਂ ਵਿਚ ਅੱਲਾ ਨਾਲ ਪ੍ਰੇਮ ਤੇ ਅੱਲਾ ਦੀ ਰਚੀ ਦੁਨੀਆਂ ਨਾਲ ਮੁਹੱਬਤ ਸਿਖਾਲਦੇ ਹਨ। ਉਨ੍ਹਾਂ ਦਾ ਅਸੂਲ ਸਰਬੱਤ ਦਾ ਭਲਾ ਚਿਤਵਨਾ ਤੇ ਕਰਨਾ ਹੈ। ਇਸ ਅਸੂਲ ਕਰਕੇ ਅਸੀਂ ਮਜਬੂਰ ਹਾਂ ਕਿ ਅਸੀਂ ਜਾਤ ਪਾਤ ਦੀ ਨਫਰਤ ਨੂੰ ਥਾਂ ਦੇਈਏ, ਇਸ ਵਿਚ ਅਸੀਂ ਧਰਮ ਦੀ ਹਾਨੀ ਨਹੀਂ ਕਰਦੇ। 'ਅਸਲ ਮਾਨੁਖ ਧਰਮ' ਪਾਲਦੇ ਹਾਂ। ਅਸੀਂ ਹਰੇਕ ਵਿਚ ਵਾਹਿਗੁਰੂ ਦੀ ਰੌਸ਼ਨੀ ਵੇਖਦੇ ਹਾਂ, ਨਫ਼ਰਤ ਕਿਸੇ ਨਾਲ ਨਹੀਂ ਕਰਦੇ।

ਫੇਰ ਸੰਧਿਆ ਦੀ ਗਲ ਛਿੜੀ। ਸ੍ਰੀ ਰਾਮਦਾਸ ਜੀ ਬੋਲੇ :- ਪਾਤਸ਼ਾਹ! ਹਿੰਦੂ ਤ੍ਰੈ ਕਾਲ ਸੰਧਿਆ ਮੰਨਦੇ ਹਨ, ਪਰ ਕਰਦਾ ਕੋਈ ਵਿਰਲਾ ਹੈ। ਆਪ ਪੰਜ ਨਮਾਜ਼ਾਂ, ਮੰਨਦੇ ਹੋ ਪਰ ਸਾਰੇ ਨਹੀਂ ਪੜ੍ਹਦੇ। ਸਾਡੇ ਵਿਚ ਮੂਲ ਸ਼ੈ ਹੈ ਹਰ ਵੇਲੇ ਸਾਂਈਂ ਦੀ ਹਜ਼ੂਰੀ ਵਿਚ ਰਹਿਣਾ, ਉਸਦਾ ਨਾਮ ਹਿਰਦੇ ਵਿਚ ਰਖਣਾ ਜੋ ਹਜ਼ੂਰੀ ਦਾ ਭਾਵ ਕਾਇਮ ਰਹੇ। ਫੇਰ ਅਸੀਂ ਬੀ 'ਨਮਾਜ' ਯਾ 'ਗਾਯਤ੍ਰੀ' ਵਾਂਙੂ ਬੰਦਗੀ ਕਰਦੇ ਹਾਂ। ਸਵੇਰੇ ਇਕ ਪਹਿਰੇ ਰਹੀਰਾਤ ਦੇ ਅਸੀਂ ਦੀਵਾਨ ਸਜਾ ਕੇ ਆਸਾ ਦੀ ਵਾਰ ਗਾਉਂਦੇ ਤੇ ਪੜ੍ਹਦੇ ਹਾਂ। ਇਹ ਕਹਿਕੇ ਆਪ ਨੇ ਆਸਾ ਦੀ ਵਾਰ ਵਿਚੋਂ ਕੁਛ ਨਮੂਨੇ ਸੁਣਾਏ। ਉਸ ਵੇਲੇ ਰਾਗੀ ਕੀਰਤਨ ਕਰਦੇ ਹਨ ਅਰਥਾਤ ਹਮਦੋ ਸਨਾ ਅੱਲਾ ਦੀ ਗਾਉਂਦੇ ਹਨ ਤੇ ਸੰਗਤਿ ਸਮਾਧੀ ਲਾ ਕੇ ਧਿਆਨ ਜੋੜਦੀ ਹੈ, ਅੱਲਾ ਵਿਚ ਲਿਵ ਲਾਉਂਦੀ ਹੈ। ਫੇਰ ਉਠ ਕੇ ਕੰਮਾਂ ਕਾਜਾਂ ਨੂੰ


www.sikhbookclub.com

ਜਾਈਦਾ ਹੈ ਤੇ ਜਾਣ ਤੋਂ ਪਹਿਲਾਂ ਹਰ ਸਿਖ ਗੁਰੂ ਨਾਨਕ ਦੀ ਰਚੀ ਜਪੁਜੀ ਸਾਹਿਬ ਪੜ੍ਹਦਾ ਹੈ। (ਫਿਰ ਇਕ ਦੋ ਪੌੜੀਆਂ ਜਪੁਜੀ ਦੀਆਂ ਸੁਣਾਈਆਂ) ਇਸ ਤਰ੍ਹਾਂ ਸ਼ਾਮਾਂ ਵੇਲੇ ਅਸੀਂ ਰਹਿਰਾਸ ਤੇ ਰਾਤ ਨੂੰ ਕੀਰਤਨ ਸੋਹਿਲਾ ਪੜ੍ਹਦੇ ਹਾਂ। (ਫਿਰ ਇਨ੍ਹਾਂ ਦੇ ਨਮੂਨੇ ਸੁਣਾਏ)। ਹੁਣ ਪਾਤਸ਼ਾਹ! ਸੋਚ ਲਵੋ ਸਾਡੀਆਂ ਇਨ੍ਹਾਂ ਨਮਾਜ਼ਾਂ ਵਿਚ ਕਿਸੇ ਧਰਮ ਨਾਲ ਵਿਰੋਧ ਹੈ? ਇਨ੍ਹਾਂ ਮੇਰੇ ਪੰਡਿਤ ਤੇ ਖਜਤ੍ਰੀ ਬਜ਼ੁਰਗਾਂ ਨੂੰ ਪੁੱਛ ਲਿਆ ਜਾਵੇ ਕਿ ਇਸ ਗਲ ਵਿਚ ਕਿਸ ਧਰਮ ਨਾਲ ਸਾਡੀ ਬਾਣੀ ਵਿਚ ਵਿਰੋਧ ਹੈ! ਹਾਂ ਇਹ ਗੱਲ ਜ਼ਰੂਰ ਹੈ ਕਿ ਬਾਣੀ ਸਾਡੀ ਆਪਣੀ ਬੋਲੀ ਵਿਚ ਹੈ! ਕਾਰਣ ਮੈਂ ਦੱਸ ਚੁੱਕਾ ਹਾਂ ਕਿ ਗੁਰੂ ਨਾਨਕ 'ਆਮਾਂ' ਦਾ ਪੈਗੰਬਰ ਹੈ, ਓਹ ਆਪਣੇ ਪ੍ਰਾਪਤ ਕੀਤੇ ਰੱਬੀ ਗਜਾਨ ਨੂੰ ਆਮ ਲੋਕਾਂ ਦੇ ਹੱਥ ਦੇਂਦਾ ਹੈ ਤੇ ਹਰ ਇਨਸਾਨ ਦਾ ਪਾਰ ਉਤਾਰਾ ਕਰਨਾ ਚਾਹੁੰਦਾ ਹੈ। ਗੁਰੂ ਨਾਨਕ ਦੇਵ ਜੀ ਅੱਲਾ ਪਾਕ ਦੇ ਗਜਾਨ ਦਾ ਹੱਕਦਾਰ ਸਭ ਨੂੰ ਸਮਝਦੇ ਹਨ ਤੇ ਪ੍ਰਾਣੀ ਮਾਤ੍ਰ ਨੂੰ ਉਸਦਾ ਗਜਾਨ ਦੇਂਦੇ ਹਨ। ਗੁਰੂ ਨਾਲਕ ਨੇ ਇਸਤ੍ਰੀਆਂ ਨੂੰ ਵੀ ਅੱਲਾ ਪਾਕ ਦੀ ਬੰਦਗੀ ਤੇ ਉਸ ਦੀ ਇਸਤ੍ਰੀਆਂ ਨੂੰ ਵੀ ਅੱਲਾ ਪਾਕ ਦੀ ਬੰਦਗੀ ਤੇ ਉਸ ਦੀ ਮਾਅਰਫਤ (ਗਯਾਨ) ਦਾ ਹੱਕ ਦੇ ਦਿੱਤਾ ਹੈ। ਇਨ੍ਹਾਂ ਪੰਡਿਤਾਂ ਵੀਰਾਂ ਵਾਂਙੂ ਸਾਡੇ ਵਿਚ ਕੋਈ ਮਨਾਹੀ ਧਰਮ ਪ੍ਰਾਪਤੀ ਦੀ ਇਸਤ੍ਰੀ ਲਈ ਨਹੀਂ ਹੈ! ਮੂਰਤੀ ਪੂਜਾ ਅਸੀਂ ਨਹੀਂ ਕਰਦੇ! ਅਸੀਂ ਖੁਦਾ ਨੂੰ ਵਜਾਪਕ ਸਮਝਦੇ ਹਾਂ; ਓਹ ਹਰ ਸੀਨੇ ਵਿਚ ਹੈ ਹਰ ਥਾਂ ਵਿਚ ਹੈ। ਬੁਤ ਪੱਥਰ ਹੈ, ਨਿਰਜਿੰਦ ਹੈ। ਇਹ ਬੁਤ ਪ੍ਰਸਤੀ ਅਸਲ ਵਿਚ ਬੋਧੀਆਂ ਦੀ ਸ਼ੈ ਹੈ, ਓਹ ਵਜਾਪਕ ਵਾਹਿਗੁਰੂ ਦੇ ਉਪਾਸਕ ਨਾ ਹੋਣ ਕਰਕੇ ਆਪਣੇ ਬਜ਼ੁਰਗ ਦੀ ਮੂਰਤੀ ਨਾਲ ਪ੍ਰੇਮ ਕਰਦੇ ਹਨ। ਜਿਨ੍ਹਾਂ ਦੇ ਈਮਾਨ ਵਿਚ ਸਦਾ ਥਿਰ-ਕਾਯਮ ਬਿਲਜ਼ਾਤ-ਅਵਿਨਾਸ਼ ਪਰਮੇਸ਼ਰ ਨਹੀਂ ਹੈ ਉਨ੍ਹਾਂ ਨੂੰ ਆਪਣੇ ਗੁਜ਼ਰ ਚੁਕ ਬਜ਼ੁਰਗ ਦੀ ਮੂਰਤੀ ਤੇ ਉਸਦੀ ਪੂਜਾ ਦੀ ਲੋੜ ਹੋ ਸਕਦੀ ਹੈ। ਪਰ ਜਿਨ੍ਹਾਂ ਦੇ ਪਾਸ ਜ਼ਾਹਰਾ ਜ਼ਹੂਰ, ਹਾਜ਼ਰਾ ਹਜ਼ੂਰ ਵਜਾਪਕ ਪਰਮੇਸ਼ਰ ਹੈ, ਜਿਨ੍ਹਾਂ ਦੀ ਉਪਾਸ਼ਨਾ ਉਸ ਦਾ ਨਾਮ ਹੈ-ਉਸ ਦੀ ਹਜ਼ੂਰੀ ਵਿਚ ਰਹਿਣਾ ਹੈ-ਉਹਨਾਂ ਨੂੰ ਮੂਰਤੀ ਪੂਜਾ ਦੀ ਕੀਹ ਲੋੜ ਹੈ? ਆਪ ਵੀਚਾਰ ਲਓ।

ਫਿਰ ਪਾਤਸ਼ਾਹ! ਸਾਡੇ ਗੁਰੂ ਜੀ ਕੋਈ ਦਾਅਵਾ ਨਹੀਂ ਕਰਦੇ, ਓਹ ਹੈਨ ਤਾਂ ਪਿਗੰਬਰ, ਰੱਬ ਦੇ ਪਜਾਰੇ ਧੁਰੋਂ ਆਏ। ਪਰ ਓਹ ਆਪ ਨੂੰ ਕੁਛ ਨਹੀਂ ਜਣਾਉਂਦੇ ਤੇ ਜੀਵਾਂ ਨੂੰ ਸਾਂਈਂ ਨਾਲ ਜੁੜਨ ਦੀ ਜਾਚ ਦੱਸਦੇ ਹਨ। ਓਹ ਦ੍ਵੈਖ ਨਹੀਂ ਸਿਖਾਲਦੇ ਜੈਸਾ ਕਿ ਮੈਂ ਹੁਣੇ ਦੱਸ ਆਇਆ ਹਾਂ, ਕਿਸੇ ਮਤ ਦੇ ਕਿਸੇ ਪੈਗੰਬਰ ਅਵਤਾਰ ਨੂੰ ਬੁਰਾ ਨਹੀਂ ਕਹਿੰਦੇ। ਹਰ ਸਿਖ ਨੂੰ ਹੁਕਮ ਹੈ ਕਿਸੇ ਦੀਨ ਦੇ ਹਾਦੀ ਨੂੰ ਮਾੜਾ ਨਾ ਕਹੋ, ਕਿਸੇ ਮਤ ਦੀ ਨਿੰਦਾ ਨਾ ਕਰੋ, ਆਪਣੇ ਰੱਬ ਨੂੰ ਪਜਾਰ ਕਰੋ, ਉਸ ਦਾ ਨਾਮ ਜਪੋ, ਸਦਾ ਜੁੜੇ ਰਹੋ ਨਾਮ ਨਾਲ, ਤੇ ਨਾਮ ਦੁਆਰਾ ਰੱਬ ਨਾਲ, ਹਰ ਬੰਦੇ ਨੂੰ ਭਾਈ ਸਮਝੋ ਤੇ ਕਿਸੇ ਗੁਰੂ ਪੀਰ, ਮੀਤ, ਮਜ਼ਹਬ ਨਾਲ ਦ੍ਵੈਖ ਨਾ ਕਰੋ। ਹਰੇਕ ਮਤਿ ਵਿਚੋਂ ਜਿਥੇ ਸੱਚ ਹੋਵੇ ਗ੍ਰਹਿਣ ਕਰ ਲਓ, ਜਿਥੇ ਅਸਤਿ ਹੋਵੇ ਗ੍ਰਹਿਣ ਨਾ ਕਰੋ; ਪਰ ਦ੍ਵੈਖ ਨਾ ਪਾਓ। ਸਾਡਾ ਪੰਥ ਪ੍ਰੇਮ ਦਾ ਹੈ। ਅਸੀਂ ਜਗਤ ਦਾ ਭਲਾ ਕਰਨ ਵਾਸਤੇ ਇਕੱਠੇ ਹੁੰਦੇ ਹਾਂ; ਸੇਵਾ ਕਰਦੇ ਹਾਂ, ਸੁਮਤਿ ਦੇਂਦੇ ਹਾਂ, ਅੰਨ ਪਾਣੀ ਹਾਜ਼ਰ ਕਰਦੇ ਹਾਂ। ਸਿਖਾਂ ਨੂੰ ਹੀ ਨਹੀਂ, ਕੋਈ ਆਵੇ ਸਾਡਾ ਪ੍ਰਾਹੁਣਾ ਹੈ। ਵੈਰ ਵਿਰੋਧ ਸਾਡੇ ਵਿਚ ਜਾਇਜ਼ ਨਹੀਂ ਹੈ। ਬਨਾਵਟ ਭੇਖ ਦੰਭ ਇਸ ਦੇ ਅਸੀਂ ਕਾਯਲ ਨਹੀਂ। ਅਸਲੀਅਤ ਤੇ ਸੱਚ ਦੇ ਅਸੀਂ ਦਾਸ ਹਾਂ।

ਹਾਂ, ਸਾਨੂੰ ਜਥੇਬੰਦ ਰਹਿਣ ਦਾ ਹੁਕਮ ਹੈ, ਅਸੀਂ ਆਪਣੇ ਗੁਰੂ ਸਾਹਿਬਾਨ ਨੂੰ ਆਪਣਾ ਇਸ਼ਟ ਮੰਨਦੇ ਹਾਂ। ਇਹ ਸਾਡਾ ਤਅੱਸਬ ਨਹੀਂ, ਇਹ ਇਸ਼ਟਾਪਤੀ ਹੈ। ਆਪਣੇ ਗੁਰੂ ਨੂੰ ਸਭ ਤੋਂ ਉੱਚਾ ਜਾਣਦੇ ਹਾਂ ਤੇ ਆਪੋ ਵਿਚ ਇਉਂ ਜੁੜੇ ਰਹਿੰਦੇ ਹਾਂ ਜਿਵੇਂ ਸਰੀਰ ਅੰਗ ਆਪੋ ਵਿਚ ਜੁੜੇ ਰਹਿਣ ਤਾਂ ਸਰੀਰ ਕਾਇਮ ਰਹਿੰਦਾ ਹੈ। ਇਹ ਇਸ ਲਈ ਹੈ ਕਿ ਸਾਡਾ ਧਿਆਨ ਪਰਪੱਕ ਹੋ ਜਾਵੇ। ਧਿਆਨ ਇਕ ਨੁਕਤੇ ਤੇ ਜੁੜਿਆਂ ਪੱਕਦਾ ਹੈ। ਜਥੇਬੰਦ ਅਸੀਂ ਇਸ ਲਈ ਹਾਂ ਕਿ ਅਸਾਂ ਜਗਤ-ਸੇਵਾ ਕਰਨੀ ਹੈ।

ਇਸ ਪ੍ਰਕਾਰ ਦੇ ਬਚਨਾਂ ਪਰ ਪੰਡਿਤ ਆਦਿ ਜੋ ਕੱਠੇ ਹੋਏ ਸਨ, ਆਪਣੇ, ਦਾਅਵੇ ਨੂੰ ਸਾਬਤ ਨਾ ਕਰ ਸਕੇ, ਜਿਸ ਵੇਲੇ ਓਹ ਕੋਈ ਗੱਲ ਆਖਦੇ ਤਾਂ ਸ੍ਰੀ ਰਾਮਦਾਸ ਜੀ ਉੱਤਰ ਦੇਂਦੇ। ਜਿਵੇਂ ਉਨ੍ਹਾਂ ਨੇ ਕਿਹਾ : ਜੀ ਏਹ ਕਰਮ ਕਰਨੋਂ ਵਰਜਦੇ ਹਨ ਤੇ ਨਿਰਾ ਨਾਮ ਦੱਸਦੇ ਹਨ। ਤਾਂ ਸ੍ਰੀ ਰਾਮਦਾਸ ਜੀ ਨੇ ਹਿੰਦੂ ਗ੍ਰੰਥਾਂ ਵਿਚੋਂ ਸੁਣਾ ਦਿੱਤਾ, ਜਿਥੇ ਲਿਖਿਆ


www.sikhbookclub.com

ਹੈ ਕਿ ਕਲਜੁਗ ਦਾ ਧਰਮ ਕੇਵਲ ਨਾਮ ਹੈ। ਕਰਮ ਵਲੋਂ ਆਪ ਨੇ ਕਿਹਾ ਕਿ ਸ਼ੁਭ ਕਰਮ ਕਰਨੇ ਦਾ ਉਪਦੇਸ਼ ਜਿਤਨਾ ਗੁਰੂ ਨਾਨਕ ਦੇਵ ਨੇ ਦਿੱਤਾ ਹੈ ਕਿਸੇ ਦੇਣਾ ਹੈ। ਨਮੂਨੇ ਆਸਾ ਦੀ ਵਾਰ ਵਿਚੋਂ ਸੁਣਾਏ।

ਅਸੀਂ ਭਾਵਨਾ ਬਿਹੀਨ ਨਿਰੇ ਥਾਪੇ ਹੋਏ ਕਰਮਕਾਂਡ ਦੀ ਥਾਂ ਪਰਮੇਸਰ ਦਾ ਨਾਮ, ਉਸ ਨਾਲ ਪ੍ਰੇਮ, ਵਿਸ਼ੇਸ਼ ਸਮਝਦੇ ਹਾਂ। ਮਸਲਨ ਅਸੀਂ ਜੱਗ ਨਹੀਂ ਕਰਦੇ, ਪਰ ਅਸੀਂ ਘਿਉ ਆਦਿ ਸਮ੍ਰਗੀ ਗ੍ਰੀਬ ਅਤਿਥੀ ਲੋੜਵੰਦ, ਵਿਧਵਾ, ਯਤੀਮ, ਪਰਮੇਸ਼ੁਰ ਦੇ ਪਯਾਰੇ ਤੇ ਅਭਯਾਗਤਾਂ ਦੀ ਜਠਰਾ ਅਗਨੀ ਵਿਚ ਆਹੂਤੀ ਕਰਨਾ ਯੋਗ ਸਮਝਦੇ ਹਾਂ। ਬ੍ਰਤ ਅਸੀਂ ਘੱਟ ਰਖਦੇ ਹਾਂ, ਪਰ ਇੰਦ੍ਰਿਆਂ ਨੂੰ ਵਿਸ਼ਿਆਂ ਤੋਂ ਰੋਕਣਾ, ਜਤੀ ਸਤੀ ਹੋਣਾ, ਇਸ ਬ੍ਰਤ ਨੂੰ ਅਸੀਂ ਉੱਚਾ ਦਰਜਾ ਦੇਂਦੇ ਹਾਂ ਤੇ ਇਹ ਬ੍ਰਤ ਧਾਰਨ ਕਰਦੇ ਹਾਂ।

ਸੋ ਇਸ ਪ੍ਰਕਾਰ ਪਾਤਸ਼ਾਹ ਦਾ ਘਰ ਪੂਰਾ ਹੋ ਗਿਆ ਤੇ ਸ਼ਿਕਾਯਤਾਂ ਵਾਲੇ ਨਿਰੁੱਤਰ ਹੋ ਗਏ।

## ੨੯. ਤੀਰਥ ਯਾਤ੍ਰਾ।

**ਇਕ** ਦਿਨ ਸ੍ਰੀ ਸਤਿਗੁਰੂ ਜੀ ਨੇ ਆਗਿਆ ਕੀਤੀ ਕਿ ਹੁਣ ਸਫਰ ਕਰਨਾ ਹੈ ਤੇ ਹਰਿਦਵਾਰ ਕੁਰਖੇਤ੍ਰ ਆਦਿ ਤੀਰਥਾਂ ਤੇ ਜਾਣਾ ਹੈ: ਇਨ੍ਹੀਂ ਥਾਵੀਂ ਲੋਕ ਬਹੁਤ ਜੁੜਦੇ ਹਨ, ਓਥੇ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਸੋਹਿਲਾ ਸੁਨਾਉਣਾ ਹੈ।

ਗੁਰੂ ਕੀ ਆਗਿਆ ਹੋਣ ਤੇ ਤਿਆਰੀ ਹੋ ਗਈ। ਗੁਰੂ ਜੀ ਦੇ ਨਾਲ ਕੁਛ ਚੋਣਵੇਂ ਸਿਖ ਤੇ ਸੇਵਕ ਤਿਆਰ ਹੋਏ; ਖਜਾਸਾ ਪਾਰ ਹੋ ਦੁਆਬੇ ਵਿਚ ਜਾ ਪਹੁੰਚੇ ਤੇ ਦੀਵਾਨ ਸਜ ਗਏ। ਐਉਂ ਹੋ ਗਿਆ ਕਿ ਜਿਥੇ ਡੇਰਾ ਕਰਨਾ, ਅੰਮ੍ਰਿਤ ਵੇਲੇ ਦੀਵਾਨ ਸਜਣੇ, ਕੀਰਤਨ ਆਸਾ ਦੀ ਵਾਰ ਦਾ ਹੋਣਾ, ਸੂਰਜ ਚੜ੍ਹਨ ਦੇ ਨਾਲ ਕੂਚ ਹੋ ਜਾਣੀ, ਦੁਪਹਿਰ ਤੋਂ ਪਹਿਲੇ ਫੇਰ ਡੇਰਾ ਹੋ ਜਾਣਾ। ਕਦੇ ਲੌਢੇ ਪਹਿਰ ਬੀ ਕੂਚ ਹੋ ਕੇ ਕਿਤੇ ਹੋਰ ਥੇ ਸ਼ਾਮਾਂ ਦੇ ਦੀਵਾਨ ਤੋਂ ਪਹਿਲੇ ਡੇਰਾ ਹੋ ਜਾਣਾ। ਇਸ ਤਰ੍ਹਾਂ ਕਥਾ ਕੀਰਤਨ ਮੰਗਲਾਚਾਰ ਹੁੰਦੇ ਰਹਿਣੇ। ਜਿਉਂ ਜਿਉਂ ਖਬਰ ਧੁੰਮੀ ਲੋਕ ਅਗੋਂ ਆ ਆ ਕੇ ਮਿਲਦੇ, ਸਤਿਸੰਗ ਤੋਂ ਲਾਭ ਲੈਂਦੇ ਸੁਖੀ ਹੋ ਕੇ ਘਰੀਂ ਮੁੜਦੇ, ਕੋਈ ਕੋਈ ਨਾਲ ਰਲ ਜਾਂਦਾ ਕਿ ਹਰ ਰੋਜ਼ ਦੇ ਸਤਿਸੰਗ ਦਾ ਆਨੰਦ ਲਵਾਂਗੇ।

ਇਸ ਤਰ੍ਹਾਂ ਸਫਰ ਕਰਦੇ ਕੁਰਖੇਤਰ ਆਏ। ਏਥੇ ਚੰਗੇ ਟਿਕਾਣੇ ਡੇਰਾ ਕੀਤਾ। ਲੰਗਰ ਲਗ ਗਿਆ, ਦੀਵਾਨ ਵਾਸਤੇ ਸ਼ਾਮਿਯਨੇ ਤਣ ਗਏ। ਅੰਮ੍ਰਿਤ ਵੇਲੇ ਤੇ ਸੋਦਰ ਸਮੇਂ ਦੇ ਦੀਵਾਨ ਸਜਦੇ, ਕੀਰਤਨ ਹੁੰਦਾ, ਗੁਰੂ ਜੀ ਉਪਦੇਸ਼ ਦੇਂਦੇ, ਨਾਮ ਦਾਨ ਕਰਦੇ; ਜਗਤ ਨਿਸਤਾਰਦੇ। ਪਰਮਾਰਥ ਦੇ ਢੂੰਡਾਊ ਆਉਂਦੇ, ਵਿਚਾਰਾਂ ਕਰਦੇ, ਸੰਸੇ ਭਰਮ ਦੂਰ ਕਰਕੇ ਸੁਖ ਲੈ ਕੇ ਜਾਂਦੇ। ਨਾ ਕੇਵਲ ਪਰਮਾਰਥ ਦੇ ਢੂੰਡਾਊ ਲੋਕ ਆਉਂਦੇ, ਸਗੋਂ ਧਰਮਾਂ ਤੇ ਆਸ਼ਰਮਾਂ ਦੇ ਵਡਕੇ, ਸੰਨਯਾਸੀ, ਜੋਗੀ, ਜੰਗਮ, ਤਪੇ, ਤਪੀਸਰ, ਮੁਨੀ, ਜੈਨੀ, ਦਿਗੰਬਰੀ, ਹੋਰ ਭੇਖਾਂ ਵਾਲੇ ਵਡਕੇ ਜੋ ਕੁਰਖੇਤਰ ਇਸ਼ਨਾਨ ਕਰਨ ਆਏ ਹੋਏ ਸਨ; ਗੁਰੂ ਨਾਨਕ ਦੀ ਗੱਦੀ ਦਾ ਮਾਲਕ ਆਇਆ ਸੁਣਕੇ ਆਉਂਦੇ ਤੇ ਕਈ ਵੀਚਾਰਾਂ ਕਰਕੇ ਸੁਖੀ ਹੁੰਦੇ। ਆਪਣੀਆਂ ਸਾਧਨਾਂ ਵਿਚ ਅਟਕੇ ਖਲੇ ਕਈ ਸਾਧਕ ਨਿਸ਼ਾ-ਖਾਤਰ ਹੋ ਕੇ ਹੋਰ ਅੱਗੇ ਵਧਦੇ। ਗੁਰੂ ਜੀ ਗੁਰੂ ਨਾਨਕ ਸਾਹਿਬ ਵਾਂਙੂ ਸਾਧੂਆਂ, ਪੀਰਾਂ; ਧਰਮਾਂ ਦੇ ਆਗੂਆਂ ਨੂੰ ਤਾਰਦੇ ਵਧੇਰੇ ਖੁਸ਼ ਹੁੰਦੇ ਕਿਉਂਕਿ ਇਕ ਇਕ ਐਸੇ ਸਜਣ ਦੇ ਉੱਧਾਰ ਨਾਲ ਉਨ੍ਹਾਂ ਦੇ ਮਗਰ ਲੱਗੇ ਅਨੇਕਾਂ ਜੀਵਾਂ ਦਾ ਉੱਧਾਰ ਹੋ ਜਾਂਦਾ ਸੀ। ਹਰ ਭੇਖ ਤੇ ਹਰ ਤ੍ਰੀਕੇ ਦੇ ਸਾਧਕ ਆਪ ਜੀ ਤੋਂ ਨਾਮ ਦੀ ਮਹਿਮਾ ਸੁਣਕੇ ਨਾਮ ਦੇ ਉਪਾਸਕ ਤੇ ਪ੍ਰੇਮਾ ਭਗਤੀ ਦੇ ਧਾਰਨੀ ਹੋ ਜਾਂਦੇ।

ਇਸ ਪ੍ਰਕਾਰ ਦਾ ਪ੍ਰਚਾਰ ਕਰਕੇ ਆਪ ਜੀ ਅੱਗੇ ਟੁਰ ਪਏ[੨੪੬]। ਗੁਰੂ ਜੀ ਗਏ ਹੀ ਲੋਕਾਂ ਦੇ ਉੱਧਾਰ ਵਾਸਤੇ ਸਨ, ਜੈਸਾ ਕਿ ਚੌਥੇ ਪਾਤਸ਼ਾਹ ਜੀ ਨੇ ਆਪਣੇ ਸ਼ਬਦ ਵਿਚ ਦੱਸਿਆ ਹੈ :-

ਤੀਰਥ ਉਦਮੁ ਸਤਿਗੁਰੂ ਕੀਆ  
ਸਭ ਲੋਕ ਉਧਰਣ ਅਰਥਾ॥

ਕੁਰਖੇਤ੍ਰ ਕੁਛ ਚਿਰ ਰਹਿਕੇ ਸਤਿਗੁਰੂ ਜੀ ਸਿਖ ਸੰਗਤਾਂ ਸਣੇ ਕੂਚ ਕਰਕੇ ਹੁਣ ਕੁਰਖੇਤਰ ਤੋਂ ਜਮਨਾ ਆਏ। ਜਮਨਾ ਕਿਨਾਰੇ ਡੇਰਾ ਪਾ ਦਿੱਤਾ। ਇਕ ਦਿਨ ਰਾਤ ਟਿਕੇ। ਨਾਮ ਦਾਨ ਦਾ ਪ੍ਰਵਾਹ ਚਲਿਆ।

 www.sikhbookclub.com

ਹੁਣ ਜਮਨਾਂ ਤੋਂ ਪਾਰ ਹੋਣਾ ਸੀ, ਏਥੇ ਬੇੜੀਆਂ ਦਾ ਪੁਲ ਸੀ, ਜਿਸ ਦੇ ਸਿਰੇ ਤੇ ਮਹਸੂਲੀਆਂ ਦੀ ਚੌਕੀ ਸੀ, ਜਿਨ੍ਹਾਂ ਪਾਸ ਠੇਕਾ ਹੁੰਦਾ ਸੀ। ਮਹਸੂਲੀਏ ਗੁਰੂ ਦਾ ਦਰਸ਼ਨ ਕਰਕੇ ਤੇ ਦੀਵਾਨ ਵਿਚ ਸਤਿਸੰਗ ਕਰਕੇ ਨਿਹਾਲ ਹੋ ਗਏ। ਓਹ ਸਾਰੇ ਭੇਟਾ ਲੈ ਕੇ ਚਰਨੀਂ ਆ ਪਏ। ਅਗਲੇ ਦਿਨ ਗੁਰੂ ਜੀ ਨੂੰ ਮਹਿਸੂਲੀਆਂ ਨੇ ਬਿਨਾਂ ਕੋਈ ਮਹਿਸੂਲ ਲਏ ਦੇ ਪਾਰ ਕਰ ਦਿੱਤਾ। ਜਿਸ ਜਿਸ ਨੇ ਗੁਰੂ ਕਾ ਨਾਮ ਲਿਆ ਉਹ ਸਾਰੇ ਮਹਸੂਲੀਆਂ ਨੇ ਸੀਂਦੀ (ਮੁਫਤ) ਪਾਰ ਲੰਘ ਜਾਣ ਦਿੱਤੇ।

ਜਮਨਾ ਪਾਰ ਹੋ ਸਨੇ ਸਨੇ ਸਫਰ ਕਰਦੇ ਦੀਵਾਨ ਲਾਉਂਦੇ ਸ਼ਬਦ ਸੋਹਿਲਾ ਸੁਣਾਉਂਦੇ ਸਤਿਗੁਰੂ ਜੀ ਗੰਗਾ ਦੇ ਨੇੜੇ ਆ ਗਏ ਜਿਥੇ ਕਿ ਮਹਿਸੂਲੀਆਂ ਦੀ ਹੋਰ ਚੌਕੀ ਸੀ। ਇਨ੍ਹਾਂ ਮਹਿਸੂਲੀਆਂ ਨੇ ਬੀ ਮਹਿਸੂਲ ਨਾ ਲਿਆ। ਇਨ੍ਹਾਂ ਦਾ ਆਸ਼ਾ ਤਾਂ ਗੁਰੂ ਤੇ ਗੁਰੂ ਦੇ ਨਾਲ ਦੀ ਸੰਗਤ ਨੂੰ ਮਹਿਸੂਲ ਤੋਂ ਬਰੀ ਰਖਣ ਦਾ ਸੀ ਪਰ ਉਥੇ ਤਾਂ ਜਦ ਗੁਰੂ ਜੀ ਦੀ ਸੰਗਤ ਲੰਘ ਗਈ ਲੋਕ ਮੁੱਕੇ ਨਾ। ਕਿਉਂਕਿ ਜਿਹੜਾ ਆਵੇ ਧੰਨ ਗੁਰੂ ਅਮਰਦਾਸ ਕਹਿੰਦਾ ਲੰਘ ਜਾਵੇ। ਮਹਿਸੂਲੀਆਂ ਦੀ ਸਿਆਣਪ ਕੋਈ ਕੰਮ ਨਾ ਆਈ। ਛੇਕੜ ਉਹ ਆਪਣੀਆਂ ਗੋਲਕਾਂ ਖਾਲੀ ਛੱਡ ਕੇ ਮਹਸੂਲ ਦੇ ਅੱਡੇ ਤੋਂ ਉਠ ਗਏ ਕਿ ਅਜ ਦਾ ਦਿਨ ਸਾਰੇ ਲੋਕੀ ਗੁਰੂ ਕਾ ਸਦਕਾ ਮਹਿਸੂਲ ਤੋਂ ਬਿਨਾਂ ਹੀ ਲੰਘ ਜਾਣ।

ਸਤਿਗੁਰੂ ਜੀ ਹੁਣ ਰਹਿਦੁਆਰ ਆ ਗਏ ਸਨ, ਇਸ਼ਨਾਨ ਕਰਕੇ ਜਿਥੇ ਡੇਰਾ ਕੀਤਾ ਉਹ ਥਾਂ ਗੰਗਾ ਕਿਨਾਰੇ 'ਕਨਖਲ' ਵਿਚ ਹੈ। ਇਸ ਥਾਂ ਇਕ ਸੁਹਣਾ ਗੁਰਦੁਆਰਾ 'ਸਤੀਘਾਟ' ਤੇ ਹੁਣ ਤਕ ਵਿਦਮਾਨ ਹੈ।

ਏਥੇ ਬੀ ਉਹੋ ਅੰਮ੍ਰਿਤ ਵੇਲੇ ਦਾ ਦੀਵਾਨ ਸਜਣਾ ਫੇਰ ਆਏ ਲੋਕਾਂ ਨਾਲ ਮੇਲ ਜੋਲ, ਫੇਰ ਲੰਗਰ, ਦੁਪਹਿਰੇ ਆਰਾਮ, ਦੁਪਹਿਰ ਢਲੀ ਤੇ ਆਏ ਗਏ ਨਾਲ ਗੋਸ਼ਟ ਵੀਚਾਰ। ਸੰਝਾਂ ਨੂੰ ਫੇਰ ਸੋਦਰ ਦੇ ਦੀਵਾਨ ਸਜਣੇ, ਨਾਮ ਬਾਣੀ ਦਾ ਪ੍ਰਚਾਰ ਹੋਣਾ। ਇਸ ਪ੍ਰਚਾਰ ਦਾ ਬੜਾ ਅਸਰ ਹੋਇਆ। ਨਗਰ ਦੇ ਦੁਕਾਨਦਾਰ ਸ਼ਾਹੂਕਾਰ ਤੇ ਹੋਰ ਵਡੇ ਲੋਕ ਲਗੇ ਦਰਸ਼ਨ ਕਰਨ ਆਉਣ, ਸਤਿਸੰਗ ਕਰਨ ਤੇ ਜੋ ਲੋਕ ਸੰਸੇ ਲੈ ਕੇ ਆਉਣ, ਸੋ ਨਵਿਰਤ ਕਰਕੇ ਜਾਣ ਇਨ੍ਹਾਂ ਲੋਕਾਂ ਨੂੰ ਨਿਸ਼ਾ ਹੋ ਗਈ ਕਿ ਆਪ ਕਲਜੁਗ ਦਾ ਅਵਤਾਰ ਹੋ ਕੇ ਆਏ ਹਨ। ਆਪ ਜੀ ਤੋਂ ਨਾਮ ਦਾਨ ਲੈ ਕੇ ਲਗੇ ਕ੍ਰਿਤਾਰਥ ਹੋਣ। ਪਾਪਾਂ ਤੋਂ ਛੁਟਕਾਰਾ, ਪੰਜਾਂ ਵਿਕਾਰਾਂ ਦੀਆਂ ਰੁਚੀਆਂ ਤੋਂ ਖਲਾਸੀ ਪਾ ਪਾ ਲੋਕ ਧਰਮੀ ਬਣ ਗਏ। ਇਸੇ ਕਰਕੇ ਉਸੇ ਟਿਕਾਣੇ-ਸਤੀ ਘਾਟ ਤੇ-ਗੁਰਦੁਆਰਾ ਬਣ ਗਿਆ, ਜੋ ਹੁਣ ਤਕ ਕਾਇਮ ਹੈ। ਕੁਛ ਚਿਰ ਏਥੇ ਰਹਿਕੇ ਤੇ ਪ੍ਰਚਾਰ ਕਰਕੇ ਗੁਰੂ ਜੀ ਦੇਸ ਨੂੰ ਮੁੜ ਪਏ।

ਕਨਖਲ ਤੋਂ ਟੁਰਕੇ ਗੁਰੂ ਜੀ ਦਾ ਰਸਤੇ ਵਿਚ ਇਕ ਦਿਨ ਉਸ ਗਿਰਾਂ ਪੜਾ ਪਿਆ ਜਿਥੇ ਕਿ ਇਕ ਸਮੁੰਦ੍ਰੀਕ ਦੇ ਵਾਕਫ ਬ੍ਰਾਹਮਣ ਨੇ ਕਦੇ ਚਰਨਾਂ ਵਿਚ ਪਦਮਰੇਖਾ ਦੇਖ ਕੇ ਕਿਹਾ ਸੀ ਕਿ ਆਪ ਚਕ੍ਰਵਰਤੀ ਰਾਜਾ, ਬੜੇ ਪ੍ਰਤਾਪਸ਼ੀਲ ਯਾ ਅਵਤਾਰ ਹੋਣੇ ਚਾਹੀਦੇ ਹੋ, ਨਹੀਂ ਪ੍ਰਗਟੇ ਤਾਂ ਪ੍ਰਗਟੋਗੇ। ਬ੍ਰਾਹਮਣ ਨੇ ਆਪ ਦਾ ਡੇਰਾ ਦੇਖਕੇ ਥਹੁ ਪੁੱਛਿਆ ਤਾਂ ਦਰਸ਼ਨ ਨੂੰ ਆਇਆ ਦੁਵੱਲੀ ਸਿਆਣ ਦੇ ਬਾਦ ਬ੍ਰਾਹਮਣ ਨੇ ਦਾਨ ਮੰਗਿਆ। ਗੁਰੂ ਜੀ ਨੇ ਫੁਰਮਾਇਆ; ਜੇ ਦੁਨੀਆਂ ਦੇ ਪਦਾਰਥਾਂ ਦੀ ਲੋੜ ਹੈ ਤਾਂ ਦੱਸ, ਜੇ ਕਲਜਾਨ ਦੀ ਲੋੜ ਹੈ ਤਾਂ ਉਹ ਦੱਸ, ਜਿਹੜੀ ਕਹੇਂ ਤੈਨੂੰ ਦੇ ਦੇਵੀਏ। ਬ੍ਰਾਹਮਣ, ਜਿਸ ਦਾ ਨਾਉਂ ਦੁਰਗਾ ਲਿਖਿਆ ਹੈ, ਬਹੁਤ ਚਤੁਰ ਸੀ। ਦੋਹਾਂ ਦਾਨਾਂ ਲਈ ਉਮਲਿਆ ਤੇ ਹੱਥ ਜੋੜ ਕੇ ਅਰਜ਼ ਕੀਤੀ ਓਸੁ :-

"ਨਾਮ ਦੇਹਿ ਧਨ ਦੇਹਿ ਨ ਜਨ ਕੋ,
ਧਨ ਬਿਹੀਨ ਜਨ ਜਗ ਨ ਸੁਹਾਇ।
ਜੇ ਧਨ ਦੇਹਿ ਨਾਮ ਨਹਿੰ ਦੇਵੈਂ
ਨਾਮ ਬਿਨਾ ਜਨ ਜਮਪੁਰਿ ਜਾਇ।
ਤੁਮ ਪੈ ਕਹੀ ਨਹੀਂ ਬਨਿ ਆਵੈ,
ਜਿਉਂ ਭਾਵੈ ਤਜੋਂ ਬਨਤ ਬਨਾਇ।
ਗੁਰੁ ਅਮਰਦਾਸ ਤੇਜੋ ਕੇ ਨੰਦਨ,
ਦੋਨਹੁ ਨਿਰਮਲ ਪੰਥ ਚਲਾਇ।"[੨੪੭]

ਗੁਰੂ ਜੀ ਬ੍ਰਾਹਮਣ ਦੀ ਚਤੁਰਾਈ ਤੇ ਪ੍ਰਸੰਨ ਹੋ ਗਏ ਤੇ -

ਕਹਜੋ ਬਾਕ "ਦੋਨੋ ਤੁਮ ਲੇਹੁ,
ਪ੍ਰਾਪਤ ਹ੍ਵੈ ਸੁਖ ਅਬਹਿ ਅਛੇਹੁ॥੩੦॥
ਜਬ ਲੌ ਜੀਵਹੁ ਧਨ ਬਹੁ ਪਾਵਹੁ।
ਸਿਮਰਹੁ ਸਤਿਨਾਮੁ ਲਿਵ ਲਾਵਹੁ।
ਅੰਤ ਸਮੇਂ ਜਮ ਨਹਿੰ ਦਰਸੈਹੋ।


www.sikhbookclub.com

ਪੁੰਨਵਾਨ ਕੇ ਲੋਕ ਸਿਧੈ ਹੋ"।

(ਸੂ: ਪ੍ਰ: ਪੰਨਾ ੧੫੩੯

ਇਸ ਪ੍ਰਕਾਰ ਕਈ ਮਹੀਨੇ ਪ੍ਰਚਾਰ ਕਰਕੇ ਸਤਿਗੁਰੂ ਜੀ ਹਰ ਥਾਂ ਜਿਥੇ ਠਹਿਰਦੇ, 'ਨਾਮ ਬਾਣੀ' ਦਾ ਦਾਨ ਦੇਂਦੇ ਵਾਪਸ ਗੋਇੰਦਵਾਲ ਆ ਗਏ।

## ਸੂਚਨਾ-ਇਤਹਾਸਕ ਪਹਿਲੂ

**ਇਸ** ਯਾਤ੍ਰਾ ਦਾ ਹਾਲ ਸਭ ਤੋਂ ਪੁਰਾਣਾ ਗੁਰੂ ਰਾਮਦਾਸ ਜੀ ਦਾ ਆਪਣਾ ਲਿਖਿਆ ਮਿਲਦਾ ਹੈ :-

ਤੁਖਾਰੀ ਮਹਲਾ ੪॥

ਨਾਵਣੁ ਪੁਰਬੁ ਅਭੀਚੁ
ਗੁਰ ਸਤਿਗੁਰ ਦਰਸੁ ਭਇਆ।
ਦੁਰਮਤਿ ਮੈਲੁ ਹਰੀ
ਅਗਿਆਨੁ ਅੰਧੇਰੁ ਗਇਆ।
ਗੁਰ ਦਰਸੁ ਪਾਇਆ ਅਗਿਆਨੁ ਗਵਾਇਆ
ਅੰਤਰਿ ਜੋਤਿ ਪ੍ਰਗਾਸੀ।
ਜਨਮ ਮਰਣ ਦੁਖ ਖਿਨ ਮਹਿ ਬਿਨਸੇ
ਹਰਿ ਪਾਇਆ ਪ੍ਰਭੁ ਅਬਿਨਾਸੀ।
ਹਰਿ ਆਪਿ ਕਰਤੈ ਪੁਰਬੁ ਕੀਆ
ਸਤਿਗੁਰੂ ਕੁਲਖੇਤਿ ਨਾਵਣਿ ਗਇਆ॥
ਨਾਵਣੁ ਪੁਰਬੁ ਅਭੀਚੁ
ਗੁਰ ਸਤਿਗੁਰ ਦਰਸੁ ਭਇਆ॥੧॥
ਮਾਰਗਿ ਪੰਥਿ ਚਲੇ
ਗੁਰ ਸਤਿਗੁਰ ਸੰਗਿ ਸਿਖਾ।
ਅਨਦਿਨੁ ਭਗਤਿ ਬਣੀ
ਖਿਨੁ ਖਿਨੁ ਨਿਮਖ ਵਿਖਾ।
ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ
ਸਭੁ ਲੋਕੁ ਵੇਖਣਿ ਆਇਆ।
ਜਿਨੁ ਦਰਸੁ ਸਤਿਗੁਰ ਗੁਰੂ ਕੀਆ
ਤਿਨ ਆਪਿ ਹਰਿ ਮੇਲਾਇਆ।
ਤੀਰਥ ਉਦਮੁ ਸਤਿਗੁਰੂ ਕੀਆ
ਸਭ ਲੋਕ ਉਧਰਣ ਅਰਥਾ।
ਮਾਰਗਿ ਪੰਥਿ ਚਲੇ
ਗੁਰ ਸਤਿਗੁਰ ਸੰਗਿ ਸਿਖਾ॥੨॥
ਪ੍ਰਥਮ ਆਏ ਕੁਲਖੇਤਿ
ਗੁਰ ਸਤਿਗੁਰ ਪੁਰਬੁ ਹੋਆ।
ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ॥
ਦੇਖਣਿ ਆਏ ਤੀਨਿ ਲੋਕ
ਸੁਰਿ ਨਰ ਮੁਨਿ ਜਨ ਸਭਿ ਆਇਆ॥
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ
ਤਿਨਕੇ ਕਿਲਵਿਖ ਨਾਸ ਗਵਾਇਆ॥
ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ
ਕਰਿ ਗਏ ਗੋਸਟਿ ਢੋਆ॥
ਪ੍ਰਥਮ ਆਏ ਕੁਲਖੇਤਿ
ਗੁਰ ਸਤਿਗੁਰ ਪੁਰਬੁ ਹੋਆ॥੩॥
ਦੁਤੀਆ ਜਮੁਨ ਗਏ
ਗੁਰਿ ਹਰਿ ਹਰਿ ਜਪਨੁ ਕੀਆ॥
ਜਾਗਾਤੀ ਮਿਲੇ ਦੇ ਭੇਟ
ਗੁਰ ਪਿਛੈ ਲੰਘਾਇ ਦੀਆ॥
ਸਭ ਛੁਟੀ ਸਤਿਗੁਰੂ ਪਿਛੈ
ਜਿਨਿ ਹਰਿ ਹਰਿ ਨਾਮੁ ਧਿਆਇਆ॥
ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ
ਤਿਨ ਜਮੁ ਜਾਗਾਤੀ ਨੇੜਿ ਨ ਆਇਆ॥
ਸਭ ਗੁਰੂ ਗੁਰੂ ਜਗਤੁ ਬੋਲੈ
ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ॥
ਦੁਤੀਆ ਜਮੁਨ ਗਏ
ਗੁਰਿ ਹਰਿ ਹਰਿ ਜਪਨੁ ਕੀਆ॥੪॥
ਤ੍ਰਿਤੀਆ ਆਏ ਸੁਰਸਰੀ
ਤਹ ਕਉਤਕੁ ਚਲਤੁ ਭਇਆ।
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ
ਕਿਨੈ ਆਢੁ ਨ ਦਾਮੁ ਲਇਆ॥
ਆਢੁ ਦਾਮੁ ਕਿਛੁ ਪਇਆ ਨ ਬੋਲਕ
ਜਾਗਾਤੀਆ ਮੋਹਣ ਮੁੰਦਣਿ ਪਈ॥
ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ
ਸਭ ਭਾਗਿ ਸਤਿਗੁਰ ਪਿਛੈ ਪਈ॥
ਜਾਗਾਤੀਆ ਉਪਾਵ ਸਿਆਣਪ
ਕਰਿ ਵੀਚਾਰੁ ਡਿਠਾ
ਭੰਨਿ ਬੋਲਕਾ ਸਭਿ ਉਠਿ ਗਇਆ॥
ਤ੍ਰਿਤੀਆ ਆਏ ਸੁਰਸਰੀ
ਤਹ ਕਉਤਕੁ ਚਲਤੁ ਭਇਆ॥੫॥
ਮਿਲਿ ਆਏ ਨਗਰ ਮਹਾਜਨਾ
ਗੁਰ ਸਤਿਗੁਰ ਓਟ ਗਹੀ॥
ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ

ਸਿਮ੍ਰਿਤਿ ਕੀਤਾ ਸਹੀ।
ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ
ਸੁਕਿ ਪ੍ਰਹਿਲਾਦਿ ਸ੍ਰੀ ਰਾਮਿ ਕਰਿ
ਗੁਰ ਗੋਵਿਦੁ ਧਿਆਇਆ॥
ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ
ਤਿਨਕਾ ਥਾਉ ਥੇਹੁ ਗਵਾਇਆ॥
ਕੀਰਤਨ ਪੁਰਾਣ ਨਿਤ ਪੁੰਨ ਹੋਵਹਿ
ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ॥
ਮਿਲਿ ਆਏ ਨਗਰ ਮਹਾਜਨਾ
ਗੁਰ ਸਤਿਗੁਰ ਓਟ ਗਹੀ॥੬॥੪॥੧੦॥

ਹੋਰ ਇਤਿਹਾਸਕ ਖੋਜ ਇਸ ਪ੍ਰਕਾਰ ਹੈ ਕਿ ਉਪਰਲੇ ਸ਼ਬਦ[੨੪੮] ਤੋਂ ਪਤਾ ਲਗਾ ਕਿ ਆਪ ਜੀ ਅਭੀਚ ਅਰਥਾਤ ਅਭਿਜਿਤ ਪੁਰਬ ਉਤੇ, ਜੋ ਮੇਲਾ ਲਗਦਾ ਸੀ, ਉਸ ਸਮੇਂ ਕੁਰਖੇਤ੍ਰ ਗਏ ਸਨ। ਇਹ ਇਕ ਲਗਨ ਹੈ ਜਿਸ ਵਿਚ ਸ਼ਤ੍ਰੂ ਤੇ ਵਾਰ ਕਰਨਾ ਫਤੇ ਲਿਆਉਂਦਾ ਦੱਸੀਦਾ ਹੈ। ਸੰਮਤ ਟੋਲੀਏ ਤਾਂ ਬੰਸਾਵਲੀ ਨਾਮੇ ਵਿਚ ੧੬੧੪ ਬਿ: ਤੇ ਤਵਾ: ਖਾ: ਵਿਚ ੧੬੧੫ ਬਿ: ਲਿਖਿਆ ਮਿਲਦਾ ਹੈ। ਤਵਾ: ਖਾ: ਮੂਜਬ: ਸ੍ਰੀ ਜੇਠਾ ਜੀ (ਅਰਥਾਤ ਸ੍ਰੀ ਗੁਰੂ ਰਾਮਦਾਸ ਜੀ) ਤਦੋਂ ਨਾਲ ਗਏ ਸਨ। ਪਰ ਸੂ: ਪ੍ਰ: ਮੂਜਬ ਸ੍ਰੀ ਜੇਠਾ ਜੀ ਗੋਇੰਦਵਾਲ ਰਹੇ ਤੇ ਪਿਛੋਂ ਦਾ ਸਾਰਾ ਕੰਮ ਸੰਭਾਲਦੇ ਰਹੇ। (ਸੂ: ਪ੍ਰ: ਰਾ: ੧ ਅੰਸੂ ੫੦ ਅੰਕ ੪੦)

ਸ੍ਵਾਨਿਹ ਉਮਰੀ ਪਾ: ੩ ਵਿਚ ਲਿਖਿਆ ਹੈ ਕਿ ਪਹਿਲੀ ਮੰਜ਼ਲ ਗੋਇੰਦਵਾਲੋਂ ਟੁਰਕੇ ਉਥੇ ਹੋਈ ਸੀ ਜਿਥੇ ਕੁ ਮਗਰੋਂ ਜਹਾਂਗੀਰ ਦੇ ਸਮੇਂ ਨੂਰ ਜਹਾਂ ਦੀ ਸਰਾਂ ਬਣਨ ਕਰਕੇ ਨਾਉਂ ਨੂਰ ਮਹਿਲ ਪਿਆ ਸੀ। ਕੁਰਖੇਤ੍ਰ ਪਹੁੰਚ ਕੇ, ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਪਹੋਏ ਡੇਰਾ ਕੀਤਾ ਸੀ। ਤਵਾ: ਖਾ: ਵਿਚ ਲਿਖਿਆ ਹੈ ਕਿ ਸਨੇਹਤ ਤੀਰਥ ਤੇ ਠਹਿਰੇ ਸਨ। ਤੀਰਥ ਯਾਤ੍ਰਾ ਨੂੰ ਜਾਣ ਦਾ ਕਾਰਣ ਸ੍ਰੀ ਗੁਰੂ ਰਾਮਦਾਸ ਜੀ ਨੇ ਇਹ ਦੱਸਿਆ ਹੈ ਕਿ ਸਭ ਲੋਕਾਂ ਦੇ ਉਧਾਰ ਵਾਸਤੇ ਗਏ, ਯਥਾ–

ਤੀਰਥ ਉਦਮੁ ਸਤਿਗੁਰੂ ਕੀਆ
ਸਭ ਲੋਕ ਉਧਰਣ ਅਰਥਾ॥

ਦੂਸਰੀ ਸਾਖ ਹੈ ਮਹਿਮਾ ਪ੍ਰਕਾਸ਼ ਵਾਰਤਕ ਦੀ, ਓਥੇ ਲਿਖਿਆ ਹੈ :–

"ਸ੍ਰੀ ਸਤਿਗੁਰੂ ਸਾਹਿਬ ਦਇਆਲ ਮੂਰਤੀ ਪਰਉਪਕਾਰ ਕੇ ਨਮਿਤ ਹਰਿਦੁਆਰ ਕੇ ਜਾਨ ਕਉ ਤਿਆਰੀ ਕਰੀ।" (ਮ: ਪ੍ਰ: ਵਾਰਤਕ)

ਮਹਿਮਾ ਪ੍ਰਕਾਸ਼ (ਛੰ: ਬੰ:) ਵਿਚ ਲਿਖਿਆ ਹੈ :–

"ਆਗੇ ਸਾਖੀ ਸਤਿਗੁਰ ਜੀ ਕੇ ਤੀਰਥ ਯਾਤ੍ਰਾ ਕੀ ਸੰਸਾਰ ਉਧਰਣ ਕੇ ਨਮਿਤ ਅਰ ਸਭ ਕੋ ਪ੍ਰੀਤ ਪ੍ਰਤਗਿਆ ਦੇਨੇ ਕੀ।" (ਮ: ਪ੍ਰ: ਪੰਨਾ ੧੮੨ ਵਡਾ)

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਤੀਰਥਾਂ ਵਿਚ ਲੋਕਾਂ ਦੇ ਪਾਪਾਂ ਦੀ ਪਈ, ਮੈਲ ਦੇ ਕਾਰਨ ਤੀਰਥਾਂ ਦੀ ਅਰਾਧਨਾ ਤੇ ਗੁਰੂ ਜੀ, ਜੋ ਆਪ ਮਹਾਨ ਤੀਰਥ ਸਨ, ਟੁਰੇ। (ਰਾ: ੧ ਅੰ: ੪੫. ੧. ੬)

ਇਨ੍ਹਾਂ ਸ਼ਹਾਦਤਾਂ ਤੋਂ ਪਤਾ ਲਗਾ ਕਿ ਜੋ ਹੋਰ ਹੋਰ ਕਾਰਣ ਦੱਸਦੇ ਹਨ, ਮਸਲਨ ਇਹ ਕਿ 'ਅਕਬਰ ਪਾਤਸ਼ਾਹ ਨੇ ਗੁਰੂ ਜੀ ਨੂੰ ਕਿਹਾ ਸੀ ਕਿ ਹਿੰਦੂਆਂ ਨੂੰ ਤਸੱਲੀ ਦੇਣ ਲਈ ਤੀਰਥਾਂ ਤੇ ਜਾਓ' ਆਦਿ ਦਰੁਸਤ ਨਹੀਂ ਹਨ।

## ੩੦. ਅਨੰਦ

ਸ੍ਰੀ ਗੁਰੂ ਅਮਰਦਾਸ ਜੀ ਦੇ ਦੋ ਪੁਤ੍ਰ ਸਨ: ਵਡਾ ਮੋਹਨ ਤੇ ਛੋਟਾ ਮੋਹਰੀ। ਮੋਹਰੀ ਦੇ ਵਡੇ ਪੁਤ੍ਰ ਦਾ ਨਾਂ ਸੀ ਅਰਥ ਮਲ ਤੇ ਉਸ ਤੋਂ ਛੋਟਾ ਹੁਣ ਹੋਰ ਜੰਮਿਆ ਸੀ, ਜਿਸ ਬਾਬਤ ਖਿਆਲ ਸੀ ਕਿ ਸਿੱਧ ਜੋਗੀ ਨੇ ਆ ਜਨਮ ਲਿਆ ਹੈ।

ਇਸ ਦੇ ਜਨਮ ਤੇ ਪਰਵਾਰ ਵਿਚ ਬੜੀ ਖੁਸ਼ੀ ਹੋਈ। ਸਭ ਪਾਸੇ ਵਧਾਈਆਂ ਤੇ ਆਨੰਦ ਆਨੰਦ ਹੋ ਰਹੇ ਸਨ। ਗੁਰੂ ਸਾਹਿਬ ਜੀ ਨੂੰ ਬੀ ਖਬਰ ਤੇ ਵਧਾਈਆਂ ਦਾ ਸੁਨੇਹਾ ਪਹੁੰਚਾ। ਤਦ ਆਪ ਨੇ ਬੱਚੇ ਨੂੰ ਦੇਖਣਾ ਚਾਹਿਆ। ਦੇਖ ਕੇ ਅਸ਼ੀਰਵਾਦ ਦੇ ਕੇ ਬੱਚੇ ਨੂੰ ਅੰਦਰ ਭੇਜ ਦਿੱਤਾ। ਬੱਚੇ ਦਾ ਨਾਉਂ 'ਅਨੰਦ' ਧਰਿਆ। ਉਸ ਸਮੇਂ ਅਮਿੱਤਾ ਅਨੰਦ ਪਰਿਵਾਰ ਵਿਚ ਵੇਖ ਕੇ ਸਤਿਗੁਰੂ ਜੀ ਨੇ ਇਕ ਬਾਣੀ ਰਚੀ, ਜਿਸ ਦਾ ਨਾਮ 'ਅਨੰਦ' ਰਖਿਆ। ਇਸ ਬਾਣੀ ਵਿਚ ਵਾਹਿਗੁਰੂ ਤੇ ਗੁਰੂ ਦੀ ਪ੍ਰਾਪਤੀ ਦੀਆਂ ਖੁਸ਼ੀਆਂ ਤੇ ਅਨੰਦ ਲਿਖੇ ਹਨ। ਵਾਹਿਗੁਰੂ ਦੇ


www.sikhbookclub.com

ਸ਼ਬਦ 'ਨਾਮ' ਦੇ ਸੋਹਲੇ ਗਾਵੇਂ ਹਨ। ਸਾਰੀ ਬਾਣੀ ਵਿਚ ਆਤਮ ਚਾਉ ਦਾ ਸੰਗੀਤ ਭਰਿਆ ਪਿਆ ਹੈ। ਕਈ ਲੋਕ ਖਿਆਲ ਕਰਦੇ ਹਨ ਕਿ ਗੁਰੂ ਜੀ ਨੇ ਇਹ ਬਾਣੀ ਪੋਤਰੇ ਦੇ ਜਨਮ ਤੇ ਉਹ ਸੰਸਾਰਕ ਖੁਸ਼ੀ ਨਮਿਤ ਉਚਾਰੀ ਸੀ, ਪਰ ਬਾਣੀ ਦਾ ਨਫ਼ਸੇ ਮਜ਼ਮੂਨ ਇਹ ਦੱਸਦਾ ਹੈ ਕਿ ਗੁਰੂ ਜੀ ਨੇ ਆਪਣੇ ਅਨੰਦ ਵਿਚ ਖੁਸ਼ ਹੋ ਰਹੇ ਪਰਵਾਰ ਨੂੰ ਆਪਣੀ ਆਤਮ ਖੁਸ਼ੀ ਦਾ ਰੂਪ ਦਿਖਾ ਕੇ ਉਪਦੇਸ਼ ਦਿੱਤਾ ਹੈ ਕਿ ਸੱਚਾ ਆਨੰਦ, ਅਮਰ ਆਨੰਦ ਇਹ ਹੈ, ਜੋ ਇਸ ਬਾਣੀ ਵਿਚ ਨਿਰੂਪਣ ਹੋਇਆ ਹੈ। ਜਾਪਦਾ ਹੈ ਕਿ ਸ੍ਰੀ ਗੁਰੂ ਜੀ ਨੇ ਆਗਿਆ ਕੀਤੀ ਕਿ ਹਰ ਮੰਗਲ ਮਈ ਸਮੇਂ, ਹਰ ਢੰਗ ਸੁਆਰਥ; ਸੁਖ ਪ੍ਰਾਪਤੀ, ਖੁਸ਼ੀ ਦੇ ਮੌਕਿਆਂ ਤੇ ਇਸ ਬਾਣੀ ਦਾ ਉਚਾਰਨ ਹੋਇਆ ਕਰੇ, ਤਾਂ ਜੋ ਸਿਖ ਸੰਸਾਰਕ ਖੁਸ਼ੀਆਂ ਵੇਲੇ ਉਨ੍ਹਾਂ ਖੁਸ਼ੀਆਂ ਵਿਚ ਮਦ ਮੱਤੇ ਨਾ ਹੋ ਜਾਣ, ਉਨ੍ਹਾਂ ਨੂੰ ਸੱਚੀ ਤੇ ਆਦਰਸ਼ਕ ਖੁਸ਼ੀ ਦਾ ਉਪਦੇਸ਼ ਉਸ ਵੇਲੇ ਬੀ ਹੁੰਦਾ ਰਹੇ। ਕਿਉਂਕਿ ਗੁਰੂ ਸਾਹਿਬਾਂ ਨੇ 'ਪ੍ਰਵਾਣ ਗ੍ਰਿਹਸਤ ਉਦਾਸ ਮਤਿ' ਤੋਰਿਆ ਸੀ, ਇਸ ਲਈ ਕਿਰਤ, ਕਾਰਜ, ਗ੍ਰਿਹਸਤ ਤੇ ਗ੍ਰਿਹਸਤ ਦੀਆਂ ਨਿਸ਼ਪਾਪ ਖੁਸ਼ੀਆਂ ਤੋਂ ਬੀ ਨਹੀਂ ਸੀ ਵਰਜਿਆ। ਪਰ ਹਰ ਸ਼ਾਦੀ ਗਮੀ ਦੇ ਕਾਰਜ ਵਿਚ ਉਸ ਸਮੇਂ ਸਬੰਧੀ ਆਪ ਬਾਣੀ ਰਚ ਦੇਂਦੇ ਸਨ ਜੋ ਆਨੰਦ ਸਮੇਂ ਸੰਸਾਰਕ ਆਨੰਦ ਜਾਰੀ ਰਹੇ, ਪਰ ਪਰਮਾਰਥਕ ਆਨੰਦ ਬੀ ਅਖੋਂ ਉਹਲੇ ਨਾ ਹੋ ਜਾਵੇ[੨੪੯]। ਇਸੀ ਤਰ੍ਹਾਂ ਗਮੀਨਿਆਂ ਦੇ ਵੇਲੇ ਬਾਣੀ ਰਚ ਦੇਂਦੇ ਸੇ ਗ਼ਮ ਵਿਚ ਸਿਖ ਰੁੜ੍ਹ ਨਾ ਜਾਣ, ਨਾਸ਼ੁਕਰੀ ਵਿਚ ਨਾ ਚਲੇ ਜਾਣ, ਬੇਮੁਖ ਨਾ ਹੋ ਜਾਣ, ਬਾਣੀ ਪੜ੍ਹਨ, ਵੈਰਾਗ ਆਵੇ, ਪਰ ਉਹ ਵੈਰਾਗ ਜੋ ਜਹਾਨ ਫ਼ਾਨੀ ਦਿਖਾਕੇ ਵਾਹਿਗੁਰੂ ਵਲ ਧਿਆਨ ਪੁਆਵੇ, ਭਾਣੇ ਮੰਨਣ ਦਾ ਬਲ ਪ੍ਰਾਪਤ ਹੋ ਜਾਵੇ। ਛੰਤ, ਘੋੜੀਆਂ, ਅਨੰਦ, ਲਾਵਾਂ ਆਦਿ ਆਨੰਦ ਦੇ ਸਮਿਆਂ ਲਈ, ਅਲਾਹਣੀਆਂ ਆਦਿ ਵੈਰਾਗ ਦੇ ਸਮਿਆਂ ਲਈ ਬਖਸ਼ੀਆਂ ਸਨ। ਆਨੰਦ ਦਾ ਤਾਂ ਹੁਕਮ ਹੋ ਗਿਆ ਕਿ ਸੰਗਤ ਵਿਚ ਜਦੋਂ ਆਸਾ ਦੀ ਵਾਰ ਦੇ ਦੀਵਾਨ ਯਾ ਹੋਰ ਦੀਵਾਨ ਮਗਰੋਂ ਕੜਾਹ ਪ੍ਰਸ਼ਾਦਿ ਭੇਟ ਹੋਵੇ ਤਦ ਆਨੰਦ ਦਾ ਪਾਠ ਹੋ ਕੇ ਭੋਗ ਲਗੇ ਸੋ ਹੁਣ ਤਕ ਰਿਵਾਜ ਜਾਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਸਮੇਂ, ਰਹੁਰਾਸ ਦੇ ਪਾਠ ਤੇ ਅੰਤ ਵਿਚ, ਰਾਜੇ ਦੀ ਗੱਦੀ ਨਸ਼ੀਨੀ ਵੇਲੇ, ਕੁੜਮਾਈ ਵੇਲੇ, ਅੰਮ੍ਰਿਤ ਤਿਆਰ ਕਰਨ ਵੇਲੇ, ਸੰਤਾਂ ਮਹੰਤਾਂ ਦੀ ਗੱਦੀ ਨਸ਼ੀਨੀ ਦੇ ਸਮੇਂ, ਵਿਆਹ ਵੇਲੇ ਆਨੰਦ ਦੀਆਂ ਛੀ ਪਉੜੀਆਂ ਦਾ ਪਾਠ ਜ਼ਰੂਰੀ ਹੁੰਦਾ ਹੈ। ਇਥੋਂ ਤਾਈਂ ਕਿ ਸਿਖਾਂ ਦੇ ਵਿਆਹ ਦੀ ਰਸਮ ਨੂੰ 'ਆਨੰਦ ਮਰਿਯਾਦਾ' ਆਖਦੇ ਹਨ।

ਨਾ ਕੇਵਲ ਖੁਸ਼ੀਆਂ ਦੇ ਸਮੇਂ ਸਗੋਂ ਪ੍ਰਾਣੀ ਦੇ ਚਲਾਣੇ ਸਮੇਂ ਜੋ ਕੀਰਤਨ ਸੋਹਿਲੇ ਦਾ ਪਾਠ ਹੁੰਦਾ ਹੈ, ਉਸ ਵੇਲੇ ਦਾ ਆਇਆ ਕੜਾਹ ਪ੍ਰਸ਼ਾਦਿ, ਫੇਰ ਪ੍ਰਾਣੀ ਦੇ ਨਮਿੱਤ ਦੇ ਭੋਗ (ਸਮੇਂ ਦਹਾਏ ਵਾਲੇ ਦਿਨ) ਦਾ ਕੜਾ ਪ੍ਰਸ਼ਾਦਿ ਬੀ ਅਨੰਦ ਦੇ ਪਾਠ ਨਾਲ ਪ੍ਰਵਾਨ ਹੁੰਦਾ ਹੈ। ਦਸਤਾਰਬੰਦੀ ਵੇਲੇ ਬੀ ਅਨੰਦ ਦਾ ਉਚਾਰ ਹੁੰਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਵਤਾਰ ਸਮੇਂ ਅਨੰਦ ਦੀ ਬਾਣੀ ਗਾਂਵੀ ਗਈ ਸੀ ਜੈਸਾ ਕਿ ਪੰਚਮ ਗੁਰੂ ਜੀ ਫੁਰਮਾਉਂਦੇ ਹਨ :-

ਗੁਰਬਾਣੀ ਆਨੰਦੁ ਗਾਵੈ॥ (ਆਸਾ ਮ: ੫

ਸ੍ਰੀ ਆਨੰਦ ਜੀ, ਜਿਨ੍ਹਾਂ ਦੇ ਉਤਮ ਜਨਮ ਵਾਲੇ ਮਹਾਂਪੁਰਖ ਹੋਏ ਹਨ। ਸੂ: ਪ੍ਰ: ਵਿਚ ਲਿਖਿਆ ਹੈ ਕਿ ਪਿਛਲੇ ਜਨਮ ਇਹ ਜੋਗੀ ਸਨ ਤੇ ਗੁਰੂ ਅਮਰਦਾਸ ਜੀ ਦੇ ਪ੍ਰੇਮੀ ਬਣਕੇ ਦੇਹ ਤਿਆਗ, ਪੋੜ੍ਹੇ ਹੋ ਕੇ ਉਹਨਾਂ ਦੇ ਗ੍ਰਿਹ ਜਨਮ ਲਿਆ ਸਾਨੇ।

## ੩੧. ਬੇਣੀ ਪੰਡਿਤ।

**ਬੇਣੀ** ਨਾਮੇ ਇਕ ਪੰਡਿਤ ਸੀ। ਉਹ ਵਿਦਯਾ ਵਿਚ ਬਹੁਤ ਪ੍ਰਬੀਨ ਸੀ, ਸਭ ਸ਼ਾਸਤ੍ਰ ਪੜ੍ਹਿਆ ਸੀ, ਨਿਆਇ ਦਾ ਬਹੁਤ ਜਾਣੂ ਹੋਣ ਕਰਕੇ ਬਹਿਸਾਂ ਵਿਚ ਵਡੇ ਵਡੇ ਪੰਡਿਤਾਂ ਨੂੰ ਹਰਾ ਦੇਂਦਾ ਸੀ। ਹਰ ਚਰਚਾ ਵੇਲੇ ਉਸਦੀ ਇਹ ਸ਼ਰਤ ਹੁੰਦੀ ਸੀ ਕਿ ਜੇ ਕੋਈ ਮੇਰੇ ਨਾਲ ਬਹਿਸ ਵਿਚ ਹਾਰ ਜਾਵੇ, ਉਸ ਦੇ ਪੁਸਤਕ ਮੇਰੇ ਹੋ ਜਾਣਗੇ ਤੇ ਮੈਂ ਹਾਰਾਂ ਤਾਂ ਸਾਰੇ ਮੇਰੇ ਪੁਸਤਕ ਉਸਦੇ ਹੋ ਜਾਣਗੇ। ਇਸ ਤਰ੍ਹਾਂ


www.sikhbookclub.com

ਉਸ ਪਾਸ ਪੁਸਤਕ ਬੀ ਬਹੁਤੇ ਹੋ ਗਏ ਜੋ ਊਠਾਂ ਤੇ ਲੱਦੀ ਨਾਲ ਲਈ ਫਿਰਦਾ ਸੀ[੫੦]। ਇਹ ਰਹਿਣ ਵਾਲਾ ਤਾਂ ਚੂਹਣੀਆਂ ਦਾ ਸੀ, ਜੋ ਲਾਹੌਰ ਜ਼ਿਲੇ ਦੀ ਤਹਿਸੀਲ ਹੈ, ਪਰ ਇਹ ਦਿਗ ਬਿਜੈ ਕਰਦਾ ਆਪਣੇ ਦੇਸ਼ ਤੋਂ ਦੂਰ ਨਿਕਲ ਗਿਆ ਸੀ, ਹੁਣ ਕਾਂਸ਼ੀ ਆਦਿ ਥਾਈਂ ਵਿਚਰਦਾ ਵਾਪਸ ਪੰਜਾਬ ਆਇਆ ਤਾਂ ਰਾਹ ਵਿਚ ਗੁਰੂ ਅਮਰਦਾਸ ਜੀ ਦੀ ਮਹਿਮਾਂ ਸੁਣਦਾ ਆਇਆ। ਗੋਇੰਦਵਾਲੋਂ ਲੰਘਣਾ ਹੀ ਸੀ, ਸੋ ਇਸ ਨੇ ਸ਼ਹਿਰ ਵਿਚ ਡੇਰਾ ਕੀਤਾ ਤੇ ਏਥੇ ਬੀ ਲੋਕਾਂ ਤੋਂ ਗੁਰੂ ਯਸ਼ ਸੁਣਿਆ। ਇਸ ਨੇ ਸਲਾਹ ਕੀਤੀ ਸੀ ਦਰਸ਼ਨ ਕਰਾਂ, ਪਰ ਇਹ ਇਸ ਨੂੰ ਪਤਾ ਲਗ ਗਿਆ ਸੀ ਕਿ ਉਹ ਚਰਚਾ ਵਾਦਾਂ ਵਿਚ ਨਹੀਂ ਪੈਂਦੇ, ਯਥਾਰਥ ਉਪਦੇਸ਼ ਕਰਾ ਦੇਂਦੇ ਹਨ ਤੇ ਆਪਣੀ ਕੋਈ ਕਰਨੀ ਵਿਚੋਂ ਕਿਣਕਾ ਦਾਨ ਕਰਦੇ ਹਨ ਜੋ ਚੰਗੇ ਚੰਗੇ ਸਿਆਣੇ ਤਸੱਲੀ ਪਾ ਜਾਂਦੇ ਹਨ।

ਸਾਹਿਬ ਇਕ ਦਿਨ ਬਾਵਲੀ ਦੇ ਬਾਹਰ ਦੀਵਾਨ ਵਿਚ ਬੈਠੇ ਸਨ ਕਿ ਇਕ ਪੰਡਿਤ ਓਥੇ ਆ ਗਿਆ ਦਰਸ਼ਨ ਕਰਦੇ ਹੀ ਇਹ ਮਹੱਤਤਾ ਦਾ ਪ੍ਰਭਾਵ ਛਾਇਆ, ਆਪ ਮੁਹਾਰਾ ਸਿਰ ਝੁਕ ਗਿਆ। ਸਤਿਗੁਰੂ ਜੀ ਨੇ ਆਦਰ ਨਾਲ ਪਾਸ ਬਿਠਾਲ ਲਿਆ। ਕੁਝ ਹਾਲ ਇਸ ਨੇ ਸੁਣੇ ਸਨ; ਕੁਛ ਹੁਣ ਬੈਠਾ ਦੇਖਦਾ ਤੇ ਗੁਰੂ ਜੀ ਦੇ ਬਚਨ ਸੁਣਦਾ ਰਿਹਾ ਇਸ ਦਾ ਨਿਸੰਗ ਮਨ ਕਦੇ ਸੰਗ ਜਾਂਦਾ, ਕਦੇ ਬੋਲਣ ਨੂੰ ਉਮਲ ਪੈਂਦਾ, ਅੰਤ ਨਾ ਰਿਹਾ ਗਿਆ ਤਾਂ ਬੋਲ ਹੀ ਪਿਆ। ਆਖਣ ਲੱਗਾ :- ਯਦਿ ਆਪ ਦੀ ਆਗਿਆ ਹੋਵੇ ਤਾਂ ਇਕ ਬਾਤ ਪੁਛ ਲਵਾਂ? ਸਤਿਗੁਰੂ ਜੀ ਨੇ ਫੁਰਮਾਯਾ : ਪੁਛੋ ਪੰਡਿਤ ਜੀ!

ਬੇਣੀ- ਆਪ ਦੀ ਸੰਪ੍ਰਦਾ ਦੇ ਲੋਕ, ਤਪ, ਤੀਰਥ, ਬ੍ਰਤ, ਦਾਨ, ਮੂਰਤੀ ਪੂਜਾ ਨਹੀਂ ਕਰਦੇ ਤੇ ਨਾ ਹੀ ਯਗ, ਨਾ ਹੀ ਖਟ ਕਰਮਾਂ ਵਿਚ ਪ੍ਰਵਿਤੀ ਰਖਦੇ ਹਨ, ਪਰ ਇਨ੍ਹਾਂ ਯਾ ਐਸੇ ਹੋਰ ਕਰਮਾਂ ਨੂੰ ਕੀਤੇ ਬਿਨਾ ਲਿਖਿਆ ਹੈ ਕਿ, ਮਨ ਸ਼ੁੱਧ ਨਹੀਂ ਹੁੰਦਾ ਹੈ ਤੇ ਨਾ ਹੀ ਗਤੀ ਲਭਦੀ ਹੈ।

ਗੁਰੂ ਜੀ-ਪੰਡਿਤ ਜੀ! ਪਹਿਲਾਂ ਮਨ ਦਾ ਤਾਂ ਪਤਾ ਦਿਓ ਕਿ ਇਹ ਇਨਸਾਨ ਦਾ ਮਨ ਗ੍ਰਿਹਸਤੀ ਹੈ ਕਿ ਉਦਾਸੀ ਕਿ ਇਹ ਮਨ ਵਰਣਾਸ੍ਰਮ ਕੈਦ ਵਿਚ ਬੱਧਾ ਹੈ ਕਿ ਨਿਰਲੇਪ ਹੈ ਵਰਣਾਸ੍ਰਮ ਧਰਮ ਤੋਂ? ਹਾਂ ਇਹ ਮਨ ਨਾਸ਼ ਹੋਣ ਵਾਲਾ ਹੈ ਕਿ ਅਵਿਨਾਸ਼ ਹੈ ਤੇ ਸਦਾ ਰਹਿਣੇ ਵਾਲਾ ਹੈ? ਇਹ ਮਨ ਚੰਚਲ ਹੈ ਕਿ ਵੈਰਾਗਵਾਨ ਹੈ? ਜੇ ਇਹ ਮਨ ਸ਼ੁੱਧ ਹੈ ਤਾਂ ਇਸ ਨੂੰ ਮਮਤਾ ਕਿਥੋਂ ਲਗ ਗਈ? ਹੇ ਪੰਡਿਤ! ਪਹਿਲਾਂ ਇਸ 'ਮਨ' ਦਾ ਵਿਚਾਰ ਕਰੋ। ਇਸ ਨੂੰ ਸਮਝੇ ਬਿਨਾਂ ਹੋਰ ਪਠਨ ਪਾਠਨ ਦਾ ਕੀ ਲਾਭ? ਕਿਉਂਕਿ ਇਹ ਮਨ ਤਾਂ ਉਹੋ ਦਾ ਉਹੋ ਜਿਹਾ ਹੀ ਰਹਿ ਜਾਂਦਾ ਹੈ।

ਪੰਡਿਤ ਯੋਗ, ਵੇਦਾਂਤ, ਨਯਾਯ ਪੜ੍ਹਿਆ ਸੀ, ਮਨ ਦੇ ਲਛਨ ਵਰਣਨ ਕਰ ਸਕਦਾ ਸੀ, ਪਰ ਉਹ ਸਮਝ ਗਿਆ ਕਿ ਗੁਰੂ ਜੀ ਮੇਰੇ ਕੀਤੇ ਲੱਛਨ ਸੁਣਕੇ ਆਪਣੇ ਕੋਈ ਨਵੇਂ ਲੱਛਨ ਦੱਸਕੇ ਮੈਨੂੰ ਜਿੱਤਣ ਦੇ ਆਹਰ ਵਿਚ ਨਹੀਂ ਹਨ। ਉਸ ਨੇ ਸਮਝ ਲਿਆ ਕਿ ਇਹ ਯਥਾਰਥ ਵਕਤਾ ਹਨ; ਇਨ੍ਹਾਂ ਦਾ ਤਾਤਪਰਜ ਇਹ ਜਾਪਦਾ ਹੈ ਕਿ ਮਨ, ਜਿਸ ਨੇ ਗਯਾਨ ਪ੍ਰਾਪਤ ਕਰਨਾ ਹੈ, ਉਸ ਦਾ ਸੁਧਾਰ ਸੋਚੀਏ। ਸੋ ਕੋਈ ਵਿਦਯਾ ਦਾ ਚੰਚਲਤਾਈ ਦਾ ਉੱਤਰ ਦੇਣ ਦੀ ਥਾਂ ਕਹਿਣ ਲੱਗਾ- ਆਪ ਜੀ ਦਾ ਖਿਆਲ ਉਤਮ ਹੈ ਕਿ ਪਹਿਲਾਂ ਮਨ ਦੀ ਵੀਚਾਰ ਕਰੀਏ, ਇਸ ਨੂੰ ਉਹ ਮਾਇਆ ਕਿਥੋਂ ਲੱਗੀ। ਆਪ ਜੀ ਹੀ ਕ੍ਰਿਪਾ ਕਰੋ, ਫਿਰ ਮੈਨੂੰ ਆਪ ਦੇ ਸਥਾਰਥ ਗਯਾਨ ਦੀ ਸਮਝ ਪੈ ਜਾਵੇਗੀ, ਕਿਉਂਕਿ ਮੈਂ ਤਾਂ ਵਿਦਯਾ ਦੀ ਗੱਲ ਕਰਨੀ ਹੈ, ਆਪ ਅਨੁਭਵੀ ਮਹਾਂ ਪੁਰਖ ਹੋ, ਆਪ ਆਗਿਆ ਕਰੋ!

ਗੁਰੂ ਜੀ-ਪਾਰਬ੍ਰਹਮ ਪਰਮੇਸ਼ੁਰ ਪਰ ਆਪ ਦਾ ਨਿਸ਼ਚਾ ਹੈ ਹੀ, ਉਹੀ ਜਗਤ ਦਾ ਕਰਤਾ ਹੈ। ਹੇ ਪੰਡਿਤ! ਇਹ ਸ੍ਰਿਸ਼ਟੀ ਉਸ ਦੇ ਹੁਕਮ ਕਰਕੇ ਰਚੀ ਗਈ ਹੈ, ਹੁਕਮ ਉਸਦਾ ਉਸੇ ਦਾ ਰੂਪ ਹੈ; ਉਹ ਆਪ ਅਕੱਥ ਹੈ, ਹੁਕਮ ਵੀ ਓਵੇਂ ਅਕੱਥ ਹੈ "ਹੁਕਮੁ ਨ ਕਹਿਆ ਜਾਈ"। ਹੁਕਮ ਕੋਈ ਵਿਕਾਰ ਨਹੀਂ। ਸੋ ਜਦ ਸ੍ਰਿਸ਼ਟੀ ਵਿਚ ਸਜੀਵ ਲੋਕ ਰਚੇ, ਮਨ ਦਿੱਤਾ, ਤਾਂ ਮਨ ਨੂੰ ਬਾਹਰਮੁਖੀ ਰੌ ਦਿੱਤਾ ਜੋ ਉਹ ਸਰੀਰ ਨੂੰ ਪਾਲੇ, ਰਖਯਾ ਕਰੇ, ਤੇ ਆਪਣੇ ਵਰਗੇ ਹੋਰ ਸਰੀਰ ਉਪਾਵੇ। ਐਉਂ ਮਨ ਸਰੀਰ ਦੀ ਰਖਿਆ ਪਾਲਨਾ ਦੇ ਬਾਹਰਮੁਖੀ ਕੰਮ ਵਿਚ ਲੱਗਾ, ਇਹ ਮਾਇਆ ਮਮਤਾ ਲਾਈ


www.sikhbookclub.com

ਜੇ ਇਹ ਨਾ ਲਾਈ ਜਾਂਦੀ ਤਾਂ ਇਹ ਆਪਣੀ ਪਾਲਣਾ ਰਖਜਾ ਆਦਿ ਕੁਛ ਖੀ ਨਾ ਕਰ ਸਕਦਾ। ਸੋ ਜਦ ਇਹ ਗੱਲ ਸਮਝ ਲਓ ਕਿ ਸ੍ਰਿਸ਼ਟੀ ਕਰਤਾਰ ਨੇ ਉਪਾਈ, ਮਾਨੋ ਇਕ ਖੇਲ ਰਚਾਇਆ ਹੈ, ਉਸ ਵਿਚ ਜੀਵ ਰਚੇ, ਜੀਵਾਂ ਨੂੰ ਆਪਣੀ ਰਖਜਾ ਪਾਲਣਾ ਲਈ ਮਨ ਦੇ ਆਸ੍ਰਿਤ ਕੀਤੇ, ਮਨ ਨੂੰ ਮਾਇਆ ਮਮਤਾ ਆਪੇ ਲੱਗ ਗਈ। ਹੁਣ ਬਹੁਤੀ ਖੋਜ ਪੜਤਾਲ ਦੀ ਕੀ ਲੋੜ ਹੈ। ਜਿਸ ਨੇ ਰਚਿਆ ਤੇ ਮਾਯਾ ਲਾਈ ਉਸ ਨਾਲੋਂ ਟੁੱਟਣਾ ਨਹੀਂ ਚਾਹੀਏ, ਉਸ ਨਾਲ ਲੱਗੇ ਰਹੀਏ। ਸਰੀਰ ਦੀ ਪਾਲਣਾ ਰਖਜਾ ਕਰੀਏ, ਪਰ ਆਪਣੇ ਰਚਣਹਾਰ ਨੂੰ ਨਾ ਵਿਸਾਰੀਏ। ਯਾਦ ਦੁਆਰਾ ਉਸ ਨਾਲ ਲੱਗੇ ਰਹੀਏ। ਜਦ ਅਸੀਂ ਉਸ ਤੋਂ ਵਿਛੁੜੀਏ ਨਾ, ਤਾਂ ਸੋਚੋ ਪੰਡਿਤ ਜੀ! ਉਸ ਕੁਸ਼ਲ ਸਰੂਪ ਨਾਲ ਲੱਗੇ ਰਹਿਣਾ ਕੁਸ਼ਲਤਾ ਹੈ ਕਿ ਨਹੀਂ? ਮਨ ਨੂੰ ਉਸ ਤੋਂ ਵਿਛੋੜਕੇ ਹੋਰਨਾਂ ਵਿਚ ਫਸਾ ਦੇਣਾ, ਆਪੇ ਕੁਸ਼ਲਤਾ ਤੋਂ ਦੂਰ ਹੋ ਜਾਣਾ ਹੈ ਕਿ ਨਹੀਂ?

ਫੇਰ ਸੋਚੋ, ਜਗਤ ਤ੍ਰੈਗੁਣਾਂ ਵਿਚ ਰਚਿਆ ਗਿਆ ਦੱਸੀਦਾ ਹੈ। ਤ੍ਰੈਗੁਣਾਂ ਦੀ ਪੰਡ ਜੋ ਲਾਹ ਲਵੇ ਓਹਨੂੰ ਕਲਜਾਨ ਪ੍ਰਾਪਤ ਹੋਸੀ ਕਿ ਨਾ? ਤ੍ਰੈਗੁਣਾਂ ਦੀ ਪੰਡ ਐਉਂ ਉਤਰਦੀ ਹੈ ਕਿ ਜੀਵ ਦਿਨ ਰਾਤ ਉਸ ਕਰਤਾਰ ਨਾਲ ਲੱਗਾ ਰਹੇ। ਲੱਗਾ ਰਹੇ ਐਉਂ ਕਿ ਉਸ ਦਾ ਨਾਮ ਸਿਮਰਨ ਕਰੇ, ਇਹ ਨਾਮ ਗੁਰੂ ਤੋਂ ਲਵੇ; ਗੁਰੂ ਅਗੇ ਹਉਮੈਂ ਅਰਪਣ ਕਰੇ, ਹਾਂ, ਆਪਣਾ ਹੰਕਾਰ ਉਸਦੀ ਨਜ਼ਰ ਕਰ ਦੇਵੇ! ਉਸ ਨਾਮ ਸਿਮਰਣ ਤੇ ਗੁਰੂ ਕ੍ਰਿਪਾ ਦੁਆਰਾ ਉਹ ਅੰਦਰੋਂ ਜਗਤ ਤੋਂ ਅਲੱਗ ਰਹੇਗਾ। ਇਹ ਨਿਰਬਾਣ ਹੋਇਆ ਕਿ ਨਹੀਂ। ਸੋਚੋ ਪੰਡਿਤ ਜੀ! ਤ੍ਰੈਹਾਂ ਗੁਣਾਂ ਤੋਂ ਅਤੀਤ ਹੋਣਾ ਨਿਰਬਾਣ ਪਦ ਹੈ ਨਾ, ਇਹੋ ਦਰਗਾਹ ਦੀ ਪ੍ਰਵਾਨਗੀ ਹੈ, ਐਸੇ ਪੰਡਿਤ ਦਾ ਧਰਮ ਫਿਰ ਹਉਂ ਵਿਚ ਭਰਕੇ ਵਾਦ ਵਖਾਨਣੇ ਨਹੀਂ, ਪਰ ਇਹ ਕਿ ਸਭਨਾਂ ਵਿਚ ਵਿਆਪਕ ਇਕ ਪ੍ਰਭੂ ਆਪਣੇ ਅਨੁਭਵ ਵਿਚ ਰਖੇ, ਉਸ ਨੂੰ ਪਰੀ ਪੂਰਣ ਵੇਖੇ, ਫੇਰ ਸਭ ਲੋਕਾਂ ਵਿਚ ਉਸ ਇਕੋ ਦੀ ਦੁਹਾਈ ਦੇਵੇ ਕਿ ਉਹ ਤੁਹਾਡੇ ਅੰਦਰ ਹੈ, ਲੋਕੋ ਉਸ ਦੀ ਸ਼ਰਣ ਲਓ! ਜੇ ਸ਼ਰਣ ਲਓਗੇ ਤਾਂ ਉਸ ਦੀ ਅਨੁਗ੍ਰਹ ਉਤਰੇਗੀ। ਉਹ ਸਾਰੇ ਅਵਗੁਣ ਬਖਸ਼ੇਗਾ ਤੇ ਆਪਣੇ ਨਾਲ ਮੇਲ ਲਏਗਾ। ਉਸ ਦੀ ਸ਼ਰਣ ਪਿਆਂ 'ਉਧਾਰਾ ਨਫਾ' ਨਹੀਂ, 'ਨਕਦੋ ਨਕਦੀ ਨਫ਼ਾ' ਹੋਵੇਗਾ। ਇਥੇ ਠੰਡ ਪੈ ਜਾਏਗੀ, ਦਿਲ ਸੁਖੀ ਹੋ ਜਾਏਗਾ, ਅਗੇ ਜਾ ਕੇ ਸੁਖ ਵਿਚ ਟਿਕਾਉ ਪ੍ਰਾਪਤ ਹੋਵੇਗਾ। ਸੋ ਪੰਡਿਤ ਜੀ! ਪੰਡਿਤ ਉਹੀ ਹੈ ਜੋ ਦਿਨ ਰਾਤ ਹਰੀ ਦੇ ਗੁਣ ਗਾਵੇ। ਖਟਕਰਮ ਤੇ ਯਗ, ਤਪ, ਤੀਰਥਾਟਨ ਆਦਿ ਦੀ ਫੇਰ ਕੀ ਲੋੜ ਹੈ! ਮੁਕਤ ਉਹੀ ਹੈ ਜੋ ਸ਼ਰਣਾਗਤ ਹੈ ਤੇ ਜਿਸ ਪਰ ਕ੍ਰਿਪਾ ਹੋ ਗਈ ਹੈ। ਇਹ ਸਿੱਧਾ ਰਾਹ ਹੈ; ਬਿਹੰਗਮ ਮਾਰਗ ਹੈ। ਮਨ ਹੀ ਜੋ ਮਾਇਆ ਵਿਚ ਰੁੱਝਾ ਹੈ, ਆਪਣੇ ਕਰਤਾਰ ਦਾ ਹੁਕਮ ਪਛਾਣਕੇ ਉਸ ਦੇ ਪ੍ਰੇਮ ਵਿਚ ਪੈ ਕੇ ਤ੍ਰਿਗੁਣਾਤੀਤ ਹੋ ਜਾਏਗਾ ਅਤੇ ਆਤਮ ਸਰੂਪਤਾ ਆਪਣੀ ਲਖਕੇ ਪਰਮਾਤਮਾ ਦੇਵ ਦੀ ਬਖਸ਼ਿਸ਼ ਨਾਲ ਮੁਕਤ ਹੋ ਜਾਏਗਾ। ਕੀੜੀ ਦੇ ਰਸਤੇ ਕੀੜੀ ਤੋਰ ਤੁਰਨੇ ਦੀ ਕੀਹ ਲੋੜ ਹੈ।

ਪੰਡਿਤ ਧਿਆਨ ਬੰਨ੍ਹ ਕੇ ਸੁਣਦਾ ਰਿਹਾ ਸੀ। ਅੱਜ ਤੱਕ ਹੰਕਾਰ ਵਿਚ ਵਰਤਿਆ ਸੀ, ਅੱਜ ਨਿਰਹੰਕਾਰ ਹੋਕੇ ਯਥਾਰਥ ਬਚਨ ਸੁਣੇ ਤੇ ਕਲਜਾਣ ਦਾ ਸਹਜ ਤੇ ਸਿੱਧਾ ਰਹ ਸਚੇ ਗੁਰੂ ਤੋਂ, ਦਰਗਾਹ ਦੇ ਬਸੀਠ ਤੋਂ ਸੁਣਿਆ, ਨਾ ਕੇਵਲ ਸੁਣਿਆ ਉਸ ਦਾਤੇ ਦੀ ਮਿਹਰ ਤੇ 'ਰਸ ਛੁਹ' ਪ੍ਰਾਪਤ ਹੋਈ ਇਕ ਰਸ ਭਰੀ ਝਰਨਾਹਟ ਛਿੜੀ ਤੇ ਚਰਨੀਂ ਪੈ ਗਿਆ।

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :--

ਕ੍ਰਿਪਾ ਦ੍ਰਿਸ਼ਟਿ ਪੁਨ ਗੁਰ ਨੇ ਕੀਨਸਿ।
ਅੰਤਰ ਬ੍ਰਿਤੀ ਹੋਇ ਸੁਖ ਚੀਨਸਿ।
ਜਨਮ ਜਨਮ ਕੋ ਸੁਪਤਿ ਜਗਾਯੋ।
ਨਿਜ ਸਰੂਪ ਆਤਮ ਪ੍ਰਗਟਾਯੋ॥੩੬॥
ਬੈਠੇ ਲਗੀ ਸਮਾਧਿ ਅਡੋਲੇ।
ਕਿਤਿਕ ਦੇਰ ਮਹਿ ਲੋਚਨ ਖੋਲੇ।
ਦੇਖਿ ਅਵਸਥਾ ਗੁਰੂ ਸਰਾਹਜੋ।
'ਪੰਡਿਤ ਭਏ ਧੰਨ, ਦੁਖ ਲਾਹਜੋ॥੩੭॥
ਤਬਿ ਬੇਣੀ ਮਨ ਆਨੰਦ ਪਾਵਾ।
ਸਤਿਗੁਰ ਸੁਜਸ ਅਨਿਕ ਬਿਧਿ ਗਾਵਾ।
'ਭਗਤਿ ਹੇਤਿ ਅਵਤਾਰ ਗੁਸਾਈਂ।
'ਮਹਿਮਾ ਤੁਮਰੀ ਤੁਮ ਬਨਿਆਈਂ॥੩੮॥
ਕੇਤਿਕ ਦਿਨ ਸਤਿਗੁਰ ਕੇ ਪਾਸ।

 www.sikhbookclub.com

ਰਹਜੋ ਪ੍ਰੀਤ ਧਰਿ ਤਜਿ ਸਭਿ ਆਸ॥

ਜੋ ਉਪਦੇਸ਼ ਇਸ ਪੰਡਿਤ ਪਰਿਥਾਇ ਹੋਇਆ ਉਹ ਮਲਾਰ ਰਾਗ ਵਿਚ ਸ੍ਰੀ ਗੁਰੂ ਜੀ ਨੇ ਉਚਾਰਿਆ ਹੈ, ਯਥਾ :-

ਮਲਾਰ ਮਹਲਾ ੩ ਘਰੁ ੨
ੴ ਸਤਿਗੁਰ ਪ੍ਰਸਾਦਿ।
ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ॥
ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ॥
ਇਸੁ ਮਨ ਕਉ ਮਮਤਾ ਕਿਥਹੁ ਲਾਗੀ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ॥੧॥ਰਹਾਉ॥
ਮਾਇਆ ਮਮਤਾ ਕਰਤੈ ਲਾਈ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ॥
ਗੁਰ ਪਰਸਾਦੀ ਬੂਝਹੁ ਭਾਈ॥
ਸਦਾ ਰਹਹੁ ਹਰਿ ਕੀ ਸਰਣਾਈ॥੨॥
ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥
ਅਨਦਿਨੁ ਏਕੋ ਨਾਮੁ ਵਖਾਣੈ॥
ਸਤਿਗੁਰ ਕੀ ਓਹੁ ਦੀਖਿਆ ਲੇਇ॥
ਸਤਿਗੁਰ ਆਗੈ ਸੀਸੁ ਧਰੇਇ॥
ਸਦਾ ਅਲਗੁ ਰਹੈ ਨਿਰਬਾਣੁ॥
ਸੋ ਪੰਡਿਤੁ ਦਰਗਹ ਪਰਵਾਣੁ॥੩॥
ਸਭਨਾਂ ਮਹਿ ਏਕੋ ਏਕੁ ਵਖਾਣੈ॥
ਜਾਂ ਏਕੋ ਵੇਖੈ ਤਾ ਏਕੋ ਜਾਣੈ॥
ਜਾਕਉ ਬਖਸੇ ਮੇਲੇ ਸੋਇ॥
ਐਥੈ ਓਥੈ ਸਦਾ ਸੁਖੁ ਹੋਇ॥੪॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ॥
ਸੋਈ ਮੁਕਤਿ ਜਾਕਉ ਕਿਰਪਾ ਹੋਇ॥
ਅਨਦਿਨੁ ਹਰਿ ਗੁਣ ਗਾਵੈ ਸੋਇ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ॥੫॥੧॥੧੦॥

ਸੂਚਨਾ-ਉਸ ਸਮੇਂ ਸ਼ਾਹੀ ਸੜਕ ਗੋਇੰਦਵਾਲ ਤੋਂ ਲੰਘਦੀ ਸੀ। ਇਕ ਵੇਰ ਅਕਬਰ ਪਾਤਸ਼ਾਹ ਦਾ ਪੜਾ ਗੋਇੰਦਵਾਲ ਪਿਆ। ਉਹ ਗੁਰੂ ਦਰਸ਼ਨਾਂ ਲਈ ਠਹਿਰਿਆ ਸੀ। ਉਸ ਨੇ ਡਿੱਠਾ ਕਿ ਲੰਗਰ ਖੁੱਲ੍ਹਾ ਚਲਦਾ ਹੈ, ਜਾਤ ਮਜ਼ਹਬ ਭੇਖ ਦਾ ਵਖੇਵਾਂ ਨਹੀਂ। ਗੁਰੂ ਜੀ ਆਪ ਅਲੂਣਾ ਓਗਰਾ ਛਕਦੇ ਹਨ, ਪਰ ਲੰਗਰ ਵਿਚ ਨਾਨਾ ਪ੍ਰਕਾਰ ਦੇ ਭੋਜਨ ਬਣਦੇ ਤੇ ਛਕਣ ਵਾਲਿਆਂ ਨੂੰ ਮਿਲਦੇ ਹਨ। ਏਹ ਗੱਲਾਂ ਉਸ ਦੇ ਮਨ ਭਾਉਂਦੀਆਂ ਸਨ। ਜਦ ਮਿਲਿਆ ਬਚਨ ਬਿਲਾਸ ਕੀਤੇ ਤਾਂ ਹੋਰ ਪ੍ਰਭਾਵਿਤ ਹੋਇਆ। ਪਹਿਲੋਂ ਬੀ ਮਹਿਮਾਂ ਸੁਣ ਚੁਕਾ ਹੋਇਆ ਸੀ। ਇਹ ਸੁਣਕੇ ਕਿ ਸਤਿਗੁਰੂ ਜੀ ਆਪ ਨਿਰਾ ਅਲੂਣਾ ਓਗਰਾ ਛਕਦੇ ਹਨ ਤਾਂ ਉਸ ਦੀ ਇੱਛਾ ਇਸ ਦਾ ਸੁਆਦ ਚੱਖਣੇ ਦੀ ਹੋਈ। ਇਹ ਇੱਛਾ ਪ੍ਰਗਟ ਹੋਣ ਤੇ ਸ੍ਰੀ ਗੁਰੂ ਜੀ ਨੇ ਓਗਰਾ ਬਣਵਾਕੇ ਘੱਲ ਦਿੱਤਾ, ਜਿਸ ਨੂੰ ਖਾਕੇ ਅਕਬਰ ਆਪ ਤੇ ਉਸ ਦੇ ਉਮਰਾ ਬੜੇ ਪ੍ਰਸੰਨ ਹੋਏ। ਸਾਰੇ ਹਾਲ ਵਿਚਾਰ ਕੇ ਅਕਬਰ ਵਲੋਂ ਸਾਢੇ ਬਾਰਾਂ ਪਿੰਡ ਲੰਗਰ ਲਈ ਅਰਪਨ ਹੋਏ। ਜਿਨ੍ਹਾਂ ਨੂੰ ਲੈਣੋਂ ਗੁਰੂ ਜੀ ਨੇ ਇਨਕਾਰ ਕੀਤਾ, ਜੈਸਾ ਕਿ ਕਵੀ ਜੀ ਲਿਖਦੇ ਹਨ ਕਿ ਗੁਰੂ ਜੀ ਨੇ ਪਿੰਡ ਮਿਲਣੇ ਪਰ ਬਚਨ ਕੀਤਾ :-

ਗ੍ਰਾਮ ਆਦਿ ਏਹ ਤੁਮ ਕੋ ਬਨੈ।
ਹੈਂ ਸਭ ਹਰਖ ਸੋਕ ਕੇ ਸਨੈ।
ਹਮ ਸਾਧੂ ਬ੍ਰਿਤਿ ਕਰਹਿ ਸਮਾਨ!
ਕੌਨ ਸੰਭਾਰੈ ਕਾਜ ਮਹਾਨ।
ਜਿਤੋ ਅਹਾਰ ਏਕ ਦਿਨ ਹੋਇ!
ਧਰਹਿ ਆਨ ਪੂਜਾ ਜੇ ਕੋਇ।
ਤਿਤੋ ਲੇਤਿ ਨਹਿਂ ਵਾਧੋ ਲੇਹਿਂ।
ਸੰਗਤ ਭੋਜਨ ਸਰਬ ਅਚੇਹ।

ਪਰ ਪਿਛੋਂ ਉਮਰਾਵਾਂ ਦੇ ਬਹੁਤ ਕਹਿਣ ਸੁਣਨ ਤੇ ਕਿ ਪਾਤਸ਼ਾਹ ਦੀ ਦਿੱਤੀ ਦਾ ਇਨਕਾਰ ਕਰਨਾ ਠੀਕ ਨਹੀਂ ਤੇ ਨਿਕਟ ਵਰਤੀਆਂ ਦੀ ਵੀਚਾਰ ਤੇ ਏਹਨਾਂ ਪਿੰਡਾਂ ਦਾ ਪਟਾ ਸ੍ਰੀ ਰਾਮਦਾਸ ਜੀ ਦੇ ਨਾਮ ਤੇ ਕਰਵਾ ਦਿੱਤਾ ਗਿਆ। ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਪਾਤਸ਼ਾਹ ਨੇ ਗੁਰੂ ਜੀ ਦੇ ਨਾਂਹ ਕਰਨੇ ਪਰ ਇਹ ਕਹਿਕੇ ਕਿ ਆਪ ਜੀ ਨਾ ਲਓ ਤਾਂ ਅਸੀਂ ਆਪ ਦੀ ਬੇਟੀ ਨੂੰ ਆਪਣੀ ਬੇਟੀ ਸਮਝਕੇ ਦੇਂਦੇ ਹਾਂ, ਪਟਾ ਲਿਖ ਦਿੱਤਾ। ਸੂਰਜ ਪ੍ਰਕਾਸ਼ ਤੋਂ ਭਾਵ ਇਹ ਨਿਕਲਦਾ ਹੈ ਕਿ ਪਿੰਡ ਗੁਰੂ ਰਾਮਦਾਸ ਜੀ ਦੇ ਨਾਮ ਤੇ ਹੋਏ। ਕਿਉਂਕਿ ਜਦ ਪਿੰਡਾਂ ਦੇ ਗਾਹਕ ਆਉਂਦੇ ਹਨ ਤਾਂ ਸ੍ਰੀ ਗੁਰੂ ਜੀ ਉਨ੍ਹਾਂ ਨੂੰ ਸ੍ਰੀ ਰਾਮਦਾਸ ਜੀ ਦੇ ਸਪੁਰਦ ਕਰਦੇ ਹਨ। ਯਥਾ :-

ਸ੍ਰੀ ਗੁਰ ਸਗਰੀ ਸਭਾ ਲਗਾਏ।


www.sikhbookclub.com

ਰਾਮਦਾਸ ਨਿਜ ਪਾਸ ਬੁਲਾਏ।
ਇਨ ਕੋ ਸਭ ਹੀ ਭੇਖ ਦਿਵਾਈ।
ਨਰ ਗ੍ਰਾਮਨ ਕੀ ਬਾਹ ਗਹਾਈ।
ਸੁਨਤ ਸਭਨ ਕੇ ਬਾਕ ਬਖਾਨਾ।
'ਮਾਲਕ ਤੁਮਰੋ ਇਹੀ ਮਹਾਨਾ।
'ਕੈ ਇਸ ਕੀ ਸੰਤਤਿ ਸਭਿ ਹੋਇ।
'ਕੈ ਇਸਦੇ ਸਿਖ ਤੁਮ ਪਤਿ ਜੋਇ।'
ਇਮ ਕਹਿ ਸਭ ਕੋ ਦੈ ਦਸਤਾਰ।
ਬਿਦਾ ਕਰੈ ਨਰ ਗ੍ਰਾਮ ਉਦਾਰ। (ਸੂ: ਪ੍ਰ:)

ਪਿਛਲੇ ਵਾਕਿਆਤ ਤੋਂ ਬੀ ਪਤਾ ਚਲਦਾ ਹੈ ਕਿ ਮੁਗਲ ਪਾਤਿਸ਼ਾਹ ਜਦ ਕਦੇ ਕੋਈ ਗਲ ਹੋਈ ਤਾਂ ਗੁਰੂ ਘਰ ਨੂੰ "ਰਾਮਦਾਸ ਕੇ" ਕਰਕੇ ਗੱਲ ਕਰਿਆ ਕਰਦੇ ਸਨ। ਇਸ ਤੋਂ ਬੀ ਸੰਭਾਵਨਾ ਇਹੋ ਹੁੰਦੀ ਹੈ ਕਿ ਪਿੰਡ ਸ੍ਰੀ ਰਾਮਦਾਸ ਜੀ ਦੇ ਨਾਮ ਤੇ ਹੀ ਲਿਖੇ ਗਏ ਸਨ।

## ੩੨. ਤਪਾ।

**ਇਕ** ਤਪੇ ਨੇ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਵਿਚ ਖੇਚਲ ਦਿੱਤੀ ਸੀ। ਇਕ ਤਪਾ ਹੋਰ ਸੀ ਜੋ ਗੋਇੰਦਵਾਲ ਆ ਵਸਿਆ ਸੀ। ਇਹ ਬੀ ਦਿਲ ਵਿਚ ਸਤਿਗੁਰਾਂ ਨਾਲ ਖੁਣਸ ਰਖਦਾ ਸੀ।

ਜਦੋਂ ਬਾਵਲੀ ਦੀ ਸ਼ੁਭ ਸਮਾਪਤੀ ਪਰ ਉਸਦੀ ਜੱਗ ਹੋ ਰਹੀ ਸੀ, ਤੇ ਉਸ ਸਮੇਂ ਅਰਦਾਸ ਕੀਰਤਨ ਕਥਾ ਆਦਿ ਤੋਂ ਵੱਧ ਭਾਰੀ ਜੱਗ ਸੀ, ਜਿਸ ਪਰਟਰ ਮਤਿ ਤੇ ਸੰਪ੍ਰਦਾ ਦੇ ਸਾਧੂ ਬੀ ਨਿਉਤੇ ਹੋਏ ਸਨ, ਸਿਖ ਸੰਗਤਾਂ ਤਾਂ ਦੂਰੋਂ ਨੇੜਿਓਂ ਬਹੁਤ ਹੀ ਆਈਆਂ ਹੋਈਆਂ ਸਨ, ਇਸ ਤਪੇ ਨੂੰ ਨਿਉਤਾ ਘੱਲਿਆ ਗਿਆ, ਪਰ ਆਉਣੋ ਨਾਂਹ ਕੀਤੀਓਸ। ਉਸ ਦਿਨ ਕਿਸੇ ਵਡੇ ਅਹਿਲਕਾਰ ਦੇ ਬੀ ਘਰ ਰੋਟੀ ਸੀ ਤੇ ਤਪਾ ਉਥੇ ਗਿਆ ਸੀ। ਘਰ ਆਯਾ ਤਾਂ ਪਤਾ ਲਗਾ ਕਿ ਏਥੇ ਤਾਂ ੧) ਦਖਣਾ ਮਿਲੀ ਤੇ ਗੁਰੂ ਦੇ ਨਿਉਤੇ ਗਏ ਅਤਿਥੀਆਂ ਨੂੰ ੫) ਤੇ ਕਿਸੇ ਨੂੰ ਮੁਹਰ ਬੀ ਦੱਖਣਾ ਮਿਲਦੀ ਹੈ। ਇਕ ਪੰਗਤ ਬਾਹਰ ਆ ਚੁਕੀ ਸੀ ਜੋ ਇਹ ਸੁਧ ਦੱਸਦੀ ਸੀ, ਬਾਕੀ ਅੰਦਰ ਪੰਗਤ ਲਗ ਰਹੀ ਸੀ ਤੇ ਹੋਰ ਵਾਰੋ ਵਾਰੀ ਪੰਗਤ ਵਿਚ ਬੈਠਣ ਦੀ ਉਡੀਕ ਵਿਚ ਬੈਠੇ ਸਨ। ਤਪਾ ਕਾਹਲੀ ਨਾਲ ਆਯਾ, ਪਰ ਹਵੇਲੀ, ਜਿਸ ਵਿਚ ਸਮਾਗਮ ਹੋ ਰਿਹਾ ਸੀ, ਉਸ ਦਾ ਬੂਹਾ ਬੰਦ ਸੀ। ਤਦ ਤਪੇ ਨੇ ਆਪਣੇ ਪੁਤ ਨੂੰ ਕੰਧ ਤੇ ਚੜ੍ਹਾਕੇ ਕਿਹਾ ਅੰਦਰ ਛਾਲ ਮਾਰ ਲੈ। ਸੋ ਓਹ ਲੱਗੀ ਪੰਗਤ ਵਿਚ ਬੈਠਕੇ ਭੋਜਨ ਖਾ ਗਿਆ ਤੇ ੫) ਰੁਪਯੇ ਲੈ ਗਿਆ। ਚਾਹੋ ਇਸ ਮੁੰਡੇ ਨੂੰ ਸੱਟ ਲਗ ਗਈ ਸੀ। ਇਸ ਤਪੇ ਦਾ ਹਾਲ ਤੇ ਯੱਗ ਵੇਲੇ ਦਾ ਸਾਰਾ ਮਾਮਲਾ ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਐਉਂ ਲਿਖਿਆ ਹੈ :-

ਸਲੋਕ ਮ: ੪॥
ਤਪਾ ਨ ਹੋਵੈ ਅੰਦ੍ਰਹੁ ਲੋਭੀ
ਨਿਤ ਮਾਇਆ ਨੋ ਫਿਰੈ ਜਜਮਾਲਿਆ॥
ਅਗੋ ਦੇ ਸਦਿਆ ਸਤੈ ਦੀ
ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇਕੈ
ਆਣਿ ਤਪੈ ਪੁਤੁ ਵਿਚਿ ਬਹਾਲਿਆ॥
ਪੰਚ ਲੋਗ ਸਭਿ ਹਸਣ ਲਗੇ
ਤਪਾ ਲੋਭਿ ਲਹਰਿ ਹੈ ਗਾਲਿਆ॥
ਜਿਥੈ ਥੋੜਾ ਧਨੁ ਵੇਖੈ
ਤਿਥੈ ਤਪਾ ਭਿਟੈ ਨਾਹੀ
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ
ਬਹਿ ਸਾਧ ਜਨਾ ਵੀਚਾਰਿਆ॥
ਸਤ ਪੁਰਖ ਕੀ ਤਪਾ ਨਿੰਦਾ ਕਰੈ
ਸੰਸਾਰੈ ਕੀ ਉਸਤਤਿ ਵਿਚਿ ਹੋਵੈ
ਏਤੁ ਦੋਖੈ ਤਪਾ ਦਯਿ ਮਾਰਿਆ॥
ਮਹਾ ਪੁਰਖਾਂ ਦੀ ਨਿੰਦਾ ਕਾ
ਵੇਖੁ ਜਿ ਤਪੇ ਨੋ ਫਲੁ ਲਗਾ
ਸਭੁ ਗਇਆ ਤਪੇ ਕਾ ਘਾਲਿਆ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥
ਅੰਦਰਿ ਬਹੈ ਤਪਾ ਪਾਪ ਕਮਾਏ॥
ਹਰਿ ਅੰਦਰਲਾ ਪਾਪੁ ਪੰਚਾ ਨੋ
ਉਘਾ ਕਰਿ ਵੇਖਾਲਿਆ॥
ਧਰਮਰਾਇ ਜਮ ਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ
ਜਿਥੈ ਮਹਾ ਮਹਾਂ ਹਤਿਆਰਿਆ॥


www.sikhbookclub.com

ਫਿਰਿ ਏਸੁ ਤਪੈ ਦੇ ਮੁਹਿ ਕੋਈ ਲਗਹੁ ਨਾਹੀ
ਏਹੁ ਸਤਿਗੁਰਿ ਹੈ ਫਿਟਕਾਰਿਆ॥
ਹਰਿ ਕੈ ਦਰਿ ਵਰਤਿਆ
ਸੁ ਨਾਨਕ ਆਖਿ ਸੁਣਾਇਆ॥
ਸੋ ਬੂਝੈ ਜੁ ਦਯਿ ਸਵਾਰਿਆ॥੧॥
(ਵਾਰ ਗਉੜੀ-੩੦)

# ੩੩. ਭਾਈ ਮਥੋ ਮਰਾਰੀ।

**ਇਕ** ਸ਼ਾਹੂਕਾਰ ਦੇ ਘਰ ਬੜੇ ਤਰਸੇਵੇਂ ਮਗਰੋਂ ਪੁਤ੍ਰ ਹੋਇਆ ਪਰ ਭਾਗਾਂ ਦੀ ਖੇਡ, ਬੱਚੇ ਦੀ ਮਾਂ ਬੱਚਾ ਜਣਦੀ ਹੀ ਮਰ ਗਈ ਤੇ ਕੁਛ ਸਮੇਂ ਮਗਰੋਂ ਉਹ ਆਪ ਬੀ ਪਰਲੋਕ ਚਲਾ ਗਿਆ। ਉਸ ਬੱਚੇ ਦੇ ਮਾਮੇ ਮਾਮੀ ਨੇ ਉਸ ਨੂੰ ਪਾਲਿਆ! ਉਹ ਬੀ ਉਸਦੇ ਬਾਲਪਨੇ ਵਿਚ ਅਗਲੇ ਦੇਸਾਂ ਦੇ ਰਾਹੀ ਹੋ ਗਏ। ਉਸ ਦੇ ਪਿਉ ਦੀ ਜਾਇਦਾਦ ਸ਼ਰੀਕੇ ਦੇ ਲੋਕਾਂ ਨੇ ਗੁਗਲ ਕਰ ਲਈ। ਉਹ ਗਰੀਬੀ ਵਿਚ, ਬੇ-ਗਉਲਿਆ ਰੁਲ ਖੁਲਕੇ ਮੈਲਾਂ ਤੇ ਦਿਲਿੱਦਰਾਂ ਵਿਚ ਮੰਗ ਪਿੰਨ ਖਾਂਦਾ ਪਲਿਆ ਤੇ ਕਈ ਕਾਰਣਾਂ ਕਰਕੇ ਰੋਗ ਗ੍ਰਸਤ ਹੋ ਗਿਆ, ਜਿਨ੍ਹਾਂ ਰੋਗਾਂ ਨਾਲ ਸਾਰੀ ਦੇਹ ਮਾਨੋਂ ਫਿਟ ਗਈ, ਜਿਵੇਂ ਕਿ ਕੋੜ੍ਹ ਹੀ ਜਾਣੋ ਹੋ ਗਿਆ। ਲਿੰਗਾਂ ਪੈਰਾਂ ਵਿਚੋਂ ਸਤਜਾ ਉਡ ਗਈ, ਟੁਰ ਫਿਰ ਨਾ ਸਕੇ। ਇਕ ਟਿੰਡ ਜੇਹੀ ਗਲੇ ਵਿਚ ਬੰਨ੍ਹ ਦਿੱਤੀ ਕਿਸੇ ਨੇ। ਲੋਕੀ ਉਸ ਵਿਚ ਕੋਈ ਤਰਸ ਖਾ ਕੇ ਰੋਟੀ ਟੁਕ ਪਾ ਜਾਵੇ। ਇਉਂ ਦੁਖੀ ਰੁੜ੍ਹਦਾ ਰਿੜ੍ਹਦਾ ਫਿਰੇ ਕਿ ਉਸ ਦੇ ਕੰਨੀਂ ਗੋਇੰਦਵਾਲ ਵਾਲੇ ਸੰਤ ਗੁਰੂ ਦੀ ਕੰਨਸੋ ਪਈ। ਸੋ ਇਸ ਅਪਾਹਜ ਨੇ ਠਾਣ ਲਈ ਕਿ ਗੋਇੰਦਾਵਲ ਪਹੁੰਚਣਾ ਹੈ। ਜਾਪਦਾ ਹੈ ਕਿ ਲਾਹੌਰ ਤੋਂ ਇਸ ਨੇ ਰਿੜ੍ਹਨਾ ਰੁੜ੍ਹਨਾ ਸ਼ੁਰੂ ਕੀਤਾ ਤੇ ਮੰਗਦਾ ਪਿੰਨਦਾ ਕਈ ਮਹੀਨਿਆਂ ਬਾਦ ਗੋਇੰਦਵਾਲ ਪਹੁੰਚਾ। ਓਥੇ, ਗੁਰੂਦੁਆਰੇ ਦੇ ਬਾਹਰ ਜਾ ਡੇਰਾ ਪਾਇਆ[੨੫੧]। ਇਥੇ ਉਸ ਨੂੰ ਪਤਾ ਲਗਾ ਕਿ ਕੁਸ਼ਟੀ ਨੂੰ ਦੀਵਾਨ ਵਿਚ ਜਾਣੇ ਦੀ ਆਗਿਆ ਨਹੀਂ, ਆਪ ਬਾਹਰ ਆ ਕੇ ਕਦੇ ਦਰਸ਼ਨ ਦੇ ਜਾਂਦੇ ਹਨ। ਨਿਰਾਸ ਤਾਂ ਹਇਆ, ਪਰ ਫੇਰ ਨਿਸ਼ਚਾ ਧਾਰ ਕੇ ਤੇ ਪੱਕਾ ਮਨ ਮੰਡਕੇ ਦੁਆਰੇ ਪਿਆ ਰਿਹਾ ਕਿ ਦਿਆਲ ਹੋਣਗੇ ਬਿਰਦ ਜੋ ਦਿਆਲੂ ਹੈ, ਮੈਂ ਹੁਣ ਦਰ ਨਹੀਂ ਛੋੜਨਾ। ਇਥੇ ਉਸ ਤੇ ਤਰਸ ਬੀ ਹੋਣ ਲਗ ਪਿਆ। ਤਰਸ ਵਧਿਆ, ਫੇਰ ਹਮਦਰਦੀ ਹੋਣ ਲਗ ਪਈ। ਗੁਰੂ ਕੇ ਲੰਗਰੋਂ ਅੰਨ-ਸੂਛ ਅੰਨ-ਮਿਲਨੇ ਲਗ ਪਿਆ। ਕਪੜਾ ਬੀ ਸੂਛ ਸਾਊਆਂ ਵਰਗਾ ਥੀਣ ਲਗ ਪਿਆ। ਹਸੂੰ ਹਸੂੰ ਕਰਦੇ ਚਿਹਰੇ ਦਿੱਸਣ ਲਗੇ। ਕਦੇ ਕੋਈ ਬੈਠਕੇ ਦਾਰੀ ਦੀ ਗਲ ਵੀ ਕਰ ਜਾਵੇ। ਕਦੇ ਕੋਈ 'ਜਹ ਦੇਖਾ ਤਹ ਏਕੋ ਸੋਈ' ਦੇ ਸਿਦਕ ਤੇ ਅਮਲ ਕਰਨ ਵਾਲੀ ਮਾਈ ਪਾਸ ਬੈਠਕੇ ਦੋ ਅਥਰੂ ਬੀ ਵਗਾ ਜਾਵੇ ਤੇ ਆਖ ਜਾਵੇ 'ਪ੍ਰੇਮਿਆਂ! ਕਰਮਾਂ ਦੇ ਭੋਗ ਹਨ ਮਿਟ ਜਾਣਗੇ। ਤੂੰ ਗੁਰੂ ਗੁਰੂ ਜਪਿਆ ਕਰ, ਪਿਆ ਰਹੁ ਇਸ ਦਰ ਤੇ। ਕਦੇ ਕੋਈ ਪਾਸ ਬਹਿਕੇ ਕਥਾ ਸੁਣਾ ਜਾਵੇ: 'ਪ੍ਰੇਮਿਆ ਇਕ ਤੇਰੇ ਵਰਗੇ ਦੇ ਘਰ ਗੁਰੂ ਨਾਨਕ ਆਪ ਪ੍ਰਾਹੁੰਣਾ ਜਾ ਰਿਹਾ ਸੀ, ਹੈਂ, ਵੇ ਸੁਹਣਿਆ! ਤੇ ਗੁਰੂ ਨਾਨਕ ਨੇ ਉਸ ਨੂੰ ਵੱਲ ਕਰ ਦਿੱਤਾ ਸੀ, ਇਹ ਉਸੇ ਗੁਰੂ ਨਾਨਕ ਦਾ ਦਰ ਹਈ।' ਪ੍ਰੇਮੇ ਦੀ ਮੁਰਤ ਜਾਗ ਪਈ, ਅਧਮੋਈ ਸੁਰਤ ਜੀਉ ਪਈ, ਉਸ ਨੂੰ ਓਥੇ ਖ਼ੁਸ਼ੀ ਖ਼ੁਸ਼ੀ ਵਸਦੀ ਦਿੱਸਣ ਲਗ ਪਈ। ਉਸ ਨੂੰ ਦਰਦ ਦੀ ਮਲ੍ਹਮ ਘਾਵਾਂ ਤੇ ਲੱਗਦੀ ਦਿੱਸਣ ਲਗ ਪਈ, ਉਸ ਨੂੰ ਚਾਉ ਦੀ ਖੁਸ਼ਬੋਈ ਆਉਣ ਲਗ ਪਈ। ਕਦੇ ਕਦੇ ਬਗਲਾਂ ਮਾਰੇ, ਵਾਹਿਗੁਰੂ ਵਾਹਿਗੁਰੂ ਕਰਦਾ ਗਾਉਣ ਲਗ ਜਾਵੇ :-

ਮੈਂ ਗਿਆ ਕਛੋਟਾ ਲਧਾ ਜੀ
ਮੈਂ ਗਿਆ ਕਛੋਟਾ ਲਧਾ॥
ਸੁਨੋ ਜਹਾਨਾ ਕਹੈ ਬਡੇਰ॥
ਗਯਾ ਕਛੋਟਾ[੨੫੨] ਲੱਧਾ ਫੇਰ॥

ਕਦੇ ਕਦੇ ਕੋਈ ਪ੍ਰੇਮੀ ਬਾਣੀ ਦੀ ਤੁਕ ਦੇ ਜਾਵੇ। ਐਉਂ ਇਸਨੂੰ ਜਪੁਜੀ, ਆਸਾ ਦੀ ਵਾਰ ਕੰਠ ਹੋ ਗਏ ਪਾਠ ਕਰੇ। ਅੰਮ੍ਰਿਤ ਵੇਲੇ ਗੁਰੂ ਦਰੋਂ ਬਾਹਰ ਬੈਠਾ ਆਸਾ ਦੀ ਵਾਰ ਦਾ ਕੀਰਤਨ ਸੁਣੇ। ਗਲ ਕੀ ਕਿਸੇ ਚਾਉ ਤੇ ਸੋਹਣੇ ਰੰਗ ਵਿਚ ਨਾਮ ਬਾਣੀ ਦਾ ਪ੍ਰੇਮੀ ਹੋ ਗਿਆ। ਕਦੇ ਕਦੇ ਕੋਈ ਸ੍ਰੀ ਗੁਰੂ ਜੀ ਦੀ ਕੰਨੀਂ ਅਵਾਜ਼ ਪਾ ਦੇਵੇ ਕਿ ਬਾਹਰ ਇਕ ਅਪਾਹਜ ਫਿੱਟੇ ਤਨ ਵਾਲਾ ਬੈਠਾ ਹਰੀ ਜਸ ਗਾਉਂਦਾ ਹੈ, ਬਗਲਾਂ ਮਾਰਦਾ ਤੇ ਗਾਉਂਦਾ ਹੈ। ਹਜ਼ੂਰ ਦਾ ਧਜਾਨੀ ਤੇ ਨਾਮ ਦਾ ਪ੍ਰੇਮੀ ਹੋ ਗਿਆ ਹੈ : ਸਤਿਗੁਰ ਸੁਣਦੇ ਤੇ ਮੁਸਕ੍ਰਾ


www.sikhbookclub.com

ਦੇਂਦੇ ਸਨ। ਪ੍ਰੇਮੇ ਦੇ ਸਾਰੇ ਆਸਰੇ ਚੁਕ ਗਏ ਤੇ ਨਿਰਾਸਰਾ ਹੋ ਚੁਕਾ ਸੀ; ਹੁਣ ਉਸਨੂੰ ਇਹ ਦਰ ਆਸਰਾ ਲੱਭ ਪਿਆ ਸੀ। ਖਾਣ ਪਾਣ ਹਮਦਰਦੀ ਦਾ ਮਿਲ ਪਿਆ ਸੀ। ਜੀਵ ਦਇਆ ਦੇ ਪੁਤਲੇ ਸਿਖ ਪਿਆਰ ਕਰਦੇ ਸੇ। ਆਪ ਨਾਮ ਬਾਣੀ ਵਿਚ ਲਗ ਪਿਆ ਸੀ। ਕਦੇ ਰੋਂਦਾ ਕਦੇ ਹਸਦਾ, ਕਦੇ ਬਗਲਾਂ ਵਜਾਂਦਾ ਗਾਉਂਦਾ ਸੀ ਮੈਂ ਲੱਧਾ ਜੀ ਮੈਂ ਲੱਧਾ ਜੀ। ਸਮਾਂ ਬੀਤ ਗਿਆ, ਮਨ ਸਰੀਰ ਇੰਦ੍ਰਿਆਂ ਤੇ ਅਸਰ ਹੋ ਰਿਹਾ ਸੀ ਕਿ ਇਕ ਦਿਨ ਨਰਦਾਂ ਪੁਗਾਂ ਦੇਣ ਦੇ ਜਾਨੀ ਜਾਣ ਨੇ ਹੁਕਮ ਦਿਤਾ ਜਾਓ ਪ੍ਰੇਮੇ ਨੂੰ ਸਾਡੇ ਇਸ਼ਨਾਨੇ ਪਾਣੀ ਵਿਚ ਨੁਹਾ ਕੇ ਸੂਛ ਬਸਤ੍ਰ ਵਿਚ ਲਪੇਟ ਕੇ ਦੀਵਾਨ ਵਿਚ ਲੈ ਆਓ। ਦੇਖੋ ਅਲੌਕਾਰ ਅਰੋਗ ਪੁਰਖਾਂ ਦੇ ਦਰਬਾਰ ਵਿਚ ਕੋੜ੍ਹੀ ਨੂੰ ਲਿਆ ਬਹਾਲਿਆ, 'ਐਸਾ ਦਾਰੂ ਲੋੜਿ ਲਹੁ ਜਿਤੁ ਵੰਵੈ ਰੋਗਾ ਘਾਣਿ' ਦੇ ਸਚੇ ਵੈਦ ਨੇ ਆਪਣੇ ਤੰਦਰੁਸਤੀਆਂ ਦੇ ਦਾਤਾ ਹਥਾਂ ਨਾਲ ਕਪੜਾ ਉਤਾਰਿਆ-ਪ੍ਰੇਮਾ, ਅਰੋਗ ਪ੍ਰੇਮਾ, ਦਿਸ ਪਿਆ। ਸਾਰਾ ਦਰਬਾਰ ਅਚਰਜ ਰਹਿ ਗਿਆ। ਲੂਣ ਦੀ ਖਾਣ ਵਿਚ ਜੋ ਪਾਓ ਲੂਣ ਹੋ ਮਿਟਦਾ ਹੈ। ਤਨ ਮਨ ਅਰੋਗਤਾ ਦੇ ਮੰਡਲ ਵਿਚ ਆ ਕੇ ਰੋਗੀ ਅਰੋਗ ਹੋ ਗਿਆ। ਸਤਿਗੁਰੂ ਕੌਤਕ ਕਰਨਹਾਰ ਬੋਲੇ : ਦੇਖੋ ਸਾਧ ਸੰਗਤ ਮੁਰਾਰੀ ਵਰਗੀ ਦੇਹ ਹੋ ਗਈ ਹੈ। ਸਚ ਮੁਚ ਉਹ ਮਨ ਕਰਕੇ ਨਾਮ ਰਮੀਆ, ਸਰੀਰ ਕਰਕੇ ਅਰੋਗ ਤੇ ਸੁੰਦਰ ਹੋ ਦਿਸਿਆ।

ਇਹ ਮੁਰਾਰੀ ਉਸ ਅਵਸਥਾ ਵਿਚ ਪਹੁੰਚਾ ਜਿਸ ਨੂੰ 'ਦਾਤਾ' ਕਹੀਦਾ ਹੈ, ਇਸ ਵਿਚ ਨਾਮ ਜਪਾਉਣ ਦੀ ਸਤਜਾ ਹੋ ਆਈ। ਇਹ ਗੁਰਮੁਖ ਹੋ ਗਿਆ। ਉਹ ਸਿਖ ਹੋ ਗਿਆ 'ਜੋ ਆਪਿ ਜਪੈ ਅਵਰਹ ਨਾਮੁ ਜਪਾਵੈ'। ਇਸ ਤਰ੍ਹਾਂ ਰੰਗ ਰਤੜਾ ਮੁਰਾਰੀ ਹੁਣ ਦਰਬਾਰ ਵਿਚ ਹਾਜ਼ਰ ਹੁੰਦਾ ਹੈ। ਕੁਛ ਸਮਾਂ ਲੰਘ ਗਿਆ।

ਅਜ ਉਹ ਦਿਨ ਹੈ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ 'ਪ੍ਰੇਮਾ' ਆਯਾ ਬੈਠਾ ਹੈ, ਸਤਿਗੁਰ ਨੇ ਆਪ ਸੱਦਿਆ ਹੈ, ਇਸ ਮਿਹਰਾਂ ਨਾਲ, ਨਾਮ ਦੀ ਘਾਲ ਨਾਲ ਤੇ ਪੂਰੇ ਸਤਿਗੁਰ ਦੀ ਕਰੁਣਾ ਦ੍ਰਿਸ਼ਟੀ ਨਾਲ ਗੁਰਮੁਖ ਅਰੋਗ ਹੋਏ ਨੂੰ ਸਤਿਗੁਰ ਨੇ ਹੁਣ ਮੰਜੀ ਬਖਸ਼ੀ ਹੈ, ਫੁਰਮਾਇਆ ਹੈ : ਤੂੰ ਮੁਕਤ ਹੋਇਆ; ਤੂੰ ਹੁਣ ਜਗਤ ਨੂੰ ਮੁਕਤੀ ਦਾਨ ਦੇਹ। ਇਧਰ ਸਤਿਗੁਰ ਜੀ ਨੇ ਸੰਗਤ ਵਿਚ ਅਵਾਜ਼ਾ ਦਿਤਾ ਅਸਾਂ ਇਯ ਨੂੰ ਅਰੋਗ ਕਰਕੇ ਨਾਮ ਦੀ ਦਾਤ ਦੇ ਕੇ ਬੋਹਿਥਾ ਬਣਾ ਦਿਤਾ ਹੈ। ਇਸ ਦਾ ਨਾਮ 'ਮੁਰਾਰੀ' ਕਰ ਦਿੱਤਾ ਹੈ। ਇਹ ਹੁਣ (ਕ੍ਰਿਸ਼ਨ ਜੀ) ਮੁਰੀਰੀ ਵਾਂਙੂ ਸੁੰਦਰ ਟੋ ਗਿਆ ਹੈ। ਇਹ ਜਗਤ ਨੂੰ ਤਾਰੇਗਾ ਪਰ ਅਸਾਂ ਇਸ ਨੂੰ ਪੂਰਾ ਕਰਕੇ ਜਗਤ ਵਿਚ ਟੋਰਨਾ ਹੈ! ਕੋਈ ਸਿਖ ਗੁਰੂ ਕਾ ਪਿਆਰਾ ਇਸਨੂੰ ਕੰਨਜਾਂ ਦਾਨ ਦੇਵੇ ਜੋ ਮੈਂ ਇਸ ਦਾ ਵਿਆਹ ਕਰਕੇ ਜੋੜੀ ਨੂੰ ਜਗਤ ਦੀ ਪੀੜਾ ਹਰਨ ਵਾਸਤੇ ਟੋਰਾਂ। ਇਸ ਵੇਲੇ ਸ਼ੀਹਾਂ ਉੱਪਲ ਬੈਠਾ ਸੀ। ਮਹਾਰਾਜ ਦੇ ਵਾਕ ਸੁਣੇ, ਦਿਲ ਜੋ ਆਤਮ ਅਵਸਥਾ ਵਿਚ ਉੱਚਾ ਸੀ, ਹੁਣ ਜਗਤ ਪੀੜਾ ਨੂੰ ਬੀ ਅਨੁਭਵ ਕਰਦਾ ਹੁੰਦਾ ਸੀ ਕਿ ਇਸ ਨੂੰ ਦੂਰ ਕਰਨਾ ਬੀ ਨਾਮੀ ਪੁਰਖਾਂ ਦਾ ਧਰਮ ਹੈ। ਸ਼ੀਹੇਂ ਨੂੰ ਦੂਜੀ ਵੀਚਾਰ ਇਹ ਫੁਰੀ ਕਿ ਇਸ ਸਿਖ ਨੂੰ 'ਵਡੇ ਰੋਗ ਤੋਂ ਰਾਜ਼ੀ ਕਰਕੇ ਗੁਰੂ ਜੀ ਨੇ ਨਰੋਆ ਕੀਤਾ ਹੈ, ਇਸ ਜੈਸਾ ਵਡਭਾਗਾ ਕੌਣ ਹੈ! ਫਿਰ ਇਸ ਨੂੰ ਦਾਤੇ ਨੇ ਜਗਤ ਤਾਰਕ ਬਣਾਇਆ ਹੈ, ਇਸ ਨੂੰ ਜੋ ਕੰਨਜਾਂ ਦੇਵੇ ਉਹ ਆਪਣੀ ਕੰਨਜਾਂ ਦਾ ਜੀਵਨ ਸਫਲ ਕਰਦਾ ਹੈ, ਜੋ ਇਕ ਮਹਾਨ ਨਾਮੀ ਦੇ ਸੰਗ ਲੱਗ ਕੇ ਤਰੇਗੀ ਤੇ ਜਗਤ ਨੂੰ ਤਾਰੇਗੀ। ਸ਼ੀਹਾਂ ਹੁਣ ਹੱਥ ਜੋੜ ਕੇ ਉਠ ਖੜੋਤਾ-'ਪਾਤਸ਼ਾਹ! ਆਪ ਦੀ ਬਖਸ਼ੀ ਕੰਨਜਾਂ ਵਰ ਪ੍ਰਾਪਤੀ ਦੀ ਵਰੇਸ ਦੀ ਦਾਸ ਦੇ ਗ੍ਰਿਹਿ ਵਿਖੇ ਹੈ, ਮੈਂ ਹਾਜ਼ਰ ਕਰਦਾ ਹਾਂ'। ਸ਼ੀਹਾਂ ਇਹ ਕਹਿਕੇ ਘਰ ਗਿਆ, ਵਹੁਟੀ ਦੇ ਸੁਭਾਵ ਦਾ ਜਾਣੂ ਸੀ; ਚਾਹੁੰਦਾ ਸੀ ਕਿ ਇਹ ਕਿਤੇ ਵਿਘਨ ਨਾ ਪਾਵੇ, ਵਹੁਟੀ ਗੁਰੂ ਕੇ ਲੰਗਰ ਦੀ ਸੇਵਾ ਵਿਚ ਲਗ ਰਹੀ ਸੀ, ਉਸ ਨੂੰ ਖਬਰ ਨਾ ਕੀਤੀ। ਬੀਬੀ ਨੂੰ ਨਾਲ ਲੈ ਕੇ ਦੀਵਾਨ ਵਿਚ ਆ ਹਾਜ਼ਰ ਹੋਇਆ। ਸ੍ਰੀ ਗੁਰੂ ਜੀ ਨੇ ਜੋ ਅਨੰਦ ਦੀ ਬਿਵਾਹ ਰੀਤਿ ਆਰੰਭੀ ਹੋਈ ਸੀ, ਉਸ ਅਨੁਸਾਰ ਬੀਬੀ ਦਾ ਬ੍ਰਿਵਾਹ ਕਾਰਜ (ਅਨੰਦ) ਭਾਈ ਮੁਰਾਰੀ ਨਾਲ ਕਰ ਦਿੱਤਾ ਤੇ ਦੋਹਾਂ ਨੂੰ ਵਰ ਦੇ ਕੇ ਮੰਜੀ ਬਖਸ਼ ਦਿੱਤੀ। ਕਿਸੇ ਨੇ ਲੰਗਰ ਵਿਚ ਜਾ ਸ਼ੀਹੇਂ ਦੀ ਵਹੁਟੀ ਨੂੰ ਡਰਾਇਆ ਕਿ ਤੂੰ ਕੀ ਕਰ ਰਹੀ ਹੈਂ, ਗੁਰੂ ਜੀ ਨੇ ਤਾਂ ਤੇਰੀ ਧੀ ਵਡੇ ਰੋਗ ਵਾਲੇ ਪ੍ਰੇਮੇ ਨੂੰ ਵਿਆਹ ਦਿੱਤੀ ਹੈ। ਸ਼ੀਹੇਂ ਦੀ ਵਹੁਟੀ ਨੂੰ ਪ੍ਰੇਮੇ ਦਾ ਪਤਾ ਸੀ ਜੋ ਗੁਰੂ ਕੇ ਦੁਆਰੇ ਪਿਆ


www.sikhbookclub.com

ਰਹਿੰਦਾ ਤੇ ਗੁਰੂ ਸਤੁਤੀ ਗਾਉਂਦਾ ਰਹਿੰਦਾ ਸੀ ਘਬਰਾਈ, ਡਰੀ, ਗੁੱਸੇ ਵਿਚ ਆਈ ਤੇ ਭੱਜੀ ਗਈ ਸ੍ਰੀ ਸਤਿਗੁਰੂ ਜੀ ਦੇ ਦਰਬਾਰ ਤੇ ਜਾਕੇ ਰੋ ਕੇ ਉੱਚੀ ਬੋਲੀ। ਉਹ ਵਾਕ ਕਵੀ ਜੀ ਨੇ ਐਉਂ ਲਿਖੇ ਹਨ :-

ਇਹ ਕਿਆ ਕੀਨਸਿ? ਹੇ ਪ੍ਰਭੁ ਧੀਰ!
ਕੁਸ਼ਟੀ, ਮਾਤ ਪਿਤਾ ਕੁਲ ਹੀਨ।
ਸੁਤਾ ਨਿਨਾਵੇ ਕੋ ਮੁਰ ਦੀਨ? (ਸੂ: ਪ੍ਰ:)

ਸ੍ਰੀ ਗੁਰੂ ਜੀ ਤੱਕ ਕੇ ਹੱਸੇ ਤੇ ਕਹਿਣ ਲੱਗੇ- 'ਬੀਬੀ! ਦੇਖ ਤਾਂ ਸਹੀ।' ਜਾਂ ਬੀਬੀ ਨੇ ਨਜ਼ਰ ਪਾਈ ਤਾਂ ਪ੍ਰਮਾ ਤਾਂ ਅਰੋਗ ਤੇ ਤੰਦਰੁਸਤ ਬੈਠਾ ਹੈ। ਹੈਂ, ਇਹ ਕਿਵੇਂ ਰਾਜ਼ੀ ਹੋ ਗਿਆ? ਫਿਰ ਭੈ ਛਾਇਆ ਕਿ ਗੁਰੂ ਕਿਤਨਾ ਸ਼ਕਤੀਮਾਨ ਹੈ, ਕੁਸ਼ਟੀ ਨੂੰ ਰਾਜ਼ੀ ਕਰ ਦੇਂਦਾ ਹੈ। ਅਜੇ ਉਹ ਇਸ ਅਚਰਜਤਾ ਦੇ ਭਾਵ ਵਿਚ ਹੀ ਸੀ ਕਿ ਮਿਹਰਾਂ ਦੇ ਦਾਤੇ ਨੇ ਵਰ ਦੇਣੇ ਆਰੰਭ ਦਿੱਤੇ, ਹੇ ਬੀਬੀ :-

ਜਾਨਹੁ ਮਮ ਸੁਤ ਇਹ ਜੁ ਮੁਰਾਰੀ।
ਬਯਾਹਯੋ ਤਨੁਜਾ ਸੰਗ ਤੁਮਾਰੀ।
ਤਵ ਤਨੁਜਾ ਕੋ ਨਾਮ ਮਥੋ ਹੈ।
ਨਾਮ ਮੁਰਾਰੀ ਯਾਹਿ ਕਥੋ ਹੈ।
ਮਥੋ ਮੁਰਾਰੀ ਸਿਮਰੈਂ ਨਾਮ।
ਪੂਰਨ ਹੋਹਿ ਨਰਨ ਕੇ ਕਾਮ।
ਮਥੋ ਨਾਮ ਆਗੇ ਕਹਿ ਆਛੇ।
ਨਾਮ ਮੁਰਾਰੀ ਭਾਖਹਿ ਪਾਛੇ।
ਨਰ ਪੂਜਹਿੰਗੇ ਮਥੋ ਮੁਰਾਰੀ।
ਚਿਤ ਚਿੰਤਾ ਦਿਹੁ ਕਿ ਬਿਦਾਰੀ।
ਇਹ ਦੋਨਹੁ ਹੁਇ ਹੈਂ ਵਡਭਾਗੇ।
ਮੇਰੀ ਪ੍ਰੇਮ ਭਗਤਿ ਮਹਿ ਪਾਗੇ। (ਸੂ: ਪ੍ਰ:)

ਇਹ ਸੁਣਕੇ ਸੀਹੇਂ ਦੀ ਵਹੁਟੀ ਨੂੰ ਵੀ ਠੰਢ ਪੈ ਗਈ। ਅੱਖੀਂ ਦੇਖ ਲਿਆ ਕਿ ਪ੍ਰੇਮਾ ਅਰੋਗ ਹੋ ਕੇ ਨਵਾਂ ਨਰੋਆ ਮੁਰਾਰੀ ਹੋ ਗਿਆ ਹੈ। ਕੰਨੀਂ ਸੁਣ ਲਿਆ ਕਿ ਸਤਿਗੁਰ ਨੇ ਮਿਹਰਾਂ ਨਾਲ ਨਾਮ ਦਾਨ ਦੇਕੇ ਉੱਚਾ ਕਰ ਦਿੱਤਾ ਹੈ। ਸੁਖੀ ਹੋ ਗਈ ਦੇ ਖੁਸ਼ੀ ਖੁਸ਼ੀ ਪਤੀ ਨਾਲ ਘਰ ਗਈ ਤੇ ਧੀ ਜਵਾਈ ਨੂੰ ਸਤਿਕਾਰਿਆ । ਫੇਰ ਸਤਿਗੁਰ ਵਲੋਂ ਉਹਨਾਂ ਨੂੰ ਵਿਦੈਗੀ ਵੇਲੇ ਦੇ ਵਰ-ਵਾਕ ਮਿਲਦੇ ਦੂਜੀ ਵੇਰ ਸੁਣੇ, ਜੋ ਕਵੀ ਜੀ ਨੇ ਐਉਂ ਲਿਖੇ ਹਨ :-

ਮਥੋ ਮੁਰਾਰੀ! ਅਬ ਤੁਮ ਜਾਵਹੁ।
ਸਤਿਨਾਮ ਉਪਦੇਸ਼ ਦ੍ਰਿੜਾਵਹੁ
ਗੁਰ ਸਿੱਖੀ ਜਗ ਅਧਿਕ ਬ੍ਰਿਧਾਵਹੁ।
ਨਿਜ ਗ੍ਰਿਹਿ ਬਸਹੁ ਸਦਾ ਸੁਖ ਪਾਵਹੁ।
ਤੇਰੋ ਬਾਕ ਫੁਰੈ ਜਿਮ ਕਹੈਂ।
ਬਰ ਕੈ ਸ੍ਰਾਪ ਦੇਇ ਜਿਸ ਚਹੈਂ।
ਤੇਰੀ ਭਗਤਿ ਪਰੀ ਅਬ ਪੂਰੀ।
ਪ੍ਰਾਪਤ ਭਈ ਮਹਾਂ ਗਤਿ ਰੂਰੀ।
ਤੁਝ ਸੌਂ ਮਿਲੈ ਸੁ ਭਵਜਲ ਤਰੈਂ।
ਹੈ ਕਹਿਬੋ ਇਸ ਤੇ ਕਜਾ ਪਰੈ। (ਸੂ: ਪ੍ਰ:)

ਸੀਹੇਂ ਦੀ ਸਿੱਖੀ ਨਿਭ ਗਈ, ਪਰ ਗੁਰੂ ਨਾਲ ਤ੍ਰੈ ਪੁਸ਼ਤਾਂ ਤਕ ਰਹਿ ਬਣ ਆਈ। ਅੰਤਰ ਆਤਮੇ ਨਾਮ ਰੰਗ ਰੱਤਾ ਪਰਮ ਪਦ ਨੂੰ ਪਹੁੰਚਾ। ਬਾਹਰ ਜਗਤ ਵਰਤੋਂ ਵਿਚ ਉਸਦਾ ਉਪਕਾਰ ਨਿਭ ਗਿਆ, ਦੁਖੀ ਜਗਤ ਵਿਖੇ ਨਾਮ ਦੀ ਠੰਢ ਵਰਤਾਉਣ ਵਾਲੇ ਮਹਾਨ ਉਪਕਾਰ ਦੇ ਕਾਰਜ ਵਿਚ ਕੰਨਜਾ ਦਾ ਜੀਵਨ ਸਫਲ ਹੋਇਆ।

## ੩੪. ਰਾਮਦਾਸ ਪੁਰ ਤੇ ਰਾਮਦਾਸ ਸਰ ਜੀ ਦਾ ਆਰੰਭ।

**ਇਕ** ਦਿਨ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਸੁਹਣੇ ਜੇਠਾ ਜੀ ਨੂੰ ਬੁਲਾਇਆ ਤੇ ਆਗਿਆ ਕੀਤੀ ਜੋ ਕਵੀ ਜੀ ਨੇ ਐਉਂ ਲਿਖੀ ਹੈ :-

[੨੫੩]ਸੁਨ ਹੇ ਸੌਮ! ਬਸਨ ਹਿਤ ਥਾਨ;
ਗ੍ਰਾਮ ਬਸਾਵਹੁ ਪਿਖਿ ਕਰਿ ਆਨ।
ਸਨੇ ਸਨੇ ਨਿਜ ਪਾਇ ਟਿਕਾਵਹੁ।
ਬਹੁਰ ਕਰਹੁ ਪੁਰਿ ਮਹਾਂ ਬਸਾਵਹੁ॥੨॥
ਜਿਮਿ ਖਡੂਰ ਗੁਰ ਸੇਵਾ ਕਰਿਕੈ।
ਪਾਛੇ ਆਨ ਬਸੇ ਹਮ ਟਰਿਕੈ।
ਇਮਿ ਨੀਕੀ ਨਿਜ ਰਿਦੈ ਬਿਚਾਰਹੁ!
ਬਸਨ ਹੇਤੁ ਬਲ ਜਾਇ ਨਿਹਾਰਹੁ॥੩॥
ਅਹੈ ਪਰਗਨਾ ਤੁਮਰੇ ਪਾਸ।
ਬਲ ਆਛੋ ਪਿਖਿ ਕਰਹੁ ਅਵਾਸ।

ਇਹ ਆਗਿਆ ਸੁਣ ਕੇ ਸ੍ਰੀ ਜੇਠਾ ਜੀ ਨੇ ਬਿਨੈ ਕੀਤੀ, ਕਿ ਜੀਓ ਜਿਵੇਂ ਆਪ ਦੀ ਆਗਿਆ ਹੈ ਆਪ ਕਰਵਾ ਲਓਗੇ, ਜਿਥੇ ਰਖੋਗੇ ਉਹੀ ਬੈਕੁੰਠ


www.sikhbookclub.com

ਹੈ, ਜੋ ਰਜ਼ਾਇ ਆਖਦੀ ਹੋਵੇ ਉਸ ਵਿਚ ਰਾਜ਼ੀ ਰਖੋ।

ਇਹ ਵਾਕ ਸੁਣਕੇ ਸ੍ਰੀ ਗੁਰੂ ਜੀ ਸ੍ਰੀ ਜੇਠਾ ਜੀ ਨੂੰ ਆਗਿਆ ਕੀਤੀ ਜੋ ਐਉਂ ਲਿਖੀ ਹੈ :-

ਗ੍ਰਾਮ ਤੁੰਗ ਤੇ ਅਹੈ ਉਰੇਰੇ।
ਗਿਲਵਾਲੀ ਤੇ ਲਖਹੁ ਪਰੇਰੇ॥੯॥
ਹੈ ਸੁਲਤਾਨ ਪਿੰਡ ਜਿਸ ਨਾਮੂ।
ਤਿਸ ਤੇ ਪਸਚਮ ਦਿਸ ਅਭਿਰਾਮੂ।
ਤਹਾਂ ਜਾਇ ਕਰ ਗ੍ਰਾਮ ਬਸਾਵਹੁ।
ਸੁੰਦਰ ਅਪਨੇ ਸਦਨ ਬਨਾਵਹੁ॥੧੦॥
ਜਿਤਿਕ ਦਰਬ ਲਾਗੈ ਤਿਸ ਥਾਨੂ।
ਸੋ ਸਭਿ ਲੇਹੁ ਬ੍ਰਿਧ ਤੇ ਪਾਨੂ।
ਜਬਹਿ ਸਦਨ ਤਹਿੰ ਲੇਹੁ ਚਿਨਾਇ।
ਤਿਸ ਕੇ ਪੂਰਬ ਦਿਸ਼ ਤਬ ਜਾਇ।
ਤਹਾਂ ਬੈਠਿ ਤੀਰਥ ਬਨਵਾਵਹੁ।
ਚਾਰਹੁ ਦਿਸ ਦੇ ਭਲੇ ਬਨਾਵਹੁ। (ਸੂ: ਪ੍ਰ:)

ਇਹ ਹੁਕਮ ਦੇ ਕੇ ਤਿਆਰੀ ਕਰਵਾਈ ਤੇ ਅਗਲੇ ਪਲਕ ਟੋਰ ਦਿਤਾ। ਨਾਲ ਭਾਈ ਬੁੱਢਾ ਤੇ ਕੁਛ ਹੋਰ ਸਿਖ ਦਿੱਤੇ। ਪਤਿਆਂ ਅਨੁਸਾਰ ਸਾਰੇ ਟਿਕਾਣੇ ਪਹੁੰਚ ਗਏ।

ਤਵਾ: ਖਾ: ਵਿਚ ਲਿਖਿਆ ਹੈ ਕਿ ਹਾੜ ਵਦੀ ੧੨ ਪ੍ਰਾਵਿਸ਼ਟੇ ੫ ਸੰਮਤ ੧੬੨੭ ਬਿ: ਨੂੰ ਸੁਲਤਾਨ ਵਿੰਡ ਦੀ ਜੂਹ ਵਿਚ ਗੁਰੂ ਕੇ ਚੱਕ ਦੀ ਮੋੜ੍ਹੀ ਗੱਡੀ ਗਈ। ਕਵੀ ਜੀ ਲਿਖਦੇ ਹਨ :-

ਗਾਢੋ ਮੋੜ੍ਹਾ ਗਾਡ ਖਰਜੋ ਹੈ।
ਨਾਮ ਗੁਰੂ ਕੇ ਚੱਕ ਧਰਜੋ ਹੈ।

ਫੇਰ ਇੱਟਾਂ ਪਕਾਈਆਂ। ਕਾਰੀਗਰ ਬੁਲਾਏ ਤੇ ਉਸਾਰੀ ਸ਼ੁਰੂ ਹੋ ਗਈ-

ਸਦਨਿ ਚਿਨਾਵਨਿ ਕੀਨਿ ਬਨਾਇ।

ਅਰਥਾਤ ਰਹਿਣੇ ਲਈ ਘਰ ਉਸਾਰ ਲਏ।

ਇਹ ਘਰ ਇਹੋ ਹੈ ਜਿਸ ਨੂੰ ਹੁਣ ਤਕ ਗੁਰੂ ਕੇ ਮਹਲ ਆਖਦੇ ਹਨ ਤੇ ਗੁਰੂ ਕੇ ਬਜ਼ਾਰ ਦੇ ਵਿਚਕਾਰੇ ਜਿਹੇ ਛੋਟਾ ਜਿਹਾ ਰਸਤਾ ਜਾ ਕੇ ਮੰਦਰ ਹੈ।

ਜਦ ਆਪਣੇ ਰਹਿਣੇ ਦਾ ਸਾਥੀਆਂ ਦੇ ਰਹਿਣੇ ਦਾ ਤੇ ਆਏ ਗਏ ਦੇ ਰਹਿਣੇ ਜੋਗ ਉਸਾਰੀਆਂ ਹੋ ਗਈਆਂ ਘਰ ਕੋਲ ਦੁਕਾਨਾਂ ਦੀ ਵਿਉਂਤ ਬੱਝਣ ਲਗ ਪਈ ਤੇ ਲੋਕੀ ਬੀ ਆ ਆ ਕੇ ਵੱਸਣ ਦਾ ਬਾਨ੍ਹਣੂ ਬੰਨ੍ਹਣ ਲਗ ਪਏ ਤਦ ਸ੍ਰੀ ਗੁਰੂ ਜੀ ਦੇ ਹੁਕਮ ਅਨੁਸਾਰ ਸਰ ਬਨਾਉਣ ਵਾਸਤੇ ਉਤਰ ਰੁਖ ਨੂੰ ਥਾਂ ਟੋਲੀ। ਜਿਥੇ ਇਕ ਟਾਹਲੀ ਦਾ ਨਿਸ਼ਾਨ ਲੱਭਾ, ਓਥੇ ਖੁਦਾਈ ਸ਼ੁਰੂ ਕਰਵਾਈ। ਟਾਹਲੀ ਹੇਠਾਂ ਆਪ ਬੈਠਦੇ ਤੇ ਕਾਰ ਕਰਵਾਉਂਦੇ। ਚੱਕ ਤੇ ਲਾਏ ਮਜੂਰ ਤੇ ਹੋਰ ਲੋਕੀਂ ਸੇਵਾ ਕਰਦੇ। ਕਿੰਨੇ ਕੁ ਦਿਨ ਇਹ ਸੇਵਾ ਹੁੰਦੀ ਰਹੀ। ਖੁਦਾਈ ਚੰਗੀ ਹੋ ਰਹੀ ਸੀ ਕਿ ਇਕ ਦਿਨ ਪ੍ਰੇਮ ਬਿਹਬਲਤਾ ਦਾ ਐਸਾ ਪ੍ਰਬਲ ਅਸਰ ਪਿਆ ਕਿ ਦਰਸ਼ਨ ਬਿਨ ਸ੍ਰੀ ਜੇਠਾ ਜੀ ਦਾ ਪਲ ਨਾ ਲੰਘੇ, ਸੋ ਸਾਰੇ ਕੰਮ ਵਿਚੇ ਛੋੜਕੇ ਗੋਇੰਦਵਾਲ ਚਲੇ ਗਏ। ਕਿਤਨਾ ਕਾਲ ਗੁਰੂ ਕੀ ਸੇਵਾ ਵਿਚ ਰਹੇ। ਡੇਰੇ ਦੀ ਸਾਰੀ ਕਾਰ ਕਰਦੇ ਰਹੇ। ਪ੍ਰਾਣਾਂ ਤੋਂ ਪਿਆਰੇ ਸਤਿਗੁਰੂ ਦੀ ਸੇਵਾ ਕਰਦੇ ਤੇ ਦਰਸ਼ਨ ਨਾਲ ਚਾਤ੍ਰਿਕ ਨੈਣ ਨੂੰ ਤ੍ਰਿਪਤੀ ਦੇਂਦੇ ਰਹੇ ਕਿ ਅਚਾਨਕ ਸ੍ਰੀ ਗੁਰੂ ਜੀ ਨੇ ਫੇਰ ਗੁਰੂ ਕੇ ਚੱਕ ਜਾ ਕੇ ਸਰੋਵਰ ਦੀ ਸੇਵਾ ਲਈ ਆਗਯਾ ਕੀਤੀ। ਜੋ ਐਉਂ ਲਿਖੀ ਹੈ :-

ਦੋਹਰਾ-ਕਿਤਿਕ ਦਿਵਸ ਜਬਿ ਢਿਗ ਰਹੇ,
ਸੋਢੀ ਕੁਲ ਸਿਰਮੋਰ।
ਕਰਜੋ ਹੁਕਮ ਸ੍ਰੀ ਗੁਰ ਅਮਰ,
ਕਰੋ ਕਾਰ ਅਬ ਔਰ।

ਚੌਪਈ-ਗਮਨਹੁ ਲਿਹੁ ਸੁਧਿ ਗ੍ਰਾਮ ਬਸਾਯੋ।
ਜੋ ਨਿਜ ਬਸਿਬੇ ਸਦਨ ਚਿਨਾਯੋ।
ਜਹਿ ਪੂਰਬ ਤੁਮ ਸਰ ਖਨਵਾਯੋ।
ਚਾਰ ਕੋਨ ਕੋ ਬਜੌਤ ਬਨਾਯੋ॥੨॥
ਸਰ ਸੰਤੋਖ ਨਾਮ ਤਿਸ ਰਾਖੋ।
ਅਬਿ ਤਿਸ ਕਰਿਬੇਨਹਿੰ ਅਭਿਲਾਖੋ।
ਤਿਸ ਤੇ ਉਰੇ ਨੰਮ੍ਰਿ ਲ ਜਹਾਂ।
ਦੂਸਰ ਤਾਲ ਖਨਾਵੋ ਤਹਾਂ॥੩॥
ਸ੍ਰੀ ਅੰਮ੍ਰਿਤਸਰ ਨਾਮ ਧਰੀਜੈ।
ਜਾਇ ਕਿਤਿਕ ਖਨਵਾਵਨ ਕੀਜੈ।
ਸਮੇਂ ਪਾਇ ਪਾਕੋ ਹੁਇ ਸਾਰੋ।
ਪ੍ਰਥਮ ਜਾਇ ਉੱਦਮ ਤੁਮ ਧਾਰੋ॥੪॥
ਸੁਨ ਸ੍ਰੀ ਰਾਮਦਾਸ ਤਹਿੰ ਗਏ।
ਸਦਨ ਚਿਨਜੋ ਸੁਧ ਲੇਵਤ ਭਏ।
ਜਿਮ ਜਿਮ ਕਹਿੰ ਤਿਮ ਤਿਮ ਨਰ ਕਰਜੋ।
ਬਸਿਬੇ ਹੇਤ ਮਨੋਰਥ ਪਰਜੋ॥੫॥
ਏਕ ਨਿਸਾ ਬਸ ਕਰਿ ਉਠਿ ਭੋਰ।


www.sikhbookclub.com

ਕਰਿ ਸ਼ਨਾਨ ਗੇ ਪੂਰਬ ਓਰ
ਬ੍ਰਿਧ ਕੋ ਸੰਗ ਲਏ ਚਲਿ ਆਏ।
ਸਤਿਗੁਰ ਜਿਸ ਦਿਸ਼ ਪਤੇ ਬਤਾਏ॥੬॥
ਬਹੁ ਬਦਰੀ ਬਲ ਬਜਾਪਤ ਹੇਰਾ।
ਅਹੈ ਨੰਮ੍ਰਿ ਜਲ ਥਿਰੈ ਘਨੇਰਾ
ਇਤ ਉਤ ਫਿਰ ਕਰਿ ਨਿਸ਼ਚੈ ਕੀਨਾ।
ਪਤਾ ਦੀਨ ਸੋ ਨੀਕੇ ਚੀਨਾ॥੭॥
ਬ੍ਰਿਧ ਕੇ ਸੰਮਤਿ ਹੋਇ ਸੁ ਟੋਰਾ।
ਸੋ ਥਲ ਪਿਖਤਿ ਫਿਰੇ ਚਹੁੰ ਓਰਾ।
ਬਾਰ ਬਾਰ ਨਿਸਚੇ ਕਰ ਆਛੇ।
ਗੁਰ ਬਰ ਤੇ ਸਿਰਜਨ ਸਰ ਬਾਂਛੇ॥੮॥
ਕਰੀ ਠੀਕਿ ਤਿਸੁ ਦਿਨ ਫਿਰਿ ਸਾਰੇ।
ਧਰੇ ਚਿੰਨ੍ਹ ਕਛੁ ਗ੍ਰਾਮ ਪਧਾਰੇ।
ਪਠੇ ਸਿੱਖਜ ਲੈਬੇ ਮਿਸ਼ਟਾਨ।
ਅਰ ਮਜੂਰ ਗਨ ਲੇਨਿ ਮਹਾਂਨ॥੯॥
ਭਈ ਪ੍ਰਪਾਤਿ ਕ੍ਰਿਯਾ ਕਰਿ ਭਲੇ।
ਲੇ ਨਰ ਟੌਲ ਤਿਸੀ ਦਿਸ਼ ਚਲੇ।
ਸ੍ਰੀ ਨਾਨਕ ਆਦਿਕ ਲੇ ਨਾਇ।
ਕਰਿ ਅਰਦਾਸ ਸੀਸ ਨਿਹੁਰਾਇ॥੧੦॥
ਬ੍ਰਿਧ ਬਚ ਤੇ ਲੇ ਖਨਨੀ ਹਾਥ।
ਟਕ ਲਾਇਸੁ ਚਿਤਵਤਿ ਗੁਰ ਨਾਥ।
ਸਭਿ ਮੈਂ ਬਾਂਟ ਦੀਓ ਮਿਸ਼ਟਾਨ।
ਲਗੇ ਖਨਨ ਸਗਰੇ ਤਿਸੁ ਥਾਨ॥੧੧॥
ਕੇਤਿਕ ਸਿਰ ਧਰਿ ਵਹਿਰ ਗਿਰਾਵੈਂ।
ਕੇਤਿਕ ਖਨਿ ਖਨਿ ਤਿਨਹੁੰ ਉਚਾਵੈਂ।
ਸਿਖਜ ਅਨੇਕ ਮਿਹਨਤ ਘਨੇ।
ਕਰਤਿ ਕਾਰ ਗੁਰ ਸ਼ਰਧਾ ਸਨੇ॥੧੨॥
ਜਹਿਂ ਦੁਖ ਭੰਜਨਿ ਬਦਰੀ ਖਰੀ।
ਤਹਿਂ ਤੇ ਖਨਹਿਂ ਸੁ ਆਇਸੁ ਕਰੀ।
ਆਪ ਨਿਕਟ ਬੈਠੇ ਬਚ ਕਹੈਂ।
ਮ੍ਰਿਤਕਾ ਵਹਿਰ ਗਿਰਾਵਤ ਲਹੈਂ॥੧੩॥
ਇਸੀ ਪ੍ਰਕਾਰ ਖਨਤ ਦਿਨ ਸਾਰੇ।
ਭੀ ਸੰਧਜਾ ਦਿਸ਼ ਗ੍ਰਾਮ ਪਧਾਰੇ।
ਹੋਤਿ ਪ੍ਰਾਤਿ ਸਭਿ ਕੋ ਸੰਗ ਲੈ ਕੇ।
ਕਾਰ ਕਰਾਵਤਿ ਤਹਾਂ ਬਿਰੈ ਕੈ॥੧੪॥
ਕਿਤਿਕ ਮਾਸੁ ਇਮ ਕੀਨਿ ਖਨਾਵਨਿ।
ਮ੍ਰਿਤਕਾ ਅਧਿਕ ਕਰਹਿਂ ਨਿਕਸਾਵਨ। (ਸੂ: ਪ੍ਰ:)

ਇਹ ਕਾਰਜ ਹੋ ਰਹੇ ਸਨ ਕਿ ਸ੍ਰੀ ਗੁਰੂ ਅਮਰਦਾਸ ਜੀ ਦਾ ਸੱਦਾ ਗੋਇੰਦਵਾਲ ਤੋਂ ਆ ਗਿਆ, ਤਦ ਸ੍ਰੀ ਪਾਵਨ ਜੇਠਾ ਜੀ ਕਾਰਜ ਛੋੜ ਕੇ ਗੋਇੰਦਵਾਲ ਪਧਾਰ ਗਏ। ਕੰਮ ਜਿਥੇ ਸੀ, ਓਥੇ ਹੀ ਬੰਦ ਹੋ ਗਿਆ। ਤਦੋਂ ਦੁਖ ਭੰਜਨੀ ਵਾਲੇ ਟਿਕਾਣੇ ਬੇਰੀਆਂ ਤਲੇ ਕੁਛ ਪੁਟਾਈ ਹੋ ਗਈ ਸੀ, ਜਿਥੇ ਕੁਛ ਅਗੇ ਹੀ ਥਾਂ ਨੀਵੀਂ ਸੀ। ਜਲ ਖੜੋ ਜਾਂਦਾ ਸੀ ਤੇ ਹੁਣ ਹੋਰ ਖੜੋ ਗਿਆ ਤੇ ਸੁਹਣੇ ਲਹਿਰੇ ਲੈਣ ਲਗ ਗਿਆ।

ਗੋਇੰਦਵਾਲ ਪੁੱਜਣੇ ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਸਾਰਾ ਹਾਲ ਪੁੱਛਿਆ, ਜੋ ਦੱਸਿਆ ਗਿਆ। ਸੁਣ ਕੇ ਆਪ ਨੇ ਫੁਰਮਾਨ ਕੀਤਾ, ਜੋ ਐਉਂ ਲਿਖਿਆ ਹੈ :-

ਨੀਕੋ ਬਲ ਸੋਈ ਹਮ ਚਾਹਜੋ॥੨੩॥
ਲੀਲਾਵਤੀ ਪੁਰੀ ਸਮ ਕਾਨ।
ਇਸ ਸਰ ਪਰ ਬਰ ਬਸਹਿ ਮਹਾਨ।

ਇਸ ਪ੍ਰਕਾਰ ਖੁਸ਼ ਹੋ ਹੋ ਕੇ ਬਚਨ ਕਹੇ। ਆਪ ਦੀ ਆਰਬਲਾ ਹੁਣ ਚੋਖੀ ਬ੍ਰਿਧ ਸੀ, ਪਰ ਆਪਣੀ ਨਾਮ ਸਿਮਰਨ ਦੀ ਘਾਲ ਇਤਨੇ ਪੂਰਨ ਪੁਰਖ ਤੇ ਗੁਰੂ ਅਵਤਾਰ ਹੋ ਕੇ ਭੀ ਨਹੀਂ ਸੇ ਛੁਡਦੇ, ਉਧਰ ਪ੍ਰਚਾਰ ਭੀ ਅਤਿ ਦਾ ਹੋ ਰਿਹਾ ਸੀ। ਲੋਕਾਂ ਨੂੰ ਤਾਰਦੇ, ਸਿਰ ਚੜ੍ਹਿਆਂ ਨੂੰ ਬਖਸ਼ਿਸ਼ਾਂ ਕਰਦੇ, ਦੂਰ ਦੂਰ ਥਾਈਂ ਨਾਮ ਪ੍ਰੇਮੀਆਂ ਨੂੰ ਜੋ ਘੱਲ ਰਖਿਆ ਸੀ, ਸਭ ਦੀ ਸਾਰ ਰਖਦੇ ਤੇ ਸਹਇਤਾ ਦੇਂਦੇ ਰਹਿੰਦੇ ਸੇ।

## ੩੫. ਗੁਰੂ ਅਮਰਦਾਸ ਜੀ ਦਾ ਅਮਰਿਤਾ ਵਿਚ ਪ੍ਰਵੇਸ਼।

ਸ੍ਰੀ ਗੁਰੂ ਅਮਰਦਾਸ ਜੀ ਦੀ ਆਯੂ ਹੁਣ ੯੫ ਬਰਸਾਂ ਤੋਂ ਲੰਘ ਟੁਰੀ ਸੀ, ਕਿ ਇਕ ਦਿਨ ਆਪ ਨੇ ਆਪਣੀ ਪਰਮ ਆਗਿਆਕਾਰ, ਗੁਰ ਚਰਨਾਂ ਦੀ ਪ੍ਰੇਮਣ ਤੇ ਨਾਮ ਬਾਣੀ ਦੀ ਪਰਮ ਰਸੀਆ ਪਾਵਨ ਪਵਿਤ੍ਰ ਪੁਤ੍ਰੀ ਬੀਬੀ ਭਾਨੀ ਜੀ ਨੂੰ ਕਿਹਾ : ਬੇਟਾ ਅਸੀਂ ਬ੍ਰਿਧ ਹਾਂ-ਪਰ ਸਾਨੂੰ ਪ੍ਰਕਾਸ਼ ਹੋਇਆ ਹੈ ਕਿ ਤੇਰੇ ਪਤੀ ਸਾਡੇ ਜੇਠਾ ਪਜਾਰੇ ਜੀ ਦੀ ਉਮਰਾ ਮੁੱਕ ਚੱਲੀ ਹੈ, ਅਸੀਂ ਨਹੀਂ ਚਾਹੁੰਦੇ


www.sikhbookclub.com

ਕਿ ਉਹ ਸੰਸਾਰ ਤੋਂ ਅਜੇ ਜਾਵੇ, ਉਸ ਸਾਥੋਂ ਲੈਣਾ ਹੈ ਤੇ ਅਸਾਂ ਦੇਣਾ ਹੈ, ਅਸੀਂ ਉਸ ਨੂੰ ਗੱਦੀ ਦੇ ਕੇ ਸਾਰੀ ਸਾਧ ਸੰਗਤਿ ਦਾ ਰਖਵਾਲਾ ਬਨਾਉਣਾ ਹੈ। ਸੋ ਇਸ ਲਈ ਅਸੀਂ ਆਪਣੀ ਜਿਤਨੀ ਸਾਡੀ ਆਯੂ ਬਾਕੀ ਹੈ, ਉਹ ਤੇਰੇ ਪਤੀ ਨੂੰ ਦੇਣੀ ਹੈ। ਉਹ ਆਯੂ ਕੋਈ ਛੇ ਬਰਸ ਦੇ ਆਨ ਮਾਨ ਹੈ। ਸੋ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਗੱਦੀ ਦਾ ਤਿਲਕ ਦੇ ਕੇ ਆਪਣੀ ਬਾਕੀ ਆਯੂ ਨਾਲ ਅਰਪਕੇ ਆਪਣੇ ਵਾਹਿਗੁਰੂ ਦੇ ਦੇਸ਼ ਨੂੰ ਚਲੀਏ।

ਆਗਿਆ ਤੇ ਪਿਆਰ ਦੀ ਪੁਤਲੀ ਪੁਤ੍ਰੀ ਸੁਣਕੇ ਕੰਬ ਗਈ, ਉਹ ਕੀਕੂੰ ਝੱਲ ਸਕਦੀ ਸੀ ਕਿ ਪਿਤਾ ਜੀ ਟੁਰ ਜਾਣ, ਇਵੇਂ ਹੀ ਉਸ ਲਈ ਇਹ ਖਬਰ ਕਿ ਪਤੀ ਪਰਮੇਸ਼ਰ ਦੀ ਉਮਰ ਸਮਾਪਤ ਹੈ, ਬੀ ਸਤੰਭ ਕਰ ਦੇਣ ਵਾਲੀ ਸੀ। ਸੁਣ ਕੇ ਇਵੇਂ ਹੋ ਗਈ ਜਿਵੇਂ ਅਚੱਲ ਮੂਰਤੀ ਹੁੰਦੀ ਹੈ। ਪਰਮ ਆਗਿਆਕਾਰ ਸਪੁਤ੍ਰੀ ਤੇ ਪਤੀਬ੍ਰਤ ਅਵਤਾਰ ਸੁਪਤਨੀ ਕਿਸ ਪਾਸੇ ਰੁਖ ਕਰੇ। ਪਿਤਾ ਪ੍ਰਭੂ ਸਮਝਦੇ ਸਨ; ਬਹੁਤ ਦਿਲਬਰੀ ਦਿਤੀ, ਪਿਆਰ ਦੇ ਵਾਕ ਕਹੇ, ਉਚੇ ਉਪਦੇਸ਼ ਦਿਤੇ। ਵਾਹਿਗੁਰੂ ਦੇ ਭਾਣੇ ਵਲ ਨਜ਼ਰ ਪੁਆਈ ਕਿ ਸਾਨੂੰ ਸਾਰਿਆਂ ਨੂੰ ਭਾਣੇ ਨਾਲ ਸਿਰ ਜੋੜਨਾ ਉਚਿਤ ਹੈ। ਜੋ ਹੁਕਮ ਆਉਂਦਾ ਹੈ ਓਹੀ ਠੀਕ ਹੈ, ਉਸੇ ਨਾਲ ਜੁੜ ਜਾਓ, ਨਾ ਹਰਖ ਦੀ ਨਾ ਸ਼ੋਕ ਦੀ ਅਵਸਥਾ ਆਪਣੇ ਤੇ ਲਿਆਓ। ਸਮਤਾ ਤੇ ਟਿਕੇ ਰਹੋ: ਅਡੋਲ ਤੁਲਵੀਂ ਤੱਕੜੀ ਦੇ ਪਲੜਿਆਂ ਵਾਂਙ ਮਨ ਦੀ ਬ੍ਰਿਤੀ ਨੂੰ ਭਾਣੇ ਦੇ ਹੱਥ ਵਿਚ ਖੜੀ ਤੱਕੋ। ਅਸੀਂ ਸਮਝਦੇ ਹਾਂ ਕਿ ਬੇਟਾ! ਤੂੰ ਕਦ ਚਾਹ ਸਕਦੀ ਹੈਂ ਕਿ ਮੈਂ ਨਾ ਰਹਾਂ, ਫਿਰ ਮੈਂ ਜੇ ਉਮਰਾ ਦਿਆਂ ਤਾਂ ਤੂੰ ਕਦ ਚਾਹ ਸਕਦੀ ਹੈਂ ਕਿ ਜੇਠਾ ਜੀ ਅਗੋਂ ਨਾਂਹ ਕਰਨ, ਤੇਰੇ ਰਿਦੇ ਦੇ ਭਾਵਾਂ ਦੀ ਮੁਸ਼ਕਲ ਅਸੀਂ ਜਾਣਦੇ ਹਾਂ, ਪਰ ਸਭ ਦਾ ਦਾਰੂ ਭਾਣੇ ਨਾਲ ਮਰਜ਼ੀ ਮਿਲਾ ਦੇਣ ਵਿਚ ਹੈ। ਅਸੀਂ ਹੁਕਮੀ ਬੰਦੇ ਹਾਂ, ਸਾਡਾ ਹਰਖ ਸ਼ੋਕ ਸਾਡਾ ਨਹੀਂ, ਅਸਾਂ ਹੁਕਮ ਦੀ ਕਾਰ ਕਮਾਉਣੀ ਹੈ, ਜੋ ਕੁਛ ਮੈਂ ਤੁਸਾਨੂੰ ਬੇਟਾ! ਕਿਹਾ ਹੈ ਇਹ ਅਜ਼ਲੀ ਹੁਕਮ ਹੈ, ਇਸ ਵਿਚ ਮੇਰੀ ਖੁਸ਼ੀ ਹੈ! ਤੁਸਾਂ ਲਈ ਮੇਰੀ ਮਰਜ਼ੀ ਤੇ ਵਾਹਿਗੁਰੂ ਦੀ ਰਜ਼ਾ ਏਹ ਦੋ ਰਸਤਾ ਦੱਸਣ ਵਾਲੇ ਚਮਕਦੇ ਸਿਤਾਰੇ ਹਨ। ਸੋ ਹੁਣ ਹੁਕਮ ਮੰਨੋ ਤੇ ਤਯਾਰ ਹੋ ਜਾਓ।

ਪਤਿਬ੍ਰਤਾ ਅਵਤਾਰ ਤੇ ਪਿਤਾ ਪ੍ਰੇਮ ਸਰੂਪ ਬੇਟੀ ਦਾ ਸਿਰ ਝੁਕ ਗਿਆ।

ਇਸ ਤੋਂ ਮਗਰੋਂ ਸ੍ਰੀ ਗੁਰੂ ਜੀ ਨੇ ਸਾਰੇ ਪਰਿਵਾਰ ਨੂੰ, ਮੁਖੀ ਸਿਖਾਂ ਨੂੰ ਜੋ ਗੋਇੰਦਵਾਲ ਸਨ, ਪਾਸ ਬੁਲਾ ਘੱਲਿਆ ਤੇ ਸਭਨਾਂ ਨੂੰ ਦੱਸਿਆ ਕਿ ਮੈਨੂੰ ਧੁਰੋਂ ਸੱਦਾ ਆ ਗਿਆ ਹੈ ਤੇ ਹੁਣ ਆਪਣੇ ਪ੍ਰਭੂ ਪਾਸ ਦੇਹ ਤਯਾਗਕੇ ਚਲੇ ਜਾਣਾ ਹੈ। ਆਪ ਦੇ ਉਸ ਵੇਲੇ ਦੇ ਉਚਾਰੇ ਵਾਕ ਏਹ ਹਨ :-

ਮੇਰੇ ਸਿਖ ਸੁਣਹੁ ਪੁਤ ਭਾਈਹੋ,
ਮੇਰੈ ਹਰਿ ਭਾਣਾ ਆਉ ਮੈ ਪਾਸ ਜੀਉ॥
ਹਰਿ ਭਾਣਾ ਗੁਰ ਭਾਇਆ
ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ॥ (ਸਦ)

ਲਿਖਿਆ ਹੈ ਕਿ :-

ਸਤਿਗੁਰੁ ਪੁਰਖੁ ਜਿ ਬੋਲਿਆ,
ਗੁਰ ਸਿਖਾ ਮੰਨਿ ਲਈ ਰਜਾਇ, ਜੀਉ। (ਸਦ)

ਇਸ ਮੂਜਬ ਆਪ ਜੀ ਨੇ ਅਗਲੇ ਦਿਨ ਦੀਵਾਨ ਕੀਤਾ। ਸਾਰੇ ਓਥੇ ਇਕਤ੍ਰ ਹੋਏ। ਆਪ ਜੀ ਨੇ ਆਗਿਆ ਕੀਤੀ ਕਿ ਮੇਰੇ ਥਾਂ ਹੁਣ ਸ੍ਰੀ ਜੇਠਾ ਜੀ ਬੈਠਣਗੇ ਤੇ ਸ੍ਰੀ ਗੁਰੂ ਰਾਮਦਾਸ ਜੀ ਨਾਮ ਸਦਾਉਣਗੇ। ਇਹ ਕਹਿਕੇ ਆਪਣੀ ਗੱਦੀ ਤੇ ਆਪਣੇ ਹੱਥੀਂ ਸ੍ਰੀ ਜੇਠਾ ਜੀ ਨੂੰ ਬਿਠਾ ਕੇ ਪੰਜ ਪੈਸੇ ਨਰੇਲ ਅੱਗੇ ਰਖਕੇ ਮੱਥਾ ਟੇਕ ਦਿਤਾ ਤੇ ਭਾਈ ਬੁੱਢਾ ਜੀ ਨੇ ਉਠਕੇ ਤਿਲਕ ਦਿਤਾ ਤੇ ਸਾਰੀ ਸੰਗਤ ਤੇ ਮੁਖੀਆਂ ਨੇ ਆ ਕੇ ਮੱਥੇ ਟੇਕ ਕੇ ਭੇਟਾ ਪੇਸ਼ ਕੀਤੀਆਂ। ਮੋਹਰੀ ਸਪੁਤ੍ਰ ਗੁਰੂ ਕਾ ਬੀ ਨਿਰਮਾਣ ਸਿਖ ਹੋਕੇ ਗੁਰੂ ਰਾਮਦਾਸ ਜੀ ਦੀ ਚਰਨੀਂ ਪੈ ਗਿਆ। ਸਾਰੇ ਪਰਿਵਾਰ ਨੇ ਨਮਸਕਾਰ ਕੀਤੀ ਤੇ ਗੁਰੂ ਕੇ ਨਿਵਾਜੇ ਨੂੰ ਗੁਰੂ ਮੰਨ ਲਿਆ। ਇਕ ਮੋਹਨ ਜੀ ਬਾਬਤ ਜ਼ਿਕਰ ਹੈ ਕਿ ਉਨ੍ਹਾਂ ਨੇ ਮੋਹਰੀ ਜੀ ਵਾਙੂ ਆ ਕੇ ਮੱਥਾ ਨਹੀਂ ਟੇਕਿਆ। ਸ੍ਰੀ ਗੁਰੂ ਰਾਮਦਾਸ ਜੀ ਨੂੰ ਆਗਿਆ ਹੋਈ ਪੁਰਖਾ! ਗੁਰੂ ਨਾਨਕ ਦੇਵ ਜੀ ਦਾ ਚਲਾਇਆ ਪੰਥ ਟੋਰਨਾ ਹੈ। ਹਾਂ, ਪੰਥ ਕਰਨਾ ਹੈ, ਜਿਸ ਵਾਸਤੇ ਮੈਨੂੰ ਆਗਿਆ ਹੋਈ ਸੀ "ਕਿ ਪਾਰਬ੍ਰਹਮ ਕਾ ਪੰਥ ਕਰਨਾ ਹੈ"।

ਇਸ ਵੇਲੇ ਜ ਅੰਤਮ ਸਿਖਿਆ ਸ੍ਰੀ ਗੁਰੂ ਜੀ ਨੇ ਸੰਗਤਾਂ ਨੂੰ ਦਿੱਤੀ ਉਹ ਇਹ ਸੀ :-


www.sikhbookclub.com

ਅੰਤੇ ਸਤਿਗੁਰੁ ਬੋਲਿਆ

ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।

ਇਹ ਹਦਾਇਤ ਸਾਰੇ ਸਮਿਆਂ ਲਈ ਸਾਰੇ ਸਿਖਾਂ ਨੂੰ ਹੈ ਕਿ ਆਪਣੇ ਮਿੱਤ੍ਰ ਪਿਆਰੇ ਸਨਬੰਧੀ ਦੇ ਚਲਾਣੇ ਬਾਦ ਅਖੰਡ ਕੀਰਤਨ ਕੀਤਾ ਕਰਨ। ਚਾਹੇ ਰਾਗੀ ਰਬਾਬੀ, ਚਾਹੇ ਪਰਵਾਰ ਮਿਲਕੇ, ਚਾਹੇ ਬਾਣੀ ਦੇ ਪਾਠ ਕਥਾ ਹੋਵੇ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਜ਼ਰੂਰ ਪਾਏ ਜਾਣ। ਇਹ ਪਹਿਲੇ ਫੁਰਮਾ ਚੁਕੇ ਸਨ ਕਿ :-

''ਮਤ ਮੈ ਪਿਛੈ ਕੋਈ ਰੋਵਸੀ
ਸੋ ਮੈ ਮੂਲਿ ਨ ਭਾਇਆ॥''

ਇਸ ਦਾ ਕਾਰਣ ਬੀ ਦੱਸਿਆ :-

''ਮਿਤੁ ਪੈਝੈ ਮਿਤੁ ਬਿਗਸੈ
ਜਿਸੁ ਮਿਤੁ ਕੀ ਪੈਜ ਭਾਵਏ॥
ਤੁਸੀਂ ਵੀਚਾਰਿ ਦੇਖਹੁ ਪੁਤ ਭਾਈ
ਹਰਿ ਸਤਿਗੁਰੂ ਪੈਨਾਵਏ॥''

(ਰਾਮ: ਸਦੁ)

ਤਿਵੇਂ ਤੁਸੀਂ ਵੀਚਾਰ ਕਰ ਲਓ ਕਿ ਤੁਹਾਡੇ ਸਤਿਗੁਰੂ ਦੀ ਦਰਗਾਹੇ ਇੱਜ਼ਤ ਹੋਣ ਲਗੀ ਹੈ, ਸਿਰੋਪਾਉ ਮਿਲਣ ਲੱਗੇ ਹਨ, ਤੁਸੀਂ ਖੁਸ਼ ਹੋਵੋ, ਰੋਵੋ ਕਿਉਂ? ਅਰਥਾਤ ਮਿੱਤ੍ਰ ਦੀ ਇੱਜ਼ਤ ਹੁੰਦੀ ਵੇਖਕੇ ਸੱਚਾ ਮਿੱਤ੍ਰ, ਜਿਸ ਨੂੰ ਮਿੱਤ੍ਰ ਦੀ ਪਤ ਭਾਉਂਦੀ ਹੈ, ਖੁਸ਼ ਹੁੰਦਾ ਹੈ। ਹੁਣ ਆਪ ਆਪਣੇ ਸੁਖ ਆਸਨ ਤੇ ਲੇਟ ਗਏ ਤੇ ਇਹ ਵਾਕ ਉਚਾਰੇ, ਜਿਸ ਤੋਂ ਸਾਨੂੰ ਪੂਰੀ ਤਸੱਲੀ ਤੇ ਸੁਖ ਹੋਵੇ ਤੇ ਆਪਣੇ ਲਈ ਆਸਾ ਬੱਝੇ। ਆਪ ਨੇ ਮਿੱਠੀ ਸੁਰੀਲੀ ਸੁਰ ਵਿਚ ਫੁਰਮਾਇਆ :-

''ਹਰਿ ਮਿਲਿਆ ਪੁਰਖੁ ਸੁਜਾਣੁ ਜੀਉ॥''[੨੫੪]

ਅਰਥਾਤ ਮੈਂ ਸ਼ੂਨ ਵਿਚ ਨਹੀਂ ਜਾ ਰਿਹਾ, ਮੈਨੂੰ ਵਾਹਿਗੁਰੂ ਨੇ ਗੋਦੀ ਵਿਚ ਲੈ ਲਿਆ ਹੈ। ਇਹ ਉਚਾਰਦੇ ਲੇਟ ਗਏ, ਚਾਦਰ ਤਾਣ ਲਈ ਤੇ ਹਰੀ ਨਾਮ ਦੀ ਸੁਗੰਧੀ ਸਾਰੇ ਦਾਲਾਨ ਵਿਚ ਪਸਰ ਗਈ।


www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

❄ ❄ ❄

ਸਾਹਿਬ

# ਸ੍ਰੀ ਗੁਰੂ ਰਾਮ ਦਾਸ ਜੀ

[ਪਾਤਸ਼ਾਹੀ ਚੌਥੀ]

❄ ❄ ❄



www.sikhbookclub.com

ੴ ਸਤਿਗੁਰ ਪ੍ਰਸਾਦਿ॥

# ਸ੍ਰੀ ਗੁਰੂ ਰਾਮਦਾਸ ਜੀਓ ਜੀ!

## ੧. ਗੁਰੂ ਦਰਸ਼ਨ।

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥
ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥
ਲਹਣੈ ਪੰਥੁ ਧਰਮ ਕਾ ਕੀਆ॥
ਅਮਰਦਾਸ ਭਲੇ ਕਉ ਦੀਆ॥
ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰ ਥਪ੍ਉ॥
ਹਰਿ ਕਾ ਨਾਮੁ ਅਖੈ ਨਿਧਿ ਅਪ੍ਉ
ਅਪ੍ਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ
ਗੁਰ ਸੇਵਾ ਕਰਿ ਫਲੁ ਲਹੀਅੰ॥
ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ
ਪਰਮਾਨੰਦ ਗੁਰਮੁਖਿ ਕਹੀਅੰ॥
ਪਰਤਖਿ ਦੇਹ ਪਾਰਬ੍ਰਹਮੁ ਸੁਆਮੀ
ਆਦਿ ਰੂਪਿ ਪੋਖਣ ਭਰਣੰ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾਕੀ
ਸ੍ਰੀ ਰਾਮਦਾਸੁ ਤਾਰਣ ਤਰਣੰ॥੧॥

(ਸਵਈਏ ਮ: ੪ ਕੇ)

ਵਾਹਵਾਹ ਸ੍ਰੀ ਗੁਰੂ ਅਮਰਦਾਸ ਜੀ-"ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ" ਹੁਣ ਆਪਣੇ ਸੁਹਣੇ ਪੰਜ ਭੌਤਕ ਸਰੀਰ ਨੂੰ ਤਿਆਗ ਕੇ ਸਤਿ ਸਰੂਪ ਹੋਏ ਸੱਤਜ ਦੇ ਦੇਸ਼ ਸੱਤਜ ਵਿਚ ਵਸ ਰਹੇ ਹਨ। ਆਪਣੇ ਜਗਤ ਵਿਚ ਹੁੰਦਿਆਂ ਸ੍ਰੀ ਗੁਰੂ ਜੀ ਨੇ ਗੁਰ ਗਾਦੀ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸਥਾਪਨ ਕਰ ਦਿੱਤਾ ਸੀ। ਹੁਣ ਉਸ ਸੁਹਣੀ ਗੁਰ ਨਾਨਕ ਦੇਵ ਜੀ ਦੀ ਗੱਦੀ ਉਤੇ ਸ੍ਰੀ ਗੁਰੂ ਰਾਮਦਾਸ ਜੀ ਨਿਵਾਜੇ ਜਾ ਚੁਕੇ ਹਨ। ਪਰ ਆਪ ਸੰਗਤਾਂ ਵਿਚ ਆ ਕੇ, ਗੱਦੀ ਉਤੇ ਬੈਠ ਕੇ, ਦੀਵਾਨ ਸਜਾਕੇ ਦਰਸ਼ਨ ਨਹੀਂ ਦੇ ਰਹੇ। ਆਪ ਜੀ ਜਗਤ ਤੋਂ ਉਪ੍ਰਾਮ ਦਿੱਸਦੇ ਹਨ, ਘਰੋਂ ਬਾਹਰ ਘੱਟ ਆਉਂਦੇ ਹਨ। ਆਪਣੇ ਟਿਕਾਣੇ ਟਿਕੇ ਯਾ ਤਾਂ ਮਗਨ ਬੈਠੇ ਰਹਿੰਦੇ ਹਨ, ਯਾ ਬੇਮਲੂਮ ਕਦੇ ਬੰਦ ਨੈਣਾਂ ਵਿਚੋਂ, ਕਦੇ ਖੁੱਲੇ ਨੇਤ੍ਰਾਂ ਵਿਚੋਂ ਮੋਤੀ ਝਲਕੇ ਅੱਥਰੂ ਸਹਿਜੇ ਸਹਿਜੇ ਛਲਕਦੇ ਸੁਹਣੀਆਂ ਗੱਲ੍ਹਾਂ ਤੋਂ ਹੌਲੇ ਹੌਲੇ ਤਿਲਕਦੇ ਨੂਰਾਨੀ ਦਾੜ੍ਹੇ ਵਿਚ ਗੁੰਮ ਹੋ ਜਾਂਦੇ ਹਨ। ਕਦੇ ਕਾਗਤ ਕਲਮ ਦੁਆਤ ਪਾਸ ਪਈ ਉਤੇ ਵੈਰਾਗ ਤੇ ਪ੍ਰੇਮ ਮੂਰਤ ਦਿਲ ਦੇ ਅੱਥਰੂ ਕਲਮ ਦੇ ਸੀਨੇ ਖਾਣੀਂ ਲੰਘਾ ਕੇ ਕਾਗਜ਼ ਉਪਰ ਮੂਰਤੀਮਾਨ ਕਰ ਦੇਂਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਅੰਤਮ ਵਾਕ ਕੀਤੇ ਓਹ ਏਹ ਸਨ:-

ਮਤ ਮੈ ਪਿਛੈ ਕੋਈ ਰੋਵਸੀ
ਸੋ ਮੈ ਮੂਲਿ ਨ ਭਾਇਆ॥

(ਰਾਮ: ਸਦ)

ਇਸ ਹੁਕਮੁ ਦੇ ਹੁੰਦਿਆਂ ਗੁਰਗਾਦੀ ਦੇ ਮਾਲਕ ਉਨ੍ਹਾਂ ਦਾ ਰੂਪ, ਕਿਉਂ ਵੈਰਾਗ ਵਿਚ ਹਨ? ਇਸਦਾ ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ :-

"ਵਾਲੇਵੇ ਕਾਰਣਿ ਬਾਬਾ ਰੋਈਐ
ਰੋਵਣੁ ਸਗਲ ਬਿਕਾਰੋ॥......
ਨਾਨਕ ਰੁੰਨਾ ਬਾਬਾ ਜਾਣੀਐ
ਜੇ ਰੋਵੈ ਲਾਇ ਪਿਆਰੋ॥"

(ਵਡਹੰਸ ਮ: ੧ ਅਲਾਹ)

ਏਹ ਅਥਰੂ ਰੋਣ ਨਹੀਂ, ਨਾ ਵਾਲੇਵੇ ਦਾ ਹੈ, ਇਹ ਤਾਂ ਪ੍ਰੇਮ ਹੈ 'ਜੇ ਮੈਂ ਨੀਰੁ ਵਹੇ ਵਹਿ ਚਲੈ ਜੀਉ' ਹੋ ਰਿਹਾ ਹੈ। ਆਪ ਵਾਲੇਵੇ ਦਾ ਰੋਣ ਨਹੀਂ ਰੋ ਰਹੇ। ਇਹ ਨਹੀਂ ਫੁਰ ਰਿਹਾ ਕਿ 'ਹਾਇ ਕਿਉਂ ਟੁਰ ਗਏ ਹਨ, ਹਾਇ ਹੁਣ ਕਿਵ ਕਰਸਾਂ, ਹਾਇ ਆਹ ਨੁਕਸਾਨ ਮਾਲੀ ਤੇ ਸ਼ਰੀਰਕ ਹੋ ਗਿਆ ਹੈ।' ਏਸ ਪ੍ਰਕਾਰ ਦੇ ਵਾਲੇਵੇ ਦੇ ਫੁਰਨੇ ਨਹੀਂ ਹਨ। ਆਪ ਜੀ ਨੂੰ ਤਾਂ 'ਗੁਰ ਅਮਰ' ਅਮਰ ਦਿੱਸ ਰਿਹਾ ਹੈ। ਪਰ ਜੋ ਵਿਛੋੜਾ ਪ੍ਰਤੱਖ ਨੈਣਾਂ ਤੋਂ ਹੋਇਆ ਹੈ ਉਹ ਪ੍ਰੇਮ ਦੀਆਂ ਤਣਾਵਾਂ ਨੂੰ ਹਿਲਾ ਹਿਲਾ ਕੇ ਬਿਰਹੁੰ ਸੁਲਤਾਨ ਦਾ ਰੂਪ



www.sikhbookclub.com

ਦੇ ਦੇਂਦਾ ਹੈ।

ਦਾਨੇ ਦੱਸਦੇ ਹਨ ਕਿ ਵਾਹਿਗੁਰੂ ਦਾ ਸਰੂਪ 'ਪ੍ਰਿਯ' ਹੈ। 'ਪ੍ਰਿਯ' ਨਾਮ ਪ੍ਰੇਮ ਦਾ ਹੈ। ਗੁਰੂ ਰਾਮਦਾਸ ਜੀ ਦਾ ਪ੍ਰੇਮ 'ਪ੍ਰਿਯ' ਸਰੂਪ ਪ੍ਰੇਮ ਹੈ, ਜੋ ਆਪਣੇ ਪ੍ਰੀਤਮ ਦੇ ਸ਼ੁਧ ਪ੍ਰੇਮ ਵਿਚ ਮਗਨ ਹੈ ਤੇ ਉਸ ਦ੍ਵੀ-ਭੂਤ ਹਿਰਦੇ ਵਾਲੀ ਪ੍ਰੇਮ ਸਰੂਪਤਾ ਵਿਚ ਰਸ ਮਾਣ ਰਿਹਾ ਹੈ ਆਪਣੇ ਅਵਿਛੜ ਵਿਛੜੇ ਪਿਆਰੇ ਗੁਰੂ ਦੀ ਯਾਦ ਲਗਨ ਤੇ ਚਰਣ ਸ਼ਰਣ ਵਿਚ ਵਿਆਪਤਾ ਦਾ। ਇਨ੍ਹਾਂ ਦਿਨਾਂ ਵਿਚ ਜੋ ਕੁਛ ਲਿਖਿਆ ਜਾ ਕੇ ਬਾਣੀ ਦਾ ਰੂਪ ਲੈਂਦਾ ਸੀ ਉਹ ਆਪਣੇ ਉੱਚੇ ਪਿਆਰ ਦੀ ਛੁਹ ਜਗਤ ਨੂੰ ਦਾਨ ਕਰਦਾ ਸੀ ਤੇ ਉਹ ਹੁਣ ਤਾਈਂ ਕਰ ਰਿਹਾ ਹੈ ਬਾਣੀ ਦੇ ਸਰੂਪ ਵਿਚ। ਯਥਾ :-

ੴ ਸਤਿਗੁਰ ਪ੍ਰਸਾਦਿ॥

ਆਸਾ ਮਹਲਾ ੪ ਛੰਤ ਘਰੁ ੪॥

ਹਰਿ ਅੰਮ੍ਰਿਤ ਭਿੰਨੇ ਲੋਇਣਾ
ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥
ਮਨੁ ਰਾਮਿ ਕਸਵਟੀ ਲਾਇਆ
ਕੰਚਨੁ ਸੋਵਿੰਨਾ॥
ਗੁਰਮੁਖਿ ਰੰਗਿ ਚਲੂਲਿਆ
ਮੇਰਾ ਮਨੁ ਤਨੋ ਭਿੰਨਾ॥
ਜਨੁ ਨਾਨਕੁ ਮੁਸਕਿ ਝਕੋਲਿਆ
ਸਭੁ ਜਨਮੁ ਧਨੁ ਧੰਨਾ॥੧॥
ਹਰਿ ਪ੍ਰੇਮ ਬਾਣੀ ਮਨੁ ਮਾਰਿਆ
ਅਣੀਆਲੇ ਅਣੀਆ ਰਾਮ ਰਾਜੇ॥
ਜਿਸੁ ਲਾਗੀ ਪੀਰ ਪਿਰੰਮ ਕੀ
ਸੋ ਜਾਣੈ ਜਰੀਆ॥
ਜੀਵਨ ਮੁਕਤਿ ਸੋ ਆਖੀਐ
ਮਰਿ ਜੀਵੈ ਮਰੀਆ॥
ਜਨ ਨਾਨਕ ਸਤਿਗੁਰੁ ਮੇਲਿ
ਹਰਿ ਜਗੁ ਦੁਤਰੁ ਤਰੀਆ॥੨॥
ਹਮ ਮੂਰਖ ਮੁਗਧ ਸਰਣਾਗਤੀ
ਮਿਲੁ ਗੋਵਿੰਦ ਰੰਗਾ ਰਾਮ ਰਾਜੇ॥
ਗੁਰਿ ਪੂਰੈ ਹਰਿ ਪਾਇਆ
ਹਰਿ ਭਗਤਿ ਇਕ ਮੰਗਾ॥
ਮੇਰਾ ਮਨੁ ਤਨੁ ਸਬਦਿ ਵਿਗਾਸਿਆ
ਜਪਿ ਅਨਤ ਤਰੰਗਾ॥
ਮਿਲਿ ਸੰਤ ਜਨਾ ਹਰਿ ਪਾਇਆ
ਨਾਨਕ ਸਤਿਸੰਗਾ॥੩॥
ਦੀਨ ਦਇਆਲ ਸੁਣਿ ਬੇਨਤੀ
ਹਰਿ ਪ੍ਰਭ ਹਰਿ ਰਾਇਆ ਰਾਮਰਾਜੇ॥
ਹਉ ਮਾਗਉ ਸਰਣਿ ਹਰਿ ਨਾਮ ਕੀ
ਹਰਿ ਹਰਿ ਮੁਖਿ ਪਾਇਆ॥
ਭਗਤਿ ਵਛਲੁ ਹਰਿ ਬਿਰਦੁ ਹੈ
ਹਰਿ ਲਾਜ ਰਖਾਇਆ॥
ਜਨੁ ਨਾਨਕੁ ਸਰਣਾਗਤੀ
ਹਰਿ ਨਾਮਿ ਤਰਾਇਆ॥੪॥੮॥੧੫॥

ਗੁਰੂ ਜੀ ਤਾਂ ਐਉਂ ਪਰਮ ਗਜਾਨਵਾਨ ਹੁੰਦੇ ਹੋਏ ਸਾਂਈਂ ਚਰਨਾਂ ਤੋਂ ਕਦੇ ਨਾ ਵਿਛੜੇ ਹੋਏ, ਫਿਰ ਪ੍ਰੀਤ ਵਿਚ ਰਮੇ ਹੋਏ ਰਸ ਮਾਣ ਰਹੇ ਹਨ, ਪਰ ਬਾਹਰ ਸੰਗਤਾਂ ਵਜਾਕੁਲ ਹਨ। ਸੰਗਤਾਂ ਨਗਰੀ ਦੀਆਂ, ਸੰਗਤਾਂ ਡੱਲੇ ਦੀਆਂ ਸੰਗਤਾਂ ਦਿਸਾਉਰਾਂ ਦੀਆਂ, ਆਉਂਦੀਆਂ ਹਨ, ਦੀਵਾਨ ਸਜਦੇ ਹਨ, ਆਸਾ ਦੀ ਵਾਰ ਦਾ ਦੀਵਾਨ ਭਰਕੇ ਲਗਦਾ ਹੈ, ਰਬਾਬੀ ਕੀਰਤਨ ਸੁਹਣੇ ਤੋਂ ਸੁਹਣਾ ਕਰਦੇ ਹਨ, ਪਰ ਗੁਰਗਾਦੀ ਤੇ ਵਿਦਿਤ ਗੁਰੂ ਦੇ ਦਰਸ਼ਨ ਨਾ ਹੋਣ ਕਰਕੇ ਉਦਾਸ ਹੁੰਦੀਆਂ ਹਨ। ਸੰਗਤਾਂ ਪੁਛਦੀਆਂ ਹਨ ਤਾਂ ਪਤਾ ਲਗਦਾ ਹੈ ਕਿ ਆਪ ਜੀ ਬਾਹਰ ਨਹੀਂ ਆਉਂਦੇ ਆਪਣੇ ਰੰਗ ਟਿਕੇ ਰਹਿੰਦੇ ਹਨ ਤੇ ਰਸ ਮਗਨ ਰਹਿੰਦੇ ਹਨ। ਸਭ ਕੋਈ, ਜਾ ਕੇ ਕੁਛ ਬਿਨੈ ਕਰਨੋਂ ਝਿਜਕਦਾ ਹੈ। ਜਦ ਇਹ ਦਸ਼ਾ ਵਧੇਰੇ ਪੀੜਾ ਵਾਲੀ ਹੋ ਗਈ ਤਾਂ ਇਕ ਦਿਨ ਹੇਠ ਲਿਖੇ ਮੁਖੀ ਮੁਖੀ ਸੱਜਣ ਸੈਨ ਤੇ ਸਿਖ ਬਾਵਲੀ ਸਾਹਿਬ ਵਿਚਾਰ ਲਈ ਇਕੱਠੇ ਹੋਏ :-

ਸੱਚਨਿ ਸੱਚ ਮਾਣਕ ਚੰਦ ਜੋਇ।
ਡੱਲੇ ਵਾਸੀ ਸਿਖ ਸਭ ਕੋਇ॥
ਸਾਵਣ ਮਲ ਅਰ ਮਾਈ ਦਾਸ॥
ਰੰਗੋ ਬੱਸੀ ਖੱਤਰੀ ਦਾਸ॥੪੧॥
ਮਥੋ ਮੁਰਾਰੀ ਇਹ ਚਲਿ ਆਏ।
ਫਿਰਯਾ ਕਟਾਰਾ ਸਿਖ ਸਮੁਦਾਏ।
ਖੇਡਾ ਸੁਇਰੀ ਦਿਜਬਰ ਤਹਾਂ।
ਬੇਨੀ ਪੰਡਿਤ ਪ੍ਰੇਮੀ ਮਹਾਂ॥੪੨॥
ਆਦਿ ਹਿੰਦਾਲ ਵਹਿਰ ਕੇ ਸਾਰੇ॥
ਬਾਸੇ ਗੋਇੰਦਵਾਲ ਮਝਾਰੇ॥

 www.sikhbookclub.com

ਮੋਹਨ ਅਪਰ ਮੋਹਰੀ ਦੋਊ।
ਸਹਤ ਪੁਤ੍ਰ ਕੇ ਥਿਤ ਹੈ ਸੋਊ
ਸਾਹਿਬ ਬੁੱਢਾ ਆਦਿ ਜਿ ਔਰ।
ਬੈਠਹਿੰ ਸਗਲ ਬਾਵਲੀ ਠੌਰ।

(ਗੁ: ਪ੍ਰ: ਸੂ:)

ਇਹ ਸਾਰੇ ਬੈਠਕੇ ਮਸਲਿਹਤਾਂ ਕਰਨ ਲਗੇ, ਛੇਕੜ ਇਹ ਫੈਸਲਾ ਹੋਇਆ ਕਿ ਸ੍ਰੀ ਮੋਹਰੀ ਜੀ ਤੇ ਬਾਬਾ ਬੁੱਢਾ ਜੀ ਅੰਦਰ ਜਾ ਹਾਜ਼ਰ ਹੋਣ ਤੇ ਸੰਗਤ ਵਲੋਂ ਤੇ ਹੁਣ ਵਾਲੇ ਸਾਰੇ ਜੁੜੇ ਸਜਣਾਂ ਵਲੋਂ ਤੇ ਆਪਣੀ ਵਲੋਂ ਅਰਜ਼ ਕਰਨ ਕਿ ਕ੍ਰਿਪਾਲ ਹੋਕੇ ਸੰਗਤਾਂ ਨੂੰ ਦਰਸ਼ਨ ਦਿਓ। ਮੋਹਰੀ ਜੀ ਨੇ ਦੋ ਤ੍ਰੈ ਸਿਖ ਹੋਰ ਨਾਲ ਲਏ ਤੇ ਬਾਬਾ ਬੁੱਢਾ ਜੀ ਵੀ ਨਾਲ ਟੁਰੇ; ਜਾ ਸ੍ਰੀ ਗੁਰੂ ਜੀ ਦੀ ਚਰਣ ਸ਼ਰਣ ਹਾਜ਼ਰ ਹੋਏ। ਸ੍ਰੀ ਮੋਹਰੀ ਜੀ ਨੇ ਅਰਜ਼ ਗੁਜ਼ਜਰੀ ਕਿ ਆਪ ਜੀ ਨਿਜਾਨੰਦ ਵਿਚ ਮਗਨ ਹੋ, ਮਗਨ ਰਹੋ; ਪਰ ਆਪ ਦਾ ਬਿਰਦ ਜਗਤ ਉਧਾਰਨ ਬੀ ਹੈ, ਪਿਤਾ ਗੁਰੂ ਜੀ ਨੇ ਸੰਗਤਾਂ ਦੀ ਸਪੁਰਦੀ ਸਪੁਣੀ ਆਪ ਨੂੰ ਕੀਤੀ ਸੀ। ਸੰਗਤਾਂ ਹੁਣ ਆਪ ਦੇ ਦਰਸ਼ਨ ਤੇ ਅਗੁਵਾਨੀ ਬਿਨਾਂ ਵ੍ਯਾਕੁਲ ਹਨ। ਆਪ ਜਿਸ ਪਜਾਰੇ ਦੇ ਪ੍ਰੇਮ ਵਿਚ -ਥਰਹਰੀ ਵਾਲੇ ਪ੍ਰੇਮ ਵਿਚ-ਬੈਠੇ ਹੋ, ਉਸੇ ਗੁਰੂ ਦੀਆਂ ਪਿਆਰੀਆਂ ਸੰਗਤਾਂ ਆਪ ਦੇ ਬਿਰਹੇ ਵਿਚ ਵ੍ਯਾਕੁਲ ਹਨ। ਉਸੇ ਗੁਰੂ ਦੇ ਪ੍ਰੇਮ ਦੀ ਖਾਤਰ ਗੁਰੂ ਦੀਆਂ ਪਿਆਰੀਆਂ ਸੰਗਤਾਂ ਨੂੰ ਦਰਸ਼ਨ ਦੇਕੇ ਨਿਹਾਲ ਕਰੋ। ਅਸੀਂ ਆਪ ਦੇ ਪਾਸ ਸੰਗਤਾਂ ਦੀ ਅਰਦਾਸ ਲੈ ਕੇ ਹਾਜ਼ਰ ਹੋਏ ਹਾਂ। ਇਹ ਸੁਣਕੇ ਆਪ ਦੇ ਬਿਰਹ ਪ੍ਰਵੇਧੇ ਮਨ ਵਿਚ ਹੋਰ ਕਸਕ ਉਠੀ ਕਿ ਸਤਿਗੁਰ ਦਾ ਹੁਕਮ ਸੰਗਤਾਂ ਨੂੰ ਤਾਰਨ ਦਾ ਸੀ, ਇਹ ਨਾ ਪਾਲਣਾ ਉਨ੍ਹਾਂ ਦੇ ਪ੍ਰੇਮ ਵਿਚ ਕਿਵੇਂ ਜਚੇ। ਸਭ ਚੋਟਾਂ ਸਹਾਰੀਆਂ ਜਾਂਦੀਆਂ ਹਨ, ਪਰ ਸ਼ਬਦ (=ਹੁਕਮ ਦੀ) ਚੋਟ ਸਹਾਰਨੀ ਪ੍ਰੇਮ ਦਾ ਅੰਗ ਹੈ। ਆਪ ਨੇ ਦੂਵੇ ਮਨ ਤੇ ਦੂਵੀ ਸੁਰ ਵਿਚ ਕਿਹਾ-

ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ॥
ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ॥
ਮਿਲਿ ਸਤਸੰਗਤਿ ਲਧਾ ਹਰਿ ਸਜਣੁ
ਹਉ ਸਤਿਗੁਰ ਵਿਟਹੁ ਘੁਮਾਈਆ ਜੀਉ॥੧॥

(ਮਾਝ ਮ: ੪)

ਇਹ ਕਹਿੰਦੇ ਉਠ ਖੜੇ ਹੋਏ; ਅਵਾਜ਼ ਆ ਰਹੀ ਸੀ, ਸਤਿਗੁਰ ਦਾ ਹੁਕਮ, ਸੰਗਤ ਦੀ ਖੁਸ਼ੀ, ਸਿਰ ਮੱਥੇ ਤੇ।

ਭਾਈ ਬੁੱਢਾ ਜੀ ਨੇ ਖਬੇ ਪਾਸਿਓਂ ਤੇ ਮੋਹਰੀ ਜੀ ਨੇ ਫਿਰ ਸਜੇ ਪਾਸਿਓਂ ਬਾਂਹ ਫੜ ਲਈ ਤੇ ਬਾਕੀ ਦੇ ਤ੍ਰੈ ਸਿਖ ਮਗਰ ਹੋ ਲਏ। ਸਨੇ ਸਨੇ ਆਪ ਜੀ ਨੂੰ ਦੀਵਾਨ ਅਸਥਾਨ ਲੈ ਆਏ, ਜਿਥੇ ਚਾਤ੍ਰਿ ਸਿਖਾਂ ਦੀਆਂ ਡਾਰਾਂ ਦੀਆਂ ਡਾਰਾਂ ਅਤੇ ਪਪੀਹੇ ਵਤ ਤਰਸਦੀਆਂ ਸੰਗਤਾਂ ਦੀਆਂ ਕਤਾਰਾਂ ਰਾਹ ਤੱਕ ਰਹੀਆਂ ਸਨ ਮੋਹਰੀ ਜੀ ਨੇ, ਬੁੱਢਾ ਜੀ ਨੇ ਆਪ ਨੂੰ ਲਿਆਕੇ ਗੁਰ ਗਾਦੀ ਪਰ ਬਿਰਾਜਮਾਨ ਹੋਣ ਲਈ ਕਿਹਾ; ਗੁਰ ਗਾਦੀ ਵੇਖੀ, ਨੈਣ ਉਛਲ ਪਏ। 'ਇਹ ਉਹੋ ਗਾਦੀ ਹੈ ਜਿਸ ਤੇ ਮੇਰੇ ਪ੍ਰੀਤਮ ਬੈਠਦੇ ਸਨ, ਮੈਂ ਇੰਵ ਬਰਾਬਰੀ ਕਰਾਂ! ਇਹ ਗਦੀ!......ਹੇ ਗਦੀ, ਤੂੰ ਆਪਣੇ ਸੁਹਣੇ ਤੋਂ ਸਖਣੀ ਕਦੇ ਨਾ ਹੁੰਦੀ!' ਆਪ ਦੇ ਨੈਣ ਭਰਦੇ ਡੁਲ੍ਹਦੇ ਦੇਖ ਕੇ ਭਾਈ ਬੁੱਢਾ ਤੇ ਮੋਹਰੀ ਜੀ ਨੇ ਬਾਹਾਂ ਤੋਂ ਫੜ ਕੇ ਗੱਦੀ ਤੇ ਬਹਾਲ ਦਿੱਤਾ ਤੇ ਸਗਤਾਂ ਡੰਡੌਤਾਂ ਵਿਚ ਪੈ ਗਈਆਂ।

ਸੁਹਣੇ ਪ੍ਰੇਮ-ਅਗੰਮੀ ਪ੍ਰੇਮ-ਦੀ ਮੂਰਤੀ ਸ੍ਰੀ ਗੁਰੂ ਜੀ ਬੈਠ ਤਾਂ ਗਏ, ਪਰ ਸਾਰੀ ਸੰਗਤ ਦਾ ਸਮਾਜ ਦੇਖਕੇ ਅੰਤਰ ਆਤਮੇ ਫੇਰ ਵੈਰਾਗ ਵਿਚ ਹੋ ਗਏ। ਪਜਾਰੇ ਗੁਰੂ ਜੀ ਦਾ ਸੰਗਤਾਂ ਵਿਚ ਬੈਠੇ ਹੋਣਾ ਤੇ ਆਪ ਸੇਵਾ ਵਿਚ ਹਾਜ਼ਰ ਰਹਿਕੇ ਦਰਸ਼ਨ ਮਾਤ੍ਰ ਨਾਲ ਗਦ ਗਦ ਹੁੰਦੇ ਰਹਿਣਾ ਯਾਦ ਆ ਗਿਆ। ਵਾਹਿਗੁਰੂ ਤੇ ਗੁਰੂ ਬਿਰਹਾ ਹੱਥ ਬੰਨ੍ਹ ਆ ਖਲੋਤਾ। ਇਸ ਤਰ੍ਹਾਂ ਦੇ ਭਿੱਜੇ ਪ੍ਰਭਾਵ ਵਿਚ ਨੈਣ ਬੰਦ ਹੋ ਗਏ, ਪਰ ਦੈਵੀ ਗਲਾ ਖੁੱਲ੍ਹ ਪਿਆ, ਮਧੁਰ ਧੁਨਿ ਉਠੀ ਮਾਝ ਦੀ ਤੇ ਉਚਾਰ ਹੋਇਆ ਅਤਿ ਸੁਰੀਲੀ ਸੁਰ ਵਿਚ :-

ਮਾਝ ਮਹਲਾ ੪॥

ਹਰਿ ਜਨ ਸੰਤ ਮਿਲਹੁ ਮੇਰੇ ਭਾਈ॥
ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ॥
ਮੇਰੀ ਸਰਧਾ ਪੂਰਿ ਜਗਜੀਵਨ ਦਾਤੇ
ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ॥੧॥
ਮਿਲਿ ਸਤਸੰਗਿ ਬੋਲੀ ਹਰਿ ਬਾਣੀ॥
ਹਰਿ ਹਰਿ ਕਥਾ ਮੇਰੈ ਮਨਿ ਭਾਣੀ॥
ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ
ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ॥੨॥
ਵਡਭਾਗੀ ਹਰਿ ਸੰਗਤਿ ਪਾਵਹਿ॥
ਭਾਗ ਹੀਨ ਭ੍ਰਮਿ ਚੋਟਾ ਖਾਵਹਿ॥


www.sikhbookclub.com

ਬਿਨੁ ਭਾਗਾ ਸਤਿਸੰਗੁ ਨ ਲਭੈ
ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥
ਮੈ ਆਇ ਮਿਲਹੁ ਜਗਜੀਵਨ ਪਿਆਰੇ॥
ਹਰਿ ਹਰਿ ਨਾਮੁ ਦਇਆ ਮਨਿ ਧਾਰੇ॥
ਗੁਰਮਤਿ ਨਾਮੁ ਮੀਠਾ ਮਨਿ ਭਾਇਆ
ਜਨ ਨਾਨਕ ਨਾਮਿ ਮਨੁ ਭੀਜੈ ਜੀਉ ॥੪॥੪॥

ਇਹ ਸ਼ਬਦ ਗਾ ਕੇ ਸਾਹਿਬ ਚੁਪ ਹੋ ਗਏ। ਥੋੜ੍ਹੀ ਦੇਰ ਬਾਦ ਨੈਣ ਖੁੱਲ੍ਹੇ ਤੇ ਸਾਰੀ ਜੁੜੀ ਸੰਗਤਿ ਤੇ ਮਿਹਰ ਦੀ ਪਜਾਰ ਨਾਲ ਡੁਲ੍ਹਦੀ ਨਜ਼ਰ ਪਈ ਫੇਰ ਮੇਵੜੇ ਨੇ ਅਰਦਾਸ ਕੀਤੀ ਤਾਂ ਥਾਂ ਥਾਂ ਦੀਆਂ ਸੰਗਤਾਂ ਹਾਜ਼ਰ ਹੋਈਆਂ। ਸੰਗਾਂ ਦੇ ਮੁਖੀਏ ਮੁਹਰੇ ਮੁਹਰੇ ਨਾਲ ਆਏ। ਭੇਟਾਂ ਪੇਸ਼ ਹੋਈਆਂ। ਸਤਿਗੁਰ ਜੀ ਨੇ ਅਸ਼ੀਰਵਾਦਾਂ ਦਿੱਤੀਆਂ। ਡੱਲੇ ਦੇ ਤੇ ਗੋਇੰਦਵਾਲ ਦੇ ਸਿੱਖ ਤੇ ਸਨਬੰਧੀ ਬੀ ਇਸ ਵੇਲੇ ਗੁਰੂ ਭਾਵਨਾ ਨਾਲ ਹਾਜ਼ਰ ਹੋਏ ਤੇ ਸਾਰੇ ਮਿਹਰਾਂ ਪਾ ਕੇ ਕ੍ਰਿਤਾਰਥ ਹੋ ਕੇ ਥਾਓਂ ਥਾਈਂ ਬਹਿ ਗਏ। ਫੇਰ ਰਬਾਬੀਆਂ ਨੇ ਕੀਰਤਨ ਕੀਤਾ। ਰਾਮਕਲੀ ਦੀ ਸੁਰ ਵਿਚ ਇਹ ਪਉੜੀ ਗਾਇਨ ਕੀਤੀ :-

ਧੰਨੁ ਧੰਨੁ ਰਾਮਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ
ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੈ ਸੰਗਤੀ
ਪਾਰਬ੍ਰਹਮੁ ਕਰਿ ਨਮਸਕਾਰਿਆ॥
ਅਟਲੁ ਅਥਾਹੁ ਅਤੋਲੁ ਤੂ
ਤੇਰਾ ਅੰਤੁ ਨ ਪਾਰਾਵਾਰਿਆ॥
ਜਿਨ੍ਹੀ ਤੂੰ ਸੇਵਿਆ ਭਾਉ ਕਰਿ
ਸੇ ਤੁਧੁ ਪਾਰਿ ਉਤਾਰਿਆ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ
ਮਾਰਿ ਕਢੇ ਤੁਧੁ ਸਪਰਵਾਰਿਆ॥
ਧੰਨੁ ਸੁ ਤੇਰਾ ਥਾਨੁ ਹੈ॥
ਸਚੁ ਤੇਰਾ ਪੈਸਕਾਰਿਆ॥
ਨਾਨਕੁ ਤੂ ਲਹਣਾ ਤੂਹੈ
ਗੁਰੁ ਅਮਰੁ ਤੂ ਵੀਚਾਰਿਆ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ॥੭॥

(ਟਿਕੇ ਦੀ ਵਾਰ ਵਿਚੋਂ)

## ੨. ਹਰਿਨਾਮ ਤੀਰਥ।

ਹੁਣ ਗੋਇੰਦਵਾਲ ਵਿਚ ਗੁਰੂ ਦੇ ਦਰਬਾਰ ਸਦਾ ਵਾਂਙ ਸਜਦੇ ਹਨ, ਸਵੇਰੇ ਆਸਾ ਦੀ ਵਾਰ ਲਗਦੀ ਹੈ, ਲੰਗਰ ਚਲਦਾ ਹੈ, ਗੁਰੂ ਅਮਰਦਾਸ ਜੀ ਦੀ ਰੀਤੀ ਮੂਜਬ ਜੋ ਲੰਗਰੋਂ ਪ੍ਰਸ਼ਾਦਿ ਛਕੇ ਉਸ ਨੂੰ ਦਰਸ਼ਨ ਮੇਲੇ ਮੁਲਾਕਾਤ ਹੁੰਦੀ ਹੈ! ਲੰਗਰ ਉਸ ਤਰ੍ਹਾਂ ਸਭ ਲਈ ਚਲਦਾ ਹੈ, ਕੋਈ ਭਿੰਨ ਭੇਦ ਵਿਰਵਾਪਨ ਕਿਸੇ ਨਾਲ ਨਹੀਂ। ਸਵੇਰ ਦੇ ਦੀਵਾਨ ਮਗਰੋਂ ਸਗਤਾਂ ਤੇ ਬਾਹਰੋਂ ਆਏ ਸਿਖ ਪੇਸ਼ ਹੁੰਦੇ ਹਨ, ਜਗਜਾਸੂ ਆਪਣੀਆਂ ਅਰਜ਼ਾਂ ਸੁਣਾ ਮਨੋਵਾਂਛਤ ਪ੍ਰਾਪਤ ਕਰਦੇ ਹਨ। ਦੁਪਹਿਰੇ ਲੰਗਰ ਵਰਤੀਂਦਾ ਹੈ। ਫੇਰ ਸਤਿਗੁਰੂ ਜੀ ਅਰਾਮ ਕਰਦੇ ਹਨ। ਲੌਢੇ ਪਹਿਰ ਕਦੇ ਬਾਲਕਾਂ ਦੀਆਂ ਖੇਲਾਂ ਵੇਖਦੇ ਹਨ; ਕਦੇ ਬਿਆਸਾ ਦੇ ਕਿਨਾਰੇ ਰੁੱਖਾਂ ਦੀ ਛੈਂਣ ਹੇਠ ਜਾ ਬਿਰਾਜਦੇ ਹਨ। ਆਸਾਵੰਦੇ ਲੋਕੀ ਜਾ ਹਾਜ਼ਰ ਹੁੰਦੇ ਹਨ; ਮਨੋਂ ਕਾਮਨਾ ਪ੍ਰਾਪਤ ਕਰਦੇ ਹਨ, ਨਾਮ ਦਾਨ ਦੇ ਰਸਤੇ ਪੈਂਦੇ ਹਨ, ਪ੍ਰਸ਼ਨ ਉੱਤਰ ਕਰਕੇ ਸ਼ੰਕੇ ਨਵਿਰਤ ਕਰਦੇ ਹਨ। ਲੌਢੇ ਪਹਿਰ ਅਕਸਰ ਦੀਵਾਨ ਬੀ ਸਜਦੇ ਹਨ। ਕਦੇ ਬਾਵਲੀ ਦੇ ਅਗਲੇ ਟਿਕਾਣੇ ਤੇ ਕਦੇ ਨਦੀ ਕਿਨਾਰੇ। ਸੰਝਾਂ ਨੂੰ ਫੇਰ ਸੋਦਰ ਦਾ ਦੀਵਾਨ ਸਜਦਾ ਹੈ। ਗਲ ਕੀ ਜਿਵੇਂ ਰਹੁਰੀਤ ਪਿਛਲੇ ਗੁਰੂ ਸਾਹਿਬਾਂ ਜੀ ਦੀ ਚਲੀ ਆਈ ਸੀ ਉਸੀ ਤਰ੍ਹਾਂ ਅਮਲ ਹੁਣ ਬੀ ਹੋ ਰਿਹਾ ਹੈ। ਕਵੀ 'ਬਲ' ਨੇ ਜਦ ਸਤਿਗੁਰ ਜੀ ਦੇ ਦਰਸ਼ਨ ਕੀਤੇ ਤਾਂ ਬੋਲ ਉਠਿਆ :-

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ
ਤੈ ਹਰਿ ਪਰਮ ਪਦੁ ਪਾਇਯਉ ॥੧॥
ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ
ਤਨੁ ਮਨੁ ਧਨੁ ਗੋਬਿੰਦ ਦੀਅਉ॥
ਅੰਗਦਿ ਅਨੰਤ ਮੂਰਤਿ ਨਿਜ ਧਾਰੀ
ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ॥
ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ
ਵਾਹੁ ਵਾਹੁ ਕਰਿ ਧ੍ਯਾਇਯਉ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗਮਹਿ
ਤੈ ਹਰਿ ਪਰਮ ਪਦੁ ਪਾਇਯਉ॥੨॥

(ਸਵ: ਮ: ੪ ਕੇ)


www.sikhbookclub.com

ਇਕ ਦਿਨ ਦੀ ਗੱਲ ਹੈ ਕਿ ਕੁਛ ਸਿਖ, ਜੋ ਨਵੇਂ ਹੀ ਚਰਨ ਸ਼ਰਣ ਪ੍ਰਾਪਤ ਹੋਏ ਸਨ, ਆ ਹਾਜ਼ਰ ਹੋਏ ਤੇ ਇਹਨਾਂ ਨੇ ਬਿਨੈ ਕੀਤੀ ਕਿ ਪਾਤਸ਼ਾਹ! ਇਕ ਸੰਸ਼ਾ ਨਵਿਰਤ ਕਰਨ ਦੀ ਮਿਹਰ ਕਰੋ। ਜਾਂ ਸਤਿਗੁਰ ਜੀ ਨੇ ਕਿਹਾ ਦੱਸੋ ਭਾਈ! ਕੀਹ ਸੰਸਾ ਹੈ? ਤਾਂ ਉਹਨਾਂ ਵਿਚੋਂ ਮੁਖੀਏ ਨੇ ਕਿਹਾ:-ਹੇ ਵੱਡੇ ਦਾਤਾ ਜੀਓ! ਸ਼ਾਸਤ੍ਰ ਪੁਰਾਣ ਆਦਿ ਤੀਰਥ ਯਾਤ੍ਰਾ ਦਾ ਉਪਦੇਸ਼ ਕਰਦੇ ਹਨ ਤੇ ਦੱਸਦੇ ਹਨ ਕਿ ਪੁਰਬਾਂ ਦੇ ਸਮੇਂ ਕੀਤੇ ਇਸ਼ਨਾਨਾਂ ਨਾਲ 'ਕੀਤੇ ਪਾਪ' ਕੱਟੇ ਜਾਂਦੇ ਹਨ, ਪਾਪ ਕੱਟੇ ਬਿਨਾਂ ਕੁਮਤੀ ਨਹੀਂ ਹੁੰਦੀ। ਇਥੇ ਆਪ ਦੀ ਗੁਰਸਿੱਖੀ ਦੀ ਰਹੋ ਰੀਤਿ ਵਿਚ ਅਸੀਂ ਤੀਰਥ ਯਾਤ੍ਰਾ ਦੀ ਕੋਈ ਥਾਂ ਨਹੀਂ ਵੇਖਦੇ! ਚੰਗੇ ਚੰਗੇ ਸਿਖ ਆਖਦੇ ਹਨ-'ਗੁਰੁ ਦਰੀਆਉ ਸਦਾ ਜਲੁ ਨਿਰਮਲੁ'। ਫਿਰ ਆਖਦੇ ਹਨ ਨਾਮ ਤੀਰਥ ਹੈ। ਆਪ ਦੱਸੋ ਅਸਾਂ ਗੁਰੂ ਤੇ ਸਿਦਕ ਧਾਰਿਆ ਹੈ, ਨਾਮ ਪ੍ਰਾਪਤ ਕੀਤਾ ਹੈ, ਹੁਣ ਅਸਾਂ ਤੀਰਥਾਂ ਤੇ ਜਾ ਕੇ ਪੁਰਬਾਂ ਦੇ ਇਸ਼ਨਾਨ ਕਰਨੇ ਹਨ ਕਿ ਨਹੀਂ?

ਗੁਰ ਸਿਖੀ ਦਾ ਇਹ ਪ੍ਰਸ਼ਨ ਸੁਣਕੇ ਸੁਹਣੇ ਸਤਿਗੁਰ ਨੇ ਫੁਰਮਾਇਆ : ਭਾਈ ਸਿਖੋ! ਸੰਸੇ ਨਵਿਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਕਰ ਗਏ ਹਨ। ਸੁਣੋ ਓਹ ਫੁਰਮਾਉਂਦੇ ਹਨ :-

ਧਨਾਸਰੀ ਮਹਲਾ ੧ ਛੰਤ

ੴ ਸਤਿਗੁਰ ਪ੍ਰਸਾਦਿ॥

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ
ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ
ਦੇਹੁ ਪ੍ਰਭ ਧਰਣੀਧਰਾ॥
ਸੰਸਾਰੁ ਰੋਗੀ ਨਾਮੁ ਦਾਰੂ
ਮੈਲੁ ਲਾਗੈ ਸਚ ਬਿਨਾ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ
ਨਿਤ ਸਾਚੁ ਤੀਰਥੁ ਮਜਨਾ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥
ਵੀਚਾਰਿ ਮਾਰੈ ਤਰੈ ਤਾਰੈ
ਉਲਟਿ ਜੋਨਿ ਨ ਆਵਏ॥
ਆਪਿ ਪਾਰਸੁ ਪਰਮ ਧਿਆਨੀ
ਸਾਚੁ ਸਾਚੇ ਭਾਵਏ॥
ਆਨੰਦੁ ਅਨਦਿਨੁ ਹਰਖੁ ਸਾਚਾ
ਦੂਖ ਕਿਲਵਿਖ ਪਰਹਰੇ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ
ਮੈਲੁ ਨਾਹੀ ਸਚ ਮਨੇ॥੨॥
ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ
ਗਾਵੈ ਗਾਵਣਹਾਰੁ ਸਬਦਿ ਸੁਹਾਵਣੋ॥
ਸਾਲਾਹਿ ਸਾਚੇ ਮੰਨਿ ਸਤਿਗੁਰੁ
ਪੁੰਨ ਦਾਨ ਦਇਆ ਮਤੇ॥
ਪਿਰ ਸੰਗਿ ਭਾਵੈ ਸਹਜਿ ਨਾਵੈ
ਬੇਣੀ ਤ ਸੰਗਮੁ ਸਤ ਸਤੇ॥
ਆਰਾਧਿ ਏਕੰਕਾਰੁ ਸਾਚਾ
ਨਿਤ ਦੇਇ ਚੜੈ ਸਵਾਇਆ॥
ਗਤਿ ਸੰਗਿ ਮੀਤਾ ਸੰਤ ਸੰਗਤਿ
ਕਰਿ ਨਦਰਿ ਮੇਲਿ ਮਿਲਾਇਆ॥੩॥*
ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ॥
ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ॥
ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ
ਤਿਤੁ ਮਨੁ ਮਾਨਿਆ ਮੇਰਾ॥

*ਸਬਦ ਬੀਚਾਰਿ = ਸਬਦ ਦਾ ਵੀਚਾਰ। ਗੁਰੂ ਦੇ ਦਿਤੇ ਉਪਦੇਸ਼ ਦਾ ਵੀਚਾਰ। ਅੰਤਰ-ਹਿਰਦੇ ਵਿਚ। ਦਸ ਪੁਰਬ = ਦਸ ਪਰਵ ਇਹ ਹਨ : ਅਸਟਮੀ, ਚੌਦਸ਼, ਅਮਾਵਸ, ਪੂਰਨਮਾਸੀ, ਸੰਕ੍ਰਾਂਤਿ, ਸੂਰਜ ਦਾ ਉਤਰਾਯਨ, ਸੂਰਜ ਦਾ ਦਖਣਾਯਨ, ਵਯਤਿਪਾਤ, ਸੂਰਜ ਦਾ ਗ੍ਰਹਣ, ਚੰਦਰਮਾ ਦਾ ਗ੍ਰਹਣ। ਦਸਾਸਰਾ- ਦਸਹਿਰਾ ਜੇਠ ਸੁਦੀ ਦਸਮੀ ਜਦੋਂ ਗੰਗਾ ਦਾ ਜਨਮ ਹੋਇਆ ਦੱਸੀਦਾ ਹੈ, ਉਸ ਦਿਨ ਦੇ ਇਸ਼ਨਾਨ ਨਾਲ ਦਸ ਪਾਪ ਦੂਰ ਹੋ ਜਾਂਦੇ ਹਨ :- ਹਿੰਸਾ, ਬਚਨ ਪੂਰਾ ਨਾ ਕਰਨਾ, ਵੇਦ ਵਿਰੁਧ ਕਰਮ, ਵਿਭਚਾਰ (ਪਰਇਸਤ੍ਰੀ ਗਮਨ), ਕੌੜੇ ਵਾਕ ਕਹਿਣੇ, ਚੁਗਲੀ, ਚੋਰੀ, ਬੁਰਾ ਚਿਤਵਨਾ, ਬਕਵਾਸ ਤੇ ਝੂਠ। ਦਸ ਪਰਬ ਕੱਠੇ ਹੋਣ ਤਾਂ ਉਹ ਦਸਹਿਰਾ ਕਹੀਦਾ ਹੈ। ਤੁਕ ਦਾ ਭਾਵ ਹੈ ਕਿ ਗੁਰੂ ਹੀ ਦਸ ਪਰਬ ਸਥਾਨੀ ਹੈ ਤੇ ਗੁਰੂ ਦੀ ਦਸਾਹਿਰਾ ਸਥਾਨੀ ਹੈ! ਓਹ ਕਲਪਤ ਹਨ, ਪਰ ਇਹ ਸਚਾ ਤੀਰਥ ਹੈ ਜਿਸ ਦੀ ਸੰਗਤ ਤੇ ਮਿਹਰ ਨਾਲ ਸਭ ਫਲ ਪ੍ਰਾਪਤ ਹੁੰਦੇ ਹਨ। ਧਰਣੀ ਧਰਾ = ਧਰਤੀ ਨੂੰ ਧਾਰਣ ਕਰਨ ਵਾਲਾ, ਕਾਯਮ ਰਖਣ ਵਾਲਾ। ਵੀਚਾਰ ਮਾਰੈ = ਵੀਚਾਰ ਦੁਆਰਾ ਆਪਾ ਭਾਵ ਮਾਰੇ। ਬੇਣੀ = ਤ੍ਰਿਬੇਣੀ ਪ੍ਰਯਾਗ ਤੀਰਥ ਤੇ ਇਸ਼ਨਾਨ ਤੋਂ ਉਤਮ ਹੈ। ਜੇ ਸਹਜ ਵਿਚ ਰਹੇ ਤੇ ਵਾਹਿਗੁਰੂ ਦੇ ਪ੍ਰੇਮ ਵਿਚ ਰਤਾ ਰਹੇ। ਗਤਿ ਸੰਗਿ ਮੀਤਾ = ਮੁਕਤੀ ਸਤਿਸੰਗ ਕਰਕੇ ਮਿਲਦੀ ਹੈ ਹੇ ਮਿਤ੍ਰ!


www.sikhbookclub.com

ਕੂਚੁ ਕਰਹਿ ਆਵਹਿ ਬਿਖੁ ਲਾਦੇ
ਸਬਦਿ ਸਚੈ ਗੁਰੁ ਮੇਰਾ॥
ਆਖਣਿ ਤੋਟਿ ਨ ਭਗਤਿ ਭੰਡਾਰੀ
ਭਰਿਪੁਰਿ ਰਹਿਆ ਸੋਈ॥
ਨਾਨਕ ਸਾਚੁ ਕਹੈ ਬੇਨੰਤੀ
ਮਨੁ ਮਾਂਜੈ ਸਚੁ ਸੋਈ॥੪॥੧॥

ਇਹ ਸ਼ਬਦ ਮਿਠੀ ਸੁਰ ਲੈ ਵਿਚਿ ਉਚਾਰ ਕੇ ਸ੍ਰੀ ਗੁਰੂ ਜੀ ਚੁਪ ਹੋ ਗਏ। ਤਾਂ ਮੁਖੀ ਸਿਖ ਨੇ ਕਿਹਾ : ਸਤਿਗੁਰੂ ਜੀ ਮੋਟੀ ਮੋਟੀ ਸਮਝ ਤਾਂ ਪੈ ਗਈ ਹੈ, ਪਰ ਸਾਰੀ ਸਮਝ ਨਹੀਂ ਪਈ। ਆਪ ਦੀ ਸੁਹਣੀ ਰਸਨਾ ਨੇ ਆਪਣੇ ਪਹਿਲੇ ਜਾਮੇ ਵਿਚ ਉਚਾਰ ਸ਼ਬਦ ਨੂੰ ਮੁੜ ਉਚਾਰਨ ਕੀਤਾ ਹੈ। ਜੇ ਅਸਾਂ ਤੁੱਲੀ ਬੁਧਿ ਵਾਲਿਆਂ ਨੂੰ ਕੁਛ ਚਾਨਣਾ ਖੋਲ੍ਹ ਕੇ ਪਾ ਦਿਓ ਤਾਂ ਮਿਹਰ ਹੀ ਮਿਹਰ ਹੈ। ਖੇਚਲ ਹੈ ਆਪ ਨੂੰ ਪਰ ਬੱਚੇ ਮਾਪਿਆਂ ਨੂੰ ਹੀ ਖੇਚਲ ਦਿਆ ਕਰਦੇ ਹਨ।

ਸਤਿਗੁਰ ਜੀ ਮੁਸਕ੍ਰਾਏ ਤੇ ਫੇਰ ਆਪ ਜੀ ਦੀ ਸੁਹਣੀ ਰਸਨਾ*-ਜਿਸ ਰਸਨਾਂ ਵਿਚ ਰਸ+ਨਾ=ਵਿਸ਼ੇਸ਼ ਕਰਕੇ ਰਸ ਹੀ ਰਸ ਵਸਦਾ ਸੀ-ਇਉ ਰਸ ਦਾਨ ਕਰਨ ਲਗ ਪਈ :-

ਗੁਰੂ ਅਮਰਦਾਸ ਜੀ ਦੀਆਂ ਮਿਹਰਾਂ ਦੇ ਸਾਏ ਹੇਠ ਆਏ ਪ੍ਰਮੀਓ! ਸਤਿਗੁਰੂ ਨਾਲਕ ਦੇਵ ਜੀ ਫੁਰਮਾਉਂਦੇ ਹਨ ਕਿ ਮੁੱਖ ਵਸਤੂ ਜੋ ਗੁਰੂ ਘਰ ਵਿਚੋਂ ਪ੍ਰਾਪਤ ਹੁੰਦੀ ਹੈ ਵਾਹਿਗੁਰੂ ਪਿਆਰੇ ਦਾ ਨਾਮ ਹੈ।

ਪ੍ਰਸ਼ਨ ਹੈ-ਮੈਂ ਤੀਰਥ ਨ੍ਹਾਵਣ ਜਾਵਾਂ?

ਉੱਤਰ ਦੇਂਦੇ ਹਨ ਕਿ ਤੀਰਥ ਤਾਂ 'ਨਾਮ' ਹੈ;

ਤੁਸਾਂ ਵਾਂਙੂ ਕਿਸੇ ਨੇ ਪ੍ਰਸ਼ਨ ਕੀਤਾ ਸੀ ਕਿ ਜੀ ਮੈਂ ਤੀਰਥ ਨ੍ਹਾਵਣ ਜਾਵਾਂ? ਤਾਂ ਸੁਹਣੇ ਸਤਿਗੁਰ ਅਗੰਮੀ ਨੈਣਾਂ ਵਾਲੇ ਗੁਰ ਨਾਨਕ ਨੇ ਕਿਹਾ : ਭਾਈ! ਤੀਰਥ ਤਾਂ 'ਨਾਮ' ਹੈ ਜੋ ਤੁਸਾਂ ਜਪਣਾ ਹੈ। ਉਹ ਜਪਣਾ ਇਸ ਤੀਰਥ ਦਾ ਇਸ਼ਨਾਨ ਹੈ। ਤੀਰਥਾਂ ਤੇ ਲੋਕੀਂ ਪਾਪ ਧੋਣ ਤੇ ਸੁਰਗਾਂ ਦੇ ਵਾਸਿਆਂ ਦੀ ਪ੍ਰਾਪਤੀ ਲਈ ਜਾਂਦੇ ਹਨ ਪਰ ਤੀਰਥਾਂ ਤੇ ਨਿਰਾ ਨ੍ਹਾ ਲੈਣ ਨਾਲ ਸਰੀਰਕ ਮੈਲ ਤਾਂ ਨਿਰਮਲ ਜਲ ਕਰਕੇ ਉਤਰਦੀ ਹੈ; ਪਰ ਮਨ ਦੀ ਮੈਲ ਨਹੀਂ ਉਤਰਦੀ। ਮਨ ਦੀ ਮੈਲ ਉਤਰਦੀ ਹੈ ਨਾਮ ਨਾਲ, ਇਸ ਕਰਕੇ 'ਨਾਮ' ਸੱਚਾ ਤੀਰਥ ਹੈ, ਜੋ ਮਨ ਦੀ ਮੈਲ ਨੂੰ ਹਰਦਾ ਹੈ। ਇਕ ਤਾਂ ਨਾਮ ਮਨ ਦੀ ਮੈਲ ਦੂਰ ਕਰਦਾ ਹੈ, ਦੂਜੇ ਸ਼ਬਦ ਦੀ ਵਿਚਾਰ ਬਖਸ਼ਦਾ ਹੈ। ਨਾਮ ਅਭਯਾਸ ਤੇ ਇਹ ਵੀਚਾਰ ਜੀਵ ਨੂੰ ਗਯਾਨ ਵਿਚ ਅਪੜਾ ਦੇਂਦੀ ਹੈ, ਜਿਥੇ ਕਿ ਦਸ ਪੁਰਬ ਤੇ ਦਸਾਹਿਰਾ ਸਦਾ ਹੀ ਹੁੰਦੇ ਰਹਿੰਦੇ ਹਨ। ਦਸ ਪੁਰਬ ਤੇ ਦਸਾਹਿਰਾ ਤੁਸੀਂ ਸਾਰੇ ਜਾਣਦੇ ਹੀਹੋ। ਸੋ 'ਨਾਮ' ਸੱਚਾ ਤੀਰਥ ਹੈ ਜੋ ਪਾਪਾਂ ਦੀ ਮੈਲ ਧੋਂਦਾ ਮਨ ਨੂੰ ਨਿਰਮਲ ਕਰਦਾ ਤੇ ਸ਼ਬਦ ਦੀ ਵੀਚਾਰ ਤੇ ਗਿਆਨ ਦੇਂਦਾ ਹੈ ਤੇ ਪੁਰਬੀ ਤੇ ਦਸਾਹਿਰਾ ਨੂੰ ਨਿਤਯ ਕਰ ਦੇਂਦਾ ਹੈ, ਕਿਉਂਕਿ ਨਾਮ ਸਿਮਰਨ ਛਿਨ ਛਿਨ ਹੋਣ ਕਰਕੇ ਸਦੈਵੀ ਹੋ ਜਾਂਦਾ ਹੈ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਅਰਦਾਸ ਕਰਦੇ ਹਨ ਕਿ ਮੈਂ ਵਾਹਿਗੁਰੂ ਜੀ 'ਧਰਤੀ ਦੇ ਆਸ਼੍ਰਯ' ਜੀ ਤੋਂ ਨਾਮ ਸਦਾ ਸਦਾ ਮੰਗਦਾ ਹਾਂ। ਆਪਣੇ ਦੁਆਰਾ ਸਾਡੇ ਲਈ ਨਾਮ ਦਾਨ ਮੰਗਕੇ ਅਗਲੀ ਤੁਕ ਵਿਚ ਆਗਿਆ ਕਰਦੇ ਹਨ ਕਿ ਮਨ ਦੀ ਮੈਲ ਕਰਕੇ ਸੰਸਾਰੀ ਲੋਕਾਂ ਦੇ ਮਨ ਰੋਗੀ ਹਨ। ਮੈਲ ਕਾਰਣ ਹੈ, ਰੋਗ ਫਲ ਹੈ, ਸੋ ਨਾਮ ਕਾਰਣ ਤੇ ਫਲ ਦੁਹਾਂ ਦਾ ਨਾਸ਼ਕ ਹੈ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਸੰਸਾਰੀ ਮਨਾਂ ਨਾਲ ਮੈਲ ਕੀਕੂੰ ਲਗਦੀ ਹੈ। ਤਾਂ ਆਗਯਾ ਕਰਦੇ ਹਨ ਕਿ ਸੰਸਾਰੀ ਲੋਕ ਸੱਚ ਵਿਚ ਨਹੀਂ ਵਰਤਦੇ। ਅਹਾਰ, ਵਿਹਾਰ, ਵਰਤੋਂ, ਪਯਾਰ, ਵੈਰ, ਸਭ ਵਿਚ ਲੋਕ ਝੂਠ ਵਰਤਦੇ ਹਨ। ਨਾ ਹੀ ਸਤਯ ਸਰੂਪ ਵਾਹਿਗੁਰੂ ਨਾਲ ਨੇਹੁ ਲਾਕੇ ਉਸ ਸਦਾ ਸਚ ਦੀ ਛੋਹ ਪ੍ਰੇਮ ਤੇ ਰੰਗਤ ਪ੍ਰਾਪਤ ਕਰਦੇ ਹਨ। ਇਸ ਕਰਕੇ ਮੈਲ ਹੀ ਮੈਲ ਚੰਬੜੀ ਰਹਿੰਦੀ ਹੈ। ਸੋ ਜਿਸ ਨੂੰ ਗੁਰੂ ਦਾ ਵਾਕ ਪ੍ਰਾਪਤ ਹੋਇਆ ਹੈ ਤੇ ਉਸ ਤੇ ਉਹ ਟੁਰ ਪਿਆ ਹੈ, ਉਸ ਦਾ ਮਨ ਨਿਰਮਲ ਹੋ ਗਿਆ ਹੈ, ਨਿਰਮਲ ਹੋਣ ਨਾਲ ਅੰਦਰ ਚਾਨਣ ਹੋ ਗਿਆ ਹੈ, ਇਸ ਲਈ ਉਹ ਸੱਚੇ ਨਾਮ ਤੇ ਗੁਰੂ ਸ਼ਬਦ ਵਿਚ ਨਿਤ ਹੀ ਨ੍ਹਾ ਨ੍ਹਾ ਕੇ ਸ੍ਵਛ ਹੋ ਗਿਆ ਹੈ।

ਹੁਣ ਦੂਸਰੀ ਪੌੜੀ ਵਿਚ ਆਗਿਆ ਕਰਦੇ ਹਨ ਕਿ ਨਾਮ ਸਿਮਰਣ ਨਾਲ ਪਿਛਲੇ ਕੀਤੇ ਕਰਮਾਂ ਦੀ ਮੈਲ ਤਾਂ ਨਵਿਰਤ ਹੁੰਦੀ ਹੀ ਹੈ, ਇਕ ਹੋਰ ਲਾਹਾ

*ਰਸਨਾ = ਰਸ+ਨਾ = ਜਿਸ ਨਾਲ ਰਸ ਗ੍ਰਹਿਣ ਕਰੀਦਾ ਹੈ, ਜਿਸ ਵਿਚ ਰਸ ਦਾ ਪ੍ਰਵੇਸ਼ ਹੁੰਦਾ ਹੈ।


www.sikhbookclub.com

ਇਹ ਹੈ ਕਿ ਹੁਣ ਜੋ ਕਰਮ ਕਰ ਰਹੇ ਹਾਂ ਉਹ ਸੁਛ ਹੋ ਜਾਂਦੇ ਹਨ, ਜੋ ਨਵੀਂ ਮੈਲ ਕੋਈ ਨਹੀਂ ਲਗਦੀ। ਹੁਣ ਨਾਮ ਨੂੰ ਨਵੀਂ ਮੈਲ ਤਾਂ ਧੋਣੀ ਕੋਈ ਨਾ ਪਈ।

ਕਿਉਂ? ਉਤਰ ਦੇਂਦੇ ਹਨ ਕਿ ਨਾਮ, ਬਾਣੀ, ਗੁਰ ਉਪਦੇਸ਼, ਗਯਾਨ ਆਦਿ ਸਾਰੇ ਆਤਮਿਕ ਗੁਣ ਤਾਂ ਹਾਰ ਵਾਂਙੂ ਪ੍ਰੋਤੇ ਜਾਕੇ ਮਨ ਦੇ ਗਲ ਪੈ ਗਏ ਹਨ, ਇਸ ਚਾਨਣ ਵਿਚ ਪਾਪ ਹੁੰਦੇ ਹੀ ਨਹੀਂ। ਜਦ ਐਉਂ ਕੋਈ ਗੁਰੂ ਸ਼ਬਦ ਦੀ ਕਮਾਈ ਨਾਲ ਹਉਮੈਂ ਨੂੰ ਮਾਰ ਲੈਂਦਾ ਹੈ ਤਾਂ ਉਹ ਨਿਰਾ ਆਪ ਹੀ ਨਹੀਂ ਤਰਦਾ; ਤੇ ਜਨਮ ਮਰਨ ਰਹਿਤ ਹੋ ਜਾਂਦਾ, ਸਗੋਂ ਹੋਰਨਾਂ ਨੂੰ ਤਾਰਦਾ ਹੈ। ਏਥੇ ਸਤਿਗੁਰ ਨੇ ਨਾਮੀ ਪੁਰਖ ਨੂੰ ਜਗਤ ਰਖਯਾ ਦੀ ਸੇਵਾ ਸੌਂਪੀ ਹੈ। ਕਿਉਂਕਿ ਉਹ ਸਹਜ ਧਯਾਨ ਵਿਚ ਜੁੜਿਆ ਪ੍ਰਭੂ ਦਾ ਸੱਚਾ ਤੇ ਪੂਰਾ ਧਯਾਨੀ ਹੋਇਆ ਸੱਤਯ ਰੂਪ ਵਾਲਾ ਹੋ ਗਿਆ ਹੈ, ਉਹ 'ਪ੍ਰਭੂ ਪਾਰਸ' ਨੂੰ ਛੋਹ ਕੇ ਸੋਨਾ ਹੀ ਨਹੀਂ ਹੋਇਆ ਉਹ ਪਾਰਸ ਹੋ ਗਿਆ ਹੈ, ਉਸ ਦਾ ਸਪਰਸ਼ ਪਾਰਸ-ਛੋਹ ਵਰਗਾ ਤਾਰਨਹਾਰ ਹੈ।

ਭਾਈ ਸਿਖੋ! ਉਹ ਗੁਰਮੁਖ ਹਉਂ ਤਿਆਗ ਕੇ ਕੋਈ ਨਿਖੇਧੀ ਪੱਖ ਵਿਚ ਸੁੰਨ ਨਹੀਂ ਹੋ ਗਿਆ, ਉਹ ਵਾਹਿਗੁਰੂ ਅਕਾਲ ਪੁਰਖ ਦੀ ਭਗਤੀ ਵਿਚ ਵਾਹਿਗੁਰੂ ਨੂੰ ਭਾ ਰਿਹਾ, ਪਿਆਰਾ ਲਗ ਰਿਹਾ ਹੈ। ਉਸ ਦੇ ਦੁਖ ਪਾਪ ਸਭ ਦੂਰ ਹੋ ਚੁਕੇ ਹਨ। ਉਹ ਦਿਨ ਰਾਤ ਸੱਚੇ ਅਨੰਦ ਤੇ ਸੱਚੀ ਖੁਸ਼ੀ ਵਿਚ ਖਿੜ ਰਿਹਾ ਹੈ। ਸੋ ਭਾਈ ਸਿਖੋ! ਸਮਝ ਲਓ ਕਿ ਤੁਸੀਂ ਬੀ ਜੇ ਸੱਚੇ ਨਾਮ ਨੂੰ ਗੁਰੂ ਤੋਂ ਪ੍ਰਾਪਤ ਕਰ ਲਿਆ ਹੈ ਤਾਂ ਤੁਸਾਨੂੰ 'ਸੱਚ' ਦਿੱਸ ਪਿਆ ਹੈ ਯਾ ਗੁਰੂ ਤੁਹਾਨੂੰ ਦਿਖਾ ਦੇਵੇਗਾ, ਇਸ ਨਾਲ ਤੁਸੀਂ 'ਸੱਚ ਮਨੇ' ਹੋ ਜਾਓਗੇ। ਤੁਸੀਂ ਪੁੱਛੋਗੇ 'ਸੱਚ ਮਨਾ' ਹੋਣਾ ਕੀਹ ਹੁੰਦਾ ਹੈ? ਭਾਈ ਆਸਾ ਦੀ ਵਾਰ ਵਿਚ ਗੁਰੂ ਬਾਬੇ ਦਾ ਇਹ ਸਲੋਕ ਸੁਣ ਲਓ :-

ਮ: ੧॥

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨੁ ਰਹਸੀਐ ਤਾਂ ਪਾਏ ਮੋਖ ਦੁਆਰੁ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥
ਧਰਤਿ ਕਾਇਆ ਸਾਧਿਕੈ
ਵਿਚਿ ਦੇਇ ਕਰਤਾ ਬੀਉ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥
ਸਚੁ ਤਾ ਪਰੁ ਜਾਣੀਐ
ਜਾ ਆਤਮ ਤੀਰਥਿ ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿਕੈ ਬਹਿ ਰਹੈ ਕਰੇ ਨਿਵਾਸੁ॥
ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥

ਐਸੇ 'ਸਚ ਮਨੇ' ਪੁਰਖ ਨੂੰ ਕੋਈ ਮੈਲ ਨਹੀਂ ਲੱਗ ਸਕਦੀ। ਏਥੇ ਮੁੱਕੀ ਦੂਜੀ ਪਉੜੀ।

ਤੀਸਰੀ ਵਿਚ ਸਤਿਗੁਰੂ ਜੀ ਸਤਿਸੰਗ ਦਾ ਉਪਦੇਸ਼ ਕਰਦੇ ਹਨ ਕਿ 'ਨਾਮ ਤੀਰਥ' ਦੇ ਇਸ਼ਨਾਨ ਤੋਂ ਪਹਿਲੋਂ ਸਤਿਸੰਗਤ ਰੂਪੀ ਸਰੋਵਰ ਵਿਚ ਇਸ਼ਨਾਨ ਕਰੋ। ਸਤਿਸੰਗੀ ਮਿੱਤ੍ਰਾਂ ਦਾ ਮਿਲਾਪ ਜੋ ਸਤਿਸੰਗ ਦੇ ਪ੍ਰਯੋਜਨ ਲਈ ਕਰਨਾ ਹੈ ਉਹ ਪੂਰਾ ਇਸ਼ਨਾਨ ਹੈ ਕਿਉਂਕਿ ਜੀਵ 'ਸੰਗ' ਤੋਂ 'ਰੰਗ' ਪਕੜਦਾ ਹੈ। ਸਤਿਸੰਗ ਤੋਂ ਸੱਚੇ ਰਾਹ ਦਾ ਰੰਗ ਪਕੜੇਗਾ। ਪਹਿਲਾਂ ਕੰਮ ਉਹ ਕੀ ਕਰੇਗਾ ਕਿ ਵਾਹਿਗੁਰੂ ਦੇ ਗੁਣ ਗਾਇਨ ਵਾਲਿਆਂ ਨਾਲ ਮਿਲਕੇ (ਗੁਰੂ ਕੇ ਉਚਾਰੇ) ਸੁਹਾਵਣੇ ਸ਼ਬਦਾਂ ਦੁਆਰਾ ਵਾਹਿਗੁਰੂ ਦੇ ਗੁਣ ਗਾਏਗਾ।

ਇਸ ਤਰ੍ਹਾਂ ਸੱਚੇ (ਵਾਹਿਗੁਰੂ) ਦੀ ਸਲਾਹੁਤ ਕਰਨੇ ਨਾਲ ਤੇ ਗੁਰੂ ਦਾ ਉਪਦੇਸ਼ ਮੰਨ ਲੈਣ ਨਾਲ ਜੀਵ ਪੁੰਨ ਦਾਨ ਤੇ ਦਇਆ ਮਤੀਆ ਹੋ ਜਾਂਦਾ ਹੈ, ਭਾਵ ਉਸ ਦੇ ਅੰਦਰ ਜੋ ਨਿਰਮਲਤਾ ਆਈ ਹੈ ਉਹ ਉਸ ਦੇ ਸੁਭਾਵ ਨੂੰ ਪ੍ਰਤੱਖ ਵਰਤਾਰੇ ਵਿਚ ਬੀ ਦੂਸਰਿਆਂ ਤੇ ਦਿਆਲੂ ਤੇ ਦਾਤਾ ਬਣਾ ਦੇਂਦੀ ਹੈ, ਉਸ ਦੇ ਅੰਦਰ ਕੀਹ ਹੁੰਦਾ ਹੈ? ਉਸ ਨੂੰ ਅੰਤਰ ਆਤਮੇ ਪਿਆਰੇ ਵਾਹਿਗੁਰੂ ਦੇ ਨਾਲ ਹਰ ਵੇਲੇ ਰਹਿਣਾ ਹੀ ਚੰਗਾ ਲਗਦਾ ਹੈ। ਉਹ ਸਹਿਜ ਅਵਸਥਾ ਵਿਚ ਟਿਕਿਆ ਮਾਨੋਂ ਇਸਨਾਨ ਕਰ ਰਿਹਾ ਹੈ, ਇਹ ਇਸ਼ਨਾਨ 'ਸਚ ਹੀ ਸਚ ਸਰੂਪ' 'ਤ੍ਰਿਬੇਣੀ ਸੰਗਮ' ਦਾ ਇਸ਼ਨਾਨ ਹੈ। ਜੈਸਾ ਕਿ ਗੁਰੂ ਜੀ ਨੇ ਫ਼ਰਮਾਯਾ ਹੈ।

ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰ ਗਤਿ ਤੀਰਥਿ ਮਲਿ ਨਾਉ॥

(ਜਪੁਜੀ)


www.sikhbookclub.com

ਐਉਂ, ਸਤਿਸੰਗ ਨੂੰ ਪ੍ਰਾਪਤ ਹੋਕੇ ਜੋ ਨਿਤ ਸੱਚੇ ਇਕੋ ਇਕ ਅਕਾਲ ਪੁਰਖ ਦੀ ਅਰਾਧਨਾਂ ਕਰਦੇ ਹਨ; ਉਨ੍ਹਾਂ ਨੂੰ ਓਹ ਸਭੋ ਕੁਛ ਦੇਂਦਾ ਹੈ। ਇਕ ਵਾਰੀ ਹੀ ਨਹੀਂ ਦੇ ਕੇ ਬੱਸ ਕਰ ਜਾਂਦਾ, ਨਿਤ ਦੇਂਦਾ ਹੈ ਤੇ ਹਰ ਚੜ੍ਹੇ ਸੂਰਜ ਉਨ੍ਹਾਂ ਦਾ ਪ੍ਰਤਾਪ ਸਵਾਇਆ ਹੋ ਕੇ ਵਧਦਾ ਹੈ। ਹੇ ਮਿਤ੍ਰ (ਜੋ ਸੰਤਾਂ ਦੀ ਸੰਗਤਿ ਕਰਦੇ ਹਨ ਓਹ ਇਸ) ਸੰਗ ਦੁਆਰਾ ਮੁਕਤੀ ਨੂੰ ਪਾ ਲੈਂਦੇ ਹਨ, ਕਿਉਂਕਿ ਵਾਹਿਗੁਰੂ ਉਨ੍ਹਾਂ ਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਉਨ੍ਹਾਂ ਨੂੰ ਆਪਣੇ ਮੇਲ ਵਿਚ ਮੇਲ ਲੈਂਦਾ ਹੈ।

ਹੁਣ ਸਾਧ ਸੰਗਤਿ ਜੀ! ਗੁਰੂ ਨਾਨਕ ਦੇਵ ਜੀ ਚੌਥੀ ਪਉੜੀ ਵਿਚ ਫੁਰਮਾਉਂਦੇ ਹਨ, ਦੇਖੋ ਕਿਸ ਨਿੰਮ੍ਰਤਾ ਵਿਚ ਜਾਂਦੇ ਹਨ, ਅਰਸ਼ ਕੁਰਸ਼ ਦੇ ਮਾਲਕ ਹੋਕੇ, ਆਪ ਗੁਰੂ ਜਜੋਤੀ ਹੋ ਕੇ ਫੁਰਮਾਉਂਦੇ ਹਨ ਕਿ ਕਹਿਣ ਨੂੰ ਤਾਂ ਸਭ ਕੋਈ ਵਾਹਿਗੁਰੂ ਜੀ ਦੀ ਵਡਿੱਤ ਬਾਬਤ ਕਹਿੰਦਾ ਹੈ, ਪਰ ਉਹ ਕਿੱਡਾ ਕੁ ਵੱਡਾ ਹੈ, ਅਸੀਂ ਕੀਕੂੰ ਆਖੀਏ, ਕਿਉਂਕਿ ਉਸ ਅਨੰਤ ਦੀ ਵਡਿੱਤ ਬੇਹੱਦ ਹੈ ਤੇ ਮੈਂ, ਸਾਹਿਬ ਆਖਦੇ ਹਨ; ਮੂਰਖ ਨੀਵਾਂ ਤੇ ਅਜਾਣ ਹਾਂ, ਬੇਹੱਦ ਨੂੰ ਮੈਂ ਕੀਕੂੰ ਵਰਣਨ ਕਰਾਂ। ਪਰ ਫੇਰ ਦੇਖੋ ਗੁਰੂ ਜੀ ਵਾਹਿਗੁਰੂ ਦੀ ਮਹਿਮਾ ਕਰਦੇ ਹਨ, ਗੁਣ ਗਾਇਨ ਕਰਦੇ ਹਨ ਤੇ ਗੁਣ ਗਾਇਨ ਦੀ ਸੁਮੱਤਿ ਦੇਂਦੇ ਹਨ, ਮਾਨੋ ਆਪ ਕਹਿ ਰਹੇ ਹਨ। ਇਸ ਦੀ ਗੁੰਝਲ ਐਉਂ ਖੋਹਲਦੇ ਹਨ ਕਿ ਮੈਂ ਜੋ ਕੁਛ ਗੁਣ ਗਾਇਨ ਕਰਦਾ ਹਾਂ ਅੰਤ ਲੈਣ ਲਈ ਨਹੀਂ, ਪਰ ਮਨ ਮਾਂਜਣ ਤੇ ਗਜਾਨ ਪ੍ਰਾਪਤੀ ਲਈ। ਉਹ ਬੀ ਜੋ ਮੈਂ ਆਖਦਾ ਹਾਂ ਗੁਰੂ ਦੀ ਅੱਖੀਂ ਦੇਖੀ ਸਾਖੀ ਜੋ ਸਿਖਜਾ ਮੈਨੂੰ ਦੇਂਦੀ ਹੈ ਉਸ ਤੋਂ ਆਪਣੀ ਸਮਝ ਨੂੰ ਸੁਸਿਖਜਤ ਕਰਦਾ ਹਾਂ। ਸਾਖੀ ਦਾ ਅਰਥ ਏਥੇ ਸਿਖਜਾ ਹੈ, ਪਰ ਨਿਰੀ ਉਹ ਸਿਖਜਾ ਨਹੀਂ ਜੋ ਕੇਵਲ ਸਿਖਜਾ ਮਾਤ੍ਰ ਹੁੰਦੀ ਹੈ ਤੇ ਲੋਕੀ ਲਿਖ ਦੇ ਦੇ ਹਨ। ਸਾਖੀ ਦਾ ਅਰਥ ਉਹ ਸਿਖਿਆ ਹੈ ਜੋ ਅੱਖੀਂ ਦੇਖਕੇ ਸਿਖਿਆ ਦੇਂਦਾ ਹੈ। ਮੇਰੇ ਗੁਰੂ ਨੇ ਜੋ ਸਾਮਰਤੱਖ ਦਰਸ਼ਨ ਕੀਤੇ ਹਨ, ਉਸ ਅਪ੍ਰੋਖਜ ਦਰਸ਼ਨ ਤੋਂ ਜੋ ਵਡਿਆਈ ਮੈਨੂੰ ਸਿਖਾਈ ਗਈ ਹੈ, ਮੈਂ ਉਸ ਤੋਂ ਜੋ ਕੁਛ ਸਮਝਿਆ ਹੈ ਸਿਖਿਆ ਹੈ। ਸੋ ਮੇਰੇ ਗੁਰੂ ਦੇ ਸੱਚ ਨੂੰ ਭਾਖ (ਦੇਖਕੇ) ਦਿੱਤੀ ਹੋਈ ਸਿਖਿਆ ਨਾਲ ਮੇਰਾ ਮਨ ਪਤੀਜ ਗਿਆ ਹੈ। ਉਹ ਕੀਹ ਗੱਲ ਗੁਰੂ ਜੀ ਨੇ ਦੱਸੀ ਹੇ ਕਿ ਆਮ ਜੀਵ ਕੂਚ ਕਰਦੇ ਤੇ ਫਿਰ ਪਰਤ ਪਰਤ ਕੇ ਵਿਹੁ ਦੇ ਲੱਦੇ ਹੀ ਆਉਂਦੇ ਜਾਂਦੇ ਦੁਖ ਪਏ ਭਰਦੇ ਹਨ, ਪਰ ਮੇਰਾ ਗੁਰੂ ਸ਼ਬਦ ਦੁਆਰਾ ਆਪਣੇ ਪਾਸ ਆਇਆਂ ਦੀ ਸੱਚੇ ਵਿਚ ਪਹੁੰਚ ਕਰਾ ਦੇਂਦਾ ਹੈ। ਇਸ ਵਿਚ ਕਟਾਖਜ ਹੈ ਕਿ ਲੋਕੀਂ ਪਾਪਾਂ ਰੂਪੀ ਜ਼ਹਿਰ ਦੇ ਭਰੇ ਹੋਏ ਤੀਰਥਾਂ ਤੇ ਜਾਂਦੇ ਹਨ, ਓਥੇ ਜਾ ਕੇ ਨ੍ਹਾ ਧੋ, ਖਾ ਪੀ, ਸੈਰ ਸਪਾਟੇ ਕਰਦੇ ਅਗੇ ਵਾਂਙੂ ਹੀ ਪਾਪ ਪੁੰਨ ਵਿਚ ਵਿਚਰਦੇ ਘਰੀਂ ਮੁੜ ਆਉਂਦੇ ਹਨ, ਜਿਹੇ ਵਿਹੁ ਭਰੇ ਗਏ ਤਿਹੇ ਵਿਹੁ ਭਰੇ ਆ ਗਏ। ਪਰ ਜੇ ਗੁਰੂ ਦੇ ਸ਼ਬਦ ਦੁਆਰਾ ਨਾਮ ਦੀ ਕਮਾਈ ਕਰਦੇ ਤਾਂ ਵਿਸ ਝੜ ਜਾਂਦੀ ਤੇ ਸੱਚੇ ਵਾਹਿਗੁਰੂ ਨੂੰ ਪਾ ਲੈਂਦੇ। ਵਾਹਿਗੁਰੂ ਕਿਤੇ ਦੂਰ ਨਹੀਂ, ਸਾਰੇ ਭਰਪੂਰ ਹੋ ਰਿਹਾ ਹੈ, ਅਰਥਾਤ ਅੰਦਰ ਬਾਹਰ ਸਾਰੇ ਵਜਾਪਕ ਹੈ ਅਤੇ ਉਸ ਦੀ ਭਗਤੀ ਦੇ ਭੰਡਾਰਾਂ ਦਾ ਬੀ ਅੰਤ ਨਹੀਂ ਅਤੇ ਨਾ ਉਸ ਦੇ ਯਸ਼, ਕੀਰਤੀ ਤੇ ਨਾਮ ਉਚਾਰਨ ਦਾ ਕੋਈ ਘਾਟਾ ਹੈ, ਭਾਵ ਉਹ ਭੀ ਅਮੁੱਕ ਹੈ।

ਅੰਤ ਵਿਚ ਆਪ ਪਹਿਲੇ ਹੀ ਗੱਲ ਸਿਧਾਂਤ ਰੂਪ ਵਿਚ ਦ੍ਰਿੜ ਕਰਾਉਂਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇਹ ਸੱਚੀ ਬੇਨਤੀ ਕਹਿੰਦੇ ਹੈਨ ਕਿ ਮਨ ਨੂੰ ਮਾਂਜਿਆਂ ਜੀਵ ਸੱਚਾ ਤੇ ਸੁੱਚਾ ਹੋ ਜਾਂਦਾ ਹੈ। ਮਨ ਮਾਂਜਣ ਨਾਲ ਆਤਮਾ ਸ਼ੁੱਧ ਆਪਣੇ ਸਰੂਪ ਵਿਚ ਆ ਕੇ ਸੱਚ ਸਰੂਪ ਹੋ ਜਾਂਦਾ ਹੈ ਤੇ ਸੱਚ ਸਰੂਪ ਪਰਮਾਤਮਾਂ ਨੂੰ ਪਾ ਲੈਂਦਾ ਹੈ।

ਇਹ ਕੁਛ ਉਚਾਰਦੇ ਆਪ ਜੀ ਚੁੱਪ ਹੋ ਗਏ, ਮੁਹਣੇ ਨੈਣ ਮੁੰਦ ਗਏ, ਚਿਹਰੇ ਦਾ ਰੰਗ ਬਦਲ ਗਿਆ ਕਿਸੇ ਅਰਦਾਸ ਤੇ ਸਿਦਕ ਭਰੀ ਨਿੰਮ੍ਰਤਾ ਦੇ ਭਾਵ ਵਿਚ ਚਲੇ ਗਏ। ਥੋੜੀ ਦੇਰ ਮਗਰੋਂ ਐਉਂ ਜਾਪਿਆ ਕਿ ਕਿਸੇ ਹਜ਼ੂਰੀ ਵਿਚ ਖੜੇ ਹਨ। ਫੇਰ ਉਚਾਰ ਹੋਇਆ :-

(ਗਉੜੀ ਗੁਆਰੇਰੀ ਮਹਲਾ ੪ ਚਉਥਾ ਚਉਪਦੇ)
ੴ ਸਤਿਗੁਰ ਪ੍ਰਸਾਦਿ॥

ਪੰਡਿਤੁ ਸਾਸਤ ਸਿਮ੍ਰਿਤਿ ਪੜਿਆ॥
ਜੋਗੀ ਗੋਰਖੁ ਗੋਰਖੁ ਕਰਿਆ॥
ਮੈ ਮੂਰਖ ਹਰਿ ਹਰਿ ਜਪਿ ਪੜਿਆ॥੧॥
ਨਾ ਜਾਨਾ ਕਿਆ ਗਤਿ ਰਾਮ ਹਮਾਰੀ॥
ਹਰਿ ਭਜੁ ਮਨ ਮੇਰੇ
ਤਰੁ ਭਉਜਲੁ ਤੂ ਤਾਰੀ॥੧॥ਰਹਾਉ॥
ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ॥
ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ॥
ਮੈਂ ਮੂਰਖ ਹਰਿ ਆਸ ਤੁਮਾਰੀ॥੨॥


www.sikhbookclub.com

ਖਤ੍ਰੀ ਕਰਮ ਕਰੇ ਸੂਰਤਣੁ ਪਾਵੈ॥
ਸੂਦੁ ਵੈਸੁ ਪਰਕਿਰਤਿ ਕਮਾਵੈ॥
ਮੈਂ ਮੂਰਖ ਹਰਿਨਾਮੁ ਛਡਾਵੈ॥੩॥
ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ॥
ਗੁਰਮੁਖਿ ਨਾਨਕ ਦੇ ਵਡਿਆਈ॥
ਮੈਂ ਅੰਧੁਲੇ ਹਰਿ ਟੇਕ ਟਿਕਾਈ॥੪॥੧॥੩੯॥

ਸਾਹਿਬ ਆਪਣੇ ਰੰਗ ਰੱਤੇ ਸਹਜਵੀਂ ਸੁਰੀਲੀ ਸੁਰ ਵਿਚ ਗਾਉੜੀ ਰਾਗ ਵਿਚ ਗਾਂਵੀ ਰਾਏ; ਲਿਖਾਰੀ, ਜੋ ਇਨ੍ਹਾਂ ਵੇਲਿਆਂ ਨੂੰ ਸਮਝਦਾ ਸੀ ਨਾਲੋਂ ਨਾਲ ਲਿਖੀ ਗਿਆ ਤੇ ਅਗਲੇ ਦਿਨ ਰਬਾਬੀਆਂ ਨੇ ਇਸਦਾ ਕੀਰਤਨ ਦੀਵਾਨ ਵਿਚ ਗਉੜੀ ਗੁਆਰੇਰੀ ਰਾਗ ਵਿਚ ਕੀਤਾ।

## ੩. ਜੋਗੀ।

**ਆਸਾ** ਦੀ ਵਾਰ ਦਾ ਭੋਗ ਪੈ ਚੁੱਕਾ ਹੈ, ਦੀਵਾਨ ਸਜ ਰਿਹਾ ਹੈ, ਬਾਹਰੋਂ ਆਇਆਂ ਸੰਗਤਾਂ ਨੂੰ ਮੇਵੜਾ ਪੇਸ਼ ਕਰ ਚੁਕਾ ਹੈ ਕਿ ਇਕ ਮੰਡਲੀ ਜੋਗੀਆਂ ਦੀ ਆ ਰਹੀ। ਇਨ੍ਹਾਂ ਨੂੰ ਸ੍ਰੀ ਗੁਰੂ ਜੀ ਨੇ ਆਦਰ ਨਾਲ ਪਾਸ ਬਹਾਲ ਲਿਆ। ਇਹ ਸਿੱਧ ਪ੍ਰੀਖਯਾ ਕਰਨੇ ਆਏ ਸਨ ਕਿ ਦੇਖੀਏ ਚੌਥੇ ਥਾਉਂ ਜੋ ਗੁਰੂ ਨਾਨਕ ਦੇਵ ਦੀ ਗੱਦੀ ਤੇ ਬੈਠਾ ਹੈ, ਉਹੋ ਜਿਹਾ ਕਾਮਲ ਹੈ ਕਿ ਨਹੀਂ! ਥੋੜੀ ਦੇਰ ਬੈਠ ਕੇ ਖੇਮ ਕੁਸ਼ਲ ਪੁਛ ਦੱਸਕੇ ਉਨ੍ਹਾਂ ਦੇ ਵਡਕੇ ਨੇ ਕਿਹਾ : ਸ੍ਰੀ ਜੀਓ ਕੁਛ ਪੁਛਣੇ ਦੀ ਆਗਿਆ ਹੈ? ਤਾਂ ਆਪ ਨੇ ਫੁਰਮਾਇਆ ਜੀ ਸਦਕੇ ਪੁੱਛੋ ਜੋ ਪੁੱਛਣਾ ਹੈ। ਇਹ ਸੁਣ ਕੇ ਹਰਖ ਸਹਿਤ ਹੋਕੇ ਜੋਗੀ ਨੇ ਜੋ ਕੁਛ ਕਿਹਾ ਸੋ ਕਵੀ ਰਾਜ ਭਾਈ ਸੰਤੋਖ ਸਿੰਘ ਜੀ ਨੇ ਐਉਂ ਕਥਨ ਕੀਤਾ ਹੈ :-

ਸ੍ਰੀ ਗੁਰ ਤੁਮਰੀ ਸੰਗਤਿ ਬਿਖੈ।
ਨਹਿ ਅਸ਼ਟਾਂਗ ਜੋਗ ਕਉ ਸਿਖੈਂ।
ਮਨ ਥਿਰ ਹੋਇ ਨ ਜੋਗ ਬਿਹੀਨੇ॥
ਮਨ ਥਿਰ ਬਿਨ ਨਹਿ ਆਤਮ ਚੀਨੇ॥੨੯॥
ਆਤਮ ਜਾਨੈ ਬਿਨਾ ਨ ਜੁਗਤਿ।
ਜੁਗਤਿ ਬਿਨਾ ਕਿਮ ਹੋਹਿ ਨ ਮੁਕਤਿ।
ਮੁਕਤਿ ਬਿਨਾ ਬੰਧਨ ਮਹਿ ਰਹੈ।
ਤੌ ਗੁਰ ਸਿਖੀ ਮਹਿ ਕਿਆ ਲਹੈ॥੩੦॥

ਸਤਿਗੁਰੂ ਜੀ ਨੇ ਉਤਰ ਦਿੱਤਾ :-

ਜੋਗੀ ਜੋ ਮਨ ਜੋੜਦਾ ਹੈ, ਬ੍ਰਿਤੀਆਂ ਨੂੰ ਹੋੜਦਾ ਹੈ, ਇਕ ਸਾਧਨ ਕਰਦਾ ਹੈ। ਇਹ ਸਾਧਨ ਆਪਣੇ ਆਸਰੇ ਸਾਧਨ ਮਾਤ੍ਰ ਹੈ, ਪਰ ਗੁਰੂ ਨਾਨਕ ਦੇਵ ਜੀ ਦਾ ਸਿਖ ਪ੍ਰਾਰਬ੍ਰਹਮ ਪਰਮੇਸ਼ੁਰ ਦਾ, ਜੋ 'ਪ੍ਰਿਅ' ਸਰੂਪ ਆਪ ਹੈ, ਆਸਰਾ ਲੈਂਦਾ ਹੈ। ਇਹ ਟੇਕ ਮਨ ਵਿਚ ਧਾਰ ਕੇ, ਓਸ ਪ੍ਰੇਮ ਸਰੂਪ ਪ੍ਰਭੂ ਦੀ ਮਨ ਵਿਚ ਸੇਧ ਬੰਨ੍ਹਕੇ ਉਸ ਨੂੰ ਪਿਆਰ ਕਰਦਾ ਹੈ। ਪਿਆਰ ਦੇਖੇ ਬਿਨ ਨਹੀਂ ਉਪਜਦਾ। ਪਰ ਜੇ ਪ੍ਰੋਖੇ ਪ੍ਰੀਤਮ ਦਾ ਨਾਮ ਸਿਮਰੀਏ, ਉਸ ਨੂੰ ਯਾਦ ਰਖੀਏ ਤਾਂ ਯਾਦ ਪ੍ਰੇਮ ਬਣ ਜਾਂਦੀ ਹੈ। ਕਿਉਂਕਿ ਯਾਦ ਭਾਵਨਾ ਨਾਲ ਕਰੀਦੀ ਹੈ। ਵਾਹਿਗੁਰੂ ਸਾਰੇ ਵਿਆਪਕ ਹੈ, ਤਨ ਮਨ ਵਿਚ ਰਵ ਰਿਹਾ ਹੈ, ਜਲ ਥਲ ਅਕਾਸ਼ ਪਤਾਲ ਮਹੀਅਲ ਸਾਰੇ ਪਰੀ ਪੂਰਣ ਸਦਾ ਵਿਦਮਾਨ ਹੈ, ਉਸ ਨੂੰ ਆਪਣੇ ਅੰਗ ਸੰਗ ਸਮਝਕੇ ਉਸ ਨੂੰ ਹਾਜ਼ਰਾ ਹਜ਼ੂਰ ਜਾਣਕੇ, ਉਸ ਦੀ ਹਜ਼ੂਰੀ ਵਿਚ ਵੱਸਣਾ ਉਸਦੇ ਸੰਗ ਵਿਚ ਰਹਿਣਾ ਹੈ। ਸੋ ਸਿਖ ਯਾਦ ਤੇ ਹਜ਼ੂਰੀ ਵਿਚ ਵੱਸਣ ਦੀ ਲੱਖਤਾ ਵਿਚ ਆ ਜਾਂਦਾ ਹੈ। ਫਿਰ ਉਸ ਦੀ ਬ੍ਰਿਤੀ ਵਿਚ ਪਰਮਾਤਮ ਦੇ ਵ, ਜੋ ਵਿਆਪਕ ਹੈ, ਵਿਆਪਕ ਲਖੀਣ ਲੱਗ ਜਾਂਦਾ ਹੈ। ਇਹ ਬ੍ਰਿਤੀਆਂ ਆਪੇ ਹੀ ਏਕਾਗਰ ਇਸ ਨੁਕਤੇ ਉਤੇ ਟਿਕੀਆਂ ਹਰ ਪਾਸੇ ਧਾਵਣੋਂ ਰੁਕ ਜਾਂਦੀਆਂ ਹਨ। ਸੋ ਤੁਸੀਂ ਸਮਝ ਲਓ ਕਿ ਇਉਂ ਤੁਹਾਡੇ ਹਿਸਾਬ ਹੀ ਅਸਲ ਯੋਗ, ਚਿਤ ਬ੍ਰਿਤੀ ਦੀ ਨਿਰੁੱਧਤਾ ਵਾਲਾ ਯੋਗ, ਹੋ ਗਿਆ ਕਿ ਨਾਂ? ਜੋ ਮਨ ਇਕ ਪਾਸੇ ਲਗਾ ਰਹਿੰਦਾ ਹੈ, ਤੇ ਸਦਾ ਜੀਉਂਦੇ ਵਿਚ ਲਗਾ ਰਹਿੰਦਾ ਹੈ, ਉਹ ਉਸਦੇ ਅਨੁਰਾਗ ਵਿਚ ਹੋਣ ਕਰਕੇ ਸੁਤੇ ਹੀ ਸਰਬ ਓਰ ਤੋਂ ਸਹਿਜ ਬੈਰਾਗ ਵਿਚ ਰਹਿੰਦਾ ਹੈ; ਜੋ ਚਿਤ ਸੁਤੇ ਬੈਰਾਗ ਵਿਚ ਹੈ, ਤੇ ਸਾਈਂ ਨਾਲ ਜੁੜ ਰਿਹਾ ਹੈ ਉਹ ਨਿਰੁੱਧ ਹੀ ਹੈ। ਇਸ ਤਰ੍ਹਾਂ ਪ੍ਰੇਮ ਭਾਵਨਾ ਨਾਲ ਸਾਈਂ ਤੇ ਟਿਕ ਟਿਕ ਕੇ ਜੋ ਨਿਰੁੱਧ ਹੋਇਆ ਹੈ; ਉਸ ਉਤੇ ਸਾਂਈਂ ਆਪ ਆਪਣੀ ਕ੍ਰਿਪਾ ਕਰੇਗਾ। ਉਹ 'ਪ੍ਰਿਅ' ਸਰੂਪ ਹੈ, ਉਸ ਨੂੰ ਪ੍ਰੇਮੀਆਂ ਨਾਲ ਪਜਾਰ ਸੁਤੇ ਹੀ ਹੈ, ਸੋ ਉਹ ਉਹਨਾਂ ਨੂੰ ਆਪਣੇ ਵਿਚ ਖਿੱਚ ਲਏਗਾ। ਉਹ ਸਾਈਂ ਨੂੰ ਪ੍ਰਾਪਤ ਹੋਏ ਸਾਂਈਂ ਨੂੰ ਜਾਣ ਬੀ ਲੈਣਗੇ, ਉਸ ਵਿਚ ਸਮਾਈ ਬੀ ਪਾ ਲੈਣਗੇ, ਕਿਉਂਕਿ ਸਾਮਰਤਖ


www.sikhbookclub.com

ਜਾ ਜਾ ਮਿਲੇ ਤੇ ਮੇਲ ਲਏ ਗਏ ਮੇਲਣਹਾਰ ਦੀ ਅਨੁਗ੍ਰਹਿ ਨਾਲ। ਇਸ ਅਵਸਥਾ ਨੂੰ ਤੁਸੀਂ ਆਪੇ ਕਹੋਗੇ ਕਿ ਮੁਕਤੀ ਹੈ ਯਾ ਨਹੀਂ।

ਤਾਂ ਸਿਧ ਨੇ ਇਕ ਲੰਮਾ ਸਾਹ ਲੈ ਕਿ ਕਿਹਾ : ਹਾਂ ਜੀਓ ਇਹ ਮੁਕਤਿ ਦੀ ਹੀ ਅਵਸਥਾ ਹੈ, ਨਿਰਸੰਸੇ ਮੁਕਤੀ ਹੈ। ਸਾਡੇ ਸ਼ਾਸਤ੍ਰ ਵਿਚ ਬੀ 'ਈਸ਼੍ਵਰ ਭਗਤੀ' ਮੁਕਤੀ ਦਾ ਇਕ ਮਾਰਗ ਮੰਨਿਆ ਹੈ ਅਰ ਉਸ ਨੂੰ ਈਸ਼੍ਵਰ ਅਨੁਗ੍ਰਹ ਹੋ ਜਾਣ ਦੇ ਕਾਰਨ ਨਿਰਵਿਘਨ ਦੱਸਿਆ ਹੈ। ਉਸ ਦਾ ਸਾਧਨ ਬੀ ਪ੍ਰਣਵ (ਨਾਮ) ਦਾ ਜਾਪ ਹੈ। ਬਾਕੀ ਹਠਯੋਗ ਤੇ ਵਿਚਾਰ ਕਈ ਵੇਰ ਹੋ ਚੁਕੀ ਹੈ।

ਪਰ ਮੈਂ ਆਪ ਤੋਂ ਪੁਛਦਾ ਹਾਂ ਕਿ ਇਹ ਲੋਕ ਗ੍ਰਿਹਸਤੀ ਕਿਵੇਂ ਇਸ ਪ੍ਰੇਮ ਮਾਰਗ ਤੇ ਟੁਰ ਪੈਂਦੇ ਹਨ? ਕੰਮ ਕਾਜ ਕਰਦੇ ਹਨ ਕਿ ਏਹ ਈਸ਼੍ਵਰ ਚਿੰਤਨ ਕਰਦੇ ਹਨ?

ਸ੍ਰੀ ਗੁਰੂ ਜੀ-ਜੋਗੇਂਦ੍ਰ ਜੀਓ! ਗੁਰੂ ਬਾਬੇ ਨੇ ਫੁਰਮਾਇਆ ਹੈ : ਜਗਤ ਵਿਚ ਦੁਖ ਹੈ। ਪਰ ਇਹੀ ਦੁਖ ਦਾਰੂ ਹੈ। ਇਹ ਜੋ ਗ੍ਰਿਹਸਤ ਵਿਚ ਰਹਿੰਦੇ ਹਨ ਇਨ੍ਹਾਂ ਨੂੰ ਪ੍ਰਾਪਤ ਸੁਖਾਂ ਦੇ ਨਾਲ ਦੁਖ ਬੀ ਵਾਪਰਦੇ ਹਨ ਜੋ ਬਨਾਂ ਵਿਚ ਜਾ ਬੈਠੇ ਤਪੱਸੀਆਂ ਨੂੰ ਨਹੀਂ ਵਾਪਰਦੇ। ਇਹ ਗ੍ਰਿਹਸਤੀ ਦੁਖਾਂ ਹੇਠ ਬਹੁਤ ਘਾਬਰਦੇ ਹਨ, ਫੇਰ ਸੁਖ ਦੀ ਭਾਲ ਕਰਦੇ ਹਨ, ਭਾਲ ਕਰਦਿਆਂ ਸਤਿਸੰਗ ਲੱਭ ਪੈਂਦਾ ਹੈ, ਸਤਿਸੰਗ ਵਿਚੋਂ ਇਨ੍ਹਾਂ ਨੂੰ ਉਪਦੇਸ਼ ਮਿਲਦਾ ਹੈ ਕਿ ਦੁਖਾਂ ਤੋਂ ਨਾ ਘਾਬਰੋ, ਇਹ ਕਰਮਾਂ ਦੇ ਫਲ ਹਨ ਤੇ ਪ੍ਰਯੋਜਨ 'ਸਜ਼ਾ' ਨਹੀਂ ਪਰ 'ਸੁਧਾਰ' ਹੈ। ਤੁਸੀਂ ਜੋ 'ਦਿੱਸਦੇ' ਨਾਲ ਪਿਆਰ ਕਰਦੇ ਹੋ 'ਅਣਦਿੱਸਦੇ' ਨਾਲ ਕਰੋ! ਦਾਤਾਂ ਦੇ ਪਿਆਰੇ ਹੋ, ਦਾਤੇ ਦੇ ਪਿਆਰੇ ਬੀ ਹੋ ਜਾਓ। ਤਦ ਇਹਨਾਂ ਨੂੰ ਹਰੀ ਨਾਮ ਤੇ ਹਰੀਕੀਰਤਨ ਦਾ ਮਾਰਗ ਦੱਸੀਦਾ ਹੈ। ਇਹ ਗੁਰੂ ਨਾਨਕ ਦੀ ਸਿਖਿਆ ਹੈ।

ਜੋਗੀ-ਮਨ ਕਿਵੇਂ ਨਿਰਮਲ ਕਰਦੇ ਹਨ?

ਗੁਰੂ ਜੀ-ਇਨ੍ਹਾਂ ਨੂੰ ਸੇਵਾ ਕਰਨੀ ਦੱਸੀਦੀ ਹੈ। ਸਰਬੱਤ ਦਾ ਭਲਾ ਸਿਖਾਈਦਾ ਹੈ! ਇਉਂ ਇਨ੍ਹਾਂ ਦੀ ਸ੍ਵਾਰਥ ਪਰਤਾ ਘਟ ਤੇ ਹਟ ਜਾਂਦੀ ਹੈ। ਮਨ ਬੁਰੇ ਚਿਤਵਨ ਤੋਂ ਹਟਦਾ ਹਟਦਾ ਨਿਰਮਲ ਹੋ ਜਾਂਦਾ ਹੈ! ਦੂਜੇ ਪਾਸੇ ਹਰੀ ਕੀਰਤਨ ਇਨ੍ਹਾਂ ਨੂੰ ਹਰ ਰੋਜ਼ ਉਪਦੇਸ਼ ਦੇਂਦਾ ਹੈ, ਜੋ ਗੁਰੂ ਨਾਨਕ ਦੀ ਪਵਿਤ੍ਰ ਬਾਣੀ ਦਾ ਹੁੰਦਾ ਹੈ। ਸੇਵਾ ਮੋਟੀ ਮੈਲ ਨੂੰ ਹਰਦੀ ਹੈ, ਹਰੀ ਦਾ ਗੁਣ ਗਾਇਨ ਮਨ ਦੀ ਉਸ ਤੋਂ ਸੂਖਮ ਮੈਲ ਨੂੰ ਹਰਦਾ ਹੈ। ਨਾਲੇ ਇਹ ਲੋਕਹਰੀ ਸਿਮਰਨ ਕਰਦੇ ਹਨ। ਹਰੀ ਸਿਮਰਨ ਨਾਲ ਅੰਦਰ ਦੇ ਜਨਮ ਜਨਮਾਂਤ੍ਰਾਂ ਦੇ ਪਾਪ ਮਈ ਸੰਸਕਾਰ ਤੇ ਮਾੜੀਆਂ ਰੁਚੀਆਂ ਨਾਸ਼ ਹੋ ਜਾਂਦੀਆਂ ਹਨ, ਐਉਂ ਮਨ ਨਿਰਮਲ ਹੁੰਦਾ ਹੁੰਦਾ ਸ਼ੁੱਧ ਹੋ ਜਾਂਦਾ ਹੈ। ਜਦ ਆਤਮਾਂ ਹਉਂ ਤੋਂ ਸ਼ੁਧਤਾ ਨੂੰ ਪ੍ਰਾਪਤ ਹੋ ਜਾਂਦਾ ਹੈ ਤਾਂ 'ਪਰੀ ਪੂਰਣ ਸ਼ੁਧ' ਜੀ ਉਸ ਸ਼ੁਧ ਆਤਮਾ ਨੂੰ ਆਪਣੇ ਵਿਚ ਸਮਾਈ ਬਖਸ਼ ਦੇਂਦੇ ਹਨ। ਇਸ ਸਾਰੇ ਪੈਂਡੇ ਵਿਚ ਓਹ ਸਤਿਸੰਗ ਤੋਂ ਸਿਖਿਆ ਲੈਂਦੇ ਉਸ ਦੀ ਰਾਖੀ ਵਿਚ ਟੁਰਦੇ ਮੰਜ਼ਲੇ ਜਾ ਚੜ੍ਹਦੇ ਹਨ। ਸੰਸਾਰ ਦੇ ਨਿਤ ਵਾਪਰਦੇ ਦੁਖਾਂ ਕਰਕੇ ਤੇ ਅੰਦਰ ਇਹ ਜਾਗ੍ਰਤ ਆ ਜਾਣ ਕਰਕੇ ਉਨ੍ਹਾਂ ਦਾ ਮਨ ਸੁਤੇ ਤੇ ਸਹਿਜ ਬੈਰਾਗ ਵਿਚ ਰਹਿੰਦਾ ਹੈ। ਜਲ ਵਿਚ ਕਮਲ ਵਾਂਙੂ ਅਲੇਪ ਰਹਿੰਦੇ ਵਾਹਿਗੁਰੂ ਰੂਪੀ ਸੂਰਜ ਦੇ ਸਹਿਜ ਧਿਆਨ ਵਿਚ ਝੂੰਮਦੇ ਰਹਿੰਦੇ ਹਨ। ਓਹ ਫੇਰ ਪਰਮਾਤਮਾ ਸਰੂਪ ਵਿਚ ਤਦਰੂਪ ਹੋਏ ਵਿਆਪਕ ਦੀ ਲੱਖਤਾ ਕਹੋ, ਦਰਸ਼ਨ ਕਹੋ, ਵਿਚ ਹੁੰਦੇ ਹਨ; ਅਰਥਾਤ ਜਿਵੇਂ ਓਹ ਅੰਦਰ ਆਪਣੇ ਪਰਮਾਤਮ ਲੱਖਤਾ ਵਿਚ ਹੁੰਦੇ ਹਨ ਤਿਵੇਂ ਬਾਹਰ ਦਿਸਦੇ ਵਸਦੇ ਜਗਤ ਵਿਚ ਉਸ ਨੂੰ ਵਿਆਪਕ ਲਖਕੇ ਖਿੜੇ ਜੀਵਨ ਵਿਚ ਜੀਉਂਦੇ ਹਨ।

ਵਡਾ ਜੋਗੀ ਬੋਲਿਆ :- ਆਪ ਜੀ ਜਗਤ ਵਿਚ ਬੈਠੇ ਜਗਤ ਜੀਵਾਂ ਨੂੰ ਉਪਦੇਸ਼ਦੇ ਹੋ। ਏਹ ਲੋਕ ਮਾਇਆ ਧਾਰੀ ਬੜੇ ਮਤਲਬੀ ਹੁੰਦੇ ਹਨ। ਏਹ ਤਾਂ ਹੀ ਕਿਸੇ ਦੇ ਮਗਰ ਲਗਦੇ ਹਨ ਜੇ ਇਨ੍ਹਾਂ ਨੂੰ ਕੋਈ ਸਿੱਧੀ, ਕਰਾਮਾਤ ਦਿਖਾਓ ਤਾਂ। ਇਹ ਮਤਲਬੀ ਲੋਕ ਅਕਸਰ ਸਿੱਧਾਂ ਸਾਧੂਆਂ ਪੀਰਾਂ ਆਦਿ ਪਾਸ ਉਨ੍ਹਾਂ ਦੀਆਂ ਸਿੱਧੀਆਂ ਤੇ ਕਰਾਮਾਤਾਂ ਤੋਂ ਸੰਸਾਰਕ ਲਾਭ ਲੈਣ ਲਈ ਆਉਂਦੇ ਹਨ! ਜੇ ਸਾਧੂ ਨੇ ਕੋਈ ਸਿਧੀਆਂ ਰਿਧੀਆਂ ਵਾਲੀ ਸ਼ਕਤੀ ਪੈਦਾ ਨਹੀਂ ਕਰ ਲਈ ਤਾਂ ਏਹ ਲੋਕ ਸ਼ਰਧਾ ਧਾਰਨ ਨਹੀਂ ਕਰਦੇ। ਸਿੱਧੀਆਂ ਕਰਾਮਾਤਾਂ ਹਠ ਯੋਗ ਸਾਧੇ ਬਿਨਾਂ ਪ੍ਰਾਪਤ ਨਹੀਂ ਹੁੰਦੀਆਂ। ਸਿਧੀਆਂ ਯਾ ਤਾਂ ਪਿਛਲੇ ਜਨਮ ਤੋਂ ਆਉਂਦੀਆਂ ਹਨ ਯਾ ਯੋਗ ਸਾਧਨ ਨਾਲ, ਯਾ


www.sikhbookclub.com

ਸਿਧੀ ਔਖਧੀ ਵਿਚ ਹੁੰਦੀ ਹੈ[੨੫੫]। ਸੋ ਇਹੀ ਸਿਧੀ ਤਾਂ ਵੈਦਾਂ ਦੇ ਘਰ ਵਸਦੀ ਹੈ, ਤੇ ਜਨਮ ਵਿਚ ਪਿਛੋ ਆਈ ਸਿਧੀ ਕਿਤੇ ਕਿਤੇ ਵਿਰਲੇ ਥਾਂ ਹੁੰਦੀ ਹੈ। ਬਾਕੀ ਰਹੀ ਸਿਧੀ ਜੋ ਯੋਗਸਾਧਨਾਂ ਨਾਲ ਪ੍ਰਾਪਤੀਯ ਹੈ, ਉਸ ਲਈ ਯੋਗ ਸਾਧਨਾਂ ਜ਼ਰੂਰੀ ਹਨ।

ਸ੍ਰੀ ਗੁਰੂ ਜੀ-ਸਚ ਕਿਹਾ ਨੇ ਸਿਧ ਜੀ! ਪਰ ਜੀਉ ਵਿਚਾਰ ਕਰੋ, ਇਹ ਜੋ ਯੋਗ ਸ਼ਾਸਤ੍ਰਾਂ ਦਾ 'ਵਿਭੂਤੀ ਪਦ' ਹੈ, ਹੈ ਤਾਂ ਸ਼ਕਤੀ ਪ੍ਰਾਪਤੀ ਦਾ ਸਾਧਨ ਪਰ ਇਹੋ ਹੀ ਮੁਕਤਿ ਮਾਰਗ ਦਾ ਪ੍ਰਤਿਬੰਧਕ ਹੋ ਜਾਂਦਾ ਹੈ। ਕਿੰਨੇ ਕੁ ਯੋਗ ਸਾਧਕ ਆਪ ਨੂੰ ਮਿਲੇ ਹਨ ਜੋ ਵਿਭੂਤੀਆਂ ਤੋਂ ਬੀ ਵੈਰਾਗ ਕਰਕੇ ਕੇਵਲ ਮਾਰਗ ਤੇ ਟੁਰਦੇ ਹਨ। ਯੋਗੇਂਦ੍ਰ ਜੀ! ਜੀਕੂੰ ਗ੍ਰਿਹਸਤੀ ਨੂੰ ਮਾਇਆ ਦਾ ਪ੍ਰੇਮ ਨਹੀਂ ਉਠਣੇ ਦੇਂਦਾ, ਹਠਯੋਗੀ ਨੂੰ ਵਿਭੂਤੀਆਂ ਦਾ ਪ੍ਰੇਮ ਫਸਾ ਲੈਂਦਾ ਹੈ। ਪਰਮੇਸ਼ੁਰ ਦੇ ਪਿਆਰੇ ਵਿਚ ਕਿਉਂ ਲਾਲਸਾ ਹੋਵੇ ਕਿ ਮੈਂ ਕਿਸੇ ਵਲ ਛਲ ਨਾਲ, ਚਾਹੇ ਉਹ ਸਿਧੀਆਂ ਦਾ ਹੋਵੇ, ਜਗਤ ਨੂੰ ਆਪਣੇ ਮਗਰ ਲਾਵਾਂ ਤੇ ਵੱਸ ਕਰਾਂ। ਜੇ ਕੋਈ ਜਗਜਾਸੂ ਪਰਮੇਸ਼ੁਰ ਦਾ ਢੂੰਡਾਊ ਆ ਜਾਵੇ ਤਾਂ ਉਸ ਨੂੰ 'ਸਤਜ ਉਪਦੇਸ਼' ਦੇਵੇ। ਉਹ ਮਗਰ ਲੱਗੇ ਯਾ ਨਾ ਲੱਗੇ, ਉਸ ਦਾ ਭਾਗ ਤੇ ਉਸ ਨੂੰ ਉਸਦੀ ਨੀਯਤ ਦਾ ਫਲ। ਸਾਧੂ, ਸੰਤ, ਮਹਾਤਮਾ, ਯੋਗੀ, ਸਿਧ, ਫਕੀਰ ਪੀਰ ਕਦੇ ਕਿਸੇ ਨੂੰ ਸੱਤਜ ਦੀ ਸਿਧੀ ਲੀਕ ਤੋਂ ਇਧਰ ਉਧਰ ਹੋਕੇ, ਵਲ ਪਾਕੇ, ਉਪਦੇਸ਼ ਨਾ ਕਰੇ। ਤੁਸੀਂ ਗੁੱਸਾ ਨਾ ਕਰਨਾ, ਪ੍ਰਤੱਖ ਦੇਖ ਲਓ ਕਿ ਜੋਗੀ ਲੋਕ ਹੁਣ ਲੋਕਾਂ ਨੂੰ ਸਿੱਧੀਆਂ ਨਾਲ ਕਿ ਸਿੱਧੀਆਂ ਦੇ ਦਿਖਾਵਿਆਂ ਨਾਲ ਪ੍ਰੇਰਦੇ, ਡਰਾਉਂਦੇ, ਲੁਭਾਉਂਦੇ ਆਪਣੇ ਮਗਰ ਲਾਉਂਦੇ ਹਨ। ਆਪਣੀ ਕਿ ਉਹਨਾਂ ਦੀ ਕਲਜਾਣ ਲਾਂਭੇ ਰਹਿ ਜਾਂਦੀ ਹੈ। ਉਂਵ ਹੀ ਜਦ ਜੋਗੀ ਜੋਗ ਮਾਰਗ ਤੇ ਟੁਰਦਾ ਹੈ ਤਾਂ ਹਠ ਸਾਧਨਾਂ ਵਿਚ ਸਰੀਰਕ ਅਰੋਗਤਾ ਯਾ ਉਮਰ ਲੰਮੀ ਕਰਨ ਦੇ ਸਾਧਨਾਂ ਵਿਚ ਰਹਿ ਜਾਂਦਾ ਹੈ, ਫੇਰ ਜਗਤ ਵਸ਼ੀਕਰਨ ਵਿਚ। ਮੁਕਤਿ ਮਾਰਗ ਤਾਂ ਲਾਂਭੇ ਹੀ ਰਹਿ ਜਾਂਦਾ ਹੈ। ਦੇਖ ਲਓ ਨਜ਼ਰ ਪਸਾਰ ਕੇ, ਕਿੰਨੇ ਉਪੱਦ੍ਰਵ ਜਗਾ ਜਗਾ ਪਏ ਹੁੰਦੇ ਹਨ। ਫੇਰ ਕਲਜੁਗ ਦਾ ਸਮਾਂ ਹੈ, ਸਰੀਰਕ ਬਲ ਘਟ ਗਏ ਹਨ, ਹਠ ਯੋਗ ਦੀ ਸਾਧਨਾ ਲਈ ਤਤਿਖਜਾ ਕਰਨ, ਝੱਲਣ ਦੀਆਂ ਤਾਕਤਾਂ ਥੁੜ ਗਈਆਂ ਹਨ। ਹੋਰ ਇਕ ਗਲ ਵੀਚਾਰ ਲਓ। ਜੋਗੀ ਘਰ ਬਾਰ ਛੱਡਕੇ ਅਤੀਤ ਹੋ ਜਾਂਦੇ ਹਨ। ਜੋ ਕੁਛ ਪ੍ਰਾਪਤ ਕਰ ਲੈਂਦੇ ਹਨ ਬਨਾਂ ਵਿਚ ਜਾ ਵਸਦੇ ਹਨ। ਚੰਗੇ ਚੰਗੇ ਲੋਕ ਪ੍ਰਜਾ ਨੂੰ ਸੰਭਾਲਣ ਵਾਲੇ ਬਨੀਂ ਟੁਰ ਗਏ, ਜੋ ਘੱਟ ਚੰਗੇ ਸਨ ਓਹ ਕਿੰਗਰੀਆਂ ਲੈਕੇ ਮੰਗਤੇ ਬਣ ਗਏ। ਗ੍ਰਿਹਸਤ ਵਿਚ ਵਸਦੀ ਪਰਜਾ ਭਲਿਆਂ ਤੇ ਚੰਗਿਆਂ ਤੋਜ ਵਾਂਜੀ ਗਈ। ਪੰਡਿਤ ਲੋਕ ਵਾਲਾਂ ਦੀਆਂ ਖੱਲਾਂ ਉਤਾਰਨ ਵਿਚ ਲੱਗ ਪਏ ਹਨ, ਪ੍ਰਜਾ ਵਿਦਜਾ ਵਿਹੂਣੀ ਗਜਾਨ ਵਿਹੂਨੀ ਰਾਖੇ ਤੇ ਆਗੂ ਬਿਨਾਂ ਕੁਰਲਾ ਰਹੀ ਹੈ। ਕਿੰਨੀਆਂ ਸਦੀਆਂ ਹੋ ਗਈਆਂ ਹਨ ਕਿ ਇਕ ਪਠਾਣ ਘਰਾਣਾ ਰਾਜ ਤੇ ਜ਼ੁਲਮ ਕਰਦਾ ਹੈ, ਮਰਦਾ ਹੈ ਤਾਂ ਦੂਜਾ ਉਸ ਦੀ ਥਾਂ ਮੱਲਦਾ ਹੈ ਤੇ ਉਹੋ ਜ਼ੁਲਮ ਬਖੀਲੀ ਕਰਦਾ ਹੈ ਤੇ ਪ੍ਰਜਾ ਦਾ ਹਰ ਬੰਦਾ ਦੁਖ ਭਰਦਾ ਦਿਨ ਪੂਰੇ ਕਰਦਾ ਮਰਦਾ ਹੈ। ਹੁਣ ਮੁਗਲ ਆ ਗਏ ਹਨ ਉਹ ਬੀ ਬਿਦੇਸ਼ੀ ਆਏ ਹਨ। ਤੁਸੀਂ ਲੋਕ ਜੋ ਦਾਨੇ ਹੋ, ਵਿਦਜਾ ਵਾਲੇ ਹੋ, ਸਾਧਨਾਂ ਵਾਲੇ ਹੋ, ਲੋਕਾਂ ਦੇ ਵਿਚੇ ਰਹੋ, ਪ੍ਰਜਾ ਦੇ ਦੁਖ ਸੁਖ ਵੰਡੋ, ਉਨ੍ਹਾਂ ਨੂੰ ਗਜਾਨ ਤੇ ਵਿਦਜਾ ਦਿਓ, ਉਚਿਆਂ ਕਰੋ ਤਾਂ ਸਰਬ ਸਾਧਾਰਣ ਲੋਕ ਬੀ ਆਪਾ ਆਪੇ ਸੰਭਾਲਣ, ਉਚੇ ਦਾਈਏ ਤੇ ਹਿੰਮਤਾਂ ਵਾਲੇ ਬਣਨ, ਆਪਾ ਵਾਰਨਾ ਸਿੱਖਣ, ਸੇਵਾ ਭਾਵ ਵਿਚ ਜੀ ਉੱਠਣ, ਸਰਬਤ ਦਾ ਭਲਾ ਕਰਨਾ ਸਿੱਖਣ, ਵਾਹਿਗੁਰੂ ਜੀ ਦੀ ਟੇਕ ਧਾਰ ਕੇ ਉਸ ਦੇ ਆਸਰੇ ਸਹਿਤ ਮਜ਼ਬੂਤ ਦਿਲਾਂ ਵਾਲੇ ਹੋ ਜਾਣ ਤਾਂ ਪਰਜਾ ਦੀ ਦੁਨੀਆਂ ਵਿਚ ਬੀ ਤੇ ਦੀਨ ਵਿਚ ਬੀ ਕਲਜਾਨ ਹੋਵੇ। ਉਦਾਸ ਨਾ ਹੋਣਾ, ਆਪ ਜੀ ਨੇ ਪ੍ਰਸ਼ਨੋਤਰ ਆਪ ਛੇੜ ਹਨ ਤੇ ਵੀਚਾਰ ਵਿਚ ਇਕੋ ਸੇਧ ਸੱਚਦੀ ਹੁੰਦੀ ਹੈ।

ਜੋਗੀ-ਤੁਸੀਂ ਗੁਰੂ ਨਾਨਕ ਦੇ ਆਸ਼ਯ ਨੂੰ ਠੀਕ ਸਮਝਿਆ ਤੇ ਠੀਕ ਧਾਰਨ ਕੀਤਾ ਹੈ, ਆਪ ਦੇ ਬਚਨਾਂ ਤੇ ਅਸੀਂ ਉਦਾਸ ਨਹੀਂ ਹੁੰਦੇ। ਕਿਉਂਕਿ ਆਪ ਆਪਣੇ ਮਾਰਗ ਤੇ ਠੀਕ ਯਥਾਰਥ ਟੁਰ ਰਹੇ ਹੋ। ਜੋ ਆਦਰਸ਼ ਕੋਈ ਧਾਰਨ ਕਰੇ ਉਸ ਪਰ ਸਾਂਗੋਪਾਂਗ ਟੁਰੇ ਉਹ ਪਰਮ ਸਤਿਕਾਰ ਯੋਗ ਹੈ, ਉਸ ਦੇ ਬਚਨ 'ਅੰਮ੍ਰਿਤ' ਹੁੰਦੇ ਹਨ ਕਿਉਂਕਿ ਜੈਸਾ ਆਪ ਨੇ ਵਚਨ ਕੀਤਾ ਹੈ ਕਿ ਓਹ 'ਸਚ' ਹੁੰਦੇ ਹਨ। 'ਯੋਗੀ ਨੂੰ-'ਕੈਵਲ ਯੋਗੀ' ਨੂੰ ਬੀ 'ਰੀਤੰਬਰਾ ਪ੍ਰਗਜਾ' ਪ੍ਰਾਪਤ ਹੁੰਦੀ ਲਿਖੀ ਹੈ, ਉਹ ਬੁਧੀ ਸਤਜ ਮਈ ਸਤਜ


www.sikhbookclub.com

ਸਰੂਪ ਹੁੰਦੀ ਹੈ। ਸ੍ਰੀ ਗੁਰੂ ਜੀ! ਅਸੀਂ ਜਿਸ ਮਾਰਗ ਤੇ ਟੁਰਕੇ ਸਿਧ ਹੋਏ ਹਾਂ, ਸਾਨੂੰ ਉਹੋ ਸਉਜਦਾ ਹੈ। ਉਸੇ ਨੂੰ ਅਸੀਂ ਪਰਮ ਮਾਰਗ ਸਮਝਦੇ ਹਾਂ। ਗ੍ਰਿਹਸਤ ਵਿਚ ਰਹਿਕੇ ਯੋਗ ਕਮਾਉਣਾ ਸਾਡੇ ਲਈ ਸੰਭਵ ਨਹੀਂ ਹੈ, ਹੁਣ ਸਾਡੀ ਆਦੇਸ਼ ਹੈ, ਅਸੀਂ ਨਿਸਚੇ ਕਰ ਲਿਆ ਹੈ ਕਿ ਤੁਸੀਂ ਗੁਰੂ ਨਾਨਕ ਆਦਰਸ਼ ਦੇ ਧਾਰਣ ਵਿਚ ਨਿਰੇ ਪੂਰੇ ਗੁਰੂ ਨਾਨਕ ਹੋ। ਨਾ ਕੇਵਲ ਜੋਤਿ ਗੁਰੂ ਨਾਨਕ ਦੀ ਹੈ, ਸਰੂਪ ਦੇਹ ਸਾਰਾ ਕੁਛ ਉਹੋ ਦ੍ਰਾ ਉਹੋ ਹੈ। ਇਹ ਕਹਿਕੇ ਆਦੇਸ਼ ਆਦੇਸ਼ ਕਰਦੇ ਯੋਗੀ ਟੁਰ ਗਏ।

(੨) ਲਿਖਤਾ ਮਿਲਦਾ ਹੈ ਕਿ ਇਨ੍ਹਾਂ ਪ੍ਰਤੀਇਕ ਸ਼ਬਦ ਉਚਾਰ ਬੀ ਹੋਇਆ, ਜਿਸ ਦੀ ਪਹਿਲੀ ਸਤਰ ਹੈ, 'ਹਥਿ ਕਰਿ ਤੰਤੁ ਵਜਾਵੈ ਜੋਗੀ'।

ਪਰ ਇਸ ਸ਼ਬਦ ਦੀ ਉਥਾਨਕਾ ਹੋਰਵੇਂ ਜਾਪਦੀ ਹੈ। ਜੋ ਇਸ ਪ੍ਰਕਾਰ ਨਿਤਰ ਆਉਂਦੀ ਹੈ ਕਿ ਇਹ ਜੋਗੀ, ਜਿਨ੍ਹਾਂ ਨਾਲ ਉਪਰ ਕਥਾ ਵੀਚਾਰ ਹੋਈ ਹੈ, ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਏਹ ਗੋਰਖ ਜੀ ਦੇ ਮਤ ਵਾਲੇ ਇਛਾਚਾਰੀ ਯੋਗੀ ਸਨ। ਅਰਥਾਤ ਯੋਗ ਸਾਧਨਾਂ ਸਾਧਕੇ ਆਪਣੇ ਆਪ ਨੂੰ ਚਿਰੰਜੀਵ ਕਰਕੇ ਰਿਧੀਆਂ ਸਿਧੀਆਂ ਵਿਚ ਪ੍ਰਬੀਨ ਹੋਏ ਲੋਕ ਸਨ ਤੇ ਆਪਣੇ ਸਰੂਪ ਇਛਾ ਅਨੁਸਾਰ ਬਦਲ ਲੈਂਦੇ ਸਨ। ਇਹ ਲੋਕ ਕਿੰਗ ਕਿ ਕਿੰਗਰੀਆਂ ਵਜਾ ਕੇ ਦਰ ਦਰ ਗਾਉਂਦੇ ਨਹੀਂ ਫਿਰਦੇ ਸਨ। ਏ ਹ ਜੋਗੀ ਪ੍ਰਬੀਨ ਜੋਗੀ ਤੇ ਇਛਾਚਾਰੀ ਸਨ ਤੇ ਆਪਣੇ ਮਤਿ ਦੇ ਆਚਾਰਯ ਸਨ। 'ਹਥਿ ਕਰਿ ਤੰਤੁ ਵਜਾਵੈ ਜੋਗੀ' ਵਾਲਾ ਸ਼ਬਦ ਕਿਸੇ ਐਸੇ ਜੋਗੀ ਪਰਥਾਇ ਉਚਾਰ ਹੋਇਆ ਹੈ, ਜੁ ਕੁਛ ਗਾਉਣੇ ਵਾਲੇ ਗਵਯੇ ਨਾਲ ਲੈਕੇ ਭਰਥਰੀ, ਗੋਪੀ ਚੰਦ, ਗੋਰਖ ਆਦਿ ਦੀ ਉਸਤਤੀ ਤੇ ਪ੍ਰਸੰਗਾਂ ਦੇ ਗੀਤ ਗਾਉਂਦੇ ਫਿਰਦੇ ਭਿਖਯਾ ਲੈਂਦੇ ਇਕ ਪ੍ਰਕਾਰ ਦਾ ਫਕੀਰੀ ਜੀਵਨ ਬਸਰ ਕਰਦੇ ਸਨ। ਇਨ੍ਹਾਂ ਪਾਸ ਹਠ ਯੋਗ ਦੀਆਂ ਸਾਧਨਾਂ ਯਾ ਰਾਜ ਯੋਗ ਦੇ ਕੋਈ ਉਪਰਾਲੇ ਨਹੀਂ ਸਨ। ਜਿਸ ਪ੍ਰਕਾਰ ਦੇ ਜੋਗੀ ਹੁਣ ਬੀ ਭਰਥਰੀ ਤੇ ਪਿੰਗਲਾਂ ਦੇ ਗੀਤ ਗਾਂਦੇ ਕਿੰਗਾਂ ਵਜਾਉਂਦੇ ਮੰਗਦੇ ਫਿਰਦੇ ਦੇਖੀਦੇ ਹਨ।

ਇਸ ਪ੍ਰਕਾਰ ਦਾ ਕੋਈ ਜੋਗੀ ਕਦੇ ਗੁਰੂ ਜੀ ਪਾਸ ਆਇਆ ਹੈ ਜਿਸ ਪਰਥਾਇ 'ਹਥਿ ਕਰਿ ਤੰਤੁ' ਵਾਲਾ ਸ਼ਬਦ ਉਚਾਰ ਹੋਇਆ ਹੈ। ਇਹ ਜੋਗੀ ਬੀ ਕੁਛ ਚੰਗੇ ਭਾਵ ਵਾਲਾ ਸੀ। ਗੁਰੂ ਜੀ ਨੂੰ ਕੀਰਤਨ ਪ੍ਰੇਮੀ ਦੇਖ ਕੇ ਇਸ ਨੇ ਆਪਣੀ ਕਿੰਗ ਵਜਾ ਕੇ ਗਾਉਣੇ ਸੁਣਾਏ ਤੇ ਉਹ ਸੁਣਕੇ ਸਤਿਗੁਰ ਨੇ ਇਸ ਨੂੰ ਉਪਦੇਸ਼ ਦਿੱਤਾ ਕਿ ਤੁਸਾਡੇ ਗੀਤ ਪਰਮਾਰਥ ਦੇ ਉਪਦੇਸ਼ ਨਹੀਂ ਪਰ ਕਰਾਮਾਤਾਂ ਆਦਿ ਹਾਲਾਂ ਦੇ ਜੀਵਨ ਖੇਲਾਂ ਦੇ ਹਨ ਤੇ ਪ੍ਰਯੋਜਨ ਤੁਸਾਡਾ ਭਿਖਯਾ ਪ੍ਰਾਪਤੀ ਹੈ। ਇਸ ਪ੍ਰਕਾਰ ਦਾ ਉਪਦੇਸ਼ ਦਿੱਤਾ ਹੈ। ਉਹ ਉਪਦੇਸ਼ ਜੋ ਇਸ ਜੋਗੀ ਪਰਥਾਇ ਹੋਇਆ ਇਕ ਸ਼ਬਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ :-

ੴ ਸਤਿਗੁਰ ਪ੍ਰਸਾਦਿ॥

ਮਹਲਾ ੪ ਰਾਗੁ ਆਸਾ ਘਰੁ ੬ ਕੇ ੩॥
ਹਥਿ ਕਰਿ ਤੰਤੁ ਵਜਾਵੈ ਜੋਗੀ
ਥੋਥਰ ਵਾਜੈ ਬੇਨ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ
ਇਹ ਮਨੂਆ ਹਰਿ ਰੰਗਿ ਭੇਨ॥੧॥
ਜੋਗੀ ਹਰਿ ਦੇਹੁ ਮਤੀ ਉਪਦੇਸੁ॥
ਜੁਗੁ ਜੁਗੁ ਹਰਿ ਹਰਿ ਏਕੋ ਵਰਤੈ
ਤਿਸੁ ਆਗੈ ਹਮ ਆਦੇਸੁ॥੧॥ਰਹਾਉ॥
ਗਾਵਹਿ ਰਾਗ ਭਾਤਿ ਬਹੁ ਬੋਲਹਿ
ਇਹੁ ਮਨੂਆ ਖੇਲੈ ਖੇਲ॥
ਜੋਵਹਿ ਕੂਪ ਸਿੰਚਨ ਕਉ ਬਸੁਧਾ
ਉਠਿ ਬੈਲ ਗਏ ਚਰਿ ਬੇਲ॥੨॥
ਕਾਇਆ ਨਗਰ ਮਹਿ ਕਰਮ ਹਰਿ
ਬੋਵਹੁ ਹਰਿ ਜਾਮੈ ਹਰਿਆ ਖੇਤੁ॥
ਮਨੂਆ ਅਸਥਿਰੁ ਬੈਲੁ ਮਨੁ ਜੋਵਹੁ
ਹਰਿ ਸਿੰਚਹੁ ਗੁਰਮਤਿ ਜੇਤੁ॥੩॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ
ਜੋ ਦੇਹੁ ਮਤੀ ਤਿਤੁ ਚੇਲ॥
ਜਨ ਨਾਨਕ ਕੇ ਪ੍ਰਭ ਅੰਤਰਜਾਮੀ
ਹਰਿ ਲਾਵਹੁ ਮਨੂਆ ਪੇਲ॥੪॥੯॥੬੧॥

੧. ਹੇ ਜੋਗੀ! ਤੂੰ ਜੋ ਇਕ ਤੰਤੀ ਦਾ ਸਾਜ਼ ਹਥ ਨਾਲ ਵਜਾ ਰਿਹਾ ਹੈਂ, ਇਹ ਜੋ ਤੇਰੀ ਵੀਣਾਂ (ਕਿੰਗਰੀ) ਹੈ ਥੋਥਾ ਰਾਗ ਵਜਾ ਰਹੀ ਹੈ, ਇਹ ਪਿਰਮ ਰਸ


www.sikhbookclub.com

ਦਾ ਅਸਰ ਪੈਦਾ ਨਹੀਂ ਕਰ ਰਹੀ, ਹੇ ਜੋਗੀ!

੨. ਗੁਰੂ ਦੀ ਮਤ ਲੈ ਕੇ ਹਰੀ ਗੁਣ ਗਾਓ ਤਾਂ ਜੋ ਇਹ ਮਨ ਹਰੀ ਦੇ ਪ੍ਰੇਮ ਵਿਚ ਭਿੱਜ ਜਾਵੇ, ਭਾਵ ਦ੍ਰਵ ਜਾਵੇ।

੩. ਐਉਂ ਜਦ ਤੇਰਾ ਆਪਣਾ ਮਨ ਹਰੀਦੇ ਪ੍ਰੇਮ ਨਾਲ ਰੰਗਿਆ ਜਾਵੇ ਤਾਂ ਤੂੰ ਦੂਸਰਿਆਂ ਨੂੰ ਉਪਦੇਸ਼ ਦੇਹ ਤੇ ਮੱਤਾਂ ਸਿਖਾਲ।

੪. ਹੋਰ ਕਿਸੇ ਦੀ ਪੂਜਾ ਨਾ ਸਿਖਾਲ, ਉਸ ਦਾ ਪ੍ਰੇਮ ਸਿਖਾਲ ਜੋ ਹਰ ਜੁਗ ਵਿਚ ਇਕੋ ਸਦਾ ਸਲਾਮਤ ਇਕੋ ਹੀ ਵਰਤਦਾ ਕਾਇਮ ਰਹਿੰਦਾ ਹੈ। ਅਸੀਂ ਆਪਣੀ ਨਮਸਕਾਰ ਉਸ ਨੂੰ ਕਰਦੇ ਹਾਂ, ਹੋਰ ਨੂੰ ਨਹੀਂ, ਤੂੰ ਬੀ ਉਸੇ ਨੂੰ ਕਰ। ਭਾਵ ਇਹ ਕਿ ਨਿਰਾ ਖੇਲਾਂ ਰੂਪ ਗੀਤਾਂ ਤੇ ਨਾ ਰਹੁ, ਵਾਹਿਗੁਰੂ ਦੀ ਉਪਾਸ਼ਨਾ ਕਰ।

੫ ॥੧॥ਰਹਾਉ॥ਤੂੰ ਰਾਗ ਚੰਗਾ ਗਾਉਂਦਾ ਹੈਂ, ਉਸ ਰਾਗ ਵਿਚ ਤਰ੍ਹਾਂ ਤਰ੍ਹਾਂ ਦੇ ਬੋਲ ਖੋਲਦਾ ਹੈਂ, ਪਰ ਇਹ ਜੋ ਤੇਰਾ ਮਨ ਹੈ, ਉਹ ਉਸ ਵੇਲੇ ਇਕ ਖੇਲ ਕਰ ਰਿਹਾ ਹੁੰਦਾ ਹੈ। ਭਾਵ ਇਹ ਕਿ ਮਨ ਇਕੋ ਸਦਾ ਵਿਅਪਕ ਹਰੀ ਦੇ ਦੁਆਲੇ ਰਾਗ ਨਾਦ ਨਾਲ ਪ੍ਰਕਰਮਾ ਨਹੀਂ ਕਰਦਾ ਉਹ ਤਾਂ ਨਾਟਕ ਦੀ ਤਰ੍ਹਾਂ ਦਾ, ਜਿਨ੍ਹਾਂ ਦਾ ਪ੍ਰਸੰਗ ਗਾ ਰਿਹਾ ਹੈ, ਇਕ ਖੇਲ ਕਰ ਰਿਹਾ ਹੁੰਦਾ ਹੈ; ਕਿਉਂਕਿ ਮਨ ਸੰਕਲਪਾਂ ਵਿਕਲਪਾਂ ਵਿਚ ਜਾ ਰਿਹਾ ਹੁੰਦਾ ਹੈ। ਈਸ਼੍ਵਰ ਪਰਾਇਣ ਕੀਰਤਨ ਵਿਚ ਮਨ ਦਾ ਧ੍ਰਵਾ ਵਾਹਿਗੁਰੂ ਲੋੜੀਂਦਾ ਹੈ ਪਰ ਇਤਰ ਗਾਣਿਆਂ ਲਈ ਮਨ ਦੀ ਸਥਿਰਤਾ ਦੀ ਲੋੜ ਇਕ ਈਸ਼੍ਵਰ ਤੇ ਨਹੀਂ ਹੁੰਦੀ ਸੋ ਮਨ ਖੇਲਦਾ ਰਹਿੰਦਾ ਹੈ।

੬. ਹੇ ਜੋਗੀ ਦੇਖ! ਜੇ ਕੋਈ ਬਲਦ ਜੋਂਦਾ ਹੈ ਵਗਦੇ ਖੂਹ ਅਗੇ ਤਾਂ ਖੂਹ ਚਲ ਪੈਂਦਾ ਹੈ, ਉਸਦਾ ਭਾਵ ਇਹ ਹੁੰਦਾ ਹੈ ਕਿ ਇਸ ਖੂਹ ਚੱਲਣ ਨਾਲ ਧਰਤੀ ਸਿੰਜੀ ਜਾਏਗੀ ਤੇ ਖੇਤੀ ਵਧੇਗੀ, ਪਰ ਜੇ ਉਸ ਉਗੀ ਖੇਤੀ ਨੂੰ ਬੈਲ ਹੀ ਖਾ ਜਾਣ ਤਾਂ ਖੂਹ ਜੋਤਣਾਂ ਬਿਰਥਾ ਗਿਆ। ਤਿਵੇਂ ਤੂੰ ਜੋ ਕੀਰਤਨ ਦਾ ਖੂਹ ਜੋਇਆ, ਮਤਲਬ ਇਹ ਸੀ ਕਿ ਮਨ ਵਿਚ ਦ੍ਰਵਣਤਾ ਆਵੇ ਤੇ ਮਨ ਸਾਂਈਂ ਨਾਲ ਲਗੇ, ਹੋਇਆ ਕੀਹ ਕਿ ਉਸ ਦ੍ਰਵਣਤਾ ਯਾ ਰਾਗ ਦੇ ਰਸ ਨੂੰ ਮਨ ਦੇ ਸੰਕਲਪ ਵਿਕਲਪ ਹੀ ਖਾ ਗਏ!

ਇਥੇ ਸਤਿਗੁਰੂ ਜੀ ਹਰ ਮਤ ਦੇ ਹਰ ਸਮੇਂ ਦੇ ਕੀਰਤਨੀਆਂ ਨੂੰ ਕੀਰਤਨ ਦੇ ਆਦਰਸ਼ ਦਾ ਉਪਦੇਸ਼ ਕਰ ਰਹੇ ਹਨ।

੭. ਹੇ ਜੋਗੀ! ਇਸ ਸਰੀਰ ਨੂੰ ਇਕ ਨਰਾਟੀ ਸਮਝੋ ਇਸ ਦੀ ਜੋ ਧਰਤੀ ਹੈ, ਜੀਵ ਦਾ ਮਨ ਤੇ ਬੁਧੀ, ਉਸ ਵਿਚ ਕਰਮਾਂ ਰੂਪੀ (ਹਲ ਚਲਾਓ ਤੇ) (ਹਰੀ ਨਾਮ) ਰੂਪੀ ਬੀਜ ਬੀਜੋ ਤਾਂ ਉਸ ਵਿਚ ਸਭ ਜੁਗਾਂ ਵਿਚ ਇਕੋ ਵਰਤਣ ਵਾਲਾ ਹਰੀ ਰੂਪੀ ਖੇਤ ਉਪਜੇਗਾ। ਸੋ ਭਾਈ ਇਸ ਵਿਧੀ ਨਾਲ

੮. ਗੁਰੂ ਦੀ ਮਤ ਲੈ ਕੇ ਆਪਣੇ ਮਨ ਨੂੰ ਅਸਥਿਰ ਕਰ ਲਓ-ਟਿਕਾ ਲਓ-ਇਸ ਟਿਕੇ ਮਨ ਨੂੰ ਬੈਲ ਸਮਝ ਕੇ ਖੂਹ ਅਗੇ ਜੋ ਦਿਓ-ਕੀਰਤਨ ਕਰੋ, ਨਾਮ ਜਪੋ-ਇਸ ਨਾਲ ਹਰੀ ਰੂਪੀ ਖੇਤੀ ਨੂੰ ਸਿੰਚੋ ਤਾਂ ਓਹ ਖੇਤੀ ਪਲ ਖਲੋਵੇਗੀ ਭਾਵ ਈਸ਼੍ਵਰ ਪ੍ਰਾਪਤੀ ਹੋ ਜਾਏਗੀ।

੯. ਹੁਣ ਉਸ ਜੋਗੀ ਨੂੰ ਉਪਦੇਸ਼ ਕਰਦੇ ਕਰਦੇ ਆਪ ਜੀ ਅਰਦਾਸ ਵਿਚ ਪੈ ਜਾਂਦੇ ਹਨ। ਆਪਣੇ ਇਕ ਸਦਾ ਥਿਰ ਪ੍ਰੀਤਮ ਨੂੰ ਆਖਦੇ ਹਨ:-

੧੦. ਹੇ ਹਰੀ! ਜੋਗੀ, ਜੰਗਮ ਸਭ ਸ੍ਰਿਸ਼ਟੀ ਤੁਹਾਡੀ ਹੈ, ਜੋ ਮਤਿ ਤੁਸੀਂ ਦਿਓ ਸਾਰੇ ਉਸ ਉਤੇ ਤੁਰਨਗੇ।

੧੧. ਹੇ (ਮੈਂ) ਨਾਨਕ ਦੇ ਅੰਦਰ ਬੈਠੇ ਪ੍ਰੇਰਨਾ ਕਰਨ ਵਾਲੇ ਪ੍ਰਭੂ ਸਾਡੇ ਮਨਾਂ ਨੂੰ (ਅੰਦਰੋਂ ਹੀ) ਪ੍ਰੇਰਕੇ ਆਪਣੇ ਪਜਾਰ-ਖੂਹੇ ਦੇ ਵਗਾਉਣ ਤੇ ਲਗਾ ਲਓ[੨੫੬]।

ਭਾਵ ਇਹ ਹੈ ਕਿ ਗੁਰੂ ਜੀ ਉਪਦੇਸ਼ ਕਰਦੇ ਕਰਦੇ ਇਕ ਨਿੰਮ੍ਰਤਾ ਦੇ ਭਾਵ ਵਿਚ ਆ ਕੇ ਸਾਡੇ ਲਈ ਅਰਦਾਸ ਕਰਦੇ ਹਨ ਕਿ ਹੇ ਹਰੀ! ਤੁਸੀਂ ਸਭ ਅੰਦਰ ਵਸ ਰਹੇ ਹੋ, ਪ੍ਰੇਰਕ ਹੋ, ਸਾਰੇ ਮਨਾਂ ਨੂੰ ਤੁਸੀਂ ਆਪ ਪ੍ਰੇਰਨਾ ਕਰੋ, ਮੈਂ ਕੌਣ ਹਾਂ ਉਪਦੇਸ਼ ਦੇਣ ਵਾਲਾ। ਤੁਸੀਂ ਅੰਦਰੋਂ ਅੰਦਰ ਬੈਠੇ ਪ੍ਰੇਰਨਾ ਕਰ ਦਿਓ ਕਿ ਇਨ੍ਹਾਂ ਦੇ ਮਨ ਆਪ ਦੇ ਚਰਨਾਂ ਵਲ ਪ੍ਰੇਮ ਭਾਵਨਾ ਨਾਲ ਲੱਗ ਪੈਣ।

- ੦ -



www.sikhbookclub.com

# ੪. ਤਪਾ।

ਜੋਗੀਆਂ ਤੋਂ ਛੁਟ ਪਰ ਕੁਛ ਉਨ੍ਹਾਂ ਹੀ ਵਰਗੇ ਉਸ ਸਮੇਂ ਇਕ ਤਪੇ ਹੁੰਦੇ ਸਨ, ਹੁਣ ਬੀ ਓਹ ਹੁੰਦੇ ਹਨ, ਪਰ ਕਿਤੇ ਕਿਤੇ। ਏਹ ਲੋਕ ਪੰਚ ਅਗਨੀਆਂ ਵਿਚ ਬੈਠਕੇ ਧੂਣੀਆਂ ਤਪਦੇ ਜਲਾਂ ਵਿਚ ਘੜੀਆਂ ਬੱਧੀ ਖੜੋਂਦੇ, ਹਾੜ ਦੀਆਂ ਧੁੱਪਾਂ ਦੇ ਉਸ਼ਨ ਤੇ ਪੋਹ ਦੀਆਂ ਕੱਕਰੀਆਂ ਰਾਤਾਂ ਦੇ ਪਾਲੇ ਸਹਾਰਦੇ ਹੁੰਦੇ ਸਨ। ਪਹਿਲੋਂ ਤਾਂ ਭਾਵ ਹੁੰਦਾ ਸੀ ਕਿ ਸਰੀਰ ਨੂੰ ਸਾਧਣਾਂ ਤੇ ਇਸ ਨੂੰ ਵਿਕਾਰਾਂ ਵਿਚ ਪਰਵਿਰਤ ਹੋਣੋਂ ਅਸਮਰਥ ਕਰਨਾ ਹੈ। ਫਿਰ ਹੋ ਗਿਆ ਇਹ ਖਿਆਲ ਕਿ ਤਪ ਨਾਲ ਸਿੱਧੀ ਛੇਤੀ ਪ੍ਰਾਪਤ ਹੁੰਦੀ ਹੈ। ਅੰਤ ਇਹ ਖਿਆਲ ਏਥੇ ਆ ਗਿਆ ਕਿ ਤਪ ਕਰਦਿਆਂ ਦੇਖਕੇ ਲੋਕਾਂ ਵਿਚ ਸਤਿਕਾਰ ਤੇ ਭੈ ਪੈਦਾ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਭਰਮ ਭਾ ਬਣ ਜਾਂਦਾ ਹੈ ਤੇ ਦਿਨ ਆਦਰ ਵਿਚ ਤੇ ਇਕ ਵਡਿਤ ਵਿਚ ਲੰਘਦੇ ਹਨ। ਵਾਹਿਗੁਰੂ ਜੀ ਨਾਲ ਪ੍ਰੇਮ ਕਿ ਚਿਤ ਬ੍ਰਿਤੀ ਦੀ ਨਿਰੁੱਧਤਾ ਤੇ ਉਸ ਤੋਂ ਅਗੇ 'ਕੈਵਲ' ਵਿਚ ਪ੍ਰਵੇਸ਼, ਯਾ ਬ੍ਰਿਤੀਆਂ ਸ਼ੂਨ ਕਰਦੇ ਕਰਦੇ ਪਰਮ ਸ਼ੂੰਨ ਵਿਚ ਸਮਾਈ ਨਹੀਂ ਸਨ ਪ੍ਰਯੋਜਨ ਵਿਚ ਰਖਦੇ। ਏਹ ਲੋਕ ਇਕ ਥਾਂ ਬੈਠੇ ਤਪ ਕਰਦੇ ਕਾਹਲੇ ਬੀ ਪੈ ਜਾਂਦੇ ਸਨ ਤਾਂ ਤੀਰਥ ਯਾਤ੍ਰਾ ਨੂੰ ਤੁਰ ਪੈਂਦੇ ਸਨ। ਮਿਥੇ ਹੋਏ ਪੁਰਬਾਂ ਉਤੇ ਅੰਗੇ ਹੋਏ ਤੀਰਥਾਂ ਤੇ ਨ੍ਹਾਕੇ ਆਪ ਨੂੰ ਕੀਤੇ ਪਾਪਾਂ ਤੋਂ ਰਹਿਤ ਸਮਝਣ ਲਗ ਪੈਂਦੇ ਸਨ। ਕੈਲਾਸ਼-ਮਾਨ ਸਰੋਵਰ, ਕੇਦਾਰ, ਅਮਰਨਾਥ, ਬਦਰੀ ਨਰੈਣ ਤਕ ਬੀ ਦੁਖ ਸੁਖ, ਮੁਸ਼ਕਲਾਂ ਝੱਲਦੇ ਹੋ ਆਉਂਦੇ ਸਨ। ਹਰਿਦ੍ਵਾਰ, ਕਾਸ਼ੀ, ਗੁਦਾਵਰੀ, ਕਟਾਸ, ਰਾਮੇਸ਼੍ਵਰ ਆਦਿ ਦੂਰ ਦੂਰ ਥਾਂਈਂ ਤਾਂ ਬਹੁਤੇ ਫਿਰ ਆਉਂਦੇ ਸਨ ਤੇ ਕਈ ਕਈ ਵਾਰੀ।

ਇਸ ਪ੍ਰਕਾਰ ਦਾ ਇਕ ਦੂਰ ਦੇਸ਼ਾਟਨੀ ਤਪਾ ਗੋਇੰਦਵਾਲ ਆ ਨਿਕਲਿਆ। ਇਹ ਸਾਰੇ ਪ੍ਰਕਾਰ ਦੇ ਤਪ ਕਰ ਚੁਕਾ ਸੀ। ਹੁਣ ਜ਼ਰਾ ਵਡੇਰੀ ਉਮਰ ਹੋਣ ਕਰਕੇ ਇਥੇ ਅੰਨ ਪਾਣੀ ਦਾ ਸੁਤੇ ਸੁਖ ਦੇਖਕੇ ਬਿਆਸਾ ਕਿਨਾਰੇ ਡੇਰਾ ਪਾ ਬੈਠਾ। ਕੁਝ ਚਿਰ ਰਹਿਕੇ ਇਸ ਨੂੰ ਪਤਾ ਪਾਕੇ ਸਮਝ ਪੈ ਗਈ ਕਿ ਇਥੋਂ ਦੇ 'ਸਥਾਨ-ਪਤੀ ਦੇਵ' ਸ੍ਰੀ ਗੁਰੂ ਜੀ ਦੇ ਸਿਖ ਤਪ, ਹਠ, ਜੋਗ, ਤੀਰਥ ਯਾਤ੍ਰਾ ਕੁਛ ਨਹੀਂ ਕਰਦੇ, ਕੇਵਲ ਕੀਰਤਨ ਕਰਕੇ ਆਪਣੇ ਵਿਹਾਰ ਕਾਰ ਕਰਦੇ ਹਨ ਤੇ ਫੇਰ ਸਮਝਦੇ ਹਨ ਕਿ ਅਸੀਂ ਮੁਕਤ ਮਾਰਗ ਤੇ ਟੁਰ ਰਹੇ ਹਾਂ। ਇਸ ਹੈਰਾਨੀ ਨੇ ਉਸ ਨੂੰ ਪ੍ਰੇਰਿਆ ਕਿ ਇਨ੍ਹਾਂ ਸਿਖਾਂ ਦੇ ਆਚਾਰਯ ਜੀ ਨਾਲ ਸਿਧੀ ਗੱਲ ਬਾਤ ਕਰਾਂ, ਪਰ ਕੁਛ ਝਕਦਾ ਰਿਹਾ। ਫਿਰ ਉਹ ਭਾਵ ਉਠਿਆ ਜੋ ਤਿਆਗੀਆਂ ਵਿਚ ਬੀ ਆ ਜਾਂਦਾ ਹੈ, ਜਿਸ ਦਾ ਨਾਉਂ ਹੈ-ਈਰਖਾ; ਕਿ ਮੈਂ ਇਤਨੇ ਉਗ੍ਰ ਤਪ ਕੀਤੇ, ਮੈਂ ਇਤਨੇ ਤੀਰਥ ਨ੍ਹਾਤੇ, ਪ੍ਰਸਿਧ ਧਾਮ ਪਰਸੇ, ਮੇਰੀ ਮਾਨਤਾ ਨਹੀਂ ਬਣੀ, ਇਨ੍ਹਾਂ ਦੀ ਇਤਨੀ ਮਾਤਨਾ ਕਿਉਂ ਹੈ? ਪਹਿਲੀ ਹੈਰਾਨੀ ਤੋਂ ਇਹ ਭਾਵ ਤ੍ਰਿਖਾ ਹੋ ਕੇ ਇਕ ਦਿਨ ਗੁਰੂ ਚਰਨਾਂ ਵਿਚ ਲੈ ਆਇਆ। ਸਭਾ ਲਗ ਰਹੀ ਸੀ, ਤਿਆਗੀ ਪੁਰਖ ਨੂੰ ਆਇਆ ਵੇਖਕੇ ਸਤਿਗੁਰੂ ਜੀ ਨੇ ਆਦਰ ਨਾਲ ਬਿਠਾਇਆ। ਕੁਛ ਦੇਰ ਖੇਮ ਕੁਸ਼ਲ ਪੁੱਛ ਦੱਸਕੇ ਗੁਰੂ ਜੀ ਨੇ ਸੇਵਾ ਟਹਿਲ ਪੁਛੀ ਤਾਂ ਕਹਿਣ ਲੱਗਾ: ਆਪ ਪੂਜਨੀਯ ਹੋ, ਆਪਦੀ ਕ੍ਰਿਪਾ ਦੀ ਅਕਾਂਖਜਾ ਹੈ, ਕੁਛ ਪ੍ਰਸ਼ਨ ਹਨ ਜੇ ਬੇਅਦਬੀ ਨਾ ਹੋਵੇ ਤਾਂ ਪੁਛ ਲਵਾਂ। ਸਤਿਗੁਰਾਂ ਨੇ ਕਿਹਾ ਇਹ ਸਰੀਰ ਵਾਹਿਗੁਰੂ ਦਾ ਰਚਿਆ ਤੇ ਸਾਧ ਸੰਗਤ ਦੇ ਅਰਪਨ ਹੈ, ਆਪਣਾ ਤਾਂ ਕੁਛ ਹੈ ਨਹੀਂ, ਜੀ ਸਦਕੇ ਪੁਛੋ, ਜੋ ਰਬ ਜੀ ਪ੍ਰੇਰਨਾ ਕਰਨਗੇ ਉਚਾਰ ਹੋ ਜਾਸੀ। ਤਦ ਤਪੇ ਨੇ ਪੁਛਣਾ ਕੀਤੀ ਜੋ ਸ੍ਰੀ ਕਵੀ ਸੰਤੋਖ ਸਿੰਘ ਜੀ ਨੇ ਐਉਂ ਲਿਖੀ ਹੈ:-

ਤਪਾ ਕਹਨਿ ਲਾਗਸਿ ਚਿਤ ਚਾਹੂ।
ਭ੍ਰਮਨ ਕਰਜੋ ਬਹੁ ਅਵਨੀ ਮਾਂਹੂ।
ਸਕਲ ਮਤਨ ਕੇ ਸੰਤ ਵਿਸ਼ੇਖੇ।
ਬੇਦ ਪੁਰਾਨ ਸੁਨੇ ਬਹੁ ਦੇਖੇ॥੮॥
ਤੀਰਥ ਬ੍ਰਿੰਦਨ ਜਾਤ੍ਰਾ ਕਰੀ।
ਬਹੁ ਥਲ ਜਲ ਪਾਵਨਤਾ ਧਰੀ।
ਸਿੱਖ ਤੁਮਾਰੇ ਬਹੁ ਅਭਿਮਾਨੀ।
ਸ਼ਾਸਤ੍ਰ ਰੀਤਿ ਨ ਜਾਨੀ ਮਾਨੀ॥੯॥
ਬਰਨਾਸ਼੍ਰਮ ਜਗ ਮਹਿਂ ਸਮੁਦਾਇ।
ਕਰਯੋ ਬੇਦ ਸਭਿ ਕੇ ਮਨ ਭਾਏ।
ਤੁਮਰੇ ਸਿੱਖਜ ਨ ਜਾਨਹਿਂ ਸੋਈ।


www.sikhbookclub.com

ਏ ਸਭ ਰੀਤਿ ਚਲਤਿ ਨਹਿੰ ਕੋਈ॥੧੦॥
ਤੁਮ ਕੋ ਜਾਨਹਿੰ ਪੂਜਨਿ ਠਾਨਿਹਿੰ।
ਤੁਮਰੀ ਬਾਨੀ ਬਦਨ ਬਖਾਨਹਿੰ।
ਵਾਹਿਗੁਰੂ ਕੋ ਸਿਮਰਨ ਕਰਹਿੰ।
ਉਰ ਮਹਿੰ ਧਜਾਨ ਤੁਮਾਰੋ ਧਰਹਿੰ॥੧੧॥
ਤੀਰਥ ਬੇਦ ਪ੍ਰਭਾਵ ਨ ਜਾਨਜੋ।
ਇਨ ਕੋ ਧਰਮ ਸੁਭਾਵ ਨ ਮਾਨਜੋ।
ਕਿਸ ਪ੍ਰਕਾਰ ਸਿੱਖਨ ਗਤਿ ਹੋਵਹਿ।
ਜਨਮ ਆਪਨੋ ਨਿਸਫਲ ਖੋਵਹਿੰ॥੧੨॥

(ਸੂ: ਪ੍ਰ: ਸਫਾ ੧੯੫੨)

ਸ੍ਰੀ ਗੁਰੂ ਜੀ ਬੋਲੇ :

ਸੁਣੋ ਤਪਾ ਜੀ! ਇਹ ਤੀਰਥਾਟਨ ਤੇ ਤਪ ਕਿਸ ਮਨੋਰਥ ਲਈ ਕਰੀਦੇ ਹਨ? ਹਰ ਪ੍ਰੀਸ਼੍ਰਮ ਦਾ ਕੋਈ ਮਨੋਰਥ ਹੁੰਦਾ ਹੈ?

ਤਪੇ ਕਹਜੋ ਕਰਿਕੈ ਬਿਸਤਾਰਾ।
ਤੀਰਥ ਮਜਨ ਫਲਦ ਉਦਾਰਾ।
ਪਾਪ ਖਾਪਤੇ ਆਪ ਸ਼ਨਾਨੇ।
ਕਰਹਿ ਅੰਤ ਕੋ ਸੁਰਗ ਪਿਆਨੇ॥੧੪॥
ਅਨਿਕ ਭਾਂਤਿ ਕੇ ਸੁਖ ਤਹਿੰ ਪਾਵਹਿ
ਪਾਠਿ ਬੇਦਨੁ ਬ੍ਰਹਮ ਲੋਕ ਸਿਧਾਵਹਿ॥

ਤਦ ਗੁਰੂ ਜੀ ਬੋਲੇ-ਸੁਰਗਾਂ ਵਿਚ ਜਾ ਕੇ ਸੁਖਾਂ ਦੇ ਭੋਗ ਭੋਗਣੇ ਆਪ ਨੇ ਇਕ ਪ੍ਰਯੋਜਨ ਦੱਸਿਆ ਹੈ। ਸੋ ਵੀਚਾਰ ਕਰੋ ਓਹ ਸੁਰਗਾਂ ਦੇ ਭੋਗ ਬੀ ਸਦੈਵੀ ਨਹੀਂ ਹੁੰਦੇ, ਇਸ ਸੰਸਾਰ ਦੇ ਸੁਖਾਂ ਵਾਂਙੂ ਅੰਤ ਮੁੱਕ ਜਾਂਦੇ ਹਨ। ਸੋ ਮੁੱਕ ਜਾਣ ਵਾਲੇ ਸੁਖਾਂ ਲਈ ਇਤਨੇ ਕਸ਼ਟ ਝੱਲਣੇ, ਜਿਤਨੇ ਆਪ ਨੇ ਝੱਲੇ ਹਨ, ਬੜਾ ਮਹਿੰਗਾ ਸੌਦਾ ਹੈ। ਅਸੀਂ ਇਸ ਕਰਕੇ ਆਪਣੇ ਸਿਖਾਂ ਨੂੰ, ਜੋ ਜਗਤ ਵਿਹਾਰਾਂ ਵਿਚ ਰਹਿੰਦੇ ਹਨ, ਇਹ ਮਤਿ ਦਿੱਤੀ ਹੈ ਕਿ ਘਰ ਬਾਰ ਛੱਡਕੇ ਤੇ ਤਤਿਖਜਾ ਤੇ ਕਸ਼ਟ ਸਹਾਰ ਕੇ ਮਿਥੇ ਸਮੇਂ ਲਈ ਸੁਰਗੀ ਭੋਗਾਂ ਦੀ ਤ੍ਰਿਸ਼ਨਾ ਤੇ ਵਾਸ਼ਨਾ ਹੀ ਛੱਡ ਦਿਓ। ਇਸ ਦੀ ਥਾਵੇਂ ਵਾਹਿਗੁਰੂ ਪ੍ਰਾਪਤੀ ਨੂੰ ਪ੍ਰਯੋਜਨ ਬਣਾਓ। ਜਿਸ ਪ੍ਰਾਪਤੀ ਵਿਚ 'ਆਤਮ ਸੁਖ' ਪ੍ਰਾਪਤ ਹੁੰਦਾ ਹੈ, ਜੋ ਸਦੈਵੀ ਹੁੰਦਾ ਹੈ ਤੇ ਬਾਰ ਬਾਰ ਜਨਮ, ਸੁਰਗ ਨਰਕ ਦੇ ਫੇਰੇ, ਸੁਖ ਦੁਖ ਦੇ ਝੇੜੇ ਸਭ ਮਿਟ ਜਾਂਦੇ ਹਨ। ਜੀਉਂਦੇ ਜੀ ਹੀ ਆਤਮ ਸੁਖ ਅੰਦਰ ਆ ਵਸਦਾ ਹੈ ਤੇ ਸਰੀਰ ਛੋੜ ਕੇ ਪਰਮਾਤਮਾ ਤੋਂ ਫੇਰ ਵਿਛੋੜਾ ਨਹੀਂ ਹੁੰਦਾ। ਫਿਰ ਆਪ ਨੇ ਕਿਹਾ ਹੈ ਕਿ ਵੇਦ ਪੜ੍ਹਦੇ ਅਸੀਂ ਬ੍ਰਹਮ ਲੋਕ ਵਿਚ ਜਾਂਦੇ ਹਾਂ। ਤਪਾ ਜੀ! ਜਿਨ੍ਹਾਂ ਨੂੰ ਅਸੀ ਮੁਢ ਤੋਂ ਬ੍ਰਹਮ ਦਾ ਧ੍ਰਵਾ ਬੰਨ੍ਹ ਕੇ ਬ੍ਰਹਮ ਪ੍ਰਾਪਤੀ ਪ੍ਰਯੋਜਨ ਥਾਪ ਕੇ ਸਤਿ ਮਾਰਗ ਵਿਚ ਪਾ ਦੇਂਦੇ ਹਾਂ, ਓਹ ਅੰਤ ਬ੍ਰਹਮ ਵਿਚ ਪ੍ਰਾਪਤ ਹੋਣਗੇ, ਕਿਉਂਕਿ ਓਹ ਜੋ ਕੁਛ ਕਰ ਰਹੇ ਹਨ ਬ੍ਰਹਮ ਦੇ ਸਹਜ ਧਯਾਨੀ ਹੋ ਕੇ ਕਰ ਰਹੇ ਹਨ। ਮਨ ਦੀ ਸੇਧ, ਮਨ ਦੀ ਪ੍ਰੀਤ, ਮਨ ਦਾ ਧਯਾਨ, ਮਨ ਦੀ ਲਗਨ ਜਿਸ ਨੂੰ ਹਰ ਛਿਨ ਹਹੀ ਸਿਮਰਨ ਤੁਲਹਾ ਦੇ ਰਿਹਾ ਹੈ, ਆਪਣੇ ਨਿਸ਼ਾਨ ਤੇ ਲੈ ਜਾਏਗੀ। ਤੁਸੀਂ ਆਪ ਹੀ ਦੱਸੋ! ਸਤਯ ਦੇ ਮਾਰਗ ਵਿਚ ਸੱਤਜ ਹੀ ਵਰਤੋਂ ਵਿਚ ਹੋਣਾ ਉਚਿਤ ਹੈ ਕਿ ਨਹੀਂ? ਦੱਸੋ ਇਤਨੇ ਕਸ਼ਟ ਝਾਗ ਕੇ ਤਪ ਕਰਕੇ ਦੇਹੀ ਨੂੰ ਦੁਖ ਦੇ ਕੇ ਤੁਸੀਂ ਬ੍ਰਹਮ ਧਯਾਨੀ ਹੋ ਗਏ ਹੋ? ਕਿ ਤਪ ਦੀ ਉਸ਼ਨਤਾ ਤੇ ਤਤਿਖਯਾ ਦੇ ਕਸ਼ਟਾਂ ਨੇ ਮਨ ਨੂੰ ਇਕ ਕਾਹਲ ਜੇਹੀ ਵਿਚ ਤੇ ਛੇਤੀ ਨਾਲ ਤਿਲਕ ਪੈਣ ਵਾਲੇ ਰੁਖ ਵਿਚ ਪਾ ਛਡਿਆ ਹੈ? ਬ੍ਰਹਮ ਕਿ ਪਰਮਾਤਮਾ, ਵਾਹਿਗੁਰੂ ਕਿ ਹਰੀ ਕਦੇ ਪਿਆਰ ਨਾਲ, ਰਸ ਭਰੇ ਸੁਆਦ ਨਾਲ, ਯਾ ਕਿ ਸ਼ਰਧਾ ਤੇ ਭਾਵਨਾਂ ਨਾਲ ਯਾਦ ਆਏ ਹਨ? ਜੇ ਕਦੇ ਖਿਆਲ ਗਿਆ ਹੈ ਤਾਂ ਇਕ ਓਪਰੀ ਜੇਹੀ ਮਹਾਨ ਸ਼ਕਤੀ ਮਾਤ੍ਰ ਵਲ, ਜਿਸ ਦਾ ਜਗਤ ਨਾਲ ਕੋਈ ਪ੍ਰਯੋਜਨ ਨਹੀਂ। ਹਾਂ, ਗਮਰੁਠ ਹੋਏ ਆਦਮੀ ਵਾਂਙੂ, ਯਾ ਮੂਲੋਂ ਅਸੰਗ ਆਤਮ ਸਤਯਾ ਮਾਤ੍ਰ ਵਲ ਤੁਹਾਡਾ ਖਿਆਲ ਗਿਆ ਹੈ? ਜੇ ਕਦੇ ਗਿਆ ਹੈ, ਤੇ ਫੇਰ ਆਪਣੇ ਤਪਾਂ ਹਠਾਂ ਆਪਣੀਆਂ ਵਡਿਆਈਆਂ ਵਿਚ ਮੁੜ ਆਇਆ ਹੈ? ਸੋ ਹਉਮੈਂ ਉਸੇ ਤਰ੍ਹਾਂ ਪਲਦੀ ਰਹੀ ਹੈ।

ਤਪਾ (ਕੁਛ ਜ਼ਰਾ ਕੁ ਖਿਸਿਆ ਕੇ)-ਸੱਚ, ਹਾਂ, ਸੱਚ ਕਿਹਾ ਨੇਂ, ਠੀਕ ਹਾਂ ਠੀਕ ਹੀ ਹੈ।......ਪਰ ਜੀਉ ਸਾਰਾ ਦਿਨ ਕੰਮਾਂ ਵਿਚ ਰੁੱਝੇ, ਹਰਖ ਸ਼ੋਕ ਗ੍ਰਿਹਸਤੀ ਦੇ ਭੋਗਦੇ, ਏਹ ਮਾਯਾਧਾਰੀ ਆਪ ਦੇ ਸਿਖ ਕੀਕੂੰ ਆਤਮ ਧਜਾਨੀ ਹੋ ਜਾਂਦੇ ਹਨ?

ਗੁਰੂ ਜੀ-ਭਾਈ ਇਕ ਤਾਂ ਅਸੀਂ ਜੋ ਉਪਦੇਸ਼ ਦੇਂਦੇ ਹਾਂ ਉਹ ਉਨ੍ਹਾਂ ਜੀਵਾਂ ਦਾ ਨਿਸ਼ਾਨਾ ਕਹੋ, ਧ੍ਰਵਾ ਕਹੋ, ਪ੍ਰਯੋਜਨ ਕਹੋ, ਆਦਰਸ਼ ਕਹੋ; ਮੁੱਢ ਤੋਂ ਹੀ ਬ੍ਰਹਮ ਦਾ ਬੰਨ੍ਹ ਦੇਂਦਾ ਹੈ। ਦੂਸਰੇ, ਅਸੀਂ


www.sikhbookclub.com

ਉਨ੍ਹਾਂ ਨੂੰ ਸਮਝਾਂ ਦੇਂਦੇ ਹਾਂ ਕਿ ਸੁਖ ਚਾਹੇ ਦੁਨੀਆਂ ਦੇ ਚਾਹੇ ਸੁਰਗਾਂ ਦੇ ਅੰਤ ਮੁਕਦੇ ਹਨ, ਪਰ ਗੇੜ ਦੁਖ ਸੁਖ ਦੇ ਨਹੀਂ ਮੁਕਦੇ, ਸੋ ਜੇ ਤੁਸੀਂ ਸਦਾ ਸੁਖ ਚਾਹੁੰਦੇ ਹੋ ਤਾਂ ਬ੍ਰਹਮ ਧਯਾਨੀ ਹੋ, ਸਹਿਜ ਧਯਾਨੀ। ਚਲਦੇ ਫਿਰਦੇ, ਵਿਹਲੇ ਵਕਤਾਂ ਵਿਚ ਅੰਦਰਲੇ ਧਯਾਨ ਨੂੰ ਉਸ ਪਰਮ ਜਯੋਤੀ ਵਲ ਸਹਿਜੇ ਮੋੜਦੇ ਰਿਹਾ ਕਰੋ ਤੇ ਇਹ ਬੀ ਸਮਝਿਆ ਕਰੋ ਕਿ ਉਹ ਵਿਆਪਕ ਹੈ, ਹਰ ਥਾਂ ਹੈ, ਕੇਵਲ ਬ੍ਰਹਮਾ ਕਿ ਸ਼ਿਵ ਕਿ ਵਿਸ਼ਨੂੰ ਦੇ ਲੋਕ ਵਿਚ ਨਹੀਂ, ਸਾਰੇ ਲੋਕਾਂ ਤੇ ਬ੍ਰਹਮੰਡ ਵਿਚ ਹੈ; ਤੁਸਾਡੇ ਪਾਸ-ਅੰਦਰ-ਬਾਹਰ ਬੀ ਹੈ ਸੋ ਆਪਣੇ ਆਪ ਨੂੰ ਉਸਦੀ ਹਜ਼ੂਰੀ ਵਿਚ ਸਮਝਿਆ ਕਰੋ। ਇਸ ਦੇ ਫਲ ਨਿਕਲਦੇ ਹਨ, ਇ ਤਾਂ ਧਿਆਨ ਸੁਤੇ ਹੀ ਆਪਣੇ ਧਯੇਯ ਵਲ ਪੈਂਦਾ ਰਹਿੰਦਾ ਹੈ ਤੇ ਰੁਚੀ ਵਧਦੀ ਰਹਿੰਦੀ ਹੈ; ਦੂਜੇ ਹਜ਼ੂਰੀ ਵਿਚ ਪ੍ਰਤੀਤ ਰਖਣ ਵਾਲੇ ਤੋਂ ਮਾੜੇ ਕਰਮ ਨਹੀਂ ਹੁੰਦੇ।

ਤਪਾ-ਇਹ ਮੇਰੀ ਸਮਝੇ ਤਾਂ ਠੀਕ ਪੈ ਗਿਆ ਹੈ, ਪਰ ਇਹ ਕੁਛ ਕਰਨਾ ਬੀ ਤਾਂ ਆਖਰ ਪ੍ਰਯਤਨ ਹੈ। ਇਹ ਕਿੰਵ ਜਾਰੀ ਰਹਿੰਦਾ ਹੈ? ਜੀਵ ਦਾ ਮਨ ਇਕ ਵੇਰੀ ਇਕ ਗੱਲ ਨੂੰ ਸਤਯ ਮੰਨ ਕੇ ਬੀ ਬਾਰ ਬਾਰ ਬਿਫਲਦਾ ਰਹਿੰਦਾ ਹੈ, ਸਰੀਰਕ ਰੁਚੀਆਂ ਉਖੇੜਦੀਆਂ ਰਹਿੰਦੀਆਂ ਹਨ, ਇਸ ਦਾ ਕੀਣ ਉਪਰਾਲਾ?

ਸ੍ਰੀ ਗੁਰੂ ਜੀ-ਇਸ ਦਾ ਉਪਰਾਲਾ ਨਾਮ ਹੈ। ਉਸ ਬ੍ਰਹਮ ਦਾ, ਉਸ ਪਰੀਪੂਰਣ ਪਰਮਾਤਮਾ ਦਾ ਪਵਿਤ੍ਰ ਨਾਮ ਉਨ੍ਹਾਂ ਨੂੰ ਦੇਂਦੇ ਹਾਂ, ਤੇ ਸਮਝਾ ਦੇਂਦੇ ਹਾਂ ਕਿ ਸਵੇਰੇ ਉਠਕੇ ਪਹਿਲੋਂ ਕੁਛ ਸਮਾਂ ਇਸ ਦੇ ਸਿਮਰਨ ਵਿਚ ਜ਼ਰੂਰ ਬੈਠੋ। ਫਿਰ ਸਾਰਾ ਦਿਨ ਜਦ ਤੁਸੀਂ ਕੰਮ ਕਾਜ ਕਰਦੇ ਵਿਚ ਵਿਚ ਵਿਹਲੇ ਹੁੰਦੇ ਹੋ ਤਾਂ ਸਿਮਰਨ ਵਿਚ ਆ ਜਾਇਆ ਕਰੋ, ਸਹਿਜ ਭਾ ਦਾ ਸਿਮਰਨ। ਜੋਗੀਆਂ ਵਾਂਙੂ ਹਠ ਤਪ ਦਾ ਜ਼ੋਰੋ ਜ਼ੋਰੀ ਦਾ ਸਾਧਨ ਨਾ। ਪਰ ਸਹਿਜ ਵਿਚ ਸਹਿਜ ਭਾ ਦਾ, ਕੁਛ ਸ਼ਰਧਾ ਕੁਛ ਅਦਬ ਵਿਚ ਕੁਛ ਸਿਮ੍ਰਤੀ ਵਿਚ ਕਿ ਜਿਸ ਦਾ ਨਾਮ ਲੈ ਰਹੇ ਹਾਂ ਉਸ ਦੀ ਹਜ਼ੂਰੀ ਵਿਚ ਹਾਂ। ਇਸ ਤਰ੍ਹਾਂ ਸਾਰਾ ਦਿਨ ਕੰਮਾਂ ਕਾਜਾਂ ਵਿਚ ਰੁੱਝੇ ਸਿਖ, ਫੁਰਸਤ ਤੇ ਵਿਹਲ ਦੀਆਂ ਵਿਰਲਾਂ ਵਿਚ ਸਿਮਰਨ ਕਰਦੇ ਕਰਦੇ ਸਿਮਰਨ ਦੇ ਲਗਾਤਾਰੀ ਰੌ ਵਿਚ ਸਮੇਂ ਨਾਲ ਆ ਜਾਂਦੇ ਹਨ! ਫਿਰ ਅੰਦਰਲਾ ਚਿਤ; ਡੂੰਘਾ ਮਨ, ਸਿਮਰਨ ਦੇ ਸੰਸਕਾਰਾਂ ਨਾਲ ਭਰਕੇ ਆਪਣੇ ਆਪ ਜੀਵਨ ਸਿਮਰਨ ਮਈ ਹੋ ਜਾਂਦਾ ਹੈ। ਯਤਨ ਸਾਧਯ ਨਹੀਂ, ਆਪਣੇ ਸੁਤੇ ਰਉਂ ਵਿਚ ਹੋ ਜਾਂਦਾ ਹੈ। ਫਿਰ ਸਰੀਰ ਵਿਚ ਸੁਾਸਾਂ ਦੇ ਚਲਦੇ ਰਹਿਣ ਵਾਂਙੂ ਸਿਮਰਨ ਜਾਰੀ ਹੋ ਜਾਂਦਾ ਹੈ, ਇਹ ਰਉਂ ਲਿਵ ਬਨ ਜਾਂਦਾ ਹੈ। ਸਾਂਈਂ ਦੀ ਮਿਹਰ ਹੁੰਦੀ ਹੈ, ਸਿਮਰਨ ਕਰਣ ਵਾਲਾ, ਸਿਮਰਨ ਤੇ ਜਿਸ ਨੂੰ ਸਿਮਰਦਾ ਹੈ ਨੂੰ ਇਕ ਰੰਗ ਇਕ ਮਈ ਹੋ ਜਾਣੇ ਦਾ ਸੌਭਾਗਯ ਮਿਲ ਜਾਂਦਾ ਹੈ, ਇਹ ਅਮਰਜੀਵਨ ਹੋ ਜਾਂਦਾ, ਇਹ ਸਦਾ ਸੁਖ ਬਣ ਜਾਂਦਾ ਹੈ। ਕਿਉਂਕਿ ਜੀਵ ਫਿਰ ਪ੍ਰਿਅ ਸਰੂਪ ਨਾਲ ਮਿਲਕੇ ਉਸ ਦੇ ਸਦਾ ਅਨੰਦ ਵਿਚ ਸਦਾ ਅਨੰਦੀ ਹੋ ਜਾਂਦਾ ਹੈ।

ਤਪਾ-ਪਰ ਜੀ! ਇਸ ਅਭਯਾਸ ਲਈ ਪ੍ਰੇਰਨਾ ਦੀ ਲੋੜ ਤਾਂ ਬਣੀ ਰਹਿੰਦੀ ਹੈ, ਬਾਰ ਬਾਰ ਭੁੱਲੀ ਦਾ ਹੈ, ਬਾਰ ਬਾਰ ਸਹਾਰੇ ਮਿਲਣ ਦੀ ਲੋੜ ਪੈਂਦੀ ਹੋਊ? ਗ੍ਰਿਹਸਤ ਤੇ ਵਿਹਾਰਾਂ ਵਿਚ ਲਗੇ ਆਪ ਤੋਂ ਦੂਰ ਵਸਦਿਆਂ ਨੂੰ ਬਾਰ ਬਾਰ ਪ੍ਰੇਰਨਾ ਕਿੰਵ ਮਿਲਦੀ ਹੈ?

ਸ੍ਰੀ ਗੁਰੂ ਜੀ-ਤਪਾ ਜੀ, ਉਸਦਾ ਦਾਰੂ ਬੀ ਕਰ ਦਿੱਤਾ ਹੈ, ਇਕ ਤਾਂ ਜੋ ਨਾਮ ਦੇਂਦੇ ਹਾਂ ਉਹ ਉਤਸ਼ਾਹ ਜਨਕ ਅਰਥਾਂ ਵਾਲਾ ਹੈ-'ਵਾਹਿਗੁਰੂ'। ਜਿਸ ਦੇ ਉਚਾਰਨ ਵਿਚ ਗੁਰੂਆਂ ਦੇ ਗੁਰੂ ਪਰਮ ਗੁਰੂ ਅਕਾਲ ਪੁਰਖ-ਵਲ ਧਿਆਨ ਜਾਂਦਾ ਹੈ, ਉਸਨੂੰ ਜਦ ਉਚਾਰਨ ਵਾਲਾ 'ਵਾਹ' ਆਖਦਾ ਹੈ ਅਰਥਾਤ 'ਧੰਨ ਹੈ ਤੂੰ ਹੇ ਗੁਰੂ' ਅਰਥਾਤ ਅੰਧਕਾਰ ਦੂਰ ਕਰਨੇ ਵਾਲੇ ਤੇ ਪ੍ਰਕਾਸ਼ ਦੇ ਦਾਤਾ! ਇਹ ਭਾਵ ਅਭਿਜਾਸ ਨੂੰ ਉਤਸ਼ਾਹ ਵਿਚ ਰਖਦਾ ਹੈ। ਦੂਸਰਾ ਉਪਰਾਲਾ ਸਤਿਸੰਗ ਹੈ। ਮਾਰੇ ਨਾਮ ਧਾਰੀਕ ਹੋਏ ਸਿਖ ਆਪੋ ਆਪਣੇ ਪਿੰਡੀ, ਨਗਰੀਂ, ਸਵੇਰੇ ਅੰਮ੍ਰਿਤ ਵੇਲੇ; ਦੀਵਾਨ ਲਾ ਕੇ ਬੈਠਦੇ ਤੇ ਕੀਰਤਨ ਕਰਦੇ ਹਨ। ਉਹ ਕੀਰਤਨ ਗੁਰੂ ਨਾਨਕ ਦੇਵ ਤੇ ਮਗਰਲੇ ਗੁਰੂ ਸਾਹਿਬਾਂ ਦੀ ਈਸ਼੍ਵਰੀ ਬਾਣੀ ਦਾ ਹੁੰਦਾ ਹੈ। ਇਸ ਬਾਣੀ ਵਿਚ ਪ੍ਰੇਰਨਾ ਹੁੰਦੀ ਹੈ ਹਰੀ ਸਿਮਰਨ ਦੀ, ਹਰੀ ਪਯਾਰ ਦੀ, ਹਰੀ ਧਯਾਨ ਦੀ। ਇਸ ਨਾਲ ਮਨ ਹਰ ਰੋਜ਼ ਪ੍ਰਬੁਧ ਹੁੰਦਾ ਰਹਿੰਦਾ ਹੈ। ਦੂਸਰਾ ਕੀਰਤਨ ਦਾ ਅਸਰ ਇਹ ਹੁੰਦਾ ਹੈ ਕਿ 'ਰਾਗ' ਤੇ 'ਭਾਵ' ਵਿਸਮਾਦੀ ਛੁਹ ਮਿਲਕੇ ਮਨ ਹੋਰ ਸੋਚਾਂ ਤੋਂ ਨਿਕਲ ਕੇ ਸਾਂਈ ਦੀ

ਸਿਫ਼ਤ ਸਲਾਹ ਵਿਚ ਆ ਕੇ ਸਰੂਰ ਵਿਚ ਹੋ ਜਾਂਦਾ ਹੈ। ਜੋ ਵਾਹਿਗੁਰੂ ਜੀ ਵਿਚ ਰਸਮਯ ਰੰਗ ਵਿਚ ਜੋੜਦਾ ਹੈ। ਇਹ ਛੁਹ ਜੋ ਅੰਮ੍ਰਿਤ ਵੇਲੇ ਮਿਲ ਜਾਂਦੀ ਹੈ ਮਨ ਨੂੰ ਇਕ ਰੁਖ ਦੇ ਜਾਂਦੀ ਹੈ ਜੋ ਸਾਰਾ ਦਿਨ ਮਨ ਨੂੰ ਆਪਣੇ ਵਿਚ ਰਖਦੀ ਤੇ ਅੰਦਰ ਸੁਖ ਦੀ ਪ੍ਰਤੀਤੀ ਦੇਂਦੀ ਰਹਿੰਦੀ ਹੈ। ਇਹੋ ਰੰਗ ਫੇਰ ਸੰਤਾਂ ਨੂੰ ਸੋਦਰ ਦੇ ਦੀਵਾਨ ਵਿਚ ਲਗਦਾ ਹੈ। ਯਾ ਹਰ ਸਿਖ ਆਪੋ ਆਪਣੇ ਥਾਂ ਸੋਦਰ ਰਹਿਰਾਸ ਦਾ ਪਾਠ ਕਰਕੇ ਇਹੋ ਛੁਹ ਲੈ ਲੈਂਦਾ ਹੈ। ਸੈਂਣ ਵੇਲੇ ਇਹੋ ਸਤਿਸੰਗ ਸੋਹਿਲੇ ਦੇ ਪਾਠ ਤੋਂ ਪੈਦਾ ਹੁੰਦਾ ਹੈ, ਐਉਂ ਗੁਰਸਿਖ ਨੂੰ ਰਾਤ ਭਰ ਸਾਂਈਂ ਰੁਖੀਆ ਰੱਖਣ ਵਿਚ ਸਹਾਇਤਾ ਕਰਦਾ ਹੈ। ਇਸਦੇ ਨਾਲ ਜਗਾ ਜਗਾ ਪੁਗੇ ਹੋਏ ਸਿਖ, ਜਿਨ੍ਹਾਂ ਨੂੰ ਅਸੀਂ ਗੁਰਮੁਖ ਅਖਦੇ ਹਾਂ ਤੇ ਜਿਨ੍ਹਾਂ ਦੇ ਲੱਛਣ ਸ੍ਰੀ ਆਦਿ ਗੁਰੂ-ਪੂਰਨ ਗੁਰੂ-ਸਾਹਿਬ ਸਿਧ ਗੋਸ਼ਟ ਬਾਣੀ ਵਿਚ ਦਸ ਗਏ ਹਨ, ਰਹਿੰਦ ਹਨ! ਜਿਨ੍ਹਾਂ ਤੋਂ ਨਵੇਂ ਲਗੇ, ਯਾ ਕੋਈ ਭੁੱਲ ਕਰ ਬੈਠੇ, ਯਾ ਸਹਾਇਤਾ ਦੇ ਲੋੜਕੂ ਸਿਖ ਆਪਣੇ ਰਸਤੇ ਟੁਰਦੇ ਮਦਦ ਲੈਂਦੇ ਰਹਿੰਦੇ ਹਨ। ਐਉਂ ਤਪਾ ਜੀ! ਮਾਇਆਧਾਰੀ ਸਿਖ ਮਾਇਆ ਵਿਚ ਬੈਠੇ, ਜਲ ਵਿਚ ਵਸਦੇ ਕਵਲ ਵਾਂਙੂ; ਜੋ ਜਲ ਤੋਂ ਅਲੇਪ ਰਹਿੰਦਾ ਹੈ, ਮਾਇਆ ਤੋਂ ਅਲੇਪ ਵਾਹਿਗੁਰੂ ਰੂਪੀ ਸੂਰਜ ਦੇ ਸਹਿਜ ਧਿਆਨ ਵਿਚ ਸੁਤੇ ਹੀ ਰਹਿੰਦੇ ਜੀਉਂਦੇ ਜੀ ਬ੍ਰਹਮ ਲੋਕ ਦੇ ਵਾਸੀ ਤੇ ਬ੍ਰਹਮ ਵਿਚ ਪ੍ਰਾਪਤ ਹੋਏ ਜੀਵਨ ਬਸਰ ਕਰਦੇ ਹਨ।

ਤਪੇ ਦਾ ਮਨ ਜੋ ਤਪਾਂ ਨਾਲ ਥੱਕ ਕੇ ਕੁਛ ਲੋੜਕੂ ਰੁਖ ਦਾ ਹੋ ਚੁਕਾ ਸੀ, ਰੁਮਕ ਗਿਆ, ਉਸ ਨੂੰ ਸੁਆਦ ਆ ਗਿਆ। ਮਨ ਨੇ ਕਿਹਾ: ਸਚ ਕਹਿ ਰਹੇ ਹਨ, ਉਤਮ ਤੇ ਸੌਖਾ ਮਾਰਗ ਦਸ ਰਹੇ ਹਨ, ਹਾਂ ਕਲਿਯੁਗ ਵਿਚ ਲਿਖਿਆ ਹੈ : ਨਾਮ ਹੀ ਮਾਰਗ ਹੈ। ਭੁੱਲੇ ਹੀ ਰਹੇ।......ਕੁਛ ਚਿਰ ਚੁਪ ਅੱਖਾਂ ਬੰਦ ਵਿਚ ਬੈਠਾ ਰਿਹਾ। ਸਤਿਗੁਰੂ ਜੀ ਉਸ ਦੇ ਅੰਦਰ ਵਰਤ ਰਹੀ ਦਸ਼ਾਂ ਨੂੰ ਤਕ ਰਹੇ ਸਨ ਤੇ ਮਿਹਰ ਕਰ ਰਹੇ ਸਨ! ਤਪੇ ਦੇ ਅੰਦਰ ਫੇਰ ਸ਼ੰਕਾ ਦਾ ਫੇਰਾ ਪਿਆ, ਨੈਣ ਖੁਹਲੇ ਤੇ ਕਹਿਣ ਲਗਾ :- ਜੀ! ਤੀਰਥ ਮਹਿਮਾ ਬੜੀ ਲਿਖੀ ਹੈ, ਐਵੇਂ ਗਈ ਸਭ ? ਜੀਓ ਜੀ, ਹੈਂ...... ?

ਗੁਰੂ ਜੀ-ਤਪਾ ਜੀ, ਐਵੇਂ ਕਿਉਂ ਗਈ। ਸਮਝ ਪੈ ਗਈ ਕਿ ਇਹ ਕਸ਼ਟ ਹੀ ਕਸ਼ਟ ਹੈ ਤੇ ਉਸ ਤੋਂ ਬੀ ਉਪ੍ਰਤੀ (ਉਪਰਾਮਤਾ) ਹੋ ਗਈ। (ਮੁਸਕ੍ਰਾਕੇ) ਤਪਾ ਜੀ! ਤੀਰਥ ਮਹਿਮਾ ਕਿਉਂ ਲਿਖੀ ਹੈ ? ਓਥੇ ਕਈ ਵੇਰ ਈਸ਼੍ਵਰ ਦੇ ਪਿਆਰੇ ਮਿਲ ਜਾਂਦੇ ਹਨ, ਇਕਾਂਤ ਮਿਲ ਜਾਂਦੀ ਹੈ; ਜੇ ਬੰਦਗੀ ਵਾਲਾ ਹੈ ਤਾਂ ਕੁਛ ਦਿਨ ਏਕਾਂਤ ਬੰਦਗੀ ਕਰ ਲੈਂਦਾ ਹੈ। ਨਹੀਂ ਤਾਂ ਸੋਚ ਕਰੋ ਜੋ ਇਕ ਕਪੜਾ ਇਕ ਬੱਠਲ ਨਿਰਮਲ ਪਾਣੀ ਵਿਚ ਧੋਈਏ ਤਾਂ ਕਪੜੇ ਦੀ ਮੈਲ ਬੱਠਲ ਵਿਚ ਜਾਂਦੀ ਹੈ ਤੇ ਪਾਣੀ ਮੈਲਾ ਹੋ ਜਾਂਦਾ ਹੈ। ਜੇ ਤੀਰਥਾਂ ਦੇ ਪਾਣੀ ਮਨ ਦੀ ਮੈਲ ਧੋਂਦੇ ਹਨ ਤਾਂ ਹਜ਼ਾਰਾਂ ਲਖਾਂ ਮਣਾਂ ਦੀ ਮੈਲ ਤੀਰਥਾਂ ਦੇ ਜਲਾਂ ਵਿਚ ਪੈਂਦੀ ਪੈਂਦੀ ਉਨ੍ਹਾਂ ਨੂੰ ਮੈਲਾ ਕਰ ਦੇਂਦੀ ਹੈ ਓਥੇ ਫੇਰ ਸਚੇ ਸਾਧੂ ਜੇ ਜਾ ਇਸ਼ਨਾਨ ਕਰਨ ਤਾਂ ਤੀਰਥਾਂ ਦੀ ਆਪਣੀ ਕੱਠੀ ਹੋਈ ਮੈਲ ਦੂਰ ਹੁੰਦੀ ਹੈ। ਇਹ ਗਲ ਸੱਚ ਹੈ। ਮੰਨੀ ਹੈ ਵੱਡਿਆਂ ਨੇ ਕਿ ਨਾ ?

ਤਪਾ-ਠੀਕ ਹੈ।

ਸ੍ਰੀ ਗੁਰੂ ਜੀ-ਦੇਖੋ ਕਬੀਰ ਜੀ ਨੇ ਕਿਹਾ ਹੈ :-

ਕਹਿ ਕਬੀਰ ਹਉ ਭਇਆ ਉਦਾਸੁ॥
ਤੀਰਥੁ ਬਡਾ ਕਿ ਹਰਿ ਕਾ ਦਾਸੁ॥

ਇਸ ਉਨ੍ਹਾਂ ਦੇ ਪ੍ਰਸ਼ਨ ਦਾ ਤੁਸੀਂ ਉੱਤਰ ਦਿਓ ?

ਤਦ ਸਾਧੂ ਨੇ ਕਿਹਾ ਠੀਕ ਹੈ ਤੀਰਥ ਹਰੀ ਦੇ ਦਾਸ ਪਵਿਤ੍ਰ ਕਰਦੇ ਹਨ।

ਸ੍ਰੀ ਗੁਰੂ ਜੀ-ਫੇਰ ਤਪਾ ਜੀ! ਹਰੀ ਦੇ ਦਾਸ ਬਣੋ, ਸਰੀਰ ਨੂੰ ਹੋਰ ਕਸ਼ਟ ਨਾ ਦਿਓ, ਮਨ ਨੂੰ ਸਾਂਈਂ ਦੇ ਸਹਜ ਧਯਾਨ ਤੋਂ ਦੂਰ ਰੱਖਕੇ ਤਪ ਹਠ ਜਪ ਜੋਗ ਕੋਈ ਕਰਮ ਨਾ ਕਰੋ। ਸਹਿਜ ਮਾਰਗ ਵਿਚ ਆ ਜਾਓ। ਹਰੀ ਨੂੰ ਹਰ ਜਗਾ ਵਿਆਪਕ ਤੇ ਆਪਣੇ ਅੰਦਰ ਬੈਠਾ ਤੱਕੋ ਤੇ ਮਨ ਨੂੰ ਹਰਿਆ ਕਰ ਰਿਹਾ ਸਮਝੋ। ਹਜ਼ੂਰੀ ਵਿਚ ਹਾਜ਼ਰ ਰਹੋ, ਸਿਮਰਨ ਦੀ ਡਾਢ ਦਿਓ ਇਨ੍ਹਾਂ ਭਾਵਾਂ ਨੂੰ। ਜੀ ਉਠੋ ਤਪਾ ਜੀ, ਜੀ ਉਠੋ, ਜੀਅ ਦਾਨ ਪਾ ਕੇ ਜੀ ਉਠੋ।

ਤਪਾ (ਬਿਹਬਲ ਹੋ ਕੇ ਤੇ ਚਰਨਾਂ ਨੂੰ ਲਿਪਟ ਕੇ)- ਦਿਓ ਨਾ ਜੀਅਦਾਨ! ਦਾਤਾ! ਦਿਓ ਨਾ ਜੀਅਦਾਨ! ਕਵੀ ਜੀ ਲਿਖਦੇ ਹਨ, ਉਸ ਨੇ ਕਿਹਾ :-

ਅਬਿ ਮਨ ਜਾਨਯੋ ਸੰਤ ਮਹਾਤਮ॥
ਜਿਸ ਤੇ ਪ੍ਰਾਪਤ ਗਯਾਤਾ ਆਤਮ॥

ਇਸ ਦ੍ਰਵੀਭੂਤ ਅਵਸਥਾ ਵਿਚ ਦਾਤਾ ਗੁਰੂ ਜੀ ਵਲੋਂ ਨਾਮ ਦਾ ਦਾਨ ਹੋ ਗਿਆ ਤੇ ਉਸਦਾ


www.sikhbookclub.com

ਅਗੋਂ ਸਾਂਈਂ ਲੱਖਤਾ ਵਾਲਾ ਜੀਵਨ ਹੋ ਗਿਆ। ਲਿਖਿਆ ਹੈ :

ਤਜਿ ਪਖੰਡ ਗੁਰ ਕੋ ਸਿਖ ਹੋਇਓ,
ਮਿਲਿ ਸਤਿ ਸੰਗਤਿ ਮਹਿਂ ਸੁਖ ਜੋਇਓ॥
ਨਿਕਟ ਰਹੈ ਕਬਿ ਅਨਤ ਸਿਧਾਰੈ॥
ਸ੍ਰੀ ਗੁਰ ਪਗ ਪੰਕਜ ਉਰ ਧਾਰੈ॥੨੭॥

(ਸੂ: ਪ੍ਰ: ੧੬੫੫)

# ੫. ਹਿੰਦਾਲੁ।

ਸ੍ਰੀ ਗੁਰੂ ਅਮਰਦਾਸ ਜੀ ਦੇ ਵੇਲੇ ਇਕ ਸਿਖ, ਜੰਡਿਆਲੇ ਦਾ ਰਹਿਣ ਵਾਲਾ, ਗੁਰੂ ਕੀ ਸੇਵਾ ਵਿਚ ਗੋਇੰਦਵਾਲ ਆ ਰਿਹਾ ਹੋਇਆ ਸੀ। ਇਹ ਸਰਲ ਸੁਭਾ ਦਾ ਸ਼ਰਧਾਵਾਨ ਸੇਵਕ ਸੀ। ਗੁਰੂ ਕੇ ਲੰਗਰ ਵਿਚ ਸੇਵਾ ਕਰਦਾ ਸੀ ਤੇ ਨਾਮ ਵਿਚ ਰੁੱਝਾ ਰਹਿੰਦਾ ਸੀ। ਇਸ ਦੀ ਘਾਲ ਸਿਰੇ ਚੜ੍ਹ ਰਹੀ ਸੀ ਕਿ ਸ੍ਰੀ ਗੁਰੂ ਅਮਰਦਾਸ ਜੀ ਸੱਚੇ ਘਰਾਂ ਨੂੰ ਚਲੇ ਗਏ, ਪਰ ਹਿੰਦਾਲ ਗੁਰੂ ਕੇ ਦੁਆਰੇ ਟਿਕਿਆ ਰਿਹਾ, ਸੇਵਾ ਕਰਦਾ ਤੇ ਨਾਮ ਵਿਚ ਲੱਗਾ ਲਿਵਧਾਰੀ ਹੁੰਦਾ ਗਿਆ। ਹਿੰਦਾਲੁ ਹੁਣ ਸ੍ਰੀ ਗੁਰੂ ਰਾਮਦਾਸ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਦਾ ਸਰੂਪ ਸਮਝਦਾ ਸੀ।

ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਮਗਨ ਪ੍ਰੇਮ ਕੇ ਰੰਗਜੋ ਰੰਗ।
ਅੰਤਰ ਬ੍ਰਿਤੀ ਸਦਾ ਸੁਖ ਸੰਗ।
ਕਾਮ ਨ ਕ੍ਰੋਧ ਨ ਲੋਭ ਹੰਕਾਰ।
ਸਤਜ ਨਾਮ ਸੋਂ ਲਾਗੀ ਤਾਰ॥੫੧॥
ਹਰਖ ਨ, ਸ਼ੋਕ ਨ ਬੈਰੀ ਮੀਤਨ।
ਤਤਪਰ ਰਹੈ ਏਕ ਮਨ ਜੀਤਨ।
ਨਿਸ਼ਕਾਮੀ, ਨਿਤ ਸਹਿਨ ਸੁਸ਼ੀਲ।
ਸਦਾ ਏਕ ਰਸ ਮਹਿਂ ਬ੍ਰਿਤਿ ਮੀਲ॥੫੨॥
ਅੰਤਰਯਾਮੀ ਸਤਿਗੁਰ ਦਯਾਲ।
ਲਖੀ ਸਿੱਖ ਕੀ ਦੀਰਘ ਘਾਲ।
ਇਕ ਦਿਨ ਸਲਿਤਾ ਕੋ ਗੁਰ ਗਏ।
ਮੰਦ ਮੰਦ ਪਦ ਕੀ ਗਤਿ ਲਏ॥੫੩॥
ਮੱਜਨ ਕਰਿ ਪੁਰਿ ਕੋ ਪੁਨ ਆਏ।
ਦੇਗ ਮਦਨ ਮੋਂ ਗੁਰ ਪ੍ਰਵਿਸ਼ਾਏ।
ਜੇਤਿਕ ਸਿੱਖ ਕਰਤਿ ਤਹਿਂ ਸੇਵਾ।
ਸਨੇ ਸਨੇ ਸਭਿ ਪਿਖਿ ਗੁਰ ਦੇਵਾ॥੫੪॥
ਗੂੰਧਤਿ ਚੂਨ ਤਬਹਿ ਹਿੰਦਾਲੁ।
ਲਗਜੋ ਰਹਜੋ ਜੁਗ ਹਾਥਨ ਨਾਲ।

ਜਦੋਂ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਵਿਚ ਗਏ ਤਾਂ ਹਿੰਦਾਲੁ ਆਟਾ ਗੁਨ੍ਹ ਰਿਹਾ ਸੀ। ਉਸ ਡਿੱਠਾ ਕਿ ਸ੍ਰੀ ਗੁਰੂ ਜੀ ਆਏ ਹਨ, ਛੇਤੀ ਨਾਲ ਉਠਿਆ। ਦੋਵੇ ਹੱਥ ਪਿੱਠ ਦੇ ਪਿੱਛੇ ਕਰ ਲਏ ਕਿ ਆਟੇ ਨਾਲ ਲਿਬੜੇ ਹੱਥਾਂ ਨੂੰ ਮੱਥਾ ਟੇਕਣ ਲਗਿਆ ਜ਼ਿਮੀਂ ਦੀ ਮਿੱਟੀ ਨਾ ਲੱਗ ਜਾਏ। ਇਸ ਤਰ੍ਹਾਂ ਹੱਥ ਪਿਛੇ ਕੀਤੇ ਹੋਏ ਸਿਰ ਚਰਨਾਂ ਤੇ ਧਰ ਦਿੱਤਾ। ਉਸ ਦੀ ਪੁੱਗੀ ਹੋਈ ਘਾਲ, ਸੇਵਾ ਵਿਚ ਫੇਰ ਪ੍ਰੀਤ, ਗੁਰੂ ਚਰਨਾਂ ਨਾਲ ਇਤਨਾ ਪ੍ਰੇਮ ਦੇਖ ਕੇ ਸਤਿਗੁਰੂ ਜੀ ਦ੍ਰਵ ਗਏ। ਉਸਦੇ ਸਿਰ ਨੂੰ ਹੱਥਾਂ ਨਾਲ ਉਠਾਇਆ ਤੇ ਆਪਣੇ ਮੋਢੇ ਦਾ ਪਰਨਾ ਉਦੇ ਸਿਰ ਤੇ ਧਰ ਦਿੱਤਾ। ਇਸ ਮਿਹਰ ਦੇ ਹੁੰਦੇ ਹੀ ਕਪਾਟ ਖੁੱਲ੍ਹ ਗਏ, ਆਤਮ ਦ੍ਰਿਸ਼ਟੀ ਤੇ ਸ਼ਕਤੀ ਪ੍ਰਾਪਤ ਹੋ ਗਈ। ਹੁਕਮ ਹੋਇਆ :-

ਜਾਓ ਆਪਣੇ ਨਗਰ ਵੱਸੋ ਤੇ ਸਤਿਨਾਮ ਦਾ ਮੰਤ੍ ਸ੍ਰਿਸ਼ਟੀ ਨੂੰ ਜਪਾਓ। ਬਖਸ਼ਿਸ਼ ਪਾ ਕੇ ਹਿੰਦਾਲ ਜੰਡਿਆਲੇ ਟੁਰ ਗਿਆ ਤੇ ਸਤਿਗੁਰ ਦੀ ਆਗਜਾ ਪਾਲਦਾ ਰਿਹਾ।

ਇਹ ਨਗਰ ਅੰਮ੍ਰਿਤਸਰ ਤੋਂ ਜਲੰਧਰ ਵਾਲੀ ਸੜਕ ਤੇ ਦਸ ਬਾਰਾਂ ਮੀਲ ਤੇ ਹੈ। ਇਥੇ ਇਸਦਾ ਡੇਰਾ ਹੁਣ ਤਕ ਹੈ। ਹਿੰਦਾਲੁ ਆਪ ਤਾਂ ਸਾਰੀ ਉਮਰ ਗੁਰੂ ਚਰਨਾਂ ਦਾ ਭੌਰਾ ਰਿਹਾ ਤੇ ਸਿੱਖੀ ਸਿਦਕ ਵਿਚ ਨਿਭਿਆ। ਪਰ ਇਸਦੀ ਗੱਦੀ ਤੇ ਹੀ ਇਕ ਨੇ ਗੁਰੂ ਕੀ ਅਸਲ ਜਨਮ ਸਾਖੀ ਨਸ਼ਟ ਕਰਕੇ ਇਕ ਬਨਾਵਟੀ ਬਣਾਈ, ਝੂਠੀਆਂ ਸਾਖੀਆਂ ਆਪਣੇ ਪੜਦੇ ਕੱਜਣ ਲਈ ਬਣਾ ਬਣਾ ਕੇ ਵਿਚ ਪਾਈਆਂ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹਿੰਦਾਲੁ ਨੂੰ ਵਡਾ ਕਰਕੇ ਲਿਖਿਆ। ਇਸ ਗੱਦੀ ਦੇ ਹੋਰ ਮਗਰਲੇ ਜਾਨਸ਼ੀਨ ਬੀ ਕਿਸੇ ਵੇਲੇ ਪੰਥ ਨਾਲ ਵਿਰੋਧ ਕਰਦੇ ਰਹੇ ਤੇ ਤੁਰਕ ਹਾਕਮਾਂ ਨੂੰ ਪੰਥ ਵਿਰੁਧ ਮਦਦ ਦੇਂਦੇ ਰਹੇ। ਹਿੰਦਾਲੁ ਦੀ ਸੰਪ੍ਰਦਾ ਵਾਲਿਆਂ ਨੂੰ ਹਿੰਦਾਲੀਏ ਤੇ ਨਿਰੰਜਨੀਏ ਆਖਦੇ ਹਨ।


www.sikhbookclub.com

# ੬. ਭਾਈ ਗੁਰਦਾਸ।

**ਸ੍ਰੀ** ਗੁਰੂ ਅੰਗਦ ਦੇਵ ਜੀ ਦੀ ਆਗਿਆ ਵਿਚ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਸਾਇਆ ਸੀ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਗਿਆ ਦਿੱਤੀ ਸੀ ਕਿ ਆਪਣੇ ਪਰਿਵਾਰ ਨੂੰ ਭੀ ਗੋਇੰਦਵਾਲ ਲੈ ਆਓ ਤੇ ਓਥੇ ਲਿਆ ਵਸਾਓ। ਸੋ ਆਪ ਦਾ ਨਿਜ ਪਰਿਵਾਰ ਤੇ ਭਰਾ ਭਤੀਜੇ ਆਪਣੇ ਪਿੰਡ ਬਾਸਰਕੇ ਨੂੰ ਛੱਡਕੇ ਗੋਇੰਦਵਾਲ ਆ ਵਸੇ ਸੇ। ਇਸ ਪਰਿਵਾਰ ਦਾ ਇਤਨਾ ਕੁ ਪਤਾ ਚਲਦਾ ਹੈ ਕਿ ਬਾਸਰਕੇ ਵਿਚ ਬਾਬਾ ਤੇਜੋ ਨਾਮ ਦਾ ਇਕ ਸੁਹਿਰਦ ਪੁਰਖ ਵੱਸਦਾ ਸੀ ਜੋ ਹੁਣ ਆਪਣਾ ਬ੍ਰਿਧ ਅਵਸਥਾ ਦਾ ਸਮਾਂ ਭਜਨ ਵਿਚ ਗੁਜ਼ਾਰਦਾ ਸੀ। ਉਨ੍ਹਾਂ ਦੇ ਚਾਰ ਪੁਤ੍ਰ ਸਨ। ਵਡੇ ਸਪੁਤ੍ਰ ਦਾ ਨਾਉਂ 'ਸ੍ਰੀ ਅਮਰਦਾਸ' ਸੀ, ਜੋ 'ਗੁਰੂ ਅਮਰਦਾਸ' ਜੀ ਹੋ ਕੇ ਸ੍ਰੀ ਗੁਰੂ ਜੀ ਬਣੇ। ਬਾਕੀ ਤਿੰਨਾਂ ਵਿਚੋਂ ਇਕ ਦਾ ਨਾਮ ਦਾਤਾਰਚੰਦ ਦੱਸੀਦਾ ਹੈ, ਜਿਸ ਦੇ ਪੁਤ੍ਰ ਭਾਈ ਗੁਰਦਾਸ ਜੀ ਸਨ। ਭਾਈ ਗੁਰਦਾਸ ਜੀ ਦਾ ਜਨਮ ਸੰਮਤ ਪੁਰਾਤਨ ਗ੍ਰੰਥਾਂ ਤੋਂ ਨਹੀਂ ਮਿਲਦਾ, ਪਰ ਅਨੁਮਾਨ ਲਗਦਾ ਹੈ ਕਿ ੧੬੦੦ ਤੋਂ ੧੬੧੦ ਬਿ: ਦੇ ਵਿਚ ਵਿਚ ਕਿਸੇ ਸੰਮਤ ਆਪ ਦਾ ਆਗਮਨ ਹੋਇਆ[੨੫੭]।

ਉਪਰ ਅਸੀਂ ਦੱਸ ਆਏ ਹਾਂ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਆਗ੍ਯਾ ਪਾ ਕੇ ਸ੍ਰੀ ਗੁਰੂ ਅਮਰਦਾਸ ਜੀ ਆਪਣੇ ਸਾਰੇ ਪਰਿਵਾਰ ਨੂੰ ਗੋਇੰਦਵਾਲ ਲੈ ਆਏ ਸੇ। ੧੬੦੯ ਬਿ: ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਸਚ ਖੰਡ ਪਿਆਨਾ ਕਰ ਗਏ ਤੇ ਸ੍ਰੀ ਗੁਰੂ ਅਮਰਦਾਸ ਜੀ ਗੱਦੀ ਤੇ ਬਿਰਾਜੇ। ਭਾਈ ਗੁਰਦਾਸ ਸਾਹਿਬ ਦੇ ਜੀਵਨ ਦਾ ਪਹਿਲਾ ਹਿੱਸਾ ਗੋਇੰਦਵਾਲ ਵਿਚ ਬੀਤਿਆ। ਆਪ ਦੇ ਬਚਪਨ, ਕੁਮਾਰ, ਕਿਸ਼ੋਰ ਅਵਸਥਾ ਦੇ ਹਾਲਾਤ ਨਹੀਂ ਮਿਲਦੇ, ਪਰ ਸਾਰਾ ਪਰਿਵਾਰ ਗੋਇੰਦਵਾਲ ਵਿਚ ਜਾਣ ਕਰਕੇ ਆਪਦਾ ਇਹ ਜੀਵਨ ਗੁਰ ਪ੍ਰਭਾਵ ਤੇ ਸਤਿਸੰਗ ਦੇ ਮੰਡਲ ਵਿਚ ਬੀਤਿਆ, ਇਹ ਗੱਲ ਸਪਸ਼ਟ ਹੀ ਹੈ। ਆਪ ਦੀ ਬਾਣੀ ਪੜ੍ਹਨ ਤੋਂ ਕੋਈ ਸੁਬਹ ਨਹੀਂ ਰਹਿੰਦਾ ਕਿ ਆਪ ਨੂੰ ਸਮੇਂ ਦੀ ਸ਼ਾਸਤ੍ਰਾਂ ਦੀ ਵਾਕਫੀ ਤੇ ਫਾਰਸੀ ਦੀ ਜਾਣਕਾਰੀ ਕਾਫੀ ਸੀ, ਸੋ ਇਹ ਖਿਆਲ ਕਰ ਲੈਣਾ ਸੱਚ ਤੋਂ ਦੂਰ ਨਹੀਂ ਹੋਵੇਗਾ ਕਿ ਆਪਦੀ ਪਾਲਣਾ ਪੋਸਣਾ ਤੇ ਵਿਦਿਆ ਗੋਇੰਦਵਾਲ ਵਿਚ ਹੋਈ, ਜਿਥੇ ਕਿ ਪੰਡਿਤ ਤੇ ਫਾਰਸੀ ਦਾਨ ਬੀ ਸਨ ਅਤੇ ਆਉਂਦੇ ਜਾਂਦੇ ਬੀ ਸਨ। ਇਹ ਸਾਮਾਨ ਨਵੀਂ ਨਗਰੀ ਵਿਚ ਸੁਤੇ ਸਿਧ ਹੋ ਜਾਣੇ ਸਨ ਤੇ ਵਿਸ਼ੇਸ਼ ਕਰਕੇ ਗੁਰ ਨਿਵਾਸ ਸਥਾਨ ਹੋਣ ਕਰਕੇ ਹਰ ਮਤ ਦੇ ਵਿਦਵਾਨ ਤੇ ਹਰ ਵਿਦ੍ਯਾ ਦੇ ਜਾਣਕਾਰ ਸਾਧੂ ਸੰਤ ਗੁਰ-ਦਰਸ਼ਨਾਂ ਨੂੰ ਆਉਂਦੇ ਸਨ। ਗੋਇੰਦਵਾਲ ਸ਼ਾਹ ਰਾਹ ਦਾ ਪੱਤਣ ਸੀ, ਉਸ ਸਮੇਂ ਸ਼ਾਹੀ ਸੜਕ ਗੋਇੰਦਵਾਲ ਹੋ ਕੇ (ਹੁਣ ਵਾਲੇ ਨੂਰੰਗਾਵਾਦ ਤੇ ਤਰਨ ਤਾਰਨ ਦੇ ਉਪਰੋਂ) ਝਬਾਲ ਥਾਣੀ ਲਾਹੌਰ ਨੂੰ ਜਾਂਦੀ ਸੀ। ਐਉਂ ਗੋਇੰਦਵਾਲ ਤੋਂ ਆਮ ਲੋਕੀ ਲੰਘਦੇ ਸਨ ਤੇ ਵਿਚ ਵਿਚਗੁਣੀ ਜਨ ਭੀ ਲੰਘਦੇ ਤੇ ਟਿਕਦੇ ਸਨ। ਸੋ ਇਥੇ ਇਹ ਹੋਣਹਾਰ ਬਿਰਵਾ ਫੁਟਦੀ ਮਸੂ ਭੇ ਦੀ ਉਮਰੇ ਗੁਰਮੁਖੀ, ਹਿੰਦੀ, ਸੰਸਕ੍ਰਿਤ ਤੇ ਫਾਰਸੀ ਆਦਿ ਵਿਦ੍ਯਾ ਨਾਲ ਹਰਿਆਵਲਾ ਹੋ ਗਿਆ ਤੇ ਸ਼ਾਸਤ੍ਰਾਂ, ਉਪਨਿਖਧਾਂ, ਪੁਰਾਣਾਂ ਦੀ ਚੋਖੀ ਵਾਕਫੀਅਤ ਨਾਲ ਪ੍ਰਫੁਲਤ ਹੋ ਗਿਆ। ਨਾਲ ਹੀ ਘਰ ਦੇ ਸੱਚੇ ਸਤਿਸੰਗ ਕਰਕੇ ਰੂਹਾਨੀ ਫਲਾਂ ਨਾਲ ਸਫਲ ਹੋ ਗਿਆ। ਇਕ ਪਾਸੇ ਸੀ ਵਿਦ੍ਯਾ ਨੂੰ ਦਿਮਾਗ ਦੀ ਖੈਂਚ ਨਾਲ ਜੀਉਰੀ ਜਾਣ ਦਾ ਸ਼ੌਕ, ਦੂਜੇ ਪਾਸੇ ਸੀ ਗੁਰ ਰਹਸ੍ਯ ਵਿਚ ਨਿਮਗਨਤਾ ਤੇ ਗੁਰਮਤਿ ਦੀ ਰਹੁ ਰੀਤਿ ਨਾਲ ਗਿਆਨ ਪ੍ਰਾਪਤੀ। ਐਉਂ ਆਪਦਾ ਇਲਮੀ ਤੇ ਅਮਲੀ ਜੀਵਨ ਦਰੁਸਤ ਲੀਹਾਂ ਤੇ ਟੁਰਦਾ ਰਿਹਾ। ਚਾਹੋ ਇਸ ਸਮੇਂ ਦੇ ਹਾਲਾਤ ਭਾਈ ਗੁਰਦਾਸ ਜੀ ਦੇ ਨਹੀਂ ਮਿਲਦੇ, ਪਰ ਇਕ ਰਵਾਇਤ ਇਹ ਹੈ ਕਿ ਆਪ ਸ੍ਰੀ ਗੁਰੂ ਅਮਰਦਾਸ ਜੀ ਦੇ ਫ਼ੈਜ਼ ਨਾਲ ਕ੍ਰਿਤ ਕ੍ਰਿਤ ਹੋ ਗਏ ਸੇ ਤੇ ਚੰਬੇ ਜੰਮੂ ਆਦਿ ਪਹਾੜਾਂ ਵਿਚ ਪ੍ਰਚਾਰ ਲਈ ਬੀ ਘੱਲੇ ਗਏ ਸੇ, ਜਿਵੇਂ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਦੂਸਰੇ ਭਤੀਜੇ ਸਾਵਣ ਮਲ ਜੀ ਹਰੀ ਪੁਰ ਦੇ ਰਾਜੇ ਪਾਸ ਘੱਲੇ ਗਏ ਸੇ[੨੫੮]। ਉਨ੍ਹਾਂ ਪਹਾੜੀ ਇਲਾਕਿਆਂ ਵਿਚ ਫਿਰਦੇ ਭਾਈ ਗੁਰਦਾਸ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਸਚਖੰਡ ਪਜਾਨੇ ਦੀ ਖਬਰ ਪਹੁੰਚੀ। ਆਪਣੇ ਸਤਿਗੁਰੂ ਤੇ ਸੰਬੰਧ ਵਿਚ ਲਗਦੇ


www.sikhbookclub.com

ਤਾਏ ਜੀ ਦੇ ਪਯਾਨੇ ਸੁਣਕੇ ਆਪ ਜੀ ਨੇ ਤਿਆਰੇ ਕੀਤੇ। ਗੁਰੂ ਰਾਮਦਾਸ ਜ਼ੀ ਦੀ ਚਰਣ ਸ਼ਰਨ ਆ ਹਾਜ਼ਰ ਹੋਏ। ਸ੍ਰੀ ਗੁਰੂ ਜੀ ਦੇ ਦਰਸ਼ਨ ਕੀਤੇ, ਕ੍ਰਿਤ ਕ੍ਰਿਤ ਹੋ ਗਏ। ਆਪ ਜੀ ਨੂੰ ਸਾਮਰਤਖ ਗੁਰੂ ਅਮਰਦਾਸ ਜੀ ਦਾ ਰੂਪ ਦੇਖਕੇ ਸ਼ਰਧਾ ਵਿਚ ਭਰ ਗਏ ਤੇ ਬਿਹਬਲ ਹੋ ਕੇ ਚਰਨੀ ਪੈ ਗਏ। ਸ੍ਰੀ ਗੁਰੂ ਜੀ ਨੇ ਪੁੱਗੀ ਹੋਈ ਨਰਦ ਵੇਖਕੇ ਹੋਰ ਮਿਹਰ ਕੀਤੀ ਤੇ ਗੁਰਮੁਖ ਬਣਾ ਦਿੱਤਾ। ਭਾਈ ਕੁਛ ਦਿਨ ਚਰਣ ਸ਼ਰਣ ਰਹੇ। ਫੇਰ ਸਤਿਗੁਰ ਨੇ ਆਗਿਆ ਕੀਤੀ ਕਿ ਆਗਰੇ ਜਾਓ ਤੇ ਪੂਰਬ ਦੀ ਸਿਖੀ ਦੀ ਸੰਭਾਲ ਕਰੋ। ਸੋ ਆਪ ਜੀ ਆਗਰੇ ਵਲ ਨੂੰ ਪਧਾਰ ਗਏ।

## ੭. ਰਾਮਦਾਸ ਪੁਰ।

**ਸ੍ਰੀ** ਗੁਰੂ ਅਮਰਦਾਸ ਜੀ ਆਪਣੇ ਪੰਜ ਭੌਤਕ ਸਰੀਰ ਨੂੰ ਤਿਆਗ ਕੇ ਆਪਣੀ ਆਤਮ ਸਰੂਪਤਾ ਵਿਚ ਟਿਕ ਗਏ ਸਨ ਸੰਮਤ ੧੬੩੧ ਬਿ:, ਭਾਦੋਂ ਸੁਦੀ ੧੫, ਅਥਵਾ ਅੱਸੂ ਪ੍ਰਵਿਸ਼ਟੇ ੨ ਨੂੰ। ਸ੍ਰੀ ਗੁਰੂ ਰਾਮਦਾਸ ਜੀ ਤਦ ਤੋਂ ਟਿਕੇ ਰਹੇ ਗੋਇੰਦਵਾਲ ਹੀ, ਇਥੇ ਹੀ ਸੰਗਤਾਂ ਦੇ ਤਾਰਨ ਦਾ ਕਾਰਜ ਪਿਛਲੇ ਸਤਿਗੁਰਾਂ ਵਾਂਕੂ ਹੀ ਨਿਬਾਹੁੰਦੇ ਰਹੇ।

ਹੁਣ ਆਪ ਨੇ ਤਿਆਰੀ ਕੀਤੀ ਜਾਣ ਦੀ ਓਥੇ ਜਿਥੇ ਲਈ ਕਿ ਆਗਿਆ ਕਰ ਗਏ ਸਨ ਸ੍ਰੀ ਗੁਰੂ ਅਮਰਦਾਸ ਜੀ। ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਸੰਗ ਵਿਚ ਜ਼ਿਕਰ ਆ ਚੁੱਕਾ ਹੈ ਕਿ ਅਕਬਰ ਤਦੋਂ ਗੋਇੰਦਵਾਲ ਆਇਆ ਸੀ ਤੇ ਕੁਛ ਪਿੰਡ ਉਸ ਨੇ ਅਰਪਣ ਕੀਤੇ ਸੇ, ਜੋ ਆਪ ਨੇ ਲੈਂਣੇ ਨਹੀਂ ਸਨ ਮੰਨੇ ਪਰ ਸ੍ਰੀ ਗੁਰੂ ਰਾਮਦਾਸ ਜੀ ਨੂੰ ਦੇ ਦਿੱਤੇ ਸਨ। ਯਥਾ:--

ਸ੍ਰੀ ਸਤਿਗੁਰ ਬ੍ਰਿਧ ਅਮਰ ਜੀ ਆਇ ਤਿਨਹੁ ਕੇ ਪਾਸ।
ਗ੍ਰਾਮ ਕਿਤਿਕ ਅਰਪਨ ਕਰੇ ਅਕਬਰ ਬਿਨੈ ਪ੍ਰਕਾਸ॥੬੧॥
ਸੋ ਸਗਰੇ ਹੀ ਗ੍ਰਾਮ ਗਨ ਗੁਰੁਤਾ ਗਾਦੀ ਸਾਥ।
ਰਾਮਦਾਸ ਗੁਰ ਕੋ ਦਏ ਕੁਲ ਭਲਜਨ ਕੇ ਨਾਥ॥੬੨॥ (ਸੂ: ਪ੍ਰ:)

ਇਹ ਪਿੰਡ ਸ੍ਰੀ ਗੁਰੂ ਘਰ ਵਿਚ ਸੰਮਤ ੧੬੧੬-੧੭ ਦੇ ਲਗਪਗ ਅਰਪੇ ਗਏ ਖਿਆਲੇ ਜਾਂਦੇ ਹਨ। ਪਤਾ ਚਲਦਾ ਹੈ ਕਿ ੧੬੨੧ ਬਿ: ਵਿਚ ਗੁਰੂ ਅਮਰਦਾਸ ਜੀ ਦੀ ਆਗਜਾ ਪਾ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਸੁਲਤਾਨ ਵਿੰਡ ਦੇ ਪੱਛੋਂ ਰੁਖ ਇਕ ਤਾਲ ਖੁਦਵਾਇਆ ਸੀ। ਤਦੋਂ ੧੬੨੧ ਵਿਚ ਇਹ ਅਧਵਾਟੇ ਪਿਆ ਰਿਹਾ ਤੇ ਹੋਰ ਵਸੋਂ ਬੀ ਕੋਈ ਨਾ ਠਟੀ ਗਈ। ਇਸਦਾ ਨਾਉਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਤੋਖ ਸਰ ਰਖਿਆ ਸੀ, ਸੋ ਹੁਣ ਤਕ ਮੌਜੂਦ ਹੈ? ੧੬੪੫ ਬਿ: ਦੇ ਲਗਪਗ ਗੁਰੂ ਅਰਜਨ ਦੇਵ ਜੀ ਨੇ ਸੰਤੋਖ ਸਰ ਪੂਰਾ ਕੀਤਾ ਸੀ। ਤਵਾਰੀਖ ਖਾ: ਦੇ ਲੇਖਕ ਸ੍ਰੀ ਮਾਨ ਗਜਾਨੀ ਗਜਾਨ ਸਿੰਘ ਜੀ ਲਿਖਦੇ ਹਨ ਕਿ ੧੬੨੭ ਬਿ: ਹਾੜ ਵਦੀ ੫ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਹੁਕਮ ਦੇਣੇ ਪਰ ਸੰਤੋਖ ਸਰ ਵਾਲੇ ਤਾਲ ਤੋਂ ਦੂਰ ਜਿਹੇ ਇਕ ਪਿੰਡ ਬੱਧਾ[੨੫੯] ਜਿਸਦਾ ਨਾਮ 'ਗੁਰੂ ਕਾ ਚੱਕ' ਰਖਿਆ ਪਰ ਫੇਰ ਇਹ ਨਾਮ 'ਰਾਮਦਾਸ ਪੁਰ' ਹੋ ਗਿਆ। ਗ਼ਾਲਬਨ ਇਹ ਨਾਮ ਗੁਰੂ ਅਮਰਦਾਸ ਜੀ ਨੇ ਬਖਸ਼ਿਆ[੨੬੦]। ਪਰ ਇਸ ਪਿੰਡ ਦੀ ਨੀਂਹ ਸ਼ੁਰੂ ੧੬੩੧ ਵਿਚ ਬੱਧੀ ਗਈ ਬੀ ਅਨੁਮਾਨੀ ਜਾਂਦੀ ਹੈ। ਪਰ ਇਹ ਸਾਰੇ ਮੰਨਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਹੀਨ ਹਯਾਤ ਉਨ੍ਹਾਂ ਦੇ ਹੁਕਮ ਵਿਚ ਇਹ ਗਿਰਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਬੰਨ੍ਹਿਆ ਸੀ। ਇਥੇ ਇਕ ਪਹਿਲੋਂ ਮਕਾਨ ਬਣਵਾਇਆ ਜੋ ਪਿਛੋਂ ਪੱਕਾ ਤੇ ਵਡਾ ਕੀਤਾ ਗਿਆ; ਜਿਸ ਦਾ ਨਾਉਂ ਹੁਣ ਤਕ ਗੁਰੂ ਕੇ ਮਹਿਲ ਹੈ, ਜਿਸ ਨੂੰ ਗੁਰੂ ਅਮਰਦਾਸ ਜੀ ਨੇ ਚਰਨ ਪਾਕੇ ਆਪਣੀ ਪਾਵਨਤਾ ਨਾਲ ਪਵਿਤ੍ਰ ਕਰ ਦਿੱਤਾ ਸੀ। ਇਸਦੇ ਉਰੇ ਨਾਲ ਵਾਰ ਹੀ ਬਜ਼ਾਰ ਪਿਆ। ਤਦੋਂ ਤੋਂ ਹੁਣ ਤਕ ਇਸਦਾ ਨਾਉਂ ਗੁਰੂ ਕਾ ਬਾਜ਼ਾਰ ਹੈ। ਏਥੇ ਵਸੋਂ ਤਦੋਂ ਤੋਂ ਹੋ ਗਈ ਸੀ। ਭਾਈ ਸਾਲ੍ਹੋ ਆਦਿ ਗੁਰ ਸਿਖਾਂ ਨੇ ਬੜੀ ਸੇਵਾ ਕੀਤੀ ਸੀ। ਗੁਰੂ ਕਾ ਬੱਧਾ ਚੱਕ ਹੋਣ ਕਰਕੇ ਦੂਰੋਂ ਨੇੜਿਓਂ ਸਿਖ ਆ ਵਸੇ ਤੇ ਸੁਲਤਾਨਵਿੰਡ, ਤੁੰਗ, ਗੁਮਟਾਲਾ, ਗਿਲਵਾਲੀ, ਚਾਟੀਵਿੰਡ, ਭਾੜੀ ਆਦਿ ਪਿੰਡਾਂ ਦੇ ਗੱਭੇ ਹੋਣ ਕਰਕੇ ਇਥੋਂ ਆ ਕੇ ਹੱਟੀਆਂ ਪਾਉਣ ਵਾਲਿਆਂ ਦਾ ਵਪਾਰ ਟੁਰ ਪਿਆ ਸੀ ਤੇ


www.sikhbookclub.com

ਗੁਰੂ ਕਾ ਬਜ਼ਾਰ ਵਸ ਪਿਆ ਸੀ। ਇਹ ਕੁਛ ਬਨਵਾ ਕੇ ਆਪ ਗੋਇੰਦਵਾਲ ਗਏ ਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਦਸਿਆ ਕਿ ਆਹ ਕੁਛ ਬਣ ਗਿਆ ਹੈ।

ਕਵੀ ਜੀ ਲਿਖਦੇ ਹਨ :-

ਤਬ ਸ੍ਰੀ ਰਾਮਦਾਸ ਚਲ ਗਏ।
ਚਰਨ ਕਮਲ ਗੁਰ ਬੰਦਤ ਭਏ।
ਸਗਰੀ ਕਾਰ ਕਰੀ ਸੁ ਬਤਾਈ।
ਸਦਨ ਗ੍ਰਾਮ ਸਿਰਜੇ ਸਮੁਦਾਈ।
ਤਾਲ ਕਛੁਕ ਖਨਵਾਵਨ ਕੀਨਾ।
ਜਥਾ ਹੁਕਮ ਰਾਵਰ ਨੇ ਦੀਨਾ॥੩੯॥ (ਸੂ: ਪ੍ਰ:)

ਕਦੇ ਕਦੇ ਗੁਰੂ ਅਮਰਦਾਸ ਜੀ ਆਪ ਨੂੰ ਰਾਮਦਾਸ ਪੁਰੇ ਜਾ ਕੇ ਫੇਰਾ ਮਾਰ ਆਉਣ ਦਾ ਹੁਕਮ ਦਿਆ ਕਰਦੇ ਸਨ। ਤਦ ਆਪ ਏਥੇ ਫੇਰਾ ਪਾ ਜਾਂਦੇ ਹੁੰਦੇ ਸਨ, ਯਥਾ :- ਤਵਾ: ਖਾ: ਵਿਚ ਲਿਖਿਆ ਹੈ ਕਿ ੭ ਕੱਤਕ ਸੰ. ੧੬੩੦ ਬਿ: ਨੂੰ ਗੁਰੂ ਰਾਮਦਾਸ ਜੀ ਨੇ ਗੁਰੂ ਕੇ ਚੱਕ ਆ ਕੇ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਅੰਮ੍ਰਿਤ ਸਰੋਵਰ ਦਾ ਤਾਲ ਪੁਟਾਉਣਾ ਸ਼ੁਰੂ ਕੀਤਾ ਸੀ। (ਪਰ ਫੇਰ ਗੋਇੰਦਵਾਲ ਚਲੇ ਗਏ ਸਨ)। ਉੱਥੇ ਇਹ ਬੀ ਲਿਖਿਆ ਹੈ ਕਿ ਤਲ ਨੂੰ ਪੱਕਾ ਕਰਨ ਦਾ ਕੰਮ ਗੁਰੂ ਰਾਮਦਾਸ ਜੀ ਨੇ ੧੬੩੫ ਵਿਚ ਅਰੰਭਿਆ ਸੀ।

ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਰਾਮਦਾਸ ਪੁਰੇ ਜਾ ਰਹਿਣ ਤੇ ਅੰਮ੍ਰਿਤ ਸਰੋਵਰ ਤੇ ਹਰੀਮੰਦਰ ਬਨਾਉਣ ਦੀ ਆਗਿਆ ਦੇ ਗਏ ਸਨ। ਉਸ ਮੂਜਬ ਹੁਣ ਗੁਰੂ ਰਾਮਦਾਸ ਜੀ ਦੀ ਇਛਾ ਏਥੇ ਆ ਵਸਣੇ ਦੀ ਹੋ ਗਈ। ਹੁਣ ਤਕ ਇਥੇ ਹੀ-ਗੋਇੰਦਵਾਲ ਵਿਚ-ਗੁਰੂ ਗਾਦੀ ਸੰਭਾਲੀ ਤੇ ਪ੍ਰਚਾਰ ਕੀਤਾ। ਪਿਛੇ ਕਹੇ ਪ੍ਰਸੰਗ ਏਥੇ ਹੀ ਵਰਤੇ। ਦੇਸ਼ ਦੇਸ਼ ਵਿਚ ਬੜੀ ਪ੍ਰਸਿਧੀ ਹੋ ਗਈ ਤੇ ਸਭ ਪਾਸਿਓਂ ਸੰਗਤਾਂ ਉਮਡ ਆਈਆਂ। ਗੁਰ ਸਿਖੀ ਪੰਜਾਬ ਵਿਚ ਹੀ ਨਹੀਂ, ਪੂਰਬ, ਮੱਧ ਦੇਸ਼, ਸਿੰਧ ਤੇ ਦੱਖਣ ਤਕ ਉਪਰ ਬੁਖਾਰੇ ਤਕ ਫੈਲ ਗਈ ਸੀ, ਜਿਥੇ ਵਸਦੇ ਸਿੰਧੀ ਪੰਜਾਬੀ ਵਪਾਰੀ ਸਿਖੀ ਵਿਚ ਆ ਰਹੇ ਸਨ ਹੋਰ ਬੀ ਪ੍ਰਚਾਰ ਬਹੁਤ ਵਧ ਰਿਹਾ ਸੀ। ਸ੍ਰੀ ਗੁਰੂ ਜੀ ਹੁਣ ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਉਨ੍ਹਾਂ ਦੇ ਹੁਕਮ ਵਿਚ ਵਸਾਏ ਨਗਰ ਰਾਮਦਾਸ ਪੁਰੇ -ਵਿਚ ਜਾ ਵੱਸਣ ਦਾ ਸੰਕਲਪ ਕਰਕੇ ਗੋਇੰਦਵਾਲ ਦੇ ਸਾਰੇ ਸਹੁਰੇ ਪਰਵਾਰ ਤੋਂ ਵਿਦਾ ਹੋ ਕੇ ਆਪਣੇ ਚੱਕ ਆ ਗਏ, ਜੈਸਾ ਲਿਖਿਆ ਹੈ ਕਿ ਗੁਰੂ ਜੀ ਨੇ ਮੋਹਨ ਜੀ, ਮੋਹਰੀ ਜੀ ਸਾਰੇ ਪਰਵਾਰ ਨੂੰ ਆਖਿਆ :-

ਹਮ ਕੋ ਗੁਰ ਕੀ ਆਗਯਾ ਅਹੈ॥੫॥
ਸੁਧਾ ਸਰੋਵਰ ਕੋ ਖਨਵਾਵਨਿ।
ਤੁਮ ਭੀ ਆਇਸੁ ਕਰਹੁ ਅਲਾਵਨਿ॥੬॥

(ਸੂ: ਪ੍ਰ: ਸ: ੧੬੯੫)

ਇਸ ਪ੍ਰਕਾਰ ਸਭ ਦੀ ਪ੍ਰਸੰਨਤਾ ਲੈ ਕੇ, ਸ੍ਰੀ ਗੁਰੂ ਜੀ ਦੀ ਆਗਜਾ ਅਨੁਸਾਰ ਖੁਸ਼ੀ ਖੁਸ਼ੀ ਆਪਣੇ ਚੱਕ ਆ ਵੱਸੇ, ਜਿਸ ਥਾਂ ਨੂੰ ਗੁਰੂ ਕੇ ਮਹਿਲ ਆਖਦੇ ਹਨ। ਦੋ ਚਾਰ ਦਿਨ ਆਰਾਮ ਕਰਕੇ ਜਦੋਂ ਆਪਣੀ ਨਿਤ ਕ੍ਰਿਯਾ ਆਪਣੀ ਰੀਤਿ ਮੂਜਬ ਟੁਰ ਪਈ ਤਾਂ ਗੁਰੂ ਅਮਰਦਾਸ ਜੀ ਦੇ ਸਮੇਂ ਹੀ ਸਰੋਵਰ ਪੁਟਣ ਦੀ ਸੇਵਾ, ਜੋ ਆਪ ਆਰੰਭ ਗਏ ਸਨ, ਫੇਰ ਸ਼ੁਰੂ ਕਰਵਾਈ[੨੬੧]। ਸਰੋਵਰ ਦੀ ਸੇਵਾ ਕਰਵਾਉਂਦਿਆਂ ਇਕ ਦਿਨ ਗੁਰੂ ਜੀ ਦੇ ਲਾਹੌਰ ਦੇ ਕੁਛ ਸਨਬੰਧੀ ਮਿਲਣ ਆਏ ਤੇ ਬੇਨਤੀ ਕੀਤੀ ਕਿ ਕੁਛ ਚਿਰ ਲਈ ਲਾਹੌਰ ਆਪਣੇ ਘਰ ਭਾਗ ਲਾਓ ਤੇ ਉਥੇ ਸਿਖੀ ਦਾ ਪ੍ਰਚਾਰ ਕਰੋ ਜੋ ਪਰਵਾਰ ਤੇ ਸ਼ਹਿਰ ਦੇ ਲੋਕ ਬੀ ਸਤਿਨਾਮ ਦੇ ਗੱਫੇ ਲੈ ਕੇ ਭਵਸਾਗਰ ਨੂੰ ਤਰਨ। ਸੋ ਬਿਨੈ ਮੰਨ ਕੇ ਗੁਰੂ ਜੀ ਚਲੇ ਗਏ ਤੇ ਕੁਛ ਮਹੀਨੇ ਓਥੇ ਟਿਕੇ। ਸਤਿਨਾਮ ਦਾ ਛਤਰ ਝੁਲਾਇਆ ਤੇ ਸੈਂਕੜੇ ਜੀਵ ਪਾਪ ਜੀਵਨਾ ਤੋਂ ਬਚਾਏ। ਆਪ ਨੇ ਆਪਣੇ ਘਰ ਨੂੰ ਤਦੋਂ ਹੀ ਢੁਆ ਕੇ ਧਰਮਸਾਲਾ ਬਣਾ ਦਿਤਾ, ਨਾਲ ਇਕ ਖੂਹ ਲੁਆ ਦਿੱਤਾ ਜੋ ਹੁਣ ਤਕ ਹੈ। ਫੇਰ ਆਪ ਰਾਮਦਾਸ ਪੁਰੇ ਆ ਗਏ।

(ਅੰਮ੍ਰਿਤ ਸਰੋਵਰ ਦੀ ਸੇਵਾ, ਆਰੰਭ ਸਮੇਂ ਦਾ ਇਕ ਕ੍ਰਿਸ਼ਮਾ)

ਸ੍ਰੀ ਗੁਰੂ ਰਾਮਦਾਸ ਜੀ ਜਦ ਕਾਰ ਸੇਵਾ ਕਰਵਾ ਰਹੇ ਸਨ ਤਾਂ ਇਕ ਕ੍ਰਿਸ਼ਮਾਂ ਵਰਤਿਆ। ਕਈ ਸਜਣਾਂ ਦਾ ਖਿਆਲ ਹੈ ਕਿ ਇਹ ਵਾਰਤਾ ਪੰਚਮ ਪਾਤਸ਼ਾਹ ਦੇ ਸਮੇਂ ਹੋਈ, ਕਵੀ ਸੰਤੋਖ ਸਿੰਘ ਜੀ ਖੀ ਇਹੀ ਗਲ ਲਿਖਦੇ ਹਨ, ਪਰ ਪੰਜਵੇਂ ਪਾਤਸ਼ਾਹ ਦੇ ਪ੍ਰਸੰਗ ਵਿਚ ਇਹ ਵਾਰਤਾ, ਜੋ ਅਗੇ ਲਿਖਦੇ ਹਾਂ, ਵਰਣਨ ਕਰਕੇ ਕਵੀ ਜੀ ਆਪ ਹੀ ਲਿਖਦੇ ਹਨ ਕਿ ਕਈ ਸਿਖ ਇਸ ਵਾਰਤਾ ਨੂੰ


www.sikhbookclub.com

ਗੁਰੂ ਰਾਮਦਾਸ ਜੀ ਦੇ ਸਮੇਂ ਵਿਚ ਵਰਤੀ ਲਿਖਦੇ ਹਨ। ਹਰ ਹਾਲ ਇਹ ਵਾਰਤਾ ਤਾਲ ਖੁਣਨ ਤੋਂ ਪਹਿਲੇ ਯਾ ਸ਼ੁਰੂ ਵਿਚ ਹੋਈ। ਸ੍ਰੀ ਭਾਈ ਗੁਰਦਾਸ ਜੀ ਲਿਖਦੇ ਹਨ 'ਪੂਰਨ ਤਾਲ ਖਟਾਇਆ' ਗੁਰੂ ਰਾਮਦਾਸ ਜੀ ਨੇ ਸੀ, ਸੋ ਵਾਰਤਾ ਗੁਰੂ ਰਾਮਦਾਸ ਜੀ ਦੇ ਸਮੇਂ ਹੋਈ ਠੀਕ ਜਾਪਦੀ ਹੈ। ਭਾਈ ਗੁਰਦਾਸ ਜੀ ਦਾ ਵਾਕ :-

ਪੂਰਨ ਤਾਲ ਖਟਾਇਆ
ਅੰਮ੍ਰਿਤਸਰ ਵਿਚਿ ਜੋਤਿ ਜਗਾਵੈ॥
(ਵਾਰ ੧-੪੭)

ਵਾਰਤਾ ਇਸ ਪ੍ਰਕਾਰ ਹੈ :-

## ੮. ਪਤਿਬ੍ਰਤਾ।

**ਮਾਝੇ** ਵਿਚ ਇਕ ਨਗਰ ਹੈ ਪੱਟੀ। ਅਸਲ ਵਿਚ ਕਦੇ ਇਸ ਦਾ ਨਾਂ ਪਿਆ ਸੀ 'ਚੀਨਾ ਪਤੀ'। ਇਥੇ ਕਿਸੇ ਹਿੰਦ ਐਸ਼ੂਰਜ਼ ਦੇ ਸਮੇਂ ਚੀਨ ਦਾ ਸ਼ਹਿਜ਼ਾਦਾ ਆਇਆ ਤੇ ਰਖਿਆ ਗਿਆ ਸੀ; ਤਦੋਂ ਨਾਮ ਪਿਆ ਸੀ 'ਚੀਨਾ ਪਤੀ'। ਸਮੇਂ ਬਦਲ ਜਾਣ ਤੇ ਨਾਮ 'ਪਤੀ' ਦਾ ਪਟੀ ਰਹਿ ਗਿਆ ਤੇ 'ਚੀਨਾ' ਉਡ ਗਿਆ। ਇਹ ਨਗਰ ਪਿਛੋਂ ਪਰਗਨੇ ਦਾ ਇਕ ਵਡਾ ਨਗਰ ਬਣ ਗਿਆ। ਇਥੋਂ ਦਾ ਇਕ ਕਾਰਦਾਰ ਸੀ, ਜੋ ਸਾਰਾ ਮਾਮਲਾ ਉਗਰਾਹੁੰਦਾ ਤੇ ਮੁਗ਼ਲ ਰਾਜ ਦਾ ਇਕ ਉਹਦੇਦਾਰ ਰਾਜਿਆਂ ਤੁੱਲ ਵਸੀਕਾਰ ਰਖਦਾ ਸੀ। ਇਹ ਪੱਕਾ ਦੁਨੀਆਂਦਾਰ, ਹੈਂਕੜ ਵਾਲਾ ਤੇ ਕੁਛ ਨਾਸਤਕ ਮਤੇ ਦਾ ਆਦਮੀ ਸੀ। ਇਸ ਦੇ ਪੰਜ ਧੀਆਂ ਸਨ। ਛੋਟੀ ਕਦੇ ਸਤਿਸੰਗ ਵਿਚ ਜਾ ਨਿਕਲੀ ਤਾਂ ਇਸ ਨੇ ਸਤਿਸੰਗ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਸੁਣਿਆ :-

ਸਲੋਕ ਮ: ੧॥
ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ।
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ॥
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ॥
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ॥
ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ॥
ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ॥
ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ॥

ਇਸ ਸਲੋਕ ਦੀ ਵਜਾਵਜਾ ਤੇ ਇਸ ਸੰਬੰਧੀ ਕਥਾ ਸੁਣਕੇ ਬੀਬੀ ਕਰਤਾਰ ਦੀ ਕੁਦਰਤ ਨਾਲ ਇਕ ਦਮ ਨਿਸਚੇ ਦੇ ਘਰ ਪਹੁੰਚ ਕੇ ਮਨ ਦੀ ਮਨ ਵਿਚ ਈਸ਼ੂਰ ਪਰਾਇਣ ਹੋ ਗਈ। ਕਿਸੇ ਦਿਨ ਸਾਰੀਆਂ ਭੈਣਾਂ ਬੈਠੀਆਂ ਗਲਾਂ ਕਰਦੀਆਂ ਸਨ ਤਾਂ ਪਿਤਾ ਦੀ ਮਹਿਮਾ ਕਰਨ ਲਗੀਆਂ ਕਿ ਉਹ ਬੜਾ ਪੈਸੇ ਵਾਲਾ ਤੇ ਉਦਾਰ ਹੈ। ਸਾਡੀ ਕੈਸੀ ਰਾਜਸੀ ਪਾਲਨਾਂ ਕੀਤੀ ਤੇ ਸਾਨੂੰ ਉਚੇ ਘਰੀਂ ਦਾਤਾਂ ਬਰਾਤਾਂ ਨਾਲ ਟੋਰਿਆ ਹੈ। ਬਾਪੂ ਦੀਆਂ ਨਿਤ ਦੀਆਂ ਦਾਤਾਂ ਕਰਕੇ ਅਸੀਂ ਸਹੁਰੇ ਸੁਖੀ ਹਾਂ। ਛੋਟੀ ਚੁਪ ਬੈਠੀ ਸੀ, ਇਹ ਅਜੇ ਵਿਆਹੀ ਨਹੀਂ ਸੀ। ਇਸ ਨੂੰ ਪੁੱਛਣ ਲਗੀਆਂ ਤੂੰ ਬੀ ਕੁਛ ਬੋਲ! ਉਸ ਨੇ ਕਿਹਾ : ਤੁਸੀਂ ਸੱਚ ਕਿਹਾ ਹੈ, ਪਿਤਾ ਜੀ ਬੜੇ ਦਾਤਾ ਹਨ, ਪਰ ਪਿਤਾ ਜੀ ਦਾ ਦਾਤਾ ਪ੍ਰਭੂ ਹੈ, ਸਭ ਨੂੰ ਉਹ ਦੇ ਤੇ ਪਾਲ ਰਿਹਾ ਹੈ, ਜੇ ਉਹ ਨਾ ਦੇਵੇ ਤਾਂ ਪਿਤਾ ਜੀ ਕੁਛ ਨਹੀਂ ਦੇ ਸਕਦੇ। ਸੋ ਅਸਲ ਦਾਤਾ ਉਹੀ ਹੈ। ਭੈਣਾਂ ਨੂੰ ਗੁੱਸਾ ਲੱਗਾ ਤੇ ਉਹਨਾਂ ਨੇ ਪਿਤਾ ਨੂੰ ਵੱਧ ਘੱਟ ਗੱਲਾਂ ਦੱਸਕੇ ਭੁਤਲਾ ਦਿੱਤਾ। ਪਿਤਾ ਨੇ ਬੁਲਾ ਕੇ ਪੁੱਛਿਆ ਤਾਂ ਕਾਕੀ ਨੇ ਓਹੋ ਗੱਲ ਕਹਿ ਸੁਣਾਈ ਕਿ ਸਭ ਦਾ ਦਾਤਾ ਭਗਵਾਨ ਹੈ। ਓਹੀ ਮਾਲਕ ਪਾਲਕ ਹੈ। ਪਿਤਾ ਜੀਓ! ਆਪ ਦਾ ਦਾਤਾ ਓਹੀ ਹੈ। ਪਿਤਾ ਨੇ ਕਿਹਾ : ਜੇ ਮੈਂ ਤੈਨੂੰ ਕੰਗਾਲ ਨਾਲ ਵਿਆ ਦਿਆਂ ਤੇ ਕੁਛ ਨਾ ਦਿਆਂ ਤਾਂ ਦੇਖਾਂ ਰਾਮ ਤੇਰੇ ਵਾਸਤੇ ਦਾਜ ਦੌਣ ਲੈ ਆਵੇਗਾ। ਕਾਕੀ ਨੇ ਮੂੰਹ ਨੀਵਾਂ ਪਾ ਲਿਆ ਤੇ ਉਹੋ ਪਦ ਆਖੇ : ਕਿ ਸਭ ਦਾਤਿਆਂ ਦਾ ਦਾਤਾ ਉਹੀ ਹੈ। ਬਾਕੀ ਭੈਣਾਂ ਨੇ ਕਿਹਾ ਕਿ ਪਿਤਾ ਜੀ! ਸਾਡ ਦਾਤਾ ਤੁਸੀਂ ਹੋ-ਪ੍ਰਤੱਖ ਦੇ ਰਹੇ ਹੋ ਦਾਤਾਂ ਹਰ ਪ੍ਰਕਾਰ ਦੀਆਂ। ਗਲ ਕੀਹ ਗੁੱਸੇ ਭਰੇ ਹੈਂਕੜੀ ਪਿਤਾ ਨੇ ਆਪਣੇ ਬਰਾਦਰੀ ਦੇ ਇਕ ਕੰਗਾਲ ਆਦਮੀ ਨੂੰ ਲੱਭਕੇ ਉਸ ਨਾਲ, ਜੋ ਸਰੀਰ ਕਰਕੇ ਬੀ ਰੋਗੀ ਸੀ, ਧੀ ਨੂੰ ਵਿਆਹ ਦਿੱਤਾ ਤੇ ਦਾਜ ਦੌਣ ਕੁਛ ਨਾ ਦਿੱਤਾ। ਦ੍ਰਿੜ ਧਰਮ ਬੀਬੀ ਇਸ ਹੋਣੀ ਨੂੰ ਸਿਰ ਤੇ ਧਰਕੇ


www.sikhbookclub.com

ਅਪਾਹਜ ਪਤੀ ਨਾਲ ਟੁਰ ਗਈ। ਇਸ ਪਤੀ ਨੂੰ ਕੋੜ੍ਹ ਦੀ ਬੀਮਾਰੀ ਫੁਟ ਰਹੀ ਸੀ, ਜੋ ਦਿਨੋ ਦਿਨ ਵਧਦੀ ਗਈ। ਕਾਕੀ ਨੂੰ ਫੇਰ ਇਹ ਜੀਵਨ ਅਖਤਿਆਰ ਕਰਨਾ ਪਿਆ ਕਿ ਪਤੀ ਨੂੰ ਲੈਕੇ ਇਕ ਖਾਰੀ ਵਿਚ ਬਿਠਾ ਕੇ ਚਾਈ ਫਿਰੇ। ਪਿੰਡਾਂ ਯਾ ਨਗਰਾਂ ਦੀਆਂ ਗਲੀਆਂ ਵਿਚ ਜਾ ਕੇ ਟੁਕਰ ਮੰਗ ਲਿਆਵੇ। ਇਸ ਤਰ੍ਹਾਂ ਫਿਰਦੇ ਪਤੀ ਨੇ ਕਿਹਾ ਕਿ ਭਾਗਵਾਨੇ! ਐਵੇਂ ਨਾ ਪਈ ਘੁੰਮ, ਚਲ ਤੀਰਥਾਂ ਨੂੰ ਚਲ, ਸਹਿਜੇ ਸਹਿਜੇ ਕਦੇ ਮੰਗਦੇ ਪਿੰਨਦੇ ਪਹੁੰਚ ਕੇ ਕੁਛ ਇਸ਼ਨਾਨ ਕਰਕੇ ਪਾਪ ਕਟੇ ਜਾਣ ਤਾਂ ਅਗਲਾ ਜਨਮ ਸੰਵਰੇ। ਇਹ ਸਲਾਹ ਕਰਕੇ ਬੀਬੀ ਖਾਰੀ ਚਾਈ ਮੰਗਦੀ ਪਿੰਨਦੀ ਗੁਰੂ ਕੇ ਚੱਕ ਆ ਗਈ। ਨਗਰੀ ਤੋਂ ਦੂਰ ਥਾਂ ਜਿਥੇ ਅਜ ਕਲ ਦਰਬਾਰ ਸਾਹਿਬ ਵਿਚ ਦੁਖ ਭੰਜਨੀ ਦੀ ਬੇਰ ਹੈ, ਏਥੇ ਕੁ ਵਾਰ ਸੁਹਣੀ ਛਾਂ ਦੇਖਕੇ ਤੇ ਥੋੜੀ ਥਾਂ ਤੇ ਖੜੇ ਜਲ ਨੂੰ ਤੇ ਉਸ ਵੇਲੇ ਦੀ ਵਹਿ ਰਹੀ ਸਮੀਰ ਨੂੰ ਤੱਕ ਕੇ ਪਤੀ ਦੀ ਖਾਰੀ ਨੂੰ ਜਲ ਕਿਨਾਰੇ ਛੋੜ ਗਈ ਤੇ ਆਪ ਰੋਟੀ ਮੰਗਣ ਪਿੰਡ ਨੂੰ ਚਲੀ ਗਈ। ਜਦ ਮੁੜਕੇ ਆਈ ਤਾਂ ਕੀ ਦੇਖੇ ਕਿ ਖਾਰਾ ਮੂਧਾ ਪਿਆ ਹੈ ਤੇ ਉਤੇ ਇਕ ਨਵਾਂ ਨਰੋਆ ਆਦਮੀ ਬੈਠਾ ਹੈ, ਘਬਰਾ ਗਈ ਤੇ ਸਮਝੀ ਕਿ ਕਿਸੇ ਨੇ ਮੇਰੇ ਪਤੀ ਨੂੰ ਮਾਰ ਦਿੱਤਾ ਹੈ ਤੇ ਮੈਨੂੰ ਕਾਬੂ ਕਰਨ ਦੇ ਲਾਲਚ ਵਿਚ ਏਥੇ ਬੈਠਾ ਹੈ। ਝਿੜਕ ਕੇ ਬੋਲੀ ਤੂੰ ਕੌਣ ਹੈ? ਉਸ ਨੇ ਕਿਹਾ: ਤੇਰਾ ਪਤੀ ਹਾਂ। ਗਲ ਕੀਹ ਉਹ ਵਿਥਜਾ ਸੁਣਾਵੇ, ਸਹੁੰਵਾਂ ਸੁਗੰਧਾਂ ਖਾਵੇ, ਬੀਬੀ ਵਧੇਰੇ ਗੁੱਸੇ ਹੁੰਦੀ ਜਾਵੇ। ਕੋਈ ਸਿਆਣੇ ਕੋਲੋਂ ਲੰਘ ਪਏ, ਉਨ੍ਹਾਂ ਸਾਰੀ ਗਲ ਸੁਣੀ ਤੇ ਕਿਹਾ : ਕਿਉਂ ਲੜਦੇ ਹੋ, ਸ੍ਰੀ ਗੁਰੂ ਰਾਮਦਾਸ ਜੀ ਨੇੜੇ ਹੀ ਹਨ, ਉਹ ਅੰਤਰਯਾਮੀ ਹਨ, ਉਨ੍ਹਾਂ ਕੋਲ ਚੱਲੋ ਧਰਮ ਨਿਆਂ ਕਰ ਦੇਣਗੇ*! ਸੋ ਦੋਵੇਂ ਸਾਹਿਬਾਂ ਪਾਸ ਆਏ। ਤ੍ਰੀਮਤ ਨੇ ਪਹਿਲੀ ਸਾਰੀ ਵਿਥਜਾ ਪੇਕੇ ਘਰ ਤੋਂ ਲੈਂ ਕੇ ਜਲ ਕਿਨਾਰੇ ਖਾਰੀ ਰੱਖਣ ਤਕ ਦੀ ਸੁਣਾਈ। ਫੇਰ ਮਰਦ ਨੇ ਕਿਹਾ: ਜਦ ਇਹ ਭਿਖਿਆ ਮੰਗਣ ਚਲੀ ਗਈ ਤਾਂ ਮੈਂ ਡਿੱਠਾ ਕਿ ਇਕ ਤਿਹਾਇਆ ਕਾਂ ਆਇਆ: ਮੈਂ ਖਾਰੀ ਵਿਚ ਛਪੜੀ ਕਿਨਾਰੇ ਬੈਠਾ ਸਾਂ, ਉਥੇ ਆ ਕੇ ਉਹ ਕਾਂ ਹੇਠਾਂ ਨੂੰ ਉਤਰਿਆ ਤੇ ਛਪੜੀ ਤੇ ਜਾਕੇ ਉਸਨੇ ਚੁੰਝਾਂ ਭਰ ਭਰ ਪਾਣੀ ਪੀਤਾ ਤੇ ਫੇਰ ਟੁਬਕੀ ਲਾਈਓਸੁ। ਮੇਰੇ ਦੇਖਦੇ ਦੇਖਦੇ ਉਹ ਚਿੱਟਾ ਹੋ ਗਿਆ, ਜਿਵੇਂ ਕਿ ਹੰਸ ਹੁੰਦਾ ਹੈ, ਫੇਰ ਉਹ ਉਡ ਗਿਆ। ਮੈਂ ਤੱਕਦਾ ਰਿਹਾ। ਤੱਕਦੇ ਤੱਕਦੇ ਮੈਨੂੰ ਸੋਚ ਫੁਰੀ ਕਿ ਇਹ ਥਾਉਂ ਤੇ ਜਲ ਤਾਂ ਸ਼ਕਤੀ ਵਾਲਾ ਹੈ ਕਿਉਂ ਨਾ ਮੈਂ ਬੀ ਨ੍ਹਾਵਾਂ। ਪਰ ਇਕੱਲਾ ਹੇਠਾਂ ਪਹੁੰਚਾਂ ਕਿਵੇਂ ਤੇ ਸੰਭਲਾਂ ਕਿਵੇ? ਫਿਰ ਮੈਂ ਸੋਚਿਆ: ਰਿੜ੍ਹ ਹੀ ਪਵਾਂ ਜੇ ਸ਼ਕਤੀ ਦੀ ਥਾਂ ਹੈ ਤੇ ਵੇਲਾ ਪੁਰਖੀ[੨੬੨] ਦਾ ਹੈ ਤਾਂ ਮੈਂ ਬੀ ਰਾਜ਼ੀ ਹੋ ਜਾਸਾਂ ਤੇ ਜੇ ਉਡੀਕ ਕਰਾ ਵਹੁਟੀ ਦੀ ਤਾਂ ਖਬਰੇ ਪੁਰਖੀ ਦਾ ਸਮਾਂ ਬੀਤ ਜਾਵੇ! ਸੋ ਉਤਰ ਪਵਾਂ ਤੇ ਜੇ ਜਲ ਡੂੰਘਾ ਹੈ ਤਾਂ ਮੈਂ ਸੰਭਾਲ ਨਾ ਸਕਿਆ ਤੇ ਡੁਬ ਗਿਆ ਤਾਂ ਬੀ ਭਲਾ ਹੈ, ਮੇਰੀ ਜੂਨ ਛੁੱਟੂ ਤੇ ਮੇਰੀ ਇਸਤ੍ਰੀ ਦੇ ਪਾਪ ਕੱਟੇ ਜਾਣਗੇ। ਉਹ ਮੇਰੀ ਸੇਵਾ ਤੋਂ ਖਲਾਸੀ ਪਾਕੇ ਕਿਤੇ ਭਜਨ ਕਰਕੇ ਦਿਨ ਗੁਜ਼ਾਰ ਲੈਸੀ। ਸੋ ਮੈਂ ਰਿੜ੍ਹ ਖੁੜ੍ਹ ਬੁਰੇ ਟਾਲੀਂ ਜਲ ਦੇ ਪਾਸ ਜਾ ਪਹੁੰਚਾ ਤੇ ਦੋ ਘੁੱਟ ਜਲ ਦੇ ਭਰਕੇ ਆਪ ਨੂੰ ਜਲ ਵਿਚ ਸੁਟ ਘੱਤਿਆ ਡੁਬਕੀ ਲਗਦਿਆਂ ਤੇ ਦੋ ਘੁੱਟ ਪੀਂਦਿਆਂ ਮੇਰਾ ਰੋਗ ਦੂਰ ਹੋਣ ਲਗ ਪਿਆ ਤੇ ਮੈਂ ਸਾਵਧਾਨ ਨਵਾਂ ਨਿਰੋਆਂ ਜਲ ਵਿਚੋਂ ਲਿਕਲ ਆਇਆ ਤੇ ਇਸ ਆਪਣੀ ਪਤਿਬ੍ਰਤ ਭਾਗਵਾਨ ਦੀ ਉਡੀਕ ਵਿਚ ਬੈਠ ਰਿਹਾ! ਹੁਣ ਮੇਰੇ ਭਾਗ, ਸਤਿਗੁਰ ਜੀ ਦੇਖੋ, ਇਹ ਅਮੰਨਾਂ ਹੀ ਨਹੀਂ ਕਰਦੀ। ਸਤਿਗੁਰੂ ਜੀ ਨੇ ਬੀਬੀ ਨੂੰ ਕਿਹਾ-ਇਹੀ ਤੇਰਾ ਪਤੀ ਹੈ, ਦੇਖ ਇਸ ਦੀ ਇਕ ਉਂਗਲ ਹੱਥ ਦੀ ਉਸ ਵੇਲੇ ਨਹੀਂ ਸੀ ਭਿੱਜੀ; ਉਸ ਪਰ ਅਜੇ ਰੋਗ ਹੈ, ਦੇਖ ਅਹ ਪਰਖ। ਬੀਬੀ ਨੇ ਡਿੱਠਾ ਠੀਕ ਉਂਗਲ ਤੇ ਰੋਗ ਉਸੇ ਤਰ੍ਹਾਂ ਹੈਸੀ; ਤਦ ਸਾਹਿਬ ਦੋਹਾਂ ਨੂੰ ਨਾਲ ਲੈਕੇ ਸੰਗਤ ਸਮੇਤ ਤੁਰ ਪਏ, ਥਾਂ ਨੇੜੇ ਹੀ ਸੀ, ਜਲ ਦੇ ਕੋਲ ਜਾ ਕੇ ਆਪ ਨੇ ਕਿਹਾ, ਲੈ ਬਈ ਅਪਣੀ ਉਂਗਲ ਜਲ ਵਿਚ ਪਾ। ਜਦ ਜਲ ਵਿਚ ਡੋਬਕੇ ਕੱਢੀ ਤਾਂ ਉਹ ਅਰੋਗ ਹੋ ਗਈ। ਹੁਣ ਇਸਤ੍ਰੀ ਨੂੰ ਇਕ ਤਾਂ ਪ੍ਰਤੱਖ ਸਬੂਤ ਮਿਲ ਗਿਆ, ਦੂਜੇ ਸਤਿਗੁਰ

*ਭਾਈ ਸੰਤੋਖ ਸਿੰਘ ਜੀ ਵਾਕਿਆ ਪੰਜਵੇਂ ਸਤਿਗੁਰਾਂ ਦੇ ਸਮੇ ਦਾ ਦੇਂਦੇ ਹਨ ਤੇ ਦੱਸਦੇ ਹਨ ਪੰਜਵੇਂ ਗੁਰੂ ਜੀ ਸੰਤੋਖ ਸਰ ਪਟਵਾ ਰਹੇ ਸਨ ਜਦੋਂ ਕਿ ਇਹ ਵਾਕਿਆ ਕੁਸ਼ਟੀ ਦੇ ਰਾਜ਼ੀ ਹੋਣ ਦਾ ਨਿਆਂ ਲਈ ਉਹਨਾਂ ਕੋਲ ਪੁਜਾ। ਪਰ ਅਸੀਂ ਭਾਈ ਗੁਰਦਾਸ ਜੀ ਦੀ ਉਗਾਹੀ ਨਾਲ ਦੱਸ ਆਏ ਹਾਂ ਕਿ ਸਾਰਾ ਤਲਾ-ਅੰਮ੍ਰਿਤ ਸਰੋਵਰ ਗੁਰੂ ਰਾਮਦਾਸ ਜੀ ਨੇ ਆਪ ਪਟਵਾ ਲਿਆ ਸੀ। ਸੋ ਵਾਕਿਆ ਚੌਥੇ ਸਾਹਿਬਾਂ ਵੇਲੇ ਹੋਇਆ ਠੀਕ ਮੰਨਣਾ ਪੈਂਦਾ ਹੈ।


www.sikhbookclub.com

ਜੀ ਨੇ ਫਰਮਾ ਦਿੱਤਾ ਕਿ ਇਹੁ ਤੇਰਾ ਪਤੀ ਹੈ; ਇਸ ਥਾਂ ਇਹ ਕਉਤਕ ਸਾਡੇ ਸਤਿਗੁਰੂ ਨੇ ਵਰਤਿਆ ਹੈ, ਤਾਂ ਕਿ ਜਗਤ ਨੂੰ ਪਤਾ ਲਗ ਜਾਵੇ ਕਿ ਇਹੀ ਥਾਂ ਹੈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਬੈਠੇ ਮਨ ਤੇ ਦੱਸ ਗਏ ਸਨ ਕਿ ਇਹ ਟਿਕਾਣਾ ਹਰੀ ਭਜਨ ਦਾ ਹਰਿਮੰਦਰ ਹੋਏਗਾ[੨੬੩]। ਉਹੋ ਥਾਂ ਹੈ ਜ਼ਿਥੇ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਵਿਚ ਅਸਾਂ ਕਦੇ ਕੁਛ ਮਿੱਟੀ ਪੁਟਵਾਈ ਸੀ ਤੇ ਜੋ ਕੁਛ ਰੁੜ੍ਹ ਰੁੜ੍ਹ ਕੇ ਵਿਚ ਜਾਂ ਪਈ ਸੀ। ਇਹੋ ਥਾਂ ਹੈ, ਜਿਸ ਨੂੰ ਅਸੀਂ ਤਾਂ ਪਛਾਣਦੇ ਹਾਂ, ਪਰ ਅਜ ਸਾਰੇ ਲੋਕ ਬੀ ਅਮੰਨਾ ਕਰ ਗਏ ਕਿ ਇਹੋ ਥਾਉਂ ਹੈ।

ਹੁਣ ਉਸ ਮਰਦ ਤੇ ਪਤਿਬ੍ਰਿਤਾ ਨੇ ਚਰਣ ਸ਼ਰਨ ਲਈ, ਨਾਮ ਪ੍ਰਾਪਤ ਹੋ ਕੇ ਸਿਖੀ ਧਾਰਨ ਕਰਕੇ ਸੇਵਾ ਵਿਚ ਲਗ ਪਏ। ਇਹ ਸਾਰੀ ਵਾਰਤਾ ਸੁਣ ਸਮਝ ਕੇ ਬੀਬੀ ਦੇ ਪਿਤਾ ਨੇ ਬੀ ਸ਼ਰਣ ਲਈ ਤੇ ਸਿਖੀ ਧਾਰਨ ਕੀਤੀ। ਅੰਤ ਘਰ ਨਰੀਨਾ ਉਲਾਦ (ਨਰ ਉਲਾਦ = ਪੁੱਤ੍ਰ) ਨਾ ਹੋਣ ਕਰਕੇ ਇਸੇ ਦੇ ਪਤੀ ਨੂੰ ਮੁਤਬੰਨਾ ਕਰ ਲਿਆ[੨੬੪]। ਜਿਸ ਥਾਂ ਇਹ ਕੌਤਕ ਵਰਤਿਆ ਸੀ, ਉਸ ਦਾ ਨਾਉਂ ਗੁਰੂ ਜੀ ਨੇ 'ਦੁਖ ਭੰਜਨੀ' ਰਖਿਆ ਜੋ ਨਾਮ ਤੇ ਟਿਕਾਣਾ ਅਜ ਤਕ ਕਾਯਮ ਹੈ। ਇਥੇ ਅਨੇਕਾਂ ਲੋਕ ਸ਼ਰਧਾ ਨਾਲ ਇਸ਼ਨਾਨ ਕਰਕੇ ਵੱਲ ਹੋਏ ਤੇ ਉਨ੍ਹਾਂ ਦੇ ਆਪ ਦੱਸੇ ਹਾਲ ਲੋਕਾਂ ਨੇ ਸੁਣੇ ਵੇਖੇ ਹਨ।

ਉਸ ਸਮੇਂ ਗੁਰੂ ਸਾਹਿਬ ਜੀ ਨੇ ਇਕ ਸ਼ਬਦ ਉਚਾਰਨ ਕੀਤਾ, ਜਿਸ ਦੀ ਉਥਾਨਕਾ ਇਹ ਦੱਸੀਦੀ ਹੈ।

ਸ਼ਬਦ ਜੋ ਉਚਾਰ ਹੋਇਆ ਇਹ ਹੈ :-

ਗੂਜਰੀ ਮਹਲਾ ੪॥

ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ
ਮਿਲਿ ਸੰਤਸੰਗਤਿ ਸਬਦਿ ਮਨੁ ਮੋਹੈ॥
ਜਪਿ ਗੋਵਿੰਦੁ ਗੋਵਿੰਦੁ ਧਿਆਈਐ
ਸਭ ਕਉ ਦਾਨੁ ਦੇਇ ਪ੍ਰਭੁ ਓਹੈ॥੧॥
ਮੇਰੇ ਭਾਈ ਜਨਾ ਮੋਕਉ ਗੋਵਿੰਦੁ
ਗੋਵਿੰਦੁ ਗੋਵਿੰਦੁ ਮਨੁ ਮੋਹੈ॥
ਗੋਵਿੰਦੁ ਗੋਵਿੰਦੁ ਗੋਵਿੰਦੁ ਗੁਣ ਗਾਵਾ
ਮਿਲਿ ਗੁਰ ਸਾਧ ਸੰਗਤਿ ਜਨੁ ਸੋਹੈ॥
੧॥ਰਹਾਉ॥
ਸੁਖ ਸਾਗਰ ਹਰਿ ਭਗਤਿ ਹੈ ਗੁਰਮਤਿ
ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ॥
ਜਨ ਕਉ ਰਾਮ ਨਾਮੁ ਆਧਾਰਾ
ਹਰਿ ਨਾਮੁ ਜਪਤ ਹਰਿ ਨਾਮੇ ਸੋਹੈ॥੨॥
ਦੁਰਮਤਿ ਭਾਗਹੀਨ ਮਤਿ ਫੀਕੇ
ਨਾਮੁ ਸੁਨਤ ਆਵੈ ਮਨਿ ਰੋਹੈ॥
ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ
ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ॥੩॥
ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ
ਜਿਤੁ ਨਾਤੈ ਕਊਆ ਹੰਸੁ ਹੋਹੈ॥
ਨਾਨਕ ਧਨੁ ਧੰਨੁ ਵਡੇ ਵਡਭਾਗੀ
ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ॥॥੪॥੨॥

## ੯. ਪੂਰਨ ਤਾਲ ਖਟਾਇਆ।

**ਇਸ** ਤੋਂ ਪਿਛੋਂ ਤਾਲ ਦੀ ਸੇਵਾ ਹੁਣ ਬੜੇ ਜ਼ੋਰਾਂ ਨਾਲ ਆਰੰਭ ਹੋਈ। ਇਥੋਂ ਤਾਈਂ ਕਿ ਸਰੋਵਰ ਸਾਰਾ ਖੁਦ ਗਿਆ। ਇਸ ਗੱਲ ਦੀ ਉਗਾਹੀ ਭਾਈ ਗੁਰਦਾਸ ਜੀ ਤੋਂ ਮਿਲਦੀ ਹੈ ਜੋ ਲਿਖਦੇ ਹਨ :-

ਦਿਚੈ ਪੂਰਬਿ ਦੇਵਣਾ
ਜਿਸਦੀ ਵਸਤੁ ਤਿਸੈ ਘਰਿ ਆਵੈ॥
ਬੈਠਾ ਸੋਢੀ ਪਾਤਿਸਾਹੁ
ਰਾਮਦਾਸੁ ਸਤਿਗੁਰੂ ਕਹਾਵੈ॥
ਪੂਰਨ ਤਾਲ ਖਟਾਇਆ
ਅੰਮ੍ਰਿਤਸਰ ਵਿਚਿ ਜੋਤਿ ਜਗਾਵੈ॥
ਉਲਟਾ ਖੇਲ ਖਸੰਮ ਦਾ
ਉਲਟੀ ਗੰਗ ਸਮੁੰਦ੍ਰਿ ਸਮਾਵੈ॥
ਦਿਤਾ ਲਈਐ ਆਪਣਾ
ਅਣਦਿਤਾ ਕੁਛੁ ਹਥਿ ਨ ਆਵੈ॥
ਫਿਰਿ ਆਈ ਘਰਿ ਅਰਜਣੇ
ਪੁਤੁ ਸੰਸਾਰੀ ਗੁਰੂ ਕਹਾਵੈ॥
ਜਾਣਿ ਨ ਦੇਸਾਂ ਸੋਢੀਓਂ
ਹੋਰਸਿ ਅਜਰੁ ਨ ਜਰਿਆ ਜਾਵੈ॥
ਘਰ ਹੀ ਕੀ ਵਥੁ ਘਰੇ ਰਹਾਵੈ॥੪੭॥ (ਵਾਰ ੧)

ਇਸ ਪਉੜੀ ਨੂੰ ਘੋਖਿਆ ਸਮਝ ਪੈਂਦੀ ਹੈ ਕਿ


www.sikhbookclub.com

ਤਾਲ ਪੂਰਾ ਪੂਰਾ ਖੁਦ ਗਿਆ ਸੀ ਤੇ ਤਾਲ ਦੇ ਵਿਚਕਾਹੇ ਥੜ੍ਹੇ ਵਾਂਗੂ ਜਗਾ ਤੇ ਉਸ ਤਕ ਰਸਤਾ ਰਖ ਲਿਆ ਗਿਆ ਸੀ। ਕਿਉਂਕਿ ਤਦੋਂ ਅੰਮ੍ਰਿਤਸਰ ਇਸ ਸਰੋਵਰ ਦਾ ਨਾਉਂ ਸੀ, ਸ਼ਹਿਰ ਦਾ ਨਾਉਂ ਨਹੀਂ ਸੀ। ਇਸ ਤਾਲ ਵਿਚ ਜੋਤਿ ਜਗਾਉਣ ਦਾ ਮਤਲਬ ਹੈ ਕਿ ਇਸ ਦੇ ਵਿਚ ਬੈਠਕੇ ਆਪ ਸਤਿਸੰਗ ਲਾਉਂਦੇ ਸਨ। ਜਿਥੇ ਹੁਣ ਹਰੀ ਮੰਦਰ ਹੈ ਏਥੇ ਸ੍ਰੀ ਗੁਰੂ ਰਾਮਦਾਸ ਜੀ ਨੇ ਚਾਹੋ ਇਕ ਸੁਹਣਾ ਮੰਡਪ, ਚਾਹੋ ਆਰਜ਼ੀ ਮੰਦਰ ਸਾਜ ਲਿਆ ਸੀ। ਉਥੇ ਦੀਵਾਨ ਸਜਦੇ ਤੇ ਕਥਾ ਕੀਰਤਨ ਸਤਿਸੰਗ ਹੁੰਦੇ ਸਨ।

ਨਿਰੇ ਜਲ ਵਿਚ ਤਾਂ ਬੈਠਕੇ ਜੋਤ ਨਹੀਂ ਜਗਾਈ ਜਾਂਦੀ। ਜੋ ਨਗਰੀ ਵਸਾਈ ਤੇ ਵਸਾਈ ਜਾ ਰਹੀ ਸੀ, ਉਸ ਦਾ ਨਾਮ 'ਗੁਰੂ ਕਾ ਚੱਕ' ਤੇ 'ਰਾਮਦਾਸ ਪੁਰਾ' ਤਦੋਂ ਲੈਂਦੇ ਸਨ ਅਤੇ 'ਅੰਮ੍ਰਿਤਸਰ' ਤੇ 'ਰਾਮਦਾਸ ਸਰ' ਸਰੋਵਰ ਦਾ ਨਾਉਂ ਸੀ ਯਥਾ :-

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ
ਰਾਮਦਾਸ ਸਰ॥੧੦॥ (ਫੁਨਹੇ ਮ: ੫)

ਸੋ ਗੁਰੂ ਅਰਜਨ ਦੇਵ ਜੀ ਨੇ ਖੁਦ :-

'ਅਨੂਪ ਰਾਮਦਾਸ ਪੁਰ' ਅਤੇ 'ਰਾਮਦਾਸ ਸਰ' ਆਖਿਆ ਹੈ।

## ੧੦. ਬਾਬਾ ਸ੍ਰੀ ਚੰਦ ਜੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਗਰੋਂ ਦੋ ਗੁਰੂ ਸਾਹਿਬ ਸਚਖੰਡ ਪਯਾਨੇ ਕਰ ਚੁਕੇ ਹਨ। ਹੁਣ ਚੌਥੇ ਸਾਹਿਬ ਗੱਦੀ ਪਰ ਹਨ। ਵਿਚ ਦੋ ਗੁਰੂ ਸਾਹਿਬਾਂ ਦਾ ਸਮਾਂ ਲੰਘ ਚੁਕਾ ਹੈ।

ਸ੍ਰੀ ਗੁਰੂ ਨਾਲਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਸ੍ਰੀ ਚੰਦ ਜੀ ਨੇ ਵੀਚਾਰ ਕੀਤੀ ਕਿ ਚਲੋ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰੀਏ ਜੋ ਹੁਣ ਪਿਤਾ ਗੁਰੂ ਜੀ ਦੀ ਚੌਥੀ ਥਾਵੇਂ ਗੱਦੀ ਨਸ਼ੀਨ ਹੋਏ ਹਨ ਤੇ ਉਨ੍ਹਾਂ ਦੀ ਕੀਤੀ ਆਗਿਆ ਅਨੁਸਾਰ ਹੁਣ ਆਪ ਨੇ ਅੰਮ੍ਰਿਤ ਸਰੋਵਰ ਖੁਣ ਲੀਤਾ ਹੈ ਤੇ ਰੌਣਕਾਂ ਲਗ ਰਹੀਆਂ ਹਨ। ਸੋ ਆਪ ਜੀ ਰਾਮਦਾਸ ਪੁਰ ਆਏ। ਸ੍ਰੀ ਗੁਰੂ ਜੀ ਨੇ ਆਪਣੇ ਪਰ-ਪਿਤਾਮਾਂ ਗੁਰੂ ਦੇ ਸਾਹਿਬਜ਼ਾਦੇ ਜਾਣਕੇ ਅਗੋਂ ਆਦਰ ਨਾਲ ਲੈ ਆਂਦਾ ਤੇ ਸੁਹਣੇ ਘਰ ਵਿਚ ਨਿਵਾਸ ਦਿੱਤਾ।

ਲੌਢੇ ਪਹਿਰ ਜਦ ਦੀਵਾਨ ਸਜਿਆ ਰਬਾਬੀਆਂ ਨੇ ਆ ਕੇ ਕੀਰਤਨ ਕੀਤਾ, ਅਨੰਦ ਮੰਗਲ ਚਾਰ ਹੋਏ, ਸ੍ਰੀ ਚੰਦ ਜੀ ਦੀ ਕੰਨੀਂ ਵੀ ਦੂਸਰੀ ਤੀਸਰੀ ਚੌਥੀ ਪਾਤਸ਼ਾਹੀ ਦੇ ਸ਼ਬਦ ਪਏ ਤਦ ਗਦ ਗਦ ਹੋ ਗਏ ਕਿ ਮੇਰੇ ਪਿਤਾ ਜੀ ਦੇ ਚੁਣੇ, ਨਿਵਾਜੇ ਤੇ ਦਾਤਾਂ ਨਾਲ ਵਰੋਸਾਏ ਗੱਦੀ ਨਸ਼ੀਨ ਬਾਣੀ ਬੀ ਮੇਰੇ ਹੀ ਪਿਤਾ ਵਰਗੀ ਇਲਾਹੀ ਰੰਗ ਰੰਗੀ ਉਚਾਰਦੇ ਰਹੇ ਹਨ। ਖੁਸ਼ ਹੋਏ ਕਿ ਪਿਤਾ ਜੀ ਜੋ ਕੁਛ ਕਰ ਗਏ ਸਨ ਇਹੋ ਠੀਕ ਸੀ। ਫਿਰ ਜੀ ਵਿਚ ਆਈ ਕਿ ਸਾਰੀ 'ਗ੍ਰੀਬੀ' ਗੁਰੂ ਨਾਨਕ ਸਾਹਿਬ ਵਿਚ ਸੀ, ਦੇਖੀਏ ਉਹ ਸ਼ੈ ਇਸ ਚੌਥੇ ਗੱਦੀ ਨਸ਼ੀਨ ਵਿਚ ਹੈ ਕਿ ਨਹੀਂ।

ਤਦ ਬਿਲਾਸ ਨਾਲ ਪੁੱਛਣ ਲੱਗੇ-ਸੁਣਾਓ ਜੀਓ ਜੀ! ਦਾੜ੍ਹਾ ਕਿਉਂ ਐਤਨਾਂ ਲੰਮਾ ਕੀਤਾ ਨੇ? ਤਾਂ ਨਿੰਮ੍ਰਤਾ ਦੇ ਰੂਪ ਸ੍ਰੀ ਗੁਰੂ ਰਾਮਦਾਸ ਜੀ ਬੋਲੇ-ਆਪ ਜੈਸੇ ਸਤਿ ਪੁਰਖਾਂ ਦੇ ਚਰਣ ਝਾੜਨੇ ਵਾਸਤੇ। ਇਹ ਸੁਣਦੇ ਹੀ ਸ੍ਰੀ ਚੰਦ ਜੀ ਨੇ ਆਖਿਆ-ਧੰਨ ਹੋ ਆਪ, ਧੰਨ ਹੋ। ਤੁਸੀਂ ਪਿਤਾ ਗੁਰੂ ਦੀ ਗੁਰ ਗਾਦੀ ਤੇ ਸਜੋਗ ਗੁਰੂ ਹੋ। ਹਾਂ ਇਹੋ ਕਮਾਲ ਸ੍ਰੀ ਗੁਰੂ ਅੰਗਦ ਵਿਚ ਸੀ, ਇਹੋ ਤੁਸਾਂ ਵਿਚ ਹੈ। ਇਸੇ ਕਮਾਲ ਨਾਲ ਸਸ਼ੋਭਤ ਹੋਏ ਹੋ। ਤੁਸੀਂ ਠੀਕ ਗੁਰੂ ਹੋ, ਤੁਸੀਂ ਧੰਨ ਹੋ, ਤੁਹਾਡੀ ਸਿਖੀ ਧੰਨ ਹੈ। ਜੈਸੇ ਕਿ ਲਿਖਿਆ ਹੈ ਕਿ ਸ੍ਰੀ ਚੰਦ ਜੀ ਬੋਲੇ :-

ਤੁਮਰੀ ਮਹਿਮਾ ਅਧਿਕ ਹੈ
ਕਹੀਏ ਕਾਹਿ ਬਨਾਇ॥
ਤੁਮਰੇ ਸਰ ਮਹਿੰ ਜੋ ਮਜਹਿ
ਪਾਪੀ ਭੀ ਗਤਿ ਪਾਇੰ॥

(ਸੂ: ਪ੍ਰ: ਸਫਾ ੧੭੦੧)

ਜਦ ਬਾਬਾ ਸ੍ਰੀ ਚੰਦ ਜੀ ਵਿਦਾ ਹੋਏ ਤਦ ਸ੍ਰੀ ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਾਹਿਬਜ਼ਾਦੇ ਤੇ ਗੁਰੂ ਘਰ ਨਾਲ ਮਿਲਾਪ ਵਿਚ ਹੋ ਗਏ ਖਜ਼ੁਰਗ ਸਤਿ ਪੁਰਖ ਸਮਝਕੇ ਹੋਰ ਸਤਿਕਾਰ ਕੀਤਾ ਤੇ ਇਕ ਘੋੜਾ ਤੇ ੫੦੦ ਰੁਪੱਯਾ ਬੀ ਦਿੱਤਾ। ਸ੍ਰੀ ਸ੍ਰੀ ਚੰਦ ਜੀ ਅਸੀਸਾਂ ਦੇਂਦੇ ਕਰਤਾਰ ਪੁਰ ਨੂੰ ਪਧਾਰ ਗਏ।


www.sikhbookclub.com

## ੧੧. ਅੰਮ੍ਰਿਤ ਸਰੋਵਰ।

**ਜਾਪਦਾ** ਹੈ, ਕਿ ਇਸ ਸਮੇਂ ਲਗ ਪਗ, ਸਰੋਵਰ ਦੀ ਖਣਨਾ ਹੋ ਗਈ ਸੀ, ਚਾਹੋ ਸਾਰਾ ਸਰੋਵਰ ਕੱਚਾ ਸੀ। ਜੈਸਾ ਕਿ ਪਿਛੇ ਭਾਈ ਗੁਰਦਾਸ ਜੀ ਦੇ ਵਾਕ ਤੋਂ ਦੱਸ ਆਏ ਹਾਂ ਕਿ ਸਰੋਵਰ ਪੂਰਨ ਖੱਟਿਆ ਜਾ ਚੁਕਾ ਸੀ ਤੇ ਵਿਚਾਲੇ ਇਸ ਸਰੋਵਰ, ਅੰਮ੍ਰਿਤ ਸਰੋਵਰ, ਦੇ ਜੋਤਾਂ ਜਗਦੀਆਂ ਸਨ। ਸੋ ਸਹੀ ਹੁੰਦਾ ਹੈ ਕਿ ਹਰਿਮੰਦਰ ਵਾਲੀ ਥਾਂ ਥੜ੍ਹੇ ਵਾਂਙੂ ਸਰੋਵਰ ਦੇ ਵਿਚਕਾਰ ਸੀ, ਤੇ ਰਸਤਾ ਅਜੇ ਉਵੇਂ ਨਿੱਗਰ ਜ਼ਿਮੀਂ ਦਾ ਹੀ ਸੀ, ਪੁਲ ਦੀ ਸ਼ਕਲ ਨਾ ਸੀ। ਥੜ੍ਹਾ ਯਾਂ ਤਾਂ ਕਨਾਤਾਂ ਤੇ ਸ਼ਾਮਿਯਾਨਿਆਂ ਨਾਲ ਕੀਰਤਨ ਤੇ ਦੀਵਾਨ ਲਈ ਵਰਤੀ ਦਾ ਸੀ ਯਾ ਕੋਈ ਮੰਡਪ ਦੀ ਸ਼ਕਲ ਦਾ ਆਰਜ਼ੀ ਸਾਏਦਾਰ ਤੇ ਸੁਹਾਵਣਾ ਮਕਾਨ ਸੀ, ਜਿੱਥੇ ਦੀਵਾਨ ਸਜਦੇ ਸਨ ਤੇ ਸ੍ਰੀ ਗੁਰੂ ਜੀ ਆ ਬਿਰਾਜਦੇ ਸਨ। ਜੇ ਸਰੋਵਰ ਨਾ ਪੂਰਾ ਖੁਣ ਗਿਆ ਹੁੰਦਾ ਤੇ ਜਲ ਪੂਰਤ ਨਾ ਹੁੰਦਾ ਤਾਂ ਸ੍ਰੀ ਚੰਦ ਜੀ ਇਹ ਵਰ ਕੀਕੂੰ ਦੇਂਦੇ :-

ਤੁਮਰੇ ਸਰ ਮਹਿਂ ਜੋ ਮਜਹਿ
ਪਾਪੀ ਭੀ ਗਤਿ ਪਾਹਿਂ॥

ਭਟਾਂ ਦੇ ਸ੍ਵੈਯਾਂ ਵਿਚ ਬੀ ਇਸ ਪ੍ਰਕਾਰ ਦੇ ਵਾਕ ਆਉਂਦੇ ਹਨ :-

'ਰਾਮਦਾਸ ਸਰ ਅਭਰ ਭਰੇ।'
'ਅੰਮ੍ਰਿਤ ਸਰੋਵਰ ਸਦ ਭਰਿਆ॥'

ਇਨ੍ਹਾਂ ਸ੍ਵੈਯਾਂ ਵਿਚ ਅੰਮ੍ਰਿਤ ਤੇ ਸਰੋਵਰ ਆਦਿ ਪਦ ਚਾਹੇ ਅੰਤ੍ਰੀਵ ਅਰਥਾਂ ਵਾਲੇ ਹਨ, ਪਰ ਸੰਭਾਵਨਾ ਹੁੰਦੀ ਹੈ 'ਅੰਮ੍ਰਿਤਸਰ' ਦੇ ਪ੍ਰਤੱਖ ਰੂਪ ਤੋਂ ਭਟ ਜਨ ਧੁਨਜਾਤਮਿਕ ਇਸ਼ਾਰੇ ਆਪਣੇ ਸ੍ਵੈਯਾਂ ਵਿਚ ਕਰਨੇ ਲਈ ਪ੍ਰੇਰਿਤ ਹੁੰਦੇ ਹਨ।

ਤਵਾ: ਖਾ: ਵਾਲੇ ਜੀਓ ਤਾਂ ਇਹ ਬੀ ਲਿਖਦੇ ਹਨ ਕਿ ਪੰਜ ਹਾੜ ੧੬੩੫ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਪੱਕੀਆਂ ਇੱਟਾਂ ਤਾਲ ਕਿਨਾਰੇ ਸਟਵਾਕੇ ਤਾਲ ਪੱਕਾ ਕਰਨੇ ਦਾ ਆਰੰਭ ਕਰ ਦਿੱਤਾ ਸੀ।

## ੧੨. ਸਿਖਾਂ ਦਾ ਨਿਤਨੇਮ

**ਇਨ੍ਹਾਂ** ਦਿਨਾਂ ਵਿਚ ਹੀ ਸ੍ਰੀ ਗੁਰੂ ਜੀ ਨੇ ਸਭ ਸੰਗਤਾਂ ਦੀ ਅਗੁਵਾਨੀ ਲਈ ਇਕ ਸਲੋਕ ਰਚਿਆ। ਇਹ ਸਲੋਕ ਹਰ ਸਿਖ ਦੀ ਸੰਖੇਪ-ਨਿਤ ਕ੍ਰਿਯਾ-ਦਾ ਉਪਦੇਸ਼ ਬਣ ਕੇ ਸਾਰੀ ਸਿਖੀ ਵਿਚ ਪ੍ਰਵਿਰਤ ਹੋ ਗਿਆ। ਆਗਰੇ ਜਾਨ ਵੇਲੇ ਭਾਈ ਗੁਰਦਾਸ ਜੀ ਦੇ ਹੁੰਦਿਆਂ ਉਚਾਰ ਹੋ ਕੇ ਇਹ ਸਲੋਕ ਉਹਨਾਂ ਦੇ ਬੀ ਨਾਲ ਗਿਆ ਸਹੀ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸਲੋਕ ਗਉੜੀ ਦੀ ਵਾਰ ਮਹਲਾ ਚਉਥਾ ਵਿਚ ਦਰਜ ਕੀਤਾ ਜੋ ੧੧ਵੀਂ ਪਉੜੀ ਵਿਚ ਹੈ ਤੇ ਪਾਠ ਐਉਂ ਹੈ- ਮਹਲਾ ੪॥

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰ ਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥

(ਵਾਰ:ਗਉੜੀ ਮ: ੪)

## ੧੩. ਮਸੰਦ।

**ਗੁਰੂ** ਜੀ ਦੇ ਸਾਜੇ ਰਾਮਦਾਸ ਪੁਰੇ ਵਿਚ ਹੁਣ ਓਹੋ ਰੰਗ ਲੱਗ ਰਹੇ ਹਨ ਜੋ ਕਦੇ ਕਰਤਾਰਪੁਰ, ਕਦੇ ਖਡੂਰ ਤੇ ਕਦੇ ਗੋਇੰਦਵਾਲ ਲਗਦੇ ਸਨ। ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਤੇ ਸਿਖ ਭਵਜਲ ਤਰਦੇ ਹਨ, ਜੈਸਾ ਕਿ ਲਿਖਿਆ ਹੈ-

ਬਾਵਨ ਚੰਦਨ ਗੁਰ ਉਪਦੇਸੁ॥


www.sikhbookclub.com

ਜਨੁ ਮਨ ਤਰੁ ਬਨ ਗੰਧਿ ਵਿਸ਼ੇਸ਼॥੯॥
ਗੁਰ ਘਨ ਤੇ ਬਰ ਬੂੰਦਨ ਪਾਏ।
ਚਾਤ੍ਰਿਕ ਸਿਖ ਸੁਨਿ ਪੀ ਤ੍ਰਿਪਤਾਏ।
ਕਿਨਹੂੰ ਸਿੱਧਾਂ ਲਈ ਅਠਾਰਹਿੰ।
ਕੋ ਆਤਮ ਕੋ ਰੂਪ ਬਿਚਾਰਹਿ॥੧੦॥
ਕੋ ਪ੍ਰਭੁ ਸਿਮਰਨ ਕੇ ਅਨੁਰਾਗੀ।
ਕੋ ਦਰਸਨ ਹਰਿ ਚਹਿੰ ਬਡਭਾਗੀ।
ਬਿਸ਼ਯ ਵਿਰਾਗ ਕਿਨਹੁੰ ਕੇ ਹੋਵਾ।
ਕਿਨਹੂੰ ਸੁਖ ਨਿਜ ਅੰਤਰ ਜੋਵਾ॥੧੧॥
ਭਰਮ ਮੋਹ ਸੰਸੈ ਤ੍ਰੈ ਤਾਪੂ॥
ਸਭਿ ਸੰਗਤਿ ਕੋ ਖਾਪਿ ਕਲਾਪੂ।
ਕਰਹਿੰ ਸਭਿਨ ਪਰ ਕ੍ਰਿਪਾ ਕ੍ਰਿਪਾਲੁ।
ਬੰਧਨ ਕਾਟਿ ਦਏ ਤਤਕਾਲੁ॥੧੨॥

(ਰਾਸ ੨-੧੪)

ਇਉਂ ਜਗਤ ਉਧਾਰਨਾ ਹੋ ਰਹੀ ਸੀ। ਦੂਜੇ ਪਾਸੇ ਸ੍ਰੀ ਗੁਰੂ ਜੀ ਆਪਣੇ ਪੰਥ ਲਈ ਪੱਕਾ ਕੇਂਦ੍ਰੀ ਮੰਦਿਰ ਸਥਾਪਨ ਕਰਨ ਦੇ ਜਤਨ ਵਿਚ ਸਨ; ਜਿਸ ਲਈ ਕਿ ਗੁਰੂ ਅਮਰਦਾਸ ਜੀ ਤਾਕੀਦ ਕਰ ਗਏ ਹੋਏ ਸਨ। ਸੋ ਤਾਲ ਖਣ ਚੁਕਾ ਸੀ ਤੇ ਹੁਣ ਲੋੜ ਸੀ ਕਿ ਤਾਲ ਪੱਕਾ ਕੀਤਾ ਜਾਵੇ ਤੇ ਵਿਚਾਲੇ ਪੱਕਾ ਮੰਦਿਰ ਸਾਜਿਆ ਜਾਵੇ, ਜਿਥੇ ਕਿ ਦਿਨ ਰਾਤ ਹਰੀ ਕੀਰਤਨ ਹੋਇਆ ਕਰੇ। ਉਧਰ ਸ਼ਹਿਰ ਜੋ ਬਣ ਰਿਹਾ ਸੀ, ਵਧ ਰਿਹਾ ਸੀ। ਤੀਸਰੇ ਸਤਿਗੁਰਾਂ ਵੇਲੇ ਸਿਖੀ ਦਾ ਪ੍ਰਚਾਰ ਬਹੁਤ ਵਧਿਆ ਸੀ। ਪਰ ਹੁਣ ਹੋਰ ਵਧਿਆ, ਸੋ ਸੰਗਤਾਂ ਦੀ ਭੀੜ ਭਾੜ ਬਣੀ ਰਹਿੰਦੀ ਸੀ ਜਿਸ ਕਰਕੇ ਆਲੇ ਦੁਆਲੇ ਤੋਂ ਆ ਕੇ ਲੋਕ ਵਪਾਰ ਦੀ ਖਾਤਰ ਇਥੇ ਵਸਣਾ ਚਾਹੁੰਦੇ ਸਨ ਤੇ ਕਈ ਪ੍ਰੇਮੀ ਗੁਰ ਦਰਸ਼ਨਾਂ ਤੇ ਸਤਿਸੰਗ ਲਈ ਆ ਕੇ ਵੱਸ ਰਹੇ ਸਨ, ਸੋ ਹਰ ਪਾਸਿਓਂ ਪਦਾਰਥ ਦੀ ਲੋੜ ਵਧ ਰਹੀ ਸੀ। ਸ੍ਰੀ ਗੁਰੂ ਰਾਮਦਾਸ ਜੀ ਦਾ ਮਾਯਾ ਨਾਲ ਇਹ ਵਰਤਾਰਾ ਸੀ ਕਿ ਅਈ ਨੂੰ ਸਫਲ ਕਰਨਾ ਹੈ ਤੇ ਪਰਉਪਕਾਰ ਤੇ ਖਰਚਣਾ ਹੈ, ਆਪਣੇ ਲਈ ਇਸ ਨਾਲ ਕੋਈ ਨੇਹੁ ਨਹੀਂ ਲਾਉਣਾ। ਸਭ ਤੋਂ ਵਡੀ ਸਫਲਤਾ ਰੋਜ਼ ਦੀ ਲਗਰ ਪਰ ਹੁੰਦੀ ਸੀ ਜਿਥੇ ਹਰ ਵਰਣ ਤੇ ਹਰ ਜਾਤੀ ਤੇ ਹਰ ਲੋੜਵੰਦ ਨੂੰ ਅੰਨ ਮਿਲਦਾ ਸੀ। ਹੁਣ ਹੋਰ ਖਰਚ ਹਰਿਮੰਦਰ ਅੰਮ੍ਰਿਤਸਰ ਸਰੋਵਰ ਲਈ ਵਧ ਪਿਆ। ਇਸ ਲਈ ਸ੍ਰੀ ਗੁਰੂ ਜੀ ਨੇ ਮਸੰਦਾਂ ਦੀ ਥਾਪਨਾ ਕੀਤੀ। ਅੱਗੇ ਗੁਰੂ ਘਰ ਦੇ ਵਰੋਸਾਏ ਗੁਰਮੁਖ ਮੰਜੀਆਂ ਸਦਵਾਂਦੇ ਤੇ ਦੂਰ ਦੂਰ ਦੇਸਾਂ ਵਿਚ ਪ੍ਰਚਾਰ ਕਰਦੇ ਸਨ। ਏਹ ਲੋਕ ਪੂਰਨ ਮਹਾਤਮਾਂ ਤੇ ਉੱਚ ਜੀਵਨ ਵਾਲੇ ਗੁਰਮੁਖ ਹੁੰਦੇ ਸਨ। ਸੰਗਤਾਂ ਵਿਚ ਏਹ ਬਹੁਤ ਸਨਮਾਨੇ ਤੇ ਸਤਿਕਾਰੇ ਜਾਂਦੇ ਸਨ ਤੇ ਸਤਿਨਾਮ ਦੇ ਪ੍ਰਚਾਰ ਦਾ ਕੰਮ ਸੁਹਣਾ ਕਰਦੇ ਸਨ। ਮਸੰਦਾਂ ਦੇ ਸਪੁਰਦ ਇਹ ਕੰਮ ਹੋਇਆ ਕਿ ਉਹ ਜਗ੍ਹਾ ਜਗ੍ਹਾ ਸਮੇਂ ਸਮੇਂ ਜਾਣ ਤੇ ਜੋ ਮਾਯਾ ਪ੍ਰੇਮੀਆਂ ਨੇ ਆਪਣੀ ਖੁਸ਼ੀ ਨਾਲ ਦਸਵੰਧ ਦੀ ਕੱਢਕੇ ਪਾਸ ਰਖੀ ਹੋਈ ਹੈ, ਯਾ ਕਿਸੇ ਸਥਾਨਕ ਮੁਖੀਏ ਪਾਸ ਜ਼ਮ੍ਹਾ ਕੀਤੀ ਹੋਈ ਹੈ, ਯਾ ਜੋ ਮੰਜੀਆਂ ਵਾਲਿਆਂ ਪਾਸ ਦੇਣ ਲਈ ਪਈ ਹੈ, ਲੈ ਆਇਆ ਕਰਨ ਤੇ ਓਹ ਮਾਇਆ ਹਰੀ ਮੰਦਰ ਤਾਲ ਤੇ ਪਰ ਸੁਆਰਥ ਦੇ ਹੋਰ ਕੰਮਾਂ ਦੇ ਲਗਿਆ ਕਰੇ।

ਮਸੰਦ ਪਦ ਫ਼ਾਰਸੀ ਦੇ ਪਦ 'ਮਸਨਦ' ਤੋਂ ਬੋਲ ਚਾਲ ਵਿਚ ਆਇਆ ਹੈ। ਮੁਗਲ ਵਡੇ ਅਫ਼ਸਰ ਅਕਸਰ 'ਮਸਨਦ ਨਿਸ਼ੀਂ' ਯਾ 'ਮਸਨਦ' ਕਹੇ ਜਾਂਦੇ ਸਨ। ਪਾਤਸ਼ਾਹ ਨੂੰ 'ਮਸਨਦੇ ਆਲੀ' ਕਹਿੰਦੇ ਸਨ ਤੇ ਕਈ ਵੇਰ ਸੂਬੇਦਾਰ ਆਦਿ ਬੀ ਇਹੋ ਕਹੇ ਜਾਂਦੇ ਸਨ।

ਇਸੀ ਤਰ੍ਹਾਂ ਸਚੇ ਪਾਤਸ਼ਾਹ ਗੁਰੂ ਜੀ ਦੇ ਮੁਖੀਏ ਇਸ ਨਾਮ ਨਾਲ ਪੁਕਾਰੇ ਗਏ; ਪਿਛੋਂ ਇਹ ਪਦ 'ਮਸੰਦ' ਰੂਪ ਲੈ ਗਿਆ।

ਮਸੰਦਾਂ ਦੇ ਸਪੁਰਦ ਦੋ ਕੰਮ ਹੁੰਦੇ ਸਨ। ਗੁਰ ਸਿਖੀ ਦਾ ਪ੍ਰਚਾਰ ਕਰਨਾ, ਤੇ ਦਸਵੰਧ ਕੱਠੇ ਹੋਏ ਲਿਆਕੇ ਗੁਰੂ ਦੇ ਖਜ਼ਾਨੇ ਅਰਪ ਦੇਣੇ ਫੇਰ ਕੁਛ ਚਿਰ ਗੁਰੂ ਚੱਕ ਰਹਿਕੇ ਸਤਿਸੰਗ ਤੇ ਗੁਰੂ ਉਪਦੇਸ਼ ਹੇਠ ਰਹਿਣਾ।

ਗੁਰੂ ਚੱਕ ਵਿਚ ਰਹਿਣ ਲਗਿਆਂ ਗੁਰੂ ਜੀ ਦਾ ਵਡਾ ਪੁਤ੍ਰ ਪ੍ਰਿਥੀ ਚੰਦ, ਜੋ ਬਹੁਤ ਸਿਆਣਾ, ਚਤੁਰ ਤੇ ਕੰਮ ਕਰਨ ਵਾਲਾ ਬੰਦਾ ਸੀ, ਸਾਰੇ ਕਾਰ ਵਿਹਾਰ ਟੋਰਨ ਲਗ ਪਿਆ ਸੀ ਤੇ ਇਹ ਮਸੰਦ ਪ੍ਰਨਾਲੀ ਤੇ ਮਾਇਆ ਸੰਭਾਲਣਾ ਦਾ ਕਾਰਜ ਬੀ ਉਹੀ ਕਰਦਾ ਸੀ। ਅਗੋਂ ਸਰੋਵਰ, ਲੰਗਰ ਤੇ ਹੋਰ ਖਰਚਾਂ ਦਾ ਪ੍ਰਬੰਧ ਬੀ ਪ੍ਰਿਥੀ ਚੰਦ ਨੇ ਹੀ ਸੰਭਾਲ ਲਿਆ ਸੀ।


www.sikhbookclub.com

## ੧੪. ਸੋਮਾ ਸ਼ਾਹ।

ਤਵਾ: ਖਾ: ਵਿਚ ਲਿਖਿਆ ਹੈ ਕਿ ਇਕ ਸੋਮਾਂ ਨਾਮੇ ਸਿਖ (ਜਾਤ ਦਾ ਅਰੋੜਬੰਸੀ) ਜਿਹਲਮ ਦੇ ਰਹਿਣ ਵਾਲਾ ਗੁਰੂ ਕੇ ਚੱਕ ਆ ਰਿਹਾ। ਇਹ ਗ੍ਰੀਬ ਸੀ, ਘੁੰਙਣੀਆਂ ਉਬਾਲ ਕੇ ਸਰੋਵਰ ਦੀ ਕਾਰ ਸੇਵਾ ਵਾਲੇ ਥਾਂ ਆ ਵੇਚਦਾ ਹੁੰਦਾ ਸੀ ਤੇ ਜੋ ਪੈਸੇ ਖੱਟ ਕੇ ਲੈ ਜਾਂਦਾ ਸੀ, ਉਸ ਵਿਚ ਨਿਰਬਾਹ ਕਰਦਾ ਹੁੰਦਾ ਸੀ। ਇਕ ਦਿਨ ਸ੍ਰੀ ਗੁਰੂ ਜੀ ਬਿਲਾਸ ਦੇ ਰੰਗ ਰਤੇ ਹੋਏ ਸਰੋਵਰ ਦੇ ਕੰਢੇ ਤੇ ਆਏ ਤਾਂ ਸੋਮੇ ਪਾਸ ਖੜੋ ਗਏ ਤੇ ਬੋਲੇ : ਬਈ ਸੋਮੇ! ਸਾਰੀ ਵੱਟਕ ਸਾਨੂੰ ਦੇ ਦੇ! ਉਸਨੇ ਖੁਸ਼ੀ ਨਾਲ ਦੇ ਦਿੱਤੀ! ਆਪ ਨੇ ਹਸਦੇ ਹਸਦੇ ਮਜੂਰਾਂ ਨੂੰ ਪੈਸੇ ਵੰਡ ਦਿੱਤੇ। ਪੰਜ ਦਿਨ ਇਹੀ ਕੌਤਕ ਕਰਦੇ ਰਹੇ। ਸੋਮੇ ਨੇ ਨਾ ਮੱਥੇ ਵੱਟ ਪਾਇਆ, ਨਾ ਨਾਂਹ ਨੁੱਕਰ ਕੀਤੀ, ਹਸੂੰ ਹਸੂੰ ਕਰਦਾ ਆਪਣੀ ਕਮਾਈ ਅਰਪ ਦੇਂਦਾ ਰਿਹਾ। ਸਤਿਗੁਰੂ ਜਾਣਦੇ ਸਨ ਕਿ ਇਹ 'ਨਾਮ ਤੇ ਬਾਣੀ' ਦਾ ਡੂੰਘਾ ਪ੍ਰੇਮੀ ਹੈ। ਇਸ ਚੋਜ ਨਾਲ ਪਰਖ ਲਿਆ ਕਿ ਇਸ ਪਰ ਬਾਣੀ ਦਾ ਅਸਰ ਤੇ ਨਾਮ ਦਾ ਪ੍ਰਭਾਵ ਪੈ ਗਿ ਹੈ ਜੋ ਮਾਯਾ ਨਾਲ ਮੋਹ ਤ੍ਰੁਟ ਗਿਆ ਹੈ। ਛੇਵੇਂ ਦਿਨ ਜਦ ਆਏ ਤਾਂ ਸੋਮਾਂ ਅਗੇ ਹਥ ਬੰਨ੍ਹ ਖੜੋਤਾ ਤੇ ਅਜ ਆਪ ਹੀ ਅੱਜ ਦੀ ਵੱਟੀ ਮਾਇਆ ਪੇਸ਼ ਕੀਤੀ; ਤਦ ਚੋਜੀ ਜੀ ਮੁਸਕ੍ਰਾਏ, ਬੋਲੇ ਅਜ ਲੈਣਾ ਨਹੀਂ ਦੇਣਾ ਹੈ। ਤੂੰ ਸੋਮਾਂ ਨਹੀਂ ਸੋਮਾਂ ਸ਼ਾਹ ਹੋਇਆ। ਬਰਕਤਾਂ ਪੈਣਗੀਆਂ, ਸ਼ਾਹ ਸਦੀਵੇਂਗਾ, ਬੇ ਪਰਵਾਹ ਰਹੇਂਗਾ। ਗੁਰ ਸਿੱਖੀ ਦਾ ਸੇਵਕ ਹੋਵੇਂਗਾ। ਸੋਈ ਗੱਲ ਹੋਈ। ਬਰਕਤਾਂ ਪੈ ਗਈਆਂ, ਸ਼ਾਹ ਹੋ ਗਿਆ। ਨਾਮ ਵਿਚ ਬਰਕਤ ਪੈ ਗਈ। ਪਰਮਾਰਥ ਵਿਚ ਬੀ ਸ਼ਾਹ ਹੋ ਗਿਆ। ਇਸ ਦਾ ਪੁਤ੍ਰ ਗੁਰ ਸਿਖੀ ਵਿਚ ਹੋਰ ਕਮਾਲ ਤੇ ਪਹੁੰਚਾ ਤੇ 'ਗੁਰੂ ਅਰਜਨ ਦੇਵ ਜੀ' ਦੀ ਬਖਸ਼ਸ਼ ਨਾਲ ਮੁਲਤਾਨ ਆਦਿ ਪਾਸੇ ਦੀ ਮੰਜੀ ਬਖਸ਼ੀ ਗਈ। ਇਸ ਦੇ ਵੰਸ਼ਜ ਮੇਹਰ ਸ਼ਾਹ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਬਖਸ਼ੇ ਮਸੰਦਾਂ ਵਿਚ ਸਚਾ ਜਾਣ ਕੇ ਅੰਮ੍ਰਿਤ ਛਕਾ ਕੇ ਉਹੀ ਪਦਵੀ ਬਖਸ਼ੀ। ਗਦੀ ਇਨ੍ਹਾਂ ਦੀ ਜੇਹਲਮ ਹੈਸੀ ਤੇ ਸਿਖੀ ਸੇਵਕੀ ਉਸੇ ਪੱਛਮੀ ਪਾਸੇ ਵਲ ਹੈਸੀ। ਵੰਸ਼ਜ ਸਾਰੇ ਸ਼ਾਹ ਕਹਾਉਂਦੇ ਹਨ।

## ੧੫. ਆਦਮ ਤੇ ਭਾਈ ਭਗਤੂ।

ਸਿਧੂ ਕੁਲ ਮਹਿ ਜਾਟ ਇਕ ਭੁਲਹਰੀਏ ਸ਼ੁਭ ਗੋਤ॥
ਆਦਮ ਜਿਸਕੋ ਨਾਮ ਹੈ ਘਰ ਸੰਤਤਿ ਨਹਿ ਹੋਤ॥

ਇਸ ਆਦਮ ਨੇ, ਜਿਸ ਦਾ ਨਾਮ ਕਈ 'ਉਦਮ' ਬੀ ਦੱਸਦੇ ਹਨ, ਬਹੁਤ ਸਾਧੂ ਸੰਤ ਸੇਵੇ, ਪਰ ਔਲਾਦ ਨਾ ਹੋਈ। ਉਮਰਾ ਵਡੇਰੀ ਹੋ ਗਈ ਤਾਂ ਇਕ ਸਿਖ ਮਿਲਿਆ, ਉਸ ਨੇ ਇਸ ਦੀ ਥੁੜ੍ਹ ਸੁਣਕੇ ਕਿਹਾ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਸ੍ਰੀ ਗੁਰੂ ਰਾਮਦਾਸ ਜੀ ਰਾਮਦਾਸ ਪੁਰ ਵਸਾਕੇ ਲੋਕ ਪ੍ਰਲੋਕ ਦੇ ਸੁਖਦਾਤਾ ਬਣ ਰਹੇ ਹਨ, ਚਰਨ ਸ਼ਰਣ ਜਾ ਪ੍ਰਾਪਤ ਹੋ। ਸੁਣਕੇ ਆਦਮ ਇਸਤ੍ਰੀ ਸਣੇ ਜਾ ਗੁਰੂ ਕੇ ਚੱਕ ਰਿਹਾ। ਰੋਜ ਦੋ ਭਾਰ ਲਕੜਾਂ ਦੇ ਲਿਆਵੇ। ਇਕ ਤਾਂ ਗੁਰੂ ਕੇ ਲੰਗਰ ਵਿਚ ਪਹੁੰਚਾ ਦੇਵੇ, ਇਕ ਆਪਣੇ ਘਰ, ਜੋ ਵਲਗਣ ਵਲੀ ਸੀ ਉਸ ਦੇ ਅੰਦਰ ਖੁਲ੍ਹੇ ਥਾਂਉਂ ਜਮ੍ਹਾਂ ਕਰੇ। ਦੋ ਵੇਲੇ ਕੀਰਤਨ ਸੁਣੇਂ, ਜਿਥੋਂ ਬਾਣੀ ਪੜ੍ਹਨ ਤੇ ਵਾਹਿਗੁਰੂ ਵਾਹਿਗੁਰੂ ਕਰਦੇ ਰਹਿਣ ਦੀ ਸ਼ੁਭ ਬਾਣ ਪੈ ਗਈ। ਛੇ ਮਹੀਨੇ ਇਸ ਤਰ੍ਹਾਂ ਬੀਤੇ। ਗੁਰੂ ਕੇ ਚਰਨਾਂ ਨਾਲ ਅਤਿ ਪ੍ਰੇਮ ਹੋ ਗਿਆ। ਇਕ ਵੇਰ ਗੁਰੂ ਜੀ ਕਿਸੇ ਥਾਂ ਬਾਹਰ ਗਏ ਹੋਏ ਸਨ। ਜਦ ਮੁੜੇ ਤਾਂ ਨਾਲ ਬਹੁਤ ਸਾਰੀ ਸੰਗਤਿ ਬੀ ਆਈ ਅਗੇ ਬੀ ਕੁਛ ਸੰਗਤਿ ਬਾਹਰੋਂ ਆਈ ਹੋਈ ਸੀ, ਬੜੀ ਭੀੜ ਹੋ ਗਈ। ਪੋਹ ਦਾ ਮਹੀਨਾ, ਸਰਦੀ ਕਹਿਰ ਦੀ ਸੀ। ਆਦਮ ਨੇ ਜਦ ਇਹ ਹਾਲਤ ਵੇਖੀ ਤਾਂ ਸੰਗਤਿ ਦੀ ਸੀਤ ਦਾ ਦੁਖ ਦੇਖ ਨਾ ਸਕਿਆ। ਜਮ੍ਹਾਂ ਕੀਤੀ ਲਕੜੀ ਸੰਗਤਾਂ ਦੇ ਡੇਰੇ ਡੇਰੇ ਪੁਚਾ ਦਿੱਤੀ। ਕੋਈ ਡੇਰਾ, ਕੋਈ ਸਿਖ, ਵਿਰਦਾ ਨਾ ਰਹਿ ਗਿਆ। ਸਤਿਗੁਰੂ ਜੀ ਥੋੜੀ ਦੇਰ ਅੰਦਰ ਠਹਿਰਕੇ ਛੇਤੀ ਹੀ ਸੰਗਤਿ ਦਾ ਦੁਖ ਸੁਖ ਦੇਖਣ ਲਈ ਬਾਹਰ ਨਿਕਲੇ ਤਾਂ ਅੱਗੇ ਅੰਗੀਠੇ ਜਲ ਰਹੇ ਸਨ। ਸੰਗਤਿ ਦਾ ਸੁਖ ਦੇਖਕੇ ਸੁਖਦਾਤੇ ਪਸੀਜ ਪਏ, ਹਾਂ ਪਸੀਜ ਪਏ। ਪੁਛਿਆ : ਇਹ ਸੇਵਾ ਕਿਨ੍ਹ ਕੀਤੀ ਹੈ?


www.sikhbookclub.com

ਰਸੋਈਏ ਨੇ ਦੱਸਿਆ ਕਿ ਇਕ ਸਿਖ ਆਦਮ ਨਾਮ ਦਾ ਹੈ, ਛੇ ਸਤ ਮਹੀਨੇ ਤੋਂ ਇਕ ਭਾਰ ਲਕੜੀ ਲੰਗਰ ਨੂੰ ਦੇਂਦਾ ਹੈ ਤੇ ਇਕ ਭਾਰ ਜਮ੍ਹਾਂ ਕਰਦਾ ਹੈ। ਇਕ ਵਾੜਾ ਬਾਹਰਵਾਰ ਵਲਕੇ ਝੁੱਗੀ ਪਾ ਕੇ ਰਹਿੰਦਾ ਹੈ। ਜਦ ਦੇਖੋ ਮੂੰਹੋਂ 'ਗੁਰੂ ਗੁਰੂ' ਦੀ ਅਵਾਜ਼ ਆਉਂਦੀ ਹੈ। ਅਜ ਉਸ ਨੇ ਜਮ੍ਹਾਂ ਕੀਤੀਆਂ ਲਕੜਾਂ ਸੰਗਤਿ ਨੂੰ ਪਹੁੰਚਾ ਕੇ ਸੀਤ ਦਾ ਦੁਖ ਹਰ ਲੀਤਾ ਹੈ! ਇਹ ਪ੍ਰਸਾਦਿ ਬੀ ਲੰਗਰੋਂ ਨਹੀਂ ਛਕਦਾ। ਕੁਛ ਲਕੜਾਂ ਵੇਚ ਕੇ ਉਸ ਤੋਂ ਦਾਲ ਰੋਟੀ ਖਾਂਦਾ ਹੈ। ਸਤਿਗੁਰ ਜੀ ਉਸ ਦੀ ਘਾਲ ਸੁਣਕੇ ਦ੍ਰਵੇ। ਅਗਲੇ ਭਲਕ ਜਦ ਭੋਗ ਪੈ ਗਿਆ ਤਾਂ ਸਾਹਿਬਾਂ ਨੇ ਯਾਦ ਕੀਤਾ: ਆਦਮ ਕਿਥੇ ਹੈ?

ਆਦਮ ਹਥ ਜੋੜਕੇ ਕੇ ਖਲੋ ਗਿਆ। ਮੇਹਰਾਂ ਦੇ ਸਾਂਈਂ ਬੋਲੇ :-

ਤੇਰੀ ਘਾਲ ਥਾਂ ਪਈ ਹੈ, ਮੰਗ,
ਤੂੰ ਮੂੰਹ ਮੰਗੀ ਮੁਰਾਦ ਪਾਏਂਗਾ॥

ਆਦਮ ਬ੍ਰਿਧ ਹੋਣ ਕਰਕੇ ਮਨੋਰਥ ਕਰਨੋ ਸ਼ਰਮਾਇਆ। ਜਦ ਗੁਰੂ ਜੀ ਨੇ ਫੇਰ ਕਿਹਾ ਤਾਂ ਆਖਣ ਲੱਗਾ, ਆਪ ਦੇ ਦਰਸ਼ਨ ਵਿਚ ਸਭੋ ਕੁਛ ਹੈ। ਅਜ ਸੰਗਤਿ ਵਿਦਾ ਹੋ ਗਈ। ਆਦਮ ਬੀ ਗਿਆ। ਘਰ ਜਾ ਕੇ ਗੱਲ ਦੱਸੀ। ਇਸਤ੍ਰੀ ਨੇ ਕਿਹਾ ਸ਼ਰਮ ਸੰਗਜਾ ਕਿਉਂ ਕੀਤੀ, ਗੁਰੂ ਤੁਠੇ ਦਾ ਸਮਾਂ ਹਥੋਂ ਗੁਆਉਣਾ ਠੀਕ ਨਾ ਸੀ, ਫੇਰ ਜਦ ਮੰਗ ਮਨ ਵਿਚ ਹੈ ਤਦ ਗੁਰੂ ਤੋਂ ਲੁਕੋ ਕਿਉਂ। ਚਲੋ ਅਜ ਸਾਵਧਾਨ ਹੋ ਕੇ ਮੰਗੀਏ। ਅਗਲੇ ਦਿਨ ਦੀਵਾਨ ਵਿਚ-ਕੀਰਤਨ ਤੋਂ ਮਗਰੋਂ ਸਤਿਗੁਰ ਬੋਲੇ : ਆਦਮ ਹੈ? ਦੰਪਤੀ ਹਥ ਜੋੜ ਕੇ ਖਲੋ ਗਏ। ਸਤਿਗੁਰ ਜੀ ਬੋਲੇ-ਆਦਮ ਮੰਗ ਜੋ ਮੰਗਣਾ ਹਈ! ਮੰਗ ਤੋਂ ਸੰਕੋਚ ਨ ਕਰ। ਤਦ ਅਰਜ਼ ਕੀਤੀਓਸੁ : ਪਾਤਸ਼ਾਹ ਮਨ ਪੁਤ੍ਰ ਦਾਨ ਮੰਗਦਾ ਹੈ, ਇਸ ਨੂੰ ਅਮੰਗ ਕਰੀਦਾ ਹੈ, ਪਰ ਹੁੰਦਾ ਨਹੀਂ। ਸਤਿਗੁਰ ਬੋਲੇ[੨੬੫] ਤੇਰੇ ਭਾਗਾਂ ਵਿਚ ਹੈ ਤਾਂ ਨਹੀਂ ਪੁਤ੍ਰ! ਕਰਮ ਰੇਖ ਹੋਰਵੇਂ ਹੈ, ਪਰ ਤੂੰ ਸੰਗਤਿ ਸੇਵ ਦੀ ਘਾਲ ਕੀਤੀ ਹੈ, ਤੈਨੂੰ ਤਤਕਾਲ ਫਲ ਦੇਂਦੇ ਹਾਂ : ਮੇਰਾ ਅਨਿੰਨ ਸਿਖ ਇਕ ਤੇਰੇ ਘਰ ਜਨਮੇਗਾ, ਗੁਰੂ ਘਰ ਦੀ ਸੇਵਾ ਤੋਂ ਨਾ ਵਰਜੀਓ ਉਹ ਨਾਮੀ ਪੁਰਖ ਹੈ ਜੋ ਤੇਰੇ ਘਰ ਤੇਰਾ ਪ੍ਰਾਹੁਣਾ ਹੋ ਕੇ ਆਏਗਾ, ਭਾਵ ਨਾਲ ਪਾਲੀਂ। ਉਹ ਮੇਰਾ ਨਿਜ ਸਿੱਖ ਹੈ। ਉਹ ਅਨੇਕਾਂ ਦਾ ਉਧਾਰ ਕਰੇਗਾ, ਬੜੀ ਵੰਸ਼ ਵਾਲਾ ਹੋਵੇਗਾ, ਉਸ ਦਾ ਨਾਮ 'ਭਗਤੂ' ਰਖਣਾਂ, ਉਹ ਗੁਰੂ ਭਗਤ ਹੋਇਗਾ। ਅਸ਼ੀਰਵਾਦ ਗੁਰੂ ਕੀ ਪੂਰੀ ਹੋਈ, ਆਪ ਦੇ ਘਰ ਪੁਤ੍ਰ ਹੋਇਆ। ਗੁਰੂ ਆਗਿਆ ਮੂਜਬ ਨਾਮ ਭਗਤੂ ਰਖਿਆ। ਇਹ ਭਾਰੀ ਅਨਿੰਨ ਭਗਤ ਗੁਰੂ ਘਰ ਦਾ, ਤੇ ਵਾਹਿਗੁਰੂ ਪ੍ਰੇਮੀ ਹੋਇਆ। ਸਤਵੇਂ ਗੁਰਾਂ ਤਕ ਗੁਰੂ ਘਰ ਦੀ ਸੇਵਾ ਕਰਦਾ ਰਿਹਾ। ਇਸੇ ਦੇ ਵੰਸ਼ ਵਿਚੋਂ ਦੇਸੂ ਸਿੰਘ ਨੇ ਕੈਥਲ ਦੀ ਰਿਆਸਤ ਬਣਾਈ। ਇਸਦੇ ਪੋਤ੍ਰੇ ਰਾਜਾ ਉਦੇ ਸਿੰਘ ਨੇ ਭਾਈ ਸੰਤੋਖ ਸਿੰਘ ਕਵੀ ਰਾਜ ਨੂੰ ਪਾਸ ਰਖਕੇ ਸਨਮਾਨਿਆ ਤੇ ਸੂਰਜ ਪ੍ਰਕਾਸ਼ ਤਿਆਰ ਕਰਵਾਇਆ[੨੬੬]।

## ੧੬. ਜੋਗੀ!

**ਇਕ** ਦਿਨ ਕੋਈ ਜੋਗੀ ਜਥਾ ਆ ਗਿਆ। ਇਨ੍ਹਾਂ ਨੇ ਲਹਿ ਲਹਿ ਕਰਦੇ ਜਲ ਨਾਲ ਹਵਾ ਦੇ ਤਰੰਗਾਂ ਨਾਲ ਸੋਹਣੇ ਲਗ ਰਹੇ ਸਰੋਵਰ ਦੇ ਦਰਸ਼ਨ ਕੀਤੇ। ਸਰੋਵਰ ਦੇ ਵਿਚਾਲੇ ਸੁਹਣਾ ਮੰਡਪ ਤੇ ਵਿਚ ਬਿਰਾਜ ਰਹੇ ਜੀਵਨ ਰਸ ਨਾਲ ਲਹਿ ਲਹਿ ਕਰਦੇ, ਵੈਰਾਗ ਮੂਰਤ ਤੇ ਪ੍ਰੇਮ ਸੂਰਤ ਗੁਰੂ ਜੀ ਦੇ ਦਰਸ਼ਨ ਕੀਤੇ। ਦਰਸ਼ਨ ਮਾਤ੍ਰ ਨਾਲ ਠੰਢ ਪੈ ਗਈ, ਹੈਰਾਨ ਹੋ ਗਏ ਕਿ ਹੈਂ ਇਹ ਪ੍ਰਭਾਵ ਇਹ ਆਤਮ ਸੁੰਦਰਤਾ, ਇਹ ਟਿਕਾਉ, ਫਿਰ ਸੰਸਾਰਕ ਐਸ਼੍ਵਰਜ! ਕਮਾਲ ਹੈ ਸਚ ਮੁਚ ਮਾਇਆ ਦੇ ਸਾਗਰ ਵਿਚ ਰਹਿਕੇ ਬੀਤਰਾਗ ਅਲੇਪ ਮਹਾਂਪੁਰਖ ਆਪਣੇ ਵਰਗਾ ਰਚ ਕੇ ਗੁਰੂ ਨਾਨਕ ਨੇ ਦਿਖਾ ਦਿੱਤਾ ਹੈ। ਫੇਰ ਜੀ ਵਿਚ ਆਈ ਕਿ ਦੇਖੀਏ ਇਸ ਮਾਇਆ ਐਸ਼੍ਵਰਜ ਵਿਚ, ਇਸ ਰੂਹਾਨੀ ਔਜ ਵਿਚ ਉਹ ਨਿੰਮ੍ਰਤਾ ਹੈ ਕਿ ਨਹੀਂ ਜੋ ਗੁਰੂ ਨਾਨਕ ਵਿਚ ਸੀ! ਉਹ ਨਿੰਮ੍ਰਤਾ ਕੋਈ ਧਾਰਨ ਕੀਤੀ ਹੋਈ ਸ਼ੈ ਨਹੀਂ ਸੀ। ਗੁਰੂ ਨਾਨਕ ਵਿਚ ਤਾਂ ਉਹ, 'ਹਉਮੈਂ ਦੇ ਤਯਾਗ ਦਾ ਕਮਾਲ' ਸੀ। ਉਸ ਹਉਂ ਅਤੀਤਤਾਈ ਤੇ ਫੇਰ ਚੜ੍ਹਦੀਆਂ ਕਲਾਂ ਉਸ ਕਲੀ ਦੇ ਅਵਤਾਰ ਦੀਆਂ ਸਨ। ਇਨ੍ਹਾਂ ਨੂੰ ਪਰਖੀਏ ਕਿ ਇਹ ਉਸ ਕਮਾਲ ਦੀ ਹਉਂ ਅਤਿਤਾਈ ਵਿਚ ਹਨ ਜਿਥੇ ਜਾ ਕੇ ਲੇਸ਼ਾ ਵਿਦਜਾ ਬੀ ਉਠ ਜਾਂਦੀ ਹੈ, ਜੋ ਕਲਿਜੁਗ ਵਿਚ ਹੀ ਗੁਰੂ ਨਾਨਕ ਨੇ ਦਿਖਾਈ


www.sikhbookclub.com

ਹੈ, ਨਹੀਂ ਤਾਂ ਇਹ ਲੇਸ਼ਾ ਵਿਦਜਾ ਤਾਂ ਮਹਾਂ ਯੋਗੀਆਂ ਤੇ ਅਵਤਾਰਾਂ ਤਕ ਬੀ ਨਹੀਂ ਛੋੜਦੀ ਸੁਣੀਂਦੀ ਹੈ। ਇਸ ਪ੍ਰਕਾਰ ਦੀਆਂ ਵਿਚਾਰਾਂ ਕਰਕੇ ਵਡਕੇ ਨੇ ਸ੍ਰੀ ਗੁਰੂ ਜੀ ਤੇ ਪ੍ਰਸ਼ਨ ਕੀਤਾ :- ਸ੍ਰੀ ਗੁਰੂ ਜੀਓ ਆਪ ਗੁਰੂ ਨਾਨਕ ਦੇਵ ਦੀ ਗੱਦੀ ਪਰ ਹੋ। ਆਪ ਤੇ ਈਸ਼ਵਰ ਕ੍ਰਿਪਾ ਹੈ। ਸਭ ਤਰ੍ਹਾਂ ਸੁਖੀ ਹੋ ਬਿਨਾਂ ਯੋਗ ਸਾਧਨਾਂ ਸਾਧੇ ਦੇ ਸਿਧੀਆਂ ਆਲੇ ਦੁਆਲੇ ਖੜੀਆਂ ਦਿੱਸਦੀਆਂ ਹਨ। ਵਿਭੂਤੀਆਂ ਬਿਨਾਂ 'ਸੰਯਮ' ਸਾਧਿਆਂ ਪ੍ਰਾਪਤ ਹਨ। ਸੰਸਾਰਕ ਬਿਭੋ ਸਾਰੀ ਆਲ ਬਾਲ ਹੈ। ਪੁਤ੍ਰ ਹਨ ਲਾਯਕ, ਇਸਤ੍ਰੀ ਹੈ ਦੇਵੀ ਰੂਪ, ਪਤਿਬ੍ਰਤਾ ਧਰਮ ਦਾ ਅਵਤਾਰ। ਸਿਖ ਸਾਖਾ ਹਨ ਆਗਜਾਕਾਰ। ਘਰ ਮੰਦਰ ਸਭ ਖੁਸ਼ੀਆਂ ਪ੍ਰਾਪਤ ਹਨ ਫਿਰ ਆਪ ਬੀਤਰਾਗ ਹੋ, ਕਿਸੇ ਸ਼ੈ ਵਿਚ ਖਚਿਤ ਨਹੀਂ ਦਿੱਸਦੇ, ਆਪ ਚਿਤ ਬ੍ਰਿਤੀ ਨਿਰੁਧ ਰਖਦੇ ਹੋ, ਕਮਾਲ ਹੈ। ਆਪ ਦੀ ਕਰਨੀ ਪਤਾ ਨਹੀਂ ਕੀਹ ਸੀ ਕਿ ਆਪ ਕੈਵਲ ਵਿਚ ਪਹੁੰਚੇ ਆਪਣੇ ਸਰੂਪ ਵਿਚ ਅਵਸਥਾਨਮ ਹੋ ਰਹੇ ਹੋ, ਧੰਨ ਹੋ ਆਪ! ਨਮਸਕਾਰ ਹੈ, ਜੁਹਾਰ ਹੈ ਬਾਰੰਬਾਰ ਆਪ ਦੇ ਕਮਾਲ ਉਤੇ। ਇਨ੍ਹਾਂ ਗਲਾਂ ਕਰਨ ਤੋਂ ਯੋਗੀ ਦਾ ਮਤਲਬ ਸੀ ਕਿ ਆਪ ਕੁਛ ਬੋਲਣਗੇ ਤਾਂ ਉਸ ਤੋਂ ਸੰਭਾਵਤ ਹੋ ਜਾਏਗਾ ਕਿ ਕੁਛ ਰਿਜ਼ਮ ਹਉਮੈ ਦੀ, ਕੁਛ ਅਵਿਦਜਾ ਦੀ ਲੇਸ਼ ਮਾਤ੍ਰ ਯਾ ਕੁਛ ਘਣੀ ਹੈ ਕਿ ਨਹੀਂ। ਸਤਿਗੁਰੂ ਜੀ ਇਹ ਸੁਣਦੇ ਗਏ ਤੇ ਸਹਿਜ ਧਯਾਨ ਆਪਣੇ ਨਾਮ ਦਾਤਾ ਸ੍ਰੀ ਗੁਰੂ ਅਮਰਦਾਸ ਜੀ ਵਿਚ ਲੀਨ ਹੁੰਦਾ ਗਿਆ। ਆਪਣੇ ਗੁਰੂ ਨਾਲ ਆਪ ਨੂੰ ਅਕਹਿ ਪ੍ਰੇਮ ਸੀ, ਜੋ ਉਹਨਾਂ ਦੇ ਸ਼ਬਦਾਂ ਤੋਂ ਪਿਆ ਹੁਣ ਤਕ ਪ੍ਰਗਟ ਹੁੰਦਾ ਹੈ। ਆਪ ਦਾ ਦਿਲ ਦਾਤੇ ਦੇ ਸ਼ੁਕਰ ਨਾਲ ਭਰਦਾ ਗਿਆ, ਮਿਹਰ ਹੀ ਮਿਹਰ ਦਾ ਆਲਮ ਛਾ ਗਿਆ, ਜਿਸ ਨਾਲ ਅਭਿਆਸੀ ਯੋਗੀ ਬੀ ਪ੍ਰਭਾਵਿਤ ਹੋ ਗਏ। ਹੁਣ ਆਪ ਜੀ ਦੇ ਅਧਖੁੱਲ੍ਹੇ ਨੈਣਾਂ ਵਿਚੋਂ ਦੋ ਚਾਰ ਮੋਤੀ ਕਿਰੇ, ਫਰ ਅਰਸ਼ੀ ਗਲਾ ਖੁਲ੍ਹਿਆ, ਅਲਾਪਵੀਂ ਸੁਰ ਨਿਕਲੀ। ਰਬਾਬੀ ਨੇੜੇ ਹੀ ਬੈਠੇ ਸਨ, ਸਮਝ ਗਏ ਕਿ ਸਤਿਗੁਰੂ ਨੇ ਕੁਛ ਗਉੜੀ ਵਿਚ ਉਚਾਰਨਾ ਹੈ, ਉਨ੍ਹਾਂ ਵਿਚੋਂ ਇਕ ਨੇ ਰਬਾਬ ਤੇ ਦੂਏ ਨੇ ਗੁਰੂ ਅਮਰਦਾਸ ਜੀ ਦਾ ਸਾਜਿਆ[੨੬੭] 'ਸਰੰਦਾ' ਯਾ 'ਸੁਰੰਦਾ' ਖੋਲ੍ਹਕੇ ਗਉੜੀ ਦਾ ਅਲਾਪ ਆਰੰਭ ਦਿੱਤਾ। ਤਦ ਸੁਹਣੇ ਗਲੇ ਤੋਂ ਅਤਿ ਮਿੱਠੀ ਸੁਰੀਲੀ ਸੁਰ ਵਿਚ ਗਾਵਿਆਂ ਗਿਆ :- ਗਉੜੀ ਬੈਰਾਗਣਿ ਮਹਲਾ ੪॥

ਕੰਚਨ ਨਾਰੀ ਮਹਿ ਜੀਉ ਲੁਭਤੁ ਹੈ
ਮੋਹੁ ਮੀਠਾ ਮਾਇਆ॥
ਘਰ ਮੰਦਰ ਘੋੜੇ ਖੁਸੀ
ਮਨੁ ਅਨ ਰਸਿ ਲਾਇਆ॥
ਹਰਿ ਪ੍ਰਭੁ ਚਿਤਿ ਨ ਆਵਈ
ਕਿਉ ਛੂਟਾ ਮੇਰੇ ਹਰਿ ਰਾਇਆ॥੧॥
ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ॥
ਗੁਣਵੰਤਾ ਹਰਿ ਹਰਿ ਦਇਆਲੁ
ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ
॥੧॥ਰਹਾਉ॥
ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ
ਕਿਛੁ ਢੰਗੁ ਨ ਮੇਰਾ॥
ਕਿਆ ਮੁਹੁ ਲੈ ਬੋਲਹ ਗੁਣ ਬਿਹੂਨ
ਨਾਮੁ ਜਪਿਆ ਨ ਤੇਰਾ॥
ਹਮ ਪਾਪੀ ਸੰਗਿ ਗੁਰ ਉਬਰੇ
ਪੁੰਨੁ ਸਤਿਗੁਰ ਕੇਰਾ॥੨॥
ਸਭੁ ਜੀਉ ਪਿੰਡੁ ਮੁਖੁ ਨਕੁ ਦੀਆ
ਵਰਤਣ ਕਉ ਪਾਣੀ॥
ਅੰਨੁ ਖਾਣਾ ਕਪੜੁ ਪੈਨਣੁ ਦੀਆ
ਰਸ ਅਨਿ ਭੋਗਾਣੀ॥
ਜਿਨਿ ਦੀਏ ਸੁ ਚਿਤਿ ਨ ਆਵਈ
ਪਸੂ ਹਉ ਕਰਿ ਜਾਣੀ॥੩॥
ਸਭੁ ਕੀਤਾ ਤੇਰਾ ਵਰਤਦਾ
ਤੂੰ ਅੰਤਰਜਾਮੀ॥
ਹਮ ਜੰਤ ਵਿਚਾਰੇ ਕਿਆ ਕਰਹ
ਸਭੁ ਖੇਲੁ ਤੁਮ ਸੁਆਮੀ॥
ਜਨ ਨਾਨਕੁ ਹਾਟਿ ਵਿਹਾਝਿਆ
ਹਰਿ ਗੁਲਮ ਗੁਲਾਮੀ॥੪॥੬॥੧੨॥੫੦॥

ਸ੍ਰੀ ਗੁਰੂ ਜੀ ਇਹ ਗਾਉਂਦੇ ਗਏ, ਨੈਣਾਂ ਤੋਂ ਨਿਕੇ ਨਿਕੇ ਮੋਤੀ ਕਿਰਦੇ ਗਏ, ਯੋਗੀ ਸਮਾਧਿ ਸਖਿਤ ਹੁੰਦੇ ਗਏ, ਬੰਦ ਨੈਣਾਂ ਤੇ ਟਿਕੀਆਂ ਬ੍ਰਿਤੀਆਂ ਤੇ ਪ੍ਰਭਾਵ ਪਿਆ ਪੂਰਨ ਹਉਂ ਅਤੀਤਤਾਈ ਤੇ ਸ਼ੁਕਰ ਗੁਜ਼ਾਰੀ ਦਾ। ਆਪਣੇ ਪਰਮਾਤਮਾ ਵਿਚ ਲੀਨਤਾ, ਜਗਤ ਦੇ ਪਰਮ ਤੱਤ ਵਿਚ ਲੀਨਤਾ ਆਪਣਾ ਪ੍ਰਭਾਵ ਪਾ ਰਹੀ ਸੀ। ਸਾਰਾ ਦਰਬਾਰ ਇਉਂ


www.sikhbookclub.com

ਅਚੱਲ ਹੋ ਰਿਹਾ ਸੀ ਕਿ ਜਿਵੇਂ ਸੰਗ ਮਰਮਰ ਦੀਆਂ ਮੂਰਤੀਆਂ ਧਰੀਆਂ ਹਨ। ਕੁਛ ਦੇਰ ਬਾਦ ਸਭ ਦੇ ਨੈਣ ਖੁੱਲ੍ਹੇ, ਫਿਰ ਬੀ ਚੁਪ ਛਾਈ ਰਹੀ। ਯੋਗੀਆਂ ਦੇ ਚਿਤ ਇਹ ਲਖ ਗਏ ਕਿ ਪਰਮ ਨੰਮ੍ਰਤਾ ਇਨ੍ਹਾਂ ਦੀ ਉਹੋ ਗੁਰੂ ਨਾਨਕ ਦੇਵ ਦੀ ਹਉਂ ਅਤੀਤਤਾਈ ਦੀ ਲਖਾਯਕ ਹੈ। ਦੇਖੋ ਇਹ ਨਿਰੁੱਧ ਹੋ ਕੇ ਫਿਰ ਈਸ਼੍ਵਰ ਅਨੁਗ੍ਰਹਿ ਕੂਕ ਰਹੇ ਹਨ। ਈਸ਼੍ਵਰ ਤਾਂ ਨਿਰਲੇਪ ਅਸੰਗ ਹੈ, ਉਸ ਨੂੰ ਕਿਸੇ ਨਾਲ ਕੀਹ ? ਤਦ ਉਸ ਨੇ ਫੇਰ ਪ੍ਰਸ਼ਨ ਕੀਤਾ :- ਸ੍ਰੀ ਗੁਰੂ ਜੀ! ਆਪ ਪਰਮ ਅਤੀਤਤਾਈ ਦੀ ਲੱਖਤਾ ਵਿਚ ਹੋ, ਮੇਰੇ ਭਾਣੇ ਕੈਵਲ ਹੋ। ਆਪਣੇ ਸਰੂਪ ਵਿਚ ਸਥਿਤ ਹੋ। ਈਸ਼੍ਵਰ ਨਿਰਲੇਪ, ਅਸੰਗ, ਸਭ ਗਲ ਤੋਂ ਅਲੇਪ ਹੈ, ਆਪ ਉਸ ਉਤੇ ਫੇਰ ਅਰਦਾਸ ਤੇ ਸ਼ੁਕਰ ਵਿਚ ਜਾਂਦੇ ਹੋ, ਇਸ ਵਿਚ ਫੇਰ ਕੁਛ ਭੰਬੀਰੀ ਦੇ ਖੰਭ ਵਰਗਾ ਪਰਦਾ ਨਹੀਂ ਹੋ ਜਾਂਦਾ? ਜਦ ਕੈਵਲ ਹੋ ਗਿਆ ਫਿਰ ਭਗਤੀ ਕਿਸ ਦੀ ਤੇ ਕਿਉਂ?

ਸਤਿਗੁਰੂ ਪਰਮ ਧੀਮੀ ਤੇ ਰਸ ਭਰੀ ਅਵਾਜ਼ ਵਿਚ ਬੋਲੇ : ਭਗਤੀ ਆਪਣੇ 'ਆਤਮ ਤਤ' ਦੀ ਨਾ, ਪਰ 'ਪਰਮ ਤਤ' ਦੀ। ਯੋਗੀ ਰਾਜ ਜੀ! ਈਸ਼੍ਵਰ ਨੂੰ, ਪਰਮਾਤਮਾ ਨੂੰ, ਪਰਮ ਤਤ੍ਵ ਨੂੰ, ਪੁਰਖ ਵਿਸ਼ੇਸ਼ ਨੂੰ, ਬ੍ਰਹਮ ਨੂੰ; ਭਾਈ! ਆਪਣੇ ਗਜ਼ਾਂ ਨਾਲ ਮਿਣਨ ਦੀ ਨਾ ਕਰੋ। ਉਹ ਅਨੰਤ ਹੈ, ਬੇਅੰਤ ਹੈ, ਬੇਹਦ ਹੈ। ਉਸ ਵਿਚ ਅਨੁਗ੍ਰਹ ਵਸਦੀ ਹੈ। ਉਸ ਦਾ ਉਹ 'ਅਨੁਗ੍ਰਹ' ਸਰੂਪ ਭਗਤਾਂ ਦਾ ਸਹਾਈ ਹੈ। ਜਿਸ ਅਨੁਗ੍ਰਹ ਨਾਲ ਪ੍ਰਾਪਤੀ ਹੁੰਦੀ ਹੈ ਉਸਨੂੰ ਤਜਾਗਣਾ ਕਿਉਂ। ਕੋਠੇ ਤੇ ਚੜ੍ਹਕੇ ਪਉੜੀ ਨੂੰ ਭੰਨਣਾ ਕਿਉਂ? ਜੀਵ ਤੱਤ ਦੇ ਪਰਮ ਤੱਤ ਨੂੰ ਪ੍ਰਾਪਤ ਹੋ ਜਾਣ ਤੇ ਪਰਮ ਤੱਤ੍ਵ ਦੀ ਅਨੁਗ੍ਰਹ ਦੇ ਸ਼ੁਕਰ ਭਾਵ ਤੋਂ ਮੂੰਹ ਮੋੜਨਾ ਕਿਉਂ? ਜੀਵ ਤੱਤ ਦੇ ਪਰਮ ਤੱਤ ਦੇ ਸੰਗਮ ਦਾ ਪ੍ਰਭਾਵ ਮਨ ਤੇ ਪ੍ਰਭਾਵਤ ਹੁੰਦਾ ਹੈ, ਮਨ ਰਸ ਮਾਣਦਾ ਹੈ ਮਾਨੋ ਅੰਮ੍ਰਿਤ ਵਰਸ ਰਿਹਾ ਹੈ, ਇਹ ਕਹਿੰਦਿਆਂ ਸੁਹਣੇ ਨੈਣ ਫੇਰ ਸੇਜਲ ਹੋ ਗਏ ਤੇ ਆਸਾ ਦੀ ਧੁਨਿ ਉਠੀ, ਨਾਲ ਸਾਜ਼ ਛਿੜ ਪਏ। ਇਕ ਪਰਮ ਏਕਾਂਤ ਦਾ ਰਸ ਭਰਿਆ ਪ੍ਰਭਾਵ ਛਾ ਗਿਆ।

ਆਸਾ ਮਹਲਾ ੪॥ ਛੰਤ

ਝਿਮਿ ਝਿਮੇ ਝਿਮਿ ਝਿਮਿ ਵਰਸੈ
ਅੰਮ੍ਰਿਤ ਧਾਰਾ ਰਾਮ॥
ਗੁਰਮੁਖੇ ਗੁਰਮੁਖਿ ਨਦਰੀ
ਰਾਮੁ ਪਿਆਰਾ ਰਾਮ॥
ਰਾਮ ਨਾਮੁ ਪਿਆਰਾ ਜਗਤ ਨਿਸਤਾਰਾ
ਰਾਮ ਨਾਮਿ ਵਡਿਆਈ॥
ਕਲਿਜੁਗਿ ਰਾਮ ਨਾਮੁ ਬੋਹਿਥਾ
ਗੁਰਮੁਖਿ ਪਾਰਿ ਲਘਾਈ॥
ਹਲਤਿ ਪਲਤਿ ਰਾਮ ਨਾਮਿ ਸੁਹੇਲੇ
ਗੁਰਮੁਖਿ ਕਰਣੀ ਸਾਰੀ॥
ਨਾਨਕ ਦਾਤਿ ਦਇਆ ਕਰਿ ਦੇਵੈ
ਰਾਮ ਨਾਮਿ ਨਿਸਤਾਰੀ॥੧॥
ਰਾਮੋ ਰਾਮ ਨਾਮੁ ਜਪਿਆ
ਦੁਖ ਕਿਲਵਿਖ ਨਾਸ ਗਵਾਇਆ ਰਾਮ॥
ਗੁਰ ਪਰਚੈ ਗੁਰ ਪਰਚੈ ਧਿਆਇਆ
ਮੈ ਹਿਰਦੈ ਰਾਮੁ ਰਵਾਇਆ ਰਾਮ॥
ਰਵਿਆ ਰਾਮੁ ਹਿਰਦੈ ਪਰਮਗਤਿ ਪਾਈ
ਜਾ ਗੁਰ ਸਰਣਾਈ ਆਏ॥
ਲੋਭ ਵਿਕਾਰ ਨਾਵ ਡੁਬਦੀ ਨਿਕਲੀ
ਜਾ ਸਤਿਗੁਰਿ ਨਾਮੁ ਦਿੜਾਏ॥
ਜੀਅ ਦਾਨੁ ਗੁਰਿ ਪੂਰੇ ਦੀਆ
ਰਾਮ ਨਾਮਿ ਚਿਤੁ ਲਾਏ॥
ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ
ਨਾਨਕ ਗੁਰ ਸਰਣਾਏ॥੨॥
ਬਾਣੀ ਰਾਮ ਨਾਮ ਸੁਣੀ
ਸਿਧਿ ਕਾਰਜ ਸਭਿ ਸੁਹਾਏ ਰਾਮ॥
ਰੋਮੇ ਰੋਮਿ ਰੋਮਿ ਰੋਮੇ
ਮੈ ਗੁਰਮੁਖਿ ਰਾਮੁ ਧਿਆਏ ਰਾਮ॥
ਰਾਮ ਨਾਮੁ ਧਿਆਏ ਪਵਿਤੁ ਹੋਇ ਆਏ
ਤਿਸੁ ਰੂਪੁ ਨ ਰੇਖਿਆ ਕਾਈ॥
ਰਾਮੋ ਰਾਮੁ ਰਵਿਆ ਘਟ ਅੰਤਰਿ
ਸਭ ਤ੍ਰਿਸਨਾ ਭੂਖ ਗਵਾਈ॥
ਮਨੁ ਤਨੁ ਸੀਤਲੁ ਸੀਗਾਰੁ ਸਭੁ ਹੋਆ
ਗੁਰਮਤਿ ਰਾਮੁ ਪ੍ਰਗਾਸਾ॥
ਨਾਨਕ ਆਪਿ ਅਨੁਗ੍ਰਹੁ ਕੀਆ
ਹਮ ਦਾਸਨਿ ਦਾਸਨਿ ਦਾਸਾ॥੩॥
ਜਿਨੀ ਰਾਮੋ ਰਾਮ ਨਾਮੁ ਵਿਸਾਰਿਆ
ਸੇ ਮਨਮੁਖ ਮੂੜ ਅਭਾਗੀ ਰਾਮ॥
ਤਿਨ ਅੰਤਰੇ ਮੋਹੁ ਵਿਆਪੈ


www.sikhbookclub.com

ਖਿਨੁ ਖਿਨੁ ਮਾਇਆ ਲਾਗੀ ਰਾਮ॥
ਮਾਇਆ ਮਲੁ ਲਾਗੀ ਮੂੜ ਭਏ ਅਭਾਗੀ
ਜਿਨ ਰਾਮੁ ਨਾਮੁ ਨਹ ਭਾਇਆ॥
ਅਨੇਕ ਕਰਮ ਕਰਹਿ ਅਭਿਮਾਨੀ
ਹਰਿ ਰਾਮੋ ਨਾਮੁ ਚੋਰਾਇਆ॥
ਮਹਾ ਬਿਖਮੁ ਜਮ ਪੰਥ ਦੁਹੇਲਾ
ਕਾਲੂਖਤ ਮੋਹ ਅੰਧਿਆਰਾ॥
ਨਾਨਕ ਗੁਰਮੁਖਿ ਨਾਮੁ ਧਿਆਇਆ
ਤਾ ਪਾਏ ਮੋਖ ਦੁਆਰਾ॥੪॥
ਰਾਮੋ ਰਾਮ ਨਾਮੁ ਗੁਰੂ
ਰਾਮੁ ਗੁਰਮੁਖੇ ਜਾਣੈ ਰਾਮ॥
ਇਹੁ ਮਨੂਆ ਖਿਨੁ ਊਭ ਪਇਆਲੀ
ਭਰਮਦਾ ਇਕਤੁ ਘਰਿ ਆਣੈ ਰਾਮ॥
ਮਨੁ ਇਕਤੁ ਘਰਿ ਆਣੈ ਸਭ ਗਤਿ ਮਿਤਿ ਜਾਣੈ
ਹਰਿ ਰਾਮੋ ਨਾਮੁ ਰਸਾਏ॥
ਜਨ ਕੀ ਪੈਜ ਰਖੈ ਰਾਮ ਨਾਮਾ
ਪ੍ਰਹਿਲਾਦ ਉਧਾਰਿ ਤਰਾਏ॥
ਰਾਮੋ ਰਾਮੁ ਰਮੋ ਰਮੁ ਊਚਾ
ਗੁਣ ਕਹਤਿਆ ਅੰਤੁ ਨ ਪਾਇਆ॥
ਨਾਨਕ ਰਾਮ ਨਾਮੁ ਸੁਣਿ ਭੀਨੇ
ਰਾਮੈ ਨਾਮਿ ਸਮਾਇਆ॥੫॥
ਜਿਨ ਅੰਤਰੇ ਰਾਮ ਨਾਮੁ ਵਸੈ
ਤਿਨ ਚਿੰਤਾ ਸਭ ਗਵਾਇਆ ਰਾਮ॥
ਸਭਿ ਅਰਥਾ ਸਭਿ ਧਰਮ ਮਿਲੇ
ਮਨ ਚਿੰਦਿਆ ਸੋ ਫਲੁ ਪਾਇਆ ਰਾਮ॥
ਮਨ ਚਿੰਦਿਆ ਫਲੁ ਪਾਇਆ
ਰਾਮ ਨਾਮੁ ਧਿਆਇਆ
ਰਾਮ ਨਾਮ ਗੁਣ ਗਾਏ॥
ਦੁਰਮਤਿ ਕਬੁਧਿ ਗਈ ਸੁਧਿ ਹੋਈ
ਰਾਮ ਨਾਮਿ ਮਨੁ ਲਾਏ॥
ਸਫਲੁ ਜਨਮੁ ਸਰੀਰੁ ਸਭੁ ਹੋਆ
ਜਿਤੁ ਰਾਮ ਨਾਮੁ ਪਰਗਾਸਿਆ॥
ਨਾਨਕ ਹਰਿ ਭਜੁ ਸਦਾ ਦਿਨੁ ਰਾਤੀ
ਗੁਰਮੁਖਿ ਨਿਜ ਘਰਿ ਵਾਸਿਆ॥੬॥
ਜਿਨ ਸਰਧਾ ਰਾਮ ਨਾਮਿ ਲਗੀ
ਤਿਨ੍ ਦੂਜੈ ਚਿਤੁ ਨ ਲਾਇਆ ਰਾਮ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ
ਬਿਨੁ ਨਾਵੈ ਅਵਰੁ ਨ ਭਾਇਆ ਰਾਮ॥
ਰਾਮ ਨਾਮੁ ਮਨਿ ਭਾਇਆ ਪਰਮ ਸੁਖੁ ਪਾਇਆ
ਅੰਤਿ ਚਲਦਿਆ ਨਾਲਿ ਸਖਾਈ॥
ਰਾਮ ਨਾਮ ਧਨ ਪੂੰਜੀ ਸੰਚੀ
ਨਾ ਡੂਬੈ ਨਾ ਜਾਈ॥
ਰਾਮ ਨਾਮੁ ਇਸੁ ਜੁਗ ਮਹਿ ਤੁਲਹਾ
ਜਮ ਕਾਲੁ ਨੇੜਿ ਨ ਆਵੈ॥
ਨਾਨਕ ਗੁਰਮੁਖਿ ਰਾਮੁ ਪਛਾਤਾ
ਕਰਿ ਕਿਰਪਾ ਆਪਿ ਮਿਲਾਵੈ॥੭॥
ਰਾਮੋ ਰਾਮ ਨਾਮੁ ਸਤੇ ਸਤਿ
ਗੁਰਮੁਖਿ ਜਾਣਿਆ ਰਾਮ॥
ਸੇਵਕੋ ਗੁਰ ਸੇਵਾ ਲਾਗਾ
ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ॥
ਮਨੁ ਤਨ ਅਰਪਿਆ ਬਹੁਤੁ ਮਨਿ ਸਰਧਿਆ
ਗੁਰ ਸੇਵਕ ਭਾਇ ਮਿਲਾਏ॥
ਦੀਨਾ ਨਾਥੁ ਜੀਆ ਕਾ ਦਾਤਾ
ਪੂਰੇ ਗੁਰ ਤੇ ਪਾਏ॥
ਗੁਰੂ ਸਿਖੁ ਸਿਖੁ ਗੁਰੂ ਹੈ ਏਕੋ
ਗੁਰ ਉਪਦੇਸੁ ਚਲਾਏ।
ਰਾਮ ਨਾਮ ਮੰਤੁ ਹਿਰਦੈ ਦੇਵੈ
ਨਾਨਕ ਮਿਲਣੁ ਸੁਭਾਏ॥੮॥੨॥੯॥

ਯੋਗੀ ਸਿਆਣਾ ਸੀ, ਵਿਦਵਾਨ ਬੀ ਤਕੜਾ ਸੀ; ਸਾਰੇ ਸ਼ਬਦ ਦੇ ਭਾਵ ਨੂੰ ਸਮਝ ਗਿਆ, ਸ਼ਬਦ ਵਿਚ ਗੁਰੂ ਜੀ ਨੇ ਈਸ਼੍ਵਰ ਅਨੁਗ੍ਰਹ ਦੇ ਸਫਾ ਪਦ ਵਰਤੇ ਸਨ। ਪੂਰਨ ਪ੍ਰੇਮ ਭਗਤੀ, ਮੂਲੋਂ ਈਸ਼੍ਵਰ ਦੇ ਪਰਣੇ ਆਸਰੇ ਹੋ ਜਾਣ ਦੀ ਤਸਵੀਰ ਬੰਨ੍ਹ ਦਿੱਤੀ ਸੀ, ਤੇ ਇਹ ਨਿਰਾ ਵਾਕ ਰਚਨਾਂ ਨਹੀਂ ਸੀ, ਆਪ ਭਗਤੀ ਰਸ ਵਿਚ ਮਗਨ ਸਨ, ਗੁਣ ਗਾਉਂਦਿਆਂ ਭਗਤੀ ਰਸ ਉੱਮਲ ਰਿਹਾ ਸੀ। ਯੋਗੀ ਇਕ ਤਾਂ ਸ੍ਰੀ ਗੁਰੂ ਜੀ ਦੇ ਉੱਚੇ ਖਿਆਲਾਂ ਅਤੇ ਸਰਬ ਸ਼ਾਸਤ੍ਰ ਗਿਆਤਾ ਹੋਣ ਦੇ ਅਸਰ ਨਾਲ ਨਿਸਚਿਤ ਹੁੰਦਾ ਗਿਆ, ਦੂਸਰੇ ਸ਼ਬਦ ਦੀ ਮਧੁਰ ਰਾਗ ਧੁਨਿ ਨਾਲ ਭਗਤੀ ਰਸ ਨਾਲ ਪ੍ਰਭਾਵਿਤ ਹੁੰਦਾ ਗਿਆ। ਸ਼ਬਦ ਦੇ ਮੁਕਦੇ ਸਾਰ ਹੀ ਚਰਨਾਂ ਨੂੰ ਲਿਪਟ ਗਿਆ। ਇਤਨਾਂ ਪ੍ਰਭਾਵਿਤ ਹੋ ਗਿਆ ਕਿ ਸਤਿਗੁਰ ਜੀ ਤੋਂ ਨਾਮ ਦਾਨ ਲੈ ਕੇ ਭਗਤੀ ਮਾਰਗ ਵਿਚ ਆ ਗਿਆ।

ਇਕ ਗੱਲ ਖਿਆਲ ਕਰ ਲੈਣੀ ਚਾਹੀਦੀ ਹੈ ਕਿ

ਸਤਿਗੁਰੂ ਜੀ ਦਾ ਇਕ ਤਰੀਕਾ ਉਪਦੇਸ਼ ਦਾ 'ਤੂੰ ਐਸਾ ਕਰ' 'ਐਸਾ ਨ ਕਰ' ਐਸੇ ਵਾਕ ਕਹਿਣ ਵਾਲਾ ਸੀ ਤਾਂ ਸੀ, ਪਰ ਘੱਟ ਸੀ, ਵਿਸ਼ੇਸ਼ ਸੀ ਆਪਣੇ ਦੁਆਰਾ ਉਪਦੇਸ਼ ਕਰਨਾ। ਉਪਰਲਾ ਸ਼ਬਦ ਯੋਗੀ ਪ੍ਰਤੀ ਉਪਦੇਸ਼ ਸੀ, ਪਰ ਆਖਿਆ ਸਭ ਕੁਛ ਆਪਣੇ ਤੇ ਘਟਾ ਕੇ ਸੀ। ਫਿਰ ਦੇਖੋ ਕਿ ਉਸ ਯੋਗੀ ਤੇ ਕੈ ਉੱਤਮ ਅਸਰ ਹੋ ਗਿਆ।

# ੧੭. ਧੜੇਬੰਦੀ।

**ਇਸੀ** ਤਰ੍ਹਾਂ ਸਤਿਗੁਰੂ ਜੀ ਬੈਠੇ ਸਨ ਕਿ ਕਿਸੇ ਨੇ ਆ ਕੇ ਬੇਨਤੀ ਕੀਤੀ ਕਿ ਮੇਰੇ ਵਿਰੋਧੀ ਨੇ ਇਕ ਧੜਾ ਬਣਾ ਲਿਆ ਹੈ ਤੇ ਹੁਣ ਮੈਨੂੰ ਉਸ ਨਾਲ ਟਾਕਰਾ ਕਰਨਾ ਕਠਨ ਹੋ ਗਿਆ ਹੈ, ਮੇਰਾ ਕੋਈ ਸਾਕ ਸੈਨ ਸਜਣ ਮੇਰੇ ਨਾਲ ਧੜਾ ਨਹੀਂ ਬੰਨ੍ਹਦਾ ਸਾਰੇ ਉਸ ਨਾਲ ਜਾ ਰਲੇ ਹਨ। ਮੇਰੇ ਤੇ ਆਪ ਰਹਿਮ ਕਰੋ ਤੇ ਬਚਾਓ। ਸਤਿਗੁਰੂ ਜੀ ਨੇ ਸਾਰਾ ਹਾਲ ਸੁਣ ਕੇ ਨਿਸਚੇ ਕਰ ਲਿਆ ਕਿ ਇਹ ਸੱਚਾ ਹੈ, ਨਿਰਦੋਖ ਹੈ, ਤਦ ਉਸ ਨੂੰ ਉਪਦੇਸ਼ ਦਿੱਤਾ, ਉਹ ਬੀ ਆਪਣੇ ਤੇ ਲਾ ਕੇ ਉਸ ਨੂੰ ਸਮੋਧ ਕੀਤਾ ਕਿ ਐਉਂ ਕਰ! ਉਹ ਸ਼ਬਦ ਇਹ ਹੈ :-

ੴ ਸਤਿਗੁਰ ਪ੍ਰਸਾਦਿ॥
ਰਾਗੁ ਆਸਾ ਘਰੁ ੨ ਮਹਲਾ ੪॥

ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲ ਭਾਈ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲ ਜਵਾਈ॥
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥
ਹਮਾਰਾ ਧੜਾ ਹਰਿ ਰਹਿਆ ਸਮਾਈ॥੧॥
ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ
ਹਉ ਹਰਿ ਗੁਣ ਗਾਵਾ ਅਸੰਖ ਅਨੇਕ॥੧॥ਰਹਾਉ॥
ਜਿਨ੍ਹ ਸਿਉ ਧੜੇ ਕਰਹਿ ਸੇ ਜਾਹਿ॥
ਝੂਠੁ ਧੜੈ ਕਰਿ ਪਛੋਤਾਹਿ॥
ਥਿਰੁ ਨ ਰਹਹਿ ਮਨਿ ਖੋਟੁ ਕਮਾਹਿ
ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ॥੨॥
ਏਹ ਸਭਿ ਧੜੇ ਮਾਇਆ ਮੋਹ ਪਸਾਰੀ॥
ਮਾਇਆ ਕਉ ਲੂਝਹਿ ਗਾਵਾਰੀ॥
ਜਨਮਿ ਮਰਹਿ ਜੂਐ ਬਾਜੀ ਹਾਰੀ॥
ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ॥੩॥
ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ॥
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ॥
ਜਿਸ ਨੋ ਕ੍ਰਿਪਾ ਕਰੇ ਤਿਸੁ ਸਤਿਸੰਗਿ ਮਿਲਾਏ॥
ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ॥੪॥
ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ॥
ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ॥
ਜੈਸਾ ਬੀਜੈ ਤੈਸਾ ਖਾਵੈ॥
ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ॥੫॥੨॥੫੪॥

ਉਹ ਦੁਖੀਆ ਸਤਿਗੁਰ ਦਾ ਉਪਦੇਸ਼ ਸੁਣਕੇ ਐਸਾ ਪੱਕਾ ਵਾਹਿਗੁਰੂ ਪ੍ਰੇਮੀ ਹੋ ਗਿਆ ਕਿ ਉਸ ਦੇ ਵੈਰੀਆਂ ਨੇ ਆਪੂੰ ਵਿਰੋਧ ਛੋੜ ਦਿੱਤਾ। ਜਦੋਂ ਇਹ ਸਜਣ ਸਾਲ ਕੁ ਮਗਰੋਂ ਆਇਆ ਤਾਂ ਇਸਦੀ ਬ੍ਰਿਤੀ ਨਾਮ ਨਾਲ ਪਰਮ ਸੁਖ ਵਿਚ ਸੀ। ਇਸ ਦੇ ਅੰਦਰੋਂ ਨਾਮ ਨੇ ਵੈਰ ਭਾਵ ਕਟ ਦਿੱਤੇ ਸਨ ਤੇ ਵੈਰੀ ਬੀ ਨਰਮੀ ਪਾ ਗਏ ਸਨ। ਪਰ ਇਸ ਨੂੰ ਪਰਵਾਹ ਨਹੀਂ ਸੀ ਰਹੀ ਹੋਈ ਕਿ ਮੇਰੀ ਦੁਨੀਆਂ ਵਿਗੜਦੀ ਹੈ ਕਿ ਸਉਰਦੀ ਹੈ। ਇਸਨੂੰ ਇਹੋ ਲਗਨ ਸੀ ਲਗੀ ਹੋਈ ਕਿ ਮੇਰੀ ਕਿਵੇਂ ਮੇਰੇ ਵਾਹਿਗੁਰੂ ਜੀ ਨਾਲ ਰਹਿ ਬਣ ਆਵੇ।

ਗੁਰੂ ਜੀ ਦੀ ਆਗਿਆ ਕਰਨੇ ਪਰ ਇਸ ਨੇ ਆਪਣਾ ਹਾਲ ਸੰਗਤਿ ਵਿਚ ਸੁਣਾਇਆ ਤਾਂ ਸਤਿਗੁਰੂ ਨੇ ਸੰਗਤਿ ਨੂੰ ਇਹ ਉਪਦੇਸ਼ ਦਿੱਤਾ ਜੋ ਹੁਣ ਤਕ ਮਾਝ ਦੀ ਵਾਰ ਵਿਚ ਇਕ ਸਲੋਕ ਹੈ। ਉਹ ਐਉਂ ਹੈ:-

ਮਹਲਾ ੪॥

ਪਰਹਰਿ ਕਾਮ ਕ੍ਰੋਧ ਝੂਠੁ ਨਿੰਦਾ
ਤਜਿ ਮਾਇਆ ਅਹੰਕਾਰੁ ਚੁਕਾਵੈ॥
ਤਜਿ ਕਾਮੁ ਕਾਮਿਨੀ ਮੋਹੁ ਤਜੈ


www.sikhbookclub.com

ਤਾ ਅੰਜਨ ਮਾਹਿ ਨਿਰੰਜਨੁ ਪਾਵੈ॥
ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ
ਤਜਿ ਪਿਆਸ ਆਸ ਰਾਮ ਲਿਵ ਲਾਵੈ॥
ਨਾਨਕ ਸਾਚਾ ਮਨਿ ਵਸੈ
ਸਾਚ ਸਬਦਿ ਹਰਿ ਨਾਮਿ ਸਮਾਵੈ॥੨॥
(ਵਾਰ ਮਾਝ ੮)

# ੧੮. ਗੁਰੂ ਸਿੱਖਾਂ ਲਈ ਰਹੁ ਰੀਤੀ-(ਗੁਰ ਮ੍ਰਿਯਾਦਾ)।

**ਇਸ** ਉਪਦੇਸ਼ ਮਗਰੋਂ ਇਕ ਸਿਖ ਨੇ ਬੇਨਤੀ ਕੀਤੀ :-

ਪਾਤਸ਼ਾਹ! ਅਸੀਂ ਆਪਣੇ ਦੁਨੀਆਂ ਦੇ ਕੰਮ ਕਾਜ ਢੰਗ ਸੁਆਰਥ ਕੀਕੂੰ ਸੁਆਰੀਏ?

ਤਦ ਈਸ਼੍ਵਰ ਪ੍ਰਇਣਤਾ ਵਿਚ ਨਿਮਗਨ ਸਤਿਗੁਰੂ ਜੀ ਬੋਲੇ : ਉਸ ਪਰ ਭਰੋਸਾ ਕਰੋ ਜਿਸ ਨੂੰ ਨਾਮ ਦੁਆਰਾ ਆਪਣੇ ਹਿਰਦੇ ਦਾ ਵਾਸੀ ਬਣਾ ਰਹੇ ਹੋ। ਇਸ ਵੇਲੇ ਆਪ ਨੇ ਇਕ ਪਉੜੀ ਉਚਾਰੀ ਜੋ ਸਿਰੀ ਰਾਗ ਦੀ ਵਾਰ ਵਿਚ ਹੈ :-

ਪਉੜੀ॥
ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥
ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ॥
ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ॥
ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ॥੨੦॥

ਇਹ ਪਉੜੀ ਗੁਰ ਸਿਖਾਂ ਲਈ ਸਭ ਕਾਰਜਾਂ ਦਾ ਹਿਦਾਯਤਨਾਮਾ ਬਣੀ, ਇਥੋਂ ਤਾਈਂ ਕਿ ਗੁਰ ਮਰਿਯਾਦਾ ਦਾ ਮੁੱਢ ਇਹੋ ਪਉੜੀ ਬਣੀ। ਹੁਣ ਗੁਰੂ ਕੇ ਸਿਖ ਵਾਹਿਗੁਰੂ ਅੱਗੇ ਅਰਦਾਸ ਕਰਕੇ ਅਪਣੇ ਸਾਰੇ ਕਾਰਜ ਕਰਦੇ ਹਨ, ਸੋ ਗੁਰੂ ਕੇ ਸਿਖ ਸਭੇ ਰਹੁ ਰੀਤੀਆਂ ਤੇ ਸਾਰੇ ਕਾਰਜ ਅਰਦਾਸ ਕਰਕੇ ਸਤਿਸੰਗ ਵਿਚ ਗੁਰੂ ਸਾਖੀ ਕਰਕੇ ਕਰਦੇ ਹਨ। ਅਤੇ ਹਰ ਸ਼ੁਭ ਕਾਰਜ ਦੇ ਆਰੰਭ ਵਿਚ ਇਹ ਪਉੜੀ ਉਚਾਰੀ ਜਾਂਦੀ ਹੈ।

ਇਸ ਪ੍ਰਕਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਹੀ ਸੂਹੀ ਰਾਗ ਵਿਚ ਲਾਵਾਂ ਰਚੀਆਂ ਜੋ ਗੁਰ ਸਿਖਾਂ ਦੇ ਵਿਵਾਹ ਵਿਚ ਲਾਵਾਂ ਪੜ੍ਹੀਆਂ ਜਾਣ। ਵਿਵਾਹ ਇਕ ਪ੍ਰਵਿਰਤੀ ਕਰਮ ਹੈ, ਜਿਸ ਨਾਲ ਗ੍ਰਿਹਸਥ ਪ੍ਰਵੇਸ਼ ਹੁੰਦਾ ਹੈ, ਪੁਰਾਣਾਂ ਤ੍ਰੀਕਾ ਪਰਮਾਰਥ ਦਾ ਸੀ ਕਿ ਇਹ ਪ੍ਰਵਿਰਤੀ ਛਡਕੇ ਨਿਰਵਿਰਤੀ ਵਿਚ ਜਾਣਾ, ਗ੍ਰਿਹਸਥ ਛਡਕੇ ਉਪ੍ਰਾਮ ਹੋ ਅਤੀਤ ਹੋ ਜਾਣਾ। ਗੁਰੂ ਸਾਹਿਬ ਨੇ ਲਾਵਾਂ ਵਿਚ ਦੱਸਿਆ ਹੈ ਕਿ ਪ੍ਰਵਿਰਤੀ ਕਰਮ ਗ੍ਰਿਹਸਤ ਹੈ : ਇਸੇ ਵਿਚ ਰਹੋ, ਪਰ ਵਾਹਿਗੁਰੂ ਨੂੰ ਨਾ ਭੁੱਲੋ, ਉਸਨੂੰ ਯਾਦ ਰਖੋ, ਉਸਦਾ ਭੈ ਰਖੋ, ਉਸ ਨੂੰ ਪਿਆਰ ਕਰੋ। ਜਗਤ ਦੇ ਵਿਚੇ ਵਸਦੇ ਰਹੋ ਪਰ ਜਗਤ ਨਾਲ ਸਹਿਜ ਬੈਰਾਗ ਰਖੋ। ਵਸਦੇ ਰਹੋ, ਪਰ ਜਗਤ ਨਾਲ ਸਹਿਜ ਬੈਰਾਗ ਰਖੋ। ਇਸ ਤਰ੍ਹਾਂ ਜੋ ਜੀਵ ਕਰੇਗਾ ਉਸਦੀ ਕਲਯਾਣ ਹੋਵੇਗੀ। ਇਸ ਪ੍ਰਕਾਰ ਦਾ ਉਪਦੇਸ਼ ਲਾਵਾਂ ਵਿਚ ਰਚ ਦਿੱਤਾ। ਗੋਇਆ ਦੰਪਤੀ ਨੂੰ ਪਰਵਿਰਤੀ ਕਰਮ ਵਿਚ ਆਪ ਪਾ ਕੇ ਉਹਨਾਂ ਨੂੰ ਪਰਵਾਣ ਗ੍ਰਿਹਸਥ ਉਦਾਸ' ਦਾ ਨਕਸ਼ਾ ਲਾਵਾਂ ਵਿਚ ਬੰਨ੍ਹ ਦਿੱਤਾ। ਗੁਰੂ ਘਰ ਦੀ ਮਰਿਯਾਦਾ 'ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥' ਦਾ ਉਪਦੇਸ਼ ਗ੍ਰਿਹਸਥ ਪ੍ਰਵੇਸ਼ ਵੇਲੇ ਹੀ ਦ੍ਰਿੜ ਕਰਾ ਦਿੱਤਾ ਹੈ।

ਇਸ ਤਰ੍ਹਾਂ ਆਪ ਜੀ ਨੇ ਵਡਹੰਸ ਰਾਗ ਵਿਚ ਦੋ ਸ਼ਬਦ ਘੋੜੀਆਂ ਦੀ ਧਾਰਨਾਂ ਤੇ ਰਚੇ ਸਨ। ਘੋੜੀਆਂ ਦੇ ਗਾਉਣੇ ਦੀ ਇਕ ਖਾਸ ਤਰਜ਼ ਸੀ, ਜਿਸ ਨੂੰ ਬੀਬੀਆਂ ਲਾੜੇ ਦੇ ਵਿਆਹ ਤੋਂ ਪਹਿਲੇ ਤੇ ਘੋੜੀ ਚੜ੍ਹਨ ਸਮੇਂ ਗਾਉਂਦੀਆਂ ਸਨ, ਉਸੇ ਤਰਜ਼ (ਧਾਰਨਾ) ਤੇ ਗੁਰੂ ਜੀ ਨੇ ਦੋ ਸ਼ਬਦ ਰਚੇ। ਜਿਨ੍ਹਾਂ ਵਿਚ ਘੋੜੀ ਦੇ ਅਲੰਕਾਰ ਨੂੰ ਲੈਕੇ ਵਾਹਿਗੁਰੂ ਪ੍ਰਾਪਤੀ ਦਾ ਰਾਹ ਦੱਸਿਆ। ਪ੍ਰਯੋਜਨ ਇਹ ਸੀ ਕਿ ਗੁਰ ਸਿਖ ਆਪਣੇ ਸਭ ਕਾਰਜ ਕਰਦੇ ਵਾਹਿਗੁਰੂ ਜੀ ਤੋਂ ਦੂਰ ਨਾ ਜਾ ਪੈਣ। ਵਿਆਹ ਵੇਲੇ ਘੋੜੀਆਂ ਗਾਈਆਂ ਜਾਣ ਤੇ ਉਸ ਵਿਚ ਵੀ ਪਰਮਾਰਥਿਕ ਉਪਦੇਸ਼ ਹੋਵੇ ਜੋ ਪਰਵਿਰਤੀ ਤੇ ਨਿਰਵਿਰਤੀ ਦੇ ਦੁਇ ਕੰਮ ਇਕੱਠੇ ਹੁੰਦੇ ਰਹਿਣ। ਇਸੀ ਤਰ੍ਹਾਂ ਗੁਰਬਾਣੀ ਵਿਚ ਕਈ ਰਾਗਾਂ ਵਿਚ ਛੰਤ ਹਨ। ਚੌਥੇ ਪਾਤਸ਼ਾਹ ਜੀ ਦੇ ਬੀ ਹਨ। ਉਹ ਬੀ ਇਨ੍ਹਾਂ ਸਮਿਆਂ ਤੇ ਗਾਵੇਂ ਜਾਂਦੇ ਹਨ ਜੋ ਮਾੜੇ ਗੀਤਾਂ ਨਾਲ ਬ੍ਰਿਤੀਆਂ ਮਾੜੇ ਪਾਸੇ ਨਾ ਜਾਣ।


www.sikhbookclub.com

ਇਸ ਤੋਂ ਪਹਿਲੋਂ ਜੀਵ ਦੇ ਚਲਾਣੇ ਸਮੇਂ ਤੇ ਗਾਵੇਂ, ਪੜ੍ਹੇ ਤੇ ਸਮਝੇ ਜਾਣ ਲਈ ੫ ਸ਼ਬਦ ਵਡਹੰਸ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਉਚਾਰ ਗਏ ਸਨ ਕਿ ਉਸ ਦੁਖ ਦੇ ਸਮੇਂ ਗੁਰਸਿਖਾਂ ਨੂੰ ਵਾਹਿਗੁਰੂ ਪ੍ਰੇਮ ਦਾ ਸਹਾਰਾ ਮਿਲੇ ਤੇ ਜਗਤ ਦੇ ਮਿਥਜਤਵ ਦਾ ਨਿਸ਼ਚਾ ਹੋ ਜਾਏ। ਇਨ੍ਹਾਂ ਨੂੰ ਅਲਾਹਣੀਆਂ ਦਾ ਸਿਰਨਾਮਾ ਦਿਤਾ ਹੈ। ਇਸ ਕਰਕੇ ਕਿ ਅਲਾਹਣੀ ਪਦ ਅਲਾਪ ਬਣਦਾ ਹੈ ਜਿਸ ਦਾ ਅਰਥ ਹੈ ਗਾਇਨ, ਅਲਾਹਣੀ ਦਾ ਕਦੇ ਭਾਵ ਹੁੰਦਾ ਸੀ 'ਗੁਣ ਕਥਨ' ਫੇਰ ਇਹ ਮਰ ਗਏ ਪ੍ਰਾਣੀ ਦੇ ਗੁਣ ਕਥਨ ਤੇ ਰੂੜ੍ਹੀ ਹੋ ਗਿਆ। ਗੁਰੂ ਜੀ ਨੇ ਇਹੋ ਵਰਤਾਰਾ ਲੈ ਕੇ ਪੰਜ ਸ਼ਬਦ ਰਚੇ ਕਿ ਜਿਨ੍ਹਾਂ ਵਿਚ ਵਾਹਿਗੁਰੂ ਜੀ ਦਾ ਗੁਣ ਕਥਨ ਹੈ ਤੇ ਪ੍ਰਯੋਜਨ ਇਹ ਹੈ ਕਿ ਕਿਸੇ ਪਿਆਰੇ ਦੇ ਦੇਹਾਂਤ ਪਰ ਵਾਹਿਗੁਰੂ ਦੇ ਗੁਣ ਕਥਨ ਕਰੋ ਤੇ ਸ਼ੋਕ ਨੂੰ ਨਵਿਰਤ ਕਰੋ। ਗੁਰਸਿਖਾਂ ਵਿਚ ਚਲਾਣੇ ਦੇ ਦਿਨਾਂ ਵਿਚ ਇਨ੍ਹਾਂ ਅਲਾਹਣੀਆਂ ਦੇ ਕੀਰਤਨ ਹੁੰਦੇ ਹਨ।

## ੧੯. ਚੋਣਵੇਂ ਸਿਖ।

**ਗੁਰੂ** ਨਾਨਕ ਦੇਵ ਜੀ ਦੇ ਲੰਮੇ ਦੇਸ਼ਾਟਨਾਂ ਨੇ ਗੁਰ ਸਿਖੀ ਦੂਰ ਦੂਰ ਫੈਲਾ ਦਿੱਤੀ ਸੀ। ਗੁਰੂ ਅੰਗਦ ਦੇਵ ਜੀ ਬਾਹਰ ਬਹੁਤ ਘੱਟ ਗਏ ਹਨ ਪਰ ਸਿਖੀ ਦਾ ਪ੍ਰਚਾਰ ਉਨ੍ਹਾਂ ਦੇ ਸਮੇਂ ਬੀ ਚੋਖਾ ਵਧਿਆ ਸੀ। ਗੁਰੂ ਨਾਨਕ ਦੇਵ ਜੀ ਗੁਰ ਸਿਖੀ ਦੇ ਪ੍ਰਚਾਰ ਦੀ ਆਗਿਆ ਗੁਰੂ ਅੰਗਦ ਦੇਵ ਜੀ ਨੂੰ ਕਰ ਗਏ ਸਨ। ਇਸੀ ਤਰ੍ਹਾਂ ਆਪ ਜੀ ਨੇ ਗਦੀ ਦੇ ਕੇ ਗੁਰੂ ਅਮਰਦਾਸ ਜੀ ਨੂੰ ਪੰਥ ਕਰਨ ਦੀ ਆਗਿਆ ਕੀਤੀ ਸੀ। ਗੁਰੂ ਅਮਰਦਾਸ ਜੀ ਨੇ ਬਹੁਤ ਪ੍ਰਚਾਰ ਕੀਤਾ ਦੂਰ ਦੇਸਾਂ ਵਿਚ ਪੂਰੇ ਭਾਂਡੇ ਗੁਰਮੁਖ ਸਿਖ ਸਤਿਨਾਮੁ ਦਾ ਉਪਦੇਸ਼ ਦੇਣ ਲਈ ਸਥਾਪਨ ਕੀਤੇ, ਜਿਨ੍ਹਾਂ ਨੂੰ ਮੰਜੀਆਂ ਆਖਦੇ ਹਨ। ਇਨ੍ਹਾਂ ਦੀ ਗਿਣਤੀ ੨੨ ਸੀ। ਇਸ ਤੋਂ ਛੁਟ ਇਹ ਬੀ ਰਵਾਯਤ ਹੈ ਕਿ ਅਨੇਕਾਂ ਹੋਰ ਗੁਰ ਸਿਖ ਨਾਮ ਜਪਾਉਣ ਵਾਲੇ ਥਾਪੇ, ਜਿਨ੍ਹਾਂ ਨੂੰ ਪੰਘੂੜੇ ਦੱਸਦੇ ਹਨ ਤੇ ਕੁਛ ਬੀਬੀਆਂ ਗਯਾਤਗੋਯ ਹੋ ਗਈਆਂ ਬੀ ਪ੍ਰਚਾਰ ਕਰਦੀਆਂ ਤੇ ਸਤਿਨਾਮੁ ਦਾ ਪੱਲੂ ਫੇਰਦੀਆਂ ਸਨ, ਇਨ੍ਹਾਂ ਨੂੰ ਪੀੜ੍ਹੇ ਸਦਦੇ ਸੁਣਦੇ ਹਾਂ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਸਿਖਾਂ ਦੀ ਗੇਣਤੀ ਲੱਖਾਂ ਤੱਕ ਪਹੁੰਚ ਗਈ ਸੀ ਤੇ ਇਹ ਹਰ ਸੂਬੇ ਵਿਚ, ਸਗੋਂ ਅਫਗਾਨਸਤਾਨ ਕੀਹ ਤੁਰਕਸਤਾਨ ਤੱਕ ਬੀ ਸਿਖ ਮਿਲਦੇ ਸਨ। ਚੌਥੇ ਪਾਤਸ਼ਾਹ ਦਾ ਸਮਾਂ ਥੋੜਾ ਹੈ, ਪਰ ਪਰਚਾਰ ਬਹੁਤ ਹੋਇਆ ਹੈ। ਸਿਖੀ ਬਹੁਤ ਫੈਲੀ ਤੇ ਵਧੀ ਸੀ। ਜਿਸਦੇ ਵਿਤ੍ਰੇਕਵੇਂ ਹਾਲ ਲੱਭਦੇ ਨਹੀਂ। ਭਾਈ ਗੁਰਦਾਸ ਜੀ ਨੇ ੧੧ਵੀਂ ਵਾਰ ਵਿਚ ਚੋਟੀ ਦੇ ਕੁਛ ਸਿਖਾਂ ਦੇ ਨਾਮ ਲਿਖੇ ਹਨ। ਓਹ ਗੇਣਤੀ ਚੌਥੀ ਪਾਤਸ਼ਾਹੀ ਦੇ 'ਸਾਰੇ' ਸਿਖਾਂ ਦੀ ਨਹੀਂ ਹੈ, ਓਹ ਖਾਸ ਖਾਸ ਨਾਮ ਵਡੇ ਪ੍ਰਸਿੱਧਾਂ ਦੇ ਹਨ। ਕੁਛ ਸਿਖਾਂ ਦੇ ਪ੍ਰਸੰਗ, ਸੰਪ੍ਰਦਾਈ ਗਯਾਨੀਆਂ ਵਿਚ ਸ਼ਬਦਾਂ ਦੀ ਉਖਾਨਕਾ ਨਾਲ ਆਏ ਹਨ ਤੇ ਉਸ ਸਮੇਂ ਦੇ ਹੋਏ ਪ੍ਰਸਿਧ ਸਿਖਾਂ ਦੇ ਬਹੁ ਉਹਨਾਂ ਦੇ ਘਰਾਣਿਆਂ ਤੋਂ ਮਿਲੇ ਹਨ। ਜੋ ਸਗ੍ਰਾ ਜਗ੍ਰਾ ਆਏ ਤੇ ਆਉਣਗੇ।

ਭਾਈ ਗੁਰਦਾਸ ਜੀ ਨੇ ਜੋ ਨਾਮ ਦਿੱਤੇ ਹਨ, ਉਹਨਾ ਦੇ ਸੰਖੇਪ ਪ੍ਰਸੰਗ ਭਗਤ ਰਤਨਾਵਲੀ ਯਾ ਸਿਖਾਂ ਦੀ ਭਗਤਮਾਲ ਵਿਚ ਹਨ, ਜੋ ਪੋਥੀ ਕਿ ਭਾਈ ਮਨੀ ਸਿੰਘ ਜੀ ਦੇ ਨਾਮ ਤੇ ਪ੍ਰਸਿੱਧ ਹੈ। ਇਨ੍ਹਾਂ ਸਾਰੇ ਪ੍ਰਸੰਗਾਂ ਨੂੰ ਸਮੇਂ ਦੀ ਤਰਤੀਬ ਵਿਚ ਬੰਨ੍ਹ ਸਕਣਾ ਕਠਨ ਹੈ। ਕੁਛ ਸਿਖਾਂ ਦੇ ਹਲ ਆ ਚੁਕੇ ਹਨ। ਭਾਈ ਗੁਰਦਾਸ ਜੀ ਵਾਲੇ ਨਾਮ ਤੇ ਭਾਈ ਮਨੀ ਸਿੰਘ ਜੀ ਦੇ ਦਿੱਤੇ ਉਨ੍ਹਾਂ ਦੇ ਸੰਖੇਪ ਪ੍ਰਸੰਗ ਅੱਗੇ ਦੇਂਦੇ ਹਾਂ:-

### (ਭਾਈ ਤੀਰਥਾ)

**ਭਾਈ** ਤੀਰਥਾ ਸਭਰਵਾਲ ਆਣਕੇ ਗੁਰੂ ਰਾਮ ਦਾਸ ਜੀ ਦੀ ਸਰਨਿ ਪਇਆ ਕਿ ਅਸਾਡਾ ਕਿਵੇਂ ਉਧਾਰ ਹੋਵੇ ਤਾਂ ਬਚਨ ਹੋਇਆ :-

ਸਚ ਦੇ ਸਮਾਨ ਹੋਰ ਧਰਮ ਕੋਈ ਨਹੀਂ। ਮੁਖੋਂ ਭੀ ਸਚੁ ਬੋਲਣਾ ਤੇ ਰਿਦਿਓਂ ਬੀ ਸਚਿਆਰੁ ਰਹਿਣਾ ਤੇ ਝੂਠ ਜੈਸਾ ਪਾਪ ਕੋਈ ਨਹੀਂ। ਝੂਠ ਨਹੀਂ ਕਮਾਵਣਾ। ਇਸੇ ਕਰਕੇ ਤੀਰਥੇ ਦਾ ਕਲਿਆਣ ਹੋਇਆ॥੨੭॥


www.sikhbookclub.com

## ੨੦. ਸਾਖੀ ਹੋਰ ਚਲੀ।

**ਭਾਈ** ਪੂਰੋ ਤੇ ਭਾਈ ਮਾਣਕ ਚੰਦ ਤੇ ਵਿਸ਼ਨ ਦਾਸ ਤਿੰਨੇ ਸਿੱਖ ਸਾਹਿਬ ਚੌਥੀ ਪਾਤਸ਼ਾਹੀ ਦੇ ਹਜ਼ੂਰ ਆਏ।

ਅਸਾਂ ਨੂੰ ਐਸਾ ਉਪਦੇਸ਼ ਕਰੋ ਜਿਸ ਕਰ ਅਸਾਡਾ ਜਨਮ ਮਰਨੁ ਕਟੀਐ ਤੋ ਸਣੇ ਕੁਟੰਬ ਪਰਿਵਾਰ ਦੇ ਅਸਾਡਾ ਉਧਾਰੁ ਹੋਵੈ। ਤਾਂ ਬਚਨੁ ਹੋਇਆ ਤੁਸਾਂ ਆਪ ਭੀ ਗੁਰੂ ਕੇ ਸਿਖਾਂ ਦੀ ਟਹਿਲ ਸੇਵਾ ਕਰਣੀ, ਪੁਤ੍ਰਾਂ ਧੀਆਂ ਪਾਸੋਂ ਭੀ ਸੇਵਾ ਟਹਿਲ ਕਰਾਵਣੀ। ਇਸ ਤਰ੍ਹਾਂ ਜਾਣਨਾਂ ਕਿ ਜਿਵੇਂ ਅਸੀਂ ਵਾਹਿਗੁਰੂ ਦੇ ਟਹਿਲੀਏ ਹਾਂ ਤਿਵੇਂ ਅਸਾਡੇ ਪੁਤ੍ਰ ਸਭ ਵਾਹਿਗੁਰੂ ਦੇ ਟਹਿਲੀਏ ਹੈਨਿ, ਤੇ ਜਿਸ ਤਰ੍ਹਾਂ ਘੋੜਾ ਖਸਮ ਦੇ ਬੂਹੇ ਤੇ ਬੰਨ੍ਹਿ ਛਡੀਦਾ ਹੈ ਤਾਂ ਸਭ ਚਿੰਤਾ ਖਸਮ ਨੂੰ ਹੁੰਦੀ ਹੈ, ਤਿਵੇਂ ਧੀਆਂ ਪੁਤ੍ਰ ਸਭ ਵਾਹਿਗੁਰੂ ਕਾ ਕਰ ਜਾਣੇ। ਤਾਂ ਵਾਹਿਗੁਰੂ ਨੂੰ ਇਸ ਦੀ ਸ਼ਰਮ ਪੈਂਦੀ ਹੈ ਤਾਂ ਇਸ ਦਾ ਕਲਿਆਣ ਹੁੰਦਾ ਹੈ। ਤਾਂ ਇਸੇ ਕਰਕੇ ਭਾਈ ਪੂਰੋ ਤੇ ਮਾਣਕ ਚੰਦੁ ਤੇ ਬਿਸ਼ਨ ਦਾਸ ਦਾ ਕਲਿਆਣੁ ਹੋਇਆ॥੨੮॥

## ੨੧. ਸਾਖੀ ਹੋਰ ਚਲੀ।

**ਭਾਈ** ਪਦਾਰਥੁ ਤੇ ਤਾਰੂ ਭਾਰੂ ਤਿੰਨੇ ਗੁਰੂ ਰਾਮਦਾਸ ਜੀ ਦੇ ਪਾਸ ਆਏ। ਅਗੇ ਦੀਵਾਨ ਲਗਾ ਹੋਆ ਹੈਸੀ। ਕਥਾ ਕੀਰਤਨ ਹੁੰਦਾ ਸੀ, ਤਬ ਗੁਰੂ ਕੇ ਬਚਨਾਂ ਨੂੰ ਸੁਣਕੇ ਉਨ੍ਹਾਂ ਦੇ ਮਨ ਵਿਚ ਬਹੁਤ ਭੈ ਆਇਆ। ਤਾਂ ਉਨ੍ਹਾਂ ਅਰਦਾਸ ਕੀਤੀ : ਜੀ ਗਰੀਬ ਨਿਵਾਜ! ਅਸੀਂ ਗ੍ਰਿਸਤ ਕੁਟੰਬਾਂ ਵਿਚ ਪਲੇਟੇ ਹੋਏ ਹਾਂ ਕਿਤੇ ਵੇਲੇ ਸ਼ਬਦ ਬਾਣੀ ਪੜ੍ਹ ਸੁਣ ਨਹੀਂ ਸਕਦੇ ਅਸਾਡਾ ਕਿਸ ਪ੍ਰਕਾਰ ਕਰਕੇ ਉਧਾਰ ਹੋਵੇਗਾ।

ਤਾਂ ਬਚਨ ਹੋਇਆ 'ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ॥'[੨੬੮] ਜੇਤੇ ਜੀਅ ਵਾਹਿਗੁਰੂ ਨੇ ਉਤਪਤਿ ਕੀਤੇ ਹੈਨ, ਸਭਨਾਂ ਦਾ ਰਿਜਕੁ ਪਹਿਲੇ ਉਤਪਤਿ ਕੀਤਾ ਹੈ। ਤਾਂ ਤੇ ਤੁਸੀਂ ਗੁਰੂ ਕੇ ਦੁਆਰੇ ਸਿਦਕੁ ਕਰਕੇ ਬੈਠਹੁ, ਤਾਂ ਤੁਸਾਡੇ ਸਨਬੰਧੀਆਂ ਦਾ ਰਿਜਕੁ ਵਾਹਿਗੁਰੂ ਓਥੇ ਹੀ ਪਹੁੰਚਾਏਗਾ ਤੇ ਤੁਸਾਡਾ ਰਿਜਕ ਇਥੇ ਹੀ ਪਹੁੰਚਾਏਗਾ। ਤਾਂ ਉਨ੍ਹਾਂ ਆਪਣਿਆਂ ਬੇਟਿਆਂ ਨੂੰ ਸੱਦ ਕੇ ਕਹਿਆ, ਭਾਈ ਹੁਣ ਤੁਸੀਂ ਕੰਮ ਦੇ ਲਾਇਕ ਹੋਏ ਹੋ, ਹਣ ਤੁਸੀਂ ਘਰ ਦਾ ਕੰਮ ਸਮਾਲੋ। ਜੋ ਕਿਛੁ ਕਿਰਤਿ ਵਿਚੋਂ ਲਾਭੁ ਹੋਵੈ ਸੋ ਉਦਮੁ ਕਰਕੈ ਗੁਰੂ ਕੇ ਨਮਿਤ ਦਸਵੰਧ ਦੇਵਣਾ ਤੇ ਸਿਖਾਂ ਆਇਆਂ ਦੀ ਸੇਵਾ ਕਰਣੀ ਤੇ ਅਸੀਂ ਏਥੇ ਹੀ ਗੁਰੂ ਕੇ ਦੁਆਰੇ ਰਹਾਂਗੇ ਤੇ ਏਥੇ ਪਾਣੀ ਪੱਖੇ ਦੀ ਗੁਰੂ ਕੇ ਦੁਆਰੇ ਸਾਧ ਸੰਗਤਿ ਵਿਚ ਸੇਵਾ ਕਰਾਂਗੇ ਤੇ ਕਥਾ ਕੀਰਤਨ ਸੁਣਾਂਗੇ। ਤੁਸਾਡਾ ਭੀ ਕਲਿਆਣੁ ਹੋਵੇਗਾ। ਤਾਂ ਉਨ੍ਹਾਂ ਐਸੈ ਹੀ ਕੀਆ ਤਾਂ ਉਨ੍ਹਾਂ ਦਾ ਉਧਾਰੁ ਹੋਇਆ॥੨੯॥

## ੨੨. ਸਾਖੀ ਹੋਰ ਚਲੀ।

**ਮਹਾਂ** ਨੰਦੁ ਤੇ ਬਿਧੀ ਚੰਦ ਗੁਰੂ ਰਾਮਦਾਸ ਜੀ ਦੀ ਸ਼ਰਨੀ ਆਏ, ਜੁ ਅਸਾਡਾ ਜਨਮ ਮਰਨ ਤੁਸੀਂ ਕਟੋ, ਬਹੁਤਾ ਅਸੀਂ ਜਨਮਾ ਵਿਚ ਦੁਖ ਪਾਂਵਦੇ ਆਏ ਹਾਂ ਤੇ ਹੁਣ ਤੁਸਾਡੀ ਸ਼ਰਨਿ ਆਏ ਹਾਂ। ਅਸੀਂ ਜਾਣਦੇ ਹਾਂ ਜੁ ਅਸਾਡਾ ਉਧਾਰੁ ਹੋਵੇਗਾ। ਤਾਂ ਬਚਨੁ ਹੋਇਆ ਤੁਸੀਂ ਆਪਣੇ ਸਰੂਪ ਨੂੰ ਪਛਾਣੋਗੇ ਤਾਂ ਤੁਸਾਡਾ ਜਨਮ ਮਰਨ ਮਿਟੇਗਾ। ਤਾਂ ਉਨ੍ਹਾਂ ਕਹਿਆ : ਅਸੀਂ ਆਪਣਾ ਸਰੂਪ ਏਹੁ ਜਾਣਦੇ ਹਾਂ, ਜੋ ਅਸੀਂ ਖਤ੍ਰੀ ਹਾਂ, ਖਤ੍ਰੀਆਂ ਦੇ ਪੁਤ੍ਰ ਹਾਂ। ਜਾਂ ਇਤਨਾ ਉਨ੍ਹਾਂ ਕਹਿਆ ਤਾਂ ਸਾਹਿਬ ਬਚਨੁ ਕੀਤਾ ਜੁ ਖਤ੍ਰੀ ਤਾਂ ਤੁਸਾਂ ਨੂੰ ਮਾਤਾ ਪਿਤਾ ਨੇ ਕਹਿਆ ਹੈ, ਸੋ ਸਰੀਰ ਦਾ ਨਾਮੁ ਧਰਿਆ ਹੈ। ਤੁਸੀਂ ਸਰੀਰ ਤਾਂ ਨਹੀਂ, ਇਹੁ ਸਰੀਰ ਤਾਂ ਏਥੇ ਹੀ ਰਹੇਗਾ, ਤੁਸੀਂ ਤਾਂ ਪਿਛਲੇ ਸਰੀਰ ਦੇ ਕਰਮ ਕੀਤੇ ਹੋਏ ਹੁਣ ਭੋਗਦੇ ਹੋ ਤੇ ਹੁਣ ਦੇ ਕਰਮ ਅਗੇ ਭੋਗੋਗੇ। ਤਾਂ ਤੁਸਾਂ ਏਸ ਸਰੀਰ ਨੂੰ ਬਸਤ੍ਰ ਜਾਣਨਾ ਤੇ ਆਪ ਨੂੰ ਬਸਤ੍ਰ ਪਹਿਰਣ ਵਾਲਾ ਸਾਖੀ ਜਾਣਨਾ, ਤਾਂ ਤੁਸਾਡਾ ਉਧਾਰੁ ਹੋਵੇਗਾ। ਤਾਂ ਉਨ੍ਹਾਂ ਅਰਦਾਸ ਕੀਤੀ ਅਸੀਂ ਕਿਉਂ ਕਰ ਆਪਣਾ ਸਰੂਪ


www.sikhbookclub.com

ਪਛਾਣੀਏ? ਤੇ ਸਾਹਿਬੁ ਬਚਨ ਕੀਤਾ : ਤੁਸਾਂ ਸਦਾ ਕਥਾ ਕੀਰਤਨੁ ਨੇਮ ਨਾਲ ਸੁਣਨੀ, ਤੁਸਾਨੂੰ ਸਰੂਪ ਦਾ ਲਾਭੁ ਹੋਵੇਗਾ। ਤਾਂ ਓਨ੍ਹਾਂ ਐਸੇ ਹੀ ਨੇਮ ਨਾਲ ਕਥਾ ਕੀਰਤਨ ਸੁਣਨੀ। ਤਾਂ ਓਨ੍ਹਾਂ ਦਾ ਉਧਾਰੁ ਏਸੇ ਪ੍ਰਕਾਰ ਹੋਇਆ॥੩੦॥

## ੨੩. ਸਾਖੀ ਹੋਰ ਚਲੀ।

**ਧਰਮ** ਦਾਸੁ ਖਟੜਾ ਤੇ ਡੂਗਰ ਦਾਸੁ ਤਕਿਆਰੁ ਤੇ ਦੀਪਾ ਤੇ ਜੇਠਾ ਤੇ ਤੀਰਥਾਂ ਤੇ ਸੈਸਾਰੂ ਤੇ ਬੂਲਾ, ਸਭੇ ਗੁਰੂ ਰਾਮਦਾਸ ਜੀ ਦੇ ਪਾਸ ਆਏ। ਆਇਕੇ ਅਰਦਾਸ ਕੀਤੀਓ ਨੇ : ਜੀ ਤੁਸਾਡੀ ਸ਼ਰਨਿ ਆਏ ਹਾਂ ਕਿ ਅਸਾਡਾ ਉਧਾਰੁ ਹੋਵੈ। ਤਾਂ ਬਚਨੁ ਹੋਇਆ ਤੁਸਾਂ ਆਪਣੇ ਮਨ ਕਾ ਹੰਕਾਰੁ ਤਿਆਗਣਾ, ਜੋ ਸਿਖੁ ਤੁਹਾਡੇ ਪਾਸ ਆਵੈ ਆਪੋ ਆਪਣਿਆਂ ਘਰਾਂ ਥੀਂ ਓਨ੍ਹਾਂ ਦੀ ਸੇਵਾ ਕਰਨੀ, ਤੇ ਜੇ ਬਹੁਤੀ ਕਾਮਨਾਂ ਹੋਵੇ ਸੋ ਸਭਨਾਂ ਰਲਕੇ ਅਰਦਾਸ ਕਰਕੇ ਉਸਦਾ ਕਾਰਜੁ ਕਰ ਦੇਣਾ ਤੇ ਜਿੱਥੇ ਸਾਧ ਸੰਗਤਿ ਕਥਾ ਕੀਰਤਨੁ ਹੋਵੈ ਤਿਥੈ ਪੰਜ ਵੇਲੇ ਚੱਲਕੇ ਜਾਵਣਾਂ ਤੇ ਧਰਮਸਾਲ ਆਪਣੇ ਪਿੰਡ ਵਿਚ ਹੀ ਬਣਾਵਣੀ। ਪਿਛਲੀ ਰਾਤੀ ਉਠਿ ਕੇ ਇਸ਼ਨਾਨੁ ਕਰਿ ਕੈ ਵਾਹਿਗੁਰੂ ਨਾਮੁ ਜਪਣਾ ਤੇ ਅੰਮ੍ਰਿਤ ਵੇਲੇ ਜਾਇ ਕੇ ਗ੍ਰੰਥ[੬੯] ਜੀ ਦਾ ਦਰਸਨੁ ਕਰਨਾ ਅਤੇ ਦੁਪਹਿਰ ਸਮੇ ਚਰਣ ਕਵਲ ਪੜਨੀ ਸੁਣਨੀ। ਦੁਇ ਘੜੀਆਂ ਦੇ ਹੁੰ ਰਹਿੰਦੇ ਦੋਇ ਘੜੀਆਂ ਰਾਤ ਜਾਂਦੀ ਤੀਕਰੁ ਕੀਰਤਨੁ ਸੁਣਕੇ ਉਪਰੰਤ ਕੀਰਤਨੁ ਸੋਹਿਲਾ ਪੜਿਕੇ ਸੌਣਾ। ਹੋਰ ਕਿਰਤੁ ਕਾਰ ਜੋ ਕਰਨੀ ਸਚ ਬੋਲਣਾ, ਸਚ ਕਮਾਵਣਾ। ਮੈਂ ਤੁਸਾਡਾ ਸਦਾ ਸੰਗੀ ਹੋਵਾਂਗਾ। ਇਸੇ ਕਰਕੇ ਓਨ੍ਹਾਂ ਦਾ ਕਲਿਆਣ ਹੋਇਆ॥੩੧॥

## ੨੪. ਸਾਖੀ ਹੋਰ ਚਲੀ।

**ਸਈਆ** ਤੇ ਜਾਪਾ ਤੇ ਨਈਆ ਖੁਲਰੁ ਜਾਤ ਤੁਲਸਾ ਵਹੁਰਾ ਚਾਰੇ ਗੁਰੂ ਰਾਮਦਾਸ ਜੀ ਦੀ ਸਰਣਿ ਆਏ। ਬੇਨਤੀ ਕੀਤੀ ਜੀ ਅਸਾਨੂੰ ਐਸਾ ਉਪਦੇਸੁ ਕਰੋ ਜੋ ਵਿਚੇ ਗ੍ਰਿਹਸਤ ਦੇ ਅਸਾਨੂੰ ਉਦਾਸੀ ਹੋਵੈ, ਤਾਂ ਬਚਨੁ ਹੋਇਆ: ਜੈਸੇ ਆਪਣੇ ਘਰ ਦਿਆਂ ਕੰਮਾਂ ਨਾਲ ਪਿਆਰੁ ਕਰਦੇ ਹੋ ਤੈਸੇ ਗੁਰੂ ਕੀ ਬਾਣੀ ਨਾਲਿ ਪਿਆਰੁ ਕਰੋ: ਜਿਸ ਵੇਲੇ ਗੁਰੂ ਕੀ ਸਬਦ ਬਾਣੀ ਨੂੰ ਪੜਨਿ ਸੁਣਨਿ ਬੈਠੋ ਤਾਂ ਸ਼ਬਦ ਦੇ ਅਰਥ ਤੇ ਪ੍ਰੋਜਨ ਵਲਿ ਧਿਆਨੁ ਰਖਣਾ। ਮੇਰੇ ਸਰੀਰ ਦਾ ਧਿਆਨੁ ਧਾਰਨਾ, ਮੇਰੀ ਬਾਣੀ ਦਾ ਉਚਾਰੁ ਕਰਨਾ, ਜੈਸੇ ਘੋੜੇ ਨੂੰ ਮਸਾਲਾ ਭੀ ਦੇਈਦਾ ਹੈ ਤੇ ਕਾਜਾ ਭੀ ਕਰੀਦਾ ਹੈ, ਤਾਂ ਉਸਦਾ ਰੋਗੁ ਕਟੀਦਾ ਹੈ, ਤੈਸੇ ਗੁਰਾਂ ਦੇ ਧਿਆਨ ਅਰ ਨਾਮ ਕਰਕੇ ਹਉਮੈਂ ਦਾ ਰੋਗ ਕੱਟਿਆ ਜਾਂਦਾ ਹੈ, ਹੋਰੁ ਸਮਾਂ ਜੇਹੜਾ ਹੈ ਹਥਾਂ ਪੈਰਾਂ ਨਾਲਿ ਕੰਮੁ ਕਰਨਾ ਤੇ ਵਾਹਿਗੁਰੂ ਦਾ ਨਾਮੁ ਜਪਦਿਆਂ ਰਹਿਣਾ। ਨਾਮ ਕੈਸਾ ਹੈ ਕਲਜੁਗ ਵਿਚ ਜਹਾਜੁ ਹੈ ਇਹੋ ਤੁਸਾਡਾ ਉਧਾਰੁ ਕਰੇਗਾ, ਸੋ ਉਨ੍ਹਾਂ ਦਾ ਕਲਿਆਣੁ ਇਸੇ ਕਰਕੇ ਹੋਆ॥੩੨॥

ਇਨ੍ਹਾਂ ਤੋਂ ਛੁੱਟ ਹੋਰ ਕਈ ਸਿਖ ਉਸ ਵੇਲੇ ਅਨਿੰਨ ਭਗਤ ਤੇ ਪਰਮੇਸ਼ੁਰ ਦੇ ਪਜਾਰੇ ਹੋਏ ਹਨ ਜੋ ਬੜੇ ਮੁਖੀਏ ਸਨ, ਜੈਸਾ ਕਿ ਭਾਈ ਸਾਲ੍ਹੋ, ਇਹ ਮਹਾਂ ਪੁਰਖ ਚੌਥੇ ਪਾਤਸ਼ਾਹ ਦਾ ਸਿਖ ਹੋਇਆ। ਬਾਣੀ ਨਾਮ ਦਾ ਪ੍ਰੇਮੀ ਤੇ ਪਰਉਪਕਾਰ ਦਾ ਪੁਤਲਾ ਸੀ। ਇਸ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਸੇਵਾ ਵਿਚ ਸਰੋਵਰ ਖੁੱਟਣ ਵਿਚ ਬੜੇ ਕਮਾਲ ਦੀ ਟਹਿਲ ਕੀਤੀ। ਇਸ ਨੇ ਲੋਹਗੜ੍ਹ ਵਾਲੇ ਪਾਸੇ ਗੁਰ ਸਿਖਾਂ ਦੇ, ਜੋ ਓਥੇ ਟਿਕਦੇ ਸਨ, ਵਾਸਤੇ ਟੋਭਾ ਬਣਵਾਯਾ ਸੀ। ਜੋ ਅੰਗਰੇਜ਼ੀ ਰਾਜ ਆ ਜਾਣ ਤੇ ਨਵੀਂ ਮਿਊਨਸੀਪਲ ਕਮੇਟੀ ਨੇ ਪੂਰ ਕੇ ਬਜ਼ਾਰ ਬਣਾ ਲਿਆ, ਪਰ ਗੁਰੂ ਕਾ ਮੰਦਰ, ਜੋ ਭਾਈ ਸਾਲ੍ਹੋ ਨੇ ਬਣਵਾਇਆ ਸੀ, ਹੁਣ ਤਕ ਮੌਜੂਦ ਹੈ।

ਸ੍ਰੀ ਗੁਰੂ ਰਾਮਦਾਸ ਜੀ ਦੇ ਸਿਖ, ਜੋ ਉਸ ਥੋੜੇ ਸਮੇਂ ਵਿਚ ਬਣੇ ਤੇ ਅਨਿੰਨ ਹੋਏ, ਜੈਸਾ ਭਾਈ ਸਾਲ੍ਹੋ ਆਦਿ ਸਨ ਓਹ ਫੇਰ ਪੰਜਵੇਂ ਸਤਿਗੁਰਾਂ ਦੇ ਸਤਿਸੰਗ ਤੇ ਸੇਵਾ ਵਿਚ ਤਤਪਰ ਰਹੇ। ਉਨ੍ਹਾਂ ਦੇ ਪ੍ਰਸੰਗ ਪੰਚਮ ਪਾਤਸ਼ਾਹ ਜੀ ਦੇ ਜੀਵਨ ਵਿਚ ਵਰਣਨ ਹੁੰਦੇ ਹਨ,


www.sikhbookclub.com

ਭਾਈ ਭਿਖਾਰੀ ਜੋ ਅਨਿੰਨ ਸਿਖ ਤੇ ਪੂਰਨ ਤੱਤ ਵੇਤਾ ਹੋਏ ਹਨ ਤਵਾ: ਖਾ: ਨੇ ਗੁਰੂ ਰਾਮਦਾਸ ਜੀ ਦੇ ਸਮੇ ਹਏ ਲਿਖੇ ਹਨ। ਹੋਰ ਲੇਖਕਾਂ ਨੇ ਉਨ੍ਹਾਂ ਦੀ ਉਹ ਰਜ਼ਾ ਮੰਨਣ ਦੀ ਵਾਰਤਾ ਪੰਚਮ ਸਾਹਿਬਾਂ ਦੇ ਸਮੇਂ ਲਿਖੀ ਹੈ।

# ੨੫. ਗੁਰੂ ਪਰਿਵਾਰ।

ਸ੍ਰੀ ਗੁਰੂ ਰਾਮਦਾਸ ਜੀ ਦੇ ਤ੍ਰੈ ਬੇਟੇ ਸਨ। ਵਡੇ ਦਾ ਨਾਮ ਪ੍ਰਿਥੀ ਚੰਦ ਜੀ ਸੀ, ਵਿਚਲੇ ਦਾ ਨਾਉਂ ਮਹਾਂ ਦੇਉ ਜੀ ਤੇ ਸਭ ਤੋਂ ਛੋਟੇ ਦਾ ਨਾਮ ਸ੍ਰੀ ਅਰਜਨ ਦੇਵ ਯਾ ਅਰਜਨ ਮਲ ਸੀ।

ਪ੍ਰਿਥੀ ਚੰਦ ਯਾ ਪ੍ਰਿਥੀਆ ਜਿਨ੍ਹਾਂ ਨੂੰ ਸੱਦਿਆ ਜਾਂਦਾ ਹੈ, ਉਹ ਬੜੇ ਸਿਆਣੇ, ਸੰਸਾਰਿਕ ਸਮਝ ਵਿਚ ਮੰਨੀ ਪ੍ਰਮੰਨੀ ਅਕਲ ਵਾਲੇ ਸਨ। ਦੁਨਿਆਵੀ ਹਰ ਪ੍ਰਕਾਰ ਦਾ ਪ੍ਰਬੰਧ ਸੁਹਣਾ ਕਰ ਸਕਦੇ ਸਨ। ਜਦ ਤੋਂ ਗੁਰੂ ਰਾਮਦਾਸ ਜੀ ਨੂੰ ਗੱਦੀ ਮਿਲੀ, ਪ੍ਰਿਥੀਆ ਜੀ ਡੇਰੇ ਦਾ ਪ੍ਰਬੰਧ ਕਰਨ ਵਿਚ ਸਭ ਤੋਂ ਅਗੇਜ ਹੁੰਦੇ ਸਨ, ਅਤੇ ਪ੍ਰਬੰਧ ਅਣਥੱਕ ਤੇ ਖੁੱਭ ਕੇ ਕਰਦੇ ਸਨ। ਸੰਗਤਾਂ ਆਈਆਂ ਦਾ ਬੰਦੋਬਸਤ, ਲੰਗਰ ਆਦਿ ਦਾ ਇੰਤਜ਼ਾਮ ਕਰਦੇ ਸਨ। ਪਰ ਇਕ ਗਲ ਐਸੀ ਸੀ ਜਿਸ ਦੀ ਸੋਝੀ ਬੜੀ ਮੁਸ਼ਕਲ ਪਿਆ ਕਰਦੀ ਹੈ। ਸੇਵਾ ਜੋ ਵਾਸ਼ਨਾਂ ਧਾਰ ਕੇ ਕੀਤੀ ਜਾਂਦੀ ਹੈ ਉਹ ਵਾਸ਼ਨਾਂ ਨੂੰ ਤਿੱਖਿਆਂ ਕਰਦੀ ਹੈ; ਹਉਂ ਦੀਆਂ ਰੀਂਢਾਂ ਪੀਡੀਆਂ ਕਰਦੀ ਹੈ ਤੇ ਸੇਵਾ ਦਾ ਮਨੋਰਥ, ਜੋ ਮਨ ਦੀ ਮੈਲ ਹਰਨੀ, ਤੇ ਨਿੰਮ੍ਰਤਾ ਲਿਆਕੇ ਅੰਦਰੋਂ ਖ਼ੁਦਗਰਜ਼ੀ ਨੂੰ ਧੋ ਕੱਢਣਾ, ਜਿਸ ਨਾਲ ਹਉਮੈਂ ਦਾ ਬਲ ਨਿਤਾਣਾ ਹੁੰਦਾ ਜਾਵੇ ਤਾਂ ਜੋ ਨਾਮ, ਧਯਾਨ ਤੇ ਪ੍ਰਭੂ ਪ੍ਰੇਮ ਦਾ ਅੰਦਰ ਨਿਵਾਸ ਹੋਵੇ ਉਹ ਮਨੋਰਥ ਗੁੰਮ ਹੋ ਜਾਂਦਾ ਹੈ, ਉਸ ਦੀ ਥਾਂ ਅੰਦਰ ਸ੍ਵਾਰਥ ਪਰਤਾ ਵਧਦੀ ਹੈ ਤੇ ਸ੍ਵਾਰਥ ਸਿਧੀ ਲਈ ਜਿਨ੍ਹਾਂ ਖਨਾਵਟਾਂ ਦੀ ਲੋੜ ਪੈਂਦੀ ਹੈ, ਉਹ ਅਨਭੋਲ ਅੰਦਰ ਆ ਵੜਦੀਆਂ ਹਨ, ਫੇਰ ਭੁਲਾਂ ਹੁੰਦੀਆਂ ਹਨ। ਸ੍ਰੀ ਪ੍ਰਿਥੀਆ ਜੀ ਸਮਝਦੇ ਸਨ ਕਿ ਗੁਰੂ ਅੰਗਦ ਦੇਵ ਜੀ ਨੇ ਸੇਵਾ ਕਰਕੇ, ਗੁਰੂ ਅਮਰਦਾਸ ਜੀ ਨੇ ਸੇਵਾ ਕਰਕੇ; ਮੇਰੇ ਪਿਤਾ ਜੀ ਨੇ ਸੇਵਾ ਕਰਕੇ ਗੁਰਜਾਈ ਲਈ ਹੈ। ਮੈਂ ਗੱਦੀ ਨਸ਼ੀਨ ਹੋਵਾਂ ਇਸ ਲਈ ਕੇਵਲ ਚੰਗੀ ਪ੍ਰਬੰਧ ਵਾਲੀ ਅਥੱਕ ਸੇਵਾ ਦੀ ਲੋੜ ਹੈ, ਸੋ ਮੇਰੇ ਜੈਸੀ ਕੋਈ ਕਰ ਹੀ ਨਹੀਂ ਸਕਦਾ; ਮੈਂ ਹੁਣ ਕੌੜਾ ਘੁੱਟ ਕਰਕੇ ਅਥੱਕ ਸੇਵਾ ਕਰ ਲਵਾਂ ਫੇਰ ਗਦੀ ਦਾ ਮਾਲਕ ਹੋ ਕੇ ਸਾਰਾ ਐਸ਼੍ਵਰਜ ਮੇਰਾ ਹੋ ਜਾਸੀ।

ਗਦੀ ਨੂੰ ਐਸ਼੍ਵਰਜ ਸਮਝਣਾ ਦੁਨੀਆਂ ਦੀਆਂ ਗਦੀਆਂ ਵਾਂਙੂ ਗ੍ਰਹਿਣ ਤੇ ਪਕੜ ਦੀ ਵਸਤੂ ਸਮਝਣਾ ਤੇ ਇਸ ਲਈ ਲਲਚਣਾ ਇਹ ਤਾਂ ਗਲ ਸੀ ਜੋ ਗੁਰੂ ਆਸ਼ੇ ਅਨੁਕੂਲ ਨਹੀਂ ਸੀ, ਨਾ ਗੁਰੂ ਅੰਗਦ ਦੇਵ ਜੀ ਨੇ, ਨਾ ਤੀਸਰੇ ਚੌਥੇ ਗੁਰੂ ਜੀ ਨੇ ਇਹ ਵਾਸ਼ਨਾ ਧਾਰਕੇ ਸੇਵਾ ਕੀਤੀ ਸੀ। ਇਨ੍ਹਾਂ ਤ੍ਰੈਹਾਂ ਦੇ ਦਿਲ ਵਿਚ ਸਤਿਗੁਰੂ ਨਾਲ ਪ੍ਰੇਮ ਸੀ, ਆਪਾ ਵਾਰ ਪ੍ਰੇਮ ਸੀ, ਉਨ੍ਹਾਂ ਦੀ ਪ੍ਰਸੰਨਤਾ ਇਨ੍ਹਾਂ ਦੀ ਪ੍ਰਾਪਤੀ ਦਾ ਆਦਰਸ਼ ਸੀ। ਉਨ੍ਹਾਂ ਦੀ ਸੇਵਾ ਵਿਚ ਰਹਿਕੇ ਓਹ ਗੱਦੀ ਦੀ ਵਾਸ਼ਨਾਂ ਤੋਂ ਬੀ ਨਿਰਵਾਸ ਸਗੋਂ ਅਫੁਰ ਰਹਿੰਦੇ ਸਨ। ਸਗੋਂ ਗਦੀ ਮਿਲਣ ਵੇਲੇ ਗਦੀ ਲੈਣੋਂ ਇਨਕਾਰ ਕਰਦੇ ਰਹੇ। ਜੇ ਲਈ ਤਾਂ ਓਹ ਬੀ ਪਿਆਰ ਤੇ ਕੁਰਬਾਨੀ ਸੀ, ਆਪਣੇ ਪਜਾਰੇ ਗੁਰੂ ਦੀ ਆਗਿਆ ਨਹੀਂ ਸੀ ਭੰਗ ਕਰਨੀ ਚਾਹੁੰਦੇ। ਓਹ ਗਦੀ ਨੂੰ ਐਸ਼੍ਵਰਜ, ਪ੍ਰਤਾਪ ਯਾ ਪ੍ਰਾਪਤੀ ਨਹੀਂ ਸਮਝਦੇ ਸਨ, ਪਰ ਜ਼ਿੰਮੇਵਾਰੀ, ਕੁਰਬਾਨੀ ਤੇ ਪਰਮ ਤਯਾਗ। ਓਹ ਸੰਗਤਾਂ ਨੂੰ ਅਯਾਲੀ ਦਾ ਅੱਯੜ ਸਮਝਕੇ ਮਾਲਕੀ ਦੇ ਭਾਵ ਵਿਚ ਨਹੀਂ ਸਨ; ਸ਼ਰਣ ਆਏ ਰੂਹਾਨੀ ਬੀਮਾਰਾਂ ਨੂੰ ਅਰੋਗ ਕਰ ਦੇਣ ਦੀ ਅਤੇ ਮਾਂ ਜਿਕੂੰ ਕੁਰਬਾਨੀ ਕਰ ਕਰਕੇ ਬੱਚੇ ਪਾਲਦੀ ਹੈ ਉਸ ਨਾਲੋਂ ਵਧੀਕ ਆਪਾ ਵਾਰ ਕੁਰਬਾਨੀ ਸਮਝਦੇ ਸਨ। ਸਗਤਾਂ ਦੇ ਪਾਪ ਹਰਨੇ, ਨਾਮ ਦਾਨ ਦੇ ਕੇ ਪਾਲਣਾ ਤੇ ਸਿਰੇ ਚਾੜ੍ਹ ਦੇਣੇ, ਇਹ ਜ਼ਿੰਮੇਵਾਰੀ ਆਪਣੇ ਸਿਰ ਲੈਂਦੇ ਸਨ। ਸੋ ਓਹਨਾਂ ਲਈ ਗੱਦੀ ਸਖਤ ਆਪਾ ਵਾਰ ਸੀ। ਆਪ ਦਿਨ ਰਾਤ ਅਖੰਡਾਕਾਰ ਬ੍ਰਿਤੀ ਦਾ ਪ੍ਰਵਾਹ ਵਾਹਿਗੁਰੂ ਪ੍ਰੇਮ ਵਿਚ ਤੇਲ ਦੀ ਧਾਰਾ ਵਤ ਜਾਰੀ ਰਖਦੇ ਤੇ ਆਪਣੇ ਪ੍ਰਿਯ ਪ੍ਰਭੂ ਦੇ ਆਨੰਦ ਸਰੂਪ ਦੀ ਆਨੰਦਮਈ ਪ੍ਰਾਪਤੀ ਵਿਚ ਸੁਖੀ ਰਹਿੰਦੇ ਸਨ ਤਾਂ ਤੇ ਉਨ੍ਹਾਂ ਲਈ ਸੰਗਤਾਂ ਮਗਰ ਲਾਉਣੀਆਂ ਆਪਣੇ


www.sikhbookclub.com

ਉਸ ਸੁਖ ਵਿਚ ਫ਼ਰਕ ਪਾਉਣ ਵਾਂਙੂ ਹੁੰਦਾ ਸੀ, ਜੋ ਕੁਰਬਾਨੀ ਸੀ। ਆਪਣੇ ਆਤਮ ਸੁਖ ਵਿਚੋਂ ਦਾਨ ਦੇਣਾ ਸੰਗਤਾਂ ਦਾ ਧਯਾਨ ਰਖਣਾਂ, ਉਨ੍ਹਾਂ ਦੇ ਪਾਪ ਦੂਰ ਕਰਨੇ ਤੇ ਪ੍ਰਭੂ ਪ੍ਰੇਮ ਵਿਚ ਉਚੇ ਕਰਨਾ ਇਹ ਆਪਣੇ ਅੰਤ੍ਰੀਵ ਸੁਖ ਦਾ ਦਾਨ ਕਰਨਾ ਸੀ, ਇਹ ਗ੍ਰਹਿਣ ਕਰਨਾ ਨਹੀਂ ਸੀ। ਇਹ ਸੀ 'ਜੀਅ ਦਾਨ' ਦੇ ਦੇ ਕੇ ਭਗਤੀ ਵਿਚ ਲਾਉਣਾ। ਆਈ ਮਾਇਆ, ਇਜ਼ਤ ਤੇ ਵਾਹ ਵਾਹ ਉਨ੍ਹਾਂ ਲਈ ਕੋਈ ਵਾਂਛਤ ਵਸਤੂ ਨਹੀਂ ਸਨ, ਇਹ ਚੀਜ਼ਾਂ ਤਰਕ ਕਰਕੇ ਤਾਂ ਓਹ ਗੁਰੂ ਕੀ ਸ਼ਰਣ ਆਪਾ ਵਾਰ ਸੇਵਾ ਕਰਦੇ ਸਨ।

ਇਸ ਪ੍ਰਕਾਰ ਦੀ ਸੋਝੀ ਉਨ੍ਹਾਂ ਵਿਚ ਘੱਟ ਜਾਪਦੀ ਹੈ, ਜਿਨ੍ਹਾਂ ਨੇ ਗੁਰੂ ਜੀ ਦੀ ਦਿੱਤੀ ਗੱਦੀ ਦੇ ਉਲਟ ਗੱਦੀ ਦੇ ਦਾਵੇ ਕੀਤੇ ਸਨ। ਦੂਜੇ ਈਰਖਾ ਇਕ ਐਸੀ ਸ਼ੈ ਹੈ ਕਿ ਜੋ ਬੜੇ ਬੜੇ ਧਰਮੀਆਂ ਵਿਚ ਬੀ ਬੇ ਮਲੂੰਮੇ ਜਾ ਘੁਸਦੀ ਹੈ।

ਗੁਰੂ ਜਾਣੇ ਠੀਕ ਠੀਕ ਕਿਵੇਂ ਸੀ, ਪਰ ਕੁਛ ਇਸ ਪ੍ਰਕਾਰ ਦੇ ਭਾਵਾਂ ਤੋਂ ਅਜਾਣੂ ਸ੍ਰੀ ਪ੍ਰਿਥੀਆ ਜੀ ਗੁਰੂ ਗੱਦੀ ਨੂੰ ਵਿਰਾਸਤ ਸਮਝਕੇ, ਵਡੇ ਪੁਤ੍ਰ ਦਾ ਹੱਕ ਸਮਝਦੇ ਸਨ ਤੇ ਉਸ ਦੀ ਪ੍ਰਾਪਤੀ ਦਾ ਵਸੀਲਾ ਸੇਵਾ ਸਮਝਦੇ ਸਨ, ਜੋ ਉਨ੍ਹਾਂ ਦੇ ਖਯਾਲ ਵਿਚ ਦਾਸੂ ਦਾਤੂ ਆਦਿਕਾਂ ਨੇ ਨਹੀਂ ਸੀ ਕੀਤੀ। ਪ੍ਰਿਥੀਆ ਜੀ ਮਾਯਾ ਬੀ ਕੱਠੀ ਕਰਦੇ ਰਹੇ ਤੇ ਇਸ ਦੇ ਪ੍ਰਤਾਪ ਨਾਲ ਵੱਡੇ ਆਦਮੀਆਂ ਤੇ ਹਾਕਮਾਂ ਨਾਲ ਬਣਾਈ ਬੀ ਗਏ, ਲੋੜ ਪਈ ਤੇ ਇਸ ਤਾਕਤ ਨੂੰ ਵਰਤਕੇ ਮਨੋਰਥ ਸਿਧੀ ਦਾ ਸਹਾਯਕ ਸਮਝਦੇ ਸਨ, ਪਰ ਸ੍ਰੀ ਗੁਰੂ ਜੀ ਦੀ ਨਜ਼ਰ ਵਿਚ ਇਹ ਸੇਵਾ ਇਤਨਾ ਮੁੱਲ ਨਹੀਂ ਸੀ ਪਾ ਰਹੀ ਕਿ ਗੱਦੀ ਦਾ ਅਧਿਕਾਰੀ ਬਣਾ ਦੇਵੇ ਜੋ ਗੱਦੀ ਕਿ ਤਿਆਗ ਹੀ ਤਿਆਗ ਸੀ : ਹਾਂ ਜੀ ਜੋ ਹਉਂ ਰਹਿਤ ਅਤੀਤਤਾਈ, ਤੇ ਭਾਰੀ ਜ਼ਿੰਮੇਵਾਰੀ ਦੀ ਆਪਾ ਵਾਰਨ੍ਹ ਛਾਵਰੀ ਦੀ ਮਾਨੋਂ, ਜਗਦੇਵੀ ਹੈਸੀ। ਫੇਰ ਗੁਰੂ ਜੀ ਨੂੰ ਉਸ ਦੀ ਦੁਨੀਆਂਦਾਰੀ ਤੇ ਐਸ਼੍ਵਰਜ ਦੇ ਸੰਸਾਰਕ ਸੁਭਾਵ ਤੇ ਰੁਚੀਆਂ ਦਾ ਬੀ ਪਤਾ ਸੀ। ਓਹ ਜਾਣਦੇ ਸਨ ਕਿ ਇਹ ਗੁਰਗਾਦੀ ਦੇ ਯੋਗ ਨਹੀਂ ਹੈ।

ਸ੍ਰੀ ਗੁਰੂ ਰਾਮਦਾਸ ਜੀ ਦੇ ਦੂਜੇ ਸਪੁਤ੍ਰ ਮਹਾਂਦੇਉ ਜੀ ਸਨ। ਇਨ੍ਹਾਂ ਦੀ ਬ੍ਰਿਤੀ ਤਿਆਗਮਈ ਸੀ। ਇਹ ਕੁਛ ਅਵਧੂਤਾਂ ਵਾਂਙੂ ਰਹਿਣਾ ਪਸੰਦ ਕਰਦੇ ਸੀ। ਭਲੇ ਸੇ, ਘਾਲੀ ਸੇ, ਆਤਮ ਦ੍ਰਿਸ਼ਟੀ ਵਾਲੇ ਸੇ, ਅਤੇ ਬੇਪਰਵਾਹ ਰਹਿੰਦੇ ਸੇ। ਉਹ ਰੁਖ ਤੇ ਤਤਿੱਖਯਾ ਨਹੀਂ ਸੀ ਜੋ ਸੰਗਤਾਂ ਦੀ ਸੰਭਾਲ ਕਰੇ ਤੇ ਮਾਇਕ ਜਲ ਦੀਆਂ ਲਹਿਰ-ਪਛਾੜਾਂ ਵਿਚ ਅਡੋਲ ਤੇ ਅਲੇਪ ਰਹਿ ਸਕੇ, ਇਸ ਲਈ ਇਹ ਬੇਪਰਵਾਹੀ ਵਿਚ ਹੀ ਰਹਿੰਦੇ ਸਨ ਤੇ ਤਪੋ ਬ੍ਰਿਤੀ ਵਿਚ ਹੋਣ ਕਰਕੇ ਸੁਭਾਅ ਵਿਚ ਕੁਛ ਤੀਖਣਤਾ ਵਧੇਰੇ ਸੀ।

ਤੀਸਰੇ ਸਪੁਤ੍ਰ ਸੇ ਸ੍ਰੀ ਅਰਜਨ ਦੇਵ ਜੀ। ਇਨ੍ਹਾਂ ਦੀ ਬ੍ਰਿਤੀ ਨਾਮ ਵਿਚ ਲੀਨ ਰਹਿੰਦੀ ਸੀ, ਬਾਣੀ ਜੋ ਪਹਿਲੇ ੪ ਸਤਿਗੁਰਾਂ ਦੀ ਸੀ, ਉਸ ਵਿਚ ਅਤਿ ਪ੍ਰੇਮ ਸੀ। ਬਚਪਨ ਤੋਂ ਲਗਨ ਸਿਖੀ ਭਾਵਨਾ ਵਾਲੀ ਸੀ, ਪਿਤਾ ਵਿਚ ਪਿਤਾ ਭਾਵਨਾ ਤੇ ਅਦਬ ਤੋਂ ਛੁਟ ਗੁਰੂ ਭਾਵਨਾ ਸੀ, ਉਹ ਭਾਵਨਾ ਅਨਿੰਨ ਸੀ ਤੇ ਪਰਮ ਪ੍ਰੇਮ ਵਾਲੀ ਸੀ। ਮਾਨੋ ਪੁਤ੍ਰ ਨਹੀਂ ਸਨ, ਗੁਰੂ ਅੰਗਦ ਦੇਵ ਜੀ ਵਾਂਙੂ 'ਨਾਨਕ ਪ੍ਰੇਮ' ਵਿਚ ਪ੍ਰਵਿਧੇ ਹੋਏ ਪੂਰਨ ਸਿਖ ਸਨ। ਸਾਂਤਿ ਚਿਤ, ਮਤੋ ਗੁਣੀ ਸੁਭਾਅ ਨਾਮ ਵਿਚ ਲੀਨਤਾ ਲਿਵ ਦੇ ਦਰਜੇ ਦੀ, ਆਤਮ ਤਤ ਦਰਸ਼ਤਾ ਕਮਾਲ ਦੀ। ਫਿਰ ਸਹਾਰਾ ਤੇ ਉਹ ਕਾਬਲੀਅਤ ਜੋ ਗੁਰੱਤ੍ਵ ਨਿਬਾਹ ਸਕੇ ਕਮਾਲ ਦੀ ਸੀ। ਸਭ ਤੋਂ ਮੁੱਖ ਗੱਲ ਇਸ ਗੁਰਿਆਈ ਲਈ ਸੀ 'ਧੁਰ ਤੋਂ ਅੰਗੇ ਹੋਣਾ'। ਜੈਸਾ ਕਿ ਗੁਰੂ ਨਾਨਕ ਦੇਵ ਜੀ ਸ੍ਰੀ ਪਾਵਨ ਸੁਲਖਣੀ ਜੀ ਨੂੰ ਸਮਝਾਇਆ ਜਨਮ ਸਾਖੀ ਵਿਚ ਲਿਖਿਆ ਹੈ ਕਿ ਇਹ ਗੁਰਗਾਦੀ ਕਰਤਾਰ ਦੇ ਅਧੀਨ ਹੁੰਦੀ ਹੈ, ਉਹੋ ਦੇਂਦਾ ਹੈ ਜਿਸ ਨੂੰ ਓਹ ਚਾਹੇ। ਯਥਾ :-

'ਨਹਿੰ ਕਿਸਹੂੰ ਕੇ ਕਰ ਬਿਖੈ
ਸਭ ਕਰਤਾਰ ਅਧੀਨ।' (ਨਾ: ਪ੍ਰ:)

ਆਪ ਦੇ ਛੋਟੀ ਉਮਰਾ ਵਿਚ ਹੀ ਧੁਰੋਂ ਅੰਗੇ ਹੋਣ ਦੇ ਲੱਛਣ ਪ੍ਰਗਟ ਹੁੰਦੇ ਰਹਿੰਦੇ ਸਨ। ਯਥਾ :-

ਛੋਟੇ ਹੁੰਦੇ ਹੀ ਇਕ ਦਿਨ ਰਿੜ੍ਹਦੇ ਰਿੜ੍ਹਦੇ ਸ੍ਰੀ ਅਰਜਨ ਦੇਵ ਜੀ ਗੁਰੂ ਅਮਰਦਾਸ ਜੀ ਦੀ ਗੱਦੀ ਤੇ ਚਲੇ ਗਏ ਤਾਂ ਗੁਰੂ ਜੀ ਨੇ ਮੁਸਕ੍ਰਾਕੇ ਕਿਹਾ : ਬੇਟਾ ਅਜੇ ਵੇਲਾ ਨਹੀਂ ਆਇਆ। ਮਾਂ ਤਾਂ ਉਸ ਵੇਲੇ ਸਮਝ ਗਈ ਸੀ ਕਿ ਇਹ ਧੁਰੋਂ ਆਇਆ ਹੈ। ਇਕ ਵੇਰ ਫੇਰ ਬਚਪਨ ਵਿਚ ਹੀ ਗੁਰੂ ਅਮਰਦਾਸ ਜੀ ਨੇ ਸ੍ਰੀ ਅਰਜਨ ਦੇਵ ਜੀ ਨੂੰ ਕਿਹਾ ਸੀ 'ਦੋਹਿਤਾ ਬਾਣੀ ਦਾ ਬੋਹਿਥਾ'।


www.sikhbookclub.com

ਸੋ ਇਹ ਗੱਦੀ ਨਿਰੀ ਗੁਣਾਂ ਮਾਤ੍ਰ ਨੂੰ ਧਾਰਨ ਕਰਨ ਦੀ ਗੱਦੀ ਬੀ ਨਹੀਂ ਸੀ, ਇਸ ਤੇ ਬੈਠਣ ਵਾਲੇ ਧੁਰੋਂ ਥਾਪੇ ਹੋਏ ਆਉਂਦੇ ਸਨ ਤੇ ਉਹਨਾਂ ਵਿਚ ਗੁਰਜਾਈ ਦੀ ਯੋਗਤਾ ਤੇ ਹੋਰ ਗੁਣ ਧੁਰੋਂ ਹੁੰਦੇ ਸਨ, ਕੇਵਲ ਵਰਤਾਉ ਵਿਚ ਓਹ ਗੁਣ ਪ੍ਰਗਟ ਹੋਕੇ ਸਾਧਾਰਣ ਅੱਖਾਂ ਤੇ ਸੰਗਤਾਂ ਦੇ ਦਿਲਾਂ ਨੂੰ ਤਸੱਲੀ ਦੇਂਦੇ ਸਨ ਕਿ ਜੋ ਕੁਛ ਗੁਰੂ ਕਰਦਾ ਹੈ ਠੀਕ ਕਰਦਾ ਹੈ। ਗੁਰਿਆਈ ਅਮਰੀ ਵਸਤੂ ਸੀ।

# ੨੬. ਵਿਛੋੜਾ।

ਤਵਾ: ਖਾ: ਵਿਚ ਸ੍ਰੀ ਲੇਖਕ ਜੀ ਲਿਖਦੇ ਹਨ ਕਿ ਵੈਸਾਖ ੧੬੩੭ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਤਾਏ ਦੇ ਪੁਤ੍ਰ 'ਸੰਹਾਰੀ ਮਲ'[੨੭੦] ਜੀ ਲਾਹੌਰ ਤੋਂ ਆਏ ਤੇ ਬੇਨਤੀ ਕੀਤੀ ਕਿ ਹੇ ਪਿਆਰੇ ਜੀਓ! ਆਪ ਲਾਹੌਰ ਚਲੋ ਮੇਰੇ ਪੁਤ੍ਰ ਤੇ ਆਪ ਦੇ ਭਤੀਜੇ ਦਾ ਵਿਆਹ ਹੈ: ਆਪ ਦੇ ਚਰਨ ਪਾਉਣ ਨਾਲ ਸਾਰੇ ਕਾਰਜ ਸੰਵਰ ਜਾਣਗੇ ਤੇ ਮੇਰੀ ਜਗਤ ਵਿਚ ਰਹਿ ਬਣ ਆਵੇਗੀ। ਸ੍ਰੀ ਗੁਰੂ ਜੀ ਨੇ ਆਦਰ ਭਾ ਕਰਕੇ ਡੇਰਾ ਕਰਵਾਇਆ ਤੇ ਅਗਲੇ ਦਿਨ ਦੱਸਿਆ ਕਿ ਸਾਡਾ ਜਾਣਾ ਸੰਭਵ ਨਹੀਂ, ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਆਉਂਦੀਆਂ ਹਨ, ਇਸ ਵੇਲੇ ਬੀ ਹਨ, ਇਨ੍ਹਾਂ ਨੂੰ ਛੱਡਕੇ ਤੇ ਆ ਰਹੀਆਂ ਨੂੰ ਨਿਰਾਸਤਾ ਦੇਕੇ ਸਾਡਾ ਵਿਆਹਾਂ ਵਿਚ ਜਾਣਾ ਨਹੀਂ ਬਣਦਾ। ਸੰਗਤਾਂ ਗੁਰੂ ਦਾ ਰੂਪ ਹੁੰਦੀਆਂ ਹਨ ਤੇ ਨਿਰਾਸਤਾ ਦੇਣੀ ਠੀਕ ਨਹੀਂ। ਫਿਰ ਸੰਹਾਰੀ ਨੇ ਕਿਹਾ ਜੇ ਆਪ ਨਾ ਚਲ ਸਕੋ ਤਾਂ ਆਪਣੇ ਸਪੁਤ੍ਰਾਂ ਵਿਚੋਂ ਕਿਸੇ ਨੂੰ ਘੱਲ ਦਿਓ, ਇਹ ਗੱਲ ਮੋੜਨੀ ਸਤਿਗੁਰੂ ਜੀ ਨੇ ਉਸਦੇ ਪ੍ਰੇਮ ਭਾਵ ਅਗੇ ਉਚਿਤ ਨਾ ਸਮਝਕੇ ਪ੍ਰਿਥੀ ਚੰਦ ਜੀ ਨੂੰ ਕਿਹਾ ਕਿ ਬਰਖ਼ੁਰਦਾਰ ਜੀ! ਤੁਸੀਂ ਆਪਣੇ ਤਾਇਆ ਜੀ ਨਾਲ ਜਾਓ ਤੇ ਵਿਵਾਹ ਕਾਰਜ ਵਿਚ ਸੇਵਾ ਸਫਲਤਾ ਨਾਲ ਕਰਕੇ ਸੰਬੰਧੀਆਂ ਦੀ ਪ੍ਰਸੰਨਤਾ ਲੈ ਆਓ। ਪ੍ਰਿਥੀ ਚੰਦ ਜੀ ਨੇ ਆਪਣੀ ਚਾਈ ਸੇਵਾ ਤੋਂ ਓਹਲੇ ਹੋਣਾ ਤੇ ਓਥੋਂ ਗ਼ੈਰ ਹਾਜ਼ਰੀ ਨੂੰ ਆਪਣੇ ਮਨੋਰਥ ਸਿੱਧੀ ਲਈ ਹਾਨੀਕਾਰਕ ਖਿਆਲ ਕੀਤਾ। ਪਿਤਾ ਗੁਰੂ ਦੀ ਆਗਿਆ ਨੂੰ ਮੁੱਖ ਨਾ ਰਖਿਆ ਤੇ ਟਾਲਵਾਂ ਉਤਰ ਦਿੱਤਾ ਕਿ ਮੈਨੂੰ ਦਿਨ ਰਾਤ ਦੀ ਸੇਵਾ ਤੋਂ ਵਿਹਲ ਨਹੀਂ। ਤਾਂ ਗੁਰੂ ਜੀ ਨੇ ਕਿਹਾ ਬੇਟਾ ਸੇਵਾ ਕੋਈ ਹੋਰ ਸੰਭਾਲ ਲਏਗਾ, ਇਹ ਗੁਰੂ ਅਮਰਦਾਸ ਜੀ ਦਾ ਸਤਿਸੰਗ ਹੈ; ਸੇਵਾ ਵਿਚ ਥੁੜ ਨਹੀਂ ਪੈ ਸਕਦੀ। ਤਦ ਪ੍ਰਿਥੀਏ ਨੇ ਰੁੱਖੇ ਜਿਹੇ ਹੋ ਕੇ ਕਿਹਾ: ਜੀ, ਜੰਞਾਂ ਵਿਚ ਖੇਚਲਾਂ ਤੇ ਵਿਖੇਪ ਹੁੰਦੇ ਹਨ, ਮੇਰਾ ਸੁਭਾ ਨਹੀਂ ਸਹਾਰ ਸਕਦਾ। ਉਥੋਂ ਦੇ ਤਮੋਗੁਣੀ ਪ੍ਰਭਾਵ ਵਿਚ ਮੈਥੋਂ ਨਹੀਂ ਜੇ ਜਾ ਹੁੰਦਾ।

ਗੁਰੂ ਜੀ ਦਿਲ ਦੀ ਭਾਵਨਾ ਸਮਝ ਗਏ। ਫੇਰ ਮੰਝਲੇ ਪੁਤ੍ਰ ਮਹਾਂਦੇਵ ਨੂੰ ਜਾਣ ਦੀ ਆਗਿਆ ਕੀਤੀ। ਮਹਾਂਦੇਵ ਜੀ ਮਸਤਾਨੀ ਜਿਹੀ ਸੁਰ ਵਿਚ ਬੋਲੇ, ਜੋ ਕਵੀ ਜੀ ਨੇ ਐਉਂ ਦਰਸਾਈ ਹੈ:-

ਕੋ ਬੰਧੁ? ਕਿਸ ਕੋ? ਕਿਤ ਜਾਊਂ।  
ਨਹਿ ਮੋਰੀ ਕਿਸਿ ਸਾਥ ਚਿਨਾਰੀ।  
ਨਹਿ ਚਾਹੌਂ ਮੈਂ ਕਰਨ ਅਗਾਰੀ॥੩॥  
ਕਿਆ ਸਨਬੰਧਨਿ ਕੀ ਗਤਿ ਅਹੈ?  
ਅਪਨੋ ਹਿਤ ਸਭਿ ਹੇਰਤਿ ਰਹੈਂ।  
ਦਰਬ ਹੀਨ ਪਿਖਿ ਹੋਹਿਂ ਨ ਨੇਰੇ।  
ਧਨੀ ਪੁਰਸ਼ ਕੇ ਬਨਹਿਂ ਘਨੇਰੇ॥੪॥  
ਮੋ ਤੇ ਨਹਿਂ ਤਹਿਂ ਜਾਯਹੁ ਜਾਇ।  
ਆਵਨ ਜਾਵਨ ਸ੍ਰਮ ਕੋ ਪਾਇ। (ਸੂ: ਪ੍ਰ:)

ਇਹ ਉਤਰ ਸੁਣਕੇ ਖਿਮਾਂ ਦੇ ਪਰਬਤ ਗੁਰੂ ਜੀ ਤੀਸਰੇ ਪੁਤ੍ਰ ਵੱਲ ਤੱਕੇ। ਸ੍ਰੀ ਅਰਜਨ ਜੀਓ ਇਹ ਨਜ਼ਰ ਵੇਖਕੇ ਵਧੇਰੇ ਅਦਬ ਵਿਚ ਹੋਕੇ ਸੁਣਨ ਲਗੇ। ਆਪ ਨੇ ਫੁਰਮਾਇਆ : ਬੇਟਾ! ਆਪਣੇ ਤਾਇਆ ਜੀ ਨਾਲ ਲਾਹੌਰ ਜਾਓ। ਇਨ੍ਹਾਂ ਦੇ ਉਤਸ਼ਵ ਵਿਚ ਸ਼ਾਮਲ ਹੋਵੋ। ਪ੍ਰਵਿਰਤੀ ਵਿਚ ਸਾਵਧਾਨ ਰਹੋ। ਕੁਛ ਚਿਰ ਇਨ੍ਹਾਂ ਦੇ ਗ੍ਰਹਿ ਰਹੋ, ਵਿਆਹ ਹੋ ਮੁਕੇ ਤੇ ਕੁਛ ਦਿਨ ਮਗਰੋਂ ਆਪਣੀ ਧਰਮਸਾਲਾ ਜਾ ਟਿਕੋ; ਉਥੇ ਸਤਿਨਾਮੁ ਦਾ ਪ੍ਰਵਾਹ ਚਲਾਓ। ਦੁਖੀ, ਭੁਖੇ, ਦਰਦ ਰੰਞਾਣੇ ਦੀ ਦਾਰੀ ਕਰੋ, ਨਾਮ ਬਾਣੀ ਵਿਚ ਲਾਕੇ ਪਾਪ ਖੰਡੋ। ਜਦੋਂ ਫੇਰ ਸੱਦ ਭੇਜੀਏ ਆ ਜਾਣਾ। ਨਾ ਸੱਦੇ ਤਕ ਟਿਕੇ ਰਹਿਣਾ।

ਇਹ ਆਗਿਆ ਸੁਣਕੇ ਆਪ ਨੇ ਸਤਿ ਬਚਨ ਕਹਿਕੇ ਮੱਥਾ ਟੇਕਿਆ ਤੇ ਅਗਲੇ ਦਿਨ ਤਾਏ ਜੀ ਨਾਲ ਹਰੀ ਗੁਣ ਗਾਉਂਦੇ ਟੁਰ ਗਏ।

ਜਦ ਵਿਆਹ ਚੌਂਪਾਂ ਨਾਲ ਹੋ ਚੁਕਾ ਤੇ ਸੰਹਾਰੀ

 www.sikhbookclub.com

ਜੀ ਨੇ ਮੁੜ ਜਾਣ ਦੀ ਆਗਿਆ ਦੇ ਦਿੱਤੀ ਤਾਂ ਸ੍ਰੀ ਅਰਜਨ ਦੇਵ ਜੀ ਆਪਣੀ ਧਰਮਸਾਲਾ ਆ ਰਹੇ, ਜਿਥੇ ਨਿਤਾ ਪ੍ਰਤੀ ਦੀਵਾਨ ਸਜਣ, ਕਥਾ ਕੀਰਤਨ ਹੋਵੇ ਤੇ ਸ੍ਰੀ ਗੁਰੂ ਜੀ ਵਿਚ ਬੈਠਕੇ ਗੁਰਬਾਣੀ ਦੇ ਅਰਥਾਂ ਦੇ ਭਾਵ ਸਮਝਾਉਣ ਤੇ ਸਤਿਨਾਮੁ ਦਾ ਪ੍ਰਚਾਰ ਕਰਨ। ਇਸ ਤਰ੍ਹਾਂ ਕੁਝ ਸਮਾਂ ਬੀਤਿਆ, ਜਦ ਆਸ਼ਾ ਤੇ ਅੰਦਾਜ਼ੇ ਤੋਂ ਵੱਧ ਬੀਤ ਗਿਆ ਸਮਾਂ ਤਾਂ ਗੁਰੂ ਆਗਿਆ ਨਾਲ ਵਿਛੁੜੇ ਸਿਖ ਤੇ ਸਪੁਤ੍ਰ ਜੀ ਵਿਛੋੜੇ ਦੀਆਂ ਕਸਕਾਂ ਪ੍ਰਤੀਤ ਕਰਕੇ ਉਦਾਸ ਹੋਣ ਲਗੇ। ਆਪ ਜੀ ਨੂੰ ਗੁਰੂ ਭਾਵਨਾਂ ਦਾ ਅਤੀ ਪ੍ਰੇਮ ਸੀ। ਵਿਛੋੜਾ ਹੁਣ ਦੁਖਦਾਈ ਭਾਸਦਾ ਸੀ, ਪ੍ਰੇਮ ਨਾਲ ਹਿਰਦਾ ਦ੍ਰਵਦਾ ਸੀ ਤੇ ਮਿਲਣ ਦੀ ਉਮੰਗ ਬਿਹਬਲ ਕਰਦੀ ਸੀ। ਯਥਾ :-

ਕਬਿ ਗਾਵਤ ਗਦ ਗਦ ਸੁਰ ਹੋਵਤਿ।
ਪਿਤਾ ਪਰਮ ਪ੍ਰਿਯ ਨਿਕਟ ਨ ਜੋਵਤ।
ਕਬਿ ਸੰਗਤਿ ਮਹਿ ਗੁਰ ਗੁਨ ਕਹੈਂ।
ਕਮਲ ਬਿਲੋਚਨ ਤੇ ਜਲ ਬਹੈ॥੪੩॥

(ਸੂਰਜ ਪ੍ਰਕਾਸ਼)

ਇਸ ਤਰ੍ਹਾਂ ਚਿਰ ਕਾਲ ਬੀਤ ਗਿਆ। ਪੁਤ੍ਰ ਤੇ ਸਿਖ, ਸ੍ਰੀ ਅਰਜਨ, ਗੁਰੂ ਪ੍ਰੇਮ ਵਿਚ ਮੱਤੇ ਪਰ ਬਿਰਹੋਂ ਵਿਚ ਬਿਹਬਲ ਹਨ। ਗੁਰੂ ਇਹ ਦੇਖ ਰਿਹਾ ਹੈ ਆਪਣੇ ਪਿਆਰ ਨੂੰ ਕਿ ਚਾਹੇ ਉਹ ਨਿਸ਼ਕਾਮ ਪ੍ਰੇਮ ਗੁਰੂ ਭਾਵਨਾ ਦਾ ਹੈ ਪਰ ਹੈ ਆਪਣਾ ਪ੍ਰੇਮ। ਕਿਆ ਇਸ ਦੈਵੀ ਅਪਣੱਤ ਨੂੰ ਬੀ ਆਗਿਆ ਤੋਂ ਸ੍ਰੀ ਅਰਜਨ ਜੀ ਵਾਰਨੇ ਕਰ ਸਕਦੇ ਹਨ? ਕਿਉਂਕਿ ਅੰਤਮ ਮੇਲ ਆਤਮਾ ਦਾ ਪਰਮਾਤਮਾ ਨਾਲ ਆਪੇ ਦਾ ਤਜਾਗ ਤੇ ਪ੍ਰਿਯ ਸਰੂਪਤਾ ਵਿਚ ਪ੍ਰਾਪਤੀ ਹੈ। ਪੂਰਨ ਆਪਾ-ਨੁਛਾਵਰਤਾ ਸੰਗਮ ਵਿਚ ਲੈ ਜਾਂਦੀ ਹੈ। ਇਸ ਤਰ੍ਹਾਂ ਜਦ ਸਮਾਂ ਹੋਰ ਲੰਘਿਆ ਤਾਂ ਸ੍ਰੀ ਅਰਜਨ ਦੇਵ ਜੀ ਨੇ ਇਕ ਪੱਤ੍ਰਿਕਾ ਘੱਲਣੀ ਮੁਨਾਸਬ ਸਮਝੀ ਕਿ ਜੇ ਆਗਿਆ ਦੇਣ ਤਾਂ ਜਾਵਾਂ ਨਹੀਂ ਤਾਂ ਹੋਰ ਬਿਰਹ ਦਾ ਰੰਗ ਸਹਾਰਾਂ। ਬਹੁਤ ਵਿਚਾਰ ਤੇ ਅਨਿਕ ਵਾਰ ਦੀ ਸੰਗ ਵਾਲੀ ਸੋਚ ਦੇ ਮਗਰੋਂ ਆਪ ਜੀ ਨੇ ਇਹ ਪੱਤ੍ਰਿਕਾ ਲਿਖੀ :-

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ॥੧॥
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ॥੧॥ਰਹਾਉ॥

(ਮਾਝ ਮ: ੫)

ਇਹ ਪੱਤ੍ਰਕਾ ਲੈ ਕੇ ਜਦ ਦਾਸ ਪਹੁੰਚਾ ਤਾਂ ਪ੍ਰਿਥੀਆ ਜੀ ਅਗੋਂ ਮਿਲ ਪਏ। ਉਨ੍ਹਾਂ ਨੇ ਪੱਤ੍ਰਿਕਾ ਲੈ ਲਈ ਤੇ ਅਗਲੇ ਦਿਨ ਉਸ ਦਾਸ ਨੂੰ ਕਿਹਾ ਕਿ ਗੁਰੂ ਜੀ ਅਰਜਨ ਮਲ ਤੇ ਖੁਸ਼ੀ ਕਰਦੇ ਹਨ ਤੇ ਫੁਰਮਾਉਂਦੇ ਹਨ ਕਿ ਕੁਛ ਦਿਨ ਹੋਰ ਲਾਹੌਰ ਠਹਿਰੋ। ਇਹ ਉੱਤਰ ਜਦ ਲੈ ਕੇ ਦਾਸ ਪਹੁੰਚਾ ਤਾਂ ਆਪ ਜੀ ਆਗਿਆ ਵਿਚ ਟਿਕੇ ਰਹੇ, ਪਰ ਪਿਆਰ ਦੀ ਖਿੱਚ ਜਿਉਂ ਜਿਉਂ ਵਿੱਥ ਵਧੇ ਵਧਦੀ ਹੈ। ਆਪ ਜੀ ਹੋਰ ਵੈਰਾਗ ਵਿਚ ਰਹਿਣ ਲਗ ਪਏ। ਫੇਰ ਇਕ ਹੋਰ ਪੱਤ੍ਰਿਕਾ ਲਿਖੀ ਜਿਸ ਵਿਚ ਪ੍ਰੇਮ ਦੇ ਹੀ ਭਾਵ ਸਨ ਅੱਗੇ ਵਾਂਙੂ :-

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥
ਚਿਰੁ ਹੋਆ ਦੇਖੇ ਸਾਰਿੰਗਪਾਣੀ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ
ਮੇਰੇ ਸਜਣ ਮੀਤ ਮੁਰਾਰੇ ਜੀਉ॥੨॥
ਹਉ ਘੋਲੀ ਹਉ ਘੋਲਿ ਘੁਮਾਈ
ਗੁਰ ਸਜਣ ਮੀਤ ਮੁਰਾਰੇ ਜੀਉ॥੧॥ਰਹਾਉ॥

(ਮਾਝ ਮ: ੫)

## ੨੭. ਪਰਖਣਾ।

**ਐਤਕੀਂ** ਬੀ ਉਹੋ ਉੱਤਰ ਲੈ ਕੇ ਦਾਸ ਲਾਹੌਰ ਪਹੁੰਚਾ। ਪਰ ਉਸ ਨੇ ਕਿਹਾ ਕਿ ਸ੍ਰੀ ਜੀ ਮੈਨੂੰ ਸ਼ੱਕ ਹੁੰਦਾ ਹੈ ਕਿ ਪ੍ਰਿਥੀ ਚੰਦ ਨੇ ਪੱਤ੍ਰ ਪਹੁੰਚਾਇਆ ਨਹੀਂ ਤੇ ਮੈਨੂੰ ਐਵੇਂ ਕਹਿ ਕੇ ਟੋਰ ਦਿੱਤਾ ਹੈ ਕਿ ਪਿਤਾ ਗੁਰ ਜੀ ਕਹਿੰਦੇ ਹਨ ਅਜੇ ਹੋਰ ਲਾਹੌਰ ਠਹਿਰੋ, ਉਥੋਂ ਦਾ ਕੰਮ ਸੰਭਾਲੋ, ਕਾਹਲੀ ਨਾ ਕਰੋ। ਇਹ ਸੁਣਕੇ ਤੇ ਫੇਰ ਅੰਤਰ ਧਯਾਨ ਹੋ ਕੇ ਸ੍ਰੀ ਸਾਹਿਬਜ਼ਾਦੇ ਜੀ ਦੇ ਨਿਸ਼ਚੇ ਵਿਚ ਗਲ ਆ ਗਈ ਕਿ ਹੁਣ ਮੈਨੂੰ ਪਿਤਾ ਜੀ ਨਹੀਂ ਵਰਜ ਰਹੇ ਪਰ ਭਰਾ ਵਿਛੋੜ ਰਿਹਾ ਹੈ। ਤਦ ਇਕ ਦਿਨ ਪ੍ਰੇਮ ਦੇ ਅਰੁਕਵੇਂ ਪ੍ਰਵਾਹ ਵਿਚ ਆਪ ਜੀ ਨੇ ਇਕ ਹੋਰ ਪੱਤ੍ਰਿਕਾ ਲਿਖੀ ਜੋ ਇਹ ਸੀ :-


www.sikhbookclub.com

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥
ਹਉ ਘੋਲੀ ਜੀਉ ਘੋਲਿ ਘੁਮਾਈ
ਤਿਸੁ ਸਚੇ ਗੁਰ ਦਰਬਾਰੇ ਜੀਉ॥੧॥ਰਹਾਉ॥
(ਮਾਝ ਮ: ੫)

ਇਹ ਪੱਤ੍ਰਿਕਾ ਲੈਕੇ ਐਤਕੀ ਦੂਤ ਹੁਸ਼ਿਆਰ ਹੋਕੇ ਆਇਆ। ਪਹਿਲਾਂ ਤਾਂ ਇਧਰ ਉਧਰ ਲੁਕਦਾ ਰਿਹਾ। ਜਦੋਂ ਤੀਜੇ ਪਹਿਰ ਦਾ ਦੀਵਾਨ ਲੱਗਾ ਤੇ ਸ੍ਰੀ ਗੁਰੂ ਜੀ ਆ ਕੇ ਵਿਚ ਬਿਰਾਜ ਗਏ, ਤਦ ਦੂਤ ਨੇ ਅਚਾਨਕ ਨਜ਼ਰ ਬਚਾਕੇ ਹਜ਼ੂਰੀ ਵਿਚ ਜਾ ਮੱਥਾ ਟੇਕਿਆ ਤੇ ਪੱਤ੍ਰਿਕਾ ਸ੍ਰੀ ਗੁਰੂ ਜੀ ਦੇ ਹੱਥ ਵਿਚ ਫੜਾ ਦਿੱਤੀ ਤੇ ਕਿਹਾ : ਲਹੌਰ ਦੀ ਸੰਗਤ ਵਲੋਂ ਤੇ ਸਾਹਿਬਜ਼ਾਦੇ ਜੀ ਵਲੋਂ ਚਰਨ ਬੰਦਨਾਂ ਪਰਵਾਨ ਹੋਵੇ, ਇਹ ਪੱਤ੍ਰਿਕਾ ਹਜ਼ੂਰ ਵਾਸਤੇ ਹੈ, ਸਾਹਿਬਜ਼ਾਦੇ ਜੀ ਨੇ ਦਿੱਤੀ ਹੈ ਤੇ ਆਪ ਦੇ ਕਰ ਕਮਲਾਂ ਵਿਚ ਦੇਣ ਦੀ ਆਗਿਆ ਹੈਸੀ। ਸਤਿਗੁਰ ਜੀ ਜਾਣਦੇ ਤਾਂ ਸਨ, ਪਰ ਪੱਤ੍ਰਿਕਾ ਪੁਤ੍ਰ ਦੀ ਸੁਣਕੇ ਵਧੇਰੇ ਰੁਖ ਕੀਤਾ ਤਾਂ ਉਸ ਨੇ ਥੋੜੇ ਅਖਰਾਂ ਵਿਚ ਸ੍ਰੀ ਅਰਜਨ ਜੀ ਦੇ ਬਿਰਹ ਦੀ ਗਲ ਸੁਣਾਈ। ਸਾਹਿਬਾਂ ਨੇ ਸੁਣੀ, ਪੱਤ੍ਰਿਕਾ ਪੜ੍ਹੀ, ਨੈਣ ਭਰ ਆਏ। ਸਿਖ-ਅਨਿੰਨ ਸਿਖ-ਦੇ ਪ੍ਰੇਮ ਨਾਲ ਦ੍ਰਵ ਗਏ ਫੇਰ ਸੰਗਤਿ ਵਲ ਤੱਕੇ। ਫੇਰ ਭਾਈ ਬੁੱਢੇ ਨੂੰ ਕੋਲ ਬੁਲਾਕੇ ਪੱਤ੍ਰਿਕਾ ਦਿਖਾਈ ਤੇ ਫੁਰਮਾਯਾ ਕੱਲ ਤੜਕੇ ਜਾ ਕੇ ਬਰਖੁਰਦਾਰ ਨੂੰ ਲੈ ਆਓ। ਜੋ ਉੱਤਰ ਬ੍ਰਿਧ ਜੀ ਨੇ ਦਿੱਤਾ ਕਵੀ ਸੰਤੋਖ ਸਿੰਘ ਜੀ ਐਉਂ ਲਿਖਦੇ ਹਨ-

ਸੁਨਿ ਸਤਿਗੁਰ ਤੇ ਤਬ ਬ੍ਰਿਧ ਭਾਈ
ਸ੍ਰੀ ਅਰਜਨ ਕੀ ਬਹੁ ਬਡਿਆਈ
ਲਗਜੋ ਸਰਾਹਨਿ ਸ਼ੀਲ ਖਿਸਾਲਾ
ਲੇਸ਼ ਹੰਕਾਰ ਨਹੀਂ ਕਿਸ ਕਾਲਾ॥੧੬॥
ਰਾਵਰ ਕੀ ਆਇਸੁ ਕੋ ਪਾਏ
ਹੋਤਿ ਪ੍ਰਾਤ ਕੇ ਲਵਪੁਰਿ ਜਾਏ
ਮੈਂ ਆਨਹੁੰਗੋ ਅੰਮ੍ਰਿਤਸਰ ਮੈਂ
ਜਿਨਕੇ ਅਤੀ ਲਾਲਸਾ ਉਰਮੈਂ॥੧੭॥ (ਸੂ: ਪ੍ਰ:)

ਗੱਲ ਕੀਹ ਭਾਈ ਬੁੱਢਾ ਜੀ ਲਾਹੌਰ ਗਏ ਤੇ ਸ੍ਰੀ ਅਰਜਨ ਦੇਵ ਜੀ ਨੂੰ ਪਜਾਰ ਤੇ ਸਨਮਾਨ ਨਾਲ ਨਾਲ ਲੈ ਆਏ। ਸਹਿਬਜ਼ਾਦੇ ਦੀ ਖੁਸ਼ੀ ਤੇ ਵੈਰਾਗ ਦੇ ਸੰਗਮ ਨੂੰ ਕੌਣ ਵਰਣਨ ਕਰੇ। ਨੈਣਾਂ ਤੋਂ ਨੀਰ ਢਰਦਾ ਸੀ, ਲੂੰ ਕੰਡੇ ਹੁੰਦੇ ਸਨ, ਮਨ ਦ੍ਰਵਦਾ ਦ੍ਰਵਦਾ ਵਹਿ ਟੁਰਦਾ ਸੀ ਕਿ ਸਤਿਗੁਰ ਦੇ ਹਜ਼ੂਰ ਆ ਪਹੁੰਚੇ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਸਤਿਗੁਰ ਜਿਸ ਥਲ ਸਭਾ ਲਗਾਈ।
ਉਤਰੇ ਆਨਿ ਸੰਗਿ ਬ੍ਰਿਧ ਭਾਈ।
ਪਿਖੇ ਦੂਰ ਤੇ ਸਤਿਗੁਰ ਭਾਨ।
ਕਮਲ ਪ੍ਰਫੁੱਲਤ ਬਦਨ ਮਹਾਨ॥੨੮॥
ਪੂਰਨ ਚੰਦ ਪਿਤਾ ਕੀ ਓਰਾ।
ਲੋਚਨ ਕੀਨ ਚਕੋਰਨ ਜੋਰਾ।
ਨੀਠ ਨੀਠ ਪਹੁੰਚੇ ਢਿਗ ਜਾਇ।
ਪਰੇ ਚਰਨ ਪੰਕਜ ਉਤਲਾਇ॥੨੯॥
ਦ੍ਰਿਗ ਜਲ ਤੇ ਪਗ ਮਨੋ ਪਖਾਰੇ।
ਪ੍ਰੇਮ ਨਿਮਗਨ ਸਪੂਤ ਨਿਹਾਰੇ।
ਪਕਰਿ ਭੁਜਾ ਤਤਕਾਲ ਉਠਾਏ।
ਭਰੇ ਅੰਕ ਦੇਖਤਿ ਹਰਖਾਏ॥੩੦॥
ਅਧਿਕ ਪ੍ਰੀਤ ਸੋਂ ਲਾਇਵ ਛਾਤੀ।
ਮਸਤਕ ਸੂੰਘ ਲਈ ਜਨੁ ਥਾਤੀ।
'ਸੋਢੀ ਕੁਲ ਕੀ ਰਾਖਿ ਬਡਾਈ।
ਹੇ ਸਪੁਤ੍ਰ! ਕਰਿਹੈਂ ਅਧਿਕਾਈ॥੩੧॥
ਗੁਰਤਾ ਭਾਰ ਧਾਰਿਬੇ ਬਲੀ।
ਮਹਾਂ ਧੀਰ ਹੋਯਹੁ ਬਿਧਿ ਭਲੀ'।
ਤਬਿ ਮੰਗਵਾਇਵ ਪਠੀ ਜੁ ਪਾਤੀ।
ਪਠੀ ਆਪ ਕਰਿ ਸੀਤਲ ਛਾਤੀ॥੩੨॥
'ਸੁਨਹੁ ਪੁਤ੍ਰ! ਜਬਿ ਕੇ ਤੁਮ ਗਵਨੇ।
ਏਕ ਪੱਤ੍ਰਿਕਾ ਭੇਜੀ ਭਵਨੇ।
ਲਵਪੁਰਿ ਬਿਖੈ ਰਹੈ ਚਿਰਕਾਲ॥
ਮਿਲੈ ਰਹੇ ਸਤਿ ਸੰਗਤਿ ਜਾਲ॥੩੩॥
ਅਪਰ ਪੱਤ੍ਰਿਕਾ ਕਿਉਂ ਨ ਪਠਾਈ।
ਲਿਖਿਨ ਬਿਖੇ ਮਤਿ ਅਤਿ ਚਤੁਰਾਈ।
ਪਠੀ ਏਕ ਤਦਜਪਿ ਕਜਾ ਕੀਨਾ।
ਅੰਕ ਤੀਸਰੋ ਕਿਮ ਲਿਖ ਦੀਨਾ॥੩੪॥
ਬਨਜੋ ਸਬਦ ਪਦ ਏਕੋ ਜੈਸੇ।
ਲਿਖਜੋ ਇਕਾਂਗ ਚਾਹੀਏ ਤੈਸੇ।
ਇਸ ਮਹਿੰ ਕਹੋ ਹੇਤੁ ਹੈ ਕੌਨ?'
ਸਭਿਨਿ ਬਿਖੇ ਬੂਝਜੋ ਸੁਖ ਭੌਨ॥੩੫॥
(ਸੂ: ਪ੍ਰ: ਸਫਾ ੧੭੨੪)


www.sikhbookclub.com

ਤਦ ਸਾਹਿਬਜ਼ਾਦੇ ਜੀ ਬੋਲੇ : ਸ੍ਰੀ ਗੁਰੂ ਜੀਉ! ਮੈਂ ਅਗੇ ਦੋ ਇਹੋ ਜਿਹੇ ਪਦੇ ਦੀਆਂ ਪੱਤ੍ਰਿਕਾ ਘੱਲ ਚੁੱਕਾ ਹਾਂ, ਇਹ ਤੀਸਰੀ ਹੈ, ਇਸ ਕਰਕੇ ਅੰਕ ੩ ਦਿੱਤਾ ਹੈ।

ਗੁਰੂ ਜੀ ਬੋਲੇ-ਦੋ ਤਾਂ ਮੇਰੇ ਪਾਸ ਨਹੀਂ ਪਹੁੰਚੀਆਂ ਬੱਚਾ! ਕਿਸ ਹੱਥ ਘਲੀਆਂ ਸਾਨੇ? ਲਿਆਉਣ ਵਾਲਾ ਸਿਖ ਪਾਸ ਹੀ ਬੈਠਾ ਸੀ, ਹੱਥ ਬੰਨ੍ਹਕੇ ਕਹਿਣ ਲੱਗਾ ਜੀ ਮੈਂ ਲਿਆਇਆ ਸਾਂ ਤੇ ਓਹ ਦੁਏ ਵੱਡੇ ਸਾਹਿਬਜ਼ਾਦੇ ਪ੍ਰਿਥੀ ਚੰਦ ਜੀ ਨੇ ਮੈਥੋਂ ਲਈਆਂ ਸਨ ਤੇ ਮੈਨੂੰ ਕਿਹਾ ਸੀ ਕਿ ਪੁਚਾ ਦਿੱਤੀਆਂ ਹਨ ਤੇ ਆਪ ਵਲੋਂ ਸੰਦੇਸਾ ਬੀ ਛੋਟੇ ਸਾਹਿਬਜ਼ਾਦੇ ਲਈ ਦਿੱਤਾ ਸੀ ਜੋ ਮੈਂ ਜ਼ੁਬਾਨੀ ਅਰਜ ਕੀਤਾ ਸੀ! ਤਦ ਸ੍ਰੀ ਗੁਰੂ ਜੀ ਕੁਛ ਹੋਰ ਤਰ੍ਹਾਂ ਤੱਕੇ, ਇਕ ਪਾਸੇ ਬੈਠੇ ਇਤਬਾਰੀ ਨੂੰ ਅਵਾਜ਼ ਦਿਤੀ, ਜਾਓ ਪ੍ਰਿਥੀਏ ਨੂੰ ਬੁਲਾ ਲਿਆਓ। ਦਾਸ ਗਿਆ ਤਾਂ ਪ੍ਰਿਥੀਆ ਜੀ ਖੂਹ ਤੇ ਨਹਾ ਰਹੇ ਸਨ, ਪਿਤਾ ਹੁਕਮ ਸੁਣ ਕੇ ਛੇਤੀ ਨਾਲ ਕਪੜੇ ਪਾਕੇ ਘਰ ਗਏ। ਪਰ ਉਸ ਦੀ ਹਰਿਆਨੀ ਦੀ ਹੱਦ ਨਾ ਰਹੀ ਜਦ ਸੁਣਿਓ ਨੇ ਛੋਟੇ ਭਰਾਤਾ ਜੀ ਆਏ ਪਿਤਾ ਜੀ ਦੇ ਪਾਸ ਬੈਠੇ ਹਨ ਤੇ ਮੈਨੂੰ ਪਤਾ ਹੀ ਨਹੀਂ ਲਗਾ ਕਿ ਕਦ ਸੱਦੇ ਗਏ ਤੇ ਕਦ ਆ ਗਏ। ਪਰ ਫੇਰ ਆਪਾ ਸੰਭਾਲ ਕੇ ਘਰੋਂ ਟੁਰੇ ਤੇ ਆ ਪਿਤਾ ਜੀ ਨੂੰ ਸੀਸ ਨਿਵਾਇਆ। ਸ੍ਰੀ ਅਰਜਨ ਜੀ ਨੇ ਵਡੇ ਭਰਾ ਅਗੇ ਸੀਸ ਨਿਵਾਇਆ। ਫੇਰ ਪਿਤਾ ਜੀ ਦਾ ਇਸ਼ਾਰਾ ਪਾ ਕੇ ਪ੍ਰਿਥੀਆ ਜੀ ਸਾਹਮਣੇ ਬੈਠ ਗਏ। ਤਦ ਸ੍ਰੀ ਗੁਰੂ ਜੀ ਨੇ ਪੁਛਿਆ ਬੇਟਾ ਦੋ ਪੱਤ੍ਰ ਅਗੇ ਕਾਕਾ ਜੀ ਦੇ ਆਏ, ਤੁਸਾਨੂੰ ਮਿਲੇ, ਤੁਸਾਂ ਸਾਨੂੰ ਕਿਉਂ ਨਾ ਦਿਖਾਏ? ਹਛਾ ਜੇ ਅੱਗੇ ਨਹੀਂ ਦਿਖਾ ਸਕੇ ਤਾਂ ਹੁਣ ਲੈ ਆਓ। ਤਦ ਪ੍ਰਿਥੀਏ ਨੇ ਕਿਹਾ : ਮੈਨੂੰ ਤਾਂ ਯਾਦ ਨਹੀਂ ਕੋਈ ਪੱਤ੍ਰਿਕਾ ਮੈਨੂੰ ਕਿਸੇ ਦਿਤੀ ਹੋਵੇ। ਸਿਖ ਨੇ ਕਿਹਾ, ਸਾਹਿਬਜ਼ਾਦਾ ਜੀ! ਮੈਂ ਆਪ ਨੂੰ ਦੇ ਗਿਆ ਹਾਂ।

ਪ੍ਰਿਥੀਆ–ਮੈਨੂੰ ਯਾਦ ਨਹੀਂ ਕਿ ਮੈਨੂੰ ਇਸ ਸਿਖ ਨੇ ਪੱਤ੍ਰਿਕਾ ਦਿੱਤੀ ਹੋਵੇ। ਦੋ ਉਂਗਲ ਕਾਗਜ਼ ਮੈਂ ਛਿਪਾਕੇ ਕੀਹ ਲੈਣਾ ਸੀ।

ਤਦ ਗੁਰੂ ਜੀ ਕਿਹਾ, ਯਾਦ ਨਹੀਂ ਤਾਂ ਢੂੰਡ ਵੇਖੋ ਜੇ ਯਾਦ ਹੈ ਤਾਂ ਲੁਕਾ ਨਾ ਕਰੋ। ਛਿਪਾ ਚੰਗਾ ਨਹੀਂ ਹੁੰਦਾ, ਸਰਲਤਾ ਠੀਕ ਹੁੰਦੀ ਹੈ। ਤਦ ਪ੍ਰਿਥੀਏ ਨੇ ਤਮਕ ਕੇ ਜੋ ਕੁਛ ਕਿਹਾ ਕਵੀ ਸੰਤੋਖ ਸਿੰਘ ਜੀ ਨੇ ਇਉਂ ਲਿਖਿਆ ਹੈ :-

ਸੁਨਿਕੈ ਖੁਨਸਜੋ ਊਚੋ ਕਹੈ।
ਕਛੁ ਹੁੰਡੀ ਤੋ ਨਾਹਿਨ ਅਹੈ।
ਜਿਹ ਛਿਪਾਇ ਧਨ ਕੋ ਲੇ ਆਵੌਂ।
ਕੌਨ ਅਰਥ ਤੇ ਤਾਂਹਿ ਛਿਪਾਵੌਂ॥੧੧॥
ਕੁਛ ਲੇਖਾ ਨਹਿ ਤਿਸਕੇ ਮਾਂਹੂ।
ਰਿਨ ਕੀ ਵਹੀ ਨ ਰਾਖੋਂ ਪਾਂਹੂ!
ਸਿਖਤੇ ਗਿਰੀ ਹੋਹਿ ਮਗ ਲਜਾਵਤਿ।
ਡਰਤਿ ਰਿਦੈ ਮੁਝਪਾਸ ਬਤਾਵਤਿ॥੧੨॥
ਜੇ ਕਰਿ ਪਦਇਨ ਸ਼ਬਦ ਬਨਾਇਵ।
ਤਿਸ ਦੇਖਨ ਹਿਤ ਚਿਤ ਲਲਚਾਇਵ।
ਤੋ ਕਿਛੁ ਤੋਟ ਨਹੀਂ ਢਿਗ ਬੈਸੇ।
ਕਹਿ ਬਨਵਾਇ ਲੇਹੁ ਤੁਮ ਤੈਸੇ॥੧੩॥
ਅਪਰ ਕਾਜ ਤੌਂ ਨਹਿ ਤਿਨ ਮਾਂਹੂ।
ਜਿਸ ਤੇ ਕਾਰ ਅਟਕ ਕੁਛ ਜਾਹੂ।

(ਸੂ: ਪ੍ਰ: ੧੭੨੬)

ਇਹ ਸੁਣਕੇ ਸ੍ਰੀ ਗੁਰੂ ਜੀ ਨੇ ਇਕ ਦਾਸ ਨੂੰ ਕੰਨ ਵਿਚ ਕਿਹਾ ਕਿ ਪ੍ਰਿਥੀਏ ਦੇ ਘਰ ਜਾਓ ਤੇ ਉਸ ਦਾ ਪਹਿਨਣ ਵਾਲਾ ਜਾਮਾ ਜੋ ਰੋਜ ਕਪੜਿਆਂ ਦੇ ਉਪਰ ਪਹਿਨਦਾ ਹੈ ਮੰਗ ਕੇ ਲੈ ਆਉ। ਬੀਬੀ ਨੂੰ ਸਾਡੀ ਵਲੋਂ ਕਹਿਣਾ ਕਿ ਅਸਾਂ ਨੇ ਮੰਗਿਆ ਹੈ।

ਜਦ ਜਾਮਾ ਗੁਰੂ ਜੀ ਪਾਸ ਲਿਆ ਦਾਸ ਨੇ ਧਰਿਆ ਤਾਂ ਗੁਰੂ ਜੀ ਨੇ ਪ੍ਰਿਥੀਏ ਨੂੰ ਕਿਹਾ, ਲੈ ਹੁਣ ਅਪਦੇ ਹਥੀਂ ਆਪਣਾ ਜਾਮਾ ਫੋਲ, ਦੇਖ ਇਸ ਵਿਚ ਚਿੱਠੀ ਹੈ ਕਿ ਨਾ! ਲਾਜ ਭਰੇ ਪਰ ਮੁਸ਼ਕਲ ਵਿਚ ਫਸੇ ਨੇ ਜੇਬ ਵਿਚੋਂ ਕਾਗਜ਼ ਕੱਢੇ ਤਾਂ ਉਹਨਾਂ ਕਾਗਜ਼ਾਂ ਵਿਚੋਂ ਦੋਏ ਚਿਠੀਆਂ ਨਿਕਲ ਪਈਆਂ। ਉਸ ਦੇ ਹੱਥੋਂ ਫੜ ਕੇ ਸ੍ਰੀ ਗੁਰੂ ਜੀ ਨੇ ਵਾਚੀਆਂ ਤੇ ਉਸ ਵਲ ਮੂੰਹ ਕਰਕੇ ਬੋਲੇ : ਪ੍ਰਿਥੀਆ! ਇਹੋ ਸ਼ੁਭ ਆਚਰਨ ਹੈ ਜਿਸ ਪਰ ਗੱਦੀ ਦੇ ਸੁਪਨ ਲੈਂਦਾ ਰਿਹਾ ਹੈ? ਇਸ ਮਾੜੇ ਕਰਤਵਜ ਦੇ ਪਿਛੇ ਸ੍ਵਾਰਥ ਪਰਤਾ ਹੈ। ਉਸ ਦੇ ਪਿਛੇ ਵਾਸ਼ਨਾਂ ਤ੍ਰਿਸ਼ਨਾ ਦੀ ਭੀੜ ਭਾੜ ਹੈ, ਜਿਸਦੀ ਤਹਿ ਵਿਚ ਹਉਂ ਹਉਂ ਮੈਂ ਮੈਂ ਠਾਠਾਂ ਮਾਰ ਰਹੀ ਹੈ। ਇਹ ਗ੍ਰਹਣ ਮਾਰਗ ਹੈ, ਬਹੁਤ ਨੀਵੀਂ ਕਿਸਮ ਦਾ ਗ੍ਰਹਣ ਮਾਰਗ ਹੈ, ਗੁਰਿਆਈ ਤਜਾਸ ਮਾਰਗ ਦੀ ਸ਼ੈ ਹੈ। ਇਸ ਪਦ

ਦੇ ਲਾਯਕ ਤੂੰ ਨਹੀਂ ਸੈਂ, ਨਾ ਹੈਂ : ਤੂੰ ਆਪ ਸਾਬਤ ਕਰਕੇ ਸੰਗਤ ਨੂੰ ਦਿਖਾ ਦਿੱਤਾ ਹੈ ਕਿ ਤੂੰ 'ਭਯੋ ਨਲਾਇਕ ਗੁਰ ਕੁਲ ਮਹੀਆਂ'। ਹਾਂ ਸੰਗਤ ਜੀ! 'ਨਹੀਂ ਊਚ ਪਦ ਇਸਕੇ ਭਾਗਾ।' ਇਹ ਕਹਿੰਦੇ ਗੁਰੂ ਜੀ ਫੇਰ ਚੁਪ ਹੋ ਗਏ। ਤਦ ਭਾਈ ਬੁੱਢਾ ਜੀ ਨੇ ਉਠ ਕੇ ਸਾਰੀ ਸੰਗਤਿ ਨੂੰ ਸਾਰਾ ਹਾਲ ਮੁੱਢ ਤੋਂ ਸੁਣਾਇਆ। ਸਾਰੀ ਸੰਗਤਿ ਉਂਗਲਾਂ ਮੂੰਹ ਵਿਚ ਪਾ ਪਾ ਟੁੱਕਣ ਲਗ ਪਈ ਕਿ ਗੁਰੂ ਕਾ ਪੁਤ੍ਰ ਹੋ ਕੇ ਇੰਨਾਂ ਇਤਬਾਰੀ ਤੇ ਮੁਖੀਆ ਬਣਕੇ ਐਡਾ ਕੁਕਰਮ ਕੀਤਾ, ਤੇ ਸੱਚ ਦੇ ਮੰਡਲਾਂ ਵਿਚ ਝੂਠ ਬੋਲੇ ਤੇ ਪਿਤਾ ਗੁਰੂ ਜੀ ਦੇ ਰੋਬਰੂ ਝੂਠ ਮਾਰੇ। ਫੇਰ ਭਾਈ ਬੁੱਢਾ ਜੀ ਨੇ ਦੁਇ ਚਿੱਠੀਆਂ, ਜੋ ਪ੍ਰਿਥੀਆ ਜੀ ਨੇ ਛਿਪਾਈਆਂ ਸਨ, ਸੁਣਾਈਆਂ ਤੇ ਫੇਰ ਤੀਸਰੀ ਸੁਣਾਈ। ਇਸ ਰਚਨਾਂ ਨੂੰ ਸੁਣਕੇ ਸੰਗਤ ਵਿਚ 'ਧੰਨ ਸ੍ਰੀ ਅਰਜਨ' 'ਧੰਨ ਸ੍ਰੀ ਅਰਜਨ' ਹੋਈ। ਪ੍ਰਿਥੀ ਚੰਦ ਪਹਿਲੇ ਤਾਂ ਚਪੜ ਚਪੜ ਕਰਦਾ ਰਿਹਾ ਸੀ, ਪਰ ਹੁਣ ਸ਼ਰਮਿੰਦਾ ਹੋਇਆ, ਮੈਲੇ ਮੁਖ ਹੋ ਗਿਆ ਜੈਸੇ ਕਿ ਲਿਖਿਆ ਹੈ :-

ਅਨੁਜ ਬਡਾਈ ਸੁਨਿ ਦੁਖ ਪਾਵਤਿ।
ਜਰਤਿ ਰਿਦਾ ਕੁਛ ਬਸ ਨ ਬਸਾਵਤਿ।
ਛਲ ਬਲ ਕਰਿ ਚਾਹਤਿ ਗੁਰਿਆਈ।
ਪੁਨ ਪਿਤਕੀ ਨਹਿੰ ਸੇਵ ਕਮਾਈ॥੪੬॥
ਕਰਿ ਹੰਕਾਰ, ਨ ਕਬਿ ਬਚ ਮਾਨਾ।
ਧਨ ਕੋ ਸਾਂਭਤਿ ਰਹਯੋ ਮਹਾਨਾ।
ਜਗ ਬਿਵਹਾਰਨ ਮਹਿੰ ਚਤੁਰਾਈ
ਇਕ ਭੀ ਗੁਣ ਨਹਿੰ ਲੇ ਗੁਰਿਆਈ॥੪੭॥
ਇਮਿ ਪ੍ਰਿਥੀਆ ਬੈਠਯੋ ਮੁਰਝਾਈ
ਪੁਨ ਬੁੱਢੇ ਸੰਗ ਗੁਰੂ ਅਲਾਈ :-
'ਸ੍ਰੀ ਨਾਨਕ ਕੇ ਤੁਮ ਬਹੁ ਪਜਾਰੇ।
ਗੁਰੂ ਅੰਗਦ ਸ੍ਰੀ ਅਮਰ ਨਿਹਾਰੇ॥੪੮॥
ਗੁਰੁਤਾ ਅਜਰ ਜਰਨ ਉਰ ਮਾਂਹੀ।
ਸ੍ਰੀ ਅਰਜਨ ਅਬਿ ਭਯੋ ਕਿ ਨਾਂਹੀ।
ਜੇ ਕਰਿ ਤੁਮਹੁ ਸੁਹਾਵਤਿ ਆਛੇ।
ਇਸਹਿ ਬਿਠਾਵਹਿੰ ਹਮ ਨਿਜ ਪਾਛੇ॥੪੯॥
ਗੁਰੁਤਾ ਉਚਿਤ ਸੁ ਔਰ ਨ ਕੋਈ।
ਇਨ ਸਮਗੁਨ ਕਹੁ ਕਿਸ ਮਹਿਂਹੋਈ।
ਤੁਮ ਸੰਮਤ ਹੁਇ ਚਾਮਤਿ ਕਰਯੋ।
ਕਹੋ ਸਾਚ ਜਿਮ ਉਰ ਮਹਿੰ ਧਰਯੋਂ॥੫੦॥
ਸੁਨਿ ਬੁੱਢੇ ਕਰ ਜੋਰਿ ਉਚਾਰਾ।
'ਇਹੁ ਸੇਵਕ ਕੀ ਵਸਤੁ ਉਦਾਰਾ।
ਅਜਰ ਜਰਨ ਆਦਿਕ ਗੁਨ ਹੋਇ।
ਇਸ ਕੀ ਲਾਇਕ ਜਾਨਹੁ ਸੋਇ॥੫੧॥
ਸ੍ਰੀ ਅਰਜਨ ਮਹਿੰ ਪਰਖੇ ਸਾਰੇ॥
ਤੁਮ ਤੇ ਅਪਰ ਸੁਮਤਿ ਕੋ ਧਾਰੇ?
ਇਨ ਸਮ ਸੇਵਕ ਅਪਰ ਨ ਬੀਯੋ।
ਜਿਮ ਆਇਸੁ ਮਹਿੰ ਵਾਸਾ ਕੀਯੋਂ॥੫੨॥
(ਸੂ: ਪ੍ਰ: ੧੭੨੯)

## ੨੮. ਗੱਦੀ।

**ਇਸ** ਮਾਜਰੇ ਤੋਂ ਮਗਰੋਂ ਅਗਲੇ ਦਿਨ ਯਾ ਕੁਛ ਦਿਨ ਬਾਦ ਦੂਰੋਂ ਨੇੜਿਓਂ ਸਿਖ ਬੁਲਾ ਕੇ ਭਾਰੀ ਇਕੱਠ ਕੀਤਾ ਗਿਆ। ਯਥਾ :-

"ਜਹਿੰ ਕਹਿੰ ਤੇ ਸਿਖ ਸਰਬ ਬੁਲਾਏ।
ਸਭ ਸੰਗਤ ਕੋ ਮੇਲਾ ਭਯੋ।
ਚਹੁੰ ਦਿਸਿ ਪਰਵਾਰਤਿ ਹੁਇ ਗਯੋ।"

ਸਮਾਗਮ ਵਿਚ ਸਾਰੇ ਸਿਖ ਗੁਰੂ ਦੇ ਚੰਦ ਮੁਖ ਨੂੰ ਦੇਖ ਰਹੇ, ਪ੍ਰਸੰਨ ਹੋ ਰਹੇ ਸਨ ਤੇ ਵਿਚ ਵਿਚ ਕਈ ਉਡੀਕ ਵਿਚ ਸਨ ਕਿ ਸਮਾਗਮ ਕਾਸ ਲਈ ਸਾਜਿਆ ਗਿਆ ਹੈ ਕਿ ਸ੍ਰੀ ਗੁਰੂ ਜੀ ਉਠੇ ਤੇ ਆਪਣੇ ਛੋਟੇ ਸਪੁਤ੍ਰ, ਸੇਵਕ ਤੇ ਸਿਖ ਸ੍ਰੀ ਅਰਜਨ ਜੀ ਦੇ ਅਗੇ ਪੰਜ ਪੈਸੇ ਤੇ ਇਕ ਨਾਰੀਅਲ ਧਰਕੇ ਤਿੰਨ ਪਰਕਰਮਾਂ ਕਰਕੇ ਮੱਥਾ ਟੇਕ ਦਿੱਤਾ ਤੇ ਬੈਠ ਗਏ[੨੭੧]। ਫਿਰ ਆਪ ਦੀ ਆਗਿਆ ਵਿਚ ਭਾਈ ਬੁੱਢਾ ਜੀ ਉਠੇ ਤੇ ਆਪ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਸਤਕ ਤੇ ਗੁਰਿਆਈ ਦਾ ਤਿਲਕ ਕਰ ਦਿਤਾ। ਸੰਗਤ ਵਿਚ ਖੁਸ਼ੀ ਦਾ ਕੁਲਾਹਲ ਮਚ ਗਿਆ। 'ਧੰਨ ਗੁਰੂ ਅਰਜਨ ਦੇਵ, ਧੰਨ ਗੁਰੂ ਅਰਜਨ ਦੇਵ' ਦੇ ਜੈਕਾਰਿਆਂ ਨਾਲ ਅਕਾਸ਼ ਗੂੰਜ ਪਿਆ। ਸਾਰੀ ਸੰਗਤ ਦੇ ਮਸਤਕ ਨਿਉਂ ਗਏ ਤੇ ਧਰਾ ਤੇ ਜਾ ਲਗੇ। ਪ੍ਰਿਥੀਆ ਜੀ ਦੇ ਆਚਰਨ ਤੇ ਚਲਾਕੀਆਂ ਆਦਿ ਸੰਗਤਾਂ ਤੋਂ ਗੁੱਝੇ ਨਹੀਂ ਸਨ, ਓਹ ਉਸਦੀ ਜ਼ਾਹਰਾ ਸੇਵਾ ਨੂੰ ਭੀ ਤੱਕਦੇ ਸਨ, ਪਰ ਉਸਦੇ ਹੰਕਾਰ ਤੇ ਹੋਰ ਛਿਪ ਛਿਪਾਉ ਤੇ ਛਲਾਂ ਨੂੰ ਜਾਣਦੇ ਸਨ। ਸਭ ਦੇ


www.sikhbookclub.com

ਦਿਲਾਂ ਵਿਚ ਭੈ ਸੀ ਕਿ ਬਹੁਤੀ ਗੱਲੇ ਇਸ ਦੀਆਂ ਚਲਾਕੀਆਂ ਇਸ ਨੂੰ ਕਾਮਯਾਬ ਕਰਨਗੀਆਂ ਤੇ ਜੇ ਸੰਗਤਾਂ ਨੂੰ ਗੁਰੂ ਜੀ ਇਸ ਦੇ ਵੱਸ ਪਾ ਗਏ ਤਾਂ ਜੀ ਜੀ ਨੂੰ ਦੁਖ ਹੋਏਗਾ; ਪਰ ਨਾਲ ਇਹ ਸਿਦਕ ਬੀ ਕੰਮ ਕਰਦਾ ਸੀ ਕਿ ਗੁਰੂ ਸਰਬਗਜ ਹੈ, ਗਰੂ ਸਰਬ ਸ਼ਕਤੀਮਾਨ ਹੈ, ਗੁਰੂ ਸੱਚਾ ਹੈ। 'ਗੁਰੂ' ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰ ਵਾਂਙੂ ਨਿਰਭੈ ਹੈ। ਅਪਨੀ ਸੰਗਤ ਨੂੰ 'ਗੱਦੀ ਦੇ ਲਾਯਕ ਸੱਚੇ ਸਤਿਗੁਰੂ' ਦੇ ਹੱਥਾਂ ਵਿਚ ਸੌਂਪੇਗਾ। ਹੁਣ ਜਦ ਸਭ ਨੇ ਪ੍ਰਤੱਖ ਦੇਖ ਲਿਆ ਕਿ ਗੁਰੂ ਸੱਚਮੁਚ ਸਤਜ ਸਰੂਪ ਹੈ, ਨਜਾਯ ਸਰੂਪ ਹੈ, ਪ੍ਰੇਮ ਸਰੂਪ ਹੈ, ਤਜਾਗ ਦੀ ਅਵਧੀ ਤੇ ਸੰਗਤਿ ਦੀ ਰਖਜਾ ਦਾ ਸੰਜੋਅ ਸਨਾਹ ਹੈ ਤਾਂ ਪ੍ਰਸੰਨਤਾ ਦੀ ਹੱਦ ਨਾ ਰਹੀ। ਜਦ ਸੰਗਤਿ ਦੋਹਾਂ ਗੁਰੂ ਸਾਹਿਬਾਂ ਦੇ ਜੈਕਾਰੇ ਗਜਾਕੇ ਚੁਪ ਹੋਈ ਤਾਂ ਸ੍ਰੀ ਸਤਿਗੁਰੂ ਜੀ ਬੋਲੇ ਜੋ ਕਵੀ ਜੀ ਨੇ ਐਉਂ ਦਰਸਾਯਾ ਹੈ:-

ਸੁਨਹੁ ਸਿੱਖ ਸਭਿ ਤੁਮ ਗੁਰ ਪਜਾਰੇ!
ਸ੍ਰੀ ਅਰਜਨ ਮਮ ਰੂਪ ਨਿਹਾਰਹੁ।
ਜਿਮ ਮੁਝ ਲਖਹੁ ਤਥਾ ਉਰ ਧਾਰਹੁ॥੭॥
ਗੁਰੁਤਾ ਗਾਦੀ ਪਰ ਇਹ ਥਿਰਯੋ।
ਹਲ ਪਲਤ ਭਾਰ ਜੁ ਸਭਿ ਧਰਯੋ।
ਸੰਗਤ ਕੌ ਦੁਖ ਪਾਰ ਉਤਾਰਹਿ।
ਕਾਰਜ ਅਧਿਕ ਜਗਤਿ ਮਹਿੰ ਸਾਰਹਿ॥੮॥
ਉਠਹੁ ਸਕਲ ਬੰਦਨ ਇਸ ਕੀਜਹਿ
ਨਾਨਾਂ ਭਾਂਤਿ ਉਪਾਇਨ ਦੀਜਹਿ।'
ਸੁਨਿ ਸਤਿਗੁਰ ਕੇ ਬਚਨ ਅਨੰਦੇ।
ਬੋਲਤਿ ਜੈ ਜੈ ਕਾਰ ਬਿਲੰਦੇ॥੯॥
ਜਥਾ ਸ਼ਕਤਿ ਧਰਿ ਨਿਕਟਿ ਅਕੋਰ।
ਨਮਸਕਾਰ ਕੀਨਸਿ ਕਰ ਜੋਰਿ।
ਉਤਸਵ ਸਭਿ ਸਿੱਖਨ ਮਹਿੰ ਹੋਵਾ।
ਸ੍ਰੀ ਅਰਜਨ ਰਵਿ ਉੱਦਜਤ ਜੋਵਾ॥੧੦॥

(ਸੂ: ਪ੍ਰ: ਸਫ਼ਾ ੧੭੩੦)

ਜਦ ਸੰਗਤ ਮੱਥੇ ਟੇਕ ਤੇ ਭੇਟਾ ਅਰਪਣ ਕਰਕੇ ਥਾਉਂ ਥਾਂਈਂ ਬੈਠ ਗਈ ਤਾਂ ਸ੍ਰੀ ਗੁਰੂ ਜੀ ਨੇ ਆਗਜਾ ਕੀਤੀ : ਹੇ ਪੁਤ੍ਰ! ਹੁਣ ਚੌਥਾ ਪਦ ਰਚੋ। ਉਸੇ ਵੇਲੇ ਨਵੇਂ ਸਜੇ ਸ੍ਰੀ ਗੁਰੂ ਜੀ ਨੇ ਵਾਕ ਰਚਿਆ, ਦੇਖੋ ਆਪ ਹੁਣ ਗੁਰੂ ਹੋ ਕੇ ਗੁਰੂ ਨੂੰ ਮੱਥਾ ਟੇਕ ਕੇ ਉਠੇ ਤੇ ਰਚਿਆ ਪਦ ਸੁਣਾਇਆ :-

ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ॥੪॥
ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ॥ਰਹਾਉ॥੧॥੮॥

(ਮਾਝ ਮ: ੫)

ਹੁਣ ਗੁਰੂ ਅਰਜਨ ਦੇਵ ਜੀ ਇਸ ਪਦੇ ਵਿਚ ਆਪਣਾ ਨਾਮ 'ਨਾਨਕ' ਪਾ ਸਕਦੇ ਸਨ। ਪਹਿਲੋਂ ਤਿੰਨਾਂ ਵਿਚ ਨਾਨਕ ਨਾਮ ਨਹੀਂ ਪਾਯਾ ਕਿਉਂਕਿ ਤਦੋਂ ਗੱਦੀ ਤੇ ਨਹੀਂ ਸਨ। ਹੁਣ ਪਾਇਆ ਪਰ ਫੇਰ ਦੇਖੋ ਉਹ ਸਿਖੀ ਭਾਵਨਾ ਦਾ ਅਦਬ ਕਾਇਮ ਰਖਿਆ ਹੈ। ਨਾਨਕ ਛਾਪ ਵਰਤੀ ਤੇ ਭਾਵ ਰਖਿਆ ਕਿ ਹੇ ਗੁਰੂ ਰਾਮਦਾਸ ਨਾਨਕ ਸਰੂਪ ਮੈਂ ਤੇ ਅਸੀਂ ਸਾਰੇ ਆਪ ਦੇ ਜਨ ਤੇ ਦਾਸ ਹਾਂ। ਨਾਨਕ ਪਦ ਮੁਕਤਾ ਕਰਕੇ ਵਾਲਾ ਹੈ, ਜਿਸ ਦਾ ਅਰਥ ਹੈ : 'ਹੇ ਨਾਨਕ!' ਅਸੀਂ ਜਨ ਹਾਂ, ਤੁਹਾਡੇ ਦਾਸ ਹਾਂ। ਅੰਕ ੪ ਤੋਂ ਬਾਦ ਫੇਰ ਦੁਹਰਾਇਆ ਹੈ ਕਿ ਮੈਂ ਸਦਕੇ ਹਾਂ, ਘੋਲ ਘੁਮਾਇਆ ਹਾਂ, ਅਸੀਂ ਸਾਰੇ ਜਨ ਹਾਂ, ਤੁਹਾਡੇ ਦਾਸ ਹਾਂ। ਗੁਰੂ ਅਰਜਨ ਦੇਵ ਜੀ ਇਹ ਪਦਾ ਵਾਚਕੇ ਗੁਰੂ ਜੀ ਨੂੰ ਨਮਸਕਾਰ ਕਰਕੇ ਬੈਠ ਗਏ। ਥੋੜੀ ਦੇਰ ਬਾਦ ਗੁਰੂ ਆਗਿਆ ਵਿਚ ਸਾਰੀ ਸਭਾ ਵਿਸਰਜਨ ਹੋ ਗਈ ਤੇ ਹੋਰ ਸਾਰੇ ਮੁਖੀਏ ਆਪੋ ਆਪਣੇ ਡੇਰੇ ਚਲੇ ਗਏ।

## ੨੯. ਪ੍ਰਿਥੀਆ ਜੀ ਦਾ ਵਿਵਾਦ

**ਪ੍ਰਿਥੀਆ** ਮਹਾਂਦੇਵ ਸਭਾ ਵਿਚ ਬੈਠੇ ਸਨ। ਮਹਾਂਦੇਵ ਜੀ ਬਾਬਤ ਲਿਖਿਆ ਹੈ :-

ਮਹਾਂ ਦੇਵ ਤੂਸ਼ਨ ਥਿਰ ਬਿਯੋ॥
ਹਰਖ ਨ ਸ਼ੋਕ ਰਿਦੇ ਕੁਛ ਕਿਯੋ॥੧੩॥

ਪ੍ਰਿਥੀਆ ਜੀ ਬਾਬਤ ਲਿਖਿਆ ਹੈ :-

ਪ੍ਰਿਥੀ ਚੰਦ ਦੁਤਿ ਚੰਦ ਮਲਿੰਦ॥
ਫੀਕੋ ਪਰਜੋ ਤਿਸੀ ਛਿਨ ਮੰਦ॥
ਜਰ ਬਰ ਗਯੋ ਅਧਿਕ ਦੁਖ ਪਾਵਤਿ॥


www.sikhbookclub.com

ਨੀਵ ਗ੍ਰੀਵ ਕਰਿ ਬਸ ਨ ਬਸਾਵਤਿ॥

ਪਰ ਚੁੱਕ ਚੁੱਕਾ ਕਰਨ ਵਾਲੇ, ਆਪਣੇ ਲਾਭ ਲਈ ਖਾਨਦਾਨਾਂ ਵਿਚ ਫੇਟੀਆਂ ਪੁਆਉਣ ਵਾਲੇ, ਪਾਪੀ ਮਨਾਂ ਵਾਲੇ, ਜਿਵੇਂ ਸਿਰੀ ਚੰਦ ਤੇ ਲਖਮੀਚੰਦ ਵਰਗੇ ਸਾਹਿਬਜ਼ਾਦਿਆਂ ਨੂੰ ਚੁੱਕਦੇ ਚਵਾਂਦੇ ਸਨ, ਜਿਵੇਂ ਸ੍ਰੀ ਦਾਸੂ ਦਾਤੂ ਜੀ ਨੂੰ ਭੜਕਾਉਂਦੇ ਸਨ, ਤਿਵੇਂ ਇਥੇ ਬੀ ਪ੍ਰਿਥੀਆ ਜੀ ਦੇ ਚੁੱਕਣ ਚਕਾਉਣ ਵਾਲੇ ਖ਼ੁਦਗਰਜ਼ ਮੌਜੂਦ ਸਨ। ਉਨ੍ਹਾਂ ਨੂੰ ਪ੍ਰਿਥੀ ਚੰਦ ਦੀ ਹੇਠੀ ਵੇਖ ਕੇ ਦੁਖ ਹੋਇਆ, ਲਿਖਿਆ ਹੈ :-

ਇਨਕੇ ਪੱਖੀ ਉਡਗਨ ਦੂਰੇ॥
ਨਿੰਦਕ ਪੇਚਕ ਮੁਖਦ੍ਰਿਗ ਜੂਰੇ[੨੨]॥

ਜਦ ਸਭਾ ਉਠ ਗਈ, ਸਭ ਟਿਕਾਣੇ ਟਿਕਾਣੇ ਜਾ ਪਹੁੰਚੇ; ਤਦ ਪ੍ਰਿਥੀਆ ਭਾਈ ਬੁੱਢਾ ਜੀ ਪਾਸ ਗਿਆ ਤੇ ਆਖਣ ਲਗਾ : 'ਭਾਈ ਬੁੱਢਾ ਜੀ! ਮੈਂ ਤੁਹਾਨੂੰ ਗੁਰੂ ਨਾਨਕ ਦਾ ਪਿਆਰਾ, ਉਨ੍ਹਾਂ ਸਥਾਨੀ ਸਮਝਦਾ ਸਾਂ। ਇਸੇ ਤਰ੍ਹਾਂ ਸਤਿਕਾਰ ਕਰਦਾ ਰਿਹਾ ਹਾਂ ਪਰ ਅਜ ਮੇਰਾ ਵਿਸ਼ਵਾਸ ਤੇ ਸ਼ਰਧਾ ਤਰੁਟ ਗਈ ਹੈ। ਤੁਮੀਂ ਬੀ ਅਨਜਾਯ ਕੀਤਾ ਹੈ; ਮੈਂ ਵੱਡਾ ਸਾਂ, ਗੱਦੀ ਦਾ ਹੱਕ ਮੇਰਾ ਸੀ, ਤੁਹਾਨੂੰ ਤਾਂ ਸਮਝਾਉਣਾ ਬਣਦਾ ਸੀ ਕਿ ਗੱਦੀ ਛੋਟੇ ਨੂੰ ਦੇਣੀ ਨਜਾਯ ਨਹੀਂ ਹੈ; ਤੁਸਾਂ ਨੇ ਇਹ ਅਨਜਾਯ ਕਿਉਂ ਕੀਤਾ? ਕੀ ਸੱਤਰੇ ਬਹੱਤਰੇ ਗਏ ਹੋ ਯਾ ਕੁਛ ਹੋਰ ਭਾਣਾ ਵਰਤਿਆ ਹੈ? ਝੱਟ ਉਠ ਕੇ ਤੁਸਾਂ ਤਿਲਕ ਕਰ ਦਿਤਾ। ਤੁਹਾਨੂੰ ਬਣਦਾ ਸੀ ਪਿਤਾ ਜੀ ਨੂੰ ਸਮਝਾਉਣਾ ਕਿ ਵੱਡਾ ਪੁੱਤਰ ਲਾਯਕ ਹੈ ਇਸ ਨੂੰ ਗੱਦੀ ਦਿਓ। ਤੁਹਾਡਾ ਆਖਿਆ ਪਿਤਾ ਜੀ ਕਦੀ ਨਾ ਮੋੜਦੇ। ਸਾਡੀ ਤਰੁੱਟੀ ਤੁਸਾਂ ਚਉੜ ਕੀਤੀ ਹੈ। ਹੁਣ ਸੋਚੋ ਜੇ ਮੈਂ ਆਪਣੀ ਅਕਲ ਤੇ ਪਦਾਰਥ ਨਾਲ ਪਾਤਸ਼ਾਹ ਤੋਂ ਹੁਕਮ ਲੈ ਆਵਾਂ ਕਿ ਗੱਦੀ ਦਾ ਮਾਲਕ ਇਹ ਹੈ ਤਾਂ ਤੁਹਾਡੇ ਤਿਲਕ ਦੀ ਤੇ ਪਿਤਾ ਜੀ ਦੇ ਨਰੇਲ ਪੈਸਿਆਂ ਦੀ ਕੀ ਕੀਮਤ ਰਹਿ ਜਾਏਗੀ?' ਭਾਈ ਬੁੱਢਾ ਜੀ ਨੇ ਸਾਰੀ ਹੱਤਕ ਭਰੀ ਝਿੜਕ ਠੰਢੇ ਦਿਲ ਨਾਲ ਸਹਾਰੀ। ਉਸ ਗਜਾਤ ਗੇਯ ਗੁਰਮੁਖ ਨੇ ਕੋਈ ਕੁਵਾਕ ਨਾ ਕਿਹਾ। ਮਿਠੇ ਪਿਆਰ ਭਰੇ ਪਦਾਂ ਵਿਚ ਬੋਲੇ :- ਦੇਖੋ ਭਾਈ, ਗੁਰਿਆਈ ਦੁਨੀਆਂ ਦੀ ਵਿਰਾਸਤ ਨਹੀਂ ਕਿ ਪੁਤ੍ਰ ਨੂੰ ਜ਼ਰੂਰ ਮਿਲੇ ਤੇ ਵਡੇ ਨੂੰ ਹੀ ਮਿਲੇ। ਇਹ ਵਸਤੂ ਕਰਤਾਰ ਅਧੀਨ ਹੈ, ਜੋ ਧੁਰੋਂ ਲੈ ਕੇ ਆਉਂਦਾ ਹੈ ਉਸ ਨੂੰ ਮਿਲਦੀ ਹੈ, ਚਾਹੋ ਦਾਸ ਹੋਵੇ ਚਾਹੋ ਪੁਤ੍ਰ। ਸੁਹਣੇ ਕਾਕੇ! ਤੂੰ ਸਾਰੀ ਉਮਰ ਹੰਕਾਰ ਵਿਚ ਰਿਹਾ, ਤੂੰ ਟੇਕ ਪਦਾਰਥਾਂ ਮੁਲਾਕਾਤਾਂ ਤੇ ਸਹਜ ਸਿਆਣਪਾਂ ਤੇ ਰੱਖੀ, ਕਦੀ ਪਿਤਾ ਦੇ ਅਨੁਕੂਲ ਹੋ ਕੇ ਗੁਰਮਤਿ ਗ੍ਰਹਿਣ ਨਾ ਕੀਤੀ। ਚਲਾਕੀਆਂ ਤੇ ਪੇਚਕਾਰੀਆਂ ਨਾਲ ਕਾਮਯਾਬੀ ਸਮਝੀ। ਸੰਗਤ ਦੀ ਸੇਵਾ ਕੀਤੀ, ਪਰ ਚਾਲਾਕੀਆਂ ਦੀ ਵਿਉਂਤਿ ਵਿਚ। ਉਹ ਅੰਤਰ ਜਾਗ੍ਰਿਤ; ਉਹ ਹਉਮੈ ਤਿਆਗ, ਉਹ ਪਰ ਸੁਆਰਥ, ਉਹ ਸਾਂਈਂ ਵਿਚ ਲੀਨਤਾ ਜੋ ਗੁਰੂ ਜੀ ਵਿਚ ਹੈ, ਗੁਰੂ ਤੋਂ ਨਾ ਲਈ। ਗੁਰਤਾ ਤਿਆਗ ਹੈ, ਭਾਰੀ ਜ਼ਿੰਮੇਵਾਰੀ ਹੈ, ਤੂੰ ਐਸ਼੍ਵਰਜ ਸਮਝੀ ਤੇ ਲੈਣ ਲਈ ਛਲ ਕੀਤੇ। ਕੀਕੂੰ ਤੂੰ ਕਾਮਯਾਬ ਹੁੰਦਾ ਤੇ ਮੈਂ ਤੈਨੂੰ ਕੀਕੂੰ ਤਿਲਕ ਦੇ ਦਿੰਦਾ।

ਹੁਣ ਬੀ ਮੇਰੇ ਆਖੇ ਲੱਗ; ਗੁਰੂ ਕੀ ਸ਼ਰਣ ਪੈ ਜਾ, ਉਹਨਾਂ ਦੇ ਕੀਤੇ ਤੇ ਫੁੱਲ ਚਾੜ੍ਹ, ਆਗਿਆ ਵਿਚ ਟੁਰ, ਜਿਵੇਂ ਹੁਕਮ ਦੇਣ ਕਰ! ਤੇਰਾ ਦੀਨ ਦੁਨੀ ਸੰਵਰ ਜਾਵੇਗਾ।

ਪ੍ਰਿਥੀਆ-ਹੁਣ ਕੀ ਬਣੇਗਾ, ਜਦ ਚਿੜੀਆਂ ਚੁਗ ਗਈ ਖੇਤ।

ਭਾਈ ਬੁੱਢਾ ਜੀ-ਦੀਨ ਸੰਵਰੇਗਾ ਦੁਨੀਆਂ ਸੰਵਰੇਗੀ, ਅਪਜਸ ਮਿਟੇਗਾ, ਸੁਖ ਵਰਤੇਗਾ, ਵਾਹਿਗੁਰੂ ਨਾਲ ਰਹਿ ਬਣ ਆਵੇਗੀ।

ਇਹ ਕਹਿਕੇ ਭਾਈ ਬੁੱਢਾ ਜੀ ਚੁਪ ਹੋ ਗਏ। ਫੇਰ ਉਸ ਦੇ ਵੱਧ ਘੱਟ ਬੋਲਣ ਦਾ ਕੋਈ ਉੱਤਰ ਨਾ ਦਿੱਤਾ। ਤਦ ਪ੍ਰਿਥੀਆ ਘਰ ਟੁਰ ਗਿਆ। ਫੇਰ ਪ੍ਰਿਥੀਆ ਗੁਰੂ ਸਾਹਿਬਾਂ ਪਾਸ ਗਿਆ। ਜਾਕੇ ਉਲਾਂਭੇ ਤੇ ਗਿਲੇ ਦਿਤੇ, ਕਟੂ (ਕੌੜੇ) ਬਚਨਬੀ ਕਹੇ, ਜੋ ਧਰਤੀ ਦੀ ਧੀਰਜ ਵਾਲੇ ਸਤਿਗੁਰੂ ਜੀ ਨੇ ਸਹਾਰੇ। ਪਰ ਪ੍ਰਿਥੀਆ ਸਹਾਰੇ ਤੇ ਧੈਰਜ ਨੂੰ ਕਮਜ਼ੋਰੀ ਸਮਝਦਾ ਸੀ, ਜਿਸ ਤਰ੍ਹਾਂ ਜਗਤ ਦੇ ਜ਼ੋਰਾਂ ਵਾਲੇ ਸਦਾ ਸਮਝਣ ਦੀ ਭੁੱਲ ਕਰਦੇ ਹਨ। ਇਉਂ ਫਿਰ ਕੁਛ ਅਵਾਜ਼ ਬੀ ਕਰੜੀ ਕਰਕੇ ਬੋਲਿਆ : ਜੋ ਕਵੀ ਸੰਤੋਖ ਸਿੰਘ ਜੀ ਐਉ ਦਰਸਾਈ ਹੈ :-

'ਕਿਆ ਬਿਪਰੀਤਿ ਆਪ ਨੇ ਠਾਨੀ?
ਮੇਰੀ ਵਸਤੁ ਅਲਪ ਕੋ ਦਈ॥
ਕੋ ਇਮ੍ਰਿ ਕਰਹਿ? ਨ ਆਗੇ ਭਈ॥੩੯॥


www.sikhbookclub.com

ਮੋ ਸੰਗ ਖੋਟ ਜਾਨਿਕੈ ਕਰਯੋ।
ਕੌਨ ਦੋਸ਼ ਲਖਿਕੈ ਪਰਹਰਯੋ।
ਜਿਸ ਪ੍ਰਕਾਰ ਤੁਮ ਮੁਝ ਸੋਂ ਠਾਨੀ।
ਇਸ ਕੋ ਫਲ ਦੇਖੋ ਅਗਵਾਨੀ॥੩੯॥
ਦਰਬ ਬ੍ਰਿੰਦ ਅਬਿ ਮੋਹਿ ਸਮੀਪ।
ਮਿਲਿ ਹੌਂ ਬਲੀ ਜੁ ਹੋਹਿ ਮਹੀਪਿ।
ਦੇ ਕਰਿ ਧਨੁ ਕੋ ਤਿਸੁ ਅਪਨਾਵਹੁਂ।
ਪਿਤ ਸੁਤ ਤੁਮ ਕੋ ਕਸ਼ਟ ਦਿਖਾਵਹੁਂ॥੪੦॥
ਜਬਿ ਤੁਮਰੋ ਬਸ ਚਲਹਿ ਨ ਕੋਈ।
ਖਿਨਾ ਕਰੇ ਗੁਰਤਾ ਮੁਝ ਹੋਈ।'

(ਸੂ: ਪ੍ਰ: ਸਫਾ ੧੭੩੩)

ਇਸ ਪਰ ਸ੍ਰੀ ਗੁਰੂ ਜੀ ਨੇ ਜੋ ਵਾਕ ਕਹੇ ਉਹ ਇਕ ਸ਼ਬਦ ਵਿਚ ਮੌਜੂਦ ਹਨ; ਜੋ ਸਾਰੇ ਅਵੈੜੇ ਪੁਤ੍ਰਾਂ ਦੀ ਰਹਨੁਮਾਈ ਕਰਨ :-

ਸਾਰਗ ਮਹਲਾ ੪ ਘਰੁ ੩ ਦੁਪਦਾ
੧ੴ ਸਤਿਗੁਰ ਪ੍ਰਸਾਦਿ॥

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ॥੧॥ਰਹਾਉ॥
ਜਿਸੁ ਧਨ ਦਾ ਤੁਮ ਗਰਬੁ ਕਰਤ ਹਉ
ਸੋ ਧਨੁ ਕਿਸਹਿ ਨ ਆਪ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ
ਤਉ ਲਾਗੈ ਪਛੁਤਾਪ॥੧॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ
ਹਰਿ ਤਿਨ ਕੇ ਜਾਪਹੁ ਜਾਪ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ
ਜਉ ਸੁਨਹੁ ਤਉ ਜਾਇ ਸੰਤਾਪ॥੨॥੧॥੭॥

ਪ੍ਰਿਥੀਆ ਹੋਰ ਗੁਸਤਾਖ ਹੁੰਦਾ ਗਿਆ, ਤਦ ਸ੍ਰੀ ਗੁਰੂ ਜੀ ਨੇ ਇਹ ਉਪਦੇਸ਼ ਕੀਤਾ :-

ਸੂਹੀ ਮਹਲਾ ੪॥

ਤਿਨ੍ਹੀ ਅੰਤਰਿ ਹਰਿ ਆਰਾਧਿਆ
ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ॥
ਤਿਨਕੀ ਬਖੀਲੀ ਕੋਈ ਕਿਆ ਕਰੇ
ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ॥੧॥
ਹਰਿ ਹਰਿ ਧਿਆਇ ਮਨ ਮੇਰੇ
ਮਨ ਧਿਆਇ ਹਰਿ ਜਨਮ ਜਨਮ ਕੇ
ਸਭਿ ਦੂਖ ਨਿਵਾਰਣਹਾਰਾ॥੧॥ਰਹਾਉ॥
ਧੁਰਿ ਭਗਤਿ ਜਨਾ ਕਉ ਬਖਸਿਆ
ਹਰਿ ਅੰਮ੍ਰਿਤ ਭਗਤਿ ਭੰਡਾਰਾ॥
ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ
ਤਿਸੁ ਹਲਤਿ ਪਲਤਿ ਮੁਹੁ ਕਾਰਾ॥੨॥
ਸੇ ਭਗਤ ਸੇ ਸੇਵਕਾ
ਜਿਨਾ ਹਰਿ ਨਾਮੁ ਪਿਆਰਾ॥
ਤਿਨ ਕੀ ਸੇਵਾ ਤੇ ਹਰਿ ਪਾਈਐ
ਸਿਰਿ ਨਿੰਦਕ ਕੈ ਪਵੈ ਛਾਰਾ॥੩॥
ਜਿਸੁ ਘਰਿ ਵਿਰਤੀ ਸੋਈ ਜਾਣੈ
ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ॥
ਚਹੁ ਪੀੜੀ ਆਦਿ ਜੁਗਾਦਿ
ਬਖੀਲੀ ਕਿਨੈ ਨ ਪਾਇਓ
ਹਰਿ ਸੇਵਕ ਭਾਇ ਨਿਸਤਾਰਾ॥੪॥੨॥੯॥

ਪ੍ਰਿਥੀਆ ਗੁਸਤਾਖੀ ਤੋਂ ਨਾ ਟਲਿਆ। ਕੜਵੇ ਵਾਕ ਕਰਦਾ ਰਿਹਾ; ਆਪਣੇ ਕੱਠੇ ਕੀਤੇ ਧਨ ਦਾ ਤੇ ਪਾਤਸ਼ਾਹੀ ਡਰਾਵਿਆਂ ਦੀਆਂ ਧਮਕੀਆਂ ਦੇਂਦਾ ਰਿਹਾ। ਸਤਿਗੁਰ ਜੀ ਫੇਰ :-

ਕਹਤਿ ਭਏ :- 'ਉਠ' ਥਿਰਹੁ ਨ ਆਗੋ।
ਅਬ ਤੇ ਨਹਿਂ ਹਮਰੇ ਮੁਖ ਲਾਗੋ।'

ਪ੍ਰਿਥੀਆ ਫੇਰ ਕੁਛ ਕਟੂ ਬਚਨ ਕਰਦਾ ਚਲਾ ਗਿਆ।

## ੩੦. ਅੰਤਰ ਧਜਾਨ।

**ਸ੍ਰੀ** ਗੁਰੂ ਜੀ ਖਿਮਾ ਨਿਧਾਨ ਜਾਣਦੇ ਸਨ ਕਿ ਅੰਤ ਸਮਾਂ ਨੇੜੇ ਹੈ। ਗੁਰੂ ਅਮਰਦਾਸ ਜੀ ਆਪਣੀ ਉਮਰਾ ਦੇ ਕੁਛ ਸਾਲ ਆਪ ਨੂੰ ਦੇ ਗਏ ਸਨ; ਉਹ ਹਿਸਾਬ ਹੁਣ ਪੂਰਾ ਸੀ, ਸੋ ਆਪ ਜੀ ਨੇ ਠਾਣੀ ਕਿ ਸਰੀਰ ਤਾ ਤਜਾਗ ਗੁਰੂ ਅਮਰਦਾਸ ਜੀ ਦੇ ਸ਼ਾਂਤਿਮਜ ਚਰਨਾਂ ਵਿਚ ਹੀ ਹੋਵੇ, ਜਿਥੇ ਕਿ ਸਾਰੀ ਉਮਰ ਉਨ੍ਹਾਂ ਦੀ ਸੇਵਾ ਕੀਤੀ ਤੇ ਆਤਮ ਰਸ ਮਾਣੇ ਹਨ। ਤਦ ਆਪ ਨੇ ਭਾਈ ਬੁੱਢੇ ਤੇ ਬੀਬੀ ਭਾਨੀ ਜੀ ਨੂੰ ਸਮਝਾਇਆ ਕਿ ਸਵੇਰੇ ਗੋਇੰਦਾਵਲ ਚੱਲਣੇ ਦੀ ਤਯਾਰੀ ਕਰ ਦਿਓ।


www.sikhbookclub.com

ਰਾਤ ਤਿਆਰੀ ਹੋ ਗਈ, ਤ੍ਰਿਪਹਿਰੇ ਵਜੇ ਉਠਕੇ ਗੁਰੂ ਜੀ ਸਮਾਧਿ ਸਥਿਤ ਹੋ ਗਏ। ਦੋ ਘੜੀ ਦਿਨ ਚੜ੍ਹਨ ਵਿਚ ਸੀ ਜੋ ਸਮਾਧੀ ਖੁੱਲ੍ਹੀ। ਤੁਰਨ ਦੀ ਤਿਆਰੀ ਮੁਕੰਮਲ ਸੀ, ਸੋ ਆਪ ਜੀ, ਬੀਬੀ ਭਾਨੀ ਜੀ, ਭਾਈ ਬੁੱਢਾ ਜੀ, ਮੁਖੀ ਮੁਖੀ ਸਿਖ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਟੁਰ ਪਏ ਤੇ ਤੀਜੇ ਪਹਿਰ ਗੋਇੰਦਵਾਲ ਜਾ ਪਹੁੰਚੇ। ਜਾ ਸਾਰੇ ਪਰਿਵਾਰ ਨੂੰ ਮਿਲੇ। ਸ੍ਰੀ ਮੋਹਨ ਜੀ, ਮੋਹਰੀ ਜੀ ਤੇ ਸਾਰੇ ਸਾਕ ਸੈਨ ਪ੍ਰਿਥੀਏ ਦੀ ਕਰਤੂਤ ਸੁਣਕੇ ਦੁਖੀ ਹੋਏ। ਉਸੇ ਰਾਤ ਯਾ ਦੋ ਇਕ ਰਾਤਾਂ ਮਗਰੋਂ ਸ੍ਰੀ ਗੁਰੂ ਜੀ ਨੇ ਅਪਣੇ ਸਚ ਖੰਡ ਜਾਣ ਦਾ ਵਕਤ ਪੁਗ ਗਿਆ ਦੱਸਿਆ। ਸਾਰੇ ਸਮਝ ਤਾਂ ਰਹੇ ਸਨ ਪਰ ਗੁਰੂ ਮੁਖ ਤੋਂ ਸੁਣਕੇ ਬਹੁਤ ਦਿਲਗੀਰ ਹੋਏ, ਪਰ ਗੁਰੂ ਜੀ ਨੇ ਸਭ ਨੂੰ ਸੌਣ ਦੀ ਆਗਜਾ ਕੀਤੀ। ਸਾਰਿਆਂ ਨੇ ਹੁਕਮ ਮੰਨਿਆ, ਪਰ ਨੀਂਦ ਕਿਸ ਨੂੰ ਪਵੇ? ਤ੍ਰਿਪਹਿਰੇ ਵੱਜੇ ਗੁਰੂ ਜੀ ਉਠੇ, ਸਾਰੇ ਨਾਲ ਤਯਾਰ ਹੋਏ। ਬਾਵਲੀ ਜਾਕੇ ਇਸ਼ਨਾਨ ਕੀਤਾ, ਰਬਾਬੀ ਕੀਰਤਨ ਕਰਨ ਲਗੇ, ਦੀਵਾਨ ਸਜ ਗਿਆ। ਗੁਰੂ ਜੀ ਸਮਾਧੀ ਲਾਕੇ ਨਿਜਾਨੰਦ ਵਿਚ ਮਗਨ ਹੋ ਗਏ। ਜਦ ਭੋਗ ਪੈ ਗਿਆ ਤਾਂ ਸਾਹਿਬਾਂ ਨੇ ਨੇਤ੍ਰ ਖੁਟਲੇ ਤੇ ਸਾਰੇ ਸਜੇ ਦੀਵਾਨ ਵਿਚ ਵਾਕ ਬੋਲੇ ਜੋ ਕਵੀ ਸੰਤੋਖ ਸਿੰਘ ਜੀ ਨੇ ਐਉਂ ਦਰਸਾਏ ਹਨ :-

'ਸੁਨਹੁ ਸਿਖਯ ਤੁਮ ਸਤਿਗੁਰ ਪਯਾਰੇ!
ਸਿਮਰੋ ਹਰਿ ਹਰਿ ਜਨਮ ਸੁਧਾਰੇ॥੪੩॥
ਅੰਤ ਸਮਾਂ ਅਬਿ ਭਯੋ ਹਮਾਰੈ।
ਤਨ ਤਯਾਗੈਂ ਪਰਲੋਕ ਪਧਾਰੈਂ।
ਸ੍ਰੀ ਨਾਨਕ ਗੁਰ ਅੰਗਦ ਔਰਾ।
ਸ੍ਰੀ ਗੁਰੁ ਅਮਰ ਚੌਥ ਤਨ ਮੋਰਾ॥੪੪॥
ਚਾਰਹੁੰ ਗੁਰ ਕੇ ਦਰਸ ਵਿਸ਼ੇਖਹੁ[੨੭੩]।
ਪੰਚਮ ਸ੍ਰੀ ਅਰਜਨ ਬਪੁ ਦੇਖਹੁ।
ਏਕ ਰੂਪ ਪੰਚਹੁੰ ਕੋ ਜਾਨੋ।
ਭੇਦ ਰਤੀਕੁ ਨਹੀਂ ਮਨ ਠਾਨੋ॥੪੫॥
ਹਲਤ ਪਲਤ ਹਨ ਸਿਖ ਸਹਾਇਕ।
ਇਹ ਸਭਿ ਭਾਰ ਧਾਰਿਬੇ ਲਾਇਕ।
ਦੇ ਗੁਰੁਤਾ ਗਾਦੀ ਕੋ ਸ਼ੋਭਾ।
ਰਤਨਾਕਰ ਗੰਭੀਰ ਅਛੋਭਾ॥੪੬॥
ਇਸ ਕੈ ਸੰਗ ਜੁ ਰਚੈ ਖੁਟਾਈ।
ਪੁਜਹਿ ਨ, ਦੀਨ ਦੁਨੀ ਦੁਖ ਪਾਈ।'
ਮੋਹਨ ਅਪਰ ਮੋਹਰੀ ਸਾਥ।
ਕਹਯੋ ਬਾਕ ਸੋਢੀ ਕੁਲ ਨਾਥ॥੪੭॥
'ਤੁਮ ਗੰਭੀਰ ਧੀਰ ਮਤਿਵੰਤੇ।
ਪਿਤ ਆਇਸੁ ਨਿਤ ਚਿਤ ਬਰਤੰਤੇ।
ਛਿਮਾਵੰਤ, ਗੁਨ ਬੈਸ ਮਹਾਨੇ।
ਅਨਸੂਯਕ, ਸ਼ੁਭ ਮਨ, ਨਹਿਂ ਮਾਨੇ॥੪੮॥
ਸ੍ਰੀ ਅਰਜਨ ਮਨ ਪਰਮ ਪੁਨੀਤ।
ਤੁਮ ਅਨੁਸਾਰੀ ਬਰਤੈ ਨੀਤਿ।
ਸ਼ੁਭ ਗੁਨ ਜੁਗਤ ਸੁ ਨੰਮ੍ਰਿ ਗੰਭੀਰ।
ਇਸ ਕਹੁ ਜਾਨਹੁ ਮੋਰ ਸ਼ਰੀਰ॥੪੯॥
ਗਹਹੁ ਭੁਜਾ ਨਿਰਬਾਹੋ ਸਦਾ।
ਰਾਖਹੁ ਚਿਤ, ਨ ਬਿਸਾਰਹੁ ਕਦਾ'।
ਸੁਨਤਿ ਮੋਹਰੀ ਨੇ ਤਿਹ ਸਮੇ।
ਗਹੀ ਬਾਂਹੁ ਕਰਿ ਕੈ ਗੁਰ ਨਮੋ॥੫੦॥
ਨਿਜ ਸਿਰ ਪਰ ਸੋ ਧਾਰਨ ਕਰੀ।
ਬਾਨੀ ਕਹਿਤ ਮ੍ਰਿਦੁਲ ਰਸ ਭਰੀ :-
'ਜਬਿ ਤੇ ਪਿਤ ਕੀ ਆਇਸੁ ਭਈ।
ਮੈਂ ਸ਼ਰਧਾ ਤਬਿ ਤੇ ਧਰਿ ਲਈ॥੫੧॥
ਸਤਿਗੁਰ ਰੂਪ ਪ੍ਰਿਥਮ ਤੁਮ ਭਏ।
ਬੰਦਨੀਯ ਸਭਿ ਤੇ ਬਡ ਥਏ।
ਅਬਿ ਤੁਮ ਜਿਮਹਿ ਥਿਠਾਵਹੁ ਆਪ।
ਜਗ ਗੁਰੁਤਾ ਵਡਿਆਈ ਥਾਪ॥੫੨॥
ਤੁਮ ਸਮ ਪੂਜਨੀਯ ਸਭ ਕੇਰੇ।
ਇਸ ਪ੍ਰਕਾਰ ਦਿਢ ਸ਼ਰਧਾ ਮੇਰੇ।'
ਧੰਨ ਮੋਹਰੀ ਸਤਿਗੁਰ ਕਹਯੋ!
ਪੁਨ ਸ੍ਰੀ ਅਰਜਨ ਕੀ ਦਿਸ਼ ਲਹਯੋ॥੫੩॥
'ਸੁਧਾ ਸਰੋਵਰ ਮੋਰ ਸਰੀਰ।
ਤਿਸ ਕੀ ਟਹਿਲ ਕਰਹੁ ਬਡ ਧੀਰ।
ਜਗ ਮਹਿ ਬਡੋ ਹੋਇ ਬਖਯਾਤਾ।
ਮੁਕਤਿ ਭੁਗਤਿ ਸੰਗਤਿ ਕੋ ਦਾਤਾ॥੫੪॥
ਸ੍ਰੀ ਗੁਰ ਅਮਰਦਾਸ ਕੀ ਆਇਸੁ।
ਰਹੇ ਖਨਤਿ ਹਮ ਸਭਿ ਸੁਖਦਾਇਸੁ।
ਚਹੁੰਦਿਸ਼ਿ ਤੇ ਸੋਪਾਨਿ ਬਨਾਵਹੁ।
ਹਰਿ ਮੰਦਰ ਸੁੰਦਰ ਉਸਰਾਵਹੁ॥੫੫॥
ਤਾਲ ਬਿਖੈ ਸ਼ੋਭਾ ਹੁਇ ਐਸੇ।
ਹਰਿ ਬਿਮਾਨ ਥਿਤ ਨਭ ਮਹਿਂ ਜੈਸੇ।


www.sikhbookclub.com

ਕਿਧੌਂ ਫਰਸ਼ ਬੈਡੂਰਜ ਮਨਿ ਕੋ।
ਬੀਚ ਬਨਜੋ ਘਰ ਮਹਾਂ ਬਿਸ਼ਨੁ ਕੋ॥੫੬॥
ਮਮ ਆਗਜਾ ਇਹੁ ਧਾਰਹੁ ਮਨ ਮੈਂ।
ਨਿਤ ਪ੍ਰਤਿ ਰਹੀਅਹਿ ਰਚਨ ਜਤਨ ਮੈਂ।'
ਸੁਨਿ ਕਰਿ ਸ੍ਰੀ ਅਰਜਨ ਕਰਿ ਜੋਰ।
'ਕਰਨ ਕਰਾਵਨ ਮਹਿ ਤੁਮ ਜੋਰ॥੫੭॥
ਨਮਿਤ ਮਾਤ੍ਰ ਮੈਂ ਰਹਿਹੌਂ ਮਾਂਹਿ।
ਪ੍ਰਾਨ ਹੋਤਿ ਲਗ ਸੇਵੌਂ ਤਾਂਹਿ।
ਰਹੌਂ ਰਚਨ ਪਰਸਾਦਿ ਤੁਮਾਰੋ।
ਹੋਹੁ ਮਹਾਇਕ ਆਪ ਸੰਭਾਰੋ'॥੫੮॥
ਇਮ ਸੁਨਿ ਕਰਿ ਸਤਿਗੁਰੂ ਪ੍ਰਸੰਨ।
ਕਹਜੋ 'ਹੋਹੁ ਮਭਿ ਲਾਇਆ ਧੰਨ'।
ਕਹਿ ਸੁਨਿਕੈ ਤਬਿ ਕੀਨਮ ਤਜਾਰੀ।
ਹਿਤ ਪ੍ਰਲੋਕ ਜਗੁ ਗੁਰ ਉਪਕਾਰੀ॥੫੯॥

ਹੁਣ ਜਦ ਸਭ ਕੁਛ ਹੋ ਚੁਕਾ ਤਾਂ ਸ੍ਰੀ ਗੁਰੂ ਜੀ ਆਪਣੇ ਤੁਰਨ ਦੇ ਤਜਾਰੇ ਹਿਤ ਸੁਖ ਆਸਨ ਹੋਣ ਲਈ ਉਠੇ ਤੇ ਜੋ ਆਸਣ ਅੰਤਮ ਇਸਥਿਤੀ ਵਾਸਤੇ ਬਿਛਵਾਇਆ ਸੀ, ਉਸ ਉਤੇ ਸ੍ਰੀ ਗੁਰੂ ਜੀ ਇਸਥਿਤ ਹੋਣ ਲਗੇ ਤਾਂ ਸ੍ਰੀ ਭਾਨੀ ਜੀ ਨੇ ਬਿਨੈ ਕੀਤੀ ਕਿ ਮੈਨੂੰ ਆਪਣੇ ਨਾਲ ਚਲਣੇ ਦੀ ਆਗਿਆ ਬਖਸ਼ੋ! ਇਹ ਸੁਣ ਕੇ ਸਦਾ ਅਡੋਲ, ਹਰਖ ਸ਼ੋਕ ਤੋਂ ਅਤੀਤ ਸਤਿਗੁਰੂ ਜੀ ਬੋਲੇ :-

ਸਰੀਰ ਵਾਹਿਗੁਰੂ ਜੀ ਨੇ ਬਣਾਇਆ ਹੈ, ਅਸਾਂ ਨਹੀਂ ਬਣਾਇਆ। ਜਿਸ ਨੇ ਬਣਾਇਆ ਹੈ, ਉਸੇ ਦਾ ਕੰਮ ਤੇ ਹੱਕ ਹੈ ਇਸ ਨੂੰ ਸਮਾਪਤ ਕਰਨੇ ਦਾ, ਸਾਨੂੰ ਨਹੀਂ। ਫੇਰ ਕੁਛ ਚਿਰ ਚੁਪ ਰਹਿਕੇ ਬੋਲੇ; ਜੋ ਕਵੀ ਜੀ ਨੇ ਐਉਂ ਦਰਸਾਇਆ ਹੈ :-

'ਮਹਾ ਜਸੇ ਸੁਨਿ ਭਾਗ ਮਹਾਣੀ!
ਅਪਰ ਨ ਤ੍ਰਿਯ ਕੋ ਤੋਹਿ ਸਮਾਨੀ॥੫॥
ਸ੍ਰੀ ਗੁਰੂ ਅਮਰ ਦਾਸ ਪਿਤ ਜਿਸਕੇ।
ਕੌਣ ਪਟੰਤਰ ਕਹੀਅਹਿ ਤਿਸਕੇ।
ਪੁਨ ਤੁਵ ਪਰ ਪ੍ਰਸੰਨ ਹਮ ਰਹੇ।
ਮਾਨਹਿ ਤਥਾ ਜਥਾ ਬਚ ਕਹੇ॥੬॥
ਸ੍ਰੀ ਅਰਜਨ ਭਾ ਪੁੱਤ੍ਰ ਪ੍ਰਬੀਨਾ।
ਸੋਢੀ ਕੁਲ ਦਿਨ ਉੱਜਲ ਕੀਨਾ।
ਰਾਖੀ ਗੁਰਤਾ ਕਰਿ ਜਿਠਾਈ।
ਅਪਰ ਬੀਮ ਤੇ ਰਾਖਿ ਹਟਾਈ॥੭॥
ਤੇਰੋ ਸਫਲ ਜਨਮ ਜਗ ਭਇਉ।
ਕਰਿਬੇ ਉਚਿਤ ਮਕਲਕਰਿ ਲਇਉ।
ਕਿਤਿਕ ਦਿਨਾ ਤਵ ਸ੍ਵਾਸ ਸਰੀਰ।
ਪਰਾਰਬਧ ਭੋਗੋ ਧਰਿ ਧੀਰ॥੮॥
ਪੁਨ ਸੁਖੈਨ ਹੀ ਤਨ ਕੋ ਤਜਾਗ।
ਆਇ ਮਿਲਹਿਂ ਹਮਸੋਂ ਬਡਭਾਗ।
ਹਰਖ ਸ਼ੋਕ ਅਰੁ ਰਾਗ ਜੁ ਦ੍ਵੈਸ਼।
ਅਬਿ ਤੇ ਤੋਹਿ ਨ ਹੋਹਿ ਅਸ਼ੇਸ਼'॥੯॥

ਇਮ ਪ੍ਰਕਾਰ ਧੀਰਜ ਦੇ ਕੇ ਭਾਈ ਬੁੱਢਾ ਜੀ ਵਲ ਭਾਈ ਗੁਰਦਾਸ ਜੀ ਵਲ ਤੱਕੇ; ਕੋਈ ਅਟੁੱਟ ਮਿਹਰ ਦੀ ਨਜ਼ਰ ਪਾਈ। ਫੇਰ ਸ੍ਰੀ ਗੁਰੂ ਅਰਜਨ ਜੀ ਵਲ ਪਰਮ ਕ੍ਰਿਪਾ ਦ੍ਰਿਸ਼ਟੀ ਨਾਲ ਤੱਕੇ। ਅਗਮ ਨਿਗਮ ਦੀਆਂ ਤਾਕਤਾਂ ਨਾਲ ਭਰ ਚੁਕੇ ਆਪਣੇ ਸਮਾਨ ਕੀਤੇ ਨੂੰ ਅਤਮ ਕ੍ਰਿਪਾ ਦ੍ਰਿਸ਼ਟੀ ਪਾਕੇ ਉਠੇ ਤੇ ਅਪਦੇ ਤਜਾਰ ਕਰਵਾਏ ਅੰਤਮ ਆਸਣ ਤੇ ਸਥਿਤ ਹੋ ਗਏ। ਲਗ ਗਈ ਸਮਾਧਿ ਮਾਨੋ ਰੋਜ਼ ਵਾਂਙੂ ਬੈਠੇ ਹਨ ਤੇ ਕੁਛ ਦੇਰ ਨੂੰ ਉਠਣਗੇ। ਪਰ ਚਿਹਰੇ ਤੋਂ ਇਉਂ ਜਾਪ ਰਿਹਾ ਸੀ ਜਿਵੇਂ ਕਿ ਲੀਨ ਹੁੰਦੇ ਜਾ ਰਹੇ ਹਨ ਆਪੇ ਵਿਚ ਹੀ। ਫੇਰ ਆਪ ਨੇ ਆਪਣਾ ਚਿਹਰਾ ਆਪ ਢੱਕ ਲਿਆ ਤੇ ਹੁਣ ਸਰੀਰ ਦਾ ਕੋਈ ਅੰਗ ਨਾ ਹਿੱਲਿਆ, ਨਾ ਫਰਕਿਆ; ਜਿਵੇਂ ਰੋਜ਼ ਦੀ ਸਮਾਧੀ ਹੁੰਦੀ ਸੀ ਸਮਾਧੀ ਲੱਗ ਗਈ। ਅਡੋਲ, ਹਾਂ, ਮਹਾਂ ਅਡੋਲ ਸਮਾਧੀ ਅਜ ਲੱਗ ਗਈ ਜੋ ਜਗਤਾਧਾਰ ਵਿਚ ਲੈ ਗਈ; ਜਿਸ ਨਾਲ ਸਦਾ ਜੁੜੇ ਰਹਿੰਦੇ ਸਨ ਅਜ ਉਸਦੇ ਸਰੂਪ ਵਿਚ ਲੀਨ ਹੋ ਗਏ। ਪ੍ਰੇਮੀ ਤੱਕ ਰਹੇ ਹਨ; ਤੱਕੋ ਪਜਾਰਿਓ! ਹੁਣ ਓਹ ਨੈਣ ਨਹੀਂ ਤੱਕਣਗੇ। ਜੋ ਰੋਜ਼ ਤੁਸਾਂ ਤੇ ਮਿਹਰਾਂ ਨਾਲ ਤੱਕਦੇ ਸਨ। ਹੁਣ ਦਿਬਜ ਨੈਣ ਅਰਸ਼ਾਂ ਤੋਂ ਤੱਕਿਆ ਕਰਨਗੇ ਤੁਸਾਂ ਨੂੰ ਤੇ ਆਉਣ ਵਾਲੇ ਸਮਿਆਂ ਦੇ ਪ੍ਰੇਮੀਆਂ ਨੂੰ ਜੋ ਪ੍ਰੇਮ ਪਜਾਰ ਨਾਲ ਉਚਾਰਿਆ ਕਰਨਗੇ 'ਧੰਨ ਗੁਰੂ ਰਾਮਦਾਸ'। ਲਿਖਿਆ ਹੈ ਕਿ ਉਸ ਵੇਲੇ ਅਕਾਸ਼ ਵਿਚ ਇਕ ਪ੍ਰਕਾਸ਼ ਹੋ ਚਮਕਿਆ। ਸ਼ਬਦ ਗੁੰਜਾਰ ਇਕ ਅਰੂਪ ਰੂਪ ਵਾਲੀ ਪਸਰ ਗਈ। ਬੀਬੀ ਭਾਨੀ, ਭਾਈ ਬੁੱਢਾ, ਭਾਈ ਗੁਰਦਾਸ, ਸ੍ਰੀ ਮੋਹਨ ਜੀ, ਸ੍ਰੀ ਮੋਹਰੀ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸਾਰਾ ਪਰਿਵਾਰ, ਸਾਰੇ ਨਗਰ ਦੇ ਲੋਕ ਸਿਖ ਸੰਗਤ


www.sikhbookclub.com

ਪਰਵਾਰਿਤ ਬੈਠੇ ਆਪਣੇ ਵਿਚੋਂ ਮਾਨੋਂ ਸੁੰਨ ਹੋ ਗਏ। ਇਕ ਚੁਪ ਸ਼ਾਂਤਿ ਛਾ ਗਈ। ਐਸਾ ਪ੍ਰਭਾਵ ਸੀ ਕਿ ਮਾਨੋਂ ਵਾਯੂ ਦੀ ਥਾਂ ਆਤਮ ਭਰਪੂਰ ਹੋ ਰਿਹਾ ਸੀ। ਜਿਸ ਵੇਲੇ ਨਿਸਚਿਤ ਹੋ ਗਿਆ ਕਿ ਹੁਣ ਪਵਿਤ੍ਰ ਸਰੀਰ ਹੀ ਪਵਿਤ੍ਰ ਸਰੀਰ ਰਹਿ ਗਿਆ ਹੈ ਤੇ ਆਤਮਾਂ ਅੰਤਰ ਧਯਾਨ ਹੋ ਗਈ ਹੈ ਤਾਂ ਪਹਿਲਾਂ ਵਾਹਿਗੁਰੂ ਵਾਹਿਗੁਰੂ ਦੀ ਧੁਨਿ ਲਗੀ, ਫੇਰ ਰਬਾਬੀਆਂ ਨੇ ਕੀਰਤਨ ਆਰੰਭ ਦਿਤਾ[੨੭੪]। ਵੈਰਾਗ, ਵੈਰਾਗ, ਵੈਰਾਗ, ਪਰਮ ਵੈਰਾਗ ਛਾ ਗਿਆ।

ਸ੍ਰੀ ਪਾਵਨ ਗੁਰੂ ਕੇ ਪ੍ਰੇਮੀ ਭਟ ਜੀ ਲਿਖਦੇ ਹਨ:-

ਦੇਵ ਪੁਰੀ ਮਹਿ ਗਯਉ
ਆਪਿ ਪਰਮੇਸ੍ਵਰ ਭਾਯਉ॥
ਹਰਿ ਸਿੰਘਾਸਣੁ ਦੀਅਉ
ਸਿਰੀ ਗੁਰੁ ਤਹ ਬੈਠਾਯਉ॥
ਰਹਸੁ ਕੀਅਉ ਸੁਰ ਦੇਵ
ਤੋਹਿ ਜਸੁ ਜਯ ਜਯ ਜੰਪਹਿ॥
ਅਸੁਰ ਗਏ ਤੇ ਭਾਗਿ ਪਾਪ
ਤਿਨ ਭੀਤਰਿ ਕੰਪਹਿ॥
ਕਾਟੇ ਸੁ ਪਾਪ ਤਿਨ੍ ਨਰਹੁ ਕੇ
ਗੁਰੁ ਰਾਮਦਾਸੁ ਜਿਨ੍ ਪਾਇਯਉ॥
ਛਤ੍ਰ ਸਿੰਘਾਸਨੁ ਪਿਰਥਮੀ
ਗੁਰ ਅਰਜੁਨ ਕਉ ਦੇ ਆਇਅਉ॥੨॥੨੧॥

(ਸਵ: ਮ: ਪੰਜਵੇ ਕੇ ੫)

**- ਇਤਿ -**


www.sikhbookclub.com

# ਅੰਤਕਾ

## ਟੂਕਾਂ ਅਰਥਾਤ ਫੁਟ ਨੋਟ।

ਪਿਛੇ ਪਾਤਸ਼ਾਹੀ ਦੂਸਰੀ, ਤੀਸਰੀ ਤੇ ਚੌਥੀ ਦੇ ਜੋ ਪ੍ਰਸੰਗ ਆਏ ਹਨ, ਉਨ੍ਹਾਂ ਵਿਚ ਜਗ੍ਹਾ ਜਗ੍ਹਾ ਕਿਸੇ ਕਿਸੇ ਪਦ ਉਤੇ ਬ੍ਰੀਕ ਅੰਕ ਅਗੇ ਹੋਏ ਹਨ, ਇਕ ਤੋਂ ੨੭੪ ਤਕ। ਇਨ੍ਹਾਂ ਦਾ ਭਾਵ ਇਹ ਹੈ ਕਿ ਕੋਈ ਵਿਸ਼ੇਸ਼ ਵੇਰਵਾ ਇਨ੍ਹਾਂ ਦੇ ਤਅੱਲਕ ਦਾ ਹੋਰ ਹੈ ਜਿਸ ਦੇ ਦੇਣ ਦਾ ਆਮ ਰਿਵਾਜ ਸਫੇ ਦੇ ਹੇਠਾਂ ਲੀਕ ਵਾਹ ਕੇ ਹੁੰਦਾ ਹੈ, ਉਸ ਨੂੰ ਅੰਗ੍ਰੇਜ਼ੀ ਵਿਚ 'ਫੁਟ ਨੋਟ' ਤੇ ਪੰਜਾਬੀ ਵਿਚ 'ਟੂਕ' ਕਹੀਦਾ ਹੈ। ਅਸਾਂ ਓਹ ਹਰ ਸਫੇ ਤੇ ਨਹੀਂ ਦਿਤੇ ਕਿ ਜੋ ਪਾਠ ਕਰਦਿਆਂ ਰਸ ਦੀ ਲੜੀ ਬੱਝਦੀ ਹੈ, ਟੂਕਾਂ ਵਲ ਧਿਆਨ ਦਿਤਿਆਂ ਉਸ ਵਿਚ ਰਸ ਹਾਨੀ ਹੁੰਦੀ ਹੈ; ਇਸ ਕਰਕੇ ਓਹ ਸਾਰੀਆਂ ਟੂਕਾਂ ਏਥੇ ਸਾਰੇ ਪ੍ਰਸੰਗਾਂ ਦੇ ਅਖੀਰ ਤੇ ਰਖੀਆਂ ਹਨ ਕਿ ਜਿਨ੍ਹਾਂ ਸਜਣਾਂ ਨੂੰ ਖੋਜ ਪੜਤਾਲ ਦੀ ਲੋੜ ਹੋਵੇ ਓਹ ਖੇਚਲ ਕਰਕੇ ਅਖੀਰ ਤੋਂ ਵਾਚ ਲੈਣ। ਉਹ ਟੂਕਾਂ ਦੀ ਲੜੀ ਹੁਣ ਆਰੰਭ ਹੁੰਦੀ ਹੈ।

ਨੋਟ-ਹੇਠ ਟੂਕਾਂ ਦੇ ਸ਼ੁਰੂ ਵਿਚ ਦੋ ਭਾਂਤ ਦੇ ਅੰਕ ਹਨ। ਪਹਿਲਾ ਅੰਕ ਟੂਕ ਦੀ ਗਿਣਤੀ ਦਾ ਹੈ, ਤੇ ਦੂਜਾ ਉਹ ਪੰਨੇ ਦਾ ਅੰਕ ਹੈ, ਜਿਸ ਦਾ ਇਹ ਟੂਕ ਦਾ ਨਿਸ਼ਾਨ ਪਿਛੇ ਆ ਚੁਕਾ ਹੈ। ਇਸ ਅੰਕ ਨਾਲ 'ੳ.ਅ.ੲ.ਸ.' ਇਨ੍ਹਾਂ ਚਾਰ ਅੱਖਰਾਂ ਵਿਚੋਂ ਕੋਈ ਇਕ ਅੱਖਰ ਹੈ! ਇਸ ਦਾ ਭਾਵ ਇਹ ਦੱਸਣ ਦਾ ਹੈ ਕਿ ਜਿਸ ਅੰਕ ਦੇ ਸੰਬੰਧ ਵਿਚ ਟੂਕ ਹੈ ਉਹ ਓਸ ਸਫੇ ਦੇ ਕਿਹੜੀ ਥਾਵੇਂ ਦਿਤਾ ਹੋਇਆ ਹੈ। ਸਫੇ ਦੇ ਦੋ ਭਾਗ ਹਨ ਤੇ ਅਗੋਂ ਫਿਰ ਹਰ ਇਕ ਭਾਗ ਦੇ ਦੋ ਭਾਗ ਹੋਰ ਕੀਤੇ ਗਏ ਹਨ। ਇਉਂ ਹਰ ਸਫੇ ਨੂੰ ਚਾਰ ਭਾਗਾਂ ਵਿਚ ਵੰਡਿਆਂ ਹੈ! ਪਹਿਲੇ ਕਾਲਮ ਦੇ ਪਹਿਲੇ ਅੱਧ ਲਈ, 'ੳ', ਦੂਜੇ ਹੇਠਲੇ ਅੱਧ ਲਈ 'ਅ' ਤੇ ਦੂਜੇ ਕਾਲਮ ਦੇ ਉਪਰਲੇ ਅੱਧ ਲਈ 'ੲ' ਤੇ ਦੂਜੇ ਹੇਠਲੇ ਅੱਧ ਲਈ 'ਸ' ਵਰਤਿਆ ਗਿਆ ਹੈ। ਭਾਵ ਇਹ ਹੈ ਕਿ ਜੋ ਕੋਈ ਪਾਠਕ ਟੂਕ ਤੋਂ ਉਸਦੀ ਥਾਂ ਲੱਭਣੀ ਚਾਹੇ ਤਾਂ ਦਿਤੇ ਅੰਕ ਤੇ ਅੱਖਰ ਤੋਂ ਝਟ ਹੀ ਉਹ ਥਾਂ ਲੱਭ ਸਕੇ।

### ਪਾਤਸ਼ਾਹੀ ਦੂਸਰੀ ਸ੍ਰੀ ਗੁਰੂ ਅੰਗਦ ਦੇਵ ਜੀ-

੧-੨ ਸ- ਅਚਲ ਵਟਾਲੇ ਸ਼ਿਵਰਾਤ੍ਰੀ ਤੇ ਭੰਗ੍ਰ ਨਾਥ ਤੇ ਹੋਰ ਜੋਗੀ ਗੁਰੂ ਨਾਨਕ ਦੇਵ ਜੀ ਨੂੰ ਪੂਰਨ ਪੁਰਖ ਮੰਨ ਗਏ ਸਨ। ਯਥਾ: ਸਿਧਿ ਬੋਲਨਿ ਸੁਭ ਬਚਨਿ: ਧੰਨੁ ਨਾਨਕ ਤੇਰੀ ਵਡੀ ਕਮਾਈ। ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ।। (ਵਾਰ ਭਾ: ਗੁਰਦਾਸ ੧-੪੪) ਏਥੇ ਇਕ ਜੋਗੀ ਦਾ ਨਾਮ 'ਗੋਪੀ' ਆਇਆ ਹੈ, ਇਹ ਗੋਪੀ ਰੰਗ ਪੁਰ ਬੰਗਾਲ ਦਾ ਰਾਜਾ ਗੋਪੀ ਚੰਦ ਯੋਗੀ ਨਹੀਂ ਸੀ। ਇਹ ਸੀ ਭੰਗਰ ਨਾਥ ਦਾ ਬਾਲਕਾ ਹੋਰ ਯੋਗੀ।

੨-੪ ੲ- ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ (ਰਾਮ: ਵਾਰ ਸਤਾ ਬਲਵੰਡ)

੩-੫ ੳ- ਅਹਿਨਿਸਿ ਰਾਵੇ ਭਗਤਿ ਜੋਗੁ।। (ਬਸੰਤ ਮ: ੧)
ਪੁਨਾ-ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ।। (ਵਾਰ ਭਾ: ਗੁਰਦਾਸ ੧-੨੮)

੪-੫ ਅ- ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹਿ ਮੁਰਟੀਐ।। (ਵਾਰ ਸਤੇ ਬਲਵੰਡ)

੫-੬ ੳ- ਰਾਵੀ ਦਾ ਸੰਸਕ੍ਰਿਤ ਨਾਮ ਹੈ ਐਰਾਵਤੀ। ਐਰਾਵਤੀ ਦਾ ਅਰਥ ਹੈ ਸਮੁੰਦਰ ਦੀ ਜਾਈ ਜਾਂ ਸਮੁੰਦਰ ਵਲ ਜਾਣ ਵਾਲੀ। ਇਰਾਵਤ=ਸਮੁੰਦਰ

੬-੬ ਅ- ਅਜਿਤਾ ਰੰਧਾਵਾ, ਧੀਰੋ ਨਾਈ, ਬੂੜਾ ਕਲਾਲ, ਭਗੀਰਥ ਅਨੰਦ ਤੇ ਸਾਧਾਰਣ।। (ਜ: ਸਾਖੀ ਬਾਲਾ)

੭-੭ ੳ- ਪੜ੍ਹੋ ਭਾਈ ਗੁਰਦਾਸ ਦੀ ਵਾਰ ੨੪ ਦੀ ਪਉੜੀ ੫, ੬, ੭ ਤੇ ੮।

੮-੭ ੲ-ਨਾਹ = ਸੁਆਮੀ, ਪਰਮੇਸ਼ੁਰ।

੯-੭ ਸ- ਇਹ ਗੁਰੂ ਘਰ ਦੀ ਰੀਤੀ, ਆਦਿ ਤੋਂ, ਖਬਰੇ ਅਜ ਤੋਂ ਤੁਰੀ ਤੇ ਤੁਰੀ ਰਹੀ। ਛੇਵੇਂ ਗੁਰਾਂ ਦੇ ਵੇਲੇ ਭਾਈ ਗੁਰਦਾਸ ਨੇ ਲਿਖ ਦਿਤੀ-ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ। (ਭਾ: ਗੁਰਦਾਸ ਵਾਰ ੧੩-੧੯) ਦਸਮੇ ਜਾਮੇ ਪੰਜ ਖਾਲਸਿਆਂ ਦੇ ਹੱਥ ਗੁਰਿਆਈ ਦੇ ਕੇ ਗੁਰ ਦੀਖਯਾ-ਅੰਮ੍ਰਿਤ-ਉਸ ਗੁਰੂ ਰੂਪਤਾ ਤੇ ਪ੍ਰਮੇਸ਼ੁਰ ਰੂਪਤਾ ਨੂੰ ਸੌਂਪ ਦਿਤਾ ਖਾਲਸੇ ਨੂੰ-ਤਯਾਰ ਬਰਤਯਾਰ ਨਾਮ ਬਾਣੀ ਦੇ ਪ੍ਰੇਮੀ ਖਾਲਸਾ ਨੂੰ-ਗੁਰੂ ਗ੍ਰੰਥ ਸਾਹਿਬ ਦੀ ਤਾਬਿਆ।

 www.sikhbookclub.com

੧੦-੮ ਸ- ਇਹ ਪਿੰਡ ਖਡੂਰ ਤੋਂ ਦੋ ਕੁ ਕੋਹ ਦੀ ਵਿੱਥ ਤੇ ਹੁੰਦਾ ਸੀ। ਏਥੇ ਸਨ ਸਾਹੁਰੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ, ਇਥੇ ਹੀ ਆਪ ਆਕੇ ਰਹੇ ਸਨ।

੧੧-੧੧ ੳ- ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ।। (ਮਾਰੂ ਮ:੧)

੧੨-੧੧ ਅ- ਵਿਰਾਈ ਦੇ ਘਰ ਵਾਲੇ ਦਾ ਨਾਉਂ ਮਹਿਮਾ ਸੀ। ਬਾਲੇ ਵਾਲੀ ਜਨਮ ਸਾਖੀ ਵਿਚ ਨਾਉਂ ਨਿਹਾਲਾ ਦਿੱਤਾ ਹੈ।

੧੩-੧੨ ੲ-ਸੂਰਜ ਪ੍ਰਕਾਸ਼ ਨੇ ਛੇ ਮਹੀਨੇ ਲਿਖੇ ਹਨ।

੧੪-੧੨ ਸ-ਤ੍ਰਿਕਾਲਗਜ=ਤਿੰਨਾਂ ਕਾਲਾਂ ਦੇ ਜਾਣਨਹਾਰ।

੧੫-੧੨ ਸ- ਭਾਲ=ਮੱਥੇ ਉਤੇ। ਭਾਲ=ਲੱਭਣ ਦਾ।

੧੬-੧੩ ਸ-ਬਾ: ਜਨਮ ਸਾਖੀ ਵਿਚ ਲਿਖਿਆ ਹੈ ਕਿ ਬੀਬੀ ਜੰਦਰਾ ਮਾਰੀ ਰਖਦੀ ਸੀ ਬੂਹੇ ਨੂੰ। ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ:-ਮਾਈ ਵਿਰਾਈ ਕੋ ਆਗਜਾ ਕੀਤੀ ਜੋ ਮਾਈ ਵਿਰਾਈ ਕੋਠਰੀ ਕਾ ਦਰਵਾਜ਼ਾ ਮੁੰਦਕੇ ਕੋਠਰੀ ਕਉ ਲੇਪ ਛੋਡਨਾ। ਜੋ ਸਾਡੀ ਖਬਰ ਪੁਛੇ ਤੋਂ ਦਸਨਾ ਨਹੀਂ। ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ- 'ਦਰ ਚਿਣ ਦਿਤਾਂ' (੧੩੪੧ ਸਫਾ)

੧੭-੧੪ ੳ- ਦੀਨ ਦੁਨੀ ਦੀ ਸਾਹਿਬੀ ਗੁਰਮੁਖਿ ਗੋਸ ਨਮੀਨੀ ਬਹਣਾ।
ਕਾਰਣ ਕਰਣ ਸਮਰਥ ਹੈ ਹੋਇ ਅਛਲੁ ਛਲ ਅੰਦਰਿ ਛਹਣਾ।
ਪੁਤੁ ਸਪੁਤੁ ਬਬਾਣੇ ਲਹਣਾ। (ਵਾਰ ਭਾ: ਗੁ: ੧੪-੭)

੧੮-੧੫ ਅ- ਤਬ ਬੁੱਢੇ ਕਹਿਆ ਮਿਹਰਖਾਨ ਬਾਬੇ ਜੀ ਕਾ ਬਚਨ ਹੈ ਜਗਤ ਕਉ ਉਪਦੇਸ਼ ਕਰਨਾ, ਬਾਹਰ ਚਲੀਐ।। (ਮਹਿਮਾ ਪ੍ਰ: ਵਾ: ੨੮/੨)

੧੯-੧੫ ੲ- ਸਚੇ ਪਾਤਸ਼ਾਹ! ਜਗਤ ਪਰ ਅੰਧਕਾਰ ਹੋਇ ਰਹਿਆ ਹੈ। (ਮਹਿਮਾ ਪ੍ਰਾ:ਵਾ: ੨੮/੨)

੨੦-੧੬ ਅ- ਇਹ ਨਵੀਨ ਖੋਜ ਹੈ, ਵਾਸ਼ੂ ਜੀ ਬੀ ਇਹੋ ਲਿਖਦੇ ਹਨ। (ਭਾਗ ੨ ਸਫਾ ੪)

੨੧-੧੬ ਸ- ਗੁਰੂ ਨਾਨਕੋ ਵਾਚ ਗੁਰੂ ਅੰਗਦ ਪ੍ਰਤੀ-ਬਲਵੰਡ ਰਬਾਬੀ ਤੁਮ ਸੰਗਿ ਜਾਵੈ। ਸਮੇ ਸਮੇ ਹਰਿ ਕੀਰਤਨ ਗਾਵੈ।।(ਮਹਿ:ਪ੍ਰ:ਛੰ: ੧੬੪) ਪੁਨਾ : ਬਲਵੰਡ ਮੇਰਾ ਰਬਾਬੀ ਹੈ ਇਸ ਕੋ ਨਾਲਿ ਲੈ ਜਾਈਐ ਤੁਸਾਡੇ ਰੋਬਰੂ ਕੀ ਚਉਕੀ ਕਰੈਗਾ। (ਮਹਿ ਪ੍ਰ: ਵਾਰ ੨੬)

੨੨-੧੬ ਸ- ਸੂਰਜ ਪ੍ਰਕਾਸ਼ ਵਿਚ ਬਲਵੰਡ ਤੇ ਸਤਾ ਭਰਾ ਲਿਖੇ ਹਨ-ਹੁਤੋ ਡੂਮ ਬਲਵੰਡ ਮਹਾਨਾ। ਸਤਾ ਤਿਸਕੋ ਅਨੁਜ ਸੁਜਾਨਾ। (ਸੂ:ਪ੍ਰ:ਰਾ: ੩-੪੩)

੨੩-੧੭ ੳ- ਐਉਂ ਸੱਤੇ ਬਲਵੰਡ ਦੀ ਚੌਂਕੀ ਖਡੂਰ ਵਿਖੇ ਗੁਰੂ ਜੀ ਦੇ ਹਜ਼ੂਰ ਆਰੰਭ ਹੋਈ। ਜਿਨ੍ਹਾਂ ਦੀ ਅਉਲਾਦ ਹੁਣ ਤਾਈਂ ਖਡੂਰੀਏ ਰਬਾਬੀ ਕਹਾਉਂਦੀ ਹੈ।

੨੪-੧੭ ੳ- ਅਰ ਬਲਵੰਡ ਨੇ ਰਬਾਬ ਵਜਾਇਆ! (ਮਹਿ: ਪ੍ਰ: ਵਾ: ਸਫਾ ੨੮)
ਬਲਵੰਡ ਰਬਾਬੀ ਸ਼ਬਦ ਕੀ ਚਉਕੀ ਕੀਆ।। (ਮਹਿ: ਪ੍ਰ: ਵਾ: ੨੮/੨)

੨੫-੧੯ ੲ- 'ਰਸਦਾਂ ਦਾ ਊਠ ਪਹੁੰਚਣਾ ਪ੍ਰਗਟ ਹੁੰਦੇ ਸਾਰ' ਇਹ ਗਲ ਕਥਾ ਵਿਚ ਤਾਂ ਆ ਰਹੀ ਸੀ, ਪਰ ਲਿਖਤੀ ਪੱਖ ਵਿਚ ਬੀ ਬਾਲੇ ਵਾਲੀ ਜਨਮ ਸਾਖੀ ਵਿਚ ਹੈ, ਚਾਹੇ ਥੋੜੇ ਥੋੜੇ ਫਰਕ ਹਨ।

੨੬-੨੦ ੲ- ਗੁਰੂ ਅੰਗਦ ਜੀ ਦੇ ਦਰਬਾਰ ਦੋ ਲੰਗਰ ਵਰਤੀਦੇ ਲਿਖੇ ਹਨ, ਇਕ ਗੁਰੂ ਸ਼ਬਦ ਦਾ ਦੂਜਾ ਖਾਣ ਪੀਣ ਦਾ। ਪਹਿਲਾ ਗੁਰੂ ਜੀ ਆਪ ਵੰਡਦੇ ਸੇ, ਦੂਸਰਾ ਸ੍ਰੀ ਮਾਤਾ ਖੀਵੀ ਜੀ। ਯਥਾ-"ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ।। ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ।" ਦੂਸਰੇ ਲੰਗਰ ਲਈ ਲਿਖਿਆ ਹੈ: "ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ। ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।।" (ਰਾਮ : ਵਾਰ ਸਤੇ ਬਲਵੰਡ ਦੀ।)


www.sikhbookclub.com

੨੭-੨੦ ਅ- ਇਹ ਧਰਮਸਾਲ ਚੁਹੱਟਾ ਜਵਾਹਰ ਮਲ ਵਿਚ ਸਿਰੀਆਂ ਵਾਲੇ ਮਹੱਲੇ ਵਿਚ ਹੁਣ ਤਕ (੧੯੪੩ ਈ:) ਅਜੇ ਬੀ ਹੈ।

੨੮-੨੬ ੳ- ਮੰਗੋਵਾਲ, ਕੁੰਜਾਹ ਤੋਂ ੪ ਮੀਲ ਦੱਖਣ ਰੁਖ ਹੈ, ਗੁਜਰਾਤ ਤੋਂ ਵੀਹ ਬਾਈ ਮੀਲ ਤੇ।

੨੯-੨੬ ਅ- ਮੁਕਤਸਰ ਤੋਂ ਪੰਜ ਸਤ ਕੋਹ ਪੂਰਬੋਤਰ ਨੂੰ ਹੈ। ਜ਼ਿਲਾ ਫੀਰੋਜ਼ਪੁਰ ਹੈ।

੩੦-੨੬ ਅ- ਚੌਹਾਂ ਦੇ ਨਾਮ ਇਹ ਹਨ-ਰਾਜਾਨੀ, ਗੁਰਯਾਮਲ, ਫੇਰੂ ਮਲ, ਅਰਬੀ ਮਲ।

੩੧-੨੬ ੲ- ਵਿਰਾਈ ਦਾ ਨਾਉਂ ਸੂਰਜ ਪ੍ਰਕਾਸ਼ ਤੇ ਤਵਾ: ਖਾ: ਨੇ ਭਿਰਾਈ ਦਿਤਾ ਹੈ। ਕਿਸੇ ਨੇ ਨਿਹਾਲੀ ਬੀ ਦਿਤਾ ਹੈ ਪਰ ਪ੍ਰਸਿਧ ਨਾਮ ਠੀਕ ਵਿਰਾਈ ਹੀ ਸਹੀ ਹੁੰਦਾ ਹੈ।

੩੨-੨੬ ਸ- ਇਸ ਮਾਤਾ ਜੀ ਦਾ ਨਾਮ ਦਇਆ ਕੌਰ ਦਸੱਦੇ ਹਨ, ਪਰ ਪ੍ਰਸਿਧ ਨਾਮ ਸਭਰਾਈ ਸੀ। ਤਵਾ: ਖਾ: ਨੇ ਨਿਹਾਲ ਕੌਰ ਦਿਤਾ ਹੈ, ਵਾਸੂ ਜੀ ਨੇ ਸਭਰਾਈ ਹੀ ਦਿਤਾ ਹੈ।

੩੩-੨੭ ੳ-ਤਵਾ: ਖਾਲਸਾ (੫੦੯ ਸਫਾ)। ਸ੍ਰੀ ਗੁਰੂ ਜੀ ਦੇ ਅਵਤਾਰ ਦੇ ਸੰਮਤ ਆਦਿ ਸੰਬੰਧੀ ਖੋਜ ਲਈ ਦੇਖੋ ਅਗੇ ਦਿਤਾ ਨਕਸ਼ਾ ਜੋ ਟੂਕ ੩੯ ਦੇ ਅੱਗੇ ਇਸ ਸਫੇ ਪਰ ਹੇਠ ਹੈ।

੩੪-੨੭ ਅ- ਪੁਰਾਣਾ ਸੰਘਰ ਪਿੰਡ ਹੁਣ ਢਹਿ ਚੁਕਾ ਹੈ;

੩੫-੨੭ ਅ-੧੫੨੬ ਬਿ:। ਪੁਨਾ ੧੫੨੬ ਮਘਰ ੧੯ (ਗੁਰਮਤ ਪੰਚਾਂਗ)

੩੬-੨੭ ੲ-ਸ਼ੁਹਦਾ ਤਦੋਂ ਵਿਚਾਰੇ ਨੂੰ ਆਖਦੇ ਸਨ, ਲਹਿੰਦੇ ਵਲ ਹੁਣ ਬੀ ਬੋਲਦੇ ਹਨ।

੩੭-੨੮ ੳ- ਇਸ ਤੋਂ ਪਹਿਲੋਂ ਇਕ ਯਾ ਇਕ ਤੋਂ ਵੱਧ ਫੇਰਾ ਗੁਰੂ ਕਾ ਖਡੂਰ ਪੈ ਚੁਕਾ ਸੀ ਤੇ ਮਾਈ ਪਹਿਲੇ ਫੇਰੇ ਹੀ ਗੁਰਮੁਖ ਹੋ ਗਈ ਸੀ। ਵਾਸੂ ਜੀ ਦੂਜਾ ਫੇਰਾ ਲਿਖਦੇ ਹਨ ਇਸ ਫੇਰੇ ਨੂੰ।

੩੮-੨੮ ਅ- ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ। (ਭਾ: ਗੁ: ਵਾਰ-੧-੩੮)

੩੯-੨੯ ੳ- ਸਤਿਗੁਰ ਜੀ ਦੇ ਅਵਤਾਰ ਸੰਬੰਧੀ ਜੋ ਜੋ ਦਿਨ, ਵਾਰ, ਤਿਥੀ; ਪ੍ਰਵਿਸ਼ਟੇ, ਨਛਤ੍ਰ, ਸੰਨ, ਸੰਮਤ, ਵਕਤ ਅੱਡ ਅੱਡ ਲੇਖਕਾਂ ਨੇ ਦਿਤੇ ਹਨ, ਹੇਠ ਦਿਤੇ ਜਾਂਦੇ ਹਨ:-

| ਗਿਣਤੀ | ਨਾਮ ਪੋਥੀ ਯਾ ਕਰਤਾ ਪੋਥੀ | ਸੰਮਤ ਤੇ ਸੰਨ ਅਵਤਾਰ ਧਾਰਨ ਦਾ | ਤਰੀਕ (ਪ੍ਰਵਿਸ਼ਠੇ) | ਥਿਤ ਵਦੀ ਸੁਦੀ | ਵਾਰ | ਵਕਤ | ਨਛਤ੍ਰ | ਸਫਾ ਗਰੰਥ ਦਾ |
|---|---|---|---|---|---|---|---|---|
| ੧ | ਗੁਰਬੰਸ ਚੰਦ੍ਰੋਦਯ (ਅਮੀਰ ਸਿੰਘ) | ੧੫੬੦ ਬਿ: | ਵਿਸਾਖ, ੧੧ | | ਸੋਮਵਾਰ | ਚਾਰ ਘੜੀ ਰਾਤ ਰਹਿੰਦੀ | ਭਰਨੀ ਨਛਤ੍ਰ ਚਰਨ ੩ | ਸਫਾ ੨੫ |
| ੨. | ਗੁਰਮਤ ਪੰਚਾਂਗ | ੧੫੬੧ ਬਿ: | | ਵੈਸਾਖਵਦੀ ੧੧ | ਸੋਮਵਾਰ | ਚਾਰ ਘੜੀ ਰਾਤ ਰਹਿੰਦੀ | ਭਰਨੀ ਨਛਤ੍ਰ ਚਰਨ ਤੀਸਰਾ | ਸਫਾ ੨ |
| ੩. | ਤਵਾਂ: ਖਾਲਸਾ | ੧੫੬੧ ਬਿ: | ਵਿਸਾਖ ਦੀ ੧੧ | ਸੁਦੀ ੧* | ਸੋਮਵਾਰ | ਅੰਮ੍ਰਿਤ ਵੇਲੇ | ਭਰਨੀ ਨਛਤ੍ਰ | ਨੰ:੧ ਹਿੱਸਾ ੨ ਸਫਾ ੫੦੯ |
| ੪. | ਸ੍ਵਾਂਨਿਅ ਉਮਰੀ ਗੁਰੂ ਅੰਗਦ ਦੇਵ (ਉਰਦੂ) | ੧੫੬੧ ਬੀ: ੧੫੦੪ ਈ: | ਵਿਸਾਖ ੧੧ | | | ਚਾਰ ਘੜੀ ਰਾਤ ਰਹਿੰਦੀ | | ਸਫਾ ੨ |
| ੫. | ਮੈਕਾਲਫ | ੧੫੬੧ ਬਿ: ੧੫੦੪ ਈ: | ਵਿਸਾਖ ਦੀ ੧੧ | | | ਚਾਰ ਘੰਟੇ ਰਾਤ ਰਹੀ | | ਜ਼ਿਲਦ ੨ ਸਫਾ ੧ |
| ੬. | ਵਾਸੂ ਜੀ | ੧੫੦੪ ਈ: (੧੫੬੧ ਬਿ:) | ਮਾਰਚ ੩੧ | | | | | ਸਫਾ ੨ ਟੈਪ ਦਾ |
| ੭. | ਮਹਾਨ ਕੋਸ਼ | ੧੫੬੧ ਬਿ: ੧੫੦੪ ਈ: | ਵੈਸਾਖ ੫ ਮਾਰਚ ੩੧ | ਵੈਸਾਖਵਦੀ ੧ | ਐਤਵਾਰ | | | ਸਫਾ ੩੩੩ ਜਿਲਦ ੧ |

* ਟੂਕ ਦੇਖੋ ਏਸੇ ਨਿਸ਼ਾਨ ਦੀ ਅਗਲੇ ਪੰਨੇ ਦੇ ਹੇਠ।

 www.sikhbookclub.com

ਪਿਛਲੇ ਪੰਨਾ ੨੫੨ ਤੋਂ ਅਗੇ

| | | | | | | | | |
|---|---|---|---|---|---|---|---|---|
| ੮. | ਭਾ: ਤੇਜਾ ਸਿੰਘ | ਸੰ: ੧੫੬੧ ਬਿ: ੧੫੦੪ ਈ: | ਵੈਸਾਖ ਦੀ ੫ ੩੧ ਮਾਰਚ | ਵਦੀ ੧ | ਐਤਵਾਰ | | | ਸਫਾ ੫ |
| ੯. | ਗੁਰ ਕੁਲ ਦੀਪਕ ਪਤ੍ਰਿਕ ਖਾ: ਟ੍ਰੈ:ਸੁ: | ੧੫੬੧ ਬਿ: | | ਵੈਸਾਖ* ਸੁਦੀ ੧ | | | | |
| ੧੦. | ਚੀਫ ਖਾ. ਦੀਵਾਨ | ੧੫੬੧ ਬਿ: ੧੫੦੪ ਈ: | | ਵੈਸਾਖ* ਸੁਦੀ ੧ | | | | |
| ੧੧. | ਮਾਖ਼ਜ਼ ਤਾਰੀਖੇ ਸਿਖਾਂ (ਪ੍ਰੋ: ਗੰਡਾ ਸਿੰਘ ਜੀ) | ੧੫੬੧ ਬਿ: (੧੫੦੪ ਈ:) | ੩੧ ਮਾਰਚ | ਵੈਸਾਖ ਵਦੀ ੧ | | | | |
| ੧੨. | ਬੰਸਾਵਲੀ ਨਾਮਾ (ਕੇਸਰ ਸਿੰਘ) | ੧੫੬੬ | ਵੈਸਾਖ ਦੀ ੧੧ | | ਸੋਮਵਾਰ | ਚਾਰ ਘੜੀ ਰਾਤ ਰਹਿੰਦੀ | ਭਰਨੀ ਨਛਤ੍ਰ ਚਰਨ ਤੀਸਰੇ | ਸਫਾ ੨੦ |
| ੧੩. | ਸੂਰਜ ਪ੍ਰਕਾਸ਼ | ੧੫੬੭ | | | | | | ੧੩੩੪ |
| ੧੪. | ਗੁਰ ਪ੍ਰਨਾਲੀ ਕ੍ਰਿਤ ਗੁਲਾਬ ਸਿੰਘ | ੧੫੬੭ ਬਿ: | ਵਿਸਾਖ ਦੀ ੧੧ | ਵੈਸਾਖ ਵਦੀ ੧੧ | | ਚਾਰ ਘੜੀ ਰੈਣ ਰਹੀ | ਭਰਨੀ ਨਛਤ੍ਰ | |

੪੦-੩੦ ੳ- ਏਥੇ ਪਹਿਲਾਂ ਗੁਰਦੁਆਰਾ ਸੀ ਜੋ ਦਰਯਾ ਦੀ ਢਾਹ ਨਾਲ ਗੁੰਮ ਹੋ ਚੁਕਾ ਹੈ, ਮੁੜਕੇ ਕਿਸੇ ਪ੍ਰੇਮੀ ਨੇ ਯਾਦਗਾਰ ਨਹੀਂ ਕਾਇਮ ਕੀਤੀ।

੪੧-੩੦ ੲ- ਸੈਦ ਪੁਰ ਕਤਲਾਮ ਦਾ ਦਰਦਨਾਕ ਦ੍ਰਿਸ਼ਯ ਗੁਰੂ ਨਾਨਕ ਦੇਵ ਜੀ ਨੇ ਦੇਖਿਆ ਤੇ ਲਿਖਿਆ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ।

੪੨-੩੦ ਸ- ਬਾਬਰ ੧੫੨੪ ਈ: (੧੫੮੧ ਬਿ:) ਵਿਚ ਸਰਹਿੰਦ ਤਕ ਆਕੇ ਮੁੜ ਗਿਆ, ਫੇਰ ੧੫੨੫ ਈ: ਦੇ ਦਸੰਬਰ ਵਿਚ ਆ ਪਿਆ। ਅਪ੍ਰੈਲ ੧੫੨੬ ਤਕ ਬਾਬਰ ਦੇ ਅਧੀਨ ਦਿੱਲੀ ਤੇ ਆਗਰਾ ਪੂਰੀ ਤ੍ਰਾਂ ਹੋ ਗਏ।

੪੩-੩੧ ੳ- ੧੫੩੦ ਈਸਵੀਂ ਦਸੰਬਰ ੨੬।

੪੪-੩੯ ੲ- ਏਹ ਪ੍ਰਸੰਗ ਗੁਰ ਨਾਨਕ ਚਮਤਕਾਰ ਦੇ ਪ੍ਰਸੰਗ ੮੯ ਸ੍ਰੀ ਪਾਵਨ ਲਹਿਣਾ ਜੀ ਵਿਚ ਆ ਚੁਕੇ ਹਨ।

੪੫-੪੦ ੲ- 'ਪੁਰਖਾ ਜੀ ਤੁਸੀਂ ਖਡੂਰ ਜਾਇਕੇ ਰਹੋ। ਮਾਈ ਬਿਰਾਈ ਦੇ ਘਰ ਸਾਡੇ ਬੈਠਣ ਦੀ ਮੰਜੀ ਹੈ, ਉਸ ਪਰ ਜਾਇ ਕਰ ਤੁਮ ਬੈਠੋ। ਮੇਰਾ ਸਿੰਘਾਸਨ ਵਹੀ ਹੈ, ਤੁਮ ਉਥੇ ਜਾਇ ਕਰ ਬੈਠੋ। (ਮਹਿਮਾ ਪ੍ਰਕਾਸ਼)

੪੬-੪੧ ਸ- ਅਰ ਬਰਤਨ ਮਾਟੀ ਕਾ ਹੋਤਾ, ਚਾਰ ਬਰਨ ਏਕਠੇ ਪ੍ਰਸਾਦ ਪਾਵਤੇ। (ਮਹਿਮਾ ਪ੍ਰ: ਵਾ:)
ਚਾਰ ਬਰਨ ਊਹਾਂ ਸਮਸਰੈ। ਮਾਟੀ ਕੇ ਬਰਤਨ ਭੋਜਨ ਕਰੇ।
ਬਿਧਿ ਨਿਖੇਧ ਜਾਂਕੇ ਮਨ ਹੋਈ। ਐਸੋ ਤਹਾਂ ਨ ਜਾਵੈ ਕੋਈ (ਮਹਿਮਾ ਪ੍ਰ: ਛੰ:)

੪੭-੪੧ ਅ- ਸਾਹਿਬ ਸਹਿਜ ਸਮਾਧੀ ਮੇਂ ਲੀਣ ਹੋਤੇ। (ਮ: ਪ੍ਰ: ਵਾ:)

੪੮-੪੧ ਸ- ਗੁਰ ਜੀ ਦੀ ਦ੍ਰਿਸ਼ਟੀ ਦੀ ਇਹ ਤਾਸੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੀ ਲਿਖੀ ਹੈ। ਸ੍ਰੀ ਕਲ੍ਯ ਜੀ ਨੇ ਲਿਖਿਆ ਹੈ-ਜਾਕੀ ਦ੍ਰਿਸਟੀ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ ਤਿਮਰ

* ਸ੍ਰੀ ਗੁਰੂ ਜੀ ਦਾ ਅਵਤਾਰ ਗੁਰਦੁਆਰਿਆਂ ਤੇ ਸੰਗਤਾਂ ਵਿਚ ਵੈਸਾਖ ਸੁਦੀ ਏਕਮ ਨੂੰ ਮਨਾਇਆ ਜਾਂਦਾ ਹੈ।


www.sikhbookclub.com

ਅਗ੍ਯਾਨ ਜਾਹਿ ਦਰਸ ਦੁਆਰ।। (ਸਵ: ਮ:੨ ਕੇ)

ਕਲਿਪਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ..................।। (ਸਵ ਮ: ੨ ਕੇ)

ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ।। (ਸਵ ਮ: ੨ ਕੇ)

ਪੁਨਾ: ਮਹਿਮਾ ਪ੍ਰਕਾਸ਼ ਵਾਰਤਕ ਲਿਖਦਾ ਹੈ:-ਜਿਸ ਪਰ ਦ੍ਰਿਸ਼ਟਿ ਪੜਤੀ ਤਿਸਕਾ ਦਰਦ ਦੁਖ ਸਭ ਦੂਰ ਹੋਤਾ। (ਪੰਨਾ ੩੦/੨) ਪੁਨਾ: ਪ੍ਰਥਮ ਦ੍ਰਿਸ਼ਟੀ ਜਿਸ ਪਰ ਤਬ ਪਰੈ।। ਰੋਗੀ ਰੋਗ ਦੁਖੀ ਦੁਖ ਹਰੈ। (ਸੂ: ਪ੍ਰ: ੧-੧੦)

੪੯-੪੨ ੳ- ਮਾਟੀ ਕੇ ਬਾਸਨ ਹੁਇ ਸਾਰੇ। ਪਤ੍ਰਨ ਮੇਂ ਅਚਿ ਅਹਾਰੇ। (ਸੂ: ਪ੍ਰ:)

੫੦-੪੨ ੳ-ਮ: ਪ੍ਰ: ਵਾਰਤਕ ਪੰਨਾ ੩੦।

੫੧-੪੨ ੳ-ਸੂ: ਪ੍ਰ: ਸਫਾ ੧੩੪੭-੪੮।

੫੨-੪੨ ਅ- ਫੇਰ ਬਲਵੰਡ ਰਬਾਬੀ ਕੀ ਚਉਕੀ ਹੋਤੀ ਸਬਦ ਕੀ।। (ਮ: ਪ੍ਰ: ਵਾ:)

੫੩-੪੨ ਅ-ਮ:ਪ੍ਰ:ਵਾ: ੩੦।

੫੪-੪੪ ਅ- ਗੋਇੰਦਵਾਲ ਵਿਚ ਦੋ ਪੋਥੀਆਂ ਸਨ। ਤੀਸਰੇ ਸਾਹਿਬਾਂ ਦੀਆਂ ਮੋਹਨ ਜੀ ਨੂੰ ਦਿੱਤੀਆਂ ਹੋਈਆਂ। ਜਿਨ੍ਹਾਂ ਵਿਚੋ ਪੰਚਮ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦ ਲਏ ਸਨ। ਹੁਣ ਇਨ੍ਹਾਂ ਵਿਚੋਂ ਇਕ ਪੋਥੀ ਸਾਹਿਬ ਯਹਯਾਪੁਰ ਯਾ ਅਹਯਾਪੁਰ (ਹੁਸ਼ਿਆਰ ਪੁਰ ਦੇ ਜ਼ਿਲੇ) ਵਿਚ ਹੈ। ਦੂਸਰੀ ਗੋਇੰਦਵਾਲ ਵਿਚ ਸੀ, ਜੋ ਥੀ ਓਥੋਂ ਚਲੀ ਗਈ ਸੀ। ਅਜ ਕੱਲ ਇਹ ਪੋਥੀ ਸਾਹਿਬ ਪਟਯਾਲੇ ਵਿਚ ਹੈ। ਇਸ ਪੋਥੀ ਦੇ ਪੰਨਾ ੨੧੫ ਪ੍ਰਿਸ਼ਟ ੨ ਦੇ ਹਾਸ਼ੀਏ ਤੇ ਇਹ ਇਬਾਰਤ ਲਿਖੀ ਹੋਈ ਅਸਾਂ ਆਪ ਪੜ੍ਹੀ ਸੀ ਤੇ ਉਤਾਰ ਆਂਦੀ ਸੀ; 'ਗੁਰੂ ਅੰਗਦ ਗੁਰਮੁਖੀ ਅੱਖਰ ਬਾਨਾਏ ਬਾਬੇ ਦੇ ਅਗੇ ਸਬਦ ਭੇਟ ਕੀਤਾ'। ਅਰਥਾਤ ਗੁਰੂ ਨਾਨਕ ਦੇਵ ਜੀ ਦੀ ਆਗਯਾ ਵਿਚ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅੱਖਰ ਵਿਉਂਤੇ ਤੇ ਪਿਹਲਾ ਸ਼ਬਦ ਉਨ੍ਹਾਂ ਅੱਖਰਾਂ ਵਿਚ ਲਿਖਕੇ ਗੁਰੂ ਜੀ ਨੂੰ ਇਹ ਦਿਖਲਾਇਆ ਸੀ। ਫਿਰ ਮਹਿਮਾ ਪ੍ਰਕਾਸ਼ (ਛੰਦਾ ਬੰਦੀ) ਵਿਚ ਐਉਂ ਲਿਖਿਆ ਹੈ:-ਸਤਿਗੁਰ ਨਾਨਕ ਜੀ ਕਹਿਓ ਸਨ ਸਤਿ ਪੁਰਖ ਮਤਿ ਸਾਰ। ਗੁਰਮੁਖ ਪੰਥ ਹਰ ਕੋ ਰਚੋ ਗੁਰਮਤ ਮੰਤ੍ਰ ਉਚਾਰ। ਚੌਪਈ-ਸਤਿ ਬਚਨ ਸਤਿਗੁਰ ਮਤਿ ਧਾਰਾ। ਤਬ ਗੁਰਮੁਖਿ ਅਛਰ ਲਿਖੇ ਸੁਚਾਰਾ। ਗੁਰਮੁਖਿ ਵਰਨ ਲਿਖਿ ਪੋਥੀ ਕਰਾ। ਜੈ ਗੁਰਮੁਖ ਪੰਥ ਜਗ ਧਰਾ।।੧੦।।

(ਮਹਿਮਾ ਪ੍ਰਕਾਸ਼ ਛੰ: ਸਫਾ ੨੦੭ ਪ੍ਰਿ: ੨। ਪੋ: ਛੋ:)

੫੫-੪੪ ਅ- ਪੁਰਾਤਨ ਜਨਮ ਸਾਖੀ ਪ੍ਰਸੰਗ ੫੭।

੫੬-੪੪ ਅ- ਪੁਰਾਤਨ ਜਨਮ ਸਾਖੀ ਪ੍ਰਸੰਗ ੩੨ ਤੋਂ ੩੭।

੫੭-੪੪ ੲ- ਸ਼ੀਹੇ ਛੀਬੇ ਤੋਂ ਕੁਛ ਬਾਨੀ ਮਿਲੀ ਸੀ ਰਾਮਕਲੀ ਦੀ ਅਤੇ ਇਹ ਸ਼ਬਦ 'ਸਹੰਸਰ ਦਾਨ ਦੇ ਇੰਦ੍ਰ ਰੋਆਇਆ' ਤੇ ਕੁਛ ਮਾਰੂ ਸੋਲਹੇ ਮ: ੧, ਦੇ 'ਅਰਬਦ ਨਰਬਦ ਧੁੰਧੂਕਾਰਾ ਆਦਿ। ਦੇਖੋ ਪੁਰਾਤਨ ਜਨਮ ਸਾਖੀ ਪ੍ਰਸੰਗ ੪੯

੫੮-੪੪ ੲ- ਇਸ ਸਜਣ ਪਾਸ ਕੇਵਲ ੨੭ ਪਉੜੀਆਂ ਸਨ। ਸਲੋਕ ਵਾਰ ਵਿਚ ਗੁਰੂ ਅਰਜਨ ਦੇਵ ਜੀ ਨੇ ਚਾੜ੍ਹੇ ਹਨ ਤੇ ਇਕ ਪਉੜੀ ਵਿਚ ਆਪਣੀ ਰਚਿਤ ਵੀ ਪਾਈ ਹੈ, ਪਰ ਉਸ ਨਾਲ ਸਾਫ ਲਿਖ ਦਿੱਤਾ ਹੈ 'ਪਉੜੀ ਨਵੀ ਮਹਲਾ ੫'। ਇਉਂ ਵਾਰ ਮਲਾਰ ਦੀਆਂ ਹੁਣ ੨੮ ਪਉੜੀਆਂ ਹਨ।

੫੯-੪੪ ੲ- ਬਾਣੀ ਸੈਦੋ ਜਟ ਜਾਤ ਘੇਹੋ ਲਿਖੀ। (ਪੁ: ਜ: ਸਾਖੀ ਪ੍ਰਸੰਗ ੪੬)

੬੦-੪੪ ੲ- ਪੁਰਾਤਨ ਜਨਮ ਸਾਖੀ ਪ੍ਰਸੰਗ ੩੫ ਤੇ ਸਫਾ ੭੫-੭੬।

੬੧-੪੪ ਸ-ਗੁਰੂ ਅੰਗਦ ਦੇਵ ਜੀ ਦੇ ਬਾਣੀ ਇਕੱਠੀ ਕਰਕੇ ਪੋਥੀ ਲਿਖਣ ਦਾ ਜ਼ਿਕਰ ਮਹਿਮਾ ਪ੍ਰਕਾਸ਼ ਵਾਰਤਨ

 www.sikhbookclub.com

(ਸੰ: ੧੭੯੮) ਵਿਚ ਹੈ। ਯਥਾ: ਅਸੀਂ ਬਾਣੀ ਲਿਖਣ ਲਗੇ ਥੇ। ਪੁਨਾ: 'ਜੋ ਕੁਛ ਤੈਨੂੰ ਬਾਬੇ ਜੀ ਕਾ ਬਚਨ ਚਿਤ ਹੈ ਸੋ ਲਿਖਾਇ ਦੇਇ'। ਪੁਨਾ: ਅਰ ਸਭ ਬਾਣੀ ਸ੍ਰੀ ਮੁਖਵਾਕ ਬਾਬੇ ਜੀ ਦੇ ਬਲ ਸੇ ਸਭ ਹਜ਼ੂਰ ਮੈਂ ਬੈਠਕੇ ਲਿਖਾ। ਪੋਥੀ ਤਿਆਰ ਹੋਈ। (ਸਫਾ ੨੯/੨)

ਪੁਨਾ : ਗੁਰਮੁਖਿ ਵਰਨ ਲਿਖ ਪੋਥੀ ਕਰਾ। (ਮਹਿ ਪ੍ਰ: ਛੰ: ਬੰਧੀ)

ਤਵਾ : ਖਾਲਮਾ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਗੁਰੂ ਬਾਬੇ ਦੇ ਸ਼ਬਦ ਜੋ ਟਾਕਰੇ, ਫਾਰਸੀ, ਨਾਗਰੀ ਅਖਰਾਂ ਵਿਚ ਲੋਕਾਂ ਲਿਖਾਏ ਸੇ ਗੁਰਮੁਖੀ ਅਖਰਾਂ ਵਿਚ ਲਿਖਵਾਉਂਦੇ ਰਹੇ ਤੇ ਜਨਮਸਾਖੀ ਬੀ ਪੈੜੇ ਮੋਖੇ ਤੋਂ ਲਿਖਵਾਈ। (ਸਫਾ ੫੩੧)

੬੨-੪੪ ਸ- ਜਿਨ੍ਹਾਂ ਨੇ ਗੁਰੂ ਨਾਨਕ ਦੀ ਪਹਿਲੀ ਉਮਰਾ ਦੇ ਹਾਲਾਤ ਵੇਖੇ ਮਨ ਵਿਚ, ਤਲਵੰਡੀ ਇਨ੍ਹਾਂ ਵਿਚੋਂ ਬਾਲੇ ਦਾ ਨਾਉਂ ਵਿਸ਼ੇਸ਼ ਦੱਸੀਦਾ ਹੈ ਤੇ ਜਿਸ ਦੀ ਹਸਤੀ ਪਰ ਸ਼ੱਕ ਬੀ ਕੀਤਾ ਜਾਂਦਾ ਹੈ, ਪਰ ਅਚਰਜ ਨਹੀਂ ਕਿ ਸਫਰਾਂ ਵਿਚ ਇਹ ਨਾਲ ਘੱਟ ਯਾ ਨਾ ਹੋਣ, ਪਰ ਤਲਵੰਡੀ ਵਿਚ ਵਸਦੇ ਹੋਣ ਕਰਕੇ ਤੇ ਗੁਰੂ ਕੇ ਸ਼ਰਧਾਲੂ ਹੋਣ ਕਰਕੇ ਬਾਲਪੁਨੇ ਦੇ ਹਾਲ ਇਨ੍ਹਾਂ ਪਾਸੋਂ ਵਧੇਰੇ ਮਿਲੇ ਹੋਣ। ਇਹ ਕਿਹਾ ਜਾਂਦਾ ਹੈ ਕਿ ਭਾਈ ਗੁਰਦਾਸ ਜੀ ਨੇ ਬਾਲੇ ਦਾ ਨਾਮ ਨਹੀਂ ਦਿਤਾ, ਪਰ ਉਹਨਾਂ ਦੀ ਫਹਿਰਿਸਤ ਵਿਚ ਪਦ 'ਬਾਲ' ਤਾਂ ਹੈ ਜੋ ਬਾਲੇ ਦਾ ਵਾਚਕ ਬੀ ਹੋ ਸਕਦਾ ਹੈ ਤੇ ਵਿਸ਼ੇਸ਼ਣ ਵੀ ਹੋ ਸਕਦਾ ਹੈ। ਭਾਈ ਗੁਰਦਾਸ ਜੀ ਦੀ ਤੁਕ ਐਉਂ ਹੈ:-

ਤਾਰੂ ਪੋਪਟੁ ਤਾਰਿਆ ਗੁਰਮੁਖਿ ਬਾਲ ਸੁਭਾਇ ਉਦਾਸੀ ੧੧/੧੩। ਯਾਦ ਰਹੇ ਕਿ ਭਾਈ ਗੁਰਦਾਸ ਜੀ ਨੇ ੧੧ਵੀਂ ਵਾਰ ਵਿਚ ਪ੍ਰਸਿਧ ਤੇ ਚੋਟੀ ਦੇ ਸਿਖਾਂ ਦੇ ਨਾਮ ਦਿਤੇ ਹਨ, ਸਾਰੇ ਸਿਖ ਤਾਂ ਹੋਰ ਕਿਤਨੇ ਹੀ ਪ੍ਰਸਿਧ ਬੀ ਵਿਚ ਨਹੀਂ ਆਏ। ਛੇਵੀਂ ਪਾਤਸ਼ਾਹੀ ਦੇ ਸਮੇਂ ਤਕ ਤਾਂ ਸਿਖ ਲੱਖਾਂ ਹੀ ਸਨ, ਸਾਰੇ ਇਸ ਫਹਿਰਿਸਤ ਵਿਚ ਨਹੀਂ ਹਨ।

੬੩-੪੪ ਸ- (ਸੰਸ: ਸ+ਅਕਸ਼ੀ) ਅੱਖਾਂ ਨਾਲ ਦੇਖਣ ਵਾਲਾ। ੨. ਅੱਖਾਂ ਨਾਲ ਦੇਖੀ ਹੋਈ ਵਾਰਤਾ। ਸੋ 'ਸਾਖੀ' ਦੇ ਦੋ ਅਰਥ ਹਨ-੧। ਦੇਖਣ ਵਾਲਾ ਤੇ ੨. ਦੇਖੀ ਹੋਈ ਗਲ ਬਾਤ। ਭਾਈ ਗੁਰਦਾਸ ਜੀ ਵੀ ਲਿਖਦੇ ਹਨ-'ਇਹ ਮੁਖ ਸਾਖੀ ਸ਼ਬਦ ਸੁਣਾਇਆ'।

੬੪-੪੫ ਉ- ਸ਼ੋਕ ਹੈ ਕਿ ਇਸ ਪਹਿਲੀ ਜਨਮ ਸਾਖੀ ਦਾ ਪਹਿਲਾ ਤੇ ਮੁਸਤਨਿਦ ਨੁਸਖਾ ਨਹੀਂ ਮਿਲਦਾ। ਇਸਨੂੰ ਤੇ ਪੁਰਾਤਨ ਜਨਮਸਾਖੀ ਨੂੰ ਭੰਨ ਤੋੜ ਕੇ ਹਿੰਦਾਲੀਆਂ ਨੇ ਖ਼ਰਾਬ ਕੀਤਾ ਸੀ। ਸਿਆਣੇ ਦੱਸਦੇ ਹਨ ਤੇ ਕਈ ਲੇਖਕ ਲਿਖਦੇ ਬੀ ਹਨ ਕਿ ਇਸ ਪਹਿਲੀ ਜਨਮਸਾਖੀ ਨੂੰ ਪਹਿਲੋਂ ਮਿਹਰਬਾਨ ਜੀ ਨੇ ਤੇ ਫੇਰ ਹਿੰਦਾਲੀਆਂ ਨੇ ਭੰਨਿਆ ਤੋੜਿਆ ਤੇ ਗੁੰਮ ਕੀਤਾ ਤੇ ਇਸ ਦੀ ਥਾਵੇਂ ਹੋਰ ਲਿਖੀਆਂ ਤੇ ਲਿਖਣੇ ਦਾ ਸੰਮਤ ਬੀ ਗ਼ਲਤ ਪਾਇਆ। ਭਾਈ ਮਨੀ ਸਿੰਘ ਨੂੰ ਸਿਖਾਂ ਨੇ ਇਸੇ ਲਈ ਜਨਮ ਸਾਖੀ ਲਿਖਣ ਲਈ ਕਿਹਾ ਸੀ ਕਿ ਓਹ ਜਨਮ ਸਾਖੀ ਸੋਧਕੇ ਲਿਖਣ। ਸੋ ਉਹਨਾਂ ਨੇ ਜੋ ਲਿਖੀ ਸੀ ਉਸ ਨੂੰ 'ਗਿਆਨ ਰਤਨਾਵਲੀ' ਬੀ ਕਹਿੰਦੇ ਹਨ। ਆਪ ਜੀ ਨੂੰ ਪੁਰਾਤਨ ਜਨਮ ਸਾਖੀ ਨਹੀਂ ਮਿਲੀ ਜਾਪਦੀ, ਜਿਸਨੂੰ ਕਿਸੇ ਨੇ ਛੇਵੇਂ ਗੁਰਾਂ ਦੇ ਵੇਲੇ ਲਿਖਿਆ ਹੈ, ਜੋ ੧੬੯੨ ਬਿ: ਦੀ ਲਿਖੀ ਹੋਈ ਸਹੀ ਹੁੰਦੀ ਹੈ। ਬਾਲੇ ਦੇ ਨਾਉਂ ਜੋ ਪ੍ਰਸਿੱਧ ਜਨਮਸਾਖੀ ਅਜ ਕੱਲ ਆਮ ਮਿਲਦੀ ਹੈ, ਇਸ ਵਿਚ ਇਹ ਪੁਰਾਤਨ ਜਨਮ ਸਾਖੀ ਵਰਤੀ ਹੋਈ ਹੈ। ਇਸ ਪ੍ਰਸਿੱਧ ਜਨਮ ਸਾਖੀ ਵਿਚ ਅਸਲ ਜਨਮ ਸਾਖੀ ਦੀਆਂ ਸਾਖੀਆਂ ਬੀ ਹੈਨ ਤੇ ਵਿਗਾੜ ਤਿਗਾੜ ਬਨਾਵਟਾਂ ਬੀ ਹੈਨ। ਸੋ ਅਜਕਲ ਸਾਡੇ ਪਾਸ ਸਭ ਤੋਂ ਪੁਰਾਣੀ ਚੀਜ਼ ਪੁਰਾਤਨ ਜਨਮ ਸਾਖੀ ਹੀ ਹੈ, ਜਿਸਨੂੰ ਵਲੈਤ ਵਾਲੀ ਬੀ ਆਖਦੇ ਹਨ।

੬੫-੪੫ ਸ- ਜਾਪਦਾ ਹੈ ਕਿ ਇਹ ਜੋਗੀ ਉਹੀ ਸਨ ਜੋ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਨਾਲ ਭੰਗਰ ਨਾਥ ਦੀ ਅਗੁਵਾਨੀ ਹੇਠ ਅਚਲ ਚਰਚਾ ਕਰਦੇ ਲਿਖੇ ਹਨ।

੬੬-੪੬ ਅ- ਮਹਿਮਾ ਪ੍ਰ: ਵਾ: ੩੦।੨: ਬਿਨਾਂ ਅਸ਼ਟਾਂਗ ਜੋਗ ਕੇ ਆਤਮਾ ਨਿਰਮਲ ਨਹੀਂ ਹੋਤਾ ਅਰ ਸਿਧਿ ਬੀ ਪ੍ਰਾਪਤ ਨਹੀਂ ਹੋਤੀ।

੬੭-੪੭ ਅ- ਜੋਗੀ ਗਿਆਨ ਵਿਹੂਣਿਆ ਨਿਸਿ ਦਿਨਿ ਅੰਗਿ ਲਗਾਇਨਿ ਛਾਰਾ।। (ਭਾ:ਗੁ:ਵਾ:੧-੨੯)

 www.sikhbookclub.com

੬੮-੪੭ ਅ- ਇਹ ਵਾਰਤਾਲਾਪ ਗੁਰ ਨਾਨਕ ਦੇਵ ਜੀ ਦੇ ਉਸ ਸ਼ਬਦ ਦਾ ਖੁੱਲ੍ਹਾ ਅਨੁਵਾਦ ਹੈ ਜੋ ਐਉਂ ਹੈ-

ਸੂਹੀ ਮਹਲਾ ੧ ਘਰੁ ੭ ੧ਓਂ ਸਤਿਗੁਰ ਪ੍ਰਸਾਦਿ।

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ। ਜੋਗੁ ਨਾ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ।। ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।।੧।। ਗਲੀ ਜੋਗੁ ਨ ਹੋਈ।। ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ।।੧।। ਰਹਾਉ।। ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ।। ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ।। ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।।੨। ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ।। ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ। ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।।੩।। ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ।। ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ।। ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ।।੪।।੧।।੮।।

੬੯-੪੭ ੲ- ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ (ਭਾ:ਗੁ:ਵਾ:੧-੨੯)

੭੦-੪੭ ਸ- ਪਾਪ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ (ਭਾ:ਗੁ:ਵਾ:੧-੨੯)

੭੧-੪੮ ਓ- ਬਿਲਾਵਲੁ ਮਹਲਾ ੧।। ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟਿ ਹੀ ਤੀਰਥਿ ਨਾਵਾ।। ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ।।੧।। ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ।।ਕਉਣੁ ਜਾਣੈ ਪੀਰ ਪਰਾਈ।। ਹਮ ਨਾਹੀ ਚਿੰਤ ਪਰਾਈ।।੧।। ਰਹਾਉ।। ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ।। ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮਾਰੀ।।੨।। ਸਿਖ ਮਤਿ ਸਭ ਬੁਧਿ ਤੁਮਾਰੀ ਮੰਦਿਰ ਛਾਵਾ ਤੇਰੇ। ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ।।੩।। ਜੀਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ।। ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ।।੪।।੨।।

੭੨-੪੮ ੳ- ਮ:੨।। ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ। ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ।।੩।। (ਸੂਹੀ ਵਾਰ-੧੯)

੭੩-੪੮ ੲ- ਜੈਸੀ ਮੈ ਆਵੇ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ। (ਤਿਲੰ: ਮ: ੧)

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ। (ਵਾਰ ਮਲਾਰ ਮ:੧)

੭੪-੪੮ ਸ- ਇਹ ਸਤਿਗੁਰ ਜੀ ਦੀ ਵਾਰਤਾਲਾਪ ਆਪ ਜੀ ਦੇ ਉਚਾਰੇ ਇਸ ਸਲੋਕ ਵਿਚ ਹੈ: ਸਲੋਕ ਮ:੨ ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨ ਬੀਚਾਰੁ।। ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ।। ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ।। ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ।। ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ।। ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ।। ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ।।੧।। (ਵਾਰ ਸਾਰੰਗ ੧੬)

੭੫-੫੦ ੳ- ਤਬ ਸਿਧਉ ਨੇ ਨਮਸਕਾਰ ਕੀਆ ਅਰ ਕਹਾ: ਕਿ ਤੂ ਵਹੀ ਪੁਰਖ ਹੈ ਕੁਛ ਭੇਦ ਨਹੀਂ। (ਮਹਿਮਾ ਪ੍ਰ: ਵਾ: ੩੧)

੭੬-੫੦ ਸ- ਤਵਾ: ਖਾ: ਨੇ ਇਸ ਨੂੰ ਭਾਈ ਜੋਧ ਦੇਵਤਾ ਦੇ ਨਾਲ ਗੁਰੂ ਕੇ ਲੰਗਰ ਦੀ ਸੇਵਾ ਕਰਦਾ ਬੀ ਦੱਸਿਆ ਹੈ। (ਪੰਨਾ ੫੬੦)

ਗੁਰ ਸਿਖ ਵਾੜੀ ਵਿਚ ਭਾਈ ਕਿਦਾਰੂ ਦਾ ਪ੍ਰਸੰਗ ਜ਼ਰਾ ਵਿਸਥਾਰ ਨਾਲ ਹੈ।

 www.sikhbookclub.com

੭੭-੫੧ ਅ-ਇਹ ਗਲ ਭਾਈ ਗੁਰਦਾਸ ਜੀ ਨੇ ਬੀ ਲਿਖੀ ਹੈ, ਜਦੋਂ ਸੁਮੇਰ ਤੇ ਗੁਰੂ ਜੀ ਗਏ ਤਾਂ ਸਿੱਧਾਂ ਨੇ ਦੇਸ਼ ਦਾ ਹਾਲ ਪੁਛਿਆ ਤਾਂ ਜੋ ਜਵਾਬ ਦਿੱਤੇ ਉਨ੍ਹਾਂ ਵਿਚ ਗੁਰੂ ਜੀ ਨੇ ਕਿਹਾ-ਪਾਪ ਗਿਰਾਸੀ ਪਿਰਥਮੀ ਧਉਲ ਖੜਾ ਧਰ ਹੇਠ ਪੁਕਾਰਾ। ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ। ਜੋਗੀ ਗਿਆਨ ਵਿਹੂਣਿਆ ਨਿਸਿ ਦਿਨਿ ਅੰਗਿ ਲਗਾਇਨਿ ਛਾਰਾ। ਬਾਝੁ ਗੁਰੂ ਡੁਬਾ ਜਗ ਸਾਰਾ।। (ਵਾਰ ੧/੨੯) ਪੁਨਾ: ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ। ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।.......ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।..... ਵਰਤਿਆ ਪਾਪ ਸਭਸ ਜਗ ਮਾਹੀ। (ਵਾਰ ੧-੩੦)

੭੮-੫੧ ੲ- ਇਹ ਗਲ ਕਿ ਸਿਧ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਪੰਥ ਵਿਚ ਲੈਣਾ ਚਾਹੁੰਦੇ ਸਨ ਭਾਈ ਗੁਰਦਾਸ ਜੀ ਨੇ ਵੀ ਲਿਖੀ ਹੈ। ਯਥਾ: ਸਿਧੀ ਮਨੇ ਬੀਚਾਰਿਆ ਕਿਵੈਂ ਦਰਸ਼ਨ ਏਹ ਲੇਵੈ ਬਾਲਾ। ਐਸਾ ਜੋਗੀ ਕਲੀ ਮਾਹਿ ਹਮਰੈ ਪੰਥ ਕਰੈ ਉਜਿਆਲਾ। (ਵਾਰ ੧-੩੧)

ਇਹੋ ਪ੍ਰਯੋਜਨ ਸਿੱਧਾਂ ਦਾ ਗੁਰੂ ਅੰਗਦ ਦੇਵ ਜੀ ਪਾਸ ਆਉਣੇ ਦਾ ਸੀ।

੭੯-੫੨ ੳ- ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ। (ਸੋਰਠਿ ਵਾਰ ਮ:੩)

੮੦-੫੨ ੲ- ਚੌਥੇ ਸਾਹਿਬਾਂ ਦਾ ਵਾਕ ਹੈ: ਗੁਰ ਪੀਰਾਂ ਕੀ ਚਾਕਰੀ ਮਹਾ ਕਰੜੀ ਸੁਖ ਸਾਰੁ।। (ਸਲੋਕ ਵਾਰਾਂ ਤੇ ਵਧੀਕ ਮਹਲਾ ੪)

ਪੁਨਾ : ਗਾਖੜੀ ਬਿਖਮ ਕਾਰ। (ਸਵ: ਮ: ੨ ਕੇ)

੮੧-੫੨ ਸ- ਵਰਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ।। (ਵਾਰ ਸਤੇ ਬਲਵੰਡ ਦੀ)

੮੨-੫੩ ੲ- ਮਾਤਾ ਖੀਵੀ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਚੋਖਾ ਚਿਰ ਜੀਉਂਦੇ ਰਹੇ ਹਨ। ਉਨ੍ਹਾਂ ਦੇ ਗੁਰਪੁਰੀ ਗਮਨ ਦਾ ਸੰਮਤ ੧੬੩੯ ਬਿ: ਲਿਖਿਆ ਮਿਲਦਾ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ (ਬੰ: ੩੯/੨੧)

੮੩-੫੫ ਸ- ਚਉਥੇ ਸਤਿਗੁਰਾਂ ਫੁਰਮਾਇਆ ਹੈ:-

ਉਗਵੈ ਦਿਨਸੁ ਆਲੁ ਜਾਲੁ ਸਮ੍ਹਾਲੈ ਬਿਖੁ ਮਾਇਆ ਕੇ ਬਿਸਥਾਰੇ।।
ਆਈ ਰੈਨਿ ਭਇਆ ਸੁਪਨੰਤਰੁ ਬਿਖੁ ਸੁਪਨੈ ਭੀ ਦੁਖ ਸਾਰੇ।। (ਨਟ ਅਸ਼: ਮ: ੪-੨)

੮੪-੫੭ ੳ- ਦੁਨੀਆ ਕੈਸਿ ਮੁਕਾਮੇ।। ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ। (ਸਿਰੀਰਾਗ ਮ: ੧)

੮੫-੫੭ ੳ- ਪੰਜਵੇਂ ਸਤਿਗੁਰਾਂ ਨੇ ਵੀ ਫੁਰਮਾਇਆ ਹੈ:-

ਸੰਚਿ ਹਰਿ ਧਨੁ ਪੂਜਿ ਸਤਿਗੁਰ ਛੋਡਿ ਸਗਲ ਵਿਕਾਰ। (ਸਿਰੀ ਰਾਗ ਮ: ੫)

੮੬-੫੭ ਅ- ਪੰਜਵੇਂ ਸਤਿਗੁਰਾਂ ਦਾ ਵਾਕ ਹੈ:-

ਜੋ ਕਾਹੂ ਕੋ ਚੇਰੋ ਹੋਵਤ ਠਾਕੁਰ ਹੀ ਪਹਿ ਜਾਵੈ।। (ਸਾਰੰਗ ਮ: ੫)

੮੭-੫੭ ੲ-ਐਉਂ ਬੀ ਅਰਥ ਲਾਉਂਦੇ ਹਨ : ਪਟੰਤਰਾ=ਬਰਸਰੀ, ਬਰੱਬਰੀ, ਤੁੱਲਤਾ, ਜੈਸੇ ਕਬੀਰ ਜੀ ਦਾ ਵਾਕ ਹੈ: 'ਤਾਸ ਪਟੰਤਰ ਨ ਪੂਜੈ ਹਰਿ ਜਨ ਕੀ ਪਨਿਹਾਰ।' ਇਸ ਅਨੁਸਾਰ ਇਹ ਅਰਥ ਬਣੇਗਾ ਕਿ ਉਸ ਸਾਂਈ ਦੇ ਦਰਬਾਰ ਗਿਆਂ ਤੇ ਇਹ ਗੱਲ ਬਰਬਰ ਹੋ ਜਾਏਗੀ ਕਿ ਏਥੇ ਜੋ ਡਰ ਵਿਚ ਰਹੇ ਹਨ ਸੋ ਓਥੇ ਬੇਡਰ ਹੋ ਗਏ, ਜੋ ਏਥੇ ਬੇਡਰ ਰਹੇ ਓਹ ਓਥੇ ਜਾਕੇ ਭੈ ਵਿਚ ਹੋ ਗਏ।

੮੮-੫੮ ਅ- ਮੁਖਹੁ ਅਲਾਏ ਹਭ ਮਰਣੁ ਪਛਾਣੰਦੋ ਕੋਇ।। (ਮਾਰੂ ਵਾਰ ਮਹਲਾ ੫)

੮੯-੫੮ ਅ -ਜਿਵੇਂ ਗੁਰੂ ਅਮਰਦਾਸ ਜੀ ਨੇ ਵਡਹੰਸ ਮਹਲਾ ੩ ਵਿਚ ਫੁਰਮਾਇਆ ਹੈ:-

'ਜਿਨ੍ਹੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮੁ ਸਮਾਲੇ।।'

੯੦-੬੦ ੳ-ਜਿਵੇਂ ਤੀਜੇ ਗੁਰਾਂ ਦਾ ਵਾਕ ਹੈ:-

ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ।। (ਵਾਰਾਂ ਤੇ ਵ:ਸ: ਮਹਲਾ ੩)


www.sikhbookclub.com

੯੧-੬੦ ਅ-ਤਬ ਗੁਰੂ ਬਾਬੇ ਜੀ ਗੁਰੂ ਅੰਗਦ ਕਉ ਆਗਿਆ ਕੀਤੀ: ਪੁਰਖਾ ਜੀ ਤੁਮੀਂ ਖਡੂਰ ਜਾਇਕੇ ਰਹੋ। ਮਾਈ ਬਿਰਾਈ ਦੇ ਘਰ ਸਾਡੇ ਬੈਠਣ ਦੀ ਮੰਜੀ ਹੈ, ਉਸ ਪਰ ਜਾਇ ਕਰ ਤੁਮ ਬੈਠੋ। ਮੇਰਾ ਸਿੰਘਾਸਨ ਵਹੀਂ ਹੈ, ਤੁਮ ਉਥੇ ਜਾਇ ਕਰ ਬੈਠੋ। ਅਸੀਂ ਤੁਸਾਂ ਪਾਸ ਆਵਾਂਗੇ।

(ਮ: ਪ੍ਰ: ਵਾਰਤਕ ੨੨)

੯੨-੬੧ ੳ- ਜਿਵੇਂ ਪੰਚਮ ਗੁਰੂ ਜੀ ਦਾ ਵਾਕ ਹੈ:- ਬਟਾਊ ਸਿਉ ਜੋ ਲਾਵੈ ਨੇਹ।। ਤਾਕਉ ਹਾਥਿ ਨ ਆਵੈ ਕੇਹ।। (ਗਉ: ਸੁਖਮਨੀ)

੯੩-੬੨ ਸ- ਮਹਿਮਾ ਪ੍ਰਕਾਸ਼ ਵਾਰਤਕ ਮੂਸਬ ਮਾਈ ਜੀ ਦਾ ਸਰੀਰ ਗੁਰੂ ਸਾਹਿਬ ਦੇ ਪ੍ਰਗਟ ਹੋਣ ਤੋਂ ਬਾਦ ਝਬਦੇ ਹੀ ਪ੍ਰਲੋਕ ਟੁਰ ਗਿਆ। ਪਰ ਹੋਰ ਅਨੁਮਾਨ ਭੀ ਹੈਨ ਕਿ ਆਪ ਦਾ ਸਰੀਰ ਉਸ ਸਮੇਂ ਤੋਂ ਦੋ ਤ੍ਰੈ ਮਹੀਨੇ ਮਗਰੋਂ ਚੜ੍ਹਿਆ ਹੈ, ਜਦੋਂ ਕਿ ਗੁਰੂ ਅੰਗਦ ਦੇਵ ਜੀ ਦੇ ਪ੍ਰਤਾਪ ਦਾ ਵਿਕਾਸ਼ ਤੇ ਸੰਗਤਾਂ ਨੂੰ ਤਾਰਨ ਦਾ ਕੰਮ ਕਰਤਾਰ ਪੁਰ ਵਾਂਙੂ ਪੂਰੇ ਠਾਠ ਵਿਚ ਆ ਗਿਆ ਸੀ। ਗੁਰੂ ਨਾਨਕ ਦੇਵ ਜੀ ਨੇ ਅਸੂ ਵਦੀ ੧੦ ਨੂੰ ਸੱਚਖੰਡ ਪਿਆਨੇ ਕੀਤੇ ਸੇ। ਗੁਰੂ ਅੰਗਦ ਦੇਵ ਜੀ ਫਗਣ ਵਦੀ ੫ ਦੇ ਲਗਪਗ ਪੰਜ ਕੁ ਮਹੀਨੇ ਮਗਰੋਂ ਪ੍ਰਗਟੇ ਸੇ। ਬਾਜ਼ੇ ਲੇਖਕਾਂ ਨੇ ਛੇ ਕੁ ਮਹੀਨੇ ਲਿਖਿਆ ਹੈ। ਬੰਸਾ: ਨਾਮੇ ਨੇ ਪੰਜ ਮਹੀਨੇ ਲਿਖਿਆ ਹੈ ਤੇ ਪੰਜ ਮਹੀਨੇ ਜਾਂ ਇਸ ਤੋਂ ਬੀ ਕੁਛ ਘੱਟ ਦਰੁਸਤ ਮਲੂਮ ਹੁੰਦਾ ਹੈ। ਮਾਈ ਦਾ ਸਰੀਰ ਜੇਠ ਦੇ ਮਹੀਨੇ ਸ਼ਾਂਤਿ ਹੋਇਆ ਸਮਝੋ।

੯੪-੬੨ ਸ- ਤਵਾ: ਖਾ: ਸਫਾ ੫੫੧। ਫਤਿਹਾਬਾਦ ਖਡੂਰ ਦੇ ਨੇੜੇ ਹੈ।

੯੫-੬੪ ੲ-ਕਿਤੇ ਪਾਠ ਹੈ 'ਲਾਲ ਸੁ ਲਾਲੂ ਬੁਧਵਾਨ' ਪਰ ਕਿਤੇ ਪਾਠ 'ਬੁਧਵਾਰ' ਬੀ ਹੈ, ਸੋ ਬੁਧਿਵਾਨ ਦਾ ਮਤਲਬ ਹੈ ਬਹੁਤ ਅਕਲਈਆ ਤੇ ਬੁਧਵਾਰ ਦਾ ਮਤਲਬ ਹੈ ਕਿ ਉਸਦੀ ਜਾਤ 'ਬੁਧਵਾਰ' ਸੀ।

੯੬-੬੬ ੳ- ਬਹੁਤ ਪੁਰਾਣੇ ਸਮੇਂ ਜੰਗਲਾਂ ਵਿਚ ਰਿਖੀ ਰਿਹਾ ਕਰਦੇ ਸਨ, ਮਾਪੇ ਬੱਚਿਆਂ ਨੂੰ ਉਨ੍ਹਾਂ ਪਾਸ ਪੜ੍ਹਨ ਘੱਲਿਆ ਕਰਦੇ ਸਨ। ਵਿਦਜਾ ਪਾਕੇ ਬੱਚੇ ਫੇਰ ਘਰੀਂ ਆਉਂਦੇ ਸਨ।।

੯੭-੬੭ ੳ- ਤੀਸਰੇ ਸਾਹਿਬਾਂ ਨੇ ਆਪਣਾ ਸਲੋਕ ਇਉਂ ਉਚਾਰਿਆ : ਮ: ੩।। ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ।। ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ।। ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ।। ਗੁਰਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ।। ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ।।੨।। (ਬਿਹਾ ਕੀ ਵਾਰ-੧੭) 'ਸਾਹਿਬ ਨ ਵੀਸਰੈ" ਇਹ ਸਬਕ ਪੜ੍ਹਨਾ ਹੈ, ਹੁਕਮ ਨੂੰ ਬੁਝਣਾ ਹੈ, ਇਹ ਵਿਦਯਾ ਪ੍ਰਾਪਤ ਕਰਨੀ ਹੈ। ਇਸ ਨੇ ਜੀਵਤ ਮਰੈ ਦੀ ਜਾਚ ਵਿਚ ਲੈ ਜਾਣਾ ਹੈ। ਇਉਂ ਹੋਕੇ ਮਰਨਾ ਨਹੀਂ ਉਹ ਸਦਾ ਜੀਵਣਾ ਹੈ।

੯੮-੬੭ ਅ-ਮਾਰੂ ਵਾਰ ਮਹਲਾ ੩ ਵਿਚੋਂ ਪਹਿਲੀ ਪਾਤਸ਼ਾਹੀ ਦਾ ਸਲੋਕ ਜਿਸ ਦੀਆਂ ਪਹਿਲੀਆਂ ਸਤਰਾਂ ਇਹ ਹਨ: ਸਲੋਕ ਮਹਲਾ ੧।। ਸੁਣੀਐ ਏਕੁ ਵਖਾਣੀਐ ਸੁਰਗਿ ਮਿਰਤਿ ਪਇਆਲਿ।।

ਹੁਕਮੁ ਨ ਜਾਈ ਮੇਟਿਆ ਜੋ ਲਿਖਿਆ ਸੋ ਨਾਲਿ।। ਕਉਣ ਮੂਆ......

੯੯-੬੭ ਅ- 'ਵਹੈਂ' ਦੇਹੁਰੀ ਦੀਪਕ ਹੈ, 'ਪਵਣ ਵਹੈ, ਵਹੈ ਦਰਿਆਉ'।

੧੦੦-੬੭ ਅ-ਹਉਮੈ ਆਵੈ ਜਾਈ।। (ਮਾਰੂ ਮ: ੫)

ਪੁਨਾ: ਬਾਸਨਾ ਬੱਧਾ ਆਵੇ ਜਾਵੈ।। (ਭਾ: ਗੁ. ਵਾਰ ੧-੧੫)

੧੦੧-੬੭ ਸ- ਇਹ ਬਾਬੇ ਨੇ ਟੀਕਾ ਹੀ ਕੀਤਾ ਹੈ ਪਿਛਲੇ ਸਲੋਕ ਦਾ।

੧੦੨-੬੮ ਅ-ਆਤਮ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ। (ਮਾਰੂ ਸੋ. ਮ:੧)

੧੦੩-੬੮ ਸ- ਏਥੇ ਗੁਰਧਾਮ ਨਹੀਂ, ਪਿੱਪਲ ਬੀ ਮੁੱਕ ਚੁਕਾ ਹੈ, ਖੂਹ ਢੱਠਾ ਪਿਆ ਹੈ। ਪੱਤੀ ਡੱਫਰ ਕੀ ਵਿਚ ਹੈ ਖੁੜੱਲ ਜੇਹੀ।

 www.sikhbookclub.com

੧੦੪-੬੯ ੳ- ਸੂਰਜ ਪ੍ਰਕਾਸ਼ ਵਿਚ ਸੁਲਤਾਨ ਪੁਰੋਂ ਸੈਦ ਪੁਰ ਲਾਲੋ ਪਾਸ ਆਏ ਲਿਖਿਆ ਹੈ। ਖਡੂਰ ਲੱਗ ਪਗ ਰਾਹ ਵਿਚ ਪੈਂਦਾ ਹੈ।

੧੦੫-੬੮ ਅ- ਇਸ ਬੇਰ ਦੇ ਕੁਛੜ ਵਿਚ ਪਿਪਲ ਉਗ ਰਿਹਾ ਸੀ, ਉਹ ਵੱਧ ਵੱਧ ਕੇ ਖਾ ਗਿਆ ਬੇਰ ਨੂੰ। ਹੁਣ ਪਿਪਲ ਹੈ। ਆਪ ਦੇ ਬੈਠਣ ਟਿਕਾਣੇ ਗੁੰਬਜ਼ ਦੀ ਸ਼ਕਲ ਦਾ ਗੁਰਦੁਆਰਾ ਹੈ। ਫੇਰ ਜਦ ਕਦੀ ਆਪ ਆਏ ਏਥੇ ਟਿਕਦੇ ਰਹੇ। ਥਾਂ ਪਿੰਡੋਂ ਬਾਹਰ ਏਕਾਂਤ ਸੀ, ਪਰ ਛੰਭ ਸੀ ਨਿਰਮਲ ਨੀਰ ਦਾ। ਹੁਣ ਤਕ ਇਹ ਗੁਰਦੁਆਰਾ ਕਾਇਮ ਹੈ। ਛੰਭ ਦਾ ਸਰੋਵਰ ਬਣ ਗਿਆ ਹੈ।

੧੦੬-੭੦ ੳ- ਮਜੂਰੀ ਕੇ ਜਵ ਅੰਦਰ ਰਖੇ ਥੇ ਸੋ ਖਾਲੀ ਮੋ ਕਰਕੇ ਆਗੈ ਰਖਿਆ, ਤਬ ਸਾਹਿਬ ਨੇ ਏਕ ਜਵ ਖਾਇ ਕਰ ਖੁਸੀ ਕੀਤੀ-"ਬਾਰਹ ਬਰਸ ਕਾ ਬ੍ਰਤ ਉਪਾਰਨ ਹੋਇਆ"। ਕੋਈ ਕਾਲ ਮਾਈ ਵਿਰਾਈ ਕੇ ਰਹੇ। ਫੇਰ ਬਾਬਾ ਜੀ ਉਦਾਸ ਹੋ ਕਰ ਉਠ ਚਲੇ। (ਮ.ਪ੍ਰ. ਵਾ. ੧੪।੨)

੧੦੭-੭੦ ਸ- ਗਉੜੀ ਰਾਗ ਵਿਚ ਪੰਜਵੇਂ ਗੁਰਾਂ ਫੁਰਮਾਇਆ ਹੈ-'ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ'। ਦਸਮੇਂ ਗੁਰੂ ਜੀ ਦਾ ਬੀ ਵਾਕ ਹੈ,-'ਏਕ ਚਿਤ ਜਿਹਿ ਇਕ ਛਿਨ ਧਿਆਇਓ।। ਕਾਲ ਫਾਸ ਕੇ ਬੀਚਿ ਨ ਆਇਓ"।। (ਅਕਾਲ ਉਸਤਤਿ)

੧੦੮-੭੧ ੳ- ਤਉ ਪਰਵਾਹ ਕੇਹੀ ਕਿਆ ਕੀਜੈ।। ਜਨਮਿ ਜਨਮਿ ਕਿਛੁ ਲੀਜੀ ਲੀਜੈ।। (ਆਸਾ ਮ:੧)

੧੦੯-੭੧ ਅ- ਜਿਵ ਪਤਿਬਰਤਾ ਇਸਤ੍ਰੀ ਲਛਨ। ਪਤਿ ਆਗਜਾ ਮਹਿ ਸੁਖੀ ਬਿਚਛਨ। ਪ੍ਰਭ ਆਗਜਾ ਮਹਿ ਤਥਾ ਸਦੀਵਾ। ਰਹੁ ਰਾਜੀ ਬਨਿ ਗੁਰਮੁਖ ਜੀਵਾ। ਜਪ ਤਪ ਬਰਤ ਦਾਨ ਫਲ ਸਾਰੇ। ਇਸਤੇ ਪ੍ਰਾਪਤ ਹੋਇ ਸੁਖਾਰੇ। ਸਿਮਰਹੁ ਸਤਿਨਾਮ ਕਰਿ ਪ੍ਰੀਤ। ਤਜਾਗਹੁ ਤਨ ਹੰਤਾ ਇਮ ਨੀਤ। ਬ੍ਰਹਮ ਗਜਾਨ ਤਬ ਪਾਇ ਸੁਖੈਨ। ਜਨਮ ਮਰਨ ਪੁਨ ਬਨੈ ਕਦੇ ਨ। (ਸੂ. ਪ੍ਰ. ੧੩੫੩)

੧੧੦-੭੨ ੳ- ਪਰਿਣਾਮੀ=ਜੋ ਇਕ ਰੂਪ ਯਾ ਅਵਸਥਾ ਤੋਂ ਦੂਸਰੇ ਰੂਪ ਯਾ ਅਵਸਥਾ ਵਿਚ ਬਦਲਦਾ ਰਹੇ ਇਹ ਸੁਭਾਵ ਪ੍ਰਕ੍ਰਿਤੀ ਦਾ ਹੈ।

੧੧੧-੭੨ ਅ- 'ਪਾਕ' ਪਦ ਫਾਰਸੀ ਦਾ ਹੈ, ਇਸ ਦੇ ਦੋ ਅਰਥ ਹਨ: ਪਵਿਤ੍ਰ ਤੇ ਮੁਬੱਰਾ। 'ਪਾਕੀ ਨਾਈਂ' ਦਾ ਅਰਥ ਹੈ ਪਵਿਤ੍ਰ ਵਡਿਆਈ। ਇਥੇ 'ਪਾਕ' ਦਾ ਅਰਥ ਹੈ ਮੁਬੱਰਾ। ਮੁਬੱਰਾ ਦਾ ਭਾਵ ਹੈ ਸਭ ਤਰ੍ਹਾਂ ਅਤ੍ਰਿਕਤ। ਲਿਪਾਇਮਾਨ ਦਾ ਹੋਣਾ। ਸੋ ਕਾਦਰ ਕਰਤਾ ਹੁੰਦਾ ਹੋਇਆ ਉਹ (ਪਾਕ) ਮੁਬੱਰਾ ਹੈ। ਇਹ ਹੈ ਉਸ ਦੀ ਪਾਕੀ ਨਾਈ=ਪਵਿਤ੍ਰ ਵਡਿਆਈ। ਪੰਜਾਬੀ ਵਿਚ ਪਾਕ ਦਾ ਇਸਤ੍ਰੀ ਲਿੰਗ 'ਪਾਕੀ'। 'ਨਾਈਂ' ਪਦ ਜੁ ਇਸਤ੍ਰੀ ਲਿੰਗ ਪਿਆ ਹੈ, ਇਸ ਕਰਕੇ ਪਾਕ ਤੋਂ ਪਾਕੀ ਇਸਤ੍ਰੀ ਲਿੰਗ ਬਣਾਇਆ ਹੈ, ਜਿਸ ਤਰ੍ਹਾਂ ਇਕ ਪਾਠ ਹੈ, 'ਵਡਾ ਸਾਹਿਬ ਵਡੀ ਨਾਈਂ'।

੧੧੨-੭੨ ਅ- ਵੇਖੈ=ਵੇਖਦਾ ਹੈ, ਭਾਵ ਸਾਖੀ ਹੈ, ਕੁਦਰਤ ਦੀਸਣ ਹਾਰ ਹੈ, ਕਾਦਰ ਦੇਖਣ ਹਾਰ (ਸਾਕਸ਼ੀ) ਹੈ।

ਵਰਤੈ=ਸੰਸ, ਵਰਤ੍ਨੇ=ਹੋਣਾ, ਵਿਦਮਾਨ ਹੋਣਾ। being, abiding, the property of a fixed presence. (ਵਿ: ਕੋਸ਼)

ਤਾਕ=ਤ਼ਾਕ਼ ਅਰਬੀ ਪਦ ਹੈ, ਅਰਥ ਹੈ ਇਕ। ਪੰਜਾਬੀ ਮੁਹਾਵਰੇ ਵਿਚ ਜੋ ਜੁਸਤ ਤਾਂਕ ਬੋਲਦੇ ਹਨ, ਓਹ ਇਹੋ ਅਰਬੀ ਦਾ ਤਾਕ ਪਦ ਹੈ।

੧੧੩-੭੨ ਅ- ਗੁਰੂ ਜੀ ਆਪਣੇ ਵਾਹਿਗੁਰੂ ਨੂੰ ਕੁਦਰਤਿ ਵਸਿਆ ਅਰਥਾਤ ਥਨੰਤ੍ਰੀ ਦਸੱਦੇ ਹੋਏ ਏਥੇ ਉਸਨੂੰ ਅਪਰੰਪਰ ਦੱਸ ਰਹੇ ਹਨ। ਥਨੰਤਰਿ, ਥਨੰਤਰੀ ਪਦ ਗੁਰੂ ਜੀ ਹਰ ਥਾਂਵ ਵਿਚ ਵਜਾਪਕ ਸਾਰੇ ਦੇਸ਼ ਦੇ ਅੰਤਰਗਤਿ ਲਈ ਵਰਤਦੇ ਹਨ। ਥਨੰਤਰੀ Immanent.

੧੧੪-੭੨ ਅ- ਅਪਰੰਪਰ ਪਦ ਇਸ ਅਰਥ ਲਈ ਵਰਤਦੇ ਹਨ ਜੋ ਸਾਰੀ ਰਚਨਾ, ਸਾਰੀ ਵਿਸ਼੍ਵ ਤੋਂ ਉਪਰ, ਤੇ ਪਰੇ ਹੈ। ਅਪਰੰਪਰਾ=Transcendental

੧੧੫-੭੩ ੳ- ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ।। ਦੁਯੀ ਕੁਦਰਤਿ ਸਾਜੀਐ ਕਰਿ

ਆਸਣ ਡਿਠੋ ਚਾਉ।। (ਵਾਰ ਆਸਾ ਮਹਲਾ ੧) ਉਹ ਕਰਤਾ ਕਿਸੇ ਹੋਰ ਪਦਾਰਥ ਤੋਂ ਰਚਨਾਂ ਨਹੀਂ ਰਚਦਾ, ਆਪਣੇ ਆਪੇ ਤੋਂ ਰਚਦਾ ਹੈ ਸਭ ਕੁਛ।

੧੧੬-੭੩ ੲ- ਵਿਸਮਾਦੁ ਨਾਦ ਵਿਸਮਾਦੁ ਵੇਦ।। ਵਿਸਮਾਦੁ ਜੀਅ ਵਿਸਮਾਦੁ ਭੇਦ।। ਵਿਸਮਾਦੁ ਰੂਪ ਵਿਸਮਾਦੁ ਰੰਗ।। ਵਿਸਮਾਦੁ ਨਾਗੇ ਫਿਰਹਿ ਜੰਤ।। ਵਿਸਮਾਦੁ ਪਉਣੁ ਵਿਸਮਾਦੁ ਪਾਣੀ।। ਵਿਸਮਾਦੁ ਅਗਨੀ ਖੇਡਹਿ ਵਿਡਾਣੀ।। ਵਿਸਮਾਦੁ ਧਰਤੀ ਵਿਸਮਾਦ ਖਾਣੀ।। ਵਿਸਮਾਦੁ ਸਾਦਿ ਲਗਹਿ ਪਰਾਣੀ।। ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗ।। ਵਿਸਮਾਦੁ ਭੁਖ ਵਿਸਮਾਦੁ ਭੋਗੁ। (ਆਸਾ ਵਾਰ ਮ੧)

੧੧੭-੭੩ ੲ- ਵੇਖਿ ਵਿਡਾਣੁ ਰਹਿਆ ਵਿਸਮਾਦੁ।

੧੧੮-੭੩ ਸ- ਨਾਨਕ ਬੁਝਣੁ ਪੂਰੈ ਭਾਗਿ।।

੧੧੯-੭੩ ਸ- ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ।।

੧੨੦-੭੩ ਸ- ਵਿਸਮਾਦੁ ਦੇਖੈ ਹਾਰਜਾ ਹਜ਼ੂਰ।।

੧੨੧-੭੩ ਸ- ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ।।

(ਆਸਾ ਵਾਰ ਸਲੋਕ ਮਹਲਾ ੧)

ਪੰਜਵੇਂ ਸਤਿਗੁਰਾਂ ਨੇ ਵੀ ਫੁਰਮਾਇਆ ਹੈ-'ਕਰਤੇ ਕੁਦਰਤੀ ਮੁਸਤਾਕੁ'। ਹੇ ਕਰਤਾਰ! ਮੈਂ ਤੇਰੀ ਕੁਦਰਤ ਤੋਂ ਤੇਰਾ ਪ੍ਰੇਮੀ ਹੋ ਰਿਹਾ ਹਾਂ। ਕਿਸ ਤਰ੍ਹਾਂ? ਆਪ ਫੁਰਮਾਉਂਦੇ ਹਨ'ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ' (ਸੂਰੀ ਮਹਲਾ ੫) 'ਇਸ ਬਿਸਮਾਦੁ ਸਰੂਪਤਾ' ਨੂੰ ਦ੍ਰਿਸ਼ਟੀ ਗੋਚਰ ਕਰਨ ਵਾਲਾ ਪੁਰਖ ਆਪ ਭੀ ਉਸੇ 'ਬਿਸਮਾਦ' ਨਾਲ ਤਨਮਯ ਹੋ ਜਾਂਦਾ ਹੈ, ਯਥਾ 'ਬਿਸਮਨ ਬਿਸਮ ਭਏ ਬਿਸਮਾਦ' (ਗਉੜੀ ਸੁਖਮਨੀ)। ਉਸ ਲਈ ਤਾਂ ਸਾਰੀ ਕੁਦਰਤ ਹੀ ਆਪਣੇ ਕਾਦਰ ਨਾਲ ਕਿਸੇ ਵਿਸਮਾਦੀ ਤਦ-ਲੀਨਤਾ ਵਿਚ ਵਸਦੀ ਹੈ-'ਤੂ ਅਚਰਜੁ ਕੁਦਰਤਿ ਤੇਰੀ ਬਿਸਮਾ।।" (ਵਡ: ਮ: ੫) ਐਸੇ ਪੁਰਸ਼ ਦੀ ਦ੍ਰਿਸ਼ਟੀ ਸੰਸਾਰ ਦੀ ਹਰ ਇਕ ਵਸਤੂ ਨੂੰ ਉਸ ਸਮੁੱਚੇ ਵਿਸਮਾਦਸਰੂਪ ਦੇ ਹੀ ਅੰਗ ਲਖਦੀ ਹੈ, ਨਾਦ ਵੇਦ...ਆਦਿ ਜਿਤਨੀਆਂ ਅਡ ਅਡ ਸ਼ੈਆਂ ਹਨ ਉਹ ਸਾਰੀਆਂ ਹੀ ਵਿਸਮਾਦ ਦੀ ਸੰਪੂਰਣਤਾ ਤੇ ਅਵਸਥਾ ਪ੍ਰਤੀਤ ਹੇਠ ਲਗ ਜਾਂਦੀਆਂ ਹਨ। ਯਥਾ: 'ਏਕਮੁ ਤੇ ਸਭਿ ਰੂਪ ਹਹਿ ਰੰਗਾ। ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ।। ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ।।੧।। ਏਕੁ ਅਚਰਜੁ ਏਕੋ ਹੈ ਸੋਈ।। ਗੁਰਮੁਖਿ ਵੀਚਾਰੇ ਵਿਰਲਾ ਕੋਈ।। (ਗਉੜੀ ਮਹਲਾ ੩)

੧੨੨-੭੪ ਅ- ਉਨ੍ਹੋ ਗੁਰੂ ਜੀ ਨੇ ਆਪਣੇ ਬੇਟੋਂ ਕੋ ਹੁਕਮ ਦੇ ਰਖਾ ਥਾ ਕਿ ਤੁਮ ਆਪਣੀ ਮੁਆਸ਼ ਦੁਕਾਰ-ਦਾਰੀ ਯਾ ਕਾਸ਼ਤਕਾਰੀ ਸੇ ਹਾਸਲ ਕਰੋ, ਯਿਹ ਪੂਜਾ ਕਾ ਮਾਲ ਤੁਮਾਰੇ ਲੀਏ ਜ਼ਹਰੇ ਕਾਤਲ ਹੈ। ਚੁਨਾਂਚਿ ਵੋਹ ਉਨ ਕੇ ਇਰਸ਼ਾਦ ਕੇ ਮੁਆਫ਼ਕ ਅਮਲ ਕਰਤੇ ਥੇ।। (ਗੁਰੂ ਅੰਗਦ ਜੀ ਕੀ ਸ੍ਵਾਨਹ ਉਮਰੀ, ਸਫਾ ੧੪)। ਇਸ ਲੇਖਕ ਨੇ ਤਾਂ ਲਿਖਿਆ ਹੈ ਕਿ ਗੁਰੂ ਜੀ ਆਪ ਅੱਠੀਂ ਪਹਿਰੀਂ ਜੌਂ ਦੀ ਰੋਟੀ ਖਾਂਦੇ ਸਨ। ਜੋ ਕੁਛ ਸੰਗਤ ਵਲੋਂ ਆਉਂਦਾ, ਲੰਗਰ ਯਾ ਧਰਮ ਦੇ ਕੰਮਾਂ ਵਿਚ ਖਰਚ ਕਰ ਦੇਂਦੇ। (ਸਫਾ ੧੪) ਪੁਨਾ: ਲੰਗਰ ਦੋ ਵਕਤ ਹੋਵੇ, ਜੋ ਕੁਝ ਆਵੈ ਸਭ ਲੰਗਰ ਵਿਚ ਪਾ ਦੇਣਾ। ਖੀਰ ਕੜਾਹ ਪ੍ਰਸ਼ਾਦ ਲਗਾ ਹੋਣ। (ਤਵਾਰੀਖ ਖਾਲਸਾ ਸਫਾ ੫੨੮ ਹਿਸਾ ੧ ਨੰਬਰ ੨) ਪੁ: ਦਾਸੂ ਦਾਤੂ ਜੀ ਦੀ ਹੱਟੀ ਵਿਚੋਂ ਜੋ ਕੁਛ ਪੈਦਾ ਹੋਵੇ, ਉਸੇ ਵਿਚ ਗੁਜ਼ਾਰਾ ਕਰਨ, ਜੇ ਕਦੇ ਕੁਛ ਚਾਹੁਣ ਤਾਂ ਗੁਰੂ ਜੀ ਆਖਣ ਇਹ ਪੂਜਾ ਦਾ ਧਾਨ ਗ੍ਰਿਹਸਤੀ ਨੂੰ ਕਚਾ ਪਾਰਾ ਹੈ। ਜੋ ਭੁਖਾ, ਪਜਾਸਾ, ਬਿਹੰਗਮ, ਸਾਧੂ, ਸਿਖ, ਲੰਗੜਾ, ਲੂਲ੍ਹਾ, ਰੋਗੀ, ਬਿਰਧ ਇਨ੍ਹਾਂ ਪਾਸ ਆਵੇ ਉਸ ਦੀ ਸੇਵਾ ਵਿਸ਼ੇਸ਼ ਕਰਾਉਣ। ਅੰਨ ਵਸਤੂ ਕਥਾ ਕੀਰਤਨ ਤੇ ਨਾਮ ਦਾ ਭੰਡਾਰਾ ਹਰ ਵੇਲੇ ਖੁਲ੍ਹਾ ਰਹੇ, ਕੋਈ ਕਦੇ ਨਿਰਾਸਾ ਨਾ ਜਾਵੇ। (ਤਵਾਰੀਖ ਖਾ: ਪੰਨਾ ੩੪੨)

੧੨੩-੭੬ ਅ- ਇਸ ਦਾ ਅਸਲੀ ਨਾਂ ਫ਼ਰੀਦ ਸੀ।

੧੨੪-੭੬ ੲ- ਐਲਫਿਨਸਟੋਨ ਲਿਖਦਾ ਹੈ ਕਿ ਹਮਾਯੂੰ ਦੇ ਜਰਨੈਲ ਖਾਨ ਖਾਨਾਂ ਨੇ ਲੋਧੀ ਨੂੰ ਮੁੰਘੇਰ

ਪਾਸ ਸ਼ਿਕਸਤ ਦੇ ਕੇ ਸ਼ੇਰ ਖਾਂ ਨੇ ਸ਼ਾਹੀ ਖ਼ਿਤਾਬ ਆਪਣੇ ਨਾਮ ਨਾਲ ਲਾਲਿਆ ਸੀ।

੧੨੫-੭੭ ਓ- ਤਵਾਰੀਖ਼ ਖਾ: ਵਿਚ ਲਿਖਿਆ ਹੈ ਕਿ ਗੁਰੂ ਜੀ ਇਸ ਵੇਲੇ ਸਮਾਧੀ ਵਿਚ ਬੈਠੇ ਸਨ। ਸੂ:ਪ੍ਰ: ਵਿਚ ਬੱਚਿਆਂ ਦੀ ਖੇਲ ਵਿਚ ਮਗਨ ਸਨ। ਪੁਨ: ਲੜਕਿਓ ਸੇ ਪਰਚੇ ਰਹੇ। (ਮ.ਪ੍ਰ.ਵ: ੩੪)

੧੨੬-੭੭ ਸ-ਮ:੨।। ਨਕਿ ਨਥ ਖਸਮ ਹਥ ਕਿਰਤੁ ਧਕੇ ਦੇਇ।। ਜਹਾ ਦਾਣੇ ਤਹਾ ਖਾਣੇ ਨਾਨਕਾ ਸਚ ਹੇ। (ਸਹੋਠ ਵਾਰ ੨)

੧੨੭-੭੭ ਸ- ਸਲੋਕ ਮਹਲਾ ੨।। ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ। ਚੀਰੀ ਜਾਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ।। ਚੀਰੀ ਜਿਸਕੀ ਚਲਣਾ ਮੀਰ ਮਲਕ ਸਲਾਰ।। ਜੋ ਤਿਸੁ ਭਾਵੈ ਨਾਨਕਾ ਸਾਈ ਭਲੀ ਕਾਰ।। ਜਿਨ੍ਹਾ ਚੀਰੀ ਚਲਣਾ ਹਥਿ ਤਿਨਾ ਕਿਛੁ ਨਾਹਿ।। ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ। ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ।। ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ।।੧।। (ਸਾਰੰਗ ਵਾਰ ੫) ਇਸ ਸਲੋਕ ਵਿਚ ਸਾਹਿਬਾਂ ਦੀ ਉਸ ਵੇਲੇ ਦੀ ਗੁਫਤਗੂ ਸਦਾ ਲਈ ਰਹਿਨੁਮਾਈ ਕਰਨੇ ਨੂੰ ਵਰਣਿਤ ਹੈ।

੧੨੮-੭੮ ਅ- ਗੁਰੂ ਜੀ ਦੇ ਇਹ ਵਾਕ ਉਹਨਾਂ ਦੇ ਉਚਾਰੇ ਇਸ ਸਲੋਕ ਵਿਚ ਹਨ-ਮਹਲਾ ੨।। ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ।। ਕੁੰਜੀ ਜਿਨ ਕਉ ਦਿਤੀਆ ਤਿਨਾ ਮਿਲੇ ਭੰਡਾਰ।। ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ।। ਨਦਰਿ ਤਿਨ੍ਹਾ ਕਉ ਨਾਨਕਾ ਨਾਮ ਜਿਨ੍ਹਾ ਨੀਸਾਣੁ।। (ਵਾਰ ਸਾਰੰਗ-੫)

੧੨੯-੭੮ ੲ- ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ।। (ਸਿਰੀ ਰਾਗ ਮਹਲਾ ੧)

੧੩੦-੭੯ ਅ- ਜੋ ਕਸ਼ਟ ਇਸ ਪਾਤਸ਼ਾਹ ਨੇ ਸਿੰਧ, ਜੋਧਪੁਰ ਤੇ ਰੇਤ ਥਲਿਆਂ ਦੇ ਸਫਰਾਂ ਵਿਚ ਝੱਲੇ, ਡਾਢੇ ਸਨ। ਲਗ ਪਗ ਤ੍ਰੈ ਸਾਲ ਲਗੇ ਸਿੰਧ ਤੋਂ ਈਰਾਨ ਪਹੁੰਚਦਿਆਂ ਤੇ ਦੁਖੜੇ ਭੋਗਦਿਆਂ ਤੇ ਟਾਕਰੇ ਕਰਦਿਆਂ ਦੁਖਾਂ ਦੇ।

੧੩੧-੭੯ ੲ- ਰੋਹਤਾਸ ਵਿਚ ਗੁਰ ਨਾਨਕ ਦੇਵ ਜੀ ਦਾ ਇਕ ਚਸ਼ਮਾ ਸੀ। ਸ਼ੇਰ ਸ਼ਾਹ ਨੇ ਇਸਨੂੰ ਕਿਲ੍ਹੇ ਵਿਚ ਲੈਣਾ ਚਾਹਿਆ ਪਰ ਇਹ ਬਾਹਰ ਹੀ ਰਿਹਾ, ਜੋ ਹੁਣ ਤਕ ਹੈ ਤੇ ਗੁਰਦੁਆਰਾ ਬੀ ਹੈ। ਬੂਟੈ ਸ਼ਾਹ ਨੇ ਇਸ ਚਸ਼ਮੇ ਬਾਬਤ ਇਉ ਲਿਖਿਆ ਹੈ:-

ਮੁਤਸਿਲ ਕਿਲ੍ਹਾ ਰੁਹਤਾਸ ਬਰ ਕੱਲਾ ਕੋਹੇ ਚਸ਼ਮਾ ਅਸਤ ਕਿ ਅੱਜ਼ ਯੁਮਨੇ ਕਦੂਮੇ ਨਾਨਕਸ਼ਾਹ ਦਰ ਆਂ ਜਾ ਜਾਰੀ ਸੁਦਹ ਵ ਸ਼ੇਰ ਸ਼ਾਹ ਅਫਗਾਨ ਆਂ ਮਕਾਨ ਰਾ ਪਸੰਦ ਨਮੂਦ ਕਿਲ੍ਹਾ ਅਜ਼ ਸੰਗ ਮਹੀਤੇ ਬਦਾਂ ਚਸ਼ਮਾ ਤਿਯਾਰ ਨਮੂਦ। ਵ ਆਂ ਚਸ਼ਮਾ ਅਜ਼ਾਂ ਜਾ ਕਿ ਖੁਸ਼ਕ ਸ਼ੁਦਹ ਬੇਰੰ ਕਿਲ੍ਹਾਂ ਅਜਰਾਏ ਸੁਦਹ। ਸ਼ੇਰ ਸ਼ਾਹ ਬਿਸੀਆਰ ਕਰਅੱਤ ਆਂ ਚਸ਼ਮਾ ਦਰ ਇਹਾਤਾ ਕਿਲ੍ਹਾ ਖ-ਗ੍ਰਿਫਤ। ਚਸ਼ਮਾ ਅੰਦਰ ਕਿਲ੍ਹਾ ਕਰਾਰ ਨਮੇ ਗ੍ਰਿਫਤ ਵ ਅਜ਼ ਦੀਵਾਰ ਕਿਲ੍ਹਾ ਬੇਰੰ ਸ਼ੁਦਹ ਰਵਾਂ ਮੇਂ ਸ਼ੁਦ। ਨਾਚਾਰ ਸ਼ੇਰ ਸ਼ਾਹ ਦਸਤ ਅਜ਼ਾਂ ਕਸ਼ੀਦ। ਚੁਨਾਂਚਿ ਦੀਵਾਰ ਹਾ ਕਿਲ੍ਹਾ ਤਾ ਹਨੂਜ਼ ਮੌਜੂਦ ਅੰਦ ਵ ਚਸ਼ਮਾ ਜ਼ੇਰੇ ਆਂ ਬਰ ਜ਼ਮੀਨ ਰਵਾਂ ਅਸਤ ਵਾ ਮਰਦੁਮਾਂ ਸਾਦਰ ਵ ਵਾਰਦ ਰੁਹਤਾਸ ਦਰਾਂ ਜਾ ਸ਼ਬ ਬਾਸ਼ ਮੇ ਸ਼ਵੰਦ।

ਤਰਜਮਾ : ਕਿਲ੍ਹਾ ਰੋਹਤਾਸ ਜੋ ਪਹਾੜ ਦੀ ਚੋਟੀ ਤੇ ਹੈ, ਦੇ ਨੇੜੇ ਇਕ ਚਸ਼ਮਾ ਹੈ ਜੋ ਨਾਨਕ ਸ਼ਾਹ ਦੇ ਕਦਮਾਂ ਦੀ ਬਰਕਤ ਨਾਲ ਜਾਰੀ ਹੋਇਆ ਹੈ। ਸ਼ੇਰ ਸ਼ਾਹ ਅਫਗਾਨ ਨੇ ਉਸ ਮਕਾਨ ਨੂੰ ਪਸੰਦ ਕੀਤਾ ਤੇ ਉਸ ਚਸ਼ਮੇ ਦੇ ਪਾਸ ਪੱਥਰਾਂ ਦਾ ਕਿਲ੍ਹਾ ਬਣਵਾਇਆ। ਉਹ ਚਸ਼ਮਾ ਉਥੋਂ ਖੁਸ਼ਕ ਹੋਕੇ ਕਿਲ੍ਹੇ ਦੇ ਬਾਹਰ ਜਾਰੀ ਹੋ ਗਿਆ। ਸ਼ੇਰਸ਼ਾਹ ਨੇ ਕਈ ਵੇਰ ਉਹ ਚਸ਼ਮਾ ਕਿਲ੍ਹੇ ਦੇ ਹਾਤੇ ਵਿਚ ਘੇਰਿਆ, ਪਰ ਚਸ਼ਮਾ ਕਿਲ੍ਹੇ ਦੇ ਅੰਦਰ ਕਾਬੂ ਨਹੀਂ ਸੀ ਰਹਿੰਦਾ ਤੇ ਕਿਲ੍ਹੇ ਦੀ ਦੀਵਾਰ ਤੋਂ ਬਾਹਰ ਨਿਕਲ ਕੇ ਵਗਣ ਲੱਗ ਪੈਂਦਾ ਸੀ। ਸ਼ੇਰ ਸ਼ਾਰ ਮਜਬੂਰ ਹੋ ਕੇ ਹੱਟ ਗਿਆ। ਚੁਨਾਂਚਿ ਉਸ ਕਿਲ੍ਹੇ ਦੀਆਂ ਦੀਵਾਰਾਂ ਹੁਣ ਤਕ ਮੌਜੂਦ ਹਨ ਅਤੇ ਚਸ਼ਮਾਂ ਉਸ ਪਹਾੜ


www.sikhbookclub.com

ਦੇ ਹੇਠ ਜ਼ਮੀਨ ਤੇ ਜਾਰੀ ਹੈ; ਤੇ ਰੁਹਤਾਮ ਆਉਣ ਵਾਲੇ ਲੋਕ ਰਾਤੀ ਇਥੇ ਟਿਕਦੇ ਹਨ।

੧੩੨-੭੯ ਅ-ਮੁਲਾਣੇ ਪਰਗਣੇ ਵਿਚ ਹੈ (ਤਵਾ: ਖਾ:)। ਮਹਿਮਾ ਪ੍ਰਕਾਸ਼ ਵਾ: ਵਿਚ ਨਾਮ ਪਿੰਡ ਦਾ ਮਿਠੜਾ ਦਿੱਤਾ ਹੈ। ਪੰਡਤ ਦਾ ਨਾਉ ਦੁਰਗ ਸਾਰਸੁਤ ਭੰਭੀ ਦਿਤਾ ਹੈ! (ਮਹਿ: ਪ੍ਰ:ਵਾ: ੩੪/੩)

੧੩੩-੮੦ ਅ-ਸਮੁਦ੍ਰੀਕ ਵਿਦਜਾ ਅਨੁਸਾਰ ਪਦਮ ਇਕ ਰੇਖਾ ਹੈ ਜੋ ਹਥ ਯਾ ਪੈਰ ਵਿਚ ਹੋਵੇ ਤਾਂ ਬੜੇ ਉਚੇ ਭਾਗ ਦਾ ਚਿੰਨ੍ਹ ਹੈ। ਰਾਜਾ ਯਾ ਅਵਤਾਰ ਯਾ ਹੋਰਵੇਂ ਬੜਾ ਭਾਗ ਸ਼ੀਲ ਬਨਾਉਂਦੀ ਹੈ। ਗੁਰੂ ਅਮਰਦਾਸ ਜੀ ਦੇ ਚਰਨਾਂ ਤੇ ਹੱਥਾਂ ਦੋਹਾਂ ਵਿਚ ਪਦਮ ਰੇਖਾ ਸੀ। ਮਹਿ: ਪ੍ਰ:ਵਾ: ਵਿਚ ਲਿਖਿਆ ਹੈ ਕਿ ਪਦਮ ਪੈਰਾਂ ਵਿਚ ਸੀ। (ਸਫਾ ੩੫)। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਕਿ ਸਜੇ ਹਥ ਵਿਚ ਪਦਮ ਦਾ ਚਿੰਨ ਸੀ ਯਥਾ 'ਬਾਰਿਜੁ ਕਰ ਦਾਹਿਣੈ। (ਸਵ: ਮਹਲਾ ੩ ਕੇ)

੧੩੪-੮੦ ਏ- ਪਹਿਲਾਂ ੧੯ ਵੇਰ ਗਏ ਸਨ! ਇਹ ਫੇਰਾ ਵੀਹਵਾਂ ਸੀ। (ਸੂ.ਪ੍ਰ. ੧੩੬੮)

੧੩੫-੮੦ ਸ- ਗੁਰਬੰਸ ਚੰਦ੍ਰੋਦੈ ਵਿਚ ਨਾਮ 'ਲਖੋਂ' ਹੈ (ਸਫਾ ੩੯)। ਤਵਾ:ਖਾ: ਵਿਚ ਲਖਮੀ ਯਾ ਲਖੋ ਹੈ (ਸਫਾ ੫੬੨)। ਸ੍ਵਾਨਿਆ ਉਮਰੀ ਵਿਚ ਨਾਮ ਹੈ ਸੁਲਖਣੀ। (ਸਫਾ ੧੨)

੧੩੬-੮੦ ਸ- ਗੁਰੂ ਅਮਰਦਾਸ ਜੀ ਕੇ ਪਿਤਾ ਥੇ ਭਲੀ ਸਿਧ ਅਵਸਥਾ ਮੇਂ ਥੇ। (ਮਹਿ: ਪ੍ਰ:ਵਾ:੩੪/੨)

੧੩੭-੮੧ ਉ-ਮਹਿ: ਪ੍ਰ: ਵਾਰਤਕ ੩੪/੨।

੧੩੮-੮੧ ਅ-ਅੰਮ੍ਰਿਤਸਰ ਸ਼ਹਿਰ ਤੋਂ ਪਛੋਂ ਰੁਖ ਨੂੰ ੪ ਕੁ ਮੀਲ ਹੈ ਛਿਹਰਟੇ ਸਟੇਸ਼ਨ ਤੋਂ ੍ਹ ਕੁ ਮੀਲ ਦੱਖਣ ਪਛੋਂ ਦੇ ਰੁਖ ਨੂੰ ਹੈ ਇਹ ਪਿੰਡ। ਇਥੇ ਗੁਰਧਾਮ ਹੈ ਗੁਰੂ ਜੀ ਦੀ ਯਾਦਗਾਰ ਸੰਨ੍ਹ ਸਾਹਿਬ। ਬੀਬੀ ਅਮਰੋ ਦੀ ਸਮਾਧ ਵੀ ਏਥੇ ਹੈ।

੧੩੯-੮੧ ਅ-ਖਾਨ ਪਾਨ ਇਕਠੇ ਕਰਹਿ ਸਿਮਰਤਿ ਉਰਿ ਗੰਗਾ। (ਸੂ: ਪ੍ਰ: ੧੩੭੦)

੧੪੦-੮੧ ਏ-ਨਿਗੁਰੇ ਕੋ ਸੰਗੀ ਭਯੋ ਖਾਨ ਰੁ ਪਾਨਾ-ਪੁੰਨ ਅਕਾਰਥ ਸਭ ਭਏ ਮੁਝ ਚਿੰਤ ਮਹਾਨਾ

(ਸੂ. ਪ੍ਰ. ੧-੧੪ ਸਫਾ ੧੩੭੦)

੧੪੧-੮੧ ਸ-ਯਹ ਚਰਚਾ ਕਰਤੇ ਤੇ ਉਠ ਗਏ। (ਸੂ.ਪ੍ਰ.ਛੰ. ਸਫਾ ੨੧੯)

੧੪੨-੮੩ ਏ- ਨਾਮ ਸਿਮਰਨ ਵਾਲੀ ਤੇ ਬਾਣੀ ਪੜ੍ਹਨ ਵਾਲੀ ਬੀਬੀ ਨੂੰ ਜੋ ਨਾਮ ਨਾਲ ਸਨਿਗਧ ਹੋ ਰਹੀ ਹੈ ਸ੍ਰੀ ਅਮਰਦਾਸ ਜੀ 'ਗੰਗਾ' ਕਹਿ ਰਹੇ ਹਨ। ਗੁਰੂ ਪੰਚਮ ਜੀ ਨੇ ਨਾਮ ਨੂੰ ਗੰਗਾ ਕਿਹਾ ਹੈ, ਯਥਾ-ਗੰਗਾ ਜਲੁ ਗੁਰ ਗੋਬਿੰਦ ਨਾਮ। ਜੋ ਸਿਮਰੈ ਤਿਸਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ ਭ੍ਰਮਾਮ। (ਭੈ: ਮਹਲਾ ੫)। ਭਟਾਚਾਰਯਾ ਨੇ ਵੀ ਨਾਮ ਨੂੰ ਗੰਗਾ ਜਲ ਕਿਹਾ ਹੈ; ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ।। (ਸਵ: ਮਹਲੇ ੫ ਕੇ)

੧੪੩-੮੩ ਸ- ਮ:ਪ੍ਰ: ਵਾ: ੩੬/੨। ਮ:ਪ੍ਰ:ਛੰ: ੧੨੧/੨, ਸੂਰਜ ਪ੍ਰਕਾਸ਼ ੧੩੭੫ 'ਪੁਨ ਆਮਿਖ ਆਵਾਂ'।

੧੪੪-੮੩ ਸ-ਮ:ਪ੍ਰ:ਵਾ: ੩੬/੨। ਮ:ਪ੍ਰ:ਛੰਨ: ੨੨੨।

੧੪੫-੮੪ ਅ-ਤਬ ਸ੍ਰੀ ਗੁਰੂ ਅੰਗਦ ਜੀ ਨੇ ਦੁਇ ਮਰਤਬਾ ਗਿਰਾਸ ਥਾਲੀ ਮੇਂ ਸੇਂ ਲੈ ਕੇ ਅਮਰਦਾਸ ਜੀ ਕੋਂ ਬਕਸਾ। (ਮਹਿ: ਪ੍ਰ: ਵਾ: ੩੬/੨। ਮਹਿ ਪ੍ਰ: ਛੰ: ੨੫੮) ਸੂ. ਪ੍ਰ: ਵਿਚ ਦੁਇ ਸਾਖੀਆਂ ਹਨ ਮਹਿ: ਪ੍ਰ: ਵਾਂਙੂ। ਸਫਾ ੧੩੭੫-੭੬।

੧੪੬-੮੫ ਏ- ਪੁਨ ਇਕੰਤ ਹੋਇ ਸਭ ਤੇ ਬੈਠੇ ਕਰਹਿਂ ਨ ਮੁਨਹਿ ਬਚਨ ਕਿਸਿ ਨਾਲ। ਸਤਿਗੁਰ ਮੂਰਤ ਰਿਦੇ ਸਮਾਲਹਿਂ ਅਪਰ ਮਨੋਰਥ ਸਭ ਕੋ ਟਾਲ। ਨਿਜ ਕੁਲ ਕੋ ਨਿਜ ਗ੍ਰਿਹਕੋ ਤਜਿ ਕਰਿ ਨਹੀਂ ਜਾਇ ਪੁਨ ਕੀਨ ਸੰਭਾਲ। ਨਰ ਉਪਹਾਸ ਕਰਨ ਸਭ ਲਾਗੈ ਖ੍ਰਿਧਿ ਹੋਇ ਕਿਆ ਕੀਨੀ ਚਾਲ। (ਸੂ. ਪ੍ਰ: ੧੩੭੮)

੧੪੭-੮੫ ਏ- ਫਿਰ ਕਬੀ ਸ੍ਰੀ ਅਮਰ ਦਾਸ ਜੀ ਕੋ ਪੂਛਾ ਨਹੀਂ। (ਮ: ਪ੍ਰ: ਵਾ: ੩੦)

੧੪੮-੮੫ ਸ-ਬਲਿਓ ਚਰਾਗੁ ਅੰਧਾਰੁ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ। (ਸਵ: ਸ੍ਰੀ ਮੁਖਵਾਕ ਮ: ੫)

੧੪੯-੮੬ ਅ- ਓਹ ਕੰਮ ਯਾ ਕਿਰਤ ਜਿਸ ਨਾਲ ਕਿਸੇ ਦੀ ਜੀਵਕਾ ਟੁਰਦੀ ਹੋਵੇ।

੧੫੦-੮੬ ਏ- ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੀ। (ਆਸਾ ਮ:੧)

 www.sikhbookclub.com

੧੫੧-੮੭ ੳ-ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ।। (ਸੋਰ:ਮ:੫)

੧੫੨-੮੮ ੳ-ਤਵਾ, ਖਾਲਸਾ ਵਿਚ ਦੋਇ ਸਲੋਕ ਹਰਿ ਨਾਥ ਸੰਤ ਪ੍ਰਤਿ ਹੋਏ ਲਿਖੇ ਹਨ 'ਜੋਗ ਸਬਦੰ' ਵਾਲਾ ਤੇ 'ਏਕ ਕ੍ਰਿਸਨੰ' ਵਾਲਾ (ਸਫਾ ੫੪੨)। ਆਸਾ ਦੀ ਵਾਰ ਵਿਚ ਦੋਇ ਸਲੋਕ ਮ: ੨ ਦੇ ਹਨ ਤੇ ਅੰਤ ਸਹਸਕ੍ਰਿਤੀ ਸਲੋਕਾਂ ਵਿਚ ਮਹਲਾ ੧ ਵਿਚ ਹਨ, ਕਿਉਂਕਿ ਸਹਸਕ੍ਰਿਤੀ ਸਲੋਕਾਂ ਵਿਚ ਸਲੋਕ ਮ: ੨ ਦਾ ਵਖਰਾ ਸਿਰਨਾਵਾਂ ਨਹਂ ਦਿਤਾ, ਇਸ ਕਰਕੇ ਮਹਲਾ ੧ ਦੇ ਸਲੋਕਾਂ ਵਿਚ ਹੀ ਆ ਗਏ ਹਨ। ਜਿਸ ਤਰ੍ਹਾਂ ਆਸਾ ਦੀ ਵਾਰ ਤੇ ਲਿਖਿਆ ਹੈ-'ਸਲੋਕ ਬੀ ਮਹਲੇ ਪਹਿਲੇ ਕੇ ਲਿਖੇਂ ਪਰ ਮਹਲਾ ੨ ਦੇ ਸਲੋਕ ਬਹੁਤ ਥੋੜੇ ਵਿਚ ਦਿਤੇ ਹੋਣ ਕਰਕੇ ਵਖਰਾ ਸਿਰਨਾਵਾਂ ਨਹੀਂ ਦਿਤਾ।

੧੫੩-੮੮ ੲ-ਕ੍ਰਿਸ਼ਨ ਪਦ ਦਾ ਇਕ ਅਰਥ 'ਬ੍ਰਹਮ' ਹੈ ਤੇ ਦੂਜਾ ਗੀਤਾ ਵਾਲੇ ਸ੍ਰੀ ਕ੍ਰਿਸ਼ਨ ਜੀ। ਕ੍ਰਿਸ਼ਨ ਪਦ ਦਾ ਅਰਥ ਜੇ ਗੀਤਾ ਵਾਲੇ ਕ੍ਰਿਸ਼ਨ ਜੀ ਹੋਵੇ ਤਾਂ ਇਹ ਪਦ ਪੁਲਿੰਗ ਹੈ, ਪਰ ਏਥੇ ਟਿੱਪੀ ਨਾਲ ਇਹ ਪਦ ਨਿਪੁੰਸਕ ਲਿੰਗ ਵਿਚ ਹੈ। ਬ੍ਰਹਮ ਪਦ ਬੀ ਨਿਪੁੰਸਕ ਹੈ। ਤਾਂ ਤੇ ਕ੍ਰਿਸ਼ਨ ਪਦ ਦੇ ਦੋ ਅਰਥਾਂ ਵਿਚੋਂ ਏਥੇ 'ਬ੍ਰਹਮ' ਅਰਥ ਲੈਣਾ ਠੀਕ ਹੈ। ਕ੍ਰਿਸ਼ਨ ਪਦ ਦਾ ਬ੍ਰਹਮ ਅਰਥ ਇਸ ਪ੍ਰਮਾਣ ਕਰਕੇ ਬੀ ਹੈ ਯਥਾ: 'ਕ੍ਰਿਖਿਰ ਭੂ ਵਾਚਕ: ਸ਼ਬਦ: ਣਸ਼੍ਰ ਨਿਰ੍ਰਿਵ੍ਰਿਤੀ ਵਾਚਕ: ਤਯੋਰੈਕਯੰ ਪਰੰ ਬ੍ਰਹਮ ਕ੍ਰਿਖਣ ਇਤ੍ਯਭਿਧੀਯਤੇ। ('ਸ੍ਰੀ ਧਰ'! ਦੇਖੋ ਗੁਰੂ ਗ੍ਰੰਥ ਕੋਸ਼)। ਅਰਥਾਤ-ਹੋਣਾ ਔਰ ਨਵਿਰਤੀ, ਇਨ੍ਹਾਂ ਦੀ ਜੋ ਏਕਤਾ ਹੈ, ਉਸ ਪਰੰਬ੍ਰਹਮ ਦਾ ਵਾਚਕ ਕ੍ਰਿਸ਼ਨ ਪਦ ਹੈ। ਭਾਵ ਪਾਰ ਬ੍ਰਹਮ ਦਾ ਨਾਮ ਕ੍ਰਿਸ਼ਨ ਹੈ।

੧੫੪-੮੮ ੲ-ਵਾਸੁਦੇਵ=ਇਕ ਅਰਥ ਹੈ: ਵਾਸੁਦੇਵ ਦਾ ਪੁਤ੍ਰ-ਕ੍ਰਿਸ਼ਨ। ਦੂਸਰਾ ਅਰਥ ਹੈ-ਸਰਬ ਵਯਾਪਕ ਬ੍ਰਹਮ। (ਵਸ-ਨਿਵਾਸੇ ਧਾਤੂ ਹੈ)। ਗੁਰੂ ਜੀ ਨੇ ਲਿਖਿਆ ਹੈ, 'ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ।।" (ਗਉ: ਬਾ: ਅਖ: ਮ: ੫)

ਵਿਸ਼ਨੂ ਪੁਰਾਣ ਵਿਚ ਬੀ ਇਹੋ ਅਰਥ ਕੀਤੇ ਹਨ। ਯਥਾ:-

ਸਰ੍ਵਤ੍ਰਾਸੌ ਸਮਸ੍ਤੰ ਚ ਵਸਤ੍ਯ ਤ੍ਰੇਤਿ ਵੈ ਯਤ:।।
ਤਤ: ਸ ਵਾਸੁ ਦੇਵੇਤਿ ਵਿਦ੍ਵਦ੍ਭਿ: ਪਰਿ ਪਠਯਤੇ।।

(ਵਿਸ਼ਨੂ ਪੁਰਣ ਅੰਸ਼ ੧ ਅ: ੨ ਅੰਕ ੧੨)

ਅਰਥਾਤ- ਉਹ ਸਰਵਤ੍ਰ ਹੈ ਅਤੇ ਉਸ ਵਿਚ ਸਮਸਤ ਵਿਸ਼੍ਵ ਵਸਿਆ ਹੋਇਆ ਹੈ, ਇਸ ਵਾਸਤੇ ਵਿਦਵਾਨ ਉਸ ਨੂੰ ਵਾਸਦੇਵ ਕਹਿੰਦੇ ਸਨ। ਨਿਰੰਜਨ ਦੇਉ-ਮਾਯਾ ਰਹਿਤ ਪ੍ਰਕਾਸ਼ ਸਰੂਪ।

(ਅ) ਸਰਬ ਦੇਵਾਂ ਦਾ ਇਕ ਕ੍ਰਿਸ਼ਨ (=ਬ੍ਰਹਮ) ਹੈ, ਫਿਰ (ਉਹੀ) ਦੇਵਤਿਆਂ ਦਾ ਆਤਮਾ ਹੈ, (ਉਹੀ) ਆਤਮਾ (ਫਿਰ) ਪਰਮਾਤਮਾਂ ਦਾ (ਆਪਣਾ ਆਪ ਹੈ) ਆਦਿ।

(ੲ) ਇਕ ਹੈ ਬ੍ਰਹਮ, ਜੋ ਦੇਵਤਿਆਂ, ਅਦੇਵਾਂ (ਦੇਵਾਤ) ਤੇਜੱਸੀਆਂ, ਸਭ ਦੀ ਆਤਮਾ ਹੈ, ਆਤਮਾ (ਫ਼ਿਰ) ਬ੍ਰਹਮ ਹੈ, ਇਸ ਤਰ੍ਹਾਂ ਤ੍ਰੈ ਭਿੰਨਤਾ ਵਾਲੇ ਅਰਥ ਬੀ ਗਯਾਨੀ ਕਰਦੇ ਹਨ; ਪਰ ਭਾਵ ਇਕੋ ਹੈ ਜੋ ਗੁਰਬਾਣੀ ਦੀ ਇਕ ਤੁਕ ਵਿਚ ਹੈ-'ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ।।' (ਭੈ:ਅ:ਮ: ੧)

੧੫੫-੮੯ ਅ-ਤੀਜੇ ਸਤਿਗੁਰਾਂ ਨੇ ਫ਼ੁਰਮਾਯਾ ਹੈ-'ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ।। ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ।। (ਸਲੋਕ ਮਹਲਾ ੩ ਵਾਰ ਮਾਰੂ)

੧੫੬-੯੧ ੲ-ਹਉ ਜਾਟ ਬੂਟ ਆਗੈ ਨਹੀਂ ਗਾਂਉਂ। (ਮ:ਪ੍ਰ:ਛੰ: ੨੧੪/੨)

ਪੁਨਾ-ਬਾਬੇ ਦੀ ਬਾਣੀ ਹੈ ਤੁਸਾਡੇ ਅਗੇ ਗਾਂਵਦਾ ਹਾਂ ਹੋਰ ਕਿਸੇ ਅਗੇ ਮੈਂ ਨਹੀਂ ਗਾਂਵਦਾ। (ਮਹਿ:ਪ੍ਰ: ਵਾਰ ੩੧/੨)

੧੫੭-੯੧ ੲ-ਮ: ਪ੍ਰ: ਵਾ: ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਇਕ ਮੀਰਜ਼ਾਦੇ ਨੂੰ ਬਾਣੀ ਦਾ ਵਰਦਾਨ ਦੇ ਕੇ ਇਸ ਦੇ ਜਾਣ ਮਗਰੋਂ ਕੀਰਤਨ ਤੇ ਲਾ ਲਿਆ। (ਸਫਾ ੩੪)


www.sikhbookclub.com

੧੫੮-੯੧ ਸ- ਇਹ ਬੀ ਲਿਖਿਆ ਹੈ ਕਿ ਆਈ ਭੇਟਾ ਦਾ ਅੱਧ ਮੰਗਿਆ।

(ਗੁਰੂ ਬੰਸ ਚੰਦ੍ਰੋਦਯ ਸਫਾ ੩੪)

੧੫੯-੯੨ ਅ- ਪਹਿਲੇ ਰੁਸੇਵੇਂ ਵੇਲੇ ਇਕ ਮੀਰਜ਼ਾਦਾ ਲਾਇਆ ਸੀ। ਹੁਣ ਡਲੇ ਦੇ ਸਿਖ ਕੀਰਤਨ ਤੇ ਲਾਏ ਜਿਨ੍ਹਾਂ ਦੇ ਨਾਮ ਦਸੇ ਜਾਂਦੇ ਹਨ-ਉਗ੍ਰਸੈਨ, ਰਾਮੂ, ਦੀਪਾ, ਨਗੌਰੀ ਮਲ।

ਪੁਨਾ: ਗੁਰ ਬੰਸ ਚੰਦ੍ਰੋਦਯ ੩੪/੨ ਵਿਚ ਲਿਖਿਆ ਹੈ-ਡੂਮ ਦੂਹ ਕੀਏ, ਕੀਰਤਨ ਕਰਬੇ ਕਉ ਸਿਖ ਰਹਿ ਗਏ।

੧੬੦-੯੨ ਸ- ਖੋਤੇ ਚੜ੍ਹਿਆ ਭੀ ਲਿਖਿਆ ਹੈ।

੧੬੧-੯੩ ੲ- ਇਹ ਵਾਰ ਰਾਮਕਲੀ ਵਿਚ ਹੈ: ਆਮ ਪ੍ਰਚਲਤ ਨਾਮ 'ਟਿਕੇ ਦੀ ਵਾਰ' ਹੈ। ਇਹ ਰਾਇ ਬਲਵੰਡ ਅਤੇ ਸਤੇ ਦੋਹਾਂ ਦੀ ਉਚਾਰੀ ਹੋਈ ਹੈ।

੧੬੨-੯੩ ਅ- ਭਾਈ ਗਿਆਨ ਸਿੰਘ ਜੀ ਗਿਆਨੀ ਬੜੀ ਪ੍ਰਸਿਧ ਹਸਤੀ ਹੋਏ ਹਨ। ਆਪ ਜੀ ਦੀ ਕਥਾ ਬੜੀ ਮਨੋਹਰ ਹੋਇਆ ਕਰਦੀ ਸੀ। ਆਪ ਦਾ ਚਾਲਾਨਾ ਚੇਤ ਦੀ ਚੌਥ ਸੰਮਤ ੪੧੫ ਗੁਰੂ ਨਾਨਕ ਸਾਹਿਬ ਵਿਚ ਅੰਮ੍ਰਿਤਸਰ ਕੌਲਸਰ ਤੇ ਹੋਇਆ ਸੀ। ਬਿ: ਸੰ: ੧੯੪੦-੪੧ ਸੀ। ਵੇਖੋ ਸ੍ਰੀ ਚਰਨ ਹਰਿ ਵਿਸਥਾਰ (ਸਫਾ ੮੯੨।)

ਭਾਈ ਗਿਆਨ ਸਿੰਘ ਜੀ ਗਿਆਨੀ ਦੇ ਸਪੁਤ੍ਰ ਭਾਈ ਸਰਦੂਲ ਸਿੰਘ ਜੀ ਪ੍ਰਸਿੱਧ ਗਿਆਨੀ ਹੋਏ ਹਨ। ਸਿੰਘ ਸਭਾ ਦੇ ਪ੍ਰਚਾਰ ਤੇ ਗੁਰਬਾਣੀ ਦੇ ਪ੍ਰਚਾਰ ਵਿਚ ਆਪ ਪ੍ਰਸਿੱਧ ਹਸਤੀ ਸਨ।

੧੬੩-੯੩ ਸ- ਗੁਰ ਬੰਸ ਚੰਦ੍ਰੋਦਯ ਵਿਚ (ਜੋ ੧੯੦੦ ਵਿਚ ਲਿਖਿਆ ਗਿਆ) ਲਿਖਿਆ ਹੈ 'ਤਬ ਅੰਗਦ ਜੀ ਨੇ ਬਾਹਰ ਆਇ ਡੂਮ ਦੂਹ ਕੀਏ। ਕੀਰਤਨ ਕਰਬੇ ਕੋ ਸਿਖ ਠਹਿਰਾਏ। (੩੪)। ਪਰ ਬੰਸਾ: ਨਾਮੇ ਵਿਚ, (ਜੋ ਗ੍ਰੰਥ ਕਿ ੧੮੩੬ ਬਿਕਰਮੀ ਵਿਚ ਲਿਖਿਆ ਗਿਆ) ਇਉਂ ਦੱਸਿਆ ਹੈ ਕਿ ਸੱਤਾ ਬਲਵੰਡ ਧੱਕੇ ਤਾਂ ਦੂਸਰੀ ਪਾਤਸ਼ਾਹੀ ਦੇ ਸਮੇਂ ਗਏ, ਪਰ ਫੇਰ ਉਹ ਪੰਜਵੀਂ ਪਾਤਸ਼ਾਹੀ ਪਾਸ ਮਾਫੀ ਲਈ ਆਏ। ਗੁਰੂ ਜੀ ਨੇ ਫੁਰਮਾਇਆ "ਤੁਸਾਡੀ ਅਜੋੜ ਹੋਈ ਦੂਜੀ ਪਾਤਸ਼ਾਹੀ ਨਾਲਿ ਫੇਰ ਤੀਜੀ ਚੌਥੀ ਬੀ ਨਾ ਵਾੜੇ, ਅਸੀਂ ਉਨ੍ਹਾਂ ਦੀ ਕੀਤੀ ਕੀਕੂੰ ਛਡੀਏ ਲਿਤਾੜੇ"। ਫੇਰ ਆਪ ਜੀ ਨੇ ਸਿੱਖਾਂ ਨੂੰ ਆਖਿਆ 'ਕਿਸੇ ਫੇਰ ਡੂਮ ਦੀ ਸਿਫਾਰਸ਼ ਨਹੀਂ ਕਰਨੀ'। ਤਦੋਂ ਡੂਮ ਗਏ ਇਕ ਸਿਖ ਦੇ ਦੁਆਰੇ ਜੋ ਕਾਬਲ ਦਾ ਸੀ ਤੇ ਨਾਮ ਸੀ ਚੰਬਾ। ਸੋ ਖਰ ਚੜ੍ਹਕੇ ਢੋਲ ਵਜਦੇ ਆਇਆ। ਸਿਫਾਰਸ਼ ਕੀਤੀ। ਗੁਰੂ ਜੀ ਪ੍ਰਸੰਨ ਨਾ ਹੋਏ। ਪਰ ਫੇਰ ਮਗਰੋਂ ਬਖਸ਼ ਦਿੱਤਾ। ਇਸ ਲੇਖਕ ਨੇ ਲਿਖਿਆ ਹੈ ਕਿ ਡੂਮ ਟਿਕੇ ਦੀ ਵਾਰ ਲਿਖਕੇ ਇਸ ਵੇਲੇ ਪੰਜਵੇਂ ਗੁਰੂ ਕੇ ਹਜ਼ੂਰ ਲਿਆਏ।

੧੬੪-੯੪ ਸ- ਤਵਾ: ਖਾ: ਹਿ: ੨, ੨ ਪੰ: ੫੩੧।

੧੬੫-੯੪ ਸ- ਸ੍ਵਾਨਿਆ ਉਮਰੀ ਗੁਰੂ ਅੰਗਦ ਦੇਵ ਜੀ ਵਿਚ ਇਸ ਦਾ ਨਾਉਂ ਜਵਾਹਰ ਮਲ ਲਿਖਿਆ ਹੈ। ਤਵਾ: ਖਾ: ਨੇ ਇਸ ਦਾ ਨਾਉਂ ਮਲੂਕਾ ਦਿਤਾ ਹੈ।

੧੬੬-੯੫ ੳ- ਇਉਂ ਬੀ ਰਵਾਯਤ ਹੈ ਕਿ ਚੌਧਰੀ ਨੂੰ ਨਹੀਂ, ਪਰ ਉਸਦੇ ਪੁਤ੍ਰ ਨੂੰ ਮਿਰਗੀ ਦੀ ਬੀਮਾਰੀ ਸੀ:

੧੬੭-੯੫ ੳ- ਮਿਰਗੀ ਨੂੰ ਖੁੰਟੇ ਨਾਲ ਬੰਧੈਗੇ! (ਮਹਿ: ਪ੍ਰ: ੩੩।੨)

੧੬੮-੯੫ ੲ- ਖਾ: ਤਵਾ: ਹਿੱਸਾ ੧.੨ (ਪੰਨਾ ੫੩੮)

੧੬੯-੯੫ ਅ- ਇਹ ਪਿੰਡ ਹੁਣ ਢੱਠਾ ਪਿਆ ਉਜਾੜ ਸੀ। ਬਾਬਰ ਦੇ ਹੱਲੇ ਵੇਲੇ ਬਲੋਚਾਂ ਪਚਾਧਿਆਂ ਆਦਿਕਾਂ ਨੇ ਲੁੱਟ ਮਾਰ ਕਰਕੇ ਢਹਿ ਢੇਰੀ ਕਰ ਦਿੱਤਾ ਸੀ। ਹੁਣ ਏਥੇ ਫੇਰ ਵਸੋਂ ਹੈ। ਨਾਮ ਹੁਣ ਨਾਂਗੇ ਦੀ ਸਰਾਂ ਹੈ। ਗੁਰੂ ਕੇ ਗ੍ਰਹਿ ਦਾ ਨਿਸ਼ਾਨ ਗੁਰਦੁਆਰਾ ਹੈ ਮੱਤੇ ਦੀ ਸਰਾਂ ਦੇ ਥੇਹ ਉਤੇ। ਨਾਂਗੇ ਦੀ ਸਰਾਂ ਇਕ ਉਦਾਸੀ ਨਾਂਗੇ ਸੰਤ ਨੇ ਏਥੇ ਮੁੜ ਕੇ ਵਸਾਈ ਸੀ, ਤਾਂ ਤੇ ਹੁਣ ਨਾਮ

ਨਾਂਗੇ ਦੀ ਸਰਾਂ ਹੈ। ਇਕ ਗੁਰਦੁਆਰਾ ਏਥੇ ਗੁਰੂ ਨਾਨਕ ਦੇਵ ਜੀ ਦਾ ਭੀ ਹੈ। ਨਾਂਗੇ ਦੀ ਸਰਾਂ ਤਸੀਲ ਮੁਕਤਸਰ ਵਿਚ ਹੈ।

੧੭੦-੯੫ ਅ-ਏਥੇ ਹਰੀਕੇ ਪੱਤਣ ਬੀ ਗੁਰਦੁਆਰਾ ਸੀ ਜੋ ਦਸੱਦੇ ਹਨ ਕਿ ਦਰਿਆ ਦੀ ਲਾਈ ਢਾਹ ਵਿਚ ਆ ਗਿਆ ਸੀ। (ਤਵਾ: ਖਾ: ੫੪੩)। 'ਹਰੀਕੇ' ਸਤਲੁਜ ਬਿਆਸ ਦੇ ਸੰਗਮ ਸਥਾਨ ਤੇ ਹੈ।

੧੭੧-੯੬ ੳ-ਸੁਧ ਹਿਤ ਮਾਨਵ ਪ੍ਰਥਮ ਪਨਾਇਓ। (ਸੂ. ਪ੍ਰ:)

੧੭੨-੯੭ ੲ-ਪੰਜਵੇਂ ਸਤਿਗੁਰਾਂ ਨੇ ਭੀ ਫ਼ੁਰਮਾਇਆ ਹੈ:-ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ। (ਬਿਲਾ: ਮਹਲਾ ੫)

੧੭੩-੯੭ ੲ-ਤਵਾਰੀਖ ਖਾਲਸਾ ਵਿਚ ਚੌਧਰੀ ਦਾ ਉਧਾਰ ਕੀਤਾ ਲਿਖਿਆ ਹੈ। (ਪੰਨਾ ੫੪੫) ਇਸ ਚੌਧਰੀ ਦੀ ਵਾਰਤਾ ਦੋ ਹੋਰ ਤਰ੍ਹਾਂ ਵੀ ਦੱਸੀਦੀ ਹੈ। ਇਕ ਤਾਂ ਇਉਂ ਕਿ ਝੁਕਿਆ ਨਹੀਂ ਬੇਅਦਬ ਹੀ ਗਿਆ ਤੇ ਇਸ ਦਾ ਐਸ਼੍ਵਰਜ ਨਸ਼ਟ ਹੋ ਗਿਆ। (ਸੂ. ਪ੍ਰ. ੧੩੬੩) ਦੂਸਰੀ ਤਰਾਂ ਇਉਂ ਦੱਸੀਦਾ ਹੈ ਕਿ ਜਦ ਸਿਰ੍ਹਾਣੇ ਆ ਬੈਠਾ ਤਾਂ ਸਿਰ ਚਕ੍ਰਾ ਗਿਆ ਤੇ ਹੇਠਾਂ ਜਾ ਪਿਆ। ਸਿਖਾਂ ਨੇ ਚੁੱਕਿਆ, ਛੱਟੇ ਮਾਰੇ, ਹੋਸ਼ ਆਂਦੀ, ਤਾਂ ਸੋਝੀ ਪਈ ਕਿ ਮੈਂ ਭੁੱਲ ਕੀਤੀ ਹੈ। ਫੇਰ ਗੁਰਬਾਣੀ ਸੁਣਕੇ ਸ਼ਰਨ ਪਿਆ ਤੇ ਗੁਰੂ ਜੀ ਨੇ ਉਧਾਰ ਕੀਤਾ।

੧੭੪-੯੭ ਅ-ਜੁਲਾਹੇ ਦੇ ਕੁੰਭਲ ਵਿਚ ਡਿਗ ਪਏ। (ਸੂ. ਪ੍ਰ: ੧੩੮੩)

੧੭੫-੯੮ ੲ-ਇਹ ਗਲ ਵੀਚਾਰ ਯੋਗ ਹੈ ਕਿ ਗੱਦੀ ਹੁਣੇ ਦਿਤੀ ਗਈ ਕਿ ਇਸ ਤੋਂ ਮਗਰੋਂ। ਮਹਿਮਾ ਪ੍ਰਕਾਸ਼ ਮੂਜਬ ਗੱਦੀ ਹੁਣੇ ਦਿਤੀ ਗਈ। ਗੋਯਾ ਚਰਣ ਸ਼ਰਣ ਆਉਣ ਤੋਂ ਛੇ ਬਰਸ ਛੇ ਮਹੀਨੇ ਬਾਦ। ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਇਹ ਜੁਲਾਹੇ ਵਾਲਾ ਵਾਕਿਆ ਛੇ ਬਰਸ ਛੇ ਮਹੀਨੇ ਮਗਰੋਂ ਹੋਇਆ। ਗੁਰ ਬੰਸ ਚੰਦ੍ਰੋਦਯ ਵਿਚ ਲਿਖਿਆ ਹੈ 'ਸੰਮਤ ੧੬੦੫ ਵਿਚ ਅਮਰਦਾਸ ਜੀ ਕੋ ਦਿਬ ਦ੍ਰਿਸ਼ਟਿ ਭਈ' ਪਰ ਇਸ ਨੇ ਗੱਦੀ ਮਿਲਣੀ ੧੬੦੮ ਤੋਂ ਬਾਦ ਤੇ ੧੬੦੯ ਵਿਚ ਦੱਸੀ ਹੈ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾਏ। ਸੋ ਵਰਦਾਨ ਦਾ ਸਮਾਂ ੧੬੦੪ ਯਾ ਪੰਜ ਵਿਚ ਹੈ ਤੇ ਗੱਦੀ ਮਿਲਣੇ ਦਾ ਸਮਾਂ ੧੬੦੯ ਵਿਚ ਹੈ। ਤਵਾ: ਖਾ: ਨੇ ਜੁਲਾਹੇ ਦਾ ਵਾਕਿਆ ਤੇ ਗੱਦੀ ਦੇਣ ਦਾ ਵਾਕਿਆ ਇਕੱਠੇ ੧੬੦੯ ਦਿਤੇ ਹਨ। ਸੂਰਜ ਪ੍ਰਕਾਸ਼ ਨੇ ਜੁਲਾਹੇ ਦਾ ਵਾਕਿਆ ਪਹਿਲੋਂ ਦਿਤਾ ਹੈ; ਤਦੋਂ ਗੱਦੀ ਕੋਈ ਨਹੀਂ ਸੀ ਦਿਤੀ। ਸਗੋਂ ਵਰਦਾਨ ਹੋਕੇ ਇਉਂ ਲਿਖਿਆ ਹੈ: ਬਿਦਿਤ ਭਏ ਗੁਰ ਸੰਗਤਿ ਮਾਹਿ। ਗੁਰ ਸ੍ਰੀ ਅਮਰ ਅਪਰ ਹੁਇ ਨਾਂਹਿ। (ਸੂ: ਪ੍ਰ: ੧੩੮੮)

ਗੱਦੀ ਮਿਲਣ ਦਾ ਸਮਾਂ ਸੂ: ਪ੍ਰ: ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਜ਼ਰਾ ਪਹਿਲੇ ਦਿਤਾ ਹੈ ਜੋ ੧੬੦੯ ਦਾ ਸਮਾਂ ਹੈ, ਜੈਸਾ ਕਿ ਸਫਾ ੧੪੨੭ ਤੇ ਲਿਖਿਆ ਹੈ: 'ਪੈਸੇ ਪੰਚ ਅਗਾਰੀ ਧਰੇ।।੨੦।। ਕਰਿ ਬੰਦਨ ਸਿੰਘਾਸਨ ਦੀਨਾ।' ਸੋ ਸੂ: ਪ੍ਰ: ਤੇ ਗੁ: ਬੰ: ਚੰਦ੍ਰੋਦਯ ਦੀ ਗਲ ਠੀਕ ਹੈ। ਤੇ ਗੱਦੀ ਤੇ ਜੁਲਾਹੇ ਦਾ ਪ੍ਰਸੰਗ ੧੬੦੫ ਵਿਚ ਹੋਣਾ ਯਾ ਦੋਹਾਂ ਦਾ ੧੬੦੯ ਵਿਚ ਹੋਣਾ ਠੀਕ ਨਹੀਂ ਸਹੀ ਹੁੰਦਾ। ਦੋਏ ਅੱਡ ਅੱਡ ਸਮਿਆਂ ਤੇ ਹੋਏ ਹਨ ਤੇ ਵਿਚ ਵਿੱਥ ਚਾਰ ਪੰਜ ਸਾਲ ਦੀ ਹੈ।

੧੭੬-੯੮ ਅ-ਮਹਿ ਪ੍ਰ: ਵਾਰ: ਵਿਚ ਲਿਖਿਆ ਹੈ (ਸ੍ਰੀ ਅਮਰ ਜੀ ਬੋਲੇ) ਸਚੇ ਪਾਤਸ਼ਾਹ, ਦੇਵੀ ਦੇਵਤਾ ਸਿਧ ਸਾਧਕ ਬਾਵਨ ਬੀਰ ਜੋ ਅਕਾਰ ਕੇ ਨਾਇਕ ਹੈਂ ਸੋ ਹਾਥ ਬਾਂਧਕੇ ਖੜੇ ਹੈਂ। ਕਹਿੰਦੇ ਹੈਂ ਜੋ ਤੁਮੀਂ ਕਹੋ, ਆਗਿਆ ਕਰੋ, ਸੋ ਕਰੀਏ। ਤਬ ਬਚਨ ਹੂਆ ਜੋ ਪੁਰਖਾ ਚਉਰਾਸੀ ਤੁਮਰੇ ਹਾਥ ਮੇਂ ਹੈ ਅਰ ਵਾਹਿਗੁਰੂ ਕਾ ਮੰਤ੍ਰ ਆਪਣੇ ਮੁਖ ਕਰਕੇ ਚਉਰਾਸੀ ਕਉ ਜਪਾਈਐ, ਬਾਬੇ ਜੀ ਕੀ ਆਗਿਆ ਪਾਰਬ੍ਰਹਮ ਕਾ ਪੰਥ ਕਰਨਾ ਹੈ, ਤੁਸਾਡੇ ਪਾਸੋਂ ਹੋਵੇਗਾ। (ਮਹਿ: ਪ੍ਰ: ਵਾ: ੩੮)

੧੭੭-੯੮ ਅ-ਕਲ੍ਹ ਕਵੀ ਨੇ ਬੀ ਲਿਖਿਆ ਹੈ: ਬਾਰਿਜੁ ਕਰਿ ਦਾਹਣੈ ਸਿਧਿ ਸਨਮੁਖ ਮੁਖੁ ਜੋਵੈ।। ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ। ਰਿਦੈ ਬਸੈ ਅਕਹੀਉ ਸੋਇ ਰਸੁ ਤਿਨਹੀ


www.sikhbookclub.com

ਜਾਤਉ।। ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ।। ਮਸਤਕਿ ਨੀਸਾਣੁ ਸਚਉ ਕਰਮੁ ਕਲੵ ਜੋੜਿ ਕਰਿ ਧ੍ਯਾਇਅਉ। ਪਰਸਿਅਉ ਗੁਰੂ ਸਤਿਗੁਰ ਤਿਲਕੁ ਸਰਬ ਇਛ ਤਿਨਿ ਪਾਇਅਉ।।੯।। (ਸਵ: ਮ: ੩ ਕੇ)

੧੭੮-੯੮ ਸ- ਮਹਿ: ਪ੍ਰ: ਵ: ੩੮-ਅਬ ਬਾਸਰਕੀ ਮੈਂ ਜਾ ਕਰ ਰਹੀਅਉ। ਪੁਨਾ: ਮਹਿ: ਪ੍ਰ:ਛੰ:ਬੰ: ੨੨੫- ਪ੍ਰਾਤਕਾਲ ਆਗਿਆ ਕਰੀ ਸਤਿਗੁਰ ਦੀਨ ਦਿਆਲ। ਹੇ ਪਰਮ ਪੁਰਖ ਗ੍ਰਿਹ ਜਾਉ ਤੁਮ ਬੀਤੇ ਹੈਂ ਬਹੁ ਕਾਲ।

੧੭੯-੯੯ ਸ- ਮਹਿ: ਪ੍ਰ: ਵਾ: ਵਿਚ ਇਹ ਬਾਸਰਕੇ ਜਾਣ ਤੇ ਸਾਹਿਬਜ਼ਾਦਿਆਂ ਦੇ ਮਗਰ ਜਾਣ ਦੀ ਸਾਖੀ ਦਿੱਤੀ ਹੈ। (੩੮/੨)

੧੮੦-੧੦੦ੲ- ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਦਾਤੂ ਦਾਸੂ ਜੀ ਆਪਣੀ ਦੁਕਾਨ ਦੇ ਮਾਲਕ ਸਨ ਤੇ ਆਪਣਾ ਨਿਰਬਾਹ ਕਰਦੇ ਸਨ। ਗੁਰੂ ਜੀ ਪਾਸੋਂ ਮੰਗਦੇ ਤਾਂ ਉਹ ਆਖਦੇ; ਇਹ ਪੂਜਾ ਕਾ ਧਾਨ ਕੱਚਾ ਪਾਰਾ ਹੈ, ਤੁਸਾਂ ਗ੍ਰਿਹਸਤੀਆਂ ਨੂੰ ਵਰਤਣਾ ਨਹੀਂ ਚਾਹੀਏ।

੧੮੧-੧੦੨ੳ- ਇਕ ਨਿਜ ਪੋਖਰ ਤਹਾਂ ਪੀਪਲ ਰਹੇ। ਸਤਿਗੁਰ ਤਿਹ ਛਾਹੀ ਨਿਤ ਬਹੇ। ਰਮਣੀਕ ਅਸਥਾਨ ਅਧਿਕ ਸੁਖ ਸੁਆਉ 'ਗੁਰੂ ਆਨਾ' ਰਾਖਾ ਜਗ ਨਾਉ। (ਮ. ਪ੍ਰ. ਛੰਦ ੨੨੫)

੧੮੨-੧੦੩ੳ- ਤਬ ਸਾਹਿਬੋਂ ਨੇ ਹਾਥ ਫੇਰਿਆ ਤਬ ਸਾਰਾ ਸਰੀਰ ਹਛਾ ਹੋਇਆ, ਹਾਥ ਪਾਉਂ ਸੁਧ ਹੋਇ ਗਇਆ। (ਮਹਿ ਪ੍ਰ: ਵਾ: ੩੯/੧)

੧੮੩-੧੦੪ੲ- ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਪਹਿਲੋਂ ਗੁਰੂ ਜੀ ਨੇ ਦਾਸੂ ਨੂੰ ਫੇਰ ਦਾਤੂ ਨੂੰ ਗੋਇੰਦਵਾਲ ਜਾਣੇ ਦੀ ਆਗਿਆ ਕੀਤੀ ਸੀ, ਪਰ ਉਹਨਾਂ ਨੇ ਨਾਂਹ ਕੀਤੀ ਤੇ ਇਹ ਆਖਕੇ ਕਿ ਉਥੇ ਭੂਤਾਂ ਪ੍ਰੇਤਾਂ ਦਾ ਵਾਸ ਹੈ, ਅਸੀਂ ਨਹੀਂ ਜਾਂਦੇ, ਪਰ ਜਦ ਸ੍ਰੀ ਅਮਰ ਜੀ ਨੂੰ ਆਖਿਆ ਤਾਂ ਉਹ ਆਗਿਆ ਸਿਰ ਧਰਕੇ ਟੁਰ ਪਏ ਖੁਸ਼ੀ ਖੁਸ਼ੀ। (ਸੂ: ਪ੍ਰ: ੧੩੯੧)

੧੮੪-੧੦੪ਸ- ਆਗਿਆ ਹੋਈ-ਪੁਰਖਾ ਤੁਮਾਰੇ ਚਰਨ ਕੇ ਪ੍ਰਤਾਪ ਸੇ ਜਾਗਹਿ ਕਾ ਭਲਾ ਹੋਇਆ। (ਮਹਿਮਾ ਪ੍ਰ: ਵਾ: ੩੮/੨)

੧੮੫-੧੦੫ੲ- ਮਹਿਮਾ ਪ੍ਰਕਾਸ਼ ਵਾਰਤਕ ੪੦/੧

੧੮੬-੧੦੫ਸ- ਮਹਿਮਾ ਪ੍ਰਕਾਸ਼ ਵਾਰਤਕ ੪੦/੧। ਪਰ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਮੈਂ ਬਾਜ਼ੇ ਸਿਖਾਂ ਤੋਂ ਸੁਣਿਆਂ ਹੈ ਕਿ ਸ੍ਰੀ ਅਮਰ ਜੀ ਇਨ੍ਹੀ ਦਿਨੀਂ ਬਜਾਸਾ ਤੋਂ ਜਲ ਦੀ ਗਾਗਰ ਲੈ ਕੇ ਖਡੂਰ ਪਹੁੰਚ ਕੇ ਇਨਸ਼ਾਨ ਕਰਵਾਉਂਦੇ ਹੁੰਦੇ ਸਨ। ਜਿਥੇ ਆਪ ਰਤਾ ਕੁ ਸਾਹ ਲੈਂਦੇ ਉਥੇ ਦਮਦਮਾ ਸਾਹਿਬ ਹੈ, ਖਡੂਰ ਗੋਇੰਦਵਾਲ ਦੇ ਵਿਚਕਾਰ ਜਿਹੇ।

੧੮੭-੧੦੫ਅ- ਸਾਹਿਬ ਗੁਰੂ ਅੰਗਦ ਜੀ ਦੇ ਦਰਸ਼ਨ ਕਉ ਜਾਤੇ ਥੇ ਹਮੇਸ਼ਾ, ਜਬ ਲੰਗਰ ਹੋਇ ਚੁਕਤਾ। ਤਬ ਸਾਹਿਬੋਂ ਕੋ ਪ੍ਰਸਾਦਿ ਪਾਇ ਕਰ ਫਿਰ ਗੋਇੰਦਵਾਲ ਕਉ ਸਾਹਿਬ ਆਵਤੇ। (ਮਹਿ: ਪ੍ਰ: ਵਾ: ਸਫਾ ੪੦)

੧੮੮-੧੦੬ੳ- ਗੁਰੂ ਸਮੁੰਦੁ ਨਦੀ ਸਭਿ ਸਿਖੀ। (ਵਾਰ ਮਾਝ ਮ:੧)

੧੮੯-੧੦੬ੲ- ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਏਥੇ ਵਰਣ ਆ ਮਿਲਿਆ ਇਕ ਮੱਛੀ ਚੰਗੀ ਜਾਤ ਦੀ ਆ ਭੇਟ ਕੀਤੀ ਓਸ, ਜੋ ਪ੍ਰਸ਼ਾਦ ਬਣਾਕੇ ਵਰਤੀ ਗਈ। ਪਰ ਮਹਿਮਾ ਪ੍ਰਕਾਸ਼ ਵਾਰਤਕ ਵਿਚ ਇਹ ਪ੍ਰਸੰਗ ਮਾਛੀ ਵਾਲਾ ਜੋਗੀ ਦੇ ਪ੍ਰਸੰਗ ਦੇ ਮਗਰੋਂ ਲਿਖਿਆ ਹੈ। ਯਥਾ: ਏਕ ਪੁਰਖ ਕੋਈ ਜਾਇ ਕਰ ਮੱਛੀ ਲੇਕਰ ਗੁਰੂ ਜੀ ਕੇ ਆਗੇ ਭੇਟ ਰਖੀ। ਤਬ ਗੁਰੂ ਜੀ ਨੇ ਪੁਛਿਆ ਤੁਮ ਕਉਨ ਹੋ? ਤਦ ਉਸ ਨੇ ਕਹਿਆ ਕਿ ਮੈਂ ਬਰਨ ਹਾਂ। ਤਬ ਆਗਿਆ ਹੋਈ ਗੁਰੂ ਅਮਰ ਜੀ ਕਉ: ਪੁਰਖਾਂ! ਇਸ ਕਾ ਪ੍ਰਸਾਦਿ ਕਰਾਇ ਮੰਗਾਵੋ। ਉਸ ਕਾ ਪ੍ਰਸਾਦ ਤਿਆਰ ਹੋਇ ਆਇਆ: ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ੍ਰਸ਼ਾਦ ਕੀਆ। ਗੁਰੂ ਅਮਰ ਜੀ ਨੇ ਪ੍ਰਸਾਦਿ ਪਾਇਆ।

੧੯੦-੧੦੬ੳ- ਗੋਇੰਦਵਾਲ ਆਏ। (ਮ: ਪ੍ਰ:) ਘਰੋਂ ਆਏ (ਸੂ.ਪ੍ਰ:)। ਆਪਣੇ ਪਿੰਡੋਂ ਆਏ। (ਤ੍ਵ: ਖਾ:)

ਸਹੀ ਹੁੰਦਾ ਹੈ ਕਿ ਆਪਣੇ ਘਰ ਬਾਸਰਕੇ ਕਿਸੇ ਕਾਰਜ ਗਏ ਹੋਏ ਸਨ; ਉਥੋਂ ਵਾਪਸ ਆਏ। ਗੋਇੰਦਵਾਲ ਹੁੰਦੇ ਤਾਂ ਆਪ ਨੂੰ ਝਟ ਪਤਾ ਲਗ ਜਾਂਦਾ ਤੇ ਆਪ ਝੱਟ ਗੁਰੂ ਜੀ ਨੂੰ ਗੋਇੰਦਵਾਲ ਲੈ ਆਉਂਦੇ। ਮਹਿ: ਪ੍ਰ: ਵਾ: ਵਿਚ ਇਤਨਾ ਹੀ ਲਿਖਿਆ ਹੈ ਕਿ ਏਕ ਦਿਨ ਸਾਹਿਬ ਸ੍ਰੀ ਗੁਰੂ ਅਮਰ ਜੀ ਖਡੂਰ ਕੋ ਗਏ ਤਬ ਸ੍ਰੀ ਗੁਰੂ ਅੰਗਦ ਜੀ ਕੋ ਨਾ ਡਿਠੋ।

੧੯੧-੧੦੬ਅ- ਖਡੂਰ ਤੋਂ ਛੁਟ ਸਰਹਾਲੀ ਤੇ ਮੁਰਾਦ ਪੁਰੇ ਬੀ ਯੋਗੀਆਂ ਦੇ ਮੱਠ ਹੁੰਦੇ ਸਨ।

੧੯੨-੧੦੬ੲ- ਤਵਾਰੀਖ ਖਾਲਸਾ ਵਿਚ ਇਹ ਨਾਮ ਦਿਤਾ ਹੈ, ਇਸ ਦੀ ਅਲ 'ਦਾਦੂ' ਬੀ ਦੱਸਦੇ ਹਨ।

੧੯੩-੧੦੬ਸ- ਕਲ ਜੋਗੀ ਪੀਰ ਇਥੇ ਦਾ ਆਇਆ ਹੈ। (ਮਹਿ: ਪ੍ਰ: ਵਾ: ੪੦/੨)

੧੯੪-੧੦੭ੳ- ਸਭ ਮਿਲ ਜਾਵਹੁ ਅਬਿ ਉਸ ਪਾਸਿ।। ਅਪਨ ਗ੍ਰਾਮ ਤੇ ਦੇਹੁ ਨਿਕਾਸ।
ਜਬ ਸੋ ਗ੍ਰਾਮ ਨਿਕਸ ਕੈ ਜਾਈ। ਬਹੁਰ ਤੁਮਾਰੇ ਹ੍ਵੈ ਮਨ ਭਾਈ।। (ਸੂ: ਪ੍ਰ: ੧੪੦੫)

੧੯੫-੧੦੭ਸ- ਐਉਂ ਬੀ ਲਿਖਿਆ ਹੈ ਕਿ ਪਲੰਘ ਸਿਖਾਂ ਨੂੰ ਚੁਕਵਾ ਕੇ ਟੁਰ ਪਏ।। (ਸੂ: ਪ੍ਰ:)

੧੯੬-੧੦੭ਸ- ਖਡੂਰੋਂ ਟੁਰ ਕੇ ਗੁਰੂ ਜੀ ਭਰੋਵਾਲ ਆਏ। ਜੋ ਏਥੋਂ ਢਾਈ ਮੀਲ ਤੇ ਹੈ। ਇਥੇ ਬਾਹਰ ਹੀ ਠਹਿਰੇ ਸਨ ਕਿ ਇਸਲਾਮੀ ਤਅੱਸਬ ਦੀ ਬੂ ਆਈ ਤਾਂ ਆਪ ਹੋਰ ਅਗੇਰੇ ਟੁਰ ਪਏ। ਖਾਨ ਰਜਾਦੇ ਦੇ ਬਨ ਵਿਚ ਜਾ ਡੇਰਾ ਲਾਇਆ। ਜਿਥੇ ਤਦੋਂ ਵਸੋਂ ਨਾ ਸੀ। ਕੁਛ ਦੂਰ 'ਤੁੜ' ਨਾਮੇ ਪਿੰਡ ਹੈ, ਇਥੋਂ ਦੇ ਲੋਕ ਆਦਰ ਨਾਲ ਪਿੰਡ ਲੈ ਗਏ। ਆਪ ਕੁਛ ਚਿਰ ਟਿਕੇ, ਪਰ ਡੇਰਾ ਬਨ ਵਿਚ ਹੀ ਰਖਿਆ। ਇਉਂ ਬੀ ਦੱਸੀਦਾ ਹੈ ਕਿ ਪਹਿਲੇ 'ਤੁੜ' ਪਿੰਡ ਡੇਰਾ ਪਿਆ, ਲੋਕਾਂ ਚੰਗੀ ਖਾਤਰ ਕੀਤੀ, ਫਿਰ ਆਪ ਜੀ ਖਾਨ ਰਜਾਦੇ ਦੇ ਬਨ ਵਿਚ ਆ ਰਹੇ। ਇਹ ਥਾਂ ਤਦੋਂ ਉਜਾੜ ਸੀ। ਆਪ ਦੇ ਆ ਜਾਣ ਮਗਰੋਂ ਏਥੇ ਪਿੰਡ ਪਿਆ, ਨਾਮ 'ਛਾਪਰੀ' ਕਿ 'ਖਾਨ ਛਾਪਰੀ' ਵਜਿਆ। ਏਥੇ ਛਾਪਰੀ ਤੇ ਤੁੜ ਦੋਹੀਂ ਥਾਂਈ ਯਾਦਗਾਰੀ ਗੁਰਦੁਆਰੇ ਹਨ।

੧੯੭-੧੦੯ੲ- ਐਉਂ ਬੀ ਲਿਖਿਆ ਹੈ ਕਿ ਸ੍ਰੀ ਅਮਰਦਾਸ ਜੀ ਨੇ ਕਿਹਾ ਜਿਮੀਂਦਾਰਾਂ ਨੂੰ ਕਿ ਤਪੇ ਨੂੰ ਬਾਹਰ ਕੱਢ ਖੇਤਾਂ ਵਿਚ ਲੈ ਜਾਓ, ਜਿਸ ਜਿਸ ਖੇਤ ਵਿਚ ਇਹ ਜਾਏਗਾ ਉਸ ਉਸ ਖੇਤ ਵਿਚ ਮੀਂਹ ਪਏਗਾ,। ਇਸੇ ਤਰ੍ਹਾਂ ਹੀ ਹੋਇਆ, ਜ਼ਿਮੀਦਾਰਾਂ ਨੇ ਉਸਨੂੰ ਖੇਤ ਖੇਤ ਘਸੀਟਿਆ ਤਾਂ ਘਿਸਟੀਂਦਾ ਮਰ ਗਿਆ। ਇਹ ਗੱਲ ਅਗ਼ਲਬ ਨਹੀਂ ਜਾਪਦੀ; ਕਿਉਂਕਿ ਜੇ ਤਪੇ ਦੇ ਖੇਤਾਂ ਵਿਚ ਜਾਣ ਨਾਲ ਮੀਂਹ ਪਿਆ ਤਾਂ ਤਪੇ ਦੇ ਕਦਮਾਂ ਦਾ ਹੀ ਯੁਮਨ ਸਾਬਤ ਹੋਇਆ। ਇਹ ਗੱਲ ਵੀ ਕਿਆਸ ਵਿਚ ਨਹੀਂ ਆਉਂਦੀ ਕਿ ਇਕ ਖੇਤ ਵਿਚ ਮੀਂਹ ਕੀਕੂੰ ਵਸੇ, ਬੱਦਲ ਦਾ ਅੰਬਰਾਂ ਤੋਂ ਵਸਣਾ ਕੱਛੀ ਹੋਈ ਮੇਣਤੀ ਵਿਚ ਕੀਕੂੰ ਹੋ ਸਕਦਾ ਹੈ? ਫੇਰ ਜੇ ਉਸਨੂੰ ਮਰਵਾਉਣਾ ਪ੍ਰਯੋਜਨ ਸੀ ਤਾਂ ਇਹ ਗੱਲ ਸ੍ਰੀ ਅਮਰਦਾਸ ਜੀ ਦੇ ਆਸ਼ੇ ਵਿਚ ਨਹੀਂ ਹੋ ਸਕਦੀ। ਓਹ ਤਾਂ ਉਪਕਾਰ ਦੀ ਮੂਰਤ ਸੇ। ਜੱਟਾਂ ਦੀ ਭੁੱਲ ਦਰਸਾ ਦਿੱਤੀ ਤੇ 'ਗੁਰੂ ਕੇ ਨਾਮ' ਨਾਲ ਮੀਂਹ ਵਸਾਕੇ ਭਲਾ ਕਰ ਦਿਤਾ। ਜੋਗੀ ਦੀ ਖੇਚਲ, ਜੋਗੀ ਦੀ ਮੂਰਖਤਾ ਦਾ ਫਲ ਸੀ; ਜਿਸ ਨੇ ਜੱਟਾਂ ਦੇ ਬਲ ਨੂੰ ਗੁਰੂ ਕੇ ਵਿਰੁੱਧ ਵਰਤਿਆਂ ਸੀ, ਉਹੋ ਬਲ ਆਪਣੇ ਤੇ ਉਲਟਕੇ ਪੈ ਗਿਆ, 'ਕਰੇ ਪਰ ਨੂੰ ਆਵੇ ਘਰ ਨੂੰ' । ਫਿਰ ਵੀ ਕਮਲਾ ਦੇਖੋ ਖਿਮਾਂ ਦਾ ਕਿ ਗੁਰੂ ਅੰਗਦ ਦੇਵ ਜੀ ਨੇ ਆਪਣੇ ਪਰਮ ਪਿਆਰੇ ਦੇ ਸ਼ਕਤੀ ਦਿਖਾਲਣ ਨੂੰ ਪਸੰਦ ਨਹੀਂ ਕੀਤਾ ਤੇ ਜੱਟਾਂ ਨੂੰ ਤਾਂ ਭਾਵੇਂ ਸੁਖ ਵਰਤਿਆ ਪਰ ਜੋ ਜੋਗੀ ਨੂੰ ਖੇਚਲ ਹੋਈ ਉਸ ਬਦਲੇ ਸ੍ਰੀ ਅਮਰਦਾਸ ਜੀ ਵਰਗੇ ਪਿਆਰੇ ਨਾਲ ਕੁਛ ਉਦਾਸੀ ਧਾਰਨ ਕਰ ਲਈ ਸੀ। ਜੋ ਪ੍ਰਸੰਗ ਕਿ ਪਿਛੇ ਖਾਨ ਰਜਾਏ ਅੰਕ ੪੨ ਵਿਚ ਆ ਚੁੱਕਾ ਹੈ।

੧੯੮-੧੦੯ਅ- ਭੁੱਲ ਵਿਚ ਪੈ ਕੇ ਪੱਛਮ ਨੂੰ ਪੂਰਬ ਤੇ ਦੱਖਣ ਨੂੰ ਉਤਰ ਸਮਝ ਲੈਣਾ।

੧੯੯-੧੦੯ਅ ਮੇਰੀ ਰਖਿਆ ਕਰੋ, ਬਚਾ ਲਓ।

੨੦੦-੧੧੦ੳ- ਇਹ ਵਾਰਤਾਲਾਪ ਖੁੱਲ੍ਹਾ ਅਨੁਵਾਦ ਹੈ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਸ ਸਲੋਕ ਦਾ। ਸਲੋਕ ਮ: ੨ ਸਾਰੰਗ ਦੀ ਵਾਰ ਵਿਚ ਹੈ; ਜੋ ਇਉਂ ਹੈ:


www.sikhbookclub.com

ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ। ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ। ਨਾਨਕ ਅੰਮ੍ਰਿਤ ਮਨੈ ਮਾਹਿ ਪਾਈਐ ਗੁਰੂ ਪਰਸਾਦਿ। ਤਿਨ੍ਹੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ।।੧।। (ਵਾਰ-੪)

੨੦੧-੧੧੦ੳ- ਮਹਿਮਾ ਪ੍ਰਕਾਸ਼ ਨੇ ਵੀ ਲਿਖਿਆ ਹੈ: ਪੁਨ ਹਸੇ ਦਿਆਲ ਕਹਿਓ ਬਚਨ ਸੁਨਾਇ। ਸੁਨ ਪੁਰਖਾ ਜੋ ਮਮ ਚਿਤ ਭਾਇ।। ਜੋ ਦਿਸਟਮਾਨ ਸੋਹੰ ਨਿਜ ਰੂਪ। ਦੇਖਤ ਬੂਝਤ ਸਕਲ ਅਨੂਪ।।੩੫।। ਸੋਰਠਾ।। ਸਭ ਜਗ ਮਿਥਿਆ ਰੂਪ ਵੈਰ ਭਾਉ ਕਿਸ ਸਿਉਂ ਕਰੈ।। ਸੁਧ ਮਤਿ ਗਿਆਨ ਅਨੂਪ ਏਕ ਜੋਤਿ ਪੂਰਨ ਪ੍ਰਗਟ।। (ਚੌਪਈ ੧੬੪/੨ ਵਡੇ ਦਾ)

੨੦੨-੧੧੧ੲ- ਇਹ ਵਾਰਤਾਲਾਪ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰਚੇ ਇਸ ਸਲੋਕ ਵਿਚ ਗੁੰਥਿਤ ਹੈ: ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ। ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ।। ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ।। ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ।। (ਵਾਰ ਮਲਾਰ, ਪਉੜੀ ੨੨)

੨੦੩-੧੧੪ੳ- ਤਵਾ: ਖਾ: ਨੇ ਇਸ ਦਾ ਨਾਮ, 'ਖੇਮਾ' ਦਿਤਾ ਹੈ, ਸਫਾ ੫੪੮

੨੦੪-੧੧੪ੲ- ਤਦ ਦਾ ਤੁਰਿਆ ਇਹ 'ਜੱਗ' ਹੁਣ ਤਕ ਜਾਰੀ ਸੁਣੀਦਾ ਹੈ, ਹਰ ਸਾਲ ਹਾੜ ਮੀਨੇ ਦੀ ਸੰਗਰਾਂਦ ਤਿਥਿ ੧੫ ਨੂੰ ਹੁੰਦਾ ਹੈ। ਇਹ ਬੀ ਦੱਸਦੇ ਹੁੰਦੇ ਸਨ ਕਿ ਤਦ ਤੋਂ ਪਿੰਡ ਵਿਚ ਜੋਗੀਆਂ ਦਾ ਅੱਡਾ ਫੇਰ ਨਹੀਂ ਬਣਿਆ ਤੇ ਨਾ ਹੀ ਕਦੇ ਇਨ੍ਹਾਂ ਦਾ ਫੇਰਾ ਪਿਆ। ਇਹ ਪ੍ਰਸੰਗ ਜੱਗ ਵਾਲਾ ਵਾਸੂ ਜੀ ਨੇ ਬੀ ਲਿਖਿਆ ਹੈ (ਸਫਾ ੧੭ ਭਾਗ ੨ ਦਾ) ਤ੍ਰੀਕ ੧੫ ਹਾੜ ਦਿੱਤੀ ਹੈ।

੨੦੫-੧੧੫ਸ- ਤਊ ਅਚਾਨਕ ਨਰ ਮ੍ਰਿਤੁ ਜੀਵਿਓ।। ਲੋਕਨ ਮਹਿ ਅਚਰਜ ਅਤਿ ਥੀਵਿਓ।

(ਸੂ. ਪ੍ਰ: ੧੪੧੭)

੨੦੬-੧੧੬ੳ- ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ।।੨।। ਅਰਥਾਤ ਪਰਮੇਸ਼ਰ ਪ੍ਰੇਮ ਰੂਪ ਹੈ, ਆਪਣੀ ਪ੍ਰੀਤਿ ਆਪੇ ਲਾਉਂਦਾ ਹੈ। ਉਸੇ ਦੀ ਬਖਸ਼ਿਸ਼ ਨਾਲ ਵਡਿਆਈ ਮਿਲਦੀ ਹੈ। ਦਾਰਸ਼ਨਿਕ ਦਾਨੇ ਵੀ ਵਾਹਿਗੁਰੂ ਜੀ ਨੂੰ ਅਸਤੀ, ਭਾਂਤਿ ਪ੍ਰੇਯ ਆਖਦੇ ਹਨ। ਅਰਥਾਤ ਪਰਮੇਸ਼ਰ 'ਹੈ ਸਰੂਪ', 'ਗਜਾਨ ਸਰੂਪ' ਤੇ 'ਪ੍ਰੇਮ ਸਰੂਪ' ਹੈ। ਪ੍ਰੇਮ ਸਰੂਪ ਪ੍ਰਭੂ ਪ੍ਰੇਮ ਦੇ ਪਰਾਇਣ ਹੁੰਦਾ ਹੈ, ਯਥਾ: ਪ੍ਰੇਮ ਪਰਾਇਣ ਪ੍ਰੀਤਮ ਰਾਉ।। (ਗਉੜੀ ਮਹਲਾ ੧)

੨੦੭-੧੧੭ਅ- ਰਾਮਾ ਨੰਦ ਜੀ ਦਾ ਸਿਖ ਸੀ ਸੈਣ। ਰੀਵਾ ਦੇ ਰਾਜੇ ਦਾ ਇਹ ਨਾਈ ਸੀ। ਰਾਜੇ ਦਾ ਨਾਉਂ ਰਾਜਾ ਰਾਮ ਜੀ।

੨੦੮-੧੧੮ੳ- ਜਿਥੇ ਬੱਚਿਆਂ ਦੀਆਂ ਖੇਲਾਂ ਤੇ ਮੱਲਾਂ ਦੇ ਘੋਲ ਦੇਖਿਆ ਕਰਦੇ ਸਨ, ਉਥੇ ਹੁਣ ਗੁਰਦੁਆਰਾ ਹੈ।

੨੦੯-੧੧੮ੳ- ਸਕੰਧ ਪੁਰਾਣ, ਸੂਤ ਸੰਹਿਤਾ।

੨੧੦-੧੨੨ੲ- ਭਰੀਐ ਮਤਿ ਪਾਪਾ ਕੈ ਸੰਗਿ।। ਓਹ ਧੋਪੈ ਨਾਵੈ ਕੈ ਰੰਗਿ।। (ਜਪੁਜੀ)

੨੧੧-੧੨੩ੳ- ਦੀਪਾ ਜਾਤ ਦਾ ਦੇਊ, ਨਰੈਣ ਦਾਸ ਤੇ ਬੂਲਾ ਤਿੰਨੇ ਆਏ। (ਭਗਤ ਰਤਨਾਵਲੀ ਭਾਈ ਮਨੀ ਸਿੰਘ ਦੀਪਾ ਕਲਾਲ ਹੁਸ਼ਿਆਰ ਪੁਰ ਦਾ, ਨਰੈਣ ਦਾਸ ਖੱਤ੍ਰੀ ਬੂਲਾ ਤਰਖਾਣ। (ਤਵਾ: ਖਾ: ੫੫੬)

੨੧੨-੧੨੫ਸ- ਇਹ ਗਲ ਯੋਗ ਦਰਸ਼ਨ ਦੇ ੧-੨੯ਵੇਂ ਸਲੋਕ ਵਿਚ ਬੀ ਲਿਖੀ ਹੈ ਕਿ ਈਸ਼ਵਰ ਦੀ ਭਗਤੀ ਨਾਲ ਵਿਘਨਾਂ ਦਾ ਨਾਸ਼ ਹੁੰਦਾ ਹੈ।

੨੧੩-੧੨੮ਸ- ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ।। ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ।। (ਮਹਲਾ ੨ ਵਾਰ ਆਸਾ)

੨੧੪-੧੨੯ੲ- ਸ੍ਰੀ ਗੁਰੂ ਜੀ ਨੇ ਏਥੇ ਬਕਰੇ ਮਾਰਨੋਂ ਵਰਜਿਆ ਹੈ। ਇਸ ਦਾ ਭਾਵ ਇਹ ਸਹੀ ਹੁੰਦਾ ਹੈ ਕਿ ਆਪ ਜੀ ਧਾਰਮਿਕ ਰਸਮ ਮਰਿਯਾਦਾ ਦਾ ਸੰਬੰਧ 'ਮਾਸ' ਨਾਲ ਨਹੀਂ ਪਾਉਣਾ ਚਾਹੁੰਦੇ ਸੇ: ਜਿਵੇਂ

ਮੁਸਲਮਾਨਾ ਦੀਆਂ ਕੁਰਬਾਨੀਆਂ ਤੇ ਹਿੰਦੂਆਂ ਦੇ ਯੱਗਾਂ ਦਾ ਸੀ। ਇਸ ਵਾਸਤੇ ਉਸਨੂੰ ਜਠੇਰਿਆਂ ਦੇ ਪੂਜਨ ਤੇ ਸੱਦੇ ਸਮਾਜ ਨੂੰ ਮਾਸ ਦੀ ਕੁਰਬਾਨੀ ਤੇ ਖ਼ਿਆਫਤ ਨਾਲ ਜੁੜਨੋਂ ਵਰਜਕੇ ਬੱਚੇ ਨੂੰ ਆਪਣਾ ਸਿਖ ਬਣਾਇਆ, ਮਿਹਰ ਤੇ ਅਰਦਾਸ ਨਾਲ। ਇਥੋਂ ਤਾਂਈਂ ਇਹ ਵਰਜਣਾ ਸਿਖਾਂ ਵਿਚ ਹੁਣ ਤਕ ਕੰਮ ਕਰਦੀ ਹੈ ਕਿ ਗੁਰੂ ਕੇ ਲੰਗਰ ਵਿਚ ਮਾਸ ਦੇ ਪਕਾਉਣ ਦੀ ਆਗਿਆ ਨਹੀਂ। ਜੇ ਕੋਈ ਛਕਣਾ ਚਾਹੇ ਤਾਂ ਅਲਗ ਪ੍ਰਬੰਧ ਕਰਦਾ ਹੈ। ਗੁਰੂ ਕੇ ਲੰਗਰ, ਵਿਚ ਇਸ ਦੇ ਰਿੱਝੇ ਤੇ ਵਰਤੇ ਜਾਣੀ ਦੀ ਆਗਿਆ ਨਹੀਂ।

ਕਿਉਂਕਿ ਲਿਖਿਆ ਹੈ ਕਿ 'ਗੁਰੂ ਕੇ ਲੰਗਰ' ਦਾ ਸਭ ਕੋਈ ਅਧਿਕਾਰੀ ਹੈ। ਮਾਸੁ ਪਕੇ ਤਾਂ ਸਭ ਕੋਈ ਲੰਗਰੋਂ ਪ੍ਰਸ਼ਾਦ ਦਾ ਅਧਿਕਾਰੀ ਨਹੀਂ ਰਹਿੰਦਾ: ਕੇਵਲ ਮਾਸਾਹਾਰੀ ਹੀ ਛਕਣਗੇ। ਇਹ ਵਿਤਕਰਾ ਗੁਰੂ ਘਰ ਵਿਚ ਵਿਹਤ ਨਹੀਂ।

(ਵਾਰ ਆਸਾ ਮਹਲਾ ੧)

੨੧੫-੧੩੦ੲ- ਨਾਨਕ ਜਿਨ੍ ਮਨਿ ਭਉ ਤਿੰਨ੍ਹਾਂ ਮਨਿ ਭਾਉ।।

੨੧੬-੧੩੦ੲ- ਮਹਲਾ ੨।। ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ।। ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ।।

(ਮ: ੨ ਵਾਰ ਆਸਾ)

੨੧੭-੧੩੧ੳ- ਨਹਿ ਕਿਸਹੂੰ ਕੇ ਕਰ ਬਿਖੈ ਸਭ ਕਰਤਾਰ ਅਧੀਨ।।
ਜਿਸ ਪਰ ਕਰੁਨਾ ਦ੍ਰਿਸ਼ਟਿ ਹ੍ਵੈ ਤਿਨਹਿ ਬਸਤੁ ਇਹੁ ਲੀਨ।।

(ਗੁ:ਨਾ:ਪ੍ਰ:ਉ: ੫੨-੨੭)

੨੧੮-੧੩੧ੲ- ਮਾਤਾ ਖੀਵੀ ਜੀ ਤੇ ਪੁੱਤਾਂ ਆਦਿਕਾਂ ਨੂੰ ਗੱਦੀ ਦੇਣ ਤੋਂ ਪਹਿਲੋਂ ਸਮਝਾਵਣ ਦੀ ਗੱਲ ਦੀ ਸੂੰਹ ਤਾਂ ਪੈਂਦੀ ਸੀ। ਢੂੰਡ ਕਰਦਿਆਂ ਇਸ ਪੱਖ ਵਿਚ ਬੰਸਾਵਲੀ ਨਾਮੇ ਤੇ ਗੁਰੂ ਬੰਸ ਚੰਦ੍ਰੋਦੈ ਵਿਚ ਲਿਖਿਆ ਮਿਲਿਆ ਹੈ ਕਿ ਮਾਤਾ ਖੀਵੀ ਦਾਤੂ ਦਾਸੂ ਤੇ ਸ੍ਰੀ ਅਮਰਦਾਸ ਜੀ ਨੂੰ ਗੁਰੂ ਜੀ ਨੇ ਅੱਠ ਨੌਂ ਮੀ:ਨੇ ਪਹਿਲਾਂ ਪਾਸ ਬਿਠਾਕੇ ਸਮਝਾਇਆ ਕਿ ਅਸਾਂ ਹੁਣ ਜਾਣਾ ਹੈ ਤੇ ਗੱਦੀ ਸ੍ਰੀ ਅਮਰਦਾਸ ਜੀ ਨੂੰ ਦੇਣੀ ਹੈ। (ਸਫਾ ੩੬)। ਗੁ.ਬੰ: ਚੰ: ਵਿਚ ਲਿਖਿਆ ਹੈ:-ਪੰਡ ਭਾਰੀ ਹੈ, ਤੁਮ ਤੇ ਉਠਾਈ ਨਹੀਂ ਜਾਏਗੀ, ਇਸਕੋ ਇਹੀ ਉਠਾਵੇਗਾ, ਸਾਤ ਆਠ ਮਹੀਨੇ ਇਹੀ ਗੱਲ ਹੋਤੀ ਰਹੀ।। (ਸਫਾ ੩੬/੨) ਬੰਸਾ: ਨਾਮੇ ਵਿਚ ਐਉਂ ਲਿਖਿਆ ਹੈ:-'ਪੰਡ ਭਾਰੀ ਹੈ, ਤੁਸਾਂ ਤੇ ਚੁੱਕੀ ਨ ਜਾਸੀ, ਇਹ ਚੁਕੇਗਾ ਸਾਰੀ।।੧੨੪।।' ਸਤਿ ਅਠ ਮਹੀਨੇ ਝਗੜਾ ਹੋਂਦਾ ਰਹਿਆ।।.......'ਪੰਡ ਚੁਕਣ ਦੇ ਲਾਇਕ ਮੈਂ ਏਹੋ ਡਿਠਾ।" (ਸਫਾ ੩੯/੨)

੨੧੯-੧੩੧ਅ- ਸਭ ਕਹਿਣੇ ਲਾਗੇ ਪੁਤ੍ਰ ਕੋ ਹੋਤਿਆਂ ਇਹ ਕਉਣ ਹੈ, ਤਬ ਬਚਨ ਕੀਆ ਤੁਮ ਸਤਿ ਕਹਿਤੇ ਹੋ, ਪਰੰਤੂ ਪੰਡ ਭਾਰੀ ਹੈ, ਇਸ ਕੋ ਇਹੀ ਉਠਾਵੇਗਾ। ਸਤ ਅਠ ਮਹੀਨੇ ਇਹ ਗੱਲ ਹੋਤੀ ਰਹੀ।।

(ਗੁ: ਬੰਸ: ਚੰਦ੍ਰੋਦੈ)

(ਤਵਾ:ਖਾ:ਸਫਾ ੫੬੧)

੨੨੦-੧੩੧ਸ- ਬਸੰਤ ਪੰਚਮੀ ੧੬੦੯ ਨੂੰ ਗੱਦੀ ਪੁਰ ਬੈਠਾਇਆ।

੨੨੧-੧੩੨ੳ- ਬਿਨ ਚਾਹੇ ਇਹ ਸਭ ਢਿਗ ਆਇਵ। ਕਰਨਹਾਰ ਆਗਿਆ ਨਿਤ ਤੇਰੀ। ਸਗਲ ਭਾਂਤਿ ਇਨ ਸ਼ਕਤਿ ਬਡੇਰੀ।।੧੬।। ਚਰਹੁ, ਕਰਹੁ, ਨਹਿ ਚਹਹੁ ਨ ਕਹੀਅਹਿ। ਏਹ ਸਭ ਨਿਕਟ ਆਪਣੇ ਲਹੀਅਹਿ।

(ਸੂ. ਪ੍ਰ. ੧੪੨੭)

੨੨੨-੧੩੨ਸ- ਗੁਰੂ ਜੀ ਦੇ ਕਹਿਣੇ ਤੇ ਬੀ ਨਾ ਨਿਵੇਂ, ਲਿਖਿਆ ਹੈ। ਤਵਾ: ਖਾ: ਵਿਚ ਦਾਸੂ ਦਾ ਨਿਉਣਾ ਲਿਖਿਆ ਹੈ।

ਮਹਿਮਾਂ ਪ੍ਰਕਾਸ਼ ਦੋਹਾਂ ਵਿਚ ਗੱਦੀ ਵੇਲੇ: ਦਾਤੂ ਤੇ ਦਾਸੂ ਦਾ ਪਾਸ ਹੋਣਾ ਨਹੀਂ ਲਿਖਿਆ। ਸੂਰਜ ਪ੍ਰਕਾਸ਼ ਵਿਚ ਹਿਉਂ ਹੈ: ਸੁਣ ਦਾਸੂ ਤੇ ਦਾਤੂ ਸਾਥ। ਆਗਜਾ ਕਹਿਗੁਰ ਟੇਕੋ ਮਾਥ।। ਤਿਨ ਭੀ ਨਹਿ ਮਾਨੀ ਥਿਤ ਰਹਜੋ। ਨਿਜ ਵਡਿਆਈ ਕੋ ਬਚ ਕਹਜੋ।।੨੭।।

(ਸੂ.ਪ੍ਰ. ੧੪੨੮)

(ਸੂ: ਪ੍ਰ: ੧੪੨੫)

੨੨੩-੧੩੩ਅ- ਤਜਹਿ ਸਰੀਰ ਅਬਹਿ ਚਿਤਿ ਆਈ।

੨੨੪-੧੩੪ੲ- ਸੰਗਤਿ ਵਿਚ ਕੋਈ ਸੰਸਾ ਕਿਸੇ ਨੂੰ ਫੁਰ ਰਿਹਾ ਸੀ ਕਿ ਏਹ ਗੁਰੂ ਨਾਨਕ ਵਾਂਙੂ ਸਣਦੇਹ

ਜਾਣਗੇ ਯਾ ਨਹੀਂ। ਉਸ ਸੰਸੇ ਨੂੰ ਨਵਿਰਤ ਕਰੰਨ ਲਈ ਇਹ ਦੇਹ ਲੋਪ ਦਾ ਕੌਤਕ ਵਰਤਿਆ ਸੀ।

੨੨੫-੧੩੪ਸ- ਇਹੋ ਆਗਿਆ ਸੂਰਜ ਪ੍ਰਕਾਸ਼ ਵਿਚ ਬੀ ਲਿਖੀ ਹੈ।

ਸਤਿਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਬਾਰੇ ਮਹਿਮਾ ਪ੍ਰਕਾਸ਼ ਵਾਰਤਕ, ਛੰਦਾ ਬੰਦੀ, ਬੰਸਾਵਲੀਨਾਮਾ, ਗੁਰੂ ਬੰਸ ਚੰਦ੍ਰੋਦੈ, ਗੁਰੂ ਪੰਚਾਸ਼ਿਕਾ, ਗੁਰਮਤਿ ਪੰਚਾਂਗ, ਗੁਰ ਪ੍ਰਤਾਪ ਸੂਰਜ, ਸ੍ਹਾਨਿਹ ਉਮ੍ਰੀ ਗੁਰੂ ਅੰਗਦ ਦੇਵ ਜੀ, ਨੇ ਚੇਤ ਸੁਦੀ ਚੌਥ ਸੰਮਤ ੧੬੦੯ ਤ੍ਰੀਕ ਦਿੱਤੀ ਹੈ। ਤਵਾ: ਖਾ: ਨੇ ਬਸੰਤ ਪੰਚਮੀ ੧੬੦੯ ਨੂੰ ਗੱਦੀ ਦਿੱਤੀ ਲਿਖੀ ਹੈ ਤੇ ਦੋ ਕੁ ਮਹੀਨੇ ਪਿਛੋਂ ਚੇਤ ਦੀ ਚੌਥ ਜੋਤੀ ਜੋਤਿ ਸਮਾਏ ਲਿਖਿਆ ਹੈ, ਇਹ ਹੀ ਸੰਮਤ ਕਰਤਾਰ ਪੁਰ ਵਾਲੀ ਆਦਿ ਬੀੜ ਵਿਚ ਸਤਿਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਦਾ ਲਿਖਿਆ ਹੋਇਆ ਹੈ।

## ਪਾਤਸ਼ਾਹੀ ਤੀਸਰੀ ਸ੍ਰੀ ਗੁਰੂ ਅਮਰਦਾਸ ਜੀ-

੨੨੬-੧੩੯ਅ- ਇਹ ਪ੍ਰਸੰਗ ਮਹਿਮਾਂ ਪ੍ਰਕਾਸ਼, ਸੂਰਜ ਪ੍ਰਕਾਸ਼ ਆਦਿ ਗ੍ਰੰਥਾਂ ਵਿਚ ਨਹੀਂ ਹੈ, ਇਹ ਬੰਸਾਵਲੀ ਨਾਮੇ ਤੇ ਅਮੀਰ ਦਾਸ ਦੇ ਗੁਰਬੰਸ ਚੰਦ੍ਰੋਦਯ ਵਿਚ ਹੈ। ਉਥੇ ਲਿਖਿਆ ਹੈ ਕਿ ਇਹ ਗੱਲ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਛੇ ਮਹੀਨੇ ਬਾਦ ਹੋਈ।

੨੨੭-੧੪੦ਅ- ਅਰਥਾਤ ਨਦੀਆਂ ਤੇ ਜ਼ਿਮੀਆਂ ਦਾ ਮਾਲਕ।

੨੨੮-੧੪੨ਅ- ਵਗਦੇ ਖੂਹ ਦੀ ਢੋਲ ਚੁਹੱਕਲੀ ਦੇ ਦੰਦਾਨੇ ਯਾ ਦੰਦੇ ਜੋ ਪਰਸਪਰ ਘੁੱਟਕੇ ਫਸਦੇ ਹਨ 'ਬੂੜੀਏ' ਕਹੀਦੇ ਹਨ।

੨੨੯-੧੪੩ਏ- ਬਾਹਾਂ ਜੋ ਗੋਡਿਆਂ ਤਕ ਲੰਮੀਆ ਸਨ।

੨੩੦-੧੪੪ਓ- ਇਹ ਆਗਿਆ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਕੀਤੀ ਸੀ:-

ਤਬ ਬਚਨ ਹੂਆ ਜੋ ਪੁਰਖਾਂ! ਚਉਰਾਸੀ ਤੁਮਰੇ ਹਾਥ ਮੇ ਹੈ ਔਰ ਵਾਹਿਗੁਰੂ ਕਾ ਮੰਤ੍ਰ ਆਪਣੇ ਮੁੱਖ ਰਖਕੇ ਚਉਰਾਸੀ ਕਉ ਜਪਾਈਐ। ਸੋ ਬਾਬੇ ਜੀ ਕੀ ਆਗਿਆ ਹੈ ਪਾਰਬ੍ਰਹਮ ਕਾ ਪੰਥ ਕਰਨਾ ਹੈ, ਤੁਸਾਡੇ ਪਾਸੋਂ ਹੋਵੇਗਾ। (ਮਹਿਮਾ ਪ੍ਰਕਾਸ਼ ਵਾ: ੩੮/੨ ਮ: ਪ੍ਰ: ਛੰ:)

੨੩੧-੧੪੪ਅ- ਗੁਰੂ ਬਾਬਾ ਜੀ-ਸ੍ਰੀ ਗੁਰੂ ਨਾਨਕ ਦੇਵ ਜੀ। ਗੁਰੂ ਪਿਤਾ-ਸ੍ਰੀ ਗੁਰੂ ਅੰਗਦ ਦੇਵ ਜੀ।

੨੩੨-੧੪੪ਸ- ਤਬ ਸੰਗਤ ਕੋ ਆਗਿਆ ਹੋਈ ਕਿ ਵਾਹਿਗੁਰੂ ਕੇ ਨਾਮ ਕਾ ਜਾਪ ਜਪਨਾ। (ਮ:ਪ੍ਰ:ਵਾ: ੪੪/੨)

੨੩੩-੧੪੪ਸ- ਫੇਰ ਸਾਹਿਬ ਜੀ ਚਉਬਾਰੇ ਜੀ ਮੇ ਬੈਠਤੇ। (ਮ: ਪ੍ਰ: ਵਾ: ੪੫)

੨੩੪-੧੪੫ਓ- ਤਥਾ ਕੜਾਹ ਅਰ ਤਸਮਈ ਅਰੁ ਸਭਿ ਤਰ੍ਹਾਂ ਕਾ ਪ੍ਰਸਾਦ ਸੰਗਤ ਪਾਵਤੀ ਥੀ। ਅਰ ਸਾਹਿਬ ਅਲੂਣਾ ਓਗਰਾ ਪਾਵਤੇ ਥੇ। (ਮ: ਪ੍ਰ: ਵਾ: ੪੪/੨)

੨੩੫-੧੪੬ਸ- ਬੰਗਾਲ ਵਿਚ ਚੁਤਰਫੋਂ ਹਵਾਦਾਰ ਟਿਕਾਣਾ ਬਣਾਉਂਦੇ ਹਨ ਇਸ ਕਰਕੇ ਨਾ ਬੰਗਲਾ ਹੈ। ਪਹਾੜੀਏ ਬੰਗਲੂ ਸੱਦਦੇ ਹਨ। ਅੰਗਰੇਜ਼ੀ ਵਿਚ ਬੰਗਲੋਂ ਬੀ ਇਹੋ ਹੀ ਪਦ ਹੈ। ਰਿੜੀਏਂ ਪਹਾੜੀ ਬੋਲੀ ਵਿਚ ਟਿੱਬੇ ਨੂੰ ਕਹਿੰਦੇ ਹਨ।

੨੩੬-੧੪੭ਅ- (੧) ਇਉਂ ਬੀ ਲਿਖਿਆ ਹੈ ਕਿ ਲੜਕਾ ਮਰ ਚੁਕਾ ਸੀ, ਸਾਵਣ ਮਲ ਜੀ ਨੇ ਰੁਮਾਲ ਧੋ ਕੇ ਮੁਖ ਵਿਚ ਪਾਇਆ ਤਾਂ ਜੀਉ ਉਠੀਆ।

੨੩੭-੧੪੮ਅ- ਮਹਿਮਾ ਪ੍ਰਕਾਸ਼ ਵਾਰ: ਵਿਚ ਇਹ ਮਾਇਆ ਪੈਣ ਦਾ ਪ੍ਰਸੰਗ ਨਹੀਂ ਪਰ ਮਹਿਮਾ ਪ੍ਰਕਾਸ਼ ਛੰਦਾ ਬੰਦੀ ਤੇ ਸੂਰਜ ਪ੍ਰਕਾਸ਼ ਵਿਚ ਹੈ।

੨੩੮-੧੪੯ਏ- ਪਿਛਲੇ ਲੇਖਕਾਂ ਨੇ ਲਿਖਿਆ ਹੈ ਕਿ ਇਮ ਰਾਣੀ ਦੇ ਘੁੰਡ ਕੱਢਣ ਤੇ ਗੁਰੂ ਜੀ ਨੇ ਕਿਹਾ ਇਹ ਝੱਲੀ ਕਿਉਂ ਆਈ ਹੈ? ਤਾਂ ਉਹ ਝੱਲੀ ਹੋ ਗਈ ਪਰ ਮ:ਪ੍ਰ: ਵਾਰ: ਵਿਚ ਲਿਖਿਆ ਹੈ: ਏਕ ਰਾਣੀ ਨੇ ਹਜ਼ੂਰ ਕੇ ਰੋਬਰੋ ਕਪੜਾ ਡਾਲਾ ਜਬ ਬਾਹਰ ਆਏ ਤਬ ਰਾਣੀ ਬਉਰਾਇ ਗਈ (੪੧/੨) ਗੁਰੂ ਜੀ ਦੇ ਵਾਕ ਦੀ ਗਲ ਇਸ ਸਭ ਤੋਂ ਪੁਰਾਣੇ ਗ੍ਰੰਥ ਵਿਚ ਨਹੀਂ ਲਿਖੀ।


www.sikhbookclub.com

੨੩੯-੧੪੯ੲ- ਪ੍ਰਥਮ ਮੰਜੀ ਗੁਰਿਆਈ ਕਾ ਬਚਨ ਸਾਵਣ ਮਲ ਕੋ ਭਇਆ। (ਮਹਿਮਾ ਪ੍ਰ: ਵਾ:)

੨੪੦-੧੫੫ੲ- ਇਨ੍ਹਾਂ ਦਾ ਪੀੜਾ ਪੰਜਵੇਂ ਸਤਿਗੁਰਾਂ ਦੀ ਸ਼ਰਨ ਲੈਣ ਨਾਲ ਹਟੀ ਸੀ।

੨੪੧-੧੫੬ਅ- ਬਾਸਰਕੇ ਪਿੰਡ ਵਿਚ ਇਸ ਥਾਵੇਂ ਹੁਣ ਗੁਰਦੁਆਰਾ ਕਾਇਮ ਹੈ, 'ਸੰਨ੍ਹ ਸਾਹਿਬ' ਨਾਮ ਹੈ, ਪਿੰਡ ਤੋਂ ਪੂਰਬ ਨੂੰ ਤੀਰ ਕੁ ਦੀ ਵਾਟ ਹੈ। ਅਸਲੀ ਦਰਵਾਜ਼ਾ ਪੱਛੋਂ ਨੂੰ ਹੈ; ਸੰਨ੍ਹ ਪੂਰਬ ਦਿਸ਼ਾ ਵਲ ਹੈ। ਇਥੇ ਹਰ ਸਾਲ ਮੇਲਾ ਲਗਦਾ ਹੈ ਜੋ ਇਸ ਵਾਕਿਆ ਦੀ ਯਾਦ ਤੇ ਇਸ ਦੀ ਤਿਥ ਦਾ ਪਤਾ ਦੇਂਦਾ ਹੈ।

੨੪੨-੧੬੦ਅ- ਦਿਲ ਵਿਚ ਕੀਨਾਂ ਤੇ ਵੈਰ ਰਖਣ ਵਾਲੇ।

੨੪੩-੧੬੨ਸ- ਮਲੂਣ ਨਾਮ ਵੀ ਹੁੰਦਾ ਹੈ ਤੇ ਮਲੂਣ ਇਕ ਜਾਤ ਬੀ ਹੈ। ਬਾਜ਼ੇ ਵੇਲੇ ਜਾਤ ਤੋਂ ਹੀ ਨਾਮ ਪ੍ਰਸਿੱਧ ਹੋ ਜਾਂਦਾ ਹੈ ਤੇ ਅਸਲੀ ਨਾਮ ਨਹੀਂ ਰਹਿੰਦਾ।

੨੪੪-੧੭੧ੳ- ਮਾਣਕੇ ਚੰਦ ਬਾਬਦ ਇਕ ਰਵਾਇਤ ਹੈ ਕਿ ਇਹ ਥੱਟੇ ਦੇ ਰਹਿਣ ਵਾਲੇ ਸਨ। ਜਦ ਉਥੇ ਗੁਰੂ ਨਾਨਕ ਦੇਵ ਜੀ ਗਏ ਤਾਂ ਇਸ ਦੇ ਪਿਤਾ ਨੇ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਹਾਜ਼ਰ ਹੋਕੇ ਪੁਤ੍ਰ ਲਈ ਅਰਦਾਸ ਕੀਤੀ ਤਾਂ ਗੁਰੂ ਜੀ ਨੇ ਵਰ ਦਿਤਾ, 'ਜਾਓ ਹਰੀ ਚੰਦ! ਤੇਰੇ ਘਰ ਮਾਣਕ ਜੰਮੇਗਾ।' ਇਸ ਕਰਕੇ ਪਿਤਾ ਨੇ ਨਾਉਂ ਮਾਣਕ ਚੰਦ ਰਖਿਆ ਸੀ।

੨੪੫-੧੭੪ਅ- ਮਹਿਮਾ ਪ੍ਰਕਾਸ਼ ਵਾਂ: ਵਿਚ ਲਿਖਿਆ ਹੈ ਕਿ ਇਸ ਨੇ ਲੋਹੇ ਦੀਆਂ ਮੇਖਾਂ ਲਾਈਆਂ ਬਾਵਲੀ ਦੀਆਂ ਪਉੜਿਆਂ ਵਿਚ। ਸਫਾ ੫੭। ਸੂ.ਪ੍ਰ. ਵਿਚ ਲਿਖਿਆ ਹੈ ਕਿ ਇਹ-ਕਾਸ਼ਟ ਲੋਹਾ ਨਿਜ ਕਰ ਘਰਿਹੀ। ਪੁਨਾ: ਅਪਰ ਕਾਜ ਜੋ ਹੋਹਿ ਸੁ ਘਰ ਹੀ। ਪੁਨਾ: ਜਲ ਕੇ ਨਿਕਟਿ ਸਪਤ ਸੋਪਾਨ। ਲਾਇ ਕਾਰ ਤਿਨ ਰਚੀ ਮਹਾਨ। (ਸੂ. ਪ੍ਰ. ੧੫੭੨)

੨੪੬-੧੮੨ਸ- ਏਥੇ ਗੁਰਦੁਆਰਾ ਹੈ, ਥਨੇਸ਼ਰ ਸ਼ਹਿਰਦੇ ਰੇਲਵੇ ਸਟੇਸ਼ਨ ਤੋਂ ਅੱਧ ਕੁ ਮੀਲ ਤੇ ਉੱਤਰ ਰੁਖ ਨੂੰ ਹੈ। ਗੁਰਦੁਆਰਾ ਚੰਗੀ ਹਾਲਤ ਵਿਚ ਨਹੀਂ।

੨੪੭-੧੮੩ਸ- ਬ੍ਰਹਮਣ ਦੇ ਇਹ ਵਾਕ ਕਵੀ ਸੰਤੋਖ ਸਿੰਘ ਜੀ ਨੇ ਸੂ: ਪ੍ਰ: ਵਿਖ ਲਿਖੇ ਹਨ।

੨੪੮-੧੮੫ੳ- ਇਸ ਸ਼ਬਦ ਦੇ ਕਠਨ ਪਦਾਂ ਦੇ ਅਰਥ ਇਸ ਪ੍ਰਕਾਰ ਹਨ:-

ਪੁਰਬੁ ਅਭੀਚੁ=ਅਭਿਜਿਤ ਨਾਮੇ ਲਗਨ ਦਾ ਪੁਰਬ। ਅਰਥ=ਪ੍ਰਯੋਜਨ ਲਈ। ਭਾਵ ਸਾਰੇ ਲੋਕਾ ਦੇ ਉਧਾਰ ਦੇ ਪ੍ਰਯੋਜਨ ਨਮਿਤ ਤੀਰਥਾਂ ਦਾ ਉਦਮ। ਕਿਲਵਿਖ=ਪਾਪ, ਭਾਰੇ ਪਾਪ।
ਦਿਗੰਬਰ=ਓਹ ਜੈਨੀ ਜੋ ਨੰਗੇ ਵਿਚਰਦੇ ਹਨ। ਜਾਗਾਤੀ=ਮਸੂਲ ਲੈਣ ਵਾਲੇ।
ਸੁਰਸਰੀ=ਗੰਗਾ। ਆਢੁ ਦਾਮੁ=ਅੱਧੀ ਦਮੜੀ ਬੋਲਕ=ਗੋਲਕ।
ਮੋਹਣ ਮੁੰਦਣਿ ਪਈ=ਮੂੰਹ ਨੂੰ ਬੰਦ ਕਰਨ ਵਾਲਾ ਮਾਨੋ ਜਾਦੂ ਪੈ ਗਿਆ! ਹੱਕਿਆਂ ਬੱਕਿਆਂ ਹੋਕੇ ਚੁਪ ਵਰਤ ਗਈ। (ਅ) ਮੂੰਹ ਨੂੰ ਚੁਪ ਲਗ ਗਈ। ਪੰਚ ਚੋਰ ਵਟਵਾਰੇ=ਭਾਵ ਹੈ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।

੨੪੯-੧੮੬ਅ- ਸੂਰਜ ਪ੍ਰਕਾਸ਼ ਵਿਚ ਅਨੰਦ ਬਾਣੀ ਬਾਬਤ ਲਿਖਿਆ ਹੈ:-ਭੁਗਤ ਮੁਕਤਿ ਕੀ ਇਹ ਫਲਦਾਇਕ। ਪੁਨਾ: ਸਭ ਮੰਗਲ ਕੇ ਆਦਿ ਪਢੀਜੈ ਹੈ। (ਸਫਾ ੧੫੭)

੨੫੦-੧੮੭ੳ- ਮਹਿਮਾ ਪ੍ਰਕਾਸ਼ (ਵਾਰਤਕ) ਵਿਚ ਲਿਖਿਆ ਹੈ:-

ਜਿਸਕੇ ਸਾਥ ਨਵ ਭਾਰ ਊਠਾਂ ਕੀ ਚਲਤੀ ਥੀ। ਪੋਥੀ ਨਵ ਭਾਰ ਉਠਾਂ ਕੇ ਭਰੇ ਥੇ। ਤਬ ਹਜ਼ੂਰ ਮੇਂ ਆਇਆ।

੨੫੧-੧੯੧ਅ- ਸਤਿਗੁਰ ਕੇ ਦਰਬਾਰ ਅਗਾਰੀ। ਲਈ ਧੂਲਿ ਧਰਿ ਸ਼ਰਧਾ ਭਾਰੀ। ਸਿਰ ਮੁਖ ਪਰ ਸਗਰੇ ਤਨ ਫੇਰਾ। ਬੈਠੇ ਰਹਯੋ ਤਹਿ ਕੇਤਕ ਦੇਰਾ।

੨੫੨-੧੯੧ਸ- ਭਾਵ ਸਰੀਰ ਯਾ ਸਰੀਰ ਦਾ ਪੜਦਾ।


www.sikhbookclub.com

੨੫੩-੧੯੩ਅ- ਇਸ ਪ੍ਰਸੰਗ ਵਿਚ ਆਏ ਗੁ: ਪ੍ਰ: ਸੂਰਜ ਦੇ ਛੰਦਾ ਵਿਚੋਂ ਕਠਨ ਪਦਾਂ ਦੇ ਅਰਥ ਇਸ ਪ੍ਰਕਾਰ ਹਨ: ਸੌਮ=ਸੁਭਾਗ। ਨਿਹਾਰਹੁ=ਦੇਖੋ, ਢੂੰਡੋ। ਅਭਿਰਾਮੁ=ਸੁਹਣਾ। ਬ੍ਰਿਧ ਤੈ ਪਾਨ=ਬਾਬੇ ਬੁੱਢੇ ਦੇ ਹੱਥੋਂ। ਬਾਬੇ ਬੁੱਢ ਤੋਂ ਲੈ ਲਓ। ਢਿਗ=ਕੋਲ। ਸਿਰਮੌਰ=ਸ਼੍ਰੋਮਣੀ। ਕਰਬੇ ਨਹਿ ਅਭਿਲਾਖੇ=ਉਸ ਦੇ ਬਨਾਉਣ ਦੀ ਚਾਹ ਹਟਾ ਦਿਓ। ਸਦਨ ਚਿਨਯੋ=ਉਸਰੇ ਘਰਾਂ ਦੀ। ਖਹੁ ਬਦਰੀ ਥਲ ਬਜਾਪਤ ਹੇਰਾ=ਉਹ ਥਾਂ ਬੇਰੀਆਂ ਨਾਲ ਭਰਿਆ ਵੇਖਿਆ। ਸੰਮਤ=ਸਲਾਹ ਨਾਲ। ਟੋਰਾ=ਟੋਲਿਆ, ਲੱਭਿਆ। ਮਿਸ਼ਟਾਨ=ਮਿੱਠਾ। ਮਿਠਾਈ। ਨਿਹੁਰਾਇ=ਝੁਕਾਕੇ। ਖਨਨੀ=ਕਹੀ। ਲੀਲਾਵਤੀ=ਖੁਸ਼ਹਾਲ ਤੇ ਘੁੱਘ ਵਸਦੀ।

੨੫੪-੧੯੭ੲ- ਐਉਂ ਤੁਕ ਲਿਖੀ ਹੈ ਸਾਰੀ:-ਹਰਿ ਭਾਇਆ ਸਤਿਗੁਰ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ।। (ਰਾਮਕਲੀ ਸਦ)

## ਪਾਤਸ਼ਾਹੀ ਚਉਥੀ ਸ੍ਰੀ ਗੁਰੂ ਰਾਮ ਦਾਸ ਜੀ-

੨੫੫-੨੧੦ੳ- ਯੋਗ ਦਰਸ਼ਨ, ਤੀਸਰਾ ਅਧਜਾਯ।

੨੫੬-੨੧੨ਸ- ਜੇਤੂ=ਜਿਸ ਕਰਕੇ, ਜਿਸ ਨਾਲ। 'ਇਸ ਨਾਲ' ਭਾਵ ਹੈ। ਜੰਗਮ=ਜੰਘਾਂ ਵਾਲੇ। ਇਕ ਪ੍ਰਕਾਰ ਦੇ ਜੋਗੀ। ਜੰਗਮ ਸ਼ਿਵ ਉਪਾਸਕ ਹਨ ਜੋਗੀਆਂ ਦੀ ਇਕ ਸ਼ਾਖ ਹਨ ਜੋ ਟੁਰਦੇ ਫਿਰਦੇ ਗਾਉਂਦੇ ਭਿਖਜਾ ਮੰਗਦੇ ਹਨ। ਸਿਰ ਤੇ ਰੱਸੀ ਤੇ ਧਾਤੂ ਦਾ ਚੰਦ੍ਰਮਾ ਰਖਦੇ ਹਨ, ਕੰਨਾ ਕੋਲ ਪਿਤਲ ਦੇ ਫੁਲ ਤੇ ਮੋਰ ਪੰਖ ਧਾਰਦੇ ਹਨ। ਚੇਲ=ਚਲੱਣ, ਚੱਲਣਗੇ। ਅੰਤਰਜਾਮੀ=ਜੋ ਅੰਦਰ ਬੈਠਾ ਪ੍ਰੇਰਕ ਹੈ। (੨) ਅੰਦਰ ਦੀ ਜਾਣਨ ਵਾਲਾ। ਪੇਲ=ਪ੍ਰੇਰਕੇ, ਪ੍ਰੇਰਨਾ ਕਰਕੇ।

੨੫੭-੨੧੮ਅ- ਵਿਸ਼ੇਸ਼ ਲਈ ਦੇਖੋ ਕਬਿਤ ਭਾਈ ਗੁਰਦਾਸ, ਦੂਸਰਾ ਸਕੰਧ, ਸੈਕ੍ਰਿਤ ਟੀਕੇ ਦਾ ਸਫਾ ੨੪।

੨੫੮-੨੧੮ਸ- ਦੇਖੋ ਸੈਕ੍ਰਿਤ ਟੀਕਾ, ਕਬਿਤ ਸ੍ਵਯੇ ਭਾਈ ਗੁਰਦਾਸ, ਦੂਜਾ ਸਕੰਧ।

੨੫੯-੨੧੯ੲ- ਯਾ ਸੰਤਬਰ, ੧ ਸੰਨ ੧੫੭੪ ਈ. ਨੂੰ।

੨੬੦-੨੧੯ਸ- ਰਾਮ ਦਾਸ ਦਾ ਚੱਕ ਬੀ ਨਾਮ ਲੋਕੀ ਲੈਂਦੇ ਰਹੇ।

੨੬੧-੨੨੦ੲ- ਚੱਕ ਗੁਰੂ ਕੇ ਪਹੁੰਚੇ ਜਾਇ। ਸੰਗ ਸੰਗਤਾਂ ਹੈ ਸਮੁਦਾਇ। ਕਾਰ ਤਾਲ ਕੀ ਕਛੁ ਕਰਵਾਈ। ਸਿੱਖ ਨਿਕਾਸਹਿ ਬਹੁ ਫਲ ਪਾਈ। (ਸੂ.ਪ੍ਰ: ਪੰਨਾ ੧੬੯੬)

੨੬੨-੨੨੨ੲ- ਸੂ:ਪ੍ਰ: ਵਿਚ ਲਿਖਿਆ ਹੈ ਕਿ ਉਹ ਦਿਨ ਮੇਖ ਦੀ ਸੰਗ੍ਰਾਂਦ ਦਾ ਸੀ।

੨੬੩-੨੨੩ੳ- ਤਵਾ: ਖਾ: ਸਫਾ ੬੪੪ ਪਰ ਲਿਖਿਆ ਹੈ: ੧੫੫੯ ਬਿਕ੍ਰਮੀ ਨੂੰ ਰਾਮਤੀਰਥ ਜਾਂਦੇ ਹੋਏ ਗੁਰੂ ਨਾਨਕ ਜੀ ਦੁਪਹਿਰ ਠਹਿਰ ਕੇ ਵਰ ਦੇ ਗਏ ਸੇ ਕਿ ਏਥੇ ਭੋਗ ਮੋਖ ਦਾ ਪ੍ਰਵਾਹ ਚਲੇਗਾ।

੨੬੪-੨੨੩ਅ- ਤਵਾਰੀਖ ਖਾਲਸਾ ਆਦਿ।

੨੬੫-੨੨੮ੲ- ਤਵਾ: ਖਾ: ਵਿਚ ਲਿਖਿਆ ਹੈ ਕਿ ਆਦਮ ਤਾਂ ਚੁਪਕਰ ਰਿਹਾ, ਪਰ ਉਸ ਦੀ ਬੇਟੀ ਨਾਲ ਸੀ; ਉਸ ਨੇ ਕਿਹਾ: ਸਤਿਗੁਰੂ ਜੀ ਮੈਨੂੰ ਵੀ ਬਖਸ਼ੋ। ਤਦ ਸਤਿਗੁਰੂ ਜੀ ਨੇ ਅਸੀਸ ਦਿੱਤੀ।

੨੬੬-੨੨੮ਸ- ਭਾਈ ਭਗਤੂ ਦੇ ਹੋਰ ਹਾਲ ਅਗਲੇ ਸਤਿਗੁਰਾਂ ਦੇ ਪ੍ਰਸੰਗ ਵਿਚ ਵਿਦਿਤ ਹੁੰਦੇ ਹਨ।

੨੬੭-੨੨੯ਅ- ਕਾਨੂੰਨੇ ਮੌਸੀਕੀ ਨਾਮੇ ਰਾਗ ਵਿਦਿਆ ਦੀ ਕਿਤਾਬ ਵਿਚ ਲਿਖਿਆ ਹੈ ਕਿ 'ਸਰੰਦਾ' ਸਾਜ਼ ਗੁਰੂ ਅਮਰ ਦਾਸ ਜੀ ਦੀ ਤਜਵੀਜ਼ ਨਾਲ ਬਣਿਆ ਸੀ।

੨੬੮-੨੩੫ਅ- ਇਹ ਤੁਕ ਸਿੱਖਾਂ ਦੀ ਭਗਤ ਮਾਲਾ ਵਿਚ ਇਸ ਤਰ੍ਹਾਂ ਏਥੇ ਲਿਖੀ ਹੈ, ਪਰ ਇਹ ਤੁਕ ਪੰਜਵੇਂ ਸਤਿਗੁਰਾਂ ਦੀ ਹੈ, ਲੇਖਕ ਜੀ ਤੋਂ ਕਾਹਲੀ ਵਿਚ ਉਕਾਈ ਹੋਈ ਜਾਪਦੀ ਹੈ। ਉਂਵ ਚਉਥੇ ਪਾਤਸ਼ਾਹ ਜੀ ਦੇ ਵਾਕ ਬੀ ਇਸ ਪ੍ਰਕਾਰ ਦੇ ਹਨ: ਯਥਾ=ਸਰਬ ਜੀਆ ਪ੍ਰਤਿਪਾਲਦਾ ਮੇਰੀ ਜਿੰਦੁੜੀਏ ਜਿਉ ਬਾਲਕ ਪਿਤਾ ਮਾਤਾ ਰਾਮ।। (ਬਿਹ: ਮ: ੪ ਛੰਤ)



www.sikhbookclub.com

੨੬੯-੨੩੬ੲ- ਇਹ ਲਿਖਾਰੀ ਦੀ ਭੁੱਲ ਜਾਪਦੀ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਪੰਜਵੇਂ ਗੁਰੂ ਜੀ ਨੇ ਬੱਧੀ ਸੀ।

੨੭੦-੨੩੯ੳ- ਰਾਮ ਦਾਸ ਸਤਿਗੁਰ ਕੋ ਤਾਯਾ। ਤਿਸਕੋ ਸੁਤ ਗੁਨ ਸਹਿਤ ਸੁਹਾਯਾ। ਲਵਪੁਰਿ ਖਿਖੇ ਨਾਮ ਸੰਹਾਰੀ। (ਸੂ.ਪ੍ਰ: ਸਫਾ ੧੭੦੩)

੨੭੧-੨੪੩ਸ- ਭਾਦਰੋਂ ਸੁਦੀ ੧, ਗੱਦੀ ਦੀ ਤ੍ਰੀਕ ਸੂਰਜ ਪ੍ਰਕਾਸ਼ ਵਿਚ ਹੈ। (ਸਫਾ ੧੭੩੮ ਸਤਰ ੫)

੨੭੨-੨੪੫ੳ- ਤਾਰਿਆਂ ਵਾਂਗੂ ਲੋਪ ਹੋ ਗਏ, ਇਨ੍ਹਾਂ ਲਿੰਦਕਾਂ ਦੇ ਮੂੰਹ ਤੇ ਨੇਤ੍ਰ ਉਲੂਆਂ ਵਾਂਗੂ ਬੰਦ ਹੋ ਗਏ।

੨੭੩-੨੪੭ਅ- ਸੂ: ਪ੍ਰ: ਦੇ ਇਨ੍ਹਾਂ ਛੰਦਾਂ ਵਿਚੋਂ ਕਠਨ ਪਦਾਂ ਦੇ ਅਰਥ ਇਹ ਹਨ:-
ਵਿਸ਼ੇਖਹੁ=ਵਿਸ਼ੇਸ਼ ਕਰਕੇ, ਬਹੁਤ ਕਰਕੇ। ਬਪੁ=ਸ਼ਰੀਰ, ਹਲਤ ਪਲਤ=ਲੋਕ ਪ੍ਰਲੋਕ,
ਰਤਨਾਕਰ=ਰਤਨਾ ਦੀ ਖਾਣ, ਸਾਗਰ। ਆਇਸੁ=ਆਗਜਾ। ਬੈਸ=ਉਮਰਾ, ਆਯੂ।
ਅਨਸੂਯਕ=ਈਰਖਾ ਰਹਿਤ। ਸੋਪਾਨ=ਪਉੜੀਆਂ। ਹਰਿ ਬਿਮਾਨ..ਜੈਸੈ=ਪ੍ਰਭੂ ਦਾ ਬਿਬਾਨ ਮਾਨੋ ਅਕਾਸ਼ ਵਿਚ ਸਥਿਰ ਹੈ। ਬੈਡੂਰਜ=ਇਕ ਪ੍ਰਕਾਰ ਦਾ ਰਤਨ, ਲਸਣੀਆਂ (ਸੰਸ: ਵੈਦੂਰਯ)। ਮਹਾਂ ਬਿਸ਼ਨੂ=ਭਾਵ ਅਕਾਲ ਪੁਰਖ। ਨਮਿਤ ਮਾਤ੍ਰ=ਬਹਾਨਾ ਮਾਤ੍ਰ।
ਪ੍ਰਸਾਦਿ=ਕ੍ਰਿਪਾ। ਮਹਾਂ ਜਸੇ=ਹੇ ਵਡੇ ਜਸ ਵਾਲੀ।
ਪਟੰਤਰ=ਤੁੱਲ, ਸਮਾਨ।
ਜਿਠਾਈ=ਵਡਿਆਈ। ਅਸ਼ੇਸ਼=ਸਾਰੀ, ਬਿਲਕੁਲ।

੨੭੪-੨੪੯ੳ- ਅਜ ਸੀ ਸੰਮਤ ੧੬੩੮ ਬਿ: ਭਾਦਰੋਂ ਦਾ ਮਹੀਨਾ, ਸ਼ੁਕਲ ਪੱਖ ਦੀ ਤੀਜ।

---ਇਤਿ---


www.sikhbookclub.com

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ
# ਅਸ਼ਟ ਗੁਰ ਚਮਤਕਾਰ
## (ਭਾਗ ੨)

– ਅਰਥਾਤ –

ਜੀਵਨ ਪ੍ਰਸੰਗ

## ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ

ਭਾਈ ਸਾਹਿਬ ਭਾਈ ਵੀਰ ਸਿੰਘ


www.sikhbookclub.com

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਭੂਮਿਕਾ

ਹੋਰਨਾਂ ਰਚਨਾਵਾਂ ਤੋਂ ਇਲਾਵਾ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਲਿਖੇ ਦੋ ਗ੍ਰੰਥ 'ਸ੍ਰੀ ਗੁਰੂ ਨਾਨਕ ਚਮਤਕਾਰ' ਤੇ 'ਸ੍ਰੀ ਗੁਰੂ ਕਲਗੀਧਰ ਚਮਤਕਾਰ' ਪੰਥ ਪ੍ਰਸਿੱਧ ਹਨ। ਇਨ੍ਹਾਂ ਗ੍ਰੰਥਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਰਨਾਮੇ ਹਨ। ਇਨ੍ਹਾਂ ਤੋਂ ਪਿਛੋਂ ਓਹ ਇਹ ਲੋੜ ਮਹਿਸੂਸ ਕਰਦੇ ਰਹੇ ਕਿ ਬਾਕੀ ਅੱਠ ਗੁਰੂ ਸਾਹਿਬਾਂ ਦੇ ਜੀਵਨ ਚਰਿਤ੍ਰ ਵੀ ਰਚੇ ਜਾਣ। ਏਸ ਉੱਦਮ ਵਿਚ ਜਿਤਨੀ ਕੁ ਸਫਲਤਾ ਹੋਈ ਉਸ ਦੇ ਫਲ ਸਰੂਪ ਇਕ ਸੈਂਚੀ ਪ੍ਰਕਾਸ਼ਤ ਕੀਤੀ ਗਈ, ਜਿਸ ਵਿਚ ਤਿੰਨ ਪਾਤਸ਼ਾਹੀਆਂ ਦੇ ਜੀਵਨ ਬ੍ਰਿਤਾਂਤ ਸਨ, ਦੂਜੀ, ਤੀਜੀ ਤੇ ਚੌਥੀ ਦੇ। ਇਸ ਪ੍ਰਕਾਸ਼ਨਾ ਦਾ ਨਾਮ ਰਖਿਆ ਗਿਆ, 'ਅਸ਼ਟ ਗੁਰ ਚਮਤਕਾਰ, ਭਾਗ-੧', ਜੋ ਸੰਨ ੧੯੫੨ ਵਿਚ ਛਾਪੀ ਗਈ, ਤੇ ਜੋ ਹੁਣ ਤਕ ਅਨੇਕ ਸੰਸਕਰਣਾਂ ਵਿਚ ਛਪ ਚੁਕੀ ਹੈ। ਇਸ ਤੋਂ ਉਪ੍ਰੰਤ ਆਸ਼ਾ ਇਹ ਸੀ ਕਿ ਪੰਜਵੀਂ ਤੋਂ ਲੈਕੇ ਨੌਵੀਂ ਪਾਤਸ਼ਾਹੀ ਤਕ ਏਸ ਸਿਲਸਿਲੇ ਦੀ ਲੜੀ ਨੂੰ ਪਹੁੰਚਾਇਆ ਜਾਵੇ। ਸੰਨ ੧੯੫੭ ਈ: ਜੂਨ ੧੦ ਨੂੰ ਭਾਈ ਸਾਹਿਬ ਜੀ ਸਚਖੰਡ ਪਿਆਨਾ ਕਰ ਗਏ। ਉਸ ਵੇਲੇ ਤਕ ਓਹ ਜੋ ਕੁਝ ਏਸ ਸੰਬੰਧ ਵਿਚ ਲਿਖ ਚੁਕੇ ਸਨ, ਉਹ ਸੰਪੂਰਨ ਨਹੀਂ ਸੀ। ਪੰਜਵੀਂ ਪਾਤਸ਼ਾਹੀ ਦੇ ਜੀਵਨ ਨੂੰ ਤਾਂ ਉਹ ਕਿਸੇ ਮੁਕੰਮਲਤਾ ਦੇ ਧੁਰੇ ਤਕ ਲਿਜਾ ਸਕੇ ਸਨ ਪਰ ਛੇਵੀਂ ਪਾਤਸ਼ਾਹੀ ਦੇ ਪ੍ਰਸੰਗ ਨੂੰ ਅਜੇ ਇਕ ਆਰੰਭਕ ਪ੍ਰਯਤਨ ਤਕ ਹੀ ਛੋਹਿਆ ਸੀ ਕਿ ਉਹ ਉਥੇ ਤਕ ਹੀ ਰਹਿ ਗਿਆ ਤੇ ਫੇਰ ਦੈਵੀ ਸੱਦਾ ਆ ਗਿਆ।

ਇਹ ਪੁਸਤਕ ਜੋ ਪਾਠਕਾਂ ਦੇ ਹਸਤ ਕਮਲਾਂ ਵਿਚ ਹੈ ਕੇਵਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਸੰਬੰਧ ਵਿਚ ਹੈ। ਇਹ ਆਪਣੇ ਆਪ ਵਿਚ ਇਕ ਸੰਪੂਰਣ ਸ਼ੈ ਹੈ।

ਇਨ੍ਹਾਂ ਪੁਸਤਕਾਂ ਦੇ ਰਚਣ ਵਿਚ ਭਾਈ ਸਾਹਿਬ ਜੀ ਦਾ ਕੀ ਆਸ਼ਾ ਸੀ? ਕੀ ਉਹ ਨਿਰੀ ਇਤਿਹਾਸਿਕ ਰੁਚੀ ਤੋਂ ਪ੍ਰੇਰਣਾ ਲੈ ਕੇ ਕਿਸੇ ਤ੍ਵਾਰੀਖੀ ਘਾਟੇ ਨੂੰ ਪੂਰਾ ਕਰਨਾ ਚਾਹੁੰਦੇ ਸਨ? ਜਾਂ, ਕੀ ਉਹ ਕੇਵਲ ਪੰਜਾਬੀ ਦੀ ਉੱਨਤੀ ਦੇ ਸੇਵਾ ਦੇ ਚਾਉ ਵਿਚ ਰੁੱਝ ਰਹੇ ਸਨ? ਜਾ ਕੀ ਸਿਰਫ ਇਤਨੀ ਹੀ ਗਲ ਸੀ ਕਿ ਉਹ ਆਪਣੇ ਇਸ਼ਟ ਦੀ ਵਡਿਆਈ ਲੋਚਦੇ ਸਨ?

ਏਹ ਪ੍ਰਸ਼ਨ ਹਨ। ਇਨ੍ਹਾਂ ਪਹਿਲੂਆਂ ਉਪਰ ਕਈ ਲਿਖਾਰੀਆਂ ਨੇ ਆਪੋ ਆਪਣੇ ਖਿਆਲ ਮੁਤਾਬਿਕ ਵਿਚਾਰ ਪ੍ਰਗਟ ਕੀਤੇ ਹਨ। ਬਹੁਤਿਆਂ ਨੇ ਤਾਂ ਪ੍ਰਸੰਸਾ ਹੀ ਕੀਤੀ ਹੈ, ਪਰ ਐਸੇ ਵੀ ਹਨ ਜਿਨ੍ਹਾਂ ਨੇ ਆਪਣੇ ਸੰਦੇਹ ਦਰਸਾਉਣ ਵਿਚ ਕੋਈ ਝਿਜਕ ਨਹੀਂ ਮਹਿਸੂਸ ਕੀਤੀ। ਪਰ ਭਾਈ ਸਾਹਿਬ ਜੀ ਦੀ ਲਿਖਤ ਵਿਚ ਇਕ ਨਿਰਾਲਾਪਨ ਹੈ ਜੋ ਸਹਜੇ ਹੀ ਅੱਖੋਂ ਉਹਲੇ ਹੋ ਜਾਂਦਾ ਹੈ। ਇਸ ਅਨੋਖੇਪਨ ਦੀ ਜੜ੍ਹ ਨਾ ਇਤਿਹਾਸ ਵਿਚ ਹੈ, ਨਾ ਸਾਹਿਤ ਵਿਚ ਤੇ ਨਾ ਕਿਸੇ ਇਸ਼ਟ ਉਪਾਸਨਾ ਦੀ ਵਡਿਆਈ ਮਾਤ੍ਰ ਵਿਚ ਹੈ। ਉਨ੍ਹਾਂ ਦੀ ਲੇਖਣੀ ਦਾ ਮੂਲ ਕਿਸੇ ਐਸੀ ਨਿਰਮਲਤਾ ਵਿਚ ਹੈ ਜੋ ਅਨੁਭਵ ਦੇ ਪ੍ਰਕਾਸ਼ ਨੂੰ ਗ੍ਰਹਣ ਕਰਣ ਵਿਚ ਪ੍ਰਯਤਨਸ਼ੀਲ ਹੈ। ਉਨ੍ਹਾਂ ਦੀ ਕਲਮ ਆਦਰਸ਼ ਦਾ ਅਕਸ਼ ਲੈਂਦੀ ਹੈ, ਜਿਸ ਦੇ ਪ੍ਰਭਾਵ ਨੂੰ ਉਹ ਲਫਜ਼ਾਂ ਦੀ ਤਾਸੀਰ ਵਿਚ ਜਗਮਗਾ ਦੇਂਦੀ ਹੈ। ਉਨ੍ਹਾਂ ਦੀ ਰਚਨਾ ਵਿਚ ਨਿਜੀ ਅਨੁਭਵ ਦਾ ਪ੍ਰਤੱਖ ਗੁਣ ਹੈ ਜੋ ਪਾਠਕ ਦੇ ਮਨ ਉਪਰ ਡੂੰਘੀ ਛਾਪ ਪੈਦਾ ਕਰਦਾ ਹੈ। ਅਜ ਐਸੇ ਬੇਸ਼ੁਮਾਰ ਮਨੁੱਖ ਹਨ, ਜਿਨ੍ਹਾਂ ਨੇ ਏਸ ਅਸਰ ਨੂੰ ਕਬੂਲਿਆ ਹੈ; ਤੇ ਫੇਰ ਉਹ ਕਿਤਨੇ ਲੋਕ ਹਨ ਜਿਨ੍ਹਾਂ ਨੇ ਆਪਣੇ ਜੀਵਨ ਨੂੰ ਏਸ ਪ੍ਰਭਾਵ ਹੇਠ ਐਸਾ ਪਲਟਾ ਦਿਤਾ, ਜਿਸ ਨਾਲ ਉਨ੍ਹਾਂ

ਦੀ ਆਪਣੀ ਬਾਕੀ ਜ਼ਿੰਦਗੀ ਦਾ ਸਥਾਈ ਭਾਵ ਹੀ ਬਦਲ ਗਿਆ।

ਭਾਈ ਸਾਹਿਬ ਦਾ ਆਪਣਾ ਜੀਵਨ ਇਕ ਸ਼ਬਦ ਦੀ ਟਕਸਾਲ ਵਿਚ ਨਿਰਮਲ ਹੁੰਦਾ ਰਿਹਾ, ਤੇ ਏਸ ਨਿਰਮਲਤਾ ਵਿਚੋਂ ਹੀ ਉਹ ਜੜ੍ਹ ਫੁਟਦੀ ਹੈ ਜੋ ਉਨ੍ਹਾਂ ਦੀ ਲੇਖਣੀ ਦਾ ਆਧਾਰ ਹੈ, ਜਿਸ ਦੇ ਘੇਰੇ ਵਿਚ ਉਹ ਸਾਰੀਆਂ ਚੀਜ਼ਾਂ ਆ ਜਾਂਦੀਆਂ ਹਨ, ਜਿਨ੍ਹਾਂ ਨੂੰ ਅਸੀਂ ਵੱਖ ਵੱਖ ਨਾਮ ਦੇ ਦਿੰਦੇ ਹਾਂ, ਯਥਾ:- ਇਤਿਹਾਸ, ਸਾਹਿਤ, ਧਰਮ ਆਦਿਕ। ਉਨ੍ਹਾਂ ਲਈ ਇਹ ਚੀਜ਼ਾਂ ਅੱਡਰੀਆਂ ਨਹੀਂ ਸਨ। ਸਾਰੀਆਂ ਦੀਆਂ ਸਾਰੀਆਂ ਇਕ ਸਾਂਝੀ ਕਲਾ ਦਾ ਪ੍ਰਕਾਸ਼ ਸਨ, ਜੋ ਆਪਣੇ ਮਿਲਵੇਂ ਸਰੂਪ ਵਿਚੋਂ ਉਮਲ ਕੇ ਵਿਗਾਸ ਵਿਚ ਆਉਂਦੀਆਂ ਸਨ। ਏਸ ਵਿਕਸਤ ਰੂਪ ਨੂੰ ਹੀ ਉਹ 'ਖੇੜੇ' ਦਾ ਨਾਉ ਦਿੰਦੇ ਸਨ। ਇਹ 'ਖੇੜਾ' ਮਨ ਦੀ ਚੀਜ਼ ਹੈ। ਇਹ ਪੈਸੇ ਧੇਲੇ ਦੀ ਖ਼ੁਸ਼ੀ ਨਹੀਂ, ਜਿਸ ਦੇ ਲਹਾ-ਚੜ੍ਹਾ ਵਿਚ ਇਕ ਸੰਸਾਰੀ ਜੀਵ ਗ੍ਰਸਿਆ ਰਹਿੰਦਾ ਹੈ। ਇਸ ਖੇੜੇ ਦੀ ਕਸਵੱਟੀ ਹੋਰ ਹੈ। ਇਸ ਕਸਵੱਟੀ ਦੀ ਪਰਖ ਹੋਰ ਹੈ। ਇਹੋ ਗਲ ਸਫੁਟ ਹੋ ਕੇ ਭਾਈ ਸਾਹਿਬ ਦੀ ਰਚਨਾ ਵਿਚੋਂ ਪ੍ਰਗਟ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦਾ ਜੀਵਨ ਏਸ ਗਲ ਦਾ ਪ੍ਰਮਾਣ ਹੈ। ਇਤਿਹਾਸ ਸਾਖੀ ਹੈ ਕਿ ਗੁਰੂ ਜੀ ਨੂੰ ਕੀ ਕੀ ਕਸ਼ਟ ਸਹਾਰਨੇ ਪਏ। ਭਾਈ ਗੁਰਦਾਸ ਜੀ ਏਸ ਗਲ ਦੀ ਗਵਾਹੀ ਭਰਦੇ ਹਨ ਕਿ ਉਨ੍ਹਾਂ ਤਸੀਹਿਆਂ ਦੇ ਬਾਵਜੂਦ ਕਿਸ ਤਰ੍ਹਾਂ ਗੁਰੂ ਜੀ ਦੀ ਅੰਤਮ ਅਵਸਥਾ ਅਡੋਲ ਰਸ ਵਿਚ ਨਿਮਗਨ ਰਹੀ।

ਭਾਈ ਸਾਹਿਬ ਜੀ ਦੀ ਸਾਰੀ ਕਾਵਿ ਸਾਧਨਾ ਏਸੇ ਪ੍ਰਾਪਤੀ ਦੀ ਯਾਚਕ ਹੈ। ਉਹ ਇਹ ਮੰਗ ਆਪਣੇ ਲਈ ਕਰਦੀ ਹੈ ਅਤੇ ਇਸੇ ਹੀ ਅਸਰ ਦੀ ਛਾਯਾ ਪਾਠਕਾਂ ਦੇ ਮਨ-ਸਥਲ ਉਪਰ ਪਾਉਂਦੀ ਹੈ।

ਪਾਠਕ ਜਿਉਂ ਜਿਉਂ ਏਸ ਪੁਸਤਕ ਨੂੰ ਵਾਚਣਗੇ ਏਸ ਪ੍ਰਭਾਵ ਨੂੰ ਨਾਲ ਹੀ ਨਾਲ ਮਹਿਸੂਸ ਕਰਨਗੇ। ਉਨ੍ਹਾਂ ਨੂੰ ਉਸ ਅਸਲੀਅਤ ਦਾ ਝਲਕਾ ਵੱਜਣ ਲੱਗੇਗਾ ਜੋ ਰੂਹ ਦੀ ਜ਼ਿੰਦਗੀ ਹੈ, ਤੇ ਜੋ ਹੱਡ ਚੰਮ ਦੇ ਸੁਖਾਂ ਤੋਂ ਉਪਰ ਉਠ ਸਕਦੀ ਹੈ; ਜੋ ਅਸੂਲ ਨੂੰ ਹਥੋਂ ਗਵਾਉਣ ਲਈ ਤਿਆਰ ਨਹੀ ਹੁੰਦੀ ਅਤੇ ਜਿਸ ਵਿਚ ਇਹ ਸ਼ਕਤੀ ਹੈ ਕਿ ਉਹ ਸੰਕਟ ਵੇਲੇ ਵੀ ਕਿਸੇ ਅੰਦਰਲੇ ਆਧਾਰ ਉੱਤੇ ਨਿਰਭਉ ਟਿਕ ਸਕੇ।

ਆਤਮਾ ਦਾ ਆਪਣਾ ਸੁਭਾਉ ਕੀ ਹੈ? ਕੀ ਇਹ ਸੁਖ ਰੂਪ ਹੈ? ਕੀ ਇਹ ਉਦਾਸੀਨ ਹੈ? ਕੀ ਇਹ ਵੈਰਾਗੀ ਹੈ? ਹਿੰਦੂ ਫਿਲਸਫੇ ਵਿਚ ਇਸ ਗਲ ਉਪਰ ਜ਼ਿਆਦਾ ਜ਼ੋਰ ਹੈ ਕਿ ਦੁਖ ਦੀ ਨਵਿਰਤੀ ਹੀ ਉਦੇਸ਼ ਹੈ। ਦੁਖ ਦਾ ਹਟ ਜਾਣਾ ਹੀ ਪਰਮ ਵਾਂਛਤ ਵਸਤੂ ਹੈ। ਸੁਖ ਆਪਣੇ ਆਪ ਵਿਚ ਕੋਈ ਸੱਤਾਸ਼ਾਲੀ (Positive) ਚੀਜ਼ ਨਹੀਂ। ਦੁਖ ਦਾ ਹਟਣਾ ਮਾਤ੍ਰ ਹੀ ਸੁਖ ਦੀ ਅਵਸਥਾ ਹੈ। ਏਸ ਸੁਖ ਵਿਚ ਆਤਮਾ ਇਕ ਉਪੇਕਸ਼ਾ (indifference) ਵਾਲੀ ਅਵਸਥਾ ਵਿਚ ਰਹਿੰਦੀ ਹੈ, ਜਿਸ ਨੂੰ 'ਉਦਾਸੀਨ' ਸ਼ਬਦ ਨਾਲ ਬਿਆਨ ਕੀਤਾ ਜਾਂਦਾ ਹੈ।

ਭਾਈ ਸਾਹਿਬ ਦੇ ਲਾਗਲੇ ਵਕਤਾਂ ਵਿਚ ਜੋ ਪੰਜਾਬੀ ਵਿਚ ਸਾਹਿਤ ਰਚਿਆ ਜਾ ਰਿਹਾ ਸੀ ਉਸ ਉਪਰ ਬਾਹਲਾ ਕਰਕੇ ਰੰਗਣ ਵੈਰਾਗ ਦੀ ਹੀ ਸੀ। ਉਹ ਆਤਮਾ ਦੇ ਏਸ ਉਦਾਸੀਨ ਸਰੂਪ ਨੂੰ ਪ੍ਰੇਰਨਾ ਦੇ ਕੇ ਉਘਾੜ ਰਹੀ ਸੀ। ਕਵਿਤਾ ਵਿਚ ਜੋ ਉਪਦੇਸ਼-ਧਾਰਾ ਸੀ ਉਹ ਕੇਵਲ ਤਿਆਗ, ਵੈਰਾਗ ਅਤੇ ਉਦਾਸ ਦੇ ਤੱਤਾ ਤੋਂ ਹੀ ਬਣੀ ਹੋਈ ਸੀ, ਜਿਸ ਦਾ ਨਮੂਨਾ ਇਸ ਤਰ੍ਹਾਂ ਦਾ ਹੈ:

(੧) ਹਾੜ ਹੋਸ਼ ਕਰ ਦਿਲ ਵਿਚ ਪਿਆਰੇ ਕਾਲ ਨਗਾਰਾ ਵਜਦਾ ਈ।
ਇਹ ਦੁਨੀਆਂ ਭਾਂਡੇ ਦੀ ਨਿਆਈ ਜੋ ਘੜਿਆ ਸੋ ਭਜਦਾ ਈ।
ਮਾਯਾ ਜੋੜੀ ਲਾਖ ਕਰੋੜੀ ਅਜੇ ਨ ਮੂਰਖ ਰਜਦਾ ਈ।
ਮੋਤੀ ਰਾਮ ਤੂੰ ਸਮਝ ਪਿਆਰੇ ਕਾਲ ਨਗਾਰਾ ਵਜਦਾ ਈ।।੪।।

(੨) ਸੁਪਨੇ ਦੇ ਵਿਚ ਲੱਡੂ ਪੇੜੇ ਅੰਤ ਨਹੀਂ ਮਠਿਆਈ ਦਾ।
ਜਾਣ ਬੁੱਝ ਕੇ ਬਣ ਗਿਆ ਮੂਰਖ ਮਾਲਕ ਚੀਜ਼ ਪਰਾਈ ਦਾ।
ਪੰਜ ਤੱਤ ਵਿਚ ਹੈ ਨਹੀਂ ਤੇਰਾ ਹਿੱਸਾ ਦਸਵਾਂ ਰਾਈ ਦਾ।
ਏਸ ਕੋਟ ਵਿਚ ਵਸਿਆ ਕਰਕੇ ਫਸਿਆ ਦੁੱਖ ਵਧਾਈ ਦਾ।
ਬੁਰਾ ਅਜਾਰਾ ਏਸ ਕੋਟ ਦਾ ਕਰੜਾ ਹੁਕਮ ਚਲਾਈ ਦਾ।
ਸਤਿਗੁਰ ਬਾਝੋਂ ਵੈਦ ਨ ਕੋਈ ਸਿਰ ਪਰ ਜ਼ਹਿਮਤ ਆਈ ਦਾ।
ਈਸਰ ਦਾਸਾ ਵਿਸਾਹ ਨਹੀਂ ਕੁਝ ਜ਼ਾਲਮ ਕਾਲੀ ਕਸਾਈ ਦਾ।।੭੨।।

'ਤਿਆਗ', 'ਵੈਰਾਗ', ਤੇ 'ਉਦਾਸ', ਇਹ ਤਿੰਨ ਸ਼ਬਦ ਹਨ ਜੋ ਇਕ ਕੁੰਜੀ ਵਾਕੁਣ ਹਨ ਜੋ ਉਸ ਸਮੇਂ ਦੇ ਅਧਿਆਤਮਵਾਦ ਦੇ ਰਹੱਸ ਨੂੰ ਖੋਲ੍ਹ ਕੇ ਸਪਸ਼ਟ ਕਰਦੇ ਹਨ। ਇਨ੍ਹਾਂ ਤਿੰਨ੍ਹਾਂ ਸ਼ਬਦਾਂ ਵਿਚ ਵੀ ਪਰਸਪਰ ਅਰਥਭੇਦ ਹੈ। ਤਿਆਗ ਤੋਂ ਮਤਲਬ ਉਹ ਕਰਮ ਹੈ ਜਿਸ ਦੁਆਰਾ ਤੁਸੀਂ ਸਥੂਲ ਸੰਪਤਿ ਨੂੰ ਤਰਕ ਕਰ ਦਿੰਦੇ ਹੋ। ਪਰ ਵੈਰਾਗ ਕੇਵਲ ਮਾਨਸਿਕ ਅਵਸਥਾ ਹੈ। ਵੈਰਾਗ ਵਿਚ ਕਿਸੇ ਸ਼ੈ ਦੇ ਛੱਡਣ ਦੀ ਲੋੜ ਨਹੀਂ, ਕੇਲ ਮਨ ਦਾ ਲਗਾਉ ਹੈ ਨਾ ਕਿ ਵਸਤਾਂ ਨੂੰ। 'ਤਿਆਗ' ਅਤੇ 'ਵੈਰਾਗ' ਦੇ ਏਹ ਫਰਕ ਤਾਂ ਮੋਟੇ ਹਨ ਜੋ ਸਮਝ ਵਿਚ ਆ ਜਾਂਦੇ ਹਨ। ਪਰ ਸ਼ਬਦ 'ਉਦਾਸ' ਉਹ ਅਵਸਥਾ ਹੈ ਜਿਸ ਉਪਰ ਤਿਆਗ ਅਤੇ ਵੈਰਾਗ ਦੁਆਰਾ ਪਹੁੰਚਣਾ ਹੈ। 'ਉਦਾਸ' ਮੰਜ਼ਿਲ ਹੈ, ਰਸਤਾ ਨਹੀਂ, 'ਉਦਾਸ' ਸਿੱਧ ਅਵਸਥਾ ਹੈ ਸਾਧਨ ਨਹੀਂ। ਹਿੰਦੂ ਫਿਲਾਸਫੀ ਸਾਨੂੰ ਕਿਸੇ ਐਸੇ ਸਿੱਧਾਂਤ ਵਲ ਵੀ ਖੜਦੀ ਹੈ।

ਜਿਨ੍ਹਾਂ ਨੇ ਸਾਂਖ ਦਰਸ਼ਨ, ਜੋ ਛੇ ਸ਼ਾਸਤ੍ਰਾਂ ਵਿਚ ਮੁੱਢਲਾ ਹੈ, ਦਾ ਪਾਠ ਕੀਤਾ ਹੈ, ਉਨ੍ਹਾਂ ਨੂੰ ਪਤਾ ਹੈ ਕਿ ਏਸ ਫਿਲਸਫੇ ਦੇ ਮੁਤਾਬਿਕ ਪੁਰਸ਼ (ਆਤਮਾ) ਦਾ ਸੁਭਾਵ 'ਉਦਾਸੀਨ' ਹੈ। ਉਹ ਆਤਮਾ, ਜੋ ਵਿਵੇਕ ਦੁਆਰਾ ਪ੍ਰਕਿਰਤੀ ਤੋਂ ਅਲੱਗ ਹੋ ਗਿਆ, ਉਹ ਆਪਣੀ ਮੋਕਸ਼ ਅਵਸਥਾ ਵਿਚ 'ਉਦਾਸੀਨ' ਹੈ। ਯੋਗ ਦਰਸ਼ਨ ਦੀ 'ਕੈਵਲਜ' ਮੁਕਤੀ ਦੀ ਅੰਦਰੋਂਵਾਰ ਕਿਸੇ ਐਸੀ ਹੀ ਹਾਲਤ ਦੀ ਆਖਰੀ ਮੰਜ਼ਿਲ ਹੈ। ਸਾਂਖ ਅਤੇ ਯੋਗ ਤੋਂ ਇਲਾਵਾ ਦੋ ਹੋਰ ਸ਼ਾਸਤ੍ਰ, ਜਿਨ੍ਹਾਂ ਦਾ ਨਾਮ ਨਜਾਯ ਅਤੇ ਵੈਸ਼ੇਸ਼ਿਕ ਹੈ, ਵੀ ਇਸ ਤੋਂ ਵੱਧ ਕਿਸੇ ਹੋਰ ਉੱਚੀ ਅਵਸਥਾ ਦਾ ਪ੍ਰਤਿਪਾਦਨ ਨਹੀਂ ਕਰਦੇ। ਇਨ੍ਹਾਂ ਦੇ ਮੁਤਾਬਿਕ ਤਾਂ 'ਆਤਮਾ' ਚੇਤੰਨ ਹੀ ਨਹੀਂ, ਕੇਵਲ ਸਰੀਰ ਦੇ ਸੰਜੋਗ ਹੋਣ ਕਰਕੇ ਹੀ ਚੇਤਨਤਾ ਪੈਦਾ ਹੁੰਦੀ ਹੈ। ਪੰਜਵਾਂ ਸ਼ਾਸਤ੍ਰ ਜੋ 'ਮੀਮਾਂਸਾ' ਦੇ ਨਾਮ ਹੇਠ ਜਾਂਦਾ ਹੈ, ਕੇਵਲ ਯੱਗ ਹੋਮ ਦੀ ਵਿਧਿ ਵਿਚ ਹੀ ਰਹਿ ਜਾਂਦਾ ਹੈ; ਉਸ ਵਿਚ 'ਵਿਧਿ' (ritual) ਹੀ ਮੁੱਖ ਚੀਜ਼ ਹੈ, ਦੇਵਤੇ ਗੌਣ ਹੋ ਜਾਂਦੇ ਹਨ, ਈਸ਼੍ਵਰ ਦੀ ਵੀ ਕੋਈ ਲੋੜ ਨਹੀਂ ਰਹਿੰਦੀ। ਈਸ਼੍ਵਰ ਜੇ ਹੈ ਵੀ, ਤਾਂ ਵੀ ਉਹ ਇਕ ਬੇ ਲੋੜੀ ਜੇਹੀ ਚੀਜ਼ ਹੈ! ਛੇਵਾਂ ਸ਼ਾਸਤ੍ਰ ਵੇਦਾਂਤ ਹੈ। ਇਸ ਦਾ ਜ਼ਿਆਦਾ ਪ੍ਰਚਾਰ 'ਅਦ੍ਵੈਤ ਵੇਦਾਂਤ' ਦੇ ਨਾਮ ਹੇਠ ਹੋਇਆ ਹੈ।

'ਅਦ੍ਵੈਤ' ਦਾ ਪੂਰਾ ਜ਼ੋਰ ਇਸ ਗਲ ਉਪਰ ਲਗਾ ਹੈ ਕਿ 'ਜਗਤ ਮਿਥਯਾ' ਹੈ। ਏਸ ਸਿੱਧਾਂਤ ਨੂੰ ਦ੍ਰਿੜਾਉਣ ਵਿਚ ਹੀ ਸਾਰੀ ਤਾਕਤ ਖਰਚ ਹੋ ਗਈ। 'ਜਗਤ ਮਿਥਯਾ ਹੈ' ਇਸ ਗਲ ਨੂੰ 'ਗੁਰ ਮੰਤ੍ਰ' ਬਣਾ ਕੇ, ਏਸੇ ਦੇ ਪਾਠ ਦਾ ਰਟਣ ਹੀ ਹੁੰਦਾ ਰਿਹਾ ਹੈ। ਸਾਰਥਕ ਗਲ ਪੱਲੇ ਕੁਝ ਨਾ ਪੈ ਸਕੀ।

ਗੁਰੂ ਅਰਜਨ ਦੇਵ ਜੀ ਦਾ ਵਾਕ ਹੈ:

ਸਲਕੋ।। ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ।।
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ।।੧।।

(ਗਉੜੀ (ਸੁਖਮਨੀ) ਮ: ੫; ਪੰਨਾ, ੨੬੫)

ਸਪਸ਼ਟ ਹੈ ਕਿ ਉਨ੍ਹਾਂ ਸਾਰੇ ਸ਼ਾਸਤ੍ਰ ਯਥਾ ਗਿਆਨ-ਸ਼ਾਸਤ੍ਰ (Epistimology), ਸੱਤਾ ਸ਼ਾਸਤ੍ਰ (ontology), ਹੇਤੂ ਸ਼ਾਸਤ੍ਰ (ਤਰਕ, ਮੰਤਕ ਆਦਿਕ) ਪੜ੍ਹੇ ਤੇ ਵਿਚਾਰੇ ਸਨ; ਨਹੀਂ ਤਾਂ

ਓਹ ਐਸੇ ਜ਼ੋਰਦਾਰ ਵਾਕ ਇੰਞ ਨਾ ਆਖਦੇ ਜੈਸੇ ਕਿ ਉਨ੍ਹਾਂ ਕਹੇ :-

'ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ'। ਇਹ ਸਾਰਾ ਕੁਝ 'ਪਖਕੇ ਤੇ ਢੰਡੋਲ ਕੇ' ਫੇਰ ਉਹ ਆਪ ਕਿਸੇ ਨਤੀਜੇ ਉਪਰ ਪਹੁੰਚੇ ਸਨ? ਜਿਥੋਂ ਤਕ ਤਿਆਗ, ਵੈਰਾਗ ਅਤੇ ਉਦਾਸ ਦਾ ਤਅੱਲਕ ਹੈ, ਉਨ੍ਹਾਂ ਦਾ ਖਿਆਲ ਵਚਿੱਤ੍ਰ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਮੁਕਤ ਪੁਰਸ਼ ਜੋ ਹੈ, ਉਹ ਉਦਾਸੀਨ ਨਹੀਂ, ਪਰੰਤੂ ਇਸ ਦੇ ਉਲਟ 'ਰਸ ਸਰੂਪ' ਹੈ। ਐਸੇ ਰਸ ਰੂਪ ਆਤਮ ਨੂੰ ਦੁਨੀਆਂ ਦੇ ਬੰਧਨ ਨਹੀਂ ਪੈਂਦੇ। ਸੰਸਾਰਕ ਚੀਜ਼ਾਂ ਦੀ ਉਸ ਨੂੰ ਕੋਈ ਪਕੜ ਨਹੀਂ। ਉਸ ਦਾ ਲਗਾਉ ਦੁਨਿਆਵੀ ਪਦਾਰਥਾਂ ਤੇ ਵਡਿਆਈਆਂ ਨਾਲ ਨਹੀਂ। ਉਸ ਦਾ ਕਿਸੇ ਵੀ ਮਾਇਕ ਪਦਾਰਥ ਨਾਲ ਰਾਗ ਨਹੀਂ। ਐਸ ਤਰ੍ਹਾਂ ਉਹ ਵੈਰਾਗੀ ਹੁੰਦਾ ਹੋਇਆ ਉਦਾਸੀਨ ਨਹੀਂ ਪਰੰਤੂ ਰਸ ਰੂਪ ਹੈ, ਉਨ੍ਹਾਂ ਨੇ ਇਸ ਆਸ਼ੇ ਨੂੰ ਦਰਸਾਉਣ ਲਈ ਸ਼ਬਦ 'ਰਸਿਕ ਬੈਰਾਗੀ' ਵਰਤਿਆ ਹੈ; ਯਥਾ:

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।।੨।।

(ਗਉੜੀ ਮਹਲਾ ੫, ਸਫਾ ੨੦੪)

ਗੁਰੂ ਅਰਜਨ ਦੇਵ ਜੀ ਆਪ ਇਕ ਪਰਮ ਸੁੱਚਾ ਨਮੂਨਾ ਸਨ 'ਰਸਿਕ ਬੈਰਾਗੀ' ਦਾ। ਉਨ੍ਹਾਂ ਦਾ ਅਮਲੀ ਜੀਵਨ ਇਸ ਗਲ ਦੀ ਸਾਖ ਹੈ। ਇਹ ਪੁਸਤਕ ਜੋ ਆਪ ਦੇ ਹੱਥਾਂ ਵਿਚ ਹੈ, ਪੜ੍ਹਨ ਨਾਲ ਪਾਠਕ ਨੂੰ ਪਤਾ ਲਗ ਜਾਵੇਗਾ ਕਿ ਇਹ ਨਵੀਨ ਆਦਰਸ਼, ਵਿਵਹਾਰਕ ਦੁਨੀਆਂ ਵਿਚ ਕੀ ਅਰਥ ਰੱਖਦਾ ਹੈ? ਇਹ ਰਸਰੂਪ ਪੇੜ੍ਹਾ ਕਿਸ ਤਰ੍ਹਾਂ ਤੇ ਕਿਸ ਹਦ ਤਕ ਮਾਇਕ ਸੁਖਾਂ ਤੋਂ ਸੁਤੰਤ੍ਰ ਹੈ, ਤੇ ਏਸ ਨੂੰ ਕਾਇਮ ਰੱਖਣ ਵਿਚ ਕੀ ਕੀਮਤ ਚੁਕਾਉਣੀ ਪੈਂਦੀ ਹੈ?

ਭਾਈ ਸਾਹਿਬ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਜੀਵਨ ਚਰਿਤ੍ਰ ਲਿਖਣ ਵਿਚ ਪੂਰੀ ਪ੍ਰਬੀਨਤਾ ਦਿਖਾਈ ਹੈ। ਇਤਿਹਾਸਕ ਖੋਜ ਇਸ ਪੁਸਤਕ ਵਿਚ ਉਨੀ ਨਹੀਂ। ਸਾਹਿਤਕ ਪ੍ਰਬੰਧ ਕਲਾ ਕੁਸ਼ਲ ਹੈ। ਸ਼ਰਧਾ ਅਤੇ ਸਿਦਕ ਸੰਜਮ ਦੇ ਵੇਗ ਵਿਚ ਚਲਦੇ ਹਨ, ਜਿਨ੍ਹਾਂ ਦੀ ਚਾਲ ਉਪਰ ਅੰਦਰੋਂਵਾਰ ਬਾਗ ਡੋਰ ਹੈ ਇਤਿਹਾਸਕ ਸਚਾਈ ਦੀ, ਤੇ ਬਾਹਰਲੀ ਲਗਾਮ ਹੈ ਸਾਹਿਤ ਕਲਾ ਦੀ। ਐਸੇ ਪੱਧਰੇ ਵੇਗ ਵਿਚ ਚਲ ਰਹੀ ਇਹ ਸਰਲ ਰਚਨਾ ਯਕੀਨੀ ਤੌਰ ਤੇ ਬੰਜਰ ਹਿਰਦਿਆਂ ਵਿਚ ਚਾਉ ਅਤੇ ਵੈਰਾਗ ਦੀ ਉਚਿਤ ਸਿੰਚਾਈ ਕਰਕੇ ਇਕ ਉਪਜਾਊ ਲਾਲਸਾ ਪੈਦਾ ਕਰ ਦੇਵੇਗੀ।

ਭਾਈ ਸਾਹਿਬ ਦਾ ਆਪਣਾ ਜੀਵਨ ਉੱਚਾ ਤੇ ਸੁੱਚਾ ਸੀ। ਉਨ੍ਹਾਂ ਦੇ ਅੰਦਰ ਵੀ ਪ੍ਰੇਰਣਾ ਰਸਿਕ ਵੈਰਾਗ ਦੀ ਹੀ ਜਾਗੀ ਹੋਈ ਸੀ। ਜਿਸ ਵੇਲੇ ਉਹ ਪੰਜਵੀਂ ਪਾਤਸ਼ਾਹੀ ਦਾ ਜੀਵਨ ਲਿਖ ਰਹੇ ਹਨ ਤਾਂ ਉਸ ਵੇਲੇ ਦੋਨੋਂ ਪ੍ਰਯੋਜਨ ਸਿਧ ਹੋ ਰਹੇ ਹਨ-

ਪਹਿਲਾ, ਉਨ੍ਹਾਂ ਦੇ ਆਪਣੇ ਰਸਿਕ ਵੈਰਾਗ ਦਾ ਵਿਕਾਸ਼; ਦੂਜਾ ਪਾਠਕ ਤਕ ਏਸ 'ਅਮ੍ਰਿਤ ਰਸਿਕ ਵੈਰਾਗ ਦੇ ਚਿੰਤਨ' ਦੀ ਇਕ ਮੂਰਤੀਮਾਨ ਝਲਕ।

ਡਾਕਟਰ ਬਲਬੀਰ ਸਿੰਘ, Ph.D. London)
ਸੰਪਾਦਿਕ

ਪੰਚਬਟੀ; ਡੇਹਰਾਦੂਨ
ਫਰਵਰੀ ੧੯੬੮


www.sikhbookclub.com

ੴ ਸਤਿਗੁਰ ਪ੍ਰਸਾਦਿ।।

# ਸ੍ਰੀ ਅਸ਼ਟ ਗੁਰ ਚਮਤਕਾਰ ਭਾਗ ੨. ਦੀ ਲੇਖ ਸੂਚੀ


| | | ਪੰਨਾ |
|---|---|---|
| ੧. | ਗੁਰੂ ਦਰਸ਼ਨ | ੧ |
| ੨. | ਦਸਤਾਰ ਬੰਦੀ | ੨ |
| ੩. | ਅਸ਼ਾਂਤੀ ਦੀ ਲਹਿਰ ਪਛਾੜ | ੫ |
| ੪. | ਸੰਤੋਖ ਸਰ | ੮ |
| ੫. | ਨਿੱਤ ਕ੍ਰਿਯਾ | ੧੦ |
| ੬. | ਬੀਰਬਲ | ੧੦ |
| ੭. | ਭਾਈ ਕਲਜਾਣਾ | ੧੨ |
| ੮. | ਹਰਿਮੰਦਰ-ਰਾਜਾ ਮੰਡੀ ਤੇ ਕਰਮ ਰੇਖ | ੧੪ |
| ੯. | ਸੁਧਾਸਰ ਸੇਵਾ ਆਰੰਭ | ੧੭ |
| ੧੦. | ਭਾਈ ਮੰਞ | ੧੮ |
| ੧੧. | ਭਾਈ ਬਹੋੜਾ | ੨੧ |
| ੧੨. | ਭਾਈ ਬਹਿਲੋ | ੨੨ |
| ੧੩. | ਭਾਈ ਬੁੱਧੂ | ੨੩ |
| ੧੪. | ਗੰਗਾ ਰਾਮ ਬ੍ਰਾਹਮਨ | ੨੫ |
| ੧੫. | ਭਾਈ ਅਜਬ ਅਜਾਇਬ | ੨੬ |
| ੧੬. | ਹਰਿਮੰਦਰ ਤੇ ਸਰ ਸੇਵਾ | ੨੬ |
| ੧੭. | ਇਕ ਉਦਾਸੀਨ ਗਲ | ੩੦ |
| ੧੮. | ਗੁਰ ਸਿਖੀ ਦਾ ਕੇਂਦ੍ਰ | ੩੧ |
| ੧੯. | ਦੂਸਰਾ ਵਿਆਹ | ੩੫ |
| ੨੦. | ਮਾਝੇ ਦੀ ਫੇਰੀ | ੩੫ |
| ੨੧. | ਭਾਈ ਹੇਮਾ | ੩੬ |
| ੨੨. | ਤਰਨ ਤਾਰਨ | ੩੭ |
| ੨੩. | ਗ੍ਰੈਹ ਨਿਵਾਰਣ | ੩੯ |
| ੨੪. | ਆਗਰੇ ਦੀ ਸੰਗਤ | ੪੦ |
| ੨੫. | ਕਰਤਾਰ ਪੁਰ ਦੁਾਬੇ ਵਾਲਾ | ੪੧ |
| ੨੬. | ਸਾਹਿਬਜ਼ਾਦੇ ਦਾ ਅਵਤਾਰ | ੪੨ |
| ੨੭. | ਲਾਹੌਰ ਬਾਵਲੀ ਸਾਹਿਬ | ੪੬ |
| ੨੮. | ਵਜ਼ੀਰ ਖਾਂ | ੪੬ |
| ੨੯. | ਸ੍ਰੀ ਗੁਰੂ ਗ੍ਰੰਥ ਰਚਨਾ ਆਰੰਭ | ੪੮ |
| ੩੦. | ਸ੍ਰੀ ਦਾਤੂ ਜੀ ਮਿਲਾਪ | ੫੨ |
| ੩੧. | ਪਾਵਨ ਬੀੜ ਦੀ ਤਿਆਰੀ | ੫੨ |
| ੩੨. | ਭਗਤ ਬਾਣੀ ਕਿਉਂ ਚੜੀ? | ੫੪ |
| ੩੩. | ਪਾਵਨ ਬੀੜ ਬਾਰੇ ਹੋਰ ਗਲਾਂ:- | |
| | ਬਾਵਨ ਅਖਰੀ | ੫੫ |
| | ਸੁਖਮਨੀ ਸਾਹਿਬ | ੫੬ |
| | ਟਿੱਕੇ ਦੀ ਵਾਰ | ੫੭ |
| | ਸਵਈਏ ਭਟਾਂ ਦੇ | ੫੭ |
| | ਰਾਗ ਮਾਲਾ | ੫੯ |
| | ਮੁੰਦਾਵਣੀ | ੬੪ |
| ੩੪. | ਭਾਈ ਬੰਨੋਂ ਜੀ ਦੀ ਬੀੜ | ੬੬ |
| ੩੫. | ਪਾਵਨ ਬੀੜ ਦੀ ਸਥਾਪਨਾ | ੬੭ |
| ੩੬. | ਭਾਈ ਕਟਾਰੂ | ੭੦ |
| ੩੭. | ਕੁੜਮਾਈ, ਸੰਗਤ ਤੇ ਚੰਦੂ | ੭੧ |
| ੩੮. | ਸੁਲਬੀ ਖਾਂ | ੭੩ |
| ੩੯. | ਸੁਲਹੀ ਖਾਂ | ੭੩ |
| ੪੦. | ਗੁਰੂ ਜੀ ਦਾ ਨਿਸ਼ਕਾਮ ਜਗਤ ਪ੍ਰੇਮ | ੭੫ |
| ੪੧. | ਸੰਬੰਧੀਆਂ ਦੇ ਸਚਖੰਡ ਪਿਆਨੇ | ੭੬ |
| ੪੨. | ਹਰਿਵੰਸ਼ ਤਪਾ | ੭੬ |
| ੪੩. | ਕੁੱਲਾ ਭੁੱਲਾ | ੭੭ |
| ੪੪. | ਸਮੁੰਦਾ | ੭੮ |
| ੪੫. | ਸ਼ਾਹਜ਼ਾਦਾ ਖੁਸਰੋ | ੭੮ |
| ੪੬. | ਜਾਮੇ ਸ਼ਹਾਦਤ | ੮੦ |
| ੪੭. | ਅੰਤਮ ਸੰਸਕਾਰ | ੮੪ |
| ੪੮. | ਇਮ ਕੁਰਬਾਨੀ ਦੇ ਕ੍ਰਿਸ਼ਮੇ | ੮੪ |
| ੪੯. | ਇਤਿਹਾਸਿਕ ਖੋਜ | ੮੬ |


-o-

-o-



www.sikhbookclub.com

੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

❄ ❄ ❄

# ਸ੍ਰੀ ਅਸ਼ਟ ਗੁਰ ਚਮਤਕਾਰ

(ਭਾਗ ੨)

# ਸਾਹਿਬ

# ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ

## ਪਾਤਸ਼ਾਹੀ ਪੰਜਵੀਂ

## ੧. ਗੁਰੂ ਦਰਸ਼ਨ।

**ਪੰਜਾਬ** ਦੇ ਦਰਿਯਾ ਵੀਰਾਂ ਦੀ ਨਿੱਕੀ ਭੈਣ ਵਗ ਰਹੀ ਹੈ ਬਿਆਸਾ। ਪਰ ਅੱਜ ਉਛਾਲਿਆਂ ਵਿਚ ਹੈ। ਇਸਦੇ ਪਾਣੀਆਂ ਦਾ ਰੰਗ ਬੀ ਬਰਸਾਤੀ ਹੈ, ਜੋ ਬੜ੍ਹ ਚੜ੍ਹ ਕੇ ਵਗ ਰਹੇ ਹਨ ਤੇ ਕਰਾਰੇ ਕੱਪਰ ਬੀ ਪੈ ਰਹੇ ਹਨ। ਇਸਦੇ ਕਾਂਗੀ ਵੇਗ ਵਿਚ ਕੱਖ, ਕੂੜਾ, ਕਰਕਟ ਰੁੜ੍ਹੇ ਚਲੇ ਆ ਰਹੇ ਹਨ ਤੇ ਉਲਟਬਾਜ਼ੀਆਂ ਲੈਂਦੇ ਤ੍ਰਿਖੇ ਵੇਗੀਂ ਭੱਜੇ ਚਲੇ ਆ ਰਹੇ ਹਨ। ਹਾਂ, ਅਸ਼ਾਂਤ ਹੈਨ ਅਜ ਬਿਆਸਾ ਦੇ ਪਾਣੀ ਮਾਨੋਂ 'ਲਉ ਲਈ ਅੱਤ੍ਰਿਪਤ ਮਾਇਆ' ਦੇ ਮਨੋਵੇਗ ਵਿਚ, ਹੋਰ ਹੋਰ ਲੈਣ ਦੀ ਲਾਲਸਾ ਵਿਚ, ਹੋਰ ਹੋਰ ਅਸ਼ਾਂਤਿ ਹੋ ਹੋ ਕੰਢੇ ਕਿਨਾਰੇ ਭੰਨਦੇ ਤੁਰੇ ਜਾ ਰਹੇ ਹੈਨ। ਦੇਖੋ, ਗੋਇੰਦਵਾਲ ਲਾਗੇ ਇਸ ਦੇ ਕਿਨਾਰੇ ਪਾਸ ਇਕ ਨਿੱਕੇ ਜਿਹੇ ਟਿੱਲੇ ਉੱਤੇ ਸ੍ਰੀ ਗੁਰੂ ਅਮਰਦਾਸ ਜੀ ਵਾਲੀ ਛੰਨ ਅਜੇ ਛਾਈ ਖਲੋਤੀ ਹੈ। ਇਸਦੇ ਅਗੇ ਵਧਵੇਂ ਛੱਪਰ ਹੇਠ ਖੜੇ ਹਨ ਬਾਣੀ ਦੇ ਬੋਹਿਥ ਦੋਹਿਤਾ ਜੀ-ਸ੍ਰੀ ਗੁਰੂ ਅਰਜਨ ਦੇਵ ਜੀ-। ਹਾਂ, ਖੜੇ ਹੋਏ ਅਸ਼ਾਂਤਿ ਪਾਣੀਆਂ ਦੇ ਵੇਗ ਨੂੰ ਵੇਖ ਰਹੇ ਹਨ। ਚਾਹੇ ਵਹਿ ਰਹੇ ਪਾਣੀ ਅਸ਼ਾਂਤਿ ਵਗ ਰਹੇ ਹਨ, ਪਰ ਉਨ੍ਹਾਂ ਨੂੰ ਵੇਖ ਰਿਹਾ ਹੈ, ਸ਼ਾਂਤਿ ਸਰੋਵਰ ਹ੍ਰਿਦਾ-ਨਿਰਮਲ, ਅਡੋਲ ਤੇ ਗੰਭੀਰ। ਇਸ ਅਡੋਲ ਹ੍ਰਿਦੇ ਸਰੋਵਰ ਵਿਚ ਨਿੱਕੀ ਨਿੱਕੀ 'ਵੀਚਾਰ ਤਰੰਗ' ਕੰਮ ਕਰ ਰਹੀ ਹੈ :-

> ''ਇਹ ਹੈ ਬਿਆਸ, 'ਬੇ+ਆਸ' = 'ਬਿਨ ਆਸਾ' ਨਾਮ ਵਾਲੀ ਜੋ 'ਬਿਯ+ਆਸਾ' = ਹੋਰ ਹੋਰ ਦੀ ਆਸਾ ਵਿਚ ਅੱਜ ਅਸ਼ਾਂਤਿ ਹੋ ਵਹਿ ਰਹੀ ਹੈ। ਅਸ਼ਾਂਤੀ ਹੈਸੁ ਅਜ ਲਉ ਲਈ ਅਤ੍ਰਿਪਤੀ ਦੀ, ਜਿਉਂ ਜਿਉਂ ਹੋਰ ਮਿਲੇ ਹੋਰ ਵਧੇ।...... ......ਕਿਧਰੋਂ ਸੰਤੋਖ ਦਾ ਟਿਕਾਉ ਆਵੇ, ਟਿਕੇ, ਨਿੱਤਰੇ ਤੇ ਰਸਮਈ ਹੋ ਜਾਏ। ... ... ... ਆਤਮਾ ਦਾਤਾ ਹੈ, ਮਾਯਾ ਗ੍ਰਹਣੀ ਹੈ, ਲੈਂਦੀ ਪਕੜਦੀ ਤੇ ਅਰੱਜ ਹੀ ਰਹਿੰਦੀ ਹੈ।... ... ... ਸ਼ਾਂਤਿ ਰਸ, ਹਾਂ, ਸ਼ਾਂਤਿ ਰਸ ਹੈ ਪ੍ਰਭੂ

 www.sikhbookclub.com

ਦੀ ਪ੍ਰੀਤਿ ਦਾ ਮਾਰਗ। ਸ਼ਾਂਤਿ ਰਸ ਦਾ ਸਥਾਈ ਭਾਵ ਹੈ ਨਿਰਵੇਦ = ਮਨੋ ਤਯਾਗ ਦਾ ਭਾਵ, ਇਸ ਨੂੰ ਫਲ ਲਗਦਾ ਹੈ ਸ਼ਾਂਤਿ ਰਸ, ਜੋ ਹੁੰਦਾ ਹੈ ਪ੍ਰਭੂ ਦਾ ਪ੍ਰੇਮ। ਆਤਮਾਂ ਦਾ ਪਰਮਾਤਮਾਂ ਨਾਲ ਪ੍ਰੇਮ। ਵਾਹਿਗੁਰੂ ਪ੍ਰੇਮੀ ਦੀ ਮੁਸ਼ਕਲ ਦਾ ਹੱਲ ਅਨਿਕ ਵੇਰ 'ਤਯਾਗ' ਵਿਚ ਹੁੰਦਾ ਹੈ। ਗੁਰੂ ਪਿਤਾਮਾ ਜੀ ਫੁਰਮਾਉਂਦੇ ਹਨ :-

ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ॥
ਤੁਰੀਆ ਗੁਣ ਸਤਿਸੰਗਤਿ ਪਾਈਐ ਨਦਰੀ ਪਾਰਿ ਉਤਾਰੀ॥"

(ਮਲਾਰ ਮਹਲਾ ੩)

# ੨. ਦਸਤਾਰ ਬੰਦੀ।

**ਧੰਨ** ਸ੍ਰੀ ਗੁਰੂ ਰਾਮਦਾਸ ਜੀਓ ਜੀ, ਸ੍ਰੀ ਅੰਮ੍ਰਿਤ ਸਰੋਵਰ ਦਾ ਪੂਰਣ ਤਾਲ ਖੁਣਵਾਕੇ ਵਿਚਾਲੇ ਦੇ ਥੜੇ ਤੇ ਜੋਤਾਂ ਜਗਾਕੇ, ਸੁਹਦੇ ਰੰਗ ਲਾਕੇ, ਜਗਤ ਜਲੰਦੇ ਦੇ ਤਾਰਨ ਲਈ ਹਰੀਮੰਦਰ ਦੀ ਥਾਂ ਮਿਥ ਕੇ, ਉੱਤੇ ਬੈਠ ਕੇ ਸ਼ਬਦ ਸੋਹਿਲੇ ਦਾ ਚਕ੍ਰ ਚਲਾਕੇ ਸਦੈਵੀ ਰਸ ਭਰ ਗਏ ਏਸ ਟਿਕਾਣੇ। ਏਥੇ ਕੁਛ ਸਮਾਂ ਸੁਹਣੇ ਦੀਵਾਨ ਸਜਦੇ ਰਹੇ। ਆਪਣੀ ਆਯੂ ਦੇ ਅੰਤ ਸਮੇਂ ਅੰਮ੍ਰਿਤ ਸਰੋਵਰ ਤੋਂ ਆਪ ਜੀ ਅਚਾਨਕ ਗੋਇੰਦਵਾਲ ਆ ਗਏ ਤੇ ਏਥੋਂ ਸੱਚੇ ਘਰਾਂ ਨੂੰ ਚਾਲੇ ਪਾ ਗਏ। ਗੁਰਿਆਈ ਦਾ ਛਤਰ 'ਅਰਜਨ' ਨੂੰ ਦੇਕੇ 'ਗੁਰ ਅਰਜਨ' ਥਾਪ ਗਏ*। ਸਾਡੀ ਸਮਝ ਗੋਚਰਾ ਕਰਨੇ ਲਈ ਉਹ ਕਉਤਕ ਜੋ ਤਦੋਂ ਆਤਮ ਮੰਡਲਾਂ ਵਿਚ ਤੇ ਆਤਮ ਰੰਗਾਂ ਵਿਚ ਵਰਤਿਆ ਸੀ, ਭੱਟ ਜੀ ਨੇ ਐਉਂ ਇਕ ਸਵੱਯੇ ਵਿਚ ਅੰਕਤ ਕੀਤਾ ਹੈ :-

ਦੇਵਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ॥
ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ॥
ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ॥
ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ॥
ਕਾਟੇ ਸੁ ਪਾਪ ਤਿਨ ਨਰਹੁ ਕੇ ਗੁਰੁ ਰਾਮਦਾਸੁ ਜਿਨ ਪਾਇਯਉ॥
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥੨॥੨੧॥

(ਸਵਈਏ ਮਹਲੇ ਪੰਜਵੇਂ ਕੇ)

ਜਿਸ ਆਪਣੇ ਤੁੱਲ ਕੀਤੇ ਨੂੰ ਛਤਰ ਸਿੰਘਾਸਣ ਗੁਰਿਆਈ ਦਾ ਦੇ ਗਏ ਹਨ, ਉਹ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਬੈਠੇ ਹਨ। ਗੁਰੂ ਰਾਮਦਾਸ ਜੀ ਦੇ ਸਚਖੰਡ ਪਿਆਨੇ ਸੁਣਕੇ ਦੂਰੋਂ ਨੇੜੇ ਤੋਂ ਪ੍ਰੇਮੀ ਭੱਜੇ ਆ ਰਹੇ ਹਨ। ਲਾਹੌਰ ਆਦਿ ਥਾਵਾਂ ਤੋਂ ਸਾਕ ਸਨਬੰਧੀ ਬੀ ਆ ਰਹੇ ਹਨ। ਹਾਂ ਸਭ ਤੋਂ ਉਤਾਵਲੇ ਪ੍ਰਿਥੀ ਚੰਦ ਜੀ ਆਏ ਹਨ। ਗੱਦੀ ਨਾ ਮਿਲਣ ਕਰਕੇ ਸੁਖੀ ਨਹੀਂ ਹਨ। ਗੋਇੰਦਵਾਲ ਦੇ ਸਨਬੰਧੀਆਂ ਤੇ ਬਾਬਾ ਬੁੱਢਾ ਆਦਿਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਕੁਵਾਕ ਕਹਿ ਰਹੇ ਹਨ। ਕਿਤੇ ਮਿਹਣਿਆਂ ਨਾਲ ਕਿਤੇ ਮਿੰਨਤਾਂ ਨਾਲ ਜਤਨ ਕਰ ਰਹੇ ਹਨ ਕਿ ਕਿਵੇਂ ਬਿਰਾਦਰੀ ਦੇ ਇਕੱਠ

*ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਵਤਾਰ ਕਥਾ, ਲਾਹੌਰ ਜਾਣਾ, ਪ੍ਰੀਖਯਾ, ਪਿਤਾ ਗੁਰੂ ਤੋਂ ਵਿਛੋੜੇ ਬਿਰਹ ਪੱਤ੍ਰ, ਵਾਪਸੀ ਤੇ ਫਿਰ ਗੁਰੁਤਾ ਪ੍ਰਾਪਤੀ ਦੇ ਸਮਾਚਾਰ ਇਸਤੋਂ ਪਹਿਲੇ ਭਾਗ ਵਿਚ ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ ਦੇ ਜੀਵਨ ਸਮਾਚਾਰਾਂ ਵਿਚ ਆ ਚੁਕੇ ਸਨ।

 www.sikhbookclub.com

ਵਾਲੇ ਦਿਨ ਪੱਗ ਮੈਨੂੰ ਮਿਲੇ। ਪਰੰਤੂ ਭਾਈਚਾਰਾ ਪੱਗ ਉਸੇ ਨੂੰ ਦੇਣੀ ਚਾਹੁੰਦਾ ਹੈ ਜਿਸ ਨੂੰ ਰੂਹਾਨੀਅਤ ਦਾ ਛਤਰ ਸਿੰਘਾਸਣ ਮਿਲਿਆ ਹੈ। ਹਾਂ, ਬਿਰਾਦਰੀ ਤੇ ਸਿਖੀ ਗੁਰੂ ਰਾਮਦਾਸ ਜੀ ਦੀ ਕੀਤੀ ਨੂੰ ਫੁੱਲ ਚਾੜਨਾ ਚਾਹੁੰਦੀ ਹੈ।

ਅੱਜ ਪੱਗ ਬਨ੍ਹਾਈ ਦਾ ਦਿਨ ਆ ਗਿਆ ਹੈ। ਸਾਕ ਸੰਬੰਧੀ ਸਿੱਖ ਸੇਵਕ ਜੁੜੇ ਬੈਠੇ ਹਨ। ਪ੍ਰਿਥੀ ਚੰਦ ਤੇ ਮਹਾਂਦੇਵ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਹਨ। ਏਥੇ ਨਿਰਾ ਬਰਾਦਰੀ ਵਾਲਾ ਸਮਾਗਮ ਹੀ ਨਹੀਂ, ਏਥੇ ਗੁਰਮਤਿ ਦਾ ਦੀਵਾਨ ਹੈ। ਵਿੱਚੇ ਸਨਬੰਧੀ ਭਾਈਚਾਰੇ ਵਾਲੇ ਸਾਰੇ ਪੱਗ ਦੇਣ ਲਈ ਬੈਠੇ ਹਨ।

ਪ੍ਰਿਥੀ ਚੰਦ ਜੀ ਬੀ ਵਿਚੇ ਬੈਠੇ ਹਨ। ਪਹਿਲਾਂ ਤਾਂ ਗੋਇੰਦਵਾਲੋਂ ਉਠ ਚਲੇ ਸਨ ਕਿ ਸਾਰੀ ਸੰਗਤ, ਸਾਰੇ ਸ਼ਰੀਕ ਦੇ ਲਾਹੌਰ ਵਾਲੇ ਸਾਕ, ਗੋਇੰਦਵਾਲ ਵਾਲੇ ਨਾਨਕੇ ਸਭ ਦੇ ਸਭ ਮੇਰੇ ਵਿਰੁੱਧ ਹਨ, ਮੈਂ ਪੱਗ ਵਾਲੇ ਦਿਨ ਹੱਤਕ ਕਰਾਕੇ ਕੀਹ ਲੈਣਾ ਹੈ : ਪਰ ਫੇਰ ਕੁਛ ਹੋਰ ਸੋਚ ਸੋਚੀ ਤੇ ਕੋਈ ਉਸ ਵੇਲੇ ਲਈ ਹੋਰ ਵਿਚਾਰ ਵਿਚਾਰਕੇ ਬੈਠੇ ਰਹੇ। ਉਸ ਦੇ ਸਾਥੀ ਮਿਤ੍ਰ ਬੀ ਇਸੇ ਵਿਉਂਤ ਵਿਚ ਨਾਲ ਬੈਠੇ ਰਹੇ।

ਪਰ ਦੇਖੋ ਨਿਰਵੈਰਾਂ ਦੇ ਵਰਤਾਉ, ਭੋਗ ਪਿਆ ਕੀਰਤਨ ਦਾ ਤੇ ਪੱਗ ਗੁਰੂ ਅਰਜਨ ਦੇਵ ਜੀ ਦੇ ਕਰ ਕਮਲਾਂ ਤੇ ਮੋਹਰੀ ਜੀ ਹੱਥੀਂ ਧਰੀ ਗਈ। ਤਦ ਆਪ ਉਠੇ, ਪੱਗ ਸੰਭਾਲੀ ਤੇ ਪ੍ਰਿਥੀ ਚੰਦ ਜੀ ਪਾਸ ਜਾ ਖੜੋਤੇ, ਸੁਹਣੇ ਸੁਰੀਲੇ ਗਲੇ ਨੇ, ਜਿਸਦੇ ਅੰਦਰ ਪਿਆਰ ਹੀ ਪਿਆਰ ਵਾਲਾ ਮਨ ਤੇ ਸਰਬੱਤ ਦੇ ਭਲੇ ਦੀ ਸਿਖਜਾ ਦੇਣ ਵਾਲਾ ਹ੍ਰਿਦਾ ਵੱਸਦਾ ਸੀ, ਆਵਾਜ਼ ਦਿੱਤੀ : 'ਵੀਰਨਾਂ! ਆਹ ਲਓ ਪੱਗ, ਇਹ ਸਜਾਓ, ਆਪਣੇ ਸੀਸ ਤੇ। ਵੀਰਨ ਵੀਰਨ ਹੋ ਜਾਓ, ਲਓ ਮੈਂ ਸਜਾਵਾਂ ਸੁਹਣੀ ਦਸਤਾਰ ਵੀਰਨ ਦੇ ਸੀਸ ਤੇ।' ਇਹ ਕਹਿਕੇ ਪੱਗ ਖੋਲ੍ਹੀ ਤੇ ਪ੍ਰਿਥੀ ਚੰਦ ਜੀ ਦੇ ਸੀਸ ਤੇ ਬੰਨ੍ਹਣੀ ਸ਼ੁਰੂ ਕਰ ਦਿੱਤੀ। ਧਰਮ ਮੇਘਾਂ ਵਾਲੇ ਦੇ ਸੀਤਲ ਬਦਲਾਂ ਵਾਲੇ ਹੱਥਾਂ ਤੋਂ ਠੰਢਾਂ ਦੇ ਮੀਂਹ ਵੱਸ ਰਹੇ ਸਨ। ਸੰਗਤ ਅਸਚਰਜ ਹੋ ਕੇ ਠਰ ਗਈ ਹੈ : "ਠੀਕ ਇਹੋ ਹੀ ਹੈ ਸੱਚਾ ਗੁਰੂ, ਜੋ ਗੁਰੂ ਰਾਮਦਾਸ ਸਾਡੇ ਸਿਰਾਂ ਤੇ ਕਾਇਮ ਕਰ ਗਏ ਹਨ; ਹਾਂ, ਇਹੋ ਹੈ ਗੁਰੂ ਦੀ ਗੁਰਿਆਈ।" ਸੁਹਣੇ ਸਤਿਗੁਰੂ ਨੇ ਆਪਣੇ ਪਿਆਰੇ ਪਿਤਾ ਦੇ ਅੰਤਮ ਸੰਸਕਾਰ ਵੇਲੇ ਵਾਯੂ ਮੰਡਲ ਨੂੰ ਸ਼ਾਂਤਿ-ਮਯਤਾ ਤੋਂ ਵਿਗੜਨ ਨਾ ਦਿੱਤਾ। ਦਾਤੇ ਨੇ ਦਾਨ ਦੇ ਕੇ ਠੰਢ ਵਰਤਾ ਦਿੱਤੀ।

ਓਇ ਦਾਤੇ ਦੁਖ ਕਾਟਨਹਾਰ॥
ਜਾ ਕੈ ਸੰਗਿ ਤਰੈ ਸੰਸਾਰ॥ (ਸੁਖਮਨੀ ੧੯-੮)

ਹਾਂ, ਧੁਰੋਂ ਜੋ ਆਏ ਸਨ ਦੁਖ ਕੱਟਣ ਦਾਤਾ ਜੀ, ਵਾਹਿਗੁਰੂ ਦੇ ਆਪਣੇ ਦਰੋਂ ਉਸਦਾ ਰੂਪ। ਪੱਗ ਬਨ੍ਹਾਉਣ ਵਾਲੇ ਹੱਥ ਤਾਂ ਸਨ ਹੀ ਸ਼ਾਂਤਿ ਮਤੇ ਗੁਣੀ ਪਰ ਦੇਖਣ ਵਾਲੇ ਸਿਖ ਸੇਵਕ ਸਨਬੰਧੀ ਬੀ ਠਰਦੇ ਗਏ, ਇਹ ਦੇਖ ਦੇਖ ਕੇ ਕਿ ਹਾਂ ਠੀਕ ਇਹੋ ਨਿੱਕਾ ਪੂਤ ਸੀ ਗੁਰਗਾਦੀ ਦੀ ਵਡਿਆਈ ਦੇ ਲਾਇਕ। ਸਮਰੱਥ ਗੁਰੂ ਰਰਾਮਦਾਸ ਦਾ ਸਮਰੱਥ ਹੱਥ ਗੁਰੂ ਅਰਜਨ ਦੇਵ ਦੇ ਸਿਰ ਤੇ ਠੀਕ ਟਿਕਿਆ ਸੀ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਪੁਨ ਅਪਨੇ ਅਪਨੇ ਸਭ ਥਾਨ। ਕਰਹਿੰ ਸਰਾਹਨ ਗੁਨਨਿ ਮਹਾਨ।੩੯।
'ਨਿਰਹੰਕਾਰ ਸ਼ਾਂਤਿ ਚਿਤ ਧੀਰ। ਹਰਖ ਸ਼ੋਕ ਨਹਿੰ ਲੇਸ਼, ਗੰਭੀਰ।
ਸਕਲ ਗੁਨਨ ਤੇ ਜਾਨਿਓ ਨੀਕਾ। ਪਿਤ ਨੇ ਪਰਖਿ ਕੀਨ ਤਬ ਟੀਕਾ'।੪੦।

(ਗੁ: ਪ੍ਰ: ਸੂ: ਰਾਸ਼ਿ ੨-੨੫)

 www.sikhbookclub.com

ਅਰਥਾਤ ਗੁਰੂ ਅਰਜਨ ਦੇਵ ਹੰਕਾਰ ਰਹਿਤ ਹੈ, ਸ਼ਾਂਤੀ ਤੇ ਧੀਰਜ ਵਾਲੇ ਦਿਲ ਦਾ ਮਾਲਕ ਹੈ, ਜਿਸ ਨੂੰ ਹਰਖ ਸ਼ੋਕ ਦੀ ਰਤਾ ਲੇਸ਼ ਨਹੀਂ, ਐਸਾ ਗੰਭੀਰ ਹੈ। ਸਾਰੇ ਗੁਣਾਂ ਵਿਚ ਸਭ ਤੋਂ ਉੱਤਮ ਜਦ ਦੇਖ ਲਿਆ ਸੀ ਤਦੇ ਹੀ ਤਾਂ ਪਿਤਾ ਗੁਰੂ ਰਾਮਦਾਸ ਜੀ ਨੇ ਗੁਰਿਆਈ ਦਾ ਤਿਲਕ ਇਸਨੂੰ ਦਿੱਤਾ ਸੀ।

ਫਿਰ ਸ੍ਰੀ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਅਗਲੇ ਦਿਵਸ ਸੰਗਤਾਂ ਆਈ। ਰੀਤਿ ਅਨੇਕ ਉਪਾਇਨ ਲਜਾਈ।
ਸਭ ਬ੍ਰਿਤੰਤ ਸੁਨਿ ਨਿਰਨੈ ਕੀਨ। ਸ੍ਰੀ ਅਰਜਨ ਕਉ ਸਤਿਗੁਰ ਚੀਨ।੪੧।
ਬ੍ਰਿੰਦ ਅਕੋਰਨ ਅਰਪਿ ਅਗਾਰੀ। ਸਭਿ ਸੰਗਤਿ ਨੇ ਬੰਦਨ ਧਾਰੀ।
ਮਨੋ ਕਾਮਨਾ ਪੂਰਨ ਕਰਿ ਹੀ। -ਰਾਮਦਾਸ ਗੁਰ ਇਹੀ-ਨਿਹਰਿਹੀਂ।੪੨।
ਹੇਰ ਹਜ਼ਾਰਨ ਧਨ ਕੋ ਆਇਵ। -ਜਰਯੋ ਨ ਪ੍ਰਿਥੀਆ ਜਰਯੋ ਰਿਸਾਇਵ।
ਰਹਯੋ ਉਪਾਇ ਕਰਤ ਬਹੁਤੇਰੇ। ਕੋ ਸਿਖ ਸੇਵਕ ਗਯੋ ਨ ਨੇਰੇ।੪੩।
ਦਿਵਸ ਆਗਲੇ ਪੁਨ ਸਿਖ ਆਏ। ਦੇਖਿ ਪ੍ਰਥਮ ਜਿਉਂ ਤਿਨ ਅਰਪਾਏ।
ਦੂਰ ਦੂਰ ਕੀ ਸੰਗਤ ਆਵਹਿ। ਸ੍ਰੀ ਅਰਜਨ ਕੋ ਸੀਸ ਨਿਵਾਵਹਿ।੪੪।
ਕਿਤਕ ਦਿਵਸ ਦੇਖਤਿ ਦੁਖਿ ਹੋਵਤ। ਅਪਨੋ ਮਹਾਂ ਅਨਾਦਰ ਜੋਵਤਿ।
ਦੋਸ਼ ਮੋਹਰੀ ਆਦਿਕ ਕੇਰਾ। ਬ੍ਰਿਧ ਆਦਿਕ ਸਿਖ ਕੇਰ ਘਨੇਰਾ-।੪੫।
ਜਰਤ ਰਿਦੇ ਨਹਿ ਚਲਤ ਉਪਾਈ। -ਮੋ ਢਿਗ ਭੇਟ ਏਕ ਨਹਿ ਆਈ।
ਸਿਖ ਸੰਗਤ ਕੋ ਇਹ ਭਰਮਾਵੈਂ; ਸ੍ਰੀ ਅਰਜਨ ਕੋ ਕਹਿ ਪੁਜਵਾਵੈਂ।੪੬।
ਮੁਝ ਆਛੋ ਨਹਿ ਇਹਾਂ ਬਸਾਵੌਂ। ਜਾਉਂ ਸੁਧਾਸਰ ਬਿਖੈ ਪੁਜਾਵੌਂ-।
ਇਮ ਬਿਚਾਰਿ ਦੁਖ ਪਾਇ ਘਨੇਰਾ। ਸ੍ਰੀ ਅੰਮ੍ਰਿਤਸਰ ਗਮਨਯੋ ਫੇਰਾ।੪੭।

(ਗੁ: ਪ੍ਰ: ਸੂਰਜ ਰਾ: ੨ ਅੰਸੂ ੨੫)

ਸ੍ਰੀ ਰਾਮਦਾਸ ਪੁਰੇ ਪਹੁੰਚ ਕੇ ਪ੍ਰਿਥੀ ਚੰਦ ਜੀ ਨੇ ਸੁਲਹੀ ਖਾਂ ਨੂੰ ਮਿਲਨ ਦੀ ਠਾਣੀ, ਜੋ ਅੱਜ ਕਲ ਕੁਛ ਫੌਜ ਸਣੇ ਮਾਝੇ ਵਲ ਆ ਰਿਹਾ ਸੀ। ਉਸ ਨਾਲ ਮਿਲਕੇ ਉਸਨੂੰ ਕੁਛ ਅਮੋਲਕ ਵਸਤਾਂ ਦਿੱਤੀਆਂ ਤੇ ਮਿਤ੍ਰਤਾਂ ਦੇ ਸਨਬੰਧ ਵਧਾਏ। ਫਿਰ ਆਪਣੀ ਲੋੜ ਦੱਸੀ ਕਿ ਛੋਟੇ ਭਰਾ ਨੇ ਗੱਦੀ ਜ਼ੋਰੀਂ ਖੱਸ ਲਈ ਹੈ, ਵਡਾ ਮੈਂ ਹਾਂ ਦਸਤਾਰ ਬੰਦੀ ਦੀ ਰਸਮ ਪਿਤਾ ਜੀ ਦੇ ਚਲਾਣੇ ਤੇ ਮੇਰੀ ਹੋਈ ਹੈ, ਉਸਦੇ ਵਿਰੁੱਧ ਮੈਨੂੰ ਲੋੜ ਪਈ ਤੇ ਮਦਦ ਕੀਤੀ ਜਾਏ। ਸੁਲਹੀ ਨੇ 'ਹਾਂ' ਕੀਤੀ। ਇਸ ਪ੍ਰਕਾਰ ਦੇ ਪਰਸਪਰ ਬਚਨ ਹੋ ਕੇ ਪ੍ਰਿਥੀਚੰਦ ਜੀ ਪ੍ਰਸੰਨ ਚਿਤ ਘਰ ਆਏ।

ਉਧਰ ਗੁਰੂ ਅਰਜਨ ਦੇਵ ਜੀ ਕੁਛ ਮਹੀਨੇ ਗੋਇੰਦਵਾਲ ਰਹੇ। ਹੁਣ ਆਪ ਨੇ ਸੋਚਿਆ ਕਿ ਰਾਮਦਾਸ ਪੁਰੇ ਚੱਲੀਏ ਤੇ ਪਿਤਾ ਜੀ ਦੀ ਆਗਜ਼ਾ ਅਨੁਸਾਰ ਸਰੋਵਰ ਨੂੰ ਪੱਕਾ ਬਣਾਈਏ ਤੇ ਅੰਮ੍ਰਿਤ ਸਰੋਵਰ ਦੇ ਵਿਚਕਾਰਲੇ ਥੜੇ ਤੇ, ਜਿਥੇ ਗੁਰੂ ਰਾਮਦਾਸ ਜੀ ਆਰਜ਼ੀ ਬੰਗਲਾ ਕਿ ਸ਼ਾਮੀਆਨਾ ਲਾਕੇ ਜੋਤਾਂ ਜਗਾ ਗਏ ਹਨ ਪੱਕਾ ਮੰਦਰ--ਹਰਿ ਮੰਦਰ-ਸਾਜ ਕੇ ਆਗਜ਼ਾ ਦੀ ਪਾਲਣਾ ਕਰੀਏ।

ਆਦਿ ਗੁਰੂ ਜੀ ਤੋਂ ਦੂਜੇ ਸਤਿਗੁਰਾਂ ਨੂੰ ਤੇ ਦੂਜੇ ਤੋਂ ਤੀਜੇ ਤੇ ਤੀਜੇ ਤੋਂ ਚੌਥੇ ਤੇ ਚੌਥੇ ਤੋਂ ਇਸ ਉਨ੍ਹਾਂ ਦੇ ਸੇਵਕ ਨੂੰ ਆਗਯਾ ਹੁੰਦੀ ਆਈ ਹੈ ਤ੍ਰੈ ਪਦਾਂ ਵਿਚ : "ਪੁਰਖਾ ਪੰਥ ਕਰਨਾ*।"

ਸੋ ਪੰਥ ਦੀ ਕਾਇਮੀ, ਉੱਨਤੀ ਤੇ ਜਗਤ ਸੇਵਾ ਦੇ ਕਾਰਜ ਦੇ ਸਿਰੇ ਚਾੜਨੇ ਲਈ ਇਸ

*ਸਤਿਗੁਰ ਨਾਨਕ ਜੀ ਕਹਿਓ ਸੁਨ ਸਤ ਪੁਰਖ ਮਤ ਸਾਰ॥ ਗੁਰਮੁਖ ਪੰਥ ਹਰਿ ਕੋ ਰਚੋ ਗੁਰਮਤ ਮੰਤ੍ਰ ਉਚਾਰ॥

(ਮਹਿਮਾ ਪ੍ਰਕਾਸ਼ ਸਾਖੀ ੧, ਮਹਲੇ ੨ ਕੀ)

ਮੰਦਰ ਦੀ ਸਾਜਨਾਂ ਤੇ ਹਰੀ ਸੇਵਨ, ਹਰੀ ਪੂਜਨ ਦੀ ਅਠ-ਪਹਿਰੀ ਮਰਿਯਾਦਾ ਕਾਇਮ ਕਰ ਦੇਈਏ।

ਇਸ ਪ੍ਰਕਾਰ ਦੀ ਵੀਚਾਰ ਆਪਦੇ ਨਿਸ਼ਕਾਮ ਜਗਤ-ਪ੍ਰੇਮ ਦੀ ਆਪ ਨੂੰ ਰਾਮਦਾਸ ਪੁਰੇ ਲੈ ਆਈ।

ਯਾਦ ਰਹੇ ਕਿ ਤਦੋਂ ਨਵੀਂ ਨਗਰੀ ਦਾ ਨਾਉਂ 'ਰਾਮਦਾਸ ਪੁਰ' ਯਾ 'ਰਾਮਦਾਸ ਪੁਰਾ' ਸੀ ਤੇ ਸਰੋਵਰ ਦਾ ਨਾਮ, ਜੋ ਚਾਹੋ ਕੱਚਾ ਸੀ ਪਰ ਖੁਣਿਆ ਗਿਆ ਸੀ ਤੇ ਉਪਰੋਂ ਆ ਰਹੀ ਰੋਹੀ ਦਾ ਪਾਣੀ ਬੀ ਵਿਚ ਭਰਿਆ ਹੋਇਆ ਸੀ, 'ਅੰਮ੍ਰਿਤਸਰ' ਸੀ।

## ੩. ਅਸ਼ਾਂਤੀ ਦੀ ਲਹਿਰ ਪਛਾੜ।

ਹਾਂ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਰਾਮਦਾਸ ਪੁਰੇ ਆ ਗਏ ਜਗਤ ਤਾਰਨ ਦੀ ਅਕਾਲ ਪੁਰਖ ਜੀ ਦੀ ਸੇਵਾ ਦੀ ਕਾਰ ਨਿਬਾਹੁਣ ਅਤੇ 'ਪੰਥ ਪ੍ਰਚਾਰਨ' ਦੀਆਂ ਵੀਚਾਰਾਂ ਵਿਚ ਹੈਸਨ ਕਿ ਪ੍ਰਬੰਧ ਕਿਵੇਂ ਟੁਰੇ ਤੇ ਚਲੀ ਆ ਰਹੀ ਮਰਿਯਾਦਾ ਮੁੜ ਕਾਯਮ ਹੋ ਜਾਵੇ। ਇਨ੍ਹਾਂ ਵੀਚਾਰਾਂ ਵਿਚ ਆਪ ਸੇ ਕਿ ਪ੍ਰਿਥੀ ਚੰਦ ਨੇ ਨਵੀਂ ਵਸੀ ਨਗਰੀ ਦੇ ਇਕ ਅਧ ਚੌਧਰੀ ਦੀ ਮਾਅਰਫਤ ਅਰਜ਼ ਘਲਵਾਈ ਕਿ ਸਭ ਕੁਝ ਸ੍ਰੀ ਗੁਰੂ ਰਾਮਦਾਸ ਜੀ ਆਪ ਨੂੰ ਦੇ ਗਏ ਹਨ, ਪ੍ਰਿਥੀ ਚੰਦ ਦਾ ਗੁਜ਼ਾਰਾ ਬੀ ਆਪ ਨੇ ਟੋਰਨਾ ਹੈ ਤੇ ਮਹਾਂਦੇਵ ਜੀ ਦਾ ਬੀ, ਸੋ ਉਨ੍ਹਾਂ ਨੂੰ ਕੁਛ ਦੇ ਦਿਓ। ਦਿਆਲ ਮੂਰਤੀ ਸਤਿਗੁਰੂ ਨੇ ਇਹ ਸੁਣ ਕੇ ਨਵੇਂ ਵਸੇ ਗਿਰਾਂ ਦੀਆਂ ਕੁਝ ਦੁਕਾਨਾਂ ਦੇ ਕਿਰਾਇਆਂ ਦੀ ਆਮਦਨ ਤੇ ਬਜ਼ਾਰ ਦਾ ਮਸੂਲ ਤਾਂ ਪ੍ਰਿਥੀ ਚੰਦ ਨੂੰ ਦੇ ਦਿੱਤਾ ਤੇ ਪਾਸੀਆਂ ਦੇ ਚੌਕ ਦੀ ਚੁੰਗੀ ਆਦਿ ਦੀ ਸਾਰੀ ਆਮਦਨ ਮਹਾਂਦੇਵ ਜੀ ਨੂੰ ਦੇ ਦਿੱਤੀ*।

ਪ੍ਰਿਥੀ ਚੰਦ ਜੀ ਬਾਰੇ ਤ੍ਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਜਿਉਂ ਜਿਉਂ ਗੁਰੂ ਜੀ ਖਿਮਾ ਕਰਦੇ ਜਾਣ ਤਿਉਂ ਤਿਉਂ ਉਹ ਸਿਰ ਚੜ੍ਹਦਾ ਜਾਏ ਅਤੇ ਉਹ ਆਪਣੀਆਂ ਵਿਉਂਤਾਂ ਵਿਚ ਹੋਰ ਹੋਰ ਵਧਦਾ ਜਾਏ। ਇਥੋਂ ਤਾਈਂ ਲਿਖਿਆ ਹੈ ਕਿ ਉਸਨੇ ਕੁਛ ਆਦਮੀ ਰਖ ਲਏ ਜੋ ਬਾਹਰੋਂ ਆਏ ਸਿਖਾਂ ਨੂੰ ਪ੍ਰੇਰ ਕੇ ਪ੍ਰਿਥੀਚੰਦ ਵੱਲ ਲੈ ਜਾਣ ਕਿ ਗੱਦੀ ਇਸ ਨੂੰ ਮਿਲੀ ਹੈ। ਕੁਛ ਮਸੰਦ ਬੀ ਨਵੇਂ ਰੱਖ ਲਏ, ਕੁਛ ਪ੍ਰੇਰ ਲਏ ਜੋ ਬਾਹਰ ਉਸ ਦੀ ਗੁਰਿਆਈ ਦੀ ਖਬਰ ਫੈਲਾ ਕੇ ਦਸਵੰਧ ਕੱਠੇ ਕਰਕੇ ਘੱਲਣ ਤੇ ਸੰਗਤਾਂ ਨੂੰ ਉਸ ਵੱਲ ਭੇਜਣ।

ਖਿਮਾਂ ਨਿਧਾਨ-ਗੁਰੂ ਜੀ-ਹਾਂ, ਖਿਮਾਂ ਸੁਭਾਵ, ਖਿਮਾਂ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਚੁਪ ਕਰਕੇ ਸਭ ਕੁਛ ਸਹਿੰਦੇ ਰਹੇ। ਆਪਣੇ ਰੰਗ ਰੱਤੇ ਹਰੀ ਪ੍ਰੇਮ, ਹਰੀ ਸਿਮਰਨ ਵਿਚ ਚੁਪ ਚਾਪ ਲਗੇ ਰਹਿੰਦੇ। ਗੁਰਿਆਈ ਵਿਦਤਾਉਣ ਤੱਕ ਦਾ ਕੋਈ ਉੱਦਮ ਨਾ ਧਾਰਦੇ। ਪਰ ਲੰਗਰ ਰੋਜ਼ ਪਕਦਾ

---

*ਕੁਛਕੁ ਦੁਕਾਨਨ ਕੋ ਤਹਿ ਭਾਰਾ। ਅਰ ਜਗਾਤ ਜੋ ਆਇ ਬਜਾਰਾ।
ਸੋ ਸਭ ਪ੍ਰਿਥੀਏ ਕੋ ਤਬਿ ਦੀਨ। ਚੌਕ ਪਾਸੀਆ ਕੋ ਜਹਿ ਚੀਨ।
ਮਹਾਦੇਵ ਕੋ ਸੋ ਬਲ ਦਯੋ। ਧਨ ਜਗਾਤ ਕੋ ਤਿਸਨੇ ਲਯੋ।
ਇਮ ਦੋਨਹੁ ਕੇ ਹਿਤ ਗੁਜ਼ਰਾਨ। ਲੇ ਕਰਿ ਕਰਹਿ ਨਿਬਾਹਨ ਖਾਨ।੩੧।
(ਗੁ: ਪ੍ਰ: ਸੂ: ਰਾਸਿ ੨ ਅੰਸੂ ੨੯)


www.sikhbookclub.com

ਸੀ ਤੇ ਮਾਰੇ ਪਰਿਵਾਰ ਤੇ ਨਿਕਟ-ਵਰਤੀ ਸਿਖਾਂ ਨੇ ਛਕਣਾ ਹੁੰਦਾ ਸੀ। ਤ੍ਵਾ: ਖਾ: ਨੇ ਲਿਖਿਆ ਹੈ ਕਿ ਲੰਗਰ ਵੇਲੇ ਪ੍ਰਿਥੀ ਚੰਦ ਕੁਛ ਆਪਣੇ ਸਾਥੀ ਨਾਲ ਲੈਕੇ ਲੰਗਰ ਵਿਚ ਆ ਜਾਂਦਾ ਤਾਂ ਜੋ ਖਰਚ ਵਧੇ। ਇਸ ਤਰ੍ਹਾਂ ਇਸ ਭਰਾ ਨੇ ਗੁਰੂ ਅਰਜਨ ਦੇਵ ਜੀ ਦੀ ਆਮਦਨ ਦੇ ਦਰਵਾਜ਼ੇ ਤਾਂ ਰੋਕ ਦਿੱਤੇ ਤੇ ਖਰਚ ਦੇ ਵਧਾ ਦਿੱਤੇ। ਜੋ ਕੁਛ ਖੱਚਤ ਗੋਇੰਦਵਾਲ ਤੋਂ ਲਿਆਏ ਸਨ ਉਹ ਬੀ ਖਰਚ ਹੋ ਗਿਆ। ਫੇਰ ਕੁਛ ਗਹਿਣੇ ਮਾਤਾ ਜੀ ਤੇ ਸ੍ਰੀ ਸੁਪਤਨੀ ਜੀ ਦੇ ਵੇਚੇ ਤੇ ਲੰਗਰ ਚਲਾਉਂਦੇ ਰਹੇ। ਜੇ ਕੋਈ ਸਿਖ ਸੰਗਤ ਗੁਰੂ ਜੀ ਤੱਕ ਅੱਪੜ ਪਵੇ ਤਾਂ ਉਸਦੀ ਕਾਰ ਭੇਟ ਵੀ ਪ੍ਰਿਥੀ ਚੰਦ ਕਾਬੂ ਕਰ ਲਵੇ। 'ਤੈਸਾ ਸੁਵਰਨੁ ਤੈਸੀ ਉਸ ਮਾਟੀ' ਦੀ ਧਾਰਨਾਂ ਵਾਲੇ ਗੁਰੂ ਅਰਜਨ ਦੇਵ ਜੀ ਨੇ ਖਿਮਾ ਖੜਗ ਦੀ ਹੀ ਟੇਕ ਲਈ ਰਖੀ। ਅੰਤ ਨੌਬਤ ਲਿਖੀ ਹੈ ਇਥੋਂ ਤਾਂਈਂ ਪਹੁੰਚੀ ਕਿ ਲੰਗਰ ਵਿਚ ਛੋਲਿਆਂ ਦੀ ਰੋਟੀ ਪੱਕਿਆ ਕਰੇ।

ਭਾਈ ਗੁਰਦਾਸ ਗੁਰੂ ਅਮਰਦਾਸ ਜੀ ਦਾ ਅਨਿੰਨ ਸਿਖ ਸੀ, ਰਿਸ਼ਤੇ ਵਿਚ ਭਤੀਜਾ ਲਗਦਾ ਸੀ; ਐਉਂ ਗੁਰੂ ਅਰਜਨ ਦੇਵ ਜੀ ਦਾ ਮਾਮਾ ਸੀ। ਇਸ ਨੂੰ ਸਤਿਗੁਰੂ ਰਾਮਦਾਸ ਜੀ ਨੇ ਆਗਰੇ ਦੀ ਸਿੱਖੀ ਵਿਚ ਨਾਮ ਪ੍ਰਚਾਰ ਹਿਤ ਘੱਲਿਆ ਹੋਇਆ ਸੀ। ਸ੍ਰੀ ਗੁਰੂ ਰਾਮਦਾਸ ਜੀ ਦਾ ਜੋਤੀ ਜੋਤਿ ਸਮਾਉਣਾ ਸੁਣ ਕੇ ਇਹ ਆਗਰੇ ਤੋਂ ਗੋਇੰਦਵਾਲ ਤੇ ਫਿਰ ਚੱਕ ਰਾਮਦਾਸ ਵਿਚ ਗੁਰ ਅਰਜਨ ਦੇਵ ਜੀ ਪਾਸ ਆ ਹਾਜ਼ਰ ਹੋਇਆ। ਦਰਸ਼ਨ ਮੇਲੇ ਤੇ ਕੁਛ ਪਰਤਾਵਾ ਕਰਕੇ ਆਪਦੇ ਰਿਸ਼ਤੇ ਵਿਚ ਭਣੇਵੇਂ ਲਗਦੇ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਸਾਖਜਾਤ ਗੁਰੂ-ਜਯੋਤਿ ਤੱਕ ਕੇ ਸੁਖੀ ਤੇ ਨਿਸਚੇ ਦੇ ਘਰ ਟਿਕ ਗਿਆ। ਇਸ ਨੇ ਪ੍ਰਿਥੀ ਚੰਦ ਜੀ ਦੀਆਂ ਚਾਲਾਂ ਦਾ ਬੀ ਸਾਰਾ ਹਾਲ ਚਾਲ ਡਿੱਠਾ। ਸੋ ਪਹਿਲੋਂ ਤਾਂ ਇਹ ਕੁਛ ਕਾਰਜ ਤੇ ਕੁਛ ਵਿਚਾਰ ਲਈ ਗੋਇੰਦਵਾਲ ਚਲਾ ਗਿਆ ਪਰ ਜਾ ਕੇ ਛੇਤੀ ਮੁੜ ਆਇਆ। ਇਸ ਨੇ ਫੇਰ ਪ੍ਰਿਥੀਚੰਦ ਤੇ ਮਹਾਂਦੇਵ ਦੇ ਵਰਤਾਉ ਦੇਖੇ, ਸਾਰੀ ਗਲ ਦੀ ਘੋਖ ਕੀਤੀ, ਆਪਣੀ ਭੈਣ ਬੀਬੀ ਭਾਨੀ ਜੀ ਤੋਂ ਸਾਰੇ ਹਾਲ ਸੁਣੇ, ਤਦ ਪਹਿਲਾਂ ਇਨ੍ਹਾਂ ਵਧੀਕੀ ਕਰਨ ਵਾਲੇ ਦੋਹਾਂ ਭਰਾਵਾਂ ਨੂੰ ਸਮਝਾਇਓ ਸੁ, ਪਰ ਕੁਛ ਅਸਰ ਨਾ ਹੋਇਆ, ਸਗੋਂ ਇਨ੍ਹਾਂ ਦਾ ਸਾਰਾ ਵਰਤਾਉ ਤਮੋਗੁਣੀ ਡਿੱਠਾ।

ਫੇਰ ਭਾਈ ਗੁਰਦਾਸ ਜੀ ਦੀ ਨਜ਼ਰ ਵਿਸ਼ੇਸ਼ ਕਰਕੇ ਸਿਖ ਸੰਗਤਾਂ ਦੀ ਮਾੜੀ ਹਾਲਤ ਵੱਲ ਪਈ ਜੋ ਦੂਰੋਂ ਦੂਰੋਂ ਸ਼ਾਂਤੀ ਲਈ, ਨਾਮ ਦਾਨ ਲਈ, ਦੁਖ ਦਰਿਦ੍ਰ ਦੀ ਦੂਰੀ ਲਈ ਗੁਰੂ ਘਰ ਵਲ ਆਉਂਦੇ ਹਨ ਪਰ ਓਥੋਂ ਆਕੇ ਪ੍ਰਿਥੀਚੰਦ ਜੀ ਦੀਆਂ ਚਲਾਕੀਆਂ ਦੇ ਸ਼ਿਕਾਰ ਹੋ ਅਤ੍ਰਿਪਤ ਤੇ ਅਸ਼ਾਂਤਿ ਮੁੜਦੇ ਸਨ। ਇਹ 'ਸੰਗਤ-ਪੀੜਾ' ਭਾਈ ਗੁਰਦਾਸ ਜੀ ਤੋਂ ਨਾ ਸਹਾਰੀ ਗਈ। ਉਧਰ ਗੁਰੂ ਜੀ ਵੱਲੇ ਦੇਖੇ ਕਿ ਉਨ੍ਹਾਂ ਦੋ ਭਰਾਵਾਂ ਨੂੰ ਆਮਦਨੀ ਦੇ ਦੇਣ ਤੋਂ ਬੀ ਜਦ ਸ਼ਾਂਤੀ ਨਹੀਂ ਹੋਈ ਤਾਂ ਆਪ ਰਜ਼ਾ ਤੇ ਟਿਕ ਗਏ ਹਨ। ਸੋ ਭਾਈ ਗੁਰਦਾਸ ਉਨ੍ਹਾਂ ਦੀ ਸ਼ਾਂਤੀ ਤੇ ਸਹਾਰਾ ਵੇਖ ਕੇ ਅਚਰਜ ਹੁੰਦਾ ਸੀ, ਜੀ ਵਿਚ ਸ਼ਲਾਘਾ ਕਰਦਾ ਸੀ ਪਰ ਗੁਰ ਗਾਦੀ ਦੇ ਮਾਲਕ ਦਾ ਖੇਦ ਝੱਲ ਨਹੀਂ ਸੀ ਹੁੰਦਾ ਤੇ ਉਨ੍ਹਾਂ ਦਾ ਅਟੰਕ ਅਡੋਲ ਸੰਗਤਾਂ ਤੋਂ ਬੀ ਬੇ-ਪ੍ਰਵਾਹ ਤੇ ਗੁਰਿਆਈ ਦੀ ਪਕੜ ਤੋਂ ਬੀ ਸੁਛੰਦ ਬੈਠੇ, ਰਜ਼ਾ ਤੇ ਹੁਕਮ, ਈਸ੍ਵਰੇਛਾ ਤੇ ਪ੍ਰਭੂ ਦੀ ਕਰਨੀ ਤੇ ਨਾ ਕੇਵਲ ਟਿਕੇ ਪਰ ਖਿੜੇ ਖੁਸ਼ ਦੇਖਕੇ ਦਿਲ-ਪੀੜਾ ਵਧਦੀ ਸੀ ਕਿ ਇਸ ਅੰਮ੍ਰਿਤ-ਕੁੰਡ ਦੇ ਹੁੰਦਿਆਂ ਜਗਤ ਵਿਚ ਤ੍ਰਿਖਾ ਦਾ ਦੁਖ ਕਿਉਂ ਨਵਿਰਤ ਨਾ ਹੋਵੇ। ਇਸ ਪ੍ਰਕਾਰ ਦੇ ਕੌਤਕ ਦੇਖਕੇ ਭਾਈ ਗੁਰਦਾਸ ਜੀ ਨੇ ਇਕ ਦਿਨ ਕੁਛ ਝਿਜਕਦਿਆਂ ਆਪਣੇ ਵਿਚਾਰ ਅਰਜ਼ ਕਰ ਦਿੱਤੇ ਤੇ ਚਿੰਤਾ ਪ੍ਰਗਟ ਕੀਤੀ ਕਿ ਐਸ ਤਰ੍ਹਾਂ ਦੀ ਦੀਨ ਅਵਸਥਾ ਕਿਤਨੇ ਕੁ ਦਿਨ ਚਲ ਸਕੇਗੀ? ਤਦ ਗੁਰੂ ਜੀ ਨੇ ਜੋ ਉੱਤਰ ਦਿੱਤਾ ਸੋ ਕਵੀ ਸੰਤੋਖ ਸਿੰਘ ਨੇ ਐਉਂ ਲਿਖਿਆ ਹੈ :-

ਗੁਰਤਾ ਕੁਛੁ ਧਨ ਹਿਤ ਨਹਿਂ ਲੀਨੀ। ਤ੍ਰਿਸ਼ਨਾ ਕਰੀ ਚਹਿਯ ਮਨ ਹੀਨੀ।

 www.sikhbookclub.com

ਸਰਬ ਬਿਕਾਰਨ ਕਰੈ ਬਿਨਾਸ। ਕਯੋਂ ਹਮ ਕਰਹਿਂ ਦਰਬ ਕੀ ਆਸ।੧੫।

(ਗੁ: ਪ੍ਰ: ਸੂ: ਰਾਸਿ ੨-੨੮)

ਇਹ ਸੁਣਕੇ ਭਾਈ ਗੁਰਦਾਸ ਦੇ ਚਿਤ ਆਈ ਕਿ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਕਿਸੇ ਗੁਰੂ ਜੀ ਨੇ ਗੁਰਿਆਈ ਪਾਕੇ ਗੁਰਿਆਈ ਦਾ ਢੰਡੋਰਾ ਨਾ ਸੋ ਦਿੱਤਾ ਤੇ ਨਾਂ ਹੀ ਵਿਰੋਧੀਆਂ ਦੇ ਟਾਕਰੇ ਕੀਤੇ ਸਨ, ਤਿਵੇਂ ਇਨ੍ਹਾਂ ਨੇ ਜੋ ਕੁਛ ਕੀਤਾ ਹੈ ਗੁਰੂ ਨੂੰ ਇਹੋ ਹੀ ਸ਼ੋਭਦਾ ਹੈ! ਇਹ ਸਾਡਾ ਫਰਜ਼ ਹੈ ਕਿ ਸੱਚ ਨੂੰ ਲੋਪ ਨਾ ਹੋਣ ਦੇਵੀਏ ਤੇ ਝੂਠ ਕਪਟ ਦੀ ਜੈ ਨਾ ਹੋਣ ਦੇਵੀਏ। ਅੱਗੇ ਬੀ ਸੰਗਤਾਂ ਭਾਈ ਬੁੱਢੇ ਨੂੰ ਅੱਗੇ ਲਾਕੇ ਗੁਰੂ ਬਿਦਤਾਉਂਦੀਆਂ ਰਹੀਆਂ ਹਨ, ਹੁਣ ਬੀ ਇਹੋ ਰਸਤਾ ਠੀਕ ਹੈ।

ਇਸ ਪ੍ਰਕਾਰ ਵੀਚਾਰ ਕੇ ਭਾਈ ਗੁਰਦਾਸ ਜੀ ਨੇ ਭਾਈ ਬੁੱਢੇ ਨੂੰ ਉਮਦੇ ਅਪਣੇ ਤਪ ਅਸਥਾਨ ਥੋਂ ਲੈ ਆਂਦਾ। ਫੇਰ ਇਤਿਹਾਸ ਵਿਚ ਹੀ ਦੱਸਿਆ ਹੈ ਕਿ ਭਾਈ ਗੁਰਦਾਸ ਜੀ ਨੇ ਗੋਇੰਦਵਾਲ ਤੋਂ ਮੋਹਰੀ ਜੀ ਨੂੰ ਤੇ ਹੋਰ ਮੁਖੀ ਮੁਖੀ ਸਿਖਾਂ : ਭਾਈ ਸਾਲ੍ਹੋ, ਭਾਈ ਜੇਠਾ, ਭਾਈ ਪੈੜਾਂ, ਆਦਿਕਾਂ ਨੂੰ, ਜੋ ਬਾਹਰ ਗਏ ਹੋਏ ਸੇ, ਬੁਲਵਾਇਆ। ਸਭ ਨੇ ਵਿਚਾਰ ਕਰਕੇ ਫਿਰ ਇਹ ਪ੍ਰਬੰਧ ਕੀਤਾ ਕਿ ਅੰਮ੍ਰਿਤਸਰ ਤੋਂ ਕੋਈ ਦੋ ਢਾਈ ਕੋਹ ਤੇ ਸੜਕ ਉਤੇ ਡੇਰਾ ਪਾ ਲਿਆ। ਆ ਰਹੇ ਸਿਖਾਂ ਯਾਂ ਸੰਗਤਾਂ ਨੂੰ ਓਥੇ ਹੀ ਰੋਕ ਕੇ ਹਾਲ ਦੱਸ ਦੇਣਾ ਤੇ ਸੰਗਤਾਂ ਤੇ ਸੱਚ ਵਿਦਤ ਕਰ ਦੇਣਾ*। ਇਸੀ ਤਰ੍ਹਾਂ ਕੋਈ ਪ੍ਰਬੰਧ ਪੂਰਬ ਦੇ ਪਾਸੇ ਤੇ ਉਪਰ ਹੇਠਾਂ ਨੂੰ ਬੀ ਕੀਤੇ।

ਫੇਰ ਭਾਈ ਗੁਰਦਾਸ ਜੀ ਨੇ ਪਰਵਾਨੇ ਲਿਖੇ, ਜਿਨ੍ਹਾਂ ਪਰ ਭਾਈ ਬੁੱਢਾ ਜੀ ਤੇ ਹੋਰ ਮੁਖੀ ਸਿੱਖਾਂ ਨੇ ਬੀ ਦਸਖਤ ਕੀਤੇ। ਏਹ ਪਰਵਾਨੇ ਦੂਰ ਦੂਰ, ਦੱਖਣ, ਪੂਰਬ, ਪਹਾੜ ਪੱਛੋਂ ਸਾਰੇ ਸੰਗਤਾਂ ਵਿਚ ਘੱਲ ਦਿੱਤੇ। ਸਿੱਖੀ ਇਸ ਵੇਲੇ ਖਲਖ ਬੁਖਾਰਾ, ਪੂਰਬ, ਬੰਗਾਲ, ਦੱਖਣ, ਪਹਾੜ ਵਿਚ ਸਾਰੇ ਫੈਲ ਰਹੀ ਸੀ।

ਗੁਰੂ ਕੇ ਅਨਿੰਨ ਤੇ ਨਿਕਟ ਵਰਤੀ ਸਿਖਾਂ ਦੇ ਉੱਦਮ ਨਾਲ ਸਾਰੀ ਸਿਖੀ ਵਿਚ ਸੱਚ ਦਾ ਪ੍ਰਕਾਸ਼ ਹੋ ਗਿਆ, ਮਗੋਂ ਇਹ ਸੁਣਕੇ ਉਚੇਚੇ ਸਿਖ ਦੂਰੋਂ ਦੂਰੋਂ ਦਰਸ਼ਨਾਂ ਨੂੰ ਆਉਣ ਲਗ ਪਏ। ਪ੍ਰਿਥੀ ਚੰਦ ਦੇ ਪੱਖ ਦੀ ਗੱਲ ਕਰਨ ਵਾਲੇ ਨਵੇਂ ਰਖੇ ਮਸੰਦ ਯਾ ਹੋਰ ਬੰਦੇ ਸੂਗ ਨਾਲ ਦੇਖੇ ਜਾਣ ਤੇ ਤ੍ਰਿਸਕਾਰੇ ਜਾਣ ਲਗ ਪਏ। ਹੁਣ ਰਾਮਦਾਸ ਪੁਰੇ ਪੁੱਜ ਕੇ ਸੰਗਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਤੱਕ ਆਪ ਅੱਪੜ ਜਾਂਦੀਆਂ ਤੇ ਵਿਰੋਧੀਆਂ ਦੀ ਕੋਈ ਪੇਸ਼ ਨਾ ਜਾਂਦੀ। ਇਧਰ ਬਾਬਾ ਬੁੱਢਾ ਤੇ ਭਾਈ ਗੁਰਦਾਸ ਜੀ ਦੇ ਕੀਤੇ ਪ੍ਰਬੰਧ ਸਾਵਧਾਨ ਰਹੇ ਤੇ ਢਿੱਲੇ ਨਾ ਪਏ। ਪਰਦੇਸਾਂ ਵਿਚ ਲਿਖਿਆ, ਜਿਸ ਤੋਂ ਪਿਸ਼ਾਵਰੀ ਲਾਲ ਚੰਦ ਜੀ, ਗਗਨ ਦਾਸ ਜੀ ਸ਼ਿਕਾਰ ਪੁਰੀਏ ਤੇ ਬਹਲ ਦਾਸ ਜੀ ਲਾਹੌਰੀਏ ਤੇ ਐਸੈ ਐਸੇ ਵਡੇ ਸ਼ਹਿਰਾਂ ਦੇ ਧਨੀ ਸਿਖ ਸਾਵਧਾਨ ਹੋ ਗਏ ਕਿ ਸਾਡੇ ਸੁਹਣੇ ਸਤਿਗੁਰੂ ਜੀ ਦੇ ਲੰਗਰ ਵਿਚ ਕਿਉਂ ਕਦੇ ਤੋਟ ਆਵੇ। ਹੁਣ ਲੰਗਰ ਪਿਛਲੇ ਸਤਿਗੁਰਾਂ ਦੇ ਲੰਗਰ ਵਾਂਗੂ ਟੁਰ ਪਿਆ। ਸਿਖਾਂ ਦੀ ਬੇਨਤੀ ਮੰਨ ਕੇ ਸਤਿਗੁਰੂ ਜੀ ਉਸੀ ਤਰ੍ਹਾਂ ਦੀਵਾਨ ਵਿਚ ਆਉਂਦੇ ਹਨ, ਆਸਾ ਦੀ ਵਾਰ ਦਾ ਦੀਵਾਨ ਸਜਦਾ ਹੈ, ਅਰਦਾਸਾਂ ਹੁੰਦੀਆਂ ਹਨ, ਸਿਖਾਂ ਦੀਆਂ ਮੁਰਾਦਾਂ ਪੁਗਦੀਆਂ ਹਨ, ਨਾਮ ਦਾਨ ਹੁੰਦੇ ਹਨ, ਸੋਦਰ ਦਾ ਦੀਵਾਨ ਵੀ ਉਸੀ ਤਰ੍ਹਾਂ ਸਜਦਾ ਹੈ ਤੇ ਗੁਰ ਸਿਖੀ ਦੀ ਜਗਤ ਉਧਾਰਕ ਕਾਰ ਚੱਲ ਰਹੀ ਹੈ।

---

*ਜਿਥੇ ਇਹ ਪ੍ਰਬੰਧ ਕੀਤਾ, ਓਥੇ ਹੁਣ ਗੁਰਦੁਆਰਾ ਹੈ ਤੇ ਉਸਨੂੰ ਪਿਪਲੀ ਸਾਹਿਬ ਆਖਦੇ ਹਨ। ਲਾਹੌਰ ਦੀ ਸੜਕ ਉਤੇ ਖਾਲਸਾ ਕਾਲਜ ਤੋਂ ਉਰੇ ਹੈ। ਇਹ ਬੀ ਲਿਖਿਆ ਹੈ ਕਿ ਏਹ ਪ੍ਰਬੰਧ ਆਪ ਨੇ ਨਗਰ ਦੇ ਚੁਫੇਰੇ ਦੇ ਰਾਹਾਂ ਤੇ ਬੀ ਕੀਤੇ ਸੇ। (ਦੇਖੋ ਤ੍ਵਾ: ਖਾ: ਸਫਾ ੬੭੮)


www.sikhbookclub.com

ਪ੍ਰਿਥੀ ਚੰਦ ਤੇ ਮਹਾਂਦੇਵ ਹੁਣ ਦੇਖ ਰਹੇ ਸਨ ਕਿ ਪਾਸਾ ਪਲਟ ਗਿਆ ਹੈ, ਤਦ ਜਾਪਦਾ ਹੈ ਕਿ ਭਾਈ ਗੁਰਦਾਸ ਜੀ ਦੇ ਹਥੀਂ ਕੇ ਕੁਛ ਜ਼ਾਹਰਾ ਸ਼ਾਂਤੀ ਦਾ ਰਾਹ ਤਾਂ ਪਕੜਿਆ; ਪਰ ਜੋ ਦੁਕਾਨਾਂ ਦੇ ਕਿਰਾਏ ਤੇ ਜਗਾਤ ਯਾ ਚੁੰਗੀ ਦੋਹਾਂ ਭਰਾਵਾਂ ਨੂੰ ਗੁਰੂ ਸਾਹਿਬ ਦੇ ਚੁਕੇ ਸਨ ਉਸ ਆਮਦਨ ਦੇ ਖੁੱਸ ਜਾਣ ਦਾ ਦੋਹਾਂ ਭਰਾਵਾਂ ਨੂੰ ਤੌਖਲਾ ਵਾਪਰ ਗਿਆ ਕਿ ਜੇ ਇਨ੍ਹਾਂ ਸਿਰਕਰਦੇ ਸਿਖਾਂ ਨੇ ਇਹ ਬੀ ਬੰਦ ਕਰ ਦਿਤੀ, ਤਦ ਕਿਰਾਏਦਾਰਾਂ ਨਾਲ ਸਾਡੀ ਪੇਸ਼ ਨਹੀਂ ਜਾਣੀ। ਵਡੇ ਵਡੇ ਸਿਰਕਰਦੇ ਤੇ ਪਤਵੰਤੇ ਸਿਖ ਸਾਰੇ ਹੁਣ ਸ੍ਰੀ ਅਰਜਨ ਦੇਵ ਜੀ ਨੂੰ ਗੁਰੂ ਮੰਨ ਗਏ ਹਨ ਤੇ ਸਾਡੀਆਂ ਕਰਨੀਆਂ ਨੇ ਉਨ੍ਹਾਂ ਵਿਚ ਸਾਡੇ ਸਤਿਕਾਰ ਦਾ ਕੋਈ ਅੰਸ਼ ਨਹੀਂ ਰਹਿਣ ਦਿਤਾ; ਚੰਗਾ ਹੋਵੇ ਕਿ ਇਹ ਆਮਦਨ ਪੱਕੀ ਹੋ ਜਾਵੇ। ਸੋ ਭਾਈ ਗੁਰਦਾਸ ਸਾਂਝੇ ਮਾਮਾ ਜੀ ਨੂੰ ਕਹਿ ਕਹਾਕੇ ਉਹ ਆਮਦਨ ਪੱਕੇ ਤੌਰ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਆਪਣੇ ਨਾਮ ਪਟਾ ਲਿਖਵਾ ਕੇ ਕਰਵਾ ਲਈ।

ਜਾਪਦਾ ਹੈ ਕਿ ਭਾਈ ਬੁੱਢਾ ਜੀ ਦੀ ਹਿੰਮਤ ਤੇ ਦਾਨਾਈ ਤੇ ਭਾਈ ਗੁਰਦਾਸ ਆਦਿਕਾਂ ਦੀ ਦੂਰੰਦੇਸ਼ੀ ਤੇ ਸੁਚੇਤੀ ਨੇ ਤੇ ਲੰਗਰ ਨਾਲ ਲੱਗੇ ਝਬਾਲ ਆਦਿ ਪਿੰਡਾਂ ਦੀ ਆਮਦਨ ਦਾ ਪ੍ਰਬੰਧ ਬੀ ਕਰ ਲਿਆ ਸੀ ਤੇ ਬਾਬਾ ਬੁੱਢਾ ਜੀ ਨੇ ਆਪਣੇ ਹੱਥ ਵਿਚ ਲੈ ਲਿਆ ਸੀ ਤੇ ਅਕਸਰ ਝਬਾਲ ਬੀੜ ਵਿਚ ਰਹਿੰਦੇ ਸਨ।

ਇਸ ਪ੍ਰਕਾਰ ਦੇ ਹਾਲਾਂ ਹੇਠ ਜ਼ਾਹਰਾ ਤੌਰ ਤੇ ਹੁਣ ਗੁਰੂ ਕੀ ਨਗਰੀ ਵਿਚ ਉਦਾਲਿਓਂ ਅਸ਼ਾਂਤੀ ਦੀ ਲਹਿਰ-ਪਛਾੜ ਹੁਣ ਕੁਛ ਸ਼ਮਨ ਹੋ ਗਈ। ਕੁਛ ਇਹ ਬੀ ਵੀਚਾਰ ਕੰਮ ਕਰਦੀ ਸੀ ਕਿ ਗੁਰੂ ਅਰਜਨ ਦੇਵ ਜੀ ਦੇ ਘਰ ਸੰਤਾਨ ਨਹੀਂ ਤੇ ਪ੍ਰਿਥੀ ਚੰਦ ਦੇ ਘਰ ਮਿਹਰਬਾਨ ਬੇਟਾ ਹੈ, ਸੋ ਵਾਰਸ ਅਖੀਰ ਮਿਹਰਬਾਨ ਨੇ ਹੋਣਾ ਹੈ*।

## ੪. ਸੰਤੋਖ ਸਰ।

ਸ੍ਰੀ ਗੁਰੂ ਰਾਮਦਾਸ ਜੀ ਨੇ ਤੀਸਰੇ ਸਤਿਗੁਰਾਂ ਦੀ ਆਗਯਾ ਵਿਚ ਜੋ ਪਹਿਲਾਂ ਥਾਂ ਖੁਣਵਾਇਆ ਸੀ ਉਹ ਵਿਚੇ ਛੱਡ ਦਿੱਤਾ ਗਿਆ ਸੀ। ਫੇਰ ਉਹ ਥਾਂ ਖੁਣਵਾਇਆ ਗਿਆ ਸੀ ਜਿਥੇ ਹੁਣ ਸ੍ਰੀ ਅੰਮ੍ਰਿਤ ਸਰੋਵਰ ਹੈ। ਗੁਰੂ ਰਾਮਦਾਸ ਜੀ ਦੇ ਪ੍ਰਸੰਗਾਂ ਵਿਚ ਪੜ੍ਹ ਆਏ ਹਾਂ ਕਿ ਆਪ ਜੀ ਨੇ ਅੰਮ੍ਰਿਤ ਸਰੋਵਰ ਦਾ ਸਾਰਾ ਤਲਾ ਖੁਦਵਾ ਲਿਆ ਸੀ ਤੇ ਵਿਚਾਲੇ ਜੋ ਥੜਾ ਹਰੀ ਮੰਦਰ ਵਾਸਤੇ ਰਚਿਆ ਸੀ, ਉਸ ਤੇ ਬੈਠ ਕੇ ਜੋਤਾਂ ਜਗਾਉਂਦੇ ਸਨ, ਭਾਵ ਇਹ ਕਿ ਦੀਵਾਨ ਸਜਦੇ ਸਨ, ਕੀਰਤਨ ਹੁੰਦੇ ਸਨ, ਜੀਅ ਦਾਨ ਦਿੱਤੇ ਜਾਂਦੇ ਸਨ। ਇਸ ਪ੍ਰਕਾਰ ਆਤਮ ਜੋਤਾਂ ਪ੍ਰਕਾਸ਼ ਪਾਉਂਦੀਆਂ ਸਨ। ਇਸਦਾ ਸਬੂਤ ਭਾਈ ਗੁਰਦਾਸ ਜੀ ਦੇ ਇਸ ਵਾਕ ਤੋਂ ਮਿਲ ਜਾਂਦਾ ਹੈ, ਜੋ ਉਸੇ ਵੇਲੇ ਦੇ ਸਾਖੀ ਹਨ :-

ਦਿਚੈ ਪੂਰਖਿ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ।
ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤਿ ਜਗਾਵੈ। (ਵਾਰ: ੧-੪੭)

ਇਸ ਤੋਂ ਪਤਾ ਲਗਾ ਕਿ ਤਾਲ ਸਾਰਾ ਖੁਣਿਆ ਜਾ ਚੁਕਾ ਸੀ, ਵਿਚਾਲੇ ਥਾਉਂ ਸੀ, ਜਿਥੇ ਗੁਰੂ ਜੀ ਬੈਠਦੇ, ਦੀਵਾਨ ਸਜਦੇ ਤੇ ਕੀਰਤਨ ਉਪਦੇਸ਼ ਹੁੰਦੇ ਸਨ, ਚਾਹੋ ਕੋਈ ਮੰਡਪ ਛਾ ਲਿਆ

*ਕਈਆਂ ਦਾ ਖਿਆਲ ਹੈ ਕਿ ਮਿਹਰਬਾਨ ੧੬੩੯ ਬਿ: ਤੋਂ ਪਿਛੋਂ ਜਨਮਿਆ, ਕਈਆਂ ਦੇ ਖਿਆਲ ਵਿਚ ਉਸਦਾ ਜਨਮ ਪਹਿਲੋਂ ਦਾ ਹੈ।

 www.sikhbookclub.com

ਸੀ, ਚਾਹੋ ਕੋਈ ਆਰਜ਼ੀ ਮੰਦਰ ਰਚ ਲਿਆ ਸੀ। ਅੰਮ੍ਰਿਤਸਰ ਤਦੋਂ ਸਰੋਵਰ ਦਾ ਨਾਉਂ ਸੀ ਸ਼ਹਿਰ ਦਾ ਨਹੀਂ ਸੀ। ਸਰੋਵਰ ਵਿਚ ਜੋਤਾਂ ਤਾਂ ਹੀ ਜਗ ਸਕਦੀਆਂ ਸਨ, ਜੇ ਵਿਚਾਲੇ ਟਿਕਾਣਾ ਸੀ, ਟਿਕਾਣੇ ਤੱਕ ਮਿੱਟੀ ਦਾ ਨਿੱਗਰ ਰਸਤਾ ਸੀ। ਤ੍ਵਾ: ਖਾ: ਵਿਚ ਲਿਖਿਆ ਹੈ ਕਿ ਅੰਮ੍ਰਿਤਸਰ ਤਲਾਉ ਦੇ ਵਿਚਕਾਰ ਇਕ ਥੜੇ ਉਤੇ ਥਾਂ (ਜਦੋਂ ਇਹ ਕੱਚਾ ਟੋਭਾ ਸੀ) ਬੇਰੀ ਦੇ ਦਰਖਤ ਹੇਠ ਨਿਤਾ ਪ੍ਰਤੀ ਗੁਰੂ ਰਾਮਦਾਸ ਜੀ ਬੈਠਕੇ ਭਜਨ ਕਰਦੇ ਅਤੇ ਸੰਗਤਾਂ ਨੂੰ ਦਰਸ਼ਨ ਉਪਦੇਸ਼ ਦਿੰਦੇ ਹੁੰਦੇ ਸੇ।

ਸ੍ਰੀ ਗੁਰੂ ਰਾਮਦਾਸ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੱਕਾ ਤਾਲ ਤੇ ਹਰੀ ਮੰਦਰ ਸਾਜਣ ਦੀ ਆਗਜਾ ਦੇ ਗਏ ਸਨ। ਆਪ ਜੀ ਨੂੰ ਸੰਗਤਾਂ ਦੇ ਉਧਾਰ ਕਰਨ ਦੇ ਨਾਲ ਨਾਲ ਇਹ ਕਾਰਜ ਕਰਨਾ ਬੀ ਇਕ ਭਾਰੀ ਜ਼ਿੰਮੇਵਾਰੀ ਜਾਪਦੀ ਸੀ। ਇਸ ਲਈ ਇਸ ਦਾ ਉੱਦਮ ਵੀਚਾਰਨ ਲਗ ਪਏ।

ਜਿਥੇ ਅੰਮ੍ਰਿਤਸਰ ਸ਼ਹਿਰ ਵਿਚ ਅਜ ਕਲ ਸੰਤੋਖ ਸਰ ਨਾਮੇ ਸਰੋਵਰ ਹੈ, ਇਸ ਦੇ ਕਿਨਾਰੇ ਇਕ ਪੁਰਾਤਨ ਟਾਹਲੀ ਦਾ ਪੇੜ ਹੈ, ਏਥੇ ਸ੍ਰੀ ਗੁਰੂ ਰਾਮਦਾਸ ਜੀ ਬੈਠ ਕੇ ਕਾਰ ਕਰਾਉਂਦੇ ਹੁੰਦੇ ਸਨ। ਹੁਣ ਲਉਢੇ ਪਹਿਰ ਗੁਰੂ ਅਰਜਨ ਦੇਵ ਜੀ ਏਥੇ ਜਾ ਬੈਠਿਆ ਕਰਦੇ ਸਨ[੧]। ਹੁਣ ਇਸ ਤਾਲ ਦੀ ਹੋਰ ਖੁਣਵਾਈ ਸ਼ੁਰੂ ਹੋਈ। ਲਿਖਿਆ ਹੈ ਕਿ ਹੋਰ ਖੁਦਵਾਈ ਕੀਤੀ ਤਾਂ ਹੇਠੋਂ ਇਕ ਮਠ ਨਿਕਲਿਆ। ਇਸ ਵਿਚੋਂ ਇਕ ਜੋਗੀ ਨਿਕਲਿਆ, ਜਿਸਦੇ ਪ੍ਰਾਣ ਚੜ੍ਹ ਰਹੇ ਸਨ ਤੇ ਉਹ ਸਮਾਧਿ ਸਥਿਤ ਸੀ[੨]। ਸ੍ਰੀ ਗੁਰੂ ਜੀ ਦੀ ਦੱਸੀ ਤਰਕੀਬ ਨਾਲ ਮਾਲਸ਼ਾਂ ਆਦਿਕ ਕਰਨੇ ਤੇ ਉਸਦੇ ਪ੍ਰਾਣ ਚਲ ਪਏ ਤੇ ਹੋਸ਼ ਆ ਗਈ। ਇਸਨੇ ਦੱਸਿਆ ਕਿ ਮੈਂ ਆਪਣੇ ਗੁਰੂ ਤੋਂ ਯੋਗ ਸਾਧਨਾ ਵਿਚ ਨਿਪੁੰਨ ਹੋ ਕੇ ਕਲਜਾਣ ਚਾਹੀ। ਉਸਨੇ ਕਿਹਾ : 'ਸਮਾਧੀ ਲਾ, ਪ੍ਰਾਣ ਚੜ੍ਹਾਕੇ ਮਠ ਬਣਾ ਕੇ ਬੈਠ ਜਾ, ਸਮਾਂ ਪਾ ਕੇ ਗੁਰੂ ਅਰਜਨ ਦੇਵ ਜੀ ਹੋਣਗੇ ਓਹ ਤੇਰੀ ਕਲਜਾਨ ਕਰਨਗੇ। ਸੋ ਜਦ ਇਸ ਨੂੰ ਪਤਾ ਲਗਾ ਕਿ ਉਹੋ ਸਮਾਂ ਹੈ ਤੇ ਸਤਿਗੁਰ ਜੀ ਦਰਸ਼ਨ ਦੇਣ ਆ ਗਏ ਹਨ, ਤਦ ਚਰਨੀਂ ਪੈ ਕੇ ਕਲਜਾਣ ਮੰਗੀ। ਸਤਿਗੁਰ ਜੀ ਨੇ ਉਪਦੇਸ਼ ਦਿੱਤਾ ਤੇ ਜੀਅਦਾਨ ਦੇ ਕੇ ਉਸਨੂੰ ਮੁਕਤ ਕੀਤਾ, ਫੇਰ ਉਹ ਸਰੀਰ ਤਿਆਗ ਕੇ ਪ੍ਰਲੋਕ ਗਮਨ ਕਰ ਗਿਆ। ਤਵਾਰੀਖ ਖਾਲਸਾ ਦੱਸਦੀ ਹੈ ਕਿ ਪਿਸ਼ੋਰ ਦੇ ਧਨੀ ਸਿਖ ਸੰਤੋਖੇ ਨਾਮ ਦੇ ਢਾਈ ਸੌ ਮੋਹਰ ਭੇਟ ਕਰਕੇ ਆਪਣੇ ਨਾਮ ਦੀ ਅਟੱਲਤਾ ਮੰਗੀ ਤਾਂ ਸਤਿਗੁਰ ਨੇ ਉਹ ਹਕਮ ਇਸ ਤਾਲ ਦੇ ਪੱਕਾ ਕਰਨ ਤੇ ਲਾਈ ਤੇ ਭਾਈ ਸੰਤੋਖੇ ਨੇ ਹੋਰ ਮਾਯਾ ਬੀ ਖਰਚ ਕੀਤੀ, ਨਾਉਂ ਸੰਤੋਖ ਸਰ ਧਰਿਆ।

ਇਹ ਤਾਲ ੧੬੪੫ ਬਿ: ਵਿਚ ਮੁਕੰਮਲ ਹੋਇਆ ਸੀ। ਇਸੇ ਸੰਮਤ ਅੰਮ੍ਰਿਤ ਸਰੋਵਰ ਦੇ ਪੱਕਾ ਕਰਨ ਦੀ ਕਾਰ ਆਰੰਭ ਹੋਈ।

---

੧. ਇਥੇ ਟਾਹਲੀ ਭੀ ਉਹੋ ਖੜੀ ਹੈ ਤੇ ਗੁਰਦੁਆਰਾ ਬੀ ਹੈ, ਸੰਤੋਖ ਸਰ ਦਾ ਕਿਨਾਰਾ ਹੈ : ਕਰਮੋਂ ਦੀ ਡਿਉਢੀ ਤੋਂ ਜੋ ਬਾਜ਼ਾਰ ਕੁਤਵਾਲੀ ਨੂੰ ਜਾਂਦਾ ਹੈ, ਉਸ ਪਰ ਹੈ।

੨. ਪ੍ਰਾਣ ਚੜ੍ਹਾਕੇ ਸਮਾਧੀ ਲਾਕੇ ਬੈਠੇ ਰਹਿਣ ਦੇ ਵਾਕਯਾਤ ਹੁਣ ਬੀ ਹੁੰਦੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਾਹਮਣੇ ਇਕ ਜੋਗੀ ਇਸ ਤਰ੍ਹਾਂ ੪੦ ਦਿਨ ਭੁਇ ਤੱਲੇ ਰਖਿਆ ਜੀਉਂਦਾ ਨਿਕਲਿਆ ਸੀ। ਪਿਛੇ ਜਿਹੇ ਬੰਬਈ ਵਿਚ ਇਕ ਜੋਗੀ ਇਸ ਤਰ੍ਹਾਂ ਦੋ ਤ੍ਰੈ ਦਿਨ ਪ੍ਰਾਣ ਚੜ੍ਹਾ ਇਕ ਚੁਬੱਚੇ ਵਿਚ ਹੇਠਾਂ ਉਤੇ ਮਿੱਟੀ ਨਾਲ ਲਿੰਬਿਆ ਦਬਿਆ ਜੀਉਂਦਾ ਨਿਕਲਿਆ ਸੀ।

 www.sikhbookclub.com

# ੫. ਨਿੱਤ ਕ੍ਰਿਯਾ।

**ਸ੍ਰੀ** ਗੁਰੂ ਅਰਜਨ ਦੇਵ ਜੀ ਲਗਪਗ ਪਹਿਰ ਰਾਤ ਰਹਿੰਦੀ ਜਾਗਦੇ। ਫਿਰ ਸਰੀਰ ਦੀ ਕ੍ਰਿਯਾ ਇਸ਼ਨਾਨ ਆਦਿ ਸਾਧਕੇ ਚੌਂਕੜਾ ਲਾ ਕੇ ਸੁਖ ਪੂਰਬਕ ਬੈਠ ਜ਼ਾਂਦੇ ਤੇ ਆਪਣਾ ਧਿਆਨ ਵਾਹਿਗੁਰੂ ਜੀ ਵਿਚ ਜੋੜਕੇ ਅਡੋਲ ਟਿਕ ਜਾਂਦੇ। ਸ਼ੁੱਧ ਚੈਤਨ ਪਰਮਾਤਮ ਦੇਵ ਵਿਚ ਮਾਨੋ ਇਕ ਰਸ ਲੀਨ ਹੋ ਜਾਂਦੇ।

ਫਿਰ ਰਬਾਬੀ ਆ ਜਾਂਦੇ, ਓਹ ਆਸਾ ਦੀ ਵਾਰ ਲਾਉਂਦੇ। ਕੀਰਤਨ ਦੇ ਆਰੰਭ ਹੋਇਆਂ ਨਗਰ ਦੇ ਪ੍ਰੇਮੀ ਤੇ ਬਾਹਰੋਂ ਆਈਆਂ ਸੰਗਤਾਂ ਆ ਜੁੜਦੀਆਂ ਤੇ ਦੀਵਾਨ ਸਜ ਜਾਂਦਾ। ਰਬਾਬੀ ਸਜਣ ਆਸਾ ਦੀ ਵਾਰ ਦੇ ਕੀਰਤਨ ਵਿਚ ਸੁੰਦਰ ਰਾਗਾਂ ਵਿਚ ਅਨੇਕ ਪ੍ਰਮਾਣ ਗੁਰਬਾਣੀ ਦੇ ਵਿਚ ਵਿਚ ਗਾਉਂਦੇ, ਇਕ ਐਸਾ ਠਟ ਬੱਝ ਜਾਂਦਾ ਕਿ ਮਾਨੋ ਵੈਰਾਗ ਤੇ ਇਕਾਗ੍ਰਤਾ ਦਾ ਇਕ ਸਰੋਵਰ ਹੈ, ਜਿਸ ਵਿਚ ਸਾਰੇ ਹੰਸ ਮਗਨਾਨੰਦ ਹੋਏ ਬੈਠੇ ਹਨ। ਇਸ ਕੀਰਤਨ ਦਾ ਪ੍ਰਭਾਵ ਸੁਰਤਾਂ ਤੇ ਉਹ ਅਸਰ ਕਰਦਾ ਕਿ ਓਹ ਇਕਾਗ੍ਰ ਹੋ ਨਿਜਾਨੰਦ ਵਿਚ ਆਉਂਦੀਆਂ, ਬ੍ਰਹਮਾਨੰਦ ਵਿਚ ਜਾ ਅੱਪੜਦੀਆਂ, ਭਗਤੀ ਮਾਰਗ ਦਾ ਇਹ ਮੁਖੈਨ ਸਾਧਨ ਗ੍ਰਿਹਸਤੀ ਲੋਕਾਂ ਨੂੰ ਬੀ ਯੋਗਾਨੰਦ ਦੇ ਜਾਂਦਾ। ਜਦੋਂ ਦਿਨ ਹੋ ਆਉਂਦਾ ਤੇ ਆਸਾ ਦੀ ਵਾਰ ਦਾ ਭੋਗ ਪੈ ਜਾਂਦਾ ਤਾਂ ਸਤਿਗੁਰੂ ਜੀ ਬਾਹਰ ਆ ਬੈਠਦੇ। ਉਸ ਵੇਲੇ ਜੇ ਕੋਈ ਸਵਾਲੀ, ਕੋਈ ਜਗਜਾਸੂ, ਪਰਮਾਰਥ ਦਾ ਢੂੰਢਾਊ ਆ ਹਾਜ਼ਰ ਹੁੰਦਾ ਉਹ ਆਪਣੇ ਸ਼ੰਕੇ ਦੂਰ ਕਰਾਕੇ ਸਤਿਨਾਮੁ ਦੇ ਰਸਤੇ ਪੈ ਜਾਂਦਾ। ਦੂਰ ਤੋਂ ਆਏ ਸਿੱਖ ਵਾਰੋ ਵਾਰੀ ਦਰਸ਼ਨ ਕਰਦੇ ਤੇ ਵਾਰਤਾਲਾਪ ਕਰਕੇ ਸੁਖੀ ਹੁੰਦੇ। ਸੰਗਤਾਂ ਆਈਆਂ ਆਪਣੇ ਮੁੱਖੀ ਦੀ ਅਗੁਵਾਨੀ ਵਿਚ ਪੇਸ਼ ਹੋ ਕੇ ਦਰਸ਼ਨ ਸੁਖ, ਆਤਮ ਸੁਖ ਮਾਣਦੀਆਂ। ਇਸ ਪ੍ਰਕਾਰ ਕਈ ਵੇਰ ਪਹਿਰ ਦਿਨ ਆ ਜਾਂਦਾ। ਵਿਚਾਲੇ ਕੋਈ ਪ੍ਰੇਮੀ ਯਾ ਕੋਈ ਰਬਾਬੀ ਦੋ ਇਕ ਸ਼ਬਦ ਬਿਲਾਵਲੁ ਵਿਚ ਗਾਉਂਦਾ, ਜਿਸ ਨੂੰ ਚਰਨ ਕੰਵਲ ਦੀ ਚਉਕੀ ਆਖਦੇ ਸਨ*।

ਦੋ ਪਹਿਰ ਦਿਨ ਚੜੇ ਤੋਂ ਕੁਛ ਪਹਿਲਾਂ ਸੰਦੇਸ਼ ਆਉਂਦਾ ਕਿ ਪ੍ਰਸ਼ਾਦ ਤਿਆਰ ਹੈ। ਤਦ ਸੰਗਤ ਸਮੇਤ ਗੁਰੂ ਭਗਵਾਨ ਲੰਗਰ ਵਿਚ ਪੰਗਤ ਜਾ ਲਾਉਂਦੇ। ਸਭ ਨੂੰ ਤ੍ਰਿਪਤ ਕਰਕੇ ਆਪ ਉਠਦੇ ਤੇ ਫੇਰ ਆਰਾਮ ਕਰਦੇ। ਲਉਢੇ ਪਹਿਰ ਫੇਰ ਦੀਵਾਨ ਸਜਦਾ ਤੇ ਗੁਰਮਤ ਦੀ ਕਥਾ ਹੁੰਦੀ। ਫੇਰ ਸੰਧਯਾ ਸਮੇਂ ਦੀਵਾਨ ਸਜਦਾ, ਕੀਰਤਨ ਹੁੰਦਾ, ਸੋਦਰ ਦੀ ਚਉਕੀ ਆਸਾ ਵਿਚ ਹੁੰਦੀ, ਫਿਰ ਲੰਗਰ ਹੁੰਦਾ। ਕੀਰਤਨ ਸੋਹਿਲਾ ਕਦੇ ਦੀਵਾਨ ਵਿਚ ਸੁਣਦੇ ਕਦੇ ਆਪਣੇ ਗ੍ਰਿਹ ਵਿਚ। ਪਹਿਰ ਕੁ ਰਾਤ ਗਈ ਤੇ ਸ੍ਰੀ ਗੁਰੂ ਜੀ ਆਰਾਮ ਕਰਦੇ।

# ੬. ਬੀਰਬਲ।

**ਸ੍ਰੀ** ਗੁਰੂ ਜੀ ੧੬੩੮ ਵਿਚ ਗੱਦੀ ਤੇ ਬਿਰਾਜੇ। ੧੬੪੨-੪੩ ਵਿਚ ਇਕ ਘਟਨਾ ਵਰਤੀ ਜੋ ਇਸ ਪ੍ਰਕਾਰ ਹੈ :-

*ਚਾਰ ਚੌਕੀਆਂ ਦੀ ਸ੍ਰੀ ਗੁਰ ਅਰਜਨ ਦੇਵ ਜੀ ਨੇ ਮਰਿਯਾਦਾ ਬੰਨ੍ਹੀ। ਪਹਿਲੀ ਤਾਂ ਅੰਮ੍ਰਿਤ ਵੇਲੇ ਦੀ ਸੀ ਹੀ। ਦੂਜੀ ਸਵਾ ਪਹਿਰ ਦਿਨ ਚੜੇ ਜਾਰੀ ਕੀਤੀ। ਇਸ ਵਿਚ 'ਚਰਨ ਕੰਵਲ ਪ੍ਰਭੁ ਕੇ ਨਿਤ ਧਿਆਵਉ' ਪਾਠ ਹੋਣ ਕਰਕੇ ਇਸ ਨੂੰ ਚਰਨ ਕਵਲ ਦੀ ਚਉਕੀ ਨਾਮ ਦਿਤਾ। ਇਹ ਸ਼ਬਦ ਬਿਲਾਵਲ ਵਿਚ ਹੋਣ ਕਰਕੇ ਇਸਨੂੰ ਕਦੇ ਬਿਲਾਵਲੁ ਦੀ ਚਉਕੀ ਵੀ ਕਹਿ ਲੈਂਦੇ ਹਨ। ਮਗਰੋਂ ਚੌਕੀਆਂ ਦਾ ਸਿਲਸਿਲਾ ਸਮੇਂ ਨਾਲ ਵਿਸਤ੍ਰਿਤ ਹੁੰਦਾ ਗਿਆ।

 www.sikhbookclub.com

ਇਨ੍ਹਾਂ ਦਿਨਾਂ ਵਿਚ (ਅਰਥਾਤ ੧੬੪੨-੪੩ ਵਿਚ) ਰਾਜ ਅਕਬਰ ਦਾ ਸੀ, ਜੋ ਆਪਣੀ ਸਮ ਵਰਤੋਂ ਵਿਚ ਸਾਰੇ ਮੁਗਲ ਪਾਤਸ਼ਾਹਾਂ ਤੋਂ ਵਿਸ਼ੇਸ਼ ਸੀ। ਇਸਦੇ ਮਨਸਬਦਾਰਾਂ ਵਿਚ ਇਕ ਵਿਦ੍ਵਾਨ ਤੇ ਚਤੁਰ ਬ੍ਰਾਹਮਨ ਸੀ, ਜਿਸਦਾ ਨਾਮ ਬੀਰਬਲ ਸੀ। ਸਰਹੱਦ ਪਰ ਯੂਸਫ਼ ਜ਼ਈ ਪਠਾਣਾਂ ਦੀ ਸ਼ੋਰਸ਼ ਹੋ ਪਈ, ਇਸਨੂੰ ਠੀਕ ਕਰਨ ਲਈ ਅਕਬਰ ਨੇ ਜ਼ੈਨ ਖਾਂ ਕੋਕਾਹ ਨੂੰ ਫੌਜਾਂ ਦੇ ਕੇ ਘੱਲਿਆ ਸੀ। ਜ਼ੈਨ ਖਾਂ ਦੀ ਤਾਬਿਆ ਗਈ ਮੁਹਿੰਮ ਕਾਮਯਾਬ ਨਾ ਹੋਈ। ਜਦ ਇਹ ਮਾੜੀ ਖਬਰ ਆਈ ਤਾਂ ਅਕਬਰ ਨੇ ਬੀਰਬਲ ਨੂੰ ਹੋਰ ਫੌਜ ਦੇ ਕੇ ਜ਼ੈਨ ਖਾਂ ਦੀ ਮਦਦ ਤੇ ਪਹੁੰਚਣ ਲਈ ਆਖਿਆ। ਬੀਰਬਲ ਹੁਕਮ ਪਾਕੇ ਟੁਰ ਪਿਆ, ਪਰ ਟੁਰਨ ਤੋਂ ਪਹਿਲੇ ਇਸਨੇ ਅਕਬਰ ਤੋਂ ਇਕ ਲਿਖਤੀ ਆਗਜਾ ਲੈ ਲਈ ਕਿ ਰਸਤੇ ਵਿਚ ਜਿਧਰੋਂ ਇਹ ਲੰਘੇ, ਖੱਤ੍ਰੀਆਂ ਦਾ ਪ੍ਰੋਹਤ ਹੋਣ ਦੀ ਹੈਸੀਅਤ ਵਿਚ, ਹਰ ਖੱਤ੍ਰੀ ਘਰਾਣੇ ਤੋਂ ਦੱਖਣਾ ਲੈਣ ਦੀ ਇਸ ਨੂੰ ਖੁੱਲ੍ਹ ਹੋਵੇ।

ਬੀਰਬਲ ਬਿਆਸਾ ਤੱਕ ਇਹ ਦੱਖਣਾ ਵਸੂਲ ਕਰਦਾ ਟੁਰਿਆ ਆਇਆ। ਖਤ੍ਰੀ ਲੋਕ ਪਹਿਲੋਂ ਹੀ ਸੁਣ ਚੁਕੇ ਸਨ, ਆਪੇ ਹੀ ਅਗੋਂ ਆ ਮਿਲਦੇ ਤੇ ਦੱਖਣਾ ਭੇਟਾ ਕਰਕੇ ਮੱਥਾ ਟੇਕਦੇ। ਬਿਆਸਾ ਪਾਰ ਹੋ ਕੇ ਇਸ ਨੇ ਰਾਮਦਾਸ ਪੁਰੇ ਆਪਣੇ ਬੰਦੇ ਘੱਲ ਦਿੱਤੇ, ਜਿਥੇ ਜਾ ਕੇ ਨਗਰੀ ਦੇ ਖੱਤ੍ਰੀ ਵਾਸੀਆਂ ਨੂੰ ਇਹ ਸੰਦੇਸਾ ਪੁੱਜ ਗਿਆ। ਖੱਤ੍ਰੀਆਂ ਨੇ ਸਰਕਾਰੀ ਬੰਦਿਆਂ ਨੂੰ ਕਿਹਾ ਕਿ ਮਹਾਰਾਜ ਬੀਰਬਲ ਨੂੰ ਕਹਿ ਦਿਓ ਕਿ ਅਸੀਂ ਤਾਂ ਗੁਰੂ ਕੇ ਸਿਖ ਹਾਂ; ਅਸੀਂ ਬ੍ਰਾਹਮਣਾਂ ਦੇ ਜਜਮਾਨ ਸੇਵਕ ਨਹੀਂ! ਸੇਵਕ ਗੁਰੂ ਕੇ ਹਾਂ।

ਫਿਰ ਸਿਖਾਂ ਨੇ ਗੁਰੂ ਜੀ ਨੂੰ ਖਬਰ ਕੀਤੀ, ਫੇਰ ਬੀਰਬਲ ਦੇ ਬੰਦੇ ਬੀ ਹਾਜ਼ਰ ਹੋਏ ਤਾਂ ਗੁਰੂ ਜੀ ਨੇ ਕਿਹਾ: 'ਭਾਈ, ਇਹ ਟਿਕਾਣਾ ਕੋਈ ਵਪਾਰ ਯਾ ਕਮਾਮ ਦਾ ਨਹੀਂ; ਇਹ ਫਕੀਰੀ ਟਿਕਾਣਾ ਹੈ; ਸਾਧ ਸੰਗਤ ਦਾ ਦਾਨ ਆਉਂਦਾ ਹੈ ਤੇ ਲੰਗਰ ਚਲਦਾ ਹੈ, ਜਿਥੋਂ ਸਭ ਕੋਈ ਵਰੋਸਾਉਂਦਾ ਹੈ। ਬੇਸ਼ਕ ਓਥੋਂ ਫੌਜਾਂ ਬੀ ਭੋਜਨ ਛਕ ਕੇ ਲੰਘਣ ਪਰ 'ਕਰ' ਗੁਰੂ ਘਰ ਤੇ ਕਦੇ ਨਹੀਂ ਲੱਗਾ ਤੇ ਨਾ ਚਾਹੀਏ ਕਿ ਲੱਗੇ। ਏਥੇ ਤਾਂ ਅਕਬਰ ਆਪ ਸਾਡੇ ਵਡੇ ਗੁਰੂ ਸਾਹਿਬ ਵੇਲੇ ਲੰਗਰ ਲਈ ਪਿੰਡ ਭੇਟਾ ਕਰ ਗਿਆ ਸੀ।

ਜਦ ਬੀਰਬਲ ਨੂੰ ਉਮਦੇ ਉਗ੍ਰਾਹੀਆਂ ਨੇ ਇਹ ਗਲ ਕਹੀ ਤਾਂ ਉਸਨੂੰ ਬੁਰੀ ਲਗੀ। ਉਹ ਅੱਗੇ ਹੀ ਇਸ ਸਿਖੀ ਘਰ ਤੋਂ ਨਾਰਾਜ਼ ਸੀ, ਜਿਥੇ ਵਰਣਾਸ਼੍ਰਮ ਦੀ ਬੰਦਸ਼ ਤੋੜੀ ਤੇ ਭ੍ਰਾਤਰੀ ਭਾਵ ਸਿਖਲਾਇਆ ਜਾਂਦਾ ਉਸਨੂੰ ਮਾੜਾ ਲਗਦਾ ਸੀ, ਸੋ ਗੁੱਸੇ ਵਿਚ ਭਰਕੇ ਉਸਨੇ ਗੁਰੂ ਜੀ ਨੂੰ ਹੁਕਮ ਘੱਲਿਆ ਕਿ 'ਤੂੰ ਖਤ੍ਰੀ ਹੈਂ, ਤੇਰੀ ਵਸੋਂ ਖੱਤ੍ਰੀ ਹੈ, ਜੋ ਕਰ ਮੈਂ ਲਾਇਆ ਹੈ ਲੈਕੇ ਹਾਜ਼ਰ ਹੋਵੋ ਤਾਂ ਭਲਾ ਹੈ ਨਹੀਂ ਤਾਂ ਤੁਸਾਂ ਦਾ ਸ਼ਹਰ ਕੱਲ ਲੁੱਟ ਲਿਆ ਜਾਵੇਗਾ'। ਸਿਪਾਹੀ ਗਏ ਪਰ ਹਾਜ਼ਰੀ ਵਿਚ ਜਾਕੇ ਖੜੇ ਰਹਿ ਗਏ, ਬੋਲ ਕੁਛ ਨਾ ਸਕੇ, ਪਰ ਗੁਰੂ ਜੀ ਨੇ ਫੁਰਮਾਇਆ : 'ਭਾਈ ਸਿਪਾਹੀਓ ! ਮੈਂ ਸਮਝ ਲਿਆ ਹੈ ਕਿ ਤੁਸੀਂ ਕਿਉਂ ਆਏ ਹੋ। ਤੁਸੀਂ ਆਪਣੇ ਵਡੇ ਨੂੰ ਕਹਿ ਦਿਓ ਕਿ ਜੋ 'ਕਰ' ਸਾਡਾ ਦੇਣਾ ਅਯੋਗ ਹੈ, ਓਹ ਨਹੀਂ ਦਿਆਂਗੇ। ਰਾਜਾ ਬੀਰਬਲ ਜੀ ਨੂੰ ਕਹਿ ਦਿਓ ਕਿ ਇਹ ਧੱਕਾ ਕਰਨਾ ਅਨਯਾਯ ਹੈ। ਦੱਖਣਾ ਦੇਣਾ ਖੁਸ਼ੀ ਤੇ ਨਿਰਭਰ ਚਾਹੀਏ, ਜੋਰੀ ਦਾ ਦਾਨ ਦਾਨ ਨਹੀਂ ਹੁੰਦਾ। ਪਰ ਜੇ ਉਸ ਨੇ ਧਰਮ ਨਿਆਂ ਨਹੀਂ ਵਿਚਾਰਨਾ ਤਾਂ ਜਿਵੇਂ ਚਿਤ ਹੈ ਕਰ ਲਵੇ ਅਸੀਂ ਆਪਣੇ ਕਰਤਾ ਪੁਰਖ ਦੇ ਆਸਰੇ ਸੱਚ ਨਿਆਂ ਤੇ ਬੈਠੇ ਹਾਂ।'

ਸਿਪਾਹੀ ਕੁਛ ਭਲੇ ਸੁਭਾਵ ਦੇ ਸਨ, ਗੁਰੂ ਜੀ ਦੀ ਕਹੀ ਗਲ ਤੋਂ ਸਮਝ ਗਏ, ਕਿ ਆਪ ਸੱਚ ਫੁਰਮਾ ਰਹੇ ਹਨ ਮਾਲਕ ਤੋਂ ਬੀ ਡਰਦੇ ਸਨ, ਜਾ ਕੇ ਕਹਿ ਦਿੱਤਾ ਕਿ ਗੁਰੂ ਜੀ ਕੱਲ ਪਰਸੋਂ ਆਪ ਹਾਜ਼ਰ ਹੋਣਗੇ।

ਰਾਤ ਰਾਜਾ ਉੱਮਲਵੱਟੇ ਭੰਨਦਾ ਰਿਹਾ। ਹੈਰਾਨ ਹੋਵੇ ਕਿ ਇਕ ਗੋਸ਼ਾ ਨਸ਼ੀਨ ਫਕੀਰ ਤੇ


www.sikhbookclub.com

ਸਖਤੀ ਕਰਾਂ ਕਿ ਨਾ। ਅਕਬਰ ਆਪ ਏਥੇ ਪਿੰਡ ਦੇ ਗਿਆ ਹੋਇਆ ਹੈ; ਕਦੇ ਕਹੇ ਕਿ ਨਹੀਂ ਮੇਰੀ ਪਤ ਨਹੀਂ ਰਹਿੰਦੀ, ਰੋਅਬ ਵਿਚ ਫਰਕ ਪੈਂਦਾ ਹੈ। ਕਦੇ ਇਹ ਭੈ ਬੀ ਆਵੇ ਕਿ ਗੁਰੂ ਕੀ ਮਹਿਮਾ ਬੜੀ ਹੈ, ਸਚਮੁੱਚ ਕੋਈ ਯੋਗੀ ਰਾਜ ਨਾ ਹੋਵੇ। ਅਜੇ ਦਿਨ ਨਹੀਂ ਸੀ ਚੜ੍ਹਿਆ ਕਿ ਸਾਂਢਨੀ ਸਵਾਰ ਦਿੱਲੀ ਤੋਂ ਆਇਆ, ਪਾਤਸ਼ਾਹ ਦੇ ਫੌਰੀ ਹੁਕਮ ਲੈ ਕੇ। ਜਿਸ ਵਿਚ ਲਿਖਿਆ ਸੀ ਕਿ ਜ਼ੈਨ ਖਾਂ ਬਹੁਤ ਔਖਾ ਹੈ, ਤੁਸੀਂ ਮਾਰੇ ਬਕਾਰੇ ਨਾਲ ਦੂਹਰੀਆਂ ਕੂਚਾਂ ਕਰਦੇ ਇਕ ਦਮ ਟੁਰੋ ਤੇ ਜ਼ੈਨ ਖਾਂ ਨੂੰ ਫੌਰੀ ਕੁਮਕ ਪਹੁੰਚਾਓ। ਬੀਰਬਲ ਨੇ ਡੰਕਾ ਵਜਵਾਕੇ ਫੌਰੀ ਕੂਚ ਕਰ ਦਿੱਤੀ। ਪਰ ਪਰਗਨੇ ਦੇ ਹਾਕਮ ਨੂੰ ਕਹਿ ਗਿਆ ਕਿ ਜੇ ਗੁਰੂ ਅਜ ਕਲ ਤੁਸਾਂ ਪਾਸ ਨਾ ਆਇਆ ਤਾਂ ਮੁੜਦੀ ਵੇਰ ਗੁਰੂ ਕੇ ਚੱਕ ਨੂੰ ਸਿੱਧਿਆਂ ਕਰਾਂਗਾ।

ਇਹ ਗਲ ਬੀ ਗੁਰੂ ਜੀ ਤਕ ਅੱਪੜੀ, ਫੁਰਮਾਉਣ ਲੱਗੇ। 'ਓਹੋ ਹੋਵੇਗਾ ਜੋ ਕਰਤਾਰ ਨੇ ਠਟ ਰਖਿਆ ਹੈ। ਉਹ ਨਹੀਂ ਹੋਵੇਗਾ ਜੋ ਉਹ ਚਾਹੁੰਦਾ ਹੈ ਕਿ ਨਾ ਹੋਵੇ[੧]।

ਸੋ ਕਰਣਾ ਕਰਤਾਰ ਦਾ ਇਹ ਹੋਇਆ ਕਿ ਯੂਸਫ ਜ਼ਈ ਕਾਮਯਾਬ ਰਹੇ, ਬੀਰਬਲ ਮਾਰਿਆ ਗਿਆ ਤੇ ਜ਼ੈਨ ਖਾਂ ਮੁਸ਼ਕਲ ਨਾਲ ਜਾਨ ਬਚਾ ਕੇ ਬਚਿਆ ਤੇ ਅਕਬਰ ਨੂੰ ਹੋਰ ਪ੍ਰਬੰਧ ਕਰਨੇ ਪਏ।

## ੭. ਭਾਈ ਕਲਜਾਣਾ[੨]।

ਹੁਣ ਹਰੀ ਮੰਦਰ ਦੀ ਸਾਜਨਾ ਲਈ ਸਤਿਗੁਰੂ ਜੀ ਲਗ ਰਹੇ ਸੇ। ਬਾਹਰ ਦੂਰ ਦੇਸ਼ਾਂ ਵਿਚ ਹੁਕਮ ਨਾਮੇ ਚਲੇ ਗਏ ਸੇ। ਗੁਰੂ ਕੀਆਂ ਬਖਸ਼ਿਸ਼ਾਂ ਵਾਲੇ ਗੁਰਮੁਖਾਂ ਤੇ ਮਸੰਦਾਂ ਨੂੰ ਤਾਕੀਦੀ ਪੱਤ੍ਰ ਗਏ ਸਨ। ਸਰੋਵਰ ਤੇ ਮੰਦਰ ਦੇ ਪੱਕੇ ਕਰਨੇ ਲਈ ਇੱਟਾਂ ਚੂਨੇ ਦੀ ਲੋੜ ਸੀ। ਭਾਈ ਭਗਤੂ, ਭਾਈ ਸਾਲ੍ਹੋ, ਗੁਰੀਆ, ਲੰਗਾਹਾ, ਪ੍ਰੇਮਾ, ਜੇਠਾ, ਪੈੜਾ, ਭੱਲਣ, ਬੂਲਾ, ਬਹਿਲੋ, ਭੱਟੜ, ਧਾਰੀ ਆਦਿ ਸਿਖ ਚਾਹ ਚੁਫੇਰੇ ਫਿਰਦੇ ਤੇ ਸਾਮਾਨ ਕੱਠੇ ਕਰ ਰਹੇ ਸੇ; ਬਾਬਾ ਬੁੱਢਾ ਕਾਰ ਦੇ ਸਿਰ ਤੇ ਥਾਪਿਆ। ਜਿੱਥੇ ਬੈਠਕੇ ਇਹ ਬ੍ਰਿਧ ਬਾਬਾ ਸੇਵਾ ਦੀ ਨਿਗਾਹਬਾਨੀ ਕਰਦਾ ਸੀ ਹੁਣ ਤਾਂਈ ਬੇਰੀ ਹਰੀ ਤੇ ਨਿਸ਼ਾਨ ਹੈ[੩]। ਭਾਈ ਗੁਰਦਾਸ ਲਿਖਾ ਪੜ੍ਹੀ ਦਾ ਸਾਰਾ ਕੰਮ ਸੰਭਾਲਦਾ ਸੀ। ਕਈ ਸਿਖ ਬਾਹਰ ਦੇਸਾਂ ਨੂੰ ਮਾਇਆ ਇਕੱਠੀ ਕਰਨ ਚਲੇ ਗਏ। ਭਾਈ ਕਲਜਾਣਾ ਪਹਾੜਾਂ ਵਿਚ ਫਿਰਦਾ ਮੰਡੀ ਰਿਆਸਤ ਪਹੁੰਚ ਪਿਆ। ਪਹਾੜੀ ਦੇਸ ਵਿਚ ਇਹ ਸੁਹਾਵਣਾ ਥਾਂ ਵੇਖਕੇ ਏਥੇ ਟਿਕ ਗਿਆ। ਥੋੜੇ ਦਿਨਾਂ ਵਿਚ ਇਸਦੀ ਸੰਤਤਾਈ ਦੀ ਇਥੇ ਮਸ਼ਹੂਰੀ ਹੋ ਗਈ। ਇਸਦਾ ਕੀਰਤਨ ਸੁਣਨ ਲੋਕੀ ਆਉਣ, ਖੁਸ਼ ਹੋਣ ਤੇ ਭਾਉ ਕਰਨ। ਥੋੜੇ ਚਿਰ ਮਗਰੋਂ ਜਨਮ ਅਸ਼ਟਮੀ ਆਈ, ਰਾਜੇ ਨੇ ਹੁਕਮ ਦਿਤਾ ਕਿ ਰਾਤ ਸਭ ਬ੍ਰਤ ਧਾਰਨ ਕਰੋ, ਸਵੇਰੇ ਜਾ ਕੇ ਠਾਕਰ ਦੇ ਦਰਸ਼ਨ ਕਰੋ, ਸਾਲਗ੍ਰਾਮ ਦਾ ਪੂਜਨ ਕਰੋ ਤੇ ਚਰਣਾਂਮ੍ਰਿਤ ਲੈਕੇ ਵਰਤ ਉਪਾਰੋ। ਇਸ ਹੁਕਮ ਦੀ ਪਾਲਨਾ ਹੋ ਗਈ; ਪਰ ਭਾਈ ਕਲਜਾਣਾ ਕੀਕੂੰ ਪਾਲਨ ਕਰਦਾ, ਕਿਉਂਕਿ ਇਹ ਉਸਦਾ ਇਸ਼ਟ ਨਹੀਂ ਸੀ। ਇਸ ਪਰ ਦੰਦ ਕਥਾ ਹੋਈ। ਹੁੰਦੀ ਹੁੰਦੀ ਗਲ ਰਾਜੇ ਤੱਕ ਅੱਪੜੀ। ਰਾਜੇ ਨੇ ਬੁਲਵਾ ਘੱਲਿਆ ਤੇ ਬ੍ਰਤ ਧਾਰਨ ਨਾ ਕਰਨ ਤੇ ਪੂਜਨ

੧. ਇਹ ਵਾਕਿਆ ਪੰਚਮ ਗੁਰੂ ਜੀ ਦੇ ਸਮੇਂ ਹੋਇਆ। ਸੂਰਜ ਪ੍ਰਕਾਸ਼ ਵਿਚ ਤੀਸਰੇ ਸਹਿਬਾਂ ਵੇਲੇ ਹੋਇਆ ਲਿਖਿਆ ਹੈ: ਕਵੀ ਜੀ ਨੂੰ ਇਹ ਭੁਲੇਵਾ ਕਿਸੇ ਗਲਤ ਇਤਲਾਅ ਦੇ ਆਧਾਰ ਤੇ ਲੱਗਾ ਜਾਪਦਾ ਹੈ। ਬੀਰਬਲ ਦੀ ਮੌਤ ਪਠਾਣੀ ਦੇਸ਼ ਵਿਚ ੧੫੮੬ ਈ:(੧੬੪੩ ਬਿ:) ਵਿਚ ਹੋਈ ਸੀ।

੨. ਸੂ: ਪ੍ਰ: ਵਿਚ ਭਾਈ ਕਲਜਾਣੇ ਦੀ ਕਥਾ ਪਹਿਲੋਂ ਦਿਤੀ ਹੈ ਤ੍ਵਾ: ਖਾ: ਵਿਚ ਅਜਬ ਅਜਾਇਬ ਤੋਂ ਮਗਰੋਂ ਤੇ ਸੰਮਤ ੧੬੪੭ ਬਿ: ਦਿਤਾ ਹੈ।

੩. ਇਸਨੂੰ ਹੁਣ ਤਾਂਈਂ ਬਾਬੇ ਬੁੱਢੇ ਦੀ ਬੇਰ ਆਖਦੇ ਹਨ।

 www.sikhbookclub.com

ਨਾ ਕਰਨ ਦਾ ਕਾਰਨ ਪੁਛਿਆ।

ਕਲਜਾਣੇ ਨੇ ਕਿਹਾ : ਹੇ ਰਾਜਨ! ਕਿਸੇ ਦੇ ਧਰਮ ਵਿਚ ਦਖਲ ਦੇਣਾ ਰਾਜਾ ਦਾ ਕੰਮ ਨਹੀਂ ਧਰਮ ਵਿਚ ਸਭ ਪਰਜਾ ਸੁਤੰਤ੍ਰ ਲੋੜੀਏ।

ਰਾਜਾ-ਕੀ ਤੂੰ ਨਾਸਤਕ ਹੈਂ ਜੋ ਸੁਤੰਤ੍ਰਤਾ ਮੰਗਦਾ ਹੈਂ?

ਕਲਜਾਣਾ-ਮੈਂ ਨਾਸਤਕ ਨਹੀਂ, ਠਾਕੁਰ ਦਾ ਉਪਾਸਕ ਹਾਂ।

ਰਾਜਾ-ਫੇਰ ਕਿਉਂ ਪੂਜਨ ਨਹੀਂ ਕਰਦਾ?

ਕਲਜਾਣਾ-ਕਰਦਾ ਹਾਂ, ਤੇ ਸਿਦਕ ਦਿਲ ਨਾਲ ਪੂਜਨ ਕਰ੍ਦਾ ਹਾਂ।

ਰਾਜਾ-ਫੇਰ ਇਹ ਲੋਕ ਝੂਠ ਆਖਦੇ ਹਨ?

ਕਲਜਾਣਾ-ਸੱਚ ਆਖਦੇ ਹਨ ਇਹ ਬੀ।

ਰਾਜਾ-ਕੀਕੂੰ? (ਗਹੁ ਨਾਲ ਤੱਕਣ ਲਗ ਪਿਆ।)

ਕਲਜਾਣਾ-ਜਿਸ ਨਿਰਜਿੰਦ ਸ਼ਿਲਾ ਨੂੰ ਏਹ ਠਾਕੁਰ ਆਖਦੇ ਹਨ ਮੈਂ ਉਸਦਾ ਪੂਜਨ ਨਹੀਂ ਕਰਦਾ। ਜੋ ਠਾਕੁਰ ਸਦਾ ਹਾਜ਼ਰਾ ਹਜ਼ੂਰ ਹੈ, ਜੋ ਪਰੀ ਪੂਰਣ ਹੈ, ਜੋ ਸਰਬ ਚੇਤਨਤਾ ਦਾ ਮੂਲ ਹੈ, ਜੋ ਸਭ ਨੂੰ ਪ੍ਰਕਾਸ਼ਦਾ ਹੈ ਉਸ ਠਾਕੁਰ ਦਾ ਪੂਜਨ ਮੈਂ ਉਸ ਵਿਚ ਸ਼ਰਧਾ ਧਾਰਕੇ ਕਰਦਾ ਹਾਂ। ਹੇ ਰਾਜਨ! ਮੇਰਾ ਠਾਕੁਰ ਪੱਥਰ ਤੇ ਬ੍ਰਿਛ, ਜੀਵ ਤੇ ਅਜੀਵ ਸਭ ਦਾ ਪ੍ਰਕਾਸ਼ਕ ਹੈ, ਉਹ ਆਪ ਨਿਰਜਿੰਦ ਪੱਥਰ ਮਾਤ੍ਰ ਨਹੀਂ ਹੈ।

ਰਾਜਾ-ਲੈ ਜਾਓ ਬੰਦੀ ਖਾਨੇ ਇਸਨੂੰ, ਠਾਕੁਰ ਨੂੰ ਪੱਥਰ ਆਖਦਾ ਹੈ। ਮਲੇਛ, ਨਾਸਤਕ, ਇਹ ਹਿੰਦੂ ਬਣਿਆਂ ਫਿਰਦਾ ਹੈ।

ਕਲਜਾਣੇ ਨੂੰ ਕੈਦਖਾਨੇ ਲੈ ਗਏ। ਅਗਲੇ ਦਿਨ, ਫਿਰ ਬੰਦੀਖਾਨੇ ਤੋਂ ਰਾਜੇ ਦੀ ਕਚਹਿਰੀ ਆਂਦਾ ਗਿਆ ਤੇ ਹੁਕਮ ਮਿਲਿਆ ਕਿ ਠਾਕੁਰ ਨੂੰ ਮੱਥਾ ਟੇਕ, ਨਹੀਂ ਤਾਂ ਦੱਸ ਕਿੱਥੇ ਹੈ ਤੇਰਾ ਵਜਾਪਕ ਠਾਕੁਰ ਤੇ ਤੇਰਾ ਉਪਦੇਸ਼ੀ ਗੁਰੂ! ਲਾ ਕੰਨਾਂ ਨੂੰ ਹੱਥ ਤੇ ਝੁਕ, ਬਖਸ਼ਿਆ ਜਾਏਂਗਾ।

ਕਲਜਾਣਾ-ਰਾਜਨ! ਮੇਰਾ ਗੁਰੂ ਹੈ ਗੁਰੂ ਅਰਜਨ, ਗੁਰੂ ਨਾਨਕ ਗੱਦੀ ਦਾ ਮਾਲਕ! ਮੇਰਾ ਠਾਕੁਰ ਹਾਜ਼ਰ ਨਾਜ਼ਰ ਅਕਾਲ ਪੁਰਖ। ਮੈਂ ਉਪਾਸ਼ਕ ਹਾਂ ਅਪਣੇ ਇਸ਼ਟ ਦਾ। ਪੱਥਰ ਅੱਗੇ ਮੈਂ ਨਹੀਂ ਨਿਉਣਾ।

ਰਾਜਾ-ਦੇਖਾਂ ਤੇਰਾ ਗੁਰੂ ਤੇ ਤੇਰਾ ਅਣਦਿਸਦਾ ਠਾਕੁਰ। ਜਾਓ ਸਰਹੱਦ ਤੇ ਜਾਕੇ ਇਸ ਦੀ ਲੱਤ ਭੰਨਕੇ ਅਗਲੇ ਰਾਜ ਵਿਚ ਧੱਕ ਦਿਓਸੁ।

ਇਹ ਸੁਣਦੇ ਸਾਰ ਕਲਜਾਣੇ ਦੇ ਨੈਣ ਜੁੜ ਗਏ, ਬ੍ਰਿਤੀ ਇਕਾਗ੍ਰ ਹੋ ਗੁਰੂ ਜੀ ਦੇ ਚਰਨਾਂ ਨੂੰ ਲਿਪਟ ਗਈ। 'ਹੇ ਨਾਥ! ਜੇ ਜੰਘ ਕਟ ਗਈ, ਤਾਂ ਗੁਰੂ ਨਾਨਕ ਦੇ ਘਰ ਨੂੰ ਲਾਜ ਹੈ, ਬਿਰਦ ਪਾਲੋ ਤੇ ਕਰੋ ਸਹਾਇ'।

ਕਲਜਾਣਾ ਇਸ ਪ੍ਰਕਾਰ ਦੇ ਭਾਵ ਵਿਚ ਪਰਮ ਲੀਨ ਹੋ ਗਿਆ। ਉਧਰ ਰਾਜੇ ਦੇ ਕ੍ਰੋਧ ਦੀ ਹੱਦ ਨਾ ਰਹੀ। ਬੁਲ੍ਹ ਫੜਕਨ ਲਗ ਪਏ; ਚਿਹਰਾ ਲਾਲ ਅੰਗਾਰਾ ਹੋ ਗਿਆ, ਸਿਰ ਕੰਬਣ ਲਗ ਗਿਆ, 'ਜੱਲਾਦ! ਜੱਲਾਦ!' ਕਹਿੰਦਾ ਬੇਹੋਸ਼ ਹੋਕੇ ਡਿਗ ਪਿਆ। ਸਾਰਿਆਂ ਨੂੰ ਹੱਥਾਂ ਪੈਰਾਂ ਦੀ ਪੈਂ ਗਈ, ਦਰਬਾਰੀਆਂ ਤੇ ਹਰਿਆਨੀ ਛਾ ਗਈ, ਇਹ ਕੀ ਹੋ ਗਿਆ? ਕੋਈ ਪੱਖਾ ਝੱਲੇ, ਕੋਈ ਪੈਰ ਦਬਾਏ, ਕੋਈ ਮੂੰਹ ਵਿਚ ਪਾਣੀ ਚੋਵੇ। ਵੈਦ ਪਾਸ ਸੀ, ਉਹ ਨਾੜੀ ਦੇਖੇ, ਦੰਦਣ ਖੁਹਲੇ, ਠੰਢੇ ਛੱਟੇ ਮਾਰੇ, ਤਾਲੂ ਤੇ ਪਾਣੀ ਦੀ ਲੀਰ ਫੇਰੇ, ਪਰ ਕੋਈ ਉਪਚਾਰ ਕਾਰਗਰ ਨਾ ਹੋਇਆ। ਤਦ ਇਕ ਸਿਆਣੇ ਨੇ ਕਿਹਾ : ਲੋਕੋ ਤੁਸਾਂ ਅਨਜਾਯ ਕੀਤਾ ਹੈ, ਹਾਂ, ਰਾਜੇ ਵੀ ਅਨਜਾਯ ਕੀਤਾ ਹੈ, ਬਦੇਸ਼ੀ ਨੂੰ


www.sikhbookclub.com

ਐਡਾ ਕਰੜਾ ਦੰਡ! ਜੋ ਸਰਵ ਵਜਾਪੀ ਨੂੰ ਮੰਨਦਾ ਹੈ, ਉਹ ਨਾਸਤਕ ਤੇ ਦੰਡਯੋਗ ਕਿਉਂ ਹੈ? ਉਸ ਤੋਂ ਖਿਮਾਂ ਮੰਗੋ, ਉਸਨੂੰ ਪ੍ਰਸੰਨ ਕਰੋ, ਜੱਲਾਦ ਨੂੰ ਦੂਰ ਕਰੋ, ਆਖੋ : 'ਖਿਮਾ ਕਰੋ, ਤੁਸੀਂ ਸੁਮਤੀ ਵੰਤ ਭਗਤ ਸਹੀ ਹੁੰਦੇ ਹੋ।'

ਵਜ਼ੀਰ ਨੇ ਇਸੀ ਪ੍ਰਕਾਰ ਦੀ ਅਰਦਾਸ ਕਲਜਾਣੇ ਦੇ ਕੋਲ ਆਕੇ ਕੀਤੀ। ਕਲਯਾਣੇ ਨੇ ਕਿਹਾ : ਭਾਈ, ਆਪਣੇ ਮੰਦੇ ਕਰਮ ਜੀਵ ਦੇ ਵੈਰੀ ਹਨ, ਅਸੀਂ ਤਾਂ ਨਿਰਵੈਰ ਦੇ ਉਪਾਸਕ ਹਾਂ। ਮੈਂ ਆਪਣੇ ਇਸ਼ਟ ਦੇਵ ਅਗੇ ਪ੍ਰਾਰਥਨਾ ਕਰਦਾ ਹਾਂ, ਜਿਸ ਦੀ ਬੇਅਦਬੀ ਤੁਸਾਂ ਤੇ ਰਾਜੇ ਨੇ ਕੀਤੀ ਹੈ। ਜੇ ਰਾਜਾ ਸਾਵਧਾਨ ਹੋ ਜਾਏ ਤਾਂ ਤੁਸੀਂ ਸਾਰੇ ਮੇਰੇ 'ਸਤਿਗੁਰ ਜਾਗਤ ਦੇਵ' ਤੋਂ ਚਲਕੇ ਸੁਮਤੀ ਲਓ।

ਵਜ਼ੀਰ ਨੇ ਕਿਹਾ : ਰਾਜਾ ਦੀ ਜਾਨ ਬਖਸ਼ੀ ਕਰੋ, ਜੈਸਾ ਕਹੋ ਕਰਾਂਗੇ।

ਇਹ ਸੁਣਕੇ ਕਲਯਾਣੇ ਨੇ ਜਲ ਮੰਗਵਾਇਆ, ਹੱਥ ਵਿਚ ਲੈ ਕੇ ਗੁਰੂ ਅਰਜਨ ਦੇਵ ਜੀ ਦਾ ਧਿਆਨ, ਜੋ ਨੈਣਾਂ ਅਗੇ ਖੜਾ ਸੀ, ਅੰਤ੍ਰੀਵ ਜੋੜਕੇ ਨੈਣ ਮੁੰਦ ਲਏ ਤੇ ਅਰਦਾਸ ਕੀਤੀ : 'ਹੇ ਨਾਥ! ਹੇ ਗੁਰੂ ਨਾਨਕ ਸਰੂਪ ਗੁਰੂ ਅਰਜਨ, ਰਾਜਾ ਤੇ ਮਿਹਰ ਕਰੋ, ਇਸ ਦੀ ਅਵੱਗਜਾ ਬਖਸ਼ੋ, ਇਹ ਸਾਵਧਾਨ ਹੋਵੇ। ਏਹ ਸਾਰੇ ਲੋਕ ਆਪਣੀ ਭੁੱਲ ਸਮਝ ਗਏ ਹਨ, ਹੁਣ ਤੇਰੀ ਸ਼ਰਨ ਹਨ, ਹੇ ਦੁਖ ਹਰਨ! ਮਿਹਰਾਂ ਕਰਨਹਾਰ! ਬਖਸ਼ ਦਿਓ।'

ਇਹ ਕਹਿਕੇ ਰਾਜਾ ਦੇ ਮੂੰਹ ਤੇ ਜਲ ਦੇ ਛੱਟੇ ਮਾਰੇ, ਕੁਛ ਬੂੰਦਾਂ ਨੈਣਾਂ ਤੇ ਕੁਛ ਬੂੰਦਾਂ ਮੂੰਹ ਵਿਚ ਪਾਈਆਂ; ਤਾਂ ਰਾਜਾ ਦੇ ਨੈਣ ਖੁੱਲ੍ਹ ਆਏ ਤੇ ਹੋਸ਼ ਪਰਤ ਪਈ। ਰਾਜਾ ਕਮਜ਼ੋਰ ਸੀ, ਬਲ ਹਿਰ ਰਿਹਾ ਸੀ ਪਰ ਹੋਸ਼ ਪੂਰੀ ਆ ਗਈ। ਬੋਲਿਆ ਧੀਮੀ ਅਵਾਜ਼ ਵਿਚ : 'ਪਰਦੇਸੀ ਨੂੰ ਛੋੜ ਦਿਓ ਸਨਮਾਨ ਕਰੋ, ਆਦਰ ਦਿਓ।'

ਹੁਣ ਰਾਜਾ ਨੂੰ ਪੀਨਸ ਵਿਚ ਪਾਕੇ ਕਚਹਿਰੀ ਘਰ ਤੋਂ ਮਹਲੀਂ ਲੈ ਗਏ। ਦੋ ਚਾਰ ਦਿਨ ਵਿਚ ਨੌ ਬਰ ਨੌ ਹੋ ਗਿਆ, ਤਦ ਫੇਰ ਕਲਜਾਣੇ ਨੂੰ ਬੁਲਾਕੇ ਆਦਰ ਸਹਿਤ ਮਿਲਿਆ ਤੇ ਆਖਣ ਲਗਾ : 'ਭਾਈ, ਤੇਰਾ ਗੁਰੂ ਸਮਰੱਥ ਹੈ, ਤੇਰਾ ਠਾਕੁਰ ਮਹਾਂ ਬਲੀ ਹੈ। ਮੈਨੂੰ ਲੈ ਚਲ ਤੇ ਦਰਸ਼ਨ ਕਰਾ ਉਸ ਸਮਰੱਥ ਗੁਰੂ ਦੇ, ਉਹ ਮੇਰੇ ਸਿਰ ਤੇ ਬੀ ਹੱਥ ਧਰੇ ਤੇ ਤੇਰੇ ਵਾਂਙੂ ਮੇਰੀ ਬੀ ਕਲਜਾਣ ਕਰੇ'। ਕਲਜਾਣੇ ਨੇ ਕਿਹਾ : 'ਸਤਿ ਬਚਨ'। ਜੋ ਵਾਕ ਰਾਜੇ ਨੇ ਕਹੇ ਕਵੀ ਸੰਤੋਖ ਸਿੰਘ ਜੀ ਐਉਂ ਲਿਖਦੇ ਹਨ :-

ਅਬ ਕਿਸ ਥਾਨ ਸਤਿਗੁਰੂ ਰਹੈਂ?
ਤਿਨਕੇ ਦਰਸ਼ ਕਰਨ ਚਿਤ ਚਹੈ।
ਲੇ ਕਰ ਹਮ ਕੋ ਅਪਨੇ ਸਾਥ।
ਕਰਹੁ ਮਿਲਾਵਨ ਸ੍ਰੀ ਗੁਰ ਨਾਥ।੨੮।   (ਗੁ: ਪ੍ਰ: ਸੂ: ਰਰਾਸ ੨-੩੧)

# ੮. ਹਰਿ ਮੰਦਰ-ਰਾਜਾ ਮੰਡੀ ਤੇ ਕਰਮ ਰੇਖਾ।

ਰਾਜੇ ਦੀ ਤੀਬਰ ਹੋ ਰਹੀ ਸਰਧਾ ਵੇਖਕੇ ਭਾਈ ਕਲਜਾਣਾ ਰਾਜੇ ਨੂੰ ਨਾਲ ਲੈ ਟੁਰਿਆ। ਰਾਜਸੀ ਸਾਮਾਨ, ਨਾਲ ਕੁਛ ਪਿਆਦੇ, ਕੁਛ ਅਹਿਲਕਾਰ, ਘੋੜੇ, ਤੰਬੂ ਸਮਾਨ ਲੈ ਕੇ ਮੰਡੀ ਤੋਂ ਟੁਰੇ ਤੇ ਸਨੇ ਸਨੇ ਸ੍ਰੀ ਰਾਮਦਾਸ ਪੁਰ ਆ ਗਏ। ਸੁਹਣੇ ਥਾਂ ਡੇਰਾ ਕਰਵਾਇਆ ਗਿਆ, ਫੇਰ ਸ੍ਰੀ ਗੁਰੂ ਜੀ

ਦੇ ਦਰਸ਼ਨ ਮੇਲੇ ਹੋਏ।

ਲਿਖਿਆ ਹੈ ਕਿ ਸ੍ਰੀ ਗੁਰੂ ਜੀ ਇਕ ਦਿਨ ਆਦਿ ਗੁਰੂ ਸਾਹਿਬ ਦੇ ਦੱਖਣੀ ਓਅੰਕਾਰ ਦਾ ਪਾਠ ਕਰ ਰਹੇ ਸਨ ਤੇ ਏਹ ਤੁਕਾਂ ਵਾਚ ਰਹੇ ਸਨ, ਜੋ ਰਾਜੇ ਦੇ ਕੰਨੀਂ ਪਈਆਂ :-

ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥
ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ॥
ਕਰਤੇ ਹਥਿ ਵਡਿਆਈਆ ਬੂਝਹੁ ਗੁਰ ਬੀਚਾਰਿ॥
ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ॥
ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ॥

(ਰਾਮ: ਦਖਣੀ ਓਅੰਕਾਰ ਮ: ੧-੫੨)

ਰਾਜਾ ਚਰਨਾਂ ਤੇ ਮੱਥਾ ਟੇਕ ਕੇ ਬੈਠ ਗਿਆ ਸੀ, ਪਾਠ ਕੰਨੀ ਪੈ ਗਿਆ ਸੀ, ਮਨ ਸੋਚਾਂ ਵਿਚ ਲਹਿ ਗਿਆ ਸੀ ਕਿ ਜੇ ਲਿਖਿਆ ਫੇਰ ਨਹੀਂ ਸਕੀਦਾ ਤਾਂ ਗੁਰੂ ਕੀ ਸ਼ਰਣ ਲੈਣ ਦਾ ਕੀ ਲਾਭ? ਸੋਚੇ ਕਿ ਪੁੱਛਾਂ, ਫਿਰ ਸੋਚੇ ਕਿ ਪੁੱਛਣਾ ਅਦਬ ਵਿਚ ਕਸਰ ਹੋਸੀ, ਪਰ ਜੀ ਨੂੰ ਖੁਤਖੁਤੀ ਐਸੀ ਲਗੀ ਕਿ ਨਾ ਹੀ ਰਿਹਾ ਗਿਆ। ਦਬੇ ਦੰਦੀਂ ਸਹਜ ਨਾਲ ਪੁੱਛਣ ਲਗਾ : 'ਗੁਰੂ ਜੀਓ! ਜੇ ਲਿਖੇ ਭਾਗ ਅਵੱਸ਼ਮੇਵ ਭੋਗਣੇ ਹਨ, ਤਦ ਸ੍ਰੀ ਜੀ ਦੇ ਸਿਖ ਬਣਨੇ ਦਾ; ਜਿਸ ਚਾਹਨਾਂ ਵਿਚ ਮੈਂ ਆਇਆ ਹਾਂ; ਕਿਵੇਂ ਲਾਭ ਹੋਸੀ ਜੀਓ ਜੀ?'

ਸ੍ਰੀ ਗੁਰੂ ਜੀ ਪਾਠ ਦੇ ਸੁਆਦ ਵਿਚ ਸਨ, ਲੰਮੀ ਗੱਲ ਨਹੀਂ ਸਨ ਕਰਨੀ ਚਾਹੁੰਦੇ, ਪਰ ਇਤਨਾ ਕੁ ਕਹਿ ਦਿਤੋ ਨੇ : 'ਲਿਖਿਆ ਬੀ ਨਹੀਂ ਮਿਟਦਾ ਪਰ ਭਲਾਈ ਭੀ ਹੋ ਜਾਂਦੀ ਹੈ। ਹਾਂ ਭੋਗੀਦਾ ਬੀ ਹੈ, ਪਰ ਸੰਕਟ ਨਵਿਰਤ ਬੀ ਹੋ ਜਾਂਦਾ ਹੈ। ਗੁਰੂ ਕਰੁਨਾ ਨਾਲ ਖੇਮ ਕੁਸ਼ਲ ਪ੍ਰਾਪਤ ਹੁੰਦੀ ਹੈ।

ਰਾਜੇ ਦੀ ਸਮਝ ਵਿਚ ਨਾ ਆਈ, ਆਖਣ ਲਗਾ : 'ਦੁਇ ਕੀਕੂੰ ਜੀਓ ਜੀ?'

ਗੁਰੂ ਜੀ-ਰਾਜਨ! ਦੋ ਚਾਰ ਦਿਨ ਰਹੋਗੇ ਤਾਂ ਫੇਰ ਪਤਾ ਲਗ ਜਾਏਗਾ, ਪਰ ਸਮਝ ਤਾਂ ਤਦੋਂ ਹੀ ਪਊ ਜਦੋਂ ਆ ਵਰਤੇਗੀ, ਆ ਵਰਤੇਗੀ ਤਦੋਂ ਜਦੋਂ ਗੁਰੂ ਨਾਨਕ ਦੇਵ ਦੇ ਹੋ ਜਾਓਗੇ।

ਇਹ ਸੁਣ ਕੇ ਰਾਜੇ ਨੂੰ ਕਹੇ ਵਾਕਾਂ ਤੇ ਅਮੰਨਾ ਆ ਗਿਆ, ਇਹ ਖਿਆਲ ਰਿਹਾ ਕਿ ਮੇਰੀ ਸਮਝ ਸਫਾ ਨਹੀਂ, ਗੁਰੂ ਜੀ ਠੀਕ ਕਹਿ ਰਹੇ ਹਨ। ਇਉਂ ਵਿਚਾਰ ਕੇ ਚਰਨੀਂ ਪੈ ਗਿਆ, ਨਾਮ ਦਾਨ ਲੀਤਾ ਤੇ ਗੁਰ ਸਿਖੀ ਧਾਰਨ ਕਰ ਲਈ। ਫਿਰ ਆਗਯਾ ਲੈ ਕੇ ਡੇਰੇ ਚਲਾ ਗਿਆ। ਸੰਝਾਂ ਵੇਲੇ ਦੀਵਾਨ ਦੀ ਹਾਜ਼ਰੀ ਭਰੀ। ਰਹੁਰਾਸ ਦਾ ਪਾਠ ਸੁਣਿਆ। ਸੁਖ ਹੋਇਆ ਪਰ ਉਹ ਸ਼ੰਕਾ ਚੁਭਦੀ ਰਹੀ ਕਿ 'ਕਰਮ ਤੇ ਮਿਹਰ' ਦੁਏ ਕੱਠੇ ਕਿਵੇਂ ਹੋ ਸਕਦੇ ਹਨ? ਰਾਤ ਲੰਗਰ ਤੋਂ ਪ੍ਰਸਾਦਿ ਮੰਗਾ ਕੇ ਸ਼ਰਧਾ ਨਾਲ ਛਕਿਆ ਤੇ ਸੌਂ ਗਿਆ।

ਅਧੀ ਰਾਤਿ ਬੀਤੀ ਤਾਂ ਰਾਜਾ ਸੁਪਨਾ ਦੇਖਦਾ ਹੈ ਕਿ ਮੈਂ ਬਹੁਤ ਚਿਰ ਰਾਜ ਭੋਗ ਕੇ ਵਡਪਰਵਾਰੀ ਹੋ ਕੇ ਮਰ ਗਿਆ ਹਾਂ। ਫੇਰ ਦੇਖਦਾ ਹੈ ਕਿ ਇਕ ਮੈਦਾਨ ਦੇਸ ਵਿਚ ਚੰਡਾਲਾ ਚੂਹੜਿਆਂ ਦੇ ਘਰ ਜੰਮਿਆ ਹਾਂ, ਓਥੇ ਪਲਕੇ ਵਡਾ ਹੋਇਆਂ ਹਾਂ, ਵਿਆਹ ਹੋ ਗਿਆ ਹੈ, ਬੱਚੇ ਹੋ ਪਏ ਹਨ, ਪਰ ਅਚਾਨਕ ਓਥੇ ਬੀ ਮਰ ਜਾਂਦਾ ਹੈ ਤੇ ਫੇਰ ਜਾਗ ਖੁਲ੍ਹ ਜਾਂਦੀ ਹੈ, ਹਰਿਆਨ ਹੋ ਕੇ ਬਹਿ ਜਾਂਦਾ ਹੈ, 'ਹੈਂ! ਇਹ ਕੀ ਹੋਇਆ? ਕੀ ਮੈਂ ਮਰਕੇ ਇਹ ਕੁਛ ਹੋਸਾਂ? ਹਾਇ ਕਰਮੋਂ! ਐਉਂ ਨੀਚਤਾ ਵਿਚ ਲੈ ਜਾਓਗੇ? ਹਾਇ, ਮੈਂ ਕਿਉਂ ਕਰਦਾ ਰਿਹਾ ਮਾੜੇ? ਹਾਇ! ਹੇ ਗੁਰੂ ਜੀ! ਹੁਣ ਤੁਸੀਂ ਹੀ ਦੱਸੋ ਕੀਹ ਵਰਤੀ ਇਹ ਅੱਜ?' ਇਸ ਤਰ੍ਹਾਂ ਸਿਰ ਧੁਣਦਾ ਫੇਰ ਸੌਂ ਗਿਆ।

ਰਾਜਾ ਨੇ ਅਗਲੇ ਦਿਨ ਸ਼ਿਕਾਰ ਲਈ ਜਾਣ ਦੀ ਗਲ ਆਖੀ ਹੋਈ ਸੀ। ਸੋ ਰਾਜਾ ਸੰਗ

 www.sikhbookclub.com

ਸਿਪਾਹੀ ਅਹਿਲਕਾਰ ਲੈ ਕੇ ਸ਼ਿਕਾਰ ਚੜ੍ਹਿਆ, ਗੁਰੂ ਜੀ ਬੀ ਨਾਲ ਚੜ੍ਹੇ। ਭਾਵੇਂ ਰਾਜਾ ਹਸਦਾ ਖੇਲਦਾ ਸ਼ਿਕਾਰਾਂ ਮਗਰ ਘੋੜਾ ਦੁੜਾਂਦਾ ਜਾਂਦਾ ਸੀ ਪਰ ਖੋਟਾ ਸੁਪਨਾ ਵਿਚ ਵਿਚ ਯਾਦ ਆ ਜਾਂਦਾ ਸੀ। ਮਨ ਨੂੰ ਆਖਦਾ ਸੀ: ਸੁਪਨੇ ਸੁਪਨੇ ਹੁੰਦੇ ਹਨ, ਇਨ੍ਹਾਂ ਦੇ ਮਗਰ ਕੀਹ ਲਗਣਾ ਹੋਇਆ, ਪਰ ਚੇਤਾ ਆ ਹੀ ਜਾਂਦਾ ਸੀ। ਸਨੇ ਸਨੇ ਦੂਰ ਨਿਕਲ ਗਏ। ਰਾਜਾ ਇਕ ਹਰਨ ਦੇ ਮਗਰ ਲਗਾ ਸਾਰੇ ਸਾਥ ਤੋਂ ਦੂਰ ਚਲਾ ਗਿਆ ਤਾਂ ਥੱਕ ਕੇ ਇਕ ਰੁੱਖ ਹੇਠ ਬੈਠ ਗਿਆ। ਇਸਦੇ ਨੇੜੇ ਹੀ ਪਿੰਡ ਸੀ ਤੇ ਬਾਹਰ ਚੰਡਾਲਾਂ ਚੂਹੜਿਆਂ ਦੇ ਘਰ ਏਸੇ ਰੁਖ ਨੂੰ ਸਨ! ਇਕ ਦਸ ਕੁ ਬਰਸ ਦਾ ਇਨ੍ਹਾਂ ਦਾ ਮੁੰਡਾ ਰਰਾਜੇ ਨੂੰ ਤੱਕਦਾ ਰਿਹਾ, ਫੇਰ ਭੱਜ ਕੇ ਮਾਂ ਪਾਸ ਗਿਆ ਕਿ ਦੇਖ ਅੰਮਾਂ ਬਾਪੂ ਤਾਂ ਜੀਉਂਦਾ ਹੈ, ਸੁਹਣੇ ਕੱਪੜੇ ਪਾ ਕੇ ਬੈਠਾ ਹੋਇਆ ਹੈ, ਘੋੜਾ ਬੀ ਪਾਸ ਸੂ। ਮਾਂ ਨੇ ਆ ਕੇ ਡਿੱਠਾ ਤਾਂ ਉਸ ਦਾ ਪਤੀ ਹੈ। ਉਸ ਉੱਚੀ ਉੱਚੀ ਰੌਲਾ ਪਾਇਆ :- 'ਘਰ ਚੱਲ ਵੇ, ਕਿਥੋਂ ਮਲੂਕ ਬਣ ਆਇਆ ਹੈਂ?' ਗਲ ਕੀ ਸਾਰੇ ਟੱਬਰ ਵਿਚ ਰੌਲਾ ਪੈ ਗਿਆ, ਸਾਰੇ ਦੁਆਲੇ ਆ ਜੁੜੇ! ਸਾਰੇ ਕਹਿਣ 'ਘਰ ਚੱਲ ਤੂੰ!' ਰਾਜਾ ਬੀ ਦੇਖੇ ਕਿ ਓਹੋ ਟੱਬਰ ਹੈ ਜੋ ਸੁਪਨੇ ਵਿਚ ਡਿੱਠਾ ਸੀ ਕਿ ਮੇਰੇ ਘਰ ਜੰਮਿਆਂ ਪਲਿਆ ਹੈ। ਗੱਲ ਕੀਹ, ਘੇਰੇ ਪਾਉਣ ਵਾਲੇ ਉਤਾਵਲੇ ਹਨ ਘਰ ਲਿਜਾਣ ਨੂੰ, ਰਾਜਾ ਪਰੇਸ਼ਾਨ ਹੈ ਰਾਤ ਦੇ ਸੁਪਨੇ ਤੇ ਹੁਣ ਦੀ ਪ੍ਰਤੱਖ ਹਾਲਤ ਨੂੰ ਵੇਖ ਕੇ! ਬਥੇਰਾ ਆਖਦਾ ਹੈ, ਸਮਝਾਉਂਦਾ ਹੈ, ਡਰਾਉਂਦਾ ਹੈ, ਪਰ ਟੱਬਰ ਤੇ ਕੋਈ ਅਸਰ ਨਹੀਂ ਹੁੰਦਾ। ਇੰਨੇ ਨੂੰ ਸ੍ਰੀ ਗੁਰੂ ਜੀ ਤੇ ਸਾਰਾ ਡੇਰਾ ਪੁੱਜ ਪਿਆ। ਚੰਡਾਲ ਗੁਰੂ ਜੀ ਨੂੰ ਬੀ ਪਛਾਣਦੇ ਸਨ, ਪੁਕਾਰ ਉਠੇ : 'ਹੇ ਗੁਰ ਦਾਤੇ'! ਸਾਡਾ ਨਿਆਂ ਕਰੋ, ਦੇਖੋ ਟਬਰ ਭੁੱਖਾ ਪਿਆ ਮਰਦਾ ਹੈ; ਇਹ ਮੌਜਾਂ ਕਰਦਾ ਫਿਰਦਾ ਹੈ ਕਿਤੇ ਦਾ ਕਿਤੇ।'

ਸ੍ਰੀ ਗੁਰੂ ਜੀ ਨੇ ਫੁਰਮਾਇਆ : 'ਭਾਈ, ਤੁਹਾਡਾ ਪਿਆਰਾ ਜੋ ਮੋਇਆ ਹੈ, ਉਹ ਤੁਸਾਂ ਦੱਬਿਆ ਸੀ ਕਿ ਨਾਂ?' ਕਹਿਣ ਲਗੇ : 'ਜੀ ਹਾਂ, ਅਜੇ ਤ੍ਰੈ ਚਾਰ ਹੀ ਦਿਨ ਹੋਏ ਹਨ'। ਗੁਰੂ ਜੀ ਬੋਲੇ, 'ਚਲੋ ਕਬਰ ਫੋਲੀਏ ਜੇ ਤਾਂ ਉਹ ਉਥੇ ਨਹੀਂ ਪਿਆ ਹੋਇਆ, ਸਿਆਣ ਲੈਣਾਂ ਤੁਸਾਂ ਨੇ ਤਾਂ ਤਾਂ ਇਸ ਨੂੰ ਆਪਣਾ ਸਮਝਿਓ ਤੇ ਤਾਂ ਹੀ ਕੁਛ ਗਲ ਬਣੇਗੀ; ਤੇ ਜੇ ਤੁਹਾਡੇ ਮਰੇ ਦੀ ਲੋਥ ਉਥੇ ਸਾਮਰਤੱਖ ਪਈ ਹੋਈ ਤਾਂ ਤੁਸਾਡਾ ਇਹ ਭੁਲੇਵਾ ਹੋਵੇਗਾ ਕਿ ਇਕ ਰਿਆਸਤ ਦੇ ਰਾਜੇ ਦੀ ਸ਼ਕਲ ਮਿਲਣ ਕਰਕੇ ਉਸਨੂੰ ਤੁਸੀਂ ਦੁੱਖ ਦੇ ਰਹੇ ਹੋ, ਨਿਰ-ਅਪ੍ਰਾਧ ਨੂੰ। ਇਹ ਗਲ ਸਾਰਿਆਂ ਦੇ ਦਿਲ ਲਗੀ। ਸਾਰੇ ਗਏ, ਕਬਰ ਖੋਦੀ ਤਾਂ ਉਨ੍ਹਾਂ ਦੇ ਪਿਆਰੇ ਦੀ ਲੋਥ ਜਿਉਂ ਦੀ ਤਿਉਂ ਨਿਕਲ ਆਈ। ਤਦ ਸਾਰੇ ਸ਼ਰਮਿੰਦੇ ਹੋ ਕੇ ਮਾਫੀਆਂ ਮੰਗਦੇ ਪਿੰਡ ਨੂੰ ਚਲੇ ਗਏ। ਰਾਜ ਤੇ ਸ੍ਰੀ ਗੁਰੂ ਜੀ ਪਿਛੇ ਮੁੜੇ, ਸ਼ਾਮਾਂ ਵੇਲੇ ਡੇਰੇ ਪੁੱਜੇ। ਅਗਲੇ ਦਿਨ ਰਾਜੇ ਨੇ ਚਰਨਾਂ ਵਿਚ ਏਕਾਂਤ ਥਾਂਵੇਂ ਹਾਜ਼ਰ ਹੋ ਕੇ ਪੁਛਿਆ:- ਸਤਿਗੁਰੂ ਜੀਓ, ਮੇਰਾ ਸੁਪਨਾ ਕੀਹ ਸੀ, ਸੁਪਨਾ ਸਾਮਰਤੱਖ ਕਿਉਂ ਹੋ ਗਿਆ, ਫੇਰ ਸੁਪਨੇ ਦਾ ਸੁਪਨਾ ਹੋ ਕੇ ਕਲੇਸ਼ ਕਿਵੇਂ ਮਿਟ ਗਿਆ?

ਸ੍ਰੀ ਗੁਰੂ ਜੀ-ਰਾਜਨ! ਤੇਰੇ ਕੱਲ ਵਾਲੇ ਪ੍ਰਸ਼ਨ ਦਾ ਇਹ ਉਤ੍ਰ ਹੈ। ਤੇਰੇ ਕਰਮ ਇਸ ਯੋਗ ਸਨ ਕਿ ਚੰਡਾਲ ਗ੍ਰਿਹ ਜਨਮ ਹੋਵੇ। 'ਤਪਹੁੰ ਰਾਜ ਤੇ ਰਾਜੋਂ ਨਰਕ' ਆਮ ਕਹਾਵਤ ਹੈ। ਹੁਣ ਤੂੰ ਸੋਚ ਲੈ ਆਪਣੇ ਕੀਤੇ ਹੋਏ, ਉਨ੍ਹਾਂ ਦੇ ਫਲ ਵਿਚ ਜਨਮ ਭੁਗਤਣਾਂ ਸੀ। ਉਹ ਜਨਮ ਸੁਪਨੇ ਵਿਚ ਭੁਗਤ ਗਿਆ। ਸੁਪਨੇ ਦਾ ਕਸ਼ਟ ਹਰਜਾਨੀ ਸੀ, ਪਰ ਅਸਲੀ ਕਸ਼ਟ ਪ੍ਰਤੱਖ ਹੋ ਕੇ ਵਰਤ ਗਿਆ। ਫੇਰ ਦੇਖ, ਉਹ ਖੀ ਨਵਿਰਤ ਹੋ ਗਿਆ। ਜੋ ਕੁਛ ਭੋਗਿਆ ਗਿਆ ਉਹ 'ਲੇਖ' ਦੇਖ ਲੈ ਨਹੀਂ ਮਿਟਿਆ, ਹੋ ਕੇ ਰਿਹਾ। ਪਰ ਦੇਖ, ਜੋ ਜਨਮ ਹੋਕੇ ਬੀਤਣਾ ਸੀ ਉਹ ਕੁਛ ਘੜੀਆਂ ਵਿਚ ਕੁਛ ਸੁਤਿਆਂ ਤੇ ਕੁਛ ਜਾਗਦਿਆਂ ਸਚਮੁਚ ਵਾਂਙੂ ਹੋ ਕੇ ਲੰਘ ਗਿਆ, ਮਾਨੋ ਸਾਫ ਹੋ ਗਿਆ। ਐਉਂ, ਜੋ ਵਾਹਿਗੁਰੂ ਤੇ ਗੁਰੂ ਦੀ ਸ਼ਰਨ ਹੈ ਕਰਮਾਂ ਨੂੰ ਦਗਧ ਖੀ ਕਰਦੀ ਹੈ ਤੇ ਭੁਗਾ ਬੀ ਦੇਂਦੀ ਹੈ।

ਦੇਖ ਰਾਜਾ! ਕਰਮ ਅਸਾਂ ਜਨਮ ਧਾਰ ਕੇ ਕੀਤੇ ਹਨ, ਇਸ ਤਰ੍ਹਾਂ ਕਰਮ ਦਾ ਆਰੰਭ ਹੋ


www.sikhbookclub.com

ਗਿਆ। ਜਿਸ ਸ਼ੈ ਦਾ ਆਰੰਭ ਹੁੰਦਾ ਹੈ ਉਸ ਦਾ ਅੰਤ ਬੀ ਹੁੰਦਾ ਹੈ। ਜਿਸ ਦਾ ਆਦਿ ਨਹੀਂ, ਉਸ ਦਾ ਅੰਤ ਬੀ ਨਹੀਂ। ਤੁਸੀਂ ਕਰਮ ਨੂੰ ਅਜ਼ਲੀ, ਅਟੱਲ ਤੇ ਅਮਰ ਮੰਨਦੇ ਹੋ, ਇਹ ਠੀਕ ਨਹੀਂ। ਕਰਮ ਜੀਵ ਨੇ ਜਨਮ ਧਾਰਕੇ ਕੀਤੇ ਸੇ, ਅਗੋਂ ਸਿਲਸਿਲਾ ਟੁਰ ਪਿਆ। ਪਰ ਜੀਕੂੰ ਜਨਮ ਧਾਰਕੇ ਕਰਮ ਸ਼ੁਰੂ ਕੀਤਾ ਸੀ ਤਿਵੇਂ ਕਿਸੇ ਉਪਾ ਇਹ ਮੁੱਕ ਬੀ ਜਾਏਗਾ, ਕਿਉਂਕਿ ਮੁੱਕਣ ਵਾਲੀ ਸ਼ੈ ਹੈ। ਕਰਮਾਂ ਨਾਲ ਕਰਮਾਂ ਦਾ ਲੇਖਾ ਨਹੀਂ ਨਿੱਬੜਦਾ ਕਿਉਂਕਿ ਸਾਰੇ ਕਰਮ ਨੇਕ ਕੋਈ ਕਰ ਨਹੀਂ ਸਕਦਾ। ਪਹਿਲਾ ਜਨਮ ਹੁਕਮ ਕਰਕੇ ਹੋਇਆ ਸੀ। ਹੁਕਮ ਹੀ ਕੀਤੇ ਕਰਮਾਂ ਨੂੰ ਮੇਟਦਾ ਹੈ, ਕਿਵੇਂ? ਸਤਿ ਧਰਮ ਧਾਰਨ ਕਰਕੇ, ਸਚ ਤੇ ਯਤਨ ਕਰਦਿਆਂ। ਹੁਕਮ ਦੇਣ ਵਾਲੇ ਦੇ ਗੁਣ ਗਾਉਂਦਿਆਂ ਕਰਮਾਂ ਦੀ ਮੈਲ ਧੁਪਦੀ ਹੈ, ਉਸ ਨੂੰ ਯਾਦ ਕਰਦਿਆਂ ਮਨ ਉਸ ਨਾਲ ਖਹਿੰਦਾ ਹੈ, ਜਿਵੇਂ ਚੰਦਨ ਨਾਲ ਖਹਿੰਦਿਆਂ ਖੁਸ਼ਬੋ ਚੰਬੜਦੀ ਹੈ ਤਿਵੇਂ ਪਵਿੱਤ੍ਰ ਪ੍ਰਭੂ ਨਾਲ ਯਾਦ ਦੁਆਰਾ, ਚਿੰਤਨ ਦੁਆਰਾ ਖਹਿੰਦਿਆਂ ਪਵਿੱਤ੍ਰਤਾ ਲਗਦੀ ਹੈ। ਪਵਿਤ੍ਰਤਾ ਸਾਰੇ ਪਾਪਾਂ ਦੀ ਅਪਵਿਤ੍ਰਤਾ, ਤੇ ਸਾਰੇ ਕਰਮਾਂ ਦੇ ਲੇਖਾਂ ਨੂੰ ਧੋ ਕਢਦੀ ਹੈ। ਐਉਂ ਹੁੰਦੀ ਹੈ ਮਿਹਰ ਤੇ ਐਉਂ ਲਗਦੀ ਹੈ ਛੁਹ ਪਤਿਤ ਪਾਵਨ ਪਵਿਤ੍ਰ ਪ੍ਰਭੂ ਦੀ, ਕੀਤੇ ਕਰਮ ਮਿਟ ਜਾਂਦੇ ਹਨ ਰਾਜਨ! ਤਦੇ ਗੁਰੂ ਬਾਬੇ ਨੇ ਫੁਰਮਾਇਆ ਹੈ :-

ਲੋਕਾ ਮਤ ਕੋ ਫਕੜਿ ਪਾਇ॥
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥੧॥ਰਹਾਉ॥

(ਆਸਾ ਮਹਲਾ ੧-੩੨)

# ੯. ਸੁਧਾ-ਸਰ ਸੇਵਾ ਆਰੰਭ।

ਰਾਜਾ ਕੁਛ ਦਿਨ ਉਪਦੇਸ਼ ਵਿਚ ਪ੍ਰੱਪਕ ਹੋ ਕੇ ਆਪਣੇ ਦੇਸ਼ ਨੂੰ ਟਰ ਗਿਆ। ਹਰੀ ਮੰਦਰ ਦੀ ਉਸਾਰੀ ਦਾ ਪ੍ਰਬੰਧ ਜਾਰੀ ਸੀ ਤੇ ਰਾਜਾ ਦੇਖਦਾ ਸੀ। ਉਹ ਆਪਣੀ ਵਲੋਂ ਕੁਛ ਮਾਇਆ ਇਸ ਮੰਦਰ ਤੇ ਸਫਲੀ ਹੋਣ ਲਈ ਦੇ ਗਿਆ। ਬਾਹਰੋਂ ਬੀ ਹੁਣ ਮਾਯਾ ਖਾਸ ਮੰਦਰ ਵਾਸਤੇ ਆ ਰਹੀ ਸੀ। ਉਂਞ ਆਈ ਮਾਇਆ; ਜੋ ਲੰਗਰ ਤੋਂ ਬਚ ਰਹੇ, ਸਭ ਹਰਿ ਮੰਦਰ ਤੇ ਖਰਚ ਹੋਵੇ।

ਸਿੱਖ ਸੰਗਤਾਂ ਵਿਚ ਇਸ ਮੰਦਰ ਦੀ ਸੇਵਾ ਸੁਭਾਗ ਸਮਝੀ ਜਾਂਦੀ ਸੀ, ਇਸ ਕਰਕੇ ਨਾਮੀ ਨਾਮੀ ਸਿਖ ਆ ਜੁੜੇ। ਭਾਈ ਬੁੱਢਾ ਆਦਿ ਤਾਂ ਪਾਸ ਹੀ ਰਹਿੰਦੇ ਸਨ। ਕੁਛ ਹੋਰਨਾਂ ਦੇ ਨਾਮ ਬੀ ਪਿਛੇ ਦੱਸ ਆਏ ਹਾਂ। ਬਾਬਾ ਆਦਮ ਤੇ ਉਸ ਦੇ ਘਰ ਭਗਤੂ ਨਾਮੇ ਪੁਤ ਦੇ ਗੁਰੂ ਰਾਮਦਾਸ ਜੀ ਦੇ ਵਰ ਨਾਲ ਪੈਦਾ ਹੋਣ ਦਾ ਪ੍ਰਸੰਗ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਸੰਗਾਂ ਵਿਚ ਵਾਚ ਆਏ ਹਾਂ। ਇਹ ਭਗਤੂ ਸਚਮੁਚ ਦਾ ਭਗਤ ਨਿਕਲਿਆ। ਗੁਰੂ ਚਰਨਾਂ ਵਿਚ ਅਨਿੰਨ ਸ਼ਰਧਾ ਰਖਦਾ ਸੀ। ਇਹ ਸੁਣਕੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਤਾਲ ਪੱਕਾ ਕਰਨ ਲਗੇ ਹਨ ਤੇ ਵਿਚ ਮੰਦਰ ਉਸਾਰਨ ਲਗੇ, ਭਗਤੂ ਗੁਰੂ ਚਰਨਾ ਵਿਚ ਆ ਰਿਹਾ ਤੇ ਸੇਵਾ ਵਿਚ ਤਤਪਰ ਹੋ ਗਿਆ। ਹੋਰ ਕੁਛ ਨਾਮੀ ਸਿਖਾਂ ਦੇ ਨਾਮ, ਜੋ ਸੇਵਾ ਵਿਚ ਆ ਜੁੜੇ, ਇਸ ਪ੍ਰਕਾਰ ਹਨ :-ਮੰਝ, ਪਿਰਾਣਾ, ਪੁਰੀਆ, ਚੂਹੜ, ਚੌਧਰੀ, ਪੈੜਾ, ਕਿਸ਼ਨਾ, ਬਾਲਾ, ਸੁਘੜ, ਤਿਲੋਕਾ, ਸਮੁੰਦਾ, ਬੂਲਾ ਚੰਡੀਆ, ਤੁਲਸੀਆ, ਭਗੀਰਥ, ਕਲਜਾਣਾ, ਲਾਲੂ, ਬਾਲੂ, ਹਰੀ ਜਨ, ਗੋਖੂ, ਟੋਡਾ, ਝੰਝ, ਕਿਦਾਰੂ, ਗੋਇੰਦਾ, ਮੋਹਣਾ, ਕੁੱਕਾ, ਬਾਲਾ ਮਰਵਾਹਾ, ਜੋਧਾ ਧੁੱਟਾ।

ਇਹ ਤਾਂ ਕੁਛ ਨਾਂਮੀ ਸਿਖਾਂ ਦੇ ਨਾਮ ਹਨ। ਉਂਞ ਹਜ਼ਾਰਾਂ ਦੀ ਗੇਣਤੀ ਵਿਚ ਸੰਗਤਾਂ


www.sikhbookclub.com

ਆਉਂਦੀਆਂ ਤੇ ਸਰੋਵਰ ਦੀ ਸੇਵਾ ਕਰਕੇ ਕ੍ਰਿਤਾਰਥ ਹੁੰਦੀਆਂ। ਕੋਈ ਦੋ ਦਿਨ ਕੋਈ ਦਸ ਦਿਨ ਯਥਾ ਕਿਤਿ ਰਹਕੇ ਮੁੜ ਜਾਂਦੀਆਂ।

- ੦ -

## ੧੦. ਭਾਈ ਮੰਵ।

**ਭਾਈ** ਮੰਵ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਆਕੇ ਹੀ ਪਾਰਗਿਰਾਮੀ ਸਿਖ ਹੋਇਆ ਸੀ। ਇਹ ਪਹਿਲਾਂ ਸਖੀ ਸਰਵਰ ਦਾ ਉਪਾਸ਼ਕ ਸੀ। ਇਸ ਦੇ ਗਿਰਾਂ ਦੇ ਸਾਰੇ ਲੋਕ ਤੇ ਭਾਈ ਬੰਦ ਸਰਵਰੀਏ ਸਨ। ਇਸਨੇ ਕਿਧਰੇ ਗੁਰੂ ਬਾਣੀ ਸੁਣੀ ਤਾਂ ਸਰਵਰ ਵਾਲੀਆਂ ਖੇਡਾਂ, ਮੰਨ ਦੇਣੇ ਤੇ ਹੋਰ ਬਨਾਵਟਾਂ ਤੋਂ ਜੀ ਉੱਕ ਗਿਆ ਤੇ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਰਨ ਆਕੇ ਸਿਖੀ ਦਾ ਯਾਚਕ ਹੋਇਆ। ਸਤਿਗੁਰੂ ਜੀ ਨੇ ਸਾਰਾ ਹਾਲ ਸੁਣਕੇ ਕਿਹਾ :- ਭਾਈ ਤੇਰੇ ਲਈ ਸਿੱਖੀ ਧਾਰਨੀ ਕਸ਼ਟਾਂ ਦਾ ਮੁੱਲ ਲੈਣਾ ਹੋਵੇਗਾ। ਤੂੰ ਸਰਵਰੀਏ ਪਿੰਡ ਦਾ ਵਾਸੀ ਹੈਂ, ਜਦ ਉਨ੍ਹਾਂ ਦੀ ਰਹੁ ਰੀਤਿ ਛੋੜੀ ਤੇ ਸਿਖੀ ਮਰਿਯਾਦਾ ਧਾਰ ਲਈ ਤਾਂ ਸਭ ਤੇਰੇ ਵੈਰੀ ਹੋ ਜਾਣਗੇ। ਪਹਿਲੋਂ ਤਾਂ ਤੈਨੂੰ ਠੱਠੇ ਮਖੌਲ ਕਰਨਗੇ, ਫੇਰ ਬਿਰਾਦਰੀ ਵਿਚੋਂ ਛੇਕ ਦੇਣਗੇ, ਫੇਰ ਤੇਰਾ ਮਾਲ ਡੰਗਰ ਭੌਂ ਸਭ ਕੁਛ ਖੋਹ ਲੈਣਗੇ। ਸੋ ਤੂੰ ਆਪਣੇ ਲਈ ਇਤਨੇ ਕਸ਼ਟ ਕਿਉਂ ਸਹੇੜਦਾ ਹੈਂ?

ਮੰਵ-ਸਤਿਗੁਰੂ ਜੀਓ! ਮੈਨੂੰ ਕਲਜਾਣ ਦੀ ਲੋੜ ਹੈ, ਮੈਨੂੰ ਪੀਰ ਮੁਕਾਮ ਪੂਜਣ ਵਿਚ ਕੁਛ ਨਹੀਂ ਲੱਭਾ, ਸ਼੍ਰੀਣੀ ਦੇ ਦੇ, ਧੌਂਕਲਾ ਪਾ ਪਾ ਕੁਛ ਨਹੀਂ ਮਿਲਿਆ! ਮੈਂ ਹਿੰਦੂ ਹੋਕੇ ਮੁਸਲਮਾਨ ਪੀਰਾਂ ਦੇ ਮਗਰ ਰੁਲ ਰੁਲ ਸੱਖਣਾ ਰਿਹਾ ਹਾਂ! ਆਪਦੀ ਬਾਣੀ ਆਪ ਦੇ ਚਰਨਾਂ ਵਿਚ ਲੈ ਆਈ ਹੈ, ਅਪੇਦ ਦਰਸ਼ਨ ਠੰਢ ਪਾ ਗਏ ਹਨ, ਮੈਂ ਹੁਣ ਹੋਰ ਕਿਸੇ ਜੋਗਾ ਨਹੀਂ ਰਿਹਾ। ਮਿਹਰ ਕਰੋ ਤੇ ਸਿੱਖੀ ਦਾਨ ਬਖਸ਼ੋ।

ਸਤਿਗੁਰ ਨੇ ਫੇਰ ਸਮਝਾਇਆ : ਭਾਈ! ਸਿੱਖੀ ਕਲਜਾਣ ਦਾ ਮਾਰਗ ਹੈ, ਪਰ ਇਸਦੇ ਧਾਰਨ ਵਿਚ ਬਹੁਤ ਮੁਸ਼ਕਲਾਂ ਆਉਂਦੀਆਂ ਹਨ। ਕਈ ਵੇਰ ਲੋਕ ਕੁਟੰਬ ਨਾਲ ਤੋੜਨੀ ਪੈਂਦੀ ਹੈ, ਕਈ ਵੇਰ ਧਨ ਧਾਮ ਛੱਡਣੇ ਪੈਂਦੇ ਹਨ। ਫੇਰ ਵੀਚਾਰ ਕਰ ਲੈ!

ਮੰਝ-ਸਤਿਗੁਰੂ ਜੀ! ਤੇਰੀ ਮਿਹਰ ਨਾਲ ਸਭ ਹੱਲ ਹੋ ਜਾਊ। ਪਰ ਮੈਨੂੰ ਹੁਣ ਉਹ ਸੁਖ ਬਖਸ਼ ਦੇਹ ਜੋ ਤੇਰੇ ਬਚਨਾਂ ਵਿਚ ਹੈ, ਚਰਨੀਂ ਲਾ ਲੈ!

ਤਦ ਸਤਿਗੁਰ ਨੇ ਮਿਹਰ ਕਰਕੇ ਨਾਮ ਦਾਨ ਬਖਸ਼ਿਆ। ਮੰਝ ਗਦ ਗਦ ਹੋਕੇ ਆਪਣੇ ਪਿੰਡ ਗਿਆ। ਇਹ ਪਿੰਡ ਦਾ ਮੁਖੀਆ ਪੀਰ ਸੇਵਕ ਸੀ, ਇਸ ਦੇ ਘਰ ਪੀਰ ਮੁਕਾਮ ਸੀ, ਜੋ ਇਸਨੇ ਢਾਹ ਦੂਰ ਕੀਤਾ। ਇਸ ਪਰ ਲੋਕ ਨਾਰਾਜ਼ ਹੋਏ, ਨਿੰਦਾ ਹੋਈ, ਫੇਰ ਲਗੀ ਦੂਰ ਦੂਰ ਹੋਣ! ਅੰਤ ਲਿਖਿਆ ਹੈ ਕਿ :-

ਛੀਨ ਲੀਨ ਗ੍ਰਿਹ, ਧਨ, ਸਿਰਦਾਰੀ।
ਸਰਬ ਸ਼ਰੀਕਨ ਦੀਨ ਨਿਕਾਰੀ।

(ਗੁ: ਪ੍ਰ: ਸੂ: ਰਾਸ ੨, ੪੩-੪੧)

ਪੱਕੇ ਦਿਲ ਵਾਲਾ ਭਾਈ ਮੰਵ ਕਿਸੇ ਹੋਰ ਸ਼ਹਰ ਜਾ ਰਿਹਾ ਤੇ ਘਾਸ ਖੋਦਕੇ ਵੇਚੇ ਤੇ ਨਿਰਬਾਹ ਕਰੇ। ਇਸ ਕਿਰਤ ਕਮਾਈ ਵਿਚੋਂ ਬੀ ਕੁਛ ਭੇਟਾ ਸਤਿਗੁਰੂ ਜੀ ਦੇ ਲੰਗਰ ਲਈ ਰੱਖ ਲਵੇ। ਇਸ ਪ੍ਰਕਾਰ ਕੁਛ ਸਮਾਂ ਬੀਤਿਆ। ਅੰਤ ਇਹ ਗੁਰੂ ਨਗਰੀ ਵਿਚ ਆ ਰਿਹਾ ਤੇ ਕਾਰ ਇਹ ਆਰੰਭੀ ਕਿ ਜੰਗਲ ਵਿਚੋਂ ਲਕੜਾਂ ਦਾ ਭਾਰ ਵੱਢ ਕੇ ਲਿਆਉਣਾ ਤੇ ਗੁਰੂ ਕੇ ਲੰਗਰ ਵਿਚ ਪਾ ਦੇਣਾ। ਪ੍ਰਸਾਦਿ ਮਾਤ੍ਰ ਗੁਰੂ ਕੇ ਲੰਗਰੋਂ ਛਕ ਲੈਣਾ। ਫਿਰ ਇਸ ਨੇ ਲੰਗਰ ਦਾ ਭੋਜਨ ਛਕਣਾਂ ਬੀ ਛੋੜ ਦਿੱਤਾ।


www.sikhbookclub.com

ਲੱਕੜਾਂ ਦਾ ਭਾਰ ਲੰਗਰ ਵਿਚ ਲਿਆ ਪਾਉਣਾ, ਰੋਟੀ ਸਿੱਖਾਂ ਦੇ ਘਰਾਂ ਤੋਂ ਮੰਗ ਖਾਣੀ। ਬਾਕੀ ਸਾਰਾ ਵਕਤ ਸਿਮਰਨ ਵਿਚ ਨਿਮਗਨ ਬੈਠੇ ਰਹਿਣਾ। ਜਦ ਗੁਰੂ ਜੀ ਨੇ ਮੰਦਰ ਸਾਜਣਾ ਆਰੰਭੀ ਤਾਂ ਇਸਨੇ ਕੁਛ ਵਕਤ ਓਥੇ ਬੀ ਸਫਲ ਕਰਨਾ, ਇਸ ਤਰ੍ਹਾਂ ਨਾਮ ਬਾਣੀ ਦਾ ਰੰਗ ਚੜ੍ਹਦਾ ਗਿਆ। ਇਕ ਦਿਨ ਜੰਗਲੋਂ ਸੁੱਕੀਆਂ ਲੱਕੜਾਂ ਲਿਆ ਰਿਹਾ ਸੀ। ਹਨ੍ਹੇਰੀ ਚੜ੍ਹੀ, ਉਸ ਅੰਧਕਾਰ ਵਿਚ ਇਕ ਥਾਂ ਇਕ ਖੂਹ ਸੀ, ਜਿਸ ਵਿਚ ਔੜ ਲਗੀ ਹੋਣ ਕਰਕੇ ਪਾਣੀ ਥੋੜਾ ਸੀ, ਉਸ ਵਿਚ ਢੈ ਪਿਆ। ਅੱਧਾ ਤਾਂ ਪਾਣੀ ਵਿਚ ਖੜੋ ਗਿਆ ਤੇ ਜਤਨ ਏਹ ਕੀਤਾ ਕਿ ਲੱਕੜਾਂ ਦਾ ਭਾਰ ਸਿਰ ਤੇ ਹੀ ਰਹੇ, ਸੁੱਟਾਂ ਨਾਂ, ਜੇ ਭਿੱਜ ਗਈਆਂ ਤਾਂ ਰਾਤ ਗੁਰੂ ਕਾ ਲੰਗਰ ਕੀਕੂੰ ਪੱਕੇਗਾ। ਇਸ ਹਾਲ ਕੁਛ ਕਾਲ ਖੜਾ ਰਿਹਾ, ਬਾਣੀ ਦੀ ਮਿਠੀ ਸੁਰ ਵਿਚ ਧੁਨਿ ਲਗੀ ਰਹੀ ਤੇ ਮੰਨ ਅਡੋਲ ਰਿਹਾ ਕਿ ਕੋਈ ਵਿਧਿ ਬਣੇਗੀ ਤੇ ਲਕੜਾਂ ਗੁਰੂ ਕੇ ਲੰਗਰ ਅੱਪੜਨਗੀਆਂ।

ਕਿਤੇ ਨੇੜੇ ਹੀ ਗੁਰੂ ਅਰਜਨ ਦੇਵ ਜੀ ਆਏ ਹੋਏ ਸਨ। ਹਨੇਰੀ ਦਾ ਪਹਿਲਾ ਝੋਕਾ ਲੰਘ ਚੁਕਾ ਸੀ ਤੇ ਕੁਛ ਹੰਭ ਗਈ ਸੀ ਕਿ ਗੁਰੂ ਜੀ ਉਤਾਵਲੇ ਹੋ ਪਲੰਘ ਤੋਂ ਨੰਗੇ ਪੈਰੀਂ ਕਾਹਲੀ ਕਾਹਲੀ ਟੁਰ ਪਏ, ਸਿਖ ਨਾਲ ਹੋ ਟੁਰੇ, ਇਕ ਜੁੱਤੀ ਲੈ ਕੇ ਮਗਰ ਭੰਨਾ। ਆਖਣ ਮਹਾਰਾਜ! ਸਾਨੂੰ ਸੇਵਾ ਦੱਸੋ ਆਪ ਕਿਉਂ ਔਖੇ ਹੋ ਰਹੇ ਹੋ, ਕਾਰਜ ਦੱਸੋ। ਤਦ ਗੁਰੂ ਜੀ ਇੰਨਾਂ ਕਹਿੰਦੇ 'ਰੱਸੇ ਲਿਆਓ' ਆਪ ਭੱਜੀ ਗਏ। ਕੁਛ ਚਿਰ ਵਿਚ ਸਿਖ ਘੋੜੀ ਤਯਾਰ ਕਰਕੇ ਬੀ ਮਗਰ ਹੋ ਟੁਰੇ ਪਰ ਆਪ ਵਾਹੋ ਦਾਹੀ ਨੰਗੇ ਪੈਰੀ ਚਲੇ ਹੀ ਗਏ। ਇਸ ਤਰ੍ਹਾਂ ਇਸ ਖੂਹ ਤੇ ਪੁੱਜੇ ਤੇ ਝਾਤੀ ਮਾਰੀ; ਫੇਰ ਨਾਲ ਆਏ ਸਿਖਾਂ ਨੂੰ ਹੁਕਮ ਹੋਇਆ : ਰੱਸਾ ਲਟਕਾਓ। ਸਿਖਾਂ ਨੇ ਰੱਸਾ ਲਟਕਾਇਆ ਤੇ ਬਚਨ ਕੀਤਾ : ਸਿੱਖਾ! ਰੱਸਾ ਫੜ ਲੈ ਘੁੱਟ ਕੇ ਤੇ ਉਪਰ ਚੜ੍ਹ ਆ। ਮੰਝ ਨੇ ਅਵਾਜ਼ ਦਿਤੀ:- ਪਹਿਲਾਂ ਰੱਸੇ ਪਾਕੇ ਲੱਕੜਾਂ ਦਾ ਭਾਰ ਖਿਚਵਾ ਲਓ, ਜੋ ਲਕੜਾਂ ਸੁੱਕੀਆਂ ਬਾਹਰ ਅੱਪੜ ਜਾਣ, ਫੇਰ ਮੈਨੂੰ ਕੱਢਣਾ : ਇਸ ਤਰ੍ਹਾਂ ਰੱਸਾ ਲਮਕਿਆ, ਇਕ ਸਿਆਣਾ ਦੂਜੇ ਰੱਸੇ ਨਾਲ ਲਟਕਿਆ, ਉਸ ਨੇ ਭਾਰ ਨਾਲ ਰੱਸਾ ਬੱਧਾ ਤੇ ਆਪ ਆਪਣੇ ਰੱਸੇ ਨਾਲ ਉਪਰ ਚੜ੍ਹ ਗਿਆ ਜਿਵੇਂ ਟੋਭੇ ਰੱਸੇ ਫੜਕੇ ਖੂਹਾਂ ਵਿਚ ਉਤਰਦੇ ਚੜ੍ਹਦੇ ਹਨ। ਉਪਰ ਖੜਿਆਂ ਨੇ ਲਕੜਾਂ ਉਪਰ ਖਿੱਚ ਕੇ ਹੁਣ ਰੱਸਾਫੇਰ ਲਮਕਾਇਆ ਤਾਂ ਮੰਝ ਉਸ ਰੱਸੇ ਨੂੰ ਫੜਕੇ ਚੰਬੜ ਗਿਆ, ਤਦ ਉਪਰ ਵਾਲਿਆਂ ਨੇ ਖਿੱਚ ਖਿੱਚ ਕੇ ਉਸਨੂੰ ਬਾਹਰ ਕੱਢ ਲਿਆ। ਮੰਝ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦ ਉਸਨੇ ਸਤਿਗੁਰੂ ਜੀ ਓਥੇ ਖੜੇ ਵੇਖੇ। ਪੁਲਕਾਵਲੇ ਤੇ ਗਦ ਗਦ ਹੁੰਦਾ ਚਰਨਾਂ ਨੂੰ ਚੰਬੜ ਗਿਆ, ਧੰਨ ਧੰਨ, ਧੰਨ ਧੰਨ ਆਖਦਾ ਬਿਹਬਲ ਹੋ ਗਿਆ, ਸਤਿਗੁਰਾਂ ਨੇ ਸਿਰ ਚਾਕੇ ਛਾਤੀ ਨਾਲ ਲਾਇਆ, ਕੰਡੀ ਤੇ ਹੱਥ ਫੇਰਿਆ ਤੇ ਆਪ ਦ੍ਰਵੀ ਭੂਤ ਹੁੰਦਿਆਂ ਕਿਹਾ : 'ਮੰਗ, ਕੁਛ ਮੰਗ, ਮੰਝ ਮੰਗ।' ਜਦ ਬਾਰ ਬਾਰ ਗੁਰੂ ਦਾਤੇ ਨੇ ਕਿਹਾ : 'ਮੰਗ' ਤਾਂ ਮੰਝ ਨੇ ਮੰਗ ਕੀਤੀ :-

'ਹੇ ਦਾਤਾ! ਮਿਹਰ ਕਰ, ਸਭ ਕਿਸੇ ਤੋਂ ਅਜਾਚੀ ਤੇ ਅਮੰਗ ਰਹਾਂ,
ਸਤਜਨਾਮ ਬਿਨਾਂ ਮੇਰੀ ਮੰਗ ਕੋਈ ਨਾ ਰਹੇ, ਉਹ ਬੀ ਆਪ ਤੋਂ,
ਆਪ ਦੇ ਚਰਨ ਮੇਰੇ ਹਿਰਦੇ ਵਿਚ ਸਦਾ ਚਮਕਦੇ ਰਹਿਣ।

ਗੁਰੂ ਜੀ ਨੇ ਤ੍ਰੈ ਵੇਰ ਫੁਰਮਾਯਾ :- ਤਥਾਸਤੂ, ਐਸਾ ਹੀ ਹੋਵੇਗਾ। ਫੇਰ ਬੋਲੇ ਕੁਛ ਹੋਰ ਮੰਗ। ਤਾਂ ਮੰਝ ਬੋਲਿਆ : ਪਾਤਸ਼ਾਹ ਸਿੱਖੀ ਕਠਨ ਹੈ, ਸਭ ਕੋਈ ਇਸਦੇ ਤਾਉ ਨਹੀਂ ਝੱਲ ਸਕਦਾ, ਇਨ੍ਹਾਂ ਕਠਨਾਈਆਂ ਨੂੰ ਸਭ ਸੰਗਤਾਂ ਲਈ ਸੁਖੱਲਾ ਕਰ ਦਿਓ। ਦਾਤਾ ਮੇਰੇ!

ਗੁਰੂ ਜੀ ਸੰਗਤਾਂ ਲਈ ਇਹ ਅਰਦਾਸ ਸੁਣਕੇ, ਮੰਝ ਦੀ ਸਰਬੱਤ ਦੇ ਭਲੇ ਦੀ ਬ੍ਰਿਤੀ ਨੂੰ ਸਿਆਣਦੇ, ਹੋਰ ਨਰਮੀ ਵਿਚ ਆ ਗਏ ਤੇ ਫੁਰਮਾਨ ਕੀਤਾ :-

ਬਹੁਤ ਅੱਛਾ ਮੰਝ! ਪਰ ਇਕ ਗਲ ਸਮਝ ਲੈ, ਸੋਨੇ ਵਿਚ ਮਿਲੇ ਖੋਟ ਕਸਵੱਟੀ ਤੇ ਲਾਕੇ ਪਰਖੀਦੇ ਹਨ ਤੇ ਅਗਨੀ ਦਾ ਤਾ ਦੇ ਦੇ ਕੇ ਕੱਢੀਦੇ ਹਨ। ਜੋ ਸਿਖ ਪੂਰਨ ਸੁਧ ਕਰਕੇ ਨਿਜ ਸਰੂਪ

ਬਣਾਈਦੇ ਹਨ ਓਹ ਸੁਧ ਕਰੀਦੇ ਹਨ, ਓਹ ਸੋਧਨਾ ਕਸ਼ਟ ਨਹੀਂ ਹੁੰਦੀ। ਹਾਂ ਮੰਞ! ਹੋਰ ਮੰਗ ਤਾਂ ਮੰਞ ਨੇ ਕਿਹਾ :-

ਦਾਨ ਦੇਹੋ ਸਿਦਕ, ਸਿਦਕ, ਸਿਦਕ।

ਤਦ ਸ੍ਰੀ ਮੁਖ ਥੀਂ ਬੋਲੇ :-

ਮੰਞ ਪਿਆਰਾ ਗੁਰੂ ਨੂੰ, ਗੁਰ ਮੰਞ ਪਿਆਰਾ।
ਮੰਞ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ। (ਗੁ: ਪ੍ਰ: ਸੂ: ਰਾਸਿ ੨:੪੫-੫੭)

ਇਸ ਪ੍ਰਕਾਰ ਮੰਞ ਦਾ ਨਾਂ ਕੇਵਲ ਉਧਾਰ ਹੋਇਆ, ਉਹ ਜਗਤ ਨੂੰ ਨਿਸਤਾਰਣੇ ਵਾਲਾ ਗੁਰਮੁਖ ਬਣਾ ਦਿਤਾ ਗਿਆ। ਗੁਰੂ ਕੀ ਆਗਯਾ ਪਾ ਕੇ ਮੰਞ ਹੁਣ ਉਥੇ ਗਿਆ ਜਿਥੇ ਗੁਰੂ ਦਰ ਆਉਣ ਤੋਂ ਪਹਿਲੇ ਆਪਣੀ ਇਸਤ੍ਰੀ ਪਰਿਵਾਰ ਨੂੰ ਛੋੜ ਆਇਆ ਸੀ। ਪਤਾ ਰਹੇ ਕਿ ਪਿੰਡੋਂ ਧੱਕੇ ਜਾਣ ਬਾਦ ਉਹ ਕਿਸੇ ਨਗਰ ਜਾ ਰਿਹਾ ਸੀ ਤੇ ਘਾਹ ਕੱਟ ਵੇਚਕੇ ਗੁਜ਼ਾਰਾ ਕਰਦਾ ਰਿਹਾ ਸੀ। ਜਦ ਗੁਰੂ ਦਰ ਜਾਣੇ ਦਾ ਸੰਕਲਪ ਕੀਤਾ ਤਾਂ ਇਸਤ੍ਰੀ ਨੂੰ ਕਿਸੇ ਸਰਦੇ ਪੁਜਦੇ ਸ਼ਰੀਫ ਘਰਾਣੇ ਵਿਚ ਟਹਿਲਣ ਦੀ ਨੌਕਰੀ ਤੇ ਲਾ ਆਇਆ ਸੀ। ਇਹ ਸੁਭਾਗ ਬੀਬੀ ਦਿਨ ਭਰ ਸੇਵਾ ਕਰਕੇ ਜੋ ਤਨਖਾਹ ਲੈਂਦੀ ਸੀ ਉਸਤੇ ਗੁਜ਼ਾਰਾ ਕਰਦੀ ਤੇ ਬੱਚੇ ਪਾਲਦੀ ਸੀ। ਇਹ ਬੀ ਆਪਣਾ ਵਿਹਲਾ ਸਮਾਂ ਭਜਨ ਵਿਚ ਲਾਉਂਦੀ ਸੀ।

ਹੁਣ ਮੰਞ ਗੁਰੂ ਹੁਕਮ ਪਾ ਕੇ ਇਸ ਦੇ ਪਾਸ ਗਿਆ, ਸੰਗਤਾਂ ਵਿਚ ਇਸਦਾ ਜਸ ਫੈਲ ਗਿਆ। ਇਹ ਬੜਾ ਭਾਰੀ ਗੁਰਮੁਖ ਬਖਸ਼ਿਸ਼ ਵਾਲਾ ਬੰਦਾ ਹੋਇਆ। ਸਿਖੀ ਦਾ ਇਸਨੇ ਬੜਾ ਪ੍ਰਚਾਰ ਕੀਤਾ। ਇਸ ਦੇ ਲੰਗਰ ਚਲਦੇ ਤੇ ਨਾਮ ਦੇ ਅਮਿਤ ਦਾਨ ਹੁੰਦੇ[1]।

**ਸੂਚਨਾ**-ਭਾਈ ਮੰਞ ਦਾ ਸਭ ਤੋਂ ਪੁਰਾਣਾ ਲਿਖਤੀ ਹਾਲ ਸਿੱਖਾਂ ਦੀ ਭਗਤ ਮਾਲ ਵਿਚ ਹੈ ਜੋ ਗੁਰ ਪ੍ਰਤਾਪ ਸੂਰਜ ਗ੍ਰੰਥ ਤੋਂ ਪਹਿਲੇ ਦੀ ਸ਼ੈ ਹੈ। ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਦੋ ਵੇਰ ਅਪਣੇ ਦਾਸ ਨੂੰ ਹੁਕਮਨਾਮਾ ਦੇਕੇ ਮੰਞ ਪਾਸ ਅਜ਼ਮਾਯਸ਼ ਵਾਸਤੇ ਘੱਲਿਆ ਤੇ ਉਸਨੇ ਰੁਪਏ ਮੰਗੇ। ਸਿਖਾਂ ਦੀ ਭਗਤ ਮਾਲ ਵਿਚ ਇਹ ਦੁਏ ਪ੍ਰਸੰਗ ਨਹੀਂ ਹਨ। ਤੇ ਉਹ ਪੁਸਤਕ ਸੂਰਜ ਪ੍ਰਕਾਸ ਤੋਂ ਪਹਿਲਾਂ ਦੀ ਲਿਖਤ ਹੈ।

ਮੰਞ ਯਾ ਮੰਜ ਗੋਤ ਹੈ ਰਾਜਪੂਤਾਂ ਦਾ। ਪ੍ਰਸਿੱਧ ਭਾਈ ਮੰਞ ਦਾ ਨਾਮ ਸੀ ਤੀਰਥਾ। ਕਿਉਂਕਿ ਸ੍ਰੀ ਗੁਰੂ ਜੀ ਦੇ ਹੋਰ ਕਈ ਸਿਖ ਤੀਰਥਾ ਨਾਮ ਦੇ ਹੋਏ ਹਨ, ਇਸ ਕਰਕੇ ਇਸਦੇ ਨਾਮ ਨਾਲ ਮੰਞ ਇਸ ਦੇ ਗੋਤ ਦਾ ਨਾਮ ਲਾਇਆ ਗਿਆ, ਅਖੀਰ ਮੰਞ ਹੀ ਮੰਞ ਰਹਿ ਗਿਆ। ਇਸ ਮਹਾਂ ਪੁਰਖ ਦਾ ਟਿਕਾਣਾ ਅਜੇ ਤਕ ਹੈ, ਜੋ ਹੁਸ਼ਿਆਰ ਪੁਰ ਦੇ ਇਲਾਕੇ ਵਿਚ ਹੈ, ਨਾਮ ਹੈ ਕੰਗ ਮਾਈ[2]। ਪਤਾ ਚਲਦਾ ਹੈ ਕਿ ਭਾਈ ਮੰਞ ਨੇ ਗੁਰਮੁਖ ਪਦਵੀ ਪਾ ਕੇ ਗੁਰੂ ਆਗਯਾ ਵਿਚ ਏਥੇ ਡੇਰੇ ਲਾਏ, ਨਾਮ ਬਾਣੀ ਦਾ ਪ੍ਰਚਾਰ ਕੀਤਾ ਤੇ ਦੇਗ ਚਲਾਈ। ੧੬੫੧ ਦੇ ਲਗਪਗ ਸ੍ਰੀ ਗੁਰੂ ਜੀ ਕੰਗ ਮਾਈ ਆਪ ਆਏ ਤੇ ਭਾਈ ਮੰਞ ਦੇ ਕੰਮ ਤੇ ਖੁਸ਼ ਹੋਕੇ ਹੋਰ ਬਰਕਤਾਂ ਬਖਸ਼ੀਆਂ। ਉਸ ਟਿਕਾਣੇ ਜਿਥੇ ਸਤਿਗੁਰੂ ਜੀ ਟਿਕੇ ਸਨ ਗੁਰਦੁਆਰਾ ਹੁਣ ਤਕ ਕਾਇਮ ਹੈ। ਭਾਈ ਮੰਞ ਦੀ ਸਮਾਧ ਬੀ ਏਸੇ ਪਿੰਡ ਹੈ। ਸਿਖਾਂ

---

੧. ਅੰਮ੍ਰਿਤਸਰ ਦੇ ਚਾਟੀਵਿੰਡ ਦੇ ਦਰਵਾਜ਼ਿਓਂ ਜੋ ਸੜਕ ਤਰਨ ਤਾਰਨ ਨੂੰ ਜਾਂਦੀ ਹੈ ਜਿਥੇ ਵਡੀ ਨਹਿਰ ਇਸ ਸੜਕ ਹੇਠੋਂ ਲੰਘਦੀ ਹੈ, ਉਸ ਨਹਿਰ ਦੇ ਕੋਲਵਾਰ ਖੂਹ ਹੈ ਜਿਸਨੂੰ ਭਾਈ ਮੰਞ ਦਾ ਇਹੋ ਖੂਹ ਦੱਸਦੇ ਹਨ! ਤਦੋਂ ਇਸ ਵਿਚ ਪਾਣੀ ਘੱਟ ਸੀ, ਹੁਣ ਨਹਿਰ ਪਾਸੋਂ ਲੰਘਣ ਕਰਕੇ ਪਾਣੀ ਬਹੁਤ ਹੈ।

੨. ਕੰਗ ਮਾਈ ਪਿੰਡ ਹੁਸ਼ਿਆਰ ਪੁਰ ਦੀ ਤਸੀਲ ਵਿਚ ਹੈ, ਹਰਜਾਣੇ ਦੀ ਸੜਕ ਉੱਤੇ, ਜੋ ਪੱਕੀ ਹੈ, ਅਗੋਂ ਦੋ ਕੁ ਮੀਲ ਕੱਚੀ ਹੈ।

 www.sikhbookclub.com

ਦੀ ਭਗਤ ਮਾਲਾ ਵਿਚ ਭਾਈ ਮੰਞ ਇਕੱਲਾ ਗੁਰੂ ਕੀ ਸ਼ਰਨ ਨਹੀਂ ਸੀ ਆਇਆ, ਇਸਦੇ ਨਾਲ ਦੋ ਹੋਰ ਆਏ ਸਨ-ਪੁੰਨੂ ਤੇ ਪੀਰਾਣਾ। ਇਹ ਤ੍ਰੈਏ ਸਖੀ ਸਰਵਰ ਦੇ ਮੁਰੀਦ ਸਨ। ਤ੍ਰੈਏ ਸਿਖ ਬਣੇ ਤੇ ਪੂਰਨ ਸਿਖ ਹੋਏ। ਪੀਰਾਣਾ ਨੂੰ ਬੀ ਇਹ ਵਰ ਮਿਲਿਆ ਸੀ : 'ਤੁਸਾਨੂੰ ਸਿਦਕ ਹੋਵੇਗਾ, ਨਾਲੇ ਤੁਸਾਡਿਆਂ ਮਿਲਿਆਂ ਹੋਰਨਾਂ ਨੂੰ ਸਿਦਕ ਹੋਵੇਗਾ'।

# ੧੧. ਭਾਈ ਬਹੋੜਾ।

ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਦੇ ਦਿਨਾਂ ਵਿਚ ਸਤਿਗੁਰ ਕੁਛ ਦਿਨਾਂ ਲਈ ਕਿਸੇ ਸਾਂਗੇ ਗੋਇੰਦਵਾਲ ਆਏ। ਏਥੇ ਬੀ ਪਿੱਛੇ ਦੱਸੀ ਨਿੱਤ ਕ੍ਰਿਯਾ ਵਾਂਙੂ ਹੀ ਸਭ ਕਾਰਜ ਹੁੰਦੇ ਸਨ। ਇਕ ਦਿਨ ਆਸਾ ਦੀ ਵਾਰ ਹੋ ਚੁਕੀ ਸੀ, ਦਰਬਾਰ ਲਗ ਰਿਹਾ ਸੀ ਕਿ ਇਕ ਆਦਮੀ ਆ ਨਿਕਲਿਆ, ਪਹਿਲੋਂ ਰੱਜ ਕੇ ਦਰਸ਼ਨ ਕੀਤੋਸੁ, ਫੇਰ ਚਰਨਾਂ ਤੇ ਮੱਥਾ ਧਰ ਦਿੱਤੋਸੁ; ਛੁੰਹਦਿਆਂ ਹੀ ਕੰਬ ਗਿਆ। ਫੇਰ ਕੁਛ ਵਿੱਥ ਤੇ ਖੜੋ ਕੇ ਦਰਸ਼ਨ ਕਰਦਾ ਰਿਹਾ। ਇੰਨੇ ਨੂੰ ਸਤਿਗੁਰ ਨੇ ਆਵਾਜ਼ ਦਿੱਤੀ : 'ਓ ਬਹੋੜੇ ਕੀਹ ਕਿਰਤ ਕਰਦਾ ਹੁੰਦਾ ਹੈਂ, ਭਾਈ?' ਬਹੋੜਾ ਸੁਣ ਕੇ ਫੇਰ ਕੰਬਿਆ, ਹੱਥ ਜੋੜ ਬੋਲਿਆ : ਹੇ ਸੱਚੇ ਗੁਰੂ! ਮੈਂ ਸੁਨਿਆਰੇ ਦੀ ਕਿਰਤ ਕਰਦਾ ਹੁੰਦਾ ਹਾਂ।'

ਗੁਰੂ ਜੀ-ਧਰਮ ਕਿਰਤ-ਕਰਦਾ ਹੈਂ ਕਿ ਖੋਟ ਪਾਉਂਦਾ ਤੇ ਪਹੇਮਾਨਗੀਆਂ ਬੀ ਕਰਦਾ ਹੈਂ? ਸਚ ਬੋਲੀਂ!

ਬਹੋੜਾ ਫੇਰ ਕੰਬਿਆ, ਐਤਕੀਂ ਨੈਣੀਂ ਨੀਰ ਬੀ ਭਰ ਆਇਆ ਤੇ ਥਿੜਕਦੀ ਅਵਾਜੇ ਬੋਲਿਆ : ਹੇ ਸਤਿਗੁਰੂ! ਮਜ਼ੂਰੀ ਖਰੀ ਕਰਕੇ ਪੂਰੀ ਲੈਂਦਾ ਹਾਂ, ਪਰ ਜੋ ਚੀਜ਼ ਘੜਕੇ ਦੇਂਦੇ ਹਾਂ ਉਸ ਵਿਚ ਖੋਟ ਬੀ ਪਾ ਦੇਂਦਾ ਹਾਂ ਜੋ ਸਿਆਣ ਨਹੀਂ ਹੁੰਦਾ; ਇਉਂ ਧਨ ਕਾਫੀ ਮਿਲ ਜਾਂਦਾ ਹੈ। ਮਾਰੋ ਚਾਹੇ ਰਖੋ, ਸੱਚ ਦਾ ਹੁਕਮ ਸੁਣ ਮਨ ਸ਼ਰਮਾਂਦੇ ਸੱਚ ਬਕ ਦਿੱਤਾ ਹੈ।

ਗੁਰੂ ਜੀ-ਇਹ ਤਾਂ ਭਾਈ ਅਧਰਮ ਹੈ।

ਬਹੋੜਾ-ਸਾਡਾ ਪਿਤਾ ਪਿਤਾਮਾ ਤੋਂ ਸੁਭਾ ਹੋ ਗਿਆ ਹੈ ਖੋਟ ਜ਼ਰੂਰ ਪਾਉਣਾ, ਧਰਮ ਅਧਰਮ ਕੋਈ ਨਹੀਂ ਵਿਚਾਰੀਦਾ।

ਗੁਰੂ ਜੀ-ਜੋ ਕੁਛ ਕਰੀਦਾ ਹੈ ਉਸਦੇ ਸੰਸਕਾਰ ਮਨ ਅੰਦਰ ਡੂੰਘੇ ਥਾਂ ਜਮਾਂ ਰਹਿੰਦੇ ਹਨ। ਖੋਟ ਕੀਤੇ ਦੇ ਖੋਟੇ ਸੰਸਕਾਰ ਰਹਿੰਦੇ ਹਨ, ਓਹੀ ਜੀਉਂਦੇ ਮੋਏ ਦੁਖ ਦਾਤੇ ਹੁੰਦੇ ਹਨ, ਕਾਲ ਚੱਕ੍ਰ ਵਿਚ ਭੁਆਉਂਦੇ ਹਨ।

ਬਹੋੜਾ-ਪਾਤਸ਼ਾਹ ਮਿਹਰ ਕਰੋ, ਕੱਢੋ ਇਸ ਗੇੜ ਵਿਚੋਂ।

ਗੁਰੂ ਜੀ-ਕੁਕਰਮਾਂ ਦਾ ਤਿਆਗ ਕਰ। ਜੇ ਮੱਲੋ ਮੱਲੀ ਹੋਵੇ ਫੇਰ ਤਿਆਗ ਕਰ। ਹਾਰ ਨਾ ਤੇ ਬਣੇ ਖੋਟੇ ਸੁਭਾਵ ਨੂੰ ਜਤਨ ਲਾ ਲਾ ਜਿੱਤੀ ਜਾਹ; ਜਿਵੇਂ ਜਾਲ ਫਸਿਆ ਮਗਰਮੱਛ ਜਤਨ ਲਾ ਲਾ ਜਾਲ ਕੱਟ ਦੇਂਦਾ ਹੈ। ਕਿਰਤ ਧਰਮ ਦੀ ਕਰ, ਕੋਈ ਕਿਰਤ ਕਰ ਪਰ ਧਰਮ ਦੀ ਕਿਰਤ ਕਰ। ਪਿਛਲੇ ਕੱਠੇ ਹੋਏ ਖੋਟੇ ਸੰਸਕਾਰਾਂ ਨੂੰ ਅੰਦਰੋਂ ਕੱਢ।

ਬਹੋੜਾ-ਕਿਵੇਂ ਦਾਤਾ ਜੀਓ?

ਗੁਰੂ ਜੀ-ਵਾਹਿਗੁਰੂ ਜੀ ਦਾ ਸਿਮਰਨ ਕਰ।


www.sikhbookclub.com

ਬਹੋੜਾ-ਸਤਿ ਬਚਨ। ਮਹਾਰਾਜ! ਜੇ ਸਿਮਰਨ ਵਿਚ ਚਿਤ ਨਾ ਲਗੇ ਤਾਂ ਕੀਹ ਕਰਾ ਜੀਓ!

ਗੁਰੂ ਜੀ-ਸਤਿਸੰਗਤ ਕਰ। ਕੀਰਤਨ ਸੁਣ। ਗੁਰਬਾਣੀ ਪੜ੍ਹਕੇ ਵੀਚਾਰ।

ਬਹੋੜੇ ਨੇ ਹੁਣ ਫੇਰ ਚਰਨਾਂ ਤੇ ਸਿਰ ਧਰ ਦਿਤਾ ਤੇ ਇਹ ਵੀਚਾਰਿਆ ਕਿ ਮੈਂ ਅਪਣਾ ਨਵਾਂ ਜੀਵਨ ਬਨਾਵਾਂ ਤੇ ਸਤਿਸੰਗ ਵਿਚ ਰਹਿਕੇ ਹੀ ਆਪਾ ਬਦਲਾਵਾਂ; ਸੋ ਗੁਰੂ ਕੀ ਸੰਗਤ ਵਿਚ ਰਹਿ ਪਿਆ। ਇਹ ਗੁਰੂ ਜੀ ਦੇ ਪਾਸ ਰਿਹਾ, ਹਰੀ ਮੰਦਰ ਦੀ ਸੇਵਾ ਵਿਚ ਲਗ ਪਿਆ। ਇਸ ਦੀ ਸੱਚੀ ਘਾਲ ਪਰ ਰੀਝ ਕੇ ਗੁਰੂ ਜੀ ਨੇ ਨਾਮ ਦਾਨ ਦਾ ਰਸ ਪ੍ਰਦਾਨ ਕੀਤਾ। ਇਸਨੇ ਨਾਮ ਦੀ ਘਾਲ ਐਸੀ ਕੀਤੀ ਕਿ ਸਤਿਗੁਰਾਂ ਨੇ ਪਰਮ ਪਦ ਬਖਸ਼ਿਆ, ਗੁਰਮੁਖ ਬਣਾ ਦਿਤਾ। ਹੁਕਮ ਦਿੱਤਾ : ਹੁਣ ਘਰ ਜਾਓ ਤੇ 'ਨਾਮ ਦਾ ਜੀਵਨ' ਬਸਰ ਕਰੋ! ਬਹੋੜੇ ਅਰਦਾਸ ਕੀਤੀ : ਕਿੱਤਾ ਕੀਹ ਕਰਾਂ? ਗੁਰੂ ਜੀ ਬੋਲੇ : ਹੁਣ ਕਿਰਤ ਜਗਤ ਨਿਸਤਾਰਨ ਦੀ ਕਰੋ। ਮੇਰੇ ਨਮਿਤ ਅਪਣੇ ਘਰ ਵਿਚ ਆਏ ਗਏ ਭੁਖੇ ਕੰਗਾਲ ਲੋੜਵੰਦ ਨੂੰ ਅੰਨ ਦਿਓ। ਸਿਖੀ ਵਿਚ ਕਾਯਮ ਰਹੋ, ਦੁਖ ਸੁਖ ਵਿਚ ਭਾਣਾ ਮੰਨੋ, ਭਾਣੇ ਦੇ ਸਾਂਈਂ ਨਾਲ ਸਦਾ ਜੁੜੇ ਰਹੋ। ਦਾਤਾ, ਪ੍ਰਭੂ ਆਪ ਹੈ, ਦੇਵੇਗਾ।

ਇਸ ਪ੍ਰਕਾਰ ਗੋਇੰਦਵਾਲ ਵਿਚ ਕੁਛ ਚਿਰ ਠਹਿਰੇ ਤੇ ਸੰਗਤਾਂ ਦੇ ਉਧਾਰ ਕੀਤੇ; ਫੇਰ ਹਰਿਮੰਦਰ ਦੀ ਕਾਰ ਸੇਵਾ ਲਈ ਗੁਰੂ ਕੀ ਨਗਰੀ ਆ ਬਿਰਾਜੇ।

## ੧੨. ਭਾਈ ਬਹਿਲੋ।

ਹਰਿਮੰਦਰ ਦੀ ਉਸਾਰੀ ਲਈ ਖਰੀਆਂ ਪਕੀਆਂ ਇਟਾਂ ਦੀ ਲੋੜ ਸੀ।

ਫਫਰੇ ਨਾਮੇਂ ਗਿਰਾਂ ਵਿਚ ਇਕ ਬਹਿਲੋ ਨਾਮੇ ਸੁਲਤਾਨੀਆਂ ਜਾਤ ਦਾ ਸਿੱਧੂ ਰਹਿੰਦਾ ਸੀ। ਇਹ ਆਵਿਆਂ ਇਟਾਂ ਆਦਿ ਦੀ ਕਾਰੀਗਰੀ ਦਾ ਜਾਣੂ ਖਿਆਲ ਕੀਤਾ ਜਾਂਦਾ ਸੀ। ਸਤਿਗੁਰੂ ਜੀ ਨੇ ਇਸਨੂੰ ਬੁਲਵਾ ਘੱਲਿਆ। ਇਹ ਸਰਵਰ ਦਾ ਮੁਰੀਦ ਸੀ, ਸ਼ੇਖ ਦਾ ਠਾਟ ਕਰਕੇ, ਖੂੰਡੀ ਹਥ ਲੈ ਕੇ ਖਲਰਾ ਗਲ ਵਿਚ ਪਾਕੇ ਨਿਗਾਹੇ ਜਾਯਾ ਕਰਦਾ ਸੀ ਤੇ ਸੰਗੀ ਬੀ ਨਾਲ ਲਿਜਾਂਦਾ ਹੁੰਦਾ ਸੀ। ਸੋ ਸੁਲਤਾਨੀਆਂ ਦਾ ਇਹ ਇਕ ਵੱਡਾ ਆਗੂ ਸੀ। ਪਹਿਲੋਂ ਤਾਂ ਇਸਨੇ ਅਪਣੀ ਬਣੀ ਹੋਈ ਵਡਿਆਈ ਨੂੰ ਵੱਟਾ ਲਗਦਾ ਸਮਝਕੇ ਜਾਣੋਂ ਨਾਂਹ ਕੀਤੀ ਪਰ ਫੇਰ ਟੁਰ ਪਿਆ ਤੇ ਦਿਲ ਵਿਚ ਧਾਰੀਓ ਸੁ ਕਿ ਸਤਲੁਜ ਅਪੜਦੇ ਤਾਂਈਂ ਸੁਲਤਾਨ ਨੇ ਦਿਖਾਈ ਦਿੱਤੀ ਤਾਂ ਮੁੜ ਆਸਾਂ ਨਹੀਂ ਤਾਂ ਗੁਰੂ ਕਾ ਹੋ ਜਾਸਾਂ, ਸੋ ਸਤਲੁਜ ਤਕ ਕੋਈ ਦਿਖਾਈ ਨਾ ਹੋਈ ਤਾਂ ਇਹ ਬੇੜੀ ਵਿਚ ਬਹਿ ਗਿਆ ਤੇ ਨਦੀ ਦੇ ਵਿਚਾਲੇ ਜਾਕੇ ਭਿਰਾਈ ਦਾ ਭੇਖ ਖ੍ਵਾਜਾ ਖ਼ਿਜ਼ਰ ਦੀ ਭੇਟ ਕਰ ਦਿਤਾ ਤੇ ਸਾਦੇ ਕਪੜੇ ਪਹਿਨ ਲਏ! ਸਨੇ ਮਨੇ ਜਾ ਹਜ਼ੂਰੀ ਵਿਚ ਪਹੁੰਚਾ। ਸਤਿਗੁਰ ਦਿਆਲ ਹੋਏ, ਸਿਖੀ ਦਾਨ ਦਿਤੀ, ਵਾਹਿਗੁਰੂ ਦੇ ਨਾਮ ਸਿਮਰਨ ਵਿਚ ਲਾ ਦਿਤਾ। ਫਿਰ ਇਟਾਂ ਥਪਾਉਣ ਆਵੇ ਲਾਉਣ ਪਕਾਉਣ ਦੇ ਕੰਮ ਦੀ ਸਪੁਰਦੀ ਸਾਰੀ ਕਰ ਦਿਤੀ। ਬਹਿਲੋ ਬੀ ਤਨੋਂ ਮਨੋਂ ਹੋ ਕੇ ਸੇਵਾ ਵਿਚ ਲਗ ਪਿਆ। ਜਿਉਂ ਜਿਉਂ ਸੇਵਾ ਕੀਤੀ ਗੁਰੂ ਪ੍ਰੇਮ ਦਿਲ ਵਿਚ ਡੂੰਘਾ ਲਹਿੰਦਾ ਗਿਆ; ਦਰਸ਼ਨ ਕਰੇ, ਕਰੇ ਤੇ ਰਜੇ ਨਾ, ਹੋਰ ਕਰੇ ਤੇ ਸੇਵਾ ਵਿਚ ਲਗਾ ਰਹੇ। ਰਸਨਾਂ ਸਿਮਰਨ ਵਿਚ ਰਹੇ, ਹਥ ਕਾਰ ਕਰਦੇ ਰਹਿਣ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਛੁਧਾ ਪਿਪਾਸਾ ਨੀਂਦ ਨ ਜਾਨਹਿ। ਆਲਸ ਖਿਨ ਸੇਵਾ ਸਵਧਾਨਹਿ।



www.sikhbookclub.com

ਕਾਰ ਈਂਟਕਾ ਕਰਹਿ ਪਚਾਵੈ। ਭਲੀ ਰੀਤਿ ਕਰਿ ਪ੍ਰੇਮ ਪਕਾਵੈ।
ਜਬ ਗੁਰ ਮਿਲੈਂ ਲਾਇ ਟਕ ਰਹੈ। ਜਥਾ ਚਕੋਰ ਚੰਦ ਕੋ ਚਹੈਂ। ੫੨।

(ਗੁ: ਪ੍ਰ: ਸੂ: ਰਾਸਿ ੨-੪੮)

- ੦ -

# ੧੩. ਭਾਈ ਬੁੱਧੂ

**ਲਾਹੌਰ** ਵਿਚ ਇਕ ਸਿਖ ਰਹਿੰਦਾ ਸੀ, ਉਸਦਾ ਪ੍ਰਸਿਧ ਨਾਮ ਸੀ ਬੁੱਧੂ। ਜਾਤਿ ਦਾ ਸੀ ਘੁਮਿਆਰ। ਕਾਰ ਕਰਦਾ ਸੀ ਇੱਟਾਂ ਦੇ ਆਵੇ ਲਾਉਣ ਦੀ। ਕਿਰਤ ਕਾਰ ਸਾਰੀ ਧਰਮ ਦੀ ਕਰਦਾ ਸੀ। ਸਿਖੀ ਪ੍ਰਾਪਤ ਸੀ। ਕਮਾਈ ਵਿਚੋਂ ਲੋੜਵੰਦ ਗੁਰੂ ਸਿਖਾਂ ਦੀ ਸੇਵਾ ਭੀ ਕਰਦਾ ਸੀ। ਦਸਵੰਧ ਗੁਰੂ ਅਰਪਣ ਕਰਦਾ ਸੀ। ਜਿਨ੍ਹਾਂ ਦਿਨਾਂ ਵਿਚ ਹਰਿਮੰਦਰ ਉਸਰ ਰਿਹਾ ਸੀ ਇਸਨੇ ਲਾਹੌਰ ਇਕ ਬਹੁਤ ਵੱਡਾ ਆਵਾ ਚਾੜ੍ਹਿਆ। ਜਿਸ ਪਰ ਆਪਣਾ ਧਨ ਬੀ ਲਾਇਆ ਤੇ ਕੁਛ ਉਧਾਰ ਲੈ ਕੇ ਬੀ ਲਾਇਆ। ਕੁਛ ਮਾਇਆ ਦਸਵੰਧ ਦੀ ਪਈ ਵੇਖ ਕੇ ਸੋਚਿਓਸੁ ਕਿ ਗੁਰੂ ਚੱਕ ਚਲਾਂ ਇਹ ਮਾਇਆ ਅਰਪਣ ਕਰਾਂ ਜੇ ਹਰਿ ਮੰਦਰ ਦੀ ਉਸਾਰੀ ਵਿਚ ਸਫਲੀ ਹੋਵੇ। ਨਾਲੇ ਇਹ ਬੀ ਸੋਚੀ ਕਿ ਸਤਿਗੁਰੂ ਜੀ ਦੀ ਅਸ਼ੀਰਵਾਦ ਲਵਾਂ ਤੇ ਮੇਰਾ ਆਵਾ ਸਿਰੇ ਚੜ੍ਹੇ ਤੇ ਖੁਲ੍ਹਾ ਧਨ ਹੱਥ ਆਵੇ। ਲਾਲਸਾ ਇਹ ਬੀ ਸੀ ਕਿ ਦਰਸ਼ਨ ਕਰਾਂ ਤੇ ਨਾਮ ਬਾਨੀ ਵਿਚ ਬਰਕਤ ਪਵੇ। ਬੁਧੂ ਅੰਦਰੋਂ ਬਾਹਰੋਂ ਸਾਫ, ਗੁਰੂ ਕਾ ਤਨੋ ਮਨੋ ਸ਼ਰਧਾਵਾਨ ਸਿੱਖ ਸੀ। ਇਸ ਪ੍ਰਕਾਰ ਮਨੋਰਥ ਧਾਰਦਾ ਗੁਰੂ ਦੀ ਨਗਰੀ ਪਹੁੰਚਾ। ਦੀਵਾਨ ਵਿਚ ਹਾਜ਼ਰ ਹੋਇਆ। ਜਦੋਂ ਸਿੱਖਾਂ ਦੇ ਪੇਸ਼ ਹੋਣ ਤੇ ਭੇਟਾ ਅਗੇ ਧਰੀਆਂ ਜਾਣ ਦਾ ਸਮਾਂ ਆਇਆ ਤਾਂ ਇਸਨੇ ਭੀ ਭੇਟਾ ਅੱਗੇ ਧਰੀ ਤੇ ਮੇਵੜੇ ਨੇ ਅਰਦਾਸ ਕੀਤੀ ਕਿ ਜੀਓ ਆਪ ਦਾ ਸਿੱਖ ਮਾਇਆ ਭੇਟ ਲੈ ਕੇ ਹਾਜ਼ਰ ਹੋਇਆ ਹੈ, ਸਿਦਕ ਵਾਨ ਹੈ, ਆਵਿਆਂ ਦਾ ਕੰਮ ਕਰਦਾ ਹੈ, ਨਾਮ ਜਗਤ ਪ੍ਰਸਿੱਧ ਬੁੱਧੂ ਹੈ। ਅਰਦਾਸ ਹੈ ਸਿੱਖ ਦਾ ਨਵਾਂ ਲਾਇਆ ਆਵਾ ਸਿਰੇ ਚੜ੍ਹੇ ਤੇ ਪੱਕਾ ਪੱਕੇ। ਸਤਿਗੁਰੂ ਜੀ ਨੇ ਫੁਰਮਾਇਆ: 'ਭਾਈ ਸਿੱਖਾ! ਨਾਮ ਜਪ; ਬਾਣੀ ਪੜ੍ਹ, ਸਿੱਖਾਂ ਦੀ ਸੇਵਾ ਕਰ, ਤੇਰਾ ਕਾਰਜ ਵਾਹਿਗੁਰੂ ਸਿਧ ਕਰ ਦੇਵੇਗਾ, ਆਵਾ ਸਿਰੇ ਚੜ੍ਹੇਗਾ।' ਬੁੱਧੂ ਨੇ ਲਾਹੌਰ ਆ ਕੇ ਆਵੇ ਨੂੰ ਅੱਗ ਦਿੱਤੀ। ਜਦ ਆਵਾ ਕਿੰਨਾ ਚਿਰ ਗਰਮ ਹੋ ਕੇ ਪੱਕ ਜਾਣ ਤੇ ਅੱਪੜ ਗਿਆ ਤਾਂ ਮੁਹਰੀ ਖੁਹਲੀ, ਨਮੂਨਾ ਡਿੱਠਾ ਤਾਂ ਪਤਾ ਲਗਾ ਕਿ ਕਾਰਜ ਹੋ ਗਿਆ ਹੈ। ਫੇਰ ਇਸ ਨੇ ਆਵੀ ਖੁਹਲਣ ਤੋਂ ਪਹਿਲੋਂ ਸਿੱਖਾਂ ਦਾ ਪ੍ਰਸ਼ਾਦ ਕੀਤਾ, ਸਾਰਾ ਦਿਨ ਲੰਗਰ ਜਾਰੀ ਰਿਹਾ। ਸੰਝਾਂ ਦੇ ਲਗ ਪਗ ਸਭ ਭੋਜਨ ਸਮਾਪਤ ਹੋ ਗਿਆ, ਸਿਖ ਸੰਗਤ ਟੁਰ ਗਏ ਤਦ ਅਚਾਨਕ ਇਕ ਸਿਖ ਆ ਨਿਕਲਿਆ ਤੇ ਉਸਨੇ ਅੰਨ ਮੰਗਿਆ। ਬੁੱਧੂ ਨੇ ਕਿਹਾ : ਭਾਈ ਹੁਣ ਤਾਂ ਸਭ ਕੁਛ ਮੁੱਕ ਚੁੱਕਾ ਹੈ, ਪਹਿਲੋਂ ਆਉਂਦੋਂ ਤਾਂ ਰੱਜ ਕੇ ਛਕ ਲੈਂਦੋਂ। ਪਹਿਲੀ ਸੰਗਤ ਨੇ ਭੋਜਨ ਦੀ ਸਮਾਪਤੀ ਤੇ ਅਰਦਾਸ ਕਰਦਿਆਂ ਅਸੀਸ ਦਿੱਤੀ ਕਿ ਬੁੱਧੂ ਦਾ ਆਵਾ ਰਾਸ ਆਵੇ ਪੱਕਾ ਨਿਕਲੇ। ਪਰ ਇਸ ਸਿਖ ਨੇ ਕਿਹਾ : ਹੱਛਾ ਬੁੱਧੂ! ਛੁਧਾ ਨਾਲ ਵਿਆਕੁਲ ਸਿਖ ਨੂੰ ਭੋਜਨ ਨਹੀਂ ਦਿੱਤਾ, ਤੇਰਾ ਆਵਾ ਪੱਕਾ ਨਾ ਨਿਕਲੇ। ਇਸ ਸਿਖ ਦਾ ਨਾਮ ਸੀ ਲੱਖੂ। ਬੁੱਧੂ ਨੇ ਕਿਹਾ : ਲੱਖੂ! ਤੂੰ ਸਿਖ ਹੈਂ। ਗੁਰੂ ਵਾਕ ਦੇ ਵਿਰੁੱਧ ਬੋਲਦਾ ਹੈਂ? ਗੁਰੂ ਆਵਾ ਪੱਕਾ ਕਰ ਚੁਕੇ ਹਨ ਤੂੰ ਕੌਣ ਹੈਂ ਕੱਚਾ ਕਰਨੇ ਵਾਲਾ? ਵੇਲੇ ਸਿਰ ਆਪ ਨਹੀਓਂ ਪਹੁੰਚਾ ਤੇ ਹੁਣ ਸਾਨੂੰ ਸ੍ਰਾਪ ਦੇਂਦਾ ਹੈਂ? ਲੱਖੂ ਨੇ ਕਿਹਾ: ਅਸੀਂ ਭੀ ਭਾਈ ਓਸੇ ਗੁਰੂ ਦੇ ਸਿਖ ਹਾਂ, ਜੋ ਸਿਖਾਂ ਦਾ ਦੁੱਖ ਨਹੀਂ ਵੇਖ ਸਕਦਾ। ਲੱਖੂ ਤਾਂ ਭੁੱਖ ਹੋਟੇ ਉਦਾਸ ਟੁਰ ਗਿਆ। ਜਦ ਵਕਤ ਆਇਆ ਕਿ ਆਵਾ ਖੋਲ੍ਹਿਆ ਜਾਏ, ਤਾਂ ਅਗਲੇ ਦਿਨ ਬੁੱਧੂ ਨੇ ਆਵਾ ਖੋਹਲਿਆ ਤਾਂ

 www.sikhbookclub.com

ਮੁਹਰੀ ਦੀਆਂ ਪਹਿਲੀਆਂ ਪੱਕੀਆਂ ਤੋਂ ਜਦ ਅੱਗੇ ਗਏ ਤਾਂ ਇਟਾਂ ਪਿੱਲੀਆਂ। ਬੁੱਧੂ ਨੇ ਧਨ ਬੜਾ ਲਾਇਆ ਸੀ, ਕਰਜ਼ਾ ਬੀ ਚਾਇਆ ਸੀ, ਲੱਕ ਤ੍ਰੁਟ ਗਿਆ ਕਿ ਹੁਣ ਕੀਹ ਬਣਸੀ? ਹੋਰ ਕੁਛ ਨਾਂ ਸੁੱਝੀ ਗੁਰੂ ਕੇ ਹਜ਼ੂਰ ਭੱਜਾ ਗਿਆ, ਜਾ ਬੇਨਤੀ ਕੀਤੀ। ਸੁਣ ਕੇ ਸਤਿਗੁਰਾਂ ਨੇ ਕਿਹਾ : ਬੁੱਧੂ ਕੋਈ ਸਿਖ ਤੇਰੇ ਤੇ ਅਪ੍ਰਸੰਨ ਗਿਆ ਹੈ। ਤਦ ਬੁੱਧੂ ਨੇ ਲੱਖੂ ਦੀ ਕਥਾ ਸੁਣਾਈ। ਗੁਰੂ ਜੀ ਸੁਣ ਕੇ ਚੁਪ ਹੋ ਗਏ। ਕੁਛ ਚਿਰ ਮਗਰੋਂ ਬੁੱਧੂ ਨੇ ਕਿਹਾ : ਹੇ ਦਾਤਾ! ਮੇਰੀ ਗਤਿ ਹੁਣ ਕੀ ਬਣੂ, ਕਰਜ਼ੇ ਨਾਲ ਬੱਝਾ ਪਿਆ ਹਾਂ? ਆਪ ਮਾਲਕ ਹੋ ਆਪਦਾ ਵਾਕ ਆਪਦਾ ਦਾਸ ਹੋਕੇ ਸਿਖ ਉਲਟਾ ਦੇਵੇ, ਤੇ ਮੈਂ ਗ੍ਰੀਬ ਮਾਰਿਆਂ ਜਾਵਾਂ; ਭੁੱਲ ਖਬਸ਼ੋ। ਤਾਂ ਆਪ ਬੋਲੇ :

ਬੁੱਧੂ! ਗੁਰੂ ਕਾ ਵਾਕ ਸਿਖ ਹਟਾਵੇ ਤਾਂ ਗੁਰੂ ਦਾ ਬਿਰਦ ਝੱਲ ਲੈਂਦਾ ਹੈ ਪਰ ਜੇ ਸਿਖ ਕੋਈ ਵਾਕ ਕਹੇ ਤਾਂ ਗੁਰੂ ਦਾ ਬਿਰਦ ਉਸਨੂੰ ਨਹੀਂ ਉਲਟਾਉਂਦਾ। ਦੇਖ, ਵਾਹਿਗੁਰੂ ਦੀ ਬੱਧੀ ਭਗਤ ਛੁਡਾ ਲੈਂਦੇ ਹਨ ਪਰ ਵਾਹਿਗੁਰੂ ਦਾ ਬਿਰਦ ਹੈ ਕਿ ਭਗਤਾਂ ਦੀ ਬੱਧੀ ਨਹੀਂ ਛੁਡਾਉਂਦਾ* :-

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥
ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥੧॥
ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ॥ (ਸਾਰੰਗ ਨਾਮ ਦੇਵ)

ਦੇਖ! ਵਾਹਿਗੁਰੂ ਗੁਰੂ ਨਾਲ ਜੁੜੇ ਸਿਖ ਕਿ ਅਭਜਾਗਤ ਦਾ ਸਦਾ ਸਤਿਕਾਰ ਰਖਣਾ, ਇਹ ਭੁੱਲ ਨਾ ਕਰਨੀ।

ਤੂੰ ਭੀ ਸਿਖ ਹੈਂ, ਤੇਰੇ ਤੇ ਕਸ਼ਟ ਨਾ ਪਵੇ, ਤੇਰਾ ਕੰਮ ਸੰਵਰ ਜਾਵੇਗਾ, ਜਾਹ ਆਵਾ ਖੋਹਲ ਤੇਰੀਆਂ ਪਿੱਲੀਆਂ ਪੱਕੀਆਂ ਅਧਪੱਕੀਆਂ ਸਭ ਪੱਕੀਆਂ ਦੇ ਭਾ ਵਿਕ ਜਾਣਗੀਆਂ।

ਰੁਤ ਬਰਸਾਤ ਦੀ ਆ ਗਈ ਕਿਲ੍ਹੇ ਦੀ ਬਾਹੀ ਗਿਰੀ ਤੇ ਨਵੀਂ ਉਸਾਰਨ ਲਈ ਨੀਂਹਾਂ ਖੁਦ ਚੁਕੀਆਂ ਸਨ। ਨੀਹਾਂ ਭਰਨ ਲਈ ਇੱਟਾਂ ਨਹੀਂ ਸਨ ਮਿਲਦੀਆਂ ਤੇ ਜ਼ਰੂਰੀ ਸੀ ਬਰਖਾ ਤੋਂ ਪਹਿਲੋਂ ਭਰ ਦੇਣਾ ਨੀਹਾਂ ਦਾ, ਹੋਰ ਆਵਾ ਲਾਹੌਰ ਵਿਚ ਕੋਈ ਤਿਆਰ ਨਾ ਸੀ। ਉਸਦੇ ਆਵੇ ਦੀਆਂ ਸਾਰੀਆਂ ਇੱਟਾਂ ਦਾ ਸੌਦਾ ਪੱਕੀਆਂ ਦੇ ਭਾ ਹੋ ਗਿਆ। ਕਿਲ੍ਹੇ ਦਾ ਕੰਮ ਸਰਕਾਰੀ ਨਾ ਰੁਕਿਆ ਤੇ ਬੁੱਧੂ ਨੂੰ ਨਫਾ ਹੋ ਗਿਆ। ਲਖੂ ਦਾ ਵਾਕ ਬੀ ਅਨਥਾ ਨਾ ਹੋਇਆ। ਗੁਰੂ ਨੇ ਉਸਨੂੰ ਅਨਥਾ ਨਾ ਹੋਣ ਦਿਤਾ। ਪਰ ਬੁੱਧੂ ਦਾ ਕਾਰਜ ਬੀ ਸੰਵਾਰ ਦਿਤਾ।

---

*ਐਸੀ ਵਿਚਾਰ ਧਾਰਾ ਨਾਲ ਸੰਬੰਧਤ ਇਕ ਸਾਖੀ ਸੁਲਤਾਨ ਇਬ੍ਰਾਹੀਮ ਲੋਧੀ ਦੇ ਹਾਥੀ ਦੀ ਹੈ। ਹਾਥੀ ਮਰ ਜਾਂਦਾ ਹੈ ਤੇ ਮੁਲਾਜ਼ਮ ਲੋਕ ਰੁਦਨ ਕਰਦੇ ਹਨ। ਉਨ੍ਹਾਂ ਦੇ ਦੁਖੀ ਹੋਣ ਦਾ ਸਬੱਬ ਆਪਣੀ ਰੋਜ਼ੀ ਦੇ ਵਸੀਲੇ ਦੇ ਖਤਮ ਹੋ ਜਾਣ ਦੇ ਫਿਕਰ ਕਾਰਨ ਹੈ। ਗੁਰੂ ਜੀ ਦੇ ਪ੍ਰਤਾਪ ਨਾਲ ਹਾਥੀ ਜ਼ਿੰਦਾ ਹੋ ਜਾਂਦਾ ਹੈ। ਇਹ ਕਥਾ ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚ ਹੈ। ਲਿਖਿਆ ਹੈ :-

"ਤਬਿ ਸੁਲਤਾਨਿ ਬ੍ਰਹਮ ਬੇਗ ਹਾਥੀ ਮੰਗਵਾਇਆ। ਚੜਿ ਕਰਿ ਦੀਦਾਰ ਨੂੰ ਆਇਆ, ਅਇ ਬੈਠਾ : ਆਖਿਓ ਸੁ: 'ਏ ਦਰਵੇਸ। ਏਹੁ ਹਾਥੀ ਤੁਸਾਂ ਜੀਵਾਇਆ ਹੈ?' ਤਬ ਬਾਬੇ ਆਖਿਆ: 'ਮਾਰਣ ਜੀਵਾਲਣ ਵਾਲਾ ਖੁਦਾਇ ਹੈ, ਅਤੇ ਦੁਆਇ ਫਕੀਰਾਂ ਰਹਮ ਅਲਾਹ ਹੈ।' ਤਉ ਫਿਰਿ ਪਾਤਸਾਹੁ ਆਖਿਆ : 'ਮਾਰਿ ਦਿਖਾਲੁ।' ਤਾ ਬਾਬਾ ਬੋਲਿਆ ਸਲੋਕ :- 'ਮਾਰੈ ਜੀਵਾਲੇ ਸੋਈ॥ ਨਾਨਕ ਏਕਸੁ ਬਿਨੁ ਅਵਰੁ ਨ ਕੋਈ॥' ਤਬਿ ਹਾਥੀ ਮਰਿ ਗਈਆ। ਬਹੁਰਿ ਪਾਤਸਾਹਿ ਆਖਿਆ :- 'ਜੀਵਾਲੁ।' ਤਬ ਬਾਬੈ ਕਹਿਆ : 'ਹਜਰਤਿ! ਲੋਹਾ ਅਗ ਵਿਚ ਤਪਿ ਲਾਲ ਹੁੰਦਾ ਹੈ, ਪਰ ਓਹੁ ਰਤੀ ਹਥ ਉਪਰਿ ਟਿਕੈ ਨਾਹੀ, ਅਤੇ ਅੰਗਿਆਰੁ ਕੋਈ ਰਤੀ ਰਹੈ, ਤਿਉਂ ਖੁਦਾਇ ਦੇ ਵਿਚ ਫਕੀਰ ਲਾਲੁ ਹੋਏ ਹੈਨਿ; ਅਤੇ ਖੁਦਾਇ ਕੀ ਸਟੀ ਓਹੁ ਉਠਾਇ ਲੈਇਨਿ ਪਰ ਉਨਿ ਕੀ ਸਟੀ ਉਠਣੋ ਰਹੀ।' (ਸਾਖੀ-੧੫)

# ੧੪. ਰੀਂਗਾ ਰਾਮ ਬ੍ਰਾਹਮਨ।

**ਇਹ** ਇਕ ਵਪਾਰੀ ਸੀ, ਜਾਤ ਦਾ ਬ੍ਰਾਹਮਨ ਸੀ ਤੇ ਰਹਿਣ ਵਾਲਾ ਬਠਿੰਡੇ ਦਾ ਸੀ ਪਰ ਫਿਰ ਟੁਰਕੇ ਮਾਲ ਵੇਚਿਆ ਕਰਦਾ ਸੀ। ਇਨ੍ਹੀਂ ਦਿਨੀਂ ਇਹ ਬਹੁਤ ਸਾਰਾ ਬਾਜਰਾ ਲੱਦ ਕੇ ਮਹਿੰਗਾ ਵੇਚਣ ਦੇ ਖਿਆਲ ਨਾਲ ਸਤਲੁਜੋਂ ਉਰਾਰ ਆ ਗਿਆ। ਭਿਣਕ ਪਈ ਕਿ ਬਿਆਸਾ ਪ੍ਰਾਰ, ਦੂਰ ਅਗੇ ਬੜੀਆਂ ਇਮਾਰਤਾਂ ਲਗ ਰਹੀਆਂ ਹਨ, ਮੰਦਰ ਤੇ ਤੀਰਥ ਬਣ ਰਿਹਾ ਹੈ, ਹਜ਼ਾਰਾਂ ਮਜ਼ੂਰ ਲਗ ਰਹੇ ਹਨ, ਓਥੇ ਲੰਗਰ ਜਾਰੀ ਹੈ, ਸੈਂਕੜੇ ਮਣ ਅੰਨ ਰੋਜ਼ ਪਕਦਾ ਹੈ, ਲੈ ਜਾ ਬਾਜਰਾ ਧਨੀ ਥੀ ਜਾਸੇਂਗਾ। ਰੀਂਗਾ ਰਾਮ ਸਨੇ ਸਨੇ ਗੁਰੂ ਚਕ ਪਹੁੰਚ ਪਿਆ, ਥਾਂ ਲੱਭ ਟਿਕਾਣਾ ਕੀਤਾ। ਮਾਲ ਉਤਾਰਿਆ। ਫਿਰ ਟੁਰਕੇ ਹੋ ਰਹੀ ਸੇਵਾ, ਨਾਮ ਬਾਣੀ ਦੇ ਉਚਾਰ ਸੰਗਤਾਂ ਦੇ ਪ੍ਰੇਮ ਦੇਖੇ, ਗੁਰੂ ਕੇ ਦਰਸ਼ਨ ਕੀਤੇ, ਹਿਰਦੇ ਵਿਚ ਸ਼ਰਧਾ ਭਰ ਆਈ। ਸੋਚ ਫੁਰੀ ਜਨਮ ਸਫਲਾ ਕਰਨੇ ਦਾ ਇਹੀ ਵੇਲਾ ਹੈ, ਏਥੋਂ ਹੀ ਸੇਵਾ ਭਾਵ ਨਾਲ ਸੁਮਤਿ ਲੈ ਲੈ ਜੀਵਨ ਸਫਲਾ ਕਰਨੇ ਦਾ ਚਾਉ ਉਪਜ ਪਿਆ। ਕਵੀ ਸੰਤੋਖ ਸਿੰਘ ਜੀ ਦੀ ਲਿਖਿਤ ਹੈ :-

ਯਾਂ ਤੇ ਮੈਂ ਬੀ ਸੇਵਾ ਕਰੌਂ। ਸ਼ਰਧਾ ਸਤਿਗੁਰ ਕੀ ਉਰ ਧਰੌਂ।
ਹੋਇ ਸਫਲ ਕੁਛ ਸੁਖ ਮੈਂ ਪਾਊਂ। ਤਬ ਮੈਂ ਸਿੱਖੀ ਭਲੇ ਕਮਾਊਂ॥੧੯॥

(ਸੂ: ਪ੍ਰ: ਰਾਸਿ ੨-੪੯)

ਅੱਜ ਉਹ ਦਿਨ ਸੀ ਕਿ ਲੰਗਰ ਦਾ ਅੰਨ ਮੁੱਕ ਗਿਆ ਸੀ ਤੇ ਦੇਗਾਂ ਮਸਤਾਨੀਆਂ ਸਨ। ਇਸ ਨੇ ਗੁਰੂ ਕੇ ਹਜ਼ੂਰ ਬਿਨੈ ਘੱਲੀ ਕਿ ਮੇਰੇ ਕੋਲ ਬਾਜਰਾ ਹੈ, ਲੰਗਰ ਲਈ ਲੈ ਲਿਆ ਜਾਵੇ। ਹੁਕਮ ਹੋਇਆ ਸੌ ਮਣ ਲੈ ਲਵੋ, ਪਰ ਕੀਮਤ ਵਿਸਾਖੀ ਪਰ ਦਿਤੀ ਜਾਊ, ਜਦੋਂ ਸੰਗਤਾਂ ਮਾਯਾ ਲੈਕੇ ਆਉਂਦੀਆਂ ਹਨ। ਸੋ ਰੀਂਗਾ ਰਾਮ ਨੇ ਸੌ ਮਣ ਬਾਜਰਾ ਦੇ ਦਿੱਤਾ। ਅਗਲੇ ਦਿਨ ਫਿਰ ਉਹੋ ਗਲ ਵਰਤੀ। ਇਸ ਤਰ੍ਹਾਂ ਪੰਜ ਦਿਨ ਸੌ ਸੌ ਮਣ ਰੋਜ਼ ਦੇਂਦਾ ਰਿਹਾ ਤੇ ਲੰਗਰ ਚਲਦਾ ਰਿਹਾ।

ਫੇਰ ਬਾਹਰੋਂ ਅੰਨ ਹੋਰ ਆ ਗਿਆ, ਸਾਰਾ ਕੰਮ ਚਲਦਾ ਰਿਹਾ। ਰੀਂਗਾ ਰਾਮ ਹੁਣ ਸੰਗਤਾਂ ਵਿਚ ਰਲਕੇ ਸੇਵਾ ਕਰਦਾ ਰਿਹਾ। ਹਰ ਦਿਨ ਉਸਦਾ ਪ੍ਰੇਮ ਤੇ ਸੇਵਾ ਵਿਚ ਸ਼ਰਧਾ ਵਧਦੀ ਗਈ। ਘਰ ਦੀ ਸੁਰਤ ਢਿੱਲੀ ਪੈਂਦੀ ਗਈ; ਇੰਨੇ ਨੂੰ ਵੈਸਾਖੀ ਦਾ ਮੇਲਾ ਆ ਗਿਆ, ਹਜ਼ਾਰਾਂ ਸੰਗਤਾਂ ਆਈਆਂ। ਦਰਸ਼ਨ ਕਰਕੇ, ਭੇਟਾ ਅਰਪਕੇ, ਸੇਵਾ ਵਿਚ ਹਿੱਸਾ ਲੈਕੇ ਕ੍ਰਿਤਾਰਥ ਹੋ ਕੇ ਵਿਦਾ ਹੋਈਆਂ। ਕੁਛ ਦਿਨ ਮਗਰੋਂ ਗੁਰੂ ਜੀ ਨੇ ਰੀਂਗਾ ਰਾਮ ਨੂੰ ਸਦਵਾ ਕੇ ਬਾਜਰੇ ਦੀ ਕੀਮਤ ਆਖੀ ਕਿ ਆਹ ਲੈ ਲਓ ਆਪਣੇ ਮਾਲ ਦਾ ਮੁੱਲ ਦਿਜਰਾਜ ਜੀ! ਪਰ ਉਸਨੇ ਹੱਥ ਜੋੜ ਤੇ ਨਿੰਮ੍ਰੀ ਹੋ ਕੇ ਕਿਹਾ :-

ਪ੍ਰਭੂ ਜੀ! ਮੈਂ ਨ ਲੇਉਂ ਕਛੁ ਮੋਲਾ।
ਰਾਵਰ ਕੀ ਸੇਵਾ ਮੈਂ ਕਰਹੌਂ। ਜਨਮ ਸੁਫਲ ਕੀ ਆਸਾ ਧਰਹੌਂ॥੪॥
ਸਦਨ ਜਾਨ ਕੀ ਨਾਹਿਨ ਚਾਹੂ। ਬੈਸ ਬਿਤਾਵੈਂ ਸੰਗਤ ਮਾਂਹੂ।
ਤੁਮ ਤੇ ਪਰੇ ਅਪਰ ਕੋ ਨੀਕਾ। ਜਹਿਂ ਕਲਜਾਣ ਹੋਇ ਹੈ ਜੀ ਕਾ॥੫॥
ਨਹਿਂ ਤੁਮਰੋ ਦਰ ਛੋਰਨ ਕਰੌਂ। ਰਾਵਰਿ ਨਾਮ, ਧਜਾਨ ਹੀ ਧਰੌਂ।

(ਗੁ: ਪ੍ਰ: ਸੂ: ਰਾਸਿ ੨-੫੦)

ਸਤਿਗੁਰੂ ਜੀ ਨੇ ਫੇਰ ਸਮਝਾਇਆ ਕਿ ਪਦਾਰਥ ਲਓ ਤੇ ਜਾਓ, ਅਪਣੇ ਘਰ ਭਾਗ ਲਾਓ, ਪਰ ਬ੍ਰਾਹਮਨ ਨੇ ਹੱਥ ਜੋੜ ਕੇ ਉਹੋ ਬੇਨਤੀ ਕੀਤੀ ਕਿ ਮੇਰੀ ਭੇਟਾ ਕਬੂਲ ਕਰੋ, ਮੈਨੂੰ ਆਪਣੇ ਦਰ ਤੋਂ ਪਰੇ ਹੋਣ ਦੀ ਆਗਜਾ ਸੁਖ ਕਰੋ, ਅਪਣੀ ਸਿੱਖੀ ਵਿਚ ਮੈਨੂੰ ਕਬੂਲ ਲਓ। ਮੇਰਾ ਮੋਹ ਘਰ ਬਾਰ ਕੁਟੰਬ

ਨਾਲ ਟੁੱਟ ਚੁਕਾ ਹੈ। ਦਰੋਂ ਜੇ ਧੱਕ ਦਿਓਗੇ ਤਾਂ ਬੇ-ਟਿਕਾਣਾ ਹੋ ਕੇ ਰੁਲ ਜਾਵਾਂਗਾ।

ਉਸਦਾ ਨਿਸ਼ਚਾ ਦ੍ਰਿੜ੍ਹ ਤੇ ਪ੍ਰੀਤ ਦੀ ਪ੍ਰਬਲਤਾ ਵੇਖਕੇ ਸਤਿਗੁਰੂ ਜੀ ਨੇ ਉਸਨੂੰ ਨਾਮ ਦਾਨ ਦੇ ਕੇ ਉਸਦੀ ਕਲਜਾਣ ਲਈ ਸਿੱਖ ਬਣਾਇਆ, ਨਾਮ ਦਾਨ ਕੀਤਾ ਤੇ ਆਗਜਾ ਕੀਤੀ ਕਿ ਤੇਰੀ ਮੁਕਤੀ ਹੋਵੇਗੀ।

ਇਹ ਪੁਰਖ ਬੀ ਸੇਵਾ ਵਿਚ ਲਗ ਗਿਆ। ਇਕ ਤਾਂ ਦਿਨ ਭਰ ਕਾਰ ਵਿਚ ਲਗਾ ਰਹੇ, ਦੂਜੇ ਰਸਨਾ ਨਾਮ ਭਣਦੀ ਰਹੇ। ਰਾਤ ਸਵੇਂ, ਪਰ ਪਿਛਲੀ ਰਾਤਿ ਉਠਕੇ ਕੀਰਤਨ ਵਿਚ ਲਿਵ ਜੋੜ ਬੈਠੇ। ਇਸ ਤਰ੍ਹਾਂ ਸੱਚੀ ਪ੍ਰੀਤ ਤੇ ਧੁਰ ਅੰਦਰਲੀ ਲਗਨ ਕਰਕੇ ਪਾਰ-ਗਿਰਾਮੀ ਹੋ ਗਿਆ। ਲਿਖਜਾ ਹੈ ਕਿ ਸਿਧੀਆਂ ਫੁਰ ਪਈਆਂ। ਅਜੇ ਸੇਵਾ ਹੋ ਹੀ ਰਹੀ ਸੀ ਕਿ ਇਸਨੂੰ ਪੁੱਗ ਪਿਆ ਵੇਖਕੇ ਸਤਿਗੁਰੂ ਜੀ ਨੇ ਹੁਕਮ ਦੇ ਕੇ ਬਠਿੰਡੇ ਨੂੰ ਟੋਰਿਆ ਕਿ ਓਥੇ ਇਕੰਤ ਹੋਕੇ ਬੈਠ ਜਾਹ ਤੇ ਸਾਂਈਂ ਵਿਚ ਲਿਵ ਲਗਾ ਜੁੜਿਆ ਜੀਵਨ ਬਸਰ ਕਰ। ਉਸਨੇ ਐਸਾ ਹੀ ਕੀਤਾ। ਬਠਿੰਡੇ ਜਾਕੇ ਪਰਿਵਾਰ ਵਿਚ ਨਹੀਂ ਬੈਠਾ। ਨਗਰੋਂ ਬਾਹਰ ਇਕਾਂਤ ਥਾਂਵੇਂ ਬੈਠ ਗਿਆ। ਇਸ ਦੀ ਪ੍ਰਸਿਧੀ ਸਿੱਧ ਕਰਕੇ ਹੋ ਗਈ। ਦੋ ਖਤ੍ਰ ਭਿਰਾਉ ਬਿਧੀ ਚੰਦ ਤੇ ਸਿਧੀ ਚੰਦ ਬੜੇ ਪੈਸੇ ਵਾਲੇ ਸਨ। ਸਿਧੀ ਚੰਦ ਨੇ ਰੰਗਾ ਰਾਮ ਦੀ ਸੇਵਾ ਚਾ ਲਈ।

## ੧੫. ਭਾਈ ਅਜਬ ਅਜਾਇਬ ਤੇ ਹੋਰ ਸਿੱਖ।

ਇਸ ਪ੍ਰਕਾਰ ਹਰਿ ਮੰਦਰ ਦੀ ਸੇਵਾ ਦੇ ਸਮੇਂ ਅਨੇਕਾਂ ਸਿੱਖ ਸੇਵਾ ਕਰਦੇ ਪਾਰ-ਗਿਰਾਮੀ ਹੋਏ। ਅਨੇਕਾਂ ਨਵੇਂ ਸਿੱਖੀ ਵਿਚ ਆਏ। ਡਰੋਲੀ ਵਾਲੇ ਅਜਬ ਅਜਾਇਬ ਕਾਰ ਸੇਵਾ ਵਿਚ ਸੱਚੇ ਦਿਲੋਂ ਸੇਵਾ ਕਰਦੇ, ਮਾਯਾ ਕੱਠੀ ਕਰਕੇ ਲਿਆਉਂਦੇ ਸਨ। ਇਨ੍ਹਾਂ ਦੇ ਹੀ ਸੰਗ ਨਾਲ ਭਾਈ ਲਾਲਾ, ਲੰਗਾਹਾਂ ਢਿੱਲੋਂ ਜੱਟ ਅਤੇ ਪੱਟੀ ਦੇ ਚੌਧਰੀ ਭਾਈ ਪੈੜਾ ਛਜਲ ਖੱਤ੍ਰੀ, ਕੰਦੂ, ਸੰਗੜ ਆਦਿ ਅਨੇਕਾਂ ਸੇਵਾ ਕਰ ਸਫਲੇ। ਏਹ ਸੁਲਤਾਨੀਏ-ਪਨਾਂ ਛੱਡਕੇ ਸਿੱਖ ਸਜੇ ਸਨ। ਹੋਰ ਜੋ ਚੰਗੇ ਚੰਗੇ ਸੇਵਕ ਲਗੇ ਹੋਏ ਸਨ ਉਨ੍ਹਾਂ ਵਿਚੋਂ ਭਾਈ ਮਾਲ੍ਹੋ, ਗੁਰੀਆ, ਪ੍ਰੇਮਾ, ਜੇਠਾ, ਭੱਲਣ, ਬੂਲਾ, ਭੂੰਦੜ, ਧਾਰੀ ਆਦਿ ਨਾਮ ਲਿਖੇ ਹਨ। ਭਾਈ ਬੁੱਢਾ ਭਾਈ ਗੁਰਦਾਸ ਇਸ ਪ੍ਰਕਾਰ ਦੇ ਘਰ ਦੇ ਸਾਰੇ ਨਿਜ ਸੇਵਕ ਤਾਂ ਸਾਰੀ ਕਾਰ ਦੇ ਸਿਰ ਤੇ ਸਨ ਹੀ।

## ੧੬. ਹਰਿ ਮੰਦਰ ਤੇ ਸਰ ਸੇਵਾ।

ਇਸ ਪ੍ਰਕਾਰ ਸਾਰੇ ਪ੍ਰਬੰਧ, ਲਿਖਜਾ ਹੈ ਕਿ ਸੁਹਣੇ ਹੋ ਕੇ ਸੇਵਾ ਪ੍ਰੇਮ ਨਾਲ ਸ਼ੀਘ੍ਰਤਾ ਨਾਲ ਹੋ ਰਹੀ ਸੀ। ਨਿਸ਼ਾਨ ਕਈ ਹੁਣ ਤਕ ਮੌਜੂਦ ਹਨ। ਉਤਰ ਦੀ ਬਾਹੀ ਜਿਥੇ ਬਾਬੇ ਬੁੱਢੇ ਦੀ ਬੇਰ ਹੁਣ ਤਕ ਹਰੀ ਭਰੀ ਹੈ ਤੇ ਜਿਸਦੇ ਉਦਾਲੇ ਸੰਗਮਰਮਰ ਦੀ ਵਲਗਣ ਹੈ, ਬਾਬੇ ਬੁੱਢੇ ਜੀ ਦੇ ਬੈਠਣ ਦਾ ਯਾਦਗੀਰੀ ਨਿਸ਼ਾਨ ਹੈ। ਆਪ ਜੀ ਫਿਰ ਟੁਰਕੇ ਸਾਰੀ ਸੇਵਾ ਦੀ ਨਿਗ੍ਹਾਨੀ ਕਰਦੇ ਸਨ, ਪਰ ਇਥੇ ਬੈਠਕੇ ਪ੍ਰਬੰਧ ਬੀ ਕਰਦੇ ਤੇ ਆਰਾਮ ਬੀ ਕਰਦੇ। ਇਕ ਬਾਹੀ ਕਿਸੇ ਹੋਰਸ ਦੇ ਸਪੁਰਦ ਸੀ ਪਰ ਉਸਦਾ ਨਿਸ਼ਾਨ ਤੇ ਨਾਮ ਨਹੀਂ ਮਿਲਦਾ।


www.sikhbookclub.com

ਦਰਸ਼ਨੀ ਦਰਵਾਜ਼ੇ ਦੇ ਨਾਲ ਇਕ ਪੁਰਾਤਨ ਬੇਰ ਹੈ, ਇਸਨੂੰ ਲਾਚੀ ਬੇਰ ਆਖਦੇ ਹਨ, ਇਸ ਟਿਕਾਣੇ ਦੀ ਪਵਿਤ੍ਰ ਯਾਦਗਾਰ ਵਿਚ ਏਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਇਥੇ ਸਾਹਿਬ ਆਪ ਬੈਠ ਕੇ ਨਿਗਰਾਨੀ ਕਰਦੇ ਹੁੰਦੇ ਸਨ।

ਇਸੀ ਤਰ੍ਹਾਂ ਕਦੇ ਸਾਹਿਬ ਦੱਖਣ ਦੀ ਬਾਹੀ ਆਪ ਜਾ ਬੈਠਦੇ ਤੇ ਸਾਰਾ ਕੰਮ ਵੇਖਦੇ ਚਾਖਦੇ। ਇਥੇ ਬੀ ਬੜਾ ਪੱਕਾ ਥੜਾ ਤੇ ਗੁਰਦੁਆਰਾ ਯਾਦਗਾਰ ਵਿਚ ਸੀ। ਇਸ ਦੇ ਨਾਲ ਹੀ ਸਰੋਵਰ ਦਾ ਉਹ ਟਿਕਾਣਾ ਹੈ ਜਿਸਨੂੰ ਅਠਸਠ ਤੀਰਥ ਆਖਦੇ ਹਨ। ਇਹ ਥੜਾ ਤੇ ਗੁਰਦੁਆਰਾ ਅਕਾਲੀਆਂ ਨੇ ਢਾਹ ਦਿਤਾ ਸੀ[੧] ਪਰ ਜਦ ਬੱਕਾ ਪੁਰ ਵਾਲੇ ਸੰਤ ਲਖਬੀਰ ਸਿੰਘ ਜੀ ਨੇ ਅਵਾਜ਼ ਉਠਾਈ ਤੇ ਸੰਗਤਾਂ ਵਿਚ ਬੇਚੈਨੀ ਫੈਲੀ ਤੇ ਮੰਗ ਹੋਈ ਤਦ ਇਥੇ ਮੁੜਕੇ ਸੰਗ ਮਰਮਰ ਦਾ ਨਿਸ਼ਾਨ ਕਾਯਮ ਕਰ ਦਿਤਾ ਗਿਆ, ਜੋ ਸਾਹਿਬਾਂ ਦੇ ਬੈਠਣ ਦਾ ਟਿਕਾਣਾ ਦੱਸਦ ਹੈ। ਜਦ ਕਦੇ ਸ੍ਰੀ ਜੀ ਨੂੰ ਏਥੇ ਦੇਰ ਲਗ ਜਾਂਦੀ ਤੇ ਆਰਾਮ ਦਾ ਵੇਲਾ ਆ ਜਾਂਦਾ ਤਾਂ ਥੋੜੀ ਦੂਰ ਆਪ ਬ੍ਰਿਛਾਂ ਦੀ ਛਾਵੇਂ ਆਰਾਮ ਕਰਦੇ[੨] : ਜਿਥੇ ਆਪ ਜੀ ਦੇ ਆਰਾਮ ਲਈ ਮੰਜੀ ਵਿਛਾਈ ਜਾਂਦੀ ਸੀ, ਓਥੇ ਹੁਣ ਵਡਾ ਥੜਾ ਹੈ ਤੇ ਵਿਚਾਲੇ ਸੰਗ ਮਰਮਰ ਦਾ ਇਕ ਚੌਕੌਣ ਖੁਲ੍ਹਾ ਨਿਸ਼ਾਨ ਉੱਚਾ ਖੜਾ ਹੈ, ਇਸਨੂੰ ਹੁਣ ਤਕ ਮੰਜੀ ਸਾਹਿਬ ਆਖਦੇ ਹਨ। ਸੰਨ ੧੮੭੨-੭੩ ਈ: ਵਿਚ, ਜਦੋਂ ਸਿੰਘ ਸਭਾ ਦੀ ਸਾਜਨਾ ਹੋਈ ਤਾਂ ਉਸਦੇ ਸਪਤਾਹਕ ਦੀਵਾਨ ਇਸ ਮੰਜੀ ਸਾਹਿਬ ਦੇ ਉਦਾਲੇ ਥੜੇ ਸਾਹਿਬ ਤੇ ਲੱਗਿਆ ਕਰਦੇ ਸਨ। ਅਤੇ ਪਾਸ ਖੜੀ ਇਮਾਰਤ ਵਿਚ ਸਿੰਘ ਸਭਾ ਦਾ ਦਫਤਰ ਤੇ ਸਾਮਾਨ ਰਖਣੇ ਦਾ ਪ੍ਰਬੰਧ ਸੀ।

ਮੰਦਰ ਦੀ ਸਾਜਨਾਂ ਵਿਚ ਵਾਹਿਗੁਰੂ ਨੂੰ ਸਰਵ ਵਜਾਪੀ ਦੱਸਣੇ ਲਈ ਉਸਦੇ ਦਰਵਾਜ਼ੇ ਚਾਰ ਰਖੇ ਗਏ, ਜੋ ਉਸਦਾ ਵਾਸਾ ਚਾਰ ਚੁਫੇਰੇ-ਵਜਾਪਕ-ਹੈ। ਫੇਰ ਏਸ ਲਈ ਕਿ ਕਿਸੇ ਕੂੰਟ ਵਿਚ ਹੀ ਖਜਾਲ ਨਾਂ ਬੱਝ ਜਾਵੇ ਕੋਈ ਦਰਵਾਜ਼ਾ ਕਿਸੇ ਖਾਸ ਕੂੰਟ ਵਿਚ ਨਾ ਰਖਿਆ ਗਿਆ, ਸਗੋਂ ਦੋ ਦੋ ਕੂੰਟਾਂ ਦੇ ਵਿਚਾਲੇ ਇਕ ਇਕ ਦਰਵਾਜ਼ਾ ਸਾਜਿਆ ਗਿਆ; ਜਿਵੇਂ ਹਰਿ ਕੀ ਪਉੜੀ ਵਾਲਾ ਦਰਵਾਜ਼ਾ ਪੂਰਬ-ਦੱਖਣ ਦੇ ਵਿਚਾਲੇ ਹੈ, ਅਗਲਾ ਦਰਵਾਜ਼ਾ ਦਖਣ ਪਛੌਂ ਦੇ ਵਿਚਕਾਰ ਹੈ, ਦਰਸ਼ਨੀ ਦਰਵਾਜ਼ਾ ਪੱਛਮ-ਉਤਰ ਵਿਚਾਲੇ, ਘੰਟਾ ਘਰ ਦੀ ਬਾਹੀ ਵਾਲਾ ਦਰਵਾਜ਼ਾ ਉੱਤਰ-ਪੂਰਬ ਦੇ ਵਿਚਾਲੇ ਹੈ।

ਸਰੋਵਰ ਦੀਆਂ ਸਾਰੀਆਂ ਪਉੜੀਆਂ ਪੱਕੀਆਂ ਬਣਾਈਆਂ ਗਈਆਂ। ਸਰੋਵਰ ਦਾ ਵਿਚਕਾਰਲਾ ਵਡਾ ਥੜਾ, ਜਿਥੇ ਗੁਰੂ ਰਾਮਦਾਸ ਜੀ ਰੌਣਕਾਂ ਲਾ ਗਏ ਸਨ, ਅਤਿ ਪੱਕਾ ਕੀਤਾ ਗਿਆ ਪਰ ਇਸਦੀ ਨੀਂਹ ਉੱਚੀ ਨਹੀਂ ਰਖੀ ਗਈ। ਜਿਤਨੀ ਨੀਂਵੀ ਹੋ ਸਕਦੀ ਸੀ ਉਤਨੀ ਨਿਵਾਣ ਉਤੇ ਬੁਨਿਯਾਦੀ ਥੜੇ ਦੀ ਸਾਜਣਾ ਕੀਤੀ ਗਈ, ਗੋਯਾ ਕਿ ਪਾਣੀ ਦੀ ਸਤਹ ਉਤੋਂ ਹੀ ਇਹ ਉਠਾਈ ਗਈ ਸੀ। ਇਹ ਨੀਵੀਂ ਨੀਂਹ ਕਿਸ ਲਈ ਸੀ? ਸ਼ਾਇਦ ਇਸ ਕਰਕੇ ਕਿ ਉਨ੍ਹਾਂ ਦੀ ਆਪਣੀ ਜ਼ਿੰਦਗੀ ਦੀ ਹਲੀਮੀ ਦੇ ਆਸ਼ੇ ਅਨੁਕੂਲ ਸੀ ਤੇ ਸ਼ਾਇਦ ਇਹ ਗਲ਼ ਸੀ ਕਿ ਇਹ ਸਰੋਵਰ ਵਿਚੋਂ ਉਗਮ ਰਿਹਾ ਕਮਲ ਫੁਲ ਦੇ ਸਦ੍ਰਿਸ਼ ਨਿਰਲੇਪ ਅਵਸਥਾ ਦਾ ਸੂਚਕ ਹੋਵੇ। ਦੁਆਲੇ ਪੱਕੀਆਂ ਸੁਰਗੁ-ਦੁਆਰੀਆਂ ਬਣੀਆਂ, ਜਿਨ੍ਹਾਂ ਪਰ ਛੋਟੀ ਪ੍ਰਕਰਮਾ ਹੈ। ਮੰਦਰ ਤੋਂ ਦਰਸ਼ਨੀ ਦਰਵਾਜ਼ੇ ਤਕ ਜੋ ਪੁਲ ਬਨਾਇਆ ਗਿਆ, ਉਹ ਬੀ ਸੁਰਗ ਦੁਆਰੀਆਂ ਪਰ ਸਾਜਿਆ ਗਿਆ। ਵਿਚਕਾਰਲੇ ਥੜੇ ਤੇ ਹਰਿਮੰਦਰ ਸਾਜਿਆ ਗਿਆ, ਜਿਸਦੀ ਵਿਚਕਾਰੋਂ ਮੰਦਰ ਦੀ ਛੱਤ ਇਕੋ ਪਾਈ ਗਈ, ਪਰ ਦੁਆਲੇ ਤੇ ਹਰਿ ਕੀ ਪਉੜੀ ਵਾਲੇ ਪਾਸੇ ਉਪਰ ਤੱਕ ਉਪਰਲੀ ਇਕ ਛਤ ਦੇ

੧. ਇਹ ਜੋ ਪ੍ਰਕਰਮਾ ਕਰੋ ਤਾਂ ਦੁਖ ਭੰਜਨੀ ਬੇਰ ਤੋਂ ਅੱਗੇ ਵਾਰ ਥੜਾ ਹੈ ਤੇ ਉਪਰ ਮੰਦਰ ਸੀ ਜਿਥੇ ਪ੍ਰਕਾਸ਼ ਬੀ ਹੁੰਦਾ ਸੀ।
੨. ਇਹ ਮੰਜੀ ਸਾਹਿਬ ਗੁਰੂ ਕੇ ਬਾਗ ਵਿਚ ਹੈ।


www.sikhbookclub.com

ਵਿਚਾਲੇ ਹੋਰ ਛੱਤ ਪਾਕੇ ਦੁਛੱਤਾ ਕੀਤਾ ਗਿਆ, ਇਸ ਪ੍ਰਕਾਰ ਮੰਦਰ ਬੀ ਤਿਆਰ ਹੋ ਗਿਆ। ਨਾਲ ਨਾਲ ਗੁਰੂ ਨਗਰੀ ਬੀ ਵਡੇਰੀ ਤੇ ਪੱਕੀ ਬਣਦੀ ਗਈ। ਜਦੋਂ ਸਾਰਾ ਕਾਰਜ ਸਿਰੇ ਚੜ੍ਹਨ ਦੇ ਲਗਪਗ ਸੀ ਤਦ ਅਸਚਰਜ ਹੁੰਦਾ ਸੀ ਕਿ ਕਿੰਵ ਇਸ ਗੁਰੂ ਵਜਕਤੀ ਨੇ ਐਸੀ ਪ੍ਰਭਾਵਸ਼ਾਲੀ ਤੇ ਵਿਸਮਾਦੀ ਰਚਨਾ ਰਚ ਲਈ ਹੈ। ਸੇਵਾ ਕਰਨ ਵਾਲੇ, ਸ਼ਰਧਾ ਵਾਲੇ, ਆਏ ਗਏ ਯਾਤਰੂ ਆਮ ਲੋਕ ਮਤਾਂ ਮਤਾਂਤਰਾਂ ਦੇ ਦੇਖ ਦੇਖ ਧੰਨ ਗੁਰੂ ਅਰਜਨ; ਧੰਨ ਗੁਰ ਅਰਜਨ ਉਚਾਰਦੇ ਸਨ। ਪਰ ਸਤਿਗੁਰੂ, ਜੋ ਸਗਲ ਹਉਮੈ ਤੋਂ ਰਹਤਵੀਂ ਨੰਮ੍ਰਤਾ ਵਿਚ ਵਸਦੇ ਸਨ, ਜੋ ਨੰਮ੍ਰਤਾ ਕਿ ਸਾਰੇ ਅੰਦਰਲੇ ਨੂੰ ਵਾਹਿਗੁਰੂ ਪੂਰਤ ਹਿਰਦੇ ਅਨੁਭਵ ਕਰ ਸਕਦੇ ਹਨ, ਪਰ ਸਾਨੂੰ ਸੁਸਿਖਜਤ ਕਰਨੇ ਲਈ ਸ੍ਰੀ ਗੁਰੂ ਜੀ ਨੇ ਤਦੋਂ ਇਕੋ ਸ਼ਬਦ ਉਚਾਰਕੇ ਸਭ ਨੂੰ ਸੁਝਾ ਦਿੱਤਾ ਕਿ ਮੈਂ ਕਿਸੇ ਕਰਤੱਵਜ ਦਾ ਕਰਤਾ ਨਹੀਂ ਸਮਝਦਾ ਆਪੇ ਨੂੰ। ਏਹ ਸਾਰਾ ਕਰਤੱਤੂ ਕਰਤਾ ਪੁਰਖ ਦਾ ਅਪਣਾ ਹੈ! ਉਸਦਾ ਇਹ ਬਿਰਦ ਹੈ ਉਸਨੇ ਆਪੇ ਅਪਣਾ ਕਾਰਜ ਕੀਤਾ ਹੈ। ਸਤਿਗੁਰੂ ਦੇ ਹਿਰਦੇ ਦੀ ਪਰਮ ਵਾਹਿਗੁਰੂ ਪੂਰਤ ਅਵਸਥਾ ਇਸ ਸ਼ਬਦ ਤੋਂ ਵਿਦਤ ਹੈ ਜੋ ਐਉਂ ਹੈ :-

ਸੂਹੀ ਮਹਲਾ ੫॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥੧॥ ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ॥ ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ॥ ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ॥ ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ॥ ਸ਼ਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ॥ ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ॥੨॥ ਜਿਸਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ॥ ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ॥ ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ॥ ਜਿਨਿ ਉਦਮੁ ਕੀਆ ਤਾਲ ਕੇਰਾ ਤਿਸਕੀ ਉਪਮਾ ਕਿਆ ਗਨੀ॥ ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ॥ ਪਤਿਤ ਪਾਵਨੁ ਬਿਰਦ ਸੁਆਮੀ ਨਾਨਕ ਸਬਦ ਅਧਾਰਾ॥੩॥ ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ॥ ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ॥ ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ॥ ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ॥ ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ॥ ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ॥੪॥੭॥੧੦॥

ਕਵੀਰਾਜ ਭਾਈ ਸੰਤੋਖ ਸਿੰਘ ਜੀ ਨੇ ਗੁਰੂ ਜੀ ਦੇ ਇਸ ਭਾਵ ਨੂੰ ਵਧੇਰੇ ਸਮਝ ਗੋਚਰੇ ਕਰਨੇ ਲਈ ਵਾਹਿਗੁਰੂ ਜੀ ਦੇ ਪ੍ਰਤੱਖ ਦਰਸ਼ਨ ਦੇਣੇ ਤੇ ਕਾਰ ਕਰਵਾਉਣੀ ਤੇ ਸਤਿਗੁਰੂ ਜੀ ਦੀ ਸਨਮੁਖ ਮਹਿਮਾ ਕਰਨੀ ਆਦਿ ਵਿਚ ਦਰਸਾਈ ਹੈ। ਉਸ ਵੇਲੇ ਵਾਹਿਗੁਰੂ ਜੀ ਵਲੋਂ ਇਸ ਮੰਦਰ ਨੂੰ ਅਨਿੰਨ ਹਰੀ

ਕੀਰਤਨ ਵਾਲਾ ਮੰਦਰ ਬਨਾਉਣ ਦਾ ਉਪਦੇਸ਼ ਐਉਂ ਦਰਸਾਇਆ ਹੈ :-

ਇਹੁ ਮੇਰੋ ਮੰਦਰ ਬਰ ਹੋਇ। ਜਿਸ ਦੀ ਸਮਤਾ ਕਰਹਿ ਨ ਕੋਇ। ੩੯
ਤੀਨ ਲੋਕ ਮਹਿਂ ਹੋਇ ਨ ਜੈਸੋ। ਭਜਨ ਪ੍ਰਤਾਪ ਬਨਹਿ ਨਿਤ ਐਸੋ।
ਨਰਕ ਨਿਵਾਰਣ ਕਾਰਣ ਮੋਖ। ਮੇਰੋ ਸਿਮਰਨ ਹੁਇ ਨਿਰਦੋਖ। ੩੭।
ਜੋ ਨਰ ਸਰਧਾ ਧਰਿ ਉਰ ਪਰਮ। ਗਾਇ ਕੀਰਤਨ ਹੁਇ ਨਿਸਭਰਮ।
ਮੁਹਿ ਕੋ ਮਿਲਹਿ ਆਇ ਨਿਹਸੰਸੇ। ਜਨਮ ਮਰਨ ਕੋ ਬੰਧ ਬਿਧ੍ਵੰਸੇ। ੪੮।

(ਗੁ: ਪ੍ਰ: ਸੂ: ਗ੍ਰੰਥ, ਰਾਸਿ ੨-੫੨)

ਗੁਰੂ ਸਾਹਿਬ ਜੀ ਨੇ ਇਹ ਮੰਦਰ ਹਰੀ ਕੀਰਤਨ, ਹਰੀ ਆਰਾਧਨ, ਇਕ ਅਕਾਲ ਪੁਰਖ ਦਾ ਅੱਠੇ ਪਹਿਰ ਸਿਮਰਨ ਦਾ ਟਿਕਾਣਾ ਸਾਜਿਆ, ਜਿਸ ਵਿਚ ਕਿ ਵਾਹਿਗੁਰੂ ਸ਼ਬਦ ਰੂਪ ਵਿਚ ਸਦਾ ਆਰਾਧਿਆ ਜਾਂਦਾ ਰਹੇ। ਇਸ ਦਾ ਨਾਂਉਂ ਹਰੀ ਮੰਦਰ ਰੱਖਿਆ ਕਿ ਅਕਾਲ ਪੁਰਖ ਦੀ ਪੂਜਾ ਦਾ ਟਿਕਾਣਾ ਹੈ। ਇਸ ਦੇ ਰਚੇ ਜਾਣ ਦੀ ਵਡਿਆਈ ਤੇ ਸ਼ੋਭਾ ਸਾਰੀ ਕਰਤਾ ਪੁਰਖ ਦੀ ਦੱਸੀ ਤੇ ਆਪ ਨੂੰ ਇਕ ਨਿਰ ਅਭਿਮਾਨ, ਨਿਰਹੰਕਾਰ, ਲੇਸ਼ਮਾਤ੍ਰ ਹਉਂ ਤੋਂ ਬੀ ਰਹਿਤ ਸੇਵਕ ਦੱਸਿਆ। ਪਰ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਿਸ ਹਿਰਦੇ ਵਿਚੋਂ ਹਉਂ ਦਾ ਅਭਾਵ ਹੁੰਦਾ ਹੈ ਉਹ ਹਿਰਦਾ ਵਾਹਿਗੁਰੂ ਨਾਲ ਪੂਰਤ ਹੋ ਜਾਂਦਾ ਹੈ। ਉਥੇ 'ਮੈਂ ਕਰਤਾ' ਨਹੀਂ ਰਹਿੰਦਾ, ਉਥੇ ਬੈਠਾ ਅਕਾਲ ਪੁਰਖ ਕਰਤਾ ਹੋ ਕੇ ਵਰਤਦਾ ਹੈ। ਹਾਂ, ਹਉਮੈਂ ਰਹਿਤ ਹਿਰਦੇ ਵਾਹਿਗੁਰੂ ਨਸ਼ੇ ਵਿਚ ਮਖ਼ਰੂਰ 'ਵਾਹਿਗੁਰੂ ਸਰੂਪ ਨਾਲ ਭਰਪੂਰ' ਹਿਰਦੇ ਹੁੰਦੇ ਹਨ।

ਸੋ ਵਾਹਿਗੁਰੂ ਜੀ ਦੀ ਮਿਹਰ ਨਾਲ ਸਰੋਵਰ ਪੱਕਾ ਬਣ ਗਿਆ, ਵਿਚ ਹਰਿਮੰਦਰ ਰੂਪ ਧਾਰ ਖੜੋਤਾ, ਮੰਦਰ ਤੋਂ ਬਾਹਰ ਮੰਦਰ ਦੇ ਦਰਸ਼ਨੀ ਦਰਵਾਜ਼ੇ ਤਕ ਪੁਲ ਬਣ ਗਿਆ। ਅਗੇ ਸਾਫ ਮੈਦਾਨ ਹੋ ਗਿਆ, ਉਧਰ ਰਾਮਦਾਸ ਪੁਰ ਨਗਰੀ ਉਸਰ ਗਈ। ਨਗਰੀ ਦਾ ਇਕ ਦਰਵਾਜ਼ਾ, ਜਿਥੋਂ ਹਰੀ ਮੰਦਰ ਦੇ ਦਰਸ਼ਨ ਹੁੰਦੇ ਸਨ, ਉਸਰ ਗਿਆ। ਇਸਦਾ ਨਾ ਅਜੇ ਤਕ ਦਰਸ਼ਨੀ ਡੇਉਢੀ ਹੈ। ਨਗਰੀ ਵਿਚ ਦੁਕਾਨਾਂ, ਮਕਾਨ, ਗੁਰੂ ਕੇ ਮਹਲ ਪੱਕੇ ਬਣ ਗਏ। ਐਉਂ : 'ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ' ਹੋ ਗਿਆ :-

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥ ਹਰਿਹਾਂ ਨਾਨਕ ਕਸਮਲ ਜਾਹਿ
ਨਾਇਐ ਰਾਮਦਾਸ ਸਰ॥੧੦॥ (ਫੁਨਹੇ ਮਹਲਾ ੫)

ਹੁਣ ਸੰਗਤਾਂ ਦੇ ਦੀਵਾਨ ਹਰੀ ਮੰਦਰ ਵਿਚ ਲਗਣ ਲਗੇ। ਤ੍ਰਿਪਹਿਰੇ ਵਜੇ ਆਸਾ ਦੀ ਵਾਰ ਲਗੇ। ਘੜਿਆਲ ਵੱਜਣ ਦਾ ਟਿਕਾਣਾ ਦਰਸ਼ਨੀ ਦਰਵਾਜ਼ੇ ਦੇ ਬਾਹਰ ਸਾਜਿਆ ਗਿਆ ਸੀ। ਇਸਦੀਆਂ ਟੁੰਕਾਰਾਂ ਹਰੀ ਮੰਦਰ ਤੇ ਨਗਰੀ ਵਾਲਿਆਂ ਨੂੰ ਵਕਤ ਦੀ ਸੋਝੀ ਦੇਂਦੀਆਂ ਰਹਿੰਦੀਆਂ ਸਨ*।

ਆਸਾ ਦੀ ਵਾਰ ਕੁਛ ਬਾਕੀ ਹੁੰਦੀ ਸੀ ਤਾਂ ਸਤਿਗੁਰ ਦੀ ਸਵਾਰੀ ਆਉਂਦੀ ਸੀ ਤੇ ਆਪ ਹਰੀ ਮੰਦਰ ਵਿਚ ਆ ਬਿਰਾਜਦੇ ਸਨ, ਜਿਸ ਵੇਲੇ ਕਿ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਵਾਰੀ ਆਉਂਦੀ ਹੈ।

---

*ਇਸਨੂੰ ਘੜਿਆਲ ਬੁੰਗਾ ਸਦਦੇ ਸਨ। ਇਥੇ ਵੱਡਾ ਘੜਿਆਲ ਹੁੰਦਾ ਸੀ ਤੇ ਘੜਿਆਲੀ ਘੜੀਆਂ ਵਜਾਇਆ ਕਰਦਾ ਸੀ। ਪਰ ਹੁਣ ਇਹ ਸਾਮਾਨ ਉਥੇ ਨਹੀਂ ਰਿਹਾ। ਨਾਂ ਹੀ ਬੁੰਗਾ ਰਿਹਾ ਹੈ। ਇਸ ਦਾ ਟਿਕਾਣਾ ਸ੍ਰੀ ਅਕਾਲ ਬੁੰਗੇ ਸਾਹਿਬ ਦੇ ਚੌਕ ਵਿਚ ਸੀ, ਦੋ ਨਿਸ਼ਾਨ ਸਾਹਿਬਾਂ ਦੇ ਨਾਲ ਕਰਕੇ ਜਿਥੇ ਹੁਣ ਇਕ ਵੱਡਾ ਦਰਵਾਜ਼ਾ ਬਣਿਆ ਹੈ।


www.sikhbookclub.com

ਜਦੋਂ ਸਭ ਕਾਰਜ ਸੰਪੂਰਨ ਹੋ ਗਿਆ ਤੇ ਬੜਾ ਭਾਰੀ ਸਮਾਗਮ ਵਾਹਿਗੁਰੂ ਜੀ ਦੇ ਧੰਨਵਾਦ ਦਾ ਕੀਤਾ ਗਿਆ। ਉਸ ਸਮੇਂ ਸ੍ਰੀ ਗੁਰੂ ਜੀ ਨੇ ਸੇਵਾ ਕਰਨ ਵਾਲੇ ਸਾਰੇ ਸਿਖਾਂ ਨੂੰ ਵਰ ਦਾਨ ਬਖਸ਼ੇ। ਸਭ ਤੋਂ ਸ਼੍ਰੋਮਣੀ ਸੇਵਾ ਭਾਈ ਬੁੱਢਾ, ਭਾਈ ਭਗਤੂ, ਭਾਈ ਬਹਿਲੋ ਦੀ ਸੀ।

ਭਾਈ ਬੁੱਢਾ ਜੀ ਅੱਗੇ ਹੀ ਗੁਰੂ ਘਰ ਵਿਚ ਅਤਿ ਸਨਮਾਨਤ ਸੇ ਤੇ ਗੁਰੂ ਨਾਨਕ ਦੇਵ ਜੀ ਦੇ ਵਰੋਸਾਏ ਹੋਏ ਸੇ। ਉਨ੍ਹਾਂ ਨੂੰ ਭੁਗਤ ਮੁਕਤ ਸਭ ਕੁਛ ਦੀ ਅਸੀਸ ਦਿੱਤੀ ਤੇ ਸੰਗਤਾਂ ਦਾ ਸਹਾਈ ਬਣਾਇਆ। ਭਾਈ ਭਗਤੂ ਨੂੰ ਜੀਵਨ ਮੁਕਤਿ ਅਵਸਥਾ ਤੇ ਜੰਗਲ ਦੇਸ਼, ਬੈਰਾੜਾਂ ਦੀ ਸੰਗਤ ਦੀ ਅਗੁਵਾਨੀ ਬਖਸ਼ੀ, ਭਾਈ ਬਹਿਲੋ ਨੂੰ 'ਗਯਾਨ' ਦਾਨ ਕੀਤਾ ਤੇ ਗੁਪਤ ਤਾਕਤਾਂ ਤੇ ਸ਼ਕਤੀ ਬਖਸ਼ੀ।

ਭਾਈ ਉਗਰੂ ਤੇ ਕਲਜਾਣਾ ਨੂੰ ਵਾਹਿਗੁਰੂ ਪ੍ਰੇਮ ਦੀ ਪਦਵੀ ਦਿੱਤੀ। ਚਾਰ ਸਿੱਖ ਹੋਰ ਸਨ, ਜਿਨ੍ਹਾਂ ਦੇ ਨਾਮ ਹਨ : ਭਾਈ ਅਜਬ, ਭਾਈ ਅਜਾਇਬ, ਭਾਈ ਉਮਰਾਸ਼ਾਹ ਤੇ ਭਾਈ ਸੰਘਾ। ਏਹ ਸਰੋਵਰ ਦੀ ਸੇਵਾ ਬੀ ਕਰਦੇ ਸਨ ਤੇ ਮਾਯਾ ਬੀ ਸੰਗਤਾਂ ਤੋਂ ਲਿਆਕੇ ਖਰਚ ਵਿਚ ਸਫਲ ਕਰਦੇ ਸੇ। ਏਹ ਬੜੇ ਦਿਆਨਤਦਾਰ ਸਨ ਤੇ ਸੰਗਤਾਂ ਦੀ ਗੁਰੂ ਅਰਪੀ ਮਾਯਾ ਨੂੰ ਆਪਣੇ ਲਈ ਬਿਖ ਸਮ ਸਮਝਦੇ ਸਨ। ਇਨ੍ਹਾਂ ਤੇ ਪ੍ਰਸੰਨ ਹੋ ਕੇ ਬਖਸ਼ਿਸ਼ਾਂ ਕੀਤੀਆਂ। ਨਾਮ, ਪ੍ਰੇਮ ਤੇ ਮੁਕਤਿ ਦਾਨ ਬਖਸ਼ਿਆ। ਜੇਠਾ, ਪਿਰਾਣਾ, ਪੈੜਾ ਛਜਲ ਜਾਤ ਦਾ, ਲੰਗਾਹਾ, ਇਨ੍ਹਾਂ ਨੂੰ ਗਯਾਨ ਤੇ ਸਿੱਧੀਆਂ ਬਖਸ਼ੀਆਂ ਅਰ ਅਜਰ ਜਰਨ ਦੀ ਜਾਚ ਵੀ ਨਾਲ ਸਿਖਾਈ। ਭਾਈ ਸਾਲ੍ਹੋ ਨੂੰ ਨਗਰੀ ਦਾ ਵਡਕਾ ਥਾਪਿਆ। ਨਗਰੀ ਤੇ ਵਸਦੇ ਲੋਕਾਂ ਦੇ ਸਾਰੇ ਪ੍ਰਬੰਧ ਇਸਦੇ ਸਪੁਰਦ ਕੀਤੇ ਗਏ। ਨਾਮ ਦਾਨ ਮੁਕਤੀ ਬਖਸ਼ੀ। ਇਸ ਪ੍ਰਕਾਰ ਮਹਾਨ ਸਮਾਗਮ ਸਮਾਪਤ ਹੋਇਆ।

ਹੁਣ ਗੁਰੂ ਜੀ ਹਰਿਮੰਦਰ ਵਿਚ ਜੋਤਾਂ ਜਗਾਉਂਦੇ, ਉਪਦੇਸ਼ ਕਰਦੇ, ਜਗਤ ਨਿਸਤਾਰਦੇ, ਕੀਰਤਨ ਦਾ ਰੰਗ ਲਗ ਪਗ ਅੱਠੇ ਪਹਿਰ ਹੀ ਲਗਾ ਰਹਿੰਦਾ।

ਆਈਆਂ ਸੰਗਤਾਂ ਦੇ ਪ੍ਰਬੰਧ ਲਈ ਹੁਣ ਵਧੇਰੇ ਲੋੜ ਸੀ; ਸੋ ਉਮਰਾ ਸ਼ਾਹ, ਕਲਜਾਣਾ, ਜੇਠਾ, ਪਿਰਾਣਾ ਆਦਿ ਕਈ ਸਿਖ ਪਾਸ ਹੀ ਰਹਿੰਦੇ ਸਨ। ਕਦੇ ਕਦੇ ਕੰਮ ਪਏ ਤੇ ਕੋਈ ਬਾਹਰ ਜਾਵੇ ਪਰ ਉਂਵ ਗੁਰੂ ਕੀ ਨਗਰੀ ਰਹਿ ਕੇ ਸਾਰਾ ਪ੍ਰਬੰਧ ਸਾਰਦੇ ਸਨ। ਸਿਖਾਂ ਨੇ ਸੇਵਾ ਸਫਲਤਾ ਨਾਲ ਕੀਤੀ ਤੇ ਆਪਣੀ ਕਲਜਾਣ ਲਈ ਕੀਤੀ, ਪਰ ਸਾਰੇ ਇਕੋ ਜੇਹੇ ਨਹੀਂ ਹੁੰਦੇ। ਕਿਸੇ ਕਿਸੇ ਦੇ ਜੀ ਵਿਚ ਕੀਤੀ ਸੇਵਾ ਦਾ ਅਭਿਮਾਨ ਸੀ। ਇਹ ਅਭਿਮਾਨ ਰੋਗ ਹੁੰਦਾ ਹੈ ਜੋ ਕੀਤੀ ਸੇਵਾ ਨੂੰ ਗਵਾ ਦੇਂਦਾ ਹੈ। ਇਸਤੋਂ ਅਰੋਗ ਕਰਨ ਲਈ ਸਤਿਗੁਰੂ ਜੀ ਨੇ ਭਾਈ ਬੁੱਢਾ ਜੀ ਨੂੰ ਦੀਵਾਨ ਵਿਚ ਰੋਜ਼ ਕਥਾ ਕਰਨ ਤੇ ਲਾਇਆ ਕਿ ਓਹ ਗੁਰੂ ਨਾਨਕ ਦੇਵ ਜੀ ਦੇ ਦੁਆਰੇ ਸਿੱਖਾਂ ਦੀ ਪਰਖ ਦੀਆਂ ਸਾਖੀਆਂ ਤੇ ਗੁਰਮਤ ਦਾ ਉਪਦੇਸ਼ ਸੁਣਾਵੇ। ਇਸ ਪ੍ਰਕਾਰ ਸਾਰੇ ਸੇਵਕ ਸਤਿਗੁਰ ਜੀ ਨੇ ਨਿਸਤਾਰੇ ਦੇ ਰਾਹ ਪਾ ਦਿੱਤੇ ਤਾਂ ਘਾਲਾਂ ਥਾਂ ਪਈਆਂ। ਇਸਤੋਂ ਮਗਰੋਂ ਬਾਬਾ ਬੁੱਢਾ ਜੀ ਗੁਰੂ ਲੰਗਰ ਨਾਲ ਲਗੇ ਪਿੰਡਾਂ ਦੇ ਪ੍ਰਬੰਧ ਲਈ ਝਬਾਲ ਲਾਗ ਬੀੜ ਵਿਚ ਜਾ ਟਿਕੇ।

## ੧੭. ਇਕ ਉਦਾਸੀਨ ਗਲ।

ਜਦੋਂ ਹਰਿਮੰਦਰ ਦੀ ਨੀਂਹ ਦੀ ਇੱਟ ਸਤਿਗੁਰੂ ਜੀ ਨੇ ਧਰੀ ਸੀ ਤਾਂ ਰਾਜ ਨੇ ਉਹ ਇਟ ਚੁੱਕ ਕੇ ਆਪਣੀ ਮਨ ਮਰਜ਼ੀ ਨਾਲ ਫੇਰ ਰਖੀ, ਤਦ ਗੁਰੂ ਜੀ ਮੁਸਕਰਾਏ ਤੇ ਫੁਰਮਾਇਆ : 'ਅਬਿਚਲ ਮੰਦਰ ਦੀ ਨੀਂਹ ਅਹਿੱਲ ਰਹਣੀ ਚਾਹੀਦੀ ਸੀ, ਇਹ ਹਿੱਲ ਗਈ ਹੈ, ਸੋ ਦੇਖੋ ਕੀਹ


www.sikhbookclub.com

ਕੌਤਕ ਭਵਿਖਜਤ ਵਿਚ ਵਰਤਦਾ ਹੈ।' ਇਹ ਵਾਕ ਐਸ ਤਰ੍ਹਾਂ ਸਾਰਥਿਕ ਹੋਏ ਕਿ ਅਹਿਮਦ ਸ਼ਾਹ ਅਬਦਾਲੀ ਨੇ ੧੮੧੯ ਬਿ: ਸੰਮਤ ਇਸ ਮੰਦਰ ਨੂੰ ਢਾਹਿਆ* ਤੇ ਬਾਰੂਦ ਭਰ ਭਰ ਕੇ ਉਡਾਇਆ। ਪਰ ਦੋ ਸਾਲ ਮਗਰੋਂ ਸੰਮਤ ੧੮੨੧ ਵਿਚ ਖਾਲਸਾ ਦਲ ਨੇ ਫੇਰ ਇਕੱਤ੍ਰ ਹੋਕੇ ਹੁਣ ਵਾਲਾ ਮੰਦਰ ਉਨ੍ਹਾਂ ਹੀ ਨੀਹਾਂ ਤੇ ਉਵੇ ਹੀ ਉਸਾਰਿਆ। ਹੁਣ ਵਾਲੀ ਸੋਨੇ ਤੇ ਸੰਗ ਮਰਮਰ ਦੀ ਸੇਵਾ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਸੰਮਤ ੧੮੫੯ ਬਿ: ਵਿਚ ਕੀਤੀ। ਲੱਖਾਂ ਰੁਪਏ ਦੇ ਜ੍ਵਾਹਰਾਤ ਸਮੇਂ ਸਮੇਂ ਸਿਰ ਸਿਖ ਮਿਸਲਾਂ ਵਾਲੇ ਸਰਦਾਰ ਤੇ ਮਹਾਰਾਜਾ ਰਣਜੀਤ ਸਿੰਘ ਅਰਦਾਸ ਕਰਾਉਂਦੇ ਰਹੇ ਜੋ ਹੁਣ ਤੋਸ਼ੇ ਖਾਨੇ ਵਿਚ ਹੈਨ ਤੇ ਗੁਰਪੁਰਬਾਂ ਤੇ ਸਜਾਏ ਜਾਂਦੇ ਹਨ, ਜਿਸਨੂੰ ਜਲੌ ਆਖਦੇ ਹਨ। ਚਾਰੋਂ ਦਰਵਾਜ਼ਿਆਂ ਦੀਆਂ ਸੋਨੇ ਦੀਆਂ ਜੋੜੀਆਂ ਬੀ ਤਦੋਂ ਹੀ ਲਗਦੀਆਂ ਹਨ।

# ੧੮. ਗੁਰ-ਸਿੱਖੀ ਦਾ ਕੇਂਦ੍ਰ।

**ਲਿਖਿਆ** ਹੈ ਕਿ ਹਰੀ ਮੰਦਰ ਦੇ ਸਾਜਣ ਦੀ ਆਗਜਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਤੇ ਉਨ੍ਹਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕੀਤੀ ਸੀ। ਸ੍ਰੀ ਅਮਰਦਾਸ ਜੀ ਨੇ ਆਪਣੇ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਨੂੰ, ਜੋ ਤਦੋਂ ਸੇਵਾ ਵਿਚ ਸਨ, ਇਸ ਸੁਭ ਸਥਾਨ ਦੀ ਸੇਵਾ ਤੇ ਲਾਇਆ ਸੀ। ਆਪ ਜੀ ਦੇ ਸਚਖੰਡ ਪਿਆਨੇ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ 'ਪੂਰਨ ਤਾਲ ਖਟਾਇਆ' ਸੀ। ਨਗਰੀ ਜੋ ਤਦੋਂ ਵਸਾਉਣੀ ਸ਼ੁਰੂ ਕੀਤੀ ਗਈ ਸੀ, ਹੋਰ ਵਧਾਈ ਸੀ। ਆਪ ਜੀ ਦੇ ਸੱਚਖੰਡ ਪਿਆਨੇ ਮਗਰੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਲ ਦੀਆਂ ਪਉੜੀਆਂ ਸਾਰੀਆਂ ਪੱਕੀਆਂ ਕਰਵਾਈਆਂ ਤੇ ਹਰੀ ਮੰਦਰ ਸਾਜਿਆ। ਨਾਲ ਹੀ ਰਾਮਦਾਸ ਪੁਰੇ ਦੀ ਨਗਰੀ ਵਸਾਈ ਜੋ ਡਾਢੀ ਸੰਘਣੀ ਤੇ ਰੌਣਕ ਦੀ ਵਸੋਂ ਵਾਲੀ ਹੋ ਗਈ। ਜਿਸ ਬਾਬਤ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਲਿਖਦੇ ਹਨ।

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥ ਹਰਿਹਾਂ ਨਾਨਕ ਕਸਮਲ ਜਾਹਿ
ਨਾਇਐ ਰਾਮਦਾਸ ਸਰ॥੧੦॥ (ਫੁਨਹੇ ਮ: ੫)

ਪੰਜਾਂ ਹੀ ਸਤਿਗੁਰਾਂ ਦੇ ਸ਼ੁਭ ਸੰਕਲਪ ਮੂਰਤੀਮਾਨ ਹੋਕੇ ਇਹ ਹਰੀਜਸ ਦਾ ਮੰਦਰ ਉਸਾਰਿਆ ਤੇ ਸਿੱਖੀ ਦਾ ਕੇਂਦ੍ਰੀਯ ਸਥਾਨ ਬਣਿਆ। ਮੁੱਢ ਤੋਂ ਅਜ ਤਕ ਸਿਖਾਂ ਦੀ ਸੇਵਾ ਇਸਦੇ ਸੁੰਦਰ ਤੋਂ ਸੁੰਦਰ ਬਨਾਉਣ ਤੇ ਲਗਦੀ ਰਹੀ। ਸਿਖਾਂ ਦਾ ਪਿਆਰ, ਫ਼ਖਰ ਤੇ ਸੇਵਾ ਇਸਤੇ ਡੁੱਲ੍ਹ ਡੁੱਲ੍ਹ ਪੈਂਦੇ ਰਹੇ। ਸਾਂਈ ਦੀ ਪੂਜਾ ਦਾ ਇਹ ਮੰਦਰ ਸਦਾ ਹੀ ਸ਼੍ਰੋਮਣੀ ਮੰਦਰ ਤੇ ਕੇਂਦ੍ਰੀਯ ਮੰਦਰ ਰਿਹਾ। ਸਿੱਖ ਪੰਥ ਦੀ ਕਾਇਮੀ, ਪ੍ਰਚਾਰ ਤੇ ਪ੍ਰਫੁੱਲਤਾਈ ਵਿਚ ਇਸ ਮੰਦਰ ਦੀ ਹਸਤੀ ਦਾ ਸਭ ਤੋਂ ਵੱਡਾ ਹਿੱਸਾ ਹੈ।

ਇਸ ਮੰਦਰ ਵਿਚ ਸਿਵਾ ਇਕ ਅਦੁਤੀ ਅਕਾਲ ਪੁਰਖ ਦੀ ਅਰਾਧਨਾ ਦੇ ਕੋਈ ਹੋਰ ਆਰਾਧਨਾ ਨਹੀਂ ਹੋ ਸਕਦੀ। ਇਸ ਵਿਚ ਸ਼ਬਦਾਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ ਤੇ ਅਖੰਡ ਕੀਰਤਨ ਦੇ ਰੂਪ ਵਿਚ ਇਲਾਹੀ ਸ਼ਬਦ ਦੀ ਅਨੂਪਮ ਧੁਨੀ ਇਥੇ ਗੁਰੂ ਰੂਪ ਵਿਚ ਹਰ ਖਿਨ ਉਪਦੇਸ਼ ਕਰ ਤੇ ਜੀਅਦਾਨ ਦੇ ਰਹੀ ਹੈ। ਸਿਵਾਏ ਅੱਧੀ ਰਾਤ ਦੇ ਇਧਰ ਉਧਰ ਦੇ ਸਮੇਂ ਦੇ ਜਦੋਂ

*ਸ੍ਰੀ ਹਰਿਮੰਦਰ ਦੀ ਪਹਿਲੀ ਨੀਂਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੪੫ ਬਿਕ੍ਰਮੀ ਵਿਚ ਧਰੀ ਸੀ।


www.sikhbookclub.com

ਕਿ ਮੰਦਰ ਵਿਚ ਸਫਾਈ ਹੁੰਦੀ ਹੈ ਲਗਾਤਾਰ ਹਰੀ ਯਸ਼ ਹੁੰਦਾ ਰਹਿੰਦਾ ਹੈ। ਜਿਸ ਵੇਲੇ ਮੰਦਰ ਦੇ ਅੰਦਰ ਸਫਾਈ ਹੁੰਦੀ ਹੈ ਉਸ ਵੇਲੇ ਦੇ ਸੇਵਕ ਬੀ ਗੁਰਬਾਣੀ ਦੀ ਧੁਨਿ ਲਾਈ ਰਖਦੇ ਯਾ ਨਾਮ ਉਚਾਰਦੇ ਰਹਿੰਦੇ ਹਨ। ਬਾਹਰ ਪੌੜਾਂ ਤੇ, ਕਿਤੇ ਨਾ ਕਿਤੇ, ਕੋਈ ਪ੍ਰੇਮੀ ਬਾਣੀ ਪੜ੍ਹ ਰਿਹਾ ਯਾ ਸਮਾਧੀ ਲਾਈ ਭਜਨ ਕਰ ਰਿਹਾ ਹੁੰਦਾ ਹੈ। ਇਸ ਤਰ੍ਹਾਂ ਅਖੰਡ ਕੀਰਤਨ ਤੇ ਹਰੀ ਨਾਮ ਦਾ ਇਹ ਪਵਿਤ੍ਰ ਟਿਕਾਣਾ ਜਗਤ ਵਿਚ ਇਕ ਅਦੁਤੀ ਟਿਕਾਣਾ ਹੈ।

ਛਾਲੋਨੇ ਵਾਲੇ ਬਾਬਾ ਜੀ ਦੇ ਪ੍ਰੇਮੀ ਇਕ ਯੂ. ਪੀ. ਦੇ ਸਹਜਧਾਰੀ ਵਡੇ ਜ਼ਿਮੀਂਦਾਰ ਸੇਵਕ ਕਹਿੰਦੇ ਹੁੰਦੇ ਸਨ ਕਿ 'ਹਮਾਰੀ ਤੋਂ ਗੁਰਬਾਣੀ ਕੀਰਤਨ ਨੇ ਕਲਜਾਣ ਕਰਦੀ ਹੈ। ਅਵਤਾਰ ਆਏ ਅਪਨੇ ਸਮੇਂ ਕੇ ਲੋਗੋਂ ਕਾ ਉਧਾਰ ਕਰ ਗਏ, ਪਰ ਦੇਖੀਏ ਗੁਰੂ ਜੀ ਆਏ, ਆਏ ਔਰ ਗਏ ਹੀ ਨਹੀਂ, ਸਰਵ ਕਾਲ ਕਾ ਉਧਾਰ ਕਰਨੇ ਕੇ ਲੀਏ ਹਰੀ ਕੀਰਤਨ ਕਾ ਰੂਪ ਧਾਰਨ ਕੀਆ ਔਰ ਸ੍ਰੀ ਹਰਿਮੰਦਰ ਮੇਂ ਬੈਠ ਗਏ। ਅਪਨੇ ਸਮੇਂ ਕੇ ਲੋਗੋਂ ਕਾ ਉਧਾਰ ਬੀ ਕੀਆ ਔਰ ਆਜ ਹਮਾਰਾ ਬੀ ਕਲਜਾਣ ਕੀਆ, ਯਿਹ ਹੈ ਪ੍ਰਿਥਵੀ ਪਰ ਆਨਾਂ ਗੁਰੂ ਸਾਹਿਬਾਨ ਕਾ; ਆਏ ਔਰ ਗਏ ਹੀ ਨਹੀਂ।

ਇਸ ਪ੍ਰਕਾਰ ਬੇਗਿਣਤ ਜੀਆਂ ਦਾ ਉਧਾਰ ਇਸ ਮੰਦਰ ਨੇ ਆਪਣੇ ਵਿਸਮਾਦੀ ਪ੍ਰਭਾਵ ਹਰੀ ਕੀਰਤਨ ਨਾਲ ਕੀਤਾ ਹੈ।

ਸਰੋਵਰ ਵਿਚ ਮੰਦਰ ਦਾ ਖੜੇ ਹੋਣਾ ਤੇ ਮੰਦਰ ਦੀ ਬਨਾਵਟ ਕਿਸੇ ਐਸੀ ਵਿਉਂਤ ਦੀ ਹੈ ਕਿ ਦੇਖਣ ਵਾਲੇ ਤੇ ਸਹਜ ਸੁਭਾਵ ਹੀ ਵਿਸਮਾਦੀ ਅਸਰ ਪਾਉਂਦੀ ਹੈ, ਇਹ ਵਿਸਮਾਦੀ ਅਸਰ ਇਥੇ ਬੈਠਕੇ ਭਜਨ ਕਰਨ ਵਾਲਿਆਂ ਨੂੰ ਸਾਂਈਂ ਲਿਵ ਵਿਚ ਜੁੜਨ ਵਿਚ ਬਹੁਤ ਸਹਾਯਤਾ ਦੇਂਦਾ ਹੈ। ਨਾਲ ਹਰ ਵਕਤ ਦਾ ਕੀਰਤਨ ਹੋਰ ਪ੍ਰਭਾਵ ਸੁਰਤ ਦੇ ਸਾਂਈਂ ਵਿਚ ਜੁੜਨ ਦਾ ਪਾਉਂਦਾ ਹੈ ਤੇ ਇਨਸਾਨ ਦੇ ਦਿਲ ਦਿਮਾਗ ਤੇ ਸ਼ਾਂਤੀ ਸੁਖ ਦਾ ਅਸਰ ਕਰਦਾ ਹੈ। ਇਨ੍ਹਾਂ ਉਤਮ ਆਤਮ ਪ੍ਰਭਾਵਾਂ ਤੋਂ ਵੱਖਰਾ ਉਸ ਸ਼ਬਦ ਦਾ ਪ੍ਰਭਾਵ ਹੈ ਜੋ ਸ਼ਬਦ ਬ੍ਰਹਮ ਕਹੀਦਾ ਹੈ, ਪਰ ਜੋ ਗੁਰੂ ਜੀ ਦੇ ਏਥੇ ਭਜਨ ਕਰਨ ਕਰਕੇ ਤਦ ਤੋਂ ਸਦੈਵੀ ਰੂਪ ਵਿਚ ਘੁੰਮਣ ਘੇਰੀ ਜਲ ਵਾਂਙੂ ਹਰ ਵੇਲੇ ਚਕ੍ਰ ਲਾ ਰਿਹਾ ਤੇ ਸੁਰਤਾਂ ਨੂੰ ਲੀਨਤਾ ਵਲ ਲਿਜਾਕੇ ਵਿਲੈ ਕਰ ਲੈਣ ਦਾ ਅਸਰ ਪਾ ਰਿਹਾ ਹੈ। ਇਕ ਥੀਓਸਾਫੀ ਦੇ ਪੈਰੋਕਾਰ ਪ੍ਰੋਫੈਸਰ ਸਾਹਿਬ ਆਖਦੇ ਹੁੰਦੇ ਸਨ ਕਿ ਇਸ ਮੰਦਰ ਮੇਂ ਸਦੈਵੀ ਸਬਦ ਦਾ ਵੋਹ ਪ੍ਰਭਾਵ ਹੈ ਕਿ ਹਮ ਜਬ ਕਭੀ ਅਪਨੀ ਸੁਰਤ ਸੇ ਸ਼ਬਦ ਦਾ ਵਿਛੋੜਾ ਖਾਕਰ ਯਹਾਂ ਆਤੇ ਹੈਂ, ਆਤੇ ਹੀ ਹਮਾਰੀ ਗੁੰਮ ਹੋ ਗਈ ਲਗਨ ਚਲ ਪੜਤੀ ਹੈ ਔਰ ਨਾਮ ਕਾ ਸਿਮਰਣ ਅਪਨੇ ਆਪ ਚਲ ਪੜਤਾ ਔਰ ਰਸਮਈ ਹੋ ਜਾਤਾ ਹੈ। ਹਾਂ, ਹਮਾਰੀ ਗੁੰਮ ਹੋ ਗਈ ਕੱਰੈਂਟ (Current) ਵਾਪਸ ਆ ਜਾਤੀ ਹੈ।' ਇਸੀ ਤਰ੍ਹਾਂ ਰੂਸ ਤੋਂ ਅਤੇ ਇਕ ਮੁਸਲਮਾਨ ਯਾਤਰੂ ਅਠ ਪਹਰ ਇਬਾਦਤ ਹੁੰਦੀ ਦੇਖ ਕੇ ਪ੍ਰਭਾਵਿਤ ਹੋਏ ਸੇ ਤੇ ਓਹ ਅੰਮ੍ਰਿਤ ਦੇ ਵੇਲੇ ਹੀ ਆਗਜਾ ਲੈ ਕੇ ਉਪਰਲੀ ਛੱਤੇ ਬੈਠਕੇ ਕੀਰਤਨ ਸੁਣਦੇ ਤੇ ਮਗਨ ਹੋ ਹੋ ਜਾਂਦੇ ਸੇ। ਇਕ ਹੋਰ ਮੁਸਲਮਾਨ ਬ੍ਰਿਧ ਸਜਣ ਜੀ ਉਮਰਾ ਭਰ ਮੱਕੇ ਵਿਚ ਕਾਅਬੇ ਸਰੀਫ ਦੀ ਸੇਵਾ ਕਰਦੇ ਆਏ ਸਨ, ਉਨ੍ਹਾਂ ਨੇ ਇਕ ਚੋਰ, ਜੋ ਸੰਦਲ ਦੀ ਲਕੜੀ ਦੇ ਬਾਰੀਕ ਰੇਸ਼ੇ ਰਗੜ ਕੇ ਬਨਾਇਆ ਸੀ, ਭੇਟ ਕੀਤਾ ਸੀ। ਇਹ ਚੌਰ ਅਜੇ ਤੋਸ਼ੇ ਖਾਨੇ ਵਿਚ ਹੈ ਤੇ ਗੁਰਪੁਰਬਾਂ ਦੇ ਜਲੌ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਸਜਾਇਆ ਜਾਂਦਾ ਹੈ। ਇਕ ਫ੍ਰਾਂਸੀਸੀ ਮੁਸੱਵਰ, ਸ਼ਾਇਦ ਜਾਰਲ ਉਨ੍ਹਾਂ ਦਾ ਨਾਮ ਸੀ, ਕਈ ਫੁੱਟ ਮੁਰੱਬਾ ਦੀ ਰੰਗਦਾਰ ਤਸਵੀਰ ਹਰਿਮੰਦਰ ਦੀ ਬਣਾਕੇ ਲੈ ਗਏ ਸਨ, ਓਹ ਕਿਹਾ ਕਰਦੇ ਸਨ ਕਿ ਰੌਸ਼ਨੀ ਹੋਰ ਮੰਦਰਾਂ ਅਤੇ ਜੀਵਾਂ ਤੇ ਬਾਹਰੋਂ ਪੈਂਦੀ ਹੈ ਜਦ ਹਰੀਮੰਦਰ ਦੀ ਤਸਵੀਰ ਬਨਾਉਣ ਬੈਠਦਾ ਹਾਂ ਤਾਂ ਮੈਨੂੰ ਇਕ ਰੌਸ਼ਨੀ ਅੰਦਰੋਂ ਬਾਹਰ ਪੈਂਦੀ ਦਿਖਾਈ ਦਿੰਦੀ ਹੈ। ਇਹ ਸਜਣ ਦੇਖੇ ਹਨ ਤੇ ਆਪਣੇ ਨਾਲ ਮਿਲੇ ਗਿਲੇ, ਗਲਾਂ ਬਾਤਾਂ ਦੇ ਅਵਸਰ ਮਿਲੇ ਹਨ, ਸਿਵਾਏ ਰੂਸ ਤੋਂ ਆਏ

 www.sikhbookclub.com

ਸਜਣ ਦੇ, ਓਹ ਭਾਈ ਸੇਵਾ ਸਿੰਘ (ਐਡੀਟਰ ਖਾਲਸਾ ਸਮਾਚਾਰ) ਜੀ ਨੂੰ ਮਿਲੇ ਸੇ। ਇਕ ਹੋਰ ਆਰਯਾ ਸਮਾਜੀ ਸਜਣ ਦਾ ਹਾਲ ਭਾਈ ਸੇਵਾ ਸਿੰਘ ਜੀ ਦਾ ਨਿਜ ਡਿੱਠਾ ਸੀ। ਘੰਟਾ ਘਰ ਖੜਾ ਉਹ ਚੁਰਟ ਪੀ ਰਿਹਾ ਸੀ ਕਿ ਮੰਦਰ ਦੀ ਛੋਟੀ ਪ੍ਰਕਰਮਾ ਤੋਂ ਸੰਗਤ ਦੀ ਆਵਾਜ਼ ਆਈ :-

ਧੰਨ ਗੁਰੂ ਰਾਮਦਾਸ! ਕਰੀਂ ਨਾਂ ਕਿਸੇ ਦਾ ਮੁਥਾਜ।

ਇਹ ਧੁਨਿ ਸੁਣ ਕੇ ਉਹ ਕਹਿਣ ਲਗਾ : ਕਿਆ ਗੁਰੂ ਰਾਮਦਾਸ ਸਚਮੁਚ ਆਸਾ ਪੂਰਨਹਾਰ ਹੈ? ਭਾਈ ਸੇਵਾ ਸਿੰਘ ਸੁਣ ਰਹੇ ਸਨ, ਬੋਲੇ : ਪਰਤਾ ਲਓ। ਉਹ ਬੋਲਿਆ : ਮੈਂ ੧੪ ਸਿਗਰਟ ਰੋਜ਼ ਪੀਤਾ ਹੂੰ। ਔਰ ਮੈਂ ਇਸਦਾ ਮੁਤਹਾਜ ਹੋ ਗਿਆ ਹੂੰ। ਐ ਗੁਰੂ ਰਾਮਦਾਸ! ਮੇਰੇ ਯਿਹ ਛੂਟ ਜਾਏ ਤੋ ਮੈਂ ਬੀ ਜਾਨ ਲੂੰ ਕਿ ਤੂ ਸੱਚਾ ਆਸ਼ਾ ਪੂਰਨ ਔਰ ਕਿਸੀ ਕਾ ਮੁਹਤਾਜ ਨਾਂ ਰਖਨੇ ਵਾਲਾ ਗੁਰੂ ਹੈਂ।' ਮਹੀਨੇ ਕੁ ਬਾਦ ਇਹੋ ਸੱਜਣ ਭਾਈ ਸੇਵਾ ਸਿੰਘ ਜੀ ਨੂੰ ਫਿਰ ਪੁਲ ਤੇ ਮਿਲਿਆ; ਕੜਾਹ ਪ੍ਰਸ਼ਾਦਿ ਲਿਜਾਂਦਾ, ਤਦ ਭਾਈ ਸੇਵਾ ਸਿੰਘ ਜੀ ਨੂੰ ਪਛਾਣ ਕੇ ਖੜਾ ਕਰ ਲਿਆ ਤੇ ਕਹਿਣ ਲਗਾ : 'ਭਾਈ ਸਾਹਿਬ! ਓਹੋ ਆਖਰੀ ਚੁਰਟ ਸੀ ਜੋ ਮੈਂ ਉਸ ਵੇਲੇ ਪੀਤਾ, ਫੇਰ ਦੂਜੇ ਦੀ ਮੈਨੂੰ ਲਾਲਸਾ (Craving) ਨਹੀਂ ਹੋਈ, ਐਉਂ ਛੁੱਟੇ ਹਨ ਜਿਵੇਂ ਸੱਪ ਦੀ ਕੁੰਜ। ਡਾਕਟਰ ਨਹੀਂ ਸਨ ਹਟਾ ਸਕੇ ਪਰ ਉਸ ਅਰਦਾਸ ਨੇ ਇਹ ਮੇਰੀ ਬੁਰੀ ਆਦਤ ਹਟਾ ਦਿੱਤੀ। ਹੁਣ ਮੈਂ ਸੱਚੇ ਗੁਰੂ ਦਾ ਸ਼ੁਕਰੀਆ ਕਰਨ ਆਇਆ ਹਾਂ।' ਇਸ ਪ੍ਰਕਾਰ ਅਨੇਕਾਂ ਅਨੇਕ ਵਾਕਿਆ ਹਨ! ਸਭ ਤੋਂ ਵਡੀ ਕ੍ਰਾਮਤ ਇਹ ਹੈ ਕਿ ਹਰੀ ਮੰਦਰ ਨੇ ਚਾਰ ਸਦੀਆਂ ਤੋਂ ਹਰੀ ਕੀਰਤਨ ਦਾ ਰੰਗ ਲਾ ਛੋੜਿਆ ਹੈ ਤੇ ਇਸਦੇ ਆਸਰੇ ਬੜੇ ਬੜੇ ਗੁਰਮੁਖ, ਸੰਤ ਤੇ ਮਹਾਤਮਾ ਕਮਾਲ ਨੂੰ ਪੁੱਜੇ ਹਨ।

**ਸੂਚਨਾ**—ਸਿੱਖੀ ਦੀ ਰਹੁ ਰੀਤਿ, ਜੋ ਗੁਰੂ ਨਾਨਕ ਦੇਵ ਜੀ ਨੇ ਤੋਰੀ ਤੇ ਦੂਸਰੇ, ਤੀਸਰੇ, ਚੌਥੇ ਸਤਿਗੁਰੂ ਨੇ ਪੂਰੇ ਪ੍ਰਭਾਵ ਨਾਲ ਪ੍ਰਤਿਪਾਲੀ, ਹੁਣ ਗੁਰੂ ਅਰਜਨ ਦੇਵ ਜੀ ਨੇ ਪ੍ਰਫੁੱਲਤਾ ਵਿਚ ਲੈ ਆਂਦੀ। ਇਹ ਭਾਵ ਨਹੀਂ ਕਿ ਕਦੇ ਉਹ ਘੱਟ ਸੀ ਤੇ ਹੁਣ ਵੱਧ ਹੋਈ ਪਰ ਇਹ ਕਿ ਉਹ ਆਪਣੀ ਅਸਲੀ ਪਵਿਤ੍ਰਤਾ ਵਿਚ, ਆਪਣੀ ਆਤਮ ਰੰਗਣ ਵਿਚ, ਅਪਣੇ ਪਰਉਪਕਾਰੀ ਲਹਿਰਾਉ ਵਿਚ ਜਿਉਂ ਕੀ ਤਿਉਂ ਰਹੀ, ਘਟੀ ਨੀਂ, ਝਵੀਂ ਨਹੀਂ, ਕੁਮਲਾਈ ਨਹੀਂ, ਹਰੀ ਭਰੀ ਲਹਿ ਲਹਿ ਕਰਦੀ ਪ੍ਰਫੁੱਲਤ ਰਹੀ ਤੇ ਹੋਈ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮੁਸ਼ਕਲਾਂ ਸੱਕੇਭਰਾ ਪ੍ਰਿਥੀਚੰਦ ਜੀ ਨੇ ਪਾਈਆਂ, ਉਨ੍ਹਾਂ ਦੇ ਹੁੰਦਿਆਂ, ਉਨ੍ਹਾਂ ਨੂੰ ਪੂਰਨ ਗੁਰਮੁਖ ਵਿਧੀ ਨਾਲ ਨਜਿਠਦਿਆਂ ਗੁਰੂ ਅਰਜਨ ਦੇਵ ਜੀ ਦੇ ਸਿਖੀ ਮਾਰਗ ਨੂੰ ਅਪਣੀ ਪਵਿਤ੍ਰਤਾ ਵਿਚ ਟੋਰੀ ਰਖਣਾ ਤੇ ਸਿਰੇ ਚਾੜੀ ਜਾਣਾ, ਸਿਖੀ ਨੂੰ ਪੱਕੇ ਪੈਰਾਂ ਤੇ ਕਾਯਮ ਰਖਣ ਲਈ ਹਰੀ ਮੰਦਰ ਜੈਸੀ ਸਾਜਨਾ ਸਾਜਣੀ ਤੇ ਉਸ ਅੰਦਰ ਵਾਹਿਗੁਰੂ ਉਪਾਸ਼ਨਾ ਦੀ ਅਨੋਖੀ ਰੀਤਿ-ਸਦੈਵੀ ਕੀਰਤਨ ਦੀ-ਜਾਰੀ ਕਰਨੀ, ਜੋ ਹੁਣ ਤਕ ਜ਼ਾਰੀ ਹੈ, ਕ੍ਰਾਮਤਾਂ ਸਨ ਜੋ ਗੁਰੂ ਅਰਜਨ ਦੇਵ ਜੀ ਨੇ ਦਿਖਾਈਆਂ ਤੇ ਹੁਣ ਤੱਕ ਪ੍ਰਤੱਖ ਦਿੱਸ ਰਹੀਆਂ ਹਨ।

ਅਸੀਂ ਮੁੱਢ ਵਿਚ ਸੰਖੇਪ ਨਾਲ ਤੱਕ ਆਏ ਹਾਂ, ਜੋ ਖੇਚਲਾਂ ਪ੍ਰਿਥੀ ਚੰਦ ਜੀ ਵਲੋਂ ਪਹੁੰਚੀਆਂ ਤੇ ਆਪ ਨੇ 'ਗੁਰਮੁਖ ਹਾਰ ਚਲੇ ਜਗ ਜੀਤਾ' ਵਾਲੇ ਅਸੂਲਾਂ ਨਾਲ ਨਜਿੱਠੀਆਂ ਤੇ ਹਰ ਪ੍ਰਕਾਰ ਪਜਾਰ ਕਰ ਕਰ, ਮੰਗਾਂ ਮੰਗੀਆਂ ਦੇ ਦੇ ਪੂਰਨ ਕੀਤੀਆਂ। ਪਰ ਕਰਤਾਰ ਦੇ ਰੰਗ ਹਨ, ਪ੍ਰਿਥੀ ਚੰਦ ਜੀ ਨੂੰ ਓਹ ਸੁਖ, ਜੋ ਪਿਤਾ ਜੀ ਦੇਂਦੇ ਰਹੇ ਤੇ ਇਹ ਨਹੀਂ ਸਨ ਸਮਝੇ ਤੇ ਓਹ ਹੁਣ ਭੀ ਦੈਵੀ ਵੀਰ ਦੀਆਂ ਪਜਾਰ ਭਰੀਆਂ ਵਰਤਣੀਆਂ ਤੇ ਉਪਦੇਸ਼ਾਂ ਦੇ ਲੈਂਦਿਆਂ ਬੀ ਨਾਂ ਪ੍ਰਾਪਤ ਹੋਇਆ। ਦਿਲ ਦੇ ਅੰਦਰ ਦਿਲ ਦਾ ਨੁਕਤਾ ਹੈ, ਕੇਂਦ੍ਰ ਹੈ, ਜਿਸ ਵਿਚ ਵਜਾਪਕ ਪ੍ਰਭੂ ਵੱਸਦਾ ਹੈ, ਜੇ ਕੋਈ ਗੁਰੂ ਮਿਹਰ ਨਾਲ ਇਸ ਵਿਚ ਝਾਤੀ ਮਾਰਨ ਤੇ ਉਸ ਵਿਚ ਚੁੱਪ ਸ਼ਾਂਤ ਹੋ ਟਿਕਣ ਲਗ ਜਾਵੇ ਉਹ

ਅਸਲੀਅਤ ਨੂੰ ਪਹੁੰਚਦਾ ਹੈ, ਉਸਨੂੰ ਫੇਰ ਬਾਹਰ ਦੇ ਜਗਤ ਦੇ ਵਲੇਵੇ ਮੋਹ, ਪਿਆਰ, ਤ੍ਰਿਸ਼ਨਾ ਤੇ ਤ੍ਰਿਸ਼ਨਾ ਦੀ ਖਾਤਰ ਕੀਤੇ ਕੁਕਰਮ ਓਪਰੇ ਹੋ ਜਾਂਦੇ ਹਨ, ਨਹੀਂ ਤਾਂ ਇਸ ਤੋਂ ਭੁਲਾ ਜਗਤ ਇਸੇ ਜਗਤ ਨੂੰ ਸਦੈਵੀ ਲਖਕੇ ਭੁੱਲਾਂ ਦਰ ਭੁੱਲਾਂ ਕਰਦਾ ਰਹਿੰਦਾ ਹੈ। ਉਸ ਅੰਦਰਲੀ 'ਓਟ ਸੰਭਾਲਣ' ਲਈ, ਉਸ ਨੁਕਤੇ ਵਿਚ ਸ਼ਾਂਤ ਚੁਪ ਹੋ ਟਿਕਣ ਲਈ ਮਾਰਗ ਨਾਮ ਦਾ ਹੈ। ਦੂਜਾ ਮਾਰਗ ਚਿਤ ਬ੍ਰਿਤੀਆਂ ਨੂੰ ਨਿਰੁੱਧ ਕਰਨੇ ਵਾਲਾ ਯੋਗ ਸੀ। ਪਰ ਯੋਗ ਦਰਸ਼ਨ ਦਾ ਕਰਤਾ ਆਪ ਲਿਖਦਾ ਹੈ ਕਿ ਉਸਦਾ ਮਾਰਗ ਨਾਮ ਸਿਮਰਣ ਬੀ ਹੈ ਤੇ ਨਾਲ ਦੱਸਦਾ ਹੈ ਕਿ ਇਹ ਨਾਮ ਦਾ ਮਾਰਗ, ਨਿਰਵਿਘਨ ਮਾਰਗ ਹੈ*। ਇਸ ਨਾਮ ਮਾਰਗ ਨਾਲ ਉਹ ਦੱਸਦਾ ਹੈ ਕਿ ਜੀਵ ਆਪਣੇ ਸਰੂਪ ਵਿਚ ਜਾ ਟਿਕਦਾ ਹੈ। ਜੋ ਅਸਾਂ ਕਿਹਾ ਹੈ ਕਿ ਅਪਣੇ ਅੰਦਰਲੇ ਕੇਂਦ੍ਰ ਨੂੰ, ਆਪਣੀ ਅੰਦਰਲੀ ਓਟ(ਧੁਰੇ) ਵਿਚ ਜਾ ਪਹੁੰਚਦਾ ਹੈ, ਜਿਥੋਂ ਕਿ ਵਾਹਿਗੁਰੂ ਪ੍ਰੀਤਮ ਦੇ ਦਰਸ਼ਨ, ਉਨ੍ਹਾਂ ਦੀ ਹੋਂਦ ਦੀ ਪ੍ਰਤੀਤੀ, ਉਨ੍ਹਾਂ ਦੇ ਕੌਤਕਹਾਰ ਹੋਕੇ ਜੀਵ ਨੂੰ ਆਪਣੀ ਹਜ਼ੂਰੀ ਵਿਚ ਰੱਖਣ ਦੇ ਪਿਆਰ ਵਰਤਦੇ ਹਨ। ਯਾਦ ਕਰਦੇ ਕਰਦੇ ਜਿਥੇ ਅਸੀਂ ਅਪਣੇ ਅੰਦਰ ਪਹੁੰਚਦੇ ਹਾਂ, ਉਥੇ ਸਾਡੀ ਅਰਦਾਸ ਸੁਣਕੇ :- ਅਪਣੇ ਜਨ ਕਉ ਕਬਹੁ ਨ ਬਿਸਾਰਉ--ਉਹ ਦਾਤਾ ਫੇਰ ਸਾਨੂੰ ਨਹੀਂ ਵਿਸਾਰਦਾ। ਉਸਦੀ ਪਿਆਰ ਭਰੀ ਯਾਦ ਨਾਲ, ਹਾਂ ਉਸ ਨਦਰੀ ਦੀ ਨਦਰ ਨਾਲ ਫੇਰ ਅਸੀਂ ਨਿਹਾਲ ਹੁੰਦੇ ਰਹਿੰਦੇ ਹਾਂ।

ਸ਼ੋਕ ਹੈ ਕਿ ਪ੍ਰਿਥੀਚੰਦ ਜੀ ਦੇ ਕਰਤੱਵਜ, ਜੋ ਸਾਨੂੰ ਲਿਖੇ ਮਿਲਦੇ ਹਨ, ਦੱਸਦੇ ਹਨ ਕਿ ਓਹ ਸੁਖ ਜੋ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ, ਪ੍ਰਿਥੀਚੰਦ ਜੀ ਨੇ ਨਾ ਲਿਆ ਤੇ ਖੜੇ ਸੰਤਾਪ ਵਿਚ ਰਿਹਾ। ਗੁਰੂ ਰਾਮਦਾਸ ਜੀ ਨੇ ਵਡੇ ਪੁਤ੍ਰ ਨੂੰ ਆਪ ਸਮਝਾਇਆ, ਉਹ ਨਾ ਸਮਝਿਆ, ਸਗੋਂ ਪਿਤਾ ਗੁਰੂ ਨਾਲ ਖਹਿਸਾਂ ਤੇ ਝਗੜੇ ਕੀਤੇ, ਜੈਸਾ ਕਿ ਆਪ ਸ੍ਰੀ ਗੁਰੂ ਰਾਮਦਾਸ ਜੀ ਨੇ ਫੁਰਮਾਇਆ ਹੈ :-

ਸਾਰਗ ਮਹਲਾ ੪ ਘਰੁ ੩ ਦੁਪਦਾ

ੴ ਸਤਿਗੁਰ ਪ੍ਰਸਾਦਿ॥

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥ਜਿਨਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥੧॥ਰਹਾਉ॥ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ॥ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ॥੧॥ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨਕੇ ਜਾਪਹੁ ਜਾਪ॥ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ॥੨॥੧॥੭॥

ਚਿਤ ਨਹੀਂ ਕਰਦਾ ਕਿ ਸ੍ਰੀ ਪ੍ਰਿਥੀ ਚੰਦ ਜੀ ਦੇ ਵਰਤਾਉ, ਜੋ ਬੜੇ ਮਾੜੇ ਹਨ, ਲਿਖੀਏ। ਚਿਤ ਕਰਦਾ ਹੈ ਕਿ ਉਨ੍ਹਾਂ ਦੇ ਅਵਗੁਣਾਂ ਦੀ ਗੰਢ ਨਾ ਬੰਨ੍ਹੀਏ ਤੇ ਆਪਣੇ ਦੈਵੀ ਗੁਰੂ ਅਰਜਨ ਦੇਵ ਜੀ ਦੇ ਗੁਣਾਂ ਨੂੰ ਵਿਹਾਝੀਏ ਪਰ ਇਤਿਹਾਸ ਜੁ ਹੋਇਆ ਤੇ ਉਸਦਾ ਲੁਕੋ ਨਹੀਂ ਬਣਦਾ ਤੇ ਉਨ੍ਹਾਂ ਮਾੜੇ ਵਰਤਾਵਾਂ ਵਿਚੋਂ ਗੁਰੂ ਅਰਜਨ ਦੇਵ ਜੀ ਦੀ ਗੁਰੱਤ੍ਰ ਤੇ ਆਤਮ ਉੱਚਤਾ ਦੇ ਦਰਸ਼ਨ ਹੁੰਦੇ ਹਨ ਤੇ ਭੁੱਲਾਂ ਵਿਚ ਫਸੇ ਗ਼ਾਫ਼ਲ ਜਗਤ ਨੂੰ ਕੁਝ ਸਿਖਯਾ ਮਿਲਦੀ ਹੈ, ਇਸ ਕਰਕੇ ਸੰਖੇਪ ਵਿਚ ਉਨ੍ਹਾਂ ਦਾ ਕਥਨ ਅਗਲੇ ਸਫਿਆਂ ਵਿਚ ਗੁਰੂ ਅਰਜਨ ਦੇਵ ਜੀ ਦੇ ਪਰਉਪਕਾਰੀ ਤੇ ਜਗਤ ਰਖਯਾ ਦੇ ਕੰਮਾਂ ਵਿਚ ਕੁਛ ਕੁਛ ਆਉਂਦਾ ਜਾਏਗਾ, ਫੇਰ ਉਨ੍ਹਾਂ ਦੇ ਮਹਾਨ ਕਾਰਜ; 'ਗੁਰੂ ਗ੍ਰੰਥ ਰਚਨਾਂ' ਦਾ ਜ਼ਿਕਰ ਤੇ ਨਾਲ ਨਾਲ ਤੇ ਮਗਰੋਂ ਕੁਛ ਕੁ ਸਿਖਾਂ ਦੇ ਜੀਵਨ ਆਉਣਗੇ, ਜਿਨ੍ਹਾਂ ਤੋਂ ਅਸਾਂ ਸਿਖੀ ਦੀ ਜਾਚ ਸਿੱਖਣੀ ਹੈ ਤੇ ਫੇਰ ਉਨ੍ਹਾਂ ਦੀ ਮਹਾਨ ਕੁਰਬਾਨੀ; ਆਪ ਸਰੀਰ ਸਦਕੇ ਕਰ ਦੇਣ ਦੀ ਦਰਦ ਭਰੀ ਵਿਥਯਾ ਵਰਣਨ ਹੋਸੀ।

*ਤਤ ਪ੍ਰਤਯਕ ਚੇਤਨਾ ਅਧਿਗਮੋ ਅਪਿ ਅੰਤ੍ਰਾਯ ਅਭਾਵਸ਼ਚ੍।


www.sikhbookclub.com

# ੧੯. ਦੂਸਰਾ ਵਿਵਾਹ

**ਲਿਖਿਆ** ਹੈ ਕਿ ਸੰਮਤ ੧੬੪੬ ਵਿਚ ਗੁਰੂ ਅਰਜਨ ਦੇਵ ਜੀ ਦੇ ਗ੍ਰਿਹਸਤ ਜੀਵਨ ਵਿਚ ਇਕ ਭਾਣਾ ਵਰਤਿਆ। ਉਹ ਇਹ ਸੀ ਕਿ ਆਪ ਜੀ ਦੀ ਸੁਭਾਗ ਸੁਪਤਨੀ ਜੀ ਦਾ ਸੱਚੇ ਘਰਾਂ ਨੂੰ ਪਿਆਨਾ ਹੋ ਗਿਆ। ਇਸ ਸੁਭਾਗ ਬੀਬੀ ਦਾ ਨਾਉਂ ਸੀ ਸ੍ਰੀ ਰਾਮ ਕੌਰ ਜੀ। ਇਹ ਵਿਵਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਪ ਰਚਾਇਆ ਸੀ। ਇਸ ਬੀਬੀ ਦੇ ਘਰ ਔਲਾਦ ਕੋਈ ਨਹੀਂ ਸੀ ਹੋਈ। ਹੁਣ ਇਹ ਬੀਬੀ ਗੁਜ਼ਰ ਗਈ। ਇਸ ਤੋਂ ਕੁਝ ਸਮਾਂ ਮਗਰੋਂ ਵੱਡੇ ਵੱਡੇ ਗੁਰਸਿੱਖਾਂ ਨੇ, ਲਿਖਿਆ ਹੈ, ਕਿ ਗੁਰੂ ਜੀ ਨੂੰ ਦੂਜੇ ਵਿਵਾਹ ਲਈ ਪ੍ਰੇਰਿਆ, ਸੋ ੨੨ ਹਾੜ ਸੰਮਤ ੧੬੪੭ ਬਿ: ਨੂੰ ਆਪ ਦਾ ਦੂਜਾ ਵਿਵਾਹ ਸੁਭਾਗ ਬੀਬੀ ਗੰਗਾ ਜੀ ਨਾਲ ਹੋਇਆ। ਇਹ ਬੀਬੀ ਫਲੌਰ ਦੇ ਪਰਗਣੇ ਵਿਚ ਪਿੰਡ ਮਊ ਦੇ ਰਹਿਣ ਵਾਲੇ ਸੇਖੜੀ ਖਤ੍ਰੀ ਸ੍ਰੀ ਸੰਗਤ ਰਾਇ ਦੀ ਬੇਟੀ ਸੀ। ਇਹ ਬੀਬੀ ਬੜੀ ਸੁਸ਼ੀਲ, ਪੂਰਣ ਪਤਿਬ੍ਰਤਾ, ਨਾਮ ਬਾਣੀ ਦੀ ਰਸੀਆ, ਦੂਰੰਦੇਸ਼ ਤੇ ਦਾਨਾ ਸੁਭਾਗਣ ਸੀ।

# ੨੦. ਮਾਝੇ ਦੀ ਫੇਰੀ।

**ਇਤਿਹਾਸ** ਵਿਚ ਲਿਖਿਆ ਹੈ ਕਿ ਫੱਗਣ ਸੰਮਤ ੧੬੪੬ ਬਿ: ਵਿਚ ਗੁਰੂ ਜੀ ਨੂੰ ਤੀਸਰੇ ਚੌਥੇ ਸਤਿਗੁਰਾਂ ਦਾ ਸਿੱਖ ਹਿੰਦਾਲ ਜੰਡਿਆਲੇ ਲੈ ਗਿਆ ਤੇ ਕੁਛ ਦਿਨ ਪਾਸ ਰੱਖ ਕੇ ਬੜੀ ਆਗਤ ਭਾਗਤ ਕੀਤੀ। ਕੁਛ ਦਿਨ ਠਹਿਰ ਕੇ ਆਪ ਅਗੇ ਟੁਰ ਪਏ ਤੇ ਕਈ ਥਾਂ ਹੁੰਦੇ ਖਾਰੇ ਪੁੱਜ ਗਏ।

ਇਹ ਬੀ ਪਤਾ ਚਲਦਾ ਹੈ ਕਿ ਆਪ ਜੰਡਿਆਲੇ ਤੋਂ ਖਡੂਰ ਗਏ ਤੇ ਖਡੂਰ ਤੋਂ ਗੋਇੰਦਵਾਲ। ਏਥੋਂ ਸਰਹਾਲੀ ਜਾ ਭਾਗ ਲਾਏ। ਏਥੋਂ ਆਪ ਨੂੰ ਇਕ ਪ੍ਰੇਮੀ ਸਿੱਖ ਬੇਨਤੀ ਕਰਕੇ ਭੈਣੀ ਪਿੰਡ ਲੈ ਗਿਆ। ਆਪ ਜਦ ਪਹੁੰਚੇ ਤਾਂ ਰੋਟੀ ਵੇਲਾ ਹੋ ਚੁਕਾ ਸੀ ਪਰ ਦਾਲ ਭਾਜੀ ਅਜੇ ਕੁਛ ਤਿਆਰ ਨਾ ਸੀ। ਸੋ ਪ੍ਰੇਮੀ ਦੀ ਇਸਤ੍ਰੀ ਨੇ ਛੇਤੀ ਨਾਲ ਇਕ ਰੋਟੀ ਪਕਾ ਕੇ ਚੂਰੀ ਕੁੱਟੀ, ਖੰਡ ਤੇ ਘਿਓ ਪਾਕੇ ਤਿਆਰ ਕਰਕੇ ਸਾਹਿਬਾਂ ਅਗੇ ਲਿਆ ਧਰੀ। ਆਪ ਛਕ ਕੇ ਪ੍ਰਸੰਨ ਹੋਏ ਤੇ ਬੋਲੇ ਬੀਬੀ ਨੇ "ਬਹੁਤ ਸ੍ਵਾਦੀਕ ਚੋਹਲਾ ਲਿਆਕੇ ਖੁਆਇਆ ਹੈ।" ਇਸ ਵਾਕ ਤੋਂ ਪਿੰਡ ਦਾ ਨਾਮ ਹੀ 'ਚੋਹਲਾ' ਪੈ ਗਿਆ। ਹੁਣ ਤਕ ਉਸ ਦਾ ਨਾਮ ਚੋਹਲਾ ਹੈ ਤੇ ਤਦੋਂ ਹੀ ਸਰਕਾਰੀ ਕਾਗਜ਼ਾਂ ਵਿਚਬੀ ਬਦਲ ਗਿਆ ਸੀ*। ਉਸ ਸਮੇਂ ਆਪ ਜੀ ਨੇ ਰੱਬ ਜੀ ਦੀ ਸ਼ੁਕਰ ਗੁਜ਼ਾਰੀ ਵਿਚ ਜੋ ਸ਼ਬਦ ਉਚਾਰਿਆ, ਉਹ ਇਹ ਸੀ :-

ਧਨਾਸਰੀ ਮਹਲਾ ੫॥

ਬਾਰਿ ਜਾਉ ਗੁਰ ਅਪੁਨੇ ਊਪਰਿ ਜਿਨਿ ਹਰਿ ਹਰਿ ਨਾਮੁ ਦ੍ਰਿੜਾਯਾ॥ਮਹਾ ਉਦਿਆਨ ਅੰਧਕਾਰ ਮਹਿ ਜਿਨਿ ਸੀਧਾ ਮਾਰਗੁ ਦਿਖਾਯਾ॥੧॥ਹਮਰੇ ਪ੍ਰਾਨ ਗੁਪਾਲ ਗੋਬਿੰਦ॥ਈਹਾ ਊਹਾ ਸਰਬ ਥੋਕ ਕੀ ਜਿਸਹਿ ਹਮਾਰੀ ਚਿੰਦ॥੧॥ਰਹਾਉ॥ਜਾਕੇ

*ਚੋਲ੍ਹਾ ਆਖਦੇ ਹਨ ਸ੍ਵਾਦੀਕ ਭੋਜਨ ਨੂੰ। ਇਹ ਪਿੰਡ ਸਰਹਾਲੀ (ਅੰਮ੍ਰਿਤਸਰ) ਲਾਗੇ ਹੈ। ਗੁਰਦੁਆਰਾ ਇਥੇ ਬਣਿਆ ਹੋਇਆ ਹੈ।


www.sikhbookclub.com

ਸਿਮਰਨਿ ਸਰਬ ਨਿਧਾਨਾ ਮਾਨੁ ਮਹਤੁ ਪਤਿ ਪੂਰੀ॥ਨਾਮੁ ਲੈਤ ਕੋਟਿ ਅਘ ਨਾਸੇ
ਭਗਤ ਬਾਛਹਿ ਸਭਿ ਧੂਰੀ॥੧॥ਸਰਬ ਮਨੋਰਥ ਜੇ ਕੋ ਚਾਹੈ ਸੇਵੈ ਏਕੁ ਨਿਧਾਨਾ॥
ਪਾਰਬ੍ਰਹਮ ਅਪਰੰਪਰ ਸੁਆਮੀ ਸਿਮਰਤ ਪਾਰਿ ਪਰਾਨਾ॥੩॥ਸੀਤਲ ਸਾਂਤਿ ਮਹਾ
ਸੁਖੁ ਪਾਇਆ ਸੰਤ ਸੰਗਿ ਰਹਿਓ ਓਲ੍ਹਾ॥ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ
ਇਹੁ ਨਾਨਕ ਕੀਨੋ ਚੋਲ੍ਹਾ॥੪॥੮॥

## ੨੧. ਭਾਈ ਹੇਮਾ।

ਫੇਰ ਕਈ ਪਿੰਡੀਂ ਹੁੰਦੇ ਹੋਏ ਗੁਰੂ ਜੀ ਖਾਨ ਪੁਰ ਪਹੁੰਚੇ। ਇਹ ਥਾਂ, ਜਿਥੇ ਹੁਣ ਤਰਨ ਤਾਰਨ ਹੈ, ਉਸਦੇ ਕੋਲਵਾਰ ਗੋਇੰਦਵਾਲ ਪਾਸੇ ਹੁੰਦਾ ਸੀ। ਅੱਜ ਆਪ ਨਾਲ ਕੇਵਲ ਪੰਜ ਸਿਖ ਸਨ। ਪਿੰਡੋਂ ਬਾਹਰ ਹੀ ਸਾਰੇ ਇਕ ਰੁੱਖਾਂ ਦੀ ਝੰਗੀ ਹੇਠ ਬੈਠੇ ਭਜਨ ਵਿਚ ਲੀਨ ਹੋ ਗਏ। ਸ਼ਾਮਾਂ ਵੇਲੇ ਮੀਂਹ ਲੱਥਾ, ਪਿੰਡ ਵਿਚੋਂ ਕਿਸੇ ਨੇ ਸਾਰ ਨਾ ਲਈ। ਜਾਪਦਾ ਹੈ ਸਾਰੇ ਸਰਵਰੀਏ ਸਨ। ਇਕ ਸਿਖ ਨੇ ਕਿਹਾ : 'ਜੀ ਮੈਂ ਜਾਵਾਂ ਤੇ ਪਿੰਡ ਵਿਚ ਕੋਈ ਟਿਕਾਣਾ ਰੈਣ ਬਸੇਰੇ ਲਈ ਲੱਭਾਂ।' ਤਾਂ ਗੁਰੂ ਜੀ ਨੇ ਕਿਹਾ : 'ਐਸਾ ਨਾ ਕਰ, ਸ਼ਾਂਤੀ ਨਾਲ ਸਾਂਈਂ ਦੀ ਟੇਕ ਤੇ ਬੈਠਾ ਰਹੁ, ਮਾਲਕ ਭਲੀ ਕਰੇਗਾ।' ਪਰ ਬਿਧੀ ਚੰਦ ਨੇ, ਜੋ ਸਿਖ ਦਾ ਨਾਮ ਸੀ, ਬਹੁਤ ਬਿਨੈ ਕੀਤੀ ਤਾਂ ਗੁਰੂ ਜੀ ਨੇ ਕਿਹਾ : ਜਾਹ ਭਾਈ ਪਰਤਾ ਲੈ। ਜਾਂ ਪਿੰਡ ਗਿਅ ਤਾਂ ਥਾਂ ਤਾਂ ਕਿਸੇ ਕੀਹ ਦੇਣੀ ਸੀ, ਸਿੱਧੇ ਮੂੰਹ ਕੋਈ ਕੂਇਆ ਬੀ ਨਾਂ। ਸਗੋਂ ਮਜਾਖਾਂ ਕਰਨ ਲਗ ਪਏ। ਬਿਧੀ ਚੰਦ ਆਪਣਾ ਮੂੰਹ ਲੈਕੇ ਮੁੜ ਆਇਆ ਤਾਂ ਸਤਿਗੁਰਾਂ ਨੇ ਕਿਹਾ : ਭਾਈ! ਟਿਕਿਆ ਰਹੁ, ਸਾਂਈਂ ਨੂੰ ਫਿਕਰ ਹੈ, ਓਹ ਆਪ ਕਿਸੇ ਨੂੰ ਘੱਲੇਗਾ।

ਇੰਨੇ ਨੂੰ ਇਕ ਸਿੱਖ ਆ ਗਿਆ। ਇਸ ਦਾ ਨਾਮ ਸੀ ਹੇਮਾ। ਇਹ ਪਿੰਡੋਂ ਬਾਹਰ ਰਹਿੰਦਾ ਸੀ। ਆਕੇ ਬੇਨਤੀ ਕਰਨ ਲਗਾ, ਹੇ ਸਤਗੁਰ! ਦਾਸ ਪਾਸ ਇਕ ਛੱਪਰ ਜੇਹਾ ਹੈ, ਚਾਹੋ ਇਹ ਬੀ ਟੁੱਟਾ ਖੁਥਾ ਹੈ, ਆਪ ਦੇ ਲਾਇਕ ਦਾ ਨਹੀਂ, ਪਰ ਜੇ ਓਥੇ ਚਲੋ ਆਰਾਮ ਕਰੋ ਤਾਂ ਮੈਂ ਸੁਖੀ ਹੋਵਾਂ ਕਿ ਮੇਰਾ ਮਾਲਕ ਭੀ ਛਾਵੇਂ ਆ ਬੈਠਾ ਹੈ, ਨਹੀਂ ਤਾਂ ਮੰਦਾ ਪਿਆ ਲਗਦਾ ਹੈ ਕਿ ਮੈਂ ਛਾਵੇਂ ਬੈਠਾ ਰਹਾਂ ਤੇ ਮੇਰਾ ਗੁਰੂ ਤੇ ਮੇਰੇ ਵੀਰ ਰੜੇ ਪਏ ਬੈਠੇ ਭਿਜਦੇ ਰਹਿਣ। ਇਹ ਪਿਆਰ ਵੇਖਕੇ ਗੁਰੂ ਜੀ ਉੱਠਕੇ ਟੁਰ ਪਏ ਤੇ ਉਸਦੀ ਟੁੱਟੀ ਖੁੱਥੀ ਝੌਪੜੀ ਵਿਚ ਜਾ ਬਿਰਾਜੇ। ਹੇਮੇ ਨੇ ਜੋ ਕੁਝ ਸਰਿਆ ਬਣਿਆਂ ਰਿੰਨ੍ਹ ਪਕਾਕੇ ਅੱਗੇ ਧਰਿਆ ਤੇ ਛਕਾ ਕੇ ਪ੍ਰਸੰਨ ਹੋ ਗਿਆ। ਇਸ ਸਿੱਖ ਦਾ ਗ੍ਰੀਬੀ ਹਾਲ ਤੇ ਇਸਦੇ ਵਾਹਿਗੁਰੂ ਪ੍ਰੇਮੀ ਹੋਣ ਦਾ ਸਮਾਚਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਲਿਖਿਆ ਹੈ, ਜੋ ਇਉਂ ਹੈ :-

ਪਉੜੀ॥ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥ ਜਾਤਿ
ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥ਮਿਤ੍ਰ ਨ ਇਠ
ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥ਰਾਜਾ ਸਗਲੀ ਸ੍ਰਿਸਟਿ
ਕਾ ਹਰਿ ਨਾਮਿ ਮਨੁ ਭਿੰਨਾ॥ਤਿਸ ਕੀ ਧੂੜਿ ਮਨੁ ਉਧਰੈ
ਪ੍ਰਭੁ ਹੋਇ ਸੁਪ੍ਰਸੰਨਾ॥੭॥

(ਜੈਤਸਰੀ ਵਾਰ ਮਹਲਾ ੫)

 www.sikhbookclub.com

ਅਰਥ-(ਜੇ ਕੋਈ) ਟੁੱਟੀ ਛੱਪਰੀ ਵਿਚ ਵਸਦਾ ਹੋਵੇ, ਕਪੜੇ (ਉਸਦੇ) ਸਾਰੇ ਪਾਟੇ ਹੋਏ ਹੋਣ, ਨਾਂ (ਉੱਚੀ) ਜਾਤ ਦਾ ਹੋਵੇ ਤੇ ਨਾਂ ਹੀ ਉਸਨੂੰ ਇੱਜ਼ਤ ਤੇ ਆਦਰ (ਹੀ ਕਿਤੋਂ) ਪ੍ਰਾਪਤ ਹੋਵੇ (ਤੇ ਸਦਾ) ਜੰਗਲਾਂ ਵਿਚ ਭੌਂਦਾ ਫਿਰਦਾ ਰਹਿੰਦਾ ਹੋਵੇ, ਨਾ ਉਸਦਾ ਕੋਈ ਮਿਤ੍ਰ, ਨਾਂ ਪਿਆਰਾ, ਧਨ ਤੇ ਰੂਪ ਤੋਂ ਬੀ ਖਾਲੀ ਹੋਵੇ, ਕੋਈ ਸਾਕ ਸਬੰਧੀ ਬੀ ਨਾਂ ਹੋਣ; (ਪਰ ਜੇ ਉਸਦਾ) ਮਨ ਹਰੀ ਨਾਮ ਵਿਚ ਭਿੱਜਾ ਹੋਇਆ ਹੈ ਤਾਂ (ਇਸ ਸਭ ਕੁਝ ਦੀ ਅਹੋਂਦ ਦੇ ਬਾਵਜੂਦ ਉਹ) ਸਾਰੀ ਸ੍ਰਿਸ਼ਟੀ ਦਾ ਰਾਜਾ ਹੈ, ਵਾਹਿਗੁਰੂ ਉਸ ਤੇ ਪ੍ਰਸੰਨ ਹੈ ਤੇ ਉਸਦੀ (ਚਰਨ) ਧੂੜੀ ਨਾਲ (ਮਨ=) ਮਨੁਖ ਤਰ ਜਾਂਦਾ ਹੈ।

ਲਿਖਿਆ ਹੈ ਕਿ ਗੁਰੂ ਜੀ ਕੁਛ ਦਿਨ ਇਸ ਝੌਂਪੜੀ ਵਿਚ ਟਿਕੇ ਰਹੇ ਤੇ ਹੇਮੇ ਦੀ ਭਾਵਨਾ ਪੂਰਨ ਕੀਤੀ। ਉਸਦੀ ਇੱਛਾ ਸੀ ਕਿ ਗੁਰੂ ਚਰਨਾਂ ਵਿਚ ਸਮਾਵਾਂ। ਉਹ ਪੂਰਨ ਪੁਰਖ ਸੀ ਤੇ ਉਸਨੂੰ ਪਤਾ ਸੀ ਕਿ ਮੇਰਾ ਅੰਤ ਨੇੜੇ ਹੈ ਤੇ ਉਹ ਅੰਤ ਮੇਰਾ ਗੁਰੂ ਅਨੰਤ ਦੀਆਂ ਨਜ਼ਰਾਂ ਹੇਠਾਂ ਉਸਦੇ ਚਰਨਾਂ ਵਿਚ ਹੋਵੇ। ਸੋ ਜਦੋਂ ਇਕ ਦਿਨ ਉਸਨੇ ਚਰਨਾਂ ਵਿਚ ਸਿਰ ਰੱਖਕੇ ਕਿਹਾ : ਲਓ ਹੁਣ ਚਰਨੀ ਸਮਾ ਲਓ ਤੇ ਇਉਂ ਕਹਿਕੇ ਲੇਟ ਗਿਆ ਤੇ ਚੋਲਾ ਛੋੜਕੇ ਸ਼ਰਨ ਲੀਨ ਹੋ ਗਿਆ। ਉਸਦੇ ਪਵਿਤ੍ਰ ਸਰੀਰ ਦਾ ਅੰਤਮ ਸੰਸਕਾਰ ਕਰਕੇ ਗੁਰੂ ਜੀ ਖਾਨ ਪੁਰੋਂ ਟੁਰਕੇ ਖਾਰੇ ਪਿੰਡ ਚਲੇ ਗਏ[੧]।

## ੨੨. ਤਰਨ ਤਾਰਨ।

**ਖਾਰਾ**[੨] ਪਿੰਡ ਬੜੇ ਰਮਣੀਕ ਆਲੇ ਪੁਦਾਲੇ ਵਿਚ ਸੀ। ਜਿਸਦੇ ਦੁਆਲੇ ਸੁਹਣੇ ਛਾਏਦਾਰ ਰੁੱਖ ਹੁਲਾਰੇ ਲੈ ਰਹੇ ਸਨ। ਪਾਣੀ ਦੀ ਬਹੁਤਾਤ ਸੀ। ਪੈਲੀਆਂ ਲਹਿ ਲਹਿ ਕਰ ਰਹੀਆਂ ਸਨ। ਤੂਤ, ਅੰਬ, ਬੇਰ, ਜਾਮਨੂੰ, ਆੜੂ, ਅਲੂਚੇ ਆਦਿ ਫਲਦਾਰ ਪੇੜਾਂ ਦੇ ਝੁੰਡ ਖੜੇ ਸਨ। ਪਿੰਡ ਦੇ ਪੈਂਚਾਂ ਤੇ ਲੋਕਾਂ ਨੇ ਬੜੀ ਖਾਤਰ ਕੀਤੀ ਤੇ ਸੁਹਣਾ ਥਾਉਂ ਠਹਿਰਾਨੇ ਨੂੰ ਦਿੱਤਾ।

ਉਂਵ ਬੀ ਗੁਰੂ ਜੀ ਨੂੰ ਪਤਾ ਸੀ, ਪਰ ਹੁਣ ਮਾਝੇ ਦੇ ਦੌਰੇ ਵਿਚ ਅਖੀਂ ਬੀ ਦੇਖ ਲਿਆ ਕਿ ਲੋਕ ਅਪਣਾ ਧਰਮ ਛੱਡ ਛੱਡਕੇ ਨੀਮ ਤੁਰਕ ਹੁੰਦੇ ਜਾਂਦੇ ਹਨ; ਕਿਉਂਕਿ ਸੁਲਤਾਨ ਦੇ ਭਰਾਈ ਇਧਰ ਬੀ ਆਪਣਾ ਜਾਲ ਵਿਛਾ ਰਹੇ ਸਨ। ਪਿੰਡਾਂ ਵਿਚ ਸਿੱਖੀ ਬੀ ਚੋਖੀ ਫੈਲ ਗਈ ਸੀ ਪਰ ਇਨ੍ਹਾਂ ਸਿਖਾਂ ਨੂੰ ਇਕ ਕੇਂਦ੍ਰੀ ਟਿਕਾਣਾ ਭਜਨ ਬੰਦਗੀ ਦਾ ਬਣਾ ਦੇਣ ਦੀ ਆਪ ਨੇ ਵੀਚਾਰ ਕੀਤੀ। ਇਸ ਗਲ ਲਈ ਆਪ ਥਾਂ ਢੂੰਡਦੇ ਸਨ। ਹੋ ਸਕਦਾ ਹੈ ਇਸ ਦੌਰੇ ਦਾ ਮੁੱਖ ਪ੍ਰਯੋਜਨ ਇਹੀ ਹੋਵੇ। ਸੋ ਆਪ ਜੀ ਨੇ ਇਕ ਸੁਹਣਾਂ ਥਾਂ ਚੁਣਕੇ ਖ੍ਰੀਦਿਆ। ਅਸਾਂ ਤਾਂ ਕਾਗਜ਼ ਨਹੀਂ ਡਿੱਠੇ ਪਰ ਸੁਣਿਆਂ ਸੀ ਕਿ ਓਹ ਹਿਬਅ ਦੇ ਪੁਰਾਣੇ ਕਾਗਜ਼ ਲੱਭੇ ਹਨ, ਉਨ੍ਹਾਂ ਮੁਤਾਬਕ ਤਰਨ ਤਾਰਨ ਦੇ ਗੁਰ ਧਾਮ ਵਾਲੀ ਥਾਂ ਤਦੋਂ ਸਵਾ ਲੱਖ ਨੂੰ ਖਰੀਦੀ ਗਈ ਸੀ।

ਇਹ ਟਿਕਾਣਾ ਮਾਝੇ ਦੇ ਵਿਚ ਤੇ ਉਸ ਸੜਕ ਦੇ ਉਤੇ ਚੁਣਿਆ ਜੋ ਸੜਕ ਕਿ ਤਦੋਂ ਸ਼ਾਹੀ

---

੧. ਖਾਨ ਪੁਰ ਦੇ ਲੋਕਾਂ ਉਤੇ ਕਿਸੇ ਗਲੇ ਸਰਕਾਰ ਦੀ ਭਾਰੀ ਨਾਰਾਜ਼ਗੀ ਹੋ ਗਈ ਸੀ, ਥੋੜੇ ਹੀ ਦਿਨਾਂ ਪਿਛੋਂ ਸੂਬੇਦਾਰ ਦੀ ਫੌਜ ਨੇ ਖਾਨ ਪੁਰਾ ਆਕੇ ਤਬਾਹ ਕਰ ਦਿਤਾ ਸੀ।

੨. ਤਰਨ ਤਾਰਨ ਵਾਲੀ ਰੇਲਵੇ ਲਾਈਨ ਦੇ ਸਟੇਸ਼ਨ ਦੂਖ ਨਿਵਾਰਨ ਤੋਂ ਸਵਾ ਕੋਹ ਪਰੇ ਹੈ ਖਾਰਾ ਪਿੰਡ। ਗੁਰਦੁਆਰਾ ਹੈ ਗੁਰੂ ਕੇ ਟਿਕਣ ਦੇ ਸਥਾਨ! ਇਕ ਖੂਹ ਬੀ ਹੈ ਗੁਰੂ ਕਾ ਅਤੇ ਇਕ ਤਲਾ ਹੈ ਜੋ ਪਹਿਲਾਂ ਛੱਪੜ ਸੀ, ਗੁਰੂ ਅਰਜਨ ਦੇਵ ਜੀ ਦੇ ਚਰਨ ਧੋਣ ਕਰਕੇ ਪਵਿੱਤ੍ਰ ਹੋ ਗਿਆ, ਫੇਰ ਪੱਕਾ ਤਾਲ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਬਨਵਾਇਆ ਗਿਆ, ਇਸਨੂੰ ਦੂਖ ਨਿਵਾਰਨ ਕਰਕੇ ਬੋਲਦੇ ਹਨ।

ਸੜਕ ਸੀ ਤੇ ਸੁਲਤਾਨਪੁਰੋਂ ਗੋਇੰਦਵਾਲ ਹੁੰਦੀ ਹੋਈ ਇਥੋਂ ਦੀ ਲੰਘਦੀ ਝਬਾਲ ਲਾਗ ਦੀ ਹੁਣ ਵਾਲੇ ਅੰਮ੍ਰਿਤਸਰ ਦੇ ਦੱਖਣ ਪੱਛਮ ਵੱਲ ਦੀ ਕੁਝ ਮੀਲਾਂ ਦੀ ਵਿੱਥ ਤੇ ਗੁਜ਼ਰਦੀ ਨੌਸ਼ਟੇ ਪਾਸੇ ਜਾਂਦੀ, ਜੈਪਾਲ ਹੋ ਲਾਹੌਰ ਅੱਪੜਦੀ ਸੀ, ਤੇ ਕੱਚ ਸ਼ਕਲ ਵਿਚ ਅਜੇ ਬੀ ਹੈ।

ਤਰਨ ਤਾਰਨ ਦੇ ਲਾਗ ਗੁਰਦਾਸ ਪੁਰ ਦੇ ਜ਼ਿਲੇ ਤੋਂ ਆਈ ਹੰਸਲੀ ਲੰਘਦੀ ਕਮੂਰ ਨੂੰ ਚਲੀ ਜਾਂਦੀ ਹੈ। ਇਸ ਹੰਸਲੀ ਦੇ ਐਨ ਲਾਗ; ਇਹ ਥਾਂ ਗੁਰੂ ਜੀ ਨੇ ਲਈ ਸੀ। ਜੋ ਹਰ ਸਾਲ ਬਰਸਾਤ ਦੇ ਰੌ ਨਾਲ, ਸਰੋਵਰ ਜੋ ਬਨਾਉਣਾ ਹੈ, ਭਰ ਜਾਇਆ ਕਰੇ। ਸੋ ਆਪ ਜੀ ਨੇ ਮਜ਼ਦੂਰ ਲਾਏ, ਪਿੰਡਾਂ ਵਿਚੋਂ ਸਿੱਖ ਆ ਗਏ ਤੇ ਤਾਲ ਪੁੱਟਿਆ ਗਿਆ। ਦੂਜੇ ਪਾਸੇ ਆਵੇ ਚੜ ਗਏ ਤੇ ਇਟਾਂ ਸਰੋਵਰ ਨੂੰ ਪੱਕਿਆਂ ਕਰਨ ਲਈ ਪੱਕ ਗਈਆਂ। ਜ਼ਿਮੀਂ ਦੀ ਖ੍ਰੀਦ ਤੇ ਤਾਲ ਦੀ ਪੁਟਾਈ ੧੬੪੭-੪੮ ਬਿ: ਵਿਚ ਹੋਈ ਦੱਸੀਦੀ ਹੈ। ੧੬੫੩ ਵਿਚ, ਲਿਖਿਆ, ਹੈ ਕਿ ਆਵੇ ਪੱਕ ਗਏ ਸਨ ਤੇ ਪੱਕੀ ਚਿਣਾਈ ਤਾਲ ਦੀ ਸੁਰੂ ਹੋਣੀ ਸੀ ਕਿ ਇਕ ਸਰਕਾਰੀ ਹਾਕਮ ਨੂਰ ਦੀਨ ਨੇ ਇੱਟਾਂ ਜ਼ਬਰਦਸਤੀ ਚਕਵਾ ਲਈਆਂ*। ਇਹ ਇਥੋਂ ਕੁਝ ਵਿੱਥ ਤੇ ਸ਼ਾਹੀ ਸੜਕ ਤੇ ਆਪਣੀ ਸਰਾਂ ਬਣਵਾ ਰਿਹਾ ਸੀ, ਉਸਨੂੰ ਲਾ ਲਈਆਂ।

ਸਿੱਖਾਂ ਨੇ ਸਲਾਹ ਦਿੱਤੀ ਕਿ ਜੀਓ ਪਾਤਸ਼ਾਹ ਪਾਸ ਖਬਰ ਘੱਲੋ। ਪਰ ਗੁਰੂ ਜੀ ਨੇ ਕਿਹਾ ਫਿਕਰ ਨਾ ਕਰੋ, ਜੋ ਵਾਹਿਗੁਰੂ ਨੇ ਕੀਤਾ ਸੋ ਠੀਕ ਹੈ, ਜੋ ਕਰੇਗਾ ਭਲਾ ਹੋਇਗਾ। ਇਹ ਬੀ ਲਿਖਿਆ ਮਿਲਦਾ ਹੈ ਕਿ ਗੁਰੂ ਜੀ ਨੇ ਇਹ ਵੀ ਕਿਹਾ : ਕਰਤਾਰ ਦੇ ਰੰਗ ਦੇਖੋ, ਏਹੋ ਇੱਟਾਂ ਕਦੇ ਆਕੇ ਸਰੋਵਰ ਨੂੰ ਪੱਕਿਆਂ ਕਰਨਗੀਆਂ ਸੋ ਗੱਲ ਠੀਕ ਹੋਈ ਕਿ ੧੮੨੩ ਬਿ: ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੂੰ ਨੂਰਦੀਨ ਦੀ ਸਰਾਂ ਆਦਿ ਢੁਆਕੇ ਗੁਰੂ ਕੀਆਂ ਪਕਵਾਈਆਂ ਇਟਾਂ ਲਿਆਕੇ ਹੀ ਸਰੋਵਰ ਨੂੰ ਲੁਆਈਆਂ। ਹੋਰ ਬੀ ਤਿਆਰ ਕੀਤੀਆਂ। ਐਉਂ ਲੱਖ ਡੇਢ ਲੱਖ ਰੁਪੱਯਾ ਖਰਚ ਕੀਤਾ ਤੇ ਦੋਹਾਂ ਪਾਸਿਆਂ ਦੇ ਪੌੜ ਆਦਿ ਸਭ ਪੂਰੇ ਕੀਤੇ। ਬਾਕੀ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਾਈ ਤੇ ਪਰਕਰਮਾਂ ਆਦਿ ਸਭ ਕੁਛ ਪੂਰਾ ਕੀਤਾ। ਆਖਦੇ ਹਨ ਕਿ ਪ੍ਰਕਰਮਾਂ ਵਿਚ ਦਾ ਮੁਨਾਰਾ ਤੇ ਹੋਰ ਸੇਵਾ ਕੰਵਰ ਨੌ ਨਿਹਾਲ ਸਿੰਘ ਨੇ ਕੀਤੀ ਸੀ। ਸੋਨੇ ਦੀ ਸੇਵਾ ਵੀ ਮੁੱਢਲੀ ਤਾਂ ਮਹਾਰਾਜਾ ਜੀ ਦੀ ਹੈ ਤੇ ਹੁਣ ਅਰਸੇ ਤੋਂ ਭਾਈ ਕਰਮ ਸਿੰਘ ਆਦਿ ਤੋਂ ਸ਼ੁਰੂ ਹੋ ਕੇ ਸੰਗਤਾਂ ਨੇ ਸੋਨਾ ਵਧਾ ਦਿੱਤਾ ਹੈ ਤੇ ਸੰਗ ਮਰਮਰ ਦੀ ਸੇਵਾ ਬੀ ਚੋਖੀ ਕਰ ਲਈ ਹੈ।

ਚਾਹੋ ਨੂਰਦੀਨ ਨੇ ਇੱਟਾਂ ਉਠਵਾ ਲਈਆਂ ਪਰ ਗੁਰੂ ਜੀ ਦਾ ਮਨੋਰਥ ਨਾਂ ਝੰਵਿਆਂ। ਸਰੋਵਰ ਕੱਚਾ ਬਣ ਗਿਆ ਸੀ ਤੇ ਰੋਹੀ ਇਸਨੂੰ ਭਰਿਆ ਰਖਦੀ ਸੀ ਤੇ ਜਲ ਦਾ ਰੰਗ ਕੱਚੀ ਲੱਸੀ ਵਾਂਗ ਰਹਿੰਦਾ ਸੀ। ਜਿਥੇ ਹੁਣ ਸੰਗ-ਮਰਮਰੀ ਤੇ ਸੁਨਿਹਰੀ ਮੰਦਰ ਹੈ, ਏਥੇ ਗੁਜ਼ਾਰੇ ਮਾਫਕ ਮੰਦਰ ਬੀ ਬਣ ਗਿਆ ਸੀ, ਜਿਥੇ ਕੀਰਤਨ ਹੁੰਦਾ ਤੇ ਹਰ ਮੱਸਿਆ ਨੂੰ ਮੇਲਾ ਲਗਦਾ ਸੀ। ਸੋ ਮਾਝੇ ਵਿਚ ਇਹ ਪ੍ਰਚਾਰ ਦਾ ਕੇਂਦ੍ਰ ਤੇ ਬੰਦਗੀ ਦਾ ਆਸਰਾ ਬਣ ਗਿਆ ਸੀ। ਤਿਆਗੀ ਲੋਕ ਕਿਨਾਰੇ ਕੁਟੀਆ ਪਾਕੇ ਆ ਰਹਿੰਦੇ ਸਨ।

ਕੁਛ ਦੂਰ ਪਰਮ ਦੁਖੀ ਰਵਾਣੇ ਲੋਕ, ਜਿਨ੍ਹਾਂ ਨੂੰ ਕੁਸ਼ਟੀ ਆਖੀਦਾ ਹੈ, ਉਨ੍ਹਾਂ ਦਾ ਆਸ਼੍ਰਮ ਕਚੇ ਕੋਠਿਆਂ ਵਿਚ ਹੀ ਬਣਾਕੇ ਉਨ੍ਹਾਂ ਨੂੰ ਇਕ ਥਾਂ ਰਹਿਣ ਦਾ ਵਸੇਬਾ ਦੇ ਦਿੱਤਾ। ਇਹ ਆਸ਼੍ਰਮ ਵੱਧ ਗਿਆ। ਸੁਣਦੇ ਆਏ ਹਾਂ ਕਿ ਸਿੱਖ ਰਾਜ ਸਮੇਂ ਪੰਜ ਹਜ਼ਾਰ ਦੀ ਜਾਗੀਰ ਲਾਈ ਗਈ ਸੀ। ਅੰਗ੍ਰੇਜ਼ੀ ਰਾਜ ਹੋ ਜਾਣ ਤੇ ਇਹ ਆਸ਼੍ਰਮ ਈਸਾਈਆਂ ਦੇ ਪ੍ਰਬੰਧ ਵਿਚ ਦੇ ਦਿਤਾ ਗਿਆ।

*ਇਹ ਬੀ ਲਿਖਿਆ ਮਿਲਦਾ ਹੈ ਕਿ ਨੂਰ ਦੀਨ ਦੇ ਬੇਟੇ ਅਮੀਰ ਦੀਨ ਨੇ ਇੱਟਾਂ ਚੁਕਵਾਈਆਂ ਸਨ।


www.sikhbookclub.com

# ੨੩. ਗ੍ਰੈਹਿ ਨਿਵਾਰਣ।

**ਤਵਾ: ਖਾਲਸਾ ਮੁਜਬ** ਤਰਨ ਤਾਰਨ ਤੋਂ ਖਡੂਰ ਤੇ ਫੇਰ ਓਥੋਂ ਜੰਡਿਆਲੇ ਦੇ ਰਸਤੇ ਰਾਮਦਾਸ ਪੁਰੇ ਆ ਗਏ। ਇਕ ਦਿਨ ਬੇਨਤੀ ਹੋਈ ਸੰਗਤ ਵਲੋਂ ਕਿ ਜੀਵਾਂ ਨੂੰ ਜੋ ਦੁਖ ਵਾਪਰਦੇ ਹਨ ਪੰਡਿਤ ਆਖਦੇ ਹਨ ਕਿ ਗ੍ਰੈਹਾਂ ਦੀਆਂ ਚਾਲਾਂ ਤੋਂ ਹੁੰਦੇ ਹਨ, ਇਨ੍ਹਾਂ ਦੀ ਪੂਜਾ ਆਦਿ ਕਰਕੇ ਗ੍ਰੈਹਿ ਨਿਵਾਰਨ ਕਰਨਾ ਚਾਹੀਏ। ਅਸੀਂ ਇਹ ਕੁਛ ਨਹੀਂ ਕਰਦੇ ਤਾਂ ਸਾਡੇ ਤੇ ਹਾਸੀਆਂ ਹੁੰਦੀਆਂ ਹਨ, ਕਿਵੇਂ ਕਰਨਾ ਚਾਹੀਏ?

ਸਤਿਗੁਰ ਬੋਲੇ :- ਸਤਿਗੁਰੂ ਨਾਨਕ ਦੇਵ ਜੀ ਨੇ ਸਾਨੂੰ ਨਾਮ ਬਖਸ਼ ਕੇ ਸਾਰੇ ਗ੍ਰੈਹਾਂ ਦਾ ਨਿਵਾਰਣ ਕਰ ਦਿੱਤਾ ਹੈ। ਸਾਰੇ ਮਾੜੇ ਗ੍ਰੈਹਾਂ ਦੇ ਮੰਦੇ ਅਸਰਾਂ ਤੋਂ ਛੁਡਾ ਲਿਆ ਹੈ। ਤੁਸੀਂ ਨਾਮ ਜਪੋ ਤੇ ਹਰੀ ਕੀਰਤਨ ਕਰੋ, ਤੁਹਾਨੂੰ 'ਸਹਜ ਸੁਖ' ਪ੍ਰਾਪਤ ਹੋਵੇਗਾ, ਉਹ ਸਹਜ ਸੁਖ ਹੀ ਬੜਾ ਭਾਰੀ ਆਨੰਦ ਹੈ, ਕਿਉਂਕਿ ਉਹ ਛਿੰਨ ਭੰਗਰੀ ਸੁਖ ਨਹੀਂ; ਉਹ ਲਗਾਤਾਰੀ ਸੁਖ ਵਿਚ ਲੈ ਜਾਂਦਾ ਹੈ। ਅਸੀਂ ਸਦਕੇ ਹਾਂ ਆਪਣੇ ਗਰੂ ਦੇ, ਜਿਸਨੇ ਸਾਨੂੰ ਸਚੇ ਸੁਆਦ 'ਨਾਮ ਰਸ, ਪ੍ਰੇਮ ਰਸ' ਵਿਚ ਪਾ ਦਿੱਤਾ ਹੈ। ਭਾਈ ਸਿਖੋ! ਗ੍ਰੈਹ ਤੇ ਸ਼ਗਨ ਅਪਸ਼ਗਨ ਉਨ੍ਹਾਂ ਲੋਕਾਂ ਲਈ ਹਨ, ਜਿਨ੍ਹਾਂ ਨੂੰ ਵਾਹਿਗੁਰੂ ਚਿਤ ਨਹੀਂ ਆਉਂਦਾ, ਗਾਫ਼ਲ ਲੋਕ ਹਨ। ਜੋ ਹਰਿ ਸਿਮਰਨ ਦੁਆਰਾ ਆਪਣੇ ਪ੍ਰਭੂ ਨੂੰ ਭਾ ਗਿਆ ਹੈ, ਉਸਦੇ ਤਾਂ ਜਮ ਬੀ ਨੇੜੇ ਨਹੀਂ ਢੁੱਕਦਾ, ਗ੍ਰੈਹ ਤੇ ਸ਼ਗਨ ਅਪਸ਼ਗਨ ਕੀ ਸ਼ੈ ਹੋਏ। ਹਾਂ ਭਾਈ ਸਿਖੋ! ਇਨ੍ਹਾਂ ਤੋਂ ਛੁੱਟ ਪੁੰਨ ਦਾਨ, ਜਪ, ਤਪ, ਜਿਤਨੇ ਬੀ ਹੋਰ ਸਾਧਨ ਹਨ, ਨਾਮ ਸਭਨਾਂ ਤੋਂ ਉਪਰ ਹੈ, ਵੱਡਾ ਹੈ, ਸ੍ਰੇਸ਼ਟ ਹੈ। ਜਿਸਦੀ ਰਸਨਾਂ ਹਰੀ ਦਾ ਨਾਮ ਜਪਦੀ ਹੈ, ਉਸ ਦੀਆਂ ਸਭ ਕਾਮਨਾਂ ਪੂਰਨ ਹੁੰਦੀਆਂ ਹਨ। ਨਾਮ ਦੇ ਪ੍ਰੇਮੀ ਨੂੰ ਕੋਈ ਓਪਰਾ ਨਜ਼ਰ ਨਹੀਂ ਆਉਂਦਾ, ਪ੍ਰੇਮੀ ਜੋ ਹੋ ਗਿਆ, ਉਸਦੇ ਭੈ ਤੇ ਭਰਮ ਦੋਏ ਨਾਸ਼ ਹੋ ਜਾਂਦੇ ਹਨ, ਕਿਉਂਕਿ ਜੋ ਨਿਰਭੈ ਦੀ ਆਰਾਧਨਾ ਕਰਦਾ ਹੈ ਉਸਦਾ ਭੈ ਦੂਰ ਹੋ ਜਾਂਦਾ ਹੈ। ਉਹ ਨਾਮ ਪ੍ਰੇਮ ਦੁਆਰਾ ਹਰੀ ਨਾਲ ਲਗੇ ਰਹਿਣ ਕਰਕੇ ਉਸਦੇ ਆਸਰੇ ਪਰਨੇ ਹੋ ਜਾਂਦਾ ਹੈ, ਇਸ ਕਰਕੇ ਉਸਨੂੰ ਪ੍ਰਤੱਖ ਹਾਜ਼ਰਾ ਹਜ਼ੂਰ ਲਖਦਾ ਹੈ, ਤਾਂ ਤੇ ਕੋਈ ਭਰਮ ਨਹੀਂ ਰਹਿੰਦਾ। ਉਸਨੂੰ ਆਪਣਾ ਮਾਲਕ ਪਾਲਕ ਰਖਜਕ ਪ੍ਰਤੀਤ ਕਰ ਲੈਂਦਾ ਹੈ। ਆਪਦੇ ਪਰਨੇ ਆਇਆਂ ਦੀ ਰਖਜਾ ਪਾਰਬ੍ਰਹਮ ਆਪ ਕਰਦਾ ਹੈ, ਇਸ ਕਰਕੇ ਉਸਨੂੰ ਫੇਰ ਕੋਈ ਦੁਖ ਤੇ ਵਿਘਨ ਨਹੀਂ ਹੁੰਦਾ।

ਇਹ ਉਪਦੇਸ਼ ਸੁਣਕੇ ਸਿੱਖਾਂ ਦੀ ਨਿਸ਼ਾ ਹੋਈ ਤੇ ਸ੍ਰੀ ਗੁਰੂ ਜੀ ਨੇ ਇਹ ਉਪਦੇਸ਼ ਸਰਬ ਕਾਲੀ ਹੋਣ ਲਈ ਫੇਰ ਇਕ ਸ਼ਬਦ ਉਚਾਰਿਆ ਜੋ ਆਸਾ ਰਾਗ ਵਿਚ ਹੈ ਤੇ ਇਸ ਪ੍ਰਕਾਰ ਹੈ :-

ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ॥ ਗਰਹ
ਨਿਵਾਰੇ ਸਤਿਗੁਰ ਦੇ ਅਪਣਾ ਨਾਉ॥੧॥ ਬਲਿਹਾਰੀ ਗੁਰ
ਆਪਣੇ ਸਦ ਸਦ ਬਲਿ ਜਾਉ॥ ਗੁਰੂ ਵਿਟਹੁ ਹਉ ਵਾਰਿਆ
ਜਿਸੁ ਮਿਲਿ ਸਚੁ ਸੁਆਉ॥੧॥ਰਹਾਉ॥ ਸਗੁਨ ਅਪਸਗੁਨ
ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥ ਤਿਸੁ ਜਮੁ ਨੇੜਿ
ਨ ਆਵਈ ਜੋ ਹਰਿ ਪ੍ਰਭਿ ਭਾਵੈ॥੨॥ ਪੁੰਨ ਦਾਨ ਜਪ ਤਪ ਜੇਤੇ
ਸਭ ਊਪਰਿ ਨਾਮੁ॥ ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ
ਕਾਮੁ॥੩॥ ਭੈ ਬਿਨਸੈ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ॥
ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ॥੪॥੧੮॥੧੨੦॥

(ਆਸਾ ਮ: ੫, ਪੰਨਾ ੪੦੦/੧੯)

# ੨੪. ਆਗਰੇ ਦੀ ਸੰਗਤਿ।

**ਇਸੀ** ਤਰ੍ਹਾਂ ਇਕ ਦਿਨ ਆਗਰੇ ਤੋਂ ਆਈ ਸਗਤ ਨੂੰ ਉਪਦੇਸ਼ ਹੋਇਆ। ਪ੍ਰਸ਼ਨ ਇਹ ਸੀ ਕਿ ਅਸੀਂ ਜੋ ਨਾਲੇ ਤਾਂ ਘਰਾਂ ਦੇ ਕਾਜ ਕਰਦੇ ਹਾਂ, ਨਾਲੇ ਬੰਦਗੀ ਕਰਦੇ ਨਾਮ ਜਪਦੇ ਹਾਂ, ਸਾਨੂੰ ਸੰਨਜਾਸੀ, ਬੈਰਾਗੀ, ਜੋਗੀ ਆਦਿ ਸਾਧੂ ਆਖਦੇ ਹਨ ਕਿ ਤੁਸੀਂ ਰਾਗ ਦ੍ਵੈਖ ਤੋਂ ਸਾਫ ਨਹੀਂ ਹੋ ਸਕਦੇ, ਗ੍ਰਿਹਸਤੀ ਜੁ ਹੋਏ। ਇਹ ਦੁਖ ਤਜਾਗ ਨਾਲ, ਘਰ ਛੱਡਣੇ ਨਾਲ, ਵੈਰਾਗ ਨਾਲ, ਹਠ ਯੋਗ ਨਾਲ ਦੂਰ ਹੁੰਦੇ ਹਨ। ਸੋ ਆਪਦੀ ਆਗਜਾ ਕਿਵੇਂ ਹੈ? ਦੁਨੀਆਂ ਦੇ ਕੰਮ ਕਾਜ ਕਰਦਿਆਂ ਗੁੱਸਾ ਆਦਿ ਆ ਹੀ ਜਾਂਦੇ ਹਨ, ਈਰਖਾ ਬੀ ਉਪਜ ਹੀ ਪੈਂਦੀ ਹੈ ਵਾਹ ਜੁ ਪੈਣੇ ਹੋਏ। ਤਾਂ ਸ੍ਰੀ ਗੁਰੂ ਜੀ ਨੇ ਬਿਲਾਸ ਨਾਲ ਫੁਰਮਾਇਆ : ਭਾਈ ਤੁਸੀਂ ਵਿਆਹੇ ਹੋਏ ਹੋ ਤੇ ਇਕ ਇਕ ਵਹੁਟੀ ਦੇ ਪਤੀ ਹੋ, ਤ੍ਰੈ ਤ੍ਰੈ ਯਾ ਚਾਰ ਚਾਰ ਵਹੁਟੀਆਂ ਹੋਰ ਵਿਆ ਲਓ ਤਾਂ ਕਾਰਜ ਰਾਸ ਹੋ ਜਾਏਗਾ।

ਸਾਰੇ ਹੈਰਾਨ ਹੋ ਗਏ ਤੇ ਬੋਲੇ : ਪਾਤਸ਼ਾਹ ਹਿਕ ਇਕ ਦੀ ਸੰਭਾਲ ਕਠਨ ਹੈ, ਤ੍ਰੈ ਚਾਰ ਹੋਰ ਕਿਸ ਤਰ੍ਹਾਂ ਸੰਭਾਲਾਂਗੇ? ਤਦ ਸਤਿਗੁਰ ਮੁਸਕ੍ਰਾਏ ਤੇ ਬੋਲੇ : ਭਾਈ ਅਸਾਂ ਜੋ ਚਾਰ ਹੋਰ ਆਖੀਆਂ ਹਨ ਉਨ੍ਹਾਂ ਵਿਆਹ ਤੁਹਾਡੇ ਮਨ ਨਾਲ ਕਰਨਾ ਹੈ, ਸਰੀਰ ਨਾਲ ਨਹੀਂ। ਧਜਾਨ ਕਰਕੇ ਸਮਝੋ :

੧. ਦੇਖੋ ਭਾਈ! ਇਕ ਵਹੁਟੀ ਤਾਂ ਇਹ ਹੈ ਜਦ ਕਿਸੇ ਨੂੰ ਆਪ ਤੋਂ ਗ੍ਰੀਬ ਦੇਖੋ, ਦੁਖੀ ਦੇਖੋ, ਘੱਟ ਗੁਣਾਂ ਵਾਲਾ ਦੇਖੋ, ਕਿਸੇ ਲੋੜ ਵਿਚ ਤੱਕੋ, ਹੀਣਾ ਵੇਖੋ ਤਾਂ ਮਨ ਵਿਚ ਉਸ ਤੋਂ ਸੂਗ ਨਾਂ ਕਰੋ, ਨਫਰਤ ਨਾ ਕਰੋ, ਨਾਂ ਵਰਤਾਉ ਮਾੜਾ ਕਰੋ ਸਗੋਂ ਉਸ ਉਤੇ ਦਇਆ ਕਰੋ, ਉਸ ਦੀ ਮਦਦ ਕਰੋ! ਇਹ 'ਦਇਆ ਬ੍ਰਿਤੀ' ਮਾਨੋ ਇਕ ਮਨ ਦੀ ਅੰਗ ਸੰਗੀ ਵਹੁਟੀ ਬਣਾਓ।

੨. ਜੇ ਕਿਸੇ ਨੂੰ ਧਨ ਵਿਚ, ਵਿਦਯਾ ਵਿਚ, ਗੁਣਾਂ ਵਿਚ, ਸੁਖ ਵਿਚ, ਇੱਜ਼ਤ ਸਨਮਾਨ ਵਿਚ ਆਪਣੇ ਤੁੱਲ ਦੇਖੋ ਤਾਂ ਉਸ ਨਾਲ ਹਿਤ ਕਰੋ, ਆਪਣੇ ਜਿਹਾ ਸਮਝਕੇ ਹਿਤ ਵਰਤੋ, ਮਾਨੋ ਤੁਹਾਡਾ ਹੀ ਦੂਜਾ ਆਪਾ ਹੈ। ਉਸ ਨਾਲ ਈਰਖਾ ਨਾ ਸੋਚੋ ਕਿ ਹਾਇ ਮੇਰੇ ਜੇਹਾ ਕੋਈ ਹੋਰ ਕਿਉਂ ਹੈ। ਇਹ 'ਮਿੱਤ੍ਰਤਾ ਵਾਲੀ ਬ੍ਰਿਤੀ' ਦੂਸਰੀ ਵਹੁਟੀ ਆਪਣੇ ਮਨ ਦੀ ਬਣਾ ਲਓ।

੩. ਜੇ ਕਿਸੇ ਨੂੰ ਆਪ ਤੋਂ ਵੱਡਾ ਦੇਖੋ, ਗੁਣ, ਵਡਿਆਈ, ਵਿਦਜਾ, ਸੁਖ, ਧਨ, ਭਗਤੀ ਭਾਵ ਕਿ ਦਾਨ ਕਰਨ ਵਿਚ, ਉਸਨੂੰ ਵੇਖਕੇ ਖੁਸ਼ ਹੋਈਏ ਤੇ ਖਿੜੀਏ ਕਿ ਸ਼ੁਕਰ ਹੈ ਮੈਥੋਂ ਚੰਗੇ ਦੇ ਦਰਸ਼ਨ ਹੋਏ ਹਨ। ਸਮਾਂ ਮਿਲੇ ਤਾਂ ਸੰਗਤਿ ਦਾ ਲਾਭ ਲਈਏ ਇਸ 'ਪ੍ਰਸੰਨਤਾ ਬ੍ਰਿਤੀ' ਨੂੰ ਤੀਜੀ ਅੰਗ ਸੰਗੀ ਸਾਥਣ ਬਣਾਈਏ।

੪. ਜੇ ਕੋਈ ਐਸਾ ਮਿਲੈ ਕਿ ਜਿਸ ਨਾਲ ਉਪਰਲੇ ਤ੍ਰੈ ਗੁਣ ਕੋਈ ਕੰਮ ਨਾ ਸਾਰਨ ਤੇ ਉਹ ਵਿੰਗਾ ਹੀ ਵਿੰਗਾ ਤੁਰੇ ਤੇ ਤੁਸਾਂ ਨਾਲ ਵਿਰੋਧ ਕਰੇ, ਸਮਝਾਇਆਂ ਬੀ ਨਾ ਸਮਝੇ, ਤਦ ਤੁਸੀਂ ਉਸ ਨਾਲ ਵੈਰ ਭਾਵ ਨਾ ਰਖੋ, ਨਾ ਕੋਈ ਵਿਰੋਧ ਕਰੋ। ਉਸਨੂੰ ਆਪਣੇ ਆਪੇ ਤੇ ਛੱਡ ਦਿਓ, ਉਸ ਨਾਲ ਐਉਂ ਹੋ ਜਾਈਏ ਕਿ ਜਿਵੇਂ ਕਦੇ ਵਾਕਬ ਹੀ ਨਹੀਂ ਸਾਂ, ਉਹ ਓਪਰਾ ਹੈ। ਜਿਵੇਂ ਬਜ਼ਾਰ ਵਿਚ ਟੁਰੇ ਜਾਂਦੇ ਸੈਂਕੜੇ ਲੋਕ ਕੋਲੋਂ ਦੀ ਲੰਘ ਜਾਂਦੇ ਹਨ, ਉਨ੍ਹਾਂ ਨਾਲ ਨਾ ਸਾਡਾ ਵੈਰ ਹੁੰਦਾ ਹੈ ਨਾਂ ਹਿਤ। ਉਹ ਜੋ ਉਨ੍ਹਾਂ ਨਾਲ 'ਓਪਰੇਪਨ ਵਾਲੀ ਬ੍ਰਿਤੀ' ਹੁੰਦੀ ਹੈ, ਉਹ ਚੋਥੀ ਇਸਤ੍ਰੀ ਵਾਂਙੂ ਆਪਣੇ ਮਨ ਦੀ ਸਾਥਣ ਬਣਾਓ।

ਇਹ ਚਾਰ ਬ੍ਰਿਤੀਆਂ ਜਦ ਜਗਤ ਵਰਤੋਂ ਵਿਚ ਧਾਰ ਲਓਗੇ ਤਾਂ ਤੁਹਾਡੇ ਨਾਮ ਸਿਮਰਨ

 www.sikhbookclub.com

ਦਾ ਸੁਖ ਤੇ ਹਰੀ ਕੀਰਤਨ ਦਾ ਤੁਹਾਡਾ ਰਸ ਆਪਣੇ ਅਸਰਾਂ ਤੋਂ ਵਿਚਲਿਆ ਨਾ ਕਰੇਗਾ। ਸਾਰੀ ਨਾਮ ਕੀਰਤਨ ਦੀ ਕਮਾਈ ਕਾਯਮ ਰਿਹਾ ਕਰੇਗੀ ਤੇ ਗ੍ਰਿਹਸਤ ਵਿਚ ਨਿਰਬਾਣ ਹੋ ਜਾਓਗੇ। ਨਾਮ ਬਾਣੀ ਮੂਲ ਹੈ, ਗਹੁ ਕਰਿ ਪਕੜਨੀ। ਇਕ ਸਿੱਖ ਨੇ ਕਿਹਾ : ਜੀ ਇਨ੍ਹਾਂ ਨੂੰ ਯਾਦ ਕਿਵੇਂ ਰਖੀਏ? ਤਾਂ ਸਤਿਗੁਰਾਂ ਨੇ ਕਿਹਾ ਭਾਈ ਸੰਸਕ੍ਰਿਤ ਬੋਲੀ ਵਿਚ ਇਨ੍ਹਾਂ ਦਾ ਨਾਉਂ ਹੈ : ਕਰੁਣਾ, ਮੈਤ੍ਰੀ, ਮੁਦਤਾ ਤੇ ਉਪੇਖਜਾ। ਏਹ ਨਾਮ ਸੌਖੇ ਹਨ ਯਾਦ ਕਰ ਲਓ, ਵੇਰਵਾ ਅਸਾਂ ਦੱਸ ਦਿੱਤਾ ਹੈ। ਏਹ ਚਾਰੇ ਸ਼ੁਭ ਬ੍ਰਿਤੀਆਂ ਪਿਛਲੇ ਲੇਖਕਾਂ ਨੇ ਬੀ ਲਿਖੀਆਂ ਹਨ, ਪਰ ਗ੍ਰਿਹਸਤੀ ਨਾਮ ਪ੍ਰੇਮੀਆਂ ਲਈ ਬਹੁਤ ਹੀ ਜ਼ਰੂਰੀ ਹਨ।

ਸੰਗਤਿ ਸਾਰੀ ਸੁਣਕੇ ਗਦ ਗਦ ਹੋ ਗਈ। ਸਤਿਗੁਰੂ ਜੀ ਫੇਰ ਬੋਲੇ :-

ਭਾਈ, ਜਦੋਂ ਭਜਨ ਦੇ ਰਸਤੇ ਪੈ ਜਾਈਦਾ ਹੈ ਤੇ ਗ੍ਰਿਹਸਤ ਦੇ ਵਿੱਚੇ ਰਹੀਦਾ ਹੈ ਤਾਂ ਲੋਕਾਂ ਵਿਚ ਵੱਸਣਾ ਹੁੰਦਾ ਹੈ ਤੇ ਵਾਹ ਬੀ ਪੈ ਜਾਂਦੇ ਹਨ ਤਦ ਕਈ ਗਲਾਂ ਭਜਨ ਦੇ ਲਗਕੇ ਹੋਣ ਵਿਚ ਹਰਜ ਕਰਦੀਆਂ ਹਨ। ਓਹ ਹੁੰਦੀਆਂ ਹਨ :-

ਘ੍ਰਿਣਾ-(ਨਫਰਤ) ਆਪਣੇ ਤੋਂ ਹੀਣਿਆਂ ਨਾਲ ਨਫਰਤ ਕਰੀਦੀ ਹੈ, ਕਿ ਏਹ ਘ੍ਰਿਣਾ ਯੋਗ ਹੈ।

ਈਰਖਾ-ਆਪਣੇ ਵਰਗੇ ਸੁਖੀਆਂ ਨਾਲ ਈਰਖਾ ਉਠਦੀ ਹੈ, ਕਿ ਮੇਰੇ ਜੇਹਾ ਹੋਰ ਕੋਈ ਕਿਉਂ ਹੈ?

ਸਾੜਾ-ਆਪਣੇ ਤੋਂ ਵਧੀਕ ਸੁਖੀਆਂ ਕਿ ਵਡਿਆਂ ਨਾਲ ਸਾੜਾ ਉਠਦਾ ਹੈ, ਕਿ ਹਾਇ ਮੈਥੋਂ ਵਡਾ ਕੋਈ ਕਿਉਂ ਹੋ ਗਿਆ ਹੈ ਯਾ ਕੋਈ ਕਿਉਂ ਹੋਵੇ।

ਵੈਰ-ਜਿਨ੍ਹਾਂ ਨਾਲ ਭਲਾਈ ਕਿ ਹਿਤ ਕਰੇ, ਕਈ ਵੇਰ ਓਹੀ ਦੁਸ਼ਮਨ ਹੋ ਖੜੋਂਦੇ ਹਨ, ਯਾ ਕੋਈ ਕਾਰਣ ਵੈਰ ਦੇ ਉਂਞ ਪੈਦਾ ਹੀ ਹੋ ਜਾਂਦੇ ਹਨ।

ਇਨ੍ਹਾਂ ਚੌਹਾਂ ਵਿਘਨਕਾਰੀ ਭਾਵਾਂ ਤੇ ਵਰਤਾਵਾਂ ਦੇ ਤੁਸਾਨੂੰ ਦਾਰੂ ਦੱਸੇ ਹਨ। ਜੇ ਏਹ ਵਰਤੋ ਤਾਂ ਮਨ ਨਿਰਮਲ ਰਹਿੰਦਾ ਹੈ ਤੇ ਜੇ ਏਹ ਦਾਰੂ ਨਾਂ ਵਰਤੋ ਤਾਂ ਭਜਨ ਵਿਚ ਮਨ ਨਹੀਂ ਜੁੜਦਾ ਤੇ ਰਸ ਨਹੀਂ ਪੈਂਦਾ। ਉਪਰ ਕਹੇ ਚਾਰ ਉਪਚਾਰ ਮਨ ਨੂੰ ਨਿਰਮਲ ਰੱਖਣਗੇ ਤੇ ਭਜਨ ਵਿਚ ਸਹਾਈ ਹੋਣਗੇ।

## ੨੫. ਕਰਤਾਰ ਪੁਰ-ਦੁਆਬੇ ਵਾਲਾ।

ਲਗ ਪਗ ੧੬੫੦ ਬਿ: ਦੇ ਸ੍ਰੀ ਪ੍ਰਿਥੀ ਚੰਦ ਦੀ ਈਰਖਾ ਦ੍ਵੈਖ ਦੇ ਵਰਤਾਉ ਨੂੰ ਦੂਰੀ ਨਾਲ ਠੰਢ ਪਾਉਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਤਰਨ ਤਾਰਨ ਚਲੇ ਗਏ ਸਨ। ਇਥੇ ਹੁਣ ਕੁਛ ਵਸੋਂ ਬੀ ਹੋਣ ਲਗ ਪਈ ਸੀ। ਕੇਂਦ੍ਰੀ ਥਾਂ ਹੋਣ ਕਰਕੇ ਲਾਗਲੇ ਪਿੰਡਾਂ ਨੂੰ ਲੋੜੀਂਦੀਆਂ ਵਸਤਾਂ ਮਿਲਣ ਦਾ ਚੰਗਾ ਟਿਕਾਣਾ ਮਿਲ ਗਿਆ ਸੀ। ਕੁਛ ਚਿਰ ਏਥੇ ਰਹਿਕੇ ਆਪ ਏਥੋਂ ਅੱਗੇ ਕਈ ਥਾਂ ਫਿਰਦੇ ਸੰਗਤਾਂ ਤਾਰਦੇ ਆਪ ਡੱਲੇ ਜਾ ਪਹੁੰਚੇ, ਜਿਥੇ ਤੀਸਰੇ ਸਤਿਗੁਰਾਂ ਦੇ ਵੇਲੇ ਦੇ ਬੜੇ ਬੜੇ ਪ੍ਰੇਮੀ ਸਿਖ ਰਹਿੰਦੇ ਸਨ। ਇਥੇ ਠਹਿਰਾਉ ਦੇ ਦਿਨਾਂ ਵਿਚ ਜਲੰਧਰ ਦਾ ਹਾਕਮ ਅਜ਼ੀਮ ਖਾਂ ਆਪ ਦੀ ਮਹਿਮਾ ਸੁਣਕੇ ਦਰਸ਼ਨਾਂ ਨੂੰ ਅਇਆ। ਦਰਸ਼ਨ ਕਰਕੇ ਠੰਢ ਪੈ ਗਈ। ਲੰਗਰ ਵਿਚ ਹਰ ਜਾਤਿ ਦੇ ਆਦਮੀ ਸਮ ਸੇਵੇਂ ਜਾਂਦੇ ਡਿੱਠੇ; ਕਿਸੇ ਧਰਮ ਮਜ਼੍ਹਬ ਵਾਲੇ ਨੂੰ ਅੰਨ ਦੇਣੋਂ ਸੰਕੋਚ ਨਹੀਂ ਸੀ। ਉਪਦੇਸ਼ ਬੀ ਸੁਣੇ।


www.sikhbookclub.com

ਦਿਲ ਗਦ ਗਦ ਹੋ ਗਿਆ। ਇਕ ਦਿਨ ਪੁੱਛਣ ਲੱਗਾ ਕਿ ਜੀਓ ਜੀ ਹਿੰਦੂ ਮੁਸਲਮਾਨ ਵਿਚ ਰਾਇ ਦਾ ਫਰਕ ਹੈ, ਉਪਾਸਨਾਂ ਵਿਚ ਵੀ ਫਰਕ ਹੈ, ਤੁਸੀਂ ਅੱਲਾ ਕਿ ਖੁਦਾ ਕਿ ਰਾਮ ਕਿਸਨੂੰ ਪੂਜਾ ਯੋਗ ਸਮਝਦੇ ਹੋ ਤੇ ਇਹਨਾਂ ਵਿਚ ਕੀ ਫਰਕ ਦੇਖਦੇ ਹੋ? ਤਾਂ ਗੁਰੂ ਜੀ ਨੇ ਸ਼ਬਦ ਉਚਾਰਿਆ :-

ਰਾਮਕਲੀ ਮਹਲਾ ੫

ਕਾਰਨ ਕਰਨ ਕਰੀਮ॥ ਸਰਬ ਪ੍ਰਤਿਪਾਲ ਰਹੀਮ॥
ਅਲਹ ਅਲਖ ਅਪਾਰ॥ ਖੁਦਿ ਖੁਦਾਇ ਵਡ ਬੇਸੁਮਾਰ॥੧॥
ਓ ਨਿਮੋ ਭਗਵੰਤ ਗੁਸਾਈ॥ ਖਾਲਕੁ ਰਵਿ ਰਹਿਆ ਸਰਬ ਠਾਈ॥੧॥ਰਹਾਉ॥
ਜਗੰਨਾਥ ਜਗਜੀਵਨ ਮਾਧੋ॥ ਭਉ ਭੰਜਨ ਰਿਦ ਮਾਹਿ ਅਰਾਧੋ॥
ਰਿਖੀਕੇਸ ਗੋਪਾਲ ਗੋੁਵਿੰਦ॥ ਪੂਰਨ ਸਰਬਤ੍ਰ ਮੁਕੰਦ॥੨॥
ਮਿਹਰਵਾਨ ਮਉਲਾ ਤੂਹੀ ਏਕ॥ ਪੀਰ ਪੈਕਾਂਬਰ ਸੇਖ॥
ਦਿਲਾ ਕਾ ਮਾਲਕੁ ਕਰੇ ਹਾਕੁ॥ ਕੁਰਾਨ ਕਤੇਬ ਤੇ ਪਾਕੁ॥੩॥
ਨਾਰਾਇਣ ਨਰਹਰ ਦਇਆਲ॥ ਰਮਤ ਰਾਮ ਘਟ ਘਟ ਆਧਾਰ॥
ਬਾਸੁਦੇਵ ਬਸਤ ਸਭ ਠਾਇ॥ ਲੀਲਾ ਕਿਛੁ ਲਖੀ ਨ ਜਾਇ॥੪॥
ਮਿਹਰ ਦਇਆ ਕਰਿ ਕਰਨੈਹਾਰ॥ ਭਗਤਿ ਬੰਦਗੀ ਦੇਹਿ ਸਿਰਜਣਹਾਰ॥
ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲਹੁ ਪਾਰਬ੍ਰਹਮ॥੫॥੩੪॥੪੫॥

ਸੁਣਕੇ ਸਯਦ ਜੀ ਦੀ ਨਿਸ਼ਾ ਹੋਈ। ਕੁਛ ਦਿਨ ਸੰਗਤ ਕਰਕੇ ਸ਼ਰਧਾ ਵਧ ਗਈ ਤੇ ਸਾਦਿਕ ਹੋ ਗਿਆ। ਫੇਰ ਬੇਨਤੀ ਕਰਨ ਲਗਾ ਕਿ ਆਪ ਕਿਤੇ ਜਲੰਧਰ ਦੇ ਨੇੜੇ ਡੇਰਾ ਪਾਓ, ਇਹ ਥਾਂ ਦੁਰਾਡੀ ਪੈਂਦੀ ਹੈ। ਸਤਿਗੁਰੂ ਜੀ ਨੇ 'ਹਾਂ' ਕਰ ਦਿਤੀ। ਤਦ ਉਸਨੇ ੨੧ ਮਘਰ ੧੬੫੧ ਬਿ.[੧] ਨੂੰ ਇਕ ਥਾਂ ਪੁਆ ਦਿੱਤਾ, ਜਿਸ ਥਾਵੇਂ ਗੁਰੂ ਜੀ ਜਾ ਟਿਕੇ। ਥੋੜੇ ਦਿਨਾਂ ਵਿਚ ਇਥੇ ਬਸਤੀ ਵੱਸ ਗਈ। ਗੁਰੂ ਜੀ ਨੇ ਇਸਦਾ ਨਾਉ 'ਕਰਤਾਰ ਪੁਰ' ਰਖਿਆ[੨]।

## ੨੬. ਸ੍ਰੀ ਸਾਹਿਬਜ਼ਾਦੇ ਜੀ ਦਾ ਅਵਤਾਰ।

ਚਾਹੇ ਸੁਲਹ ਸ਼ਾਂਤੀ ਦੇ ਉਪਾਉ ਗੁਰੂ ਅਰਜਨ ਦੇਵ ਜੀ ਨੇ ਬਹੁਤ ਕੀਤੇ, ਪਰ ਵਡੇ ਭਰਾਤਾ ਤੇ ਅਸਰ ਨਾ ਹੋਇਆ। ਓਹ ਅਪਣੀ ਧੁਨਿ ਵਿਚ ਲਗੇ ਰਹੇ। ਛੇਕੜ ਸਰਕਾਰੀ ਅਹੁਦੇਦਾਰ ਅਪਣੇ ਮਿਤ੍ਰ ਸੁਲਹੀ ਖਾਂ ਦੇ ਆਉਣ ਦੀ ਖੁਬਰ ਧੁਮਾ ਦਿੱਤੀ। ਗੁਰੂ ਜੀ ਅੱਗੇ ਹੀ ਵਿਚਾਰ ਰਹੇ ਸੇ ਕਿ ਕੁਛ ਦੂਰ ਚੱਲ ਵਸੀਏ, ਸੋ ਹੁਣ ਸਾਰੇ ਮੁਖੀਏ ਸਿਖਾਂ ਤੇ ਨਗਰ ਦੇ ਵਡਕਿਆਂ ਨਾਲ ਸਲਾਹ ਕਰਕੇ ਆਪ ਅੰਮ੍ਰਿਤਸਰ ਤੋਂ ਟੁਰਕੇ ਤ੍ਰੈ ਕੁ ਕੋਹਾਂ ਦੀ ਵਿੱਥ ਤੇ ਵਡਾਲੀ ਪਿੰਡ ਜਾ ਰਹੇ। ਇਹ ਪਿੰਡ ਬੜਾ ਘੁੱਘ ਵਸਦਾ ਸੀ ਤੇ ਖੁਸ਼ਹਾਲ ਸੀ। ਪਿੰਡਵਾਸੀ ਗੁਰੂ ਕੇ ਪ੍ਰੇਮੀ ਸੇ। ਸੋ ਇਕ ਸੁੰਦਰ ਹਵੇਲੀ ਵਿਚ ਡੇਰਾ ਲਗ

੧. ਤਵਾ: ਖਾ:।

੨. ਇਹ ਬੀ ਖਿਆਲ ਲਿਖਿਆ ਮਿਲਦਾ ਹੈ ਕਿ ਗੁਰੂ ਜੀ ਨੇ ਆਪ ਮਾਯਾ ਖਰਚ ਕੇ ਕਰਤਾਰਪੁਰ ਦੀ ਭੋਂ ਖਰੀਦੀ ਸੀ ਤੇ ਕਰਤਾਰ ਪੁਰ ਵਸਾਇਆ ਸੀ। ਹੋ ਸਕਦਾ ਹੈ ਅਜ਼ੀਮ ਖਾਂ ਨੇ ਜ਼ਮੀਨ ਤੇ ਵਸਤੀ ਵਸਾਉਣ ਵਿਚ ਮਦਦ ਦਿਤੀ ਹੋਵੇ ਤੇ ਦੁਏ ਗਲਾਂ ਠੀਕ ਹੋਣ।

 www.sikhbookclub.com

ਗਿਆ, ਜਿਸਦਾ ਹੁਣ ਗੁਰਦੁਆਰਾ ਬਣਕੇ ਵਿਦਮਾਨ ਹੈ*। ਰਾਮਦਾਸ ਪੁਰੇ ਤੋਂ ਬਹੁਤ ਲੋਕ ਭੀ ਵਡਾਲੀ ਆ ਗਏ ਤੇ ਬਾਹਰੋਂ ਆਉਣ ਵਾਲੀਆਂ ਸੰਗਤਾਂ ਬੀ ਸਿੱਧੀਆਂ ਵਡਾਲੀ ਹੀ ਪਹੁੰਚਣ ਲਗ ਪਈਆਂ। ਓਥੇ ਹੀ ਸਤਿਸੰਗ ਦੇ ਮੰਗਲ ਹੋ ਗਏ।

ਰਾਮਦਾਸ ਪੁਰ ਤੋਂ ਕੁਛ ਲੋਕ ਤਾਂ ਗੁਰੂ ਜੀ ਨਾਲ ਵਡਾਲੀ ਆ ਗਏ ਸੇ ਤੇ ਕੁਛ ਇਹ ਸੁਣਕੇ ਕਿ ਸੁਲਹੀ ਨੇ ਆ ਕੇ ਲੁੱਟ ਮਾਰ ਕਰਨੀ ਹੈ, ਦੂਰ ਗਿਰਾਵੀਂ ਚਲੇ ਗਏ। ਸੁਲਹੀ ਆਇਆ ਪਰ ਅਗੇ ਲੁੱਟ ਮਾਰ ਕਰਨ ਦਾ ਕੋਈ ਮੌਕਿਆ ਨਾ ਰਿਹਾ। ਸੁਲਹੀ ਨੇ ਪੁੱਛਿਆ ਤਾਂ ਪ੍ਰਿਥੀ ਚੰਦ ਨੇ ਦੱਸਿਆ :-

ਆਗਮਨ[੧] ਤੇਰੇ ਸੁਨਿ ਗਯੋ ਹੈ ਪਲਾਇ[੨] ਰਿਪੂ
ਪੁਰੀ ਕੋ ਉਜਾਰ ਕਿਯੋ, ਵਸਤੂ ਨ ਕੋਇ ਕੀ।
ਮਹਾਂ ਸਮਰੱਥ ਤੁਮ ਨਾਮ ਲੀਏ ਕਾਮ ਹੋਹਿ,
ਆਪ ਚਲਿ ਆਏ ਪੁਨ ਚਿੰਤਾ ਕਿਸ ਲਾਇ ਕੀ[੩]॥ (ਰਾਸ ੩-ਅੰਸੂ ੪)

ਫਿਰ ਪ੍ਰਿਥੀ ਚੰਦ ਨੇ ਕਿਹਾ : ਹੁਣ ਮੈਂ ਨਗਰੀ ਫੇਰ ਵਸਾਵਾਂਗਾ। ਆਸ ਨਹੀਂ ਮੇਰਾ ਭਰਾ ਏਥੇ ਆਵੇ, ਜੇ ਲੋੜ ਪਈ ਤਾਂ ਫੇਰ ਖੇਚਲ ਦਿਆਂਗਾ। ਇਉਂ ਸੁਲਹੀ, ਜਿਸ ਸ਼ਾਹੀ ਕੰਮ ਲਈ ਪੰਜਾਬ ਆਇਆ ਸੀ; ਉਧਰ ਚਲਾ ਗਿਆ ਤੇ ਓਥੋਂ ਦਿੱਲੀ ਜਾ ਪਹੁੰਚਾ।

ਪ੍ਰਿਥੀ ਚੰਦ ਹੁਣ ਰਾਮਦਾਸ ਪੁਰੇ ਵਿਚ ਜੋ ਕੁਛ ਕਰਦਾ ਰਿਹਾ ਕਵੀ ਸੰਤੋਖ ਸਿੰਘ ਜੀ ਐਉਂ ਲਿਖਦੇ ਹਨ :-

ਰਾਮਦਾਸ ਪੁਰੀ ਮਾਂਹਿ ਪ੍ਰਿਥੀਆ ਰਹਯੋ ਧਾਮ ਕਰਿ
ਥੋਰੀ ਕੁਛ ਭੇਟ ਆਵੈ ਤਪਯੋ ਰਹੈ ਰਾਤ ਦਿਨ।
ਲਾਲਸਾ ਦਰਬ[੪] ਕੀ-ਸਰਬ ਮੋਹਿ ਪੂਜੈਂ ਆਇ
ਬਾਢੈ ਬਡਿਆਈ-ਪਿਤ ਸਮਤਾ ਕੈ ਚਾਹੈ ਮਨਿ।
ਸੰਗਤਾਂ ਅਨੁਜ[੫] ਪਾਸ ਜਾਤਿ ਕੋ ਬਿਲੋਕੈ ਸੁਨੈ
ਤਯੋਂ ਤਯੋਂ ਬਢੈ ਕ੍ਰੋਧ ਯੁਤ ਈਰਖਾ ਕੋ ਬੋਧ ਬਿਨ।
ਜੈਸੇ ਪਟਬੀਜਨੋਂ[੬] ਚਹਤ ਰਵਿ ਬੀਜਨੋਂ[੭]
ਜਾਨੈ ਤੇਜ ਛੀਜਨੋ ਬਿਸਾਲਤਾ ਜਨਾਇ ਜਨੁ॥੧੫॥ (ਰਾਸ ੩-੪)

ਵਡਾਲੀ ਵਿਚ ਗੁਰੂ ਅਰਜਨ ਦੇਵ ਜੀ ਕਿਵੇਂ ਰਹੇ, ਉਸਦਾ ਹਾਲ ਬੀ ਕਵੀ ਜੀ ਨੇ ਕੁਝ ਛੰਦਾਂ ਵਿਚ ਸੁੰਦਰ ਤਰ੍ਹਾਂ ਵਰਣਨ ਕੀਤਾ ਹੈ :-

ਪਾਤਸ਼ਾਹ ਪੰਚਮ ਪ੍ਰਪੰਚ[੮] ਕੋ ਨ ਰੰਚ[੯] ਜਾਨੈਂ
ਸੂਧੋ ਈ ਸੁਭਾਵ ਰਹੇ ਗ੍ਰਾਮ ਤਿਸ ਜਾਇ ਕਰਿ।
ਪਰਉਪਕਾਰ ਹੇਤ ਧਾਰਨ ਸਰੀਰ ਕਰਯੋ
ਜਹਾਂ ਰਹੈਂ ਤਹਾਂ ਚਹੈਂ ਹਿਤ ਸਮੁਦਾਇ ਨਰ[੧੦]।
ਪੂਰਬ ਕਰਾਏ ਧਾਮ ਬਾਸਿਬੇ ਕੋ ਅਭਿਰਾਮ
ਜੇਤੇ ਮੈਂ ਸੁਖੈਨ ਬਸੈਂ ਤੇਤੇ ਕੀਨ ਥਾਇ ਬਰ।

---

*ਇਸ ਪਿੰਡ ਤੋਂ ਹੀ ਮੀਲ ਕੁ ਦੀ ਵਿਥ ਤੇ ਗੁਰਦੁਆਰਾ ਛੇਹਰਟਾ ਸਾਹਿਬ ਹੈ, ਜੋ ਅੰਮ੍ਰਿਤਸਰੋਂ ਲਾਹੌਰ ਵੱਲ ਨੂੰ ਟੁਰੋਂ ਤਾਂ ਰੇਲ ਦਾ ਪਹਿਲਾ ਸਟੇਸ਼ਨ ਹੈ।

੧. ਆਉਣਾ। ੨. ਦੌੜ ਗਿਆ। ੩. ਕਿਸੇ ਲੋਕ ਦੀ। ੪. ਧਨ। ੫. ਛੋਟੀ ਵੀਰ, ਸ੍ਰੀ ਗੁਰੂ ਅਰਜਨ ਦੇਵ ਜੀ। ੬. ਟਿਟਾਣਾ, ਜੁਗਨੂੰ। ੭. ਸੂਰਜ ਵਰਗਾ ਬਣਨਾ ਚਾਹੇ। ੮. ਪਖੰਡ। ੯. ਥੋੜਾ ਬੀ। ੧੦. ਸਰਬੱਤ ਦਾ ਭਲਾ।

 www.sikhbookclub.com

ਗਏ ਸੰਗ ਲੋਕ ਜੇਈ ਬਸੇਂ ਕਰਿ ਓਕ[1] ਤੇਈ
ਗੁਰੂ ਕੀ ਸ਼ਰੰਨ ਮੈਂ ਅਸ਼ੋਕ ਸੁਖੁ ਪਾਇ ਉਰ॥੧੬॥
ਪੁਨ ਲਗਵਾਯੋ ਕੂਪ ਮਹਿਮਾ ਅਨੂਪ ਭਨੀ
ਨਾਮ ਹੈ ਛਿਹਰਟਾ ਅਜੋ ਸੁ ਲਗ ਜਾਨੀਯਹਿ॥
ਮੱਜਨ ਜੋ ਕਰੈ ਨਰ, ਪਾਪਨ ਕੋ ਪਰਹਰਿ[2]
ਜੋਗ ਹ੍ਵੈ ਸੁਰਗ ਕੇ ਮਗਲ ਸੁਖਦਾਨੀਅਹਿ।
ਮਾਸ ਮਾਸ ਪ੍ਰਤਿ ਇਸ਼ਨਾਨੈ ਇਸ ਥਾਨ ਆਇ
ਨੰਦਨ ਅਨਦ ਲਹਿ ਨਾਰੀ ਦੁਖ ਹਾਨੀਅਹਿ[3]
ਬਾਂਛਤਿ[4] ਅਪਹ ਲਹੈ, ਦੋਸ਼ਨ ਕੋ ਦਹੈ ਨਰ
ਸਤਿਗੁਰੂ ਸ਼ਰਧਾ ਬਲੰਦ ਹੋਇ ਮਾਨੀਅਹਿ॥੧੭॥
ਆਏ ਦੇਸ਼ ਦੇਸ਼ ਤੇ ਬਿਸ਼ੇਸ਼ ਲੇ ਉਪਾਇਨ[5] ਕੋ
ਬੂਝਿ ਬੂਝਿ ਜਾਤ ਹੈਂ ਵਡਾਲੀ ਗੁਰ ਪਾਸ ਕੋ
ਅਨਿਕ ਪਦਾਰਥ ਸਕਾਰਥੇ[6] ਕਰਤ ਨਰ
ਅਰਪੈਂ ਚਰਨ ਤੀਰ, ਬੋਲੈਂ ਅਰਦਾਸ ਕੋ।
ਭੀਰ ਭਈ ਰਹੈ, ਇਕ ਆਵਤ, ਹੈਂ ਜਾਤ ਕੇਈ,
ਸੇਵਾ ਕੋ ਕਮਾਵੈ ਕੋਈ ਹੇਰਿ ਸੁਖ ਰਾਸ ਕੋ[7]।
ਕਰਤੇ ਕਰਾਹੁ ਬਹੁ ਬਰਤੇ ਉਮਾਹ ਹੋਤਿ
ਹਰਤੇ ਉਪਾਧਿ ਗਨ, ਧਰਤੇ ਪ੍ਰਕਾਸ਼ ਕੋ।੧੮।
ਖੁਰਾਸਨ, ਕਾਬਲ, ਪਿਸ਼ੌਰ; ਕਸ਼ਮੀਰ ਪੁਨ
ਧੰਨੀ, ਘੇਪ, ਲੰਮੇ ਦੇਸ਼ ਆਵੇਂ ਦਰਸਾਨਿ ਹਿਤ।
ਬਲਖ ਬੁਖਾਰਾ ਮੁਲਤਾਨ ਤੇ ਮਹਾਨ ਨਰ
ਸੰਗਤ ਪਹੂਚੈ ਆਇ ਭੇਟ ਅਰਪਾਨ ਹਿਤ।
ਔਰ ਦੂਰ ਦੂਰ ਤੇ ਹਦੂਰ ਪੂਰ ਕਾਮਨਾ ਕੋ
ਰੂਰ[8] ਮੁਖ ਦੇਖਤੇ ਜ਼ਰੂਰ ਹਰਖਾਨ ਹਿਤ।
ਸਦਾ ਸੁਖ ਮਾਨਿ ਚਿਤ ਕੋਊ ਰਹੈਂ ਪਾਸ ਨਿਤ
ਸੇਵਕ ਸੁਜਾਨ ਥਿਤ[9] ਲੇਨ ਰਿਦੈ ਗਜਾਨ ਹਿਤ॥੧੯॥ (ਰਾਸ-੩੪)

ਇਸ ਪ੍ਰਕਾਰ ਵਡਾਲੀ ਰੌਣਕਾਂ ਲਗ ਗਈਆਂ। ਅੱਸੂ ਕੱਤੇ ਦੇ ਲਗ ਪਗ ਗੁਰੂ ਜੀ ਵਡਾਲੀ ਗਏ ਸਨ, ਹੁਣ ਭਰ ਹੁਨਾਲਾ ਸੀ, ਹਾੜ ਵਦੀ ਏਕਮ ਸੰਮਤ ੧੬੫੨ ਨੂੰ ਗੁਰੂ ਜੀ ਦੇ ਗ੍ਰਿਹ ਮਾਤਾ ਗੰਗਾ ਜੀ ਦੇ ਸਾਹਿਬਜ਼ਾਦੇ ਜੀ ਦਾ ਅਵਤਾਰ ਹੋਇਆ। ਆਪ ਜੀ ਦਾ ਨਾਮ 'ਹਰਿ ਗੋਬਿੰਦ' ਰਖਿਆ ਗਿਆ। ਆਪਦੇ ਪ੍ਰਕਾਸ਼ ਗੁਰੂ ਅਰਜਨ ਦੇਵ ਜੀ ਦੇ ਉਚਾਰੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਵਿਚ ਹਨ। ਯਥਾ :-

---

੧. ਘਰ। ੨. ਦੂਰ ਕਰਕੇ। ੩. ਇਸਤ੍ਰੀ ਦੁਖ ਦੂਰ ਕਰਾਕੇ ਪੁਤ੍ਰ ਦਾ ਸੁਖ ਵੇਖੇਗੀ (ਜੇ ਹਰ ਮਹੀਨੇ ਆਕੇ ਏਥੇ ਇਸ਼ਨਾਨ ਕਰੇ) ੪. ਮਨ ਇੱਛਤ, ਮਨ ਭਾਉਂਦੀ। ੫. ਭੇਟਾ। ੬. ਸਫਲ। ੭. ਸੁਖ ਕੇ ਸਮੂਹ ਸ੍ਰੀ ਗੁਰੂ ਜੀ ਦੇ ਦਰਸ਼ਨ ਕਰਕੇ। ੮. ਸੁਹਣਾ, ਸੁੰਦਰ। ੯. ਟਿਕ ਕੇ, ਕੋਲ ਰਹਿਕੇ।


www.sikhbookclub.com

ਆਸਾ ਮਹਲਾ ੫॥

ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥
ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ॥੧॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ਰਹਾਉ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥ ਮਿਟਿਆ ਸੋਗੁ ਮਹਾ ਅਨੰਦ ਥੀਆ॥
ਗੁਰਬਾਣੀ ਸਖੀ ਆਨੰਦ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ॥੨॥
ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ॥
ਮਨ ਚਿੰਦਿਆ ਸਤਿਗੁਰੂ ਦਿਵਾਇਆ॥ ਭਏ ਅਚਿੰਤ ਏਕ ਲਿਵ ਲਾਇਆ॥੩॥
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ॥
ਗੁਝੀ ਛੰਨੀ ਨਾਹੀ ਬਾਤ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ॥੪॥੭॥੧੦੧॥

ਬਿਲਾਵਲੁ ਮਹਲਾ ੫॥

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਾਰਿਆ॥
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ॥੨॥
ਕਾਰਜੁ ਸਤਿਗੁਰਿ ਆਪਿ ਸਵਾਰਿਆ॥ ਵਡੀ ਆਰਜਾ ਹਰਿ ਗੋਬਿੰਦ
ਕੀ ਸੂਖ ਮੰਗਲ ਕਲਿਆਣ ਬੀਚਾਰਿਆ॥੧॥ਰਹਾਉ॥ ਵਣ
ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ॥
ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ॥੨॥੫॥੨੩॥

ਵਡਾਲੀ ਵਿਚ ਤਾਂ ਬੜੇ ਉਤਸਵ ਤੇ ਖੁਸ਼ੀਆਂ ਹੋ ਰਹੀਆਂ ਸਨ, ਸੰਗਤਾਂ ਦੇ ਉਮਡਾਉ ਉਂਞ ਹੀ ਬੜੇ ਸਨ, ਸਾਹਿਬਜ਼ਾਦੇ ਦਾ ਆਗਮਨ ਸੁਣਕੇ ਤਾਂ ਦੂਰ ਦੂਰ ਤੋਂ ਸੰਗਤਾਂ ਤੇ ਪ੍ਰੇਮੀ ਸਿਖ ਆ ਰਹੇ ਸਨ ਤੇ ਤਰ੍ਹਾਂ ਤਰ੍ਹਾਂ ਦੇ ਉਤਸਵ ਤੇ ਮੰਗਲ ਹੋ ਰਹੇ ਸਨ। ਇਸ ਪ੍ਰਕਾਰ ਚਾਲੀ ਦਿਨ ਬੀਤੇ। ਪਰ ਇਨ੍ਹਾਂ ਦਿਨਾਂ ਵਿਚ ਪ੍ਰਿਥੀਚੰਦ ਜੀ ਦੇ ਘਰ ਦੁਖ ਤੇ ਸ਼ੋਕ ਹੋ ਰਿਹਾ ਸੀ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਉਨ੍ਹਾਂ ਨੇ ਇਕ ਇਸਤ੍ਰੀ ਜੋ ਦਾਈਆਂ ਦਾ ਕੰਮ ਕਰਦੀ ਸੀ, ਸੋ ਰੁਪੱਯਾ ਦੇ ਕੇ ਇਸ ਕੰਮ ਤੇ ਲਾਈ ਕਿ ਓਹ ਥਣਾਂ ਤੇ ਜ਼ਹਰ ਲਾਕੇ ਵਡਾਲੀ ਜਾਵੇ ਤੇ ਬਹਾਨੇ ਨਾਲ ਸਾਹਿਬਜ਼ਾਦੇ ਨੂੰ ਕੁਛੜ ਲੈਕੇ ਦੁੱਧ ਚੁੰਘਾਵੇ, ਜਿਸਦੇ ਅਸਰ ਨਾਲ ਬਾਲਕ ਮ੍ਰਿਤੂ ਨੂੰ ਪ੍ਰਾਪਤ ਹੋਵੇ। ਸੋ ਇਹ ਕੁਟਿਲ ਨਾਰਿ ਚਲੀਹੇ ਵਾਲੇ ਦਿਨ ਭਰੇ ਉਤਸਵ ਵਿਚ ਪਹੁੰਚੀ। ਬੜੇ ਸੁਹਣੇ ਕਪੜੇ ਪਾਕੇ ਸੁਆਣੀ ਬਣਕੇ ਗਈ। ਬੜੀਆਂ ਅਸੀਸਾਂ ਤੇ ਹਿਤ ਦੀਆਂ ਗਲਾਂ ਕਰਕੇ ਰੱਬੀ ਬਾਲਕੇ ਨੂੰ ਗੋਦ ਵਿਚ ਲਿਆ। ਫੇਰ ਕਿਸੇ ਦਾਉ ਨਾਲ ਥਣ ਬਾਲਕੇ ਦੇ ਬੁੱਲ੍ਹਾਂ ਨਾਲ ਲਾਇਆ ਪਰ ਬੱਚੇ ਨੇ ਪਰੇ ਕਰਕੇ ਥਣ ਘੁੱਟ ਸੁਟਿਆ ਤੇ ਦੂਏ ਹੱਥ ਨਾਲ ਲੰਮੀ ਲਮਕਦੀ ਗੁੱਤ, ਜੋ ਗੋਦ ਵਿਚ ਆ ਪਈ ਸੀ, ਨੂੰ ਫੜ ਲਿਆ। ਭਾਣਾ ਇਹ ਵਰਤਿਆ ਕਿ ਦਾਈ ਦੇ ਤੌਰ ਬਦਲ ਗਏ ਤੜਫਣ ਲਗ ਪਈ। ਹਾਇ ਹਾਇ ਕਰੇ ਤੇ ਪੁਕਾਰੇ 'ਹੇ ਗੁਰੂ ਜ਼ਾਦੇ! ਛੋੜ ਮੈਨੂੰ, ਮੈਂ ਮਰ ਗਈ। ਮੈਂ ਪਾਪਣ ਹਾਂ, ਬਖਸ਼ ਦੇਹ'। ਇਉਂ ਕੁਰਲਾਂਦੀ ਮਰ ਗਈ ਤੇ ਮਰਦੀ ਹੋਈ ਬਾਲਕ ਦੇ ਤਾਏ ਤਾਈ ਦੀ ਕਰਤੂਤ ਤੇ ਆਪਣੀ ਅਭਾਗਤਾ ਦੱਸ ਗਈ। ਇਹ ਗਲ ਸੁਣਕੇ ਸਾਰੀ ਆਈ ਸਿੱਖ ਸੰਗਤ ਵਿਚ ਖਿਲਬਲੀ ਮਚ ਗਈ। ਕੋਈ ਕਰਮੋਂ ਨੂੰ ਨਿਕਰਮਣ ਆਖੇ, ਕੋਈ ਪ੍ਰਿਥੀ ਚੰਦ ਜੀ ਨੂੰ ਮਾੜਾ ਕਹੇ, ਕੋਈ ਦਾਈ ਨੂੰ ਬੁਰਾ ਭਲਾ ਕਹੇ, ਕੋਈ

ਕਹੇ ਧੰਨ ਗੁਰੂ ਅਰਜਨ ਦਾ ਪ੍ਰਤਾਪ। ਪਰ ਸਾਰੇ ਇਹ ਕਹਿਣੋਂ ਨਾ ਰੁਕਣ ਕਿ ਬਾਲਕਾ ਬੜਾ ਮਹਾ ਪੁਰਖ ਹੈ; ਅਵਤਾਰ ਹੈ, ਕੀਕੂੰ ਥਣ ਮੂੰਹ ਵਿਚ ਨਹੀਂ ਧ੍ਰ ਲਿਆ, ਸਰਵੱਗਜ ਹੈ ਬਾਲਕਾ।

ਇੰਨੇ ਨੂੰ ਕਿਸੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਾ ਦੱਸਿਆ, ਤਤਕਾਲ ਆਏ, ਦਾਈ ਮਰੀ ਪਈ ਦੇਖੀ ਤੇ ਘਰ ਵਿਚ ਹਲਚਲ ਹੈਰਾਨੀ ਹੋ ਰਹੀ ਤੱਕੀ। ਸ੍ਰੀ ਗੰਗਾ ਜੀ ਘਬਰਾਏ ਦੇਖੇ, ਤਦ ਆਪ ਨੇ ਬਚਨ ਕੀਤਾ:- 'ਘਬਰਾਓ ਨਹੀਂ, ਪੂਰੇ ਗੁਰੂ ਨਾਨਕ ਦਾ ਧਿਆਨ ਕਰੋ, ਜਿਸ ਨੇ ਰਖ ਲਿਆ, ਸਭ ਉਸਦੀ ਮਿਹਰ ਹੈ! ਅਗੇ ਦਾ ਫਿਕਰ ਕਿਉਂ ਕਰਦੇ ਹੋ, ਜਿਸ ਨੇ ਹੁਣ ਰਖਿਆ ਹੈ ਸਦਾ ਰਖੇਗਾ।' ਇਹ ਕਹਿਕੇ ਆਗਯਾ ਕੀਤੀ ਕਿ ਕੜਾਹ ਪ੍ਰਸ਼ਾਦ ਕਰੋ, ਤੇ ਆਪ ਕਲਮ ਦੁਆਤ ਕਾਗਜ਼ ਲੈ ਕੇ ਬੈਠ ਗਏ ਤੇ ਕਾਗਜ਼ ਤੇ ਟਿਕ-ਨਜ਼ਰ ਨੇ ਕਲਮ ਦੀ ਚਾਲ ਨਾਲ ਇਹ ਸ਼ਬਦ ਰਚਕੇ ਲਿਖਿਆ :-

ਆਸਾ ਮਹਲਾ ੫॥

ਗੁਰ ਪੂਰੇ ਰਾਖਿਆ ਦੇ ਹਾਥ॥ ਪ੍ਰਗਟੁ ਭਇਆ ਜਨ ਕਾ ਪਰਤਾਪੁ॥੧॥ ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ॥ ਜੀਅ ਕੀ ਅਰਦਾਸਿ ਗੁਰੂ ਪਹਿ ਪਾਈ॥ਰਹਾਉ॥ ਸਰਨਿ ਪਰੇ ਸਾਚੇ ਗੁਰਦੇਵ॥ ਪੂਰਨ ਹੋਈ ਸੇਵਕ ਸੇਵ॥੨॥ ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ॥ ਕਹੁ ਨਾਨਕ ਗੁਰ ਕਉ ਕੁਰਬਾਨ॥੩॥੮॥੧੦੨॥

## ੨੭. ਲਾਹੌਰ-ਬਾਵਲੀ ਸਾਹਿਬ।

**ਕੁਛ** ਚਿਰ ਕਰਤਾਰ ਪੁਰ ਰਹਿਕੇ ਗੁਰੂ ਜੀ 'ਨੱਕੇ' ਦੇ ਇਲਾਕੇ ਵਿਚ ਚਲੇ ਗਏ। ਇਥੇ ਆਪ ਨੂੰ ਭਾਈ ਭੂਰੀਆ ਤੇ ਚੌਧਰੀ ਚੂਹੜ ਮਲ ਲੈ ਗਏ ਤੇ ਬੜੀ ਆਗਤ ਭਾਗਤ ਕੀਤੀ। ਆਪਦੇ ਉਪਦੇਸ਼ਾਂ ਦਾ ਅਸਰ ਏਸ ਇਲਾਕੇ ਵਿਚ ਬਹੁਤ ਹੋਇਆ। ਆਪ ਖੇਮ ਕਰਨ ਤੇ ਚੂਣੀਆਂ ਜਾਂਦੇ, ਕਈ ਪਿੰਡਾਂ ਵਿਚ ਫਿਰੇ। ਓਥੋਂ ਜੰਬਰ ਗਏ ਤੇ ਅਨੇਕਾਂ ਚੰਗੇ ਚੰਗੇ ਲੋਕਾਂ ਨੂੰ ਸਿਖੀ ਮਾਰਗ ਵਿਚ ਆਂਦਾ; ਜਿਨ੍ਹਾਂ ਵਿਚੋਂ ਏਹ ਨਾਮ ਵਡੇ ਵਡੇ ਹਨ :- ਕਿਦਾਰਾ, ਖੇਡਾ, ਮੁਕੰਦਾ, ਸਮਦੂ (ਇਹ ਮੁਸਲਮਾਨ ਸੀ ਪਹਿਲੋਂ), ਤੁਲਸਾ ਤੇ ਲਾਲੂ। ਇਧਰ ਫਿਰਦੇ ਆਪ ਜੀ ਲਾਹੌਰ ਆ ਗਏ। ਏਥੇ ਬਾਉਲੀ ਸਾਹਿਬ ਰਚੀ ਤੇ ਗੁਰਦੁਆਰਾ ਅਸਥਾਪਨ ਕੀਤਾ।

## ੨੮. ਵਜ਼ੀਰ ਖਾਂ।

**ਪਾਤਸ਼ਾਹ** ਦਾ ਇਕ ਵਜ਼ੀਰ ਸੀ ਜਿਸ ਦਾ ਨਾ ਨਾਮ ਬੀ ਵਜ਼ੀਰ ਖਾਂ ਹੀ ਸੀ। ਲਾਹੌਰ ਵਿਚ ਜੋ ਵਜ਼ੀਰ ਖਾਂ ਦੀ ਮਸੀਤ ਮਸ਼ਹੂਰ ਹੈ, ਇਸੇ ਦੇ ਪ੍ਰਬੰਧ ਵਿਚ ਬਣਾਈ ਗਈ ਸੀ। ਇਹ ਇਕ ਵੇਰ ਬੀਮਾਰ ਸੀ। ਇਕ ਸਿਖ ਸੁਖਮਨੀ ਸਾਹਿਬ ਦਾ ਪਾਠ ਉੱਚੀ ਸੁਰ ਨਾਲ ਕਰਦਾ ਬਾਹਰੋਂ ਲੰਘਿਆ ਤਾਂ ਵਜ਼ੀਰ ਖਾਂ ਨੂੰ ਸੁਖ ਭਾਸਿਆ। ਉਹ ਸਿਖ ਉਸੇ ਤਰ੍ਹਾਂ ਪਾਠ ਕਰਦਾ ਵਾਪਸ ਲੰਘਿਆ ਤਾਂ ਇਸਨੂੰ ਫੇਰ ਦਰਦ ਤੋਂ ਸੁਖ ਹੋਇਆ। ਫੇਰ ਇਸਨੇ ਉਸ ਸਿਖ ਨੂੰ ਸਨਮਾਨ ਨਾਲ ਸਦਵਾਕੇ ਰੋਜ਼ ਅੰਮ੍ਰਿਤ ਵੇਲੇ ਪਾਠ

ਸੁਣਨਾ ਸ਼ੁਰੂ ਕੀਤਾ, ਜਿਸ ਨਾਲ ਉਹ ਮੂਲੋਂ ਵੱਲ ਹੋ ਗਿਆ। ਹੁਣ ਇਸਦੀ ਗੁਰੂ ਘਰ ਤੇ ਸ਼ਰਧਾ ਬੱਝ ਗਈ। ਪੂਰਾ ਵੱਲ ਹੋ ਕੇ ਗੁਰੂ ਚਰਨਾਂ ਵਿਚ ਹਾਜ਼ਰ ਹੋਇਆ ਤੇ ਗੁਰੂ ਕਾ ਸ਼ਰਧਾਵਾਨ ਪੂਰਨ ਪ੍ਰੇਮੀ ਹੋ ਗਿਆ। ਪ੍ਰਿਥੀ ਚੰਦ ਜੀ ਦੀਆਂ ਕਈ ਵਾਰ ਗੁਰੂ ਜੀ ਵਿਰੁੱਧ ਕੀਤੀਆਂ ਗਲਾਂ, ਜੋ ਆਪਣੇ ਮਿਤ੍ਰ ਸੁਲਹੀ ਖਾਂ ਦੀ ਮਾਰਫਤ ਕਰਦਾ ਸੀ, ਵਜ਼ੀਰ ਖਾਂ ਉਨ੍ਹਾਂ ਨੂੰ ਅਣਕੀਤੀਆਂ ਕਰਾ ਦੇਂਦਾ ਸੀ। ਵਜ਼ੀਰ ਖਾਂ ਪ੍ਰਤੀ ਜੋ ਉਪਦੇਸ਼ ਹੋਇਆ ਲਿਖਿਆ ਹੈ, ਇਹ ਹੈ :-

ਮਾਰੂ ਮਹਲਾ ੫॥

ਅਲਹ ਅਗਮ ਖੁਦਾਈ ਬੰਦੇ॥ ਛੋਡਿ ਖਿਆਲ ਦੁਨੀਆ ਕੇ ਧੰਧੇ॥
ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲ ਦਰਾ॥੧॥
ਸਚੁ ਨਿਵਾਜ ਯਕੀਨ ਮੁਸਲਾ॥ ਮਨਸਾ ਮਾਰਿ ਨਿਵਾਰਿਹੁ ਆਸਾ॥
ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ॥੨॥
ਸਰਾ ਸਰੀਅਤਿ ਲੇ ਕੰਮਾਵਹੁ॥ ਤਰੀਕਤਿ ਤਰਕ ਖੋਜਿ ਟੋਲਾਵਹੁ॥
ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰ ਨ ਮਰਾ॥੩॥
ਕੁਰਾਣੁ ਕਤੇਬ ਦਿਲ ਮਾਹਿ ਕਮਾਹੀ॥ ਦਸ ਅਉਰਾਤ ਰਖਹੁ ਬਦਰਾਹੀ॥
ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ॥੪॥
ਮਕਾ ਮਿਹਰ ਰੋਜਾ ਪੈਖਾਕਾ॥ ਭਿਸਤੁ ਪੀਰ ਲਫਜ ਕਮਾਇ ਅੰਦਾਜਾ॥
ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ॥੫॥
ਸਚੁ ਕਮਾਵੈ ਸੋਈ ਕਾਜੀ॥ ਜੋ ਦਿਲੁ ਸੋਧੈ ਸੋਈ ਹਾਜੀ॥
ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ॥੬॥
ਸਭੇ ਵਖਤ ਸਭੇ ਕਰਿ ਵੇਲਾ॥ ਖਾਲਕੁ ਯਾਦਿ ਦਿਲੈ ਮਹਿ ਮਉਲਾ॥
ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ॥੭॥
ਦਿਲ ਮਹਿ ਜਾਨਹੁ ਸਭ ਫਿਲਹਾਲਾ॥ ਖਿਲਖਾਨਾ ਬਿਰਾਦਰ ਹਮੂ ਜੰਜਾਲਾ
ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ॥੮॥
ਅਵਲਿ ਸਿਫਤਿ ਦੂਜੀ ਸਾਬੂਰੀ॥ ਤੀਜੈ ਹਲੇਮੀ ਚਉਥੈ ਖੈਰੀ॥
ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ॥੯॥
ਸਗਲੀ ਜਾਨਿ ਕਰਹੁ ਮਉਦੀਫਾ॥ ਬਦ ਅਮਲ ਛੋਡਿ ਕਰਹੁ ਹਥਿ ਕੂਜਾ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ॥੧੦॥
ਹਕੁ ਹਲਾਲੁ ਬਖੋਰਹੁ ਖਾਣਾ॥ ਦਿਲ ਦਰੀਆਉ ਧੋਵਹੁ ਮੈਲਾਣਾ॥
ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ॥੧੧॥
ਕਾਇਆ ਕਿਰਦਾਰ ਅਉਰਤ ਯਕੀਨਾ॥ ਰੰਗ ਤਮਾਸੇ ਮਾਣਿ ਹਕੀਨਾ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ॥੧੨॥
ਮੁਸਲਮਾਣੁ ਮੋਮ ਦਿਲ ਹੋਵੈ॥ ਅੰਤਰ ਕੀ ਮਲੁ ਦਿਲ ਤੇ ਧੋਵੈ॥
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕ ਹਰਾ॥੧੩॥
ਜਾਕਉ ਮਿਹਰ ਮਿਹਰ ਮਿਹਰਵਾਨਾ॥ ਸੋਈ ਮਰਦੁ ਮਰਦੁ ਮਰਦਾਨਾ॥
ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ॥੧੪॥
ਕੁਦਰਤਿ ਕਾਦਰ ਕਰਣ ਕਰੀਮਾ॥ ਸਿਫਤਿ ਮੁਹਬਤਿ ਅਥਾਹ ਰਹੀਮਾ॥
ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ॥੧੫॥੩॥੧੨॥


www.sikhbookclub.com

# ੨੯. ਆਦਿ ਗ੍ਰੰਥ ਰਚਨਾ ਆਰੰਭ--ਪੋਥੀਆਂ ਲਿਆਂਦੀਆਂ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਥਾਂ ਥਾਪੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਫੁਰਮਾਇਆ ਸੀ ਕਿ 'ਪੰਥ ਸਾਜਣਾ ਹੈ।' ਜਿਸਦਾ ਭਾਵ ਇਹ ਸੀ ਕਿ ਮੈਂ ਜੋ ਪੰਥ ਰਚਿਆ ਹੈ ਇਸਨੂੰ ਇਨ੍ਹਾਂ ਲੀਹਾਂ ਤੇ ਲਈ ਚੱਲਣਾ ਹੈ। ਓਹ 'ਲੀਹਾਂ ਸਨ ਸੱਚ ਦੀਆਂ, ਨਾਮ ਦੀਆਂ, ਉਪਕਾਰ ਦੀਆਂ, ਨਾਮ ਦੁਆਰਾ ਆਪਣੀ ਹਉਮੈ ਨੂੰ ਜਿੱਤਣ ਤੇ ਘਟ ਘਟ ਵਿਚ ਵਯਾਪਕ ਵਾਹਿਗੁਰੂ ਨੂੰ ਲਖ ਲੈਣ ਤੇ ਵਿਚੇ ਰਹਿਕੇ ਭਲਾ ਕਰਨ ਦੀਆਂ।' ਇਸੀ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ 'ਪੰਥ ਸਾਜਣ' ਦੀ ਤਾਕੀਦ ਸ੍ਰੀ ਗੁਰੂ ਅਮਰਦਾਸ ਜੀ ਨੂੰ ਕੀਤੀ ਸੀ। ਅਤੇ ਆਪ ਜੀ ਨੇ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਕੀਤੀ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰ ਅਰਜਨ ਦੇਵ ਜੀ ਨੂੰ ਕੀਤੀ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਵੇਂ ਹੀ ਕੀਤੀ ਜਿਵੇਂ ਕਿ ਪਹਿਲੇ ਸਤਿਗੁਰੂ ਜੀ ਕਰਦੇ ਆਏ ਤੇ ਜਿਵੇ ਆਪ ਨੂੰ ਫੁਰਮਾਨ ਹੋਇਆ ਸੀ, ਜਿਸ ਦੇ ਕੁਛ ਵੇਰਵੇ ਪਿੱਛੇ ਅਸੀਂ ਦੇ ਆਏ ਹਾਂ। ਘਰ ਦੀ ਮੁਖਾਲਫਤ, ਜੋ ਲਗਾਤਾਰ ਆਪ ਜੀ ਦੇ ਪਿੱਛੇ ਪਈ ਰਹੀ, ਉਸਦੇ ਹੁੰਦਿਆਂ ਆਪਣੇ ਪੰਥ ਨੂੰ ਸੰਭਾਲਣਾ ਤੇ ਆਪ ਪੂਰਨ ਪਦ ਤੇ ਖੜੋਕੇ ਨਿਰਵੈਰ ਤੇ ਨਿਰਭੈ ਰੰਗਾਂ ਵਿਚ ਖੇਲਣਾ ਇਕ ਕਮਾਲ ਹੈ ਜੋ ਅਵਤਾਰ ਗੁਰੂ ਹੀ ਵਰਤ ਕੇ ਦਿਖਾ ਸਕਦਾ ਹੈ।

ਆਪਣੇ ਗੁਰੂ ਦੇ ਹੁਕਮ 'ਪੰਥ ਸਾਜਣਾ' ਨੂੰ ਹੋਰ ਪੱਕੇ ਪੈਰਾਂ ਤੇ ਕਰਨੇ ਲਈ ਆਪ ਨੇ ਹਰਿਮੰਦਰ ਪੱਕੀ ਇਮਾਰਤ ਵਿਚ ਤੇ ਅੰਮ੍ਰਿਤ ਸਰੋਵਰ ਪੱਕੀ ਉਸਾਰੀ ਵਿਚ ਸਾਜਕੇ ਉਹ ਪਵਿਤ੍ਰਤਾ ਕਾਇਮ ਕੀਤੀ, ਜਿਥੇ ਅੱਠੇ ਪਹਿਰ ਕੀਰਤਨ ਹੁੰਦਾ ਰਹੇ ਤੇ ਅੰਮ੍ਰਿਤ ਵਰਸਦਾ ਰਹੇ। ਇਹ ਮੰਦਰ ਦੀ ਸਾਜਨਾ ਪੰਥ ਦੀ ਪਰਪੱਕਤਾ ਲਈ ਪਰਮ ਜ਼ਰੂਰੀ ਸੀ। ਇਹ ਇਕ ਕੇਂਦ੍ਰੀ ਪਵਿਤ੍ਰ ਅਸਥਾਨ ਬਣ ਗਿਆ, ਜਿਸਦੇ ਦੁਆਲੇ ਸਾਰਾ ਪੰਥ ਖਿਦੀਂਦਾ ਘੁੰਮਦਾ ਰਹੇ, ਜਿਥੋਂ ਹਰੀ ਕੀਰਤਨ ਦੀ ਗੁੰਜਾਰ ਹਰੀ ਪ੍ਰੇਮ ਵਿਚ ਮਗਨ ਕਰਦੀ ਰਹੇ।

ਹੁਣ ਆਪ ਜੀ ਨੇ ਇਸ ਪ੍ਰਕਾਰ ਦੀ ਦੂਜੀ ਸੋਚ ਕੀਤੀ। ਉਹ ਇਹ ਸੀ ਕਿ ਗੁਰਬਾਣੀ ਇਕ ਥਾਂ ਇਕੱਤ੍ਰ ਕੀਤੀ ਜਾਵੇ। ਪਹਿਲੇ ਸਤਿਗੁਰਾਂ ਦੇ ਸੱਚਖੰਡ ਪਿਆਨੇ ਮਗਰੋਂ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ, ਜਿੰਨੀ ਦੂਰੋਂ ਨੇੜਿਓਂ ਮਿਲ ਸਕੀ, ਇਕੱਠੀ ਕੀਤੀ ਸੀ। ਤੀਸਰੇ ਸਤਿਗੁਰਾਂ ਦੇ ਵੇਲੇ ਤਿੰਨਾਂ ਹੀ ਸਤਿਗੁਰਾਂ ਦੀ ਬਾਣੀ ਦੋ ਪੋਥੀਆਂ ਵਿਚ, ਕਹਿੰਦੇ ਹਨ ਕਿ, ਸੰਸਰਾਮ* ਤੋਂ ਲਿਖਵਾਈ ਗਈ ਸੀ। ਏਹ ਪੋਥੀਆਂ ਤਦੋਂ ਗੋਇੰਦਵਾਲ ਸਨ ਗੁਰੂ ਅਮਰਦਾਸ ਜੀ ਦੇ ਵੱਡੇ ਸਪੁਤ੍ਰ ਸ੍ਰੀ ਮੋਹਨ ਜੀ ਪਾਸ। ਸੋ ਆਪ ਨੇ ਵਿਚਾਰਿਆ ਕਿ ਸੰਚਯ ਆ ਜਾਵੇ ਤੇ ਇਸਨੂੰ ਵੀਚਾਰਕੇ ਚੌਥੇ ਸਤਿਗੁਰਾਂ ਦੀ ਸਾਰੀ ਬਾਣੀ ਤੇ ਆਪਣੇ ਤੇ ਉਤਰੀ ਬਾਣੀ ਤੇ ਹੋਰ ਜੋ ਪ੍ਰਭੂ ਪ੍ਰੇਮੀਆਂ ਦੀ ਠੀਕ ਠੀਕ ਬਾਣੀ ਮਿਲੇ ਸੋਧ-ਸੁਧਾਰ ਕੇ ਸੰਚਯ ਕੀਤੀ ਜਾਵੇ। ਸੋ ਆਰੰਭ ਗੋਇੰਦਵਾਲ ਵਾਲੀਆਂ ਪੋਥੀਆਂ ਦਾ ਮੰਗਾਉਣਾ ਸੀ। ਭਾਈ ਗੁਰਦਾਸ ਜੀ ਨੇ ਇਸ ਕਾਰਜ ਦੇ ਕਰਨ ਦੀ ਹਾਮੀ ਭਰੀ ਤੇ ਗੁਰੂ ਆਗਯਾ ਵਿਚ ਗੋਇੰਦਵਾਲ ਚਲੇ ਗਏ। ਪਹਿਰ ਸਵਾ ਪਹਿਰ ਦਿਨ ਰਹੇ ਪਹੁੰਚਕੇ ਬਾਵਲੀ ਸਾਹਿਬ ਇਸ਼ਨਾਨ ਕਰਕੇ ਮੋਹਨ ਜੀ ਦੇ ਚੁਬਾਰੇ ਜਾ ਪਹੁੰਚੇ। ਦਰ ਬੰਦ ਦੇਖਕੇ ਬਾਹਰੇ ਬੈਠ ਗਏ ਤੇ ਬੇਨਤੀਆਂ ਕਰਨ ਲਗੇ, ਪਰ ਮੋਹਨ ਜੀ ਯੋਗਿਕ ਸਮਾਧੀ ਵਿਚ ਸਨ; ਸਮਾਧਿ ਨਾ ਖੁੱਲ੍ਹੀ। ਭਾਈ ਗੁਰਦਾਸ ਸਾਰੀ ਰਾਤ ਬੀ ਬੈਠੇ ਰਹੇ; ਅਰਜ਼ਾਂ ਕਰਦੇ ਰਹੇ ਪਰ ਦਰ ਨਾ ਖੁੱਲ੍ਹੇ। ਆਖਰ ਨਿਰਾਸ ਹੋਕੇ ਭਾਈ ਜੀ ਮੁੜ ਆਏ ਤੇ ਆ ਸਾਰੀ ਕਥਾ ਸੁਣਾਈ। ਤਦ ਭਾਈ ਬੁੱਢੇ ਨੇ ਇਹ ਸੇਵਾ ਚਾਈ ਤੇ ਗੋਇੰਦਵਾਲ ਪਹੁੰਚੇ। ਇਸ਼ਨਾਨ

*ਸ੍ਰੀ ਗੁਰੂ ਅਮਰਦਾਸ ਜੀ ਦਾ ਪੋਤ੍ਰਾ ਬਾਬੇ ਮੋਹਨ ਜੀ ਦਾ ਸਪੁਤ੍ਰ।

 www.sikhbookclub.com

ਕਰਕੇ ਚੁਬਾਰੇ ਪਹੁੰਚੇ। ਤਦੋਂ ਬੀ ਦਰ ਅੰਦਰੋਂ ਬੰਦ ਸੀ। ਆਪ ਨੇ ਬੀ ਅਵਾਜ਼ਾਂ ਦਿੱਤੀਆਂ, ਬਿਨੈ ਉਚਾਰੀਆਂ, ਦਰ ਖੜਕਾਏ ਪਰ ਦਰ ਨਾ ਖੁੱਲ੍ਹਾ। ਫੇਰ ਆਪ ਨੇ ਆਪਣੇ ਬਲ ਨਾਲ ਦਰ ਇਸ ਤਰ੍ਹਾਂ ਖਿੱਚੇ ਤੇ ਚੂਥੀ ਹਿਲਾਈ, ਕੁਛ ਇੱਟਾਂ ਪੁੱਟਕੇ ਚੂਥੀ ਕੱਢ ਲਈ ਤੇ ਦਰ ਖੋਲ੍ਹਕੇ ਅੰਦਰ ਜਾ ਪਹੁੰਚੇ, ਕੀ ਦੇਖਦੇ ਹਨ :-

ਸ੍ਰੀ ਮੋਹਨ ਬੈਠੇ ਜਹਾਂ ਪਦਮਾਸਨ ਧਾਰੀ।
ਲਗੀ ਸਮਾਧਿ ਅਖੰਡ ਰਸੁ ਨਹਿ ਦੇਹਿ ਸੰਭਾਰੀ।
ਕਾਸ਼ਟ ਕੇਰ ਸਮਾਨ ਦ੍ਰਿੜ ਰਿਜੁ[1] ਹ੍ਵੈਕਰ ਬੈਸਾ।
ਅਚਲ[2] ਅੰਗ ਸਗਰੇ ਕਰੇ ਥਿਤ ਕਾਸ਼ਟ ਜੈਸਾ॥੩੫॥

(ਸੂ: ਪ੍ਰ: ੨੦੪੮)

ਉਧਰ ਮੋਹਰੀ ਜੀ ਨੂੰ ਖਬਰ ਹੋਈ; ਦਰ ਟੁੱਟਣ ਦੀ ਅਵਾਜ਼ ਅਈ, ਤਦ ਉਹ ਛੇਤੀ ਉਪਰ ਪਹੁੰਚਾ ਤੇ ਬੋਲਿਆ : ਭਾਈ ਜੀਓ! ਕਾਸਨੂੰ ਇਸ ਤਾਂਈਂ ਹਿਲਾਉਂਦੇ ਹੋ, ਇਹ ਅਪਣੀ ਸਮਾਧੀ ਵਿਚ ਹੈਸੁ। ਇਹ ਮਸਤ ਸੁਭਾਵ

ਬਡ ਲਘੁ ਨਹੀਂ ਬਿਚਾਰਤੋ ਨਹਿ ਦੇਖਹਿ ਕਾਊ।
ਸ੍ਰਾਪ ਆਦਿ ਨਿਸ਼ਠੁਰ[3] ਭਨਹਿ ਹੇਰਤ ਰਿਸ ਧਾਰੇ।......
ਨਿਜ ਸੁਭਾਉ ਮਹਿੰ ਮਸਤ ਰਹਿ ਕਿਹ ਸੰਗ ਨ ਬੋਲੈ।
ਬੈਠਜੋ ਅੰਤਰ ਇਮ ਰਹੈ ਕਬਿ ਕਬਿ ਦਰ ਖੋਲੈ।

ਇਸ ਪ੍ਰਕਾਰ ਦੀ ਪ੍ਰੇਰਨਾ ਨਾਲ ਸ੍ਰੀ ਬੁੱਢਾ ਜੀ ਨੇ ਸ੍ਰੀ ਮੋਹਨ ਜੀ ਦੀ ਸਮਾਧੀ ਖੋਹਲਣੀ ਮੁਨਾਸਿਬ ਨਾ ਜਾਤੀ ਤੇ ਪਰਤ ਆਏ ਤੇ ਸਾਰੀ ਕਥਾ ਸ੍ਰੀ ਸਤਿਗੁਰੂ ਜੀ ਨੂੰ ਆ ਸੁਣਾਈ।

ਇਸ ਤੋਂ ਮਗਰੋਂ ਕੁਛ ਵੀਚਾਰ ਕਰਕੇ ਸ੍ਰੀ ਗੁਰੂ ਜੀ ਆਪ ਤਿਆਰ ਹੋਏ ਤੇ ਗੋਇੰਦਵਾਲ ਅੱਪੜੇ। ਬਾਵਲੀ ਇਸ਼ਨਾਨ ਕਰਕੇ ਧਿਆਨ ਮਗਨ ਬੈਠ ਗਏ। ਲਿਖਿਆ ਹੈ ਕਿ ਤੀਸਰੇ ਸਾਹਿਬਾਂ ਦੇ ਦਰਸ਼ਨ ਹੋਏ ਤੇ ਸੈਨਤ ਹੋਈ ਕਿ ਕਾਰਜ ਰਾਸ ਹੋਏਗਾ, ਕਠੋਰ ਬਚਨ ਝੱਲ ਲੈਣੇ[4]।

ਹੁਣ ਗੁਰੂ ਜੀ ਗੋਇੰਦਵਾਲ ਨਗਰੀ ਵਿਚ ਉਸ ਗਲੀ ਗਏ, ਜਿਸ ਵਿਚ ਮੋਹਨ ਜੀ ਦਾ ਚੁਬਾਰਾ ਸੀ। ਹੱਥ ਵਿਚ ਤੰਬੂਰਾ ਸੀ। ਨੰਗੇ ਪੈਰੀਂ ਗਏ ਤੇ ਚੁਬਾਰੇ ਦੇ ਅੱਗੇ ਗਲੀ ਵਿਚ ਹੀ ਭੁਞੇ ਜਾ ਬੈਠੇ, ਕੁਛ ਚਾਦਰ ਕਿ ਦਰੀ ਕਾਲੀਨ ਵਿਛਾਉਣ ਨਾਂ ਦਿਤਾ। ਫੇਰ ਗਉੜੀ ਰਾਗ ਦੀ ਮਧੁਰ ਧੁਨਿ ਵਿਚ ਤੰਬੂਰੇ ਦੀਆਂ ਮਿਠੀਆਂ ਸੁਰਾਂ ਵਜਦੀਆਂ ਵਿਚ ਗਾਵੈਂ :-

ਗਉੜੀ ਮਹਲਾ ੫

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥ ਮੋਹਨ ਤੇਰੇ ਸੋਹਨਿ
ਦੁਆਰ ਜੀਉ ਸੰਤ ਧਰਮ ਸਾਲਾ॥ ਧਰਮਸਾਲ ਅਪਾਰ
ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥ ਜਹ ਸਾਧ ਸੰਤ
ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥ ਕਰਿ ਦਇਆ
ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ॥੧॥

ਸ੍ਰੀ ਮੋਹਨ ਜੀ ਦੀ ਸਮਾਧੀ, ਜੋ ਦੋ ਵੇਰ ਦੇ ਯਤਨ ਨਾਲ ਨਹੀਂ ਸੀ ਖੁੱਲ੍ਹੀ, ਅੱਜ ਮਧੁਰ

---

੧. ਸਿੱਧਾ। ੨. ਅਹਿੱਲ। ੩. ਕਰੜੇ।

੪. ਸਹਿ ਕਰਿ ਬਾਕ ਕਠੋਰ ਲੇਹੁ ਜੋ ਚਿਤ ਚਹੈ॥ (ਸੂ: ਪ੍ਰ:)

ਗੁਰਬਾਣੀ ਦੇ ਅਮਰ ਨਾਲ ਖੁੱਲ੍ਹੀ ਤੇ ਤਾਕੀ ਵਿਚੋਂ ਗਲੀ ਵੱਲ ਤੱਕੇ ਤੇ ਗੁਰੂ ਅਰਜਨ ਦੇਵ ਜੀ ਵੱਲ ਤੱਕ ਕੇ ਕੁਛ ਕਠੋਰ ਵਾਕ ਕਹੇ। ਉਨ੍ਹਾਂ ਵਾਕਾਂ ਦੇ ਅਰਥ ਦੂਹਰੇ ਹਨ, ਨਿੰਦਜਾ ਬੀ ਅਰਥ ਨਿਕਲਦੇ ਹਨ ਤੇ ਉਸਤਤਿ ਵੀ।

ਕਠੋਰ ਵਾਕ ਸੁਣਕੇ ਤੰਬੂਰੇ ਦੀਆਂ ਮ੍ਰਿਦੁਲ ਜ਼ਰਬਾਂ ਮੱਧਮ ਨਹੀਂ ਪਈਆਂ ਤੇ ਦੈਵੀ ਗਲਾ ਸੁਰੀਲੀ ਸੁਰ ਵਿਚ ਅੰਮ੍ਰਿਤ ਵਰਖਾ ਕਰਨੋ ਨਹੀਂ ਰੁਕਿਆ। ਹੁਣ ਇਉਂ ਮਧੁਰ ਵਾਕ ਉਚਾਰ ਹੋਏ :-

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥ ਮੋਹਨ ਤੂੰ ਮਾਨਹਿ
ਏਕੁ ਜੀ ਅਵਰ ਸਭ ਰਾਲੀ॥ ਮਾਨਹਿ ਤ ਏਕੁ ਅਲੇਖੁ
ਠਾਕੁਰੁ ਜਿਨਹਿ ਸਭ ਕਲ ਧਾਰੀਆ॥ ਤੁਧੁ ਬਚਨਿ ਗੁਰ ਕੈ
ਵਸਿ ਕੀਆ ਆਦਿ ਪੁਰਖੁ ਬਨਵਾਰੀਆ॥ ਤੂੰ ਆਪਿ ਚਲਿਆ
ਆਪਿ ਰਹਿਆ ਆਪਿ ਸਭ ਕਲ ਧਾਰੀਆ॥ ਬਿਨਵੰਤਿ
ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ॥੧॥

ਹੁਣ ਰਾਗ ਦੀ ਮਧੁਰਤਾ, ਭਾਵ ਦੀ ਮਧੁਰਤਾ, ਕਮਾਲ ਦੀ ਮਿੱਠਤ ਤੇ ਨਿਜ ਨਾਲ ਹਿਤ ਤੱਕ ਕੇ, ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਬਾਬਾ ਮੋਹਨ-

ਚੌਪਈ॥ ਇਮ ਸੁਨਿ ਕਰ ਜਸੁ ਆਪਨ ਕੇਰਾ। ਭਯੋ ਪ੍ਰਸੰਨ ਕ੍ਰਿਪਾਲ ਘਨੇਰਾ।
ਮਨ ਮਹਿਂ ਲਾਗ ਬਿਚਾਰਨ ਮੋਹਨ। -ਚਤੁਰ ਗੁਰੂ ਮੂਰਤਿ ਇਹ ਸੋਹਨ।੨੫।
ਕ੍ਰੋਧ ਈਰਖਾ ਆਦਿ ਬਿਕਾਰਾ। ਇਨ ਮਹਿਂ ਕੋ ਨਹਿਂ ਪਰੈ ਨਿਹਾਰਾ।
ਕਰੈ ਸ਼ਤ੍ਰੁਤਾ ਸੋ ਪਛੁਤਾਵੈ॥ ਸੇਵਹਿ ਪ੍ਰੀਤਿ ਸਕਲ ਸੁਖ ਪਾਵੈ।੨੬।
ਕਟਕ[1] ਬਾਕ ਸੁਨਿਕੈ ਅਬ ਮੇਰੇ। ਰਹੇ ਅਛੋਭ[2] ਸਿੰਧ[3] ਸਮ ਹੇਰੇ।
ਸ਼ਾਂਤਿ ਰਿਦਾ ਸਮਤਾ ਮੁਝ ਸਾਥ। ਗਾਇ ਸ਼ਬਦ ਸ੍ਰੀ ਅਰਜਨ ਨਾਥ।੨੭।
ਸ੍ਰੀ ਗੁਰ ਅਮਰ ਪਿਤਾ ਕੇ ਬੈਨ। ਕੀਨ ਬਿਗਾਰ ਜਿ ਮਾਨੇ ਮੈ ਨ।
ਅਬ ਨਹਿਂ ਉਚਿਤ ਬਿਗਾਰਨ ਖਾਤੀ। ਕਰੌਂ ਸੁਧਾਰਨ ਹੁਇ ਸੁਖ ਸ਼ਾਂਤੀ।੨੮।
ਜਗ ਮਹਿਂ ਨਿੰਦਾ ਪੂਰਬ ਲਈ। ਅਬ ਸੁਧਰੈ ਗੁਰਬਾਣੀ ਦਈ-।
ਇਮ ਬਿਚਾਰ ਕਰਿ ਲੇ ਕਰ ਪੋਥੀ। ਮਤਿ ਤਜਿ ਦੀਨ ਪ੍ਰੇਮ ਤੇ ਥੋਥੀ।੨੯।
ਨਿਜ ਚੌਬਾਰੇ ਬਾਹਰ ਆਯੋ। ਸ੍ਰੀ ਅਰਜਨ ਕੋ ਤਬਿ ਦਰਸਾਯੋ।
-ਚਤੁਰ ਗੁਰੂ ਕੀ ਜੋਤਿ ਕ੍ਰਿਪਾਲਾ। ਇਨ ਮਝਾਰ ਸੋ ਬਸਹਿ ਬਿਸਾਲਾ-।੩੦।
ਦੇਖਿ ਸਰੂਪ ਸੁ ਹੋਇ ਪ੍ਰਸੰਨ। ਕਹਯੋ ਕਿ ਸ੍ਰੀ 'ਅਰਜਨ ਤੁਮ ਧੰਨ'।
ਸਤਿਗੁਰ ਦੇਖਯੋ ਮੋਹਨ ਆਯੋ। ਪੁਨ ਤੀਜੋ ਪਦ ਸ਼ਬਦ ਅਲਾਯੋ।੩੧।
(ਰਾ: ੩॥ ਅੰ: ੩੪॥)

ਫਿਰ ਸ੍ਰੀ ਗੁਰੂ ਜੀ ਨੇ ਮਧੁਰ ਸੁਰ ਗਾਇਨ ਕੀਤਾ :-

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ॥
ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ॥
ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ॥
ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ॥
ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ॥
ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ॥੩॥

ਮੋਹਨ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਮੋਹਨੀ ਮੂਰਤੀ ਵੇਖੀ ਜੋ ਗਾ ਰਹੇ ਹਨ, ਪ੍ਰੇਮ ਵਿਚ

੧. ਕਉੜੇ। ੨. ਅਹਿੱਲ, ਸ਼ਾਂਤ। ੩. ਸਮੁੰਦਰ ਵਾਂਗ।

 www.sikhbookclub.com

ਨੈਣ ਬੰਦ ਮਗਨ ਹਨ, ਕੋਈ ਕੋਈ ਜਲ ਟੇਪਾ ਕਿਰਦਾ ਹੈ, ਸਮਝ ਗਿਆ ਕਿ ਏਹ ਪੂਰਨ ਗੁਰੂ ਹਨ ਤੇ ਆਪਣੇ ਪ੍ਰੀਤਮ ਵਾਹਿਗੁਰੂ ਜੀ ਦੇ ਰੰਗ ਰੱਤੇ ਹੋਏ ਗਾ ਰਹੇ ਹਨ। ਇਹ ਦੇਖ ਕੇ ਪੋਥੀਆਂ ਗੁਰੂ ਜੀ ਦੇ ਅੱਗੇ ਧਰ ਦਿੱਤੀਆਂ ਤੇ ਚਰਨਾਂ ਤੇ ਸਿਰ ਰੱਖ ਦਿੱਤਾ। ਤਦ ਨੰਮ੍ਰਤਾ ਦੀ ਅਵਧੀ ਗੁਰੂ ਜੀ ਬੋਲੇ। 'ਆਪ ਵੱਡੇ ਹੋ, ਸਾਕਾਦਾਰੀ ਵਿਚ ਮਾਮਾ ਜੀ ਹੋ, ਗੁਰੂ ਅਮਰਦਾਸ ਜੀ ਜਗਤ ਤਾਰਕ ਗੁਰੂ ਆਪਦੇ ਪਿਤਾ ਹਨ, ਸੋ ਮੇਰੇ ਵੱਡੇ ਹੋ, ਮੱਥਾ ਨਾ ਟੇਕੋ।' ਤਦ ਸ੍ਰੀ ਮੋਹਨ ਜੀ ਬੋਲੇ :-

ਸ੍ਰੀ ਅਰਜਨ ਭਗਨੀ ਸੁਤ[1] ਮੇਰੇ। ਪਰਸੌਂ ਚਰਨ ਕਮਲ ਅਬ ਤੇਰੇ।੩੯।
ਭੂਲ ਪਰੀ ਮੁਝ ਤੇ ਬਹੁ ਪਹਿਲੇ। ਬਖਸ਼ਹੁ ਅਬਿ ਕੀਜਹਿ ਨਿਤ ਸਹਿਲੇ[2]
ਸਮਾਂ ਉਡੀਕਤਿ ਸੋ ਅਬਿ ਆਵਾ। ਕ੍ਰਿਪਾ ਕਰਹੁ ਦੁਖ ਬਨ ਤੁਮ ਦਾਵਾ[3]।੪੦।
(ਰਾ: ੩॥ ਅੰ: ੩੪॥)

ਫੇਰ ਕਿਤਨਾ ਚਿਰ ਵਾਰਤਾਲਾਪ ਹੁੰਦੀ ਰਹੀ, ਜਿਸ ਦੇ ਅੰਤ ਤੇ ਇਉਂ ਲਿਖਿਆ ਹੈ :-

ਸੁਨ ਮੋਹਨ ਪਰਮੁਦਤਿ[4] ਬਿਸਾਲਾ। ਗੁਰ ਕੇ ਚਰਨ ਪਰਜੋ ਤਿਸਕਾਲਾ।
ਹਾਥ ਜੋਰਿ ਨੰਮ੍ਰੀ ਅਤਿ ਭਇਊ। 'ਬਖਸ਼ਹੁ ਗੁਨਹ ਭੂਲ ਜੋ ਗਇਊ।੩੮।
ਨੰਮ੍ਰਿ ਭਯੋ ਮਾਤੁਲ[5] ਕੇ ਹੇਰਾ। ਸ੍ਰੀ ਅਰਜਨ ਬਰ ਦੇ ਤਿਸ ਬੇਰਾ।
ਚਤੁਰਥ ਪਦ ਕੇ ਪੂਰਨ ਕਰਿਓ। ਮਹਨ ਖੇਦ[6] ਸਰਬ ਪਰਹਰਿਓ।੩੯।
(ਰਾ: ੩॥ ਅੰ: ੩॥)

ਸ੍ਰੀ ਮੁਖਵਾਕ-ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ॥ ਮੋਹਨ ਪੁਤ੍ਰ ਮੀਤ ਭਾਈ ਕਟੰਭ ਸਭਿ ਤਾਰੇ॥ ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ॥ ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ॥ ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ॥ ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ॥੪॥੨॥ (ਰਾ: ੩॥ ਅੰ: ੫॥)

ਪੋਥੀਆਂ ਲੈ ਕੇ ਟੁਰ ਪੈਂਦੇ ਪਰ ਸ੍ਰੀ ਮੋਹਰੀ ਜੀ ਨੇ ਬੜੇ ਪ੍ਰੇਮ ਨਾਲ ਅਟਕਾ ਲਿਆ ਤੇ ਸਾਰੇ ਪਰਿਵਾਰ ਵਿਚ ਲੈ ਗਿਆ। ਪਰਸਪਰ ਮਿਲਕੇ ਸੁਖੀ ਹੋਏ। ਦੋਹਾਂ ਗੁਰੂ ਸਾਹਿਬਾਂ ਦੇ ਦੇਹੁਰਿਆਂ ਦੇ ਦਰਸ਼ਨ ਕੀਤੇ। ਇਕ ਰਾਤ ਗੋਇੰਦਵਾਲ ਹੀ ਰਹੇ। ਅਗਲੇ ਦਿਨ ਸਾਰੇ ਪਰਿਵਾਰ ਦੀ ਆਗਜਾ ਪਾਕੇ ਵਾਪਸ ਹੋਏ। ਇਸ ਪਰਿਵਾਰ ਮੇਲੇ ਵਿਚ ਸ੍ਰੀ ਸੁੰਦਰ ਜੀ ਨਾਲ ਭੇਟ ਹੋਈ। ਰਿਸ਼ਤੇ ਵਿਚ ਸੁੰਦਰ ਆਪ ਜੀ ਦਾ ਭਤੀਜਾ ਲਗਦਾ ਸੀ। ਇਹ ਬਾਬਾ ਮੋਹਨ ਜੀ ਦਾ ਪੋਤ੍ਰਾ ਸੀ ਤੇ ਅਨੰਦ ਜੀ ਦਾ ਸਪੁਤ੍ਰ ਸੀ। ਸੁੰਦਰ ਜੀ ਨਾਲ ਜੋ ਗਲ ਬਾਤ ਹੋਈ ਇਸ ਦਾ ਵੇਰਵਾ ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ ਦਿੱਤਾ ਹੈ :-

ਨਿਕਟਿ ਦੇਖਿ ਸੁੰਦਰ ਕੇ ਕਹਜੋ। ਹੇ ਸ਼ੁਭ ਮਤਿ ਤੁਮ ਸਭ ਕਿਛੁ ਲਹਜੋ।
ਸ੍ਰੀ ਗੁਰ ਅਮਰਦਾਸ ਜਿਸ ਭਾਂਤੀ। ਗੁਰਤਾ ਤਿਲਕ ਦੀਨ ਸੁਖ ਸ਼ਾਂਤੀ।
ਗੁਰੂ ਭਏ ਜਿਮ ਪਿਤਾ ਹਮਾਰੇ। ਸੋ ਬਨਾਇ ਅਬ ਕਰਹੁ ਉਚਾਰੇ।੪੭।
ਸੁਨਿ ਸੁੰਦਰ ਨੇ ਸੱਦ ਬਨਾਵਾ। ਸ੍ਰੀ ਅਰਜਨ ਕੋ ਸਕਲ ਸੁਨਾਵਾ।
ਹੁਇ ਪ੍ਰਸੰਨ ਸੋ ਲੀਨ ਲਿਖਾਈ। ਕਹਜੋ 'ਗ੍ਰਿੰਥ ਮੈਂ ਧਰਹਿਂ ਬਨਾਈ।੪੮।
ਅੰਤ ਸਮੇ ਇਸ ਪਾਠ ਜੁ ਕਰਹੀਂ। ਅੰਤਕ ਪੀਰ ਤਿਨਹੁ ਕੀ ਟਰਹੀ।' (ਗੁ: ਪ੍ਰ: ਸੂ: ਰਾਸ ੩-੩੬)

ਸੁੰਦਰ ਕੋਲੋਂ ਸੱਦ ਲਿਖਵਾਕੇ ਨਾਲ ਲੈ ਲੀਤੀ, ਜੋ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਸ਼ਾਮਲ ਕੀਤੀ। ਪੋਥੀਆਂ ਨੂੰ ਇਕ ਪਾਸੇ ਵਿਚ ਟਿਕਾ ਕੇ ਆਦਰ ਨਾਲ ਲੈ ਕੇ ਟੁਰ ਪਏ।

---

੧. ਭੈਣ ਦੇ ਪੁੱਤ੍ਰ। ੨. ਸੌਖਾ, ਸੌਖੀ। ੩. ਦੁਖਾਂ ਦੇ ਬਨ ਨੂੰ ਤੁਸੀਂ ਬਨ ਅਗਨੀ ਸਮਾਨ ਹੋ। ੪. ਬਹੁਤ ਖੁਸ਼। ੫. ਮਾਮੇ ਨੂੰ। ੬. ਦੁਖ, ਤਕਲੀਫ।

 www.sikhbookclub.com

## ੩੦. ਸ੍ਰੀ ਦਾਤੂ ਜੀ ਮਿਲਾਪ।

ਸਨੇ ਸਨੇ ਚਲਦੇ ਖਡੂਰ ਆ ਪਹੁੰਚੇ। ਇਥੇ ਵਸਦੇ ਸਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਬੇਟੇ ਸ੍ਰੀ ਦਾਤੂ ਜੀ। ਸ੍ਰੀ ਗੁਰੂ ਜੀ ਦਾ ਆਗਮਨ ਸੁਣਕੇ ਆ ਮਿਲੇ ਤੇ ਮੱਥਾ ਟੇਕਿਆ ਪਰ ਗੁਰੂ ਜੀ ਨੇ ਆਪਣੇ ਹੱਥਾਂ ਤੇ ਲੈਕੇ ਪਿਆਰ ਤੇ ਨਿੰਮ੍ਰਤਾ ਦੇ ਵਾਕ ਕਹੇ। ਪਰ ਸ੍ਰੀ ਦਾਤੂ ਜੀ ਨੇ ਕਿਹਾ : ਆਪ ਗੁਰ ਗਦੀ ਦੇ ਮਾਲਕ ਗੁਰੂ ਹੋ। ਮੈਂ ਹੁਣ ਸ਼ਰਧਾ ਧਾਰਕੇ ਆਇਆ ਹਾਂ, ਅਗੇ ਅਵਗਜ਼ਾ ਕਰ ਬੈਠਾ ਹਾਂ, ਜਿਸ ਦੀ ਹੁਣ ਤਕ ਮਨ ਨੂੰ ਦਰਦ ਹੈ ਤੇ ਸਰੀਰ ਵਿਖੇ ਪੀੜਾ ਹੈ।

ਫੇਰ ਸ੍ਰੀ ਦਾਤੂ ਜੀ ਨੇ ਸ੍ਰੀ ਅਮਰਦਾਸ ਜੀ ਦੀ ਅਵੱਗਜ਼ਾ ਕਰਨ ਦੀ ਕਥਾ ਸੁਣਾਈ*।

ਫੇਰ ਬੇਨਤੀ ਕੀਤੀ ਕਿ ਉਸ ਰਾਤਿ ਜਦ ਮੈਂ ਗੋਇੰਦਵਾਲ ਤੋਂ ਸ੍ਰੀ ਗੁਰੂ ਅਮਰਦਾਸ ਜੀ ਦਾ ਘਰ ਬਾਰ--ਡੇਰਾ ਲੁੱਟਕੇ ਖਡੂਰ ਆ ਰਿਹਾ ਤਾਂ ਚੋਰਾਂ ਨੇ ਲੁੱਟ ਲਿਆ ਸੀ। ਉਸ ਵੇਲੇ ਦੀ ਬਿਪਤ ਵਿਚ ਪੈਰ ਨੂੰ ਸੱਟ ਲਗ ਗਈ ਸੀ ਤੇ ਪੀੜ ਠਹਿਰ ਗਈ ਜੋ ਹੁਣ ਤਕ ਨਹੀਂ ਹਟੀ। ਮੈਂ ਮਗਰੋਂ ਪਛੁਤਾਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਅੰਤਲੇ ਸਮੇਂ ਹਾਜ਼ਰ ਹੋਕੇ ਖਿਮਾ ਮੰਗੀ ਸੀ ਤਾਂ ਆਪ ਨੇ ਫਰਮਾਯਾ ਸੀ : ਪੰਜਵੇਂ ਗੁਰੂ ਜੀ ਆਪਦੀ ਪੀੜਾ ਹਰਨਗੇ। ਸੋ ਹੁਣ ਮਿਹਰ ਕਰੋ, ਕਿ ਪੈਰ ਦੀ ਪੀੜਾ ਹਰੋ ਤੇ ਕੀਤੇ ਅਪਮਾਨ ਦੀ ਜੋ ਦਰਦ ਪੈਰ ਵਿਚ ਜਲਨ ਕਾਲਜੇ ਵਿਚ ਹੈ ਦੂਰ ਕਰੋ। ਤਦ ਸ੍ਰੀ ਗੁਰੂ ਜੀ ਨੇ ਮਿਹਰ ਕੀਤੀ ਤੇ ਕ੍ਰਿਪਾ ਦ੍ਰਿਸ਼ਟੀ ਨਾਲ ਤੱਕੇ ਮਨ ਤੇ ਸਰੀਰ ਦੇ ਦੁਏ ਦੁਖ ਦੂਰ ਹੋਏ। ਸ੍ਰੀ ਦਾਤੂ ਜੀ ਨੇ ਸ੍ਰੀ ਗੁਰੂ ਜੀ ਨੂੰ ਰਾਤ ਖਡੂਰ ਟਿਕਾ ਲਿਆ ਤੇ ਬੜੀ ਖਾਤਰ ਤੇ ਸੇਵਾ ਕੀਤੀ।

ਅਗਲੇ ਦਿਨ ਗੁਰੂ ਜੀ ਸ੍ਰੀ ਦਾਸੂ ਜੀ ਨੂੰ ਆਪ ਮਿਲਨ ਗਏ। ਓਹ ਸਮਾਧਿ ਸਥਿਤ ਸਨ। ਸਮਾਧਿ ਖੁਲ੍ਹੀ ਤੇ ਸ੍ਰੀ ਗੁਰੂ ਜੀ ਨੂੰ ਪ੍ਰੇਮ ਭਾਵਨਾ ਨਾਲ ਮਿਲੇ ਅਤੇ ਯਾਚਨਾ ਕੀਤੀ ਕਿ ਆਪ ਗੁਰੂ ਨਾਨਕ ਦੇਵ ਜੀ ਦਾ ਰੂਪ ਹੋ, ਅਸੀਸ ਦਿਓ ਕਿ ਹੁਣ ਇਹ ਯਾਤ੍ਰਾ ਸਮਾਪਤ ਹੋਵੇ ਤੇ ਮੈਂ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਜਾ ਪ੍ਰਾਪਤ ਹੋਵਾਂ। ਸ੍ਰੀ ਗੁਰੂ ਜੀ ਨੇ ਅਸ਼ੀਰਵਾਦ ਦਿਤੀ ਤੇ ਫੇਰ ਖਾਸੇ ਪਰ ਸਵਾਰ ਪੋਥੀਆਂ ਤੇ ਆਪ ਬਾਣੀ ਦੇ ਸਤਿਕਾਰ ਵਿਚ ਟੁਰਦੇ ਖਡੂਰ ਤੋਂ ਵਿਦਾ ਹੋਏ।

## ੩੧. ਪਾਵਨ ਬੀੜ ਦੀ ਤਿਆਰੀ।

ਸ੍ਰੀ ਗੁਰੂ ਜੀ ਨੇ ਹੁਣ ਰਾਮਦਾਸ ਪੁਰੇ ਪੁੱਜ ਕੇ ਉਸ ਮਹਾਨ ਕਾਰਜ ਦੀ ਤਿਆਰੀ ਆਰੰਭ ਕੀਤੀ, ਜਿਸ ਨਾਲ ਕਿ ਜਗਤ ਦਾ ਉਧਾਰ ਸਰਬ ਕਾਲ ਲਈ ਹੁੰਦਾ ਰਹੇ। ਜਿਸ ਪਾਵਨ, ਪਰਮ ਪਾਵਨ ਬੀੜ ਨੂੰ ਅਸੀਂ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਖਕੇ ਪੂਜਦੇ, ਪੜ੍ਹਦੇ, ਸਮਝਦੇ ਆਗਜ਼ਾ ਮੰਨਦੇ ਤੇ ਆਤਮਕ ਸੁਖ ਮਾਣਦੇ ਹਾਂ ਤੇ ਕਲਜਾਣ ਪ੍ਰਾਪਤ ਕਰਦੇ ਹਾਂ, ਉਸ ਮਹਾਨ ਪਵਿਤ੍ਰ ਤੇ ਉਪਕਾਰੀ ਕਾਰਜ ਦਾ ਆਰੰਭ ਕੀਤਾ।

ਪਹਿਲਾਂ ਇਸ ਪਵਿਤ੍ਰ ਕਾਰਜ ਲਈ ਥਾਂ ਚੁਣਿਆਂ ਜੋ ਹਰਿਮੰਦਰ ਤੋਂ ਪੂਰਬ ਦੱਖਣ ਰੁਖ ਨੂੰ ਕਈ ਬੇਰੀਆਂ, ਜੰਡ, ਪਿੱਪਲ ਆਦਿ ਬ੍ਰਿਛਾਂ ਨਾਲ ਛਾਯਾਦਾਰ ਸੀ। ਇਸ ਜਗਾ ਨੂੰ ਹੋਰ ਰਮਣੀਕ ਬਣਾ ਲੀਤਾ ਗਿਆ। ਥਾਂ ਸਫਾ ਕਰਕੇ ਨਵਾਂ ਘਾਸ ਸਿਆਣੇ ਮਾਲੀਆਂ ਨੇ ਲਗਾ ਦਿੱਤਾ। ਜਗਾ ਜਗਾ ਫੁੱਲਾਂ ਦੇ ਬਹਾਰੀ ਬੂਟੇ ਤੇ ਮੋਤੀਏ, ਚੰਬੇਲੀ, ਮਰੂਏ ਆਦਿ ਦੇ ਝਾੜੀਦਾਰ ਬੂਟੇ ਗਾਚੀਆਂ ਪੱਟਕੇ ਲਿਆ

*ਇਹ ਕਥਾ ਅਸ਼ਟ ਚਮਤਕਾਰ ਭਾਗ ੧ ਵਿਚ ਆ ਚੁਕੀ ਹੈ।


www.sikhbookclub.com

ਲਗਾਏ।। ਇਥੇ ਇਕ ਥਾਂ ਕੁਛ ਨੀਵਾਂ ਜਿਹਾ ਕੁਦਰਤੀ ਹੈਸੀ, ਜਿਸ ਵਿਚ ਸੇਮੇ ਦਾ ਸੁਛ ਜਲ ਕੱਠਾ ਹੋਇਆ ਰਹਿੰਦਾ ਸੀ। ਇਸਨੂੰ ਹੋਰ ਖੁਦਾਈ ਕਰਕੇ ਹੋਰ ਨੀਵਾਂ ਕਰ ਲੀਤਾ ਗਿਆ ਤੇ ਇਕ ਨਿੱਕੇ ਜਿਹੇ ਤਲਾਉ ਦੀ ਸੂਰਤ ਦੇ ਲਈ, ਜੋ ਹੁਣ ਤਕ ਹੈ ਤੇ ਰਾਮਸਰ ਨਾਮ ਨਾਲ ਪ੍ਰਸਿਧ ਹੈ।

ਨਿੱਕੇ ਜਿਹੇ ਸਰੋਵਰ ਦੇ ਕਿਨਾਰੇ ਤੰਬੂ ਲਾਇਆ ਗਿਆ। ਉਸ ਅਗੇ ਇਕ ਸ਼ਾਮਿਯਾਨਾ ਤਾਣਿਆ ਗਿਆ, ਦੁਆਲੇ ਕਨਾਤ ਫੇਰੀ ਗਈ। ਸਾਂਭਣ ਸਿਤ੍ਰਣ ਲਈ ਸੰਦੂਕ, ਲਿਖਣ ਦੇ ਲਈ ਕਾਗਜ਼ ਸਿਆਹੀ ਕਲਮਾਂ ਚੌਕੀ ਆਦਿ ਸਮਾਨ ਇਕੱਠੇ ਕਰਕੇ ਤਿਆਰੀ ਪੂਰੀ ਕਰ ਲਈ ਗਈ। ਭਾਈ ਗੁਰਦਾਸ ਜੀ ਨੂੰ ਲਿਖਾਰੀ ਦੇ ਕੰਮ ਤੇ ਲਾ ਕੇ ਇਸ ਸੰਬੰਧੀ ਸਾਰੇ ਕਾਰਜ ਦੀ ਸੌਂਪਣਾ ਤੇ ਲਾ ਦਿੱਤਾ। ਉਧਰ ਆਈਆਂ ਸੰਗਤਾਂ ਦੀ ਸੰਭਾਲ ਤੇ ਉਪਦੇਸ਼ ਦੇ ਕੰਮ ਤੇ ਅਤੇ ਸ੍ਰੀ ਹਰਿਮੰਦਰ ਵਿਚ ਕੀਰਤਨ ਆਦਿ ਕਾਰਜਾਂ ਤੇ ਬਾਬਾ ਬੁੱਢਾ ਜੀ ਨੂੰ ਥਾਪ ਦਿੱਤਾ।

ਐਉਂ ਆਪ ਵਿਹਲੇ ਹੋ ਕੇ ਗੁਰਬਾਣੀ ਦੀ ਰਚਨਾ ਤੇ ਸੰਕਲਨਾਂ ਦੇ ਸਰਬ ਕਾਲ ਸੁਖਦਾਈ ਕਾਰਜ ਤੇ ਲਗ ਪਏ।

ਸ੍ਰੀ ਗੁਰੂ ਜੀ ਨੇ ਤਿਆਰ ਹੋਣ ਵਾਲੀ ਪਾਵਨ ਬੀੜ ਦੀ ਵੰਡ ਰਾਗਾਂ ਅਨੁਸਾਰ ਹੀ ਰਖੀ। ਹਰ ਰਾਗ ਵਿਚ ਬਾਣੀ ਦਾ ਕ੍ਰਮ (ਤਰਤੀਬ) ਇਸ ਪ੍ਰਕਾਰ ਰਖਿਆ : ਪਹਿਲਾਂ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫੇਰ ਸ੍ਰੀ ਗੁਰੂ ਅਮਰਦਾਸ ਜੀ ਦੀ, ਫੇਰ ਸ੍ਰੀ ਗੁਰੂ ਹਾਮਦਾਸ ਜੀ ਦੀ, ਉਪ੍ਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ, ਅਰਥਾਤ ਅਪਣੀ ਉਚਾਰੀ ਬਾਣੀ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਬੜੀ ਥੋੜੀ ਹੈ, ਜੋ ਸਲੋਕਾਂ ਦੇ ਰੂਪ ਵਿਚ ਵਾਰਾਂ ਵਿਚ ਰਖੀ। ਮਹੱਲੇ ਵਾਰ ਵੰਡ ਤੋਂ ਛੁੱਟ ਇਕ ਹੋਰ ਵੰਡ ਬੀ ਕੀਤੀ। ਪਹਿਲੇ ਛੋਟੇ ਸ਼ਬਦ ਮਹੱਲੇ ਤੇ ਘਰ ਵਾਰ, ਫਿਰ ਅਸ਼ਟਪਦੀਆਂ ਉਸੇ ਕ੍ਰਮ ਵਿਚ ਫਿਰ ਹੋਰ ਵਡੀਆਂ ਬਾਣੀਆਂ, ਛੰਤ ਵਾਰਾਂ ਆਦਿ ਤੇ ਉਸ ਤੋਂ ਮਗਰੋਂ ਭਗਤਾਂ ਦੀ ਬਾਣੀ। ਪੰਜਾਂ ਹੀ ਗੁਰੂ ਸਾਹਿਬਾਂ ਦੀ ਬਾਣੀ ਵਿਚ ਨਾਮ 'ਨਾਨਕ' ਆਉਂਦਾ ਹੈ, ਕਿਉਂਕਿ ਹਰ ਗੁਰੂ ਸਾਹਿਬ ਗੁਰੂ ਨਾਨਕ ਰੂਪ ਸਨ। ਸੋ ਇਹ ਕੀਕੂੰ ਪਤਾ ਲਗੇ ਕਿ ਕੋਈ ਰਚਨਾ ਕਿਸ ਗੁਰੂ ਸਾਹਿਬ ਦੀ ਬਾਣੀ ਹੈ? ਸੋ ਪਾਵਨ ਬੀੜ ਦੇ ਹਰ ਸ਼ਬਦ ਦੇ ਉਪਰ ਮਹਲਾ ਪਹਿਲਾ, ਦੂਜਾ, ਤੀਜਾ, ਚਉਥਾ ਪੰਜਵਾਂ ਆਦਿ ਲਿਖਿਆ ਹੁੰਦਾ ਹੈ, ਜਿਸ ਤੋਂ ਪਤਾ ਲਗ ਜਾਂਦਾ ਹੈ ਕਿ ਉਹ ਕਿਸ ਪਾਤਸ਼ਾਹੀ ਦਾ ਸ਼ਬਦ ਹੈ। ਇਉਂ ਇਹ ਕਾਰਜ ਰੋਜ਼ ਹੋਣ ਲਗ ਪਿਆ। ਕਿਤਨਾ ਚਿਰ ਲਗਾ? ਠੀਕ ਪਤਾ ਨਹੀਂ ਪਰ ਬੀੜ ਦੇ ਦਰਸ਼ਨਾਂ ਤੋਂ : ਅਨੁਮਾਨ ਹੁੰਦਾ ਹੈ ਕਿ ਬਹੁਤ ਸਾਰਾ ਸਮਾਂ ਲਗਾ ਹੈ। ਅੰਤ ਭਾਦ੍ਰੋਂ ਵਦੀ ੧ ਸੰਮਤ ੧੬੬੧ ਬਿ: ਨੂੰ ਇਹ ਪਾਵਨ ਬੀੜ ਸੰਪੂਰਣ ਹੋ ਗਈ, ਜਿਸ ਦਿਨ ਕਿ ਇਸਦਾ ਸੂਚੀ ਪੱਤ੍ਰ (ਤਤਕਰਾ) ਲਿਖਿਆ ਗਿਆ।

ਇਹ ਕਾਰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਗਤ ਦੇ ਉਧਾਰੇ ਲਈ ਕੀਤਾ ਕਿ ਸਦਾ ਲਈ ਸਤਿਗੁਰਾਂ ਦਾ ਹਿਰਦਾ, ਉਨ੍ਹਾਂ ਦੀ ਆਤਮ ਜੋਤਿ; ਸ਼ਬਦ ਰੂਪ ਈਸ਼੍ਵਰ ਸਰੂਪਤਾ, ਪਾਰਬ੍ਰਹਮ ਪ੍ਰਭੂ ਦਾ ਪੂਰਨ ਗਿਆਨ ਜਗਤ ਜੀਵਾਂ ਨੂੰ ਪ੍ਰਾਪਤ ਰਹੇ। ਦੂਸਰੀ ਲੋੜ ਸੀ ਇਸ ਸਰੂਪ ਵਿਚ ਰਚਨਾ, ਜੋ ਸਚਮੁਚ ਦੈਵੀ ਉਚਾਰਨ ਹਾਰਾਂ ਦੀ ਹੈ, ਉਹ ਪਰਮ ਸ਼ੁਧ ਰੂਪ ਵਿਚ ਚੜ੍ਹੇ। ਕਿਉਂਕਿ ਅਜੇ ਪੰਜਾਹ ਸੱਠ ਵਰ੍ਹੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਚਖੰਡ ਪਿਆਨਾ ਕੀਤਿਆਂ ਹੋਏ ਸੀ ਕਿ ਇਹ ਅਨਰਥ ਹੋਣ ਲਗ ਪਿਆ ਸੀ ਕਿ ਲੋਕੀ ਆਪ ਪਦੇ ਰਚਕੇ 'ਨਾਨਕ' ਦੀ ਛਾਪ ਵਿਚ ਲਿਖਕੇ ਪ੍ਰਚਾਰਨ ਲਗ ਪਏ ਸਨ। ਸੋ ਗੁਰੂ ਜੀ ਨੇ ਇਹ ਵਿਤ੍ਰੇਕ ਬੀ ਕਰਨਾ ਸੀ। ਮਾਨੁੱਖੀ ਨੁਕਤੇ ਤੋਂ ਪੜਤਾਲ ਤੇ ਨਿਰਣੇ ਦੇ ਸਾਮਾਨ ਗੁਰੂ ਜੀ ਪਾਸ ਮੌਜੂਦ ਸਨ ਤੇ ਪੜਤਾਲ ਆਸਾਨ ਸੀ ਤੇ ਆਤਮਕ ਨੁਕਤੇ ਤੋਂ ਓਹ ਆਪ ਆਤਮ ਤੱਤ ਵੇਤਾ ਤੇ ਪਰਮ ਪਰਾਵਰ ਨਾਥ ਸਨ ਹੀ। ਉਨ੍ਹਾਂ ਦੀ ਅੰਤਰ ਮੁਖੀ ਦ੍ਰਿਸ਼ਟੀ ਸਾਰਿਆਂ ਹੀ ਨਿਰਣਿਆਂ ਨੂੰ ਕਰ ਲੈਣ ਲਈ ਸਮਰੱਥ ਸੀ। ਇਸੀ ਤਰ੍ਹਾਂ ਭਗਤਾਂ ਦੀ ਬਾਣੀ

 www.sikhbookclub.com

ਵਿਚ ਤਾ ਆਖੇਪ ਬੇਹੱਦ ਹੋ ਚੁਕੇ ਸਨ, ਉਹਨਾਂ ਦੀ ਛਾਂਟ ਕਰਕੇ ਸੋਧਿਆ ਤੇ ਇਸ ਸੋਧੀ ਹੋਈ ਨੂੰ ਲਿਖਜਾ ਹੈ ਕਿ ਆਤਮ ਬਲ ਨਾਲ ਭਗਤਾਂ ਤੋਂ ਸਹੀ ਕਰਕੇ ਉਹਨਾਂ ਦੀ ਸ਼ੁੱਧ, ਨਿਰਸੰਸੇ ਬਾਣੀ ਬੀੜ ਵਿਚ ਚਾੜ੍ਹੀ। ਇਹ ਗਲ ਜ਼ਰੂਰੀ ਨਹੀਂ ਕਿ ਉਨ੍ਹਾਂ ਦੀ ਸਾਰੀ ਬਾਣੀ ਚਾੜ੍ਹੀ ਹੋਵੇ। ਹੋ ਸਕਦਾ ਹੈ ਸਾਰੀ ਹੋਵੇ ਤੇ ਹੋ ਸਕਦਾ ਹੈ ਕਿ ਹੋਰ ਬੀ ਬਣੀ ਹੋਵੇ, ਜੋ ਭਗਤਾਂ ਦੀ ਹੋਵੇ ਤੇ ਚਾਹੇ ਓਹ ਆਖੇਪਾਂ ਵਾਲੀ ਹੋਵੇ। ਇਹ ਬੀ ਸੰਭਵ ਹੈ ਕਿ ਭਗਤਾਂ ਨੇ ਨਵੀਨ ਬਾਣੀ ਬੀ ਕੋਈ ਉਸ ਵੇਲੇ ਰਚ ਕੇ ਲਿਖਾਈ ਹੋਵੇ। ਪਰ ਜਿੰਨੀ ਬਾਣੀ ਬੀੜ ਵਿਚ ਚਾੜ੍ਹੀ ਗਈ ਹੈ ਉਹ ਉਨ੍ਹਾਂ ਭਗਤਾਂ ਦੀ ਆਪਣੀ ਹੈ ਤੇ ਇਸ ਵਿਚ ਉਨ੍ਹਾਂ ਦੇ ਆਸ਼ੇ, ਜੀਵਨ ਵਿਚ ਉੱਨਤੀ ਦੇ ਅੱਡ ਅੱਡ ਤਜਰਬੇ ਤੇ ਸਮੇਂ ਦੇ ਭਾਵ ਤੇ ਅੰਤ ਉੱਚੇ ਪਦ ਪ੍ਰਾਪਤੀ ਪਰ ਸਾਂਈਂ ਦਰੋਂ ਗੁਰੂ ਜਯੋਤੀ ਤੋਂ ਪ੍ਰਾਪਤ ਗਯਾਨ ਦੇ ਭਾਵ ਆ ਗਏ ਹਨ।

ਭਾਈ ਸ਼ੰਕਰ ਦਯਾਲ ਜੀ ਫੈਜ਼ਾਬਾਦੀ ਆਪਣੇ ਜਪੁਜੀ ਦੇ ਟੀਕੇ ਦੇ ਦੀਬਾਚੇ ਵਿਚ ਲਿਖਦੇ ਹਨ ਕਿ ਅਰਸ਼ਾਂ ਵਿਚ 'ਗੁਰੂ ਜਯੋਤੀ' ਇਕ ਸੰਸਾਰ ਦੀ ਸਿਖਯਾ ਦਾਤਾ ਰੱਬੀ ਸ਼ਕਤੀ ਹੈ। ਇਸਦੀ ਤਾਬਿਆ ਸਾਰੇ ਭਗਤ ਤੇ ਇਲਹਾਮੀ ਸਿਖਯਾਦਾਤੇ (ਅਵਤਾਰ ਤੇ ਨਬੀ ਆਦਿ) ਆਕੇ ਕੰਮ ਕਰਦੇ ਰਹੇ ਹਨ। ਇਨ੍ਹਾਂ ਪਰ ਗੁਰੂ ਗਯੋਤੀ ਵਲੋਂ ਬਾਣੀ ਉਤਰਦੀ ਰਹੀ ਹੈ। ਜਿਤਨੇ ਐਸੇ ਮਹਾਂ ਪੁਰਖ ਹੋਏ ਸਾਰਿਆਂ ਨੂੰ ਸਰੀਰ ਵਿਚ ਆਕੇ ਸਰੀਰ ਵਾਲੇ ਗੁਰੂ ਦੀ ਲੋੜ ਪਈ। ਇਸ ਕਰਕੇ ਏਹ ਸਭ ਗੁਰੂ ਜ਼ਯੋਤੀ ਦੀਆਂ ਕਾਇਮ ਮੁਕਾਮ ਵਯਕਤੀਆਂ ਸਨ। ਅਖੀਰ ਕਲਿਜੁਗ ਵਿਚ ਉਹ 'ਗੁਰੂ ਜਯੋਤੀ' ਆਪ ਪ੍ਰਗਟ ਹੋਈ ਤੇ 'ਗੁਰੂ ਨਾਨਕ' ਕਹਾਈ। ਇਸ ਜਯੋਤੀ ਨੂੰ ਸਰੀਰ ਧਾਰੀ ਗੁਰੂ ਧਾਰਨ ਨਹੀਂ ਕਰਨਾ ਪਿਆ। ਗੁਰੂ ਜੀ ਨੇ ਆਪ ਫੁਰਮਾਯਾ ਹੈ:-'ਅਪਰੰਪਰ ਪਾਰਬ੍ਰਹਮ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ'। ਪੁਨਾ :- ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ'। ਆਦਿ ਵਾਕਾਂ ਤੋਂ ਭਾਈ ਸ਼ੰਕਰ ਦਿਆਲ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਇਹ ਮਹਾਨਤਾ ਸਿੱਧ ਕੀਤੀ ਹੈ।

ਜੋ ਬਾਣੀ ਸਤਿਗੁਰਾਂ ਨੇ ਆਪ ਰਚੀ ਉਹ ਗੁਰੂ ਜਯੋਤੀ ਦੀ ਰਚਨਾ ਹੈ। ਜੋ ਭਗਤਾਂ ਦੀ ਬਾਣੀ ਬੀੜ ਵਿਚ ਚੜ੍ਹੀ ਉਹ ਉਸੇ ਗੁਰੂ ਜਯੋਤੀ ਜੀ ਦੇ ਅਰਸ਼ਾਂ ਤੋਂ ਭਗਤਾਂ ਨੂੰ ਬਖਸ਼ੇ ਗਿਆਨ ਤੋਂ ਬਣੀ ਬਾਣੀ ਹੈ, ਇਸੇ ਕਰਕੇ ਭਗਤ ਬਾਣੀ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ :-

'ਭਗਤਿ ਜਨਾ ਕੀ ਊਤਮ ਬਾਣੀ, ਜੁਗਿ ਜੁਗਿ ਰਹੀ ਸਮਾਈ॥'

(ਰਾਮਕਲੀ ਮ: ੩ ਅਸਟ-੨)

## ੩੨. ਭਗਤ ਬਾਣੀ ਕਿਉਂ ਚੜੀ ?

**ਸ੍ਰੀ** ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਇਕ ਸੁਮਤਿ ਦਿੱਤੀ, ਜੋ ਇਹ ਸੀ ਕਿ ਅੱਡ ਅੱਡ ਮਤਾਂ ਤੇ ਧਰਮਾਂ ਦੇ ਬੰਦੇ ਪਰਸਪਰ ਵਿਰੋਧ ਨਾ ਕਰਨ, ਧਰਮ ਕੀਹ ਤੇ ਦ੍ਵੈਸ਼ ਕੀਹ ? ਆਪ ਨੇ ਸਿਖਲਾਇਆ ਕਿ ਹਰ ਮਤ ਵਿਚੋਂ ਸੱਚ ਗ੍ਰਹਣ ਕਰੋ। ਕਿਸੇ ਮਤ ਦੇ ਬਜ਼ੁਰਗ ਨੂੰ ਬੁਰਾ ਨਾ ਕਹੋ। ਆਪਣੇ ਧਰਮ ਵਿਚ ਪੱਕੇ ਰਹੋ, ਅਪਣੇ ਇਸ਼ਟ ਦੇਵ ਦੇ ਪ੍ਰੇਮ ਵਿਚ ਰਹੋ ਤੇ ਉਸਦੀ ਸਿਖਯਾ, ਉਪਦੇਸ਼, ਬਾਣੀ ਤੇ ਧਯਾਨ ਪ੍ਰੀਤ ਆਸਰੇ ਅਪਣੇ ਮਨ ਨੂੰ ਏਕਾਗ੍ਰ ਕਰੋ ਤੇ ਸਾਂਈਆਂ ਵਾਹਿਗੁਰੂ ਜੀ ਦੀ ਲੱਖਤਾ ਤੱਕ ਅੱਪੜ ਪਵੋ।


www.sikhbookclub.com

ਇਹ ਸੁਮਤੀ ਜੋ ਗੁਰੂ ਜੀ ਨੇ ਦਿੱਤੀ ਉਸਦੀ ਅਮਲੀ ਤਸਵੀਰ ਖਿੱਚ ਵਿਖਾਈ ਅਪਣੇ ਚਲਾਏ ਸਿਖੀ ਮਾਰਗ ਦੀ ਰਾਹਨੁਮਾ ਹੋਣ ਵਾਲੀ ਧਰਮ ਪੁਸਤਕ ਵਿਚ ਕਿ ਅਪਣੇ ਸਿਵਾ ਹੋਰਨਾਂ ਮਜ਼ਹਬਾਂ, ਜ਼ਾਤੀਆਂ ਤੇ ਖਿਆਲਾਂ ਦੇ ਵਡਕਿਆਂ ਦੀ ਬਾਣੀ ਉਸ ਵਿਚ ਦਰਜ ਕੀਤੀ। ਮੁਸਲਮਾਨ, ਹਿੰਦੂ, ਸ਼ੈਵੀ; ਵੈਸ਼ਨਵ; ਸੂਫੀ, ਹਰ ਭਲੇ ਪੁਰਖ ਦੀ ਬਾਣੀ ਲਈ। ਜਿਸ ਜਿਸ ਨੂੰ, ਚਾਹੋ ਉਹ ਕਿਸੇ ਮਤ ਦਾ ਸੀ, ਅਖੀਰ ਨਿਰਗੁਣ ਪ੍ਰਭੂ ਦੀ ਪ੍ਰਾਪਤੀ ਹੋ ਗਈ ਸਹੀ ਕੀਤੀ, ਉਸ ਉਸ ਦੀ ਬਾਣੀ ਲੈ ਲਈ। ਉਸਦੀ ਬਾਣੀ ਵਿਚ ਉਸਦੀ ਪਹਿਲੀ ਅਵਸਥਾ, ਜਦੋਂ ਉਹ ਲਗਾ, ਉਸਦੀ ਸਾਧਨ ਕਾਲ ਦੀ ਅਵਸਥਾ, ਉਸਦੇ ਈਸ਼੍ਵਰ ਲੱਖਤਾ ਵਿਚ ਅੱਪੜ ਕੇ ਉਚਾਰੇ ਵਾਕ ਲੈ ਲਏ। ਜਿਥੇ ਕਿਤੇ ਲੋੜ ਸਮਝੀ, ਉਨ੍ਹਾਂ ਦੇ ਖਿਆਲ ਦੀ ਦਰੁਸਤੀ ਬੀ ਨਾਲ ਹੀ ਕਰ ਦਿੱਤੀ, ਜਿਵੇਂ ਕਿ ਬਾਬੇ ਫਰੀਦ ਨੇ ਕਿਹਾ :-

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥੫੧॥

ਗੁਰੂ ਤੀਸਰੇ ਪਾਤਸ਼ਾਹ ਦਾ ਵਾਕ ਨਾਲ ਹੀ ਲਿਖਿਆ ਗਿਆ :-

ਮ: ੩॥ ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ॥
ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ।
ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥
ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ॥੫੨॥

ਇਸ ਪ੍ਰਕਾਰ ਦੀ ਦਰਯਾ ਦਿਲੀ ਤੇ ਸਮ ਦ੍ਰਿਸ਼ਟੀ ਗੁਰੂ ਸਾਹਿਬਾਂ ਵਿਚ ਹੀ ਪ੍ਰਤੱਖ ਦਿੱਸ ਰਹੀ ਹੈ, ਜੋ ਅੱਜ ਸਾਨੂੰ ਪਾਵਨ ਬੀੜ ਵਿਚ ਭਗਤ ਬਾਣੀ ਦੇ ਰੂਪ ਵਿਚ ਨਜ਼ਰ ਪੈ ਰਹੀ ਹੈ।

## ੩੩. ਪਾਵਨ ਬੀੜ ਸੰਬੰਧੀ ਹੋਰ ਗੱਲਾਂ। (ਬਾਵਨ ਅੱਖਰੀ)

ਸ੍ਰੀ ਗੁਰੂ ਜੀ ਦਾ ਸਮਾਂ ਹੁਣ ਬਹੁਤਾ ਯਾ ਲਗਪਗ ਸਾਰਾ ਰਾਮਸਰ ਇਸੇ ਸ਼ੁਭ ਕਾਰਜ ਤੇ ਖਰਚ ਹੁੰਦਾ ਸੀ। ਕਦੇ ਕਦੇ ਆਪ ਜੀ ਸੰਗਤਾਂ ਨੂੰ ਦਰਸ਼ਨ ਦੇਣ ਸ੍ਰੀ ਹਰਿਮੰਦਰ ਸਾਹਿਬ ਆਇਆਂ ਕਰਦੇ ਸੇ। ਇਕ ਦਿਨ ਦੁਪਹਿਰਾਂ ਵੇਲੇ ਆ ਗਏ। ਆਈਆਂ ਸੰਗਤਾਂ ਨੂੰ ਦਰਸ਼ਨ ਤੇ ਉਪਦੇਸ਼ ਦੇ ਕੇ ਮੁੜ ਆਏ। ਆਪ ਕਿਸੇ ਐਸੇ ਰੰਗ ਵਿਚ ਆਏ ਕਿ ਆਕੇ ਸੁਹਣੇ ਆਸਣ ਤੇ ਬਿਰਾਜ ਗਏ ਤੇ ਭਾਈ ਗੁਰਦਾਸ ਜੀ ਇਸ਼ਾਰਾ ਸਮਝਕੇ ਕਲਮ ਦੁਆਤ ਕਾਗਜ਼ ਲੈ ਕੇ ਬੈਠ ਗਏ, ਜਿਵੇਂ ਕਿਸੇ ਅਡੋਲ ਚਸ਼ਮੇ ਦਾ ਸੁਤੇ ਪ੍ਰਵਾਹ ਆ-ਮੁਹਾਰਾ ਨਿਕਲ ਤੁਰਦਾ ਹੈ, ਆਪਦੀ ਰਸਨਾਂ ਤੋਂ ਉਚਾਰ ਸ਼ੁਰੂ ਹੋਇਆ। ਭਾਈ ਜੀ ਉਸੇ ਤਰ੍ਹਾਂ ਅਡੋਲ ਬੈਠੇ ਲਿਖਣ ਲਗ ਪਏ। ਸ੍ਰੀ ਗੁਰੂ ਜੀ ਪਹਿਲਾਂ ਇਕ ਸਲੋਕ ਉਚਾਰਦੇ ਫੇਰ ਇਕ ਪਉੜੀ। ਪਉੜੀ ਦੇ ਭਾਵ ਕਿਸੇ ਨਾ ਕਿਸੇ ਸ਼ਕਲ ਵਿਚ ਸ਼ਲੋਕ ਵਿਖੇ ਆਏ ਉਪਦੇਸ਼ ਦਾ ਭਾਵ ਯਾ ਵਿਸਥਾਰ ਸਹਾਇਕ ਹੁੰਦੇ। ਇਸ ਵਿਚ ਅੱਖਰ ਕ੍ਰਮ ਲੀਤਾ ਗਿਆ ਸੀ। ਇਕ ਇਕ ਅੱਖਰ ਲੈ ਕੇ ਪਉੜੀ ਆਰੰਭ ਹੁੰਦੀ ਹੈ। ਸਮਾਪਤੀ ਪਰ ਇਸ ਬਾਣੀ ਦਾ ਨਾਮ ਹੀ ਬਾਵਨ ਅੱਖਰੀ ਰਖਿਆ। ਬਾਵਨ ਅੱਖਰੀ ਤੋਂ ਭਾਵ ਹੈ ਵਰਣ ਮਾਲਾ ਦੇ ਅੱਖਰ ਕ੍ਰਮ ਵਾਲੀ ਬਾਣੀ


www.sikhbookclub.com

ਬਾਵਨ ਅਖਰ ਦਾ ਅਖਰੀ ਅਰਥ ਹੈ ੫੨ ਅਖਰ ਜੋ ਸੰਸਕ੍ਰਿਤ ਵਾਲੇ ਆਪਣੀ ਵਰਣ ਮਾਲਾ ਦੇ ਲਿਖਦੇ ਹਨ। ਪਰ ਬਾਵਨ ਅਖਰੀ ਦਾ ਅਰਥ ਹੈ ਵਰਣ ਮਾਲਾ, ਜਿਵੇਂ ਫਾਰਸੀ ਵਾਲੇ 'ਸੀ ਹਰਫ਼ੀ' (ਤੀਹ ਅਖਰਾਂ ਵਾਲੀ) ਤੇ ਗੁਰਮੁਖੀ ਵਾਲੇ 'ਪੈਂਤੀ' ਅਪਣੀ ਵਰਣ ਮਾਲਾ ਨੂੰ ਆਖ ਲੈਂਦੇ ਹਨ।

ਇਸ ਬਾਣੀ ਵਿਚ ਕ੍ਰਮ ਅਖਰਾਂ ਦਾ ਸੰਸਕ੍ਰਿਤ ਵਾਲਾ ਨਹੀਂ ਪਰ ਪਾਂਧੇ ਜਿਵੇਂ ਇਕ ਇਕ ਅਖਰ ਲੈਕੇ ਨਾਲ ਤੁਕਬੰਦੀਆਂ ਜੋੜਕੇ ਸ਼ਾਗਿਰਦਾਂ ਤੋਂ ਉਚਰਵਾਉਂਦੇ ਸਨ, ਉਸ ਤਰ੍ਹਾਂ ਦੇ ਉਚਾਰੇ ਜਾਂਦੇ ਅਖਰਾਂ ਨੂੰ ਹੀ ਲੈਕੇ ਪਰਮਾਰਥਕ ਉਪਦੇਸ਼ ਰੂਪ ਇਹ ਬਾਣੀ ਰਚੀ ਗਈ ਸਹੀ ਹੁੰਦੀ ਹੈ। ਜਿਵੇਂ ਅ, ੳ, ੲ, ਐ, ਅ: ਨੂੰ ਓਹ ਅਯ ਔਡੈ ਉਚਾਰਦੇ ਸਨ। ਪਾਂਧੇ ਪਹਿਲੇ ਮੰਗਲ ਰੂਪ ਕਰਕੇ ਪੱਟੀ ਤੇ 'ਓਨਮ ਸਿਧੰ' ਯਾ 'ਓਅੰ ਸਿਧੰਙਾਯ' ਲਿਖਦੇ ਸਨ, ਤਿਵੇਂ ਇਥੇ ਅ, ਮ, ਧ, ਙ, ਯ ਅਖਰ ਪਹਿਲੋਂ ਲਏ ਹਨ। ਅਗਲਾ ਅਖਰ ਕ੍ਰਮ ਬੀ ਪ੍ਰਚਲਿਤ ਤ੍ਰੀਕਾ ਪਾਂਧਿਆਂ ਦੇ ਉਚਾਰਨ ਵਾਂਙੂ ਹੀ ਹੈ। ਇਸੇ ਪ੍ਰਕਾਰ ਦੇ ਕਿਸੇ ਕ੍ਰਮ ਵਿਚ ਸ੍ਰੀ ਕਬੀਰ ਜੀ ਨੇ ਬਾਵਨ ਅਖਰੀ ਲਿਖੀ ਹੈ, ਜੋ ਬੀ ਪਾਵਨ ਬੀੜ ਵਿਚ ਗਉੜੀ ਰਾਗ ਵਿਚ ਹੀ ਆਈ ਹੈ।

## (ਸੁਖਮਨੀ ਸਾਹਿਬ)

**ਰਾਮਸਰ** ਸਰੋਵਰ ਦੇ ਪੂਰਬਲੇ ਪਾਸੇ ਇਕ ਬੇਰੀ ਦਾ ਪੁਰਾਤਨ ਬ੍ਰਿੱਛ ਹੁਣ ਤੱਕ ਖੜਾ ਹੈ। ਇਸ ਦੇ ਹੇਠ ਉਹ ਥਾਂ ਹੁਣ ਤੱਕ ਦੱਸੀ ਜਾਂਦੀ ਹੈ ਤੇ ਲਿਖੀ ਹੈ ਕਿ ਇਥੇ ਬੈਠਕੇ ਆਪ ਜੀ ਨੇ ਸੁਖਮਨੀ ਨਾਮੇ ਬਾਣੀ ਉਚਾਰੀ, ਜੋ ਤਿਆਰ ਹੋ ਰਹੀ ਪਾਵਨ ਬੀੜ ਵਿਚ ਗਉੜੀ ਰਾਗ ਵਿਚ ਰੱਖੀ ਗਈ।

ਇਸ ਬਾਣੀ ਵਿਚ ੨੪ ਸ਼ਲੋਕ ਅਤੇ ੨੪ ਅਸਟਪਦੀਆਂ ਹਨ। ਹਰ ਅਸਟਪਦੀ ਵਿਚ ਅੱਠ ਪਦੇ ਹਨ ਤੇ ਹਰ ਪਦੇ ਵਿਚ ੧੦ ਤੁਕਾਂ। ਸ਼ਲੋਕ ਵਿਚ ਸਮੁੱਚੇ ਤੌਰ ਤੇ ਅਸਟਪਦੀ ਦਾ ਭਾਵ ਆ ਜਾਂਦਾ ਹੈ।

ਇਸ ਬਾਣੀ ਵਿਚ ਨਾਮ ਦੀ ਮਹਿਮਾ, ਮਹਾਤਮ ਤੇ ਵਿਦਯਾ ਦਰਸਾਈ ਹੈ ਤੇ ਭਗਤੀ ਅਰ ਯਥਾਰਥ ਗਯਾਨ ਨਿਰੂਪਣ ਕੀਤੇ ਹਨ। ਅਖੀਰਲੀ ਅਸਟਪਦੀ ਵਿਚ ਨਾਮ ਦੇ ਮਹਾਤਮ ਨਾਲ ਸੁਖਮਨੀ ਦਾ ਸਾਰਾ ਮਹਾਤਮ ਲਿਖਿਆ ਹੈ।

ਸੁਖਮਨੀ ਦੇ ਅਰਥ ਹਨ : ਸੁਖ-ਮਨ-ਈ = ਮਨ ਨੂੰ ਸੁਖ ਦੇਣਹਾਰ। ਦੇਖੋ ਪਹਿਲੀ ਅਸਟਪਦੀ ਪਹਿਲੀ ਪਉੜੀ ਰਹਾਉ:-

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥ ਅੰਤਲੀ ਅਸਟਪਦੀ ਦੇ ਪੰਜਵੇਂ ਅੰਕ ਵਿਚ:-ਸੁਖਮਨੀ ਸਹਜ ਗੋਬਿੰਦ ਗੁਨ ਨਾਮ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ॥ ਪੁਨਾ-ਨਾਨਕ ਇਹ ਗੁਣਿ ਨਾਮ ਸੁਖਮਨੀ॥ (ਅ) ਸੁਖਮਨੀ ਦੀ ਅੰਤਲੀ ਅਸਟਪਦੀ ਵਿਚ-'ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ'॥ ਪਾਠ ਹੋਣ ਤੇ ਸੰਪ੍ਰਦਾਈ ਗਿਆਨੀ ਉਪਰਲੇ ਅਰਥ ਦੇ ਨਾਲ ਦੂਸਰਾ ਅਰਥ-'ਸੁਖਾ ਦੀ ਮਣੀ' ਬੀ ਕਰਦੇ ਹਨ।

ਸੁਖਮਨੀ ਰਚਣ ਦਾ ਸਮਾਂ ੧੬੬੧ ਬਿ: ਤੋਂ ਪਹਿਲਾਂ ਦਾ ਹੈ, ਜਦੋਂ ਕਿ ਇਹ ਪਵਿਤ੍ਰ ਬੀੜ ਵਿਚ ਸ਼ਾਮਲ ਹੋਈ। ਅਨੁਮਾਨ ਕੀਤਾ ਜਾਂਦਾ ਹੈ ਕਿ ਇਹ ਬਾਣੀ ੧੬੫੮-੫੯ ਦੇ ਲਗਪਗ ਰਚੀ ਗਈ ਸੀ। ਸਿੱਖਾਂ ਵਿਚ ਸੁਖਮਨੀ ਦੇ ਪਾਠ ਦਾ ਬਹੁਤ ਪ੍ਰੇਮ ਹੈ। ਨਿਤਨੇਮ ਤੋਂ ਵੱਖਰੀ ਅਪਣੀ ਖੁਸ਼ੀ ਨਾਲ ਨਿਤਨੇਮ ਵਾਂਙੂ ਹੀ ਪੜੀ ਜਾਂਦੀ ਹੈ।

ਸੁਖਮਨੀ ਦੀ ਬੋਲੀ ਵਿਚ ਪਦਾਂ ਦੀ ਚੋਣ ਤੇ ਇਬਾਰਤ ਦੀ ਬੰਦਸ਼ ਵਿਚ ਸ੍ਰੀ ਗੁਰੂ ਜੀ ਨੇ ਪੰਜਾਬੀ ਤੇ ਹਿੰਦੀ ਦੇ ਚੋਣਵੇਂ ਸੰਮੇਲਨ ਦਾ ਕਮਾਲ ਕੀਤਾ ਹੈ; ਇਸ ਦੀ ਬੋਲੀ ਨੂੰ ਪੰਜਾਬੀ ਤੇ ਹਿੰਦੁਸਤਾਨੀ ਦੋਵੇਂ ਬਖੂਬੀ ਸਮਝ ਲੈਂਦੇ ਹਨ।

 www.sikhbookclub.com

ਕਿਸੇ ਨੇ ਪੁਰਾਣੇ ਸਮੇਂ ਸੁਖਮਨੀ ਦਾ ਫਾਰਸੀ ਵਿਚ ਤਰਜਮਾ ਕੀਤਾ ਸੀ, ਜੋ ਪੈਰਿਸ ਦੀ ਕੌਮੀ ਲਾਇਬ੍ਰੇਰੀ ਵਿਚ ਪਿਆ ਹੈ; ਇਸਦਾ ਉਤਾਰਾ ਹੁਣ ਛਪ ਚੁਕਾ ਹੈ।

ਖਾਲਸਾ ਟ੍ਰੈਕਟ ਸੁਸਾਇਟੀ ਨੇ ਹਿੰਦੀ ਲਿਪੀ ਵਿਚ ਅਰਥਾਂ ਸਣੇ ਸੁਖਮਨੀ ਛਾਪੀ ਹੈ। ਇਸ ਬਾਣੀ ਦਾ ਪਾਠ ਬੰਗਾਲ ਵਿਚ ਬੀ ਸ਼ੁਰੂ ਹੈ।

ਗੁਰਬਾਣੀ ਸਾਰੀ ਹੀ ਅੰਮ੍ਰਿਤ ਹੈ। ਮਿਸਰੀ ਦੀ ਡਲੀ ਨੂੰ ਜਿਸ ਪਾਸਿਓਂ ਚਖੋ ਮਿਠੀ ਹੀ ਹੁੰਦੀ ਹੈ। ਤਿਵੇ ਸੁਖਮਨੀ-ਸੁਖਾਂ ਦੀ ਦਾਤੀ-ਗੁਰਬਾਣੀ ਹੈ। ਪਰ ਇਸ ਦੀ ਬੋਲੀ, ਇਸ ਦੀ ਬੰਦਸ਼ ਇਸਦਾ ਕੁਦਰਤੀ ਚਲ ਰਿਹਾ ਮਿਠਾ ਪ੍ਰਵਾਹ, ਇਸ ਵਿਚ ਪ੍ਰਗਟੇ ਆਤਮ ਉਧਾਰ ਦੇ ਸੁਤੇ ਤੇ ਸਹਜ ਭਾਵ ਦੇ ਉਪਾਉ, ਇਉਂ ਚਲਦੇ ਹਨ ਕਿ ਪ੍ਰੇਮ ਤੇ ਆਤਮ ਰਸ ਦਾ ਮਾਨੋ ਇਕ ਅਰੋਕ ਪ੍ਰਵਾਹ ਚਲ ਰਿਹਾ ਹੈ। ਇਸ ਦੀ ਪ੍ਰੇਰਨਾ ਪ੍ਰੇਰਨਾ ਤਾਂ ਹੈ ਪਰ ਸਹਜੇ ਵਸਦੀ ਬਰਖਾ ਦੇ ਆਪੇ ਹੀ ਭੂਮੀ ਵਿਚ ਸਿੰਮਦੇ ਜਾਣ ਵਾਂਙੂ ਦਿਲ ਭੂਮੀ ਵਿਚ ਪੜ੍ਹਦੇ ਯਾ ਸੁਣਦੇ ਆਪ ਹੀ ਸਿੰਜਰਦੇ ਤੇ ਸਮਾਉਂਦੇ ਜਾਣ ਵਾਂਙੂ ਹੈ। ਕਿਸੇ ਧਰਮ ਵਾਲਾ, ਕਿਸੇ ਸੰਪ੍ਰਦਾ ਵਾਲਾ, ਕਿਸੇ ਮਤਿ ਵਾਲਾ, ਜੋ ਈਸ਼੍ਵਰ ਦਾ ਰਾਹ ਲੱਭਦਾ ਹੋਵੇ ਇਸਦੇ ਪਾਠ ਨਾਲ ਨਾ ਕੇਵਲ ਸੁਖੀ ਹੁੰਦਾ ਹੈ ਸਗੋਂ ਪੂਰਨ ਤ੍ਰਿਪਤੀ ਨੂੰ ਪਹੁੰਚਦਾ ਹੈ। ਇਸ ਦੇ ਵਿਚ ਹੀ ਲਿਖਿਆ ਹੈ :- 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥'

# (ਟਿਕੇ ਦੀ ਵਾਰ)

**ਇਕ** ਹੋਰ ਸੁੰਦਰਤਾ ਦੇਖੋ : ਆਪਣੇ ਦਰ ਦੇ ਢਾਡੀਆਂ ਸਤਾ ਬਲਵੰਡ ਦੀ ਬਾਣੀ ਬੀ ਪਾਵਨ ਬੀੜ ਵਿਚ ਚਾੜ੍ਹੀ ਹੈ, ਜਿਸ ਨੂੰ ਆਮ ਬੋਲੀ ਵਿਚ 'ਟਿਕੇ ਦੀ ਵਾਰ' ਕਿਹਾ ਜਾਂਦਾ ਹੈ। ਇਸ ਵਿਚ ਪੰਜਾਂ ਸਤਿਗੁਰਾਂ ਬਾਬਤ ਅਖੀਂ ਡਿਠੇ ਕਈ ਹਾਲ, ਹਡ ਵਰਤੀਆਂ ਮਿਹਰਬਾਨੀਆਂ, ਜਗਤ ਤੇ ਹੁੰਦੇ ਉਪਕਾਰ ਦੇਖੇ ਤੇ ਵਰਣਨ ਕੀਤੇ ਹਨ। ਪੰਜ ਪਉੜੀਆਂ ਵਿਚ ਤਾਂ ਪਹਿਲੀ ਪਾਤਸ਼ਾਹੀ ਤੋਂ ਗੁਰੂ ਅੰਗਦ ਦੇਵ ਜੀ ਨੂੰ ਮਿਲੀ ਗਦੀ ਤੇ ਫੇਰ ਗੁਰੂ ਅੰਗਦ ਦੇਵ ਜੀ ਦਾ ਸੁੰਦਰ ਜ਼ਿਕਰ ਹੈ, ਅੱਗੇ ਫੇਰ ਇਕ ਇਕ ਪਉੜੀ ਤੀਜੇ ਚੌਥੇ ਤੇ ਪੰਜਵੇਂ ਸਤਿਗੁਰਾਂ ਦੀ ਗੱਦੀ ਨਿਸ਼ੀਨੀ ਵੇਲੇ ਉਚਾਰੀ ਗਈ ਸਹੀ ਹੁੰਦੀ ਹੈ। ਇਹਾ ਵਾਰ ਜਿਸ ਹੋਣੀ ਤੇ ਰਚੀ ਗਈ, ਗੁਰਪ੍ਰਤਾਪ ਸੂਰਜ ਗ੍ਰੰਥ ਮੂਜਬ ਪੰਜਵੇਂ ਸਤਿਗੁਰਾਂ ਦੇ ਸਮੇਂ ਹੋਈ। ਇਸੇ ਅਨੁਸਾਰ ਟਿੱਕੇ ਦੀ ਵਾਰ, ਟੀਕਾ ਵਾਲੀ; ਦੇਰ ਹੋਈ ਲਿਖੀ ਗਈ ਸੀ ਜੋ ਟ੍ਰੈਕਟ ਸੁਸਾਇਟੀ ਦੇ ਨੰਬਰ ੩੮੯ ਤੋਂ ੩੯੧ ਵਿਚ ਛਾਪੀ ਗਈ ਸੀ। ਪਰ ਮਗਰੋਂ ਮਹਿਮਾ ਪ੍ਰਕਾਸ਼ ਆਦਿ ਪੁਰਾਤਨ ਗ੍ਰੰਥਾਂ ਦੇ ਮਿਲ ਜਾਣ ਤੇ ਇਹ ਵਾਕਿਆ ਦੂਸਰੇ ਪਾਤਸ਼ਾਹ ਦੇ ਸਮੇਂ ਵਰਤਿਆ ਵਧੀਕ ਸਹੀ ਜਾਪਿਆ, ਉਹ ਸਾਰੀ ਖੋਜ ਪੜਤਾਲ ਅਸ਼ਟ ਗੁਰ ਚਮਤਕਾਰ ਭਾਗ ੧, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਾਲਾਂ ਵਿਚ ਸਫੇ ੬੩ ਤੇ ਦਿਤੀ ਸੂਚਨਾ ਵਿਚ ਲਿਖ ਦਿਤੀ ਗਈ ਹੈ। ਇਸ ਬਾਣੀ ਵਿਚ ਸੱਚੀ ਉਗਾਹੀ ਅਪਣੇ ਨਿਜ ਤਜਰਬੇ ਤੇ ਨਿਜ ਵਾਕਫੀ ਦੀ ਗੁਰੂ ਸਾਹਿਬਾਂ ਬਾਬਤ ਹੈ ਤੇ ਪਹਿਲੀਆਂ ਪੰਜ ਪਉੜੀਆਂ ਤਾਂ ਦੂਜੇ ਸਾਹਿਬਾਂ ਸੰਬੰਧੀ ਹੀ ਹੈਨ, ਤੇ ਬਾਕੀ ਤ੍ਰੈ ਤੀਸਰੀ, ਚਉਥੀ ਤੇ ਪੰਜਵੀਂ ਪਾਤਸ਼ਾਹੀ ਸੰਬੰਧੀ ਹਨ।

# (ਸਵਈਏ ਭੱਟਾਂ ਦੇ)

ਪਾਵਨ ਬੀੜ ਦੇ ਅੰਤ ਤੋਂ ਕੁਛ ਪਹਿਲੇ ਭਟਾਂ ਦੇ ਸ੍ਵਯੇ ਦਰਜ ਹਨ। ਏਹ ਸ੍ਵਯੇ ਪਰਮ


www.sikhbookclub.com

ਵਿਦਵਾਨ ਤੇ ਉੱਚ ਪਾਏ ਦੇ ਕਵੀਆਂ ਦੇ ਰਚਿਤ ਹਨ। ਇਨ੍ਹਾਂ ਵਿਚ ਪਹਿਲੇ ਪੰਜ ਗੁਰੂ ਸਾਹਿਬਾਂ ਦੇ ਗੁਣ ਕਥਨ ਕੀਤੇ ਹਨ। ਇਨ੍ਹਾਂ ਦੀ ਅੰਦਰਲੀ ਉਗਾਹੀ ਤੋਂ ਲੇਖਕਾਂ ਦੇ ਪਰਮ ਵਿਦਵਾਨ ਤੇ ਉੱਚੇ ਕਵੀ ਹੋਣ ਦੇ ਨਾਲ ਇਕ ਹੋਰ ਗਲ ਸਹੀ ਹੁੰਦੀ ਹੈ ਕਿ ਏਹ ਆਪ ਉੱਚੀ ਰੂਹਾਨੀ ਜ਼ਿੰਦਗੀ ਦੇ ਮੁਤਲਾਸ਼ੀ ਸਨ ਤੇ 'ਸੱਚ' ਦੇ ਢੂੰਢਾਊ ਸਨ, ਇਨ੍ਹਾਂ ਨੂੰ ਗੁਰੂ ਦਰੋਂ ਆਕੇ ਉਹ ਸਚਿਆਈ ਪ੍ਰਾਪਤ ਹੋਈ। ਸੋ ਇਨ੍ਹਾਂ ਦੀ ਰਚਨਾਂ ਦਾ ਇਕ ਹੋਰ ਲਾਭ ਦੁਨੀਆਂ ਨੂੰ ਇਹ ਹੋਇਆ ਹੈ ਕਿ ਗੁਰੂ ਸਾਹਿਬਾਂ ਦੇ ਆਪਣੇ ਸਮੇਂ ਦੇ ਸੱਚ ਪ੍ਰੇਮੀਆਂ, ਵਿਦਵਾਨਾਂ ਦੀ ਉਗਾਹੀ ਮਿਲ ਗਈ ਕਿ ਸ੍ਰੀ ਗੁਰੂ ਸਾਹਿਬ ਆਪਣੇ ਵਕਤ ਵਿਚ ਅਵਤਾਰ ਕਿ ਪੈਗੰਬਰ ਯਾ ਆਲੂਹੀਅਤ ਦੇ ਸਿਰਤਾਜ ਮੰਨੇ ਗਏ ਸਨ, ਇਹ ਨਹੀਂ ਕਿ ਚੌਖੇ ਸਮੇਂ ਮਗਰੋਂ ਲੋਕਾਂ ਨੇ ਅਲੂਹੀਅਤ ਦੀ ਛਾਪ ਲਈ।

ਦੂਜੇ ਪਾਸੇ ਇਹ ਸ਼ੈ ਪ੍ਰੇਮੀ ਜਗਯਾਸੂਆਂ ਦੇ ਪ੍ਰੇਮ ਵਧਾਉਣ ਦੀ ਸਹਾਯਕ ਹੈ, ਰਸ ਮਈ ਹੈ ਤੇ ਗੁਰ ਸਿੱਖੀ ਦੀਆਂ ਰਮਜ਼ਾਂ ਹੱਲ ਕਰਨ ਦੀ ਸਹਾਯਕ ਹੈ।

ਇਹ ਗਲ ਕਦੇ ਕਦੇ ਕਿਸੇ ਦੇ ਪੁੱਛਣ ਵਿਚ ਆ ਜਾਂਦੀ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਪਣੀ ਸਤੁਤੀ ਦੇ ਸ੍ਵਯੇ ਪਾਵਨ ਬੀੜ ਵਿਚ ਕਿਉਂ ਦਰਜ ਕੀਤੇ? ਉਨ੍ਹਾਂ ਦੀ ਪਰਮ ਨਿੰਮ੍ਰਤਾ ਭਰੀ ਜ਼ਿੰਦਗੀ ਦੇ ਇਹ ਅਨੁਕੂਲ ਨਹੀਂ ਸੀ।

ਇਹ ਵਿਚਾਰ ਠਹਿਰ ਨਹੀਂ ਸਕਦੀ, ਜਦ ਇਸ ਪਹਿਲੂ ਨੂੰ ਵੀਚਾਰ ਲਈਏ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸਿਰਫ 'ਸ੍ਰੀ ਅਰਜਨ ਮਲ' ਯਾ 'ਸ੍ਰੀ ਅਰਜਨ ਦੇਵ' ਨਹੀਂ ਸਨ, ਓਹ ਤਾਂ 'ਸ੍ਰੀ ਗੁਰੂ' ਸਨ-ਸ੍ਰੀ ਗੁਰੂ ਅਰਜਨ ਦੇਵ ਜੀ। ਓਹ ਗੁਰ ਨਾਨਕ ਰੂਪ ਸਨ, ਖੁਦ ਗੁਰੂ ਨਾਨਕ। ਜਦ ਬਾਣੀ ਰਚਦੇ ਸਨ ਤਾਂ ਅੱਗੇ ਛਾਪ ਨਿਰੀ 'ਅਰਜਨ' ਯਾ 'ਦਾਸ ਅਰਜਨ' ਨਹੀਂ ਦੇਂਦੇ, ਪਰ ਓਥੇ ਨਾਨਕ ਲਿਖਦੇ ਹਨ। ਗੋਯਾ ਓਹ ਨਾਨਕ ਹਨ ਤੇ ਜਾਣਦੇ ਹਨ ਕਿ ਨਾਨਕ ਹਾਂ, ਤੇ ਪਿਛਲੀ ਪੱਧਤ ਅਨੁਸਾਰ ਆਪ ਨੂੰ ਨਾਨਕ ਲਿਖਦੇ ਹਨ। ਜਿਸ ਤਰ੍ਹਾਂ ਓਹਨਾਂ ਦਾ ਫਰਜ਼ ਹੈ ਗੁਰ ਨਾਨਕ ਹੋਣ ਕਰਕੇ ਅਪਣੀ ਬਾਣੀ ਵਿਚ 'ਨਾਨਕ' ਛਾਪ ਲਿਖਣ, ਇਸੇ ਤਰ੍ਹਾਂ ਉਨ੍ਹਾਂ ਨੂੰ ਇਹੋ ਬਣਦਾ ਹੈ ਕਿ 'ਪੰਜਵੇਂ ਨਾਨਕ' ਦੀ ਸ਼ਾਨ ਵਿਚ ਉਚਾਰੇ ਗਏ ਸ੍ਵਯੇ ਬੀ ਦਰਜ ਕਰਨ। ਜੇ ਓਹ ਦਰਜ਼ ਨਾ ਕਰਦੇ ਤਾਂ ਇਹ ਇਕ ਨਿੰਮ੍ਰਤਾ ਦੀ ਪ੍ਰਤੀਕ ਤਾਂ ਜ਼ਰੂਰ ਹੁੰਦੀ ਪਰ ਸੱਚ ਨੂੰ ਛਿਪਾਉਣ ਵਾਲੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਵਿਚ ਜਿਨ੍ਹਾਂ ਸੱਚ ਦੇ ਮੁਤਲਾਸ਼ੀ ਮਹਾਨ ਵਿਦਵਾਨ ਭੱਟਾਂ ਦੀ ਬਾਣੀ ਸ਼ਾਮਲ ਹੈ, ਉਹ ਆਮ ਤੌਰ ਤੇ ਸਤਾਰਾਂ ਗਿਣੇ ਜਾਂਦੇ ਹਨ।

ਪਹਿਲੀ, ਦੂਸਰੀ, ਤੀਸਰੀ, ਚੌਥੀ ਤੇ ਪੰਜਵੀਂ ਪਾਤਸ਼ਾਹੀ ਦੇ ਸਵੱਯਾਂ ਦੇ ਮੁੱਢ ਵਿਚ ਹਰ ਗੁਰੂ ਸਾਹਿਬ ਦੇ ਮੁਤਅੱਲਕ ਕਲ ਭੱਟ ਦੇ ੧੦ ਯਾ ੯ ਸ੍ਵਯੇ ਆਉਂਦੇ ਹਨ, ਪਹਿਲੇ ਦੋ ਪਾਤਸ਼ਾਹੀਆਂ ਦੇ ਤਾਂ ੧੦, ੧੦ ਸ੍ਵਯੇ ਇਸੇ 'ਕਲ' ਕਵੀ ਦੇ ਹਨ। ਇਨ੍ਹਾਂ ਤੋਂ ਪਤਾ ਚਲਦਾ ਹੈ ਕਿ ਇਹ ਗੁਰੂ ਨਾਨਕ ਦੇਵ ਜੀ ਦੇ ਵੇਲੇ ਆਪ ਤੋਂ ਕ੍ਰਿਤਾਰਥ ਹੋਇਆ ਹੈ ਤੇ ਪੰਜਵੀਂ ਪਾਤਸ਼ਾਹੀ ਤਕ ਇਹ ਗੁਰੂ ਸਾਹਿਬ ਦੇ ਦਰਸ਼ਨ ਕਰਦਾ ਰਿਹਾ ਹੈ ਤੇ ਦੀਰਘ ਆਯੂ ਵਾਲਾ ਹੋਇਆ ਹੈ। ਯਥਾ :-

ਪਾਤਾਲ ਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ॥
ਹਰਿਨਾਮੁ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ॥

(ਸਵ: ਮ: ੧ ਕੇ ੯)

ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ॥...
ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥

(ਸਵ: ਮ: ੨ ਕੇ-੧)


www.sikhbookclub.com

ਭਲਉ ਪ੍ਰਸਿਧੁ ਤੇਜੋ ਤਨੌ ਕਲ੍ ਜੋੜਿ ਕਰ ਧ੍ਹਾਇਅਉ॥
ਸੋਈ ਨਾਮੁ ਭਗਤ ਭਵਜਲ ਹਰਣੁ ਗੁਰ ਅਮਰਦਾਸ ਤੈ ਪਾਇਓ॥

(ਸਵ: ਮ: ੩ ਕੇ-੫)

ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰ ਅਮਰਿ ਅਮਰੁ ਵਰਤਾਇਓ॥
ਗੁਰ ਰਾਮਦਾਸ ਕਲ੍ਚਰੈ ਤੈਂ ਅਟਲ ਅਮਰ ਪਦੁ ਪਾਇਓ॥

(ਸਵ: ਮ: ੪ ਕੇ-੫)

ਭਯ ਭੰਜਨੁ ਪਰ ਪੀਰ ਨਿਵਾਰਨੁ ਕਲ੍ਸਹਾਰੁ ਤੋਹਿ ਜਸੁ ਬਕਤਾ॥
ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ॥

(ਸਵ: ਮ: ੫ ਕੇ-੬)

ਇਸੇ ਤਰ੍ਹਾਂ ਸਾਰੇ ਭੱਟਾਂ ਦੇ ਸਵੱਯਾਂ ਵਿਚੋਂ ਗੁਰੂ ਸਾਹਿਬਾਂ ਬਾਰੇ ਉਨ੍ਹਾਂ ਦੇ ਅਨੇਕ ਗੁਣਾਂ, ਦਾਤਾਂ ਤੇਆਤਮ ਸੁਖ ਪ੍ਰਦਾਨ ਕਰਨ ਦੀਆਂ ਉਗਾਹੀਆਂ ਉਨ੍ਹਾਂ ਵਿਦ੍ਵਾਨਾਂ ਦੀ ਜ਼ਬਾਨੀ ਮਿਲਦੀਆਂ ਹਨ ਜਿਨ੍ਹਾਂ ਨੇ ਆਪ ਹਜ਼ੂਰੀ ਵਿਚ ਹਾਜ਼ਰ ਹੋ ਕੇ ਆਤਮ ਰਸ ਮਾਣੇ ਤੇ ਜਨਮ ਸਫਲੇ ਕੀਤੇ।

## (ਰਾਗਮਾਲਾ)

**ਪਾਵਨ** ਬੀੜ ਵਿਚ ਸਭ ਤੋਂ ਅਖੀਰਲੀ ਕੀਮਤੀ ਵਸਤੂ ਹੈ ਰਾਗਮਾਲਾ। ਰਾਗਮਾਲਾ ਤੋਂ ਪਤਾ ਚਲਿਆ ਕਰਦਾ ਹੈ ਕਿ ਇਹ ਰਾਗ ਦੇ ਕਿਸ ਮਤਿ ਦਾ ਪਤਾ ਦੇਂਦੀ ਹੈ। ਰਾਗ ਦੇ ਉਂਞ ਚਾਰ ਮਤਿ ਹਨ : ਸ਼ਿਵ ਮਤਿ, ਕਾਲੀ ਨਾਥ ਮਤਿ, ਭਰਤ ਮਤਿ ਤੇ ਹਨੂਮਾਨ ਮਤਿ। ਪਰ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਨੇ ਬੜੀ ਮਿਹਨਤ ਕਰਕੇ ੧੨ ਰਾਗ ਮਾਲਾਂ ਕੱਠੀਆਂ ਕੀਤੀਆਂ ਤੇ ਮਤਾਂ ਦੇ ਵੇਰਵੇ ਤੇ ਭੇਦ ਪ੍ਰਭੇਦ ਲੱਭੇ। ਸਭਨਾਂ ਦੇ ਟਾਕਰੇ ਕਰਨ ਤੇ ਆਪ ਇਸ ਸਿੱਟੇ ਤੇ ਅੱਪੜੇ ਕਿ ਪਾਵਨ ਬੀੜ ਵਾਲੀ ਰਾਗਮਾਲਾ, ਸਭ ਤੋਂ ਭਿੰਨ ਹੈ ਤੇ ਇਹ ਪਤਾ ਦੇਂਦੀ ਹੈ ਕਿ ਰਾਗ ਦਾ ਮਤਿ ਬੀ ਗੁਰੂ ਜੀ ਦਾ ਅੱਡਰਾ ਹੈ*। ਚਾਹੋ ਫਰਕ ਥੋੜੇ ਥੋੜੇ ਹੋਇਆ ਕਰਦੇ ਹਨ, ਪਰ ਇਨ੍ਹਾਂ ਤੋਂ ਹੀ ਮਤਿ ਦਾ ਪਤਾ ਚਲਦਾ ਹੈ, ਸੋ ਇਹ ਰਾਗਮਾਲਾ ਗੁਰਮਤਿ ਸੰਗੀਤ ਦੀ ਲਖਾਯਕ ਹੈ। ਇਹ ਰਾਗਮਾਲਾ ਮਿਲੀ ਕਿਥੋਂ?

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪਤਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੋਈ ਬਾਣੀ ਸੰਗਲਾਦੀਪ ਵਿਚ ਉਚਾਰੀ ਹੈ। ਓਥੇ ਪੈੜੇ ਮੋਖੇ ਨੂੰ ਘੱਲਿਆ ਸੀ। ਉਹ ਜੋ ਕੁਛ ਲਿਆਇਆ ਤੇ ਉਸ ਦੇ ਸਫਰ ਦਾ ਹਾਲ ਇਹ ਤਾਂ ਪਾਵਨ ਬੀੜ ਲਈ ਸ੍ਰੀ ਗੁਰੂ ਜੀ ਨੇ ਪ੍ਰਵਾਨ ਨਾ ਕੀਤਾ, ਉਨ੍ਹਾਂ ਦੀ ਦੈਵੀ ਤਕੜੀ ਤੇ ਉਹ ਤੁਲ ਨਾ ਸਕਿਆ, ਪਰ ਰਾਗਮਾਲਾ ਆਪ ਨੂੰ ਗੁਰੂ ਨਾਨਕ ਕ੍ਰਿਤ ਜਚ ਗਈ ਤੇ ਓਹ ਪਾਵਨ ਬੀੜ ਦੇ ਅੰਤ ਵਿਚ ਦਰਜ ਕਰ ਦਿਤੀ, ਤਾਂਕਿ ਗੁਰਮਤਿ ਸੰਗੀਤ ਦੀ ਸੂਚਕ ਰਹੇ। ਰਾਗ ਵਿਦ੍ਯਾ ਦੀ ਪ੍ਰੌਢਤਾ ਤੇ ਰਾਗ ਦੁਆਰਾ ਹਰੀ ਕੀਰਤਨ ਗੁਰੂ ਘਰ ਦਾ ਇਕ ਰੁਕਨ ਹੈ, ਇਸ ਲਈ ਰਾਗ ਦੀ ਆਪਣੀ ਵਿਉਂਤ ਕਾਯਮ ਰੱਖਣੀ ਜ਼ਰੂਰੀ ਸੀ।

*ਦੇਖੋ ਬਾਣੀ ਬਿਉਰਾ ਕ੍ਰਿਤ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਜੋ ਖਾ: ਟ੍ਰੈ: ਸੁਸਾਇਟੀ ਦੁਆਰਾ ਪ੍ਰਕਾਸ਼ਤ ਹੋ ਚੁਕਾ ਹੈ।


www.sikhbookclub.com

ਕਿਸੇ ਦੇ ਸ਼ੱਕ ਪਾਉਣ ਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਕਵੀ ਸੰਤੋਖ ਸਿੰਘ ਜੀ ਤੇ ਮਗਰੋਂ ਹੋਰ ਕਈਆਂ ਨੇ 'ਕਿਉਂ' ਕਰ ਦਿੱਤਾ ਕਿ ਇਹ ਸ਼ੈ ਆਲਮ ਕਵੀ ਦੀ ਹੈ। ਪਰ ਵਰ੍ਹਿਹਾਂ ਬੱਧੀ ਦੀ ਖੋਜ ਤੇ ਵਜਾਖਜਾ ਨਾਲ ਖਾਲਸਾ ਸਮਾਚਾਰ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਰਾਗਮਾਲਾ ਗੁਰੂ ਕ੍ਰਿਤ ਹੈ ਤੇ ਆਲਮ ਕਵੀ ਨੇ, ਜੋ ਦਸਮੇ ਪਾਤਸ਼ਾਹ ਦਾ ਦਰਬਾਰੀ ਕਵੀ ਸੀ, ਗੁਰੂ ਘਰ ਵਿਚੋਂ ਲੈ ਕੇ ਅਪਣੀ ਕਾਮ ਕੰਦਲਾ ਨਾਮੇ ਪੋਥੀ ਵਿਚ ਪਾ ਲਈ ਸੀ। ਜਿਸਦਾ ਵੇਰਵਾ ਇਹ ਹੈ :-

ਕਵੀ ਜੀ ਨੇ ਆਲਮ ਕਵਿ ਦੀ ਪੋਥੀ ਦੀ ਪੂਰੀ ਖੋਜ ਕੀਤੇ ਬਿਨਾਂ ਇਹ ਕੁਛ ਲਿਖਿਆ ਹੈ, ਆਖਦੇ ਹਨ ਇਹ ਭੁੱਲ ਸੋਭਾ ਸਿੰਘ ਨੇ ਕਰਵਾਈ ਸੀ। ਭੁੱਲ ਦਾ ਕਾਰਨ ਉਹ ਸੰਮਤ ਸੀ ਜੋ ਆਲਮ ਦੀ ਪੋਥੀ ਦੇ ਦੀਬਾਚੇ ਵਿਚ ੯੯੧ ਹਿਜਰੀ ਦਿੱਤਾ ਸੀ। ਇਸ ਸੰਮਤ ਨੂੰ ਭੁਲੇਖੇ ਨਾਲ ਆਲਮ ਦੀ ਪੋਥੀ ਦਾ (ਜੋ ਸੰਸਕ੍ਰਿਤ ਦਾ ਹਿੰਦੀ ਤਰਜਮਾ ਹੈ) ਸੰਮਤ ਸਮਝ ਲਿਆ ਗਿਆ ਸੀ, ਹਾਲਾਂ ਕਿ ਇਹ ਸੰਮਤ ਅਸਲ ਸੰਸਕ੍ਰਿਤ ਪੁਸਤਕ ਦਾ ਹੈ, ਜੋ ਕਵੀ ਜੋਧ ਨੇ ਅਕਬਰ ਦੇ ਸਮੇਂ ਰਚੀ ਸੀ। ਆਲਮ ਕਵੀ ਨੇ ਆਪਣੀ ਰਚਨਾ ਦਾ ਸੰਮਤ ਆਪਣੀ ਪੋਥੀ ਦੇ ਅਖੀਰ ਤੇ ੧੭੭੪ ਬਿ: ਦਿੱਤਾ। ਸ੍ਰੀ ਮਾਨ ਗਿਆਨੀ ਸਾਹਿਬ ਸਿੰਘ ਜੀ ਧਮਧਾਣ ਸਾਹਿਬ ਵਾਲਿਆਂ ਨੇ ਰਾਗਮਾਲਾ ਤੇ ਬੜੀ ਡੂੰਘੀ ਤੇ ਚਿਰ ਕਾਲ ਤਕ ਸ਼ੋਭਾ ਯੋਗ ਖੋਜ ਕੀਤੀ ਹੈ। ਉਸ ਅਨੁਸਾਰ ਉਨ੍ਹਾਂ ਨੇ ਪੰਜ ਸਲੋਕ ਜੋਧ ਕਵਿ ਦੇ ਦੀਬਾਚੇ ਵਿਚੋਂ ਦਿੱਤੇ ਹਨ, ਜਿਨ੍ਹਾਂ ਦਾ ਭਾਵ ਆਲਮ ਕਵਿ ਦੇ ਤਰਜਮੇ ਨਾਲ ਟਾਕਰਾ ਖਾਂਦਾ ਹੈ ਤੇ ਨਿਰਸੰਸੇ ਕਰ ਦੇਂਦਾ ਹੈ ਕਿ ੯੯੧ ਹਿਜਰੀ ਸੰਨ ਆਲਮ ਦਾ ਨਹੀਂ ਪਰ ਜੋਧ ਕਵੀ ਦੀ ਸੰਸਕ੍ਰਿਤ ਰਚਨ ਦਾ ਹੈ। ਯਥਾ :-

ਪਾਠ ਮਾਧਵਾਨਲ ਕਾਮਕੰਦਲਾ ਚਰਿਤ* :-

ਪ੍ਰਣਮਜ ਤਤ੍ਪਰੰ ਬ੍ਰਹਮ੍ ਚਤੁਰਾਨਨਤ: ਪਰਮ੍।
ਸਰ੍ਵਸਜੁਤ ਜਗਨ੍ਨਾਥੰ ਭੂਤਾਦੀਨਾਂ ਪ੍ਰਵਰ੍ਤਕਮ੍॥੧॥

ਅਰਥ-(ਪਹਿਲੋਂ ਮੈਂ) ਤਤਪਰ ਖ੍ਰਹਮ ਨੂੰ ਪ੍ਰਣਾਮ ਕਰਦਾ ਹਾਂ, ਜੋ 'ਬ੍ਰਹਮ' ਕਿ ਬ੍ਰਹਮਾਂ ਤੋਂ ਵੀ ਪਰੇ ਹੈ, ਜੋ ਸਰਵ ਵਯਾਪੀ ਤੇ ਜਗਤ ਦਾ ਸੁਆਮੀ ਹੈ (ਤੇ ਆਕਾਸ਼ ਆਦਿਕ) ਭੂਤਾਂ ਦੀ ਪ੍ਰਵਿਰਤੀ ਕਰਨੇ ਵਾਲਾ ਹੈ।

ਆਦਜੰਤਾਭਜਾਂ ਵਿਹੀਨਨ੍ਤੁ ਧਾਰਯਤ੍ ਸਚਰਾਚਰਮ੍।
ਅਗਜੰ ਮਤਿਮਤਾਂ ਗਜੇਯਮਗਜੇਯੰ ਮਲਿਨਾਤ੍ਮਨਾਮ੍॥੨॥

ਅਰਥ-ਆਦਿ ਅੰਤ ਤੋਂ ਰਹਿਤ, ਚਲ ਤੇ ਅਚਲ ਦਾ ਧਾਰਨ ਕਰਤਾ (ਹੈ), ਸਭ ਦਾ ਆਗੂ ਹੈ, ਸੂਖਮ ਬੁੱਧੀ ਵਾਲੇ ਦੇ ਜਾਨਣੇ ਯੋਗ ਅਰ ਮਲੀਨ ਆਤਮਾਂ ਵਾਲੇ ਦੇ ਨਾ ਜਾਨਣੇ ਯੋਗ ਹੈ।

ਸਰ੍ਵਦਾ ਸਰ੍ਵਸੇਵਯੰ ਹਿ, ਸਰ੍ਵ ਸਾਕ੍ਸ਼ਿ ਚ ਤਨ੍ਮਯਮ੍।
ਰਸਬੱਧਾਂ ਜਗਦ੍ਰੀਤਿ, ਕਥਾਯਾਮਿ ਯਥਾਮਤਿ:॥੩॥

ਅਰਥ-ਸਰਵਦਾ ਕਾਲ ਸਰਬ ਜੀਵਾਂ ਦੇ ਸੇਵਨੇ ਯੋਗ ਹੈ ਤੇ ਸਰਵਦਾ ਸਾਖੀ ਜਗਤ ਰੂਪ ਹੈ

---

*ਜੋਧ ਕਵੀ ਦੀ ਸੰਸਕ੍ਰਿਤ ਰਚਨਾਂ ਵਿਸ਼ੇਸ਼ ਖੋਜ ਨਾਲ ਸਾਨੂੰ ਪ੍ਰਾਪਤ ਹੋ ਗਈ ਹੈ, ਹੁਣ ਸ਼ਲੋਕਾਂ ਦੇ ਪਾਠ ਉਸ ਨਾਲ ਸੋਧ ਕੇ ਉਪਰ ਦੇ ਰਹੇ ਹਾਂ।

 www.sikhbookclub.com

ਜਿਮ ਰਸ ਕਰ ਜਗਤ ਬੰਧਾਇਮਾਨ ਹੈ ਸੋ ਜਗਤ ਰੀਤੀ ਮੇਂ, ਜੈਸੀ ਮੇਰੀ ਮਤ ਹੈ, ਕਥਨ ਕਰਦਾ ਹਾਂ[੧]।

ਸਮਾਸ਼੍ਰਿਤ੍ਯ ਜਗਤ੍ਪਤਿੰ ਮਹਾਰਾਜੰ ਮਹਾਬਲਮ੍।
ਮਹਾਤੇਜੋਯੁਤੰ ਨਾਥਮੇਕ ਛਤ੍ਰਪਰੰ ਧਰਮ੍॥੪॥

ਅਰਥ-ਜਗਤ ਦੇ ਪਤੀ ਦਾ ਭਲੀ ਪ੍ਰਕਾਰ ਆਸਰਾ ਲੈ ਕੇ (ਹੁਣ) ਮਹਾਂ ਬਲੀ ਮਹਾਰਾਜਾ ਬੜੇ ਤੇਜ ਵਾਲਾ, ਪ੍ਰਜਾ ਦਾ ਸੁਆਮੀ ਅਦੁਤੀ ਛਤ੍ਰਧਾਰੀ ਤੇ ਬਹੁਤ ਵੱਡਾ (ਅਕਬਰ) ਹੈ।

ਸ਼ੱਤ੍ਰ ਜਾਤ ਜਿਤੰ ਦਕਸ਼ੰ ਪ੍ਰਜਾ ਧਰੱਮ ਸੁਰੱਖਜਕਮ੍।
ਇੰਦ੍ਰਪ੍ਰਸ੍ਥ ਪਤਿੰ ਭੂਪੰ ਰਾਜਰਾਜੰ ਮਹਾਵਰਮ੍॥੫॥

ਅਰਥ-ਜਿਸਨੇ ਸਾਰੇ ਸ਼ੱਤ੍ਰੂ ਜਿਤ (ਰਾਜੇ ਬੀ) ਜਿੱਤ ਲਏ ਹਨ ਤੇ ਜੋ ਪ੍ਰਜਾ ਦੇ ਧਰਮ ਦੀ ਰਖਜਾ ਕਰਨ ਵਾਲਾ ਹੈ, ਦਿੱਲੀ ਦਾ ਪਤੀ ਰਾਜਿਆਂ ਦਾ ਰਾਜਾ ਸ਼ਹਨਸ਼ਾਹ ਤੇ ਸ੍ਰੇਸ਼ਟ ਹੈ[੨]।

ਕੋਟਿ ਯੁਗ ਸਹਸ੍ਰਾਣਿ ਜੀਵਯਤੁ ਮਹੀਤਲੇ।
ਟੋਡਰ ਮਲ ਸੰਸੇਵ੍ਯਮ੍ ਯਕਸ਼ ਕਿੱਨਰ ਸੇਵਿਤਮ੍॥੬॥

ਅਰਥ-ਕ੍ਰੋੜਾਂ ਤੇ ਹਜ਼ਾਰਾਂ ਯੁਗਾਂ ਤਕ ਭੂਮੀ ਪਰ ਉਹ ਜੀਉਂਦਾ ਰਹੇ। ਟੋਡਰ ਮਲ ਵਜ਼ੀਰ ਜਿਸਦੀ ਸੇਵਾ ਕਰਦਾ ਹੈ ਤੇ ਜੱਛ ਕਿੰਨਰ ਭੀ ਸੇਵਾ ਕਰਦੇ ਹਨ।

ਇੰਦ੍ਰਾਦ੍ਯਨੰਤ ਰੁਚਿਮਕਬਰੰ ਸੁਵਰੰ ਨ੍ਰਿਪਮ੍।
ਦ੍ਵਿ ਨਵ ਚੰਦ੍ਰ ਮਿਤੇ ਽ਬਦੇ ਯਾਵਨੇ ਭਾਖ੍ਯਤੇ ਕਥਾ[੩]॥੭॥

ਅਰਥ-ਇੰਦ੍ਰ ਆਦਿਕ ਦੇਵਤਿਆਂ ਵਿਚ ਰੁਚੀ ਵਾਲਾ ਹੈ ਅਕਬਰ ਨਾਮੇ ਸ਼ੁਭ ਨਰ ਪਾਲਕ। ਦੋ ਨਾਏਂ ਤੇ ਏਕਾ (੯੯੧) (ਅਰਥਾਤ ਸੰਮਤ ੯੯੧) ਯਾਵਨੀ (ਹਿਜਰੀ) ਵਿਚ ਮੈਂ (ਮਾਧਵਾਨਲ ਕਾਮ ਕੰਦੀਲਾ ਦੀ ਇਹ) ਕਥਾ ਕਹਿੰਦਾ ਹਾਂ।

ਕਾਚਿਤ ਪੁਸ਼ਪਾਵਤੀ ਸ਼੍ਰੁਤਾ ਰਾਜਧਾਨੀ ਸ਼ੁਭਾ ਖਲੁ।
ਗੋਵਿੰਦ ਚੰਦ ਸੰਰਕਸ਼ਜਾ ਯਥੇਂਦ੍ਰੇਣਾਮਰਾਵਤੀ॥੮॥

---

੧. ਉਥਾਨਕਾਂ ਦੇ ਇਨ੍ਹਾਂ ਤਿੰਨਾਂ ਸ਼ਲੋਕਾਂ ਦੇ ਭਾਵ ਨੂੰ ਆਲਮ ਕਵੀ ਨੇ ਆਪਣੇ ਉਲਥੇ ਵਿਚ ਐਉਂ ਲਿਖਿਆ ਹੈ :-

ਪ੍ਰਥਮੇ ਪਾਰਬ੍ਰਹਮ ਕੋ ਪਰਨੌਂ। ਪੁਨ ਕੁਛ ਜਗਤਿ ਰੀਤਿ ਰਸ ਬਰਨੌਂ।
ਪਾਰਬ੍ਰਹਮ ਪੂਰਣ ਪਤਿ ਸ੍ਵਾਮੀ। ਘਟ ਘਟ ਰਹੇ ਸੁ ਅੰਤਰਯਾਮੀ।
ਘਟ ਘਟ ਰਹੈ ਲਖੈ ਨਹ ਕੋਈ। ਜਲ ਥਲ ਰਹੇ ਸਰਬ ਮਹਿ ਸੋਈ।
ਜਾਂਕੀ ਆਦਿ ਅੰਤ ਨਹੀਂ ਜਾਨੀ। ਪੰਡਤ ਕਥਾ ਗਜਾਨ ਕਰ ਮਾਨੀ।
ਗਜਾਨੀ ਹੋਇ ਸੁ ਗੁਰਮੁਖਿ ਧਜਾਵੈ॥ ਖੋਜੀ ਹੋਇ ਸੁ ਖੋਜਤ ਪਾਵੈ।

੨. ਆਲਮ ਕਵੀ ਦਾ ਤਰਜਮਾ-

ਜਗਪਤਿ ਰਾਜਕੋਟ ਜੁਗ ਕੀਜੈ। ਸ਼ਾਹ ਜਲਾਲ ਛਤ੍ਰਪਤਿ ਜੀਜੈ।
ਦਿੱਲੀ ਪਤਿ ਅਕਬਰ ਸੁਲਤਾਨਾ। ਸਪਤ ਦੀਪ ਮਹਿ ਜਾਂਕੀ ਆਨਾ।

੩. ਛੇਵੇਂ ਤੇ ਸਤਵੇਂ ਸਲੋਕ ਦਾ ਤਰਜਮਾ ਆਲਮ ਕ੍ਰਿਤ-

ਆਗੈ ਨੈਬ ਮਹਾਮਤਿ ਮੰਤ੍ਰੀ। ਨ੍ਰਿਪ ਰਾਜਾ ਟੋਡਰ ਮਲ ਖੱਤ੍ਰੀ।
ਦੋ:-ਗਣ ਗੰਧਰਵ ਕਿੰਨਰ ਸਕਲ ਜਖਜ ਰਹੇ ਹੁਇ ਚੇਰ।
ਦੰਡ ਭਰਹਿ ਸੇਵਾ ਕਰਹਿੰ ਵਾਸੁਕ ਇੰਦ੍ਰ ਕੁਬੇਰ।

ਚੌਪਈ-ਸੰਵਤ ਨੌ ਸੈ ਇਕਾਨਵੇ ਆਹੀ। ਕਰੋ ਕਥਾ ਅਬ ਬੋਲੋਂ ਤਾਂਹੀ।

 www.sikhbookclub.com

ਅਰਥ-ਕੋਈ ਕ ਪੁਸ਼ਪਾਵਤੀ ਨਗਰੀ ਸੁਣੀ ਹੈ ਨਿਸਚੈ ਕਰ ਸ਼ੁਭ ਰਾਜਧਾਨੀ, ਗੋਵਿੰਦ ਚੰਦ ਰਾਜਾ ਜਿਸ ਨਗਰੀ ਦੀ ਰਖਜਾ ਕਰਨੇ ਵਾਲਾ ਹੈ (ਐਉਂ) ਜਿਵੇਂ ਦੇਵਪੁਰੀ ਦੀ ਇੰਦਰ ਰਖਜ਼ਾ ਕਰਦਾ ਹੈ*।

ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ੯੯੧ ਹਿਜਰੀ ਸੰਮਤ ਜੋਧ ਕਵੀ ਦੀ ਸੰਸਕ੍ਰਿਤ ਰਚਨਾਂ ਦਾ ਹੈ। ਆਲਮ ਦੇ ਅਨੁਵਾਦ ਦਾ ਨਹੀਂ। ੯੯੧ ਹਿਜਰੀ ਦਾ ਬਿਕ੍ਰਮੀ ਸੰਮਤ ੧੬੪੦ ਬਣਦਾ ਹੈ, ਉਸਨੂੰ ਜਦ ਆਲਮ ਦੇ ਉਲਥੇ ਕਰਨ ਦਾ ਸੰਮਤ ਸਮਝ ਲਿਆ ਗਿਆ ਤਾਂ ਭੁਲੇਖਾ ਲੱਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਰਚੇ ਜਾਣ ਤੋਂ ੨੧ ਵਰ੍ਹੇ ਪਹਿਲਾਂ ਆਲਮ ਦੀ ਰਾਗਮਾਲਾ ਮੌਜੂਦ ਸੀ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ੧੬੬੧ ਸੰਮਤ ਬਿ: ਵਿਚ ਬੱਝੀ ਹੈ। ਇਸ ਹਿਸਾਬ ਆਲਮ ਦੀ ਰਚਨਾ ਪਹਿਲੋਂ ਹੋਈ ਜਾਪਦੀ ਸੀ, ਜਿਸ ਤੋਂ ਸਾਰਿਆਂ ਨੇ ਟਪਲਾ ਖਾਧਾ ਕਿ ਰਾਗਮਾਲਾ ਇੱਕੀ ਵਰ੍ਹੇ ਪਹਿਲੋਂ ਮੌਜੂਦ ਸੀ, ਤੇ ਸੰਸੇ ਕਰਨ ਵਾਲਿਆਂ ਨੇ ਖਿਆਲ ਬਣਾ ਲਿਆ ਕਿ ਕਿਸੇ ਨਾ ਕਿਸੇ ਤਰ੍ਹਾਂ ਉਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆ ਗਈ। ਫਿਰ ਸੁਆਦ ਦੀ ਗਲ ਇਹ ਹੈ ਕਿ ਜੋਧ ਕਵੀ ਦੇ ਪੁਸਤਕ ਵਿਚ (ਜੋ ੯੯੧ ਹਿ: ਦਾ ਰਚਿਤ ਹੈ) ਰਾਗਮਾਲਾ ਹੈ ਹੀ ਨਹੀਂ। ਜੋ ਖੋਜ ਹੁਣ ਕੀਤੀ ਗਈ ਹੈ ਦੱਸਦੀ ਹੈ ਕਿ ਆਲਮ ਦਾ ਸਮਾਂ ੧੭੧੨ ਬਿ: ਸੰ: ਤੋਂ ੧੭੭੪ ਬਿ: ਤੱਕ ਲਿਖਤੀ ਸਬੂਤਾਂ ਵਿਚ ਸਹੀ ਹੈ। ਸੋ ਸਦੀ ਤੋਂ ਵਧੀਕ ਮਗਰੋਂ ਜੋ ਸ਼ੈ ਰਚੀ ਗਈ, ਉਸਦਾ ਕੋਈ ਹਿੱਸਾ ਸਦੀ ਪਹਿਲੋਂ ਸ੍ਰੀ ਗੁਰੂ ਗ੍ਰੰਥ ਸਾਬਿ ਜੀ ਵਿਚ ਕੀਕੂੰ ਦਰਜ ਹੋ ਸਕਦਾ ਸੀ, ਚਾਹੇ ਉਹ ਭਾਈ ਗੁਰਦਾਸ ਵਾਲੀ ਬੀੜ ਸੀ, ਤੇ ਚਾਹੇ ਭਾਈ ਬੰਨੋ ਵਾਲੀ ਸੀ? ੧੭੭੪ ਤਕ ਹਜ਼ਾਰਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖੇ ਗਏ, ਸੰਮਤਾਂ ਵਾਲੀਆਂ ਬੀੜਾਂ ਮੌਜੂਦ ਹਨ, ਸਭ ਪਰ ਰਾਗਮਾਲਾ ਹੈ।

ਕਵੀ ਆਲਮ ਬਾਬਤ ਵਿਸ਼ੇਸ਼ ਖੋਜ ਇਸ ਪ੍ਰਕਾਰ ਹੈ :-

ਸ਼ਿਵ ਸਿੰਹ ਸਰੋਜ ਨਾਮੇ ਹਿੰਦੀ ਕਵੀਆਂ ਦੇ ਹਾਲਾਤ ਦੀ ਪੋਥੀ ਵਿਚ ਆਲਮ ਕਵਿ ਦਾ ਸੰਮਤ ੧੭੧੨ ਦਿੱਤਾ ਹੈ।

ਨਾਗਰੀ ਪ੍ਰਚਾਰਣ ਸਭਾ ਬਨਾਰਸ ਨੇ 'ਹਿੰਦੀ ਸਬਦ ਸਾਗਰ' ਅਰਥਾਤ 'ਹਿੰਦੀ ਭਾਸ਼ਾ ਦਾ ਇਕ ਵ੍ਰਿਹਤ ਕੋਸ਼' ਨਾਮ ਦਾ ਗ੍ਰੰਥ ੪੮ ਸੰਚੀਆਂ ਵਿਚ ਪ੍ਰਕਾਸ਼ਤ ਕੀਤਾ ਸੀ; ਇਹ ਕੋਸ਼ ਲਖ ਕੁ ਰੁਪਏ ਦੇ ਖਰਚ ਨਾਲ ੨੦ ਕੁ ਸਾਲਾਂ ਵਿਚ ਸਮਾਪਤ ਹੋਇਆ ਸੀ। ਇਸ ਕੋਸ਼ ਦੇ ਤਿਆਰ ਕਰਾਉਣ ਵਿਚ ਕਈ ਹਿੰਦੂ ਰਾਜਿਆਂ ਤੇ ਯੂ. ਪੀ. ਦੀ ਗਵਰਨਮੈਂਟ ਨੇ ਮਾਇਕ ਸਹਾਇਤਾ ਦਿੱਤੀ ਤੇ ਪ੍ਰਸਿੱਧ ਪੰਡਿਤਾਂ ਨੇ ਤਿਆਰ ਕੀਤਾ। ਇਸ ਕੋਸ਼ ਦੀ ਪ੍ਰਸਤਾਵਨਾ ਦੇ ਪੰਨੇ ੧੭੨ ਤੇ ਆਲਮ ਕਵਿ ਦਾ ਕਵਿਤਾ ਕਾਲ ੧੭੪੦ ਬਿ: ਤੋਂ ੧੭੬੦ ਬਿ: ਤਕ ਦਾ ਦਿਤਾ ਹੈ, ਇਸ ਤੋਂ ਸਹੀ ਹੋਇਆ ਕਿ ਇਸ ਪ੍ਰਸਤਾਵਨਾ ਦੇ ਵਿਦਵਾਨ ਲੇਖਕਾਂ ਨੂੰ ਆਲਮ ਕਵਿ ਦੇ ਰਚਿਤ ਪੁਸਤਕ ੧੭੪੦ ਤੋਂ ੧੭੬੦ ਤੱਕ ਦੇ ਦੇਖਣ ਵਿਚ ਆਏ ਹਨ।

ਹੁਣ ਵਿਸ਼ੇਸ਼ ਖੋਜ ਇਸ ਪਾਸੇ ਲਿਜਾਂਦੀ ਹੈ ਕਿ ਸੰਸਕ੍ਰਿਤ ਮਾਧਵਾਨਲ ਕਾਮ ਕੰਦਲਾਂ ਦਾ ਆਲਮ ਨੇ ਕਿਸ ਸੰਮਤ ਵਿਚ ਉਲਥਾ ਕੀਤਾ? ਆਲਮ ਦੀ ਮਾਧਵਾਨਲ ਕਾਮ ਕੰਦਲਾਂ ਦੇ ਅੰਤ ਵਿਚ (ਨਾਗਰੀ ਅੱਖਰਾਂ ਵਿਚ ਲਿਖਤ ਦੀ ਮਿਲੀ ਇਕ ਪੁਰਾਤਨ ਪੋਥੀ ਵਿਚ) ਉਸ ਦਾ ਸੰਮਤ ਓਹਨਾਂ ਨੇ ਆਪ ਇੰਜ ਲਿਖਿਆ ਹੈ :-

---

*ਆਲਮ ਇਸ ਸਲੋਕ ਦੇ ਭਾਵ ਨੂੰ ਆਪਣੇ ਲਫਜ਼ਾਂ ਵਿਚ ਇਉਂ ਲਿਖਦਾ ਹੈ :-

ਪੁਹਪਾਵਤੀ ਨਗਰ ਇਕ ਸੁਨਾ। ਗੋਵਿੰਦ ਚੰਦ ਰਾਜਾ ਬਹੁ ਗੁਨਾ;

ਦੋਹਰਾ : ਬੇਦ(੪) ਦ੍ਵੀਪ(੭) ਮੁਨਿ(੭), ਇੰਦ(੧) ਧਰ ਸਵਿਤਾ ਜੁਵਤਿ ਗਤਾਨ।
ਹੰਸ ਵਾਰ ਖਿਤ ਅਸ਼ਟਮੀ ਸਾਕਾ ਬਿੱਕ੍ਰਮ ਜਾਨ॥

ਅਰਥਾਤ-ਸੰਮਤ ੧੭੭੪ ਬਿ: ਮਹੀਨਾ ਭਾਦੋਂ ਦਿਨ ਐਤ, ਸੁਦੀ ਪੱਖ ਦੀ ਅਸ਼ਟਮੀ ਸੀ।

ਅਸੀਂ ਹੁਣ ਏਥੇ ਅੱਪੜੇ ਕਿ ੧੭੧੨ ਸੰਮਤ ਤੋਂ ਲੈਕੇ ੧੭੭੪ ਤੱਕ ਕਵਿ ਆਲਮ ਇਸ ਸੰਸਾਰ ਵਿਚ ਸੇ। ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋਣ ਤੋਂ ੧੧੩ ਸਾਲ ਪਿਛੋਂ ਮਾਧਵਾਨਲ ਕਾਮ ਕੰਦਲਾ ਕਿੱਸਾ ਉਸਨੇ ਲਿਖਿਆ ਹੈ। 'ਸ਼ਿਵ ਸਿੰਹ ਸਰੋਜ' 'ਹਿੰਦੀ ਸ਼ਬਦ ਸਾਗਰ' ਤੇ ਆਲਮ ਕਵਿ ਦੀ ਆਪਣੀ ਲਿਖਤ 'ਮਾਧਵਾਨਲ ਕਾਮ ਕੰਦਲਾ' ਦੇ ਵਿਚ ਦਿਤੇ ਸੰਮਤਾਂ ਤੋਂ ਇਹ ਬੀ ਸਪਸ਼ਟ ਹੋ ਗਿਆ ਕਿ ਆਲਮ ਕਵਿ ਦਸਮ ਪਾਤਸ਼ਾਹ ਦੇ ਸਮੇਂ ਹੋਇਆ ਹੈ। ਇਸ ਗਲ ਨੂੰ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਮੰਨਿਆ ਹੈ, ਇਹੋ ਗੱਲ ਸੌ ਸਾਖੀ ਤੇ ਬਾਬਾ ਸੁਮੇਰ ਸਿੰਘ ਜੀ ਦੇ ਗੁਰ ਬਿਲਾਸ ਵਿਚ ਵੀ ਇਉਂ ਹੀ ਮੰਨੀ ਗਈ ਹੈ। ਸੋ ਆਲਮ ਦਾ ਸਮਾਂ ਗੁਰੂ ਦਸ਼ਮੇਸ਼ ਜੀ ਦੇ ਸਮੇਂ ਨਾਲ ਟਾਕਰਾ ਖਾਂਦਾ ਇਧਰੋਂ ਬੀ ਸਿੱਧ ਹੋ ਗਿਆ ਤੇ ਉਪਰ ਲਿਖੇ ਸਿਖ ਇਤਿਹਾਸਕਾਰਾਂ ਨੇ ਆਲਮ ਨੂੰ ਦਸਮ ਗੁਰੂ ਜੀ ਦੇ ਦਰਬਾਰ ਆਇਆ ਮੰਨਿਆ ਹੈ। ੫੨ ਕਵੀਆਂ ਵਿਚ ਇਸ ਦਾ ਨਾਮ ਬੀ ਦਰਜ ਹੈ। ਹੁਣ ਵਿਚਾਰ ਇਥੇ ਸਫਾ ਅੱਪੜ ਗਈ ਕਿ ਜੋ ਪੋਥੀ ਮਾਧਵਾਨਲ ਦੀ ੧੧੩ ਸਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋਂ ਮਗਰੋਂ ਸੰਸਕ੍ਰਿਤ ਤੋਂ ਉਲਥਾਈ ਗਈ, ਉਸਦੀ ਦਿੱਤੀ ਰਾਗਮਾਲਾ ਅਸੰਭਵ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੧੧੩ ਸਾਲ ਆਪਣੇ ਰਚੇ ਜਾਣ ਤੋਂ ਪਹਿਲਾਂ ਚੜ੍ਹ ਸਕੇ। ਫਿਰ ੯੯੧ ਹਿ: ਵਾਲੀ ਜੋਧ ਵਾਲੀ ਦੀ ਸੰਸਕ੍ਰਿਤ ਕਾਮ ਕੰਦਲਾ ਵਿਚ ਰਾਗਮਾਲਾ ਹੈ ਹੀ ਨਹੀਂ। ਇਸ ੯੯੧ ਹਿਜਰੀ ਅਰਥਾਤ ੧੬੪੦ ਬਿ: ਤੋਂ ਹੀ ਟਪਲਾ ਮੈਕਾਲਫ ਨੇ ਖਾਧਾ ਹੈ, ਪਰ ਫਿਰ ਬੀ ਭਾਈ ਸੰਤੋਖ ਸਿੰਘ ਤੇ ਮੈਕਾਲਫ ਦੋਵੇਂ ਆਪਣੀ ਹੈਰਾਨੀ ਤੇ ਅਗਜਾਨਤਾ ਆਪ ਜ਼ਾਹਰ ਕਰਦੇ ਹਨ ਕਿ 'ਪਤਾ ਨਹੀਂ ਲਗਦਾ ਕਿ ਕਿਵੇਂ ਇਹ ਪਵਿਤ੍ਰ ਬੀੜ ਵਿਚ ਚੜ੍ਹ ਗਈ'। ਕਿਉਂਕਿ ਪਵਿਤ੍ਰ ਬੀੜ ਵਿਚ ਕੋਈ ਵਾਧਾ ਘਾਟਾ ਕਰਨਾ ਕੋਈ ਮਾਮੂਲੀ ਗਲ ਨਹੀਂ ਸੀ ਤੇ ਉਹ ਕਿਸੇ ਤਰ੍ਹਾਂ ਛੁਪਿਆ ਨਹੀਂ ਸੀ ਰਹਿ ਸਕਦਾ। ਇਨ੍ਹਾਂ ਲੇਖਕਾਂ ਨੂੰ ਜੇ ਇਹ ਪਤਾ ਹੁੰਦਾ ਕਿ ੯੯੧ ਹਿ: (੧੬੪੦ ਬਿ:) ਸੰਮਤ ਸੰਸਕ੍ਰਿਤ ਪੁਸਤਕ ਦਾ ਹੈ, ਆਲਮ ਤਾਂ ੧੭੧੨ ਤੋਂ ੧੭੭੪ ਬਿ: ਸੰਮਤ ਵਿਚ ਹੋਇਆ ਹੈ ਤਾਂ ਉਹਨਾਂ ਦੀ ਹੈਰਾਨੀ ਦੂਰ ਹੋ ਜਾਂਦੀ ਤੇ ਜੋ ਕੁਛ ਲਿਖਿਆ ਹੈ ਨਾ ਲਿਖਦੇ।

ਫਿਰ ਆਲਮ ਆਪਣੇ ਦੀਬਾਚੇ (ਉਥਾਨਕਾ) ਵਿਚ ਆਪ ਮੰਨਦਾ ਹੈ ਕਿ ਮੈਂ ਸੰਸਕ੍ਰਿਤ ਦਾ ਤਰਜਮਾ ਕੀਤਾ ਹੈ, ਕੁਛ ਪਰਾਈ ਰਚਨਾ ਬੀ ਵਿਚ ਪਾਈ ਹੈ, ਕੁਛ ਆਪ ਜੋੜੀ ਹੈ। ਇਸ ਤੋਂ ਬੀ ਸਹੀ ਹੁੰਦਾ ਹੈ ਕਿ ਰਾਗਮਾਲਾ ਉਸਨੇ ਪਰ ਕ੍ਰਿਤ ਲਈ ਹੈ। ਯਥਾ :-

"ਕਿਛ ਆਪਨ ਕਿਛ ਪਰ-ਕ੍ਰਿਤ ਚੋਰੇ। ਯਥਾ ਸ਼ਕਤ ਕੇ ਅੱਖਰ ਜੋਰੇ॥"
ਕਥਾ ਸੰਸਕ੍ਰਿਤ ਸੁਨਿ ਕੁਛ ਥੋਰੀ॥ ਭਾਖਾ ਬਾਂਧਿ ਚੌਪਈ ਜੋਰੀ।

ਆਲਮ ਦਸਮੇ ਪਾਤਸ਼ਾਹ ਦੇ ਕਵੀਆਂ ਵਿਚ ਹੋਇਆ ਹੈ, ਇਤਿਹਾਸ ਇਸ ਦੀ ਸਾਖ ਭਰਦੇ ਹਨ। ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ ਉਸਨੇ ਗੁਰੂ ਦਰਬਾਰ ਵਿਚ ਕਈ ਵੇਰ ਸੁਣੀ ਹੋਊ, ਸੋ ਸੱਚ ਦੇ ਨੇੜੇ ਇਹ ਗੱਲ ਜਾਪਦੀ ਹੈ ਕਿ ਉਸਨੇ ਇਹ ਸੁਣੀ ਹੋਈ ਗੁਰੂ ਰਾਗਮਾਲਾ ਆਪਣੀ ਰਚਨਾ ਵਿਚ ਲਿਖ ਦਿਤੀ। ਤੇ ਇਸ ਨੂੰ ਆਪ ਮੰਨਿਆ ਕਿ ਮੈਂ ਕੁਝ ਪਰਾਈ ਕ੍ਰਿਤ ਲੈਕੇ ਆਪਣੀ ਰਚਨਾ ਵਿਚ ਸ਼ਾਮਲ ਕੀਤੀ ਹੈ। ਵਿਸਥਾਰ ਲਈ ਦੇਖੋ ਗਜਾਨੀ ਸਾਹਿਬ ਸਿੰਘ ਜੀ ਧਮਧਾਣ ਨਿਵਾਸੀ ਜੀ ਦੀ ਨਵੀਨ ਖੋਜ 'ਰਾਗਮਾਲਾ ਪ੍ਰਬੋਧ' ਅਤੇ ਖਾ: ਟ੍ਰੈ: ਸੁਸਾਇਟੀ ਦਾ 'ਗੁਰੂ


www.sikhbookclub.com

ਗ੍ਰੰਥ ਕੋਸ਼' ਅੰਤਕਾਰ।

ਰਾਗਮਾਲਾ ਦੇ ਪਦ ਜੋੜ (ਹਿਜੇ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਣ ਸ਼ੈਲੀ ਅਨੁਸਾਰ ਹਨ। ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਰਾਗਮਾਲਾ ਤੇ ਬਾਕੀ ਸਾਰੀ ਬਾਣੀ ਦੀ ਲਿਖਤ ਇਕੋ ਹਥ ਦੀ ਹੈ, ਜੋ ਭਾਈ ਗੁਰਦਾਸ ਜੀ ਦੀ ਕਲਮ ਸਹੀ ਹੁੰਦੀ ਹੈ।

ਦੂਜਾ ਟਪਲਾ ਮੁੰਦਾਵਣੀ ਦਾ ਅਰਥ 'ਮੁਹਰ ਛਾਪ' ਕਹਨਾ ਹੈ। ਮੁੰਦਾਵਣੀ ਲਫਜ਼ ਹੁਣ ਤਕ ਪੋਠੋਹਾਰੀ ਵਿਚ ਬੋਲਦੇ ਹਨ। ਜੰਞ ਵੇਲੇ ਥਾਲ ਬੰਨ੍ਹਣ ਵੇਲੇ ਦੀ ਬੁਝਾਰਤ ਨੂੰ ਮੁੰਦਾਵਣੀ ਕਹਿੰਦੇ ਹਨ, ਜੋ ਬੁੱਝੇ ਬਿਨਾ ਜੰਞ ਰੋਟੀ ਨਹੀਂ ਸੀ ਖਾ ਸਕਦੀ। ਸੋਰਠਿ ਰਾਗ ਵਿਚ ਬੀ ਮੁੰਦਾਵਣੀ ਹੈ, ਜੇ 'ਮੁਹਰ ਛਾਪ' ਹੁੰਦੀ ਤਾਂ ਸੋਰਠ ਤੇ ਹੀ ਭੋਗ ਪੈ ਜਾਂਦਾ। ਉਥੇ ਮੁੰਦਾਵਣੀ ਮੁੰਦਾਵਣੀ ਹੈ, ਬੁਝਾਰਤ ਹੈ। ਏਥੇ ਮੁੰਦਾਵਣੀ ਖੁਹਲੀ ਹੈ। ਮੁੰਦਾਵਣੀ ਦੋਹਾਂ ਵਿਚ ਹੀ ਥਾਲ ਤੇ ਥਾਲ ਵਿਚ ਪਰੋਸੇ ਭੋਜਨਾਂ ਦਾ ਕਥਨ ਹੈ, ਜਿਸ ਤੋਂ ਸਫੁਟ ਹੈ ਕਿ ਇਹ ਮੁੰਦਾਵਣੀ ਜੰਞ ਦੀ ਰੋਟੀ ਵੇਲੇ ਦਾ ਅਲੰਕਾਰ ਵਰਤਿਆ ਹੈ। ਮੁੰਦਾਵਣੀ ਸੰਬੰਧੀ ਵਿਸ਼ੇਸ਼ ਵਿਸਥਾਰ ਲਈ ਦੇਖੋ ਅਗਲਾ ਲੇਖ।

ਸੋ ਸਾਬਤ ਹੋ ਗਿਆ ਕਿ ਆਲਮ ਨੇ ਗੁਰੂ ਘਰ ਦਾ ਜਾਣੂ ਹੋਣ ਕਰਕੇ ਇਹ ਰਾਗਮਾਲਾ ਜੋ ਉਸਦੀ ਆਪਣੀ ਕ੍ਰਿਤ ਨਹੀਂ ਸੀ ਆਪਣੇ ਹਿੰਦੀ ਤਰਜਮੇ ਵਿਚ ਪਾ ਲਈ ਸੀ।

ਹੁਣ ਕੋਈ ਸੰਸਾ ਬਾਕੀ ਨਹੀਂ, ਰਾਗਮਾਲਾ ਗੁਰੂ ਕ੍ਰਿਤ ਹੈ, ਆਲਮ ਪਰਾਈ ਕ੍ਰਿਤ ਲੈ ਕੇ ਵਰਤਣ ਵਾਲਾ ਹੈ, ਆਪ ਰਚਣਹਾਰ ਨਹੀਂ।

ਡਾਕਟਰ ਬਲਬੀਰ ਸਿੰਘ ਜੀ ਪੀ. ਐਚ. ਡੀ. (ਲੰਡਨ) ਨੇ ਅੰਗਰੇਜ਼ੀ ਵਿਚ ਇਕ ਭਾਰੀ ਇਤਿਹਾਸਕ ਖੋਜ ਕਰਕੇ ਕਿਤਾਬ ਲਿਖੀ ਹੈ, 'ਮਾਧਵਾਨਲ ਕਾਮਕੰਦਲਾ ਚਰਿਤ' (Madhvanala Kamakandla Carita) ਇਸ ਵਿਚ ਮਾਧਵਾਨਲ ਦੀ ਆਲਮ ਕ੍ਰਿਤ ਹਿੰਦੀ ਰਚਨਾ ਨੂੰ ਜੋਧ ਕਵੀ ਸੰਸਕ੍ਰਿਤ ਰਚਨਾ ਦੇ ਬਿਲ ਮੁਕਾਬਿਲ ਫੁਟ ਨੋਟਾਂ ਵਿਚ ਦੇ ਕੇ ਉਸਦਾ ਤਰਜਮਾ ਸਾਬਤ ਕੀਤਾ ਹੈ ਤੇ ਦੱਸਿਆ ਹੈ ਕਿ ਉਸ ਸੰਸਕ੍ਰਿਤ ਅਸਲ ਵਿਚ ਕੋਈ ਰਾਗਮਾਲਾ ਨਹੀਂ ਹੈ।

# (ਮੁੰਦਾਵਣੀ)

ਰਾਗਮਾਲਾ ਤੋਂ ਪਹਿਲੋਂ ਇਕ ਸ਼ਲੋਕ ਹੈ ਤੇ ਸ਼ਲੋਕ ਤੋਂ ਪਹਿਲੋਂ ਮੁੰਦਾਵਣੀ ਦਾ ਸ਼ਲੋਕ ਹੈ। ਮੁੰਦਾਵਣੀ ਦਾ ਵੇਰਵਾ ਅਪਣੇ ਕੋਸ਼ ਵਿਚ ਇਸ ਪ੍ਰਕਾਰ ਲਿਖ ਆਏ ਹਾਂ :-

ਮੁਦਾਵਣੀ, ਮੁੰਦਾਵਣੀ (ਭਾ: ਸੰ:। ਮੁਦ੍ਰਾ, ਭੇਤ ਦੀ ਗਲ। ਸਾਹਿਤ ਵਿਚ ਐਸੀ ਰਚਨਾ ਜਿਸਦੇ ਪ੍ਰਗਟ ਅਰਥ ਦੇ ਸਿਵਾ ਕੋਈ ਹੋਰ ਅਰਥ ਯਾ ਸਾਰਥਿਕ ਪਦ ਬੀ ਬਣ ਜਾਵੇ।

ਧਾਤੂ ਹੈ, ਮੁਦ੍ = ਪ੍ਰਸੰਨ ਕਰਨਾ। ਪੰਜਾਬੀ, ਮੁੰਦਾਵਣੀ-ਜਿਸ ਵਿਚ ਭਾਵ ਯਾ ਅਰਥ ਮੁੰਦ ਕੇ, ਬੰਦ ਕਰਕੇ ਯਾ ਲੁਕਾ ਕੇ ਰਖਿਆ ਹੋਵੇ,*) ਬੁਝਾਰਤ, ਅੜਾਉਣੀ, ਐਸੀ ਗੱਲ ਜੋ ਕੋਈ ਛੇਤੀ ਨਾਲ ਨਾ ਸਮਝ ਸਕੇ।

*ਯਥਾ ਗੁਰਵਾਕ-'ਇਹ ਮੁੰਦਾਵਣੀ ਸਤਿਗੁਰੂ ਪਾਈ ਗੁਰ ਸਿਖਾ ਲਧੀ ਭਾਲਿ'। ਅਰਥਾਤ ਮੁੰਦਾਵਣੀ ਕੋਈ ਗੁਪਤ ਅਭਿਪ੍ਰਾਯ ਦੀ ਵਸਤੂ ਹੈ ਜੋ ਭਾਲ ਨਾਲ ਲੱਭਣ ਵਾਲੀ ਹੈ।

 www.sikhbookclub.com

ਮੁੰਦਾਵਣੀ[1] ਦੇ ਦੋ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ, ਇਕ ਸੋਰਠਿ ਦੀ ਵਾਰ ਵਿਚ ਤੀਸਰੀ ਪਾਤਸ਼ਾਹੀ ਦਾ ਹੈ ਤੇ ਦੂਜਾ ਸਲੋਕ ਪੰਜਵੀਂ ਪਾਤਸ਼ਾਹੀ ਜੀ ਦਾ ਅੰਤ ਪੁਰ ਰਾਗਮਾਲਾ ਤੇ 'ਸਲੋਕ ਮ: ੫' ਤੋਂ ਮੁਹਰੇ ਹੈ :

ਸੋਰਠ ਦੀ ਅਠਵੀਂ ਵਾਰ ਵਿਚ ਦੇ ਸਲੋਕ ਦਾ ਪਾਠ ਹੈ :-

ਸਲੋਕੁ ਮ: ੩॥ ਥਾਲੈ ਵਿਚਿ[2] ਤ੍ਰੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ॥
ਏਹੁ ਮੁਦਾਵਣੀ ਸਤਿਗੁਰੂ ਪਾਈ ਗੁਰ ਸਿਖਾ ਲਧੀ ਭਾਲਿ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ॥੧॥

ਅਰਥਾਤ-(ਗੁਰਸਿਖ ਦੇ ਹਿਰਦੇ ਰੂਪੀ) ਥਾਲ ਵਿਚ (ਗੁਰੂ ਵਲੋਂ) ਤ੍ਰੈ ਵਸਤਾਂ (ਪਈਓ) ਪ੍ਰੋਸੀਆਂ ਗਈਆਂ ਹਨ, (ਜੋ ਸੰਸਾਰਿਕ ਭੋਜਨ ਨਹੀਂ ਪਰ ਹਰਿ ਭੋਜਨ=) ਈਸ਼੍ਵਰੀਯ ਭੋਜਨ (ਰੂਹਾਨੀ ਖੁਰਾਕ ਹਨ), (ਤੇ ਸੁਆਦ ਵਿਚ) ਅੰਮ੍ਰਿਤ (ਤੋਂ) ਬੀ (ਸਾਰ) ਸਰੇਸ਼ਟ ਹਨ। ਜਿਸ (ਭੋਜਨ) ਦੇ ਖਾਧਿਆਂ ਮਨ ਤ੍ਰਿਪਤ ਹੁੰਦਾ ਹੈ, ਤੇ ਮੁਕਤੀ ਦਾ ਦੁਆਰ ਪ੍ਰਾਪਤ ਕਰ ਲਈਦਾ ਹੈ। ਹੇ ਸੰਤੋ! ਏਹ ਭੋਜਨ (ਹੋਰ ਤ੍ਰੀਕਿਆਂ ਨਾਲ) ਨਹੀਂ ਲੱਭਦਾ (ਇਹ) ਗੁਰੂ ਦੀ (ਬਖਸ਼ੀ) ਵੀਚਾਰ ਨਾਲ ਲੱਭਦਾ ਹੈ।

ਪਹਿਲੀਆਂ ਇਨ੍ਹਾਂ ਤ੍ਰੈ ਤੁਕਾਂ ਵਿਚ ਪਤਾ ਨਹੀਂ ਲੱਗਾ ਕਿ ਤ੍ਰੈ ਵਸਤਾਂ ਕੀ ਹਨ? ਮਾਨੋਂ ਇਹ ਵਾਕ ਅਜੇ ਇਕ ਬੁਝਾਰਤ ਹੈ। ਇਸ ਲਈ ਆਪ ਹੀ ਫੁਰਮਾਉਂਦੇ ਹਨ ਕਿ:- ਇਹ ਬੁਝਾਰਤ (ਤਾਂ ਹੈ ਪਰ) ਇਸ ਨੂੰ ਵਿਚੋਂ ਕਿਉਂ ਕੱਢੀਏ, ਇਸ ਨੂੰ ਸਦਾ ਦਿਲ ਵਿਚ ਧਾਰਨ ਕਰੀਏ, ਇਹ ਬੁਝਾਰਤ ਸਤਿਗੁਰੂ ਨੇ (ਆਪ) ਪਾਈ ਹੈ, ਤੇ ਗੁਰੂ ਕੇ ਸਿਖਾਂ ਨੇ ਭਾਲ ਕੇ ਲੱਭ ਲਈ ਹੈ; ਗੁਰਮੁਖਾਂ ਨੇ ਘਾਲ ਕਰਕੇ ਹਰੀ ਨੂੰ ਪਾਯਾ ਹੈ, ਤਾਂਤੇ ਜਿਸਨੂੰ (ਵਾਹਿਗੁਰੂ) ਬੁਝਾਏਗਾ ਉਹੀ ਇਸ (ਬੁਝਾਰਤ) ਨੂੰ ਬੁੱਝੇਗਾ।

ਸੋ ਅੰਤ ਤੱਕ ਇਸ ਸ਼ਲੋਕ ਵਿਚ ਬੁਝਾਰਤ ਨਿਭੀ ਹੈ। ਇਸ ਸਲੋਕ ਵਿਚ ਗੁਰੂ ਜੀ ਨੇ ਇਕ ਈਸ਼੍ਵਰ ਪ੍ਰਾਪਤੀ ਦੇ ਸਾਰ ਸਿੱਧਾਂਤ ਦਾ ਇਸ਼ਾਰਾ ਦਿੱਤਾ ਹੈ, ਜੋ ਘਾਲ ਕਰਨ ਵਾਲੇ ਗੁਰ ਸਿੱਖਾਂ ਤੇ ਖੁੱਲ੍ਹ ਜਾਂਦਾ ਹੈ, ਇਸ ਸਲੋਕ ਵਿਚ ਖੁਹਲਿਆ ਨਹੀਂ। ਗੁਰਸਿਖੀ ਦੀ ਚੋਟੀ ਤੇ ਖੜੇ ਗੁਰੂ ਅਰਜਨ ਦੇਵ ਜੀ ਨੂੰ ਇਹ ਪਤਾ ਲਗਣਾ ਹੀ ਸੀ। ਗੁਰਿਆਈ ਦੇ ਤਖਤ ਤੇ ਬੈਠੇ ਗੁਰੂ ਅਰਜਨ ਦੇਵ ਜੀ ਨੇ ਇਸ ਬੁਝਾਰਤ ਨੂੰ ਖੋਲ੍ਹਿਆ ਹੈ, ਜੋ ਖੁੱਲ ਗਈ ਹੈ, ਬੁਝਾਰਤ ਨਹੀਂ ਰਹੀ। ਪਦਾਰਥ ਬੀ ਤ੍ਰੈਏ ਦੱਸ ਦਿਤੇ ਹਨ, ਸੋ ਦੂਸਰਾ ਸ਼ਲੋਕ ਪੰਜਵੇਂ ਸਤਿਗੁਰਾਂ ਦਾ ਇਸ ਬੁਝਾਰਤ ਦੀ ਖੁੱਲ੍ਹ ਹੈ, ਇਸ ਦਾ ਹੱਲ ਹੈ, ਇਸੇ ਕਰਕੇ ਉਸਦਾ ਸਿਰਲੇਖ ਬੀ ਮੁੰਦਾਵਣੀ ਹੈ। ਇਸ ਮੁੰਦਾਵਣੀ ਸਮਝਣ ਵਿਚ ਫੇਰ ਬੁਝਾਰਤ ਬੀ

---

੧. ਪੋਠੋਹਾਰ ਵਿਚ ਹੁਣ ਤਕ 'ਮੁੰਦਾਵਣੀ' 'ਬੁਝਾਰਤ ਨੂੰ ਆਖਦੇ ਹਨ। ਜੀਵ ਜਦ ਰੋਟੀ ਖਾਣ ਬੈਠੇ ਤੇ ਕੁੜੀਆਂ ਬੁਝਾਰਤ ਪਾਕੇ ਬਾਲੀ ਬੰਨ੍ਹ ਦੇਂਦੀਆਂ ਹਨ, ਉਹ ਬੁੱਝੀ ਜਾਵੇ ਤਾਂ ਜੀਵ ਰੋਟੀ ਖਾਂਦੀ ਹੈ। ਇਸਨੂੰ ਬੀ ਮੁੰਦਾਵਣੀ ਕਹਿੰਦੇ ਹਨ। ਆਮ ਬੋਲਚਾਲ ਵਿਚ ਬੀ ਪੋਠੋਹਾਰੀ ਹੁਣ ਤਕ ਬੋਲਦੇ ਹਨ, 'ਮੁੰਦਾਵਣੀਆਂ ਕਿਉਂ ਪਏ ਪਾਨੇ ਓ, ਸਿਧੀ ਗੱਲ ਦਸੋ'। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦੋਹਾ ਮੁੰਦਾਵਣੀਆਂ ਵਿਚ 'ਥਾਲ' ਦਾ ਜ਼ਿਕਰ ਹੈ, ਨਾਲ 'ਭੋਜਨ' ਦਾ ਕਥਨ ਹੈ।

੨. 'ਥਾਲੈ ਵਿਚਿ', ਬੀ ਪੋਠੋਹਾਰੀ ਬੋਲ ਹੈ। ਜਿਵੇਂ-'ਟਿਕੀ ਸੰਦੂਖੇ ਵਿਚ ਪਈ ਨੇਂ'। ਮੱਧ ਪੰਜਾਬ ਵਿਚ ਬੋਲਦੇ ਹਨ ਥਾਲ ਵਿਚ।

 www.sikhbookclub.com

ਹੈ, ਜੋ ਥੋੜੀ ਜੇਹੀ ਵੀਚਾਰ ਨਾਲ ਖੁਲ੍ਹ ਜਾਂਦੀ ਹੈ। ਇਹ ਬੁਝਾਰਤ ਬੀ ਹੈ ਤੇ ਬੁਝਾਰਤ ਦੀ ਖੁਲ੍ਹ ਬੀ ਹੈ। ਪਾਠ ਹੈ :

ਮੁੰਦਾਵਣੀ ਮਹਲਾ ੫॥
ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸਕਾ ਹੋਇ ਉਧਾਰੋ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥

ਥਾਲ ਵਿਚ ਤ੍ਰੈ ਵਸਤਾਂ ਪਾਈਆਂ ਹਨ :-

੧. ਸਤੁ, ੨. ਸੰਤੋਖ, ੩. ਵੀਚਾਰੋ, ੪. ਅੰਮ੍ਰਿਤ ਨਾਮ ਠਾਕੁਰ ਕਾ। ਇਸ ਮੁੰਦਾਵਣੀ ਵਿਚ ਤ੍ਰੈਏ ਵਸਤਾਂ ਗਿਣ ਦਿੱਤੀਆਂ, ਬੁਝਾਰਤ ਖੁਲ੍ਹ ਗਈ, ਪਰ ਵਸਤਾਂ ਚਾਰ ਦੱਸੀਆਂ, ਚੋਹਾਂ ਨੂੰ ਤਿੰਨ ਸਮਝ ਸਕਣਾ ਇਹ ਫੇਰ ਮੁੰਦਾਵਣੀ ਖੋਲ੍ਹਣੀ ਹੈ :- ੧. ਸਤੁ, ੨. ਸੰਤੋਖ, ੩. ਅੰਮ੍ਰਿਤ ਨਾਮੁ ਠਾਕੁਰ ਕਾ। ਤੇ 'ਵੀਚਾਰੋ' ਏਥੇ ਸੰਗਯਾ ਪਦ ਨਹੀਂ ਕ੍ਰਿਯਾ ਹੈ ਹੁਕਮ ਹੈ, ਕਿ ਵੀਚਾਰ ਲਓ ਹੇ ਸੰਤਹੁ! ਤ੍ਰੈ ਵਸਤਾਂ ਥਾਲ ਵਿਚ ਪਈਆਂ ਹਨ, ਸਤੁ, ਸੰਤੋਖ ਤੇ ਅੰਮ੍ਰਿਤ ਨਾਮ। ਇਸਨੂੰ ਖੋਲ੍ਹਣ ਵਾਲੀ ਕੁੰਜੀ 'ਵੀਚਾਰੋ' ਪਦ ਵਿਚ ਹੈ। ਕਿ ਤੁਮੀਂ ਜੇ ਵੀਚਾਰ ਕਰੋਗੇ ਤਾਂ ਮੁੰਦਾਵਣੀ ਖੁਲ੍ਹ ਗਈ ਹੈ। ਉਹ ਇਉਂ ਕਿ ਪਦਾਰਥ ਤ੍ਰੈ ਇਹ ਹਨ- ੧. ਸਤੁ, ੨. ਸੰਤੋਖ, ੩. ਅੰਮ੍ਰਿਤ ਨਾਮੁ ਠਾਕੁਰ ਕਾ। ਤੇ-ਵੀਚਾਰੋ-ਕ੍ਰਿਯਾ ਪਦ ਹੈ, ਸੰਗਯਾ ਨਹੀਂ ਹੈ, ਵੀਚਾਰੋ ਦਾ ਅਰਥ ਹੈ ਵੀਚਾਰ ਕਰੋ, ਜਿਸ ਤਰ੍ਹਾਂ ਪਹਿਲੀ ਮੁੰਦਾਵਣੀ ਵਿਚ ਕਿਹਾ ਸੀ :- "ਸੰਤਹੁ ਲਭੈ ਗੁਰ ਵੀਚਾਰਿ" ਉਸੇ ਤਰ੍ਹਾਂ ਹੁਣ ਕਿਹਾ ਕਿ ਵੀਚਾਰ ਕਰੋ (ਹੇ ਸੰਤੋ!) ਤ੍ਰੈ ਵਸਤਾਂ ਹਨ :- ਸਤ, ਸੰਤੋਖ, ਨਾਮ। ਪਹਿਲੀ ਵਿਚ ਵੀ ਫਲ 'ਮੋਖ ਦੁਆਰ' ਕਿਹਾ ਸੀ, ਇਸ ਵਿਚ ਬੀ 'ਹੋਇ ਉਧਾਰੋ' ਫਲ ਦੱਸਿਆ।

ਪਹਿਲੀ ਤੁਕ ਵਿਚ 'ਪਈਓ' ਸਤ ਤੇ ਸੰਤੋਖ ਦੋਹਾਂ ਦੀ ਕ੍ਰਿਯਾ ਹੈ, ਦੂਸਰੀ ਵਿਚ 'ਪਇਓ' 'ਅੰਮ੍ਰਿਤ ਨਾਮ' ਦੀ ਕ੍ਰਿਯਾ ਹੈ।

## ੩੪. ਭਾਈ ਬੰਨੋ ਦੀ ਬੀੜ।

ਕਹਿੰਦੇ ਹਨ ਕਿ ਮਾਂਗਟਾਂ ਦੇ ਭਾਈ ਬੰਨੋ ਨੂੰ ਪਵਿਤ੍ਰ ਆਦਿ ਬੀੜ ਜਿਲਦ ਬਨ੍ਹਾਉਣ ਲਈ ਦਿਤੀ, ਤੇ ਕਿਹਾ ਕਿ ਇਕੋ ਰਾਤ ਲਾਹੌਰ ਰਹਿਣਾ ਜਲਦੀ ਜਿਲਦ ਬਨ੍ਹਾ ਕੇ ਆ ਜਾਣਾ। ਭਾਈ ਨੇ ਰਸਤੇ ਵਿਚ ਕਈ ਲਿਖਾਰੀ ਲਾ ਕੇ ਉਤਾਰਾ ਕਰਵਾ ਲਿਆ। ਲਾਹੌਰੋਂ ਇਕ ਰਾਤ ਜਿਲਦ ਬਣਵਾਕੇ ਮੁੜ ਆਯਾ। ਇਸ ਪ੍ਰੇਮੀ ਨੇ ਆਪਣਾ ਉਤਾਰਾ ਕੀਤੀ ਬੀੜ ਵਿਚ ਹੋਰ ਬਾਣੀ ਚਾੜ੍ਹ ਲਈ, ਜੋ ਗੁਰੂ ਜੀ ਨੇ ਨਹੀਂ ਚਾੜ੍ਹੀ ਸੀ। ਦੂਜੀ ਇਹ ਗਲ ਕਹਿੰਦੇ ਹਨ ਕਿ ਭਾਈ ਬੰਨੋ ਗੁਰੂ ਜੀ ਤੋਂ ਆਗਯਾ ਲੈ ਕੇ ਪਾਵਨ ਆਦਿ ਬੀੜ ਦੇ ਸੰਗਤਾਂ ਨੂੰ ਦਰਸ਼ਨ ਕਰਾਉਣ ਲਈ ਮਾਂਗਟ ਲੈ ਗਿਆ ਸੀ। ਹੁਕਮ ਓਥੇ ਇਕੋ ਰਾਤ ਠਹਿਰਨੇ ਦਾ ਸੀ, ਸੋ ਪੂਰਾ ਕੀਤਾ ਪਰ ਜਾਂਦੇ ਆਉਂਦੇ ਰਸਤੇ ਵਿਚ ਉਤਾਰਾ ਕਰ ਕਰਾ ਲਿਆ। ਗਲ ਇਵੇਂ ਹੋਈ ਹੋਵੇ ਯਾ ਹੋਰ ਤਰ੍ਹਾਂ, ਸਤਿਗੁਰੂ ਜੀ ਨੇ ਇਸ ਬੀੜ ਨੂੰ, 'ਖਾਰੀ ਬੀੜ' ਆਖਿਆ। ਬਹੁਤੇ ਲਿਖਤੀ ਉਤਾਰੇ ਇਸੇ ਬੀੜ ਦੇ ਹੀ ਮਿਲਦੇ ਹਨ ਕਿਉਂਕਿ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਅਸਲੀ ਆਦਿ

 www.sikhbookclub.com

ਬੀੜ ਕਰਤਾਰ ਪੁਰ ਧੀਰ ਮੱਲੀਆਂ ਪਾਸ ਚਲੀ ਗਈ ਤੇ ਉਹ ਉਤਾਰਾ ਨਹੀਂ ਸਨ ਕਰਨ ਦੇਂਦੇ ਪਰ ਭਾਈ ਬਨੋ ਕੇ ਉਤਾਰੇ ਖੁੱਲ੍ਹੇ ਕਰਨ ਦੇਂਦੇ ਸੀ।

ਦਸਮੇਂ ਪਾਤਸ਼ਾਹ ਨੇ ਦਮਦਮੇ ਬੈਠ ਕੇ ਨੌ ਮਹੀਨੇ ਨੌ ਦਿਨਾਂ ਵਿਚ ਕਰਤਾਰ ਪੁਰ ਵਾਲੀ ਬੀੜ ਦਾ ਹੀ ਪਾਠ ਲੀਤਾ, ਵਿਚ ਨੋਵੇਂ ਪਾਤਸ਼ਾਹ ਦੀ ਬਾਣੀ ਚਾੜ੍ਹੀ, 'ਸੋ ਪਰਖ' ਤੇ ਉਸਦੇ ਨਾਲ ਤ੍ਰੈ ਸ਼ਬਦ ਹੋਰ ਰਹਰਾਸ ਵਿਚ ਪਾਏ ਤੇ ਲਿਖਿਆ ਹੈ ਕਿ ਕਿਸੇ ਕਿਸੇ ਥਾਂ ਥੋੜਾ ਫਰਕ ਪਾਠ ਦਾ ਬੀ ਕੀਤਾ। ਇਹੋ ਉਨ੍ਹਾਂ ਦੀ ਮੁਕੰਮਲ ਕੀਤੀ ਬੀੜ ਅੰਤਮ ਰੂਪ ਹੈ। ਇਸ ਦੇ ਚਾਰ ਉਤਾਰੇ ਬਾਬਾ ਦੀਪ ਸਿੰਘ ਜੀ ਨੇ ਕੀਤੇ ਤੇ ਤਖਤ ਸਾਹਿਬਾਂ ਤੇ ਘੱਲੇ। ਤਾਕਿ ਅਗੋਂ ਇਸੇ ਬੀੜ ਦਾ ਸਿਖੀ ਵਿਚ ਪ੍ਰਚਾਰ ਹੋਵੇ; ਇਹੋ ਫੇਰ ਲਿਖੇ ਗਏ ਤੇ ਅਜ ਤਕ ਛਪਦੇ ਆਏ। ਇਸੇ ਬੀੜ ਨੂੰ ਦਸਮ ਪਾਤਸ਼ਾਹ ਨੇ ਗੱਦੀ ਦਿੱਤੀ ਤੇ ਗੁਰੂ ਥਾਪਿਆ। ਇਹ ਗੁਰੂ ਗ੍ਰੰਥ ਸਾਹਿਬ ਹੁਣ ਸਿਖ ਪੰਥ ਦਾ ਗੁਰੂ ਹੈ, ਇਸ਼ਟ ਹੈ।

# ੩੫. ਪਰਮ ਪਾਵਨ, ਪਰਮ ਉਪਕਾਰੀ, ਪਰਮ ਪਵਿਤ੍ਰ ਬੀੜ ਸਾਹਿਬ ਦੀ ਸਥਾਪਨਾਂ।

**ਇਸ** ਜਗਤ ਤਾਰਕ ਪਾਵਨ ਬੀੜ ਦੀ ਤਿਆਰੀ ਤੇ ਕਿਤਨਾ ਵਕਤ ਲੱਗਾ? ਲਿਖਿਆ ਵੇਰਵਾ ਨਹੀਂ ਮਿਲਦਾ, ਪਰ ਇਸ ਪਵਿੱਤ੍ਰ ਕਾਰਜ ਦੀ ਸਮਾਪਤੀ ਭਾਦ੍ਰੋਂ ਵਦੀ ੧ ਏਕਮ ਸੰਮਤ ੧੬੬੧ ਬਿਕਰਮੀ ਨੂੰ ਹੋਈ, ਇਹ ਨਿਸ਼ਚਿਤ ਹੈ। ਵਕਤ ਲਗਾ ਤੇ ਚੋਖਾ ਲਗਾ ਸਹੀ ਹੁੰਦਾ ਹੈ।

ਜਦੋਂ ਇਹ ਕਾਰਜ ਸਿਰੇ ਚੜ੍ਹ ਗਿਆ, ਬੜੀਆਂ ਖੁਸ਼ੀਆਂ ਤੇ ਮੰਗਲ ਹੋਏ। ਨਗਰੀ ਦੇ ਲੋਕ ਤੇ ਬਾਹਰੋਂ ਆਈਆਂ ਸੰਗਤਾਂ ਨੂੰ ਸ੍ਰੀ ਬਾਬਾ ਬੁੱਢਾ ਜੀ ਨੇ ਦੱਸ ਦਿਤਾ ਕਿ ਮਹਾਨ ਕਾਰਜ ਹੋ ਗਿਆ ਹੈ, ਤੇ ਕੱਲ ਰਾਮਸਰ ਉਤਸਵ ਹੈ। ਸੰਗਤਾਂ ਸੁਣ ਕੇ ਸਭ ਆਣ ਜੁੜੀਆਂ। ਜੋ ਆਉਂਦਾ ਹੈ ਫੁਲਾਂ ਦੇ ਸਿਹਰੇ ਤੇ ਕੁਛ ਨਾ ਕੁਛ ਪ੍ਰਸਾਦ ਵਜੋਂ ਲਿਆਉਂਦਾ ਹੈ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਪੁਨ ਸ੍ਰੀ ਗੁਰ ਬੈਠਿ ਦਿਵਾਨ ਲਗਜੋ। ਗਨ ਸਿੱਖਜ ਪਿਖੈਂ ਮਨ ਪ੍ਰੇਮ ਪਗਜੋ॥
ਸਭਿ ਬੀਚ ਸੁਹਾਵਤਿ ਗ੍ਰੰਥ ਧਰਜੋ। ਕਰਿ ਸੇਵਕ ਸੁੰਦਰ ਚੌਰ ਫਿਰਜੋ॥੧੫॥
ਲਗਿ ਢੇਰ ਪ੍ਰਸਾਦਿ ਗਯੋ ਸੁ ਤਹਾਂ। ਬਹੁ ਲਜਾਵਤਿ ਸਿਖ ਅਨੰਦ ਮਹਾਂ॥
ਸ਼ੁਭ ਫੂਲਨਿ ਮਾਲ ਬਿਸਾਲ ਕਰੇ। ਬਹੁ ਰੰਗਨਿ ਕੇ ਬਿਚ ਗੁੰਫ ਧਰੇ॥੧੬॥
ਗੁਰ ਸ੍ਰੀ ਗੁਰ ਕੇ ਸਿਖ ਪਾਵਤਿ ਹੈਂ। ਬਹੁ ਭਾਂਤਿਨ ਫੂਲ ਚਢਾਵਤਿ ਹੈਂ।
ਸ਼ੁਭ ਮਾਲ ਸੁ ਫੂਲ ਬਿਸਾਲ ਲਏ। ਗੁਰੂ ਗ੍ਰਿੰਥ ਸਮੀਪ ਚਢਾਇ ਦਏ॥੧੭॥
ਬਹੁ ਧੂਪ ਸੁ ਆਗਿ ਧੁਖਾਵਤਿ ਹੈਂ। ਘਸਿ ਚੰਦਨ ਕੇਸਰ ਪਾਵਤਿ ਹੈਂ।
ਚਰਚੈਂ ਅਰਚੈਂ ਸਿਖ ਪ੍ਰੀਤ ਧਰੈਂ। ਗਨ ਸੰਖ ਬਜਾਵਤਿ ਫੂਕ ਭਰੈਂ॥੧੮॥
ਅਰਦਾਸ ਪ੍ਰਸਾਦਨਿ ਬ੍ਰਿੰਦ ਕਰੈਂ। ਜਯਕਾਰ ਸਭੈ ਇਕ ਬਾਰ ਰਰੈਂ।
ਕਰਿ ਧਾਰਿ ਰਬਾਬ ਸਤਾਰ ਬਜੈਂ। ਸਬਦਾਨਿ ਸੁ ਗਾਇ ਸੁ ਰਾਗ ਸਜੈਂ॥੧੯॥

(ਰਾਸ ੩ ਅੱਸੂ ੪੯)


www.sikhbookclub.com

ਕਵੀ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਜੀ ਨੇ ਰਾਮਸਰ ਸਾਹਿਬ ਬੈਠਿਆਂ ਇਕ ਦਿਨ ਭਰੇ ਦੀਵਾਨ ਵਿਚ ਏਹ ਵਾਕ ਉਚਾਰੇ :--

'ਗ੍ਰਿੰਥ ਜ਼ਹਾਜ ਸੁ ਭੌਜਲ ਕੋ ਤਰ ਜਾਤਿ ਸੁਖੇਨ ਜਿਨੀ ਚਿਤ ਲਾਯੋ॥੪॥
ਸ੍ਰੀ ਗੁਰ ਕੇਰ ਸਰੀਰ ਜੁਊ ਸਭਿ ਥਾਨ ਸਮੇਂ ਸਭਿ ਨਾ ਦਰਸੈ ਹੈਂ॥
ਗ੍ਰਿੰਥ ਰਿਦਾ ਗੁਰ ਕੋ ਇਹ ਜਾਨਹੁ ਉੱਤਮ ਹੈ ਸਭਿ ਕਾਲ ਰਹੈ ਹੈ॥
ਮੇਰੇ ਸਰੂਪ ਤੇ ਯਾਂਤੇ ਹੈ ਦੀਰਘ ਸਾਹਿਬ ਜਾਨਿ ਅਦਾਇਬ ਕੈ ਹੈ॥
ਪੂਜਹੁ ਚੰਦਨ ਕੇਸਰ ਕੋ ਘਸਿ ਧੂਪ ਧੁਖਾਇ ਕੈ ਫੂਲ ਚਢੈ ਹੈ॥੫॥
ਜੋ ਲਿਖਿ ਲੇਹਿ ਭਲੇ ਤਬਿ ਸੋਧਹਿ ਅੱਖਰ ਸੌਂ ਲਗ ਕੀ ਚੁਕਸਾਈ॥
ਪਾਠ ਸਮਸਤ ਕਰੈ ਬੁਧਿ ਸੌਂ ਪਿਖਿ ਪੂਰਬ ਕੇ ਸਮ ਲੇਹਿ ਬਨਾਈ॥
ਆਪ ਤੇ ਘਾਟ ਨ ਬਾਧ ਕਰੈ, ਜਿ ਕਰੈ, ਹੁਇ ਮੂਰਖ ਸੋ ਪਛੁਤਾਈ॥
ਔਰ ਬਨਾਇ ਨਵੇਂ ਨ ਲਿਖੈ ਬਿਚ ਕਾਬਜ, ਰਚੈ, ਸੁ ਰਚੇ ਪ੍ਰਿਥਕਾਈ॥੬॥
ਚੌਦਹਿ ਲੋਕ ਤੇ ਹੋਇ ਬਲੀ ਬਲ ਕੋ ਜਰ ਜਾਇ ਰਿਦੇ ਮਹਿਂ ਜੋਈ॥
ਸੋ ਉਪਕਾਰ ਕੇ ਕਾਰਨ ਕੋ ਸਿਰ ਦੇ ਹੁਇ ਸੰਮੁਖ ਧੀਰ ਧਰੋਈ॥
ਆਪਨੀ ਬਾਨੀ ਚਢਾਵਹਿ ਸੋ ਇਕ; ਹੋਇ ਇਸੋ ਨਹਿਂ ਦੂਸਰ ਕੋਈ॥
ਪੂਜਹਿ ਜੋ ਇਛ ਧਾਰਿ ਸੁ ਪੂਜਹਿ ਸ਼੍ਰੇਯ ਲਹੈ ਜਮ ਪੀਰ ਨ ਹੋਈ॥੭॥
ਬੇਦ ਪੁਰਾਨ ਮਹਾਨ ਮਹਾਤਮ ਜਾਂਹਿ ਬਖਾਨ ਕਰੈਂ ਸਮੁਦਾਏ॥
ਅੰਤ ਨ ਪਾਵਤ ਸੇਸ਼ ਨ ਸ਼ਾਰਦ ਨੇਤਿ ਹੀ ਨੇਤਿ ਅਸ਼ੇਸ਼ ਬਤਾਏ॥
ਜੋ ਸਰਬੋਤਮ ਜੋ ਸਰਬਾਸ਼੍ਰਿਯ ਤਾਂਹੀਂ ਕੇ ਨਾਮ ਇਸੀ ਮਹਿਂ ਗਾਏ॥
ਨਾਮ ਸੁ ਨਾਮੀ ਕੋ ਭੇਦ ਨਹੀਂ ਇਹ ਮੂਰਤਿ ਸ੍ਰੀ ਕਰਤਾਰ ਸੁਹਾਏ॥੮॥
ਜੇਤਿਕ ਗ੍ਰੰਥ ਅਦਾਇਬ ਰਾਖਹਿ ਤੇਤਿਕ ਹੀ ਫਲ ਪਾਵਹਿਗੋ॥
ਧੂਪ ਧੁਖਾਇ ਘਸਾਇ ਕੈ ਚੰਦਨ ਕੇਸਰ ਕੋ ਅਰਚਾਵਹਿਗੋ॥
ਭਾਵਨੀ ਧਾਰਿਕੈ ਚਾਹਿ ਉਮਾਹਤਿ ਦਰੋਸ ਪ੍ਰਤੀ ਦਰਸਾਵਹਿਗੋ॥
ਪਾਠ ਕਰੈ ਕਿ ਸੁਨੈ ਮਨ ਏਕ ਹ੍ਵੈ ਹਿਯ ਉਪਦੇਸ਼ ਬਸਾਵਹਿਗੋ॥੯॥
ਦੇਖਤਿ ਹੀ ਕਰ ਜੋਰਿ ਦੁਊ ਮਨ ਨੰਮ੍ਰਿ ਹ੍ਵੈ ਸੀਸ ਨਿਵਾਵਹਿਗੋ॥
ਔਰਨਿ ਕੋ ਓਪਦੇਸ ਕਰੈ ਲਿਖਿ ਆਪ ਇਸੇ ਕੈ ਲਿਖਾਵਹਿਗੋ॥
ਪ੍ਰੇਮ ਕਰੈ ਘਰ ਮੈ ਅਸਥਾਪਹਿ ਪਾਠ ਸੁਨੈ ਹਰਖਾਵਹਿਗੋ॥
ਸੋ ਜਗ ਬੰਧਨ ਛੇਦਨ ਕੈ ਨਰ ਅੰਤ ਗਤੀ ਸ਼ੁਭ ਪਾਵਹਿਗੋ॥੧੦॥
ਕਾਰਜ ਹੋਇ ਸੰਪੂਰਨ ਬਾਂਛਤਿ ਪਾਠ ਕਰੈ ਕਿ ਕਰਾਵਹਿਗੋ॥
ਭੋਗ ਪਰੇ ਕਰਿਵਾਇ ਤਿਹਾਵਲ ਆਪ ਖਰੋ ਹੁਇ ਜਾਵਹਿਗੋ॥
ਹਾਥ ਕੋ ਜੋਰਿ ਕਰੈ ਅਰਦਾਸ ਮਨੋਰਥ ਕੋ ਮਨ ਲਜਾਵਹਿਗੋ॥
ਕਜੋਂ ਨ ਕਹੋ ਤਿਹ ਪੂਰਨ ਹ੍ਵੈ ਚਿਤ ਚਾਹਤਿ ਸੋ ਨਰ ਪਾਵਹਿਗੋ॥੧੧॥
ਸਿੱਖ ਸਰੀਰ ਤਜ਼ੈ ਤਿਸ ਪੀਛਹਿ ਗ੍ਰਿੰਥ ਕੋ ਪਾਠ ਕਰਾਵਹਿਗੋ॥
ਪੋਸ਼ਿਸ਼ ਕੋ ਅਰਪੈ ਤਬਿ ਪਾਠਕ ਭੋਜਨ ਚਾਰੁ ਖੁਲਾਵਹਿਗੋ॥
ਔਰ ਜਥਾ ਸ਼ਕਤੀ ਤਹਿਂ ਸੇਵਹਿ ਲਜਾਇ ਕਰਾਹੁ ਬ੍ਰਤਾਵੈਗੋ॥
ਸੋ ਸਿਖ ਹੋਇ ਸੁਖੈਨ ਮਹਾਂ, ਪਰਲੋਕ ਬਿਖੈ ਹਰਖਾਵਹਿਗੋ॥੧੨॥

 www.sikhbookclub.com

ਔਰ ਕਹਾਂ ਲਗਿ ਜੇ ਜਗ ਕਾਰਜ ਪਾਠ ਕਰੈ ਸਿਧ ਹੋਵਹਿੰਗੇ।
ਸੰਤ ਮਹੰਤ ਚਹੈਂ ਨਹਿਯੋ* ਪਠਿ ਪ੍ਰੇਮ ਕਰੇ ਪ੍ਰਭ ਜੋਵਹਿੰਗੇ।
ਦਜੋਸ ਨਿਸਾ ਸਿਮਰੈਂ ਸਤਿਨਾਮ ਕਿ ਗ੍ਰਿੰਥ ਪਠੈਂ ਅਘ ਖੋਵਹਿੰਗੇ।
ਅੰਤ ਸਮੇਂ ਜਮ ਕੋ ਨ ਪਿਖੈਂ ਮਿਲਿ ਆਇ ਹਮੈਂ ਸੁ ਅਲੋਵਹਿੰਗੇ॥੧੩॥

(ਰਾਸ ੩ ਅੰਸੂ ੫੦)

ਹੁਣ ਵੀਚਾਰ ਇਹ ਤੁਰੀ ਕਿ ਕਲਿਜੁਗ ਦੇ ਬੋਹਿਥ ਸ੍ਰੀ ਪਾਵਨ ਸਬਦਾਵਤਾਰ ਗੁਰਬਾਣੀ ਸੰਗ੍ਰਹਿ ਦਾ ਨਿਵਾਸ ਕਿੱਥੇ ਹੋਵੇ? ਸੋ ਸਭ ਤੋਂ ਸ੍ਰੇਸ਼ਟ ਸਥਾਨ ਸ੍ਰੀ ਹਰਿਮੰਦਰ ਵੀਚਾਰਿਆ ਗਿਆ। ਗ੍ਰੰਥੀ ਦੀ ਸੇਵਾ ਲਈ ਪਰਮ ਯੋਗ ਹਸਤੀ ਸ੍ਰੀ ਬਾਬਾ ਬੁੱਢਾ ਜੀ ਵੀਚਾਰੇ ਗਏ। ਸਤਿਗੁਰ ਜੀ ਦੀ ਇਸ ਵਿਚਾਰ ਨਾਲ ਸਾਰੇ ਮੁਖੀ ਸਿਖ ਸਹਿਮਤ ਸਨ ਸੋ ਇਕ ਦਿਨ ਸਵੇਰੇ, ਪਹਿਰ ਰਾਤ ਰਹੀ, ਰਾਮ ਸਰ ਗਏ। ਆਪ ਸ੍ਰੀ ਗੁਰੂ ਜੀ, ਭਾਈ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿ ਸਾਰਿਆਂ ਨੇ ਇਸ਼ਨਾਨ ਕੀਤਾ, ਫੇਰ ਵਡੀ ਬੇਰ ਹੇਠ ਧਜਾਨ ਮਗਨ ਬੈਠ ਗਏ। ਜਿਸ ਨੂੰ ਕਵੀ ਜੀ ਐਉਂ ਅਪਣੀ ਸੁੰਦਰਤਾ ਵਿਚ ਵਰਣਨ ਕਰਦੇ ਹਨ :-

ਇਮ ਬਿਚਾਰ ਕਰਿ ਨਿੰਦ੍ਰਾ ਪਾਈ। ਜਾਗੇ ਜਾਮਨਿ੧ ਜਾਮ ਰਹਾਈ।
ਬੁੱਢਾ ਪੁਨ ਗੁਰਦਾਸ ਸੁ ਜਾਗੇ। ਸ੍ਰੀ ਗੁਰ ਚਰਨ ਪ੍ਰੇਮ ਮਹਿਂ ਪਾਗੇ॥੨੭॥
ਸੌਚ ਰਾਮਸਰ ਕੀਨਿ ਸ਼ਨਾਨਾ। ਬੱਦ੍ਰੀ ਤਰੁ ਬੈਠੇ ਕਰਿ ਧਜਾਨਾ।
ਦ੍ਵੈ ਘਟਿਕਾ ਲਖਿ ਅੰਮ੍ਰਿਤ ਕਾਲਾ। ਸ੍ਰੀ ਅਰਜਨ ਬਚ ਕਹਜੋ ਰਸਾਲਾ॥੨੮॥
'ਬੁੱਢਾ ਨਿਜ ਸਿਰ ਪਰ ਧਰਿ ਗ੍ਰੰਥ। ਆਗੇ ਚਲਹੁ ਸੁਧਾਸਰ ਪੰਥ'।
ਮਾਨਿ ਬਾਕ ਲੈ ਭਯੋ ਅਗਾਰੇ। ਚਮਰ ਗੁਰੂ ਅਰਜਨ ਕਰ ਧਾਰੇ॥੨੯॥
ਸੰਖ ਅਨਿਕ ਲਘੁ ਦੁੰਦਭਿ ਬਾਜੇ। ਜੈ ਜੈ ਕਾਰ ਊਚ ਸੁਰ ਗਾਜੇ।
ਸੁੰਦਰ ਸ੍ਰੀ ਹਰਿ ਗੋਵਿੰਦ ਚੰਦ। ਸੰਗ ਚਲਤਿ ਹੁਇ ਸ਼ੋਭ ਬਿਲੰਦ॥੩੦॥
ਹਰਿ ਮੰਦਰ ਮਹਿਂ ਜਾਇ ਪਹੂਚੈ। ਰਾਗੀ ਰਾਗ ਕਰਤ ਸੁਰ ਊਚੇ।
ਮੰਜੀ ਸਹਤ ਗ੍ਰਿੰਥ ਤਹਿਂ ਥਾਪਿ। ਬੈਠੇ ਨਿਕਟ ਗੁਰੂ ਤਬਿ ਆਪਿ॥੩੧॥
ਵਾਰ ਭੋਗ ਕੇ ਸੁਨਿ ਮਨ ਲਾਈ। ਸ੍ਰੀ ਅਰਜਨ ਪੁਨ ਗਿਰਾ ਅਲਾਈ।
'ਬੁੱਢਾ ਸਾਹਿਬ ਖੋਲਹੁ ਗ੍ਰਿੰਥ। ਲੇਹੁ ਅਵਾਜ਼ ਸੁਨਹਿ ਸਭਿ ਪੰਥ'॥੩੨॥
ਸੁਨਿ ਗੁਰ ਬਚਨ ਰੁਚਿਰ ਮਨ ਲਾਯਕ। ਸੱਤ ਬਾਕ ਮੁਖ ਜਲਜ੨ ਅਲਾਇਕ
ਅਦਬ ਸੰਗ ਤਬਿ ਗ੍ਰਿੰਥ ਸੁ ਖੋਲਾ। ਲੇ ਅਵਾਜ਼ ਬੁੱਢਾ ਮੁਖਿ ਬੋਲਾ॥੩੩॥

ਸੂਹੀ ਮਹਲਾ ੫॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥੧॥

ਚੌਪਈ॥ ਸੁਨਿ ਸਭਿ ਹੂੰ ਤਬਿ ਸੀਸ ਨਿਵਾਯੋ। ਦੀਨ ਬੰਧੁ ਪ੍ਰਭੁ ਤਿਨ ਲਖਿ ਪਾਯੋ।
ਸ੍ਰੀ ਗੁਰ ਕਰ ਤੇ ਚਮਰ ਫਿਰੰਤਾ। ਬੁੱਢਾ ਜਪੁਜੀ ਪਾਠ ਕਰੰਤਾ॥੩੪॥

---

*ਪਾਠ-ਚਹੈਂ ਰਿਦ ਯੈ-ਰਿਦੈ ਵਿਚ ਚਾਹ ਕਰਕੇ ਐਉਂ ਪ੍ਰੇਮ ਨਾਲ ਪਾਠ ਕਰਨਗੇ। ੧. ਰਾਤ। ੨. ਕਵਲ

 www.sikhbookclub.com

ਸੰਗਤਿ 'ਧੰਨ ਧੰਨ' ਸੁਨਿ ਕਹੈ। ਅਧਿਕ ਅਨੰਦ ਪ੍ਰੇਮ ਤੇ ਲਹੈ।
ਜਪੁਜੀ ਭੋਗ ਪਾਇ ਜੈਕਾਰਾ। ਸੀਸ ਨਿਵਾਵਤਿ ਸਭਿਨਿ ਉਚਾਰਾ॥੩੫॥
ਅਤਿ ਅਨੰਦ ਸ੍ਰੀ ਅਰਜਨ ਨਾਥ। ਭਏ ਕ੍ਰਿਤਾਰਥ ਮਾਨਿ ਸਨਾਥ।
ਅਧਿਕ ਪ੍ਰੇਮ ਤੇ ਗਦ ਗਦ ਹੋਏ। ਗੁਨ ਗਨ ਸ੍ਰੀ ਪਰਮੇਸ਼ੁਰ ਜੋਏ॥੩੯॥ (ਰਾਸਿ ੩ ਅਸੂ ੫੦)

ਜਦ ਰਾਤ ਪਈ ਤਦ ਸ੍ਰੀ ਬੁੱਢਾ ਜੀ ਨੇ ਪੁੱਛਿਆ ਕਿ ਰਾਤ ਨੂੰ ਇਸ ਪਰਮ ਪਵਿਤ੍ਰ ਸ਼ਬਦ ਬ੍ਰਹਮ ਪ੍ਰਭੂ ਸਰੂਪ ਪਾਵਨ ਬੀੜ ਦਾ ਨਿਵਾਸ ਕਿਵੇਂ ਤੇ ਕਿੱਥੇ ਕਰਨਾ ਹੈ? ਤਾਂ ਸ੍ਰੀ ਗੁਰੂ ਜੀ ਨੇ ਆਗਿਆ ਕੀਤੀ :-

ਸ੍ਰੀ ਗੁਰ ਕਹਤੋ "ਪ੍ਰਭੁ ਦਰਬਾਰਾ। ਗ੍ਰਿੰਥ ਪ੍ਰਮੇਸੁਰ ਕੋ ਅਵਤਾਰਾ।
ਡੇਢ ਜਾਮ ਜਾਮਨਿ ਜਬ ਜਾਇ॥ ਪਠਹਿਂ ਸੋਹਿਲਾ ਕੀਰਤਨ ਗਾਇ॥੪੩॥
ਬਹੁਰੋ ਲੇ ਜਾਵਹੁ ਅਸਵਾਰਾ। ਜਿਸੀ ਕੋਠਰੀ ਰਹਨਿ ਹਮਾਰਾ।
ਤਹਾਂ ਨਿਵਾਸ ਕਰਹੁ ਜੁਤਿ ਮਾਨ। ਜਾਮ ਡੇਢ ਜਾਮਨਿ ਰਹਿ ਆਨ॥੪੪॥
ਸ੍ਰੀ ਹਰਿ ਮੰਦਿਰ ਤਬਹਿ ਸ਼ਨਾਨਹੁ। ਫਰਸ਼ ਅਨੇਕ ਭਾਂਤਿ ਕੇ ਠਾਨਹੁ।
ਦੀਪਕ ਸਦਾ ਘ੍ਰਿੱਤ ਕੇ ਬਾਰੋ। ਜਾਮ ਨਿਸਾ ਜਬਿ ਰਹੀ ਨਿਹਾਰੋ॥੪੫॥
ਰਾਗੀ ਆਸਾ ਵਾਰ ਸੁ ਵਾਗਹਿਂ। ਅਨਿਕ ਰਾਗ ਕੇ ਸ਼ਬਦ ਸੁਨਾਵਹਿਂ।
ਦ੍ਵੈ ਘਟਿਕਾ ਜਾਮਨਿ ਰਹਿ ਜਬੈ। ਆਨਹੁ ਸ੍ਰੀ ਗ੍ਰਿੰਥ ਸਾਹਿਬ ਤਬੈ॥੪੬॥
ਵਾਰ ਭੋਗ ਤੇ ਖੋਲਿ ਪਢੀਜੈ। ਇਸੀ ਪ੍ਰਕਾਰ ਕਾਰ ਨਿਤ ਕੀਜਹਿ"।
ਇਮ ਕਹਿ ਸ੍ਰੀ ਗੁਰ ਬੈਠਿ ਰਹਾਏ। ਚੌਕੀ ਸੁਨੀ ਕਾਨੜਾ ਗਾਏ॥੪੭॥
ਬਹੁਰ ਸੋਹਿਲਾ ਪਠਿ ਕਰਿ ਪਾਸਿ। ਉਠਿ ਤਬਿ ਸਭਿ ਕੀਨਸਿ ਅਰਦਾਸ।
ਬੁੱਢੇ ਗ੍ਰਿੰਥ ਲੀਨ ਸਿਰ ਧਾਰੀ। ਚਵਰ ਕਰਹਿਂ ਗੁਰ ਵਾਰੰ ਵਾਰੀ॥੪੮॥
ਸੰਖਨਿ ਕੀ ਧੁਨਿ ਕੀਨਿ ਬਿਸਾਲਾ। ਬਾਦਿਤ ਅਪਰ ਬਜੇ ਤਿਸ ਕਾਲਾ।
ਰਹੈਂ ਕੋਠਰੀ ਮਹਿਂ ਗੁਰ ਸਦਾ। ਗਮਨਹਿਂ ਸਦਨ ਅਪਨੇ ਕਦਾ॥੪੯॥
ਤਿਹ ਸਥਾਨ ਲੇ ਕਰਿ ਜਬਿ ਗਏ। ਸੁਠ ਪ੍ਰਯੰਕ ਤਬਿ ਡਾਸਤਿ ਭਏ।
ਸੇਜ ਬੰਦ ਗੁੰਫੇ ਬਡ ਜ਼ਰੀ। ਸੁੰਦਰ ਫੂਲਨਿ ਮਾਲਾ ਧਰੀ॥੫੦॥
ਤਹਾਂ ਨਿਵਾਸ ਗ੍ਰਿੰਥ ਕੋ ਕੀਨੋ। ਸ੍ਰੀ ਗੁਰ ਭੂਤਲ ਨਿਕਟ ਅਸੀਨੋ॥
ਕਬਿ ਕਬਿ ਮਦਨ ਆਪਨੇ ਜਾਂਹਿ। ਨਾਂਹਿ ਤ ਰਹੈਂ ਗ੍ਰਿੰਥ ਕੇ ਪਾਹਿ॥੫੧॥

(ਰਾਸ ੩ ਅੰਸੂ ੫੦)

# ੩੯. ਭਾਈ ਕਟਾਰੂ

**ਭਾਈ** ਗੁਰਦਾਸ ਜੀ ਨੇ ਅਪਣੀ ੧੧ਵੀਂ ਵਾਰ ਵਿਚ ਗੁਰੂ ਕੇ ਚੋਣਵੇਂ ਤੇ ਪ੍ਰਸਿੱਧ ਸਿਖਾਂ ਦੇ ਨਾਮ ਦਿੱਤੇ ਹਨ। ਇਨ੍ਹਾਂ ਸਿਖਾਂ ਦੀਆਂ ਸਾਖੀਆਂ ਦੀ ਇਕ ਪੋਥੀ ਹੈ-ਸਿਖਾਂ ਦੀ ਭਗਤ ਮਾਲਾ। ਇਹ ਪੋਥੀ ਲਿਖਤੀ ਮਿਲਦੀ ਹੈ ਤੇ ਇਸ ਵਿਚ ਲਿਖਿਆ ਹੁੰਦਾ ਹੈ ਕਿ ਇਹ ਰਚਨਾ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਹੈ।


www.sikhbookclub.com

ਇਸ ਵਿਚ ਪੰਜਵੀਂ ਪਾਤਸ਼ਾਹੀ ਦੇ ਸਿੱਖਾਂ ਦੇ ਸੰਖੇਪ ਜ਼ਿਕਰ ਹਨ। ਪਰ ਇਹ ਪਤਾ ਨਹੀਂ ਚੱਲਦਾ ਕਿ ਓਹ ਕਿਸੇ ਖਾਸ ਸਮੇਂ ਦੀ ਤਰਤੀਬ ਵਿਚ ਹਨ ਕਿ ਸੁਤੇ ਸਿਧ ਲਿਖੇ ਤੇ ਵਜਾਖਜਾ ਕੀਤੇ ਗਏ ਹਨ। ਇਨ੍ਹਾਂ ਵਿਚੋਂ ਇਕ ਪ੍ਰਸੰਗ ਭਾਈ ਕਟਾਰੂ ਦਾ ਏਥੇ ਦੇਂਦੇ ਹਾਂ ਤੇ ਕੁਝ ਹੋਰ ਪ੍ਰਸੰਗ ਸਿਖਾਂ ਦੀ ਭਗਤ ਮਾਲਾ ਦੇ ਅੱਖਰਾਂ ਵਿਚ ਹੀ ਅੱਗੇ ਚਲ ਕੇ ਦਿਆਂਗੇ।

ਕਾਬਲ ਦਾ ਇਕ ਸਿਖ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਆਇਆ। ਇਹ ਓਥੇ ਦੇ ਸੂਬੇ ਦੇ ਮਾਤਹਿਤ ਧੜਵਾਈ ਦਾ ਕੰਮ ਕਰਦਾ ਸੀ। ਇਸ ਨੇ ਆਪਣੀ ਕਲਜਾਨ ਵਾਸਤੇ ਬੇਨਤੀ ਕੀਤੀ।

ਗੁਰੂ ਜੀ ਨੇ ਫੁਰਮਾਯਾ : 'ਨਾਮ ਦਾ ਸਿਮਰਨ ਕਰੋ, ਸਤਿਸੰਗਤ ਵਿਚ ਜਾਯਾ ਕਰੋ ਤੇ ਆਪਣੇ ਕਮਾਮ ਵਿਚ ਦਜਾਨਤਦਾਰ ਰਹੋ, ਕਦੇ ਘੱਟ ਵੱਧ ਨਾ ਤੋਲੋ। ਧੜਵਾਈ ਦਾ ਕੰਮ ਹੈ ਪੂਰਾ ਤੋਲ। ਪੂਰਾ ਤੋਲ ਕੇ ਦਿਲ ਸੁਖੀ ਰਹੇਗਾ, ਸੁਖੀ ਮਨ ਨਾਮ ਜਪ ਕੇ ਨਿਰਮਲ ਹੋ ਕੇ ਕਲਜਾਨ ਪਏਗਾ।'

ਕਟਾਰੂ ਨੇ ਉਪਦੇਸ਼ ਧਾਰਨ ਕਰ ਲਿਆ, ਤੇ ਲਗਾ ਕਮਾਈ ਕਰਨ। ਕੁਛ ਚਿਰ ਮਗਰੋਂ ਇਕ ਉਸਦੇ ਵੈਰੀ ਨੇ ਕਿਸੇ ਚਲਾਕੀ ਨਾਲ, ਉਸਨੂੰ ਪਤਾ ਲਗੇ ਬਿਨਾਂ, ਵੱਟੇ ਵਟਵਾ ਦਿੱਤੇ। ਏਹ ਵੱਟੇ ਪੰਜ ਪੈਸੇ ਭਰ ਤੋਲ ਵਿਚ ਘੱਟ ਸਨ। ਕੁਛ ਦਿਨ ਲੰਘੇ ਤਦ ਉਸ ਗੁੱਝੇ ਵੈਰੀ ਨੇ ਸੂਬੇ ਪਾਸ ਚੁਗਲੀ ਵੱਟ ਦਿੱਤੀ ਕਿ ਇਸ ਕਟਾਰੂ ਦੇ ਵੱਟੇ ਘੱਟ ਹਨ। ਕਟਾਰੂ ਬੁਲਾਇਆ ਗਿਆ ਤੇ ਵੱਟੇ ਬੀ ਪੇਸ਼ ਹੋਏ, ਕਟਾਰੂ ਸਮਝ ਗਿਆ ਕਿ ਮੇਰੇ ਨਾਲ ਚਲਾਕੀ ਹੋਈ ਹੈ, ਤੇ ਹੁਣ ਬਚਾਉ ਨਹੀਂ, ਪਰ ਅਪਣੇ ਦਿਲ ਵਿਚ ਅਪਣੀ ਸਚਿਆਈ ਦਾ ਨਿਸਚਾ ਸੀ ਤੇ ਗੁਰੂ ਚਰਨਾਂ ਤੇ ਸਿਦਕ ਸੀ ਸੋ ਉਸ ਨੇ ਅਰਦਾਸ ਕੀਤੀ ਕਿ ਸਚੇ ਪਾਤਸ਼ਾਹ ਮੇਰੀ ਪੈਜ ਰਖੋ।

ਉਧਰ ਸਤਿਗੁਰੂ ਜੀ ਸਿਖਾਂ ਦੀ ਸਭਾ ਵਿਚ ਬੈਠੇ ਸਨ, ਕਿਸੇ ਸਿਖ ਨੇ ਪੰਜ ਪੈਸੇ ਚੜ੍ਹਾਏ। ਲਿਖਯਾ ਹੈ ਕਿ ਆਪ ਮਾਯਾ ਨੂੰ ਹੱਥ ਘੱਟ ਲਾਇਆ ਕਰਦੇ ਸਨ, ਪਰ ਏਹ ਪੈਸੇ ਚੁੱਕ ਕੇ ਕਦੇ ਉਸ ਹੱਥ ਤੇ ਕਦੇ ਉਸ ਹੱਥ ਧਰਦੇ ਸਨ, ਫੇਰ ਹੱਥ ਦੁਇ ਸਮ ਕਰਕੇ ਪੈਸੇ ਧਰ ਦਿਤੇ ਤੇ ਕਿਹਾ 'ਪੈਜ ਰਹੀਂ'। ਸਿੱਖਾਂ ਦੇ ਪੁੱਛਣ ਤੇ ਦੱਸਿਆ ਕਿ ਕਟਾਰੂ ਸਿੱਖ ਸੱਚ ਤੋਲਦਾ ਕਿਸੇ ਦੋਖੀ ਦੇ ਫ਼ਰੇਬ ਨਾਲ ਘੱਟ ਵੱਟੇ ਰੱਖਣ ਦੇ ਅਪ੍ਰਾਧ ਵਿਚ ਫੜਿਆ ਗਿਆ ਹੈ, ਉਹ ਸੱਚਾ ਹੈ, ਉਸ ਦੀ ਪੈਜ ਰਖੀ ਹੈ।

ਸੂਬੇ ਨੇ ਵੱਟੇ ਪੂਰੇ ਨਿਕਲਣ ਤੇ ਧੜਵਾਈ ਕਟਾਰੂ ਦਾ ਦਰਜਾ ਵਧਾ ਦਿਤਾ, ਕੁਛ ਚਿਰ ਮਗਰੋਂ ਓਹ ਫੇਰ ਦਰਸ਼ਨਾਂ ਨੂੰ ਆਯਾ ਤਾਂ ਸਾਰੀ ਸਾਖੀ ਵਿਦਤ ਹੋ ਗਈ।

# ੩੭. ਕੁੜਮਾਈ-ਸੰਗਤ ਤੇ ਚੰਦੂ।

**ਇਤਿਹਾਸ** ਵਿਚ ਇਕ ਨਾਉਂ ਆਉਂਦਾ ਹੈ ਚੰਦੂ ਸ਼ਾਹ। ਜਾਪਦਾ ਹੈ ਕਿ ਇਹ ਲਾਹੌਰ ਦਾ ਵਾਸੀ ਸੀ ਤੇ ਦਿੱਲੀ ਵਿਚ ਕਿਸੇ ਸਰਕਾਰੀ ਅਹੁਦੇ ਤੇ ਸੀ, ਇਸ ਨੂੰ 'ਦੀਵਾਨ' ਕਰਕੇ ਬੋਲਦੇ ਸਨ, ਦੀਵਾਨ ਚੰਦੂ ਸ਼ਾਹ, ਇਹ ਜ਼ਾਤਿ ਦਾ ਖੱਤ੍ਰੀ ਸੀ ਤੇ ਸਰੀਣ ਖੱਤ੍ਰੀ ਢਾਈਘਰ ਦਾ ਉੱਚ ਕੁਲਵਾਲਾ ਸੀ। ਰਾਜ ਇਨ੍ਹਾਂ ਦਿਨਾਂ ਵਿਚ ਜਹਾਂਗੀਰ ਦਾ ਸੀ, ਅਕਬਰ ਮਰ ਚੁਕਾ ਸੀ। ਚੰਦੂ ਦੇ ਘਰ ਇਕ ਕਾਕੀ ਸੀ- ਸਦਾ ਕੌਰ, ਸੱਤ ਕੁ ਬਰਸ ਦੀ ਹੋਈ ਤਾਂ ਮਾਪਿਆਂ ਨੂੰ ਕੁੜਮਾਈ ਦਾ ਫਿਕਰ ਹੋਇਆ। ਮੁਸਲਮਾਨੀ


www.sikhbookclub.com

ਰਾਜ ਹੋ ਜਾਣੇ ਤੇ ਹਿੰਦੂਆਂ ਵਿਚ ਛੋਟੀ ਉਮਰੇ ਵਿਆਹ ਦੀ ਚਾਲ ਚੱਲ ਪਈ ਸੀ। ਤਦੋਂ ਰਿਵਾਜ ਸੀ ਕਿ ਅਕਸਰ ਬ੍ਰਾਹਮਣ ਘਰ ਦੇ ਪ੍ਰੋਹਤ ਨੂੰ ਵਰ ਘਰ ਢੂੰਢਣ ਤੇ ਲਾਉਂਦੇ ਸਨ ਯਾ ਨਾਲ ਨਾਈ ਹੁੰਦਾ ਸੀ, ਸੋ ਰਿਵਾਜ ਮੂਜਬ ਚੰਦੂ ਨੇ ਆਣੇ ਪ੍ਰੋਹਿਤ ਬ੍ਰਹਮਣ ਨੂੰ ਇਸ ਕੰਮ ਤੇ ਲਾਯਾ ਤੇ ਨਾਲ ਘਰ ਦਾ ਨਾਈ ਦਿੱਤਾ ਤੇ ਕਿਹਾ ਕਿ ਉੱਚੀ ਕੁਲ ਦਾ ਕੋਈ ਅਮੀਰ ਖੱਤ੍ਰੀ ਘਰਾਣਾ ਢੂੰਢਣਾ। ਇਹ ਵਾਕਯਾ ਸੰਮਤ ੧੬੬੧-੬੨ ਬਿ: ਦਾ ਹੈ।

ਇਹ ਦਿੱਲੀ ਤੋਂ ਢੂੰਡ ਕਰਦੇ ਲਾਹੌਰ ਆਏ। ਯੋਗ ਵਰ ਨਾ ਲੱਭਾ। ਲਾਹੌਰ ਸ੍ਰੀ ਗੁਰੂ ਜੀ ਦੇ ਘਰ ਦੀ ਸੂੰਹ ਪਈ, ਤਦ ਰਾਮਦਾਸ ਪੁਰੇ ਆਏ, ਵਾਹਿਗੁਰੂ ਦੇ ਘੱਲੇ ਅਵਤਾਰ-ਅਚੁੱਤ ਗੋਤ੍ਰੀ-ਕਹੀਦੇ ਹਨ ਪਰ ਜਗਤ ਵਿਹਾਰ ਮੂਜਬ ਆਪ ਖਤ੍ਰੀ ਸੇ। ਗੁਰੂ ਹੋਣ ਕਰਕੇ ਪੂਜਜ ਸੇ। ਐਸ਼੍ਵਰਜ ਪ੍ਰਤਾਪ ਬੜਾ ਸੀ, ਮਾਯਾ ਦਾ ਅੰਤ ਨਹੀਂ ਸੀ। ਬ੍ਰਾਹਮਣ ਨੇ ਘਰ ਚੰਗਾ ਦੇਖ ਕੇ ਸ੍ਰੀ ਹਰਿ ਗੋਬਿੰਦ ਜੀ ਦੇ ਦਰਸ਼ਨ ਕੀਤੇ, ਪਰਮ ਸੁੰਦਰ ਅਰੋਗ ਛੋਟੀ ਉਮਰੇ ਦਾਨੇ, ਬਹਾਦਰ, ਡੀਲ ਸੁਡੌਲ ਤੱਕ ਕੇ ਤਸੱਲੀ ਹੋ ਗਈ। ਬ੍ਰਾਹਮਣ ਨੇ ਸ੍ਰੀ ਗੁਰੂ ਜੀ ਨੂੰ ਬਿਨੈ ਕਰ ਦਿੱਤੀ ਕਿ ਅਪ ਦੇ ਸਾਹਿਬਜ਼ਾਦੇ ਨੂੰ ਅਸੀਂ ਚੰਦ ਸ਼ਾਹ ਦੀ ਕਾਕੀ ਲਈ ਵਰ ਥਾਪ ਚੱਲੇ ਹਾਂ। ਦਿਲੀ ਜਾਕੇ ਸ਼ਗਨ ਭਿਜਵਾ ਦਿਆਂਗੇ।

ਪਰ ਜਦ ਇਨ੍ਹਾਂ ਨੇ ਦਿੱਲੀ ਜਾਕੇ ਚੰਦੂ ਨੂੰ ਦੱਸਿਆ ਕਿ ਉਹ ਮਾਯਾ ਵਿਚ ਅੰਨ੍ਹਾਂ ਬੋਲਾ ਅਪਣੀ ਜਾਤ ਦੇ ਅਭਿਮਾਨ ਵਿਚ ਬੋਲਿਆ : ਪੰਡਤ ਜੀ ਕੀ ਕਰ ਆਏ ਹੋ, ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ, ਫੇਰ ਓਹ ਫਕੀਰ, ਅਸੀਂ ਦੀਵਾਨ, ਤੁਸਾਂ ਕੁਛ ਨਹੀਂ ਵਿਚਾਰਿਆ। ਪਰ ਕੀਹ ਕਰਾਂ ਜੇ ਕੀਤਾ ਨਾਤਾ ਨਾ ਕਰਾਂ ਤਾਂ ਧੀ ਨੂੰ ਦੂਜਾ ਪਤੀ ਦਿਆਂ। ਇਹ ਗਲ ਦਿੱਲੀ ਦੀ ਸੰਗਤ ਵਿਚ ਪਹੁੰਚ ਗਈ। ਸੰਗਤ ਨੂੰ ਜਦ ਪੂਰਾ ਨਿਸ਼ਚਾ ਹੋ ਗਿਆ ਕਿ ਵਾਰਤਾ ਠੀਕ ਹੈ ਤਾਂ ਸੰਗਤ ਨੇ ਸ੍ਰੀ ਗੁਰੂ ਜੀ ਨੂੰ ਚਿੱਠੀ ਲਿਖੀ ਜਿਸ ਵਿਚ ਸਾਰਾ ਹਾਲ ਲਿਖਿਆ :-

ਲਿਖਤਮ[੧] ਸਭਿ ਦਿੱਲੀ ਕੀ ਸੰਗਤਿ ਸਤਿਗੁਰੁ ਕੇ ਸਨਮੁਖ ਅਰਦਾਸਿ।
ਸ਼ਾਹਿ ਦਿਵਾਨ ਸੁਤਾ ਕੋ ਨਾਤਾ ਭੇਜਯੋ ਅਹੈ ਤੁਮਾਰੇ ਪਾਸਿ।
ਆਪ ਹੰਕਾਰੀ ਬਨਯੋ ਚੁਬਾਰਾ ਤੁਮਹਿ ਕਹਯੋ ਮੋਰੀ ਸੰਕਾਸ[੨]।
ਬਿਨ ਸ਼ਰਧਾ ਤੇ ਮੂਰਖ ਬੋਲਯੋ ਇੱਤਯਾਦਿਕ ਨਿੰਦਾ ਕਰਿ ਹਾਸ। ॥੧੯॥
ਹਮ ਕੋ ਨਹਿਂ ਸੁਖਾਇ ਤਿਸ ਕਹਿਬੋ ਬਸਿ ਨਹਿਂ ਚਲਯੋਸੁ ਲਿਖਯੋ ਬ੍ਰਿਤੰਤ।
ਸੁਤਾ ਨ ਸਾਕਤ ਕੀ ਤੁਮ ਲੀਜਹੁ ਇਂਹ ਸੰਗਤ ਕੋ ਅਹੈ ਮਤੰਤ[੩]।
ਪਠਯੋ ਦੂਤ ਪੂਰਨਿ ਚਲਿ ਪਹੁੰਚਹੁ ਜਬ ਲੌ ਬਿੱਪ੍ਰ ਨ ਤਿਲਕ ਕਢੰਤਿ।
ਤਬ ਲੌ ਸੁਧਿ ਦਿਹੁ ਸ੍ਰੀ ਸਤਿਗੁਰ ਕੇ ਜਥਾ ਦੁਸ਼ਟ ਜਾਨਹਿਂ ਭਗਵੰਤਾ[੪] ॥੨੦॥

(ਰਾਸ ੪, ਅੰਸੂ ੩)

ਇਹ ਚਿਠੀ ਵਾਚ ਕੇ ਸਤਿਗੁਰਾਂ ਨੇ ਸੰਗਤ ਦੀ ਆਗਿਆ ਸਿਰ ਮੱਥੇ ਤੇ ਧਰੀ ਤੇ ਸਾਕ ਲੈਣੋਂ ਨਾਂਹ ਕਰ ਦਿੱਤੀ। ਉਸ ਵੇਲੇ ਦੀਵਾਨ ਵਿਚ ਭਾਈ ਪਾਰੋ ਦੀ ਵੰਸ਼ ਦਾ ਨਾਰਾਯਣ ਦਾਸ ਨਾਮੇ ਡੱਲੇ ਦਾ ਗੁਰੂ ਦਾ ਸਿਖ ਸੀ, ਉਸਨੇ ਅਪਣੀ ਕਾਕੀ ਦਾ ਨਾਤਾ ਸਤਿਗੁਰਾਂ ਦੇ ਪੇਸ਼ ਕੀਤਾ। ਉਸ ਗੁਰਮੁਖ ਵੰਸ਼ ਦੇ ਗੁਰਮੁਖ ਸਿੱਖ ਦੀ ਕਾਕੀ ਦਾ ਨਾਤਾ ਸਾਰੀ ਸੰਗਤ, ਸੰਗਤ ਦੇ ਮੁਖੀਆਂ ਤੇ ਗੁਰੂ ਜੀ ਨੇ ਪ੍ਰਵਾਣ ਕਰ ਲਿਆ।

---

੧. ਲਿਖਦੀ ਹੈ। ੨. ਬਰਾਬਰ। ੩. ਸਲਾਹ। ੪. ਭਾਵ-ਗੁਰੂ ਸਾਹਿਬ ਜੀ (ਚੰਦੂ ਦੀ) ਦੂਸ਼ਟਤਾ ਨੂੰ ਜਾਣ ਲੈਣ।


www.sikhbookclub.com

# ੩੮. ਸੁਲਬੀ ਖਾਂ।

**ਸੁਲਹੀ** ਖਾਂ ਪ੍ਰਿਥੀ ਚੰਦ ਦਾ ਇਕ ਮਾਤ੍ਰ ਸਰਕਾਰੀ ਅਹੁਦੇਦਾਰ ਸੀ, ਇਸ ਦਾ ਭਤੀਜਾ ਸੀ ਸੁਲਬੀ ਖਾਂ, ਇਹ ਬੀ ਸਰਕਾਰੇ ਨੌਕਰ ਸੀ। ਇਤਿਹਾਸ ਵਿਚ ਲਿਖਿਆ ਹੈ ਕਿ ਗੁਰੂ ਕਿਆਂ ਵੈਰੀਆਂ ਨੇ ਕੋਈ ਜੋੜ ਤੋੜ ਬਨਾਵਟੀ ਐਸਾ ਕੀਤਾ ਕਿ ਸੁਲਬੀ ਖਾਂ ਨੂੰ ਪੰਜਾਬ ਜਾਕੇ ਗੁਰੂ ਰਾਮਦਾਸ ਜੀ ਦੀ ਸਿੱਖੀ ਨੂੰ ਪ੍ਰਿਥੀ ਚੰਦ ਤੇ ਗੁਰੂ ਅਰਜਨ ਦੇਵ ਜੀ ਵਿਚ ਵੰਡਵਾ ਦੇਵੇ।

ਇਸ ਮਾੜੇ ਮਨਸੂਬੇ ਵਾਲੇ ਅਹੁਦੇਦਾਰ ਨੇ ਜਦ ਨਿਰਵੈਰ ਗੁਰੂ ਤੇ ਵਾਰ ਕਰਨ ਲਈ ਜਾਂਦਿਆਂ ਬਿਆਸਾ ਕਿਨਾਰੇ ਡੇਰਾ ਕੀਤਾ ਤਾਂ ਓਥੇ ਇਕ ਸੱਯਦ, ਜਿਸਦਾ ਨਾਉਂ ਹਸਨ ਅਲੀ ਸੀ, ਆ ਪਹੁੰਚਾ, ਇਹ ਕਦੇ ਸੁਲਬੀ ਖਾਂ ਪਾਸ ਨੌਕਰ ਰਿਹਾ ਸੀ, ਜਦ ਨੌਕਰੀ ਤੋਂ ਹਟਾਯਾ ਗਿਆ ਤਾਂ ਉਸ ਦੀ ਤਨਖਾਹ ਦੋ ਕੁ ਸਾਲ ਦੀ ਬਾਕੀ ਸੀ। ਇਸ ਨੇ ਆਕੇ ਹੁਣ ਸੁਲਬੀ ਖਾਂ ਤੋਂ ਤਨਖਾਹ ਮੰਗੀ। ਉਸਨੇ ਨਾਂਹ ਕੀਤੀ। ਸੱਯਦ ਨੇ ਜ਼ਿਦ ਕੀਤੀ ਤੇ ਸੁਲਬੀ ਨੇ ਉਸ ਨੂੰ ਗਾਲੀਆਂ ਦਿੱਤੀਆਂ, ਇਹ ਨਾ ਸਹਾਰ ਕੇ ਸੱਯਦ ਨੇ ਜੋਸ਼ ਵਿਚ ਆਕੇ ਤਲਵਾਰ ਚਲਾਈ ਤਾਂ ਸੁਲਬੀ ਖਾਂ ਦਾ ਸਿਰ ਕਟ ਗਿਆ। ਸੱਯਦ ਫੁਰਤੀ ਨਾਲ ਦਰਿਯਾ ਦੇ ਝੱਲ ਵਿਚ ਗੁੰਮ ਹੋ ਗਿਆ।

ਲਿਖਜਾ ਹੈ ਕਿ ਜਦੋਂ ਸੁਲਬੀ ਖਾਂ ਦੇ ਆਉਣ ਦੀ ਖਬਰ ਗੁਰੂ ਜੀ ਨੂੰ ਪੁੱਜੀ ਸੀ ਤਦ ਬੀ ਆਪ ਨੇ ਅਪਣੇ ਸਦਾ ਸੀਤਲ ਸੁਭਾਵ ਵਿਚ ਫੁਰਮਾਯਾ ਸੀ ਕਿ ਜੋ ਕੁਛ ਹੋਣਾ ਹੈ ਸੋ ਹੁਕਮ ਵਿਚ ਹੋਣਾ ਹੈ। ਸਾਡਾ ਤਾਣ ਤਕੀਆ ਪ੍ਰਭੂ ਹੈ ਤੇ ਉਸਦਾ ਹੁਕਮ ਸਾਡੇ ਸਿਰ ਮੱਥੇ ਤੇ ਹੈ।

ਇਹ ਸ਼ਬਦ ਤਦੋਂ ਦਾ ਉਚਾਰਿਤ ਦੱਸੀਦਾ ਹੈ :-

ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥
ਇਸੁ ਆਗੈ ਕੋ ਨ ਟਿਕੈ ਵੇਕਾਰੀ॥ ਗੁਰ ਪੂਰੇ ਏਹ ਗਲ ਸਾਰੀ॥੧॥
ਹਰਿ ਹਰਿ ਨਾਮੁ ਸੰਤਨ ਕੀ ਓਟਾ॥ ਜੋ ਸਿਮਰੈ ਤਿਸ ਕੀ ਗਤਿ ਹੋਵੈ
ਉਧਰਹਿ ਸਗਲੇ ਕੋਟਾ॥੧॥ਰਹਾਉ॥ ਸੰਤ ਸੰਗਿ ਜਸੁ ਗਾਇਆ॥
ਇਹੁ ਪੂਰਨਿ ਹਰਿ ਧਨੁ ਪਾਇਆ॥ ਕਹੁ ਨਾਨਕ ਆਪੁ ਮਿਟਾਇਆ॥
ਸਭੁ ਪਾਰਬ੍ਰਹਮੁ ਨਦਰੀ ਆਇਆ॥੨॥੧੬॥੮੦॥

(ਸੋਰਠਿ ਮ: ੫)

# ੩੯. ਸੁਲਹੀ ਖਾਂ।

**ਪਿੱਛੇ** ਦੱਸ ਆਏ ਹਾਂ ਕਿ ਸੁਲਹੀ ਖਾਂ ਇਕ ਸਰਕਾਰੀ ਅਹੁਦੇਦਾਰ ਸੀ ਜੋ ਪ੍ਰਿਥੀ ਚੰਦ ਦਾ ਪਰਮ ਮਿਤ੍ਰ ਸੀ, ਵੇਲੇ ਕੁਵੇਲੇ ਉਸਦੀ ਮਦਦ ਕਰਦਾ ਸੀ। ਇਸ ਨੇ ਗੁਰੂ ਅਰਜਨ ਦੇਵ ਜੀ ਨੂੰ ਇਕ ਤੋਂ ਵਧੀਕ ਵਾਰ ਖੇਚਲ ਦੇਣ ਦੀਆਂ ਵਿਉਂਤਾਂ ਕੀਤੀਆਂ। ਇਸੇ ਦੇ ਮਦਦ ਨਾਲ ਗੁਰੂ ਜੀ ਦੇ ਵਿਰੁੱਧ ਅਰਜ਼ੀ ਪਾਈ ਗਈ ਸੀ। ਜੋ ਸ੍ਰੀ ਗੁਰੂ ਜੀ ਦੇ ਸ਼ਰਧਾਲੂ ਪ੍ਰਸਿੱਧ ਵਜ਼ੀਰ ਖਾਂ ਦੀ ਮਦਦ ਨਾਲ ਫੈਸਲਾ ਹੋ ਗਿਆ ਸੀ।

ਹੁਣ ਜਦ ਸੁਲਹੀ ਖਾਂ ਨੂੰ ਖ਼ਬਰ ਪੁਜੀ ਕਿ ਉਸਦਾ ਭਤੀਜਾ ਸੁਲਬੀ ਖਾਂ ਮਾਰਿਆ ਗਿਆ ਹੈ


www.sikhbookclub.com

ਤੇ ਉਸ ਦੇ ਕਤਲ ਦੀ ਕੁਛ ਸੈਨਤ ਤ੍ਰੈਕਾਲ ਅਦੋਸ਼ ਗੁਰੂ ਜੀ ਤੇ ਸੱਟੀ ਗਈ ਤਾਂ ਸੁਲਹੀ ਖਾਂ ਵਧੇਰੇ ਗੁੱਸੇ ਵਿਚ ਆਇਆ, ਕੁਛ ਚੰਦੂ ਨੇ ਚੁੱਕਿਆ। ਸੋ ਇਹ ਹੁਣ ਆਪਣੇ ਮਿਤ੍ਰ ਨੂੰ ਪ੍ਰਸੰਨ ਕਰਨ ਲਈ ਟੁਰਿਆ।

ਇਸ ਸਾਲ ਪੰਜਾਬ ਦਾ ਮਾਮਲਾ ਘੱਟ ਉੱਘਰਿਆ ਸੀ, ਇਸ ਉਗ੍ਰਾਹੀ ਦਾ ਕੰਮ ਅਪਣੇ ਜ਼ਿੰਮੇ ਸੁਲਹੀ ਨੇ ਲੈ ਲਿਆ ਤੇ ਕੁਛ ਆਗਿਆ ਲੈ ਲਈ ਗੁਰੂ ਜੀ ਬਾਬਤ ਫੋਲਾ ਫਾਲੀ ਦੀ ਕਿ ਮਾਝੇ ਦੇ ਲੋਕ ਸਭ ਗੁਰੂ ਦੇ ਹੁਕਮ ਵਿਚ ਹਨ।

ਸੂ: ਪ੍ਰ: ਮੂਜਬ ਦਿੱਲੀਓਂ ਚੱਲਕੇ ਅਪਣੇ ਸਵਾਰਾਂ ਸਮੇਤ ਇਹ ਰਸਤੇ ਵਿਚ ਪ੍ਰਿਥੀ ਚੰਦ ਦੇ ਪਿੰਡ ਕੋਠੇ ਉਸਨੂੰ ਮਿਲਣ ਤੇ ਹੋਰ ਮਸ਼ਵਰੇ ਕਰਨ ਗਿਆ। ਚੰਦੂ ਨਾਲ ਮਤਾ ਦਿੱਲੀਓਂ ਹੀ ਮਤਾ ਕੇ ਟੁਰਿਆ ਸੀ। ਇਹ ਕੋਠਾ ਪਿੰਡ ਮਾਲਵੇ ਵਿਚ ਹੈ।

ਸ੍ਰੀ ਗੁਰੂ ਜੀ ਨੂੰ ਸੰਗਤਿ ਵਲੋਂ ਖਬਰ ਪਹੁੰਚਾ ਦਿਤੀ ਗਈ ਕਿ ਸੁਲਹੀ ਖਾਂ ਆਪ ਜੀ ਨੂੰ ਖੇਦ ਦੇਣ ਦਾ ਮਨਸੂਬਾ ਧਾਰਕੇ ਮਾਮਲੇ ਦਾ ਬਹਾਨਾ ਲੈ ਕੇ ਸ਼ਾਹੀ ਹੁਕਮ ਨਾਲ ਫੁੱਲਿਆ ਆ ਰਿਹਾ ਹੈ। ਕੁਛ ਪ੍ਰਬੰਧ ਕਰ ਲੈਣਾ ਚਾਹੀਏ।

ਜਦ ਇਹ ਚਿੱਠੀ ਸ੍ਰੀ ਗੁਰੂ ਜੀ ਪਾਸ ਪਹੁੰਚੀ ਤੇ ਵੱਡੇ ਵੱਡੇ ਸਿਖਾਂ ਨੇ ਵਾਚੀ ਤਾਂ ਸਲਾਹ ਮਸ਼ਵਰੇ ਲਈ ਸਾਰੇ ਸ੍ਰੀ ਗੁਰੂ ਜੀ ਪਾਸ ਆ ਬੈਠੇ। ਉਸ ਵੇਲੇ ਦਾ ਸੰਖੇਪ ਹਾਲ ਗੁਰੂ ਜੀ ਦੀਆਂ ਇਨ੍ਹਾਂ ਚਾਰ ਸਤਰਾਂ ਤੋਂ ਸਹੀ ਹੋ ਜਾਂਦਾ ਹੈ :-

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥੧॥ (ਆਸਾ ਮ: ੫-੫)

ਇਸ ਸਮੇਂ ਜਾਪਦਾ ਹੈ ਘਬਰਾਈ ਹੋਈ ਸੰਗਤ ਨੂੰ ਗੁਰੂ ਜੀ ਨੇ ਇਹ ਗੱਲ ਬੀ ਕਹੀ ਸੀ ਕਿ ਚਿੰਤਾ ਨਾ ਕਰੋ ਵਾਹਿਗੁਰੂ ਸਾਡਾ ਰਾਖਾ ਹੈ, ਜੇ ਉਸਨੇ ਚਾਹਿਆ ਤਾਂ ਸੁਲਹੀ ਸਾਡੇ ਤੱਕ ਅੱਪੜ ਹੀ ਨਹੀਂ ਸਕੇਗਾ। ਉਧਰ ਇਹ ਹੋਇਆ ਕਿ ਸੁਲਹੀ ਖਾਂ ਕੋਠੇ ਪਿੰਡ ਪਹੁੰਚਾ। ਪ੍ਰਿਥੀ ਚੰਦ ਨੇ ਬੜੀ ਖਾਤਰ ਕੀਤੀ। ਬੈਠ ਕੇ ਮਨਸੂਬੇ ਘੜੇ। ਓਥੇ ਰਹਿੰਦਿਆਂ ਇਕ ਦਿਨ ਸੁਲਹੀ ਖਾਂ ਨੂੰ ਪ੍ਰਿਥੀ ਚੰਦ ਸ਼ਿਕਾਰ ਤੋਂ ਮੁੜੇ ਆਉਂਦਿਆਂ ਆਪਣੇ ਇੱਟਾਂ ਦੇ ਪੱਕਦੇ ਆਵੇ ਦਿਖਾਉਣ ਲੈ ਗਿਆ। ਓਥੇ ਜੁ ਘੋੜਾ ਜਲਦੀ ਸ਼ਿਖਰੇ ਪੁੱਜਣ ਲਈ ਦੁੜਾਇਆ ਇਕ ਥਾਂ ਘੋੜਾ ਉਛਲਿਆ ਤੇ ਆਵੇ ਦੀ ਦੀਵਾਰ ਤੋਂ ਉਛਲ ਕੇ ਆਵੇ ਦੇ ਵਿਚ ਜਾ ਪਿਆ, ਉਹ ਥਾਂ ਐਸੀ ਦੱਬੀਅੱਗ ਵਿਚ ਮਘ ਰਹੀ ਸੀ ਕਿ ਚੀਕਾਂ ਮਾਰਦੇ ਦੇ ਪ੍ਰਾਣ ਐਤੋਂ ਗਏ ਤੇ ਘੋੜੇ ਸਣੇ ਉਹ ਸੜ ਮੋਇਆ, ਕੋਈ ਯਤਨ ਬਚਣ ਬਚਾਉਣ ਦਾ ਪੇਸ਼ ਨਾ ਗਿਆ, ਅਖੀਰ ਬੜੇ ਯਤਨਾਂ ਨਾਲ ਭੁੱਜੀ ਹੋਈ ਦੇਹ ਕੱਢੀ ਤੇ ਦਫਨਾਈ ਗਈ। ਜਦੋਂ ਇਹ ਖਬਰ ਰਾਮਦਾਸ ਪੁਰੇ ਪੁੱਜੀ ਤਾ ਸ੍ਰੀ ਗੁਰੂ ਜੀ ਨੇ ਇਹ ਵਾਕ ਉਚਾਰਿਆ :-

ਸੁਲਹੀ ਤੇ ਨਾਰਾਇਣ ਰਾਖੁ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ
॥੧॥ਰਹਾਉ॥ ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ॥
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ॥੧॥
ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ॥੨॥੧੮॥੧੦੪॥

(ਬਿਲਾਵਲ ਮਹਲਾ ੫-੧੮)


www.sikhbookclub.com

ਸੁਲਹੀ ਖਾਂ ਤੋਂ ਨਾਰਾਇਣ ਨੇ ਰਖ ਲਿਆ ਹੈ, ਸੁਲਹੀ ਦਾ ਹੱਥ (ਸਾਡੇ ਤੇ) ਕਿਤੇ ਨਾ ਪੁਜ ਸਕਿਆ, ਸੁਲਹੀ (ਆਪਣੇ ਮੁਸਲਮਾਨੀ ਧਰਮ ਅਨੁਸਾਰ) ਅਪਵਿਤ੍ਰ ਮੌਤੇ ਮੋਇਆ।

ਅਖੀਰਲੀ ਤੁਕ ਤੋਂ ਪਤਾ ਚਲਦਾ ਹੈ ਕਿ ਉਸ ਵਾਕ ਵੱਲ ਇਸ਼ਾਰਾ ਹੈ ਜੋ ਆਪ ਨੇ ਕੀਤਾ ਸੀ ਕਿ ਸੁਲਹੀ ਸਾਡੇ ਤਕ ਨਹੀਂ ਅੱਪੜੇਗਾ।

## ੪੦. ਗੁਰੂ ਜੀ ਦਾ ਨਿਸ਼ਕਾਮ ਜਗਤ ਪ੍ਰੇਮ।

**ਹਿੰਦੁਸਤਾਨ** ਦੇ ਧਰਮ-ਪ੍ਰੇਮੀ ਯੋਗੀ ਤੇ ਸੰਨਿਆਸੀ ਆਦਿਕ ਜਗਤ ਛੱਡ ਕੇ ਏਕਾਂਤ ਹੋ ਜਾਂਦੇ ਹੁੰਦੇ ਸਨ, ਇਸ ਲਈ ਕਿ ਓਹ ਮਾਯਾ ਤੋਂ ਬੀਤਰਾਗ ਹੋ ਜਾਂਦੇ ਸਨ ਤੇ ਵਿਚ ਰਹਿੰਦੇ ਮਾਯਾ ਪ੍ਰੇਮੀ ਉਨ੍ਹਾਂ ਨੂੰ ਬੀ ਤਸੀਹੇ ਦੇਂਦੇ ਤੇ ਬ੍ਰਿਤੀਆਂ ਉਖੇੜਦੇ ਸਨ। ਜਿਸ ਦਾ ਫਲ ਇਹ ਹੋਇਆ ਕਿ ਚੰਗੇ ਲੋਕ ਜੋਗੀ, ਜੰਗਮ, ਸੰਨਿਆਸੀ, ਆਦਿ ਸੋਸਾਇਟੀ (ਭਾਈਚਾਰੇ) ਨੂੰ ਛੱਡ ਜਾਂਦੇ ਸਨ, ਘੱਟ ਅਕਲ ਤੇ ਘੱਟ ਤਾਣ ਵਾਲੇ ਤੇ ਘੱਟ ਵਿਦਯਾ ਵਾਲੇ ਹੋਣ ਕਰਕੇ ਪੱਛਮੀਂ ਪਠਾਣਾਂ, ਮੁਗਲਾਂ ਆਦਿ ਦੇ ਹਮਲਿਆਂ ਅਗੇ ਲੰਮੇ ਪੈ ਜਾਂਦੇ ਸਨ ਤੇ ਦੇਸ਼ ਦੁਬੇਲ ਹੁੰਦਾ ਹੁੰਦਾ ਗੁਲਾਮ ਹੋ ਗਿਅ ਸੀ। ਗੁਰੂ ਨਾਨਕ ਸਾਹਿਬ ਨੇ ਗ੍ਰਿਹਸਤ ਵਿਚ ਰਹਿਕੇ ਧਰਮ ਪਾਲਣਾ ਸਿਖਾਯਾ, ਮਾਯਾ ਵਿਚ ਵੱਸਕੇ ਮਾਯਾ ਦੇ ਮਾੜੇ ਅਸਰ ਤੋਂ ਨਿਰਲੇਪਤਾ ਸਿਖਾਈ ਤੇ ਪੁੱਗੇ ਲੋਕਾਂ ਨੂੰ ਵਿਚੇ ਰਹਿਕੇ ਨਿਸ਼ਕਾਮ ਸੇਵਾ ਦੀ ਜਾਚ ਦੱਸੀ, 'ਕਰਮ ਕਰਤ ਹੋਵੈ ਨਿਹਕਰਮ' ਦਾ ਵਰਤਾਉ ਕਰਕੇ ਦੱਸਿਆ, ਪਰ ਐਸਾਂ ਕਰਨੇ ਵਿਚ ਮਾਯਾ ਪ੍ਰੇਮੀ ਜੋ ਮਾਯਾ ਦੇ ਅੰਧੇਰੇ ਵਿਚ ਹੁੰਦੇ ਹਨ, ਦੁਖ ਦੇਂਦੇ ਹਨ, ਓਹ ਸਹਿਣੇ ਪੈਂਦੇ ਹਨ। ਜੇ ਗੁਰੂ ਅਰਜਨ ਦੇਵ ਜੀ ਸੁਰਤ ਵਿਚ ਮਾਯਾ ਦੇ ਪੂਰਨ ਤਯਾਗੀ, ਮੋਹ ਮਾਯਾ ਦੇ ਪੂਰਨ ਬੀਰਰਾਗੀ, ਸੰਨਯਾਸ ਕਰਕੇ ਯੋਗੀਆਂ ਵਾਂਙੂ ਪਹਾੜ ਸ਼ਿਖਰੇ ਜਾ ਬਹਿੰਦੇ ਤਾਂ ਸੁਲਹੀ ਖਾਂ ਨਾਲ ਕੀਹ ਮਤਲਬ ਤੇ ਸੁਲਬੀ ਦਾ ਹੱਲਾ ਕਿਉਂ ਹੁੰਦਾ ਤੇ ਪ੍ਰਿਥੀ ਚੰਦ ਜੀ ਕਿਉਂ ਨਵੇਂ ਨਵੇਂ ਸਾਮਾਨ ਦੁੱਖਾਂ ਦੇ ਕਰਦੇ ਤੇ ਚੰਦੂ ਕਿਉਂ ਵੈਰ ਕਮਾਉਂਦਾ?

ਪਰ ਗੁਰੂ ਘਰ ਦਾ ਅਸੂਲ :- ਪਹਿਲਾਂ ਸੁਰਤ ਨੂੰ ਮੋਹ ਮਾਯਾ ਤੋਂ ਅਤੀਤ ਕਰ ਲੈਣਾ, ਜਗਤ ਮੋਹ ਸਾਰਾ ਜਿੱਤ ਲੈਣਾ ਤੇ ਤ੍ਰਿਗੁਣਾਤੀਤ ਹੋ ਜਾਣਾ, ਫਿਰ ਜਗਤ ਪ੍ਰੇਮ ਵਿਚ ਆ ਜਾਣਾ। ਇਹ ਪ੍ਰੇਮ ਕੀਹ ਸੀ, ? ਨਿਸ਼ਕਾਮ ਪ੍ਰੇਮ ਹਰ ਇਕ ਜੀਵ ਦਾ, ਸੁਸਾਇਟੀ ਦਾ, ਦੇਸ਼ ਦਾ। ਦੁਨੀਆਂ ਨੂੰ ਪਿਆਰ ਕਰਨਾ, ਉਨ੍ਹਾਂ ਦੇ ਭਲੇ ਲਈ ਅਪਣੀ ਗ਼ਰਜ਼ ਤੋਂ ਬਿਨਾ। ਜਿਸ ਆਦਰਸ਼ ਦਾ ਅਸੀਂ ਹਰ ਰੋਜ਼ ਅਰਦਾਸਾਂ ਕਰਦੇ ਹਾਂ 'ਤੇਰੇ ਭਾਣੇ ਸਰਬੱਤ ਦਾ ਭਲਾ'। ਗੁਰੂ ਅਰਜਨ ਦੇਵ ਜੀ ਅਪਣੇ ਪਹਿਲੇ ਗੁਰੂ ਅਵਤਾਰਾਂ, ਚਾਰ ਪਾਤਸ਼ਾਹੀਆਂ ਵਾਂਙੂ ਉਪਰ ਕਹੀ ਜਾਚ ਸਿਖਾਲਣ ਲਈ ਭੁੱਲੀ ਹੋਈ ਦੁਨੀਆਂ ਦੇ ਵਿਚ ਬੈਠੇ ਪਰਉਪਕਾਰ ਕਰ ਰਹੇ ਤੇ ਜਗਤ ਜਲੰਦੇ ਨੂੰ ਰੱਖ ਰਹੇ ਸਨ। ਇਸ ਕਰਕੇ ਮਾਯਾ ਦੇ ਗੁਬਾਰ ਵਿਚ ਆਈ ਦੁਨੀਆਂ ਆਪ ਲਈ ਦੁੱਖ ਦੌਂ ਸਾਮਾਨ ਕਰਦੀ ਸੀ।

**ਸੂਚਨਾ**-ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸੁਲਹੀ ਖਾਂ ਦਾ ਵਾਕਿਆ ਪਹਿਲੋਂ ਦਿੱਤਾ ਹੈ ਤੇ ਸੁਲਬੀ ਖਾਂ ਦਾ ਮਗਰੋਂ। ਪਰ ਤਵਾਰੀਖ ਖਾਲਸਾ ਨੇ ਸੁਲਬੀ ਦਾ ਪਹਿਲੋਂ ਤੇ ਸੁਲਹੀ ਖਾਂ ਦਾ ਮਗਰੋਂ। ਫੇਰ ਸੁਲਹੀ ਖਾਂ ਦੇ ਵਾਕਿਆ ਬਾਰੇ ਦੋਹਾਂ ਵਿਚ ਕੁਛ ਫਰਕ ਹੈ। ਗੁ: ਪ੍ਰ: ਸੂ: ਵਿਚ ਲਿਖਿਆ ਹੈ ਕਿ ਸੁਲਹੀ ਦੇ ਸੜਨ ਦਾ ਵਾਕਿਆ ਕੋਠੇ ਪਿੰਡ ਹੋਇਆ ਜੋ ਮਾਲਵੇ ਵਿਚ ਹੈ। ਤਵਾਰੀਖ ਖਾਲਸਾ ਲਿਖਦੀ ਹੈ ਕਿ ਇਹ ਵਾਕਿਆ ਲਾਹੌਰ ਦੇ ਜ਼ਿਲੇ ਕੋਟ ਲਖਪਤ ਵਾਲੇ ਪਾਸ ਦੇ ਹੇਹਰ ਪਿੰਡ


www.sikhbookclub.com

ਹੋਇਆ। ਹੇਹਰ ਪ੍ਰਿਥੀ ਚੰਦ ਦੇ ਸਾਹੁਰੇ ਸਨ। ਏਥੇ ਹੀ ਪ੍ਰਿਥੀ ਚੰਦ ਨੂੰ ਬਹੁਤੀ ਜ਼ਮੀਨ ਮਿਲੀ ਸੀ। ਤਵਾਰੀਖ ਖਾਲਸਾ ਵਾਲੇ ਲਿਖਦੇ ਹਨ ਕਿ ਗੁਰੂ ਕੇ ਵਿਰੋਧੀਆਂ ਨੇ ਪ੍ਰਿਥੀ ਚੰਦ ਦੀ ਮਦਦ ਕਰਕੇ ਪਾਤਸ਼ਾਹ ਪਾਸ ਜਾਇਦਾਦ ਦੀ ਵੰਡ ਦੀ ਦਰਖਾਸਤ ਦਿੱਤੀ ਸੀ ਤੇ ਸਿਪਾਰਸ਼ਾਂ ਪੁਚਾਈਆਂ ਸਨ। ਪਰ ਵਜ਼ੀਰ ਖਾਂ[1] ਦੇ ਪਾਤਸ਼ਾਹ ਨੂੰ ਸਮਝਾਉਣ ਕਰਕੇ ਪਿੰਡ ਹੇਹਰ[2] ਤੇ ਕਦੋਰ ਪਿੰਡ ਦੁਇ ਪ੍ਰਿਥੀ ਚੰਦ ਨੂੰ ਦਿਵਾਕੇ ਪ੍ਰਿਥੀ ਚੰਦ ਤੋਂ ਬੇਦਾਵਾ ਲਿਖਾ ਦਿਤਾ ਸੀ। ਏਹ ਜਿਮੀਨ ੧੪ ਹਜ਼ਾਰ ਵਿਘੇ ਸੀ ਜੋ ਪ੍ਰਿਥੀ ਚੰਦ ਨੂੰ ਮਿਲੀ ਸੀ। ਏਥੇ ਹੀ ਪ੍ਰਿਥੀ ਚੰਦ ਦੀ ਸਮਾਧ ਤੇ ਟਿਕਾਣਾ ਹੈ।

ਤਵਾ: ਖਾ: ਵਿਚ ਲਿਖਿਆ ਹੈ ਕਿ ਪ੍ਰਿਥੀ ਚੰਦ ਦੇ ਪੜੋਤਰੇ ਸੋਢੀ ਕੌਲ ਜੀ ਨੇ ਕਪੂਰੇ ਚੌਧਰੀ ਤੋਂ, ਜੋ ਫਰੀਦਕੋਟ ਦੇ ਵਡਕੇ ਹੋਏ ਹਨ, ਕੋਠੇ ਪਿੰਡ ਵਾਲੀ ਥਾਂਵੇਂ ਬਹੁਤ ਸਾਰੀ ਜ਼ਮੀਨ ਲੈ ਕੇ ੧੭੨੧ ਬਿ: ਵਿਚ ਕੋਠਾ ਪਿੰਡ ਵਸਾਯਾ ਸੀ।

## ੪੧. ਸੰਬੰਧੀਆਂ ਦੇ ਸਚਖੰਡ ਪਿਆਨੇ।

**ਸ੍ਰੀ** ਗੁਰੂ ਅਰਜਨ ਦੇਵ ਜੀ ਦੀ ਮਾਤਾ ਸ੍ਰੀ ਬੀਬੀ ਭਾਨੀ ਜੀ ੧੬੫੫ ਬਿ: ਵਿਚ ਗੋਇੰਦਵਾਲ ਅਪਣੇ ਪੇਕੇ ਪਰਵਾਰ ਵਿਚ ਗਏ ਹੋਏ ਸਨ ਕਿ ਓਥੇ ਆਪ ਜੀ ਨੂੰ ਸੱਚੇ ਦਰੋਂ ਸੱਦੇ ਆ ਗਏ।

ਤਵਾ: ਖਾ: ਦੀ ਰਾਇ ਹੈ ਕਿ ਬੀਬੀ ਭਾਨੀ ਜੀ ਦਾ ਸੱਚਖੰਡ ਪਿਆਨਾ ੧੬੬੨ ਦੇ ਅੱਸੂ ਮਹੀਨੇ ਵਿਚ ਹੋਇਆ। ਇਸੇ ਸਾਲ ਕੱਤਕ ਦੇ ਮਹੀਨੇ ਸ੍ਰੀ ਮਹਾਂਦੇਵ ਜੀ ਗੁਰੂ ਜੀ ਦੇ ਭ੍ਰਾਤਾ ਦਾ ਸਚਖੰਡ ਪਿਆਨਾ ਹੋਇਆ। ਇਹ ਸਤਿ ਪੁਰਖ ਬੀ ਗੋਇੰਦਵਾਲ ਵਿਚ ਜਾ ਕੇ ਸੱਚੇ ਘਰਾਂ ਨੂੰ ਪਧਾਰੇ ਸਨ।

ਤਵਾ: ਖਾ: ਨੇ ਪ੍ਰਿਥੀ ਚੰਦ ਜੀ ਦਾ ਚਲਾਣਾ ਬੀ ਮੱਘਰ ੧੬੬੨ ਵਿਚ ਲਿਖਿਆ ਹੈ, ਜੋ ਸਹੀ ਨਹੀਂ ਜਾਪਦਾ, ਇਨ੍ਹਾਂ ਦਾ ਚਲਾਣਾ ਕੁਛ ਸਮਾਂ ਮਗਰੋਂ ਹੋਇਆ ਹੈ।

## ੪੨. ਹਰਵੰਸ ਤਪਾ।

**ਹਰਿਵੰਸੁ** ਤਪਾ ਧਰਮਸਾਲ ਦੀ ਟਹਿਲ ਕਰਦਾ ਹੁੰਦਾ ਸੀ। ਜੋ ਸਿਖੁ ਭੁੱਖਾ ਆਵੈ ਉਸਨੂੰ ਪ੍ਰਸਾਦ ਖੁਲਾਵੈ, ਜੋ ਥੱਕਾ ਆਵੇ ਓਸਦੇ ਗਰਮ ਪਾਣੀ ਨਾਲ ਪੈਰ ਧੋਵੈ, ਰੁਗ ਛਕਾਵੇ। ਰਾਤ ਨੂੰ ਉਪਰ ਭੂਰੇ ਪਾਇ ਦੇਵੈ। ਪਾਣੀ ਗਰਮੁ ਕਰਕੈ ਇਸਨਾਨੁ ਪਿਛਲੀ ਰਾਤਿ ਕਰਾਏ ਤੇ ਅੰਮ੍ਰਿਤ ਵੇਲੇ ਗ੍ਰੰਥ ਜੀ ਦੀ ਬਾਣੀ ਪੜ੍ਹੇ। ਤੇ ਤੀਸਰੇ ਪਹਿਰ ਭਾਈ ਗੁਰਦਾਸ ਜੀ ਦੀ ਬਾਣੀ ਪੜ੍ਹੈ। ਤਾਂ ਸਿਖਾਂ ਨੇ ਕਹਿਆ : ਸਾਹਿਬ

੧. ਵਜ਼ੀਰ ਖਾਂ ਗੁਰੂ ਕਾ ਸ਼ਰਧਾਲੂ ਸਜਨ ਪੁਰਖ ਸੀ, ਇਸ ਦਾ ਜ਼ਿਕਰ ਪਿਛੇ ਆ ਚੁਕਾ ਹੈ।

੨. ਹੇਹਰਿ ਲਾਹੌਰ ਜ਼ਿਲੇ ਵਿਚ ਹੈ, ਮੁਗਲਪੁਰੇ ਤੋਂ ਖਰਕੀ ਤੋਂ ਕਰਬਾਠ ਤੋਂ ਹੇਹਰ ਪੁੱਜੀਦਾ ਹੈ। ਛਾਂਗੇ ਮਾਂਗੇ ਤੋਂ ਬੀ ਰਾਹ ਸੁਣੀਂਦਾ ਹੈ। ਇਥੇ ਪ੍ਰਿਥੀ ਚੰਦ ਜੀ ਦਾ (ਅੰਮ੍ਰਿਤ ਸਰੋਵਰ ਤੇ ਹਰੀ ਮੰਦਰ ਦੀ ਨਕਲ ਤੇ) ਰਚਿਆ ਮੰਦਰ ਤੇ ਤਾਲ ਹੈ ਜੋ ਅਕਸਰ ਸੁੱਕਾ ਰਹਿੰਦਾ ਤੇ ਵੈਰਾਨ ਹੈ।


www.sikhbookclub.com

ਗ੍ਰੰਥ ਜੀ ਦੀ ਮਰਿਜਾਦਾ ਕੀਤੀ ਹੈ, ਹੋਰ ਬਾਣੀਆਂ ਬੰਦ ਕੀਤੀਆਂ ਹੈਨਿ। ਤਾਂ ਉਸ ਨੇ ਸਾਹਿਬ ਥੇ ਅਰਦਾਸ ਕੀਤੀ : ਜੋ ਜੀ ਭਾਈ ਗੁਰਦਾਸ ਜੀ ਦੀ ਬਾਣੀ ਪੜ੍ਹਿਆ ਕਰੀਏ ਕਿ ਨਾ ਪੜ੍ਹਿਆ ਕਰੀਐ ? ਤਾਂ ਬਚਨੁ ਹੋਇਆ: ਅਗਿਆਨੀਆਂ ਨੇ ਸਰੀਕਾ ਕਰਕੈ ਬਾਣੀਆਂ ਉਚਾਰੀਆਂ ਹੈਨਿ ਤੇ ਗੁਰੂ ਕੇ ਸਬਦ ਦੀ ਛਾਇਆ ਨਹੀਂ ਲੀਤੀ, ਓਸ ਬਾਣੀ ਨੂੰ ਬਰਜਿਆ ਹੈ ਤੇ ਭਾਈ ਜੀ ਦੀ ਬਾਣੀ ਤਾਂ ਮਾਨੋਂ ਸਬਦ ਦਾ ਟੀਕਾ ਹੈ। ਉਸ ਤੇ ਸਿਖੀ ਪ੍ਰਾਪਤੀ ਹੁੰਦੀ ਹੈ। ਜੋ ਈਸਰ ਦਾ ਰਿਦਾ ਗਜਾਨ ਹੈ ਤੇ ਗੁਰਾਂ ਦਾ ਰਿਦਾ ਸਬਦੁ ਹੈ; ਜੋ ਸਿਖ ਦਾ ਰਿਦਾ ਸਬਦ ਨਾਲ ਮਿਲਿਅ ਹੋਵੈ ਸੋ ਬਿਸ਼ੱਕ ਓਹੁ ਪੜ੍ਹਨਾ।

## ੪੩. ਕੁੱਲਾ ਭੁੱਲਾ।

ਕੁੱਲਾ ਭੁੱਲਾ ਦੋਵੇਂ ਝੰਝੀ ਹੈਸਨਿ ਤੇ ਭਗੀਰਥ ਸੁਇਨੀ ਹੈਸੀ, ਗੁਰੂ ਅਰਜਨ ਜੀ ਦੀ ਸਰਣਿ ਆਏ ਤਾਂ ਅਰਦਾਸ ਕੀਤੀ : 'ਜੀ ਗਰੀਬ ਨਿਵਾਜ! ਅਸੀਂ ਜ਼ਨਮ ਤੇ ਜੂਨੀ ਵਿਚ ਬਹੁਤ ਦੁਖ ਪਾਂਵਦੇ ਆਂਵਦੇ ਹਾਂ, ਹੁਣ ਤੁਸੀਂ ਕ੍ਰਿਪਾ ਕਰੋ, ਜੁ ਅਸਾਡਾ ਜਨਮੁ ਮਰਨੁ ਕਟੀਐ। ਤਾਂ ਬਚਨੁ ਹੋਇਆ 'ਤੁਸੀਂ ਗੁਰਮੁਖ ਦੇ ਕਰਮ ਕਰੋ, ਤੇ ਮਨਮੁਖਾਂ ਦੇ ਕਰਮ ਤਿਆਗੋ'। ਤਾਂ ਉਨ੍ਹਾਂ ਨੇ ਅਰਦਾਸ ਕੀਤੀ : 'ਜੀ ਗਰੀਬ ਨਿਵਾਜ! ਗੁਰਮੁਖ ਕਿਤਨੇ ਪ੍ਰਕਾਰ ਦੇ ਹੁੰਦੇ ਹੈਨਿ ?' ਬਚਨੁ ਹੋਇਆ : 'ਤਿੰਨ ਪ੍ਰਕਾਰ ਦੇ ਗੁਰਮੁਖ ਹੈਨਿ, ਤਿਨ ਪ੍ਰਕਾਰ ਦੇ ਮਨਮੁਖ ਹੈਨ; ਇਕ ਗੁਰਮੁਖ ਹੈਨਿ, ਇਕ ਗੁਰਮੁਖ ਤਰੁ ਹੈਨਿ, ਇਕ ਗੁਰਮੁਖਿ ਤਮ ਹੈਨਿ। 'ਗੁਰਮੁਖ' ਕੌਣ ਹੈਨਿ ? ਜਿਨਾਂ ਖੋਟਿਆਂ ਕਰਮਾਂ ਵੱਲੇ ਪਿੱਠ ਦਿੱਤੀ ਹੇ ਤੇ ਗੁਰਾਂ ਦੇ ਵਚਨਾਂ ਵਲਿ ਮੁੱਖ ਕੀਤਾ ਹੈ, ਤੇ ਜੋ ਇਕੁ ਓਨਾਂ ਨਾਲ ਚੰਗਿਆਈ ਕਰਦਾ ਹੈ ਤਾਂ ਆਪਣੇ ਵਲੋਂ ਸਦੀਵ ਉਸ ਦੇ ਨਾਲਿ ਚੰਗਿਆਈ ਕਰਦੇ ਰਹਿੰਦੇ ਹੈਨਿ ਤੇ ਉਸਦੀ ਭਲਿਆਈ ਵਿਸਾਰਦੇ ਨਹੀਂ ਤੇ ਅਪਣੀ ਭਲਿਆਈ ਚਿਤ ਨਹੀਂ ਕਰਦੇ।

'ਗੁਰਮੁਖਿ ਤਰੁ' ਓਹ ਹੈਨਿ ਜਿਨ੍ਹਾਂ ਬੁਰੇ ਕਰਮ ਤਿਆਗ ਦਿਤੇ ਹੈਨਿ, ਤੇ ਭਲਿਆਂ ਕਰਮਾਂ ਦਾ ਅੰਗੀਕਾਰ ਕੀਤਾ ਹੈ ਤੇ ਜਿਸਦਾ ਕੰਮ ਓਨਾਂ ਦੇ ਤੀਕ ਆਂਵਦਾ ਹੈ ਤਾਂ ਸਭਸੈ ਨਾਲਿ ਭਲਾ ਹੀ ਕਰਦੇ ਹੈਨਿ, ਭਾਵੇਂ ਕੋਈ ਭਲਾ ਕਰੈ ਭਾਵੇਂ ਕੋਈ ਬੁਰਾ ਕਰੇ, ਓਹ ਆਪਣੇ ਵਲੋਂ ਭਲਾ ਹੀ ਕਰਦੇ ਹੈਨਿ। ਤੇ 'ਗੁਰਮੁਖ ਤਮ' ਓਹ ਹੈਨਿ ਜੋ ਗਿਆਨ ਸੰਪੰਨਿ ਹੈਨਿ। ਭਲਾ ਸਭਸੈ ਨਾਲਿ ਕਰਦੇ ਹੈਨਿ। ਜੋ ਕੋਈ ਉਨ੍ਹਾਂ ਦਾ ਬੁਰਾ ਭੀ ਕਰੇ ਤਾਂ ਓਨ੍ਹਾਂ ਦੇ ਨਾਲਿ ਭੀ ਭਲਾ ਹੀ ਕਰਦੇ ਹੈਨਿ। ਤੇ

'ਮਨਮੁਖ' ਓਹੁ ਹੈਨਿ ਜੋ ਸਦਾ ਵਿਕਾਰ ਹੀ ਕਰਦੇ ਹੈਨਿ, ਜੋ ਕੋਈ ਓਨਾਂ ਦੇ ਨਾਲਿ ਭਲਿਆਈ ਕਰੇ ਸੋ ਵਿਸਾਰ ਦੇਂਦੇ ਹੈਨਿ ਤੇ ਬੁਰਿਆਈ ਜੋ ਕੋਈ ਕਰੇ ਤਾਂ ਵਿਸਾਰਦੇ ਨਹੀਂ। ਤੇ 'ਮਨਮੁਖ ਤਰੁ' ਉਹੁ ਹੈਨਿ ਜੋ ਕੋਈ ਭਲਾ ਬੁਰਾ ਹੋਵੇ, ਤਾਂ ਸਭਸੈ ਨਾਲਿ ਬੁਰਿਆਈ ਹੀ ਕਰਦੇ ਹੈਨਿ। ਤੇ 'ਮਨਮੁਖ ਤਮ' ਓਹੁ ਹੈਨਿ ਜੋ ਭਲੇ ਨਾਲਿ ਵੀ ਬੁਰਿਆਈ ਕਰਦੇ ਹੈਨਿ। ਅਗਲਾ ਭਲਿਆਈ ਕਰੇ ਤੇ ਓਹੁ ਫੇਰ ਬੁਰਿਆਈ ਕਰਨਿ ਤੇ ਸਬਦ ਬਾਣੀ ਦੀ ਸਮਝ ਕੁਝ ਨ ਕਰਨਿ, ਸਗੋਂ ਕਹਿੰਦੇ ਹੈਨਿ ਜੋ ਸਬਦ ਦਾ ਸੁਣਨਾ ਤੇ ਭਲਿਆਈ ਕਰਨਾ ਅਸਾਨੂੰ ਨਹੀਂ ਫਲਦੀ ਤੇ ਬੁਰਿਆਈ ਅਸਾਂ ਨੂੰ ਫਲੁ ਦੇਂਦੀ ਹੈ। ਸੋ ਘੋਰ ਨਰਕਾਂ ਵਿਚ ਮਹਾਂ ਦੁਖ ਨੂੰ ਪ੍ਰਾਪਤਿ ਹੋਵਨਿਗੇ। ਤਾਂ ਓਹੁ ਗੁਰਮੁਖਾਂ ਦੇ ਕਰਮ ਕਰਨ ਲਗੇ। ਉਨ੍ਹਾਂ ਦਾ ਉਸੇ ਕਰਿ ਕਲਿਆਣੁ ਹੋਇਆ।

# ੪੪. ਸਮੁੰਦਾ।

**ਇਸ** ਨਾਮ ਦਾ ਇਕ ਸਿਖ ਸਤਿਗੁਰੂ ਦੇ ਹਜ਼ੂਰ ਹਾਜ਼ਰ ਹੋਇਆ ਤੇ ਅਰਦਾਸ ਕੀਤੀ : ਜੀਓ 'ਸਨਮੁਖ' ਤੇ 'ਬੇ ਮੁਖ' ਦਾ ਵੇਰਵਾ ਸਮਝਾਓ!

ਸਤਿਗੁਰ ਜੀ ਬੋਲੇ-'ਜੇ ਕਿਸੇ ਨੂੰ ਕੋਈ ਕੰਮ ਕਰਨੇ ਲਈ ਘੱਲੀਏ ਤਾਂ ਉਹ ਜੇ ਦਿਲ ਲਾ ਕੇ ਕੰਮ ਸੁਆਰ ਲੈਂਦਾ ਹੈ ਤਾਂ ਉਹ ਖੁਸ਼ ਖੁਸ਼ ਚਲਿਆ ਆਂਵਦਾ ਹੈ। ਉਸਨੂੰ ਸਨਮੁਖ ਕਹੀਦਾ ਹੈ, ਓਹ ਭੇਜਣ ਵਾਲੇ ਦੇ ਮੱਥੇ ਲਗਣੋਂ ਸੰਕੋਚ ਨਹੀਂ ਖਾਂਦਾ। ਜੋ ਆਦਮੀ ਕੰਮ ਘੱਲਿਆ ਕੰਮ ਸੁਆਰਦਾ ਨਹੀਂ ਸਗੋਂ ਵਿਗਾੜ ਆਉਂਦਾ ਹੈ ਤਦ ਉਹ ਸ਼ਰਮਦਾ ਸਾਹਮਣੇ ਨਹੀਂ ਆਉਂਦਾ। ਝੇਪਦਾ ਫਿਰਦਾ ਹੈ, ਉਸਨੂੰ ਬੇ-ਮੁਖ ਕਹੀਦਾ ਹੈ। ਇਸ ਤਰ੍ਹਾਂ ਵਾਹਿਗੁਰੂ ਜੀ ਨੇ ਸਿਖਾਂ ਨੂੰ ਜੱਗ ਤੇ (ਨਾਮ=) ਨਾਮ ਜਪਣ, (ਦਾਨ=) ਵੰਡ ਛਕਣ ਤੇ (ਇਸ਼ਨਾਨ-) ਦੇਹ ਨੂੰ ਮਾੜੇ ਕਰਮਾਂ ਥੀਂ ਨਿਰਮਲ ਰਖਣ ਲਈ ਘੱਲਿਆ ਹੈ। ਸੋ ਜੋ ਇਸ ਕੰਮ ਦੀ ਕਮਾਈ ਕਰਕੇ ਜਾਣਗੇ ਸਨਮੁਖ ਕਹੀਐਂਗੇ, ਉਹ ਮੁਖ ਉੱਜਲ ਜਾਣਗੇ। ਜੋ ਕਾਮ ਕ੍ਰੋਧ ਲੋਭ ਮੋਹ ਵਿਚ ਰੁੱਝੇ ਮਾੜਾ ਆਚਰਨ ਬਿਤਾਉਂਦੇ ਹਨ, ਨਾਮ, ਬਾਣੀ, ਦਾਨ ਤੋਂ ਉਲਟ ਚਲਦੇ ਹਨ, ਸੋ ਬੇਮੁਖ ਕਹੀਐਂਗੇ, ਉਹ ਉੱਜਲ ਮੁਖ ਅੱਗੇ ਨਹੀਂ ਜਾਂਦੇ। ਇਹ ਸੁਣਕੇ ਭਾਈ ਸਮੁੰਦੇ ਨੇ ਹਜ਼ੂਰ ਦੀ ਮੇਹਰ ਮੰਗੀ। ਬਚਨ ਹੋਇਆ, 'ਜਤਨ ਕਰੋ, ਜੋ ਆਖਿਆ ਹੈ ਕਮਾਓ, ਲਗ ਪਓ, ਲਗ ਪਿਆਂ ਉਤੇ ਮੇਹਰ ਆਪੇ ਹੁੰਦੀ ਹੈ'। ਤਦ ਇਹ ਗੁਰੂ ਕਾ ਸਿਖ ਲਗ ਪਿਆ ਤੇ ਕਲਯਾਣ ਪ੍ਰਾਪਤ ਹੋਈ।

# ੪੫. ਸ਼ਾਹਜ਼ਾਦਾ ਖੁਸਰੋ।

**ਅਕਬਰ** ਸੀ ਪਾਤਸ਼ਾਹ ਹਿੰਦ ਦਾ, ਇਹ ਕਦੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਗੋਇੰਦਵਾਲ ਆਯਾ ਸੀ ਤੇ ਕਈ ਪਿੰਡ ਜਾਗੀਰ ਲਈ ਅਰਪਨ ਕੀਤੇ ਸਾਸੁ। ਸ੍ਰੀ ਗੁਰੂ ਅਰਜਨ ਦੇਵ ਜੀ ਜਦੋਂ ਗੱਦੀ ਤੇ ਬੈਠੇ ਸਨ ਤਾਂ ਬੀ ਰਾਜ ਅਕਬਰ ਦਾ ਹੀ ਸੀ। ਅਕਬਰ ਇਕ ਵੇਰ ਪੰਜਾਬ ਆਇਆ ਸੀ ਤਦੋਂ ਆਪ ਜੀ ਦੇ ਮੇਲੇ ਅਕਬਰ ਨਾਲ ਹੋਏ ਸਨ। ਪੰਜਾਬ ਵਿਚ ਤਦੋਂ ਕਾਲ ਪਿਆ ਹੋਇਆ ਸੀ ਤੇ ਲੋਕੀ ਮਾਮਲਾ ਦੇਣੋਂ ਆਰੀ ਹੋ ਰਹੇ ਸਨ, ਸਤਿਗੁਰੂ ਜੀ ਨੇ ਅਕਬਰ ਪਾਸ ਸਿਪਾਰਿਸ਼ ਕੀਤੀ ਸੀ ਕਿ ਮਾਲੀਆ ਮਾਫ ਕਰ ਦਿਤਾ ਜਾਵੇ, ਪਰਜਾ ਦੁਖੀ ਹੈ। ਤਦੋਂ ਅਕਬਰ ਨੇ ਮਾਫੀ ਦੇਣੀ ਮੰਨ ਲਈ ਸੀ। ਇਹ ਗਲ ਖੁਲਾਸਾ-ਤੁੱ- ਤਵਾਰੀਖ ਵਿਚ ਲਿਖੀ ਹੈ। ਝਗੜਾ ਨਿਪਟਾਉਣ ਪਿਛੋਂ ਬਿਆਸਾ ਲੰਘ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਡੇਰੇ ਆਇਆ, ਗੁਰੂ ਜੀ ਦੀ ਰਸਨਾ ਤੋਂ ਗੁਰਬਾਣੀ ਸੁਣੀ ਤੇ ਬੜਾ ਖੁਸ਼ ਹੋਇਆ, ਗੁਰੂ ਜੀ ਨੇ ਅਕਬਰ ਨੂੰ ਕਿਹਾ :-

''ਅਜ਼ ਨਜ਼ੂਲੇ ਅਸਾਕਰੇ ਮਨਸੂਰਹ* ਦਰ ਪੰਜਾਬ ਨਿਰਖੇ
ਗ਼ੱਲਹ ਗਿਰਾਂ ਬੂਦ, ਅਜ਼ੀਂ ਜਿਹਤ ਜਮਅ ਪਰਗਨਾਤ ਜ਼ਿਆਦਹ
ਸ਼ੁਦਹ, ਅਲਹਾਲ ਅਜ਼ ਇੰਤਹਾਜ਼ਿ ਅਫ਼ਵਾਜੇ ਕਾਹਿਰਾ

*ਪਾਠਾਂਤ੍ਰ-ਮੁਤਸੱਵਰਹ = ਖਿਆਲ ਕੀਤੇ ਗਏ।


www.sikhbookclub.com

ਗ਼ੱਲਾਤ ਰੂ ਬ-ਅਰਜ਼ਾਨੀ ਆਵੁਰਦਹ। ਰਿਆਇਆ ਅਜ਼ ਉਹਦਾ ਅਦਾਏ ਜਮਅ ਨਮੇ ਤਵਾਨਦ ਬਰਾਮਦ। ਹਸਬ ਇਲਤਮਾਸੇ ਓ ਬ-ਦੀਵਾਨੀਆਨੇ ਉੱਜ਼ਾਮ ਹੁਕਮ ਸ਼ੁਦ ਕਿ ਬ-ਹਿਸਾਬ ਦਹ ਦਵਾਜ਼ਦਹ ਅਜ਼ ਜਮਅ ਬ-ਰਿਆਇਆ ਤਖ਼ਫ਼ੀਫ਼ ਦਿਹੰਦ, ਵ ਤਾਕੀਦ ਬ-ਅਮਾਲ ਕੁਨੰਦ ਕਿ ਮੁਤਾਬਕੇ ਆਂ ਬ-ਰਿਆਯਾ ਰਿਆਯਤ ਨਮੂਦਹ ਜ਼ਿਆਦਹ ਤਲਬੀ ਨ ਨੁਮਾਇਅੰਦ। (ਖਾਲਸਾ-ਤੂੰ-ਤਵਾਰੀਖ ਪੰਨਾ ੪੦੨)

ਅਰਥਾਤ-ਬਾਦਸ਼ਾਹੀ ਲਸ਼ਕਰ ਦੇ ਏਥੇ ਆ ਉਤਰਨ ਤੇ ਅਨਾਜ ਦਾ ਭਾ ਪੰਜਾਬ ਵਿਚ ਮਹਿੰਗਾ ਸੀ, ਇਸ ਕਰਕੇ ਇਲਾਕਿਆਂ ਦਾ ਮਾਲੀਆ ਜ਼ਿਆਦਾ ਹੋ ਗਿਆ, ਅਜਕਲ ਫੌਜ ਦੇ ਚਲੇ ਜਾਣ ਤੋਂ ਅਨਾਜ ਦਾ ਭਾ ਸਸਤਾ ਹੋ ਗਿਆ ਹੈ ਤੇ ਪ੍ਰਜਾ ਮਾਲੀਆ ਨਹੀਂ ਦੇ ਸਕੀ। (ਗੁਰੂ ਜੀ ਦੇ) ਕਹੇ ਅਨੁਸਾਰ ਵੱਡੇ ਦੀਵਾਨੀ ਹਾਕਮਾਂ ਨੂੰ ਹੁਕਮ ਹੋਇਆ ਕਿ ੧੦/੧੨ਵੇਂ ਦੇ ਹਿਸਾਬ ਨਾਲ ਮਾਲੀਏ ਵਿਚੋਂ ਛੋਟ ਕਰ ਦਿਤੀ ਜਾਵੇ (ਭਾਵ ਪੰਜ ਹਿੱਸੇ ਛੋਟ ਕਰਕੇ ਕੇਵਲ ਛੀਵਾਂ ਹਿੱਸਾ ਵਸੂਲ ਕੀਤਾ ਜਾਏ) ਤੇ ਮਾਲੀਆ ਵਸੂਲ ਕਰਨ ਵਾਲਿਆਂ ਨੂੰ ਤਾਕੀਦ ਕਰਨ ਕਿ ਇਸ (ਹੁਕਮ) ਅਨੁਸਾਰ ਰਿਆਇਆ ਨੂੰ ਰਿਐਤ ਕਰ ਦੇਣ ਤੇ ਵਧੀਕ ਨਾਂ ਵਸੂਲ ਕਰਨ।

ਇਹ ਅਕਬਰ ਮੁਗ਼ਲਾਂ ਵਿਚੋਂ ਸ੍ਰੇਸ਼ਟ ਪੁਰਖ ਸੀ। ੧੯ ਅਕਤੂਬਰ ਸਨ ੧੬੦੫ ਮੁਤਾ: ੧੬੬੨ ਬਿ: ਵਿਚ ਇਸ ਦਾ ਦੇਹਾਂਤ ਹੋਇਆ। ਇਹ ਆਪਣੇ ਅੰਤ ਸਮੇਂ ਆਪਣਾ ਤਖਤ ਆਪਣੇ ਪੁਤ੍ਰ ਸਲੀਮ ਨੂੰ ਦੇ ਗਿਆ ਸੀ। ਇਹ ਅਕਬਰ ਦਾ ਵਡਾ ਪੁੱਤਰ ਸੀ, ਪਿਉ ਨੂੰ ਪਿਆਰਾ ਸੀ, ਮਾਂ ਇਸਦੀ ਹਿੰਦੂ ਸੀ ਜੋ ਅੰਬਰ ਦੇ ਰਾਜ ਘਰਾਣੇ ਵਿਚੋਂ ਸੀ। ਪਿਤਾ ਨੇ ਸਲੀਮ ਨੂੰ ਤਾਅਲੀਮ ਚੰਗੀ ਦਿੱਤੀ। ਪਰ ਇਹ ਬੇਥਵਾ ਖੁਦਸਰ ਤੇ ਅੱਯਾਸ਼ ਜੇਹਾ ਸ਼ਾਹਜ਼ਾਦਾ ਨਿਕਲਿਆ। ੧੬੫੭ ਬਿ: ਵਿਚ ਇਹ ਪਿਤਾ ਨਾਲ ਨਾਰਾਜ਼ ਹੋ ਕੇ ਬੰਗਾਲ ਜਾ ਕੇ ਬਗ਼ਾਵਤ ਕਰ ਬੈਠਾ। ਇਸ ਤੋਂ ਕੁਛ ਚਿਰ ਮਗਰੋਂ ਇਸਨੇ ਆਪਣੇ ਪਿਤਾ ਦੇ ਸਭ ਤੋਂ ਵੱਧ ਵਿਦਵਾਨ ਤੇ ਸੱਚੇ ਮਿਤ੍ਰ ਅੱਬੁਲ ਫ਼ਜਲ ਨੂੰ ਕਤਲ ਕਰਵਾ ਦਿਤਾ। ਅਕਬਰ ਦਾ ਦਿਲ ਟੁੱਟ ਗਿਆ ਤੇ ਅਪਣੇ ਸੱਚੇ ਮਿੱਤ੍ਰ ਦੇ ਵਿਯੋਗ ਵਿਚ ਪਰਮ ਦੁਖੀ ਹੋਇਆ। ਪਰ ਫੇਰ ੧੬੬੧ ਬਿ: ਵਿਚ ਪਿਤਾ ਪੁਤ੍ਰ ਦੀ ਸੁਲਹ ਹੋ ਗਈ।

ਅਕਬਰ ਦੀ ਰਾਜਸੀ ਵਿਉਂਤ ਇਹ ਸੀ ਕਿ ਹਿੰਦੂ ਮੁਸਲਮਾਨਾਂ ਨੂੰ ਮਿਲਾ ਦੇਵੇ ਤੇ ਦੁਇ ਇਕ ਹੋ ਜਾਣ। ਇਸ ਕਰਕੇ ਉਹ ਹਿੰਦੂ ਦਾਨਿਆਂ ਨੂੰ ਵਡੇ ਅਹੁਦੇ ਦੇਂਦਾ ਤੇ ਰਾਜਪੂਤ ਘਰਾਣਿਆਂ ਨਾਲ ਅਪਣੇ ਤੇ ਸ਼ਹਜ਼ਾਦਿਆਂ ਦੇ ਨਾਤੇ ਬੀ ਕਰਵਾ ਦੇਂਦਾ ਸੀ। ਇਨ੍ਹਾਂ ਗਲਾਂ ਤੇ ਮੁਸਲਮਾਨ ਨਾਰਾਜ਼ ਸਨ। ਸਲੀਮ ਜਦ ਜਹਾਂਗੀਰ ਦਾ ਖਿਤਾਬ ਲੈ ਕੇ ਗੱਦੀ ਤੇ ਬੈਠਾ ਤਾਂ ਇਸਨੇ ਇਕ ਐਲਾਨ ਜਾਰੀ ਕੀਤਾ ਸੀ, ਜਿਸ ਵਿਚ ਇਕ ਗਲ ਇਹ ਸੀ ਕਿ ਮੈਂ ਮੁਸਲਮਾਨ ਮਜ਼ਹਬ ਦੀ ਰਖਜਾ ਕਰਾਂਗਾ। ਇਹ ਮੁਸਲਮਾਨੀ ਪੱਖ ਵਾਲੇ ਅਹਿਲਕਾਰਾਂ, ਕਾਜ਼ੀਆਂ, ਮੁੱਲਾਂ ਤੇ ਮੁਸਲਮਾਨਾਂ ਨੂੰ ਖੁਸ਼ ਕਰਨ ਵਾਸਤੇ ਸੀ। ਉਸ ਵਿਚ ਹੋਰ ਕਈ ਚੰਗੀਆਂ ਗਲਾਂ ਬੀ ਸਨ, ਧਾੜੇ ਰੋਕਣੇ, ਸਜ਼ਾਵਾਂ ਵਹਸ਼ੀਆਨਾ ਨਾ ਦੇਣੀਆਂ, ਨਸ਼ੇ ਰੋਕਣੇ, ਇਨਸਾਫ ਕਰਨੇ ਆਦਿ।

ਜਹਾਂਗੀਰ ਦਾ ਪੁੱਤਰ ਸੀ ਖ਼ੁਸਰੋ। ਇਹ ਤਦੋਂ ਹੀ ਨੇਕ ਮਸ਼ਹੂਰ ਸੀ। ਇਸਦਾ ਸੁਭਾਉ ਨਰਮ ਸੀ। ਇਹ ਵਿਦਵਾਨ ਬੀ ਸੀ। ਫਰੰਗੀ ਲੇਖਕ ਇਸਨੂੰ ਈਸਾਈਆਂ ਦਾ ਬਹੁਤ ਦੋਸਤ ਤੇ ਪੱਖੀ ਵਰਣਨ ਕਰਦੇ ਹਨ। ਕਦੇ ਅਕਬਰ ਵੇਲੇ ਇਹ ਖਯਾਲ ਬੀ ਸੀ ਕਿ ਸ਼ਾਇਦ ਗਦੀ ਤੇ

ਏਹੋ ਬੈਠੇ। ਪਰ ਇਹ ਸ਼ਾਹਜ਼ਾਦਾ ਅਪਣੇ ਪਿਉ ਜਹਾਂਗੀਰ ਦੀ ਗੱਦੀ ਨਸ਼ੀਨੀ ਤੋਂ ਮਗਰੋਂ ਸ਼ੱਕ ਹੇਠ ਆਗਰੇ ਵਿਚ ਨਜ਼ਰਬੰਦ ਰਿਹਾ। ਪੰਜ ਕੁ ਮਹੀਨੇ ਬਾਦ ਮੌਕਾ ਪਾਕੇ ਇਹ ਉਥੋਂ ਨਿਕਲ ਪੰਜਾਬ ਨੂੰ ਟੁਰ ਪਿਆ। ਕੁਛ ਸਾਥੀ ਨਾਲ ਸਨ, ਕੁਛ ਰਲਦੇ ਰਲਾਉਂਦੇ ਹੋਰ ਹੁੰਦੇ ਪੰਜਾਬ ਜਾ ਪਹੁੰਚੇ। ਪਾਤਸ਼ਾਹ ਬੀ ਉਸਨੂੰ ਫੜਨ ਲਈ ਮਗਰੇ ਮਗਰ ਟੁਰਿਆ। ਰਸਤੇ ਵਿਚ ਜਿਸ ਕਿਸੇ ਦੀ ਖਬਰ ਮਿਲੀ ਕਿ ਉਸਨੇ ਖੁਸਰੋ ਨੂੰ ਮਦਦ ਦਿਤੀ ਹੈ ਸਜ਼ਾਵਾਂ ਦੇਂਦਾ; ਸੁਲਤਾਨਪੁਰ, ਗੋਇੰਦਵਾਲ ਹੁੰਦਾ ਰਾਮਦਾਸ ਪੁਰੇ ਦੇ ਲਾਗੇ ਮਾਝੇ ਵਿਚਦੀ ਜਾਂਦਾ ਲਾਹੌਰੋਂ ਸੱਤ ਮੀਲ ਉਰੇ ਜੈਪਾਲ ਪਿੰਡ ਜਾ ਪਹੁੰਚਾ। ਇਥੋਂ ਟੁਰਕੇ ਜਹਾਂਗੀਰ ਮਿਰਜ਼ਾ ਕਾਮਰਾਨ ਦੇ ਬਾਗ-ਲਾਹੌਰ-ਅੱਪੜ ਗਿਆ।

ਲਾਹੌਰ ਜਦ ਖੁਸਰੋ ਅੱਪੜਿਆ ਸੀ ਤਾਂ ਲਾਹੌਰ ਦੇ ਸੂਬੇਦਾਰ ਨੇ ਖੁਸਰੋ ਦਾ ਸ੍ਵਾਗਤ ਨਹੀਂ ਸੀ ਕੀਤਾ ਤੇ ਸ਼ਹਿਰ ਦੇ ਦਰਵਾਜ਼ੇ ਬੰਦ ਰੱਖੇ ਸਨ। ਖੁਸਰੋ ਅੱਗੇ ਨੂੰ ਟੁਰ ਪਿਆ ਸੀ, ਪਰ ਸੋਧਰੇ ਦੇ ਪੱਤਣ ਤੇ ਗ੍ਰਿਫ਼ਤਾਰ ਹੋ ਗਿਆ। ੩ ਮੁਹੱਰਮ ਯਾ ੧ ਮਈ ਨੂੰ ਖੁਸਰੋ ਗ੍ਰਿਫ਼ਤਾਰ ਹੋਇਆ, ਲਾਹੌਰ ਪਾਤਸ਼ਾਹ ਦੇ ਪੇਸ਼ ਹੋਇਆ, ਉਸਦੇ ਵਡੇ ਦੋ ਸਾਥੀ ਗਾਂ ਤੇ ਖੋਤੇ ਦੀ ਖੱਲ ਵਿਚ ਜੀਉਂਦੇ ਸੀਤੇ ਗਏ। ਲਗ ਪਗ ਸਤ ਸੌ[1] ਉਸਦੇ ਸਾਥੀ ਸੂਲੀ ਟੰਗੇ ਗਏ। ਖੁਸਰੋ ਨੂੰ ਨਜ਼ਰਬੰਦ ਕੀਤਾ ਗਿਆ ਤੇ ਉਸ ਦੀਆਂ ਅੱਖਾਂ ਖਰਾਬ ਕਰ ਦਿਤੀਆਂ ਗਈਆਂ।

੧੬ ਅਪ੍ਰੈਲ ਨੂੰ ਪਾਤਸ਼ਾਹ ਸੁਲਤਾਨ ਪੁਰ ਤੇ ਗੋਇੰਦਵਾਲੋਂ ਲੰਘਦਾ ਹੈ ਤੇ ਖੁਸਰੋ ਦੀ ਗ੍ਰਿਫ਼ਤਾਰੀ ਸੁਣਕੇ ਫੇਰ ਸਹਿਜੇ ਸਹਿਜੇ ਜਾਂਦਾ ਹੈ, ੧੬ ਅਪ੍ਰੈਲ ਤੋਂ ੬ ਮਈ ਤਕ ਖੁਸਰੋ ਦੇ ਸਾਰੇ ਮਾਮਲੇ ਮੁੱਕ ਜਾਂਦੇ ਹਨ, ਇਸ ਤੋਂ ਬੀ ੧੩ ਦਿਨ ਮਗਰੋਂ ਕਿਸੇ ਦਿਨ ਅਰਥਾਤ ੨੦ ਮਈ ਤੋਂ ਬਾਦ ਬਾਦਸ਼ਾਹ ਨੂੰ ਖਬਰ ਮਿਲਦੀ ਹੈ ਕਿ ਗੁਰੂ ਅਰਜਨ ਸਾਹਿਬ ਜੀ ਬੀ ਖੁਸਰੋ ਨੂੰ ਮਿਲੇ ਸਨ।

## ੪੬. ਜਾਮੇ ਸ਼ਹਾਦਤ।

**ਪਾਤਸ਼ਾਹ** ਨੇ ਖਬਰ ਸੁਣਦੇ ਸਾਰ ਗੁਰੂ ਸਾਹਿਬ ਜੀ ਨੂੰ ਖੁਲਵਾ ਭੇਜਿਆ ਅਰ ਬਿਨਾਂ ਕੋਈ ਤ੍ਰੀਕਾ ਸੱਚ ਝੂਠ ਨਿਰਨੈ ਕਰਨ ਦਾ ਵਰਤੇ ਦੇ ਹੁਕਮ ਦੇ ਦਿੱਤਾ ਕਿ 'ਯਾਸਾ' ਦੀ ਸਜ਼ਾ ਦਿਤੀ ਜਾਵੇ! ਇਹ 'ਯਾਸਾ' ਪਦ ਤੁਰਕੀ ਬੋਲੀ ਦਾ ਲਫ਼ਜ਼ ਹੈ, ਇਸਦੇ ਅਰਥ ਹਨ :- ਕਤਲ ਕਰਨਾ, ਘਰ ਬਾਰ ਲੁੱਟ ਲੈਣਾ[2]। ਸਾਰੀ ਗਲ ਪਾਤਸ਼ਾਹ ਮੁਰਤਜ਼ਾ ਖਾਂ ਦੇ ਹਵਾਲੇ ਛੱਡ ਕੇ ਅੱਗੇ ਟੁਰਗਿਆ।

ਇਹ 'ਯਾਸਾ' ਵਾਲੀ ਗਲ ਪਾਤਸ਼ਾਹ ਨੇ ਆਪ ਲਿਖੀ ਹੈ ਪਰ ਉਸੇ ਸਮੇਂ ਦਾ ਲੇਖਕ ਦਬਿਸਤਾਨ ਮਜ਼ਾਹਬ ਦਾ ਕਰਤਾ ਲਿਖਦਾ ਹੈ ਕਿ ਪਾਤਸ਼ਾਹ ਨੇ ਜੁਰਮਾਨਾ ਕੀਤਾ ਬਹੁਤ ਭਾਰੀ, ਜੋ ਉਹ ਦੇ ਨਾ ਸਕੇ।

ਪਾਤਸ਼ਾਹ ਦਾ ਆਪਣਾ ਲੇਖ ਜੁ ਤੁਜ਼ਕ ਜਹਾਂਗੀਰੀ ਵਿਚ ਹੈ, ਦੱਸਦਾ ਹੈ ਕਿ ਪਾਤਸ਼ਾਹ ਦੇ ਦਿਲ ਵਿਚ ਪਹਿਲੋਂ ਤੋਂ ਇਸਲਾਮੀ ਤਅੱਸਬ ਨੇ ਘਰ ਕੀਤਾ ਹੋਇਆ ਸੀ, ਤੇ ਉਹ ਬਹਾਨਾ ਭਾਲਦਾ ਸੀ ਕਿ ਕਿਸੇ ਤਰ੍ਹਾਂ ਉਨ੍ਹਾਂ ਦੇ ਪ੍ਰਚਾਰ ਨੂੰ, ਜਿਸਨੂੰ ਉਹ ਝੂਠੀ ਦੁਕਾਨ ਲਿਖਦਾ ਹੈ; ਦੂਰ ਕਰੇ। ਯ

੧. ਐਲਫਿਨਸਟੋਨ ੭੦੦ ਸਾਥੀ ਹੀ ਲਿਖਦਾ ਹੈ। ੨. ਦੇਖੋ ਗਯਾਸੁੱਲਗੁਾਤ।


www.sikhbookclub.com

ਉਸ (ਗੁਰੂ ਅਰਜਨ) ਨੂੰ ਇਸਲਾਮ ਵਿਚ ਦਾਖਲ ਕਰ ਲਵੇ। ਉਹ ਲਿਖਦਾ ਹੈ ਕਿ ਹੁਣ ਮੁਸਲਮਾਨ ਬੀ ਉਸ (ਗੁਰੂ ਜੀ) ਦੇ ਮਤ ਵਿਚ ਦਾਖਲ ਹੋ ਰਹੇ ਹਨ। ਇਹ ਸੁਣ ਸੁਣ ਕੇ ਹੀ ਤਅੱਸਬ ਬੱਝਾ ਸੀ। ਸੁਣਾਉਣੇ ਵਾਲੇ ਕੌਣ ਹੋ ਸਕਦੇ ਹਨ? ਲਾਹੌਰ ਦੇ ਕਾਜ਼ੀ, ਮੁੱਲਾਂ, ਉਨ੍ਹਾਂ ਦੇ ਸਿਖਾਏ ਪੜ੍ਹਾਏ ਤਅੱਸਬੀ ਵਡੇ ਹਾਕਮ। ਗੁਰੂ ਜੀ ਦੇ ਘਰ ਬਾਹਬ ਦੇ ਦ੍ਰੋਹੀ ਚੰਦੂ ਆਦਿਕ।

ਜਾਪਦਾ ਹੈ ਕਿ ਪਾਤਸ਼ਾਹ ਦਾ ਹੁਕਮ ਸੁਣ ਕੇ ਲਾਹੌਰ ਦੇ ਹਾਕਮਾਂ ਨੂੰ ਫਿਕਰ ਹੋਇਆ ਕਿ ਗੁਰੂ ਅਰਜਨ ਜੈਸੀ ਉੱਚ ਤੇ ਸਰਬ ਪ੍ਰਿਯ ਹਸਤੀ[1] ਦੇ ਕਤਲ ਦਾ ਇਲਜ਼ਾਮ ਜਨਤਾ ਵਿਚ ਸਾਡੇ ਸਿਰ ਨਾ ਆਵੇ। ਉਨ੍ਹਾਂ ਤਸੀਹੇ ਦੇਣ ਤੇ ਇਸਲਾਮ ਵੱਲ ਪ੍ਰੇਰਨ ਆਦਿ ਦਾ ਕੰਮ ਚੰਦੂ ਦੇ ਸਪੁਰਦ ਕੀਤਾ ਕਿ ਜੇ ਗੁਰੂ ਜੀ ਇਸਲਾਮ ਵਿਚ ਦਾਖਲ ਹੋ ਜਾਣ ਤਾਂ ਸਾਡਾ ਕੰਮ ਸਵਰੇਗਾ ਤੇ ਪਾਤਸ਼ਾਹ ਵਲੋਂ ਮਾਫੀ ਲੈ ਦਿਆਂਗੇ, ਜੇ ਨਾ ਮੰਨੇ ਤਾਂ ਤਸੀਹੇ ਦੇਣ ਦਾ ਇਲਜ਼ਾਮ ਅਗਰ ਜਨਤਾ ਵਿਚ ਆਵੇ ਤਾਂ ਹਿੰਦੂ-ਚੰਦੂ-ਦੇ ਸਿਰ ਰਹੇਗਾ। ਸੋ ਹੁਣ ਗੁਰੂ ਜੀ ਚੰਦੂ ਦੇ ਹਵਾਲੇ ਕਰ ਦਿਤੇ ਗਏ। ਉਸ ਦੀ ਹਵੇਲੀ ਕਿਲ੍ਹੇ ਦੇ ਦੱਖਣ ਵਲ ਨੇੜੇ ਹੀ ਸੀ। ਪਹਿਲਾ ਕੰਮ ਉਸਨੇ ਇਹ ਕੀਤਾ ਕਿ ਪੰਜ ਸਿੱਖ; ਜੋ ਨਾਲ ਸਨ, ਓਹ ਵੱਖਰੇ ਡੱਕ ਦਿਤੇ ਤੇ ਗੁਰੂ ਜੀ ਨੂੰ ਇਕੱਲਿਆਂ ਕਰ ਲਿਆ। ਪਹਿਲੀ ਉਸਨੇ ਮੰਗ ਤਾਂ ਉਹੋ ਕੀਤੀ ਹੋਣੀ ਹੇ ਜੋ ਪਾਤਸ਼ਾਹ ਨੇ ਆਪਣੇ ਲੇਖ ਵਿਚ ਲਿਖੀ ਹੈ ਕਿ ਮੈਂ ਉਨ੍ਹਾਂ ਨੂੰ ਇਸਲਾਮ ਵਿਚ ਦਾਖਲ ਕਰ ਲੈਣਾ ਚਾਹੁੰਦਾ ਹਾਂ। ਸੋ ਹੁਣ ਵੇਲਾ ਸੀ ਉਹ ਗਲ ਮਨਾਉਣ ਦਾ ਕਿ ਜੇ ਉਹ ਦਾਖਲ ਇਸਲਾਮ ਹੋ ਜਾਣ ਤਾਂ ਪਾਤਸ਼ਾਹ ਤੋਂ ਬਖਸ਼ਵਾ ਦਿਆਂਗੇ, ਯਾ ਪਾਤਸ਼ਾਹ ਹੀ ਇਹ ਇਸ਼ਾਰਾ ਦੇ ਗਿਆ ਹੋਵੇ। ਕਈ ਇਤਿਹਾਸਕਾਰ ਇਹ ਬੀ ਲਿਖਦੇ ਹਨ ਕਿ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਮੁਹੰਮਦ ਜੀ ਦੀ ਤਾਰੀਫ ਪਾਉਣ ਲਈ ਕਿਹਾ ਗਿਆ[2]। ਜੈਸਾ ਕਿ ਪ੍ਰਸਿਧ ਲੇਖਕ ਮੈਕਾਲਫ ਜਿਲਦ ਦੋ ਦੇ ਸਫਾ ੯੨ ਤੇ ਲਿਖਦਾ ਹੈ ਕਿ ਕਾਜ਼ੀਆਂ ਤੇ ਬ੍ਰਾਹਮਣਾਂ ਨੇ ਕਿਹਾ ਕਿ ਗ੍ਰੰਥ ਸਾਹਿਬ ਵਿਚ ਮੁਹੰਮਦ ਤੇ ਹਿੰਦੂ ਦੇਵਤਿਆਂ ਦੀ ਮਹਿਮਾ ਪਾ ਦਿਓ ਤੇ ਜੋ ਵਾਕ (ਸਾਡੇ) ਸੰਬੰਧੀ ਇਤ੍ਰਾਜ਼ ਜੋਗ ਹਨ ਕੱਢ ਦਿਓ, ਤਾਂ ਤੁਸੀਂ ਮੌਤ ਤੋਂ ਬਚਾਏ ਜਾ ਸਕਦੇ ਹੋ। ਗੁਰੂ ਜੀ ਨੇ ਉੱਤਰ ਦਿੱਤਾ ਕਿ ਪਵਿਤ੍ਰ ਗ੍ਰੰਥ ਵਿਚ ਤਬਦੀਲੀ ਕਰਨਾ ਯਾਂ ਕੁਛ ਪਾਉਣਾ ਘਟਾਉਣਾ ਹੋ ਨਹੀਂ ਸਕਦਾ, ਸੱਚ ਸੱਚ ਹੈ ਅਰ ਉਹ ਅਬਦਲ ਹੈ।

ਇਸ ਪ੍ਰਕਾਰ ਦੀਆਂ ਧਮਕੀਆਂ ਨੇ ਜਦ ਅਹਿੱਲ ਸਤਿਗੁਰੂ ਤੇ ਅਸਰ ਨਾ ਕੀਤਾ ਤਾਂ ਉਨ੍ਹਾਂ ਨੂੰ ਤਸੀਹੇ ਦੇਣੇ ਸ਼ੁਰੂ ਕੀਤੇ।

ਲਿਖਦਿਆਂ ਦਿਲ ਧੜਕਦਾ, ਹੱਥ ਕੰਬਦੇ ਤੇ ਕਲਮ ਥਿੜਕਦੀ ਹੈ, ਪਰ ਜਿਨ੍ਹਾਂ ਕਸ਼ਟਾਂ ਨੂੰ ਭਾਣੇ ਮੰਨਣ ਦੇ ਮਾਲਕ ਨੇ ਮਿੱਠਾ ਕਰ ਭੋਗਿਆ ਉਸਦੀ ਕਹਿਣੀ ਕਰਣੀ ਦੀ ਸੂਰਮਗਤੀ ਨੂੰ ਜਗਤ ਉਧਾਰ ਲਈ ਦੱਸਣਾ ਬੀ ਬਣਦਾ ਹੈ।

ਜਾਪਦਾ ਹੈ ਕਿ ਪਹਿਲੋਂ ਬਾਹਰ ਜੇਠ ਹਾੜ ਦੀ ਤਪੀ ਰੇਤ ਵਿਚ ਧੁੱਪੇ ਬਿਠਾਉਣ ਦਾ ਕਸ਼ਟ ਦਿੱਤਾ ਗਿਆ। ਜਦ ਆਪ ਜੀ ਨੇ ਦੁਖ ਸਹਾਰਿਆ ਤੇ 'ਸਤਿ' ਦਾ ਪੱਲੂ ਨਾ ਛਡਿਆ ਤਾਂ ਦੂਜਾ ਕਸ਼ਟ ਇਹ ਦਿੱਤਾ ਗਿਆ ਕਿ ਗਰਮ ਪਾਣੀ ਦੀ ਦੇਗ ਵਿਚ ਬਿਠਾਯਾ ਤੇ ਉਸ ਪਾਣੀ ਨੂੰ ਅਸਹਿ ਹਾਲਤ ਤਕ ਗਰਮ ਕੀਤਾ, ਪਰ ਗੁਰੂ ਜੀ ਨੇ ਇਹ ਕਰੜਾ ਕਸ਼ਟ ਬੀ ਸਹਾਰਿਆ, ਕਿੰਤੂ ਆਪ ਨੇ ਸਤਜ ਤੋਂ ਹਿਲਣਾ ਪਰਵਾਨ ਨਾ ਕੀਤਾ।

ਫੇਰ ਗਰਮ ਦੇਗ ਵਿਚੋਂ ਕਢਵਾ ਕੇ ਬਾਹਰ ਬਿਠਾਇਆਂ ਤੇ ਕਿਹਾ ਕਿ ਜੇ ਨਹੀਂ ਮੰਨੋਗੇ ਤਾਂ

---

੧. ਜੈਸਾ ਕਿ ਮੀਆਂ ਮੀਰ ਵਰਗੇ ਮੁਸਲਿਮ ਫਕੀਰ ਸਨਮਾਨ ਕਰਦੇ ਸਨ।

੨. ਤਵਾ: ਖਾ: ਸਫਾ ੭੭੧।

 www.sikhbookclub.com

ਹੋਰ ਕਸ਼ਟ ਦਿੱਤਾ ਜਾਏਗਾ। ਸਰੀਰ ਦੀ ਹਾਲਤ ਖਯਾਲ ਹੀ ਕਰ ਸਕਦੇ ਹੋ ਕਿ ਕਿਤਨੀ ਦਰਦਨਾਕ ਹੋ ਗਈ ਹੋਵੇਗੀ।

ਗੁ: ਪ੍ਰ: ਸੂ: ਗ੍ਰੰਥ ਵਿਚ ਲਿਖਿਆ ਹੈ ਕਿ ਚੰਦੂ ਦੀ ਨੋਹ ਇਕ ਸਿੱਖ ਲੜਕੀ ਸੀ। ਆਪਣੀ ਹਵੇਲੀ ਵਿਚ ਅਪਣੇ ਸਹੁਰੇ ਦੇ ਹੱਥੋਂ ਮਿਲਦੀ ਸਤਿਗੁਰੂ ਦੀ ਕਸ਼ਟਣੀ ਸੁਣਕੇ ਅਤਿ ਵ੍ਯਾਕੁਲ ਹੋਈ। ਅੱਧੀ ਰਾਤ ਕੁਛ ਭੋਜਨ ਤੇ ਸ਼ਰਬਤ ਲੈਕੇ ਆਈ, ਪਹਿਰੇਦਾਰਾਂ ਨੂੰ ਕੁਛ ਮਾਯਾ ਦੇਕੇ ਗੁਰੂ ਚਰਨਾ ਤੇ ਆ ਡਿੱਗੀ-ਸ਼ਰਬਤ ਪਾਣੀ ਅੱਗੇ ਧਰਿਆ ਤੇ ਪ੍ਰੇਮ ਵਿਚ ਰੋ ਰੋ ਕੇ ਬਿਨੈ ਕੀਤੀ ਕਿ ਮੈਂ ਬੇਵਸ ਆਪਦੇ ਕਸ਼ਟ ਦੇਖ ਰਹੀ ਹਾਂ, ਕੋਈ ਸੇਵਾ ਨਾ ਕਰ ਸਕੀ, ਮਰ ਕਿਉਂ ਨਾ ਗਈ ਦੁਖ ਦੇਖਣੋਂ ਪਹਿਲੇ, ਆਦਿ। ਸਤਿਗੁਰਾਂ ਨੇ ਉਸ ਨੂੰ ਅਸੀਸ ਦਿਤੀ ਪਰ ਉਸਦਾ ਆਂਦਾ ਜਲ ਭੋਜਨ ਅੰਗੀਕਾਰ ਨਾ ਕੀਤਾ।

ਅਗਲੇ ਦਿਨ ਰੇਤ ਮੰਗਵਾ ਕੇ ਗਰਮ ਕੀਤੀ ਗਈ ਤੇ ਹੁਕਮ ਦਿੱਤਾ ਗਿਆ ਕਿ ਉਸ ਉਤੇ ਬਿਠਾਓ। ਆਪ ਜੀ ਉਸੇ ਤਰ੍ਹਾਂ ਮਨ ਦੀ ਅਡੋਲ ਅਵਸਥਾ ਵਿਚ ਗ਼ਹਿਰ ਗੰਭੀਰ ਤੁਰ ਕੇ ਗਰਮ ਰੇਤੇ ਤੇ ਆ ਬੈਠੇ। ਇਸ ਤਰ੍ਹਾਂ ਬਿਨ ਤੜਫੜਾਟ ਬੈਠੇ ਜਿਵੇਂ ਨਿਜ ਆਸਨ ਤੇ ਯੋਗੀ। ਫੇਰ ਗਰਮ ਰੇਤ ਦੇ ਕੜਛੇ ਭਰ ਭਰ ਕੇ ਉਪਰ ਪਾਏ ਗਏ, ਕਵੀ ਜੀ ਲਿਖਦੇ ਹਨ :-

ਬੈਠੇ ਰਹੇ ਅਬੋਲ ਅਡੋਲ[1]। ਸਤਿਗੁਰ ਮਹਿਮਾ ਮਹਾਂ ਅਤੋਲ॥੪੮॥
ਅਜਰ ਜਰਨ[2] ਕੀ ਔਧ[3] ਜਨਾਈ। ਇਤੇ ਕਸ਼ਟ ਤੇ ਨਹੀਂ ਦਿਖਾਈ॥
ਇੰਦ੍ਰ ਆਦਿ ਜੇਤਿਕ ਸੁਰ ਸਾਰੇ। ਚਕ੍ਰਿਤ[4] ਚਿਤ ਗੁਰ ਚਲਿਤ[5] ਨਿਹਾਰੇ॥੪੯॥

(ਰਾਸ ੪, ਅੰਸੂ ੩੫)

ਫੇਰ ਉਥੋਂ ਉਠਾ ਕੇ ਬਾਹਰ ਲਿਆ ਬਿਠਾਏ। ਅੱਜ ਬਦਨ ਤੇ ਕੁਛ ਫਲੂਹੇ ਪੈ ਗਏ ਸਨ ਪਰ ਆਪ ਦੇ ਮੁਖੋਂ 'ਸੀ' 'ਹਾਇ' ਨਹੀਂ ਨਿਕਲੀ।

ਅਗਲੇ ਦਿਨ ਲੋਹ ਤੱਤੀ ਕੀਤੀ ਗਈ, ਇਸ ਪਰ ਬੈਠਣੇ ਦਾ ਹੁਕਮ ਹੋਇਆ, ਆਪ ਜੀ-ਤਪਤ ਲੋਹ ਪਰ ਥਿਰੇ ਅਡੋਲ ਪਰ ਅੱਜ 'ਪਰੇ ਫਲੂਹੇ ਸਗਰੀ ਦੇਹੀ[6]'।

ਇਸ ਪ੍ਰਕਾਰ ਆਪ ਜੀ ਦੀ ਪਵਿਤ੍ਰ ਤੇ ਅਤਿ ਅਮੋਲ ਦੇਹੀ ਨੂੰ ਕਸ਼ਟ ਦਰ ਕਸ਼ਟ ਮਿਲਦੇ ਰਹੇ, ਲਗ ਪਗ ਪੰਜ ਦਿਨ ਲੰਘ ਗਏ।

ਪੰਜ ਦਿਵਸ ਬੀਤੇ ਇਸ ਭਾਂਤੀ। ਦਈ ਸਜ਼ਾਇ ਅਗਨਿ ਸਮ ਤਾਤੀ॥

ਹੁਣ ਗੁਰੂ ਜੀ ਨੇ ਆਪਣੇ ਕਸ਼ਟ ਦਾਤਿਆਂ ਤੋਂ ਰਾਵੀ ਵਿਚ ਇਸ਼ਨਾਨ ਦੀ ਖੁੱਲ੍ਹ ਮੰਗੀ। ਇਹ ਖੁੱਲ੍ਹ ਉਨ੍ਹਾਂ ਨੇ ਦੇ ਦਿੱਤੀ ਕਿ ਨਹਾ ਕੇ ਕੁਛ ਠੰਢੇ ਹੋਕੇ ਸ਼ਾਯਦ ਮੰਨ ਜਾਣ ਤੇ ਕੁਛ ਪਏ ਘਾਉ ਹੋਰ ਦਰਦ ਕਰਨਗੇ ਤਾਂ ਆਪੇ ਸਜ਼ਾ ਇਕ ਹੋਰ ਹੋ ਗਈ, ਉਸ ਦਰਦ ਹੇਠਾਂ ਝੁਕ ਜਾਣਗੇ। ਸੋ ਆਪ ਜੀ ਚੰਦੂ ਦੇ ਘਰੋਂ[7] ਰਾਵੀ ਦੇ ਛੋਟੇ ਵਾਹੇ ਤੇ ਆਏ ਜੋ ਤਦੋਂ ਕਿਲ੍ਹੇ ਦੇ ਪਾਸ ਵਾਰ ਵਹਿੰਦਾ ਸੀ ਤੇ ਹੁਣ ਬੀ ਕੁਛ ਦੂਰ ਵਹਿੰਦਾ ਹੈ।

---

੧. ਚੁੱਪ ਤੇ ਅਹਿੱਲ। ੨. ਜੋ ਨਾ ਜਰੀ ਜਾਵੇ ਉਸ ਨੂੰ ਵੀ ਜਰ ਲੈਣ ਵਾਲੇ। ੩. ਹੱਦ। ਓੜਕ। ੪. ਹੈਰਾਨ। ੫. ਚਰਿਤ੍ਰ। ਕੌਤਕ।

੬. ਗੁ: ਪ੍ਰ: ਸੂਰਜ।

੭. ਲਾਹੌਰ ਕਿਲ੍ਹੇ ਤੋਂ ਦੱਖਣ ਰੁਖ ਇਕ 'ਲਾਲ ਖੂਹੀਂ' ਨਾਮੇ ਗੁਰੂ ਕਾ ਨਿਸ਼ਾਨ ਹੈ, ਇਹ ਖੂਹ ਚੰਦੂ ਦੀ ਹਵੇਲੀ ਵਿਚ ਸੀ, ਇਹ ਉਸ ਪਾਪੀ ਗ੍ਰਿਹ ਦਾ ਨਿਸ਼ਾਨ ਬਾਕੀ ਹੈ, ਯਾਦਗਾਰ ਦੇ ਤੌਰ ਤੇ ਇੱਥੇ ਇਕ ਮੰਜੀ ਸਾਹਿਬ ਰਚੀ ਹੋਈ ਗੁਰਦੁਆਰਾ ਹੈਸੀ, ਜਿਥੇ ਪ੍ਰਕਾਸ਼ ਹੁੰਦਾ ਸੀ, ਹੁਣ ਪਾਕਿਸਤਾਨ ਬਣਨ ਮਗਰੋਂ ਪਤਾ ਨਹੀਂ ਕੀ ਹਾਲ ਹੈ।


www.sikhbookclub.com

ਆਪ ਦੇ ਨਾਲ ਪੰਜ ਸਿਖਾਂ ਨੂੰ, ਜੋ ਕੈਦ ਸਨ, ਆਉਣ ਦੀ ਆਗਿਆ ਮਿਲ ਗਈ ਸੀ। ਦਸ ਸਿਪਾਹੀ ਪਹਿਰੇਦਾਰ ਨਾਲ ਆਏ ਸਨ। ਇਥੋਂ ਆਪ ਨਦੀ ਕਿਨਾਰੇ ਉਥੇ ਆਏ ਜਿਥੇ ਕੁ ਕਿ ਹੁਣ ਡੇਹਰਾ ਸਾਹਿਬ ਗੁਰਦੁਆਰਾ ਹੈ। ਇਹ ਪੰਧ ਆਪ ਨੇ ਬਹੁਤ ਹੀ ਹਉਲੇ ਟੁਰਕੇ ਫਲੂਹਿਆਂ ਨਾਲ ਭਰੇ ਸਰੀਰ ਨੂੰ ਚੁੱਕੀ ਮਸਾਂ ਮੁਕਾਇਆ। ਪਿਰਾਣਾ ਸੇਵਕ, ਜੋ ਪੰਜਾਂ ਵਿਚੋਂ ਸੀ, ਤੁਰਨ ਵਿਚ ਆਸਰਾ ਦੇਂਦਾ ਗਿਆ। ਪਰ ਕਵੀ ਸੰਤੋਖ ਸਿੰਘ ਜੀ ਦੱਸਦੇ ਹਨ: ਕਸ਼ਟ ਹੁਣ ਅਸਹਿ ਸੀ, ਸਿਵਾ ਆਪ ਜੈਸੇ ਸਾਈਆਂ ਵਿਚ ਜੁੜੇ ਜੋਗੀ ਬਿਨ ਕੋਈ ਨਹੀਂ ਝੱਲ ਸਕਦਾ।

ਚਿਤ ਕੀ ਬ੍ਰਿੱਤਿ ਏਕ ਰਸ ਤੈਸੇ। ਨਿਜਾਨੰਦ[੧] ਮਹਿਂ ਪੂਰਬ ਜੈਸੇ।
ਤਨ ਪੀਰਾ ਤੇ ਡਿੱਗੀ ਨ ਸੋਈ[੨]। ਮੇਰੁ[੩] ਹਿਲਾਇ ਨ ਜਿਮ ਨਰ ਕੋਈ॥੨੧॥
ਸਨੇ ਸਨੇ ਰਾਵੀ ਕੇ ਤੀਰ। ਪਹੁੰਚ ਛੁਯੋ ਨੀਰ ਬਡ ਸੀਰ[੪]।
ਕਰ ਪੰਕਜ ਤੇ ਮੁਖ ਅਰਬਿੰਦ[੫]। ਕਰਜੋ ਪਖਾਰਨਿ[੬] ਧੀਰ ਮੁਕੰਦ॥੨੨॥
ਬ੍ਰਿੰਦ[੭] ਚੁਰੇ ਕਰਿ ਮੁਖ ਸਿਤਲਾਯੋ॥ ਮਹਾਂ ਉਸਨਤਾਂ ਜੋ ਤਪਤਾਯੋ[੮]॥
ਗਹਿ ਪਦ ਪਦਮ[੯] ਲਛਾਹ ਪਖਾਰੇ॥ ਪ੍ਰਵਿਸ਼ੇ ਜਲ ਮਹਿਂ ਮੱਜਨ ਧਾਰੇ॥੨੩॥
ਵਹਿਰ ਨਿਕਮਿ ਪਟ ਸ਼ੁਸ਼ਕ ਲਿਯੋ ਹੈ। ਦੇਹ ਅਛਾਦਨਿ[੧੦] ਪੁਨਹ ਕਿਜੋ ਹੈ।
ਜਪੁਜੀ ਪਾਠ ਕਰਤਿ ਉਰ ਪ੍ਰੇਮਾ। ਜੋ ਸਿੱਖਨਿ ਕੀ ਠਾਨਤਿ ਛੇਮਾ॥੨੪॥
ਪੁਨ ਪੰਚਹੁੰ ਸਿਖ ਕੀਨਿ ਸ਼ਨਾਨੇ। ਗੁਰ ਬਾਨੀ ਕੋ ਪਾਠ ਬਖਾਨੇ।
ਖਰੇ ਭਏ ਸਤਿਗੁਰੂ ਪਰਵਾਰ[੧੧]। ਜਪੁਜੀ ਪਾਠ ਸੁਨਜੋ ਨਿਰਧਾਰ॥੨੫॥
ਭੋਗ ਪਾਇ ਕਰਿ ਸੀਸ ਨਿਵਾਯੋ॥ ਪੁਨ ਸਿੱਖਨਿ ਸਨਿ[੧੨] ਬਾਕ ਅਲਾਯੋ॥
'ਅਬ ਹਮ ਚਹਿ ਪਰਲੋਕ ਪਿਆਨਾ। ਚਿਤ ਜ਼ਿਮ ਚਹਤ ਸਕਲਹਮ ਠਾਨਾ[੧੩]' ॥੨੬॥

(ਰਾਸ ੪, ਅੰਸੂ ੩੭)

ਇਥੇ ਕਵੀ ਜੀ ਫੇਰ ਲਿਖਦੇ ਹਨ।

"ਇਨ ਸਮ ਧੀਰਜ ਧਰਨੀ ਮਾਂਹਿ"। ਜਗ ਮਹਿਂ ਅਪਰ ਬਿਚਰੀਅਹਿ ਕਾਹਿ।
ਅਜਰ ਜਰਨਿ ਕੀ ਅਵਧਿ ਦਿਖਾਈ। ਅਨਤਿ ਸ਼ਕਤਿ[੧੪] ਅਤਿ, ਦੁਖ ਅਤਿ ਪਾਈ॥੩੭॥
ਨਹਿਂ ਸੰਕਲਪ ਰਿਦੇ ਮਹਿਂ ਕੀਨਾ। ਦੋਖੀ ਕਹੁ ਕਰਿਬੇ ਸੁਖ ਹੀਨਾ।
ਇਨ ਕੀ ਉਪਮਾ ਇਨਹੂੰ ਬਨੈ। ਸਹੀ ਸਜਾਇ ਨ ਆਨੀ ਮਨੈ[੧੫]॥੩੮॥

(ਰਾਸ ੪, ਅੰਸੂ ੩੭)

ਫੇਰ ਆਪ ਲੇਟ ਗਏ, ਚਾਦਰਾ ਇਕ ਉਪਰ ਲੈਕੇ ਮਾਨੋ ਸੁਖ ਆਸਨ ਹੋ ਗਏ ਤੇ ਆਪਣੀ ਪਵਿਤ੍ਰ ਆਤਮਾ ਲੈਕੇ ਅਪਣੀ ਅਸਹਿ ਸਹਣ ਵਾਲੀ ਪਾਵਨ ਦੇਹੀ ਨੂੰ ਛੋੜ ਕੇ ਅਕਾਲ ਪੁਰਖ ਦੀ ਚਰਣ ਸ਼ਰਣ ਪਹੁੰਚ ਗਏ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਆਪ ਉਥੇ ਪਹੁੰਚੇ-

'ਸਰਬ ਲੋਕ ਤੇ ਅਹੈ ਜੁ ਊਚੇ'॥

---

੧. ਆਤਮ ਆਨੰਦ। ੨. ਭਾਵ ਬ੍ਰਿਤੀ। ੩. ਸੁਮੇਰੂ ਪਰਬਤ। ੪. ਠੰਢਾ। ੫. ਹਥ ਕਵਲਾਂ ਨਾਲ ਮੁਖ ਕਵਲ। ੬. ਧੋਤਾ। ੭. ਬਹੁਤ। ੮. ਬੜੀ ਗਰਮੀ ਨਾਲ ਜੋ ਤਪਿਆ ਹੋਯਾ ਸੀ। ੯. ਚਰਨ ਕਵਲ। ੧੦. ਸਰੀਰ ਢਕ ਲਿਆ। ੧੧. ਸਤਿਗੁਰ ਜੀ ਦੇ ਆਲੇ ਦੁਆਲੇ ਘੇਰਾ ਪਾਕੇ। ੧੨. ਸਿਖਾਂ ਨਾਲ। ੧੩. ਚਿਤ ਵਿਚ ਜੋ ਕਰਨਾ ਚਾਹਿਆ ਸੀ, ਉਹ ਸਭ ਕੁਝ ਕਰ ਲਿਆ ਹੈ। ੧੪. ਅਤੀ ਸ਼ਕਤੀ ਦੇ ਹੁੰਦਿਆਂ ਬੀ। ੧੫. ਕਸ਼ਟ ਸਹਾਰਿਆ ਪਰ ਮਨ ਤੇ ਨਹੀਂ ਲਿਆਂਦਾ।

## ੪੭. ਅੰਤਮ ਸੰਸਕਾਰ।

**ਕਵੀ** ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਾਸ ੪ ਅੰਸੂ ੩੮ ਵਿਚ ਪਾਵਨ ਸਰੀਰ ਦਾ ਅੰਤਮ ਸੰਸਕਾਰ ਜਲ ਪ੍ਰਵਾਹ ਜਣਾਉਂਦੇ ਹਨ, ਪਰ ਆਪ ਹੀ ਅੱਗੇ ਚਲਕੇ ਅੱਸੂ ੧੦ ਰਾਸ ੫ ਵਿਚ ਸਰੀਰ ਦਾ ਸਸਕਾਰ ਹੋਇਆ ਲਿਖਦੇ ਹਨ, ਯਥਾ :-

ਚੰਦੂ ਦੁਸ਼ਟ ਕੇ ਘਰ ਤੇ ਆਏ। ਇਹ ਤਟ ਐਰਾਵਤੀ ਨਹਾਏ।
ਜਪੁਜੀ ਪਾਠ ਕੀਨਿ ਇਕ ਮਨ ਤੇ। ਪੌਢਿ ਪਧਾਰੇ ਨਿਕਸੇ ਤਨ ਤੇ॥੪੦॥
ਸੁਨਿ ਸੁਨਿ ਲਵਪੁਰਿ ਕੀ ਬਡ ਸੰਗਤਿ॥ ਆਨਿ ਕਰਜੋ ਉਤਸਵ ਕਰ ਪੰਗਤਿ॥
ਸਬਦ ਕੀਰਤਨ ਫੂਲ ਬਿਸਾਲੇ॥ ਕਰਿ ਸਸਕਾਰਿ ਭਲੀ ਬਿਧਿ ਨਾਲੇ॥੪੧॥

ਫੇਰ ਰਾਸ ੪ ਅੰ: ੬੪: ਦੇ ਅੰਕ ੩੯ ਵਿਚ ਬੀ ਲਿਖਯਾ ਹੈ :-

ਚੰਦਨ ਚਿਖਾ ਜਲਾਇ ਸਰੀਰ॥

ਇਸੀ ਤਰ੍ਹਾਂ ਸੂਰਜ ਪ੍ਰਕਾਸ਼ ਤੋਂ ਪੁਰਾਣਾ ਮਹਿਮਾ ਪ੍ਰਕਾਸ਼ ਛੰਦਾ ਬੰਦੀ ਹੈ, ਉਸ ਵਿਚ ਐਉਂ ਲਖਯਾ ਹੈ :-

ਮਿਲ ਸੰਗਤ ਬੇਬਾਨ ਬਨਾਇਆ। ਅਖੰਡ ਭਜਨ ਸਤਿਗੁਰ ਗੁਨ ਗਾਇਆ।
ਇਸਨਾਨ ਕਰਾਇ ਨਿਰਮਲ ਤਨ ਦਿਆਲ। ਪਹਿਰਾਏ ਬਸਤ੍ਰ ਪਾਵਨ ਤਿਹ ਕਾਲ।
ਐਰਾਵਤੀ ਨਦੀ ਪਰ ਲਿਆਏ। ਚੰਦਨ ਚਿਤਾ ਪਰ ਆਨ ਰਖਾਏ।
ਪਾਵਨ ਦੇਹ ਕਰਾ ਸਿਸਕਾਰ। ਤੀਨ ਲੋਕ ਭਇਆ ਜੈ ਜੈ ਕਾਰ।੪੩।

(ਮਹਿਮਾ ਪ੍ਰਕਾਸ਼, ਸਾਖੀ ੧੪੩)

ਮਹਿਮਾ ਪ੍ਰਕਾਸ਼ ਵਾਰਤਕ ਜੋ ਉਸ ਤੋਂ ਬੀ ਪੁਰਾਣਾ ਗ੍ਰੰਥ ਹੈ ਐਉਂ ਲਿਖਦਾ ਹੈ :

ਦੀਨ ਦਿਆਲ ਪਰਮ ਗੁਰੂ ਜਗਤ ਉਧਰਣਿ ਅਪਨੀ ਇਛਾ ਸਿਉਂ ਅਪਨੇ ਅਬਿਨਾਸੀ ਪਦ ਮੈ ਲੀਨ ਭਏ, ਜੋਤੀ ਜੋਤਿ ਸਮਾਣੀ। ਸਰਬਤ ਸੰਗਤ ਨੇ ਸੁੰਦਰ ਬਿਬਾਣ ਬਨਾਇ ਕਰ ਪਰਮ ਪਵਿਤ੍ਰ ਸਰੀਰ ਕੋ ਲੇਕਰ ਸਸਕਾਰ ਕੀਆ, ਕੀਰਤਨ ਭਜਨ ਹੋਇਆ।

(ਪੰਨਾ ੯੪ ਲਿਖਤੀ)

## ੪੮. ਇਸ ਕੁਰਬਾਨੀ ਦੇ ਕ੍ਰਿਸ਼ਮੇ

**ਸੰਗੀਤ** ਤੇ ਕਾਵ੍ਯ ਆਦਿ ਕੋਮਲ ਉਨਰਾਂ ਦੇ ਪਰਮ ਗਯਾਤਾ ਸ੍ਰੀ ਗੁਰੂ ਅਰਜਨ ਦੇਵ ਜੀ ਰਸਿਕ ਵੈਰਾਗੀ ਤੇ ਪਰਮ ਉੱਚ ਰਸੀਏ, ਫਿਲਸਫੇ ਤੇ ਦਾਰਸਨਿਕ ਵਿਦਯਾ ਦੇ ਸਿਰਮੌਰ, ਵਾਹਿਗੁਰੂ ਜੀ ਦੇ ਦਰੋਂ ਆਏ ਪੈਗੰਬਰ ਤੇ ਅਵਤਾਰ, ਹਾਂ ਹਾਂ ਨਿਰੇ ਅਵਤਾਰ ਨਹੀਂ ਪਰ ਗੁਰ ਅਵਤਾਰ, ਕਿਸ ਇਨਸਾਨੀ ਸੰਗ-ਦਿਲੀ ਦੀ ਕਸ਼ਟਣੀਆਂ ਵਾਲੀ ਪੀੜਾ ਨੂੰ ਕਿਸ ਅਡੋਲਤਾ ਨਾਲ ਸਹਾਰਦੇ ਰਹੇ? ਹਾਂ ਐਡੀ ਸੂਹਲ ਭਾਵਾਂ ਨਾਲ ਭਰੀ ਜ਼ਿੰਦਗੀ ਕਿਸ ਵਹਿਸ਼ੀਅਨਾ ਤਸੀਹਿਆਂ ਨਾਲ ਸਮਾਪਤ ਕੀਤੀ


www.sikhbookclub.com

ਗਈ, ਵਾਚਕੇ ਹੋਸ਼ ਹੋਸ਼ ਵਿਚ ਨਹੀਂ ਰਹਿੰਦੀ। ਹੈਰਾਨੀ ਦੀ ਹੱਦ ਨਹੀਂ ਰਹਿੰਦੀ ਕਿ ਜਿਸ ਬੇਰਹਿਮੀ ਨਾਲ ਕੀਤੇ ਗਏ ਵਾਕਿਆਂ ਨੂੰ ਪੜ੍ਹਦਿਆਂ ਨੈਣ ਵਹਿੰਦੇ ਨਹੀਂ ਠੱਲੇ ਰਹਿੰਦੇ, ਜਿਨ੍ਹਾਂ ਨੂੰ ਲਿਖਦਿਆਂ ਹਥ ਕੰਬਦੇ, ਦਿਲ ਧੜਕਦਾ ਤੇ ਕਲਮ ਰੁਕ ਜਾਂਦੀ ਹੈ, ਉਹ ਕੌਣ ਦਿਲ ਸਨ ਜਿਨ੍ਹਾਂ ਨੇ ਓਹ ਕਹਿਰ ਰਵਾ ਰਖੇ, ਉਹ ਕੌਣ ਇਨਸਾਨ ਸਨ ਜਿਨ੍ਹਾਂ ਨੇ ਓਹ ਕਹਿਰ ਅਪਣੇ ਹਥੀਂ ਵਰਤਾਏ? ਇਨਸਾਨ ਦੀ ਸੰਗਦਿਲੀ, ਹਾਂ ਸਭ ਜਾਨਵਰਾਂ ਤੋਂ ਅਸ਼ਰਫ ਇਨਸਾਨ ਦੇ ਹੀ ਹੱਥੋਂ ਐਸੇ ਜ਼ੁਲਮ ਹੋਣੇ ਇਨਸਾਨ ਦੀ ਨੀਵੀਂ ਖਸਲਤ ਦੇ ਅਤਜੰਤਤਾ ਦੇ ਦਰਸ਼ਨ ਹਨ, ਜੋ ਖਸਲਤ ਕਿ ਵਹਿਸ਼ੀ ਪਨੇ ਵਿਚ ਦਰਿੰਦਿਆਂ ਨੂੰ ਬੀ ਪਿੱਛੇ ਛੋੜ ਜਾਂਦੀ ਹੈ। ਦਰਿੰਦਾ ਪੇਟ ਜ਼ਾਲਮ ਖਾਤਰ ਨਿਰਦਯਤਾ ਕਰ ਬੈਠਦਾ ਹੈ, ਇਹੋ ਇਨਸਾਨ ਉਸਨੂੰ ਦੇਖਕੇ ਮਾੜਾ ਆਖਦਾ ਹੈ : ਪਰ ਆਪ ਇਨਸਾਨ ਆਪਣੇ ਖੋਟੇ ਭਾਵਾਂ ਹੇਠ ਉਨ੍ਹਾਂ ਤੋਂ ਵੱਧ ਵਹਿਸ਼ੀਪਨੇ ਕਰ ਗੁਜ਼ਰਦਾ ਹੈ, ਫੇਰ ਇਨਸਾਨ ਕਹਿਲਾਉਣ ਦਾ ਫ਼ਖਰ ਕਰਦਾ ਹੈ।

ਪਰ ਦੇਖੋ ਇਸੇ ਦਰਦਨਾਕ ਹੋਣੀ ਦੀ ਵਿਸਮਾਦ ਪੈਦਾ ਕਰ ਦੇਣ ਵਾਲੀ ਤੇ ਸਿਫਤ ਸਲਾਹ ਵਿਚ ਡੋਬ ਦੇਣ ਵਾਲੀ ਇਕ ਹੋਰ 'ਤਸਵੀਰ', ਉਹ ਹੈ ਇਹ ਕਿ ਇਤਨੀ ਬੜੀ ਕੋਮਲ ਹੁਨਰਾਂ ਤੇ ਸੁਹਲ ਭਾਵਾਂ ਦੀ ਮਾਲਕ ਵਜਕਤੀ ਕੀਕੂੰ ਸਹਨਸ਼ੀਲਤਾ ਨਾਲ, ਕਿਸ ਸਹਾਰੇ ਨਾਲ, ਕਿਸ ਅਡੋਲ ਅਹਿੱਲ ਧੈਰਯ ਨਾਲ ਵਹਿਸ਼ੀਆਨਾ ਜੁਲਮਾਂ ਤੇ ਅਸਹਿ ਕਸ਼ਟਾਂ ਨੂੰ ਸਹਾਰਦੀ ਹੈ। ਇਹ ਸੋਚਕੇ ਭਾਈ ਗੁਰਦਾਸ ਨਾਲ 'ਗੁਰ ਅਰਜਨ ਵਿਟਹੁ ਕੁਰਬਾਣੀ' ਦੀ ਸੱਦ ਆ ਮੁਹਾਰੀ ਕਲੇਜੇ ਤੋਂ ਗੂੰਜ ਉਠਦੀ ਹੈ।

ਤੀਸਰਾ ਦ੍ਰਿਸ਼ਜ-ਇਸ ਅਸਹਿ ਕਸ਼ਟਣੀਆਂ ਦੀ ਸੱਚੀ ਦਾਸਤਾਨ ਤੋਂ ਉਹ ਸੁਮਤਿ ਉੱਭਰ ਖੜੋਂਦੀ ਹੈ ਜੋ ਪ੍ਰਜਾ ਦਾ ਰੰਗ ਪਲਟ ਜਾਂਦੀ ਹੈ। ਉਹ ਦਬੇਲ ਕੌਮ, ਜੋ ਪਠਾਣਾਂ ਦੇ ਰਾਜ ਹੇਠ ਜ਼ੁਲਮ ਸਹਿ ਸਹਿ ਕੇ ਮਰਦਊ ਗੁਆ ਬੈਠੀ ਸੀ, ਜੋ ਬਾਬਰ ਦੀ ਕਤਲਾਮ ਤੋਂ ਸਹਿਮ ਖਾਕੇ ਇਨਸਾਨੀਅਤ ਤੋਂ ਨੀਵੀਂ ਹੋ ਗਈ ਸੀ, ਜਿਸਨੂੰ ਮਾੜਾ ਜੇਹਾ ਸਾਹ ਅਕਬਰ ਦੇ ਸਮੇਂ ਅਜੇ ਆਇਆ ਹੀ ਸੀ ਤੇ ਹੁਣ ਫੇਰ ਉਹੋ ਇਸਲਾਮੀ ਤਅੱਸਬ, ਜਿਸਨੇ ਹਿੰਦ ਨਪੀੜ ਘੱਤਿਆ ਸੀ, ਜਹਾਂਗੀਰ ਵਰਗੇ ਅਬਿਵਸਥਿਤ ਪਾਤਸ਼ਾਹ ਦੀ ਦਿਲ-ਪਟਾਰੀ ਵਿਚੋਂ ਫੁੰਕਾਰੇ ਮਾਰ ਉੱਠਿਆ। ਉਸ ਦੁਬੇਲ ਕੌਮ ਵਿਚ ਇਸ ਮਹਾਂਪੁਰਖ, ਮਹਾਂ ਗੁਰੂ ਤੇ ਮਹਾਨ ਕਲਾ ਕੌਸਲੀਏ ਦੀ ਕਸ਼ਟ ਝੱਲਣੀ ਤੇ ਜਿੰਦ ਵਾਰਨੀ ਨੇ ਨਵੀਂ ਜਿੰਦ ਫੂਕ ਦਿੱਤੀ। ਹਾਂ; ਉਸ ਵਿਚ ਅਹਿਸਾਸ ਆ ਗਿਆ ਕਿ ਬਦੇਸ਼ੋਂ ਆਈ ਮੁਗਲੀਆ ਹਕੂਮਤ ਦਾ ਟਾਕਰਾ ਅਸੀਂ ਕਰ ਸਕਦੇ ਹਾਂ। ਜਿਸ ਕ੍ਰੋੜਾਂ ਦੀ ਹਿੰਦ ਆਬਾਦੀ ਵਿਚੋਂ ਮਹਮੂਦ ਗਜ਼ਨਵੀ ਸੋਮਨਾਥ ਦਾ ਮੰਦਰ ਢਾਹਕੇ ਅਰਬਾਂ ਰੁਪੈ ਦੇ ਜ੍ਵਾਹਰਤ ਤੇ ਸੋਨਾ ਚਾਂਦੀ ਇਕ ਮੁੱਠੀ ਭਰ ਪਠਾਣਾਂ ਦੀ ਫੌਜ ਨਾਲ ਲੁੱਟ ਕੇ ਲੈ ਜਾਂਦਾ ਹੈ ਤੇ ਕ੍ਰੋੜਾਂ ਹਿੰਦ ਵਾਸੀ ਤੱਕਦੇ ਹੀ ਰਹਿ ਜਾਂਦੇ ਹਨ, ਹਾਂ ਉਸ ਦੁਬੇਲ ਤੇ ਹੀਣੀ ਹੋ ਚੁਕੀ ਪਰਜਾ ਵਿਚ ਇਹ ਦਿਲਕਾਹ ਸ਼ਹਾਦਤ ਇਹ ਦੀਦਾਰਾ ਦੇ ਜਾਂਦੀ ਹੈ ਕਿ ਅਸੀਂ ਏਸਨੂੰ ਭੰਨ ਕੇ ਸੁਤੰਤ੍ਰ ਹੋ ਸਕਦੇ ਹਾਂ। ਇਹ ਉਸ ਪਵਿਤ੍ਰ ਖ਼ੂਨ ਦੇ ਲਾਹੌਰ ਦੇ ਰੇਤ ਬਲਿਆਂ ਵਿਚ ਡਿਗੀਆਂ ਬੂੰਦਾਂ ਦਾ ਜਾਦੂ ਭਰਿਆ ਬੂਟਾ ਉਗ ਖੜੋਤਾ।

ਚੌਥੀ ਹੋਰ ਇਕ ਗਲ-ਸਾਰੇ ਭਗਤ ਦੁਖਾਂ ਵੇਲੇ ਪ੍ਰਭੂ ਦੀ ਸਹਾਯਤਾ ਮੰਗਦੇ ਆਏ ਤੇ ਸਹਾਯਤਾ ਮਿਲਦੀ ਆਈ। ਵਾਚੋ ਪ੍ਰਹਲਾਦ ਦੇ ਬਚਾਉ[1], ਕਬੀਰ ਜੀ ਨੂੰ ਡੁੱਬਣ ਨਾ ਦੇਣਾ[2] ਨਾਮਦੇਵ ਜੀ ਦੀ ਗਾਂ ਦੀ ਉਠਣੀ[3], ਪਰ ਅੱਜ ਦੇਖੋ, ਅੱਜ ਏਸ ਸੁਹਲ ਜਿੰਦੜੀ ਨੇ, ਇਸ ਮਲੂਕ ਜਾਨ ਨੇ, ਇਸ ਕਲਾ ਕੋਸਲੀਏ ਮੁਲਾਯਮ ਦੇਹ ਵਾਲੇ ਦਾਤੇ ਨੇ ਉਲਟਾ ਦਿਖਾਈ। ਕੀਹ ਸਬਕ

੧. ਹਰਣਾਖਸੁ ਨਖੀ ਬਿਦਾਰਿਆ ਪ੍ਰਹਿਲਾਦੁ ਲੀਆ ਉਬਾਰਿ॥ (ਭੈਰਉ ਮਹਲਾ ੩-੨੦)

੨. ਗੰਗਾ ਕੀ ਲਹਿਰ ਮੇਰੀ ਟੁਟੀ ਜੰਜੀਰ॥ ਮ੍ਰਿਗਛਾਲਾ ਪਰ ਬੈਠੇ ਕਬੀਰ॥ (ਭੈਰਉ ਕਬੀਰ ਜੀ)

੩. ਨਾਮਾ ਪ੍ਰਣਵੈ ਸੇਲ ਮਸੇਲ॥ ਗਊ ਦੁਹਾਈ ਬਛਰਾ ਮੇਲਿ॥ (ਭੈਰਉ ਨਾਮ ਦੇਵ)

 www.sikhbookclub.com

ਦਿੱਤਾ ਕਿ ਜੋ ਕੁਛ ਆਵੇ ਸਹੋ, ਸਹਾਰੋ, ਭਾਣਾ ਸਮਝੋ ਤੇ ਭਾਣਾ ਮਿੱਠਾ ਕਰਕੇ ਮੰਨੋ। ਅਪਣੇ ਤੇ ਕਸ਼ਟ ਝੱਲ ਕੇ ਸਰਬ ਸਾਧਾਰਣ ਨੂੰ ਮੱਤ ਦਿੱਤੀ ਕਿ ਜ਼ਾਲਮ ਦਾ ਜ਼ੁਲਮ ਸਹਾਰੋ ਪਰ ਅਸੂਲ ਨਾ ਛੋੜੋ, ਸਤਜ ਹਥੋਂ ਨਾ ਦਿਓ। ਗਊ ਜਿਵਾ ਕੇ, ਨਾ ਡੁਬਕੇ ਜ਼ਾਲਮ ਜ਼ੁਲਮੋਂ ਨਾ ਟਲਿਆ ਪਰ ਹੁਣ ਦੂਜਾ ਪੱਖ ਲਓ। ਝੱਲੋ ਤੇ ਝੱਲਕੇ ਨਿਜ ਤਾਣ ਵਧਾਓ ਤੇ ਜ਼ਾਲਮ ਨੂੰ ਜ਼ੁਲਮ ਕਰਨੋਂ ਅਪਾਹਜ ਕਰ ਦਿਓ। ਇਹ ਦੇਸ਼ ਨੂੰ ਜ਼ਾਲਮਾਂ ਤੋਂ ਆਜ਼ਾਦ ਕਰਾਉਣ ਲਈ ਮੱਤਿ ਸਿਖਾਈ। ਜਾਣਦੇ ਸਨ ਕਿ ਜਾਨ ਪਿਆਰੀ ਕਰਨੀ ਤੇ ਸੱਚ ਨੂੰ ਛੱਡਣਾ ਸੌਖਾ ਕੰਮ ਹੈ, ਪਰ ਜਾਨ ਪਿਆਰੀ ਕਰਨੀ ਗੁਲਾਮੀ ਦਾ ਜੀਵਨ ਲੈਣਾ, ਜ਼ਿੱਲਤ ਦਾ ਜੀਵਨ ਹੈ, ਉਸ ਤੋਂ ਮਰਨਾ ਸ੍ਰੇਸ਼ਟ ਹੈ। ਹਰ ਕੋਈ ਪ੍ਰਹਲਾਦ ਨਹੀਂ ਹੋ ਸਕਦਾ, ਹਰ ਕੋਈ ਕਬੀਰ ਨਹੀਂ ਹੋ ਸਕਦਾ, ਹਰ ਕੋਈ ਵਿਚ ਉਹ ਜੀਵਨ ਕਿਵੇ ਆਵੇ ਕਿ ਉਹ ਜ਼ਿੱਲਤ ਦੇ ਜੀਵਨ ਨਾਲੋਂ ਇੱਜ਼ਤ ਦੀ ਮੌਤ ਨੂੰ ਉੱਚਾ ਸਮਝੇ। ਇਹ ਹੋਰ ਗੱਲ ਸੀ ਜੋ ਗੁਰੂ ਅਰਜਨ ਦੇਵ ਜੀ ਨੇ ਪ੍ਰਜਾ ਨੂੰ ਸਿਖਾਈ, ਉਪਦੇਸ਼ ਮਾਤ੍ਰ ਨਾਲ ਹੀ ਨਹੀਂ, ਦੁਖ ਪੀੜਾ ਕਸ਼ਟ ਆਪ ਸਹਿ ਸਹਿ ਕੇ ਸਿਖਾਈ। ਜੇ ਆਪ ਨਾ ਸਹਿੰਦੇ ਤਾਂ ਸਿਖ ਪੰਜ ਕਤਲਾਮਾਂ ਕੀਕੂੰ ਸਹਾਰਦੇ ਤੇ ਫੇਰ ਜੀਉਂਦੇ ਰਹਿੰਦੇ? ਇਹ ਹਨ ਨਜ਼ਾਰੇ, ਏਹ ਹਨ ਸਬਕ, ਏਹ ਹਨ ਅਮਲੀ ਤਾਲੀਮਾਂ ਜੋ ਇਸ ਅਦੁਤੀ ਸ਼ਹਾਦਤ ਨੇ ਬਖਸ਼ੀਆਂ।

## ੪੯. ਇਤਿਹਾਸਕ ਖੋਜ

ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਚੌਥੀ ਰਾਸ ਦੇ ਅੰਸੂ ੨੯ ਅੰਕ ੧੩ ਦੀ ਟੂਕ ਵਿਚ ਦੱਸ ਆਏ ਹਾਂ ਕਿ ਮਹਿਮਾ ਪ੍ਰਕਾਸ਼ ਨੇ ਕੇਵਲ ਸਤਿਗੁਰਾਂ ਵਲੋਂ ਸ਼ਾਹਜ਼ਾਦੇ ਖ਼ੁਸਰੋ ਨੂੰ ਰੋਟੀ ਦੇਣੀ ਲਿਖੀ ਹੈ, ਯਥਾ :-

'ਸੋ ਬਡਾ ਦੁਖੀ ਤਾਂ ਪਰ ਭਈ ਆਫ਼ਤ।
ਦੇਖ ਦਿਆਲ ਗੁਰ ਕਰੀ ਜ਼ਿਆਫ਼ਤ।
ਤਾਕੋ ਖਾਨ ਪਾਨ ਸਭ ਦੀਆ।
ਨਿਜ ਕਰ ਗੁਜਰਾਨ ਕੂਚ ਤਿਨ ਕੀਆ'।

ਕਿਸੇ ਨੇ ਉਸੇ ਸਮੇਂ ਅੱਖੀਂ ਦੇਖੀ ਲਿਖੀ ਹੋਵੇ, ਐਸੀ ਕੋਈ ਲਿਖਤ ਅਜੇ ਨਹੀਂ ਮਿਲੀ, ਤੇ ਇਹ ਗੱਲ ਕਿ ਸਚਮੁਚ ਗੁਰੂ ਜੀ ਨੂੰ ਖੁਸਰੋ ਮਿਲਿਆ ਸੀ, ਨਿਸਚੇ ਸਿੱਧ ਕਿਸੇ ਨੇ ਨਹੀਂ ਕੀਤੀ, ਪਰੰਤੂ ਜੇ ਇਹ ਗੱਲ ਸੱਚ ਬੀ ਹੋਵੇ ਤਾਂ ਕੋਈ ਅਣੋਖੀ ਗਲ ਨਹੀਂ। ਸਤਿਗੁਰਾਂ ਨੂੰ ਸਭ ਮਿਲਣੇ ਵਾਲੇ ਲੰਗਰੋਂ ਪ੍ਰਸ਼ਾਦਿ ਛਕਦੇ ਸੀ, ਅਕਬਰ ਪਾਤਸ਼ਾਹ ਨੇ ਵੀ ਸ੍ਰੀ ਗੁਰੂ ਅਮਰਦਾਸ ਜੀ ਪਾਸ ਆਕੇ ਸਤਿਗੁਰਾਂ ਦੇ ਗ੍ਰਿਹਿ ਦਾ ਓਗਰਾ ਛਕਿਆ ਸੀ। ਹਰੀਪੁਰ ਵਾਲੇ ਰਾਜੇ ਵੀ ਲੰਗਰ ਦਾ ਪ੍ਰਸਾਦਿ ਛਕਿਆ ਸੀ। ਜੋ ਜਿੱਥੇ ਕਿ ਅਟੁੱਟ ਲੰਗਰ ਦਾ ਅਸੂਲ ਵਰਤੋਂ ਵਿਚ ਸੀ ਤੇ ਬਿਨਾਂ ਲਿਹਾਜ਼ ਜ਼ਾਤ ਜਨਮ ਤੇ ਕੁਲ ਦੇ ਸਭ ਨੂੰ ਰੋਟੀ ਮਿਲਦੀ ਸੀ, ਉਥੇ ਜੇ ਸ਼ਾਹਜ਼ਾਦੇ* ਨੇ ਰੋਟੀ ਮੰਗੀ ਤੇ ਸਤਿਗੁਰਾਂ ਨੇ ਦਿੱਤੀ ਤਾਂ ਅਪਣੇ ਅਸੂਲ ਤੋਂ ਉਨ੍ਹਾਂ ਨੇ ਠੀਕ ਕੀਤਾ ਹੈ। ਸਤਿਗੁਰਾਂ ਨੇ ਆਪਣੇ ਆਤਮਕ ਤੇ ਸਦਾਚਰਕ

*ਮਕਾਲਫ਼ ਲਿਖਦਾ ਹੈ ਕਿ ਅਕਬਰ ਨੇ ਤਖਤ ਖੁਸਰੋ ਆਪਣੇ ਪੋਤ੍ਰੇ ਨੂੰ ਦੇਣਾ ਕਿਹਾ ਸੀ, ਪਰ ਜਹਾਂਗੀਰ ਨੇ ਤਖਤ ਸਾਂਭ ਲਿਆ ਸੀ, ਇਸ ਕਰਕੇ ਉਹ ਆਗਰੇ ਤੋਂ ਨੱਠਾ ਸੀ ਕਿ ਪੰਜਾਬ ਅਫ਼ਗਾਨਸਤਾਨ ਮੈਂ ਲੈ ਲਵਾਂ। ਪਰ ਇਹ ਗਲ ਸਾਰੀ ਠੀਕ ਨਹੀਂ। ਅਕਬਰ ਆਪ ਪਾਤਸ਼ਾਹੀ ਗਦੀ ਸਲੀਮ ਆਪਣੇ ਪੁੱਤ੍ਰ ਤੇ ਖੁਸਰੋ ਦੇ ਪਿਉ ਨੂੰ ਦੇ ਗਿਆ ਸੀ। ਖੁਸਰੋ ਜਦ ਪੰਜਾਬ ਨੂੰ ਗਿਆ ਹੈ ਤਾਂ ਆਗਰੇ ਦੇ ਕਿਲ੍ਹੇ ਵਿਚ ਨਜ਼ਰਬੰਦੀ ਵਿਚੋਂ ਨੱਠ ਕੇ ਗਿਆ ਹੈ।


www.sikhbookclub.com

ਅਸੂਲਾਂ ਨੂੰ ਮੁਹਰੇ ਰੱਖਣਾ ਹੈ, ਤੇ ਕਿਸੇ ਭੈ ਤੋਂ ਡਰ ਕੇ ਅਸੂਲ ਨਹੀਂ ਤੋੜਨੇ; ਹਉਮੈ ਵਿਚ ਆਫਰੇ ਜਰਵਾਣੇ ਹਾਕਮਾਂ ਤੇ ਪਾਤਸ਼ਾਹ ਨੇ ਜੇ ਨਹੀਂ ਸਮਝਣਾ ਤਾਂ ਨਾ ਸਮਝਣ। ਕੁਛ ਬਰਸ ਹੋਏ 'ਹੋਮ ਲਾਇਬਰੇਰੀ ਕਲੱਬ' ਦੇ ਨਾਮ ਹੇਠ ਇਕ ਕਿਤਾਬ ਛਪੀ ਸੀ, 'ਦੀ ਗਰੇਟ ਮੈੱਨ ਆਫ ਇੰਡੀਆ', ਇਸ ਵਿਚ ਜਹਾਂਗੀਰ ਉਤੇ ਇਕ ਲੇਖ ਸੀ ਜੋ ਐਚ. ਜੀ. ਰਾਲਿਨਸਨ ਸੀ. ਆਈ. ਈ. ਵਲੋਂ ਲਿਖਿਆ ਗਿਆ ਛਪਿਆ ਸੀ, ਇਨ੍ਹਾਂ ਨੇ ਸ਼ਾਹਜ਼ਾਦਾ ਖੁਸਰੋ ਨੂੰ ਗੁਰੂ ਜੀ ਵਲੋਂ ਦਿੱਤੀ ਸਹਾਇਤਾ ਪਰ ਉਸ ਪੁਸਤਕ ਵਿਚ ਲਿਖਿਆ ਹੈ :-

"The Sikh Pontiff Arjun gave him a sum of money and his blessings not because he was a prince. but because he was needy and friendless".

ਅਰਥਾਤ-ਸਿਖ ਗੁਰੂ ਅਰਜਨ ਨੇ ਉਸ (ਖੁਸਰੋ) ਨੂੰ ਕੁਛ ਰਕਮ ਤੇ ਅਪਣੀ ਅਸ਼ੀਰਵਾਦ ਜੋ ਦਿੱਤੀ ਸੀ ਤਾਂ ਇਸ ਲਈ ਨਹੀਂ ਕਿ ਉਹ ਸ਼ਾਹਜ਼ਾਦਾ ਸੀ ਪਰ ਇਸ ਲਈ ਕਿ ਉਹ ਲੋੜਵੰਦ ਤੇ ਮਿਤ੍ਰ-ਹੀਨ ਸੀ।

ਇਸ ਲੇਖਕ ਦੇ ਲਫ਼ਜ਼ ਸਾਡੇ ਮਹਿਮਾ ਪ੍ਰਕਾਸ਼ ਦੇ ਲੇਖ ਨਾਲ ਹੀ ਮਿਲਦੇ ਜੁਲਦੇ ਹਨ ਕਿ ਇਸ ਕਰਕੇ ਮਦਦ ਨਹੀਂ ਸੀ ਦਿਤੀ ਕਿ ਉਹ ਸ਼ਾਹਜ਼ਾਦਾ ਸੀ ਪਰ ਇਸ ਕਰਕੇ ਕਿ ਲੋੜਵੰਦ ਸੀ ਤੇ ਮਿਤ੍ਰ ਹੀਨ ਸੀ ਤੇ ਉਸ ਉਤੇ ਇਕ ਆਫਤ ਆ ਪਈ ਸੀ।

ਜੇ ਕਰ ਦੂਸਰਾ ਪਹਿਲੂ ਲਿਆ ਜਾਵੇ ਤੇ ਇਹ ਸੋਚਿਆ ਜਾਏ ਕਿ ਗੁਰੂ ਜੀ ਨਾਲ ਖੁਸਰੋ ਦਾ ਕੋਈ ਪਹਿਲਾ ਮੇਲ ਜੋਲ ਸੀ, ਜਿਵੇਂ ਉਸਦਾ ਈਸਾਈਆਂ ਨਾਲ ਸੀ, ਜਿਨ੍ਹਾਂ ਦਾ ਉਹ ਬੜਾ ਸਤਿਕਾਰ ਕਰਦਾ ਸੀ; ਜੈਸਾ ਕਿ ਤਦੋਂ ਅੰਗ੍ਰੇਜ਼ ਸਫੀਰ ਸਰ ਥਾਮਸਰੋ ਲਿਖਦਾ ਹੈ, ਸੋ ਕਿਸੇ ਪਹਿਲੇ ਤਅੱਲਕ ਕਰਕੇ ਗੁਰੂ ਜੀ ਪਾਸ ਆਇਆ ਤੇ ਉਨ੍ਹਾਂ ਨੇ ਉਸ ਪਹਿਲੀ ਵਾਕਫੀ ਕਰਕੇ ਉਸਨੂੰ ਜਹਾਂਗੀਰ ਤੋਂ ਚੰਗਾ ਜਾਣਕੇ ਮਦਦ ਦਿਤੀ ਤਦ ਸਾਨੂੰ ਕੋਈ ਲਿਖਤ ਸਿਖਾਂ ਦੀ, ਮੁਸਲਮਾਨਾਂ ਦੀ, ਕਿ ਈਸਾਈਆਂ ਦੀ ਨਹੀਂ ਮਿਲਦੀ ਕਿ ਕਦੇ ਪਹਿਲੋਂ ਉਹ ਗੁਰੂ ਜੀ ਨੂੰ ਮਿਲਿਆ ਹੋਵੇ ਯਾ ਆਗਰੇ ਕਿ ਦਿਲੀ ਦੇ ਸਿਖਾਂ ਨਾਲ ਕੋਈ ਉਸਦਾ ਮੇਲ ਜੋਲ ਹੋਇਆ ਹੋਵੇ। ਨਾ ਉਸਦੀ ਬਗਾਵਤ ਦੀ ਵਿਉਂਤ ਨਾਲ, ਜੋ ਆਗਰੇ ਦੇ ਕਿਲ੍ਹੇ ਵਿਚ ਜੰਮੀ, ਗੁਰੂ ਜੀ ਦਾ ਕੋਈ ਵਾਸਤਾ ਕਿਸੇ ਲੇਖਕ ਨੇ ਲਿਖਿਆ ਹੈ।

ਜੇਕਰ ਦਲੀਲ ਦੀ ਖਾਤਰ ਇਹ ਫਰਜ਼ ਕਰ ਬੀ ਲਓ ਕਿ ਭਾਵੇਂ ਵਾਕਫੀ ਵਾਸਤਾ ਤਾਂ ਕੋਈ ਨਹੀਂ ਸੀ ਪਰ ਗੁਰੂ ਜੀ ਨੇ ਖੁਸਰੋ ਦੀ ਤਾਰੀਫ ਸੁਣੀ ਹੋਈ ਸੀ ਤੇ ਓਹ ਜਾਣਦੇ ਸਨ ਕਿ ਪਰਜਾ ਦੀ ਭਲਿਆਈ ਲਈ ਖੁਸਰੋ ਦਾ ਰਾਜ ਜਨਤਾ ਲਈ ਸੁਖਦਾਈ ਹੋਵੇਗਾ, ਇਸ ਪਰਸੁਆਰਥ ਦੇ ਨੁਕਤੇ ਤੋਂ ਉਸਨੂੰ ਘਰ ਆਏ ਨੂੰ ਕੁਛ ਮਦਦ ਦਿੱਤੀ ਹੋਵੇ ਤਾਂ ਬੀ ਇਹੋ ਮੰਨਣਾ ਪਏਗਾ ਕਿ ਗੁਰੂ ਜੀ ਨੇ ਪਰਸੁਆਰਥ ਲਈ ਐਸਾ ਜਾਨ ਹੂਲਵਾਂ ਪਰਉਪਕਾਰ ਕੀਤਾ; ਉਨ੍ਹਾਂ ਦੀ ਸ਼ਹਾਦਤ ਦੀ ਕੀਮਤ ਕੂਤ ਕਿਸੇ ਪਹਿਲੂ ਤੋਂ ਬੀ ਸੋਚੋ, ਘਟਦੀ ਨਹੀਂ। ਕਿਉਂਕਿ ਆਪ ਜੀ ਦੀ ਸ਼ਹਾਦਤ ਦੀ ਕੇਂਦ੍ਰੀ ਵਜਹ ਤਾਂ ਤੁਜ਼ਕ ਜਹਾਂਗੀਰੀ ਤੋਂ ਲੱਭ ਗਈ ਹੈ ਕਿ ਪਾਤਸ਼ਾਹ ਪਹਿਲੇ ਤੋਂ ਹੀ ਇਸ ਇਰਾਦੇ ਵਿਚ ਸੀ ਕਿ 'ਦੁਕਾਨ ਉਠਾ ਦੇਵੇ ਯਾ ਗੁਰੂ ਜੀ ਨੂੰ ਦਾਖਲ ਇਸਲਾਮ ਕਰ ਲਵੇ*।'

ਸੋ ਹੁਣ ਪੱਜ ਯਾ ਬਹਾਨਾ ਮਿਲ ਗਿਆ, ਚਾਹੋ ਉਹ ਕੂੜੀ ਊਜ ਸੀ, ਚਾਹੋ ਬਾਤ ਦਾ ਬਤੰਗੜ ਬਣ ਗਿਆ, ਚਾਹੋ ਲੋੜਵੰਦ ਤੇ ਮਿਤ੍ਰ ਹੀਨ ਦੀ ਮਦਦ ਬਗਾਵਤ ਵਿਚ ਸਮਝੀ ਗਈ ਤੇ ਚਾਹੋ ਗੁਰੂ ਜੀ ਨੇ ਪਰਜਾ ਦੇ ਸੁਖ ਨੂੰ ਮੁੱਖ ਰਖਕੇ ਕੁਛ ਮਦਦ ਦਿੱਤੀ ਤੇ ਓਹ ਬਗਾਵਤ ਵਿਚ ਸਰੀਹਨ ਮਦਦ ਕਹੀ ਗਈ; ਗੁਰੂ ਜੀ ਦੀ ਸਜ਼ਾ ਹਰ ਹਾਲ ਵਿਚ ਸ਼ਹਾਦਤ ਸੀ।

---

*ਜਹਾਂਗੀਰ ਦੀ ਆਪਣੀ ਇਹ ਲਿਖਤ ਇਸੇ ਲੇਖ ਵਿਚ ਅਗੇ ਆਵੇਗੀ।



www.sikhbookclub.com

ਜ਼ਰਾ ਗੌਰ ਕਰੋ ਕਿ ਜੇ ਪਾਤਸ਼ਾਹ ਦਾ ਮਤਲਬ ਕੇਵਲ 'ਯਾਸਾ' ਹੀ ਸੀ ਤਾਂ ਫੌਰਨ ਕਤਲ ਕਿਉਂ ਨਾ ਕੀਤੇ ਗਏ? ਖੇਚਲਾਂ ਦੇ ਦੇ ਕੇ ਵਿਚ ਵਿਚ ਵੇਹਲ ਦੇਣੀ ਇਸੇ ਲਈ ਸੀ ਕਿ ਦਾਖਲ ਇਸਲਾਮ ਹੋ ਜਾਣ ਤਾਂ ਹੁਣ ਬੀ ਬਚਾ ਲੈਣ। ਇਹ ਦਲੀਲ ਆਪਣੇ ਆਪ ਸਫੁਟ ਬੀ ਹੈ ਤੇ ਕਈ ਲੇਖਕਾਂ ਨੇ ਲਿਖੀ ਬੀ ਹੈ ਕਿ ਹਰ ਖੇਚਲ ਦੇਣ ਦੇ ਮਗਰੋਂ ਇਹ ਗਲ ਕਹੀ ਜਾਂਦੀ ਸੀ ਕਿ ਪਵਿਤ੍ਰ ਆਦਿ ਬੀੜ ਵਿਚ ਮੁਹੰਮਦ ਦੀ ਤਾਰੀਫ ਪਾ ਦਿਓ, ਇਹ ਗਲ ਦਾਖਲ ਇਸਲਾਮ ਹੀ ਕਰਨ ਦਾ ਕਾਇਲ ਹੈ। ਸੋ ਆਪ ਦੀ ਸ਼ਹਾਦਤ ਇਸ ਕਰਕੇ ਹੋਈ ਕਿ ਜਿੰਦ ਬਚਾਉਣ ਖਾਤਰ ਦਾਖਲ ਇਸਲਾਮ ਨਾ ਹੋਏ। ਜੋ ਕੁਛ ਕਿਸੇ ਹੋਰ ਨੇ ਲਿਖਿਆ ਸਾਰ ਇਹੋ ਹੈ ਕਿ ਗੁਰੂ ਜੀ ਅਪਣੇ 'ਸਚ' ਤੇ ਟਿਕੇ ਰਹੇ, ਦੁਖ ਪਾਏ ਤੇ ਜਾਨ ਕੁਰਬਾਨ ਕਰ ਦਿੱਤੀ ਪਰ ਸਚ ਨਾ ਦਿਤਾ।

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਜਦ 'ਅਗਲਬ' ਪਹਿਲੂ ਤੋਂ ਸ਼ਹਾਦਤ 'ਸਚੀ ਸ਼ਹਾਦਤ' ਦਿਸ ਪੈਂਦੀ ਹੈ ਤਾਂ ਹੋਰ ਇਤਿਹਾਸਿਕ ਖੋਜ ਦੀ ਕੀਹ ਲੋੜ ਹੈ?

ਸੱਚ ਟੋਲੀਦਾ ਹੈ ਸੱਚ ਦੀ ਖਾਤਰ, ਇਤਿਹਾਸਸਿਕ ਖੋਜ ਕਰੀਦੀ ਹੈ ਇਤਿਹਾਸਿਕ ਸਚਾਈ ਦੀ ਖਾਤਰ। ਕਿਸੇ ਆਪਣੇ ਖਯਾਲ ਮਾਤ੍ਰ ਨੂੰ ਯਾ ਪ੍ਰਯੋਜਨ ਨੂੰ ਸਿਰੇ ਚਾੜ੍ਹਨ ਦੇ ਬ੍ਰਿਥਾ ਯਤਨ ਨਹੀਂ ਕਰੀਦੇ।

ਇਹ ਬੀ ਮਨੋਰਥ ਹੁੰਦਾ ਹੈ ਕਿ ਖੋਜ ਜਾਰੀ ਰਹੇ ਤਾਂ ਅਗਲੇ ਆਉਣ ਵਾਲੇ ਖੋਜੀ ਇਸ ਤੋਂ ਅਗੇ ਹੋਰ ਖੋਜ ਕਰਨ ਤੇ ਇਹ ਪਹਿਲੀ ਖੋਜ ਕੀਤੀ ਕਰਾਈ ਉਨ੍ਹਾਂ ਨੂੰ ਮਿਲ ਜਾਏ।

ਇਸ ਪ੍ਰਕਾਰ ਦੀਆਂ ਵੀਚਾਰਾਂ ਕਰਕੇ ਅਗਲੇ ਸਫਿਆਂ ਤੇ ਖੋਜ ਅੰਕਿਤ ਹੈ।

੧. ਜਹਾਂਗੀਰ ਦੀ ਲਿਖਤ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮੁਸਲਮਾਨ ਦੋਖੀਆਂ ਨੇ, ਜੋ ਸਿੱਖੀ ਦੇ ਪ੍ਰਚਾਰ ਨਾਲ ਖੁਣਸ ਰਹੇ ਸਨ, ਤੇ ਮੁਸਲਮਾਨਾਂ ਦੇ ਸਿੱਖ ਬਣਨ ਪਰ ਵਧੇਰੇ ਦੁਖੀ ਸਨ, ਅਤੇ ਚੰਦੂ ਵਰਗੇ ਸੁਆਰਥੀਆਂ ਨੇ ਪਾਤਸ਼ਾਹ ਨੂੰ ਕੋਲੋਂ ਪਾ ਪਾ ਕੇ ਤੇ ਅਪਣੇ ਰੰਗਾਂ ਵਿਚ ਰੰਗ ਰੰਗਕੇ ਗਲਾਂ ਦੱਸਣੀਆਂ ਸਨ। ਕਿਸੇ ਕਿਹਾ: 'ਖੁਸਰੋ ਦੇ ਹੱਕ ਵਿਚ ਦੁਆ ਕੀਤੀ' (ਦੇਖੋ ਦਬਿਸਤਾਨ ਮਜ਼ਾਹਬ) : ਪਰ ਜਹਾਂਗੀਰ ਆਪ ਲਿਖਦਾ ਹੈ ਕਿ 'ਖੁਸਰੋ ਦੇ ਮੱਥੇ ਤੇ ਤਿਲਕ ਲਾਇਆ ਤੇ ਖਾਸ ਤਰ੍ਹਾਂ ਦਾ ਵਰਤਾਉ ਕੀਤਾ।' ਤਿਲਕ ਵਾਲੀ ਗਲ ਵੀ ਬਨਾਵਟੀ ਚੁਗਲੀ ਹੈ। ਜੋ ਗੁਰੂ ਜੀ ਦੇ ਵਰਤਾਉ ਨੂੰ ਵਧੇਰੇ ਸੰਗੀਨ ਕਰਨੇ ਲਈ ਪਾਤਸ਼ਾਹ ਨੂੰ ਦੱਸੀ ਗਈ ਹੈ। ਸਤਿਗੁਰਾਂ ਦੇ ਘਰ ਵਿਚ ਤਿਲਕ ਕੇਵਲ ਆਪਣੇ ਜਾਨਸ਼ੀਨ ਨੂੰ ਦੇਂਦੇ ਸਨ, ਹੋਰ ਕਦੇ ਕਿਸੇ ਨੂੰ ਨਹੀਂ ਸਨ ਦੇਂਦੇ। ਅਕਬਰ ਤੀਸਰੇ ਸਤਿਗੁਰਾਂ ਪਾਸ ਆਇਆ ਤਿਲਕ ਨਹੀਂ ਦਿੱਤਾ, ਇਕ ਰਾਜਾ ਤੀਸਰੇ ਸਤਿਗੁਰਾਂ ਪਾਸ; ਇਕ ਪੰਜਵੇਂ ਪਾਤਸ਼ਾਹ ਪਾਸ ਆਇਆ ਤਿਲਕ ਨਹੀਂ ਦਿੱਤਾ। ਸੋ ਇਹ ਬੀ ਠੱਪੀ ਹੋਈ ਊਜ ਹੀ ਸੀ।

੨. ਭਾਈ ਸੰਤੋਖ ਸਿੰਘ ਜੀ ਨੂੰ ਜੋ ਖਬਰ ਜਹਾਂਗੀਰ ਦਾ ਦਿਲ ਗੁਰਾਂ ਨਾਲ ਚੰਗੇ ਹੋਣ ਦੀ ਮਿਲੀ ਹੈ, ਠੀਕ ਨਹੀਂ। ਪਤਾ ਨਹੀਂ ਉਹਨਾਂ ਨੇ ਇਹ ਕਿਸੇ ਮੁਸਲਮਾਨ ਪੱਖੀ ਤੋਂ ਸੁਣੀ ਹੈ, ਯਾ ਪਾਤਸ਼ਾਹ ਨੇ ਜੋ ਚੰਦੂ ਨੂੰ ਅਖੀਰ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿੱਤਾ ਸੀ ਇਸ ਗਲ ਤੋਂ ਉਸਨੂੰ ਨਿਰਦੋਸ਼ ਮੰਨ ਕੇ ਸ਼ਰਧਾਲੂ ਬੀ ਮੰਨ ਲਿਆ ਹੈ, ਪਰ ਜਹਾਂਗੀਰ ਦੀ ਲਿਖਤ ਦੱਸਦੀ ਹੈ ਕਿ ਉਸਦੇ ਜੀ ਵਿਚ ਸਖ਼ਤ ਤਅੱਸਬ ਭਰਿਆ ਪਿਆ ਸੀ, ਉਹ ਆਪ ਐਉਂ ਤੁਜ਼ਕੇ ਜਹਾਂਗੀਰ ਵਿਚ ਲਿਖਦਾ ਹੈ :-

"ਦਰ ਗੋਇੰਦਵਾਲ ਕਿ ਬਰ ਕਿਨਾਰੇ ਦਰਿਯਾਏ ਬਿਆਹ ਵਾਕਿਆ ਅਸਤ, ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸੇ ਪੀਰੀ-ਓ-ਸ਼ੈਖੀ, ਚੁਨਾਂਚਿ ਬਿਸ਼ੀਆਰੇ ਅਜ਼ ਸਾਦਹ ਲੌਹਾਨੇ ਹਨੂਦ ਬਲਕਿ ਨਾਦਾਨ ਵ ਸਫੀਹਾਨੇ ਇਸਲਾਮ ਰਾ ਮੁਕੱਜਦੇ ਅਤਵਾਰੋ ਔਜ਼ਾਏ ਖੁਦ ਸਾਖਤਹ ਕੋਸੇ ਪੀਰੀ ਓ-ਵਲਾਇਤ ਰਾ ਬਲੰਦ ਆਵਾਜ਼ਹ ਗਰਦਾਨੀਦਹ ਖੂਦ। ਓ ਰਾ ਗੁਰੂ

 www.sikhbookclub.com

ਰਾ ਗੁਰੂ ਮੇ ਗੁਫ਼ਤੰਦ। ਵ ਅਜ਼ ਅਤਰਾਫ਼ੋ ਜਵਾਨਬ ਗੋਲਾਨੋ ਗੋਲ ਪ੍ਰਸਤਾਨ ਬਦੋ ਰੁਜੂਅ ਆਵੁਰਦਹ ਇਅਤਕਾਦੇ ਤਮਾਮ ਬ-ਓ ਇਜ਼ਹਾਰ ਮੇ ਕਰਦੰਦ। ਅਜ਼ ਸਿਰ ਚਹਾਰਪੁਸ਼ਤੇ ਓ ਈਂ ਦੁਕਾਨ ਰਾ ਗਰਮ ਮੇ ਦਾਸ਼ਤੰਦ। ਮੁੱਦਤਹਾ ਬ-ਖਾਤਿਰ ਮੇ ਗੁਜ਼ਸ਼ਤ ਕਿ ਈਂ ਦੁਕਾਨੇ ਬਾਤਿਲ ਰਾ ਬਰਤਰਫ ਬਾਇਦ ਸਾਖ਼ਤ ਯਾ ਓ ਰਾ ਦਰ ਜਿਰਗਹਏ ਅਹਿਲੈ ਇਸਲਾਮ ਦਰ-ਬਾਇਦ ਆਵੁਰਦ।"

ਅਰਥਾਤ "ਗੋਇੰਦਵਾਲ, ਜੋ ਕਿ ਦਰਿਯਾਇ ਬਿਆਸ ਦੇ ਕੰਢੇ ਤੇ ਹੈ; ਵਿਚ ਅਰਜਨ ਨਾਮੀ ਇਕ ਹਿੰਦੂ ਪੀਰੀ ਤੇ ਸ਼ੇਖੀ ਦੇ ਭੇਸ ਵਿਚ ਰਹਿੰਦਾ ਸੀ। ਚੁਨਾਂਚਿ ਸਿੱਧੇ ਸਾਦੇ ਹਿੰਦੂਆਂ ਵਿਚੋਂ ਬਹੁਤ ਸਾਰਿਆਂ ਨੂੰ, ਬਲਕਿ ਮੂਰਖ ਤੇ ਬਿਅਕਲ ਮੁਸਲਮਾਨਾਂ ਨੂੰ ਭੀ ਆਪਣੀ ਬਣਾਈ ਰਹਿਤ ਬਹਿਤ ਦਾ ਧਾਰਨੀ ਬਣਾਕੇ ਆਪਣੀ ਪੀਰੀ ਤੇ ਗੁਰੂ ਪੁਣੇ ਦਾ ਢੋਲ ਬੜੇ ਜ਼ੋਰ ਸ਼ੋਰ ਨਾਲ ਵਜਾਇਆ ਹੋਇਆ ਸੀ। ਉਸਨੂੰ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਵਲ ਆਉਂਦੇ ਤੇ ਉਸ ਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੀੜੀਆਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰਖਿਆ ਸੀ। ਚਿਰ ਤੋਂ ਮੇਰੇ ਦਿਲ ਵਿਚ ਇਹ ਆਉਂਦੀ ਸੀ ਕਿ ਇਸ ਝੂਠੀ ਦੁਕਾਨ ਨੂੰ ਦੂਰ ਕਰ ਦਿੱਤਾ ਜਾਏ ਯਾ ਉਸ (ਗੁਰੂ ਅਰਜਨ ਸਾਹਿਬ) ਨੂੰ ਦੀਨ ਇਸਲਾਮ ਦੀ ਜਮਾਤ ਵਿਚ ਲੈ ਆਂਦਾ ਜਾਏ।

ਇਹ ਉਸਦੇ ਆਪਣੇ ਲੇਖ ਤੋਂ ਸਾਬਤ ਹੈ ਕਿ ਪਾਤਸ਼ਾਹ ਦੇ ਦਿਲ ਵਿਚ ਤਅੱਸਬ ਤੇ ਵੈਰ ਪਹਿਲੋ ਤੋਂ ਸੀ, 'ਦੂਰ ਕਰ ਦੇਣਾ ਅਰਥਾਤ ਮੂਲੋਂ ਮਿਟਾ ਦੇਣਾ ਯਾ ਇਸਲਾਮ ਵਿਚ ਦਾਖਲ ਕਰ ਲੈਣਾ' ਉਸ ਦੇ ਜੀ ਵਿਚ ਪਹਿਲੋਂ ਤੋਂ ਹੀ ਆ ਰਹੀ ਸੀ। ਉਸਨੂੰ ਬਹੁਤ ਗੁੱਸਾ ਮੁਸਲਮਾਨਾਂ ਦੇ ਸਿਖ ਬਣਨੇ ਦਾ ਸੀ। ਇਹ ਜ਼ਾਹਰ ਹੀ ਹੈ ਕਿ ਸੁਣੇ ਸੁਣਾਏ ਖਿਆਲ ਸਨ, ਜੋ ਗ਼ਾਲਬਨ ਚੁਗਲਖੋਰਾਂ ਦੇ ਪੁਚਾਏ ਹੋਏ ਸਨ। ਆਪੂੰ ਉਸਨੇ ਕੋਈ ਖੋਜ ਕਰਕੇ ਤਹਿਕੀਕਾਤ ਥੋੜਾ ਕੀਤੀ ਸੀ। ਫੇਰ ਬਾਕੀ ਜੋ ਬੇਅਦਬੀ ਦੇ ਵਾਕ ਪਾਤਸ਼ਾਹ ਨੇ ਲਿਖੇ ਹਨ ਉਸ ਤਅੱਸਬ ਭਰੇ ਦਿਲ ਤੋਂ ਹੋਰ ਆਸ ਹੀ ਕੀਹ ਹੋ ਸਕਦੀ ਸੀ। ਪਾਤਸ਼ਾਹ ਵਲੋਂ ਬੇਅਦਬੀ ਦੇ ਵਾਕ ਪੜ੍ਹ ਕੇ ਘਬਰਾਉਣਾ ਨਹੀਂ ਚਾਹੀਦਾ, ਇਹ ਵਾਕ ਦਲੀਲ ਹਨ ਉਸਦੇ ਦਿਲ ਵਿਚ ਪਹਿਲੇ ਭਰੇ ਕੀਨੇ, ਵੈਰ ਤੇ ਤਅੱਸਬ ਦੀ।

੩. ਫਿਰ ਪਾਤਸ਼ਾਹ ਲਿਖਦਾ ਹੈ ਕਿ :-

"ਤਾ ਆਂਕਿ ਦਰੀਂ ਅੱਯਾਮ ਖੁਸਰੋ ਅਜ਼ਾਂ ਰਾਹ ਅਬੂਰ ਮੇ ਨਮੂਦ। ਈਂ ਮਰਦਕੇ ਮਜਹੂਲ ਇਰਾਦਾ ਕਰਦ ਕਿ ਮੁਲਾਜ਼ਮਤੇ ਓ ਦਰ ਯਾਫਤ। ਦਰ ਮਨਜ਼ਲੇ ਕਿ ਜਾ ਓ ਮੁਕਾਮੇ ਓ ਬੂਦ ਖੁਸਰੋ ਰਾ ਨਜ਼ੂਲ.ਉਫ਼ਤਾਦ। ਆਮਦਹ ਓਰਾ ਦੀਦ; ਵ ਬਅਜ਼ੇ ਮੁਕੱਦਿਮਾਤ ਫ਼ਰਾਯਾਫਤਹ ਬ-ਓ ਰਸਾਨੀਦ ਵ ਬਰ ਪੇਸ਼ਾਨੀਏ ਓ ਅੰਗੁਸ਼ਤੇ ਅਜ਼ ਜ਼ੁਅਫ਼ਰਾਨ, ਕਿ ਬ-ਇਸਤਲਾਹੇ ਹਿੰਦੂਆਂ ਕਸ਼ਕਹ ਗੋਇਅੰਦ, ਕਸ਼ੀਦ ਵ ਆਂ ਰਾ ਸ਼ੰਗੂਨ ਮੇ ਦਾਨੰਦ। ਚੂੰ ਈਂ ਮੁਕੱਦਿਮਾ ਬ-ਮੁਸਾਮਿਅ ਜਾਹੋ ਜਲਾਲ ਮੇ ਰਸਦ ਵ ਬੁਤਲਾਨੇ ਓਰਾ ਬ-ਵਜਹ ਅਕਮਲ ਮੇ ਦਾਨਿਸ਼ਤਮ, ਅਮਰ ਕਰਦਮ ਕਿ ਓਰਾ ਹਾਜ਼ਿਰ ਸਾਖਤੰਦ ਵ ਮਸਾਕਨੋ ਮਨਾਜ਼ਲੋ ਫਰਜ਼ੰਦਾਨੇ ਓਰਾ ਬ-ਮੁਰਤਜ਼ਾ ਖਾਨ ਇਨਾਯਤ ਨਮੂਦਮ ਵ ਅਸਬਾਬੋ ਅਮਵਾਲੇ ਓ ਰਾ ਬਕੈਦੇ ਜ਼ਬਤ ਦਰ ਆਵੁਰਦਹ ਫਰਮੂਦਮ ਕਿ ਓਰਾ ਬ ਸਿਆਸਤ ਵ ਬ-ਯਾਸਾ* ਰਸਾਨੰਦ।"

ਅਰਥਾਤ-'ਕਿ ਇਨ੍ਹਾਂ ਹੀ ਦਿਨਾਂ ਵਿਚ ਖੁਸਰੋ ਉਸ ਰਸਤੇ ਲੰਘਿਆ। ਇਸ......ਪੁਰਸ਼ (ਭਾਵ ਗੁਰੂ ਜੀ ਨੇ) ਇਰਾਦਾ ਕੀਤਾ ਕਿ ਉਸ (ਖੁਸਰੋ) ਨੂੰ ਮਿਲੇ। ਉਸ ਪੜਾ ਉਤੇ ਜਿੱਥੇ ਕਿ ਉਸ ਦੀ ਜਗਾ ਤੇ ਟਿਕਾਣਾ ਸੀ, ਖੁਸਰੋ ਦਾ ਉਤਾਰਾ ਹੋਇਆ। ਆ ਕੇ ਉਸਨੂੰ ਦੇਖਿਆ ਮਿਲਿਆ। ਕਈ ਗੱਲਾਂ ਕੀਤੀਆਂ ਤੇ ਕਈ ਮਾਮਲੇ ਉਸ ਨੂੰ ਪੁਚਾਏ ਤੇ ਉਸ ਦੇ ਮੱਥੇ ਪਰ ਆਪਣੀ ਉਂਗਲ ਨਾਲ ਕੇਸਰ ਦਾ, ਜਿਸਨੂੰ ਹਿੰਦੂ ਕਸ਼ਕਹ (ਤਿਲਕ) ਆਖਦੇ ਤੇ ਸ਼ਗਨ ਸਮਝਦੇ ਹਨ, ਲਾਇਆ। ਜਦ

*'ਯਾਸਾ' ਤੁਰਕੀ ਲਫ਼ਜ਼ ਹੈ, ਅਰਥ ਹੇ ਕਤਲ ਕਰਨਾ, ਲੁੱਟਣਾ, ਬਦਲਾ ਲੈਣਾ।


www.sikhbookclub.com

ਇਹ ਖਬਰ ਮੇਰੇ ਕੰਨਾਂ ਵਿਚ ਪਹੁੰਚੀ ਮੈਂ ਉਸਦੇ ਝੂਠ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸਾਂ, ਮੈਂ ਹੁਕਮ ਦਿਤਾ ਕਿ ਉਸਨੂੰ ਹਾਜ਼ਰ ਕਰਨ, ਉਸਦੇ ਘਰ ਬਾਰ ਤੇ ਪੁਤ੍ਰਾਂ ਨੂੰ ਮੁਰਤਜ਼ਾ ਖਾਂ ਨੂੰ ਬਖਸ਼ ਦਿਤਾ ਤੇ ਉਸਦੇ ਮਾਲ ਜਾਇਦਾਦ ਨੂੰ ਜ਼ਬਤ ਕਰਕੇ ਮੈਂ ਹੁਕਮ ਦਿੱਤਾ ਕਿ (ਸਿਆਸਤ=) ਸ਼ਾਹੀ ਕਾਨੂੰਨ ਅਨੁਸਾਰ ਉਸਨੂੰ (ਯਾਸਾ-) ਕਤਲ ਦੀ ਕਰੜੀ ਸਜ਼ਾ ਦਿਤੀ ਜਾਵੇ।'

ਇਸ ਲਿਖਤ ਤੋਂ ਸਾਬਤ ਹੋਇਆ ਕਿ ਪਾਤਸ਼ਾਹ, ਜਿਸਦੇ ਦਿਲ ਵਿਚ ਪਹਿਲਾਂ ਮਜ਼ਹਬੀ ਤਅੱਸਬ ਭਰਿਆ ਹੋਇਆ ਸੀ। ਗਲ ਸੁਣਦੇ ਸਾਰ ਅੱਗ ਬਗੋਲਾ ਹੋ ਗਿਆ ਤੇ ਜੋ ਪਹਿਲਾਂ ਹੀ ਚਿਤਵਦਾ ਹੁੰਦਾ ਸੀ ਕਿ ਸਮਾਪਤੀ ਕਰ ਦਿਆਂ ਉਸਨੇ ਇਸ ਬੇਹੂਦਾ ਜੋਸ਼ ਵਿਚ ਮੌਕਾ ਸਮਝ ਕੇ ਅਤਯਾਚਾਰ ਦਾ ਹੁਕਮ ਦੇ ਦਿੱਤਾ। ਫਿਰ ਇਹ ਬੀ ਇਸ ਤੋਂ ਸਾਫ ਸਿੱਟਾ ਨਿਕਲ ਰਿਹਾ ਹੈ ਕਿ ਪਾਤਸ਼ਾਹ ਨੇ ਤਹਿਕੀਕਾਤ ਨਹੀਂ ਕੀਤੀ, ਨਿਆਂ ਨਹੀਂ ਕੀਤਾ ਤੇ ਐਵੇਂ ਸੁਣ ਕੇ ਹੀ ਅਪਣੇ ਬਣੇ ਤਅੱਸਬ ਵਿਚ ਗੁੱਸਾ ਖਾਕੇ ਹੁਕਮ ਦੇ ਦਿਤਾ ਹੈ।

ਹੁਣ ਜਦ ਅਸਲੀਅਤ ਦੀ ਖੋਜ ਕਰੀਏ ਤਾਂ ਥਹੁ ਇਹ ਪੈਂਦਾ ਹੈ ਕਿ ਸਤਿਗੁਰੂ ਜੀ ਦਾ ਤੇ ਖੁਸਰੋ ਦਾ ਮੇਲ ਹੋਇਆ ਹੀ ਨਹੀਂ। ਇਹ ਇਕ ਊਜ ਸੀ ਜੋ ਤਅੱਸਬੀ ਮੁਸਲਮਾਨਾਂ ਤੇ ਹੋਰ ਵਿਦ੍ਰੋਹੀ ਲੋਕਾਂ ਵਲੋਂ ਘੜੀ ਗਈ ਸੀ। ਉਹ ਖੋਜ ਇਸ ਪ੍ਰਕਾਰ ਹੈ :-

ਆਗਰੇ ਤੋਂ ਪਾਤਸ਼ਾਹ ਖੁਸਰੋ ਦੇ ਮਗਰੇ ਮਗਰ ਟੁਰ ਪੈਂਦਾ ਹੈ। ਰਸਤੇ ਵਿਚ, ਖੁਸਰੋ ਦੇ ਠਹਿਰਨ ਕਿਸੇ ਤੋਂ ਮਦਦ ਮਿਲਣ ਤੇ ਅੱਗੇ ਭੱਜੇ ਜਾਣ ਦੀ ਖ਼ਬਰ ਉਸਨੂੰ ਮਿਲਦੀ ਜਾਂਦੀ ਹੈ। ਮਦਦ ਦੇਣਹਾਰਾਂ ਨੂੰ ਸਜ਼ਾਵਾਂ ਦੇਈ ਜਾਂਦਾ ਹੈ। ਚੁਨਾਂਚਿ ਕਰਨਾਲ ਦੇ ਪਰਗਨੇ ਵਿਚ ਵੜਦਿਆਂ ਉਸਨੂੰ ਪਤਾ ਲਗਦਾ ਹੈ ਕਿ ਨਜ਼ਾਮ ਥਾਨੇ ਸਰੀ ਨੇ ਖੁਸਰੋ ਨੂੰ ਮਦਦ ਦਿਤੀ ਹੈ, ਜੈਸਾ ਕਿ ਪਾਤਸ਼ਾਹ ਆਪਣੀ 'ਤੁਜ਼ਕ ਜਹਾਂਗੀਰੀ' ਵਿਚ ਆਪ ਲਿਖਦਾ ਹੈ। "ਸ਼ੇਖ ਨਜ਼ਾਮ ਥਾਨੇਸਰੀ, ਜੋ ਅਪਣੇ ਸਮੇਂ ਦਾ ਮਸ਼ਹੂਰ ਦੰਭੀ ਹੈ, ਖੁਸਰੋ ਨੂੰ ਮਿਲਿਆ ਤੇ ਉਸਨੂੰ ਦੁਆਈਂ ਦੇ ਕੇ ਠੀਕ ਰਸਤੇ ਤੋਂ ਗੁਮਰਾਹ ਕਰ ਦਿਤੋਸੁ ਤੇ ਫੇਰ ਹੁਣ ਮੈਨੂੰ ਮਿਲਣ ਆਇਆ। ਚੂੰਕਿ ਮੈਂ ਇਹ ਗਲ ਸੁਣ ਚੁਕਾ ਸਾਂ ਮੈਂ ਉਸਨੂੰ ਰਸਤੇ ਦਾ ਖਰਚ ਦੇ ਕੇ ਮੱਕੇ ਟੋਰ ਦਿਤਾ[੧]"।

ਫਿਰ ਪਾਤਸ਼ਾਹ ਲਿਖਦਾ ਹੈ ਕਿ ੧੬ ਤ੍ਰੀਕ ਜ਼ਿਲਹੱਜ[੨] ਨੂੰ ਮੈਂ ਸਰਾਇ ਕਾਜ਼ੀ ਸਾਂ, ੧੭ ਜਿਲਹੱਜ (ਮੁਤਾ: ੧੫ ਅਪ੍ਰੈਲ ੧੬੦੬ ਈ:) ਦੀ ਸਵੇਰੇ ਸੁਲਤਾਨਪੁਰ ਪੁੱਜਾ, ਇਥੇ ਦੁਪਹਿਰ ਤਕ ਰਿਹਾ। ਫਿਰ ਪੁਲ ਤੋਂ ਪਾਰ ਹੋ ਗੋਇੰਦਵਾਲ ਪੁੱਜਾ। ਏਥੇ ਖਬਰ ਮਿਲੀ ਕਿ ਖੁਸਰੋ ਤੇ ਫਤੇ ਹੋ ਗਈ ਹੈ। ਹੁਣ ਪਾਤਸ਼ਾਹ ਸਹਿਜੇ ਮਹਿਜੇ ਮੁਕਾਮ ਕਰਦਾ ਟੁਰਦਾ ਹੈ। ੨੮ ਜ਼ਿਲਹੱਜ ੧੦੧੪ ਹਿ: (੨੬ ਅਪ੍ਰੈਲ) ਨੂੰ ਜੈਪਾਲ ਅੱਪੜਦਾ ਹੈ। ਇਹ ਪਿੰਡ ਲਾਹੌਰੋਂ ੭ ਕੋਹ ਉਰੇ ਹੈ। ੧੭ ਤੋਂ ੨੮, ਗੋਯਾ ਲਗ ਪਗ ੧੨ ਦਿਨ ਮਾਝੇ ਵਿਚ ਪਾਤਸ਼ਾਹ ਰਹਿੰਦਾ ਹੈ, ਪਰ ਖੁਸਰੋ ਦੇ ਗੁਰੂ ਸਾਹਿਬ ਨੂੰ ਮਿਲਣ ਦੀ ਗਲ ਪਾਤਸ਼ਾਹ ਦੇ ਕੰਨਾਂ ਤਕ ਨਹੀਂ ਅੱਪੜਦੀ। ਹੋਰ ਖੁਸਰੋ ਦੀਆਂ ਸਾਰੀਆਂ ਖਬਰਾਂ, ਥਾਨੇਸਰੀ ਪੀਰ ਵਰਗੇ ਦੀਆਂ ਖੁਸਰੋ ਨੂੰ ਮਿਲਨ ਦੀਆਂ ਸੋਆਂ ਸਭ ਪਾਤਸ਼ਾਹ ਨੂੰ ਭੱਜਿਆਂ ਜਾਂਦਿਆਂ ਮਿਲਦੀਆਂ ਰਹੀਆਂ; ਹੁਣ ੧੨ ਦਿਨ ਮਾਝੇ ਵਿਚ ਰਹਿਕੇ ਪਾਤਸ਼ਾਹ ਨੂੰ ਕਿਉਂ ਖਬਰ ਨਾ ਮਿਲੀ। ਇਹ ਹੋ ਨਹੀਂ ਸਕਦਾ ਕਿ ਖੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਖ਼ਬਰ ਨਾ ਮਿਲਦੀ।

---

੧. ਪਾਤਸ਼ਾਹ ਦੀ ਇਹ ਲਿਖਤ ਬੀ ਦੱਸਦੀ ਹੈ ਕਿ ਇਕ ਮੁਸਲਮਾਨ ਪੀਰ ਨੂੰ ਖੁਸਰੋ ਨੂੰ ਗੁਮਰਾਹ ਕਰਨੇ ਦੇ ਅਪ੍ਰਾਧ ਵਿਚ ਮੱਕੇ ਜਾਣ ਦੀ ਸਜ਼ਾ ਤੇ ਖ਼ਰਚ ਬੀ ਕੋਲੋਂ, ਤੇ ਗੁਰੂ ਜੀ ਜਿਨ੍ਹਾਂ ਨੂੰ ਉਹ ਹਿੰਦੂ ਸਮਝ ਰਿਹਾ ਹੈ (ਤੇ ਤਹਿਕੀਕਾਤ ਬੀ ਨਹੀਂ ਕਰਦਾ) ਜਾਇਦਾਦ ਜ਼ਬਤ ਤੇ ਕਤਲ ਦਾ ਹੁਕਮ ਦੇਂਦਾ ਹੈ। ਇਸਤੋਂ ਸਾਬਤ ਹੋ ਗਿਆ ਕਿ ਗੁਰੂ ਜੀ ਦੀ ਸ਼ਹਾਦਤ ਦਾ ਗੁੱਝਾ ਕਾਰਣ ਪਾਤਸ਼ਾਹ ਦਾ ਇਸਲਾਮੀ ਤਅੱਸਬ ਸੀ ਤੇ ਖੁਸਰੋ ਦੀ ਸੁਣੀ ਗਲ ਦਾ ਗੁੱਸਾ ਬਹਾਨਾ ਬਣ ਗਿਆ ਸੀ। ੨. 'ਜ਼ਿਲਹੱਜ' ਯਾ 'ਜ਼ੀਹਜਾ' ਸ਼ਾਲ ਦਾ ਆਖ਼ਰੀ ਮਹੀਨਾ ਹੁੰਦਾ ਹੈ।


www.sikhbookclub.com

ਪਾਤਸ਼ਾਹ ਦੇ ਸੂੰਹੀਏਂ ਤੇ ਇਨਾਮ ਲੈਣ ਦੇ ਲਾਲਚੀ ਚੁਗਲ ਖੋਰ ਚੱਪੇ ਚੱਪੇ ਤੇ ਭਰੇ ਪਏ ਸਨ। ਜਿਸ ਦਿਨ ਖੁਸਰੋ ਨੱਸਾ ਹੈ ਉਸੇ ਦਿਨ ਪਾਤਸ਼ਾਹ ਨੇ ਰਾਜਾ ਬਾਸੂ ਨੂੰ ਖੁਸਰੋ ਬਾਬਤ ਖਬਰਾਂ ਲੈਣ ਤੇ ਉਸ ਨੂੰ ਪਕੜਨ ਲਈ ਮਗਰੇ ਨਸਾਇਆ ਹੈ। ਇਹ ਰਾਜਾ ਬਾਸੂ ਪੰਜਾਬੀ ਸੀ। ਇਸ ਨੂੰ ਬੀ ਗੁਰੂ ਜੀ ਦੀ ਖਬਰ ਨਾ ਮਿਲੀ। ਕਦੇ ਹੋ ਸਕਦਾ ਹੈ ਕਿ ਜੇ ਖੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਸੁਲਤਾਨਪੁਰ, ਗੋਇੰਦਵਾਲ ਤੇ ੧੨ ਦਿਨ ਮਾਂਝੇ ਵਿਚ ਫਿਰਦਿਆਂ ਕਿਸੇ ਪਾਸਿਓਂ ਖਬਰ ਨਾ ਮਿਲਦੀ?

੨੯ ਜ਼ਿਲਹੱਜ (੨੭ ਅਪ੍ਰੈਲ) ਨੂੰ ਪਾਤਸ਼ਾਹ ਜੈਪਾਲ ਤੋਂ ਟੁਰਕੇ ਮਿਰਜ਼ਾ ਕਾਮਰਾਨ ਦੇ ਬਾਗ (ਲਾਹੌਰ ਦੇ ਲਾਗੇ) ਅੱਪੜਦਾ ਹੈ। ਇਥੇ ਖੁਸਰੋ ਦੇ ਲਾਹੌਰੋਂ ਹਾਰ ਖਾਕੇ ਭੱਜੇ ਜਾਂਦੇ ਦੀ ਸੋਧਰੇ ਦੇ ਪੱਤਣ ਤੇ ਫੜੇ ਜਾਣ ਦੀ ਖਬਰ ਪੁੱਜੀ ਤੇ ਚੌਥੇ ਦਿਨ ਅਰਥਾਤ ੩ ਮੁਹੱਰਮ (੧ ਮਈ) ਨੂੰ ਖੁਸਰੋ ਗ੍ਰਿਫਤਾਰ ਹੋਇਆ ਪਾਤਸ਼ਾਹ ਦਾ ਪੇਸ਼ ਹੋਇਆ, ਉਸੇ ਵੇਲੇ ਖੁਸਰੋ ਦੇ ਦੋ ਵਡੇ ਸਾਥੀ ਗਾਂ ਤੇ ਖੋਤੇ ਦੀ ਖੱਲ ਵਿਚ ਸੀਤੇ ਗਏ। ਕਈ ਸੌ ਖੁਸਰੋ ਦੀ ਫੌਜ ਦੇ ਆਦਮੀ, ਜੋ ਗ੍ਰਿਫਤਾਰ ਸਨ ਸੂਲੀ ਦਿੱਤੇ ਗਏ[1]। ਪਾਤਸ਼ਾਹ ੯ ਮੁਹੱਰਮ ੧੦੧੫ ਹਿ: (੭ ਮਈ) ਤਕ ਕਾਮਰਾਨ ਦੇ ਬਾਗ ਵਿਚ ਰਿਹਾ। ਜੋ ਜੋ ਲੋਕ ਅਪ੍ਰਾਧੀ ਸਮਝੇ ਗਏ ਸਜ਼ਾਵਾਂ ਪਾ ਗਏ, ਜਿਨ੍ਹਾਂ ਖਿਦਮਤਾਂ ਕੀਤੀਆਂ ਸਨ, ਇਨਾਮ ਪਾ ਗਏ ਤੇ ਇਸੇ ਦਿਨ ਪਾਤਸ਼ਾਹ ਲਾਹੌਰ ਸ਼ਹਿਰ ਦਾਖਲ ਹੋਇਆ। ਗੋਇਆ ਇਸ ਤਾਰੀਖ ਖੁਸਰੋ ਦਾ ਮਾਮਲਾ ਮੁੱਕ ਚੁਕ ਗਿਆ, ਦੋਸ਼ੀ ਦੰਡੇ ਗਏ, ਸਹਾਯਕ ਇਨਾਮੇ ਗਏ। ਪਰ ਗੁਰੂ ਸਾਹਿਬ ਦੇ ਖੁਸਰੋ ਨੂੰ ਮਿਲਣ ਦੀ ਗਲ ਅਜੇ ਬੀ ਪਾਤਸ਼ਾਹ ਨੂੰ ਨਹੀਂ ਸੁਣਾਈ ਦੇਂਦੀ, ਕੈਸਾ ਅਸਚਰਜ ਹੈ! ਹੋਰ ਸੋਚ ਵਾਲੀ ਗਲ ਹੈ, ਹੁਣ ਤਾਂ ਦੋਸ਼ੀ ਸਾਰੇ ਗ੍ਰਿਫਤਾਰ ਹੋ ਗਏ ਸਨ, ਉਨ੍ਹਾਂ ਤੋਂ ਪਾਤਸ਼ਾਹ ਦੇ ਪੱਖੀ ਅਹਿਲਕਾਰਾਂ ਨੇ ਤਸੀਹੇ ਦੇ ਦੇ ਕੇ ਯਾ ਲਾਲਚ ਪੇਸ਼ ਕਰ ਕਰ ਕੇ ਖੁਸਰੋ ਦੇ ਪੱਖੀਆਂ ਦੇ ਵੇਰਵੇ ਜ਼ਰੂਰੀ ਪੁੱਛੇ ਹੋਣਗੇ, ਪਰ ਕਿਤੋਂ ਕੋਈ ਗਲ ਸਤਿਗੁਰਾਂ ਦੇ ਮਿਲਣ ਦੀ ਇਨ੍ਹਾਂ ਤੋਂ ਬੀ ਨਾਂ ਮਿਲੀ, ਜੋ ਸਾਰੇ ਖੁਸਰੋ ਦੇ ਨਾਲ ਸਨ, ਜੇ ਗੁਰੂ ਜੀ ਨੂੰ ਖੁਸਰੋ ਮਿਲਿਆ ਹੁੰਦਾ ਤਾਂ ਸਭ ਨੂੰ ਪਤਾ ਹੁੰਦਾ। ਹੁਣ ਹੋਰ ਦੇਖੋ : ੯ ਮੁਹੱਰਮ ਤੋਂ ਬਾਦ ੨੨ ਤ੍ਰੀਕ ਤੱਕ ੧੩ ਦਿਨ ਹੋਰ ਬੀਤ ਜਾਂਦੇ ਹਨ। ਗੋਯਾ ਮਾਮਲਾ ਮਿਟ ਚੁੱਕੇ ਨੂੰ ੧੩ ਕੁ ਦਿਨ ਹੋਰ ਬੀ ਉਪਰ ਲੰਘ ਗਏ ਹਨ। ੨੨ ਮੁਹੱਰਮ (੨੦ ਮਈ ੧੬੦੬ ਈ:) ਤੋਂ ਬਾਦ ਕਿਸੇ ਦਿਨ[2] ਪਾਤਸ਼ਾਹ ਨੂੰ ਗੁਰੂ ਸਾਹਿਬ ਬਾਬਤ ਅਚਾਨਕ ਖਬਰ ਮਿਲਦੀ ਹੈ। ਹੁਣ ਵੀਚਾਰ ਕਰ ਲਓ ਕਿ ਵਾਕਿਆਤ ਦੀਆਂ ਤਾਰੀਖਾਂ ਦੀ ਘੋਖ ਸਾਬਤ ਕਰ ਦੇਂਦੀ ਹੈ ਕਿ ਜੇ ਕਦੇ ਗੁਰੂ ਸਾਹਿਬ ਦੇ ਮਿਲਣ ਦੀ ਗਲ ਅਮਰ ਵਾਕਿਆ ਹੁੰਦੀ ਤਾਂ ਪਾਤਸ਼ਾਹ ਨੂੰ ਜ਼ਰੂਰ ਵੇਲੇ ਸਿਰ ਖਬਰ ਮਿਲ ਜਾਂਦੀ। ਸਾਰੇ ਮਾਮਲੇ ਦੇ ਮੁੱਕ ਚੁਕਣ ਦੇ ਬੀ ੧੩ ਦਿਨ ਮਗਰੋਂ ਅਚਾਨਕ ਇਹ ਖਬਰ ਪਾਤਸ਼ਾਹ ਤਕ ਅਪੜਾਈ ਜਾਣੀ ਵਿਦ੍ਰੋਹੀਆਂ ਦਾ ਕੰਮ ਹੈ[3] ਜਿਨ੍ਹਾਂ ਨੂੰ ਚੇਤਾ ਆਇਆ ਹੈ ਕਿ ਪਾਤਸ਼ਾਹ ਦੇ ਗੁੱਸੇ ਚੜ੍ਹੇ ਤੋਂ ਲਾਭ ਅਸਾਂ ਕਿਉਂ ਨਾ ਲਿਆ। ਬੱਸ ਉਜ ਘੜੀ ਤੇ ਤਅੱਸਬ ਦੇ ਭਰੇ ਅਫਸਰਾਂ ਹਾਹੀਂ ਪੁਚਾਈ। ਪਾਤਸ਼ਾਹ ਆਪ ਮੰਨਦਾ ਹੈ ਕਿ ਉਹ ਅੱਗੇ ਹੀ ਗੁਰੂ ਸਾਹਿਬ ਦੇ ਵਿਰੁੱਧ ਸੀ, ਮਾਰ ਦੇਣਾ ਯਾ ਮੁਸਲਮਾਨ ਕਰ

---

੧. ਐਲਫਿਨਸਟੋਨ ੭੦੦ ਲਿਖਦਾ ਹੈ।

੨. ਗੁਰੂ ਸਾਹਿਬ ਦੀ ਸ਼ਹਾਦਤ ੨੯ ਮਈ ਨੂੰ ਹੈ, ਤੇ ਚਾਰ ਪੰਜ ਦਿਨ ਤਸੀਹੇ ਹਨ। ਇਕ ਅੱਧ ਦਿਨ ਪਹਿਲੇ ਖ਼ਬਰ ਮਿਲੀ ਹੋਸੀ। ਸੋ ੨੪ ਯਾ ੨੫ ਮਈ ਦੇ ਕਰੀਬ ਖਬਰ ਮਿਲੀ ਸਮਝੋ।

੩. ਉਪਰਲੀ ਖੋਜ, ਤਰੀਕਾਂ ਦੀ ਪੜਤਾਲ, ਪ੍ਰਸਿਧ ਹਿਸਟੋਰੀਅਨ ਸ: ਕਰਮ ਸਿੰਘ ਜੀ ਨੇ ਬੀ ਕੀਤੀ ਸੀ ਅਰ ਇਸੇ ਕ੍ਰਮ ਨਾਲ ਇਸੇ ਸਿੱਟੇ ਤੇ ਅੱਪੜੇ ਸਨ। ਸਾਡੇ ਨਾਲ ਆਪ ਜੀ ਨੇ ਵੀਚਾਰ ਸਾਰੀ ਕੀਤੀ ਸੀ ਤੇ ਅਸਾਂ ਦੋਹਾਂ ਦੀ ਰਾਇ ਮੁਤਫਿਕ ਸੀ।

ਸਾਨੂੰ ਮਾੜਾ ਜੇਹਾ ਖਯਾਲ ਪੈਂਦਾ ਹੈ ਕਿ ਆਪ ਜੀ ਨੂੰ ਇਹ ਬੀ ਸੂੰਹ ਕੁਛ ਪਈ ਸੀ ਕਿ ਖੁਸਰੋ ਦੇ ਗੋਇੰਦਵਾਲੋਂ ਤੇ ਰਾਮਦਾਸ ਪੁਰੋਂ ਲੰਘਣ ਵੇਲੇ ਗੁਰੂ ਜੀ ਨੱਕੇ ਵਲ ਗਏ ਹੋਏ ਸਨ। ਹੋ ਸਕਦਾ ਹੈ ਕਿ ਆਪ ਦੇ ਕਾਗਜ਼ਾਂ ਵਿਚ ਕੁਛ ਇਸੁ ਬਾਬਤ ਵੀਚਾਰ ਯਾ ਖੋਜ ਪਈ ਹੋਵੇ।


www.sikhbookclub.com

ਲੈਣ ਦਾ ਸੰਕਲਪ ਰੱਖਦਾ ਸੀ।

ਹੁਣ ਇਸ ਵਿਚਾਰ ਨਾਲ ਇਕ ਹੋਰ ਵਿਚਾਰ ਰਲਾਉਣੀ ਹੈ ਤੇ ਫਿਰ ਹੋਰ ਸਫੁਟ ਦਿੱਸ ਪੈਣਾ ਹੈ ਕਿ ਗੁਰੂ ਸਾਹਿਬ ਦਾ ਕੋਈ ਤਅੱਲਕ ਖੁਸਰੋ ਦੇ ਮਾਮਲੇ ਨਾਲ ਨਹੀਂ ਸੀ।

ਚਿਰ ਮਗਰੋਂ ਜਦੋਂ ਪਾਤਸ਼ਾਹ ਨੇ ਚੰਦੂ ਨੂੰ ਗੁਰੂ ਹਰ ਗੋਬਿੰਦ ਜੀ ਦੇ ਹਵਾਲੇ ਕਰ ਦਿੱਤਾ ਹੈ[੧], ਕਿ ਜੋ ਸਜ਼ਾ ਚਾਹੋ ਦਿਓ[੨], ਤਦੋਂ ਪਾਤਸ਼ਾਹ ਨੂੰ ਗੁਰੂ ਅਰਜਨ ਦੇਵ ਜੀ ਦੀ ਨਿਰਦੋਸ਼ਤਾ ਸਾਬਤ ਹੋ ਗਈ ਹੋਊ, ਤਾਂ ਹੀ ਚੰਦੂ ਨੂੰ ਦੋਸ਼ੀ ਸਮਝਕੇ ਹਵਾਲੇ ਕੀਤਾ ਹੋਊ ਨਾ। ਯਾਦ ਰਹੇ ਕਿ ਹਿਣ ਉਸ ਸਮੇਂ ਦਾ ਇਕ ਰਿਵਾਜ ਹੈਸੀ ਕਿ ਦੋਸ਼ੀ ਨੂੰ ਜਿਨ੍ਹਾਂ ਦਾ ਉਹ ਅਪਰਾਧੀ ਹੋਵੇ, ਉਨ੍ਹਾਂ ਦੇ ਹਵਾਲੇ ਕਰ ਦੇਂਦੇ ਸਨ, ਅਰ ਅਕਸਰ ਤਦੋਂ, ਜਦ ਬਹੁਤਾ ਵੱਡਾ ਤੇ ਅਤਿ ਪਾਪ ਹੋਯਾ ਹੋਵੇ।

ਸੋ ਚੰਦੂ ਨੂੰ ਛੇਵੇਂ ਗੁਰਾਂ ਦੇ ਹਵਾਲੇ ਕਰ ਦੇਣਾ ਕਿ ਜੋ ਦੰਡ ਮਰਜ਼ੀ ਹੈ ਦੇ ਲਓ, ਇਕ ਹੋਰ ਦਲੀਲ ਹੈ ਇਸ ਗਲ ਦੀ ਕਿ ਪਾਤਸ਼ਾਹ ਨੂੰ ਸਾਬਤ ਹੋ ਗਿਆ ਸੀ ਕਿ ਗੁਰੂ ਅਰਜਨ ਦੇਵ ਜੀ ਨਿਰਦੋਸ਼ ਸਨ; ਤੇ ਇਸਨੇ ਮੇਰੇ ਪਾਸ ਕੂੜ ਮਾਰਿਆ ਤੇ ਝੂਠੀਆਂ ਊਜਾਂ ਦਿਤੀਆਂ ਤੇ ਮੈਥੋਂ ਗਲਤੀ ਕਰਵਾਈ ਸੀ[੩] ਤੇ ਪਿੱਛੋਂ ਵਹਿਸ਼ੀਆਨਾ ਤਸੀਹੇ ਦਿੱਤੇ ਸਨ। ਮਾਮਲਾ ਹੋਰ ਖੋਜ ਦਾ ਮੁਥਾਜ ਹੈ, ਪਰ ਇਹ ਟੋਲ ਇਹ ਗਲ ਤਾਂ ਸਪਸ਼ਟ ਕਰਕੇ ਦੱਸ ਦੇਂਦੀ ਹੈ ਕਿ ਸਤਿਗੁਰੂ ਜੀ ਦਾ ਕੋਈ ਸੰਬੰਧ ਖੁਸਰੋ ਨਾਲ ਨਹੀਂ ਪਿਆ। ਏਤਨੇ ਸਾਰੇ ਦਿਨ ਪਾਤਸ਼ਾਹ ਦੇ ਗੋਇੰਦਵਾਲੋਂ ਲੰਘ ਜਾਣ ਮਗਰੋਂ ਗੁਰਦ੍ਰੋਹੀਆਂ ਨੇ ਘਾੜਤ ਘੜੀ ਨੇ ਪਾਤਸ਼ਾਹ ਦੇ ਕੱਚੇ ਤੇ ਪਹਿਲੋਂ ਤੋਂ ਹੀ ਖ਼ੁਗਜ਼ ਨਾਲ ਭਰੇ ਦਿਲ ਨੂੰ ਹੋਰ ਜ਼ਹਿਰ ਆਲੂਦ ਕਰਕੇ ਸਾਕਾ ਵਰਤਾਇਆ।

੪. ਬਹੁਤ ਲੋਕਾਂ ਦਾ ਹੁਣ ਤਕ ਖਿਆਲ ਹੈ ਕਿ ਜਹਾਂਗੀਰ ਬੜਾ ਨਰਮ ਦਿਲ ਤੇ ਨਿਆਇਕਾਰੀ ਸੀ। ਉਹ ਆਪ ਬੀ ਲਿਖਦਾ ਹੈ ਕਿ ਸਚੇ ਜੰਗ ਤੇ ਸ਼ਿਕਾਰ ਬਿਨਾਂ ਕਿਸੇ ਦੀ ਜਾਨ ਨਹੀਂ ਲੈਣੀ ਚਾਹੀਦੀ। ਪਰ ਉਸ ਦੀਆਂ ਬੇ-ਰਹਿਮੀਆਂ ਸਖਤ ਜ਼ਾਲਮਾਨਾਂ ਸਨ। ਉਸਦੀ ਨਰਮੀ, ਨਿਆਇ ਤੇ ਅਤਯਾਚਾਰ ਸਾਰੇ ਇਕੱਠੇ ਉਸ ਵਿਚ ਸੇ। ਤੌਜ਼ਕੇ ਜਹਾਂਗੀਰ ਦਾ ਮੁਤਰੱਜਮ 'ਰਾਜਰਸ' ਲਿਖਦਾ ਹੈ : 'ਜਹਾਂਗੀਰ ਅਜੀਬ ਮਿਲ-ਗੋਭਾ ਸੀ, ਉਹ ਖੜਾ ਹੋਕੇ ਆਪਣੇ ਸਾਹਮਣੇ ਜਿਉਂਦਿਆਂ ਮਨੁੱਖਾਂ ਦੀਆਂ ਖੱਲਾਂ ਲਹਾਉਂਦਾ ਤੇ ਵੇਖ ਸਕਦਾ ਸੀ। ਤੇ ਜੀਕੂੰ ਉਹ (ਜਹਾਂਗੀਰ) ਆਪ ਦੱਸਦਾ ਹੈ ਕਿ ਇਕ ਆਦਮੀ ਨੂੰ ਮੈਂ ਜਾਨੋ ਮਰਵਾ ਦਿੱਤਾ ਤੇ ਦੋਹਾਂ ਦੀਆਂ ਸੜ੍ਹਾਂ ਵਢਾ ਦਿੱਤੀਆਂ ਕਿਉਂਕਿ ਉਹ ਬੇ-ਮੌਕਿਆਂ ਪਾਤਸ਼ਾਹ ਦੇ ਸਾਹਮਣੇ ਕਿਉਂ ਆ ਖੜੋਤੇ ਯਾ ਮੇਰੇ ਸ਼ਿਕਾਰ ਨੂੰ ਕਿਉਂ ਡਰਾ ਦਿੱਤਾ। ਫਿਰ ਉਹ ਨਿਆਂ ਦਾ ਯਾਰ ਤੇ ਵੀਰਦਾਰ ਦੀਆਂ ਸ਼ਾਮਾਂ ਉਚੀਆਂ ਗੁਫ਼ਤਗੂਆਂ ਵਿਚ ਖਰਚ ਕਰ ਸਕਦਾ ਸੀ।..........ਉਹ (ਜਹਾਂਗੀਰ) ਅੱਬੁਲ ਫ਼ਜ਼ਲ ਨੂੰ ਕਤਲ ਕਰਵਾ ਸਕਦਾ ਸੀ ਤੇ ਬਿਨਾਂ ਪਛੁਤਾਏ ਦੇ ਆਪਣੀ ਕਰਤੂਤ ਮੰਨਦਾ ਸੀ। ਫੇਰ ਉਹ ਹਾਥੀਆਂ ਨੂੰ ਪਾਲਾ ਲਗਦਾ ਵੇਖਕੇ ਠੰਢੇ ਪਾਣੀ ਦੀ ਥਾਂ ਗਰਮ ਨਾਲ ਨੁਹਾਉਣ ਦਾ ਹੁਕਮ ਦੇ ਸਕਦਾ ਸੀ। ਹਿੰਦੂ ਫਕੀਰਾਂ ਨਾਲ ਗੱਲਾਂ ਕਰਦਾ ਸੀ, ਪਰ ਉਹਨਾਂ ਦੇ ਅਵਤਾਰਾਂ ਤੋਂ ਨਫਰਤ ਸੀ, ਤੇ ਵਿਸ਼ਨੂੰ ਦੀ ਬ੍ਰਾਹ ਅਵਤਾਰ ਦੀ ਮੂਰਤੀ ਤੋੜਕੇ ਪੁਸ਼ਕਰ ਵਿਚ ਸਟਵਾ ਦਿਤੀ ਸਾਸੁ।

ਐਲਫਿਮਸਟਨ ਲਿਖਦਾ ਹੈ :- ''ਖੁਸਰੋ ਦੇ ਪਾਸ ਸਲਾਹਕਾਰ ਤੇ ਉਸਦੇ ਮਗਰ ਲੱਗਣ ਵਾਲੇ ਜੋ ਪਾਤਸ਼ਾਹ ਦੇ ਹੱਥ ਆਏ, ਉਸਨੂੰ ਉਹਨਾਂ ਪਰ ਆਪਣੇ ਆਚਰਨ ਦਾ ਵਹਿਸ਼ੀ-ਪੁਣਾ ਜ਼ਾਹਰ

---

੧. ਬਾਦਸ਼ਾਹ ਬਾਜੂਦ ਦੀਵਾਨ ਹਵਾਲਾ ਨਮੂਦ। (ਉਮਦਹ-ਤੁੱ-ਤਵਾਰੀਖ)

੨. ਤ੍ਵਾ: ਪੰਜਾਬ-ਕਨ੍ਹੱਯਾ ਲਾਲ। ੩. ਇਸ ਨੇ ਜਹਾਂਗੀਰ ਬਾਦਸ਼ਾਹ ਕੇ ਹਜ਼ੂਰ ਮੇਂ ਗੁਰੂ ਜੀ ਕੀ ਨਿਸਬਤ ਬਹੁਤ ਸੀ ਬਦਗੋਈਆਂ ਵ ਗ਼ੀਮਾਜ਼ੀਆਂ ਕੀਂ, ਯਹਾਂ ਤਕ ਕਿ ਬਾਦਸ਼ਾਹ ਕਾ ਮਿਜ਼ਾਜ ਗੁਰੂ ਜੀ ਕੀ ਤਰਫ ਸੇ ਬਰਹਮ ਹੋ ਕਰ ਗੁਰੂ ਜੀ ਕੀ ਤਲਬੀ ਮੁਕਾਮ ਲਾਹੌਰ ਹੂਈ।' (ਤਾਰੀਖੇ ਪੰਜਾਬ ਰਾ: ਸਾ: ਕਨ੍ਹੱਯਾ ਲਾਲ।

 www.sikhbookclub.com

ਕਰਨ ਦਾ ਪੂਰਾ ਮੌਕਾ ਮਿਲਿਆ। ਸਤ ਸੌ ਕੈਦੀ ਲਾਹੌਰ ਦੇ ਦਰਵਾਜ਼ੇ ਤੋਂ ਬਾਹਰ ਕਤਾਰ ਵਿਚ Impale ਕੀਤੇ ਗਏ, ਅਰਥਾਤ ਸੂਲੀ ਚਾੜ੍ਹੇ ਗਏ, ਉਹ (ਜਹਾਂਗੀਰ) ਆਪਣੀ ਤੁਜ਼ਕ ਵਿਚ ਉਹਨਾਂ ਦੀਆਂ ਭਿਆਨਕ ਜਾਨਕਨੀ ਦੀਆਂ ਪੀੜਾਂ ਨੂੰ ਖੁਸ਼ ਹੋ ਹੋ ਲਿਖਦਾ ਹੈ। ਆਪਣੇ ਵਹਸ਼ੀਪਨੇ ਨੂੰ ਪੂਰਾ ਕਰਨ ਲਈ ਪਾਤਸ਼ਾਹ ਨੇ ਖੁਸਰੋ ਨੂੰ ਹਾਥੀ ਤੇ ਚੜ੍ਹਾ ਕੇ ਇਨ੍ਹਾਂ ਲੋਕਾਂ ਵਿਚ ਦੀ ਲੰਘਾਇਆ, ਜਦੋਂ ਨਕੀਬ ਕਹਿ ਰਿਹਾ ਸੀ ਕਿ "ਲੈ ਬੱਚੂ ਆਪਣੇ ਨੌਕਰਾਂ ਦੀਆਂ ਸਲਾਮਾਂ" ਆਦਿ।

ਗੁਰੂ ਜੀ ਪਰ ਊਜਾਂ ਥੱਪਣ ਬਾਬਤ ਮੈਕਾਲਫ ਨੇ ਐਉਂ ਦੱਸਿਆ ਹੈ :-

ਪੰਡਤਾਂ ਤੇ ਕਾਜ਼ੀਆਂ ਨੂੰ ਬੀ (ਇਹ) ਸਮਾਂ ਚੰਗਾ ਲੱਭਾ ਕਿ ਗੁਰੂ (ਜੀ ਤੇ) ਲਾਏ ਗਏ ਪੁਰਾਣੇ ਦੋਸ਼ਾਂ ਨੂੰ, ਕਿ (ਉਨ੍ਹਾਂ ਨੇ ਇਕ) ਪੁਸਤਕ ਰਚੀ ਹੈ ਜਿਸ ਵਿਚ ਹਿੰਦੂਆਂ ਦੀਆਂ ਰਸਮਾਂ ਪੂਜਾਂ ਤੇ ਮੁਸਲਮਾਨਾਂ ਦੇ ਨਮਾਜ਼ ਰੋਜ਼ਿਆਂ ਨੂੰ ਨਿੰਦਿਆ ਹੈ, ਨਵੇਂ ਸਿਰੇ ਫੇਰ ਚੁੱਕਿਆ[1]। ਇਸ ਤਰ੍ਹਾਂ ਦੇ ਦੋਸ਼ ਲਾਕੇ ਚੰਦੂ ਨੇ ਪਾਤਸ਼ਾਹ ਨੂੰ ਗੁਰੂ ਅਰਜਨ (ਦੇਵ ਜੀ) ਦੇ ਬੁਲਾ ਭੇਜਣ ਲਈ ਪ੍ਰੇਰਿਆ, ਚੰਦੂ ਦਾ ਦਿਲ ਹੁਣ ਪ੍ਰਸੰਨ ਸੀ, ਉਹ ਜਾਣਦਾ ਸੀ ਕਿ ਆਖਰ ਬਦਲਾ ਲੈਣ ਦਾ ਸਮਾਂ ਉਸਨੂੰ ਮਿਲ ਹੀ ਪਿਆ।

੫. ਇਕ ਅਚਰਜ ਗੱਲ ਹੈ ਕਿ ਪਾਤਸ਼ਾਹ ਲਿਖਦਾ ਹੈ ਕਿ ਮੈਂ ਮਾਰ ਦੇਣ ਦਾ ਹੁਕਮ ਦਿੱਤਾ ਹੈ ਤੇ ਫਾਰਸੀ ਲੇਖਕ ਦਬਿਸਤਾਨ ਮਜ਼ਾਹਬ ਵਾਲਾ ਲਿਖਦਾ ਹੈ ਭਾਰੀ ਜੁਰਮਾਨਾ ਕੀਤਾ[2], ਕਵਿ ਜੀ ਜੁਰਮਾਨਾ ਤਾਂ ਲਿਖਦੇ ਹਨ, ਪਰ ਪਾਤਸ਼ਾਹ ਵਲੋਂ ਬੇਅਦਬੀ ਤੇ ਮਾਰਨ ਦੇ ਹੁਕਮ ਦਾ ਪਤਾ ਨਹੀਂ ਲਿਖਦੇ। ਇਸ ਦਾ ਕਾਰਨ ਇਹੋ ਜਾਪਦਾ ਹੈ ਕਿ ਜੁਰਮਾਨੇ ਦੀ ਗਲ ਲਾਹੌਰ ਦੇ ਹਾਕਮਾਂ ਨੇ ਟੋਰੀ

---

੧. ਉਮਦਹ-ਤੁੱ-ਤਵਾਰੀਖ-ਵਿਚ ਗੁਰੂ ਜੀ ਪਰ ਊਜਾਂ ਥੱਪਣ ਦਾ ਜ਼ਿਕਰ ਇਸ ਪ੍ਰਕਾਰ ਹੈ :-

(ਦੀਵਾਨ ਚੰਦੂ) ਦਰ ਖਿਦਮਤੇ ਬਾਦਸ਼ਾਹ ਜਹਾਂਗੀਰ ਮੁਨਕਸ਼ਫ ਨਮੂਦ ਕਿ ਸ਼ਖਸੇ ਬ-ਇਸਮ ਗੁਰੂ ਅਰਜਨ ਨਾਮ ਬਾਇਸ ਬਰ ਈਜਾਦ ਵ ਤਕਵੀਨੇ ਫ਼ਿਰਕਹ ਸਾਲਸ ਅਜ਼ ਮਿਯਾਨੇ ਹਨੂਦ ਵ ਮੁਸਲਮੀਨ ਗਰਦੀਦਹ, ਅਕਸਰੇ ਸੁਨਨ ਦਲਾਇਲੇ ਇਸਲਾਮ ਰਾ ਮਹਵ ਵ ਮਨਸੀ ਗਰਦਾਨੀਦਹ ਵ ਦਰ ਕਵਾਇਮ ਵ ਅਸਾਸ ਅਰਕਾਨ ਮੁਸਲਮਾਨੀ ਤਫ਼ਾਵਤ ਵ ਖਲਲੇ ਅਜ਼ੀਮ ਰਾਹਯਾਬ ਗਸ਼ਤਹ ਵ ਹਰ ਰੋਜ਼ ਚੰਦੇ ਅਜ਼ ਹਨੂਦਾਨ ਵਗੈਰਹ ਤਬਕਹ ਇਤਾਅਤ ਵ ਇਨਕਯਾਦੇ ਗੁਰੂ ਮੌਸੂਫ ਦਰ ਰਕਬਹ ਜਾਨ ਮੇ ਅੰਦਾਜ਼ੰਦ। ਅਗਰ ਹਜ਼ਰਤ ਖੁਦ ਬਦੌਲਤ ਤਦਾਰਕੇ ਈਂ ਮਅਨੀ ਨਮੂਦੰਦ ਫ਼ੀਹਾਂ ਦਰ ਸੂਰਤੇ ਬਾਅਦ ਅਜ਼ ਮੁਰੂਰ ਮੁੱਦਤੇ ਕਲੀਲ ਦਰ ਅਰਾਕੀਨੇ ਸਲਤਨਤ ਵ ਅਸਾਤੀਨੇ ਖ਼ਿਲਾਫਤ ਜਹਾਂ ਬਾਨੀ ਇਨਹਦਾਮ ਵ ਇਨਅਦਮ ਰੌਨਕ ਬਰੂਜ਼ ਖਾਹਦ ਯਾਫਤ। ਬੰਦਹ ਮਹਜ਼ ਅਜ਼ ਰਾਹੇ ਖ਼ੈਰ ਅੰਦੇਸ਼ੀ ਦਰ ਤਰੀਕੇ ਗੁਲਾਮੀ ਗੁਜ਼ਾਰਸੇ ਈਂ ਮੁਕੱਦਮਾ ਨਮੂਦਹ ਅਸਤ.....।

ਪਾਦਸ਼ਾਹ ਅਜ਼ ਰਾਹੇ ਜ਼ਹੂਲਤ ਵ ਗ਼ਫਲਤੇ ਇਨਸਾਨੀ ਕਿ ਅਜ਼ ਸਮੂ ਦਰਜਹ ਵ ਅਲੂ ਮਰਤਬਹ ਈਂ ਕੁਬਹ ਆਲੀਆ ਫੁਕਰਾ ਵਾਕਿਫ ਵ ਮੁਤਲਅ ਨ ਬੂਦ, ਬਾ-ਮਆਨੀ ਨਜ਼ਰ ਦਰੀਂ ਮੁਕੱਦਮਾ ਤਫ਼ਹਸ ਵ ਤਜੱਸੁਸ ਨ-ਨਮੂਦਹ ਬਰ ਜ਼ੁਬਾਂ ਆਵੁਰਦਾ ਕਿ ਹਰ ਕਿਸਮ ਕਿ ਮੁਨਾਸਬ ਬੂਦਹ ਬਾਸ਼ਦ ਬ-ਸਜ਼ਾਏ ਬਾਇਦ ਰਸਾਨੀਦ। ਦੀਵਾਨ ਜ਼ਲਾਲਤ ਅਕਤਰਾਨ ਜ਼ਹੂਰੇ ਈਂ ਹੁਕਮੇ ਬਾਦਸ਼ਾਹੀ ਅਜ਼ ਤਾਈਦਾਤੇ ਏਜ਼ਦ ਬ-ਚੂੰ ਤਸੱਵਰੀਦਹ ਵ ਦਰ ਇਨਹਮਾਕ ਵ ਇਨਮਹਾਕੇ ਖੇਸ਼ ਨਜ਼ਰ ਨ ਕਰਦਹ ਆ ਚੁਨਾਂ ਮੁਕੱਦਮਾਂ ਨ-ਸ਼ਾਇਸਤਹ ਨਮਾਇਆਂ ਕਰਦ ਕਿ ਕਲਮ ਦਰ ਤਹਿਰੀਰੇ ਆਂ ਖੂੰ ਫ਼ਿਸ਼ਾਂ ਵ ਦੀਦਹ ਗਿਰਿਯਾਂ ਵ ਦਿਲ ਖਿਰਿਯਾਂ ਵ ਜਾਨ ਹੈਰਾਂ ਮੇ ਬਾਸ਼ਦ।

(ਦੀਵਾਨ ਚੰਦੂ ਨੇ) ਜਹਾਂਗੀਰ ਪਾਤਸ਼ਾਹ ਦੀ ਖਿਦਮਤ ਵਿਚ ਦੱਸਿਓਂ ਸੁ ਕਿ ਗੁਰੂ ਅਰਜਨ ਨਾਮ ਦੇ ਇਕ ਆਦਮੀ ਨੇ ਹਿੰਦੂ ਤੇ ਮੁਸਲਮਾਨਾਂ ਵਿਚ ਇਕ ਤੀਜਾ ਫਿਰਕਾ ਬਣਾਇਆ ਹੈ। ਇਸਲਾਮ ਦੇ ਕਈ ਤਰੀਕਿਆਂ ਨੂੰ ਮਿਟਾਕੇ ਇਸਲਾਮੀ ਰੁਕਨਾਂ ਵਿਚ ਭਾਰੀ ਵਿਰੋਧ ਤੇ ਖਲਲ ਪਾ ਦਿਤੇ ਹਨ। ਹਰ ਰੋਜ਼ ਕੁਛ ਹਿੰਦੂ ਆਦਿਕਾਂ ਵਿਚੋਂ ਉਪ੍ਰੋਕਤ ਗੁਰੂ ਦੀ ਤਾਬਿਆਦਾਰੀ ਦੀ ਰੱਸੀ ਆਪਣੀ ਜਾਨ ਦੀ ਗਰਦਨ ਵਿਚ ਪਾ ਰਹੇ ਹਨ (ਅਰਥਾਤ ਸਿਖ ਬਣ ਰਹੇ ਹਨ)। ਜੇ ਕਦੀ ਆਪ ਹਜ਼ੂਰ ਇਸਦਾ ਬੰਦੋਬਸਤ ਕਰਨ ਤਾਂ ਚੰਗਾ ਹੈ, ਨਹੀਂ ਤਾਂ ਇਸ ਤੋਂ ਪਿਛੋਂ ਥੋੜਾ ਸਮਾਂ ਗੁਜ਼ਰ ਜਾਣ ਤੇ ਸਲਤਨਤ ਤੇ ਇਸਲਾਮ ਦਾ ਕੰਮ ਢਹਿ ਢੇਰੀ ਹੋ ਜਾਏਗਾ। ਮੈਂ ਗੁਲਾਮ ਹੋਣ ਕਰਕੇ ਸਿਰਫ ਸ਼ੁਭਚਿੰਤਕਤਾ ਤੋਂ ਇਸ ਮਾਮਲੇ ਬਾਰੇ ਬੇਨਤੀ ਕੀਤੀ ਹੈ......। (ਬਾਕੀ ਟੂਕ ਉਲਥਾ ਦੇਖੋ ਅਗਲੇ ਪੰਨੇ ਦੇ ਹੇਠ)

੨. ਮੁਬਲਗੇ ਸਤਰਗ ਅਜ਼ੋ ਮੇ ਖ਼੍ਵਾਸਤੰਦ। (ਦਬਿਸਤਾਨ ਮਜ਼ਾਹਬ)

ਹੋਣੀ ਹੈ ਤੇ ਦੋਸ਼ ਚੰਦੂ ਨੂੰ ਦਿਤਾ ਹੋਣਾ ਹੈ ਕਿ ਇਸਨੇ ਜੁਰਮਾਨਾ ਵਸੂਲ ਕਰਨ ਲਈ ਗੁਰੂ ਜੀ ਨੂੰ ਦੁੱਖ ਦਿਤੇ ਤੇ ਜਾਨ ਲੀਤੀ। ਸੋ ਜਦ ਪਾਤਸ਼ਾਹ ਨੇ ਚੰਦੂ ਨੂੰ ਦੋਸ਼ੀ ਠਹਿਰਾਇਆ ਤੇ ਸਜ਼ਾ ਲਈ ਛੇਵੇਂ ਗੁਰਾਂ ਦੇ ਹਵਾਲੇ ਕਰ ਦਿੱਤਾ ਤਾਂ ਪਾਤਸ਼ਾਹ ਨੇ ਲੋਕਾਂ ਵਿਚ ਆਪਣੀ ਨਿਰਦੋਸ਼ਤਾ ਦਾ ਸਿੱਕਾ ਬਿਠਾ ਲਿਆ। ਇਹੋ ਖਿਆਲ ਆਮ ਪ੍ਰਚੁਰ ਹੋ ਗਿਆ ਤੇ ਸਰਬ ਸਾਧਾਰਨ ਦੇ ਸੀਨੇ ਬਸੀਨੇ ਟੁਰਿਆ ਆਇਆ। ਇਥੋਂ ਤਾਈਂ ਇਹ ਗਲ ਹੈ ਕਿ ਪਾਤਸ਼ਾਹ ਵਲੋਂ ਕਤਲ ਕਰ ਦੇਣ ਦੇ ਹੁਕਮ ਦਾ ਪਤਾ ਫਾਰਸੀ ਇਤਿਹਾਸਕਾਰ ਦਬਿਸਤਾਨ ਮਜ਼ਾਹਬ ਵਾਲੇ ਨੂੰ ਵੀ ਨਹੀਂ ਲਗਾ ਤੇ ਕਈ ਅੰਗ੍ਰੇਜ਼ੀ ਤੇ ਹੋਰ ਫਾਰਸੀ ਉਰਦੂ ਦੇ ਇਤਿਹਾਸਕਾਰਾਂ ਨੂੰ ਬੀ ਥਹੁ ਨਹੀਂ ਪਿਆ।

੬. ਬਾਕੀ ਰਹੀ ਇਡੇ ਕਰੜੇ ਤਸੀਹਿਆਂ ਵਿਚ, ਜੋ ਭਾਈ ਸੰਤੋਖ ਸਿੰਘ ਜੀ ਤੇ ਹੋਰ ਇਤਿਹਾਸਾਂ ਨੇ ਵਰਣਨ ਕੀਤੇ ਹਨ, ਸਤਿਗੁਰੂ ਅਰਜਨ ਦੇਵ ਜੀ ਦੀ ਬ੍ਰਿਤੀ ਕਿਸ ਪ੍ਰਕਾਰ ਦੀ ਰਹੀ? ਇਸ ਦੀ ਉਗਾਹੀ ਉਨ੍ਹਾਂ ਦੇ ਪਰਮ ਨਿਕਟ ਵਰਤੀ ਸੱਚੇ ਮਹਾਂ ਪੁਰਖ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਪਾਸ ਰਹੇ ਸਿਖਾਂ ਤੋਂ ਅੱਖੀ ਡਿੱਠੀ ਸੁਣਕੇ ਇਉਂ ਦਿੱਤੀ-

ਰਹਿਦੇ ਗੁਰੂ ਦਰੀਆਉ ਵਿਚਿ, ਮੀਨ ਕੁਲੀਨ ਹੇਤੁ ਨਿਰਬਾਣੀ।
ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।
ਸ਼ਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰ ਨ ਆਣੀ।
ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ।
ਗੁਰੂ ਉਪਦੇਸੁ ਨ ਵਿਸਰੈ ਬਾਬੀਹੇ ਜਿਉਂ ਆਖ ਵਖਾਣੀ।
ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ।
ਗੁਰ ਅਰਜੁਨ ਵਿਟਹੁ ਕੁਰਬਾਣੀ॥੨੩॥ (ਵਾਰ ੨੪)

ਅਰਥ-ਗੁਰ ਅਰਜਨ ਦੇਵ ਜੀ (ਤੱਤੇ ਰੇਤਿਆਂ ਵਿਚ ਬੈਠੇ ਅੰਦਰੋਂ) ਰਹਿੰਦੇ ਰਹੇ ਹਨ ਗੁਰੂ ਰੂਪੀ ਸਮੁੰਦਰ ਵਿਚ, ਜਿਵੇਂ ਮੱਛੀ (ਪਾਣੀ ਵਿਚ) ਲੀਨ ਰਹਿੰਦੀ (ਨਿਵਾਰਣ ਰਹਿੰਦੀ) ਹੈ, (ਤਿਵੇਂ ਆਪ ਕਸ਼ਟਾਂ ਵਿਚ) ਨਿਰਬਾਣ ਰਹੇ। (ਵਾਹਿਗੁਰੂ ਜੀ ਦਾ ਉਸ ਵੇਲੇ ਦਰਸ਼ਨ ਉਹਨਾਂ ਦੇ ਸਾਖਜਾਤਕਾਰ ਹੋ ਰਿਹਾ ਸੀ, ਉਸ) ਦਰਸ਼ਨ ਨੂੰ ਵੇਖ ਕੇ ਪਤੰਗ ਵਾਂਙੂ ਉਹਨਾਂ ਦੀ ਜੋਤਿ ਜੋਤੀ ਵਿਚ ਸਮਾ ਗਈ। ਹਾਂ (ਬੜੀ ਕਠਨ) ਭੀੜਾ ਉਹਨਾਂ ਤੇ ਪਈ ਸੀ, ਪਰ ਸੁਰਤ ਸ਼ਬਦ ਵਿਚ ਲਗੀ ਰਹੀ ਮ੍ਰਿਗ ਵਾਂਙੂ, ਹੋਰ ਕੋਈ ਫੁਰਨਾਂ ਉਨ੍ਹਾਂ ਦੇ ਚਿੱਤ ਵਿਚ ਨਹੀਂ ਆਯਾ। (ਚਲਾਣੇ ਤੋਂ ਪਹਿਲੀ ਰਾਤ ਬੜੀ ਹੀ ਕਸ਼ਟ ਭਰੀ ਸੀ, ਪਰ ਭਾਈ ਜੀ ਦੱਸਦੇ ਹਨ ਕਿ ਗੁਰੂ ਜੀ ਦੀ ਉਹ) ਰਾਤ (ਭੀ) ਭਵਰ ਦੀ ਤਰ੍ਹਾਂ ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਮਿਲੇ ਰਹਿਕੇ ਸੁਖਾਂ ਦੇ ਡੱਬੇ ਵਿਚ (ਬੈਠਿਆਂ) ਬੀਤੀ, (ਭਾਵ ਗੁਰੂ ਜੀ ਦੀ ਬ੍ਰਿਤੀ ਘਬਰਾ ਵਿਚ ਨਹੀਂ ਹਾਈ, ਆਪ ਸਹਜਾਨੰਦ ਵਿਚ ਹੀ ਰਹੇ)। (ਅੰਤਮ-ਸੁਆਸਾਂ ਤਕ ਬੀ) ਬਾਬੀਹੇ ਦੀ ਤਰ੍ਹਾਂ ਪੁਕਾਰ ਕੇ (ਸ਼ਬਦ ਦਾ) ਵੱਖਯਾਨ ਕਰਦੇ ਰਹੇ। ਗੁਰਮੁਖ (ਗੁਰੂ ਅਰਜਨ ਨੇ) ਸੁਖ ਰੂਪੀ ਫਲ, ਪ੍ਰੇਮ ਰਸ, ਸਹਜ ਸਮਾਧਿ ਤੇ ਸਾਧ ਸੰਗਤ ਹੀ ਜਾਣੀ ਸੀ। (ਮੈਂ) ਗੁਰੂ ਅਰਜਨ ਜੀ ਤੋਂ ਕੁਰਬਾਨ ਹਾਂ : ਜਿਨਾਂ ਦੀ ਇਹ ਅਚਰਜ ਕਰਨੀ ਸੀ।

---

(ਪਿਛਲੇ ਪੰਨੇ ਦੀ ਟੂਕ ਦੀ ਬਾਕੀ

ਬਾਦਸ਼ਾਹ ਨੇ ਜੋ ਮਨੁੱਖੀ ਭੁੱਲ ਜਾਣ ਦੇ ਸੁਭਾਵ ਤੇ ਬੇ-ਪਰਵਾਹੀ ਕਾਰਨ ਤੇ ਉੱਚੇ ਦਰਜੇ ਤੇ ਵਡੇ ਮਰਤਬੇ ਵਾਲੇ ਫਕੀਰਾਂ ਦੇ ਸ਼੍ਰੋਮਣੀ ਗੁਰੂ ਸਾਹਿਬਾਂ ਦੇ ਹਾਲ ਤੋਂ ਵਾਕਫ਼ ਨਹੀਂ ਸੀ, ਦੂਰ ਦੀ ਨਜ਼ਰ ਨਾਲ ਇਸ ਗਲ ਦੀ ਖੋਜ ਪੜਤਾਲ ਕੀਤੇ ਬਿਨਾਂ ਕਹਿ ਦਿਤਾ, ਕਿ ਜਿਸ ਤਰ੍ਹਾਂ ਦੀ ਸਜ਼ਾ ਮੁਨਾਸਿਬ ਹੋਵੈ ਦਿੱਤੀ ਜਾਵੇ। ਗੁਮਰਾਹ ਹੋਏ ਹੋਏ ਦੀਵਾਨ ਦੇ ਬਾਦਸ਼ਾਹ ਦੇ ਵੱਲੋਂ ਦਿਤੇ ਗਏ ਇਸ ਹੁਕਮ ਨੂੰ ਗੈਬੀ ਮਦਦ ਜਾਣਿਆਂ, ਆਪਣੀ ਬਾਬਤ ਲੰਮੀ ਸੋਚ ਤੋਂ ਕੰਮ ਨਾ ਲੈਕੇ ਇਸ ਤਰ੍ਹਾਂ ਦੀ ਅਯੋਗ ਬਣਤਰ ਬਣਾਈ ਕਿ ਉਸ ਨੂੰ ਲਿਖਣ ਲਗਿਆਂ ਲਿਖਣ ਰੱਤ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਤੇ ਜਾਨ ਹੈਰਾਨ ਹੋ ਹੋ ਜਾਂਦੀ ਹੈ। (ਦਫਤਰ ਅੱਵਲ ਪੰਨਾ ੩੪)

 www.sikhbookclub.com